Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digiti*
Panjab

Original with;
Punjab Vidhan Sabha
Digitized by;
Panjab Digital Library

17
SP.

# PUNJAB VIDHAN SABHA

## DEBATES

*26th March, 1976*

Vol. I—No. 17

## OFFICIAL REPORT

Chief Reporter
Punjab Vidhan Sabha
Chandigarh

CONTENTS

*Friday, the 26th March, 1976*

| | | PAGE |
|---|---|---|
| 1. | Announcement by the Speaker .. | (17)1 |
| 2. | Obituary References .. | (17)1 |

Punjab Vidhan Sabha Secretariat, Chandigarh.

Price Rs. 2-85

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Friday the 26th March, 1976**

*The Vidhan Sabha met in the Punjab Vidhan Sabha Hall, Vidhan Bhavan, Chandigarh at 2.00 P.M of the Clock. Mr. Speaker (Dr. Kewal Krishan) in the Chair.*

---

## ANNOUNCEMENT BY THE SPEAKER

**Mr. Speaker** : I have to inform the House that Doctor Amir Singh Kalkat, a member of this House, representing Tanda Constituency, died on the 8th March, 1976, in the afternoon.

---

## OBITUARY REFERENCES

**ਮੁੱਖ ਮੰਤਰੀ** (ਗਿਆਨੀ ਜ਼ੈਲ ਸਿੰਘ) : ਆਨਰਬਲ ਸਪੀਕਰ ਸਾਹਿਬ, ਡਾਕਟਰ ਅਮੀਰ ਸਿੰਘ ਕਲਕਟ ਸਾਡੇ ਹਾਊਸ ਦੇ ਬਹੁਤ ਉੱਘੇ ਅਤੇ ਸਤਿਕਾਰੇ ਹੋਏ ਮੈਂਬਰ ਸਨ। ਉਨ੍ਹਾਂ ਦੀ ਕੁਝ ਦਿਨ ਹੋਏ ਹਸਪਤਾਲ ਵਿੱਚ ਮੌਤ ਹੋ ਗਈ। ਡਾਕਟਰ ਸਾਹਿਬ, ਮਿਊਂਸਪਲ ਕਮੇਟੀ, ਉੜਮੜ ਟਾਂਡਾ ਦੇ ਪ੍ਰੈਜ਼ੀਡੈਂਟ ਵੀ ਰਹੇ। ਉਨ੍ਹਾਂ ਨੇ ਕੋਆਪਰੇਟਿਵ ਸ਼ੂਗਰ ਮਿਲ, ਭੋਗਪੁਰ, ਦੀ ਡਾਇਰੈਕਟਰ ਦੇ ਤੌਰ ਤੇ ਵੀ ਸੇਵਾ ਕੀਤੀ ਔਰ ਕਾਫੀ ਮੁੱਦਤ ਤੋਂ ਉਹ ਕਾਂਗਰਸ ਦੇ ਐਕਟਿਵ ਮੈਂਬਰ ਤੇ ਪ੍ਰਦੇਸ਼ ਕਾਂਗਰਸ ਦੇ ਮੈਂਬਰ ਦੀ ਹੈਸੀਅਤ ਵਿਚ ਵੀ ਸੇਵਾ ਕਰਦੇ ਰਹੇ। ਡਾਕਟਰ ਅਮੀਰ ਸਿੰਘ ਇੱਕ ਮਿਲਟਰੀ ਫੈਮਿਲੀ ਨਾਲ ਤੁਅੱਲਕ ਰਖਦੇ ਸਨ। ਉਨ੍ਹਾਂ ਦੇ ਪਿਤਾ ਜੀ ਨੇ ਵੀ ਫੌਜ ਵਿਚ ਸੇਵਾ ਕੀਤੀ ਅਤੇ ਉਨ੍ਹਾਂ ਦੇ ਦੋ ਭਰਾਵਾਂ ਨੇ ਵੀ ਅਤੇ ਕੁਝ ਸਮਾਂ ਇਨ੍ਹਾਂ ਨੇ ਵੀ ਫੌਜੀ ਖਿਦਮਤ ਕੀਤੀ ਸੀ। ਡਾਕਟਰ ਅਮੀਰ ਸਿੰਘ ਜੀ ਆਪਣੇ ਇਲਾਕੇ ਵਿਚ ਬਹੁਤ ਸਤਿਕਾਰੇ ਹੋਏ ਲੋਕ ਸੇਵਕ ਸਨ। ਉਨ੍ਹਾਂ ਵਰਗਾ ਇਮਾਨਦਾਰ, ਨਿਰਛੱਲ ਤੇ ਲੋਕ ਸੇਵਕ ਪੁਲੀਟੀਕਲ ਆਦਮੀ ਬਹੁਤ ਮੁਸ਼ਕਿਲ ਨਾਲ ਮਿਲਦਾ ਹੈ। ਉਨ੍ਹਾਂ ਦੀ ਮੌਤ ਦਾ ਦੁੱਖ ਸਿਰਫ ਉਨ੍ਹਾਂ ਦੇ ਇਲਾਕੇ ਨੂੰ ਨਹੀਂ ਹੋਇਆ ਸਗੋਂ ਸਾਰੇ ਪੰਜਾਬ ਨੂੰ ਉਨ੍ਹਾਂ ਦੀ ਮੌਤ ਦਾ ਬਹੁਤ ਅਫ਼ਸੋਸ ਹੋਇਆ ਹੈ। ਉਹ ਸਾਡੇ ਇਸ ਹਾਊਸ ਦੇ ਦੋ ਵਾਰ ਮੈਂਬਰ ਰਹਿ ਚੁਕੇ ਹਨ। ਬਿਮਾਰੀ ਦੇ ਕਾਰਣ ਉਹ ਕਾਫੀ ਸਮਾਂ ਹਸਪਤਾਲ ਵਿਚ ਰਹੇ ਸਨ। ਬੜਾ ਦੁਖਦਾਈ ਸਮਾਂ ਸੀ ਜਦੋਂ ਉਨ੍ਹਾਂ ਦੀ ਵੱਡੀ ਬੇਟੀ ਦੀ ਸ਼ਾਦੀ ਸੀ ਅਤੇ ਉਸੀ ਦਿਨ ਉਹ ਪਟਿਆਲੇ ਜਾਣ ਵਾਸਤੇ ਡਾਕਟਰ ਤੋਂ ਆਗਿਆ ਲੈ ਚੁਕੇ ਸਨ, ਪਰ ਜਾਣ ਤੋਂ ਪਹਿਲਾਂ ਉਥੇ ਬੇਹੋਸ਼ ਹੋ ਗਏ ਅਤੇ ਉਹ ਆਪਣੀ ਬੇਟੀ ਦੀ ਸ਼ਾਦੀ ਤੇ ਨਹੀਂ ਜਾ ਸਕੇ ਔਰ ਉਸ ਤੋਂ ਬਾਅਦ ਉਨ੍ਹਾਂ ਨੂੰ ਹੋਸ਼ ਨਹੀਂ ਆਈ ਤੇ ਉਹ ਹਮੇਸ਼ਾ ਲਈ ਸਾਡੇ ਕੋਲੋਂ ਵਿਛੜ ਗਏ ਹਨ। ਇਮਾਨਦਾਰੀ ਦੀ ਹੱਦ ਇਹ ਹੈ ਕਿ ਉਹ ਕਾਫ਼ੀ ਸਾਰਾ ਕਰਜ਼ਾ ਆਪਣੇ ਸਿਰ ਛੱਡ ਗਏ ਹਨ। ਉਨ੍ਹਾਂ ਦੇ ਚਾਰ ਬੱਚੇ ਅਜੇ ਐਜੂਕੇਸ਼ਨ ਹਾਸਲ ਕਰ ਰਹੇ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਡਾਕਟਰ ਅਮੀਰ ਸਿੰਘ ਦਾ ਸਾਡੇ ਵਿਚੋਂ ਚਲੇ ਜਾਣਾ ਇੱਕ ਅਜਿਹਾ ਘਾਟਾ ਹੈ ਜਿਹੜਾ ਛੇਤੀ ਛੇਤੀ ਪੂਰਾ ਨਹੀਂ ਹੋ ਸਕਦਾ। ਉਨ੍ਹਾਂ ਵਰਗਾ ਇਮਾਨਦਾਰ ਅਣਥੱਕ ਲੋਕ ਸੇਵਕ ਲਭਣਾ ਬੜਾ ਮੁਸ਼ਕਲ ਹੈ। ਉਨ੍ਹਾਂ ਦੀ ਮੌਤ 8 ਮਾਰਚ, 1976 ਨੂੰ ਹੋ ਗਈ।

ਸਪੀਕਰ ਸਾਹਿਬ, ਸਾਡੇ ਦੇਸ਼ ਦੇ ਇੱਕ ਹੋਰ ਨੇਤਾ, ਸ਼੍ਰੀ ਕੇ. ਸੀ. ਰੈਡੀ ਇਕ ਦਿਆਨਤਦਾਰ ਤੇ ਨੇਕ-ਦਿਲ ਵਿਅਕਤੀ ਸਨ। ਉਹ ਸ਼ਕਤੀ, ਸਥਿਰਤਾ, ਧਰਮ-ਨਿਰਪਖਤਾ ਅਤੇ ਤਰੱਕੀ ਦੇ ਥੰਮ ਸਨ। ਉਨ੍ਹਾਂ ਦਾ ਲੋਕ ਰਾਜ ਅਤੇ ਸਮਾਜਵਾਦ ਦੇ ਉਚੇ ਆਦਰਸ਼ਾਂ ਤੇ ਦ੍ਰਿੜ੍ਹ ਵਿਸ਼ਵਾਸ ਸੀ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ]

ਇਕ ਮਹਾਨ ਦੇਸ਼ ਭਗਤ ਹੋਣ ਦੇ ਨਾਤੇ ਉਨ੍ਹਾਂ ਨੂੰ ਦੇਸ਼ ਨਾਲ ਬਹੁਤ ਪਿਆਰ ਸੀ ਅਤੇ ਦੇਸ਼ ਦੀ ਭਲਾਈ ਨਾਲ ਸਬੰਧਤ ਹਰ ਪੱਖ ਵਿਚ ਉਹ ਡੂੰਘੀ ਦਿਲਚਸਪੀ ਲੈਂਦੇ ਸਨ। ਉਹ ਰਿਆਸਤੀ ਪ੍ਰਜਾ ਮੰਡਲ ਦੇ ਉਘੇ ਲੀਡਰਾਂ ਵਿਚੋਂ ਇਕ ਸਨ। ਮੈਸੂਰ ਸਟੇਟ ਵਿਚ ਉਹ ਇਕ ਬਹੁਤ ਵੱਡੇ ਨੇਤਾ ਸਨ। ਪਹਿਲੀ ਜਨਤਕ ਸਰਕਾਰ ਜਦੋਂ ਬਣਾਈ ਗਈ, ਉਹ 1947 ਤੋਂ ਲੈ ਕੇ ਪੰਜ ਸਾਲਾਂ ਤਕ ਉਸ ਦੇ ਮੁੱਖ ਮੰਤਰੀ ਰਹੇ। ਇਸਤੋਂ ਉਪਰੰਤ ਉਤਪਾਦਨ ਮੰਤਰੀ ਦੇ ਤੌਰ ਤੇ ਸਾਲ 1952 ਵਿਚ ਪੰਡਿਤ ਜਵਾਹਰ ਲਾਲ ਨਹਿਰੂ ਦੀ ਕੈਬਨਿਟ ਵਿਚ ਸ਼ਾਮਿਲ ਹੋਏ ਅਤੇ ਬਾਅਦ ਵਿਚ ਨਿਰਮਾਣ, ਮਕਾਨ ਉਸਾਰੀ ਤੇ ਸਿਵਲ ਸਪਲਾਈ ਵਿਭਾਗ ਦੇ ਮੰਤਰੀ ਰਹੇ।

ਸ੍ਰੀ ਰੈਡੀ ਜੀ 1961 ਵਿਚ ਵਪਾਰ ਅਤੇ ਉਦਯੋਗ ਮੰਤਰੀ ਵੀ ਬਣੇ ਅਤੇ ਯੂਨੀਅਨ ਕੈਬਨਿਟ ਵਿਚ ਉਨ੍ਹਾਂ ਦੇ ਸ਼ਾਮਲ ਹੋਣ ਨਾਲ, ਉਹ ਇਕ ਉਘੇ ਰਾਜਨੀਤਕ ਵਿਅਕਤੀ ਸਮਝੇ ਜਾਣ ਲਗੇ। ਉਨ੍ਹਾਂ ਨੇ ਸਾਲ 1963 ਵਿਚ ਕੇਂਦਰੀ ਮੰਤਰੀ-ਮੰਡਲ ਤੋਂ ਅਸਤੀਫਾ ਦੇ ਦਿੱਤਾ ਪ੍ਰੰਤੂ ਲੋਕ ਸਭਾ ਦੀ ਕਾਂਗਰਸ ਪਾਰਟੀ ਦੇ ਡਿਪਟੀ ਲੀਡਰ ਦੇ ਤੌਰ ਤੇ ਉਨ੍ਹਾਂ ਨੂੰ ਚੁਣ ਲਿਆ ਗਿਆ। ਸਾਲ 1965 ਵਿਚ ਉਨ੍ਹਾਂ ਨੂੰ ਮੱਧ-ਪ੍ਰਦੇਸ਼ ਦੇ ਰਾਜਪਾਲ ਦੇ ਤੌਰ ਤੇ ਨਿਯੁਕਤ ਕੀਤਾ ਗਿਆ ਅਤੇ 1971, ਅਰਥਾਤ ਰਿਟਾਇਰ ਹੋਣ ਤਕ, ਉਹ ਇਸੀ ਅਹੁਦੇ ਤੇ ਰਹੇ। ਮਿਤੀ 27 ਫਰਵਰੀ, 1976, ਨੂੰ ਉਨ੍ਹਾਂ ਦੀ ਮੌਤ ਹੋ ਗਈ। ਉਹ ਦੇਸ਼ ਦੀ ਏਕਤਾ, ਲੋਕ ਰਾਜ ਅਤੇ ਸਮਾਜਵਾਦ ਦੇ ਆਦਰਸ਼ਾਂ ਨਾਲ ਡੂੰਘਾ ਪਿਆਰ ਰੱਖਣ ਵਾਲੇ ਵਿਅਕਤੀ, ਸੁਤੰਤਰਤਾ ਸੰਗਰਾਮੀਏ ਅਤੇ ਅਤਿਅੰਤ ਦਿਆਨਤਦਾਰ ਰਾਜਸੀ ਲੀਡਰ ਸਨ। ਉਨ੍ਹਾਂ ਦੇ ਚਲੇ ਜਾਣ ਨਾਲ ਸਾਡੇ ਦੇਸ਼ ਨੂੰ ਬੜਾ ਘਾਟਾ ਪਿਆ ਹੈ।

ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਾਂਗਾ ਕਿ ਇਸ ਸਦਨ ਦੇ ਸਾਰੇ ਮੈਂਬਰ ਇਨ੍ਹਾਂ ਮਹਾਨ ਸ਼ਖਸੀਅਤਾਂ ਜਿਹੜੀਆਂ ਕਿ ਸਾਡੇ ਵਿਚੋਂ ਵਿੱਛੜ ਗਈਆਂ ਹਨ, ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਦੋ ਮਿੰਟ ਖੜੇ ਹੋਕੇ ਇਨ੍ਹਾਂ ਦੀ ਆਤਮਕ ਸ਼ਾਂਤੀ ਲਈ ਅਰਦਾਸ ਕਰਨ ਅਤੇ ਇਸ ਸਦਨ ਦੀ ਡੂੰਘੀ ਹਮਦਰਦੀ ਉਨ੍ਹਾਂ ਦੇ ਪਰਿਵਾਰਾਂ ਨੂੰ ਤੁਸੀਂ ਆਪਣੇ ਵਲੋਂ ਅਤੇ ਹਾਊਸ ਵਲੋਂ ਭੇਜ ਦਿਓ।

**ਸਰਦਾਰ ਧੰਨਾ ਸਿੰਘ ਗੁਲਸ਼ਨ** (ਨਥਾਨਾ, ਐਸ. ਸੀ.) : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਡਾਕਟਰ ਅਮੀਰ ਸਿੰਘ ਕਲਕਟ ਅਤੇ ਸ੍ਰੀ ਕੇ. ਸੀ. ਰੈਡੀ ਦੀ ਮੌਤ ਤੇ ਅਫਸੋਸ ਦਾ ਮਤਾ ਪੇਸ਼ ਕੀਤਾ ਹੈ। ਡਾਕਟਰ ਸਾਹਿਬ ਆਪਣੇ ਇਲਾਕੇ ਵਿਚ ਮੰਨੇ ਪ੍ਰਮੰਨੇ ਸਨ ਅਤੇ ਲੋਕਾਂ ਦਾ ਪਿਆਰ ਲੈ ਕੇ ਇਸ ਹਾਊਸ ਵਿਚ ਦੋ ਵਾਰ ਚੁਣ ਕੇ ਆਏ। ਉਨ੍ਹਾਂ ਦੇ ਨਾਲ ਕੰਮ ਕਰਨ ਦਾ ਕੁਝ ਸਮਾਂ ਪ੍ਰਾਪਤ ਹੋਇਆ। ਐਸਟੀਮੇਟਸ ਕਮੇਟੀ ਦੇ ਉਹ ਚੇਅਰਮੈਨ ਸਨ। ਅਸੀਂ ਵੀ ਉਨ੍ਹਾਂ ਦੇ ਨਾਲ ਬਤੌਰ ਮੈਂਬਰ ਕੰਮ ਕੀਤਾ। ਉਹ ਬੜੀ ਲਗਨ ਵਾਲੇ ਆਦਮੀ ਸਨ ਅਤੇ ਆਪਣੇ ਕੰਮ ਵਿਚ ਉਨ੍ਹਾਂ ਨੂੰ ਬਹੁਤ ਦਿਲਚਸਪੀ ਰਹਿੰਦੀ ਸੀ। ਲੋਕਾਂ ਦੀ ਸੇਵਾ ਕਰਨ ਦੀ ਉਨ੍ਹਾਂ ਨੂੰ ਬੜੀ ਲਗਨ ਸੀ। ਮੈਂ ਆਪਣੀ ਪਾਰਟੀ ਵਲੋਂ ਜਿਥੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਣ ਕਰਨ ਵਾਸਤੇ ਖੜਾ ਹੋਇਆ ਹਾਂ ਉਥੇ ਇਹ ਗੱਲ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹਾਂਗਾ ਕਿ ਸਾਡੀ ਪਾਰਟੀ ਪਿਛੇ ਵੀ ਇਹ ਕਹਿੰਦੀ ਹੀ ਹੈ ਕਿ ਜੋ ਐਮ. ਐਲ. ਏ. ਹੁੰਦੇ ਹੋਏ ਸਦਾ ਲਈ ਇਸ ਦੁਨੀਆਂ ਤੋਂ ਚਲਾ ਜਾਂਦਾ ਹੈ ਉਸਦੇ ਪਿੱਛੋਂ ਪਰਿਵਾਰ ਦੀ ਸਹਾਇਤਾ ਖੁਲੇ ਦਿਲ ਨਾਲ ਕਰੋ। ਜਿਸ ਤਰ੍ਹਾਂ ਪਿੱਛੇ ਸੰਧੂ ਸਾਹਿਬ ਦੀ ਅਤੇ ਹੋਰ ਸੱਜਣਾਂ ਦੀ ਮ੍ਰਿਤੂ ਕਾਰਨ ਉਨ੍ਹਾਂ ਦੇ ਪਰਿਵਾਰਾਂ ਦੀ ਸਰਕਾਰ ਨੇ ਖੁਲ੍ਹੇ ਦਿਲ ਨਾਲ ਸਹਾਇਤਾ ਕੀਤੀ ਹੈ ਅਤੇ 25-25 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਹੈ, ਉਸੇ ਤਰ੍ਹਾਂ ਸਰਕਾਰ ਨੂੰ ਹੁਣ ਵੀ ਜਿਹੜੀ ਡਾਕਟਰ ਸਾਹਿਬ ਦੇ ਪਰਿਵਾਰ ਦੀ ਖੁਲ੍ਹੇ ਦਿਲ ਨਾਲ ਸਹਾਇਤਾ ਕੀਤੀ ਹੈ ਇਹ ਇਕ ਬੜੀ ਚੰਗੀ ਗਲ ਹੈ। ਮੈਂ ਇਕ ਇਹ ਵੀ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਡਾਕਟਰ ਸਾਹਿਬ ਇਸ ਸਦਨ ਦੇ ਮੈਂਬਰ ਸਨ ਅਤੇ ਸਦਨ ਅਜੇ ਚਲਦਾ ਸੀ ਜਦੋਂ ਕਿ ਇਸ ਦੌਰਾਨ ਹੀ ਉਹ ਸਾਡੇ ਨਾਲੋਂ ਵਿਛੜ ਗਏ,

Original with;
Punjab Vidhan Sabha
Digitized by;
Panjab Digital Library

ਇਸ ਕਰਕੇ ਜਿਸ ਤਰ੍ਹਾਂ ਪਿਛੇ ਵੀ ਸਰਦਾਰ ਸੱਤਪਾਲ ਸਿੰਘ ਰੰਧਾਵਾ ਵੇਲੇ ਹਾਊਸ ਨੂੰ ਐਡਜਰਨ ਕਰ ਦਿੱਤਾ ਗਿਆ ਸੀ, ਉਸੇ ਤਰ੍ਹਾਂ ਹੁਣ ਵੀ ਡਾਕਟਰ ਸਾਹਿਬ ਦੇ ਅਫ਼ਸੋਸ ਵਿਚ ਹਾਊਸ ਨੂੰ ਸਾਰੇ ਦਿਨ ਲਈ ਐਡਜਰਨ ਕਰ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਸ੍ਰੀ ਕੇ. ਸੀ. ਰੈਡੀ ਇਕ ਉਘੇ ਨੇਤਾ ਸਨ। ਇਸ ਗੱਲ ਦਾ ਬੜਾ ਅਫਸੋਸ ਹੈ ਕਿ ਕੁਦਰਤ ਸਾਡੇ ਕੋਲੋਂ ਦੇਸ਼ ਦੀਆਂ ਉੱਘੀਆਂ ਹਸਤੀਆਂ ਨੂੰ ਵਿਛੋੜ ਰਹੀ ਹੈ। ਅਤੇ ਦੇਸ਼ ਵਿਚੋਂ ਉੱਚੀ ਕੁਆਲਿਟੀ ਦੇ ਜੋ ਪੁਰਸ਼ ਹਨ, ਲੋਕ ਸੇਵਕ ਹਨ ਅਤੇ ਉੱਚੇ ਇਖਲਾਕ ਦੇ ਜੋ ਆਦਮੀ ਹਨ, ਉਹ ਦਿਨ-ਬਦਿਨ ਸਾਡੇ ਕੋਲੋਂ ਵਿਛੜ ਰਹੇ ਹਨ। ਇਹ ਬੜੀ ਅਫਸੋਸ ਦੀ ਗਲ ਹੈ। ਜਿਹੜੇ ਸੱਜਣ ਇਮਾਨਦਾਰੀ ਨਾਲ, ਨਿਰਪੱਖਤਾ ਨਾਲ, ਲਗਨ ਦੇ ਨਾਲ ਦੇਸ਼ ਦੀ ਅਤੇ ਦੇਸ਼ ਦੇ ਲੋਕਾਂ ਦੀ ਸੇਵਾ ਕਰਦੇ ਰਹੇ ਹਨ, ਉਹ ਸਾਡੇ ਕੋਲੋਂ ਵਿਛੜ ਰਹੇ ਹਨ। ਮੈਂ ਆਪਣੀ ਪਾਰਟੀ ਵਲੋਂ ਇਨ੍ਹਾਂ ਦੋਨੋਂ ਉਘੀਆਂ ਹਸਤੀਆਂ ਦੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਜੋ ਮੈਂ ਸੁਝਾਓ ਦਿੱਤਾ ਹੈ, ਸਰਕਾਰ ਉਸਨੂੰ ਸਵੀਕਾਰ ਕਰੇਗੀ ਅਤੇ ਡਾਕਟਰ ਸਾਹਿਬ ਦੇ ਸੱਤਕਾਰ ਵਿਚ ਹਾਊਸ ਨੂੰ ਅੱਜ ਦੀ ਛੁੱਟੀ ਕਰ ਦਿੱਤੀ ਜਾਵੇਗੀ।

**ਕਾਮਰੇਡ ਜੰਗੀਰ ਸਿੰਘ ਜੋਗਾ** (ਮਾਨਸਾ) : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਜਿਹੜਾ ਮਤਾ ਰਖਿਆ ਹੈ ਸਾਡੀ ਪਾਰਟੀ ਇਸ ਦੀ ਪੂਰਨ ਹਿਮਾਇਤ ਕਰਦੀ ਹੈ। ਡਾਕਟਰ ਸਾਹਿਬ ਸਾਡੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਸਨ ਅਤੇ ਦੋ ਦਫਾ ਮੈਂਬਰ ਰਹੇ। ਪਿਛਲੇ ਸਾਲ ਡਾਕਟਰ ਸਾਹਿਬ ਪ੍ਰਿਵਿਲੇਜ਼ ਕਮੇਟੀ ਦੇ ਚੇਅਰਮੈਨ ਰਹੇ ਅਤੇ ਲਗਾਤਾਰ ਮੈਨੂੰ ਉਨ੍ਹਾਂ ਦੇ ਨਾਲ ਪ੍ਰਿਵਿਲੇਜ਼ ਕਮੇਟੀ ਦੇ ਮੈਂਬਰ ਦੇ ਤੌਰ ਤੇ ਕੰਮ ਕਰਨ ਦਾ ਮੌਕਾ ਮਿਲਿਆ। ਜਿਸ ਢੰਗ ਨਾਲ, ਜਿਸ ਖੁਸ਼ ਅਸਲੂਬੀ ਨਾਲ ਉਹ ਕੰਮ ਕਰਦੇ ਸਨ, ਉਸ ਤਰ੍ਹਾਂ ਦੇ ਆਦਮੀ ਬਹੁਤ ਘੱਟ ਮਿਲਦੇ ਹਨ। ਡਾਕਟਰ ਸਾਹਿਬ ਦਾ ਜੀਵਨ ਦੇਸ਼ ਭਗਤੀ ਦਾ ਜੀਵਨ ਸੀ ਚਾਹੇ ਉਹ ਮੁਲਾਜ਼ਮਾਂ ਦੇ ਵਿਚ ਰਹੇ, ਚਾਹੇ ਪਬਲਿਕ ਸੇਵਾ ਦੇ ਵਿਚ ਰਹੇ, ਉਹ ਨਿਸ਼ਕਾਮ ਸੇਵਾ ਕਰਦੇ ਰਹੇ ਅਤੇ ਨਿਧੜਕਤਾ ਦੇ ਨਾਲ ਆਪਣੇ ਖਿਆਲਾਤ ਦਾ ਇਜ਼ਹਾਰ ਕਰਦੇ ਰਹੇ। ਅਸੀਂ ਡਾਕਟਰ ਸਾਹਿਬ ਦੀ ਇਸ ਬੇਵਕਤ ਮੌਤ ਤੇ ਬਹੁਤ ਅਫਸੋਸ ਪਰਗਟ ਕਰਦੇ ਹਾਂ। ਇਹ ਅਜਿਹੇ ਸੱਜਣ, ਜਿਹੜੇ ਦੇਸ਼ ਦੇ ਸੇਵਕ ਹਨ, ਸਾਡੇ ਨਾਲੋਂ ਇਕ ਇਕ ਕਰਕੇ ਵਿਛੜ ਰਹੇ ਹਨ।

ਸ੍ਰੀ ਕੇ. ਸੀ. ਰੈਡੀ ਆਂਧਰਾ ਪ੍ਰਦੇਸ਼ ਦੇ ਚੀਫ ਮਨਿਸਟਰ ਰਹੇ ਅਤੇ ਕੇਂਦਰੀ ਵਜ਼ਾਰਤ ਵਿਚ ਵੀ ਕਾਫੀ ਸਮਾਂ ਰਹੇ ਅਤੇ ਇਸ ਤੋਂ ਬਿਨਾਂ ਉਹ ਗਵਰਨਰ ਵੀ ਰਹੇ। ਸ੍ਰੀ ਕੇ. ਸੀ. ਰੈਡੀ ਉਨ੍ਹਾਂ ਦੇਸ਼ ਭਗਤਾਂ ਵਿਚੋਂ ਸਨ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਅਣਥੱਕ ਅਤੇ ਲਗਾਤਾਰ ਲਗਨ ਨਾਲ ਕੰਮ ਕੀਤਾ ਅਤੇ ਸਾਰੀ ਜ਼ਿੰਦਗੀ ਆਪਣੇ ਦੇਸ਼ ਦੀ ਸੇਵਾ ਕੀਤੀ। ਸਪੀਕਰ ਸਾਹਿਬ, ਇਸ ਜਿਹੜੀਆਂ ਮਹਾਨ ਹਸਤੀਆਂ ਸਾਡੇ ਨਾਲੋਂ ਵਿਛੜ ਰਹੀਆਂ ਹਨ, ਇਨ੍ਹਾਂ ਦਾ ਘਾਟਾ ਪੂਰਾ ਕਰਨਾ ਬਹੁਤ ਮੁਸ਼ਕਿਲ ਹੈ। ਸਪੀਕਰ ਸਾਹਿਬ, ਮੈਂ ਦਰਖਾਸਤ ਕਰਾਂਗਾ ਕਿ ਜਿਹੜਾ ਮਾਤਮੀ ਰੈਜ਼ੋਲਿਊਸ਼ਨ ਮੁੱਖ ਮੰਤਰੀ ਜੀ ਨੇ ਪੇਸ਼ ਕੀਤਾ ਹੈ, ਇਨ੍ਹਾਂ ਮਹਾਨ ਹਸਤੀਆਂ ਦੇ ਪਰਿਵਾਰਾਂ ਨੂੰ ਇਸ ਹਾਊਸ ਵਲੋਂ ਸ਼ੋਕ ਪ੍ਰਸਤਾਵ ਭੇਜਿਆ ਜਾਵੇ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਥੇ ਕੰਡੋਲੈਂਸ ਦੀਆਂ ਤਕਰੀਰਾਂ ਹੋ ਰਹੀਆਂ ਹਨ, ਪਰ ਟਰੇਜ਼ਰੀ ਬੈਂਚਾਂ ਵਾਲੇ ਆਪੋ ਵਿਚ ਗੱਲਾਂ ਕਰ ਰਹੇ ਹਨ, ਥੋੜ੍ਹਾ ਜਿਹਾ ਡੇਕੋਰਮ ਹੋਣਾ ਚਾਹੀਦਾ ਹੈ।

**ਸ੍ਰੀ ਸਪੀਕਰ** : ਠੀਕ ਪੁਆਇੰਟ ਆਊਟ ਕੀਤਾ ਹੈ ਡਾਂਗ ਸਾਹਿਬ ਨੇ, ਸਾਨੂੰ ਸੀਰੀਅਸ ਹੋਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ. ਸੀ) : ਸਪੀਕਰ ਸਾਹਿਬ, ਸਾਡੇ ਵਿਚੋਂ ਡਾਕਟਰ ਅਮੀਰ ਸਿੰਘ ਕਲਕਟ ਸਦਾ ਲਈ ਵਿਛੜ ਗਏ ਹਨ। ਇਸ ਟਰਮ ਵਿਚ ਅਸੈਂਬਲੀ ਦੇ ਵਿਚ ਉਨ੍ਹਾਂ ਨਾਲ ਕੰਮ ਕਰਨ ਦਾ ਮੈਨੂੰ ਮੌਕਾ ਮਿਲਿਆ। ਡਾਕਟਰ ਸਾਹਿਬ ਬੜੇ ਹੀ ਮਿਹਨਤੀ ਸਨ, ਬੜੇ ਹੀ ਚੰਗੇ ਸੁਭਾ ਵਾਲੇ ਸਨ ਅਤੇ ਆਪਣੇ ਖ਼ਿਆਲਾਤ ਅਸੈਂਬਲੀ ਵਿਚ ਬੜੇ ਹੀ ਖੁਲ੍ਹੇ ਦਿਲ ਨਾਲ ਪੇਸ਼ ਕਰਦੇ ਸਨ। ਲੋਕਾਂ ਨਾਲ ਉਨ੍ਹਾਂ ਨੂੰ ਬੜਾ ਪਿਆਰ ਸੀ। ਪਿਛਲੇ ਸੈਸ਼ਨ ਵਿਚ ਜਦੋਂ ਮੈਂ ਇਥੇ ਆਇਆ ਤਾਂ ਉਹ ਮੌਜੂਦ ਨਹੀਂ ਸਨ ਅਤੇ ਪਤਾ ਲਗਾ ਕਿ ਉਹ ਪੀ. ਜੀ. ਆਈ ਵਿਚ ਦਾਖਿਲ ਹਨ। ਮੈਂ ਬੇਨਤੀ ਕਰਾਂਗਾ ਕਿ ਡਾਕਟਰ ਸਾਹਿਬ ਦੇ ਪਰਿਵਾਰ ਨੂੰ ਸ਼ੋਕ ਦਾ ਮਤਾ ਇਸ ਹਾਊਸ ਵਲੋਂ ਭੇਜ ਦਿੱਤਾ ਜਾਵੇ।

ਸਪੀਕਰ ਸਾਹਿਬ, ਸ੍ਰੀ ਕੇ. ਸੀ ਰੈਡੀ ਕੇਂਦਰੀ ਵਜ਼ਾਰਤ ਵਿਚ ਮੰਤਰੀ ਰਹੇ, ਉਹ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਰਹੇ। ਉਹ ਗਵਰਨਰ ਵੀ ਰਹੇ। ਉਹ ਸਾਡੇ ਨਾਲੋਂ ਅੱਜ ਵਿਛੜ ਗਏ ਹਨ। ਰੈਡੀ ਸਾਹਿਬ ਆਜ਼ਾਦੀ ਲੈਣ ਵਾਲੇ ਵੱਡੇ ਵੱਡੇ ਘੁਲਾਟੀਆਂ ਵਿਚੋਂ ਸਨ। ਉਹ ਇਕ ਬਹੁਤ ਹੀ ਉਘੇ ਪਰਜਾ ਮੰਡਲੀ ਲੀਡਰ ਸਨ ਅਤੇ ਬੜੀ ਹੀ ਲਗਨ ਅਤੇ ਮਿਹਨਤ ਨਾਲ ਕੰਮ ਕਰਦੇ ਸਨ। ਦੇਸ਼ ਦੀ ਸੇਵਾ ਕਰਦੇ ਸਨ ਅਤੇ ਉਹ ਇਕ ਬਹੁਤ ਬੜੇ ਆਜ਼ਾਦੀ ਲੈਣ ਦੇ ਘੁਲਾਟੀਏ ਸਨ। ਮੈਂ ਆਪਣੀ ਪਾਰਟੀ ਵਲੋਂ ਇਸ ਮਤੇ ਦੀ ਹਿਮਾਇਤ ਕਰਦਾ ਹਾਂ ਕਿ ਉਨ੍ਹਾਂ ਦੇ ਪਰਿਵਾਰ ਨੂੰ ਸ਼ੋਕ ਦਾ ਮਤਾ ਭੇਜਿਆ ਜਾਵੇ।

**आचार्य पृथ्वी सिंह आज़ाद (खन्ना ऐस. सी.)** : स्पीकर साहिब, डाक्टर अमीर सिंह कलकट एक सुलझे हुए सियासतदान थे और बहुत ही सुलझे हुए डाक्टर और समाज सेवक भी थे।

**Mr, Speaker** : We should be serious ਜੇ ਕਿਸੇ ਨੇ ਕੋਈ ਗੱਲ ਕਰਨੀ ਹੈ ਤਾਂ ਲਾਬੀ ਵਿਚ ਜਾ ਕੇ ਕਰ ਲੱਵੇ।

**आचार्य पृथ्वी सिंह आज़ाद** : जब डाक्टर साहिब बोलते थे तो बोलते बोलते जिस ढंग से वे नोक-झोंक करते थे उस को याद कर के कहना पड़ता है कि "मर गया नावक फगन मारेगा दिल में तीर कौन"। स्पीकर साहिब हमारे बीच से एक अच्छे समाज सेवक, दोस्तों के दोस्त उठ गए हैं इस बात का हमें सब को बड़ा दुख है और जो सदन के नेता ने प्रस्ताव रखा है, मैं उस के साथ सहिमत होता हुआ इतनी अर्ज करना चाहता हूं कि हमें इन के अफसोस में अगर सारे दिन के लिए नहीं तो थोड़े समय के लिए ही सदन की कारवाई को स्थगित कर देना चाहिए ताकि एक प्रथा पड़ जाए कि इस सदन का सदस्य जो हम से बिछुड़ जाता है उन की याद में थोड़े समय के लिए हाऊस को स्थगित कर दिया जाए।

श्री के. सी. रैडी पुराने मन्त्री थे पुराने देश भक्त थे और स्वतंत्रता संग्रामी थे। उन के चले जाने का हमें बहुत दुख है। स्पीकर साहिब, वह सब सज्जन जिन्हों ने स्वंतत्रता आन्दोलन में भाग लिया और देश को इस योग्य बनाया कि इस देश की जनता आज़ादी का आनंद मान सके वह

Original with;
Punjab Vidhan Sabha
Digitized by;
Panjab Digital Library

सब सज्जन इस मुल्क से आहिस्ता आहिस्ता उठते जा रहे हैं । यह बात हमारे लिए बहुत दुःख की है । इस के लिए जो शोक का मता हाउस में पेश हुआ है उस में मैं अपने आप को मिलाता हूँ ।

**ਸ੍ਰੀ ਸਰਦਾਰੀ ਲਾਲ ਕਪੂਰ** (ਲੁਧਿਆਣਾ,ਉੱਤਰ): ਸਪੀਕਰ ਸਾਹਿਬ,ਡਾਕਟਰ ਅਮੀਰ ਸਿੰਘ ਜੀ ਕਲਕਟ ਦਾ ਸਾਡੇ ਕੋਲੋਂ ਜੁਦਾ ਹੋਣਾ ਨਾ-ਕਾਬਲੇ ਬਰਦਾਸ਼ਤ ਹੈ। ਸਪੀਕਰ ਸਾਹਿਬ, ਜਿਸ ਦਿਨ ਉਨ੍ਹਾਂ ਦਾ ਭੋਗ ਸੀ, ਉਸ ਦਿਨ ਪਤਾ ਚਲਦਾ ਸੀ ਕਿ ਉਨ੍ਹਾਂ ਦੇ ਲਈ ਲੋਕਾਂ ਦਾ ਕਿੰਨਾ ਪਿਆਰ ਹੈ, ਉਸ ਦਿਨ ਹਜ਼ਾਰਾਂ ਦੀ ਤਦਾਦ ਵਿਚ ਲੋਕ ਉਸ ਸਮਾਗਮ ਤੇ ਇਕੱਠੇ ਹੋਏ ਸਨ। ਡਾਕਟਰ ਸਾਹਿਬ, ਇਕ ਬਿਲਕੁਲ ਸੱਚੀ ਤਬੀਅਤ ਦੇ ਆਦਮੀ ਸਨ ਅਤੇ ਉਹ ਕੋਈ ਵੀ ਗੱਲ ਆਪਣੇ ਮਨ ਵਿਚ ਛੁਪਾ ਕੇ ਨਹੀਂ ਸਨ ਰਖਦੇ । ਸਪੀਕਰ ਸਾਹਿਬ, ਇਕ ਬੜੀ ਹੀ ਨਿਰਾਲੀ ਗੱਲ ਮੈਨੂੰ ਯਾਦ ਆਈ ਹੈ, ਉਹ ਇਹ ਹੈ ਕਿ ਜਦੋਂ ਅਸੀਂ ਕਿਸੇ ਕਮੇਟੀ ਦੇ ਨਾਲ ਦੌਰਾ ਕਰਕੇ ਦਿੱਲੀ ਪਹੁੰਚੇ ਤਾਂ ਡਾਕਟਰ ਸਾਹਿਬ ਨੇ ਕਿਹਾ ਕਿ ਯੂ. ਪੀ. ਵਿਚ ਇਲੈਕਸ਼ਨ ਹੋਣੇ ਹਨ ਅਤੇ ਮੈਂ ਉਥੇ ਜ਼ਰੂਰ ਜਾਣਾ ਹੈ। ਪਰ ਉਸ ਵੇਲੇ ਉਨ੍ਹਾਂ ਦੀ ਤਬੀਅਤ ਠੀਕ ਨਹੀਂ ਸੀ । ਅਸੀਂ ਵੀ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਵੀ ਉਨ੍ਹਾਂ ਨੂੰ ਇਹ ਕਿਹਾ ਕਿ ਤੁਹਾਡੀ ਸੇਹਤ ਠੀਕ ਨਹੀਂ ਹੈ, ਇਸ ਲਈ ਤੁਸੀਂ ਉਥੇ ਹੁਣ ਨਾ ਜਾਓ। ਪਰ ਉਹ ਕਹਿਣ ਲਗੇ, 'ਮੈਂ ਆਪਣੀ ਜਮਾਤ ਲਈ ਇਸ਼ਕ ਰਖਦਾ ਹਾਂ ਇਸ ਲਈ ਮੇਰਾ ਉਥੇ ਜਾਣਾ ਜ਼ਰੂਰੀ ਹੈ ਅਤੇ ਮੈਂ ਜ਼ਰੂਰ ਜਾਵਾਂਗਾ।' ਉਨ੍ਹਾਂ ਦੀ ਤਬੀਅਤ ਐਸੀ ਸੀ ਕਿ ਦੇਸ਼ ਸੇਵਾ ਲਈ ਸਦਾ ਹੀ ਤਿਆਰ ਰਹਿੰਦੇ ਸਨ।

ਸਪੀਕਰ ਸਾਹਿਬ, ਜਦੋਂ ਕੋਈ ਗੁਜ਼ਰ ਜਾਂਦਾ ਹੈ ਤਾਂ ਪਤਾ ਲਗਦਾ ਹੈ ਕਿ ਉਸ ਦੀ ਅਸਲੀ ਪੁਜ਼ੀਸ਼ਨ ਕੀ ਸੀ; ਕਿਸ ਤਰ੍ਹਾਂ ਰਹਿੰਦਾ ਸੀ। ਪਰ, ਸਪੀਕਰ ਸਾਹਿਬ, ਜਦੋਂ ਡਾਕਟਰ ਸਾਹਿਬ ਗੁਜ਼ਰੇ ਤਾਂ ਉਨ੍ਹਾਂ ਦੇ ਸਿਰ ਤੇ 50 ਹਜ਼ਾਰ ਰੁਪਏ ਦਾ ਕਰਜ਼ਾ ਦੇਣਾ ਨਿਕਲਿਆ ਅਤੇ ਉਨ੍ਹਾਂ ਦੇ ਬੱਚੇ ਵੀ ਹਾਲੇ ਵਿਆਹੁਣੇ ਰਹਿੰਦੇ ਹਨ। ਸਾਨੂੰ ਇਸ ਦਾ ਬਹੁਤ ਦੁਖ ਹੈ ਕਿ ਉਹ ਆਪਣੇ ਬੱਚਿਆਂ ਦੇ ਵਿਆਹ ਸ਼ਾਦੀ ਵੀ ਨਾ ਕਰ ਸਕੇ।

ਸ੍ਰੀ ਕੇ. ਸੀ. ਰੈਡੀ ਦੀ ਮਿਰਤੂ ਵੀ ਹਿੰਦੁਸਤਾਨ ਲਈ ਬੜੀ ਦੁੱਖ ਦੀ ਗੱਲ ਹੈ। ਉਹ ਇਕ ਬਹੁਤ ਵੱਡੇ ਫ਼ਰੀਡਮ ਫਾਈਟਰ ਸਨ। ਉਹ ਜਿਹੜੀ ਵੀ ਗੱਲ ਕਰਦੇ ਸਨ ਉਹ ਸੱਚੀ ਕਰਦੇ ਸਨ ਭਾਵੇਂ ਕੋਈ ਉਨ੍ਹਾਂ ਨੂੰ ਉਸ ਤੇ ਕ੍ਰਿਟੀਸਾਈਜ਼ ਵੀ ਕਰਦਾ ਹੋਵੇ। ਪਰ ਉਹ ਕਦੇ ਵੀ ਇਸ ਦੀ ਪਰਵਾਹ ਨਹੀਂ ਸਨ ਕਰਦੇ। ਜੋ ਮਤਾ ਅੱਜ ਹਾਊਸ ਵਿਚ ਸ਼ੋਕ ਦਾ ਰਖਿਆ ਗਿਆ ਹੈ ਮੈਂ ਉਸ ਨਾਲ ਸਹਿਮਤ ਹਾਂ ਅਤੇ ਇਸ ਦੇ ਨਾਲ ਹੀ ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਅੱਜ ਦੇ ਦਿਨ ਵਾਸਤੇ ਇਸ ਹਾਊਸ ਨੂੰ ਉਠਾ ਦੇਣਾ ਚਾਹੀਦਾ ਹੈ, ਇਹ ਮੇਰੀ ਰਾਏ ਹੈ।

**ਸਰਦਾਰ ਗੁਰਬਚਨ ਸਿੰਘ ਚੀਮਾ** (ਦਸੂਹਾ) : ਸਪੀਕਰ ਸਾਹਿਬ, ਡਾਕਟਰ ਅਮੀਰ ਸਿੰਘ ਕਲਕਟ ਜੀ ਦੇ ਚਲੇ ਜਾਣ ਨਾਲ ਸਾਨੂੰ ਬਹੁਤ ਘਾਟਾ ਹੈ । ਮੇਰੇ ਉਹ ਗਵਾਂਢੀ ਹਲਕੇ ਦੇ ਸਨ ਅਤੇ ਮੈਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਭਾਵੇਂ ਉਨ੍ਹਾਂ ਦੀ ਸਿਹਤ ਉਨ੍ਹਾਂ ਨੂੰ ਕੋਈ ਕੰਮ ਕਰਨ ਲਈ ਇਜਾਜ਼ਤ ਨਹੀਂ ਸੀ ਦਿੰਦੀ ਪਰ ਫਿਰ ਵੀ ਉਹ ਕਹਿੰਦੇ ਹੁੰਦੇ ਸਨ ਕਿ ਮੈਂ ਆਪਣੇ ਹਲਕੇ ਵਿਚ ਜਾਣਾ ਹੈ ਅਤੇ ਲੋਕਾਂ ਦੀ ਸੇਵਾ ਕਰਨੀ ਹੈ। ਉਨ੍ਹਾਂ ਵਿਚ ਦੇਸ਼ ਸੇਵਾ ਲਈ ਬਹੁਤ ਜਜ਼ਬਾ ਸੀ ਅਤੇ ਉਹ ਅਣਥੱਕ ਵਰਕਰ ਸਨ । ਉਹ ਆਪਣੇ ਹਲਕੇ ਦੇ ਨਾਲ ਲਗਦੇ ਪਿੰਡਾਂ ਵਿਚ ਜਾਂਦੇ ਸਨ ਅਤੇ ਉਨ੍ਹਾਂ ਲੋਕਾਂ ਦੇ ਕੰਮ ਕਰਨਾ ਆਪਣਾ ਫ਼ਰਜ਼ ਸਮਝਦੇ ਸਨ ਭਾਵੇਂ ਉਨ੍ਹਾਂ ਦੀ ਸਿਹਤ ਇਜਾਜ਼ਤ ਨਾਂ ਦਿੰਦੀ ਹੋਵੇ। ਉਨ੍ਹਾਂ ਦੀ ਇਮਾਨਦਾਰੀ ਅਤੇ ਸ਼ਰਾਫਤ ਦੇ ਲਈ ਉਸ ਹਲਕੇ ਦੇ ਲੋਕ ਦਸਦੇ ਹਨ ਕਿ ਡਾਕਟਰ ਸਾਹਿਬ ਦੀ ਇਮਾਨਦਾਰੀ ਅਤੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬਚਨ ਸਿੰਘ ਚੀਮਾ]

ਸ਼ਰਾਫਤ ਇਤਨੀ ਸੀ ਕਿ ਸ਼ਾਇਦ ਹੀ ਕੋਈ ਹੋਰ ਇਸ ਤਰ੍ਹਾਂ ਦਾ ਹੋਵੇ । ਉਨ੍ਹਾਂ ਦੇ ਅੰਦਰ ਸ਼ਰਾਫਤ ਅਤੇ ਇਮਾਨਦਾਰੀ ਕੁੱਟ ਕੁੱਟ ਕੇ ਭਰੀ ਹੋਈ ਸੀ । ਡਾਕਟਰ ਸਾਹਿਬ ਛੋਟੀ ਉਮਰ ਵਿਚ ਹੀ ਚਲੇ ਗਏ ਹਾਲਾਂ ਕਿ ਉਨ੍ਹਾਂ ਦੇ ਵੱਡੇ ਭਾਈ ਵੀ ਹਾਲੇ ਜ਼ਿੰਦਾਂ ਹਨ । ਉਨ੍ਹਾਂ ਦੇ ਛੋਟੇ ਛੋਟੇ ਬੱਚੇ ਹਨ । ਮੈਂ ਚਾਹੁਦਾ ਹਾਂ ਕਿ ਉਨ੍ਹਾਂ ਦੇ ਪਰਿਵਾਰ ਦੀ ਵੱਧ ਤੋਂ ਵੱਧ ਮਦਦ ਸਾਨੂੰ ਪਾਰਟੀ ਦੇ ਤੌਰ ਤੇ ਅਤੇ ਸਰਕਾਰੀ ਤੌਰ ਤੇ, ਜਿੰਨੀ ਵੀ ਹੋ ਸਕੇ, ਕਰਨੀ ਚਾਹੀਦੀ ਹੈ । ਕਿਉਂਕਿ ਉਹ ਕਰਜ਼ਾ ਵੀ ਕਾਫੀ ਛੱਡ ਗਏ ਹਨ । ਉਹ ਇੱਕ ਅਣਥੱਕ ਵਰਕਰ ਸਨ ਅਤੇ ਕਦੇ ਵੀ ਚੈਨ ਨਾਲ ਨਹੀਂ ਬੈਠੇ ਸਨ । ਮੈਂ ਡਾਕਟਰ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਇਹ ਪ੍ਰਾਰਥਨਾ ਕਰਦਾ ਹਾਂ ਕਿ ਵਾਹਿਗੁਰੂ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ।

ਸ੍ਰੀ ਕੇ.ਸੀ. ਰੈਡੀ ਜੀ ਦੇ ਗੁਜ਼ਰ ਜਾਣ ਦਾ ਸਾਨੂੰ ਬਹੁਤ ਦੁੱਖ ਹੈ । ਉਹ ਇਕ ਬਹੁਤ ਵੱਡੇ ਸੁਤੰਤਰਤਾ ਸੰਗ੍ਰਾਮੀ ਸਨ । ਉਨ੍ਹਾਂ ਦੇ ਵਿਛੜ ਜਾਣ ਦਾ ਸਾਡੀ ਪਾਰਟੀ ਨੂੰ ਅਤੇ ਸਾਡੇ ਦੇਸ਼ ਨੂੰ ਬਹੁਤ ਘਾਟਾ ਹੈ । ਉਹ ਸੱਚੇ ਦੇਸ਼ ਭਗਤ ਸਨ । ਉਨ੍ਹਾਂ ਦੀ ਮਿਰਤੂ ਨਾਲ ਜੋ ਘਾਟਾ ਹੋਇਆ ਹੈ ਉਹ ਕਦੇ ਵੀ ਪੂਰਾ ਨਹੀਂ ਹੋ ਸਕਦਾ । ਇਸ ਵਾਸਤੇ ਜਿਹੜਾ ਮਤਾ ਸਾਡੇ ਚੀਫ ਮਨਿਸਟਰ ਸਾਹਿਬ ਨੇ ਰਖਿਆ ਹੈ ਮੈਂ ਉਸ ਦੇ ਨਾਲ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ ।

**ਚੌਧਰੀ ਦਰਸ਼ਨ ਸਿੰਘ** (ਨੂਰ ਮਹਿਲ) : ਸਪੀਕਰ ਸਾਹਿਬ, ਇਹ ਜੋ ਮਤਾ ਗਿਆਨੀ ਜੀ ਨੇ ਰਖਿਆ ਹੈ, ਮੈਂ ਇਸ ਦੇ ਨਾਲ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ । ਡਾਕਟਰ ਅਮੀਰ ਸਿੰਘ ਕਲਕਟ ਸਾਡੇ ਨਾਲ ਰਹੇ ਹਨ, ਸਾਨੂੰ ਪਤਾ ਹੈ ਕਿ ਉਹ ਬਹੁਤ ਨਿਡਰ ਆਦਮੀ ਸਨ । ਉਹ ਜਿਹੜੀ ਗੱਲ ਵੀ ਹਾਊਸ ਵਿਚ ਕਰਦੇ ਸਨ, ਬੜੀ ਨਿਡਰਤਾ ਨਾਲ ਕਰਦੇ ਸਨ । ਉਹ ਨੇਕ ਨੀਅਤ ਦੇ ਆਦਮੀ ਸਨ । ਸਪੀਕਰ ਸਾਹਿਬ, ਉਨ੍ਹਾਂ ਦੇ ਬੱਚੇ ਹਾਲੇ ਬਹੁਤ ਛੋਟੇ ਸਨ, ਉਹ ਹਾਲੇ ਆਪਣੇ ਬੱਚਿਆਂ ਦੀ ਸ਼ਾਦੀ ਵੀ ਨਹੀਂ ਸਨ ਕਰ ਸਕੇ ਕਿ ਉਹ ਬਿਮਾਰ ਹੋ ਗਏ । ਉਨ੍ਹਾਂ ਦੀ ਲੜਕੀ ਦੀ ਸ਼ਾਦੀ ਹੋਣੀ ਸੀ ਅਤੇ ਉਹ ਚਾਹੁੰਦੇ ਸਨ ਕਿ ਉਹ ਆਪ ਪਟਿਆਲਾ ਜਾਕੇ ਆਪਣੀ ਲੜਕੀ ਨੂੰ ਵਿਦਾ ਕਰ ਸਕਣ ਪਰ ਉਹ ਉਸ ਵੇਲੇ ਬੇਹੋਸ਼ ਹੋ ਗਏ । ਸਾਨੂੰ ਸਾਰਿਆਂ ਨੂੰ ਇਸ ਦਾ ਬਹੁਤ ਦੁੱਖ ਹੈ । ਉਨ੍ਹਾਂ ਦੇ ਅੰਦਰ ਦੇਸ਼ ਭਗਤੀ ਦਾ ਜਜ਼ਬਾ ਬਹੁਤ ਸੀ ਅਤੇ ਇਹ ਜਜ਼ਬਾ ਉਨ੍ਹਾਂ ਦਾ ਖਾਨਦਾਨੀ ਹੈ । ਉਹ ਇਸ ਛੋਟੀ ਉਮਰ ਵਿਚ ਚਲੇ ਗਏ ਜਦ ਕਿ ਉਨ੍ਹਾਂ ਦੇ ਸਿਰ ਤੇ ਇਤਨਾ ਕਰਜ਼ਾ ਚੜ੍ਹਿਆ ਹੋਇਆ ਸੀ ਅਤੇ ਆਪਣੀ ਫੈਮਿਲੀ ਦੀ ਕੋਈ ਚੀਜ਼ ਸੈਟਲ ਨਹੀਂ ਕਰ ਸਕੇ । ਲੋਕਾਂ ਦਾ ਉਨ੍ਹਾਂ ਦੇ ਪ੍ਰਤੀ ਪਿਆਰ ਦਾ ਉਸ ਦਿਨ ਪਤਾ ਲਗਦਾ ਸੀ ਜਿਸ ਦਿਨ ਉਨ੍ਹਾਂ ਦਾ ਅੰਤਮ ਭੋਗ ਸੀ । ਹਜ਼ਾਰਾਂ ਦੀ ਤਾਦਾਦ ਵਿਚ ਲੋਕ ਉਥੇ ਪਹੁੰਚੇ ਹੋਏ ਸਨ ਅਤੇ ਰੋ ਰਹੇ ਸਨ । ਸਾਡੇ ਗਿਆਨੀ ਜੀ ਨੇ ਉਨ੍ਹਾਂ ਦੀ ਸੇਹਤ ਨੂੰ ਠੀਕ ਰੱਖਣ ਵਾਸਤੇ ਬਹੁਤ ਕੋਸ਼ਿਸ਼ ਕੀਤੀ ਅਤੇ ਕਈ ਹਜ਼ਾਰ ਰੁਪਏ ਖਰਚ ਕਰਕੇ ਉਨ੍ਹਾਂ ਦੀ ਜ਼ਿੰਦਗੀ ਬਚਾਉਣ ਲਈ ਬਾਹਰੋਂ ਮਸ਼ੀਨ ਵੀ ਮੰਗਵਾ ਕੇ ਦਿੱਤੀ ਪਰ ਉਨ੍ਹਾਂ ਦੀ ਉਮਰ ਲੰਬੀ ਨਾ ਹੋ ਸਕੀ ਕਿਉਂਕਿ ਕੁਦਰਤ ਨੂੰ ਇਹੀ ਮੰਜ਼ੂਰ ਸੀ । ਹੋਰ ਵੀ ਜੋ ਗਿਆਨੀ ਜੀ ਉਨ੍ਹਾਂ ਦੀ ਮਦਦ ਕਰ ਸਕਦੇ ਸੀ ਉਹ ਉਨ੍ਹਾਂ ਨੇ ਕੀਤੀ ।

ਸ੍ਰੀ ਕੇ. ਸੀ ਰੈਡੀ ਸੈਂਟਰ ਦੇ ਵਜ਼ੀਰ ਸਨ । ਸਾਨੂੰ ਉਨ੍ਹਾਂ ਦੇ ਚਲੇ ਜਾਣ ਦਾ ਬਹੁਤ ਦੁੱਖ ਹੈ । ਉਹ ਇਕ ਸੁਤੰਤਰਤਾ ਸੰਗ੍ਰਾਮੀ ਸਨ ਅਤੇ ਉਨ੍ਹਾਂ ਨੇ ਦੇਸ਼ ਲਈ ਬਹੁਤ ਸੇਵਾ ਕੀਤੀ । ਜੋ ਮਤਾ, ਇਸ ਵਾਸਤੇ , ਸਾਡੇ ਲੀਡਰ ਆਫ ਦੀ ਹਾਊਸ ਨੇ ਇਸ ਲਈ ਪੇਸ਼ ਕੀਤਾ ਹੈ, ਮੈਂ ਉਸ ਦੇ ਨਾਲ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ । ਔਰ ਇਸ ਦੇ ਨਾਲ ਹੀ ਇਹ ਵੀ ਬੇਨਤੀ ਕਰਦਾ ਹਾਂ ਕਿ ਜਿਸ ਤਰ੍ਹਾਂ ਪਿੱਛੇ ਪ੍ਰੈਸੀਡੈਂਟ ਰਿਹਾ ਹੈ ਉਸੇ ਤਰ੍ਹਾਂ ਹੁਣ ਵੀ ਉਨ੍ਹਾਂ ਦੀ ਯਾਦ ਵਿਚ ਅੱਜ ਦੇ ਦਿਨ ਵਾਸਤੇ ਹਾਊਸ ਨੂੰ ਉਠਾ ਦਿੱਤਾ ਜਾਵੇ ।

Original with;
Punjab Vidhan Sabha
Digitized by;
Panjab Digital Library

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਡਾਕਟਰ ਸਾਹਿਬ ਨਾਲ ਮੇਰਾ 1946 ਤੋਂ ਸਬੰਧ ਰਿਹਾ ਹੈ। ਜਦੋਂ ਉਹ ਲਾਹੌਰ ਮੈਡੀਕਲ ਕਾਲਜ ਵਿਚ ਪੜ੍ਹਦੇ ਹੁੰਦੇ ਸਨ ਤਾਂ ਵੀ ਮੈਨੂੰ ਉਨ੍ਹਾਂ ਦੇ ਨਾਲ, ਵਿਦਿਆਰਥੀਆਂ ਦੀ ਜੱਥੇਬੰਦੀ ਵਿਚ ਉਨ੍ਹਾਂ ਦੇ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਅਤੇ ਫਿਰ ਜਦੋਂ ਉਹ ਅੰਮ੍ਰਿਤਸਰ ਮੈਡੀਕਲ ਕਾਲਜ ਵਿਚ ਆਏ ਤਾਂ ਵੀ ਸਾਨੂੰ ਇਕੱਠੇ ਮਿਲ ਕੇ ਕੰਮ ਕਰਨ ਦਾ ਮੌਕਾ ਮਿਲਿਆ। ਅਸੈਂਬਲੀ ਵਿਚ ਵੀ ਅਸੀਂ ਇਕੱਠੇ ਰਹੇ। ਇਸ ਤਰ੍ਹਾਂ ਉਨ੍ਹਾਂ ਦੇ ਨਾਲ ਕੰਮ ਕਰਨ ਦਾ ਮੌਕਾ ਬਹੁਤ ਨੇੜੇ ਤੋਂ ਮਿਲਿਆ ਹੈ ਉਹ ਇਕ ਸਿਨੀਅਰ, ਲਾਇਲ ਅਤੇ ਨਿਡਰ ਵਿਅਕਤੀ ਸਨ। ਉਨ੍ਹਾਂ ਨੇ ਆਪਣੀ ਹੈਸੀਅਤ ਦੇ ਮੁਤਾਬਿਕ ਦੇਸ਼ ਦੀ ਬਹੁਤ ਸੇਵਾ ਕੀਤੀ ਐਸੇ ਦਲੇਰ ਇਨਸਾਨ ਦਾ ਜੁਦਾ ਹੋ ਜਾਣਾ ਸਾਡੇ ਸਾਰਿਆਂ ਲਈ ਅਫ਼ਸੋਸ ਦਾ ਕਾਰਣ ਬਣਿਆ ਹੈ। ਖਾਸ ਤੌਰਤੇ ਉਨ੍ਹਾਂ ਦੋਸਤਾਂ ਨੂੰ ਜਿਨ੍ਹਾਂ ਨੇ ਉਨ੍ਹਾਂ ਨੂੰ ਬੜੇ ਹੀ ਨੇੜਿਉਂ ਔਰ ਨਿਜੀ ਤੌਰ ਤੇ ਵੇਖਿਆ ਹੈ ਉਨ੍ਹਾਂ ਨੂੰ ਬਹੁਤ ਜ਼ਿਆਦਾ ਅਫ਼ਸੋਸ ਹੈ। ਔਰ ਖਾਸ ਤੌਰ ਤੇ ਹਾਊਸ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਨੂੰ ਉਨ੍ਹਾਂ ਦੇ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ ਇਸ ਤਰ੍ਹਾਂ ਦੇ ਨਿਡਰ ਸਾਥੀ ਦੇ ਚਲੇ ਜਾਣ ਤੇ ਬਹੁਤ ਹੀ ਅਫ਼ਸੋਸ ਹੋਇਆ ਹੈ। ਉਨ੍ਹਾਂ ਨੂੰ ਵੇਖ ਕੇ ਸਾਨੂੰ ਸਾਰਿਆਂ ਨੂੰ ਉਤਸ਼ਾਹ ਮਿਲਦਾ ਸੀ, ਹੌਂਸਲਾ ਮਿਲਦਾ ਸੀ ਕਿ ਕਿਸੇ ਕਾਜ਼ ਵਾਸਤੇ ਕਿਸ ਤਰ੍ਹਾਂ ਖੜ੍ਹੇ ਹੋ ਜਾਈਦਾ ਹੈ, ਕਿਸ ਤਰ੍ਹਾਂ ਲੜੀਦਾ ਹੈ। ਇਹ ਭਾਰੀ ਨੁਕਸਾਨ ਹੋਇਆ ਹੈ ਜਿਹੜਾ ਕਿ ਬਰਦਾਸ਼ਤ ਕਰਨਾ ਪੈ ਰਿਹਾ ਹੈ। ਇਹ ਨੁਕਸਾਨ ਜਿੱਥੇ ਸਾਨੂੰ ਹੈ ਉਥੇ ਉਸ ਤੋਂ ਵੱਧ ਉਨ੍ਹਾਂ ਦੇ ਪਰਵਾਰ ਨੂੰ ਹੈ। ਛੋਟੇ ਛੋਟੇ ਬੱਚੇ ਬੱਚੀਆਂ ਉਹ ਛੱਡ ਕੇ ਚਲੇ ਗਏ ਹਨ। ਜਦੋਂ ਚੀਫ਼ ਮਨਿਸਟਰ ਸਾਹਿਬ ਉਥੇ ਗਏ ਤਾਂ ਪਤਾ ਕੀਤਾ ਗਿਆ ਕਿ ਕਿਤਨਾ ਹੀ ਕਰਜ਼ਾ ਉਹ ਛੱਡ ਗਏ ਹਨ। ਉਸ ਤੋਂ ਅੰਦਾਜ਼ਾ ਲਗਦਾ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਦਾ ਨਿਸ਼ਾਨਾ ਪੈਸਾ ਕਮਾਣਾ ਨਹੀਂ ਸੀ ਬਲਕਿ ਲੋਕਾਂ ਦੀ ਸੇਵਾ ਕਰਨਾ ਸੀ। ਮੁੱਖ ਮੰਤਰੀ ਜੀ ਨੇ ਉਨ੍ਹਾਂ ਦੇ ਪਰਵਾਰ ਦੀ ਮਾਲੀ ਮਦਦ ਹੀ ਨਹੀਂ ਕੀਤੀ ਬਲਕਿ ਉਨ੍ਹਾਂ ਨੂੰ ਭਰੋਸਾ ਦਿਵਾਇਆ ਹੈ ਕਿ ਡਾਕਟਰ ਸਾਹਿਬ ਜੀ ਦੀ ਗੈਰ-ਹਾਜ਼ਰੀ ਮਹਿਸੂਸ ਨਹੀਂ ਹੋਣ ਦਿਆਂਗੇ। ਇਹ ਠੀਕ ਹੈ ਕਿ ਉਨ੍ਹਾਂ ਦੇ ਪਰਵਾਰ ਦੀ ਮਦਦ ਕੀਤੀ ਗਈ ਹੈ ਔਰ ਮੈਂ ਸਮਝਦਾ ਹਾਂ ਕਿ ਜਿਹੜੀ ਵੀ ਸਾਡੀ ਜ਼ਿੰਮੇਵਾਰੀ ਹੈ, ਸਾਨੂੰ ਉਹ ਨਿਭਾਉਣੀ ਚਾਹੀਦੀ ਹੈ। ਉਹ ਤਾਂ ਸਾਥੋਂ ਵਿੱਛੜ ਗਏ ਹਨ ਲੇਕਿਨ ਜੋ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਹੈ ਉਹ ਸਾਨੂੰ ਮਹਿਸੂਸ ਕਰਨੀ ਚਾਹੀਦੀ ਹੈ। ਮੈਂ ਹਾਊਸ ਦੇ ਸਾਰੇ ਮੈਂਬਰਾਂ ਦੇ ਨਾਲ ਇਸ ਗੱਲ ਵਿਚ ਸ਼ਾਮਿਲ ਹੁੰਦਾ ਹਾਂ ਕਿ ਅੱਜ ਦਾ ਕੰਮ ਐਡਜਰਨ ਕਰ ਦੇਈਏ। ਮੈਂ ਤੁਹਾਨੂੰ ਬੇਨਤੀ ਕਰਾਂਗਾ ਸੈਚਰਡੇ ਨੂੰ ਰੂਲਜ਼ ਦੇ ਮੁਤਾਬਿਕ ਭਾਵੇਂ ਸੈਸ਼ਨ ਨਹੀਂ ਹੋ ਸਕਦਾ, ਪਰ ਤੁਸੀਂ ਆਪਣੇ ਸਪੈਸ਼ਲ ਇਖ਼ਤਿਆਰਾਂ ਦੀ ਵਰਤੋਂ ਕਰਕੇ ਜਾਂ ਹਾਊਸ ਦੀ ਕੰਸੈਂਸ ਲੈਕੇ, ਰੂਲ ਸੱਸਪੈਂਡ ਕਰਕੇ, ਕਲ ਨੂੰ ਚਾਰ ਵਜੇ ਇਹ ਸੈਸ਼ਨ ਬੁਲਾ ਲਿਆ ਜਾਵੇ ਤਾਕਿ ਉਸ ਸਮੇਂ ਤਕ ਅਸੀਂ ਵੀ ਇਲੈਕਸ਼ਨ ਤੋਂ ਵਿਹਲੇ ਹੋ ਜਾਈਏ। ਇਸ ਸਿਲਸਿਲੇ ਵਿਚ ਮੈਂ ਮੋਸ਼ਨ ਵੀ ਆਪ ਦੇ ਸਾਹਮਣੇ ਰੱਖਾਂਗਾ।

**ਸਰਦਾਰ ਗੁਰਦੇਵ ਸਿੰਘ ਬਾਦਲ** (ਫ਼ਰੀਦਕੋਟ, ਐਸ. ਸੀ.) : ਸਪੀਕਰ ਸਾਹਿਬ, ਸਾਡੇ ਕੋਲੋਂ ਅੱਜ ਦੋ ਹਸਤੀਆਂ ਵਿਛੜ ਗਈਆਂ ਹਨ—ਬਾਬਾ ਫ਼ਰੀਦ ਜੀ ਫੁਰਮਾਉਂਦੇ ਹਨ :—

"ਮਲਕਲ ਮੌਤ ਜਦ ਆਵਸੀ, ਸਭ ਦਰਵਾਜ਼ੇ ਭੰਨ,
ਵੇਖੋ ਬੰਦਾ ਚਲਿਆ ਚੌਂਹ ਜਣਿਆਂ ਦੇ ਕੰਨ੍ਹ।
ਫ਼ਰੀਦਾ ਅਮਲ ਜੋ ਕੀਤੇ, ਦਰਗੈਹ ਦੇਣੇ ਕੰਮ।"

ਸਪੀਕਰ ਸਾਹਿਬ, ਜਿਹੜਾ ਇਨਸਾਨ ਚੰਗੇ ਕੰਮ ਕਰਦਾ ਹੈ ਲੋਕ ਹਮੇਸ਼ਾ ਉਸ ਨੂੰ ਵਡਿਆਇਆਂ ਕਰਦੇ ਹਨ। "ਜੋ ਆਇਆ ਸੋ ਚਲਸੀ, ਸਭ ਕੋ ਆਈ ਵਾਰੀਐ," ਵਾਰੀ ਤਾਂ ਸਭ ਦੀ ਆ ਜਾਣੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਹੈ। ਇਸ ਸੰਸਾਰ ਉੱਤੇ ਵੈਦ ਧਨੰਤਰ ਵਰਗੇ ਅਤੇ ਲੁਕਮਾਨ ਵਰਗੇ ਨਹੀਂ ਰਹੇ। ਪਰ ਚੰਗੇ ਮਨੁੱਖ ਨੂੰ, ਨੇਕ ਬੰਦਿਆਂ ਨੂੰ ਸੰਸਾਰ ਸਦਾ ਯਾਦ ਕਰਦਾ ਹੈ। ਸਪੀਕਰ ਸਾਹਿਬ, ਸਾਈਂ ਬੁਲ੍ਹੇ ਸ਼ਾਹ ਜੀ ਫੁਰਮਾਉਂਦੇ ਹਨ :—

"ਪਹਿਨ ਪੁਸ਼ਾਕ ਫਿਰੇਂ ਵਿਚ ਗਲੀਆਂ ਵਾਂਗ ਰਬਾਏ ਬੱਗੇ,<br>
ਖਰਾ ਖੋਟਾ ਤੂੰ ਜਾਏਂ ਪਰਖਿਆ ਜਦ ਪਏਂ ਸਰਾਫ਼ਾਂ ਅੱਗੇ,<br>
ਦੇਣ ਸੁਰਾਖ਼ਾਂ ਤਾਵਣ ਤੈਨੂੰ, ਸੱਟ ਸਿਰੇ ਸਿਰ ਵੱਜੇ।<br>
ਸਾਈਂ ਬੁਲਿਆ ਤੂੰ ਬਣ ਜਾ ਕੌਡੀ, ਤੈਨੂੰ ਵੱਟਾ ਮੁਨ ਨਾ ਲੱਗੇ।"

ਜਦੋਂ ਇਨਸਾਨ ਇਸ ਤਰ੍ਹਾਂ ਦਾ ਹੁੰਦਾ ਹੈ ਤਾਂ ਦੂਜਿਆਂ ਨੂੰ ਸੁੱਖ ਦਿੰਦਾ ਹੈ ਪਰ ਜਿਹੜੇ ਧੋਖਾ ਫ਼ਰੇਬ ਕਰਦੇ ਹਨ ਉਨ੍ਹਾਂ ਨੂੰ ਕੋਈ ਯਾਦ ਨਹੀਂ ਕਰਦਾ। ਉਹ ਜਾਣ ਲਗੇ ਆਪਣੇ ਨਾਲ ਕੁਝ ਨਹੀਂ ਲੈ ਜਾ ਸਕਦੇ। ਇਸ ਲਈ ਇਨਸਾਨ ਨੂੰ ਇਨਸਾਨ ਨਾਲ ਪਿਆਰ ਕਰਨਾ ਚਾਹੀਦਾ ਹੈ। ਇਹ ਜੋ ਡਾਕਟਰ ਸਾਹਿਬ ਸਨ ਉਨ੍ਹਾਂ ਨਾਲ ਗੱਲ ਬਾਤ ਕਰਨ ਦਾ ਸਾਨੂੰ ਹਾਊਸ ਵਿਚ ਮੌਕਾ ਮਿਲਦਾ ਸੀ। ਉਨ੍ਹਾਂ ਵਿਚ ਇਕ ਖੂਬੀ ਸੀ ਜੋ ਕਿ ਮੈਂ ਦੱਸੇ ਬਿਨਾਂ ਨਹੀਂ ਰਹਿ ਸਕਦਾ। ਉਹ ਇਹ ਸੀ ਕਿ ਉਹ ਆਪਣੀ ਪਾਰਟੀ ਦੇ ਪੱਕੇ ਮਨੁੱਖ ਸਨ। ਜਦੋਂ ਗੱਲ ਕਰਦੇ ਸਨ ਤਾਂ ਦ੍ਰਿੜ੍ਹਤਾ ਨਾਲ ਕਰਦੇ ਸਨ, ਦਲੇਰੀ ਨਾਲ ਕਰਦੇ ਸਨ। ਇਥੇ ਭਾਵੇਂ ਜੋ ਕੁਝ ਮਰਜ਼ੀ ਹੁੰਦੀ ਸੀ ਕਹਿੰਦੇ ਸਨ ਪਰ ਜਦੋਂ ਬਾਹਰ ਜਾਂਦੇ ਸਨ ਤਾਂ ਪੂਰੀ ਮਿੱਤਰਤਾ ਦਾ ਸਬੂਤ ਦਿੰਦੇ ਸਨ। ਇਸ ਲਈ ਮੌਤ ਤੋਂ ਹਰ ਬੰਦੇ ਨੂੰ ਸਿਖਿਆ ਲੈਣੀ ਚਾਹੀਦੀ ਹੈ। ਨੇਕ ਇਨਸਾਨ ਬਣਨਾ ਚਾਹੀਦਾ ਹੈ, ਇਹ ਹਰ ਬੰਦੇ ਦਾ ਫਰਜ਼ ਬਣਦਾ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ :—

"ਗੁਰਮੁਖ ਜਨਮ ਸੁਆਰ ਦਰਗਹਿ ਚਲਿਐ।"

ਮੌਤ ਤਾਂ ਹਰ ਇਕ ਤੇ ਆਉਣੀ ਹੈ ਪਰ ਜੋ ਇਨਸਾਨ ਚੰਗੇ ਕੰਮ ਕਰ ਜਾਂਦੇ ਹਨ ਉਹ ਆਪਣਾ ਜੀਵਨ ਸਫ਼ਲ ਕਰ ਜਾਂਦੇ ਹਨ। ਉਨ੍ਹਾਂ ਵਿਚੋਂ ਡਾਕਟਰ ਸਾਹਿਬ ਇਕ ਸਨ।

ਇਸ ਲਈ ਸੀ. ਐਸ. ਸਾਹਿਬ ਨੇ ਜੋ ਮਤਾ ਰਖਿਆ ਹੈ ਮੈਂ ਵੀ ਉਸ ਵਿਚ ਸ਼ਾਮਲ ਹੁੰਦਾ ਹੋਇਆ ਆਪਣੀ ਪਾਰਟੀ ਵੱਲੋਂ ਬੇਨਤੀ ਕਰਾਂਗਾ ਕਿ ਡਾਕਟਰ ਸਾਹਿਬ ਜੀ ਦੀ ਮੌਤ ਦੇ ਸੋਗ ਵਜੋਂ ਅੱਜ ਹਾਊਸ ਨੂੰ ਐਡਜਰਨ ਕਰ ਦੇਣਾ ਚਾਹੀਦਾ ਹੈ। ਇਤਨੀਆਂ ਗੱਲਾਂ ਕਹਿਕੇ ਮੈਂ ਆਪਣੀ ਜਗ੍ਹਾ ਲੈਂਦਾ ਹਾਂ।

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਮੇਰੀ ਰਿਕੁਐਸਟ ਹੈ ਕਿ ਮੈਂਬਰ ਸਾਹਿਬਾਨ ਨਾਲ ਸਲਾਹ ਮਸ਼ਵਰਾ ਕੀਤਾ ਹੈ। ਰੂਲਜ਼ ਦੇ ਮੁਤਾਬਿਕ ਕਲ ਬਿਜ਼ਨੈਸ ਨਹੀਂ ਹੁੰਦਾ ਔਰ ਕਲ੍ਹ ਇਲੈਕਸ਼ਨ ਵੀ ਹੈ। ਹੋ ਸਕਦਾ ਹੈ ਕਿ ਅਸੀਂ ਚਾਰ ਵਜੇ ਤਕ ਵਿਹਲੇ ਵੀ ਨਾ ਹੋ ਸਕੀਏ। ਇਸ ਲਈ ਹਾਊਸ ਦੀ ਸਿਟਿੰਗ ਮੰਡੇ ਮਾਰਨਿੰਗ ਨੂੰ ਕਰ ਲਈ ਜਾਵੇ ਕਿਉਂਕਿ ਐਤਵਾਰ ਨੂੰ ਵੀ ਅਸੀਂ ਇਥੇ ਹੀ ਰਹਿਣਾ ਹੈ।

**ਸ੍ਰੀ ਸਪੀਕਰ** . "ਦਰਿਆ ਕੋ ਆਜ ਕਿਸ ਕੇ ਸਫ਼ੀਨੇ ਕਾ ਸੋਗ ਹੈ,<br>
ਮੌਜੇਂ ਤੜਪ ਰਹੀਂ ਹੈਂ ਕਿਨਾਰੇ ਉਦਾਸ ਹੈਂ।"

ਡਾਕਟਰ ਅਮੀਰ ਸਿੰਘ ਕਲਕਟ ਸਾਡੇ ਪਿਆਰੇ ਸਾਥੀ ਇਸ ਹਾਊਸ ਦੇ ਸਨਮਾਨ ਯੋਗ ਮੈਂਬਰ ਸਾਨੂੰ ਸਦਾ ਲਈ ਵਿਛੋੜਾ ਦੇ ਕੇ ਸਾਡੇ ਕੋਲੋਂ ਦੂਰ, ਬੜੀ ਦੂਰ, ਜਿੱਥੋਂ ਅੱਜ ਤਕ ਨਾ ਕੋਈ ਵਾਪਸ ਆਇਆ ਤੇ ਨਾ ਆ ਸਕਿਆ, ਚਲੇ ਗਏ। ਸਾਹਮਣੇ ਸੀਟ ਤੇ ਅੱਜ ਉਹ ਨਜ਼ਰ ਨਹੀਂ ਆਉਂਦੇ ਤੇ ਨਾ ਕਦੀ ਉਹ ਹੁਣ ਆ ਸਕਣਗੇ।

Original with;
Punjab Vidhan Sabha
Digitized by;
Panjab Digital Library

ਸੱਚੇ ਸੁੱਚੇ, ਇਮਾਨਦਾਰ, ਦਲੇਰ ਤੇ ਨਿਧੜਕ, ਪੰਜਾਬ ਦੇ ਕਾਂਗਰਸ ਪਾਰਟੀ ਦੇ ਦੇਸ਼ ਭਗਤ ਤੇ ਸਮਾਜ ਸੇਵਕ ਡਾਕਟਰ ਅਮੀਰ ਸਿੰਘ ਕਲਕਟ ਨੂੰ ਕੌਣ ਭੁਲਾ ਸਕਦਾ ਏ । ਫ਼ੌਜੀ ਪਰਵਾਰ 'ਚ ਜਨਮ ਲੈਕੇ ਆਪਣੇਂ ਸਤਿਕਾਰਯੋਗ ਪਿਤਾ ਤੇ ਪਿਆਰੇ ਭਰਾਵਾਂ ਵਾਂਗ ਉਹ ਭੀ ਭਾਰਤ ਮਾਤਾ ਦੀਆਂ ਸਰਹੱਦਾਂ ਦੀ ਰਖਿਆ ਵਾਸਤੇ ਫ਼ੌਜ ਦੇ ਹਵਾਈ ਵਿਭਾਗ'ਚ ਬੀ. ਐਸ. ਸੀ. ਕਰਕੇ ਪਾਇਅਲੈਟ ਦੇ ਤੌਰ ਤੇ ਭਰਤੀ ਹੋਏ। ਮਾਤਾ ਦੀ ਬੀਮਾਰੀ ਤੇ ਘਰ ਦੇ ਹਾਲਾਤ ਨੇ ਵਾਪਿਸ ਆਉਣ ਤੇ ਮਜ਼ਬੂਰ ਕਰ ਦਿੱਤਾ ਤੇ ਉਨ੍ਹਾਂ ਅੱਗੇ ਅੱਗੇ ਐਮ.ਬੀ.ਬੀ.ਐਸ. ਦੀ ਪੜ੍ਹਾਈ ਕਰਕੇ ਡਾਕਟਰੀ ਦੀ ਡਿਗਰੀ ਲਈ। ਉਹ ਡਾਕਟਰ ਬਣੇ, ਧਨ ਕਮਾਉਣ ਲਈ ਨਹੀਂ, ਲੋਕਾਂ ਦੀ ਸੇਵਾ ਲਈ, ਜਨਤਾ ਦੇ ਦੁਖ ਦੂਰ ਕਰਨ ਲਈ। ਅਵਾਮ ਨੇ ਉਨ੍ਹਾਂ ਨੂੰ ਟਾਂਡਾ ਮਿਉਂਸਪੈਲਿਟੀ ਦਾ ਮੈਂਬਰ ਤੇ ਦੋ ਵਾਰ ਪ੍ਰਧਾਨ ਬਣਾ ਕੇ ਉਨ੍ਹਾਂ ਵਾਸਤੇ ਆਪਣਾ ਪਿਆਰ ਤੇ ਆਪਣੀ ਸ਼ਰਧਾ ਵਿਅੱਕਤ ਕੀਤੀ।

ਸੰਨ 1969 ਵਿਚ ਉਹ ਐਮ. ਐਲ. ਏ. ਬਣੇ ਤੇ ਆਪੋਜ਼ੀਸ਼ਨ ਦੀਆਂ ਬੈਂਚਾਂ ਤੇ ਬੈਠ ਕੇ ਮਜ਼ਬੂਰ ਇਰਾਦੇ ਨਾਲ ਕਾਂਗਰਸ ਪਾਰਟੀ ਤੇ ਪੰਜਾਬ ਦੀ ਤੇ ਆਪਣੇ ਇਲਾਕੇ ਦੀ ਸੇਵਾ ਕੀਤੀ, ਰਹਿਨੁਮਾਈ ਕੀਤੀ।

ਸੰਨ 1972 ਵਿਚ ਫਿਰ ਐਮ. ਐਲ. ਏ. ਚੁਣੇ ਗਏ। ਉਨ੍ਹਾਂ ਚੇਅਰਮੈਨ ਪੀ. ਏ. ਸੀ. ਤੇ ਪ੍ਰਿਵਿਲੇਜ ਕਮੇਟੀ ਦੇ ਚੇਅਰਮੈਨ ਦੇ ਤੌਰ ਤੇ ਇਸ ਸਦਨ ਦੀ ਸੇਵਾ ਕੀਤੀ। 104 ਮੈਂਬਰਾਂ ਦਾ ਕਾਫਲਾ ਗਿਆਨੀ ਜ਼ੈਲ ਸਿੰਘ, ਮੁੱਖ ਮੰਤਰੀ, ਪੰਜਾਬ, ਦੀ ਰਹਿਨੁਮਾਈ ਥੱਲੇ ਪੰਜਾਬ ਦੀ ਉਸਾਰੀ, ਤਾਮੀਰ ਤੇ ਖੁਸ਼ੀ ਵਾਸਤੇ 1972 ਤੋਂ ਚਲਿਆ। ਮੰਜ਼ਲ ਤੇ ਪਹੁੰਚਣ ਤੋਂ ਪਹਿਲਾਂ ਚਾਰ ਸਾਥੀ ਸਾਥ ਛੱਡ ਚੁਕੇ ਹਨ। ਤਿੰਨਾਂ ਦੀ ਜਗ੍ਹਾ ਭਰੀ ਜ਼ਰੂਰ ਗਈ ਏ ਪਰ ਜਾਣ ਵਾਲੇ ਕਦੀ ਲੌਟ ਕੇ ਨਹੀਂ ਆਉਂਦੇ। ਡਾਕਟਰ ਸਾਹਿਬ ਦੀ ਨੇਕੀ, ਇਮਾਨਦਾਰੀ, ਜੁਰੱਤ, ਸੇਵਾ, ਜਨਤਾ ਤੇ ਦੇਸ਼ ਪ੍ਰਤੀ ਪਿਆਰ ਦੀ ਫੈਲੀ ਰੌਸ਼ਨੀ ਸਾਡੀ ਰਹਿਨੁਮਾਈ ਕਰਦੀ ਰਹੇਗੀ।

"ਤੂ ਨਹੀਂ ਲੇਕਿਨ ਤੇਰੀ ਉਲਫ਼ਤ ਅਭੀ ਤਕ ਦਿਲ ਮੇਂ ਹੈ,
ਬੁਝ ਚੁਕੀ ਹੈ ਸ਼ਮਾਂ ਫਿਰ ਭੀ ਰੌਸ਼ਨੀ ਮਹਿਫ਼ਿਲ ਮੇਂ ਹੈ।"

ਸ਼੍ਰੀ ਕੇ. ਸੀ. ਰੈਡੀ ਇਕ ਉੱਘੇ ਲੀਡਰ ਸਨ। ਉਹ ਮੈਸੂਰ ਦੇ ਮੁੱਖ ਮੰਤਰੀ ਰਹੇ। ਲੋਕ ਸਭਾ ਦੀ ਕਾਂਗਰਸ ਪਾਰਟੀ ਦੇ ਡਿਪਟੀ ਲੀਡਰ ਰਹੇ। ਮੱਧ ਪ੍ਰਦੇਸ਼ ਦੇ ਗਵਰਨਰ ਦੇ ਤੌਰ ਤੇ ਉਨ੍ਹਾਂ ਨੇ ਕੰਮ ਕੀਤਾ। ਇਕ ਸੁਤੰਤਰਤਾ ਸੰਗਰਾਮੀ ਹੁੰਦੇ ਹੋਏ ਉਨ੍ਹਾਂ ਨੇ ਦੇਸ਼ ਦੀ ਨੁਮਾਇੰਦਗੀ, ਦੇਸ਼ ਦੀ ਸੇਵਾ ਕੀਤੀ।

ਇਨ੍ਹਾਂ ਦੋਹਾਂ ਮਹਾਨ ਹਸਤੀਆਂ ਦਾ ਵਿਛੋੜਾ ਸਾਡੇ ਸਾਰਿਆਂ ਲਈ ਇਸ ਹਾਊਸ ਦੇ ਮੈਂਬਰ ਸਾਹਿਬਾਨ ਲਈ ਔਰ ਸਾਡੇ ਪੰਜਾਬ ਲਈ ਦੁਖਦਾਈ ਹੈ। ਲੀਡਰ ਆਫ ਦੀ ਹਾਊਸ, ਗਿਆਨੀ ਜੀ ਨੇ ਜਿਹੜਾ ਪ੍ਰਸਤਾਵ ਸਦਨ ਅੱਗੇ ਰੱਖਿਆ ਹੈ ਮੈਂ ਵੀ ਇਨ੍ਹਾਂ ਸ਼ਬਦਾਂ ਨਾਲ ਆਪਣੇ ਆਪ ਨੂੰ ਦੁੱਖ ਭਰੇ ਇਸ ਸ਼ੋਕ ਪ੍ਰਸਤਾਵ ਵਿਚ ਸ਼ਾਮਲ ਕਰਦਾ ਹਾਂ ਔਰ ਬੇਨਤੀ ਕਰਦਾ ਹਾਂ, ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਆਪਣੇਂ ਚਰਨਾਂ ਵਿਚ ਉਨ੍ਹਾਂ ਦੀਆਂ ਰੂਹਾਂ ਨੂੰ ਜਗ੍ਹਾ ਦੇਵੇ, ਉਨ੍ਹਾਂ ਦੇ ਪਰਿਵਾਰਾਂ ਨੂੰ ਔਰ ਸਾਨੂੰ ਉਨ੍ਹਾਂ ਦੇ ਵਿਛੋੜੇ ਦਾ ਦੁੱਖ ਬਰਦਾਸ਼ਤ ਕਰਨ ਦੀ ਤਾਕਤ ਦੇਵੇ।

ਸਦਨ ਦੇ ਸ਼ੋਕ ਭਰੇ ਜਜ਼ਬਾਤ ਉਨ੍ਹਾਂ ਦੇ ਪਰਿਵਾਰਾਂ ਨੂੰ ਸਦਨ ਦੀ ਇੱਛਾ ਅਨੁਸਾਰ, ਪ੍ਰਸਤਾਵ ਦੇ ਅਨੁਸਾਰ ਭੇਜ ਦਿੱਤੇ ਜਾਣਗੇ। ਮੈਂ ਬੇਨਤੀ ਕਰਾਂਗਾ ਮਾਨਯੋਗ ਮੈਂਬਰਾਂ ਨੂੰ ਕਿ ਉਹ ਦੋ ਮਿੰਟਾਂ ਲਈ ਖੜ੍ਹੇ ਹੋ ਕੇ ਵਿੱਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਂਟ ਕਰਨ। (ਇਸ ਸਮੇਂ ਹਾਊਸ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰਾਂ ਨੇ ਖੜ੍ਹੇ ਹੋ ਕੇ ਦੋ ਮਿੰਟਾਂ ਲਈ ਮੌਨ ਧਾਰਨ ਕੀਤਾ)।

**Mr Speaker** : The House stands adjourned till 9.00 A.M. on Monday, the 29th March, 1976.

2.42 P.M. | *(The Sabha then adjourned till 9.00 A. M. on Monday, the 29th March, 1976).*

1885/2-8-76—286—ਪੰਜਾਬ ਸਰਕਾਰ ਪ੍ਰੈਸ, ਪਟਿਆਲਾ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

भेजी गई

P.V.S. Debates dated 29-3-1976 is not available in the record of the Publication Branch.

Original with;
Punjab Vidhan Sabha
Digitized by;
Panjab Digital Library

2

# PUNJAB VIDHAN SABHA

## DEBATES

*29th March, 1976*

Vol. I—No. 18

## OFFICIAL REPORT

### CONTENTS

*Monday, the 29th March, 1976*


| | | PAGES |
|---|---|---|
| Obituary References | .. | (18)1 |
| Postponed Starred Questions and Answers | .. | (18)6 |
| Starred Questions and Answers | .. | (18)13 |
| Written Answers to Starred Questions laid on the Table of the House under Rule 38 | .. | (18)31 |
| Unstarred Questions and Answers | .. | (18)50 |
| Questions of Privilege | .. | (18)83 |
| Announcement by the Secretary | .. | (18)83 |
| Personal Explanation | .. | (18)84 |
| Adjournment Motions | .. | (18)84 |
| Walk-out | .. | (18)90 |
| Adjournment Motions (*Resumption*) | .. | (18)91 |



**Punjab Vidhan Sabha Secretariat, Chandigarh.**

Price Rs 78.65



Original with;
Punjab Vidhan Sabha
Digitized by;
Panjab Digital Library

PAGE

Call-Attention Notices under Rule 66 (18)93

Presentation of Report .. (18)97

Papers laid on the Table .. (18)98

Legislative Business—

Bill(s)—

The Punjab Security of State (Amendment) —, 1976 .. (18)99

Resolution under Article 169 of the Constitution (re-creation of Legislative Council in the State of Punjab) .. (18)113

Motion Under Rule 16 .. (18)132

Short Adjournment of the House .. (18)133

Legislative Business—

Bill(s)—

The Punjab Legislative Assembly Speaker's and Deputy Speaker's Salaries (Second Amendment) —, 1976 .. (18)133

The Punjab Mechanical Vehicles (Bridge Tolls) (Repeal) —, 1976 .. (18)135

The Punjab Water-Supply and Sewerage Board —, 1976 . (18)136

Appendix I .. (i)

Appendix II .. (i)

(Containing Unstarred Questions converted as such from being Starred Questions)

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

# DEBATES

*Monday, the 29th March, 1976*

*The Vidhan Sabha met in the Punjab Vidhan Sabha Hall, Vidhan Bhavan, Chandigarh-160001, at 9-00 A.M. of the Clock. Mr. Speaker (Dr. Kewal Krishan) in the Chair.*

---

## OBITUARY REFERENCES

**Mr. Speaker** : Obituary references.

(ਇਸ ਸਮੇਂ ਸਰਦਾਰ ਉਮਰਾਓ ਸਿੰਘ, ਮਾਲ ਅਤੇ ਚੋਣ ਮੰਤਰੀ ਔਬਿਚਿਊਰੀ ਰੈਫਰੈਂਸਿਜ਼ ਲਈ ਖੜ੍ਹੇ ਹੋਏ ।)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਕੀ ਕੁਐਸ਼ਚਨ ਆਵਰ ਅੱਜ ਨਹੀਂ ਹੈ ?

**ਸ੍ਰੀ ਸਪੀਕਰ** : ਔਬਿਚਿਊਰੀ ਰੈਫਰੈਂਸਿਜ਼ ਤੋਂ ਬਾਅਦ ਕੁਐਸ਼ਚਨ ਆਵਰ ਹੋਵੇਗਾ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਪਹਿਲੇ ਕੁਐਸ਼ਚਨ ਆਵਰ ਹੁੰਦਾ ਹੈ ਅਤੇ ਫਿਰ ਔਬਿਚਿਊਰੀ ਰੈਫਰੈਂਸਿਜ਼ ਹੁੰਦੇ ਹਨ ।

**ਸ੍ਰੀ ਸਪੀਕਰ** : ਅੱਜ ਹਰਿਆਣਾ ਦੇ ਪ੍ਰਹਿਲੇ ਗਵਰਨਰ ਸ੍ਰੀ ਬੀ. ਐਨ. ਚੱਕਰਵਰਤੀ ਬਾਰੇ ਔਬਿਚਿਊਰੀ ਰੈਫਰੈਂਸਿਜ਼ ਹੋਣੇ ਹਨ । ਜੋਸ਼ ਜੀ, ਇਸ ਬਾਰੇ ਰੂਲਜ਼ ਅਮੈਂਡ ਹੋ ਚੁੱਕੇ ਹਨ ਅਤੇ ਪਹਿਲੇ ਔਬਿਚਿਊਰੀ ਰੈਫਰੈਂਸਿਜ਼ ਹੁੰਦੇ ਹਨ ਅਤੇ ਬਾਅਦ ਵਿਚ ਦੂਸਰਾ ਬਿਜ਼ਨੈਸ ਹੁੰਦਾ ਹੈ । ਔਬਿਚਿਊਰੀ ਰੈਫਰੈਂਸਿਜ਼ ਦਾ ਅੱਜ ਦੀ ਲਿਸਟ ਆਫ ਬਿਜ਼ਨੈਸ ਵਿਚ ਵੀ ਜ਼ਿਕਰ ਹੈ । ਇਸ ਲਈ ਪਹਿਲੇ ਔਬਿਚਿਊਰੀ ਰੈਫਰੈਂਸਿਜ਼ ਹੋਣਗੇ ।

**Revenue and election Minister** (Sardar Umrao Singh) : Shri B. N. Chakravarty was a brilliant administrator and an astute diplomat. He served the country with a remarkable distinction and played a very important role in the international sphere. He was a man of deep conviction, wide experience and drive. He had a great intellectual power and pessionate dedication to the country's cause.

He had held, with distinction, may high posts in the service of his country both at home and abroad, before he became the Governor of Haryana in 1967. Mr. Chakravarty's contributions to the development of Haryana will be remembered by the generations to come. He had a deep love and concern for the poor and the downtrodden, especially for the people of Haryana. He strove faithfully for the execution

Original with;
Punjab Vidhan Sabha
Digitized by;
Panjab Digital Library

[Revenue and Election Minister]

of the progressive policies of the Prime Minister. Having had a rich experience of administration as well as diplomacy, he proved an ideal Governor. As one of the senior most Governor, he was regarded by his colleagues with great respect and affection.

Between 1955 and 1962 Mr. Chakravarty was High Commissioner to Ceylon, Special Secretary in the Ministry of External Affairs and High Commissioner to Canada. He was then appointed India's representative to the 16th Session of the United Nations General Assembly in 1961 and served as India's Permanent Representation to the United Nations from 1962 to 1965.

In his death on 26th March, 1976, the country has lost a very able, competent and effective administrator and Haryana an excellent Governor. It is difficult to fill the void created by his death.

**ਸਰਦਾਰ ਧੰਨਾ ਸਿੰਘ ਗੁਲਸ਼ਨ** (ਨਥਾਨਾ, ਐਸ. ਸੀ.) : ਇਹ ਸੰਸਾਰ ਤਾਂ ਬਣਿਆ ਹੀ ਇਸ ਤਰ੍ਹਾਂ ਹੈ ਜਿਵੇਂ ਕਿ ਬਾਣੀ ਵਿਚ ਆਇਆ ਹੈ :

ਜੋ ਆਇਆ ਸੋ ਚਲਸੀ, ਸਭ ਕੋ ਆਈ ਵਾਰੀਐ ।

ਜਾਂ

ਕੋਈ ਨਾ ਰਹਿਸੀ ਰਾਜਾ ਰਾਣਾ ।

ਜਾਂ

ਕੂੜ ਰਾਜਾ ਕੂੜ ਪਰਜਾ, ਕੂੜ ਸਭੁ ਸੰਸਾਰੁ ।

ਸਾਰੇ ਆਦਮੀ ਇਸ ਸੰਸਾਰ ਤੇ ਬੜੇ ਬੜੇ ਦਾਅਵੇ ਕਰਦੇ ਹਨ, ਕੰਮ ਕਰਦੇ ਹਨ ਪਰ ਉਸ ਆਦਮੀ ਦਾ ਨਾਮ ਸਦਾ ਹੀ ਇਸ ਦੁਨੀਆਂ ਤੇ ਰਹਿੰਦਾ ਹੈ ਜੋ ਲੋਕ ਭਲਾਈ ਵਿਚ ਆਪਣੇ ਜੀਵਨ ਨੂੰ ਢਾਲ ਲੈਂਦਾ ਹੈ । ਜੇ ਡਾਕਟਰ ਚਕਰਵਰਤੀ ਜੀ ਦੇ ਜੀਵਨ ਤੇ ਝਾਤ ਮਾਰੀਏ ਤਾਂ ਉਨ੍ਹਾਂ ਦਾ ਜਨਮ 20 ਦਸੰਬਰ, 1904 ਨੂੰ ਹੋਇਆ । ਇੰਗਲੈਂਡ ਵਿਚ ਉਨਾਂ ਨੇ ਵਿਦਿਆ ਪ੍ਰਾਪਤ ਕੀਤੀ । ਉਸ ਤੋਂ ਬਾਅਦ ਉਨ੍ਹਾਂ ਨੇ ਕਈ ਮਹਿਕਮਿਆਂ ਵਿਚ ਵੱਡੇ ਵੱਡੇ ਅਹੁਦਿਆਂ ਤੇ ਰਹਿਕੇ ਦੇਸ਼ ਦੀ ਸੇਵਾ ਕੀਤੀ । ਕਿਤੇ ਸਕੱਤਰ ਰਹੇ ਹਨ, ਕਿਤੇ ਗਵਰਨਰ ਰਹੇ ਹਨ, ਕਿਤੇ ਗਵਰਨਰ ਦੇ ਸੈਕਟਰੀ ਰਹੇ ਹਨ । ਕਿਤੇ ਬਦੇਸ਼ ਵਿਚ ਰਾਜਦੂਤ ਰਹੇ ਹਨ । ਅਖੀਰ ਵਿਚ ਡਾਕਟਰ ਸਾਹਿਬ ਸੰਯੁਕਤ ਰਾਸ਼ਟਰ ਸੰਘ ਵਿਚ ਵੀ ਭਾਰਤ ਦੇ ਪ੍ਰਤੀਨਿਧ ਬਣਕੇ 1962 ਵਿਚ ਗਏ । ਫਿਰ ਸਤੰਬਰ, 1967 ਤੋਂ ਹਰਿਆਣਾ ਦੇ ਰਾਜਪਾਲ ਰਹੇ । ਉਨ੍ਹਾਂ ਨੇ ਹਰਿਆਣਾ ਦੇ ਗਵਰਨਰ ਰਹਿ ਕੇ ਲੋਕਾਂ ਦੀ ਬਹੁਤ ਵੱਡੀ ਸੇਵਾ ਇਮਾਨਦਾਰੀ ਨਾਲ ਕੀਤੀ ਅਤੇ ਆਪਣੇ ਫਰਜ਼ ਦੀ ਪਾਲਣਾ ਪੂਰੀ ਕੀਤੀ । ਲੋਕਾਂ ਨਾਲ ਪਿਆਰ ਕਰਨ ਵਾਲਾ, ਦੇਸ਼ ਨੂੰ ਪਿਆਰ ਕਰਨ ਵਾਲਾ ਉਹ ਚਮਤਕਾਰ ਸਾਡੇ ਕੋਲੋਂ, ਦੇਸ਼ ਤੋਂ ਸਦਾ ਲਈ 26 ਮਾਰਚ, 1976 ਨੂੰ ਵਿਛੜ ਗਿਆ ਹੈ । ਉਨ੍ਹਾਂ ਦੇ ਅਕਾਲ ਸਬੰਧੀ ਰੈਵੇਨਿਊ ਅਤੇ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਨੇ ਜੋ ਰੈਜ਼ੋਲਿਊਸ਼ਨ ਪੇਸ਼ ਕੀਤਾ ਹੈ ਉਸ ਸੋਗ ਵਿਚ ਮੈਂ ਆਪਣੀ ਅਕਾਲੀ ਪਾਰਟੀ ਵਲੋਂ ਉਸ ਵਿਚ ਸ਼ਾਮਿਲ ਹੁੰਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਅਕਾਲ ਪੁਰਖ ਵਾਹਿਗੁਰੂ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਹਮਦਰਦੀ ਦਾ

Original with;
Punjab Vidhan Sabha
Digitized by;
Panjab Digital Library

ਸੁਨੇਹਾ ਇਸ ਹਾਊਸ ਵਲੋਂ ਭੇਜਿਆ ਜਾਵੇ । ਐਨਾ ਕੁਝ ਕਹਿੰਦਾ ਹੋਇਆ ਮੈਂ ਅਤੇ ਸਾਡੀ ਅਕਾਲੀ ਪਾਰਟੀ ਇਸ ਸ਼ੋਕ ਪ੍ਰਸਤਾਵ ਨਾਲ ਸਹਿਮਤੀ ਪਰਗਟ ਕਰਦੀ ਹੈ ਅਤੇ ਹੁਣ ਮੈਂ ਆਪਣੀ ਸੀਟ ਲੈਂਦਾ ਹਾਂ ।

**ਕਾਮਰੇਡ ਜੰਗੀਰ ਸਿੰਘ ਜੋਗਾ** (ਮਾਨਸਾ) : ਸਪੀਕਰ ਸਾਹਿਬ, ਇਹ ਜਿਹੜਾ ਮਤਾ ਰੇਵੇਨਿਊ ਮਨਿਸਟਰ ਸਾਹਿਬ ਨੇ ਪੇਸ਼ ਕੀਤਾ ਹੈ, ਮੈਂ ਆਪਣੀ ਪਾਰਟੀ ਵਲੋਂ ਉਸ ਦੀ ਤਾਈਦ ਕਰਦਾ ਹਾਂ । ਚੱਕਰਵਤੀ ਜੀ ਜਦ ਤੋਂ ਸਾਡੀ ਗਵਾਂਢੀ ਹਰਿਆਣਾ ਸਟੇਟ ਦੇ ਗਵਰਨਰ ਬਣੇ ਉਨ੍ਹਾਂ ਨੇ ਉਥੇ ਦੀ ਡਿਵੈਲਪਮੈਂਟ ਵਿਚ, ਹਰਿਆਣਾ ਦੀ ਤਰੱਕੀ ਵਿਚ, ਬੜਾ ਹਿੱਸਾ ਲਿਆ ਅਤੇ ਜਿੱਥੇ ਵੀ ਅਤੇ ਜਿਹੜੇ ਵੀ ਮਹਿਕਮੇ ਵਿਚ ਉਹ ਰਹੇ ਹਨ, ਬੜੀ ਯੋਗਤਾ ਨਾਲ ਕੰਮ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਹ ਜਿਹੜੀਆਂ ਅਜਿਹੀਆਂ ਸ਼ਖਸ਼ੀਅਤਾਂ ਹੁੰਦੀਆਂ ਹਨ ਇਹ ਮੁਲਕ ਦੇ ਵਾਸਤੇ ਖਿਲ੍ਹਾ ਛੱਡ ਜਾਂਦੀਆਂ ਹਨ, ਉਨ੍ਹਾਂ ਦਾ ਘਾਟਾ ਮਹਿਸੂਸ ਕੀਤਾ ਜਾਂਦਾ ਹੈ । ਇਹ ਘਾਟਾ ਉਸ ਵੇਲੇ ਮਹਿਸੂਸ ਕੀਤਾ ਜਾਂਦਾ ਹੈ ਜਦੋਂ ਸਾਨੂੰ ਉਨ੍ਹਾਂ ਦੇ ਬਰਾਬਰ ਦਾ ਆਦਮੀ ਨਾ ਲੱਭਦਾ ਹੋਵੇ । ਇਸ ਲਈ ਅਸੀਂ ਸਮਝਦੇ ਹਾਂ ਕਿ ਚਕੱਰਵਰਤੀ ਜੀ ਇਹੋ ਜਿਹੇ ਮੌਕੇ ਤੇ ਸਾਡੇ ਕੋਲੋਂ ਵਿੱਛੜ ਗਏ ਹਨ ਜਿਸ ਵੇਲੇ ਕਿ ਹਿੰਦੁਸਤਾਨ ਦੇ ਹਾਲਾਤ ਕੁਝ ਖਰਾਬ ਹੀ ਹਨ ਅਤੇ ਸਾਨੂੰ ਹਰ ਪਾਸਿਆਂ ਤੋਂ ਖਤਰੇ ਹਨ । ਅਜਿਹੇ ਸਮੇਂ ਤੇ ਇਹੋ ਜਿਹੇ ਨੇਕ ਆਦਮੀ ਦਾ ਚਲਿਆ ਜਾਣਾ ਸਾਡੇ ਵਿਚ ਖਿਲ੍ਹਾ ਪੈਦਾ ਕਰਦਾ ਹੈ । ਮੈਂ ਸਮਝਦਾ ਹਾਂ ਕਿ ਚੱਕਰਵਰਤੀ ਜੀ ਦੇ ਪਰਿਵਾਰ ਨੂੰ ਇਹ ਸ਼ੋਕ ਸੁਨੇਹਾ ਭੇਜਿਆ ਜਾਵੇ । ਇਤਨਾ ਕੁਝ ਕਹਿੰਦਾ ਹੋਇਆ ਮੈਂ ਬੈਠਦਾ ਹਾਂ ।

**ਮਾਸਟਰ ਚੰਦ ਸਿੰਘ** (ਸ਼ੇਰਪੁਰ ਐਸ. ਸੀ.) : ਸਪੀਕਰ ਸਾਹਿਬ, ਸਰਦਾਰ ਉਮਰਾਓ ਸਿੰਘ ਰੇਵੇਨਿਊ ਮਨਿਸਟਰ ਸਾਹਿਬ ਨੇ ਜਿਹੜਾ ਸ਼ੋਕ ਪ੍ਰਸਤਾਵ ਪੇਸ਼ ਕੀਤਾ ਹੈ, ਮੈਂ ਉਸ ਨਾਲ ਸਹਿਮਤੀ ਪਰਗਟ ਕਰਦਾ ਹਾਂ । ਚੱਕਰਵਰਤੀ ਜੀ ਇਕ ਚੰਗੇ ਐਡਮਿਨਸਟ੍ਰੇਟਰ ਸਾਬਤ ਹੋਏ ਹਨ ਅਤੇ ਉਨ੍ਹਾਂ ਨੇ ਹਰਿਆਣਾ ਦੀ ਡਿਵੈਲਪਮੈਂਟ ਲਈ ਕਾਫੀ ਚੰਗੇ ਕਦਮ ਉਠਾਏ ਹਨ । ਉਹ ਅੱਜ ਸਾਡੇ ਤੋਂ ਵਿੱਛੜ ਗਏ ਹਨ । ਉਨ੍ਹਾਂ ਦਾ ਘਾਟਾ ਨਾ ਪੂਰਾ ਹੋਣ ਵਾਲਾ ਘਾਟਾ ਹੈ । ਮੈਂ ਅਪੀਲ ਕਰਾਂਗਾ ਕਿ ਇਹ ਸ਼ੋਕ ਪ੍ਰਸਤਾਵ ਉਨ੍ਹਾਂ ਦੇ ਪਰਿਵਾਰ ਨੂੰ ਹਮਦਰਦੀ ਵਜੋਂ ਭੇਜਿਆ ਜਾਵੇ । ਮੈਂ ਆਪਣੀ ਪਾਰਟੀ ਵਲੋਂ ਇਸ ਨਾਲ ਡੂੰਘੀ ਹਮਦਰਦੀ ਰੱਖਦਾ ਹਾਂ ।

**ਸਰਦਾਰ ਗੁਰਦੇਵ ਸਿੰਘ ਬਾਦਲ** (ਫਰੀਦਕੋਟ ਐਸ. ਸੀ.) : ਸਪੀਕਰ ਸਾਹਿਬ, ਅੱਜ ਅਸੀਂ ਚੱਕਰਵਰਤੀ ਜੀ ਨੂੰ ਸਾਰੇ ਹੀ ਇਥੇ ਸ਼ਰਧਾਂਜਲੀਆਂ ਭੇਂਟ ਕਰ ਰਹੇ ਹਾਂ । ਇਸ ਸੰਸਾਰ ਦੀ ਯਾਤਰਾ ਵਾਸਤੇ ਮਨੁਖ ਇਥੇ ਆਉਂਦਾ ਹੈ ਜਿਵੇਂ ਕਿ ਗੁਰਬਾਣੀ ਵਿਚ ਆਇਆ ਹੈ :—

"ਰਾਮ ਗਿਉ ਰਾਵਨ ਗਿਓ ਜਾਕੋ ਬਹੁ ਪ੍ਰੀਵਾਰ"

ਰਾਵਨ ਦਾ ਐਡਾ ਵੱਡਾ ਪ੍ਰੀਵਾਰ ਸੀ ਜਿਵੇਂ ਕਿ "ਇੱਕ ਲਖ ਪੂਤ ਸਵਾ ਲੱਖ ਨਾਤੀ ਤੇ ਰਾਵਨ ਘਰ ਦੀਵਾ ਨਾ ਬਾਤੀ", ਉਹ ਵੀ ਇਸ ਸੰਸਾਰ ਉਤੇ ਨਹੀਂ ਰਹੇ । ਪਰ ਉਨ੍ਹਾਂ ਮਨੁੱਖਾਂ ਨੂੰ ਦੁਨੀਆਂ ਯਾਦ ਕਰਦੀ ਹੈ ਜਿਹੜੇ ਦੇਸ਼ ਲਈ, ਵਤਨ ਲਈ, ਕੌਮ ਲਈ ਕੁਝ ਕਰਕੇ ਜਾਂਦੇ ਹਨ । ਉਹ ਲੋਕ ਸੰਸਾਰੀ ਤੌਰ ਤੇ, ਦੇਹ ਦੇ ਤੌਰ ਤੇ ਤਾਂ ਚਲੇ ਜਾਂਦੇ ਹਨ ਪਰ

Original with; Punjab Vidhan Sabha Digitized by; Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਨਾਂ ਉਨ੍ਹਾਂ ਦਾ ਹਮੇਸ਼ਾਂ ਲਈ ਦੁਨੀਆ ਤੇ ਜਿੰਦਾ ਰਹਿੰਦਾ ਹੈ । ਇਸ ਬਾਰੇ ਫਰੀਦ ਸਾਹਿਬ ਕਹਿੰਦੇ ਹਨ :—

"ਫਰੀਦਾ ਕਿਥੇ ਤੈਂਡੇ ਮਾਪਿਆਂ ਜਿੰਨੀ ਤੂੰ ਜਣਿਆਓ
ਉਹ ਤੇ ਪਾਸੋਂ ਲੱਦ ਗਏ ਤੂ ਅਜੇ ਨਹੀਂ ਪਤੀਣਿਆ ।"

ਗੁਰਬਾਣੀ ਵੀ ਦੱਸਦੀ ਹੈ ਕਿ ਮਨੁੱਖ ਨੂੰ ਇਹੋ ਜਿਹੇ ਕੰਮ ਕਰਨੇ ਚਾਹੀਦੇ ਹਨ ਜਿਸ ਨਾਲ ਲੋਕ ਭਲਾਈ ਹੋਵੇ । ਚੱਕਰਵਰਤੀ ਜੀ ਨੇ ਹਰਿਆਣੇ ਦੀ ਤਰੱਕੀ ਲਈ ਇਸ ਪ੍ਰਾਂਤ ਦੀ ਡਿਵੈਲਪਮੈਂਟ ਵਿਚ ਬਹੁਤ ਬੜਾ ਹਿੱਸਾ ਪਾਇਆ ਹੈ । ਗੁਰਬਾਣੀ ਵਿਚ ਲਿਖਿਆ ਹੋਇਆ ਹੈ ਕਿ ਜੇ ਸਾਡੇ ਮਾਪੇ ਨਹੀਂ ਰਹੇ ਤਾਂ ਅਸੀਂ ਵੀ ਨਹੀਂ ਰਹਿਣਾ ਹੈ । ਇਸ ਲਈ ਮਨੁੱਖ ਲਈ ਚੰਗੇ ਕੰਮ ਕਰਨੇ ਜ਼ਰੂਰੀ ਹਨ । ਗੁਰਬਾਣੀ ਕਹਿੰਦੀ ਹੈ :—

"ਮਰਤਾ ਮਰਤਾ ਜਗ ਮੂਆ ਪਰ ਭੀ ਨਾ ਜਾਨੇ ਕੋਇ
ਐਸੀ ਮਰਨੀ ਜੋ ਮਰੇ ਬਹੁਰ ਨਾ ਮਰਨਾ ਹੋਏ ।"

ਇਨਸਾਨ ਨੂੰ ਐਸਾ ਮਰਨ ਮਰਨਾ ਚਾਹੀਦਾ ਹੈ ਜਿਸ ਦੇ ਨਾਲ ਸੰਸਾਰ ਵਿਚ ਇਨਸਾਨ ਦੀ ਯਾਦ ਤਾਜ਼ਾ ਰਹਿ ਜਾਵੇ । ਗੁਰਬਾਣੀ ਵਿਚ ਇਹ ਵੀ ਲਿਖਿਆ ਹੈ :—

"ਰਾਈ ਵਧੇ ਨਾ ਤਿਲ ਘਟੇ ਜੋ ਲਿਖਤੀ ਕਰਤਾਰ "
ਭਾਈ ਗੁਰਦਾਸ ਕਹਿੰਦੇ ਹਨ:—

"ਸੱਜਣ ਮੈਂਡੇ ਰੰਗਲੇ ਜਾਇ ਸੁੱਤੇ ਜੀਆਰਾਨ"

ਸੋ ਹਰ ਇੱਕ ਬੰਦੇ ਨੇ ਜਾਣਾ ਹੈ । ਸਿਰਫ ਉਨ੍ਹਾਂ ਦੀ ਯਾਦ ਹੀ ਇਥੇ ਰਹਿ ਜਾਂਦੀ ਹੈ ਜੋ ਕੰਮ ਉਹ ਇਥੇ ਕਰਕੇ ਜਾਂਦੇ ਹਨ ।

ਇਸ ਲਈ ਮੈਂ ਵੀ ਆਪਣੇ ਆਪ ਨੂੰ ਜੋ ਉਨ੍ਹਾਂ ਦਾ ਸਦੀਵੀ ਵਿਛੋੜਾ ਹੈ ਉਸ ਵਿਚ ਆਪਣੇ ਆਪ ਨੂੰ ਮੈਂ ਸ਼ਾਮਿਲ ਕਰਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਬਖਸ਼ੇ । (ਸ਼ੋਰ)

**Mr. Speaker**: I would repuest the Hon. Members that we should be serious during Obituary References.

**ਸਰਦਾਰ ਗੁਰਦੇਵ ਸਿੰਘ ਬਾਦਲ** : ਇਹ ਸਪੀਕਰ ਸਾਹਿਬ, ਬਹੁਤ ਅਫਸੋਸ ਦੀ ਗੱਲ ਹੈ ਕਿ ਅੱਗੇ ਵੀ ਤੁਸੀਂ ਇਨ੍ਹਾਂ ਨੂੰ ਬੇਨਤੀ ਕੀਤੀ ਸੀ ਸਾਰਿਆਂ ਨੂੰ, ਇਥੇ ਖਿੱਚੜੀ ਰਿਝਦੀ ਰਹਿੰਦੀ ਹੈ । ਇਥੇ ਕਿਸੇ ਦੇ ਮਰਨੇ ਤੇ ਅਫ਼ਸੋਸ ਕਰਨਾ ਵੀ ਔਖਾ ਹੈ । ਮੈਂ ਕਹਿ ਰਿਹਾ ਸੀ ਸਪੀਕਰ ਸਾਹਿਬ, ਕਿ ਇਸ ਮੌਕੇ ਉਤੇ ਹਰ ਮਨੁੱਖ ਦੇ ਦਿਲ ਵਿਚ ਆਉਂਦਾ ਹੈ ਜੋ ਅਸੀਂ ਕਰ ਰਹੇ ਹਾਂ ਇਹ ਨਾਲ ਲੈਕੇ ਨਹੀਂ ਜਾਣਾ ਹੈ । ਜਿਸ ਤਰ੍ਹਾਂ ਕਿ ਗੁਰੂ ਨਾਨਕ ਸਾਹਿਬ ਨੇ ਕੌਰੂ ਨੂੰ ਆਖਿਆ ਸੀ ਕਿ ਇੰਨੀ ਮਾਇਆ ਕਾਹਦੇ ਵਾਸਤੇ ਇਕੱਠੀ ਕਰ ਰਿਹਾ ਹੈ । ਉਹਨੂੰ ਗਿਆਨ ਦੇਣ ਵਾਸਤੇ ਗੁਰੂ ਮਹਾਰਾਜ ਨੇ ਰੋੜ ਇਕੱਠੇ ਕਰਕੇ ਢੇਰ ਲਾ ਲਿਆ ਅਤੇ ਬਾਦਸ਼ਾਹ

Original with;
Punjab Vidhan Sabha
Digitized by;
Panjab Digital Library

ਨੂੰ ਦੱਸਿਆ ਕਿ ਤੇਰੇ ਸ਼ਹਿਰ ਵਿਚ ਐਸਾ ਫ਼ਕੀਰ ਆਇਆ ਹੈ ਜਿਸ ਨੇ ਰੋੜ ਦੇ ਢੇਰ ਇਕੱਠੇ ਕਰ ਲਏ ਹਨ । ਕੌਡੂ ਨੇ ਪੁੱਛਿਆ ਇਹ ਕਾਹਦੇ ਵਾਸਤੇ ਰੋੜਾਂ ਦੇ ਢੇਰ ਇਕੱਠੇ ਕੀਤੇ ਹਨ । ਉਨ੍ਹਾਂ ਨੇ ਕਿਹਾ ਕਿ ਇਹ ਅਸੀਂ ਦਰਗਾਹ ਵਿਚ ਲੈਕੇ ਜਾਣੇ ਹਨ । ਉਹਨੇ ਕਿਹਾ ਕੀ ਇਹ ਦਰਗਾਹ ਵਿਚ ਕਿਵੇਂ ਲੈਕੇ ਜਾਉਗੇ ਰੋੜ । ਉਨ੍ਹਾਂ ਨੇ ਕਿਹਾ ਕਿ ਜਿਹੜਾ ਹਵਾਈ ਜਹਾਜ਼ 45 ਗੰਜ ਤੋੜ ਕੇ ਮੁਰਦੇ ਨੂੰ ਉਥੇ ਲੈ ਜਾਂਦਾ ਹੈ ਉਸੇ ਹਵਾਈ ਜਹਾਜ਼ ਵਿਚ ਅਸੀਂ ਵੀ ਇਨ੍ਹਾਂ ਨੂੰ ਦਰਗਾਹ ਵਿਚ ਲੈ ਜਾਵਾਂਗੇ । ਇਸ ਮੌਕੇ ਤੇ ਹਰ ਮਨੁੱਖ ਨੂੰ ਜੋ ਕੰਮ ਉਹਨੇ ਚੋਰੀ, ਠੱਗੀ ਜਾਂ ਹੇਰਾ ਫੇਰੀ ਦੇ ਕੀਤੇ ਹੁੰਦੇ ਹਨ ਉਹ ਉਹਨੂੰ ਯਾਦ ਆਉਂਦੇ ਹਨ । ਧੱਕੇ-ਸ਼ਾਹੀ, ਜੁਰਮ ਜਾਂ ਹੇਰਾ ਫੇਰੀ ਦੇ ਕੰਮ ਜੋ ਮਨੁੱਖ ਕਰਦਾ ਹੈ ਬਾਦ ਵਿਚ ਉਹਨੂੰ ਇਹ ਯਾਦ ਆਉਂਦੇ ਹਨ ਅਤੇ ਉਹ ਪਛਤਾਉਂਦਾ ਹੈ । ਇਸ ਲਈ ਮੇਰੇ ਕਹਿਣ ਦਾ ਭਾਵ ਹੈ ਕਿ ਕੁਦਰਤ ਨੇ ਤਿੰਨ ਚੀਜਾਂ ਲਿੱਖ ਕੇ ਭੇਜੀਆਂ ਹਨ । ਜਿੰਨਾਂ ਚਿਰ ਇਹ ਤਿੰਨੇ ਚੀਜ਼ਾਂ ਇਕੱਠੀਆਂ ਨਾ ਹੋ ਜਾਣ ਉਨ੍ਹਾਂ ਚਿਰ ਇਨਸਾਨ ਦੀ ਮੌਤ ਨਹੀਂ ਹੋ ਸਕਦੀ ਹੈ । ਇੱਕ ਤਾਂ ਬਹਾਨਾ ਜਿਸ ਨਾਲ ਕਿਸੇ ਇਨਸਾਨ ਨੇ ਮਰਨਾ ਹੈ, ਦੂਸਰਾ ਜੋ ਕੁਦਰਤ ਨੇ ਜਗਾ ਨਿਯਤ ਕੀਤੀ ਹੈ ਜਿੰਨਾ ਚਿਰ ਉਥੇ ਉਹ ਨਹੀਂ ਪਹੁੰਚਦਾ ਉਨ੍ਹਾਂ ਚਿਰ ਉਹਦੀ ਮੌਤ ਨਹੀਂ ਹੁੰਦੀ ਹੈ । ਤੀਸਰੇ ਜਿੰਨਾਂ ਚਿਰ ਉਹਦਾ ਅੰਨ ਪਾਣੀ ਖਤਮ ਨਾ ਹੋ ਜਾਵੇ ਉਨ੍ਹਾਂ ਚਿਰ ਇਨਸਾਨ ਦੀ ਮੌਤ ਨਹੀਂ ਹੁੰਦੀ ਹੈ ।

ਸਪੀਕਰ ਸਾਹਿਬ, ਚੰਗੇ ਬੰਦੇ ਇਸ ਸੰਸਾਰ ਵਿਚੋਂ ਤੁਰੇ ਜਾ ਰਹੇ ਹਨ ਜਿਨ੍ਹਾਂ ਦੀ ਇਥੇ ਬਹੁਤ ਲੋੜ ਹੈ । ਮੈਂ ਗੁਰੂ ਮਹਾਰਾਜ ਅੱਗੇ ਅਰਦਾਸ ਕਰਾਂਗਾ ਕਿ ਜਿਹੜੇ ਚੰਗੇ ਮਨੁੱਖ ਹਨ ਜੋ ਕਿ ਡਿਵੈਲਪਮੈਂਟ ਦੇ ਕੰਮਾਂ ਵਿਚ ਦੇਸ਼ ਦੀ ਸੇਵਾ ਕਰਦੇ ਹਨ ਉਨ੍ਹਾਂ ਨੂੰ ਕਾਫ਼ੀ ਚਿਰ ਜੀਉਂਦੇ ਰਹਿਣਾ ਚਾਹੀਦਾ ਹੈ। ਪਰ ਜਿਹੜੇ ਬੰਦੇ ਕਦੀ ਇਧਰ ਆਉਂਦੇ ਜਾਂ ਉਧਰ ਜਾਂਦੇ ਹਨ ਉਨ੍ਹਾਂ ਨੂੰ ਵਾਹਿਗੁਰੂ ਨੂੰ ਚੁੱਕ ਲੈਣਾ ਚਾਹੀਦਾ ।

ਐਨਾ ਕਹਿੰਦਾ ਹੋਇਆ ਮੈਂ ਚੱਕਰਵਰਤੀ ਨੂੰ ਸ਼ਰਧਾਜਲੀ ਭੇਟ ਕਰਦਾ ਹਾਂ ।

**ਸ੍ਰੀ ਸਪੀਕਰ** : ਸਵਰਗੀਅ ਸ੍ਰੀ ਬੀ. ਐਨ. ਚੱਕਰਵਰਤੀ, ਗਵਰਨਰ ਹਰਿਆਣਾ ਜੀ ਦਾ ਅਚਾਨਕ ਅਕਾਲ ਚਲਾਣਾ ਸਾਰੇ ਦੇਸ਼ ਲਈ ਦੁੱਖਦਾਈ ਹੈ । ਉਨ੍ਹਾਂ ਪ੍ਰਤੀ ਪ੍ਰਧਾਨ ਮੰਤਰੀ ਜੀ, ਰਕਸ਼ਾ ਮੰਤਰੀ ਤੇ ਹੋਰ ਅਨੇਕਾਂ ਦੇਸ਼ ਦੇ ਮਹਾਨ ਨੇਤਾਵਾਂ ਦੇ ਪ੍ਰਗਟ ਕੀਤੇ ਗਏ ਦੁੱਖ ਭਰੇ ਜਜ਼ਬਾਤ ਉਨ੍ਹਾਂ ਦੀ ਬੇਜੋੜ ਪ੍ਰਸ਼ਾਸਨਕ, ਰਾਜਨੀਤਕ ਤੇ ਸਮਾਜ ਸੇਵਾ ਦੀ ਯੋਗਿਤਾ ਨੂੰ ਦਰਸਾਂਦੇ ਹਨ । ਕਲਕੱਤਾ ਤੇ ਲੰਡਨ ਵਿਚ ਉਚ ਸ਼ਿਕਸ਼ਾ ਪ੍ਰਾਪਤ ਕਰਕੇ ਉਨ੍ਹਾਂ ਦੇਸ਼ ਬਦੇਸ਼ ਵਿਚ ਸਮੇਂ ਸਮੇਂ ਤੇ ਆਪਣੀ ਕਾਬਲੀਅਤ, ਲਿਆਕਤ ਤੇ ਸੂਝ ਬੂਝ ਨਾਲ ਉੱਚ ਕੋਟੀ ਤੇ ਜ਼ਿਮੇਦਾਰੀ ਦੇ ਅਨੇਕਾਂ ਔਹੁਦੇ ਸੰਭਾਲ ਕੇ ਸ਼ਾਨਦਾਰ ਸੇਵਾ ਨਾਲ ਨਾਮ ਪੈਦਾ ਕੀਤਾ ਸੀ। ਚੀਨ, ਜਾਪਾਨ ਨੀਦਰਲੈਂਡ, ਕੋਰੀਆ, ਕਨੇਡਾ, ਅਤੇ ਯੂ. ਐਨ. ਓ. ਵਿਚ ਉਨ੍ਹਾਂ ਭਾਰਤ ਵੱਲੋਂ ਨਿਯੁਕਤ ਕੀਤੀ ਜਿੰਮੇਦਾਰੀ ਨੂੰ ਜਿਸ ਖੁਸ਼ਅਸਲੂਬੀ ਨਾਲ ਨਿਭਾਇਆ ਉਹ ਹਮੇਸ਼ਾਂ ਯਾਦ ਰਹੇਗੀ । ਹਰਿਆਣਾ ਪ੍ਰਾਂਤ ਦੀ ਹੋਂਦ ਦੇ ਬਾਅਦ 1967 ਤੋਂ ਹੁਣ ਤਕ ਬਤੌਰ ਗਵਰਨਰ ਉਹ ਆਪਣੇ ਯੋਗਦਾਨ, ਮਾਰਗ ਦਰਸ਼ਣ ਤੇ ਹਰਿਆਣਾ ਦੀ ਭਾਰਤ ਦੇ ਨਕਸ਼ੇ ਤੇ ਉਭਰਦੀ ਤਸਵੀਰ ਦੇ ਆਪਣੇ ਨਾ ਮਿਟਣ ਵਾਲੇ ਨਕਸ਼ ਹਰਿਆਣਾ ਨਿਵਾਸੀਆਂ ਦੇ ਦਿਲਾਂ ਤੇ ਖਾਸ ਤੌਰ ਤੇ ਅਤੇ ਭਾਰਤ ਵਾਸੀਆਂ ਦੇ ਮਨਾਂ ਤੇ ਆਮ ਤੌਰ ਤੇ ਛੱਡ ਗਏ ਹਨ । "ਇੰਡੀਆ ਸਪੀਕਸ ਟੂ ਅਮੈਰਿਕਾ" ਉਨ੍ਹਾਂ ਦੀ ਲਿਖੀ ਕਿਤਾਬ, ਉਨ੍ਹਾਂ ਦੇ ਦੇਸ਼ ਭਗਤੀ ਭਰੇ ਜਜ਼ਬਿਆਂ ਦੀ ਮੂੰਹ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਬੋਲਦੀ ਤਸਵੀਰ ਅਤੇ ਅਮਰ ਯਾਦਗਾਰ ਬਣੀ ਰਹੇਗੀ । ਹਰਿਆਣਾ ਦੀ ਧਰਤੀ ਤੋਂ ਦੂਰ ਕਲਕੱਤਾ ਵਿਚ ਦਿਲ ਦੀ ਧੜਕਨ ਬੰਦ ਹੋਣ ਨਾਲ ਉਨ੍ਹਾਂ ਦਾ ਅਕਾਲ ਚਲਾਣਾ ਸਾਰੇ ਦੇਸ਼ ਵਾਸੀਆਂ ਲਈ ਸਦਮੇਂ ਦਾ ਕਾਰਣ ਬਣਿਆ ਹੈ ।

ਮੌਤ ਉਸਕੀ ਹੈ ਜਿਸਕਾ ਕਰੇ ਜ਼ਮਾਨਾ ਅਫ਼ਸੋਸ
ਯੂੰ ਤੋ ਬਹੁਤ ਆਤੇ ਹੈਂ ਇਸ ਦੁਨੀਆਂ ਮੇਂ ਮਰਨੇ ਵਾਲੇ ।

ਮਾਲ ਮੰਤਰੀ ਔਰ ਪਰਲੀਮੈਂਟਰੀ ਅਫੇਅਰਜ਼ ਦੇ ਮਨਿਸਟਰ, ਸਰਦਾਰ ਉਮਰਾਓ ਸਿੰਘ ਜੀ ਵਲੋਂ ਚੱਕਰਵਰਤੀ ਜੀ ਦੇ ਸਵਰਗਵਾਸ ਹੋਣ ਤੇ ਜਿਹੜਾ ਸ਼ੋਕ ਪ੍ਰਸਤਾਵ ਪੇਸ਼ ਕੀਤਾ ਗਿਆ ਹੈ ਅਤੇ ਉਸ ਤੇ ਹਾਊਸ ਦੇ ਮਾਨਯੋਗ ਮੈਂਬਰਾਂ ਨੇ ਜਿਹੜੇ ਸੰਵੇਦਨਾ ਭਰੇ ਭਾਵ ਪ੍ਰਗਟ ਕੀਤੇ ਹਨ, ਮੈਂ ਭੀ ਆਪਣੇ ਆਪ ਨੂੰ ਉਨ੍ਹਾਂ ਨਾਲ ਸ਼ਾਮਲ ਕਰਦਾ ਹਾਂ । ਇਹ ਪ੍ਰਸਤਾਵ ਉਨ੍ਹਾਂ ਦੇ ਪਰਿਵਾਰਾਂ ਨੂੰ ਹਾਊਸ ਦੀ ਤਰਫੋਂ ਭੇਜ ਦਿੱਤਾ ਜਾਵੇਗਾ । ਹੁਣ ਮੈਂ ਆਨਰੇਬਲ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਦੋ ਮਿਨਟ ਖੜ੍ਹੇ ਹੋ ਕੇ ਖਾਮੋਸ਼ੀ ਨਾਲ ਆਪਣੀ ਸ਼ਰਧਾ ਵਿੱਛੜੀ ਮਹਾਂ ਆਤਮਾਂ ਲਈ ਵਿਅਕਤ ਕਰਨ ।

(ਇਸ ਸਮੇਂ ਸਾਰੇ ਹਾਊਸ ਦੇ ਮਾਨਯੋਗ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਦੋ ਮਿੰਟ ਮੌਨ ਖੜ੍ਹੇ ਰਹੇ ।)

---

## POSTPONED STARRED QUESTIONS AND ANSWERS

**ਸਰਕਾਰੀ ਹਾਈ ਸਕੂਲ, ਪਿੰਡ ਜਲਾਲ, ਜ਼ਿਲ੍ਹਾ ਬਠਿੰਡਾ ਦੇ ਟੀਚਰਾਂ ਵਿਰੁੱਧ ਸ਼ਿਕਾਇਤ**

*3581 **ਕਾਮਰੇਡ ਜੰਗੀਰ ਸਿੰਘ ਜੋਗਾ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ:-

(ੳ) ਕੀ ਇਹ ਠੀਕ ਹੈ ਕਿ ਦਸੰਬਰ, 1975 ਵਿੱਚ ਮੁੱਖ ਮੰਤਰੀ ਨੂੰ ਸਰਕਾਰੀ ਸਕੂਲ ਜਲਾਲ, ਜ਼ਿਲ੍ਹਾ ਬਠਿੰਡਾ ਦੇ ਟੀਚਰਾਂ ਵਿਰੁੱਧ ਉਕਤ ਪਿੰਡ ਦੀ ਗਰਾਮ ਪੰਚਾਇਤ ਵਲੋਂ ਸ਼ਕਾਇਤ ਮਿਲੀ, ਜੇਕਰ ਅਜਿਹਾ ਹੋਵੇ, ਤਾਂ ਇਸ ਦਾ ਵੇਰਵਾ ਕੀ ਹੈ;

(ਅ) ਕੀ ਉਕਤ ਸ਼ਕਾਇਤ ਦੀ ਕੋਈ ਪੜਤਾਲ ਕੀਤੀ, ਜੇਕਰ ਅਜਿਹਾ ਹੋਵੇ ਤਾਂ ਪੜਤਾਲੀਆ ਅਫਸਰ ਦੇ ਨਾਂ ਕੀ ਹੈ ਅਤੇ ਉਕਤ ਪੜਤਾਲੀਆ ਰਿਪੋਰਟ ਤੇ ਕੀ ਕਰਵਾਈ ਕੀਤੀ ਗਈ ਜਾਂ ਕੀਤੇ ਜਾਣ ਦੀ ਤਜਵੀਜ਼ ਹੈ ?

**ਸ਼੍ਰੀ ਗੁਰਮੇਲ ਸਿੰਘ** : (ੳ) ਹਾਂ ਜੀ । ਸ਼ਿਕਾਇਤ ਦੀ ਕਾਪੀ ਸਦਨ ਦੀ ਟੇਬਲ ਤੇ ਰੱਖੀ ਜਾ ਰਹੀ ਹੈ ।

(ਅ) ਹਾਂ ਜੀ । ਇਹ ਪੜਤਾਲ ਉਪ ਜ਼ਿਲ੍ਹਾ ਸਿਖਿਆ ਅਫ਼ਸਰ ਬਠਿੰਡਾ ਨੇ ਕੀਤੀ ਸੀ । ਦੋਸ਼ੀ ਕਰਮਚਾਰੀਆਂ ਦੇ ਵਿਰੁਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾ ਰਹੀ ਹੈ ।

Original with;
Punjab Vidhan Sabha
Digitized by;
Panjab Digital Library

**ਅਸਲ ਰੂਪ ਵਿੱਚ**

ਸੇਵਾ ਵਿਖੇ

ਸ੍ਰੀ ਮਾਨ ਮੁੱਖ ਮੰਤਰੀ ਜੀ,
ਪੰਜਾਬ, ਚੰਡੀਗੜ੍ਹ ।

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਅੱਜ ਮਿਤੀ 22 ਦਸੰਬਰ, 1975 ਨੂੰ ਗਰਾਮ ਪੰਚਾਇਤ ਜਲਾਲ ਦੀ ਮੀਟਿੰਗ ਹੰਗਾਮੀ ਹਾਲਤ ਵਿੱਚ ਸਰਪੰਚ ਗੁਰਨਾਮ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਅਤੇ ਹੇਠ ਲਿਖੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ।

1. ਪਾਸ ਹੋਇਆ ਕਿ ਕੁੱਝ ਅਧਿਆਪਕ ਸਕੂਲ ਵਿੱਚ ਪੜ੍ਹਾਈ ਵੱਲ ਘੱਟ ਧਿਆਨ ਦਿੰਦੇ ਹਨ ।
2. ਇਹ ਕਿ ਪਾਰਟੀ ਬਾਜ਼ੀ ਬਣਾਉਂਦੇ ਰਹਿੰਦੇ ਹਨ ਜਿਸ ਕਾਰਨ ਸਕੂਲ ਵਿੱਚ ਝਗੜਾ ਵੱਧ ਅਤੇ ਪੜ੍ਹਾਈ ਘੱਟ ਦਾ ਵਾਤਾਵਰਣ ਬਣਿਆ ਰਹਿੰਦਾ ਹੈ ।
3. ਇਹਨਾਂ ਗੱਲਾਂ ਨਾਲ ਅਤੇ ਕੁਝ ਹੋਰ ਕਾਰਨਾਂ ਕਰਕੇ ਵਿਦਿਆਰਥੀਆਂ ਦੇ ਆਚਰਨ ਅਤੇ ਪੜ੍ਹਾਈ ਤੇ ਬਹੁਤ ਸਾਰਾ ਅਸਰ ਪੈਂਦਾ ਹੈ ।

ਇਸ ਕਰਕੇ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਕਿ ਹੇਠ ਲਿਖੇ ਮਾਸਟਰਾਂ ਨੂੰ ਤਬਦੀਲ ਕਰਨੀ ਦੀ ਖਾਤਰ ਉਚ ਅਧਿਕਾਰੀਆਂ ਨੂੰ ਕਿਹਾ ਜਾਵੇ ਤਾਂ ਕਿ ਸਾਡੇ ਸਕੂਲ ਦਾ ਵਾਤਾਵਰਨ ਠੀਕ ਰਹਿ ਸਕੇ ਤੇ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ ਇਹ ਹੇਠ ਲਿਖੇ ਹਨ :

1. ਚੰਨਣ ਸਿੰਘ, ਹਿਸਾਬ ਮਾਸਟਰ
2. ਰੇਸ਼ਮ ਸਿੰਘ, ਪੀ. ਟੀ. ਮਾਸਟਰ
3. ਮਹਿੰਦਰ ਸਿੰਘ, ਕਲਰਕ
4. ਨਥੂ ਰਾਮ, ਜੇ. ਬੀ. ਟੀ. ਮਾਸਟਰ
5. ਤਰਸੇਮ ਚੰਦ ਨਰੂਲਾ, ਸ. ਸ. ਮਾਸਟਰ

ਕ੍ਰਿਪਾ ਕਰਕੇ ਇਹ ਕਾਰਵਾਈ ਤੁਰਤ ਕੀਤੀ ਜਾਵੇ । ਅਸਲ ਰੂਪ ਵਿੱਚ ਮੀਟਿੰਗ ਦਾ ਮਤਾ ਭੇਜਿਆ ਜਾਂਦਾ ਹੈ । ਅਸੀਂ ਆਪ ਜੀ ਦੇ ਅਤੀ ਧੰਨਵਾਦੀ ਹੋਵਾਂਗੇ ।

ਅਸੀਂ ਹਾਂ ਆਪ ਜੀ ਦੇ ਦਾਸ
ਸਹੀ/-
ਗਰਾਮ ਪੰਚਾਇਤ ਜਲਾਲ

1. ਗੁਰਨਾਮ ਸਿੰਘ, ਸਰਪੰਚ
2. ਬਚਨ ਸਿੰਘ, ਪੰਚ
3. ਚੂਹੜ ਸਿੰਘ, ਪੰਚ
4. ਦਲੀਪ ਕੌਰ, ਪੰਚ
5. ਮਹਿੰਗਾ ਸਿੰਘ, ਪੰਚ
6. ਮਹਿੰਦਰ ਸਿੰਘ, ਪੰਚ
7. ਜਾਗਰ ਸਿੰਘ, ਪੰਚ
8. ਜਲੌਰ ਸਿੰਘ, ਪੰਚ

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਬੰਸ ਸਿੰਘ ਜਲਾਲ** : ਕੀ ਵਜ਼ੀਰ ਸਾਹਿਬ ਦੇ ਧਿਆਨ ਵਿੱਚ ਹੈ ਕਿ ਦਸੰਬਰ, ਵਿਚ ਸ਼ਿਕਾਇਤ ਤੋਂ ਪਹਿਲਾਂ ਨਵੰਬਰ ਵਿਚ ਸ਼ਿਕਾਇਤ ਹੋਣ ਤੇ ਉਸ ਵੇਲੇ ਤਿੰਨ ਦੋਸ਼ੀ ਸਨ ਅਤੇ ਫਿਰ ਦਸੰਬਰ ਵਿਚ ਇਹ ਦੋਸ਼ੀ 5 ਹੋ ਗਏ ? ਕੀ ਇਹ ਨੋਇੰਗਲੀ ਤਾਂ ਨਹੀਂ ਕੀਤਾ ਗਿਆ ਹੈ ?

**ਸਿਖਿਆ ਮੰਤਰੀ** : ਸਪੀਕਰ ਸਾਹਿਬ, ਜਿਸ ਸ਼ਿਕਾਇਤ ਬਾਰੇ ਸਵਾਲ ਪੁੱਛਿਆ ਗਿਆ ਹੈ ਉਹ ਦਸੰਬਰ, 1975 ਵਿਚ ਆਈ ਹੈ ਅੌਰ ਉਸ ਦੇ ਵਿਚ ਦੋਸ਼ੀ ਜਿਹੜੇ ਹਨ ਉਨ੍ਹਾਂ ਦੀ ਗਿਣਤੀ 5 ਹੈ । ਜੇ ਇਸ ਤੋਂ ਪਹਿਲਾਂ ਕੋਈ ਸ਼ਕਾਇਤ ਆਈ ਹੈ ਤਾਂ ਇਹ ਦੱਸ ਦੇਣ, ਅਸੀਂ ਉਸ ਦਾ ਵੀ ਪਤਾ ਕਰ ਲਵਾਂਗੇ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ** : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਦੱਸਿਆ ਹੈ ਕਿ ਦਸੰਬਰ ਵਿਚ ਇਨ੍ਹਾਂ ਦੇ ਪਾਸ ਸ਼ਿਕਾਇਤ ਦੀ ਦਰਖਾਸਤ ਪੁੱਜੀ ਹੈ । ਘਟਨਾ ਇਸ ਇਸ ਤੋਂ ਪਹਿਲਾਂ ਦੀ ਹੋਈ ਹੈ ਅਤੇ ਇਸ ਦੇ ਬਾਰੇ ਇਨਕੁਆਇਰੀ ਵੀ ਹੋਈ ਹੈ । ਇਨਾਂ ਢਾਈ ਮਹੀਨਿਆਂ ਵਿਚ ਅਨੁਸ਼ਾਸਨੀ ਕਾਰਵਾਈ ਕਿਉਂ ਨਹੀਂ ਹੋਈ ? ਹੁਣ ਵੀ ਇਹ ਕਹਿੰਦੇ ਹਨ ਕਿ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਰਹੀ ਹੈ । ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤਕ ਕੰਪਲੀਟ ਹੋ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਤੁਹਾਨੂੰ ਪਤਾ ਹੀ ਹੈ ਕਿ ਜਿਸ ਵੇਲੇ ਕਿਸੇ ਦੇ ਖਿਲਾਫ ਕੋਈ ਰਿਪੋਰਟ ਆਵੇ ਤਾਂ ਫਿਰ ਮਹਿਕਮੇ ਵਲੋਂ ਇਨਕੁਆਇਰੀ ਕੀਤੀ ਜਾਂਦੀ ਹੈ । ਉਸ ਦੇ ਬਾਅਦ ਕਿਸੇ ਦੇ ਖਿਲਾਫ਼ ਕੋਈ ਐਕਸ਼ਨ ਲੈਣ ਤੋਂ ਪਹਿਲਾਂ ਜਿਸ ਦੀ ਕੋਈ ਗਲਤੀ ਹੋਵੇ ਉਸ ਨੂੰ ਸ਼ੋ ਕਾਜ਼ ਨੋਟਿਸ ਦੇਣਾ ਪੈਂਦਾ ਹੈ । ਉਸ ਦੇ ਮੁਤਾਬਕ ਅਸੀਂ ਸਾਰੀ ਕਾਰਵਾਈ ਕਰ ਰਹੇ ਹਾਂ ।

**ਸਰਦਾਰ ਹਰਬੰਸ ਸਿੰਘ ਜਲਾਲ** : ਕੀ ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਨਵੰਬਰ, ਵਿਚ ਜਦੋਂ ਇਨਕੁਆਇਰੀ ਹੋ ਗਈ ਅਤੇ ਉਸ ਦੀ ਰਿਪੋਰਟ ਤਿਆਰ ਹੋ ਕੇ ਇਨ੍ਹਾਂ ਦੇ ਕੋਲ ਆ ਗਈ ਹੈ ਤਾਂ ਉਸ ਨੂੰ ਸੈੱਟ ਐਸਾਈਡ ਕਰਕੇ ਹੋਰ ਇਨਕੁਆਇਰੀ ਕਰਾਉਣ ਦੇ ਕੀ ਕਾਰਨ ਹਨ ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਇਨਫਰਮੇਸ਼ਨ ਦਿਤੀ ਹੈ ਕਿ ਨਵੰਬਰ ਵਿਚ ਵੀ ਕੋਈ ਇਨਕੁਆਇਰੀ ਹੋਈ ਹੈ । ਇਸ ਦੇ ਬਾਰੇ ਮੈਂ ਪਤਾ ਕਰ ਲਵਾਂਗਾ ।

### ਗੁਰਦਾਸਪੁਰ ਉਪ-ਮੰਡਲ ਵਿਚ ਖੁਸ਼ਹੈਸੀਅਤੀ ਕਰ ਦੀ ਵਸੂਲੀ

***3569. ਕਾਮਰੇਡ ਰਾਜ ਕੁਮਾਰ** : ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਉਨ੍ਹਾਂ ਨੂੰ ਦਸੰਬਰ, 1975 ਦੇ ਮਹੀਨੇ ਵਿਚ ਕਿਸੇ ਵਿਧਾਇਕ ਵਲੋਂ ਕੋਈ ਪੱਤਰ ਮਿਲਿਆ ਜਿਸ ਵਿਚ ਉਨ੍ਹਾਂ ਦਾ ਧਿਆਨ ਗੰਗੋਵਾਲੀ ਮਾਈਨਰ ਅਤੇ ਧਿਆਨਪੁਰ ਰਾਜਬਾਹੇ ਦੇ ਮਾਰ ਵਲੇ ਇਲਾਕਿਆਂ ਵਿਚ ਆਉਂਦੇ ਗੁਰਦਾਸਪੁਰ ਉਪ-ਮੰਡਲ ਦੇ ਜ਼ਿਮੀਦਾਰਾਂ ਪਾਸੋਂ ਖੁਸ਼ਹੈਸੀਅਤੀ ਕਰ ਦੀ ਵਸੂਲੀ ਜਾਰੀ ਰਖਣ ਸਬੰਧੀ ਦਿਵਾਇਆ ਗਿਆ ਹੈ ਅਤੇ ਇਸ ਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਸਦਨ ਦੀ ਮੇਜ਼ ਤੇ ਰਖੇ ਜਾਣ;

Original with;
Punjab Vidhan Sabha
Digitized by;
Panjab Digital Library

(ਅ) ਕੀ ਉਕਤ ਕਰ ਦੀ ਵਸੂਲੀ ਬਟਾਲਾ ਉਪ-ਮੰਡਲ ਵਿਚ ਉਦੋਂ ਤੋਂ ਬੰਦ ਕਰ ਦਿਤੀ ਗਈ ਹੈ, ਜੇ ਕਰ ਅਜਿਹਾ ਹੋਵੇ, ਤਾਂ ਗੁਰਦਾਸਪੁਰ ਉਪ-ਮੰਡਲ ਵਿਚ ਇਸ ਦੀ ਵਸੂਲੀ ਜਾਰੀ ਰਖਣ ਦੇ ਕਾਰਨ ਕੀ ਹਨ;

**ਸ੍ਰੀ ਗੁਰਬਖਸ਼ ਸਿੰਘ ਸਿੱਬੀਆ :** (ੳ) ਹਾਂ ਜੀ। ਵਿਧਾਇਕ ਵਲੋਂ ਪ੍ਰਾਪਤ ਹੋਏ ਮਿਤੀ 16 ਦਸੰਬਰ, 1975 ਦੇ ਪੱਤਰ ਦੀ ਕਾਪੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ। ਇਸ ਪੱਤਰ ਦੇ ਆਉਣ ਤੇ ਮਾਮਲੇ ਦੀ ਜਾਂਚ ਪੜਤਾਲ ਕਰਵਾਈ ਗਈ ਅਤੇ ਪਤਾ ਲੱਗਾ ਕਿ ਗੁਰਦਾਸਪੁਰ ਸਬ-ਡਵੀਜ਼ਨ ਵਿਚ ਜ਼ਮੀਨ ਦੇ ਮਾਲਕਾਂ ਤੋਂ ਖੁਸ਼ਹੈਸੀਅਤੀ ਕਰ ਨਹੀਂ ਉਗਰਾਹਿਆ ਜਾਂਦਾ।

(ਅ) ਕਿਉਂਕਿ ਬਟਾਲਾ ਅਤੇ ਗੁਰਦਾਸਪੁਰ ਉਪ-ਮੰਡਲਾਂ ਵਿਚ ਖੁਸ਼ਹੈਸੀਅਤੀ ਕਰ ਲਗਾ ਹੀ ਨਹੀਂ ਹੋਇਆ ਇਸ ਵਾਸਤੇ ਵਸੂਲੀ ਬੰਦ ਕਰਨ ਦਾ ਸਵਾਲ ਨਹੀਂ ਪੈਦਾ ਹੁੰਦਾ।

**Copy of letter No. Nil dated 16th December, 1975 from Comrade Raj Kumar MLA Chairman, Committee on Subordinate Legislation, Chandigarh to Shri Gurbax Singh Sibia, Minister of State for Irrigation & Power Punjab, Chandigarh**

My dear Sibia ji,

During my visit to villages Malogil, Gagowali, Mustfapur and Dadowal Irrigated under Gagowali miner and village Khanowala Mallianwal, Shakri, Gill, Mughal, Madhar, Narwan ahd Kanjar under Dhianpur Distributory in tehsil Gurdaspur it was complained to me that Khush Haisiti tax was being extracted from them inspite of the fact that the beneficiaries of Canal waters of those very distributaries and minors in Batala tehsil had been exempted from payment since last two years. Khush Haisiti tax came into force in 1956. It was meant to recover Government expenses from beneficiaries on account of construction of these miners and distributories. The entire Government expenditure has since bern recovered. There is no justification in countinuing recovery of Khush Haisiti from land owners in Gurdaspur and also when their counterpart in Batala Tehsil have already been granted exemption, I am writing this to invoke your personal interest for coming to the rescue of Gurdaspur tehsil beneficiaries who are mostly marginal farmers. I shall be grateful if an early reply is sent as to the action taken in the matter.

With regards.

**ਕਾਮਰੇਡ ਰਾਜ ਕੁਮਾਰ :** ਸਪੀਕਰ ਸਾਹਿਬ, ਮੈਂ ਮਿਤੀ 16 ਦਸੰਬਰ, 1975 ਨੂੰ ਪੱਤਰ ਲਿਖਿਆ ਸੀ ਜਿਸ ਦੀ ਕਾਪੀ ਉਨ੍ਹਾਂ ਨੇ ਸਦਨ ਦੀ ਮੇਜ਼ ਤੇ ਰਖੀ ਹੈ। ਜਵਾਬ ਵਿਚ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਗੁਰਦਾਸਪੁਰ ਸਬ-ਡਿਵੀਜ਼ਨ ਵਿਚ ਬੈਟਰਮੈਂਟ ਲੈਵੀ ਚਾਰਜ ਨਹੀਂ ਕੀਤੀ ਜਾ ਰਹੀ। ਕਿਉਂਕਿ ਇਨ੍ਹਾਂ ਨੇ ਜਵਾਬ ਵਿਚ ਇਹ ਗੱਲ ਨਹੀਂ ਦੱਸੀ ਇਸ ਲਈ ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਹ ਬੈਟਰਮੈਂਟ ਲੈਵੀ ਉਥੇ ਕਦੋਂ ਤੋਂ ਬੰਦ ਕੀਤੀ ਹੈ ? ਨਾਲ ਹੀ ਕੀ ਇਹ ਐਸ਼ੋਰੈਂਸ ਦੇਣਗੇ ਕਿ ਇਹ ਬੰਦ ਹੋਣ ਦੇ ਬਾਅਦ ਅਗਰ ਕਿਸੇ ਤੋਂ ਰਿਕਵਰੀ ਕੀਤੀ ਗਈ ਹੈ ਤਾਂ ਕੀ ਉਹ ਲੋਕਾਂ ਨੂੰ ਵਾਪਸ ਕੀਤੀ ਜਾਵੇਗੀ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ ਬੈਟਰਮੈਂਟ ਲੈਵੀ ਬਟਾਲਾ ਅਤੇ ਗੁਰਦਾਸਪੁਰ ਸਬ-ਡਿਵੀਜ਼ਨ ਵਿਚ ਬੰਦ ਕਰ ਦਿੱਤੀ ਹੈ। ਜਿਸ ਰਿਕਵਰੀ ਦਾ ਇਹ ਜ਼ਿਕਰ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ]

ਕਰ ਰਹੇ ਹਨ ਇਸ ਨੂੰ ਓਨਰ ਰੇਟ ਕਿਹਾ ਜਾਂਦਾ ਹੈ। ਜਿੱਥੇ ਜਿੱਥੇ ਵੀ ਕੈਨਾਲ ਦੀ ਐਕਸਟੈਂਨਸ਼ਨ ਆਫ ਇਰੀਗੇਸ਼ਨ ਫੈਸਿਲਿਟੀਜ਼ ਦਿੱਤੀਆਂ ਜਾਂਦੀਆਂ ਹਨ ਉਥੇ ਉਥ ਇਹ ਚਾਰਜ ਕੀਤਾ ਜਾਂਦਾ ਹੈ। (ਵਿਘਨ) ਖਰਚਾ ਪੂਰਾ ਹੋਣ ਦੇ ਬਾਅਦ ਇਹ ਬੰਦ ਕਰ ਦਿੱਤਾ ਜਾਵੇਗਾ।

**ਕਾਮਰੇਡ ਰਾਜ ਕੁਮਾਰ:** ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਵਿਚ ਇਹ ਕਿਹਾ ਹੈ ਕਿ ਅਸੀਂ ਕੋਈ ਬੈਟਰਮੈਂਟ ਲੇਵੀ ਨਹੀਂ ਚਾਰਜ ਕਰ ਰਹੇ। ਉਸ ਬੈਟਰਮੈਂਟ ਲੇਵੀ ਦੇ ਕਿੰਨੇ ਹੀ ਕੰਪੋਨੈਂਟ ਹਨ ਜਿਨ੍ਹਾਂ ਵਿਚੋਂ ਇਕ ਇਨ੍ਹਾਂ ਨੇ ਦੱਸਿਆ ਹੈ, ਉਹ ਚਾਰਜ ਹੋ ਰਿਹਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ......(ਵਿਘਨ)

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਕਰਨੈਲ ਸਿੰਘ ਮਰੜ੍ਹੀ ਹਾਊਸ ਵਿਚ ਆ ਰਹੇ ਸਨ। ਕਾਂਗਰਸ ਬੈਂਚਾਂ ਵਲੋਂ ਥੰਪਿੰਗ ਕੀਤੀ ਜਾ ਰਹੀ ਸੀ ਅਤੇ ਅਕਾਲੀ ਬੈਂਚਾਂ ਵਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ ਆ ਰਹੀਆਂ ਸਨ)

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਕਰਨੈਲ ਸਿੰਘ ਮਰੜ੍ਹੀ ਨੇ ਬੈਠੇ ਬੈਠੇ ਕੁਝ ਕਿਹਾ ਜਿਹੜਾ ਕਿ ਸ਼ੋਰ ਕਾਰਨ ਸੁਣਾਈ ਨਹੀਂ ਦਿੱਤਾ)

**ਕਾਮਰੇਡ ਰਾਜ ਕੁਮਾਰ :** ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਇਕ ਕੰਪੋਨੈਂਟ ਚਾਰਜ ਹੋ ਰਿਹਾ ਹੈ ਅਤੇ ਜਦੋਂ ਖਰਚਾ ਪੂਰਾ ਹੋ ਜਾਵੇਗਾ ਇਹ ਬੰਦ ਕਰ ਦਿੱਤਾ ਜਾਵੇਗਾ। ਸਵਾਲ ਦੇ ਜਵਾਬ ਵਿਚ ਜੋ ਇਨ੍ਹਾਂ ਨੇ ਕਿਹਾ ਹੈ ਇਸ ਦਾ ਮਤਲਬ ਇਹ ਹੈ ਕਿ ਬੈਟਰਮੈਂਟ ਲੇਵੀ ਦੇ ਸਾਰੇ ਕੰਪੋਨੈਂਟਸ ਦੀ ਰਿਕਵਰੀ ਬੰਦ ਹੋ ਗਈ ਹੈ। ਮੇਰਾ ਸਵਾਲ ਇਹ ਹੈ ਕਿ ਜਦੋਂ ਬਟਾਲਾ ਸਬ ਡਵੀਜ਼ਨ ਵਿਚ ਬੈਟਰਮੈਂਟ ਲੇਵੀ ਕੰਪਲੀਟ ਬੰਦ ਹੋ ਗਈ ਹੈ ਤਾਂ ਇਹ ਗੁਰਦਾਸਪੁਰ ਸਬ ਡਵੀਜ਼ਨ ਵਿਚ ਕਿਉਂ ਚਾਰਜ ਕੀਤੀ ਜਾ ਰਹੀ ਹੈ ? ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਡਿਸਕ੍ਰਿਮਿਨੇਸ਼ਨ ਗੁਰਦਾਸਪੁਰ ਸਬ-ਡਿਵੀਜ਼ਨ ਨਾਲ ਕਿਉਂ ਹੋ ਰਹੀ ਹੈ ? ਕੀ ਇਹ ਐਸ਼ੋਰੈਂਸ ਦੇਣ ਨੂੰ ਤਿਆਰ ਹਨ ਕਿ ਅਗਰ ਬਟਾਲਾ ਸਬ-ਡਿਵੀਜ਼ਨ ਵਿਚ ਇਹ ਚਾਰਜ ਨਹੀਂ ਹੋ ਰਹੀ ਤਾਂ ਗੁਰਦਾਸਪੁਰ ਸਬ-ਡਿਵੀਜ਼ਨ ਵਿਚ ਵੀ ਬੰਦ ਕਰ ਦਿੱਤੀ ਜਾਵੇਗੀ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਜਿਹੜਾ ਓਨਰਜ਼ ਰੇਟ ਹੈ, ਇਹ ਕੰਪੋਨੈਂਟ ਨਹੀਂ ਹੈ। ਇਹ ਬੈਟਰਮੈਂਟ ਲੇਵੀ ਨਹੀਂ ਹੈ।

According to Drainage Act, where any irrigation scheme has come into operation for any one of the purposes, viz.,—

(a) Extension of irrigation to new areas from any existing or projected canal,

(b) Extension of irrigation to areas situated within the approved irrigation boundary of an existing canal system, the Government shall levy Owner's Rate and it is entirely different from betterment levy.

Original with;
Punjab Vidhan Sabha
Digitized by;
Panjab Digital Library

ਇਹ ਜਿਹੜੀਆਂ ਜਿਹੜੀਆਂ ਵੀ ਐਕਸਟੈਨਸ਼ਨ ਆਫ ਇਰੀਗੇਸ਼ਨ ਫੈਸਿਲਿਟੀਜ਼ ਕੈਨਾਲ ਏਰੀਆ ਵਿਚ ਦਿੰਦੇ ਹਾਂ ਉਸ ਤੇ ਇਹ ਲਾਗੂ ਕਰਦੇ ਹਾਂ। ਜਦੋਂ ਕੰਪਲੀਟ ਹੋ ਜਾਂਦੀ ਹੈ ਤਾਂ ਉਸ ਦੇ ਬਾਅਦ ਅਸੀਂ ਬੰਦ ਕਰ ਦਿੰਦੇ ਹਾਂ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪੋਜ਼ੀਸ਼ਨ ਇਹ ਹੈ ਕਿ ਇਕ ਮਾਈਨਰ ਬਟਾਲਾ ਸਬ-ਡਿਵੀਜ਼ਨ ਵਿਚ ਹੈ ਅਤੇ ਸੇਮ ਬਟਾਲਾ ਸਬ-ਡਿਵੀਜ਼ਨ ਵਿਚ ਲਗਦਾ ਹੈ । ਮੈਂ ਬਾਰ ਬਾਰ ਇਹੀ ਸਵਾਲ ਪੁੱਛਦਾ ਹਾਂ ਕਿ ਉਹੀ ਮਾਈਨਰ ਬਟਾਲਾ ਸਬ ਡਿਵੀਜ਼ਨ ਵਿਚ ਹੈ ਅਤੇ ਉਸ ਤੇ ਬੈਟਰਮੈਂਟ ਲੈਵੀ ਬੰਦ ਹੈ ਅਤੇ ਉਹੀ ਗੁਰਦਾਸਪੁਰ ਸਬ ਡਿਵੀਜ਼ਨ ਵਿਚ ਲਗਦਾ ਹੈ ਤਾਂ ਉਥੋਂ ਕਿਉਂ ਇਹ ਚਾਰਜ ਕੀਤਾ ਜਾਂਦਾ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਨਾਂ ਦਾ ਸਵਾਲ ਇਹ ਸੀ ਕਿ ਬੈਟਰਮੈਂਟ ਲੈਵੀ ਚਾਰਜ ਹੁੰਦਾ ਹੈ ਜਾਂ ਨਹੀਂ। ਮੈਂ ਕਿਹਾ ਹੈ ਕਿ ਬੈਟਰਮੈਂਟ ਲੈਵੀ ਚਾਰਜ ਨਹੀਂ ਹੁੰਦਾ। (ਵਿਘਨ) ਮੈਂ ਇਹ ਅਰਜ਼ ਕੀਤੀ ਹੈ ਕਿ ਜਿੱਥੇ ਜਿੱਥੇ ਵੀ ਐਕਸਟੈਨਸ਼ਨ ਆਫ ਇਰੀਗੇਸ਼ਨ ਫੈਸਿਲਿਟੀਜ਼ ਦਿਤੀਆਂ ਜਾਂਦੀਆਂ ਹਨ ਕੈਨਾਲ ਏਰੀਆ ਵਿਚ ਉਥੇ ਉਥੇ ਸਾਰੇ ਪੰਜਾਬ ਵਿਚ ਓਨਰ ਰੇਟ ਚਾਰਜ ਹੁੰਦਾ ਹੈ। (ਵਿਘਨ)

**ਕਾਮਰੇਡ ਸੱਤਪਾਲ ਡਾਂਗ** : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਬੈਟਰਮੈਂਟ ਲੈਵੀ ਦਾ ਹਿਸਾ ਹੈ ਜਾਂ ਨਹੀਂ, ਇਹ ਇਸ ਗਲ ਨੂੰ ਭੁੱਲ ਜਾਣ। ਇਹ ਗੱਲ ਦੱਸਣ ਕਿ ਜਿਹੜਾ ਇਕ ਆਨਰੇਬਲ ਮੈਂਬਰ ਨੇ ਐਲੀਗੇਸ਼ਨ ਲਗਾਇਆ ਹੈ ਕਿ ਇਕ ਜ਼ਿਲ੍ਹੇ ਦੇ ਇਕ ਹਿੱਸੇ ਵਿਚ ਇਕ ਚੀਜ਼ ਚਾਰਜ ਕੀਤੀ ਜਾ ਰਹੀ ਹੈ ਅਤੇ ਦੂਸਰੇ ਹਿੱਸੇ ਵਿਚ ਨਹੀਂ ਕੀਤੀ ਜਾ ਰਹੀ। ਕੀ ਇਸ ਗੱਲ ਦੀ ਇਨਕੁਆਇਰੀ ਕਰਾਉਣਗੇ ਅਤੇ ਜੇ ਇਹ ਗੱਲ ਠੀਕ ਹੋਈ ਤਾਂ ਇਸ ਦੀ ਰਿਕਵਰੀ ਵਾਪਸ ਕਰਾਉਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਗਲ ਨਹੀਂ ਹੈ। ਮੈਂ ਕਿਹਾ ਹੈ ਕਿ ਜਿਥੇ ਜਿੱਥੇ ਵੀ ਐਕਸਟੈਨਸ਼ਨ ਆਫ਼ ਇਰੀਗੇਸ਼ਨ ਹੁੰਦੀ ਹੈ ਚਾਹੇ ਇਕ ਮਾਈਨਰ ਤੇ ਹੁੰਦੀ ਹੈ ਤੇ ਚਾਹੇ ਡਿਸਟਰੀਬਿਊਟਰੀ ਤੇ ਹੁੰਦੀ ਹੈ ਉਥੇ ਅਸੀਂ ਚਾਰਜ ਕਰਦੇ ਹਾਂ ਪਰ ਇਹ ਬੈਟਰਮੈਂਟ ਲੈਵੀ ਨਹੀਂ ਹੈ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਇਕ ਆਨਰੇਬਲ ਮੈਂਬਰ ਨੇ ਇਹ ਐਲੀਗੇਸ਼ਨ ਲਗਾਇਆ ਹੈ ਕਿ ਉਸੇ ਮਾਈਨਰ ਤੇ ਗੁਰਦਾਸਪੁਰ ਸਬ-ਡਿਵੀਜ਼ਨ ਵਿਚ ਚਾਰਜ ਹੋ ਰਿਹਾ ਹੈ ਅਤੇ ਉਸੇ ਮਾਈਨਰ ਤੇ ਬਟਾਲਾ ਸਬ ਡਿਵੀਜ਼ਨ ਵਿਚ ਚਾਰਜ ਨਹੀਂ ਕੀਤਾ ਜਾ ਰਿਹਾ। ਵਜ਼ੀਰ ਸਾਹਿਬ ਕੈਟੇਗਰੀਕਲੀ ਜਵਾਬ ਦੇਣ ਕਿ ਕੀ ਗੁਰਦਾਸਪੁਰ ਸਬ ਡਵੀਜ਼ਨ ਵਿਚ ਚਾਰਜ ਹੋ ਰਿਹਾ ਹੈ ਜਾਂ ਨਹੀਂ ? ਸਵਾਲ ਬਿਲਕੁਲ ਸਿਧਾ ਹੈ ਅਤੇ ਇਸ ਦਾ ਜਵਾਬ ਵੀ ਬਿਲਕੁਲ ਸਿਧਾ ਹੋਣਾ ਚਾਹੀਦਾ ਹੈ ? (ਵਿਘਨ)

**ਸ੍ਰੀ ਸਪੀਕਰ** : ਆਨਸਰ ਤਾਂ ਵਜ਼ੀਰ ਸਾਹਿਬ ਨੇ ਦੇ ਦਿਤਾ ਹੈ ਚੌਧਰੀ ਸਾਹਿਬ ਸ਼ਾਇਦ ਤੁਸੀਂ ਸੁਣਿਆ ਨਹੀਂ।

Original with;
Punjab Vidhan Sabha
Digitized by;
Panjab Digital Library

**ਚੌਧਰੀ ਰਾਮ ਸਿੰਘ :** ਸਪੀਕਰ ਸਾਹਿਬ, ਇਨਾਂ ਨੇ ਇਸ ਗਲ ਦਾ ਜਵਾਬ ਨਹੀਂ ਦਿੱਤਾ । ਇਨ੍ਹਾਂ ਨੇ ਇਹ ਨਹੀਂ ਕਿਹਾ ਕਿ ਬਟਾਲਾ ਵਿਚ ਨਹੀਂ ਲੈ ਰਹੇ ਅਤੇ ਗੁਰਦਾਸਪੁਰ ਵਿਚ ਵੀ ਇਹ ਨਹੀਂ ਲਵਾਂਗੇ । (ਵਿਘਨ)

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਬਿਲਕੁਲ ਠੀਕ ਜਵਾਬ ਦਿੱਤਾ ਹੈ । ਬੈਟਰਮੈਂਟ ਲੈਵੀ ਅਸੀਂ ਨਹੀਂ ਚਾਰਜ ਕਰਦੇ । ਜਿੱਥੇ ਜਿੱਥੇ ਮਾਈਨਰਜ਼ ਤੇ ਐਕਸਟੈਨਸ਼ਨ ਆਫ ਇਰੀਗੇਸ਼ਨ ਫੈਸਿਲਿਟੀਜ਼ ਦਿੰਦੇ ਹਾਂ ਉਥੇ ਉਥੇ ਓਨਰਜ਼ ਰੇਟ ਚਾਰਜ ਕਰਦੇ ਹਾਂ । (ਵਿਘਨ)

---

## ਸੈਂਟਰਲ ਸਟੇਟ ਲਾਇਬਰੇਰੀ ਪਟਿਆਲਾ ਵਿਚ ਬੁੱਕ ਲਿਫਟਰਜ਼

*3588 1. **ਕਾਮਰੇਡ ਸੱਤ ਪਾਲ ਡਾਂਗ** )
2. **ਕਾਮਰੇਡ ਦਾਨਾ ਰਾਮ** ) : ਕੀ ਸਿਖਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਸੈਂਟਰਲ ਸਟੇਟ ਲਾਇਬਰੇਰੀ, ਪਟਿਆਲਾ ਵਿਚ 1 ਜਨਵਰੀ, 1976 ਨੂੰ ਬੁਕ ਲਿਫਟਰਜ਼ ਦੀ ਗਿਣਤੀ ਕਿੰਨੀ ਸੀ ਅਤੇ ਉਨ੍ਹਾਂ ਦੇ ਤਨਖਾਹ ਸਕੇਲ ਕੀ ਸਨ ਅਤੇ ਇਹ ਪਿਛੋਂ ਕਿਸ ਤਾਰੀਖ ਨੂੰ ਸੋਧੇ ਗਏ ਸਨ ।

(ਅ) ਸੈਂਟਰਲ ਸਟੇਟ ਲਾਇਬਰੇਰੀ, ਪਟਿਆਲਾ ਵਿਚ ਬੁਕ ਲਿਫਟਰਜ਼, ਵਜੋਂ ਨਿਯੁਕਤੀ ਲਈ ਨਿਰਧਾਰਤ ਘਟੋ ਘੱਟ ਯੋਗਤਾਵਾਂ ਕੀ ਹਨ।

(ੲ) ਰਾਜ ਵਿਚ ਹੋਰਨਾਂ ਸਰਕਾਰੀ ਪਬਲਿਕ ਲਾਇਬਰੇਰੀਆਂ ਵਿਚ 1 ਜਨਵਰੀ, 1976 ਨੂੰ ਬੁਕ ਲਿਫਟਰਜ਼ ਦੀ ਗਿਣਤੀ ਕਿੰਨੀ ਸੀ ਅਤੇ ਉਨ੍ਹਾਂ ਦੇ ਤਨਖਾਹ ਗਰੇਡ ਅਤੇ ਨਿਯੁਕਤੀ ਲਈ ਨਿਰਧਾਰਤ ਯੋਗਤਾਵਾਂ ਕੀ ਸਨ ?

**ਸ੍ਰੀ ਗੁਰਮੇਲ ਸਿੰਘ :** (ੳ) ਸੈਂਟਰਲ ਸਟੇਟ ਲਾਇਬਰੇਰੀ, ਪਟਿਆਲਾ ਵਿਚ ਮਿਤੀ 1 ਜਨਵਰੀ, 1976 ਨੂੰ ਬੁੱਕ ਲਿਫਟਰਜ਼ ਦੀ ਕੇਵਲ ਇਕ ਆਸਾਮੀ ਸੀ । ਇਸ ਆਸਾਮੀ ਦਾ ਗਰੇਡ 32—1—42 ਹੈ ਅਤੇ ਇਹ ਆਸਾਮੀ ਲਾਇਬਰੇਰੀ ਖੁਲ੍ਹਣ ਦੇ ਸਮੇਂ 1956 ਵਿਚ ਰਚੀ ਗਈ ਸੀ ਅਤੇ ਉਸ ਤੋਂ ਬਾਅਦ ਇਸ ਆਸਾਮੀ ਦਾ ਗਰੇਡ ਨੂੰ ਰਿਵਾਈਜ਼ ਕਰਨ ਬਾਰੇ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ ।

(ਅ) ਬੁੱਕ ਲਿਫਟਰਜ਼ ਦੀ ਨਿਯੁਕਤੀ ਲਈ ਕੋਈ ਯੋਗਤਾਵਾਂ ਨਿਰਧਾਰਤ ਨਹੀਂ ਹਨ ।

(ੲ) ਰਾਜ ਵਿਚ ਕਿਸੇ ਹੋਰ ਪਬਲਿਕ ਲਾਇਬਰੇਰੀ (ਜ਼ਿਲ੍ਹਾ ਲਾਇਬਰੇਰੀ) ਵਿਚ ਬੁੱਕ ਲਿਫਟਰਜ਼ ਦੀ ਕੋਈ ਆਸਾਮੀ ਨਹੀਂ ਹੈ ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 1956 ਤੋਂ ਬੁੱਕ ਲਿਫਟਰਜ਼ ਦਾ ਗਰੇਡ 32-1-42 ਹੈ । ਜਦੋਂ ਕਿ ਚਪੜਾਸੀ ਦਾ ਗਰੇਡ ਵੀ ਵੱਧ ਗਿਆ ਹੈ ਪਰ ਇਨ੍ਹਾਂ ਬੁੱਕ ਲਿਫਟਰਜ਼ ਦਾ ਗਰੇਡ 1956 ਤੋਂ ਹੀ 32-1-42 ਦਾ ਚਲਿਆ

Original with;
Punjab Vidhan Sabha
Digitized by;
Panjab Digital Library

ਆਉਂਦਾ ਹੈ । ਇਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਬੁੱਕ ਲਿਫਟਰਜ਼ ਦੀ ਨਿਯੁਕਤੀ ਲਈ ਕੁਆਲੀਫੀਕੇਸ਼ਨਜ਼ ਕੋਈ ਨਿਰਧਾਰਤ ਨਹੀਂ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬੁੱਕ ਲਿਫਟਰਜ਼ ਮੈਟਰਿਕ ਪਾਸ ਹਨ ਜਾਂ ਨਹੀਂ ? ਅਤੇ ਉਨ੍ਹਾਂ ਦੇ ਗਰੇਡ ਕਦੋਂ ਤੱਕ ਰਿਵਾਈਜ਼ ਕਰ ਦੇਣਗੇ ?

**ਸਿਖਿਆ ਮੰਤਰੀ** : ਸਪੀਕਰ ਸਾਹਿਬ, ਅਸੀਂ ਉਨ੍ਹਾਂ ਦੇ ਗਰੇਡ ਰਿਵਾਈਜ਼ ਕਰਨ ਲਈ ਕੋਸ਼ਿਸ਼ ਕਰ ਰਹੇ ਹਾਂ ਔਰ ਰਿਵਾਈਜ਼ ਹੋ ਵੀ ਜਾਏਗਾ ਲੇਕਿਨ ਕੁਝ ਸਮਾਂ ਜ਼ਰੂਰ ਲਗੇਗਾ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਬੁੱਕ ਲਿਫਟਰ ਦਾ ਗਰੇਡ 32-1-42 ਹੈ ਜਿਹੜਾ ਕਿ ਚਪੜਾਸੀ ਨਾਲੋਂ ਵੀ ਘੱਟ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਹੈ ਕਿ ਨਹੀਂ ਕਿ ਉਸ ਦਾ ਪੜ੍ਹਿਆ ਲਿਖਿਆ ਹੋਣਾ ਲਾਜ਼ਮੀ ਹੈ ਔਰ ਜਦੋਂ ਉਸ ਨੂੰ ਰੱਖਿਆ ਗਿਆ ਸੀ ਤਾਂ ਕੀ ਇਹ ਸ਼ਰਤ ਸੀ ਕਿ ਉਹ ਮੈਟਰੀਕੁਲੇਟ ਹੋਵੇ ?

**ਵਿਦਿਆ ਮੰਤਰੀ** : ਸਪੀਕਰ ਸਾਹਿਬ, ਮੈਟਰਿਕ ਵਾਲੀ ਗੱਲ ਤਾਂ ਹੈ ਨਹੀਂ ; ਪਰ ਪਹਿਲਾਂ ਇਹ ਪੋਸਟ ਕਲਾਸ ਫੋਰ ਦੀ ਸੀ ਅਤੇ ਹੁਣ ਕਲਾਸ ਤਿੰਨ ਵਿਚ ਲਿਆਂਦੀ ਹੈ। ਇਸ ਦਾ ਗਰੇਡ ਅਸੂਲੀ ਤੌਰ ਤੇ ਸਰਕਾਰ ਨੇ ਮੰਨਿਆ ਹੈ ।

---

## STARRED QUESTIONS AND ANSWERS

### PERMANENT POSTS OF INSPECTORS AND SUB-INSPECTORS IN THE CO-OPERATIVE DEPARTMENT

*3658. **Master Chand Singh** : Will the Chief Minister be pleased to state —

(a) the number of permanent posts of Inspectors and Sub-Inspectors in the Co-operative Department respectively;

(b) the number of the Inspectors and Sub-Inspectors confirmed, so far, against the posts mentioned in part (a) above separately ;

(c) the approximate time by which the Inspectors and sub-Inspectors who have not been confirmed so far are likely to be confirmed ;

(d) the period of service required to be put in by the Inspectors and Sub-Inspectors in order to be eligible for the confirmation as such ?

**ਚੌਧਰੀ ਬਲਰਾਮ** (ਉਪ ਮੰਤਰੀ, ਸਿੰਜਾਈ ਅਤੇ ਬਿਜਲੀ) : (ਏ) 343 ਨਰੀਖਕ ਅਤੇ 799 ਉੱਪ-ਨਰੀਖਕ ।

(ਬੀ) 192 ਨਰੀਖਕ ਅਤੇ 458 ਉੱਪ-ਨਰੀਖਕ ।

Original with;
Punjab Vidhan Sabha
Digitized by;
Panjab Digital Library

[ਉੱਪ-ਮੰਤਰੀ ਸਿੰਚਾਈ ਅਤੇ ਬਿਜਲੀ]

(ਸੀ) ਕੋਈ ਸਮਾਂ ਨਿਸਚਿਤ ਨਹੀਂ ਕੀਤਾ ਜਾ ਸਕਦਾ । ਯੋਗ ਉਮੀਦਵਾਰਾਂ ਨੂੰ ਜ਼ਰੂਰੀ ਰਸਮਾਂ ਪੂਰੀਆਂ ਕਰ ਲੈਣ ਉਪਰੰਤ ਪੱਕਾ ਕੀਤਾ ਜਾਂਦਾ ਹੈ ।

(ਡੀ) ਪੱਕੇ ਹੋਣ ਯੋਗ ਬਣਨ ਤੋਂ ਪਹਿਲਾਂ ਨਰੀਖਕ ਅਤੇ ਉਪ ਨਰੀਖਕ ਸਹਿਕਾਰੀ ਸਭਾਵਾਂ ਲਈ ਵਿਭਾਗੀ ਟਰੇਨਿੰਗ ਪਾਸ ਕਰਨੀ ਜ਼ਰੂਰੀ ਹੈ । ਇਸ ਤੋਂ ਇਲਾਵਾ, ਨਰੀਖਕ ਸਹਿਕਾਰੀ ਸਭਾਵਾਂ ਲਈ ਵਿਭਾਗੀ ਪ੍ਰੀਖਿਆ ਵੀ ਪਾਸ ਕਰਨੀ ਜ਼ਰੂਰੀ ਹੈ ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਤਕ ਸੱਬ-ਇੰਸਪੈਕਟਰ 799 ਵਿਚੋਂ 458 ਅਤੇ ਇੰਸਪੈਕਟਰ 343 ਵਿਚੋਂ 192 ਪੱਕੇ ਕੀਤੇ ਹਨ । ਇਨ੍ਹਾਂ ਦੀ ਸ਼ਰਤ ਮੁਤਾਬਕ ਵਿਭਾਗੀ ਟਰੇਨਿੰਗ ਜ਼ਰੂਰੀ ਸੀ, ਪਰ ਜਿਨ੍ਹਾਂ ਨੇ ਵਿਭਾਗੀ ਟਰੇਨਿੰਗ ਪਾਸ ਕਰ ਲਈ ਉਨ੍ਹਾਂ ਨੂੰ ਹੁਣ ਤਕ ਕਿਉਂ ਨਹੀਂ ਪੱਕਾ ਕੀਤਾ ਗਿਆ ਅਤੇ ਇਹ ਵੀ ਦੱਸਣ ਕਿ ਕਦੋਂ ਤਕ ਪੱਕਾ ਕੀਤਾ ਜਾਏਗਾ ?

**ਉਪ ਮੰਤਰੀ ਬਿਜਲੀ ਅਤੇ ਸਿੰਚਾਈ** (ਚੌਧਰੀ ਬਲਰਾਮ) : ਸਪੀਕਰ ਸਾਹਿਬ, ਇਸ ਦਾ ਕੋਈ ਸਮਾਂ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ । ਮਾਰਚ, 1975 ਵਿਚ ਇੰਸਪੈਕਟਰ ਮਹਿਕਮਾ ਕੋਆਪ੍ਰੇਟਿਵ ਅਤੇ ਇੰਡਸਟਰੀਜ਼ ਮਹਿਕਮੇ ਦੇ ਆਪਸ ਵਿਚ ਮਿਲਾ ਦਿੱਤੇ ਗਏ ਸੀ ਉਨ੍ਹਾਂ ਦੀ ਸਿਨਿਆਰਟੀ ਵਗੈਰਾ ਫਿਕਸ ਕਰਨੀ ਹੈ । ਇਹ ਕੰਮ ਜਲਦੀ ਤੋਂ ਜਲਦੀ ਕਰ ਦਿੱਤਾ ਜਾਏਗਾ ।

**ਸਰਦਾਰ ਧੰਨਾ ਸਿੰਘ ਗੁਲਸ਼ਨ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਇੰਸਪੈਕਟਰ ਅਤੇ ਸੱਬ-ਇੰਸਪੈਕਟਰਜ਼ ਕਦੋਂ, ਕਿਹੜੇ ਮਹੀਨੇ ਅਤੇ ਕਿਹੜੇ ਸਾਲ ਵਿਚ ਨਿਯੁਕਤ ਕੀਤੇ ਗਏ ਅਤੇ ਉਨ੍ਹਾਂ ਵਿਚੋਂ ਕਿੰਨੇ ਪੱਕੇ ਹੋਏ ਹਨ ਅਤੇ ਕਿੰਨੇ ਨਹੀਂ ਹੋਏ ਅਤੇ ਜਿਹੜੇ ਬਕਾਇਆ ਪੱਕੇ ਹੋਣ ਵਾਲੇ ਰਹਿੰਦੇ ਹਨ ਉਨ੍ਹਾਂ ਨੂੰ ਕਦ ਤੱਕ ਪੱਕਾ ਕਰ ਦਿੱਤਾ ਜਾਏਗਾ ?

**ਸ੍ਰੀ ਸਪੀਕਰ** : ਇਸ ਦੇ ਲਈ ਵੱਖਰਾ ਨੋਟਿਸ ਚਾਹੀਦਾ ਹੈ ।

---

## ਨਿਊ ਈਗਰਟਨ ਵੂਲਨ ਮਿਲਜ਼, ਧਾਰੀਵਾਲ ਦੇ ਮੁਲਾਜ਼ਮਾਂ/ਕਾਮਿਆਂ ਦੀਆਂ ਗ੍ਰਿਫਤਾਰੀਆਂ

*3689. **ਕਾਮਰੇਡ ਰਾਜ ਕੁਮਾਰ** : ਕੀ ਮੁੱਖ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਿਊ ਈਗਰਟਨ ਵੂਲਨ ਮਿਲਜ਼, ਧਾਰੀਵਾਲ ਦੇ ਕਿਸੇ ਮੁਲਾਜ਼ਮ/ਕਾਮੇ ਨੂੰ ਮਿਤੀ 24 ਜੂਨ, 1975 ਤੋਂ ਹੁਣ ਤੱਕ ਦੇ ਸਮੇਂ ਵਿਚ ਨਾਹਰੇ ਲਾਉਣ, ਜਲੂਸ ਕੱਢਣ/ਵਿਖਾਵਾ ਕਰਨ ਤੇ ਐਮਰਜੰਸੀ ਵਿਰੁੱਧ ਹੱਥ ਲਿਖਤ/ਛਪੇ ਇਸ਼ਤਿਹਾਰ/ਦਸਤੀ ਇਸ਼ਤਿਹਾਰ ਕੱਢਣ ਬਾਰੇ ਗ੍ਰਿਫਤਾਰ ਕੀਤਾ ਗਿਆ ਹੈ ? ਜੇ ਠੀਕ ਹੈ ਤਾਂ ਉਨ੍ਹਾਂ ਦੇ ਨਾਮ ਤੇ ਉਨ੍ਹਾਂ ਵਿਰੁੱਧ ਕੀਤੀ ਗਈ ਕਾਰਵਾਈ ਬਾਰੇ ਦੱਸਿਆ ਜਾਵੇ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ** (ਮੁੱਖ ਸੰਸਦੀ ਸਕੱਤਰ) : ਹਾਂ ਜੀ ।

ਇਸ ਸਬੰਧ ਵਿਚ ਸਰਵ-ਸ਼੍ਰੀ ਵਾਸਦੇਵ ਪੁੱਤਰ ਹਰੀ ਰਾਮ, ਗੁਲਾ ਉਰਫ ਬ੍ਰਿਜ ਭੂਸ਼ਨ ਪੁੱਤਰ ਹੀਰਾ ਲਾਲ, ਸੁਖਦੇਵ ਕੁਮਾਰ ਪੁੱਤਰ ਕੁੰਦਨ ਲਾਲ ਅਤੇ ਵਿਸ਼ਨੂੰ ਨਾਥ ਪੁੱਤਰ ਗਿਆਨ ਚੰਦ ਨੂੰ ਮਿਤੀ 21 ਜੁਲਾਈ, 1975 ਨੂੰ ਅਧੀਨ ਧਾਰਾ 33/36/43 ਡੀ. ਆਈ. ਆਰ.. 120 ਬੀ. ਭਾਰਤ ਡੰਡਾਵਲੀ ਅਤੇ 9 ਪੰਜਾਬ ਸਿਕਿਉਰਟੀ ਆਫ ਸਟੇਟ ਐਕਟ ਥਾਣਾ ਧਾਰੀਵਾਲ ਅਧੀਨ ਗ੍ਰਿਫਤਾਰ ਕੀਤਾ ਗਿਆ ਸੀ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਧਾਰੀਵਾਲ ਵੂਲਨ ਮਿੱਲ ਦੇ 5 ਆਦਮੀਆਂ ਦੀ ਗ੍ਰਿਫਤਾਰੀ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਇਹ ਪੰਜੇ ਦੇ ਪੰਜੇ ਆਦਮੀ ਡੀ. ਆਈ. ਆਰ. ਅਤੇ ਸਿਕਿਉਰਟੀ ਆਫ ਸਟੇਟ ਐਕਟ ਅਧੀਨ ਫੜੇ ਗਏ ਸਨ । ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਆਇਆ ਇਹ ਸਰਕਾਰ ਦੇ ਨੋਟਿਸ ਵਿੱਚ ਹੈ ਕਿ ਇਨ੍ਹਾਂ ਪੰਜੇ ਆਦਮੀਆਂ ਨੂੰ ਮਿੱਲ ਮਾਲਕ ਤਨਖ਼ਾਹ ਪਹੁੰਚਾਉਂਦੇ ਰਹੇ ਅਤੇ ਜਦੋਂ ਰਿਹਾ ਕੀਤੇ ਗਏ ਉਸ ਮਗਰੋਂ ਇਕ ਆਦਮੀ ਜਿਹੜਾ ਕਲਰਕ ਸੀ ਉਸ ਨੂੰ ਪਰਮੋਸ਼ਨ ਦੇ ਕੇ ਸੁਪਰ-ਵਾਈਜ਼ਰ ਬਣਾ ਦਿੱਤਾ ਗਿਆ ? ਕੀ ਇਸ ਗੱਲ ਦੀ ਇਨਕਆਇਰੀ ਕਰਾਉਣ ਨੂੰ ਸਰਕਾਰ ਤਿਆਰ ਹੈ ?

**ਮੁੱਖ ਸੰਸਦੀ ਸਕੱਤਰ** (ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ) : ਸਪੀਕਰ ਸਾਹਿਬ, ਇਹ ਫਰੈੱਸ਼ ਨੋਟਿਸ ਦੇ ਦੇਣ । ਇਸ ਦੇ ਵਿਚ ਇਸ ਬਾਰੇ ਕੋਈ ਜ਼ਿਕਰ ਨਹੀਂ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਪਾਰਲੀਆ-ਮੈਂਟਰੀ ਸੈਕਟਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੀਆਂ ਗ੍ਰਿਫਤਾਰੀਆਂ ਕੀਤੀਆਂ ਗਈਆਂ ਸਨ ਉਹ ਇਸ ਕਰਕੇ ਕੀਤੀਆਂ ਸਨ ਕਿਉਂਕਿ ਉਹ ਗੈਰ-ਕਾਨੂੰਨੀ ਜਥੇਬੰਦੀਆਂ ਯਾਨੀ ਆਰ. ਐਸ. ਐਸ. ਨਾਲ ਸਬੰਧ ਰੱਖਦੇ ਸਨ, ਲੇਕਿਨ ਉਸ ਮਿੱਲ ਦਾ ਟਾਪ ਦਾ ਮੈਨੇਜਰ ਉਨ੍ਹਾਂ ਦੀ ਪਿੱਠ ਤੇ ਹੈ ਅਤੇ ਜੇਲ੍ਹ ਵਿਚ ਉਨ੍ਹਾਂ ਨੂੰ ਤਨਖਾਹ ਪਹੁੰਚਾਉਂਦਾ ਰਿਹਾ ਅਤੇ ਹੋਰ ਵੀ ਹਰ ਤਰ੍ਹਾਂ ਦੀ ਮਦਦ ਕਰਦਾ ਰਿਹਾ ਹੈ । ਕੀ ਇਸ ਐਲੀਗੇਸ਼ਨ ਦੀ ਇਨਕੁਆਇਰੀ ਕਰਾਉਣ ਲਈ ਤਿਆਰ ਹਨ ਅਤੇ ਜੇ ਠੀਕ ਹੋਵੇ ਤਾਂ ਕੀ ਮੀਸਾ ਦੇ ਤਹਿਤ ਕਾਰਵਾਈ ਕਰਨਗੇ ?

**ਮੁੱਖ ਸੰਸਦੀ ਸਕੱਤਰ** : ਜੇ ਇਹ ਫੈਕਟਸ ਦੇ ਦੇਣਗੇ ਤਾਂ ਅਸੀਂ ਇਨਕੁਆਇਰੀ ਕਰਾ ਲਵਾਂਗੇ ।

---

**ਪਿੰਡ ਮਰਗਿੰਦਪੁਰਾ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਮੁਰੱਬਾਬੰਦੀ ਦੇ ਦੌਰਾਨ ਅਣਵੰਡੀ ਜ਼ਮੀਨ**

***3619. 1. ਸ਼੍ਰੀਮਤੀ ਜਸਦੇਵ ਕੌਰ ਸੰਧੂ,**
**2. ਸਰਦਾਰ ਸੁਖਦੇਵ ਸਿੰਘ ਢੀਂਡਸਾ** } : ਕੀ ਮਾਲ ਅਤੇ ਚੋਣ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

(ੳ) ਪਿੰਡ ਮਰਗਿੰਦਪੁਰਾ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਮੁਰੱਬੇਬੰਦੀ ਦੇ ਦੌਰਾਨ ਕਿੰਨੇ ਏਕੜ ਜ਼ਮੀਨ ਅਣਵੰਡੀ ਰਹੀ;

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਜਸਦੇਵ ਕੌਰ ਸੰਧੂ]

(ਅ) ਕੀ ਉਪਰੋਕਤ ਭਾਗ (ੳ) ਵਿਚ ਦੱਸੀ ਗਈ ਜ਼ਮੀਨ ਨੂੰ ਵੰਡਣ ਸਬੰਧੀ ਸਰਦਾਰ ਸੱਜਨ ਸਿੰਘ ਮਰਗਿੰਦਪੁਰੀ ਅਤੇ ਕੁੱਝ ਹੋਰ ਵਿਅਕਤੀਆਂ ਨੇ ਡਾਇਰੈਕਟਰ, ਮੁਰੱਬੇਬੰਦੀ, ਪੰਜਾਬ, ਜਲੰਧਰ ਨੂੰ ਇਕ ਰਜਿਸਟਰਡ ਪੱਤਰ ਮਿਤੀ 14 ਮਈ, 1975 ਭੇਜਿਆ ? ਜੇਕਰ ਅਜਿਹਾ ਹੋਵੇ ਤਾਂ ਇਹ ਕਿਸ ਤਰੀਕ ਨੂੰ ਪ੍ਰਾਪਤ ਹੋਇਆ ;

(ੲ) ਕੀ ਬੰਦੋਬਸਤ ਅਤੇ ਮੁਰੱਬੇਬੰਦੀ ਅਫਸਰ, ਜਲੰਧਰ ਨੇ ਆਪਣੇ ਪੱਤਰ ਨੰ: ਪੀ. ਕੇ. 2409, ਮਿਤੀ 5 ਸਤੰਬਰ, 1974 ਦੁਆਰਾ ਡਾਇਰੈਕਟਰ, ਮੁਰੱਬੇਬੰਦੀ, ਪੰਜਾਬ, ਜਲੰਧਰ ਨੂੰ ਉਕਤ ਕੇਸ ਦੇ ਸਬੰਧ ਵਿਚ ਮੁਰੱਬੇਬੰਦੀ ਐਕਟ ਦੀ ਧਾਰਾ 42 ਅਧੀਨ ਹੁਕਮ ਜਾਰੀ ਕਰਨ ਲਈ ਬੇਨਤੀ ਕੀਤੀ ;

(ਸ) ਜੇਕਰ ਉਪਰੋਕਤ ਭਾਗ (ੲ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਉਕਤ ਕੇਸ ਵਿਚ ਮੁਰੱਬੇਬੰਦੀ ਦੇ ਡਾਇਰੈਕਟਰ ਨੇ ਕਿਹੜੇ ਹੁਕਮ ਜਾਰੀ ਕੀਤੇ ਅਤੇ ਉਕਤ ਹੁਕਮਾਂ ਦੀ ਰੋਸ਼ਨੀ ਵਿਚ ਅੱਜ ਤਕ ਕੀ ਕਾਰਵਾਈ ਕੀਤੀ ਗਈ ਹੈ, ਜੇਕਰ ਕੋਈ ਕਾਰਵਾਈ ਨਹੀਂ ਕੀਤੀ ਗਈ ਤਾਂ ਇਸ ਦੇ ਕੀ ਕਾਰਨ ਹਨ ?

**ਸਰਦਾਰ ਉਮਰਾਓ ਸਿੰਘ** : (ੳ) 5 ਏਕੜ 7 ਕਨਾਲ 5 ਮਰਲੇ ।

(ਅ) ਨਹੀਂ ਜੀ !

(ੲ) ਹਾਂ ਜੀ !

(ਸ) ਡਾਇਰੈਕਟਰ ਚੱਕਬੰਦੀ ਨੇ ਇਕ ਕੇਸ ਅਪਰ ਡਾਇਰੈਕਟਰ, ਚੱਕਬੰਦੀ, ਪੰਜਾਬ ਨੂੰ ਧਾਰਾ 42 ਮੁਰੱਬਾਬੰਦੀ ਐਕਟ ਅਧੀਨ ਯੋਗ ਕਾਰਵਾਈ ਕਰਨ ਲਈ ਸੌਂਪ ਦਿੱਤਾ ਹੈ । ਇਸ ਕੇਸ ਵਿਚ ਅਜੇ ਤਕ ਅੰਤਮ ਹੁਕਮ ਪਾਸ ਨਹੀਂ ਕੀਤਾ ਗਿਆ ਹੈ ਕਿਉਂ ਜੋ ਕੇਸ ਦੇ ਰਿਕਾਰਡ ਦੀ ਪੂਰਤੀ ਲਈ ਅਤੇ ਸਬੰਧਤ ਹੱਕਦਾਰਾਨ ਨੂੰ ਯੋਗ ਮੌਕਾ ਦੇਣ ਦੀ ਕਾਰਵਾਈ ਕੀਤੀ ਜਾ ਰਹੀ ਹੈ ।

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਸਪੀਕਰ ਸਾਹਿਬ, ਜਵਾਬ ਵਿਚ ਕਿਹਾ ਗਿਆ ਹੈ ਕਿ 5 ਏਕੜ, 7 ਕਨਾਲ 5 ਮਰਲੇ ਜ਼ਮੀਨ ਅਜੇ ਤੱਕ ਅਣਵੰਡੀ ਪਈ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜ਼ਮੀਨ ਅਜੇ ਤਕ ਨਾ ਵੰਡਣ ਦੇ ਕੀ ਕਾਰਨ ਹਨ ਅਤੇ ਨਾਲ ਹੀ ਇਹ ਵੀ ਦੱਸਿਆ ਜਾਵੇ ਕਿ ਇਸ ਦਾ ਕਬਜ਼ਾ ਡਿਪਾਰਟਮੈਂਟ ਨੇ ਕਿਸ ਆਦਮੀ ਨੂੰ ਦਿੱਤਾ ਹੋਇਆ ਹੈ ?

**ਮਾਲ ਤੇ ਚੋਣ ਮੰਤਰੀ** : ਇਹ ਚੀਜ਼ ਸੁਆਲ ਵਿਚ ਨਹੀਂ ਪੁੱਛੀ ਗਈ ਸੀ । ਵੈਸੇ ਮੈਂ ਦਸਿਆ ਹੈ ਕਿ ਇਸ ਬਾਰੇ ਦਫਾ 42 ਅਧੀਨ ਕਾਰਵਾਈ ਕੀਤੀ ਜਾ ਰਹੀ ਹੈ ।

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਸਪੀਕਰ ਸਾਹਿਬ, 1974 ਵਿਚ ਸੈਟਲਮੈਂਟ ਅਫਸਰ ਨੇ ਇਸ ਬਾਰੇ ਰਿਪੋਰਟ ਕਰ ਦਿੱਤੀ ਪਰ ਹੁਣ ਤੱਕ ਡਾਇਰੈਕਟਰ ਨੇ ਕੋਈ ਫੈਸਲਾ ਨਹੀਂ ਕੀਤਾ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੇ ਕਾਰਨ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਇਸ ਬਾਰੇ ਮੈਂ ਪਤਾ ਕਰ ਲਵਾਂਗਾ, ਪਰ ਇਸ ਸੁਆਲ ਵਿਚ ਇਸ ਚੀਜ਼ ਦਾ ਜ਼ਿਕਰ ਨਹੀਂ ਸੀ ਕੀਤਾ ਗਿਆ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਇਹ ਸ਼ੋ ਹੁੰਦਾ ਹੈ ਕਿ ਇਹ 5 ਏਕੜ ਜ਼ਮੀਨ 1974 ਤੋਂ ਅਣਵੰਡੀ ਪਈ ਹੈ। ਇਸ ਜ਼ਮੀਨ ਪਿੱਛੇ ਕਤਲ ਹੋ ਜਾਂਦੇ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜ਼ਮੀਨ ਵੰਡਣ ਦਾ ਕਦ ਤੱਕ ਫੈਸਲਾ ਕਰ ਕੇ ਵੰਡ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਬਚਤ ਦੀ ਜ਼ਮੀਨ ਹੈ ਅਤੇ ਬਚਤ ਦੀ ਜ਼ਮੀਨ ਇਸ ਕਰਕੇ ਰਖੀ ਜਾਂਦੀ ਹੈ ਕਿਉਂਕਿ ਪਿੰਡ ਵਿਚ ਇਸ ਲਈ ਅਪੀਲਾਂ ਚਲਦੀਆਂ ਰਹਿੰਦੀਆਂ ਹਨ ਜਦੋਂ ਅਪੀਲਾਂ ਦਾ ਨਿਪਟਾਰਾ ਹੋ ਜਾਵੇਗਾ ਉਸ ਦੇ ਬਾਅਦ ਇਸ ਜ਼ਮੀਨ ਦੇ ਵੰਡਣ ਦਾ ਫੈਸਲਾ ਕੀਤਾ ਜਾਵੇਗਾ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਕੀ ਮਨਿਸਟਰ ਸਾਹਿਬ ਕਿਸੇ ਐਸੀ ਅਪੀਲ ਦਾ ਜ਼ਿਕਰ ਕਰਨਗੇ ਜਿਹੜੀ ਕਿ ਇਸ ਜ਼ਮੀਨ ਬਾਰੇ ਦਫ਼ਾ 42 ਤਹਿਤ ਚੱਲ ਰਹੀ ਹੋਵੇ ?

**ਮੰਤਰੀ** : ਮੈਂ ਤਾਂ ਜਨਰਲ ਗੱਲ ਕੀਤੀ ਹੈ ਕਿਉਂਕਿ ਜਨਰਲ ਸੁਆਲ ਪੁੱਛਿਆ ਗਿਆ ਸੀ।

**ਚੌਧਰੀ ਕਾਂਸ਼ੀ ਰਾਮ** : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਬਚਤ ਦੀ ਜ਼ਮੀਨ ਬਾਰੇ ਕਿਹਾ ਹੈ ਕਿ ਅਪੀਲਾਂ ਕੀਤੀਆਂ ਜਾਂਦੀਆਂ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬਚਤ ਵਾਲੀ ਜ਼ਮੀਨ ਦਾ ਟਾਈਟਲ ਕੀ ਹੁੰਦਾ ਹੈ।

**ਮੰਤਰੀ** : ਬਚਤ ਵਾਲੀ ਜ਼ਮੀਨ ਕਮੀ-ਬੇਸ਼ੀ ਦੀ ਇਕ ਸਕੀਮ ਵਿਚ ਆਉਂਦੀ ਹੈ। ਇਸ ਸਕੀਮ ਵਿਚ ਇਹ ਪ੍ਰੋਵੀਜ਼ਨ ਹੁੰਦਾ ਹੈ ਕਿ ਅਗਰ ਕੋਈ ਰਾਈਟ ਹੋਲਡਰ ਆ ਜਾਂਦਾ ਹੈ ਤਾਂ ਉਸ ਨੂੰ ਦਿੱਤੀ ਜਾ ਸਕਦੀ ਹੈ।

**ਚੌਧਰੀ ਕਾਂਸ਼ੀ ਰਾਮ** : ਸਪੀਕਰ ਸਾਹਿਬ, ਮੇਰੇ ਸੁਆਲ ਦਾ ਜਵਾਬ ਨਹੀਂ ਆਇਆ। ਇਹ ਟਾਈਟਲ ਦੱਸਣ ਕਿ ਕੀ ਹੁੰਦਾ ਹੈ।

(ਕੋਈ ਉੱਤਰ ਨਹੀਂ ਦਿੱਤਾ ਗਿਆ।)

**ਸਰਦਾਰ ਦਰਬਾਰਾ ਸਿੰਘ** : ਸਪੀਕਰ ਸਾਹਿਬ, ਜਮ੍ਹਾਂਬੰਦੀ ਦੇ ਖਾਨਾ ਮਲਕੀਅੱਤ ਵਿਚ ਜਿਹੜੀ ਜ਼ਮੀਨ ਹੈ ਉਸ ਦੇ ਵਿਚ ਹਿੱਸੇਦਾਰਾਂ ਦੀ ਜ਼ਮੀਨ ਦਿੱਤੀ ਹੁੰਦੀ ਹੈ। ਉਸ ਖਾਨੇ ਵਿਚ ਬਚਤ ਦਾ ਕੋਈ ਲਫ਼ਜ਼ ਨਹੀਂ ਹੁੰਦਾ। ਵਜ਼ੀਰ ਸਾਹਿਬ ਨੇ ਇਹ ਕਿਸ ਤਰ੍ਹਾਂ ਕਹਿ ਦਿੱਤਾ ਹੈ ?

**ਮੰਤਰੀ** : ਸਪੀਕਰ ਸਾਹਿਬ ਮੁਰੱਬਾਬੰਦੀ ਦੇ ਪ੍ਰਾਸੈਸ ਵੇਲੇ ਜ਼ਮੀਨ ਕਈ ਸਾਈਡਾਂ ਤੋਂ ਬੱਚ ਜਾਂਦੀ ਹੈ ਜਿਹੜੀ ਕਿ ਬਚਤ ਖਾਨੇ ਵਿਚ ਚਲੀ ਜਾਂਦੀ ਹੈ। ਕਈ ਵਾਰੀ ਮੇਜਰ ਪੋਰਸ਼ਨ ਦਾ ਮਾਲਕ ਦਫ਼ਾ 42 ਥੱਲੇ ਅਪੀਲ ਕਰ ਦਿੰਦਾ ਹੈ ਅਤੇ ਉਸ ਦੇ ਫੈਸਲੇ ਤੱਕ ਉਹ ਜ਼ਮੀਨ ਬਚਤ ਵਿਚ ਪਈ ਹੁੰਦੀ ਹੈ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਾਨਾ ਰਾਮ** : ਸਪੀਕਰ ਸਾਹਿਬ, ਜਿਸ ਵੇਲੇ ਮੁਰੱਬਾਬੰਦੀ ਹੁੰਦੀ ਹੈ ਅਤੇ ਪਿੰਡ ਦੀ ਜ਼ਮੀਨ ਕੁਝ ਬੱਚ ਜਾਂਦੀ ਹੈ । ਅਗਰ ਵੰਡੀ ਜਾਏ ਤਾਂ ਇਕ ਇਕ ਮਰਲਾ ਵੀ ਨਹੀਂ ਆਉਂਦੀ । ਮੈਂ ਕਹਿੰਦਾ ਹਾਂ ਕਿ ਕਿਉਂ ਨਹੀਂ ਉਹ ਜ਼ਮੀਨ ਪੰਚਾਇਤ ਨੂੰ ਦੇ ਦਿੱਤੀ ਜਾਂਦੀ ?

**ਮੰਤਰੀ** : ਜੇ ਪਿੰਡ ਦੇ ਸਾਰੇ ਸੱਜਣ ਲਿਖ ਕੇ ਦੇ ਦੇਣ ਕਿ ਇਹ ਜ਼ਮੀਨ ਪੰਚਾਇਤ ਨੂੰ ਦੇ ਦਿਉ ਤਾਂ ਗੌਰਮਿੰਟ ਨੂੰ ਕੋਈ ਇਤਰਾਜ਼ ਨਹੀਂ ।

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਜ਼ਮੀਨ ਦਾ ਕਬਜ਼ਾ ਕਿਸ ਕੋਲ ਹੁੰਦਾ ਹੈ, ਪੰਚਾਇਤ ਕੋਲ ਹੁੰਦਾ ਹੈ ਜਾਂ ਕਿਸੇ ਪ੍ਰਾਈਵੇਟ ਆਦਮੀ ਕੋਲ ਹੁੰਦਾ ਹੈ । ਨਾ ਹੀ ਵਜ਼ੀਰ ਸਾਹਿਬ ਨੇ ਟਾਈਮ-ਲਿਸਟ ਦੱਸੀ ਹੈ ਕਿ ਇਸ ਦਾ ਫੈਸਲਾ ਕਦੋਂ ਤੱਕ ਕਰ ਦਿੱਤਾ ਜਾਵੇਗਾ ।

**ਮੰਤਰੀ** : ਸਪੀਕਰ ਸਾਹਿਬ, ਸਵਾਲ ਵਿਚ ਕਬਜ਼ੇ ਬਾਰੇ ਤਾਂ ਕਿਤੇ ਪੁੱਛਿਆ ਨਹੀਂ ਹੈ । ਇਹ ਫਿਰ ਸਵਾਲ ਕਰ ਲੈਣ, ਮੈਂ ਜਵਾਬ ਦੇ ਦੇਵਾਂਗਾ ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਇਕ ਪਿੰਡ ਹੈ । ਉਥੇ ਪੰਜ ਏਕੜ ਜ਼ਮੀਨ ਡਿਵੈਲਪਮੈਂਟ ਵਾਸਤੇ ਰੱਖੀ ਗਈ ਹੈ । ਇਹ ਮਰਲਾ ਮਰਲਾ ਆਉਂਦੀ ਹੈ । ਇਸ ਦਾ ਵੱਡੇ ਲੋਕਾਂ ਨੂੰ ਫ਼ਾਇਦਾ ਪਹੁੰਚਦਾ ਹੈ । ਇਹ ਕਿਉਂ ਨਹੀਂ ਇਸ ਜ਼ਮੀਨ ਨੂੰ ਪੰਚਾਇਤ ਨੂੰ ਦੇ ਦਿੰਦੇ ।

**ਸ੍ਰੀ ਸਪੀਕਰ** : ਇਹ ਇਕ ਸੁਜੈਸ਼ਨ ਹੈ, ਵਜ਼ੀਰ ਸਾਹਿਬ, ਇਸ ਤੇ ਗੌਰ ਕਰ ਲੈਣ ।

## DECLARATION OF BONDED LABOUR AS ILLEGAL

*3649. **Shri Sardari Lal Kapur** : Will the Minister for Finance be pleased to state—

(a) the date on which the bonded labour was declared as illegal in the State;

(b) whether any instances of bonded labour being kept by the Zamindars have come to the notice of the Government after the said declaration; if so, the action taken in the matter ?

**Shri Hans Raj Sharma**: An ordinance providing for the abolition of bonded Labour was issued by the Central Government which extends to the whole of India and has come into force w. e. f. 25th October, 1975. This ordinance becomes Act since 27th January, 1976.

(b) No, Sir.

**ਸ੍ਰੀ ਸਰਦਾਰੀ ਲਾਲ ਕਪੂਰ** : ਕੀ ਮੰਤਰੀ ਜੀ ਇਹ ਦੱਸਣਗੇ ਕਿ ਪਿਛਲੇ 20 ਨੁਕਾਤੀ ਪ੍ਰੋਗਰਾਮ ਦਾ ਜ਼ਿਕਰ ਕਰਦਿਆਂ ਹੋਇਆਂ ਕਿਹਾ ਗਿਆ ਸੀ ਕਿ ਪੰਜਾਬ ਦੇ ਵਿਚ ਬਾਂਡਿਡ ਲੇਬਰ ਬਿਲਕੁਲ ਬੰਦ ਕਰ ਦਿੱਤੀ ਹੈ । ਕੀ ਉਸ ਬਿਆਨ ਨਾਲੋਂ ਇਸ ਜਵਾਬ ਵਿਚ ਫਰਕ ਨਹੀਂ ? ਜਦੋਂ ਉਨ੍ਹਾਂ ਨੇ ਕਿਹਾ ਕਿ ਇਹ ਬੰਦ ਕਰ ਦਿੱਤੀ ਹੈ ਤਾਂ ਇਸ ਦਾ ਮਤਲਬ ਹੈ ਕਿ ਇਹ ਐਗਜ਼ਿਸਟ ਕਰਦੀ ਸੀ । ਹੁਣ ਜਵਾਬ ਦਿੱਤਾ ਹੈ ਕਿ 'ਨਹੀਂ' ।

Original with;
Punjab Vidhan Sabha
Digitized by;
Panjab Digital Library

**ਮੰਤਰੀ :** ਗੌਰਮਿੰਟ ਆਫ਼ ਇੰਡੀਆ ਦਾ ਐਕਟ ਜੋ ਹੈ ਉਹ ਸਾਰੇ ਹਿੰਦੁਸਤਾਨ ਤੇ ਲਾਗੂ ਹੈ, ਪੰਜਾਬ ਤੇ ਵੀ ਲਾਗੂ ਹੈ । ਇਹ ਬਾਂਡਿਡ ਲੇਬਰ ਦੀ ਪ੍ਰਾਬਲਮ ਪੰਜਾਬ ਵਿਚ ਨਹੀਂ ਹੈ ।

**ਕਾਮਰੇਡ ਸੱਤ ਪਾਲ ਡਾਂਗ** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਅਨੇਕਾਂ ਪਿੰਡਾਂ ਵਿਚ ਇਹ ਪੋਜ਼ੀਸ਼ਨ ਹੋਵੇ ਕਿ ਇਕ ਗਰੀਬ ਹਰੀਜਨ ਦੇ ਟੱਬਰ ਦਾ ਜਿਹੜਾ ਕਰਤਾ ਧਰਤਾ ਹੈ ਜਾਂ ਫ਼ੈਮਿਲੀ ਵਿਚ ਵੱਡਾ ਹੈ, ਜੇ ਉਹ ਕਿਸੇ ਕੋਲੋਂ 200 ਰੁਪਏ ਕਰਜ਼ਾ ਲੈ ਲਵੇ ਤਾਂ ਉਹ ਲਾਹੁਣ ਲਈ ਉਸਦੇ 8, 10 ਸਾਲ ਦੇ ਬੱਚੇ, ਲੜਕੇ, ਲੜਕੀਆਂ, ਬੀਵੀ ਮੁਫ਼ਤ ਕੰਮ ਕਰਦੇ ਰਹਿਣ, ਜੇ ਇਹ ਪ੍ਰੈਕਟਿਸ ਪੰਜਾਬ ਦੇ ਪਿੰਡਾਂ ਵਿਚ ਪ੍ਰੀਵੇਲ ਕਰਦੀ ਹੋਵੇ ਤਾਂ ਕੀ ਵਜ਼ੀਰ ਸਾਹਿਬ ਇਸ ਨੂੰ ਬਾਂਡਿਡ ਲੇਬਰ ਨਹੀਂ ਕਹਿਣਗੇ ।

**ਮੰਤਰੀ :** ਇਹ ਤਾਂ ਇਕ ਹੈਪੋਥੈਟੀਕਲ ਕੁਐਸਚਨ ਹੈ । ਤੁਸੀਂ ਮੇਰੇ ਨਾਲ, ਸਪੀਕਰ ਸਾਹਿਬ, ਐਗਰੀ ਕਰੋਗੇ । I know that Dang Sahib is a seasoned parliamentarian. I say with full responsibility that there is no bonded labour problem in Punjab. ਕੋਈ ਭੱਠਿਆਂ ਦੀ ਲੇਬਰ ਹੋਵੇ ਜਾਂ ਜੇ ਕਿਸੇ ਹੋਰ ਜਗ੍ਹਾ ਲੇਬਰ ਨੂੰ ਐਡਵਾਂਸ ਵੇਜਿਜ਼ ਦੇ ਦਿੱਤੇ ਗਏ ਹੋਣ ਤਾਂ ਉਸ ਨੂੰ ਬਾਂਡਿਡ ਲੇਬਰ ਨਹੀਂ ਕਿਹਾ ਜਾ ਸਕਦਾ ।

**ਕਾਮਰੇਡ ਸੱਤ ਪਾਲ ਡਾਂਗ** : ਕੀ ਮਨਿਸਟਰ ਸਾਹਿਬ ਦੇ ਨਾਲਿਜ ਵਿਚ ਇਹ ਹੈ ਕਿ ਪਟਿਆਲੇ ਜ਼ਿਲ੍ਹੇ ਵਿਚ ਸਮਾਣਾ ਤਹਿਸੀਲ ਦੇ ਅੰਦਰ ਘੱਟੋ ਘੱਟ 4, 5 ਪਿੰਡਾਂ ਵਿਚ ਇਸ ਤਰ੍ਹਾਂ ਦੇ ਕੇਸ ਕਮਿਊਨਿਸਟ ਪਾਰਟੀ ਨੇ ਦੱਸੇ ਹਨ ਕਿ ਜੇ ਕਿਸੇ ਪਿੰਡ ਵਿਚ ਕਿਸੇ ਗਰੀਬ ਹਰੀਜਨ ਦੇ ਟੱਬਰ ਨੇ 200 ਰੁਪਏ ਕਰਜ਼ ਲਏ ਸੀ ਤਾਂ ਉਨ੍ਹਾਂ ਦੀਆਂ ਬੀਵੀਆਂ ਬੱਚੇ ਇਤਨੇ ਸਾਲਾਂ ਤੋਂ ਵਗਾਰ ਕਰਦੇ ਸੀ ਉਸ ਕਰਜ਼ੇ ਦਾ ਸੂਦ ਲਾਹੁਣ ਲਈ । ਕੀ ਮਨਿਸਟਰ ਸਾਹਿਬ ਨੂੰ ਇਸ ਚੀਜ਼ ਦਾ ਗਿਆਤ ਹੈ । ਕੀ ਇਹ ਇਸ ਚੀਜ਼ ਦੀ ਇਨਕੁਆਇਰੀ ਕਰਵਾ ਕੇ ਇਸ ਚੀਜ਼ ਨੂੰ ਖਤਮ ਕਰਨ ਨੂੰ ਤਿਆਰ ਹਨ ?

**ਮੰਤਰੀ** : ਇਹ ਚੀਜ਼ ਮੇਰੇ ਨੋਟਿਸ ਵਿਚ ਇਨ੍ਹਾਂ ਨੇ ਲਿਆਂਦੀ ਹੈ, ਮੈਂ ਪਤਾ ਕਰ ਲਵਾਂਗਾ ।

**ਕਾਮਰੇਡ ਦਾਨਾ ਰਾਮ** : ਸਪੀਕਰ ਸਾਹਿਬ, ਮੇਰੇ ਕੋਲ ਅੱਜ ਇਕ ਦਰਖ਼ਾਸਤ ਆਈ ਹੈ । ਮੇਰੇ ਹਲਕੇ ਦਾ ਪਿੰਡ ਰਾਜੇਵਾਲਾ ਹੈ । ਉਥੋਂ ਦਾ ਸਰਪੰਚ ਤਿੰਨ ਸਾਲ ਤੋਂ ਵਗਾਰ ਲਈ ਜਾਂਦਾ ਹੈ । ਕਈ ਦਰਖਾਸਤਾਂ ਉਹ ਦੇ ਚੁਕੇ ਹਨ ਲੇਕਿਨ ਕੋਈ ਸੁਣਦਾ ਹੀ ਨਹੀਂ । ਕੀ ਇਹ ਇਸ ਦੀ ਇਨਕੁਆਇਰੀ ਕਰਵਾਉਣਗੇ ?

**ਮੰਤਰੀ** : ਜੇ ਕੋਈ ਹੋਰ ਲੜਾਈਆਂ ਝਗੜੇ ਹੋਣ, ਉਹ ਇਸ ਐਕਟ ਦੇ ਹੇਠਾਂ ਨਹੀਂ ਆਉਂਦੇ । ਕਿਸੇ ਨੂੰ ਰੁਪਏ ਉਧਾਰ ਦੇ ਕੇ ਫਿਰ ਕੋਈ ਸਾਰੀ ਉਮਰ ਮੁਫ਼ਤ ਕੰਮ ਲਈ ਜਾਵੇ, ਇਹ ਇਸ ਐਕਟ ਦੇ ਅਧੀਨ ਆਉਂਦਾ ਹੈ । ਪਰ ਜੇ ਕੋਈ ਐਡਵਾਂਸ ਵੇਜਿਜ਼ ਦੇ ਦਿੰਦਾ ਹੈ । ਭੱਠਿਆਂ ਦੀ ਲੇਬਰ ਐਡਵਾਂਸ ਵੇਜਿਜ਼ ਲੈ ਲੈਂਦੀ ਹੈ ਫਿਰ ਉਸਦੇ ਬਦਲੇ ਕੰਮ ਕਰਦੇ ਰਹਿੰਦੇ ਹਨ; ਇਹ ਬਾਂਡਿਡ ਲੇਬਰ ਨਹੀਂ ਕਹੀ ਜਾ ਸਕਦੀ । ਬਾਂਡਿਡ ਲੇਬਰ ਬਾਕੀ ਸੂਬਿਆਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਵਿਚ ਬਹੁਤ ਭਿਆਨਕ ਸ਼ਕਲ ਵਿਚ ਸੀ । ਅਗਰ ਕਿਸੇ ਜਗ੍ਹਾ ਕੋਈ ਐਸਾ ਇਨਸੀਡੈਂਟ ਹੋਵੇ ਤਾਂ ਉਸਦੀ ਅਸੀਂ ਫੌਰੀ ਤੌਰ ਤੇ ਇਨਕੁਆਇਰੀ ਕਰਦੇ ਹਾਂ । ਪਰ ਮੇਰੇ ਨੋਟਿਸ ਵਿਚ ਕੋਈ ਕੇਸ ਕਿਸੇ ਦੋਸਤ ਨੇ ਅਜੇ ਤੱਕ ਨਹੀਂ ਲਿਆਂਦਾ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਜ਼ਿਲ੍ਹਾ ਫਿਰੋਜ਼ਪੁਰ ਵਿਚ ਪਿੰਡ ਰਾਜੇਵਾਲ ਵਿਚ ਇਕ ਗਰੀਬ ਆਦਮੀ ਨੇ ਇਕ ਤਗੜੇ ਆਦਮੀ ਕੋਲੋਂ, ਜਿਹੜਾ ਥਾਈ ਚਾਂਸ ਸਰਪੰਚ ਹੈ, ਇਕ ਪੁਰਾਣੇ ਕਰਜ਼ੇ ਦੇ ਸੂਦ ਦੀ ਇਵਜ਼ ਵਿਚ ਬਿਨਾਂ ਤਨਖਾਹ ਮਿਲਿਆਂ ਤਿੰਨ ਸਾਲਾਂ ਤੋਂ ਵਗਾਰ ਤੇ ਕੰਮ ਕਰ ਰਿਹਾ ਹੈ । ਕੀ ਮਨਿਸਟਰ ਸਾਹਿਬ ਇਸ ਪਾਰਟੀਕੁਲਰ ਕੇਸ ਦੀ ਇਨਕੁਆਇਰੀ ਕਰਾਉਣਗੇ ? ਜੇ ਇਹ ਗੱਲ ਠੀਕ ਨਿਕਲੀ ਤਾਂ ਕੀ ਬਾਕੀ ਦੇ ਪਿੰਡਾਂ ਵਿਚ ਵੀ ਇਸ ਚੀਜ਼ ਦੀ ਇਨਕੁਆਇਰੀ ਕਰਾਉਣਗੇ ਕਿ ਕਿਤੇ ਇਹੋ ਜਿਹੇ ਕੇਸ ਤਾਂ ਨਹੀਂ ਹਨ ?

**ਮੁੱਖ ਮੰਤਰੀ** : ਜਾਣਕਾਰੀ ਕਰਾਈ ਗਈ । ਲੇਕਿਨ ਪੰਜਾਬ ਦੇ ਪਿੰਡਾਂ ਵਿਚ ਇਹ ਹੈ ਨਹੀਂ । ਅਗਰ ਕਿਸੇ ਮੈਂਬਰ ਦੇ ਨੋਟਿਸ ਵਿਚ ਇਹ ਚੀਜ਼ ਆਵੇ, ਉਹ ਉਸਨੂੰ ਦੱਸ ਸਕਦਾ ਹੈ । ਮੈਂ ਮੈਂਬਰਾਂ ਉਤੇ ਵੀ ਇਤਨਾ ਬੋਝ ਨਹੀਂ ਪਾਉਣਾ ਚਾਹੁੰਦਾ । ਗੌਰਮਿੰਟ ਸਰਕੂਲਰ ਜਾਰੀ ਕਰੇਗੀ ਤਹਿਸੀਲਦਾਰਾਂ ਨੂੰ, ਪਟਵਾਰੀਆਂ ਨੂੰ ਕਿ ਉਹ ਇਸ ਗੱਲ ਦੀ ਜਾਣਕਾਰੀ ਕਰਨ । (ਥੰਪਿੰਗ) ਕਈ ਦਫ਼ਾ ਕੋਈ ਅਨ-ਆਫੀਸ਼ੀਅਲ ਕਰਜ਼ਾ ਦਿੰਦਾ ਹੈ । ਉਹ ਆਦਮੀ ਵਿਆਜ ਤੋਂ ਬਚਣ ਲਈ, ਉਸ ਆਦਮੀ ਦੇ ਘਰ ਦੀ ਸਫ਼ਾਈ ਕਰ ਦਿੰਦਾ ਹੈ । ਇਸ ਤਰ੍ਹਾਂ ਦੀਆਂ ਚੀਜ਼ਾਂ ਹੁੰਦੀਆਂ ਹਨ । ਅਸੀਂ ਸਰਕੂਲਰ ਜਾਰੀ ਕਰ ਦਿਆਂਗੇ ਕਿ ਜੇ ਕਿਸੇ ਥਾਂ ਉਤੇ ਐਸੀ ਗੱਲ ਹੋ ਰਹੀ ਹੋਵੇ ਤਾਂ ਸਾਨੂੰ ਲਿਖਣ, ਉਸ ਚੀਜ਼ ਨੂੰ ਦੇਖ ਲਿਆ ਜਾਵੇਗਾ ।

**ਸ੍ਰੀ ਸਰਦਾਰੀ ਲਾਲ ਕਪੂਰ** : ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਪਿੰਡਾਂ ਵਿਚ ਜਿਹੜੇ ਚੌਕੀਦਾਰ ਕੰਮ ਕਰਦੇ ਹਨ ਉਨ੍ਹਾਂ ਕੋਲੋਂ ਵੀ ਬਾਂਡਿਡ ਲੇਬਰ ਲਈ ਜਾਂਦੀ ਹੈ । ਉਨ੍ਹਾਂ ਕੋਲੋਂ ਵੀ ਕੰਮ ਕਰਵਾਇਆ ਜਾਂਦਾ ਹੈ । ਕੀ ਇਹ ਗੱਲ ਠੀਕ ਹੈ ਜਾਂ ਨਹੀਂ ?

**ਵਿੱਤ ਮੰਤਰੀ :** ਚੌਕੀਦਾਰਾਂ ਦੇ ਕੰਮ ਦੀ ਬਹੁਤ ਦੇਰ ਤੋਂ ਪਰੰਪਰਾ ਚਲੀ ਆਉਂਦੀ ਹੈ । ਉਨ੍ਹਾਂ ਦੀ ਤਨਖਾਹ ਵੀ ਅਸੀਂ ਵਧਾਈ ਹੈ ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ਸਪੀਕਰ ਸਾਹਿਬ, ਜਿਹੜੇ ਨੰਬਰਦਾਰ ਹੁੰਦੇ ਹਨ ਉਹ ਵੀ ਚੌਕੀਦਾਰਾਂ ਤੋਂ ਬਹੁਤ ਜ਼ਿਆਦਾ ਕੰਮ ਲੈਂਦੇ ਹਨ । ਇਸ ਲਈ ਚੌਕੀਦਾਰ ਦੀ ਬੜੀ ਮਾੜੀ ਹਾਲਤ ਹੁੰਦੀ ਹੈ । ਕੀ ਸਰਕਾਰ ਕੋਈ ਐਸੀ ਹਦਾਇਤ ਕਰੇਗੀ ਕਿ ਨੰਬਰਦਾਰ ਚੌਕੀਦਾਰਾਂ ਤੋਂ ਖ਼ਾਹ-ਮ-ਖ਼ਾਹ ਬਗਾਰ ਨਾ ਲੈਣ ?

**ਮੰਤਰੀ :** ਅੱਜ ਕੱਲ੍ਹ ਕੌਣ ਕਿਸੇ ਤੋਂ ਕੰਮ ਲੈਂਦਾ ਹੈ । ਜਿਹੜਾ ਇੰਡੀਵਿਜੂਅਲ ਕੰਮ ਹੈ, ਉਸਦਾ ਚਕੋਤਾ ਲੈਂਦੇ ਹਨ ਅਤੇ ਮਾਲੀਆ ਜਮ੍ਹਾਂ ਕਰਾਉਂਦੇ ਹਨ ।

**ਸਰਦਾਰ ਕਰਨੈਲ ਸਿੰਘ ਮਰੜੀ** : ਸਪੀਕਰ ਸਾਹਿਬ, ਇਕ ਤਾਂ ਚੌਕੀਦਾਰਾਂ ਤੋਂ ਪੁਲਿਸ ਵਾਲੇ ਬੜਾ ਕੰਮ ਲੈਂਦੇ ਹਨ । ਦੂਜੇ ਨੰਬਰਦਾਰ ਵੀ ਉਨ੍ਹਾਂ ਤੋਂ ਬੜਾ ਕੰਮ ਲੈਂਦੇ ਹਨ । ਤਨਖਾਹ ਨੰਬਰਦਾਰ ਦਿੰਦੇ ਹਨ । ਇਸ ਕਰਕੇ ਪਿੰਡ ਦੀ ਪੰਚਾਇਤ ਬਹੁਤ ਜ਼ਿਆਦਾ ਕੰਮ ਉਸ ਤੋਂ ਲੈਂਦੀ ਹੈ । ਉਨ੍ਹਾਂ ਨੂੰ ਪੰਚਾਇਤ ਵੱਲੋਂ ਵੀ ਤਨਖਾਹ ਮਿਲਣੀ ਚਾਹੀਦੀ ਹੈ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਇਹ ਤਾਂ ਸਵਾਲ ਨਾਲ ਸਬੰਧ ਨਹੀਂ ਰਖਦਾ ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਹੈ ਕਿ ਚੌਕੀਦਾਰਾਂ ਤੋਂ ਪੰਚਾਇਤ ਅਤੇ ਨੰਬਰਦਾਰ ਕੰਮ ਲੈਂਦੇ ਹਨ ਕਿਉਂਕਿ ਉਨ੍ਹਾਂ ਨੂੰ ਤਨਖਾਹ ਹੀ ਇਸ ਲਈ ਦਿੱਤੀ ਜਾਂਦੀ ਹੈ । ਜ਼ਾਤੀ ਕੰਮ ਨਹੀਂ ਲਿਆ ਜਾਂਦਾ । ਥਾਣੇਦਾਰ ਬਹੁਤ ਕੰਮ ਲੈਂਦੇ ਹਨ ਇਸ ਕਰਕੇ ਸਾਡੇ ਤਾਂ ਕੋਈ ਚੌਕੀਦਾਰ ਲਗਦਾ ਹੀ ਨਹੀਂ । ਜੇ ਇਨ੍ਹਾਂ ਕੋਲ ਚੌਕੀਦਾਰ ਜ਼ਿਆਦਾ ਹਨ ਤਾਂ ਸਾਡੇ ਕੋਲ ਭੇਜ ਦੇਣ ।

**ਸ੍ਰੀ ਸਪੀਕਰ** : ਇਨ੍ਹਾਂ ਨੇ ਕਿਹਾ ਹੈ ਕਿ ਪੁਲਿਸ ਚੌਕੀਦਾਰਾਂ ਤੋਂ ਬਹੁਤ ਬੇਗਾਰ ਲੈਂਦੀ ਹੈ ।

**ਮੰਤਰੀ** : ਐਸਾ ਕੋਈ ਵਾਕਿਆ ਨਜ਼ਰ ਨਹੀਂ ਆਇਆ । ਲੇਕਿਨ ਉਨ੍ਹਾਂ ਨੇ ਪੈਸੇ ਵਧਾਉਣ ਲਈ ਰਿਪਰਜ਼ੈਂਟ ਕੀਤਾ ਸੀ । ਉਹ ਵਧਾ ਦਿੱਤੇ ਸਨ ।

MINIMUM WAGES OF AGRICULTURAL LABOURERS IN THE STATE

*3650. **Shri Sardari Lal Kapur** : Will the Minister for Finance be pleased to state the detail of the action taken by the Government during 1975-76 for reviewing the laws relating to minimum wages for agricultural labourers in the State ?

**Hans Raj Sharma** : Government have not undertaken the review of laws relating to minimum wages for agricultural labourers in the State during 1975-76.

**ਸ੍ਰੀ ਸਰਦਾਰੀ ਲਾਲ ਕਪੂਰ** : ਕੀ ਮੰਤਰੀ ਜੀ ਇਹ ਦੱਸਣਗੇ ਕਿ ਸ਼ਹਿਰਾਂ ਦੇ ਵਿਚ ਜਿਹੜੇ ਲੇਬਰ ਕੰਮ ਕਰਦੇ ਹਨ ਅਤੇ ਜਿਹੜੇ ਪਿੰਡਾਂ ਵਿਚ ਕੰਮ ਕਰਦੇ ਹਨ, ਉਨ੍ਹਾਂ ਦੇ ਵੇਜਿਜ਼ ਪੰਜਾਬ ਸਰਕਾਰ ਨੇ ਵਧਾਏ ਹਨ, ਇਹ ਚੰਗੀ ਗੱਲ ਹੈ, ਲੇਕਿਨ ਮੈਂ ਪੁੱਛਦਾ ਹਾਂ ਕਿ ਕੀ ਸਰਕਾਰ ਨੇ ਇਹ ਜਿਹੜੇ ਵੇਜਿਜ਼ ਵਧਾਏ ਹਨ ਉਨ੍ਹਾਂ ਨੂੰ ਜਾਂਚਣ ਦੀ ਕੋਸ਼ਿਸ਼ ਕੀਤੀ ਹੈ ਕਿ ਲੇਬਰ ਨੂੰ ਪੂਰੇ ਪੂਰੇ ਵੇਜਿਜ਼ ਮਿਲਦੇ ਵੀ ਹਨ ਜਾਂ ਨਹੀਂ ?

**ਵਿੱਤ ਮੰਤਰੀ** : ਸਪੀਕਰ ਸਾਹਿਬ ਇਹ ਖੁਸ਼ੀ ਦੀ ਗੱਲ ਹੈ ਕਿ ਅਸੀਂ ਲੇਬਰ ਦੇ ਵੇਜਿਜ਼ ਨੂੰ 1975 ਵਿਚ ਰਿਵਿਊ ਕੀਤਾ ਸੀ ਅਤੇ ਇਸ ਦੇ ਮੁਤੱਲਕ ਹਾਲੇ ਤਕ ਕੋਈ ਸ਼ਿਕਾਇਤ ਨਹੀਂ ਆਈ ਪਰ ਹੁਣ ਸਾਡੀ ਗੌਰਮਿੰਟ ਇਨ੍ਹਾਂ ਦੇ ਵੇਜਿਜ਼ ਨੂੰ ਫਿਰ ਰਿਵਿਊ ਕਰੇਗੀ ਅਤੇ ਜਲਦੀ ਹੀ ਕਰੇਗੀ ।

**ਸ੍ਰੀ ਪਿਆਰਾ ਰਾਮ ਧੰਨੋਵਾਲੀ** : ਸਪੀਕਰ ਸਾਹਿਬ, ਮੈਂ ਸਿਰਫ ਇਤਨਾ ਹੀ ਪੁੱਛਣਾ ਚਾਹੁੰਦਾ ਹਾਂ ਕਿ ਐਗਰੀਕਲਚਰ ਲੇਬਰ ਦੇ ਵੇਜਿਜ਼ ਨੂੰ ਇੰਪਲੀਮੈਂਟ ਕਰਨ ਲਈ ਕੋਈ ਮਸ਼ੀਨਰੀ ਇਸ ਸਰਕਾਰ ਨੇ ਬਣਾਈ ਹੈ ਜਾਂ ਨਹੀਂ ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਪਹਿਲੇ ਸਿਰਫ ਪਟਵਾਰੀ ਅਤੇ ਕਾਨੂੰਗੋ ਹੀ ਇਸ ਕੰਮ ਲਈ ਰਖੇ ਹੋਏ ਸਨ ਪਰ ਹੁਣ ਤਾਂ ਬੀ. ਡੀ. ਓ., ਤਹਿਸੀਲਦਾਰ ਨੂੰ ਵੀ ਇਹ ਪਾਵਰ ਦੇ ਦਿੱਤੀ ਗਈ ਹੈ । ਇਸ ਤੋਂ 12 ਹੋਰ ਕੰਨਸਾਲੀਡੇਸ਼ਨ ਅਫਸਰ ਵੀ 12 ਜ਼ਿਲ੍ਹਿਆਂ ਵਿਚ ਇਸ ਕੰਮ ਲਈ ਮੁਕਰੱਰ ਕੀਤੇ ਹਨ ਜਿਹੜੇ ਕਿ ਇਸ ਨੂੰ ਇੰਪਲੀਮੈਂਟ ਕਰਦੇ ਰਹਿਣਗੇ ।

Original with;
Punjab Vidhan Sabha
Digitized by;
Panjab Digital Library

**'ਸਰਦਾਰ ਦਰਬਾਰਾ ਸਿੰਘ :** ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਨਹੀਂ ਕਿ ਇੰਡਸਟਰੀਅਲ ਲੇਬਰ ਨੂੰ ਐਗਰੀਕਲਚਰ ਲੇਬਰ ਨਾਲੋਂ ਘੱਟ ਵੇਜਿਜ਼ ਦਿੱਤੇ ਜਾਂਦੇ ਹਨ ਅਤੇ ਜੇ ਇਹ ਠੀਕ ਹੈ ਤਾਂ ਕੀ ਇਸ ਡਿਸਕਰੀਮੀਨੇਸ਼ਨ ਨੂੰ ਦੂਰ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਇਹ ਸਵਾਲ ਪਿਛਲੇ ਸੈਸ਼ਨ ਵਿਚ ਵੀ ਕੀਤਾ ਗਿਆ ਸੀ । ਮੈਂ ਇਸ ਦੇ ਬਾਰੇ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇੰਡਸਟਰੀਅਲ ਵਰਕਰਜ਼ ਦੇ ਵੇਜਿਜ਼ ਵੀ ਬਣਾ ਦਿੱਤੇ ਹਨ ਅਤੇ ਇਹ ਵੀ ਕਿਸੇ ਹੋਰ ਪ੍ਰਾਂਤ ਨਾਲੋਂ ਘਟ ਨਹੀਂ ਹਨ । ਲੇਕਿਨ ਇੰਡਸਟਰੀਅਲ ਲੇਬਰਜ਼ ਨੂੰ ਹੋਰ ਵੀ ਕਈ ਸਹੂਲਤਾਂ ਮਿਲਦੀਆਂ ਹਨ । ਪਰ ਫਿਰ ਵੀ ਅਸੀਂ ਇੰਡਸਟਰੀਅਲ ਰੈਵੋਲਿਊਸ਼ਨ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਾਂ ।

Industrial revolution like green revolution has not been achieved in Punjab.

ਅਤੇ ਇਹ ਇੰਡਸਟਰੀਅਲ ਰੈਵੋਲਿਊਸ਼ਨ ਪੰਜਾਬ ਵਿਚ ਆਏਗਾ ਅਤੇ ਫਿਰ ਇਨ੍ਹਾਂ ਦੇ ਵੇਜਿਜ਼ ਹੋਰ ਵੀ ਵਧਾਏ ਜਾ ਸਕਦੇ ਹਨ । ਪਰ ਹੁਣ ਵੀ ਐਗਰੀਕਲਚਰਲ ਲੇਬਰ ਨਾਲੋਂ ਇੰਡਸਟਰੀਅਲ ਲੇਬਰਜ਼ ਨੂੰ ਜ਼ਿਆਦਾ ਸਹੂਲਤਾਂ ਹਨ ਜਿਵੇਂ ਕਿ ਛੁੱਟੀਆਂ, ਡਾਕਟਰੀ ਸਹੂਲਤ ਅਤੇ ਗਰੈਚੂਟੀ ਆਦਿ । ਜਿਹੜੀਆਂ ਕਿ ਐਗਰੀਕਲਚਰਲ ਲੇਬਰਜ਼ ਨੂੰ ਨਹੀਂ ਹਨ ।

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਸਵਾਲ ਤਾਂ ਮੇਰਾ ਛੋਟਾ ਜਿਹਾ ਹੈ ਪਰ ਫ਼ਾਈਨੈਂਸ ਮਨਿਸਟਰ ਸਾਹਿਬ ਜਲਦੀ ਕਨਫਿਊਜ਼ ਕਰ ਦਿੰਦੇ ਹਨ । ਗੱਲ ਇਹ ਹੈ ਕਿ ਮੈਨੂੰ ਸ਼ਹਿਰਾਂ ਅਤੇ ਪਿੰਡਾਂ ਦੋਨਾਂ ਦਾ ਪਤਾ ਹੈ ਕਿਉਂਕਿ ਮੇਰਾ ਇਲਾਕਾ ਹੀ ਇਹੋ ਜਿਹਾ ਹੈ । ਜਿੰਨਾਂ ਸ਼ਹਿਰ ਦੇ ਲੇਬਰ ਨੂੰ ਮਿਲਦਾ ਹੈ । ਉਤਨੇ ਪਿੰਡਾਂ ਦੇ ਲੇਬਰਜ਼ ਨੂੰ ਨਹੀਂ ਮਿਲਦਾ, ਉਸ ਨੂੰ ਕੁਝ ਹੋਰ ਘੱਟ ਮਿਲਦਾ ਹੈ ਮੈਂ ਕਹਿੰਦਾ ਹਾਂ ਕਿ ਇੰਡਸਟਰੀਅਲ ਲੇਬਰ ਅਤੇ ਐਗਰੀਕਲਚਰਲ ਲੇਬਰ ਵਿਚ ਕੋਈ ਫ਼ਰਕ ਨਹੀਂ ਰਹਿਣਾ ਚਾਹੀਦਾ । ਇਸ ਲਈ ਕੀ ਇਹ ਇੰਡਸਟਰੀਅਲ ਲੇਬਰਜ਼ ਨੂੰ ਐਗਰੀਕਲਚਰ ਲੇਬਰਜ਼ ਦੇ ਔਟ ਪਾਰ ਲਿਆਉਣਗੇ ?

**ਮੰਤਰੀ :** ਸਪੀਕਰ ਸਾਹਿਬ, ਇਸ ਵਿਚ ਪਿੰਡਾਂ ਅਤੇ ਸ਼ਹਿਰਾਂ ਦਾ ਸਵਾਲ ਨਹੀਂ ਬਣਦਾ । ਪਰ ਕਿਉਂਕਿ ਇਹ ਆਪ ਕਨਫਿਊਜ਼ ਹੋ ਜਾਂਦੇ ਹਨ ਇਸ ਕਰਕੇ ਇਹ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ । ਅਰਜ਼ ਇਹ ਹੈ ਕਿ ਕਈ ਇੰਡਸਟਰੀਜ਼ ਵਿਚ ਤਾਂ ਅਸੀਂ ਬਰਾਬਰ ਵੀ ਕਰ ਦਿੱਤਾ ਹੈ ਜਿਵੇਂ ਕਿ ਸਿਨੇਮਾ ਇੰਡਸਟਰੀ ਹੈ ਇਸ ਵਿਚ ਬਰਾਬਰ ਵੇਜਿਜ਼ ਕੀਤੇ ਗਏ ਹਨ । ਬਾਕੀ ਇੰਡਸਟਰੀਜ਼ ਨੂੰ ਵੀ ਅਸੀਂ ਛੋੜਨਾ ਨਹੀਂ ਹੈ ਪਰ ਉਨ੍ਹਾਂ ਦਾ ਕੰਪੀਟੀਸ਼ਨ ਹੈ ਨਾਲ ਦੇ ਸੂਬਿਆਂ ਨਾਲ । ਅਸੀਂ ਇੰਡਸਟਰੀ ਨੂੰ ਪੂਰੀਆਂ ਸਹੂਲਤਾਂ ਦੇ ਰਹੇ ਹਾਂ ਤਾਕਿ ਇੰਡਸਟਰੀਅਲ ਡਿਵੈਲਪਮੈਂਟ ਪੰਜਾਬ ਵਿਚ ਹੋ ਜਾਵੇ । ਜਿਸ ਤਰ੍ਹਾਂ ਪੰਜਾਬ ਵਿਚ ਗਰੀਨ ਰੈਵੋਲਿਊਸ਼ਨ ਆਇਆ ਹੈ ਇਸੇ ਤਰ੍ਹਾਂ ਇੰਡਸਟਰੀਅਲ ਰੈਵੋਲਿਊਸ਼ਨ ਵੀ ਆ ਜਾਵੇ । ਅਸੀਂ ਇਹ ਕੋਸ਼ਿਸ਼ ਕਰ ਰਹੇ ਹਾਂ ਕਿ ਉਹ ਦਿਨ ਦੂਰ ਨਹੀਂ ਹੋਵੇਗਾ ਜਦੋਂਕਿ ਪੰਜਾਬ ਵਿਚ ਐਗਰੀਕਲਚਰ ਅਤੇ ਇੰਡਸਟਰੀਅਲ ਲੇਬਰਜ਼ ਦੇ ਵੇਜਿਜ਼ ਹੋਰ ਵੀ ਵਧਾਏ ਜਾਣਗੇ । ਇਸ ਲਈ ਮੈਂ ਕਹਿੰਦਾ ਹਾਂ ਕਿ ਇਸ ਵਿਚ ਇਕ ਕਨਫਿਊਜ਼ਨ ਹੈ ਅਤੇ ਕੈਪਟਨ ਸਾਹਿਬ ਨੂੰ ਇਹ ਪਤਾ ਨਹੀਂ ਕਿ ਜਿਥੇ ਅੱਜ ਪੰਜਾਬ ਦੀ ਐਗਰੀਕਲਚਰ ਪਹੁੰਚ ਗਈ ਹੈ ਉਥੇ ਪੰਜਾਬ ਦੀ ਇੰਡਸਟਰੀ ਨਹੀਂ ਪਹੁੰਚੀ । ਇਸ ਵਾਸਤੇ ਇੰਡਸਟਰੀ ਦੀ ਡਿਵੈਲਪਮੈਂਟ ਵਾਸਤੇ ਕਦਮ ਉਠਾਏ ਜਾ ਰਹੇ ਹਨ ! ਇੰਡਸਟਰੀ ਦੇ ਵੇਜਿਜ਼ ਵੀ 80, 90 ਰੁਪਏ ਤੋਂ 165 ਰੁਪਏ ਤੱਕ ਹੋ ਗਏ ਹਾਂ । ਅਤੇ ਸਿਨੇਮਾ ਇੰਡਸਟਰੀ ਨੂੰ ਤਾਂ ਅਸੀਂ ਬਰਾਬਰ ਤੇ ਲੈ ਆਉਂਦਾ ਹੈ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਅਰਜਨ ਸਿੰਘ ਮਸਤਾਨਾ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇੰਡਸਟਰੀ ਵਾਲੇ ਤਾਂ ਗਰੀਬ ਲੋਕਾਂ ਦਾ ਖ਼ੂਨ ਚੂਸ ਰਹੇ ਹਨ ਅਤੇ ਆਪਣਾ ਫਾਇਦਾ ਉਠਾ ਰਹੇ ਹਨ । ਇੰਡਸਟਰੀਅਲ ਲੇਬਰ ਦਾ ਤਾਂ ਸਤਿਆਨਾਸ ਹੋ ਗਿਆ ਹੈ । ਕੀ ਇਹ ਸਰਕਾਰ ਇਸ ਫ਼ਰਕ ਨੂੰ ਦੂਰ ਕਰੇਗੀ ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਮੈਨੂੰ ਇਹ ਪਤਾ ਹੈ ਕਿ ਕੈਪਟਨ ਸਾਹਿਬ ਨੇ ਜਿਹੜਾ ਸਵਾਲ ਕੀਤਾ ਸੀ, ਉਨ੍ਹਾਂ ਦਾ ਮਤਲਬ ਇਹ ਸੀ ਕਿ ਜਿਮੀਂਦਾਰ ਨੂੰ ਇਹ ਦੱਸਿਆ ਜਾਵੇ ਕਿ ਤੁਹਾਡੇ ਲੇਬਰਜ਼ ਨੂੰ ਤਾਂ ਪੈਸੇ ਵਧ ਮਿਲਦੇ ਹਨ ਅਤੇ ਕਾਰਖਾਨੇ ਵਿਚ ਤਾਂ ਲੇਬਰਜ਼ ਨੂੰ ਇਸ ਨਾਲੋਂ ਘੱਟ ਮਿਲਦੇ ਹਨ । ਪਰ ਮੈਂ ਇਸ ਦੇ ਬਾਰੇ ਬੜੀ ਨਿਰਮਤਾ ਨਾਲ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹਰ ਮੁਲਕ ਵਿਚ ਵੇਜਿਜ਼ ਜਿਹੜੀਆਂ ਹਨ ਉਹ ਉਸ ਸੈਕਟਰ ਦੀ ਡਿਵੈਲਪਮੈਂਟ ਨਾਲ ਜੁੜੀਆਂ ਹੋਈਆਂ ਹਨ । ਮੈਂ ਪਹਿਲੇ ਵੀ ਦਸਿਆ ਹੈ ਕਿ ਐਗਰੀਕਲਚਰ ਲੇਬਰ ਨਾਲੋਂ ਇੰਡਸਟਰੀ ਲੇਬਰਜ਼ ਨੂੰ ਵੱਧ ਸਹੂਲਤਾਂ ਹਨ ਇਨ੍ਹਾਂ ਨੂੰ ਤਾਂ ਓਵਰ ਟਾਈਮ ਵੀ ਮਿਲਦਾ ਹੈ, ਐਕਸੀਡੈਂਟ ਦੀਆਂ ਵੀ ਸਹੂਲਤਾਂ ਹਨ, ਮੈਡੀਕਲ ਇਲਾਜ ਵੀ ਹੈ, ਪ੍ਰਾਵੀਡੈਂਟ ਫੰਡ ਵੀ ਹੈ । ਇਹ ਇਨ੍ਹਾਂ ਸਹੂਲਤਾਂ ਨੂੰ ਧਿਆਨ ਵਿਚ ਰਖ ਕੇ ਵਿਚਾਰ ਕਰ ਲੈਣ, ਤਾਂ ਕੋਈ ਜ਼ਿਆਦਾ ਫ਼ਰਕ ਨਹੀਂ ਨਿਕਲੇਗਾ । ਅਸੀਂ ਇਨ੍ਹਾਂ ਦੋਨੋਂ ਲੇਬਰਜ਼ ਦੀਆਂ 1972 ਤੋਂ ਵੇਜਿਜ਼ ਵਧਾਉਂਦੇ ਰਹੇ ਹਾਂ ਅਤੇ ਹੋਰ ਵੀ ਵਧਾਵਾਂਗੇ ਤਾਂ ਹੀ ਸਮਾਜਵਾਦ ਆ ਸਕਦਾ ਹੈ ।

**ਕੈਪਟਨ ਰਤਨ ਸਿੰਘ** : ਮੇਰੀ ਪਰਸਨਲ ਐਕਸਪਲੇਸ਼ਨ ਹੈ ਜੀ ?

**ਸ੍ਰੀ ਸਪੀਕਰ** : ਡਾਂਗ ਸਾਹਿਬ ਨੂੰ ਸਵਾਲ ਕਰ ਲੈਣ ਦਿਉ ।

**ਕਾਮਰੇਡ ਸੱਤਪਾਲ ਡਾਂਗ** : ਸਪੀਕਰ ਸਾਹਿਬ ਐਗਰੀਕਲਚਰ ਲੇਬਰ ਬਾਰੇ ਹਿੰਦੁਸਤਾਨ ਦੀ ਸਰਕਾਰ ਨੇ ਕਰੇਲਾ ਦੇ ਐਗਰੀਕਲਚਰ ਲੇਬਰ ਐਕਟ ਨੂੰ ਇਕ ਮਾਡਲ ਐਕਟ ਕਰਾਰ ਦਿੱਤਾ ਹੈ, ਉਸ ਵਿਚ ਐਗਰੀਕਲਚਰ ਲੇਬਰ ਦੀ ਤਨਖਾਹ ਤੋਂ ਇਲਾਵਾ ਸਿਕਿਊਰਿਟੀ ਆਫ਼ ਸਰਵਿਸਿਜ਼, ਪ੍ਰਾਵੀਡੈਂਟ ਫੰਡ ਆਦਿ ਦੀਆਂ ਵੀ ਸਹੂਲਤਾਂ ਹਨ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਉਨ੍ਹਾਂ ਲਾਈਨਜ਼ ਤੇ ਚਲਕੇ ਕੋਈ ਲੈਜਿਸਲੇਸ਼ਨ ਇਥੇ ਲਿਆਉਣ ਦਾ ਵਿਚਾਰ ਕਰੇਗੀ ?

**ਮੰਤਰੀ** : ਸਪੀਕਰ ਸਾਹਿਬ, ਉਸ ਵਿਚ ਸਿਰਫ਼ ਵੇਜਿਜ਼ ਹੀ ਨਹੀਂ ਹੋਰ ਵੀ ਕਈ ਚੀਜ਼ਾਂ ਹਨ । ਪਿਛਲੀ ਲੇਬਰਜ਼ ਕਾਨਫਰੈਂਸ ਵਿਚ ਫੈਸਲਾ ਹੋਇਆ ਸੀ ਕਿ ਸੈਂਟਰ ਕੁਝ ਚੀਜ਼ਾਂ ਨੂੰ ਐਡਾਪਟ ਕਰਕੇ ਸਾਨੂੰ ਸਾਰਿਆਂ ਨੂੰ ਲਿਖ ਕੇ ਭੇਜੇਗੀ ਅਤੇ ਫਿਰ ਉਨ੍ਹਾਂ ਗਾਈਡ ਲਾਈਨਜ਼ ਤੇ ਕੰਮ ਕੀਤਾ ਜਾਵੇਗਾ । ਅਸੀਂ ਉਨ੍ਹਾਂ ਗਾਈਡ ਲਾਈਨਜ਼ ਦੀ ਇੰਤਜ਼ਾਰ ਕਰ ਰਹੇ ਹਾਂ. ਹਾਲੇ ਆਈਆਂ ਨਹੀਂ ।

**ਕੈਪਟਨ ਰਤਨ ਸਿੰਘ** : ਮੇਰੀ ਸਪਲੀਮੈਂਟਰੀ ਇਹ ਹੈ ਕਿ ਜੋ ਸਵਾਲ ਇਥੇ ਕੀਤਾ ਜਾਂਦਾ ਹੈ ਉਸ ਦਾ ਆਮ ਤੌਰ ਤੇ ਖਿਲਾਫ਼ ਹੀ ਜਵਾਬ ਦਿੱਤਾ ਜਾਂਦਾ ਹੈ, ਮੈਂ ਤਾਂ ਇਹ ਪੁੱਛਿਆ ਸੀ ਕਿ,

Is it a fact that there is a disparity between the wages prescribed by the Punjab Government for the industrial labour and the agricultural labour., if so, will the Government take steps to bring those wages at par ?

Original with;
Punjab Vidhan Sabha
Digitized by;
Panjab Digital Library

[Finance Minister]

The Government will do everything in its power to increase the wages of the industrial workers as far as possible, But I categorically want to state that these wages cannot be equal today and on the pretext of increasing the wages of industrial workers the w ges of the agricultural works cannot be brought down.

**ਸਰਦਾਰ ਦਰਬਾਰਾ ਸਿੰਘ** : ਇਸ ਗੱਲ ਨੂੰ ਮੁੱਖ ਰਖਦੇ ਹੋਏ ਕਿ ਕਈਆਂ ਕੰਮਾਂ ਵਿਚ ਪੰਜਾਬ ਨੇ ਹਮੇਸ਼ਾਂ ਪਹਿਲ ਕੀਤੀ ਹੈ, ਕੇਰਲਾ ਸਰਕਾਰ ਨੇ ਐਗਰੀਕਲਚਰ ਲੇਬਰ ਵਾਸਤੇ, ਉਨ੍ਹਾਂ ਦੀ ਸਕਿਉਰਿਟੀ ਆਫ ਸਰਵਿਸ ਵਾਸਤੇ, ਪ੍ਰਾਵੀਡੈਂਟ ਫੰਡ ਵਾਸਤੇ ਲੇਬਰ ਲਈ ਚੰਗੀਆਂ ਗੱਲਾਂ ਲੈਜਿਸਲੇਟ ਕੀਤੀਆਂ ਹਨ. ਪੰਜਾਬ ਸਰਕਾਰ ਵੀ ਆਇਆ ਸੈਂਟਰਲ ਪੈਟਰਨ ਨੂੰ ਨਾ ਵੇਖਦੇ ਹੋਏ ਆਪਣੇ ਤੌਰ ਤੇ ਕੋਈ ਇਸ ਤਰ੍ਹਾਂ ਦੀ ਲੈਜਿਸਲੇਸ਼ਨ ਲਿਆਉਣ ਲਈ ਤਿਆਰ ਹੈ ?

**ਮੰਤਰੀ** : ਸਪੀਕਰ ਸਾਹਿਬ, ਪਹਿਲਾਂ ਐਕਸੀਡੈਂਟ ਹੋ ਜਾਣ ਤੇ ਕੰਪੈਨਸੇਸ਼ਨ ਨਹੀਂ ਸੀ ਮਿਲਦਾ, ਉਹ ਵੀ ਅਸੀਂ ਲਾਗੂ ਕਰ ਦਿੱਤਾ ਹੈ ਔਰ ਕੇਰਲਾਂ ਵਾਲਿਆਂ ਨੇ ਉਸ ਨੂੰ ਫਾਲੋ ਕੀਤਾ ਹੈ। ਲੇਕਿਨ ਦੂਸਰੀਆਂ ਚੀਜ਼ਾਂ ਜਿਹੜੀਆਂ ਹਨ ਉਨ੍ਹਾਂ ਬਾਰੇ ਪ੍ਰਾਈਮ ਮਨਿਸਟਰ ਆਫ ਇੰਡੀਆਂ ਦੇ ਟਵੈਂਟੀ ਪੁਆਇੰਟ ਪ੍ਰੋਗਰਾਮ ਹੇਠ ਸੈਂਟਰ ਵਲੋਂ ਸਾਨੂੰ ਕੰਪਰੀਹੈਂਸਿਵ ਪ੍ਰੋਗਰਾਮ ਆ ਰਿਹਾ ਹੈ, ਅਸੀਂ ਉਸ ਦੇ ਮੁਤਾਬਿਕ ਪੂਰਾ ਪੂਰਾ ਅਮਲ ਕਰਾਂਗੇ। (ਵਿਘਨ)

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਸਪੀਕਰ ਸਾਹਿਬ, ਇਨ੍ਹਾਂ ਦੇ ਬਿਆਨਾਂ ਤੋਂ, ਅਖਬਾਰਾਂ ਦੀਆਂ ਖਬਰਾਂ ਨੂੰ ਪੜ੍ਹ ਕੇ ਇਹ ਮਹਿਸੂਸ ਹੁੰਦਾ ਹੈ ਕਿ ਇੰਡਸਟਰੀ ਵਿਚ ਰਾਅ ਮੈਟੀਰਅਲ ਜਿਹੜਾ ਯੂਜ਼ ਹੁੰਦਾ ਹੈ, ਉਸਦੀਆਂ ਕੀਮਤਾਂ ਘਟੀਆਂ ਹਨ, ਔਰ ਬਲੈਕ ਮਾਰਕੀਟ ਘਟੀ ਹੈ ਪਰ ਐਗਰੀਕਲਚਰ ਇਨਪੁਟਸ ਜਿਹੜੀਆਂ ਹਨ ਉਨ੍ਹਾਂ ਦੀ ਕੀਮਤ ਉਥੇ ਹੀ ਖੜ੍ਹੀ ਹੈ। ਇਸ ਲਈ ਇਹ ਅਨਾਜ ਦੀਆਂ ਕੀਮਤਾਂ ਵਧਾਉਣ ਲਈ ਯਤਨ ਕਿਉਂ ਨਹੀਂ ਕਰਵਾਉਂਦੇ ?

**ਮੰਤਰੀ** : ਮੈਂ ਜਵਾਬ ਦੇ ਬੈਠਾ ਹਾਂ ਜੀ।

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਸਪੀਕਰ ਸਾਹਿਬ, ਹੱਦ ਹੋ ਗਈ, ਸਾਡੇ ਸਵਾਲ ਦਾ ਜਵਾਬ ਵੀ ਨਹੀਂ ਮਿਲਦਾ।

**ਚੌਧਰੀ ਰਾਮ ਸਿੰਘ** : 20-ਪੁਆਇੰਟ ਪ੍ਰੋਗਰਾਮ ਲਈ ਜ਼ਰੂਰੀ ਹੈ ਕਿ ਇੰਡਸਟਰੀਅਲ ਵਰਕਰਜ਼ ਦੀਆਂ ਉਜਰਤਾਂ ਵਧਾ ਦਿੱਤੀਆਂ ਜਾਣ। ਕਿਆ ਸਰਕਾਰ ਕੋਈ ਟਾਈਮ ਮੁਕੱਰਰ ਕਰੇਗੀ ਕਿ ਉਸ ਸਮੇਂ ਤੱਕ ਉਜਰਤਾਂ ਵਧਾ ਦਿੱਤੀਆਂ ਜਾਣਗੀਆਂ ?

**ਮੰਤਰੀ** : ਰੂਲਜ਼ ਵਿਚ ਅਸੀਂ ਅਮੈਂਡਮੈਂਟ ਕੀਤੀ ਹੈ ਕਿ ਅਸੀਂ ਰੀਵਿਊ ਕਰ ਸਕਦੇ ਹਾਂ ਹਰ ਤਿੰਨ ਮਹੀਨੇ ਬਾਅਦ। ਸਪੀਕਰ ਸਾਹਿਬ, ਫਾਰਚੂਨੇਟ ਗੱਲ ਇਹ ਹੋਈ ਹੈ ਕਿ ਐਗਰੀਕਲਚਰ ਦੀਆਂ ਇਨਪੁਟਸ ਦੀਆਂ ਕੀਮਤਾਂ ਘੱਟ ਗਈਆਂ ਹਨ। (ਆਵਾਜ਼ਾਂ) ਵਧੀਆਂ ਕਿਤਨੀਆਂ ਹਨ, ਇਹ ਦੱਸੋ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਅਸੈਨਸ਼ਿਅਲ ਕਮਾਡਿਟਿਜ਼ ਦਾ ਕਾਸਟ ਆਫ ਇੰਡੈਕਸ ਘਟਦਾ ਜਾ ਰਿਹਾ ਹੈ। ਡੀ.ਏ. ਵਗੈਰਾ ਜਿਹੜਾ ਕਿ ਪਹਿਲਾਂ ਹੋਰ ਉਪਰ ਨੂੰ ਚੜ੍ਹਦਾ ਜਾ ਰਿਹਾ ਸੀ, ਹੁਣ ਨੀਚੇ ਨੂੰ ਆ ਰਿਹਾ ਹੈ। ਅਸੀਂ ਮੁਕੰਮਲ ਤਨਖ਼ਾਹਾਂ ਦੇਵਾਂਗੇ, ਤਨਖ਼ਾਹਾਂ ਦਾ ਖਿਆਲ ਰੱਖਾਂਗੇ ਔਰ ਜਿਤਨੀਆਂ ਐਗਰੀਕਲਚਰ ਦੇ ਸਕਦਾ ਹੈ, ਇੰਡਸਟਰੀ ਦੇ ਸਕਦੀ ਹੈ, ਉਸ ਨੂੰ ਵੀ ਸਾਹਮਣੇ ਰੱਖਾਂਗੇ।

---

## COMPLAINT AGAINST THE MANAGER, EGERTON WOOLLEN MILLS, DHARIWAL.

***3674. Comrade Shamsher Singh Josh** : Will the Minister for Finance be pleased to state :—

a) Whether the Government received a complaint from General Secretary, Karkhana Worker Union, Dhariwal addressed to the Chief Minister regarding anti national activities of the Manager, Egerton Woollen Mills, Dhariwal, District Gurdaspur after the promulgation of emergency, i.e. 26.6.75, if so, the action taken thereon ?

**Shri Hans Raj Sharma** : Yes. The matter concerning Labour Department was got inquired into and no substance was found in the allegations.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਫਾਇਨਾਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਐਲੀਗੇਸ਼ਨ ਸਬਸਟਾਂਸ਼ੀਏਟ ਨਹੀਂ ਹੋਇਆ, ਐਲੀਗੇਸ਼ਨ ਸਾਬਤ ਨਹੀਂ ਹੋਇਆ, ਪਰ ਹੁਣੇ ਹੀ ਸਰਕਾਰ ਨੇ ਕਾਮਰੇਡ ਰਾਜ ਕੁਮਾਰ ਜੀ ਦੇ ਸਵਾਲ ਨੰ: 3689 ਦਾ ਜਵਾਬ ਦਿੰਦੇ ਹੋਏ ਮੰਨਿਆ ਹੈ ਕਿ ਨਿਊ ਈਗਰਟਨ ਵੂਲਨ ਮਿਲਜ਼, ਧਾਰੀਵਾਲ ਜਿੱਥੇ ਇਹ ਮੈਨੇਜਰ ਹੈ, ਦੇ ਪੰਜ ਵਰਕਰਜ਼ ਨੂੰ ਡਿਫੈਂਸ ਆਫ ਇੰਡੀਆ ਰੂਲਜ਼ ਥਲੇ, ਗਿਆਨੀ ਜ਼ੈਲ ਸਿੰਘ ਵਿਰੁੱਧ, ਪ੍ਰਾਈਮ ਮਨਿਸਟਰ ਦੇ ਵਿਰੁੱਧ ਨਾਹਰੇ ਲਗਾਂਦੇ ਹੋਏ ਫੜੇ ਗਏ ਸੀ ਔਰ ਉਨ੍ਹਾਂ ਪੰਜਾਂ ਵਿਅਕਤੀਆਂ ਨੂੰ ਜੇਲ੍ਹ ਵਿਚ ਰਹਿੰਦਿਆਂ ਹੋਇਆ ਨੂੰ ਮੈਨੇਜਰ ਤਨਖ਼ਾਹ ਦਿੰਦਾ ਰਿਹਾ ਹੈ। ਉਨ੍ਹਾਂ ਦੀ ਸਰਵਿਸ ਬ੍ਰੇਕ ਵੀ ਨਹੀਂ ਹੋਣ ਦਿੱਤੀ। ਜਨਰਲ ਸੈਕੇਟਰੀ, ਕਾਰਖਾਨਾਂ ਯੂਨੀਅਨ ਨੇ ਇਹ ਦੱਸਿਆ ਸੀ ਕਿ ਉਨ੍ਹਾਂ ਨੂੰ ਫੜਿਆ ਹੈ ਔਰ ਮੈਨੇਜਰ ਉਨ੍ਹਾਂ ਨੂੰ ਤਨਖ਼ਾਹ ਦਿੰਦਾ ਰਿਹਾ ਹੈ ਪਰ ਇਹ ਕਹਿੰਦੇ ਹਨ ਕਿ ਕੋਈ ਸਬਸਟਾਂਸ ਨਹੀਂ ਮਿਲਿਆ।

**ਸ੍ਰੀ ਸਪੀਕਰ** : ਤੁਸੀਂ ਪੁੱਛਣਾ ਕੀ ਚਾਹੁੰਦੇ ਹੋ ?....

**ਮੰਤਰੀ** : ਇਹ ਸਵਾਲ ਪਹਿਲਾਂ ਵੇਖ ਲੈਣ।

**ਸ੍ਰੀ ਸਪੀਕਰ** : ਸ਼ਰਮਾ ਜੀ ਪਹਿਲਾਂ ਉਨ੍ਹਾਂ ਨੂੰ ਪੁੱਛ ਲੈਣ ਦਿਉ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਮੈਂ ਸਪੀਕਰ ਸਾਹਿਬ, ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿਸ ਆਧਾਰ ਤੇ ਕਹਿੰਦੇ ਹਨ ਕਿ ਕੋਈ ਸਬਸਟਾਂਸ ਨਹੀਂ ਮਿਲਿਆ ਜਦੋਂ ਕਿ ਪੰਜ ਵਰਕਰ ਡੀ. ਆਈ. ਆਰ. ਥੱਲੇ ਫੜੇ ਗਏ ਔਰ ਉਨ੍ਹਾਂ ਨੂੰ ਤਨਖ਼ਾਹਾਂ ਦਿੱਤੀਆਂ ਗਈਆਂ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਸਵਾਲ ਦਾ ਤਾਂ ਇਹ ਹੀ ਜਵਾਬ ਨਿਕਲੇਗਾ। ਸਵਾਲ ਇਹ ਹੈ ਕਿ ਕਿਆ ਚੀਫ਼ ਮਨਿਸਟਰ ਸਾਹਿਬ ਨੂੰ ਜਨਰਲ ਸੈਕਟਰੀ, ਕਾਰਖ਼ਾਨਾ ਵਰਕਰਜ਼ ਯੂਨੀਅਨ, ਧਾਰੀਵਾਲ ਵਲੋਂ ਲੈਟਰ ਲਿਖਿਆ ਗਿਆ regarding anti-national activities of the Manager, Egerton Wollen Mills, Dhariwal, District Gurdaspur after the promulgation of emergency. ਇਹ ਸਵਾਲ ਸੀ। ਅਸੀਂ ਇਨਕੁਆਇਰੀ ਕੀਤੀ ਹੈ। ਐਂਟੀ-ਨੈਸ਼ਨਲ ਐਕਟਿਵਿਟੀ ਸਾਡੇ ਨੋਟਿਸ ਵਿਚ ਨਹੀਂ ਆਈ। ਪਰ ਅੱਜ ਸਵਾਲ ਇਹ ਕੀਤਾ ਸੀ ਕਿ ਅਗਰ ਕੋਈ ਐਸੀ ਚੀਜ਼ ਸਰਕਾਰ ਦੇ ਨੋਟਿਸ ਵਿਚ ਲਿਆਂਦੀ ਜਾਵੇਗੀ ਤਾਂ ਕੀ ਸਰਕਾਰ ਇਨਕੁਆਇਰੀ ਕਰੇਗੀ। ਉਹ ਜਵਾਬ ਆ ਚੁਕਾ ਹੈ ਕਿ ਸਰਕਾਰ ਇਨਕੁਆਇਰੀ ਕਰੇਗੀ। ਮੈਂ ਤਾਂ ਲੇਬਰ ਡਿਪਾਰਟਮੈਂਟ ਨੂੰ ਪੁੱਛਿਆ ਸੀ ਤਾਂ ਉਨ੍ਹਾਂ ਨੇ ਕਿਹਾ ਕਿ ਸਾਡੇ ਪਾਸ ਕੋਈ ਸ਼ਕਾਇਤ ਨਹੀਂ ਆਈ।

(ਇਸ ਸਮੇਂ ਚੌਧਰੀ ਜਗਤ ਰਾਮ ਜੀ ਵਲੋਂ ਵਿਘਨ)

**ਕਾਮਰੇਡ ਰਾਜ਼ਕੁਮਾਰ** : ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਲੇਬਰ ਮਹਿਕਮੇ ਦੀਆ ਨਜ਼ਰਾਂ ਵਿਚ ਉਹ ਸਰਗਰਮੀਆਂ ਐਂਟੀ-ਨੈਸ਼ਨਲ ਨਹੀਂ ਜਿਹੜੀਆਂ ਸਰਗਰਮੀਆਂ ਪੁਲੀਸ ਦੇ ਮਹਿਕਮੇਂ ਵਿਚ ਐਂਟੀ-ਨੈਸ਼ਨਲ ਸਨ ? ਡਿਫੈਂਸ ਆਫ਼ ਇੰਡੀਆ ਰੂਲਜ਼ ਦੇ ਥਲੇ ਸਬਵਰਸਿਵ ਐਕਟੀਵਿਟੀਜ਼, ਤੋੜ ਫੋੜ ਦੀਆਂ ਐਕਟਿਵਿਟੀਜ਼ ਐਂਟੀ—ਨੈਸ਼ਨਲ ਹਨ ਜਿਸ ਕਰਕੇ ਉਨ੍ਹਾਂ ਆਦਮੀਆਂ ਨੂੰ ਪੁਲੀਸ ਨੇ ਫੜਿਆ ਸੀ ਤਾਂ ਕੀ ਲੇਬਰ ਡਿਪਾਰਟਮੈਂਟ ਇਸ ਕਿਸਮ ਦੀਆਂ ਤੋੜ ਫੋੜ ਦੀਆਂ ਕਾਰਵਾਈਆ ਨੂੰ, ਜਿਹੜੀਆਂ ਕਿ ਮੈਂ ਪਹਿਲਾਂ ਦੱਸੀਆਂ ਹਨ, ਐਂਟੀ-ਨੈਸ਼ਨਲ ਨਹੀਂ ਸਮਝਦਾ ?

**ਮੰਤਰੀ** : ਜਿਹੜੀਆਂ ਤੁਸੀਂ ਐਕਟਿਵਿਟੀਜ਼ ਦੱਸੀਆਂ ਹਨ ਇਹ ਬਿਲਕੁਲ ਐਂਟੀ-ਨੈਸ਼ਨਲ ਹਨ। ਇਸ ਦਾ ਫ਼ੈਸਲਾ ਹੋਮ ਡਿਪਾਰਟਮੈਂਟ ਨੇ ਕਰਨਾ ਹੈ, ਉਹ ਇਸ ਦੀ ਇਨਕੁਆਇਰੀ ਕਰਵਾ ਕੇ ਇਤਲਾਹ ਦੇਵੇਗਾ, ਜਿਸ ਤਰ੍ਹਾਂ ਕਿ ਅੱਜ ਗੌਰਮਿੰਟ ਨੇ ਵਾਇਦਾ ਕੀਤਾ ਹੈ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਜਦੋਂ ਸਰਕਾਰ ਨੇ ਪਹਿਲਾਂ ਲੇਬਰ ਡਿਪਾਰਟਮੈਂਟ ਪਾਸੋਂ ਇਨਕੁਆਰੀ ਕਰਵਾਈ ਹੈ ਤਾਂ ਕੀ ਹੋਮ ਡਿਪਾਰਟਮੈਂਟ ਤੋਂ ਵੀ ਇਨਕੁਆਰੀ ਕਰਾਉਣ ਦੀ ਲੋੜ ਹੈ ?

## STARRED QUESTION No. 3542

**Mr. Speaker** : Extension has been asked for in respect of Starred Question No. *3542

ਵਿਸ਼ਾ :—ਸਟਾਰਡ ਅਸੈਂਬਲੀ ਸਵਾਲ ਨੰ: 3542

ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 3542 ਜੋ ਮਿਤੀ 26.3.1976 ਲਈ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਸੱਘੜ ਸਿੰਘ ਐਮ. ਐਲ. ਏ. ਅਤੇ ਕਾਮਰੇਡ ਸੱਤ ਪਾਲ ਡਾਂਗ ਐਮ. ਐਲ. ਏ. ਵਲੋਂ ਦਰਜ ਹੈ, ਦਾ ਜੁਆਬ ਅਜੇ ਤਿਆਰ ਨਹੀਂ ਹੋ ਸਕਿਆ ਹੈ।

Original with;
Punjab Vidhan Sabha
Digitized by;
Panjab Digital Library

ਇਹ ਸੂਚਨਾ ਸਪੀਕਰ ਸਾਹਿਬ ਦੀਂ ਸੇਵਾ ਵਿਚ ਭੇਜਕੇ ਬੇਨਤੀ ਕੀਤੀ ਜਾਵੇ ਕਿ ਪੰਜਾਬ ਵਿਧਾਨ ਵਿਚ ਕਾਰਜ ਵਿਧੀ ਅਤੇ ਸੰਚਾਲਣ ਨਿਯਮ 41 ਦੇ ਉਪਬੰਧ (11) ਦੇ ਅਧੀਨ ਇਸ ਸਵਾਲ ਲਈ 15 ਦਿਨਾਂ ਦਾ ਵਾਧਾ ਦੇਣ ਦੀ ਕਿਰਪਾਲਤਾ ਕਰਨ ।

ਸਹੀ/-

ਗੁਰਮੇਲ ਸਿੰਘ

ਸਿਖਿਆ ਮੰਤਰੀ, ਪੰਜਾਬ ।

ਸੇਵਾ ਵਿਖੇ

ਸਕੱਤਰ, ਪੰਜਾਬ ਵਿਧਾਨ ਸਭਾ,

ਚੰਡੀਗੜ੍ਹ ।

ਮਿਤੀ ਮਾਰਚ, 1976.

ਗ. ਸ. ਪ: ਨੰ: 1776-4 ਸਿ 2—76/

## B. ED. COLLEGES IN THE STATE

***3665. Sardar Gurbachan Singh** (Ropar) : Will the Minister for Education be pleased to state the district-wise number of B. Ed. Colleges in the State ?

**ਚੌਧਰੀ ਗੁਰਮੇਲ ਸਿੰਘ** : ਬੀ. ਐਡ. ਕਾਲਜਾਂ ਦੀ ਜ਼ਿਲ੍ਹਾਂ ਵਾਰ ਗਿਣਤੀ ਨਿਮਨ ਲਿਖਤ ਹੈ :

| | | |
|---|---|---|
| (1) | ਅੰਮ੍ਰਿਤਸਰ | 2 |
| (2) | ਜਲੰਧਰ | 3 |
| (3) | ਕਪੂਰਥਲਾ | 2 |
| (4) | ਪਟਿਆਲਾ | 1 |
| (5) | ਫਰੀਦਕੋਟ | 3 |
| (6) | ਫਿਰੋਜ਼ਪੁਰ | 2 |
| (7) | ਹੁਸ਼ਿਆਰਪੁਰ | 1 |
| (8) | ਲੁਧਿਆਣਾ | 3 |

**ਸਰਦਾਰ ਗੁਰਬਚਨ ਸਿੰਘ** (ਰੋਪੜ) : ਸਪੀਕਰ ਸਾਹਿਬ, ਅੱਠ ਜ਼ਿਲ੍ਹਿਆਂ ਵਿਚ ਬੀ. ਐਡ. ਕਾਲਿਜ ਦਿੱਤੇ ਗਏ ਹਨ ਪਰ ਰੋਪੜ ਦੇ ਜ਼ਿਲ੍ਹੇ ਦੇ ਵਿਚ ਕਦੇ ਵੀ ਨਹੀਂ ਦਿੱਤਾ ਗਿਆ । ਮੈਂ ਐਜੂਕੇਸ਼ਨ ਮਨਿਸਟਰ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਸਾਲ 1976-1977 ਲਈ ਜਿਸ ਦੀਆਂ ਕਲਾਸਾਂ ਕਿ ਅਪ੍ਰੈਲ ਤੋਂ ਚਲਣੀਆਂ ਹਨ, ਇਕ ਬੀ. ਐਡ. ਕਾਲਿਜ ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰਿਅਲ ਕਾਲਿਜ Bela near Chamkaur Sahib, ਸ਼ਾਹਪੁਰ Teh. & Distt. Ropar ਦੂਜਾ ਕਾਂਸ਼ੀ ਰਾਮ College ਭਾਗੂ ਮਾਜ਼ਰਾ ਦੇਣ ਨੂੰ ਤਿਆਰ ਹਨ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ ਪੰਜਾਬ ਦੇ 12 ਜ਼ਿਲ੍ਹੇ ਹਨ ਜਿਨ੍ਹਾਂ ਵਿਚ 8 ਜ਼ਿਲ੍ਹਿਆਂ ਵਿਚ ਇਹ training centre ਦਿੱਤੇ ਗਏ ਹਨ, ਬਾਕੀ ਚਾਰ ਜ਼ਿਲ੍ਹਿਆਂ ਵਿਚ ਨਹੀਂ ਦਿੱਤੇ ਗਏ । ਇਹ ਜ਼ਿਲ੍ਹਾਂ ਵਾਰ ਨਹੀਂ ਦਿਤੇ ਜਾਂਦੇ ਬੀ. ਐਡ. ਦੀਆਂ ਕਲਾਸਾਂ ਸ਼ੁਰੂ ਕਰਨ ਤੋਂ ਪਹਿਲਾਂ ਇਹ ਵੇਖਣਾ ਹੁੰਦਾ ਹੈ ਕਿ ਉਥੇ ਫ਼ਰਨੀਚਰ ਹੈ, ਬਿਲਡਿੰਗ ਹੈ ਔਰ ਇਲਾਕੇ ਦੀ ਲੋੜ ਨੂੰ ਵੇਖਣਾ ਹੁੰਦਾ ਹੈ । ਲੋੜ ਤਾਂ ਮੈਂ ਮੰਨਦਾ ਹਾਂ ਕਿ ਰੋਪੜ ਵਿਚ ਵੀ ਹੈ, ਇਨ੍ਹਾਂ ਚਾਰ ਜ਼ਿਲ੍ਹਿਆਂ ਵਿਚ ਹੀ ਹੈ ਲੇਕਿਨ ਜੋ ਸਾਨੂੰ ਜ਼ਰੂਰੀ ਚੀਜ਼ਾਂ ਚਾਹੀਦੀਆਂ ਹਨ ਉਹ ਅਸੀਂ ਜ਼ਰੂਰ ਵੇਖਾਂਗੇ । ਜਦੋਂ ਨਵੇਂ training ਸੈਂਟਰ ਖੋਲ੍ਹਣੇ ਹੋਣਗੇ ਤਾਂ ਰੋਪੜ ਜ਼ਿਲ੍ਹੇ ਦਾ ਕੇਸ ਹਮਦਰਦੀ ਨਾਲ ਕਨਸਿਡਰ ਕਰਾਂਗੇ

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਅੱਜ ਕਲ ਪ੍ਰੋਗਰਾਮ ਚਲ ਰਿਹਾ ਹੈ ਕਿ ਗਰੀਬਾਂ ਨੂੰ ਤਰੱਕੀ ਦੇਣੀ ਹੈ ਅਤੇ ਅਗੇ ਲੈ ਕੇ ਜਾਣਾ ਹੈ ਪਰ ਵਜ਼ੀਰ ਸਾਹਿਬ ਨੇ ਰੋਪੜ ਜ਼ਿਲ੍ਹੇ ਦੀ ਮਿਸਾਲ ਦਿੱਤੀ ਹੈ । ਇਸ ਤਰ੍ਹਾਂ ਜ਼ਿਲ੍ਹਾ ਬਠਿੰਡੇ ਦੀ ਮਿਸਾਲ ਮੈਂ ਦਿੰਦਾ ਹਾਂ ਕਿ ਉਥੇ ਕਿੰਨੀ ਬੇ-ਰੋਜ਼ਗਾਰੀ ਹੈ । ਪਰ ਇਨ੍ਹਾਂ ਨੇ ਤਾਂ ਮੇਜ਼ ਕੁਰਸੀਆਂ ਦਾ ਬਹਾਨਾ ਲਗਾ ਦਿੱਤਾ ਹੈ । ਪਰ ਮੈਂ ਇਨ੍ਹਾਂ ਨੂੰ ਪੈਸੇ ਲੋਕਾਂ ਕੋਲੋਂ ਇਕੱਠੇ ਕਰਵਾ ਕੇ ਦੇਣ ਲਈ ਤਿਆਰ ਹਾਂ ਕਿ ਇਹ ਕਾਲਜ ਖੋਲਣ ਵਾਸਤੇ ਉਥੇ ਤਿਆਰ ਹਨ ।

ਮੰਤਰੀ : ਸਪੀਕਰ ਸਾਹਿਬ, ਮੈਂ ਰੋਪੜ ਜ਼ਿਲ੍ਹੇ ਦੇ ਬਾਰੇ ਜਿਹੜਾ ਸਵਾਲ ਕੀਤਾ ਸੀ ਉਸ ਦਾ ਤਾਂ ਜਵਾਬ ਦੇ ਦਿੱਤਾ ਹੈ । ਪਰ ਜਿਹੜੀ ਇਨ੍ਹਾਂ ਨੇ ਬਠਿੰਡੇ ਦੀ ਗੱਲ ਕੀਤੀ ਹੈ, ਲੋਕਾਂ ਦੀ ਲੋੜ ਅਤੇ ਹੋਰ ਫੈਸਿਲਿਟੀਜ਼ ਵੀ ਵੇਖਣੀਆਂ ਪੈਂਦੀਆਂ ਹਨ । ਪਰ ਸਪੀਕਰ ਸਾਹਿਬ, ਇਨ੍ਹਾਂ ਦੇ ਹੱਥ 5 ਸਾਲ ਪੰਜਾਬ ਵਿਚ ਵਾਗਡੋਰ ਰਹੀ ਹੈ ਉਸ ਵੇਲੇ ਬਠਿੰਡੇ ਕਾਲਜ ਖੋਲ੍ਹਣ ਦੀ ਲੋੜ ਨਹੀਂ ਸਮਝੀ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਰੋਪੜ ਜ਼ਿਲ੍ਹੇ ਵਿਚ ਲੋੜ ਹੈ ਪਰ ਉਥੇ ਸਾਮਾਨ ਅਤੇ ਹੋਰ ਚੀਜ਼ਾਂ ਦੀ ਲੋੜ ਹੈ । ਸਪੀਕਰ ਸਾਹਿਬ, ਜੇ ਉਨ੍ਹਾਂ 2 ਕਾਲਜਾਂ ਦੇ ਪ੍ਰਬੰਧਕਾਂ ਉਪਰ ਜੋ ਸ਼ਰਤਾਂ ਸਰਕਾਰ ਲਗਾਏ ਔਰ ਉਹ ਪੂਰੀਆਂ ਕਰਨ ਦੀ ਜ਼ਿੰਮੇਵਾਰੀ ਲੈਣ ਤਾਂ ਵਜ਼ੀਰ ਸਾਹਿਬ ਜੇ ਦੋ ਨਹੀਂ ਤਾਂ ਇਕ ਬੀ. ਐਡ. ਕਾਲਜ ਖੋਲ੍ਹਣ ਵਾਸਤੇ ਤਿਆਰ ਹਨ ।

ਮੰਤਰੀ : ਸਪੀਕਰ ਸਾਹਿਬ, ਹਰ ਇਲਾਕੇ ਦੀ ਗੱਲ ਨਹੀਂ, ਅਸੀਂ ਤਾਂ ਸਾਰੇ ਜ਼ਿਲ੍ਹੇ ਦੇ ਇਲਾਕਿਆਂ ਦੀ ਲੋੜ ਨੂੰ ਮੁਖ ਰਖਾਂਗੇ ਔਰ ਉਸ ਦੇ ਮੁਤਾਬਿਕ ਡਸੀਜ਼ਨ ਕਰਾਂਗੇ ਅਤੇ ਇਹ ਵੀ ਵੇਖਾਂਗੇ ਕਿ ਅਗਲੇ ਸਾਲ ਉਸ ਸਮੇਂ ਕਿੰਨੇ ਟੀਚਰਜ਼ ਦੀ ਲੋੜ ਹੈ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਵਜ਼ੀਰ ਸਾਹਿਬ, ਬਠਿੰਡੇ ਦੀ ਲੋੜ ਨੂੰ ਮੁਖ ਰੱਖ ਕੇ ਕਿਉਂਕਿ ਉਹ ਸ਼ਹਿਰ ਬਹੁਤ ਹੀ ਪਿਛੇ ਹੋਣ ਦੇ ਲਿਹਾਜ ਨਾਲ ਕਾਲਜ਼ ਖੋਲ੍ਹਣ ਦੀ ਲਿਸਟ ਵਿਚ ਰਖੱਣਗੇ ।

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਕਿਹਾ ਹੈ ਕਿ ਹਰ ਫੈਸਿਲਟੀਜ਼ ਨੂੰ ਮੁੱਖ ਰੱਖ ਕੇ ਤਾਂ ਹੀ ਐਗਜ਼ਾਮਿਨ ਕਰਾਂਗੇ ।

Original with;
Punjab Vidhan Sabha
Digitized by;
Panjab Digital Library

**ਰੋਪੜ ਸੜਕ ਤੇ ਪੁੱਲ**

*3672. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰੋਪੜ-ਜਲੰਧਰ ਸੜਕ ਤੇ ਸਤਲੁਜ ਦਰਿਆ ਉਪਰ ਪੁੱਲ ਬਣਾਉਣ ਤੇ ਕਿੰਨੀ ਰਕਮ ਖਰਚ ਕੀਤੀ ਗਈ ;

(ਅ) ਕੀ ਉਨ੍ਹਾਂ ਗੱਡੀਆਂ ਤੇ ਕੋਈ ਟੂਲ ਟੈਕਸ ਲਿਆ ਜਾਂਦਾ ਹੈ ਜੋ ਉਕਤ ਪੁੱਲ ਤੋਂ ਲੰਘਦੀਆਂ ਹਨ ;

(ੲ) ਇਸ ਪੁੱਲ ਦੇ ਬਣਾਏ ਜਾਣ ਤੋਂ ਟੂਲ ਟੈਕਸ ਵਜੋਂ ਕੁਲ ਕਿੰਨੀ ਰਕਮ ਪ੍ਰਾਪਤ ਕੀਤੀ ਗਈ ਹੈ ?

**ਸ੍ਰੀ ਜੋਗਿੰਦਰ ਪਾਲ ਪਾਂਡੇ** : (ੳ) ਇਸ ਪੁੱਲ, ਰੋਪੜ ਹੈਡ-ਵਰਕਸ ਦੀ ਉਸਾਰੀ ਤੇ 31,01,000 ਰੁਪਏ ਖਰਚ ਹੋਏ ਹਨ।

(ਅ) ਹਾਂ ਜੀ।

(ੲ) ਜਨਵਰੀ, 1976 ਤੱਕ ਕੁਲ 24,07,000 ਰੁ.।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 3681**

(ਸਬੰਧਤ ਮਾਨਯੋਗ ਮੈਂਬਰ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ)।

---

**ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਦੀਆਂ ਪੰਚਾਇਤਾਂ ਨੂੰ ਵੱਖ ਵੱਖ ਸਾਧਨਾਂ ਤੋਂ ਹੋਈ ਆਮਦਨ**

*3618 1. **ਸ੍ਰੀ ਮਤੀ ਜਸਦੇਵ ਕੌਰ ਸੰਧੂ**
2. **ਸਰਦਾਰ ਸੁਖਦੇਵ ਸਿੰਘ ਢੀਂਡਸਾ** } : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਵੱਖ ਵੱਖ ਸਾਲਾਂ 1972-73, 1973-74, 1974-75 ਅਤੇ 1 ਅਪ੍ਰੈਲ, 1975 ਨੂੰ 31 ਦਸੰਬਰ, 1975 ਦੇ ਸਮੇਂ ਦੌਰਾਨ ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡਾਂ ਘਰਿਆਲਾ, ਚੂਸਲੇਵੜ, ਬਾਸਰਕੇ, ਸਭਰਾ ਅਤੇ ਰਾਜੋਕੇ ਦੀਆਂ ਪੰਚਾਇਤਾਂ ਨੂੰ ਵੱਖ ਵੱਖ ਸਾਧਨਾਂ ਤੋਂ ਕਿੰਨੀ ਕਿੰਨੀ ਆਮਦਨ ਹੋਈ ;

(ਅ) ਉਪਰੋਕਤ ਭਾਗ (ੳ) ਵਿਚ ਦੱਸੀ ਗਈ ਹਰ ਇਕ ਪੰਚਾਇਤ ਨੇ ਵਿਕਾਸ ਕੰਮਾਂ ਤੇ ਉਕਤ ਆਮਦਨ ਵਿਚੋਂ ਕਿੰਨੀ ਰਕਮ ਖਰਚੀ ਹੈ ਅਤੇ ਉਨ੍ਹਾਂ ਦਾ ਵੇਰਵਾ ਕੀ ਹੈ ;

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਦੇਵ ਸਿੰਘ ਢੀਂਡਸਾ]

(ੲ) ਉਨ੍ਹਾਂ ਪਿੰਡਾਂ ਦੇ ਕਿਹੜੇ-ਕਿਹੜੇ ਇਲਾਕੇ ਵਿਚ ਉੱਕਤ ਵਿਕਾਸੀ ਕੰਮ ਕੀਤੇ ਗਏ ;

(ਸ) ਕੀ ਉਕਤ ਪੰਚਾਇਤਾਂ ਦੇ ਕਿਸੇ ਸਰਪੰਚ ਨੇ ਕਿਸੇ ਸਮੇਂ ਉਪਰੋਕਤ ਭਾਗ (ੳ) ਵਿਚ ਦੱਸੇ ਗਏ ਸਾਲਾਂ ਦੇ ਦੌਰਾਨ ਮੰਨਜ਼ੂਰ ਕੀਤੇ ਗਏ ਪੰਚਾਇਤੀ ਫੰਡਾਂ ਨਾਲੋਂ ਜ਼ਿਆਦਾ ਪੰਚਾਇਤੀ ਫੰਡ ਆਪਣੇ ਪਾਸ ਰੱਖੇ ; ਜੇਕਰ ਅਜਿਹਾ ਹੋਵੇ, ਤਾਂ ਹਰ ਇਕ ਸਰਪੰਚ ਨੇ ਕਿੰਨੀ ਰਕਮ ਆਪਣੇ ਪਾਸ ਰੱਖੀ ਅਤੇ ਉਨ੍ਹਾਂ ਨੂੰ ਇਹ ਰਕਮ ਕਿੰਨਾਂ ਕਿੰਨਾਂ ਚਿਰ ਆਪਣੇ ਕੋਲ ਰੱਖੀ ਅਤੇ ਇਸ ਦੇ ਕੀ ਕਾਰਨ ਹਨ ;

(ਹ) ਕੀ 1 ਅਪਰੈਲ, 1972 ਤੋਂ 31 ਦਸੰਬਰ, 1975 ਤੱਕ ਦੇ ਸਮੇਂ ਦੇ ਦੌਰਾਨ ਉੱਕਤ ਪੰਚਾਇਤਾ ਦੇ ਲੇਖਿਆਂ ਦਾ ਆਡਿਟ ਕਰਵਾਇਆ ਗਿਆ ਸੀ ; ਜੇਕਰ ਅਜਿਹਾ ਹੋਵੇ ਤਾਂ ਕਿਸ ਕਿਸ ਤਰੀਕ ਨੂੰ ਅਤੇ ਉੱਕਤ ਹਰ ਇਕ ਪੰਚਾਇਤ ਵਿਰੁੱਧ ਆਡਿਟ ਨੋਟਿਸ ਵਿਚ ਕੀ ਕੀ ਇਤਰਾਜ਼ ਉਠਾਏ ਗਏ ਸਨ ?

**ਸ੍ਰੀ ਸੰਤੋਖ ਸਿੰਘ ਰੰਧਾਵਾ** : (ੳ) ਅਤੇ (ਅ) **ਵਿਵਰਣ "ੳ" ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ ।

(ੲ) *ਵਿਵਰਣ "ਅ" ਸਦਨ ਦੀ ਮੇਜ਼ ਤੇ ਰਖਿਆ ਜ਼ਾਂਦਾ ਹੈ ।

(ਸ) ਹਾਂ ਵਿਆਖਿਆ *ਵਿਵਰਣ "ੲ" ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ । ਸਰਪੰਚ ਪੰਚਾਇਤ ਚੁਸਲੇਵੜ 26 ਨਵੰਬਰ 1975 ਤੋਂ ਮੁਅਤਲ ਹੈ । ਉਸਨੇ ਚਾਰਜ ਨਹੀਂ ਦਿੱਤਾ ਹੈ । ਪੰਜਾਬ ਗਰਾਮ ਪੰਚਾਇਤ ਐਕਟ 1952 ਦੀ ਧਾਰਾ 15(4) ਅਧੀਨ ਉਸ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ ।

(ਹ) ਹਾਂ ਜੀ । ਕੀਤੇ ਆਡਿਟ ਦਾ ਵੇਰਵਾ **ਵਿਵਰਣ "ਸ" ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ ।

**ਸਰਦਾਰ ਸਖਦੇਵ ਸਿੰਘ ਢੀਂਡਸਾ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਿਹੜਾ ਵੇਰਵਾ ਦਿੱਤਾ ਹੈ । ਇਸ ਦੇ ਮੁਤਾਬਿਕ ਤਕਰੀਬਨ 90 ਫ਼ੀਸਦੀ ਤੋਂ ਵੱਧ ਪੈਸੇ ਉਨ੍ਹਾਂ ਦੇ ਹੱਥਾਂ ਵਿਚ ਰਹੇ ਹਨ । ਉਥੇ ਕਿਸੇ ਕਿਸਮ ਦਾ ਨੋਟਿਸ ਨਹੀਂ ਲਿਆ ਗਿਆ । ਅਜੇ ਤਕ ਉਨ੍ਹਾਂ ਨੇ ਸਰਪੰਚ ਨੂੰ ਮੁਅੱਤਲ ਹੀ ਕੀਤਾ ਹੈ । ਉਸ ਦੇ ਕੋਲ 2 ਹਜ਼ਾਰ 22 ਰੁਪਏ ਇੱਕਠੇ ਕੀਤੇ ਹੋਏ ਹਨ. ਕੀ ਸਰਕਾਰ ਉਸ ਦੇ ਖਿਲਾਫ਼ ਕਾਰਵਾਈ ਕਰ ਰਹੀ ਹੈ ?

**ਵਿਕਾਸ ਰਾਜ ਮੰਤਰੀ** : ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਦਸਿਆ ਹੈ ਕਿ ਉਸ ਦੇ ਸਰਪੰਚ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਬਾਕੀ ਜਿਹੜੇ ਸਰਪੰਚ ਹਨ ਉਨ੍ਹਾਂ ਦੇ ਖਿਲਾਫ਼ 105 ਦੇ ਅਧੀਨ ਕਾਰਵਾਈ ਕੀਤੀ ਜਾ ਰਹੀ ਹੈ ਜਿਸ ਵਿਚ 15 ਫੀਸਦੀ ਪੀਨਲ ਇੰਟ੍ਰੈਸਟ ਪਾਕੇ ਰੁਪਏ ਵਾਪਿਸ ਲਵਾਂਗੇ ।

**placed in the Library.

Original with;
Punjab Vidhan Sabha
Digitized by;
Punjab Digital Library

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਉਨ੍ਹਾਂ ਸਰਪੰਚਾਂ ਦੇ ਖਿਲਾਫ ਵੀ ਕਾਰਵਾਈ ਕਰ ਰਹੇ ਹਾਂ ਜਿਨ੍ਹਾਂ ਨੂੰ ਮੁਅੱਤਲ ਕੀਤਾ ਹੈ ਅਜੇ ਤੱਕ ਉਨ੍ਹਾਂ ਦੇ ਖਿਲਾਫ ਕਾਰਵਾਈ ਨਹੀਂ ਹੋਈ ਅਤੇ ਨਾ ਹੀ ਕੋਈ ਤਾਰੀਖ ਨਿਸ਼ਚਿਤ ਕੀਤੀ ਹੈ ਕਿ ਅਸੀਂ ਰਿਕਾਰਡ ਲੈ ਲਵਾਂਗੇ ।

**ਰਾਜ ਮੰਤਰੀ :** ਸਪੀਕਰ ਸਾਹਿਬ, ਸਰਪੰਚ ਪੰਚਾਇਤ ਰੁਸਲੇਵੜ ਨੂੰ 26 ਨਵੰਬਰ, 1975 ਤੋਂ ਮੁਅੱਤਲ ਕੀਤਾ ਹੈ, ਇਹ ਠੀਕ ਹੈ ਕਿ ਉਸ ਨੇ ਅਜਿਹਾ ਰਿਕਾਰਡ ਨਹੀਂ ਦਿੱਤਾ ਹੈ । ਜਿਹੜੀ ਐਕਟ ਦੀ ਐਮੈਂਡਮੈਂਟ ਕੀਤੀ ਹੈ ਕਿ ਅਗਰ ਕੋਈ ਸਰਪੰਚ ਰਿਕਾਰਡ ਨਹੀਂ ਦਿੰਦਾ ਹੈ ਉਸ ਨੂੰ ਰੀਮੂਵ ਕਰ ਦਿੱਤਾ ਜਾਂਦਾ ਹੈ ਅਤੇ ਡਿਸਕੁਆਲੀਫੀਕੇਸ਼ਨ ਹੋ ਜਾਂਦੀ ਹੈ ।

**ਗਿਆਨੀ ਅਰਜਨ ਸਿੰਘ ਲਿੱਟ** : ਸਪੀਕਰ ਸਾਹਿਬ, ਉਨ੍ਹਾਂ ਸਰਪੰਚਾਂ ਦੇ ਖਿਲਾਫ ਅਸੀਂ 105 ਦੇ ਅਧੀਨ ਕਾਰਵਾਈ ਕੀਤੀ ਹੈ ਪਰ ਕਈਆਂ ਸਰਪੰਚਾਂ ਦੇ ਖਿਲਾਫ 409 ਦੇ ਅਧੀਨ ਕਾਰਵਾਈ ਕੀਤੀ ਹੈ ਪਰ ਕੀ ਉਨ੍ਹਾਂ 105 ਦੇ ਅਧੀਨ ਵਾਲਿਆਂ ਨੂੰ 409 ਦੇ ਅਧੀਨ ਕਾਰ-ਵਾਈ ਕਰੋਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ । ਸਾਰੇ ਪੰਜਾਬ ਵਿਚ 9 ਹਜ਼ਾਰ 440 ਪੰਚਾਇਤਾਂ ਹਨ । ਉਨ੍ਹਾਂ ਦੀ ਇੰਸਪੈਕਸ਼ਨ ਚੱਲ ਰਹੀ ਹੈ । 3 ਮਹੀਨੇ ਲੰਘ ਗਏ ਹਨ ਔਰ 3 ਮਹੀਨੇ ਰਹਿ ਗਏ ਹਨ । ਜਿਨ੍ਹਾਂ ਦੇ ਪਾਸ ਕੈਸ਼ ਇਨ ਹੈਂਡ ਹੋਣਗੇ ਅਤੇ ਜ਼ਮੀਨਾਂ ਤੇ ਉਨ੍ਹਾਂ ਦਾ ਕਬਜ਼ਾ ਹੋਵੇਗਾ, ਉਨ੍ਹਾ ਦੇ ਖਿਲਾਫ ਕਾਰਵਾਈ ਹੋਵੇਗੀ । ਮੈਂ ਤਾਂ ਕਹਾਂਗਾ ਕਿ ਬਾਕੀ ਜਿਹੜੇ ਕੇਸ ਇਨ ਹੈਂਡ 250 ਰੁਪਏ ਤੋਂ ਵੱਧ ਵਾਲੇ ਹਨ ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ । 409 ਦੇ ਕੇਸਿਜ਼ ਵਾਪਿਸ ਨਹੀਂ ਲੈਵਾਂਗੇ ਉਨ੍ਹਾਂ ਦੇ ਖਿਲਾਫ 105 ਦੇ ਅਧੀਨ ਪੀਨਲ ਇੰਟ੍ਰਸਟ ਰਾਹੀਂ ਵਸੂਲ ਕਰਾਂਗੇ ।

**Mr. Speaker** : Now, the Question Hour is over. The remaining questions shall be deemed to have been answered under the rule 38 of the Rules of Procedure and Conduct of Business in the Punjab Legislative Assembly.

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### INCREASE IN THE INCOME LIMIT OF THE PARENTS FOR EDUCATIONAL CONCESSIONS

***3670. Comrade Satya Pal Dang** : Will the Minister of State for Social Welfare be pleased to be state whether any legislator wrote a letter to her towards the end of December, 1975 or in the first week of a January, 1976 about a circular letter issued by the Social Welfare Department to all Government aided colleges regarding increase in income limit of parents to Rs. 3,000/— for purposes of educational concessions to students and bringing to her notice big confusion about it and consequent upon its non-implementation; if so, the details there of together with the details of action taken there on be laid on the Table of the House ?

Original with;
Punjab Vidhan Sabha
Digitized by;
Panjab Digital Library

ਮਿਸ ਸਰਲਾ ਪਰਾਸ਼ਰ : ਸ੍ਰੀ ਸੱਤ ਪਾਲ ਡਾਂਗ, ਐਮ. ਐਲ. ਏ. ਵਲੋਂ ਸਮਾਜ ਭਲਾਈ ਮੰਤਰੀ ਜੀ ਨੂੰ ਸਬੰਧਤ ਪੱਤਰ ਮਿਤੀ 2 ਜਨਵਰੀ, 1976 ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਇਸ ਸਬੰਧ ਵਿਚ ਡਾਇਰੈਕਟਰ, ਸਿਖਿਆ ਵਿਭਾਗ ਵਲੋਂ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਜਾਰੀ ਕੀਤੇ ਪੱਤਰ ਦੀ ਕਾਪੀ ਵੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

---

COPY OF THE LETTER

**Satya Pal Dang M.L. A.**

Ekta Bhawan,
Chheharta.
Dated 2nd January, 1976.

Dear Sister

I wish to draw your urgent and personal attention to the following :—

The Social Welfare Department, not long ago, issued a circular copy of which is enclosed.

This was naturally interpreted by the Principals of a number of aided colleges that Backward Class Students whose parents income did not exceed Rs. 6,000/— per annum were entitled to get fee concession etc. They acted accordingly.

When they claimed grants on this basis, the Education Department refused on the ground that grants could not be given for fee concession to those income of whose parents exceeded Rs. 1,800/— per annum. These Principals now are asking students to pay the fees-arrears as well as in future. The effected students are also being told that otherwise they would not be sent up for examinations.

You will agree with me that the students are in no way to blame. They come from poor families. They should not suffer for no fault of theirs.

I know of at least two colleges of Amritsar, effected in this manner These are Khalsa College and D. A. V. College. I am also enclosing a copy of the letter which the Khalsa College has received from the officer of the D. P. I.

I would request you to personally intervene in the matter to ensure that the matter is set right, that no recovery is effected, that students are not made to suffer in any way and they continue to enjoy fee concession in future.

I have also written to Shri Gurmail Singh, Education Minister, Punjab on these very lines.

Immediate action and reply are requested.

With regards and good wishes for the new year.

Yours Sincerely,
Sd/—
(Satya Pal Dang)

Miss Sarla Prasher,
Minister for Social Welfare, Punjab,
Chandigarh.

Original with;
Punjab Vidhan Sabha
Digitized by;
Panjab Digital Library

Copy of letter No. 9642-4SW-74/24222—24, dated 26th November, 1974 om the Secretary to Government Punjab, Social Welfare Deptt. Chandigarh.

*Subject* :—Enhancement of Income from 3,600/— per annum .or the parents of the students belonging to Backward Classes for grant of Educational facilities.

In continuation of Punjab Government circular letter No. 1438—4SW—74, dated 21st March, 1974 on the subject cited above. I am directed to convey the sanction of the Governor of Punjab to the enhancement of the income limit of the parents of students belonging to Backward Classes in the matter of their admission into colleges from Rs. 1,800/— to 6,000/— per annum with immediate effect.

GURU NANAK UNIVERSITY AMRITSAR

No. AA—9/SS/12/75/29—113 dated 3rd. January, 1975

Copy to the above is forwarded for information and necessary action to the following :—

1. The Principals affiliated colleges to Guru Nank Uuiversity, Amritsar.
2. All Head of Teaching Departments, Guru Nank University, Amritsar,
3. Dean, Academic Affairs, & Students Welfare, Guru Nanak University, Amritsar.

Sd/—L. S. Sandhu
Deputy Registrar (Accounts).

ਪੱਤਰ ਦੀ ਨਕਲ

ਵਲੋਂ

ਡਾਇਰੈਕਟਰ, ਸਿੱਖਿਆ ਵਿਭਾਗ, ਪੰਜਾਬ ।

ਸੇਵਾ ਵਿਖੇ

ਰਾਜ ਦੇ ਸਮੂਹ ਸਰਕਾਰੀ ਅਤੇ ਗੈਰ ਸਰਕਾਰੀ
ਕਾਲਜਾਂ ਦੇ ਪ੍ਰਿੰਸੀਪਲ ।

ਮੀਮੋਂ ਨੰ: 2/4-75/ਸਕ 1-1(8)

ਮਿਤੀ/ਚੰਡੀਗੜ੍ਹ. 16 ਫਰਵਰੀ, 1976

ਵਿਸ਼ਾ : ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਵਾਸਤੇ ਵਿੱਦਿਅਕ ਸਹੂਲਤਾ ਹਿਤ ਸਾਲਾਨਾ ਆਮਦਨ ਸੀਮਾਂ ਵਿਚ ਵਾਧਾ ।

ਸਰਕਾਰ ਵਲੋਂ ਸਮੇਂ ਸਮੇਂ ਸਿਰ ਘੋਸ਼ਿਤ ਪੱਛੜੀਆਂ ਸ਼੍ਰੇਣੀਆਂ ਨੂੰ ਰਾਜ ਸਰਕਾਰ ਵਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਪ੍ਰਾਪਤ ਕਰਨ ਲਈ ਉਹਨਾਂ ਤੋਂ ਜੋ ਸਲਾਨਾ ਆਮਦਨ ਦੀ ਹੱਦ 1800/- ਰੁਪਏ ਨਿਯਤ ਕੀਤੀ ਗਈ ਸੀ, ਉਹ ਸਰਕਾਰ ਨੇ ਆਪਣੇ ਪੱਤਰ ਨੰਬਰ

Original with;
Punjab Vidhan Sabha
Digitized by;
Panjab Digital Library

5420-ਐਸ. ਡਬਲਯੂ-1/74/23309, ਮਿਤੀ 19 ਨਵੰਬਰ, 1974 ਰਾਹੀਂ ਵਧਾ ਕੇ 3600/- ਰੁਪਏ ਸਾਲਾਨਾ ਕਰ ਦਿੱਤੀ ਹੈ । ਇਸ ਤਰ੍ਹਾਂ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਕਾਲਜ ਪੱਧਰ ਤੇ ਪ੍ਰਾਪਤ ਸਹੂਲਤਾਂ ਦੇਣ ਲਈ ਉਹਨਾਂ ਦੇ ਮਾਪਿਆਂ ਦੀ ਸਾਲਾਨਾ ਕੁਲ ਆਮਦਨ 3600/- ਰੁਪਏ ਹੈ । ਇਹ ਸਹੂਲਤਾ ਮਿਤੀ 19 ਜਨਵਰੀ, 1974 ਤੋਂ ਲਾਗੂ ਹੈ ।

ਸਹੀ/-

ਵਿਸ਼ੇਸ਼ ਕਾਰਜ ਅਫਸਰ,
ਵਾਸਤੇ ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ।
ਮਿਤੀ ਚੰਡੀਗੜ੍ਹ, 16 ਫਰਵਰੀ, 1976

ਪਿੱਠ ਅੰਕਣ ਨੰ: 2/4-75/ਸਕ 1-(8)

ਉਤਾਰਾ ਸਕਤਰ ਪੰਜਾਬ ਸਰਕਾਰ, ਸਿਖਿਆ ਵਿਭਾਗ ਨੂੰ ਉਹਨਾਂ ਦੇ ਪੱਤਰ ਨੰਬਰ 473-20 (ਆਮਦਨ ਸਿੰ: 1-ਸ ਸ ਅ-76, ਮਿਤੀ 15/16 ਜਨਵਰੀ, 1976 ਦੇ ਹਵਾਲੇ ਨਾਲ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਸਹੀ/-

ਵਿਸ਼ੇਸ਼ ਕਾਰਜ ਅਫਸਰ,
ਵਾਸਤੇ ਡਾਇਰੈਕਟਰ, ਸਿਖਿਆ ਵਿਭਾਗ, ਪਜਾਬ ।

---

## VILLAGES ELECTRIFIED IN PATIALA ASSEMBLY CONSTITUENCY

***3661 Sardar Prem Singh Prem:** Will the Minister of State for Public Health be pleased to state :-

(a) the names of the villages electrified during the last six months, constituency-wise, in the Patiala District;

(b) the criteria followed for electrification of these villages.

---

**ਸ੍ਰੀ ਬਲਬੀਰ ਸਿੰਘ :** (ੳ) ਪਟਿਆਲਾ ਜਿਲ੍ਹੇ ਦੇ ਵੱਖ ਵੱਖ ਚੋਣ ਹਲਕਿਆਂ ਦੇ, ਜਿਨ੍ਹਾਂ ਪਿੰਡਾਂ ਦਾ ਪਿਛਲੇ 6 ਮਹੀਨਿਆਂ (7/75 ਤੋਂ 12/75) ਦੇ ਦੌਰਾਨ ਬਿਜਲੀਕਰਨ ਕੀਤਾ ਗਿਆ ਹੈ, ਦਾ ਵਿਵਰਣ ਪੱਤਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

(ਅ) ਆਮ ਤੌਰ ਤੇ ਪਿੰਡਾਂ ਦਾ ਬਿਜਲੀਕਰਨ ਦਿਹਾਤੀ ਬਿਜਲੀਕਰਨ ਕਾਰਪੋਰੇਸ਼ਨ ਸਕੀਮਾਂ ਅਧੀਨ ਹੁੰਦਾ ਹੈ । ਪਰ ਜਿਹੜੇ ਪਿੰਡ ਦਿਹਾਤੀ ਬਿਜਲੀਕਰਨ ਸਕੀਮਾਂ ਤਹਿਤ ਨਹੀਂ ਆਉਂਦੇ ਉਨ੍ਹਾਂ ਦਾ ਬਿਜਲੀਕਰਨ ਆਰਥਿਕ ਉਚਿੱਤਤਾ ਦੇ ਆਧਾਰ ਤੇ ਕੀਤਾ ਗਿਆ ਹੈ ਭਾਵ ਇਹ ਕਿ ਕਿਸੇ ਵਿਸ਼ੇਸ਼ ਪਿੰਡ ਵਲੋਂ ਪ੍ਰਾਪਤ ਹੋਈਆਂ ਅਰਜ਼ੀਆਂ ਦੀ ਗਿਣਤੀ ਨੂੰ ਮੁੱਖ ਰਖਦੇ ਹੋਏ ਹੋਣ ਵਾਲੀ ਆਮਦਨੀ ਦੇ ਆਧਾਰ ਤੇ ਬਿਜਲੀਕਰਨ ਕੀਤਾ ਜਾਂਦਾ ਹੈ ਤਾਂ ਕਿ ਬਿਜਲੀ-ਕਰਨ ਵਜੋਂ ਕੀਤੇ ਖਰਚੇ ਦੀ ਉਚਿਤਤਾ ਦਰਸਾਈ ਜਾ ਸਕੇ ।

Original with;
Punjab Vidhan Sabha
Digitized by;
Panjab Digital Library

LIST OF VILLAGES ELECTRIFIED DURING LAST 6 MONTHS i.e. FROM JULY 1975 to DEC., 1975 (ASSEMBLY CONSTITUENCY WISE IN PATIALA DISTRICT)

| Sr. No. | Name of Village | H.B. No. |
|---|---|---|
| | **Rajpura Assembly Constituency** | |
| 1. | Balsua | 20 |
| 2. | Gopalpur | 63 |
| 3. | Jakhra | 66 |
| 4. | Sardar Garh | 67 |
| | **Banur Assembly Constituency** | |
| 1. | Ramgarh Budha | 42 |
| 2. | Himmatgarh | 49 |
| 3. | Nangla | 51 |
| 4. | Dandrala | 8 |
| 5. | Jagadhari | 38 |
| 6. | Imbrahimpur | 33 |
| 7. | Mukandpur | 201 |
| 8. | Bhagwasi | 204 |
| 9. | Binjalpur | 7 |
| 10. | Singh Pura | 43 |
| 11. | Ghollu Mazra | 209 |
| 12. | Bhogapur | 210 |
| 13. | Husanpur | 134 |
| 14. | Aganpur | 211 |
| | **Sirhind Assembly Constituency** | |
| 1. | Harma | 253 |
| 2. | Rahnu Kalan | 215 |
| | **Nabha Assembly Constituency** | |
| 1. | Saholi | 114 |
| 2. | Sudhewal | 118 |
| 3. | Khanora | 121 |
| 4. | Kansuha Kalan | 152 |
| 5. | Dudhewal | 151 |
| 6. | mla | 158 |
| 7. | Hiana Khurd | 163 |
| 8. | Angol | 166 |
| 9. | Birh Angol | 167 |
| 10. | Birar Wal | 170 |
| 11. | Malkon | 198 |
| 12 | Bugga Khurd | 94 |
| 13. | Ranjitgarh | 99 |
| 14. | Upplan | 156 |
| 15. | Bhore | 110 |
| 16. | Bishanpur | 112 |
| 17. | Ramsingh Nau | 143 |
| 18. | Katli | 169 |
| 19. | Kaul | 213 |
| 20. | Dandrala Khurd | 148 |
| | **Dakala Assembly Constituency** | |
| 1. | Paharipur | 213 |
| 2. | Marden Heri | 23 |
| | **Ghanaur Assembly Constituency** | |
| 1. | Rurke | 360 |
| 2. | Rurke | 346 |
| 3. | Langa | 362 |
| 4. | Bagerha | 363 |
| 5. | Salimpur Jattan | 343 |
| 6. | Harigarh | 344 |
| 7. | Batheri | 345 |
| 8. | Jorhi Mazra | 347 |
| 9. | Hari Mazra | 348 |
| 10. | Ganauri Khera | 349 |
| 11. | Jakhe Paul | 84 |
| 12. | Bibi Pur | 86 |
| 13. | Harmeshpur | 134 |
| 14. | Kherepur Sekhan | 135 |
| 15. | Bhuri Mazra | 136 |
| 16. | Ali Mazra | 137 |
| 17. | Naushera | 138 |
| 18. | Sarai Mughal | 139 |
| 19. | Raipur | 110 |

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਸੰਤਾਨ ਸੰਜਮ ਦੇ ਰਾਜ ਮੰਤਰੀ]

| Sr. No. | Name of Village | H.B. No. |
|---|---|---|
| | **Samana Assembly Constituency** | |
| 1. | Wazira Bad | 44 |
| 2. | Mazri Sodian | 307 |
| 3. | Dugat | 3 |
| 4. | Kheri Manian | 4 |
| 5. | Bishanpur | 91 |
| | **Amloh Constituency** | |
| 1. | Sadnali | 137 |
| 2. | Dewa Gandian | 181 |
| 3. | Bugha Kalan | 84 |
| 4. | Paheri | 90 |
| 5. | Tanda Badha Kalan | 92 |
| 6. | Tanda Badha Khurd | 93 |
| 7. | Mandharu | 59 |
| 8. | Tarkheri Khurd | 313 |
| 9. | Tarkheri Kalan | 314 |
| 10. | Hakim pura urf Ramgarh | 316 |
| 11. | Suhggheri | 311 |
| 12. | Bual Mazra | 312 |
| 13. | Mirapur | 310 |
| 14. | Rurki | 325 |
| 15. | Sheikhpura | 289 |
| 16. | Mukandpura | 291 |
| 17. | Saifalpura | 292 |
| 18. | Bhatton | 69 |
| 19. | Salana Dullah Singh | 17 |
| 20. | Akalgarh | 125 |
| | **Shutrana Assembly Constituency** | |
| 1. | Shehzpur Kalan | 66 |
| 2. | Dharamgarh | 69 |
| 3. | Kaspur | 172 |
| 4. | Bishanpur urf Banwala | 174 |
| 5. | Tambuwala | 180 |
| 6. | Khang | 164 |

Original with;
Punjab Vidhan Sabha
Digitized by;
Panjab Digital Library

| Sr. No. | Name of Constituency | | Total Villages | Villages electrified upto June, 1975 | Villages electrified from July, 1975 to December, 1975 | Un-electrified Villages | Un electrified villages covered under sanctioned REC schemes | Uncovered/Un-electrified Villages |
|---|---|---|---|---|---|---|---|---|
| 1. | Rajpura | .. | 126 | 78 | 4 | 44 | 10 | 34 |
| 2. | Banur | .. | 175 | 76 | 14 | 85 | 45 | 40 |
| 3. | Sirhind | .. | 176 | 112 | 2 | 62 | — | 62 |
| 4. | Nabha | .. | 146 | 112 | 20 | 14 | 2 | 12 |
| 5. | Dakala | .. | 236 | 153 | 2 | 81 | 60 | 21 |
| 6. | Ghanaur | .. | 185 | 106 | 19 | 60 | 40 | 20 |
| 7. | Samana | .. | 129 | 102 | 5 | 22 | 5 | 17 |
| 8. | Amloh | .. | 192 | 128 | 20 | 44 | 7 | 37 |
| 9. | Shutrana | .. | 96 | 67 | 6 | 23 | 16 | 7 |
| | Patiala District | .. | 1461 | 934 | 92 | 435 | 185 | 250 |

Original with;
Punjab Vidhan Sabha
Digitized by;
Panjab Digital Library

## ਪਟਿਆਲਾ ਤੋਂ ਬਿੰਜਲ ਤੱਕ ਬੱਸ ਸੇਵਾ

*3647. **ਸਰਦਾਰ ਪ੍ਰੇਮ ਸਿੰਘ ਪ੍ਰੇਮ** : ਕੀ ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ :—

(ੳ) ਪਟਿਆਲਾ ਤੋਂ ਬਿੰਜਲ ਤੱਕ ਬੱਸ ਸੇਵਾ ਕਿਸ ਤਰੀਕ ਨੂੰ ਸ਼ੁਰੂ ਕੀਤੀ ਗਈ ਸੀ ;

(ਅ) ਕੀ ਇਹ ਠੀਕ ਹੈ ਕਿ ਉਪਰੋਕਤ ਭਾਗ (ੳ) ਵਿਚ ਵਰਣਿਤ ਬੱਸ ਸੇਵਾ ਬੰਦ ਕਰ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਕਦੋਂ ਅਤੇ ਉਸ ਦੇ ਕੀ ਕਾਰਨ ਹਨ;

(ੲ) ਕੀ ਸਰਕਾਰ ਦਾ ਉਕਤ ਸੇਵਾ ਨੂੰ ਮੁੜ-ਸ਼ੁਰੂ ਕਰਨ ਦਾ ਇਰਾਦਾ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਿਸ ਸਮੇਂ ਤੱਕ ਸ਼ੁਰੂ ਹੋ ਜਾਵੇਗੀ ?

**ਸਰਦਾਰ ਦਿਲਬਾਗ ਸਿੰਘ ਡਾਲੇਕੇ**: (ੳ) 24 ਅਗਸਤ, 1974 ।

(ਅ) ਹਾਂ ਜੀ । 2 ਜੁਲਾਈ, 1975 ਤੋਂ । ਟਾਂਗਰੀ ਨਦੀ ਵਿੱਚ ਹੜ੍ਹ ਆਉਣ ਨਾਲ ਸੜਕ ਟੁੱਟ ਗਈ ਸੀ ਅਤੇ ਗੱਡੀਆਂ ਚਲਣ ਦੇ ਯੋਗ ਨਹੀਂ ਸੀ ।

(ੲ) ਹਾਂ ਜੀ, ਮਿਤੀ 4 ਫਰਵਰੀ, 1976 ਤੋਂ ਬੱਸ ਸੇਵਾ ਫਿਰ ਸ਼ੁਰੂ ਹੋ ਗਈ ਹੈ ।

---

## APPOINTMENT OF TICKET VERIFIERS IN PUNJAB ROADWAYS

*3671. **Comrade Satya Pal Dang** : Will the Minister of State for Transport and Civil Aviation be pleased to state :—

(a) the number of ticket-verifires employed on regular basis and on daily basis, separately, in different depots of the Punjab Roadways as on 1st January, 1976 and a list thereof be laid on the table;

(b) the minimum and maximum length of service of the daily basis ticket verifiers, referred to in part (a) above, depot-wise, on the aforesaid date;

(c) whether the daily basis ticket-verifiers are given any breaks in service and re-appointed thereafter from time to time, if so, the period normally fixed for such break in service;

(d) the minimum qualifications prescribed for appointment to the posts of ticket-verifiers;

(e) the rate of remuneration paid to the daily basis ticket-verifiers?

**ਸਰਦਾਰ ਦਿਲਬਾਗ ਸਿੰਘ ਡਾਲੇਕੇ** : (ੳ) ਕੋਈ ਟਿਕਟ ਪੜਚੋਲਕ ਪੱਕੇ ਤੌਰ ਤੇ ਕਿਸੇ ਡਿਪੋ ਵਿਚ ਨਹੀਂ ਰਖਿਆ ਗਿਆ । 46 ਟਿਕਟ ਪੜਚੋਲਕ ਵਖੋ ਵਖ ਡਿਪੂਆਂ ਵਿਚ ਰੋਜ਼ਾਨਾ ਤਨਖਾਹ ਤੇ ਰੱਖੇ ਗਏ ਹਨ । ਉਨ੍ਹਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ । (ਅਨੈਕਸਚਰ-1)

Original with;
Punjab Vidhan Sabha
Digitized by;
Panjab Digital Library

(ਅ) ਟਿਕਟ ਪੜਚੋਲਕਾਂ ਦੀ ਵੱਧ ਤੋਂ ਵੱਧ ਤੇ ਘੱਟ ਤੋਂ ਘੱਟ ਸਰਵਿਸ ਦੀ ਮਿਆਦ ਅਨੈਕਸਚਰ II ਤੇ ਰੱਖੀ ਸੂਚੀ ਵਿਚ ਦਸੀ ਗਈ ਹੈ। ਇਹ ਸਥਿਤੀ ਮਿਤੀ 1 ਜਨਵਰੀ, 1976 ਨੂੰ ਸੀ, ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ। (ਅਨੈਕਸਚਰ-II)

(ੲ) ਹਾਂ ਜੀ, ਆਮ ਤੌਰ ਤੇ ਤਿੰਨ ਮਹੀਨੇ ਬਾਅਦ ਇਕ ਦਿਨ ਦੀ ਬਰੇਕ ਪਾਈ ਜਾਂਦੀ ਹੈ।

(ਸ) ਘਟੋ ਘੱਟ ਦਸਵੀਂ ਪਾਸ।

(ਹ) ਸਰਕਾਰ ਦੀ ਮੰਜ਼ੂਰੀ ਅਨੁਸਾਰ ਡਿਪਟੀ ਕਮਿਸ਼ਨਰ ਵਲੋਂ ਨਿਯਤ ਕੀਤੀ ਹੋਈ ਤਨਖਾਹ ਜਾਂ ਰੁਪਏ 6/- ਹਰ ਰੋਜ਼, ਜੋ ਵੀ ਘੱਟ ਹੋਵੇ, ਦਿਤੇ ਜਾਂਦੇ ਹਨ।

(ਅਨੈਕਸਚਰ I)

ਪੰਜਾਬ ਰੋਡਵੇਜ਼ ਦੇ ਵੱਖੋ ਵੱਖ ਡਿਪੂਆਂ ਵਿਚ ਲਗੇ ਹੋਏ ਟਿਕਟ ਪੜਚੋਲਕਾਂ ਦੀ ਸੇਵਾ ਸਬੰਧੀ ਸੂਚੀ

**ਪੀ. ਆਰ. ਅੰਮ੍ਰਿਤਸਰ**

ਕਰਮ ਸਿੰਘ

ਰਾਜਿੰਦਰ ਕੁਮਾਰ (1)

ਮਿਸ ਜਗਦੰਬਾ ਦੇਵੀ

ਰਾਜਿੰਦਰ ਕੁਮਾਰ (11)

ਜਰਨੈਲ ਸਿੰਘ

**ਪੀ: ਆਰ: ਜਲੰਧਰ**

ਗੁਰਮੀਤ ਸਿੰਘ

ਜੀਵਨ ਪ੍ਰਕਾਸ਼

ਸੁਕੇਸ ਕੁਮਾਰ

ਸੁਰਮੁਖ ਸਿੰਘ

ਹਰਮੀਤ ਸਿੰਘ

ਸੁਰਿੰਦਰ ਸਿੰਘ

**ਪੀ: ਆਰ: ਚੰਡੀਗੜ੍ਹ**

ਸਤਿੰਦਰ ਕੁਮਾਰ

ਗਰਮੀਤ ਸਿੰਘ

ਜੁਲਮ ਕੀਸ਼ੋਰ

ਅਸ਼ਵਨੀ ਕੁਮਾਰ

ਬਲਦੇਵ ਸਿੰਘ

ਦੇਸ਼ ਦੀਪਕ

**ਪੀ: ਆਰ: ਪਠਾਨਕੋਟ**

ਹਰਬੰਸ ਲਾਲ

ਗੁਲਜ਼ਾਰ ਸਿੰਘ

ਹਰਭਜਨ ਸਿੰਘ

ਨਰਿੰਦਰ ਸਿੰਘ

ਜੋਗਿੰਦਰ ਸਿੰਘ

**ਪੀ: ਆਰ: ਮੋਗਾ**

ਮਿਸ ਸੁਸ਼ਮਾ ਕੁਮਾਰੀ

ਅਮਰੀਕ ਸਿੰਘ

ਅਜੀਤ ਸਿੰਘ

**ਪੀ: ਆਰ: ਲੁਧਿਆਣਾ**

ਹਰਦੀਪ ਸਿੰਘ

ਨੈਬ ਸਿੰਘ

ਸਖਦੇਵ ਸਿੰਘ

Original with;
Punjab Vidhan Sabha
Digitized by;
Panjab Digital Library

(Transport & Civil Aviation Minister]

## ਅਨੈਕਸਚਰ-1I

ਪੰਜਾਬ ਰੋਡਵੇਜ਼ ਦੇ ਵੱਖੋ ਵੱਖ ਡਿਪੂਆਂ ਵਿਚ ਟਿਕਟ ਪੜਚੋਲਕਾਂ ਦੀ ਘੱਟ ਤੋਂ ਘੱਟ ਤੇ ਵੱਧ ਤੋਂ ਵੱਧ ਸਰਵਿਸ ਦਾ ਸਮਾਂ ਦਰਸਾਉਣ ਸਬੰਧੀ ।

* * *

| | ਸਾਲ | ਮਹੀਨੇ | ਦਿਨ |
|---|---|---|---|
| ਪੀ. ਆਰ. ਅੰਮ੍ਰਿਤਸਰ | | | |
| ਏ) ਕਰਮ ਸਿੰਘ | 1 | 5 | 24 ਹੁਣ ਤਕ |
| ਬੀ) ਰਾਜਿੰਦਰ ਕੁਮਾਰ-2 | | 2 | 04 ,, |
| ਪੀ. ਆਰ. ਜਲੰਧਰ | 1 ਜਨਵਰੀ, 1976 ਤੱਕ | | |
| ਏ) ਗੁਰਮੀਤ ਸਿੰਘ | 2 | 8 | 29 |
| ਬੀ) ਸੁਰਿੰਦਰ ਸਿੰਘ | 0 | 7 | 01 |
| ਪੀ. ਆਰ. ਚੰਡੀਗੜ੍ਹ | | | |
| ਏ) ਸਚਿੰਦਰ ਕੁਮਾਰ | 1 | 4 | 16 |
| ਬੀ) ਅਸ਼ਵਨੀ ਕੁਮਾਰ | | 4 | 28 |
| ਬਲਦੇਵ ਸਿੰਘ | | 4 | 28 |
| ਦੇਸ਼ ਦੀਪਕ | | 4 | 28 |
| ਪੀ. ਆਰ. ਪਠਾਨਕੋਟ | 1 ਜਨਵਰੀ, 1976 ਤੱਕ | | |
| ਏ) ਹਰਬੰਸ ਲਾਲ | 1 | 4 | 26 |
| ਬੀ) ਨਰਿੰਦਰ ਸਿੰਘ | 0 | 0 | 17 |
| ਪੀ. ਆਰ. ਮੋਗਾ | | | |
| ਏ) ਅਮਰੀਕ ਸਿੰਘ | 1 | 2 | 10 |
| ਬੀ) ਮਿਸ ਸੁਸ਼ਮਾ ਕੁਮਾਰੀ | 0 | 5 | 8 |
| ਪੀ. ਆਰ. ਲੁਧਿਆਣਾ | ਹੁਣ ਤੱਕ | | |
| ਏ) ਹਰਦੀਪ ਸਿੰਘ | 1 | 6 | 00 |
| ਬੀ) ਸੁਖਦੇਵ ਸਿੰਘ | 0 | 9 | 14 |
| ਪੀ. ਆਰ. ਹੁਸ਼ਿਆਰਪੁਰ | 1 ਜਨਵਰੀ, 1976 ਤੱਕ | | |
| ਏ) ਕਿਸ਼ਨ ਲਾਲ | 1 | 3 | 21 |
| ਬੀ) ਸੁਭਾਸ਼ ਚੰਦਰ | 0 | 0 | 21 |

Original with;
Punjab Vidhan Sabha
Digitized by;
Panjab Digital Library

| | ਸਾਲ | ਮਹੀਨੇ | ਦਿਨ |
|---|---|---|---|
| **ਪੀ. ਆਰ. ਫਿਰੋਜ਼ਪੁਰ** 1 ਜਨਵਰੀ, 1976 ਤੱਕ | | | |
| ਏ) ਕੇਵਲ ਕ੍ਰਿਸ਼ਨ | 0 | 6 | 28 |
| ਬੀ) ਇੰਦਰਜੀਤ ਸਿੰਘ | | 5 | — |
| **ਪੀ. ਆਰ. ਬਟਾਲਾ** | | | |
| ਏ) ਤਰਸੇਮ ਰਾਜ | 1 | 4 | 6 |
| ਬੀ) ਮਨਜੀਤ ਸਿੰਘ | 0 | 3 | 0 |
| **ਪੀ. ਆਰ. ਤਰਨਤਾਰਨ** | | | |
| ਏ) ਵਰਯਾਮ ਸਿੰਘ | 0 | 4 | 00 |
| ਬਾਵਾ ਸਿੰਘ | 0 | 4 | 00 |
| ਸਤੀਸ਼ ਚੰਦ | 0 | 4 | 00 |
| ਬੀ) ਗੁਲਜ਼ਾਰ ਸਿੰਘ | 0 | 1 | 12 |
| **ਪੀ ਆਰ. ਹੁਸ਼ਿਆਰਪੁਰ** 1 ਜਨਵਰੀ, 197[illegible] ਤੱਕ | | | |
| ਕ੍ਰਿਸ਼ਨ ਲਾਲ | 1 | 3 | 21 |
| ਰੋਸ਼ਨ ਲਾਲ | 0 | 6 | 12 |
| ਪਰਮਜੀਤ ਸਿੰਘ | 0 | 3 | 9 |
| ਅਸ਼ੋਕ ਕੁਮਾਰ | 0 | 1 | 15 |
| ਸੁਭਾਸ਼ ਚੰਦ | 0 | 0 | 21 |
| **ਪੀ. ਆਰ. ਫਿਰੋਜ਼ਪੁਰ** 1 ਜਨਵਰੀ, 1976 ਤੱਕ | | | |
| ਕੇਵਲ ਕ੍ਰਿਸ਼ਨ | 0 | 6 | 28 |
| ਇੰਦਰਜੀਤ ਸਿੰਘ | | 4 | 31 |
| **ਪੀ. ਆਰ. ਬਟਾਲਾ** | | | |
| ਤਰਸੇਮ ਰਾਜ | 1 | 4 | 6 |
| ਮਨਜੀਤ ਸਿੰਘ | 0 | 3 | — |
| ਸੱਤਪਾਲ ਸਿੰਘ | 0 | 7 | 26 |
| ਅਸ਼ੋਕ ਕੁਮਾਰ | 0 | 6 | 21 |
| **ਪੀ. ਆਰ. ਤਰਨਤਾਰਨ** | | | |
| ਵਰਯਾਮ ਸਿੰਘ | 0 | 4 | 00 |
| ਬਾਵਾ ਸਿੰਘ | 0 | 4 | 00 |
| ਸਤੀਸ਼ ਚੰਦ | 0 | 4 | 00 |
| ਜਸਵੰਤ ਸਿੰਘ | 0 | 3 | 9 |
| ਗੁਰਮੁਖ ਸਿੰਘ | 0 | 3 | 6 |
| ਗੁਲਜ਼ਾਰ ਸਿੰਘ | 0 | 1 | 12 |

Original with;
Punjab Vidhan Sabha
Digitized by;
Panjab Digital Library

## ਸਿਵਲ ਸਰਜਨ ਦੁਆਰਾ 16 ਸਤੰਬਰ, 1975 ਨੂੰ ਬਲਾਕ ਨਿਹਾਲ ਸਿੰਘ ਵਾਲਾ ਪਿੰਡ ਵਿਚ ਛਾਪਾ

***3646 ਮਾਸਟਰ ਚੰਦ ਸਿੰਘ** : ਕੀ ਸਿਹਤ ਅਤੇ ਸੰਤਾਨ ਸੰਜਮ ਦੇ ਰਾਜ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਇਹ ਠੀਕ ਹੈ ਕਿ ਸਿਵਲ ਸਰਜਨ, ਫਰੀਦਕੋਟ ਨੇ 16 ਸਤੰਬਰ, 1976 ਨੂੰ ਨਿਹਾਲ ਸਿੰਘ ਵਾਲਾ ਬਲਾਕ ਦੇ ਕੁਝ ਪਿਡਾਂ ਵਿਚ ਪ੍ਰਾਈਵੇਟ ਪ੍ਰੈਕਟੀਸ਼ਨਰਜ਼ ਤੇ ਛਾਪਾ ਮਾਰਿਆ ਅਤੇ ਕੁਝ ਨਕਲੀ ਦਵਾਈਆਂ ਅਤੇ ਕੁਝ ਹੋਰ ਬੇਕਾਇਦਗੀਆਂ ਫੜੀਆਂ; ਜੇਕਰ ਅਜਿਹਾ ਹੋਵੇ, ਤਾਂ ਉਸ ਤੇ ਕੀਤੀ ਕਾਰਵਾਈ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਵੇ ?

**ਸਰਦਾਰ ਬਲਬੀਰ ਸਿੰਘ** : ਸਿਵਲ ਸਰਜਨ, ਫਰੀਦਕੋਟ ਨੇ ਡਵੀਜ਼ਨਲ ਡਰੱਗ ਇਨਸਪੈਕਟਰ ਫਰੀਦਕੋਟ ਅਤੇ ਸਹਾਇਕ ਸਿਵਲ ਸਰਜਨ, ਫਰੀਦਕੋਟ ਦੀ ਸਹਾਇਤਾ ਨਾਲ 16 ਸਤੰਬਰ, 1975 ਨੂੰ ਸ਼੍ਰੀ ਦੇਸਰਾਜ ਸਿੰਘ, ਪਿੰਡ ਡਾਡਰੇਵਾਲਾ ਅਤੇ ਸੁਦਰਸ਼ਨ ਕੁਮਾਰ, ਲੇਬਾਰਟਰੀ ਐਸਿਸਟੈਂਟ ਪ੍ਰਾਈਮਰੀ ਹੈਲਥ ਸੈਂਟਰ, ਪੱਤੋਹੀਰਾ ਸਿੰਘ ਦੇ ਘਰ ਨਿਹਾਲਸਿੰਘ ਵਾਲਾ ਦੇ ਪਿੰਡ ਖੋਟੇ ਵਿਖੇ ਛਾਪਾ ਮਾਰਿਆ। ਇਹ ਦੋਵੇਂ ਨਾ ਹੀ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਹਨ ਅਤੇ ਨਾਂ ਹੀ ਇਨ੍ਹਾਂ ਕੋਲ ਦਵਾਈਆਂ ਵੇਚਣ, ਸਟਾਕ ਕਰਨ ਜਾਂ ਪ੍ਰਦਰਸ਼ਨ ਕਰਨ ਦਾ ਕੋਈ ਲਾਇਸੰਸ ਹੈ। ਇਨ੍ਹਾਂ ਵਿਰੁਧ ਡਰੱਗ ਤੇ ਕਾਸਮੈਟਿਕ ਐਕਟ ਦੀ ਧਾਰਾ 18 (ਸੀ) ਦੀ ਉਲੰਘਣਾ ਕਰਨ ਕਾਰਨ ਮੁਕੱਦਮਾ ਦਾਇਰ ਕੀਤਾ ਜਾ ਰਿਹਾ ਹੈ। ਇਨ੍ਹਾਂ ਕੋਲੋਂ ਨਕਲੀ ਦਵਾਈ ਨਹੀਂ ਪਕੜੀ ਗਈ।

---

## ਜਲਾਲਾਬਾਦ ਵਿਧਾਨ ਸਭਾ ਚੋਣ ਹਲਕੇ ਵਿਚ ਪੀਣ ਵਾਲਾ ਪਾਣੀ

***3659. ਕਾਮਰੇਡ ਮਹਿਤਾਬ ਸਿੰਘ ਨੋਕੇਰੀਆਂ** : ਕੀ ਸਿਹਤ ਅਤੇ ਸੰਤਾਨ ਸੰਜਮ ਦੇ ਰਾਜ ਮੰਤਰੀ ਕਿਰਪਾ ਕਰਕੇ ਦਸੱਣਗੇਕਿ :—

(ੳ) ਜ਼ਿਲਾ ਫਿਰੋਜ਼ਪੁਰ ਵਿਚ ਜਲਾਲਾਬਾਦ ਵਿਧਾਨ ਸਭਾ ਚੋਣ ਹਲਕੇ ਦੇ ਉਨ੍ਹਾਂ ਪਿੰਡਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ਜਿਥੇ ਪੀਣ ਵਾਲਾ ਪਾਣੀ ਸਿਹਤ ਲਈ ਹਾਨੀਕਾਰਕ ਪਾਇਆ ਗਿਆ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਪਿੰਡਾਂ ਵਿਚੋਂ ਕਿੰਨੇ ਪਿੰਡਾਂ ਨੂੰ ਵਾਟਰ ਸਪਲਾਈ ਸਕੀਮ ਅਧੀਨ ਲਿਆਂਦਾ ਗਿਆ ਹੈ;

**ਪੰਜਾਬ ਰਾਜ ਬਿਜਲੀ ਬੋਰਡ ਦੇ ਕਰਮਚਾਰੀਆਂ ਦੀ ਪਿਛਲੀ ਹੜਤਾਲ ਸਬੰਧੀ ਰਜਿਸਟਰ ਕੀਤੇ ਗਏ ਕੇਸ**

1115. **ਕਾਮਰੇਡ ਸਤ ਪਾਲ ਡਾਂਗ** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ—

(ੳ) ਅਪਰੈਲ, 1974 ਜਾਂ ਇਸਦੇ ਲੱਗ ਭੱਗ ਹੋਈ ਪੰਜਾਬ ਰਾਜ ਬਿਜਲੀ ਬੋਰਡ ਦੇ ਕਰਮਚਾਰੀਆਂ ਦੀ ਪਿਛਲੀ ਹੜਤਾਲ ਸਬੰਧੀ ਪੁਲਿਸ ਪਾਸ ਰਜਿਸਟਰ ਕਰਾਏ ਗਏ ਕੇਸ (ਦੋਸ਼ੀਆਂ ਦੀ ਗਿਣਤੀ ਅਤੇ ਨਾਵਾਂ ਸਮੇਤ) ਦਰਸਾਉਂਦੀ ਸੂਚੀ ਸਦਨ ਦੀ ਮੇਜ਼ ਤੇ ਰੱਖਣਗੇ ;

(ਅ) ਉਕਤ ਸੂਚੀ ਵਿਚ, ਵੱਖ ਵੱਖ ਤੌਰ ਤੇ ਉਨ੍ਹਾਂ ਕੇਸਾਂ (1) ਜੋ ਵਾਪਸ ਲੈ ਲਏ ਗਏ (2) ਜਿਨ੍ਹਾਂ ਦਾ ਅਦਾਲਤ ਦੁਆਰਾ ਫੈਸਲਾ ਕੀਤਾ ਗਿਆ (3) ਜੋ ਅਜੇ ਪੈਂਡਿੰਗ ਪਏ ਹਨ ; ਦਾ ਵੇਰਵਾ ਦਰਸਾਉਣਗੇ ;

(ੲ) ਕੀ ਸਰਕਾਰ ਦਾ ਪੈਂਡਿੰਗ ਕੇਸਾਂ ਨੂੰ ਵਾਪਸ ਲੈਣ ਦਾ ਵਿਚਾਰ ਹੈ ?

**ਗਿਆਨੀ ਜ਼ੈਲ ਸਿੰਘ** : (ੳ ਅਤੇ ਅ) ਇਸ ਸਬੰਧ ਵਿਚ ਪੁਲਿਸ ਪਾਸ ਰਜਿਸਟਰ ਹੋਏ ਮੁਕੱਦਮਿਆਂ ਦਾ ਵੇਰਵਾ, ਉਨ੍ਹਾਂ ਵਿਚ ਦੋਸ਼ੀਆਂ ਦੀ ਗਿਣਤੀ ਅਤੇ ਮੁਕੱਦਮਿਆਂ ਦਾ ਜਿਵੇਂ ਅੰਤਮ ਨਿਪਟਾਰਾ ਹੋਇਆ ਦਰਸਾਉਂਦੀ ਸੂਚਨਾ ਦਾ ਵੇਰਵਾ ਨਾਲ ਨੱਥੀ ਕੀਤੀ ਸੂਚੀ ਵਿਚ ਦਿੱਤਾ ਗਿਆ ਹੈ । ਦੋਸ਼ੀਆਂ ਦੇ ਨਾਂ ਸਦਨ ਵਿਚ ਦਸਣਾ ਲੋਕ ਹਿਤ ਵਿਚ ਨਹੀਂ ।

(ੲ) ਜੀ ਨਹੀਂ ।

**ਸੂਚੀ**

**ਵਿਸ਼ਾ :— ਪੰਜਾਬ ਬਿਜਲੀ ਬੋਰਡ ਦੇ ਕਰਮਚਾਰੀਆਂ ਵਿਰੁੱਧ 1974 ਵਿਚ ਕੀਤੀ ਹੜਤਾਲ ਸਬੰਧੀ ਦਰਜ ਹੋਏ ਮੁਕੱਦਮਿਆਂ ਦਾ ਸਾਰ ।**

| ਨੰ: | ਜ਼ਿਲਾ | ਮੁਕੱਦਮਾ ਨੰ: ਕਾਨੂੰਨ ਦੀ ਧਾਰਾ ਆਦਿ | ਦੋਸ਼ੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|---|
| | **ਰੋਪੜ** | | | |
| 1. | | 53/74 ਧਾਰਾ 40 ਆਈ. ਈ. ਐਕਟ ਅਤੇ 2 ਸਿਕਿਉਰਿਟੀ ਐਕਟ ਥਾਣਾ ਖਰੜ । | 4 | ਅਦਮ ਪਤਾ ਭੇਜ ਦਿਤਾ ਗਿਆ । |
| 2. | | 54/74 ਧਾਰਾ 7 ਈ. ਐਸ. ਐਮ. ਐਕਟ ਥਾਣਾ ਖਰੜ । | 13 | ਉਹੀ |

**For Unstarred Question No. 1114 and reply thereto please see Appendix to this Debate.

Original with;
Punjab Vidhan Sabha
Digitized by;
Panjab Digital Library

| ਨੰ: | ਜ਼ਿਲ੍ਹਾ | ਮੁਕੱਦਮਾ ਨੰ: ਕਾਨੂੰਨ ਦੀ ਧਾਰਾ ਆਦਿ | ਦੋਸ਼ੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|---|
| 3. | | 69/74 ਧਾਰਾ 7 ਈ. ਐਸ. ਐਮ. ਐਕਟ ਅਤੇ 37 ਡੀ. ਆਈ. ਆਰ. ਥਾਣਾ ਰੋਪੜ । | 1 | ਅਦਮ ਪਤਾ ਭੇਜ ਦਿੱਤਾ ਗਿਆ |
| 4. | | 67/74 ਧਾਰਾ 7 ਈ. ਐਸ. ਐਮ. ਐਕਟ ਥਾਣਾ ਮੋਰਿੰਡਾ । | 14 | ਉਹੀ |
| 5. | | 13/74 ਧਾਰਾ 7 ਈ, ਐਸ. ਐਮ. ਐਕਟ ਥਾਣਾ ਨੂਰਪੁਰ ਬੇਦੀ । | 4 | ਉਹੀ |
| 6. | | 61/74 ਧਾਰਾ ਉਹੀ ਥਾਣਾ ਰੋਪੜ । | 5 | ਉਹੀ |
| 7. | | 62/74 ਧਾਰਾ ਉਹੀ ਥਾਣਾ ਉਹੀ । | 3 | ਖਾਰਜ ਹੋ ਗਿਆ |
| 8. | | 55/74 ਧਾਰਾ 40 ਈ. ਐਕਟ ਥਾਣਾ ਰੋਪੜ। | 1 | ਅਦਮ ਪਤਾ ਭੇਜ ਦਿੱਤਾ ਗਿਆ । |
| 9, | | 26/74 ਧਾਰਾ 7 ਈ. ਐਸ. ਐਮ. ਐਕਟ ਥਾਣਾ ਅਨੰਦਪੁਰ ਸਾਹਿਬ । | 3 | ਉਹੀ |
| 10. | | 48/74 ਧਾਰਾ ਉਹੀ ਥਾਣਾ ਨੰਗਲ । | 3 | ਖਾਰਜ ਕੀਤਾ ਗਿਆ । |
| 11. | | 35/74 ਧਾਰਾ 365 ਭ: ਡ: ਥਾਣਾ ਮੁਬਾਰਕਪੁਰ । | 5 | ਉਹੀ |
| | ਜ਼ਿਲ੍ਹਾ ਫਿਰੋਜ਼ਪੁਰ | | | |
| 12. | | 89/74 ਧਾਰਾ 40 ਆਈ. ਈ. ਐਕਟ ਥਾਣਾ ਗੁਰੂ ਹਰਸਹਾਇ | 2 | ਦੋਸ਼ੀ ਬਰੀ ਕਰ ਦਿੱਤੇ ਗਏ । |
| 13. | | 90/74 ਧਾਰਾ ਉਹੀ ਥਾਣਾ ਉਹੀ | — | ਅਦਮ ਪਤਾ ਗਿਆ |
| 14. | | 47/74 ਧਾਰਾ ਉਹੀ ਥਾਣਾ ਸਿਟੀ ਫਾਜ਼ਿਲਕਾ । | 6 | ਦੋਸ਼ੀ ਬਰੀ ਕਰ ਦਿੱਤੇ ਗਏ । |
| 15. | | 89/74 ਧਾਰਾ ਉਹੀ ਥਾਣਾ ਫਿਰੋਜ਼ਪੁਰ ਛਾਉਣੀ । | — | ਅਦਮ ਪਤਾ ਗਿਆ |
| 16. | | 63/74 ਧਾਰਾ ਉਹੀ ਅਤੇ 2 ਸਿਕਿਉਰਿਟੀ ਐਕਟ ਥਾਣਾ ਧਰਮਕੋਟ । | 6 | ਦੋਸ਼ੀ ਬਰੀ ਕੀਤੇ ਗਏ । |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| ਨੰ: | ਜ਼ਿਲ੍ਹਾ | ਮੁਕੱਦਮਾ ਨੰ: ਕਾਨੂੰਨ ਦੀ ਧਾਰਾ ਆਦਿ | ਦੋਸ਼ੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|---|
| | ਜ਼ਿਲ੍ਹਾ ਕਪੂਰਥਲਾ | | | |
| 17. | | 118/74 ਧਾਰਾ 427 ਭ: ਡ: ਥਾਣਾ ਸੁਲਤਾਨਪੁਰ । | — | ਅਦਮ ਪਤਾ ਦਿੱਤਾ ਗਿਆ । |
| 18. | | 121/74 ਧਾਰਾ ਉਹੀ ਥਾਣਾ ਉਹੀ । | 1 | ਅਦਾਲਤ ਵਲੋਂ ਡਿਸ-ਚਾਰਜ ਕੀਤਾ ਗਿਆ। |
| 19. | | 63/74 ਧਾਰਾ 433/427/511 ਭ:ਡ: ਥਾਣਾ ਢਿੱਲਵਾਂ । | — | ਅਦਮ ਪਤਾ ਦਿੱਤਾ ਗਿਆ । |
| 20. | | 133/74 ਧਾਰਾ 7 ਈ. ਐਸ. ਐਮ. ਐਕਟ ਥਾਣਾ ਫਗਵਾੜਾ । | 1 | ਸਰਕਾਰ ਵਲੋਂ ਮੁਕੱਦਮਾ ਵਾਪਸ ਲਿਆ ਗਿਆ |
| 21. | | 143/74 ਧਾਰਾ 7 ਈ. ਐਸ. ਐਮ. ਐਕਟ ਥਾਣਾ ਫਗਵਾੜਾ । | 48 | ਸਰਕਾਰ ਵਲੋਂ ਮੁਕੱਦਮਾ ਵਾਪਸ ਲਿਆ ਗਿਆ । |
| 22. | | 144/74 ਧਾਰਾ ਉਹੀ ਥਾਣਾ ਉਹੀ। | 19 | ਉਹੀ |
| 23. | | 145/74 ਧਾਰਾ ਉਹੀ ਥਾਣਾ ਉਹੀ । | 15 | ਉਹੀ |
| | ਜ਼ਿਲ੍ਹਾ ਅੰਮ੍ਰਿਤਸਰ | | | |
| 24. | | 43/74 ਧਾਰਾ 37 ਡੀ. ਆਈ. ਆਰ. 7 ਈ. ਐਸ. ਐਮ. ਏ. ਅਤੇ 2 ਪੀ. ਐਸ. ਐਸ. ਏ. ਥਾਣਾ ਰਮਦਾਸ। | 8 | ਮੁਲਜ਼ਮ ਬਰੀ ਹੋ ਗਏ |
| 25. | | 97/74 ਧਾਰਾ 332/353/227 ਭ: ਡ: ਥਾਣਾ ਬਿਆਸ । | 3 | ਦੋਸ਼ੀਆਂ ਨੂੰ ਚਾਰ ਚਾਰ ਮਹੀਨੇ ਦੀ ਕੈਦ ਬਾ-ਮੁਸ਼ੱਕਤ ਸੁਣਾਈ ਗਈ। |
| 26. | | 125/74 ਧਾਰਾ 427/148/149/ਭ:ਡ: ਥਾਣਾ ਝਬਾਲ । | 1 | ਅਦਮ ਪਤਾ ਦਿਤਾ ਗਿਆ । |
| 27, | | 214/74 ਧਾਰਾ 37 ਡੀ. ਆਈ. ਆਰ. ਅਤੇ 2 ਪੀ. ਐਸ. ਐਸ, ਏ. ਥਾਣਾ **ਸਦਰ ਅੰਮ੍ਰਿਤਸਰ** । | 4 | ਉਹੀ |

Original with;
Punjab Vidhan Sabha
Digitized by;
Panjab Digital Library

| ਨੰ: | ਜ਼ਿਲ੍ਹਾ | ਮੁਕੱਦਮਾ ਨੰ: ਕਾਨੂੰਨ ਦੀ ਧਾਰਾ ਆਦਿ | ਦੋਸ਼ੀਆਂ ਦੀ ਗਿਣਤੀ | ਵਿਸੇਸ਼ ਕਥਨ |
|---|---|---|---|---|
| | **ਜ਼ਿਲ੍ਹਾ ਜਲੰਧਰ** | | | |
| 28. | | 27/74 ਧਾਰਾ 427 ਭ: ਡ: ਅਤੇ 37 ਡੀ. ਆਈ. ਆਰ. ਥਾਣਾ ਸ਼ਾਹਕੋਟ। | — | ਅਦਮ ਪਤਾ ਦਿਤਾ ਗਿਆ। |
| 29. | | 215/74 ਧਾਰਾ 37 ਡੀ. ਆਈ. ਆਰ. 40 ਈ. ਆਈ. ਐਕਟ ਅਤੇ 427 ਭ: ਡ: ਥਾਣਾ ਸਦਰ ਜਾਲੰਧਰ। | — | ਉਹੀ |
| 30. | | 125/74 ਧਾਰਾ 433 ਭ: ਡ: ਅਤੇ 118 ਡੀ. ਆਈ. ਆਰ. ਥਾਣਾ ਕਰਤਾਰਪੁਰ। | 5 | ਉਹੀ |
| 31. | | 430/74 ਅ: ਧਾਰਾ 433/114 ਡੀ. ਆਈ. ਆਰ. ਥਾਣਾ ਜਲੰਧਰ ਸਿਟੀ। | — | ਉਹੀ |
| | **ਜ਼ਿਲ੍ਹਾ ਫਰੀਦਕੋਟ** | | | |
| 32. | | 120/74 ਧਾਰਾ 379/428 ਭ: ਡ: ਥਾਣਾ ਕੋਟਕਪੂਰਾ। | 6 | ਦੋਸ਼ੀ ਬਰੀ ਹੋ ਗਏ |
| 33. | | 132/74 ਧਾਰਾ 37 ਡੀ. ਆਈ. ਆਰ. ਥਾਣਾ ਲੰਬੀ। | 3 | ਉਹੀ |
| 34. | | 119/74 ਧਾਰਾ 379/428 ਭ: ਡ: ਥਾਣਾ ਕੋਟਕਪੂਰਾ। | 2 | ਕੋਰਟ ਵਿਚੋਂ ਦੋਸ਼ੀ ਡਿਸਚਾਰਜ ਕਰਾਏ ਗਏ ਅਤੇ ਮੁਕੱਦਮਾ ਅਦਮ ਪਤਾ ਦਿੱਤਾ ਗਿਆ। |
| 35. | | 129/74 ਧਾਰਾ 37 ਡੀ. ਆਈ. ਆਰ. ਥਾਣਾ ਕੋਟ ਭਾਈ। | — | ਅਦਮ ਪਤਾ ਦਿੱਤਾ ਗਿਆ। |
| 36. | | 121/74 ਧਾਰਾ ਉਹੀ ਥਾਣਾ ਉਹੀ | 1 | ਉਹੀ |
| 37. | | 67/74 ਧਾਰਾ 7 ਈ. ਐਸ. ਐਮ. ਏ. ਥਾਣਾ ਸਿਟੀ ਮਲੋਟ। | 3 | ਮੁਕੱਦਮਾ ਵਾਪਸ ਲਿਆ ਗਿਆ। |
| 38. | | 73/74 ਧਾਰਾ ਉਹੀ ਥਾਣਾ ਜੈਤੋਂ | 4 | ਉਹੀ |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| ਨੰ: | ਜ਼ਿਲ੍ਹਾ | ਮੁਕੱਦਮਾ ਨੰ: ਕਾਨੂੰਨ ਦੀ ਧਾਰਾ ਆਦਿ | ਦੋਸ਼ੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|---|
| 39. | | 118/74 ਧਾਰਾ 7 ਈ. ਐਸ. ਐਮ. ਏ. ਥਾਣਾ ਕੋਟਭਾਈ । | 3 | ਉਹੀ |
| 40. | | 67/74 ਧਾਰਾ ਉਹੀ ਥਾਣਾ ਕੋਤਵਾਲੀ ਫਰੀਦਕੋਟ । | 24 | ਉਹੀ |
| 41. | | 81/74 ਧਾਰਾ ਉਹੀ ਥਾਣਾ ਸਿਟੀ ਮੋਗਾ । | 4 | ਉਹੀ |
| 42. | | 85/74 ਧਾਰਾ ਉਹੀ ਥਾਣਾ ਮੁਕਤਸਰ । | 6 | ਉਹੀ |
| | ਜ਼ਿਲ੍ਹਾ ਗੁਰਦਾਸ ਪੁਰ | | | |
| 43. | | 75/74 ਧਾਰਾ 2 ਪੀ. ਐਸ. ਐਸ. ਏ. ਥਾਣਾ ਸਦਰ ਗੁਰਦਾਸਪੁਰ । | 5 | ਦੋਸ਼ੀ ਬਰੀ ਹੋ ਗਏ |
| 44. | | 73/74 ਧਾਰਾ ਉਹੀ ਥਾਣਾ ਉਹੀ | 6 | ਉਹੀ |
| 45. | | 74/74 ਧਾਰਾ ਉਹੀ ਥਾਣਾ ਸਦਰ ਧਾਰੀਵਾਲ । | 3 | ਉਹੀ |
| 46. | | 179/74 ਧਾਰਾ ਉਹੀ ਥਾਣਾ ਸਦਰ ਪਠਾਨਕੋਟ । | 1 | ਅਦਾਲਤ ਵਲੋਂ ਡਿਸ-ਚਾਰਜ ਕੀਤਾ ਗਿਆ |
| 47. | | 79/74 ਧਾਰਾ ਉਹੀ ਥਾਣਾ ਸਦਰ ਹਰਿਗੋਬਿੰਦਪੁਰ । | 7 | ਉਹੀ |
| 48. | | 5/74 ਧਾਰਾ ਉਹੀ ਥਾਣਾ ਧਰਕਲਾ | — | ਅਦਮ ਪਤਾ ਦਿੱਤਾ ਗਿਆ |
| 49. | | 112/74 ਧਾਰਾ 427/148/149 ਭ: ਡ: ਅਤੇ 2 ਪੀ. ਐਸ. ਐਸ. ਏ. ਥਾਣਾ ਪਠਾਨਕੋਟ । | — | ਉਹੀ |
| 50. | | 176/74 ਧਾਰਾ 2 ਪੀ. ਐਸ, ਐਸ. ਏ. ਥਾਣਾ ਸਦਰ ਗੁਰਦਾਸਪੁਰ । | — | ਉਹੀ |
| | ਜ਼ਿਲ੍ਹਾ ਹੁਸ਼ਿਆਰਪੁਰ | | | |
| 51. | | 97/74 ਧਾਰਾ 430/511 ਭ: ਡ: 114 ਡੀ.ਆਈ.ਆਰ. ਅਤੇ 40 ਈ. ਐਕਟ ਥਾਣਾ ਗੜ੍ਹਸ਼ੰਕਰ । | 4 | ਅਦਾਲਤ ਵਿਚ ਜ਼ੇਰ ਸਮਾਇਤ ਹੈ । |

Original with;
Punjab Vidhan Sabha
Digitized by;
Panjab Digital Library

| ਨੰ: | ਜ਼ਿਲ੍ਹਾ | ਮੁਕੱਦਮਾ ਨੰ: ਕਾਨੂੰਨ ਦੀ ਧਾਰਾ ਆਦਿ | ਦੋਸ਼ੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|---|
| 52. | | 100/74 ਧਾਰਾ 430/427/511 ਭ:ਡ: ਅਤੇ 40 ਈ ਐਕਟ ਥਾਣਾਗੜ੍ਹਸ਼ੰਕਰ। | 2 | ਦੋਸ਼ੀ ਬਰੀ ਹੋ ਗਏ |
| 53. | | 97/74 ਧਾਰਾ 2 ਸਿਕਿਉਰਿਟੀ ਐਕਟ, 40 ਈ. ਐਕਟ 430, ਭ: ਡ: ਅਤੇ ,19 ਡੀ. ਆਈ. ਆਰ. ਥਾਣਾ ਸਦਰ ਗੁਰਦਾਸਪੁਰ । | 5 | ਦੋਸ਼ੀ ਬਰੀ ਕਰ ਦਿੱਤੇ ਗਏ ਅਤੇ ਕੇਸ ਅਦਮ ਪਤਾ ਦਿੱਤਾ ਗਿਆ । |
| 54. | | 99/74 ਧਾਰਾ 430 ਭ: ਡ: 40 ਈ. ਐਕਟ ਅਤੇ 114/119 ਡੀ. ਆਈ. ਆਰ. ਸਦਰ ਹੁਸ਼ਿਆਰਪੁਰ । | 2 | ਮੁਕੱਦਮਾ ਖਾਰਜ ਕੀਤਾ ਗਿਆ । |
| 55. | | 67/74 ਧਾਰਾ 2 ਪੀ. ਐਸ. ਐਸ. ਏ. 430 ਭ: ਡ: ਅਤੇ 40 ਈ. ਐਕਟ ਥਾਣਾ ਹਰਿਆਣਾ । | 4 | ਅਦਮ ਪਤਾ ਦਿੱਤਾ ਗਿਆ । |
| 56. | | 70/74 ਧਾਰਾ 430/511 ਭ: ਡ: 114 ਡੀ. ਆਈ. ਆਰ. ਅਤੇ 40 ਈ. ਐਕਟ ਥਾਣਾ ਹਰਿਆਣਾ । | 2 | ਅਦਾਲਤ ਵਿਚ ਜ਼ੇਰ ਸਮਾਇਤ ਹੈ । |
| | ਜ਼ਿਲ੍ਹਾ ਸੰਗਰੂਰ | | | |
| 57. | | 132/74 ਧਾਰਾ 7 ਈ. ਐਸ. ਐਮ. ਏ. ਥਾਣਾ ਬਰਨਾਲਾ । | 25 | ਅਦਮ ਪਤਾ ਦਿੱਤਾ ਗਿਆ |
| 58. | | 42/74 ਧਾਰਾ ਉਹੀ ਥਾਣਾ ਸ਼ੇਹਿਣਾ | 13 | ਉਹੀ |
| 59. | | 3774 ਧਾਰਾ ਉਹੀ ਥਾਣਾ ਭਦੌੜ | 13 | ਉਹੀ |
| 60. | | 83/74 ਧਾਰਾ ਉਹੀ ਥਾਣਾ ਧਨੌਲਾ | 16 | ਉਹੀ |
| 61. | | 84/74 ਧਾਰਾ 2 ਪੀ. ਐਸ. ਐਸ. ਏ. ਥਾਣਾ ਧਨੌਲਾ । | — | ਉਹੀ |
| 62. | | 127/74 ਧਾਰਾ 7 ਈ. ਐਸ. ਐਮ. ਐਕਟ ਥਾਣਾ ਸੰਗਰੂਰ । | 32 | ਖਾਰਜ ਕੀਤਾ ਗਿਆ |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| ਨੰ: | ਜ਼ਿਲ੍ਹਾ | ਮੁਕੱਦਮਾ ਨੰ: ਕਾਨੂੰਨ ਦੀ ਧਾਰਾ ਆਦਿ | ਦੋਸ਼ੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|---|
| 63. | | 128/74 ਧਾਰਾ 2 ਪੀ. ਐਸ. ਐਸ. ਐਕਟ ਥਾਣਾ ਸੰਗਰੂਰ । | — | ਅਦਮ ਪਤਾ ਦਿੱਤਾ ਗਿਆ । |
| 64. | | 153/74 ਧਾਰਾ ਉਹੀ ਥਾਣਾ ਉਹੀ | — | ਉਹੀ |
| 65. | | 51/74 ਧਾਰਾ ਉਹੀ ਥਾਣਾ ਮਲੇਰ-ਕੋਟਲਾ । | — | ਉਹੀ |
| 66. | | 74/74 ਧਾਰਾ ਉਹੀ ਥਾਣਾ ਲੌਂਗੋਵਾਲ | — | ਉਹੀ |
| 67. | | 73/74 ਧਾਰਾ ਉਹੀ ਥਾਣਾ ਉਹੀ । | — | ਉਹੀ |
| 68. | | 37/74 ਧਾਰਾ ਉਹੀ ਥਾਣਾ ਅਹਿਮਦ-ਗੜ੍ਹ । | — | ਉਹੀ |
| 69. | | 41/74 ਧਾਰਾ ਉਹੀ ਥਾਣਾ ਲਹਿਰਾ | 3 | ਦੋਸ਼ੀ ਬਰੀ ਹੋ ਗਏ |
| 70. | | 56/74 ਧਾਰਾ 7 ਈ. ਸੀ. ਐਮ. ਐਕਟ ਥਾਣਾ ਮੂਣਕ । | 5 | ਮੁਕੱਦਮਾਂ ਖਾਰਜ ਕੀਤਾ ਗਿਆ । |
| 71. | | 100/74 ਧਾਰਾ ਉਹੀ ਥਾਣਾ ਸੁਨਾਮ | 20 | ਅਦਮ ਪਤਾ ਦਿੱਤਾ ਗਿਆ । |
| 72. | | 107/74 ਧਾਰਾ 2 ਪੀ. ਐਸ. ਐਸ. ਏ, ਥਾਣਾ ਉਹੀ । | 5 | ਦੋਸ਼ੀ ਬਰੀ ਹੋ ਗਏ। |
| 73. | | 40/74 ਧਾਰਾ ਉਹੀ ਥਾਣਾ ਲਹਿਰਾ | 3 | ਉਹੀਂ |
| 74. | | 53/74 ਧਾਰਾ 7 ਈ. ਐਸ. ਐਮ. ਐਕਟ ਥਾਣਾ ਧੂਰੀ | 33 | ਅਦਮ ਪਤਾ ਦਿਤਾ ਗਿਆ |
| 75. | | 49/74 ਧਾਰਾ ਉਹੀ ਥਾਣਾ ਮਲੇਰਕੋਟਲਾ | 23 | ਉਹੀ |
| 76. | | 55/74 ਧਾਰਾ ਉਹੀ ਥਾਣਾ ਭਵਾਨੀਗੜ੍ਹ | 7 | ਉਹੀ |
| 77. | | 70/74 ਧਾਰਾ ਉਹੀ ਥਾਣਾ ਲੌਂਗੋਵਾਲ | 5 | ਉਹੀ |
| 78. | | 130/74 ਧਾਰਾ ਉਹੀ ਥਾਣਾ ਬਰਨਾਲਾ | 24 | ਉਹੀ |
| 79. | | 36/74 ਧਾਰਾ ਉਹੀ ਥਾਣਾ ਸ਼ੇਰਪੁਰ | 11 | ਉਹੀ |
| 80. | | 35/74 ਧਾਰਾ ਉਹੀ ਥਾਣਾ ਉਹੀ | 13 | ਉਹੀ |

Original with;
Punjab Vidhan Sabha
Digitized by;
Panjab Digital Library

| ਨੰ: | ਜ਼ਿਲ੍ਹਾ | ਮੁਕੱਦਮਾ ਨੰ: ਕਾਨੂੰਨ ਦੀ ਧਾਰਾ ਆਦਿ | ਦੋਸ਼ੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|---|
| ਜ਼ਿਲ੍ਹਾ ਬਠਿੰਡਾ | | | | |
| 81. | | 64/74 ਧਾਰਾ 2 ਪੀ. ਐਸ. ਐਸ. ਏ. ਥਾਣਾ ਨਥਾਣਾ | 2 | ਬਰੀ ਹੋ ਗਏ। |
| 82. | | 65/74 ਧਾਰਾ ਉਹੀ ਥਾਣਾ ਉਹੀ | 1 | ਜ਼ੇਰ ਸਮਾਇਤ ਹੈ। |
| 83. | | 135/74 ਧਾਰਾ 427/329 ਆਈ.ਪੀ ਸੀ. ਅਤੇ 40 ਈ. ਐਕਟ ਥਾਣਾ ਮਾਨਸਾ | 2 | ਦੋਸ਼ੀ ਬਰੀ ਹੋ ਗਏ। |
| 84. | | 63/74 ਧਾਰਾ 7 ਬੀ. ਐਸ. ਐਮ. ਐਕਟ ਥਾਣਾ ਸਰਦੂਲਗੜ੍ਹ | 4 | ਅਦਮ ਪਤਾ ਦਿੱਤਾ ਗਿਆ। |
| 85. | | 64/74 ਧਾਰਾ ਉਹੀ ਥਾਣਾ ਉਹੀ | 6 | ਉਹੀ |
| 86. | | 27/74 ਧਾਰਾ 2 ਪੀ. ਐਸ. ਐਸ. ਐਕਟ ਥਾਣਾ ਨਹੀਆਂਵਾਲਾ | 2 | ਜ਼ੇਰ ਸਮਾਇਤ ਹੈ |
| 87. | | 133/74 ਧਾਰਾ ਉਹੀ ਥਾਣਾ ਸਿਟੀ ਬਠਿੰਡਾ | 2 | ਅਦਮ ਪਤਾ ਦਿੱਤਾ ਗਿਆ। |
| 88. | | 132/74 ਧਾਰਾ ਉਹੀ ਥਾਣਾ ਉਹੀ | 11 | ਉਹੀ |
| 89. | | 135/74 ਧਾਰਾ ਉਹੀ ਥਾਣਾ ਉਹੀ | — | — |
| ਜ਼ਿਲ੍ਹਾ ਲੁਧਿਆਣਾ | | | | |
| 90. | | 101/74 ਧਾਰਾ ਉਹੀ ਥਾਣਾ ਡੇਹਲੋਂ | 9 | ਉਹੀ |
| 91. | | 209/74 ਧਾਰਾ ਉਹੀ ਥਾਣਾ ਜਗਰਾਉਂ | 5 | ਜ਼ੇਰ ਸਮਾਇਤ ਹੈ। |
| 92. | | 191/74 ਧਾਰਾ ਉਹੀ ਥਾਣਾ ਸਦਰ ਲੁਧਿਆਣਾ | — | ਅਦਮ ਪਤਾ ਦਿੱਤਾ ਗਿਆ। |
| 93. | | 185/74 ਧਾਰਾ ਉਹੀ ਥਾਣਾ ਉਹੀ | — | ਉਹੀ |
| 94. | | 90/74 ਧਾਰਾ ਉਹੀ ਥਾਣਾ ਡੇਹਲੋਂ | — | ਉਹੀ |
| 95. | | 141/74 ਧਾਰਾ ਉਹੀ ਥਾਣਾ ਖੰਨਾਂ | — | ਖਾਰਜ ਕੀਤਾ ਗਿਆ। |
| 96. | | 208/74 ਧਾਰਾ 7 ਈ. ਐਸ. ਐਮ. ਐਕਟ ਥਾਣਾ ਜਗਰਾਉਂ | — | ਉਹੀ |

Original with;
Punjab Vidhan Sabha
Digitized by;
Panjab Digital Library

| ਨੰ: | ਜ਼ਿਲ੍ਹਾ ਮੁਕੱਦਮਾ ਨੰ: ਕਨੂੰਨ ਦੀ ਧਾਰਾ ਆਦਿ | ਦੋਸ਼ੀਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|
| | **ਜ਼ਿਲ੍ਹਾ ਪਟਿਆਲਾ** | | |
| 97. | 58/74 ਧਾਰਾ 9 ਸਿਕਿਉਰਟੀ ਐਕਟ ਥਾਣਾ ਨਾਭਾ | 5 | ਅਦਮ ਪਤਾ ਦਿੱਤਾ ਗਿਆ । |
| 98. | 110/74 ਧਾਰਾ 474 ਭ:ਡ: ਅਤੇ 119 ਡੀ. ਆਈ.ਆਰ ਥਾਣਾ ਸਦਰ ਪਟਿਆਲਾ । | 3 | ਉਹੀ |
| 99. | 130/74 ਧਾਰਾ 2ਪੀ. ਐਸ. ਐਸ. ਐਕਟ ਥਾਣਾ ਸਿਟੀ ਪਟਿਆਲਾ । | 3 | ਜ਼ੇਰ ਸਮਾਇਤ ਹੈ । |
| 100. | 60/74 ਧਾਰਾ 353/506/186 ਭ:ਡ: ਥਾਣਾ ਅਮਲੋਹ | 2 | ਦੋਸ਼ੀ ਬਰੀ ਹੋ ਗਏ। |
| 101. | 88/74 ਧਾਰਾ 452/506/323 /148/ 149 ਭ:ਡ: ਥਾਣਾ ਸਿਵਲ ਲਾਈਨ ਪਟਿਆਲਾ | 11 | ਅਦਮ ਪਤਾ ਦਿੱਤਾ ਗਿਆ। |
| 102. | 115/74 ਧਾਰਾ 427/ਭ:ਡ: ਅਤੇ 119 ਡੀ. ਆਈ. ਆਰ. ਥਾਣਾ ਸਦਰ ਪਟਿਆਲਾ | 3 | ਉਹੀ |
| 103. | 124/74 ਧਾਰਾ 119 ਡੀ. ਆਈ. ਆਰ. ਥਾਣਾ ਰਾਜਪੁਰਾ | 16 | ਉਹੀ |

## AMOUNT OF SISWAN CO-OPERATIVE CHOE RECLAMATION SOCIETY AND IMPROVEMENT OF CHOE AND SHAMLAT LANDS SOCIETY, SISWAN

1117. **Comrade Shamsher Singh Josh** : Will the Chief Minister be pleased to state whether the Government received memorandum dated 19th October, 1973 and 6th October, 1975 from a legislator regarding the disposal of the amount lying in the name of Siswan Co-operative Choe Reclamation Society & Improvement of Choe and shamlat Lands Society of Siswan, Tehsil Kharar, District Ropar for the development of the area; if so, the action, if any, taken on the same?

**ਗਿਆਨੀ ਜ਼ੈਲ ਸਿੰਘ** : ਹਾਂ ਜੀ ਸਭਾ ਇਕ ਕਾਰਪੋਰੇਟ ਸੰਸਥਾ ਹੈ ਅਤੇ ਇਸ ਦੇ ਫੰਡਜ਼ ਦੀ ਐਲੋਕੇਸ਼ਨ ਅਤੇ ਵਰਤਿਆ ਜਾਣਾ ਪੰਜਾਬ ਕੋਆਪ੍ਰੇਟਿਵ ਸੋਸਾਇਟੀ ਐਕਟ, 1961/ਰੂਲਜ਼, 1963 ਅਤੇ ਸਭਾ ਦੇ ਬਾਈਲਾਜ਼ ਦੇ ਅਧੀਨ ਹੈ । ਇਹ ਸਟੈਚੂਟਰੀ ਪਰੋਵੀਜ਼ਨ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੀ ਕਿ ਸਭਾ ਦੇ ਫੰਡਜ਼ ਪੰਚਾਇਤ ਨੂੰ ਅਲਾਟ ਕੀਤੇ ਜਾਣ ਜਾਂ ਉਨ੍ਹਾਂ ਦੀ ਵਰਤੋਂ ਮੈਮੋਰੈਂਡਮ ਵਿੱਚ ਦੱਸੇ ਮੰਤਵ ਲਈ ਵਰਤੀ ਜਾਵੇ ।

Original with;
Punjab Vidhan Sabha
Digitized by;
Panjab Digital Library

## QUESTIONS OF PRIVILEGE

**Mr. Speaker**: I have received notice of a privilege motion from Comrade Achhra Singh M.L.A., wherein he has stated that the Deputy Commissioner, Sangrur, after having given time to meet him on the 23rd March, 1976, at his residence in connection with a tenancy problem refused to meet the deputation led by him at his residence.

I would like to inform the House that Government has issued instructions recently, once again, to the effect that the. hon. Members being representative of the people deserve proper courtesy and respect and that all officers and officials should show proper courtesy and respect to M. Ps. and State Legislators in the discharge of their official duties. I appreciate this step of the Government.

However, in the present case, I am writing to the Minister concerned to clarify the position and on receipt of a clarification from him, I would examine the whole matter and give my ruling.

**Mr. Speaker** : Comrade Raj Kumar, M.L.A., has given notice of a privilege motion wherein he has alleged that a letter addressed by him to the Executive Engineer, Public Health Division, Dasuya, District Hoshiarpur had not been properly replied to by that officer. I am writing to the Minister concerned to clarify the position and on receipt of a clarification from him, I would examine the whole matter and give my ruling.

## ANNOUNCEMENT BY THE SECRETARY

**ਸਕੱਤਰ** : ਮੈਂ ਉਨ੍ਹਾਂ ਬਿਲਾਂ ਦਾ ਵਿਵਰਣ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜੋ ਪੰਜਾਬ ਵਿਧਾਨ ਸਭਾ ਦਆਰਾ ਇਸ ਦੇ ਚਾਲੂ 11ਵੇਂ (ਬਜਟ) ਸਮਾਗਮ, 1976 ਦੇ ਦੌਰਾਨ ਪਾਸ ਕੀਤੇ ਗਏ ਅਤੇ ਜਿਨ੍ਹਾਂ ਤੇ ਰਾਸ਼ਟਰਪਤੀ/ਰਾਜਪਾਲ ਵਲੋਂ ਸਹਿਮਤੀ ਦੇ ਦਿੱਤੀ ਗਈ ਹੈ ।

1. ਪੰਜਾਬ ਸ਼ਹਿਰੀ ਮਿਲਖਾਂ (ਵਿਕਾਸ ਅਤੇ ਵਿਨਿਯਮ) (ਸੋਧਨਾਂ) ਬਿੱਲ, 1976
2. ਪੰਜਾਬ ਮਿਉਨਿਸਪਲ (ਸੋਧਨਾ) ਬਿੱਲ, 1976
3. ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਵੈਧਤਾ) ਬਿੱਲ, 1976
4. ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦ (ਸੋਧਨਾ) ਬਿੱਲ, 1976
5. ਪੰਜਾਬ ਗ੍ਰਾਮ ਪੰਚਾਇਤ (ਸੋਧਨਾ) ਬਿੱਲ, 1976
6. ਪੰਜਾਬ ਨਮਿੱਤਣ ਬਿਲ, 1976
7. ਪੰਜਾਬ ਆਮ ਵਿਕਰੀ ਕਰ (ਸੋਧਨਾ ਅਤੇ ਵੈਧਤਾ) ਬਿੱਲ, 1976
8. ਪੰਜਾਬ ਨਮਿੱਤਣ (ਨੰ: 2) ਬਿੱਲ, 1976
9. ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖਾਹਾਂ (ਸੋਧਨਾ) ਬਿੱਲ, 1976
10. ਪੰਜਾਬ ਵਿਧਾਨ ਸਭਾ (ਮੈਂਬਰਾਂ ਦੇ ਭੱਤੇ) (ਸੋਧਨਾ) ਬਿੱਲ, 1976
11. ਉਪ-ਮੰਤਰੀਆਂ, ਪੰਜਾਬ ਦੀਆਂ ਤਨਖਾਹਾਂ ਅਤੇ ਭੱਤੇ (ਸੋਧਨਾ) ਬਿਲ, 1976
12. ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿੱਲ, 1976
13. ਪੰਜਾਬ ਭੂਦਾਨ ਯਗਨਾ (ਸੋਧਨਾ) ਬਿੱਲ, 1976

Original with;
Punjab Vidhan Sabha
Digitized by;
Panjab Digital Library

## PERSSONAL EXPLANATION

**ਕੈਪਟਨ ਰਤਨ ਸਿੰਘ** : ਪਰਸਨਲ ਐਕਸਪਲੇਸ਼ਨ, ਸਰ ।

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋ ਗਏ)

**ਸ੍ਰੀ ਸਪੀਕਰ** : ਕੈਪਟਨ ਰਤਨ ਸਿੰਘ ਜੀ ਆਨ ਏ ਪਰਸਨਲ ਐਕਸਪਲੇਨੇਸ਼ਨ । ਕੈਪਟਨ ਸਾਹਿਬ ਜੀ, ਬੀ ਬਰੀਫ ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੇਰੇ ਮੋਹਤਰਮ ਅਤੇ ਮਿਹਰਬਾਨ ਦੋਸਤ ਸ੍ਰੀ ਹੰਸ ਰਾਜ ਸ਼ਰਮਾ ਜੀ ਨੇ ਸਪਲੀਮੈਂਟਰੀ ਕੁਐਸ਼ਚਨ ਦੇ ਵਿਚ ਕਿਸੇ ਢੰਗ ਦੇ ਨਾਲ ਇਹ ਰਿਕਾਰਡ ਤੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ ਕਿ ਜਿਵੇਂ ਮੈਂ ਚਾਹੁੰਦਾ ਹਾਂ ਕਿ ਐਗਰੀਕਲਚਰਲ ਲੇਬਰ ਦੇ ਰੇਟ ਥੱਲੇ ਲਿਆਂਦੇ ਜਾਣ, ਉਨ੍ਹਾਂ ਦੇ ਰੇਟ ਘਟਾਏ ਜਾਣ । ਸਪੀਕਰ ਸਾਹਿਬ, ਇਹ ਬਿਲਕੁਲ ਗ਼ਲਤ ਅਤੇ ਬੇਬੁਨਿਆਦ ਗੱਲ ਹੈ । ਮੈਂ ਇਹ ਕਲੀਅਰ ਕਰਦਾ ਹਾਂ ਕਿ ਮੈਂ ਹਮੇਸ਼ਾ ਉਨ੍ਹਾਂ ਦੇ ਰੇਟ ਉਪਰ ਲਿਆਉਣ ਲਈ ਲੜਦਾ ਰਿਹਾ ਹਾਂ ਅਤੇ ਮੈਂ ਉਨ੍ਹਾਂ ਦੇ ਰੇਟ ਨੀਚੇ ਲਿਆਉਣ ਲਈ ਕਦੇ ਨਹੀਂ ਕਿਹਾ । ਸੋ ਸਪਲੀਮੈਂਟਰੀ ਪੁੱਟ ਕਰਦੇ ਸਮੇਂ ਮੈਂ ਇਹੀ ਕਿਹਾ ਸੀ ਕਿ ਮੈਂ ਕਦੇ ਉਨ੍ਹਾਂ ਦੇ ਰੇਟ ਘਟਾਉਣ ਦੇ ਹੱਕ ਵਿਚ ਨਹੀਂ । ਸਪੀਕਰ ਸਾਹਿਬ, ਜੇਕਰ ਤੁਹਾਡੀ ਇਜ਼ਾਜ਼ਤ ਹੋਵੇ ਤਾਂ ਮੈਨੂੰ ਇਕ ਸ਼ੇਅਰ ਯਾਦ ਆ ਗਿਆ ਹੈ, ਉਹ ਮੈਂ ਕਹਿ ਦਿੰਦਾ ਹਾਂ ।

ਆਪੇ ਤਾਂ ਪਹਿਲਾਂ ਰਬ ਤੋਂ ਉੱਚਾ ਬਣਾਇਆ ਬੁੱਤ ਨੂੰ ।
ਉਸ ਬੁੱਤ ਦੇ ਹੁਣ ਕਹਿਰ ਤੋਂ ਆਪਾ ਬਚਾਵਾਂ ਕਿਸ ਤਰ੍ਹਾਂ ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਮੇਰਾ ਬਿਲਕੁਲ ਕੋਈ ਮਤਲਬ ਉਨ੍ਹਾਂ ਦੀ ਨੀਅਤ ਖਰਾਬ ਹੋਣ ਤੋਂ ਨਹੀਂ ਸੀ । He is my valued colleague. I was answering to the question reised by the hon. member.

---

## ADJOURNMENT MOTIONS

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸਾਡੇ ਕਮਿਊਨਿਸਟ ਗਰੁੱਪ ਦੇ ਸਾਰੇ ਮੈਂਬਰਾਂ ਵਲੋਂ ਇਕ ਨੋਟਿਸ ਫ਼ਾਰ ਐਡਜਰਨਮੈਂਟ ਮੋਸ਼ਨ ਦਿੱਤਾ ਗਿਆ ਸੀ । (ਵਿਘਨ)

**ਸ੍ਰੀ ਸਪੀਕਰ** : ਉਹ ਰਿਜੈਕਟ ਹੋ ਗਈ ਹੈ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਉਹ ਉਸ ਵੱਡੇ ਮਸਲੇ ਨਾਲ ਤੁਅੱਲਕ ਰੱਖਦਾ ਹੈ ਜਿਹੜਾ ਪਾਣੀ ਬਾਰੇ ਸੈਂਟਰਲ ਗੌਰਮਿੰਟ ਨੇ ਫੈਸਲਾ ਕੀਤਾ ਹੈ । (ਵਿਘਨ) (ਸ਼ੋਰ)

**Mr. Speaker** : It is a matter which relates to the Central Government. I would not allow it to be discussed here (Interruptions) Please resume your seat. Please resume your seat.

Original with;
Punjab Vidhan Sabha
Digitized by;
Panjab Digital Library

**Comrade Shamsher Singh Josh** : * *

**Mr. Speaker** : Whatever is being said should not be recorded.

**Sardar Randhir Singh Cheema** : * * *

**Mr. Speaker**: Whatever is being said by the hon. Members should not be recorded. (interruptions) order, please. Order, (interruptions): under Rule 109 (A) whatever the hon. members say without the permission of the Chair should not be recorded. Please resume your seat.

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਪਰਸੋਂ ਅਤੇ ਕੱਲ ਤੁਸੀਂ ਅਖਬਾਰਾਂ ਵਿਚ ਪੜ੍ਹਿਆ ਹੋਵੇਗਾ ਕਿ ਪੰਜਾਬ ਦੇ ਕੁਝ ਇਲਾਕਿਆਂ ਵਿਚ ਬੜੇ ਭਾਰੀ ਗੜ੍ਹੇ ਪਏ ਹਨ। ਮੈਂ ਉਸ ਸਬੰਧੀ ਐਡਜਰਨਮੈਂਟ ਮੋਸ਼ਨ ਦਿੱਤੀ ਸੀ। (ਵਿਘਨ)

**ਸ੍ਰੀ ਸਪੀਕਰ** : ਇਸ ਸਬੰਧੀ ਕਾਮਰੇਡ ਰਾਜ ਕੁਮਾਰ ਦੀ ਕਾਲ ਅਟੈਨਸ਼ਨ ਮੋਸ਼ਨ ਐਡਮਿਟ ਕੀਤੀ ਹੈ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਸਪੀਕਰ ਸਾਹਿਬ, ਤੁਸੀਂ ਸੁਣ ਤਾਂ ਲਵੋ।

**ਸ੍ਰੀ ਸਪੀਕਰ** : ਪ੍ਰੇਮ ਜੀ, ਤੁਹਾਡੀ ਐਡਜਰਨਮੈਂਟ ਮੋਸ਼ਨ ਵਿਦਇਨ ਟਾਈਮ ਨਹੀਂ ਸੀ। (ਵਿਘਨ) ਮੈਂ ਮਨਿਸਟਰ ਸਾਹਿਬ ਨੂੰ ਕਹਿ ਦਿੱਤਾ ਹੈ ਅਤੇ ਉਹ ਤੁਹਾਨੂੰ ਇਸ ਬਾਰੇ ਕੁਝ ਨਾ ਕੁਝ ਦੱਸਣਗੇ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਸਪੀਕਰ ਸਾਹਿਬ, ਜੋ ਤੁਸੀਂ ਸਟੈਂਡ ਲਿਆ ਹੈ, ਮੈਂ ਉਸ ਨੂੰ ਐਪਰੀਸ਼ੀਏਟ ਕਰਦਾ ਹਾਂ। ਲੇਕਿਨ, ਸਪੀਕਰ ਸਾਹਿਬ, ਮੇਰੀ ਕੰਸਟੀਚਿਊਐਂਸੀ ਜਿਹੜੀ ਹੈ ਉਹ ਬਾਰਡਰ ਏਰੀਆ ਹੈ। ਉਸ ਦੇ ਸੱਤ ਪਿੰਡਾਂ ਦੀ ਫ਼ਸਲ ਗੜਿਆਂ ਨਾਲ ਤਬਾਹ ਹੋ ਗਈ ਹੈ। ਉਥੇ ਬਹੁਤ ਬਰਬਾਦੀ ਹੋਈ ਹੈ। (ਵਿਘਨ)

**ਸ੍ਰੀ ਸਪੀਕਰ** : ਤੁਸੀਂ ਬੈਠੋ ਅਤੇ ਰੈਵੇਨਿਊ ਮਨਿਸਟਰ ਸਾਹਿਬ ਨੂੰ ਸੁਣ ਲਵੋ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਤੁਸੀਂ ਮੈਨੂੰ ਪਹਿਲੇ ਸੁਣ ਲਵੋ ਸਪੀਕਰ ਸਾਹਿਬ, ਉਥੇ ਬੜਾ ਭਾਰੀ ਨੁਕਸਾਨ ਹੋਇਆ ਹੈ।

(ਇਸ ਸਮੇਂ ਮਾਲ ਅਤੇ ਚੋਣ ਮੰਤਰੀ ਜੀ ਬੋਲਣ ਲਈ ਖੜ੍ਹੇ ਹੋਏ।)

**ਸ੍ਰੀ ਸਪੀਕਰ** : ਸਰਦਾਰ ਪ੍ਰੇਮ ਸਿੰਘ ਪ੍ਰੇਮ ਜੀ, ਰੈਵੇਨਿਊ ਮਨਿਸਟਰ ਸਾਹਿਬ ਬੋਲਣ ਲਈ ਖੜੇ ਹਨ, ਤੁਸੀਂ ਉਨ੍ਹਾਂ ਨੂੰ ਸੁਣ ਲਵੋ।

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਉਠਕੇ ਬੋਲ ਰਹੇ ਸਨ। * * *)

**ਸ੍ਰੀ ਸਪੀਕਰ** : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵ। ਸਰਦਾਰ ਉਮਰਾਓ ਸਿੰਘ ਜੀ, ਤੁਸੀਂ ਬੋਲੋ।

---

* Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਇਹ ਜਿਹੜਾ ਸਰਦਾਰ ਪ੍ਰੇਮ ਸਿੰਘ ਪ੍ਰੇਮ ਜੀ ਨੇ ਗੜਿਆਂ ਦੇ ਬਾਰੇ ਜ਼ਿਕਰ ਕੀਤਾ ਹੈ, ਦੋ ਦਿਨ ਹੋਏ ਪਟਿਆਲਾ ਜ਼ਿਲ੍ਹ ਵਿਚ ਗੜੇ ਪਏ ਹਨ। ਉਸ ਤੋਂ ਪਹਿਲਾਂ ਹੋਰ ਜ਼ਿਲ੍ਹਿਆਂ ਵਿਚ ਵੀ ਗੜੇ ਪਏ ਹਨ। ਜਿਸ ਵਕਤ ਉਥੇ ਨੁਕਸਾਨ ਹੋਇਆ . .(ਵਿਘਨ)

**ਸਰਦਾਰ ਪ੍ਰਹਿਲਾਦ ਸਿੰਘ** : ** ** **

**ਸ੍ਰੀ ਸਪੀਕਰ** : ਇਹ ਜੋ ਕੁਝ ਬਿਨਾਂ ਪਰਮਿਸ਼ਨ ਦੇ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। ਤੁਸੀਂ ਪਹਿਲਾਂ ਸਰਦਾਰ ਉਮਰਾਓ ਸਿੰਘ ਜੀ ਨੂੰ ਬੋਲ ਲੈਣ ਦਿਓ।

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਸਨ।)

**ਸ੍ਰੀ ਸਪੀਕਰ** : ਜਦ ਮੈਂ ਖੜਾ ਹਾਂ ਤੁਸੀਂ ਬੈਠ ਜਾਉ। ਤੁਸੀਂ ਸਰਦਾਰ ਉਮਰਾਓ ਸਿੰਘ ਜੀ ਨੂੰ ਸੁਣ ਲਵੋ। (ਵਿਘਨ) (ਸ਼ੋਰ) ਮੈਂ ਆਨਰੇਬਲ ਮੈਂਬਰਜ਼ ਨੂੰ ਪ੍ਰਾਰਥਨਾ ਕਰਾਂਗਾ ਕਿ ਤੁਸੀਂ ਹਾਊਸ ਵਿਚ ਬੈਠੇ ਹੋ, ਰੈਵੇਨਿਊ ਮਨਿਸਟਰ ਸਾਹਿਬ ਖੜ੍ਹੇ ਹਨ, ਉਹ ਕੁਝ ਕਹਿਣ ਲੱਗੇ ਹਨ, ਇਸ ਲਈ ਤੁਸੀਂ ਉਨ੍ਹਾਂ ਨੂੰ ਸੁਣੋ।

**ਕਾਮਰੇਡ ਸੱਤ ਪਾਲ ਡਾਂਗ** : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਇਕ ਬੜਾ ਅਹਿਮ ਮਸਲਾ ਇਥੇ ਪੇਸ਼ ਹੋ ਗਿਆ ਹੈ ਪਰ ਤੁਸੀਂ ਇਜਾਜ਼ਤ ਨਹੀਂ ਦੇ ਰਹੇ। ਹੋਰ ਮਸਲਾ ਲੈਣ ਤੋਂ ਪਹਿਲਾਂ ਚੀਫ ਮਨਿਸਟਰ ਸਾਹਿਬ ਜਾਂ ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਹੋਰ ਜਿਸ ਮਨਿਸਟਰ ਨੂੰ ਮੁਨਾਸਬ ਸਮਝੋ ਉਨ੍ਹਾਂ ਨੂੰ ਕਿਹਾ ਜਾਵੇ ਕਿ ਪਹਿਲਾਂ ਪਾਣੀ ਦੇ ਮਸਲੇ ਬਾਰੇ ਬਿਆਨ ਦੇਣ ਕਿ ਇਸ ਸਬੰਧੀ ਪੰਜਾਬ ਸਰਕਾਰ ਦੀ ਪੁਜ਼ੀਸ਼ਨ ਕੀ ਹੈ? (ਤਾੜੀਆਂ)

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਜਿਸ ਗੱਲ ਦਾ ਜ਼ਿਕਰ ਕੀਤਾ ਹੈ। (ਵਿਘਨ) ਇਹ ਮੋਸ਼ਨ ਤੁਸੀਂ ਐਡਮਿਟ ਨਹੀਂ ਕੀਤੀ। ਮੈਂ ਸਮਝਦਾ ਹਾਂ ਕਿ ਜਿਹੜੀ ਚੀਜ਼ ਤੁਸੀਂ ਹਾਊਸ ਵਿਚ ਐਡਮਿਟ ਨਹੀਂ ਕੀਤੀ ਰੂਲਜ਼ ਦੇ ਮੁਤਾਬਿਕ ਮੈਂਬਰ ਸਾਹਿਬਾਨ ਉਸ ਉਤੇ ਇਸ ਤਰ੍ਹਾਂ ਨਹੀਂ ਕਹਿ ਸਕਦੇ। (ਵਿਘਨ) (ਸ਼ੋਰ)

**ਸ੍ਰੀ ਸਪੀਕਰ** : ਚੌਧਰੀ ਦਰਸ਼ਨ ਸਿੰਘ ਇਜ਼ ਆਨ ਏ ਪੁਆਇੰਟ ਆਫ ਆਰਡਰ।

**ਚੌਧਰੀ ਦਰਸ਼ਨ ਸਿੰਘ** : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਅੰਡਰ ਦੀ ਰੂਲਜ਼ ਐਡਜਰਨਮੈਂਟ ਮੋਸ਼ਨ ਜੋ ਜੋਸ਼ ਸਾਹਿਬ ਨੇ ਪੇਸ਼ ਕੀਤੀ ਸੀ, ਉਹ ਰਿਜੈਕਟ ਹੋ ਗਈ ਹੈ। ਇਸ ਤੇ ਇਕ ਗੱਲ ਸਪੱਸ਼ਟ ਹੈ, ਇਸ ਬਾਰੇ ਸਪੀਕਰ ਸਾਹਿਬ ਨੂੰ, ਹਾਊਸ ਨੂੰ ਚਾਹੀਦਾ ਹੈ ਕਿ ਜਿਥੇ ਇਹੋ ਜਿਹਾ ਡੈਲੀਕੇਟ ਮਸਲਾ ਹੋਵੇ ਉਥੇ ਪੰਜਾਬ ਗੌਰਮਿੰਟ ਦੀ ਸਹਾਇਤਾ ਵਾਸਤੇ ਉਨ੍ਹਾਂ ਦੇ ਹੱਥ ਮਜ਼ਬੂਤ ਕਰਨ ਵਾਸਤੇ ਕੰਮ ਕਰਨਾ ਚਾਹੀਦਾ ਹੈ। ਹਾਊਸ ਦੀ ਰੈਸੋਲਿਊਸ਼ਨ ਨਾਲ ਪੰਜਾਬ ਗੌਰਮਿੰਟ ਦੇ ਹੱਥ ਮਜ਼ਬੂਤ ਕਰਨੇ ਚਾਹੀਦੇ ਹਨ ਕਿਉਂਕਿ ਇਹ ਸਾਰੇ ਪੰਜਾਬ ਦਾ ਮਸਲਾ ਹੈ। (ਥੰਪਿੰਗ) 50% ਪਾਣੀ ਸਾਰੇ ਦਰਿਆਵਾਂ ਦਾ ਸਾਡਾ ਹੱਕ ਮਾਰ ਕੇ ਦੂਸਰਿਆਂ ਨੂੰ ਚਲਿਆ ਜਾਣਾ, ਇਸ ਲਈ ਪੰਜਾਬ ਗੌਰਮਿੰਟ ਦੇ ਹੱਥ ਮਜ਼ਬੂਤ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਕਰਨੇ ਚਾਹੀਦੇ ਹਨ ਤਾਂ ਕਿ ਇਹ ਆਪਣਾ ਕੇਸ ਅੱਗੇ ਪੇਸ਼ ਕਰ ਸਕਣ। ਇਸ ਗੱਲ ਲਈ ਹਾਊਸ ਨੂੰ ਜਿਸ ਵਿਚ ਸੀ. ਪੀ. ਆਈ. ਅਤੇ ਹੋਰ ਆਪੋਜ਼ੀਸ਼ਨ ਪਾਰਟੀਆਂ ਵਾਲੇ ਵੀ ਹੋਣ, ਇਹ ਸਾਰੇ ਜਣੇ ਇਸ ਬਾਰੇ ਹਾਊਸ ਦੀ ਕੰਸੈਂਸਿਜ਼ ਪੰਜਾਬ ਗੌਰਮਿੰਟ ਨੂੰ ਕਨਵੇ ਹੋਣੀ ਚਾਹੀਦੀ ਹੈ ਤਾਂ ਕਿ ਅੱਗੇ ਸੈਂਟਰ ਦੀ ਸਰਕਾਰ ਕੋਲ ਪੰਜਾਬ ਗੌਰਮਿੰਟ ਆਪਣਾ ਕੇਸ ਮਜ਼ਬੂਤੀ ਨਾਲ ਪੁਟ ਕਰ ਸਕੇ।

**ਸ੍ਰੀ ਸਪੀਕਰ** : ਰੂਲਜ਼ ਦੇ ਮੁਤਾਬਿਕ ਉਹ ਹੋ ਨਹੀਂ ਸਕਦੀ ਸੀ। ਅਗਰ ਹਾਊਸ ਇਸ ਬਾਰੇ ਕੁਝ ਡਿਸਕਸ ਕਰਨਾ ਚਾਹੁੰਦਾ ਹੈ ਤਾਂ ਆਈ ਹੈਵ ਨੋ ਓਬਜੈਕਸ਼ਨ।

**ਵਿੱਤ ਮੰਤਰੀ** (ਸ੍ਰੀ ਹੰਸ ਰਾਜ ਸ਼ਰਮਾ) : ਸਪੀਕਰ ਸਾਹਿਬ, ਇਹ ਠੀਕ ਹੈ ਕਿ ਰੂਲਜ਼ ਦੇ ਮੁਤਾਬਿਕ ਇਹ ਨਹੀਂ ਹੋ ਸਕਦਾ ਹੈ ਲੇਕਿਨ ਜੋ ਤੁਹਾਡੀ ਇਜਾਜ਼ਤ ਨਾਲ ਕੁਝ ਪੁਆਇੰਟ ਆਫ਼ ਆਰਡਰਜ਼ ਦੇ ਤਰੀਕੇ ਨਾਲ ਜੋ ਆਨਰੇਬਲ ਮੈਂਬਰਜ਼ ਨੇ ਆਪਣੇ ਸੈਂਟੀਮੈਂਟਸ ਇਥੇ ਰੱਖੇ ਹਨ (ਵਿਘਨ) ਇਹ ਬੜਾ ਗੰਭੀਰ ਮਸਲਾ ਹੈ। ਇਹ ਮਜ਼ਾਕ ਵਿਚ ਨਹੀਂ ਲੈਣਾ ਚਾਹੀਦਾ ਹੈ। ਜੋ ਫੈਸਲਾ ਸੈਂਟਰ ਦੀ ਸਰਕਾਰ ਨੇ ਦਿੱਤਾ ਹੈ ਉਹਦੇ ਮੁਤਅੱਲਕ ਜੋ ਹਾਊਸ ਦੇ ਸੈਂਟੀਮੈਂਟਸ ਇਥੇ ਪਰਗਟ ਹੋਏ ਹਨ ਉਨ੍ਹਾਂ ਦੀ ਮੈਂ ਕਦਰ ਕਰਤਾ ਹਾਂ ਅਤੇ ਉਨ੍ਹਾਂ ਨੂੰ ਮੁੱਖ ਰੱਖਦੇ ਹੋਏ ਸਾਡੇ ਮੁੱਖ ਮੰਤਰੀ ਜੀ ਦੁਬਾਰਾ ਪੰਜਾਬ ਗੌਰਮਿੰਟ ਵਲੋਂ ਸੈਂਟਰ ਦੀ ਸਰਕਾਰ ਨੂੰ ਆਪਣਾ ਕੇਸ ਪੁਟ ਕਰਨ ਦੀ ਕੋਸ਼ਿਸ਼ ਕਰਨਗੇ। (ਵਿਘਨ) ਅਗਰ ਇਹ ਮਸਲਾ ਹੱਲ ਕਰਨਾ ਹੈ ਤਾਂ ਇਸ ਲਈ ਰੈਜ਼ੋਲਿਊਸ਼ਨ ਦੀ ਕੋਈ ਲੋੜ ਨਹੀਂ ਹੈ।

**Mr. Speaker** : Tne assurance given by the Finance Minister is sufficient, I think. I will request the hon. Members not to interrupt the proceedings of the House.

**ਵਿੱਤ ਮੰਤਰੀ** : ਅਗਰ ਪੰਜਾਬ ਦੇ ਹਿੱਤਾਂ ਨੂੰ ਸੇਫ਼ਗਾਰਡ ਕਰਨਾ ਚਾਹੁੰਦੇ ਹੋ ਤਾਂ ਰੈਜ਼ੋਲਿਊਸ਼ਨ ਵਲ ਨਾ ਤੁਰੋ। ਕੱਲ ਨੂੰ ਦੂਸਰੇ ਹਰਿਆਣੇ ਵਾਲੇ ਅਸੈਂਬਲੀ ਬੁਲਾ ਲੈਣਗੇ। ਇੰਡੀਆ ਇਕ ਹੈ। ਭਾਰਤ ਸਰਕਾਰ ਦੀ ਨਿਗਾਹ ਵਿਚ ਸਾਰੇ ਪ੍ਰਾਂਤ ਇਕੋ ਜਿਹੇ ਹਨ। ਅਗਰ ਇਸ ਵਿਚ ਕੋਈ ਕਮੀ ਰਹਿ ਗਈ ਹੈ ਤਾਂ ਇਸ ਬਾਰੇ ਫਿਰ ਪਰਧਾਨ ਮੰਤਰੀ ਜੀ ਨੂੰ ਬੇਨਤੀ ਕੀਤੀ ਜਾ ਸਕਦੀ ਹੈ। (ਸ਼ੋਰ)

**ਸ੍ਰੀ ਸਪੀਕਰ** : ਕਾਲ ਅਟੈਨਸ਼ਨ ਮੋਸ਼ਨ ਨੰ: 114 ਬਾਈ ਕਾਮਰੇਡ ਰਾਜ ਕੁਮਾਰ। (ਸ਼ੋਰ) ਜੋ ਕੁਝ ਵੀ ਬਗੈਰ ਇਜਾਜ਼ਤ ਤੋਂ ਆਨਰੇਬਲ ਮੈਂਬਰਜ਼ ਕਹਿਣਗੇ ਉਹ ਰਿਕਾਰਡ ਨਾ ਕੀਤਾ ਜਾਏ

(ਇਸ ਸਮੇਂ ਪ੍ਰਹਿਲਾਦ ਸਿੰਘ, ਸਰਦਾਰ ਬਲਵਿੰਦਰ ਸਿੰਘ ਭੂੰਦੜ ਅਤੇ ਸਰਦਾਰ ਗੁਰਦੇਵ ਸਿੰਘ ਬਾਦਲ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਕਾਫੀ ਸ਼ੋਰ ਪੈ ਰਿਹਾ ਸੀ।)

**Mr. Speaker** : I won't allow anybody to speak on this topic. I won't allow any discussion.

Original with;
Punjab Vidhan Sabha
Digitized by;
Panjab Digital Library

**ਸ੍ਰੀ ਪ੍ਰੇਮ ਗੁਪਤਾ** : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਪੰਜਾਬ ਸਰਕਾਰ ਨੇ ਜਵਾਬ ਦੇ ਦਿਤਾ ਕਿ ਉਹ ਸੈਂਟ੍ਰਲ ਗੌਰਮਿੰਟ ਕੋਲ ਜਾਣਗੇ, ਇਹ ਠੀਕ ਹੈ । ਪਰ ਸਰਦਾਰ ਪ੍ਰੇਮ ਸਿੰਘ ਪ੍ਰੇਮ ਨੇ ਗੜ੍ਹਿਆਂ ਬਾਰੇ ਕਿਹਾ ਸੀ ਔਰ ਉਸ ਬਾਰੇ ਸਰਦਾਰ ਉਮਰਾਓ ਸਿੰਘ ਜੀ ਕੁਝ ਕਹਿਣਾ ਚਾਹੁੰਦੇ ਹਨ । ਉਨ੍ਹਾਂ ਨੂੰ ਇਸ ਬਾਰੇ ਕਹਿ ਲੈਣ ਦਿਉ । ਜ਼ਿਲ੍ਹਾ ਪਟਿਆਲਾ ਤੇ ਹੋਰ ਥਾਵਾਂ ਤੇ ਜਿਥੇ ਗੜ੍ਹਿਆਂ ਨਾਲ ਨੁਕਸਾਨ ਹੋਇਆ ਹੈ, ਉਸ ਬਾਰੇ, ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਥੇ ਜਿਥੇ ਕਿ ਗੜ੍ਹਿਆਂ ਨਾਲ ਨੁਕਸਾਨ ਹੋਇਆ ਹੈ ਉਨ੍ਹਾਂ ਥਾਂਵਾਂ ਤੇ ਛੇਤੀ ਹੀ ਇਨ੍ਹਾਂ ਨੂੰ ਸਹਾਇਤਾ ਕਰਨੀ ਚਾਹੀਦੀ ਹੈ ਇਸ ਬਾਰੇ ਜੋ ਸਰਦਾਰ ਉਮਰਾਓ ਸਿੰਘ ਜੀ ਕਹਿਣਾ ਚਾਹੁੰਦੇ ਹਨ ਉਨ੍ਹਾਂ ਨੂੰ ਕਹਿ ਲੈਣਾ ਚਾਹੀਦਾ ਹੈ ।

**ਸ੍ਰੀ ਸਪੀਕਰ** : ਸਰਦਾਰ ਉਮਰਾਓ ਸਿੰਘ ਜੀ (ਅਕਾਲੀ ਬੈਂਚਾਂ ਤੋਂ ਸ਼ੋਰ)

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ): ਕੀ ਇਹ (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) । ਕਿਸਾਨਾਂ ਦੇ ਹਿਮਾਇਤੀ ਹਨ ? (ਵਿਘਨ) (ਸ਼ੋਰ)

**ਸ੍ਰੀ ਸਪੀਕਰ** : ਕੀ ਅਕਾਲੀ ਪਾਰਟੀ ਦਾ ਕੋਈ ਲੀਡਰ ਹੈ ? (ਇਸ ਵੇਲੇ ਸਰਦਾਰ ਧੰਨਾ ਸਿੰਘ ਗੁਲਸ਼ਨ ਔਰ ਸਰਦਾਰ ਰਣਧੀਰ ਸਿੰਘ ਚੀਮਾ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਸਨ ।) ਚੀਮਾ ਸਾਹਿਬ ਤੁਸੀਂ ਬੋਲੋ ।

**ਸਰਦਾਰ ਰਣਧੀਰ ਸਿੰਘ ਚੀਮਾ** : ਮੈਂ ਬੇਨਤੀ ਕਰਾਂਗਾ ਕਿ ਇਹਦੇ ਬਾਰੇ ਮਤਾ ਸਰਵਸੰਮਤੀ ਨਾਲ ਪਾਸ ਕਰ ਦਿਉ । ਇਸ ਨਾਲ ਪੰਜਾਬ ਸਰਕਾਰ ਦੇ ਹੱਥ ਮਜ਼ਬੂਤ ਹੋਣਗੇ । ਇਸ ਦੇ ਵਿਚ ਨੁਕਸਾਨ ਵਾਲੀ ਕੋਈ ਗੱਲ ਨਹੀਂ ਹੈ ।

**Mr. Speaker**: No.

**ਸਰਦਾਰ ਰਣਧੀਰ ਸਿੰਘ ਚੀਮਾ** : ਇਹ ਸਾਰੇ ਪੰਜਾਬ ਦੀ ਜਨਤਾ ਦਾ ਮਸਲਾ ਹੈ । ਇਸ ਬਾਰੇ ਕੋਈ ਮਤਾ ਪਾਸ ਕਰਨਾ ਚਾਹੀਦਾ ਹੈ ।

**ਸ੍ਰੀ ਸਪੀਕਰ** : ਕੋਈ ਰੈਜ਼ਲਿਊਸ਼ਨ ਹਾਊਸ ਦੇ ਸਾਹਮਣੇ ਨਹੀਂ ਹੈ ।

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) ਤੁਸੀਂ ਮਤਾ ਦੇ ਦਿਉ ਅਸੀਂ ਵਿਚਾਰ ਕਰ ਲਵਾਂਗੇ । (ਸ਼ੋਰ)

**ਸਰਦਾਰ ਰਣਧੀਰ ਸਿੰਘ ਚੀਮਾ** : ਇਹ ਪੰਜਾਬ ਦੇ ਹਿੱਤ ਦਾ ਮਸਲਾ ਹੈ । (ਵਿਘਨ)

**ਸ੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਇਨ੍ਹਾਂ ਨੂੰ ਚੁਪ ਕਰਾਉ।

**ਸ੍ਰੀ ਸਪੀਕਰ** : ਮੈਂ ਆਨਰੇਬਲ ਮੈਂਬਰਜ਼ ਦੀ ਗਿਆਤ ਵਾਸਤੇ ਕਹਿਣਾ ਚਾਹੁੰਦਾ ਹਾਂ ਕਿ ਕੁਝ ਮਸਲੇ ਸੀ. ਪੀ. ਆਈ. ਵਲੋਂ ਔਰ ਅਕਾਲੀ ਪਾਰਟੀ ਵਲੋਂ ਉਠਾਏ ਗਏ, ਚੌਧਰੀ ਦਰਸ਼ਨ ਸਿੰਘ ਜੀ ਨੇ ਵੀ ਕਿਹਾ ਔਰ ਜਵਾਬ ਵਿਚ ਐਫ.ਐਮ. ਸਾਹਿਬ ਨੇ ਕਿਹਾ ਕਿ ਜੇ ਕੋਈ ਪੰਜਾਬ ਦੇ ਹਿੱਤਾਂ ਲਈ ਕਮੀ ਰਹਿ ਗਈ ਹੈ ਤਾਂ ਫਿਰ ਉਸ ਲਈ ਸੈਂਟਰ ਦੀ ਸਰਕਾਰ ਨੂੰ

Original with;
Punjab Vidhan Sabha
Digitized by;
Panjab Digital Library

ਬੇਨਤੀ ਕੀਤੀ ਜਾ ਸਕਦੀ ਹੈ । ਆਨਰੇਬਲ ਮੈਂਬਰਜ਼ ਨੂੰ ਐਜੀਟੇਟ ਨਹੀਂ ਹੋਣਾ ਚਾਹੀਦਾ ਹੈ । ਜਦੋਂ ਬਾਕਾਇਦਾ ਹਾਊਸ ਦਾ ਬਿਜ਼ਨੈਸ ਸ਼ੁਰੂ ਹੋ ਜਾਏਗਾ ਉਦੋਂ ਮੈਂ ਆਪਣੇ ਚੈਂਬਰ ਵਿਚ ਚਲਾ ਜਾਵਾਂਗਾ। ਫਿਰ ਮੈਂ ਸਾਰੀਆਂ ਪ੍ਰਾਰਟੀਆਂ ਦੇ ਲੀਡਰਜ਼ ਨੂੰ ਬੁਲਾ ਲਵਾਂਗਾ ਅਤੇ ਉਥੇ ਗੱਲ ਬਾਤ ਕਰ ਲਵਾਂਗੇ । ਮੈਂ ਅਕਾਲੀ ਪਾਰਟੀ, ਸੀ. ਪੀ. ਆਈ. ਅਤੇ ਟ੍ਰੈਜ਼ਰੀ ਬੈਂਚਿਜ਼ ਦੇ ਲੀਡਰਜ਼ ਨੂੰ ਬੁਲਾ ਲਵਾਂਗਾ ।

**ਸਰਦਾਰ ਦਰਬਾਰਾ ਸਿੰਘ** : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੈਂ ਜਾਣਨਾ ਚਾਹਾਂਗਾ ਕਿ ਜਦੋਂ ਸਪੀਕਰ ਸਾਹਿਬ ਆਪਣੀ ਚੇਅਰ ਤੇ ਹੋਣ ਤਾਂ ਕੀ ਉਸ ਵੇਲੇ ਉਨ੍ਹਾਂ ਦੀ ਕੋਈ ਆਪਣੀ ਪਾਰਟੀ ਹੁੰਦੀ ਹੈ । ਇਸ ਬਾਰੇ ਉਹ ਆਪਣੇ ਸ਼ਬਦਾਂ ਵਿਚ ਦਰੁਸਤੀ ਕਰ ਲੈਣ ।

**Mr. Speaker**: I am impartial. I have said "Treasury Benches."

ਸਰਦਾਰ ਉਮਰਾਓ ਸਿੰਘ ਜੀ ਗੜ੍ਹਿਆਂ ਬਾਰੇ ਕੁਝ ਕਹਿਣਾ ਚਾਹੁੰਦੇ ਹਨ, ਉਨ੍ਹਾਂ ਨੂੰ ਸੁਣੋ । (ਸ਼ੋਰ)

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮੈਨੂੰ ਆਪਣਾ ਬੋਲਣ ਦਾ ਹੱਕ ਦਿੱਤਾ ਜਾਵੇ । (ਵਿਘਨ)

**ਸ੍ਰੀ ਸਪੀਕਰ** : ਪਹਿਲਾਂ ਸਰਦਾਰ ਉਮਰਾਓ ਸਿੰਘ ਨੂੰ ਕਹਿ ਲੈਣ ਦਿਉ । (ਵਿਘਨ)

(ਇਸ ਵੇਲੇ ਸਰਦਾਰ ਧੰਨਾ ਸਿੰਘ ਗੁਲਸ਼ਨ, ਸਰਦਾਰ ਰਣਧੀਰ ਸਿੰਘ ਚੀਮਾ ਅਤੇ ਸਰਦਾਰ ਸੁਖਦੇਵ ਸਿੰਘ ਢੀਂਡਸਾ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ ।)

**ਸ੍ਰੀ ਸਪੀਕਰ** : ਬਹੁਤ ਅਫ਼ਸੋਸ ਦੀ ਗੱਲ ਹੈ। ਪਹਿਲਾਂ ਸਰਦਾਰ ਉਮਰਾਓ ਸਿੰਘ ਜੀ ਨੂੰ ਕਹਿ ਲੈਣ ਦਿਉ ।

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਪ੍ਰੇਮ ਜੀ ਨੇ ਗੜ੍ਹਿਆਂ ਦਾ ਜ਼ਿਕਰ ਕੀਤਾ ਹੈ । (ਅਕਾਲੀ ਪਾਰਟੀ ਵਲੋਂ ਸ਼ੋਰ) ਜੇ ਧਿਆਨ ਨਾਲ ਗੱਲ ਸੁਣ ਲਉ ਤਾਂ ਤੁਹਾਡੀ ਮੇਹਰਬਾਨੀ ਹੈ । (ਵਿਘਨ)

(ਅਕਾਲੀ ਪਾਰਟੀ ਵਲੋਂ ਕਈ ਆਨਰੇਬਲ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਕਾਫ਼ੀ ਸ਼ੋਰ ਪੈ ਰਿਹਾ ਸੀ * * * )

**ਸ੍ਰੀ ਸਪੀਕਰ** : ਜੋ ਕੁਝ ਵੀ ਆਨਰੇਬਲ ਮੈਂਬਰਜ਼ ਬਗੈਰ ਚੇਅਰ ਦੀ ਪਰਮਿਸ਼ਨ ਦੇ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । (ਸ਼ੋਰ)

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਇਸ ਤਰੀਕੇ ਨਾਲ ਕੁਝ ਮੈਂਬਰਜ਼ ਚਾਹੁੰਦੇ ਹਨ ਕਿ ਹਾਊਸ ਦਾ ਕੰਮ ਨਾ ਹੋਵੇ । ਸਾਰੇ ਆਨਰੇਬਲ ਮੈਂਬਰਜ਼ ਜਿਹੜੇ ਇਥੇ ਬੈਠੇ ਹਨ ਉਨ੍ਹਾਂ ਦਾ ਬੋਲਣ ਦਾ ਹੱਕ ਹੈ ਪਰ ਇਸ ਤਰ੍ਹਾਂ ਨਹੀਂ ਕਿ ਢਾਡੀ ਜੱਥੇ ਵਾਂਗ ਖੜ੍ਹੇ ਹੋ ਕੇ ਜੋ ਮੂੰਹ ਵਿਚ ਆਵੇ ਬੋਲੀ ਜਾਣ। (ਵਿਘਨ) (ਸ਼ੋਰ)

(ਇਸ ਵਕਤ ਅਕਾਲੀ ਪਾਰਟੀ ਦੇ ਕੁਝ ਮਾਨਯੋਗ ਮੈਂਬਰ ਸਹਿਬਾਨ ਬੋਲ ਰਹੇ ਸਨ )

*Not recorded as ordered by the Chair.

Original with;
Punjab Vidhan Sabha
Digitized by;
Panjab Digital Library

**Sardar Balwinder Singh Bhunder**: Point of Order, Sir, Point of Order, Sir.

**Mr. Speaker**: You are obstructing the proceedings of the House.

**Sardar Balwinder Singh Bhunder**: Point of order Sir. Kindly hear me.

**Mr. Speaker**: What is your point of order ?

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਨਾਲ ਇਸ ਵਿਸ਼ੇ ਤੇ ਇਕ ਗੱਲ ਕਹਿਣਾ ਚਾਹੁੰਦਾ ਹਾਂ ....

**ਸ੍ਰੀ ਸਪੀਕਰ** : ਗੱਲ ਨਾ ਕਹੋ, ਆਪਣਾ ਪੁਆਇੰਟ ਆਫ਼ ਆਰਡਰ ਦੱਸੋ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ** ** **

(ਵਿਘਨ)

**Mr Speaker**: This is no point of order, Please resume your seat.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ** **

(ਵਿਘਨ) (ਸ਼ੋਰ)

**Mr. Speaker**: This is no point of order. I will not allow you to raise discussion on the matter. (Interruptions) No discussion is allowed.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਇਸ ਵਿਸ਼ੇ ਤੇ ਡਿਸਕਸ਼ਨ ਹਾਊਸ ਵਿਚ ਕਰਵਾਈ ਜਾਵੇ । (ਵਿਘਨ) (ਸ਼ੋਰ)

Mr- Speaker This is not allowed. Please resume your seat now.

**ਸ੍ਰੀ ਕੇਸ਼ੋ ਰਾਮ ਗੋਇਲ** : **

(ਵਿਘਨ) (ਸ਼ੋਰ) ਇਸ ਵਕਤ ਹਾਊਸ ਵਿਚ ਬਹੁਤ ਸ਼ੋਰ ਪੈ ਰਿਹਾ ਸੀ ਅਤੇ ਕੁਝ ਸੁਣਾਈ ਨਹੀਂ ਸੀ ਦੇ ਰਿਹਾ)

**Mr. Speaker**: This is also no point of order.

## WALK OUT

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਜੇ ਸਾਡਾ ਪੁਆਇੰਟ ਆਫ਼ ਆਰਡਰ ਨਹੀਂ ਹੈ ਅਤੇ ਤੁਸੀਂ ਸਾਨੂੰ ਬੋਲਣ ਨਹੀਂ ਦੇਣਾ, ਅਸੀਂ ਪੰਜਾਬ ਨਾਲ ਇਹੋ ਜਿਹਾ ਧੱਕਾ ਬਰਦਾਸ਼ਤ ਨਹੀਂ ਕਰਾਂਗੇ, ਸਾਡੀ ਪਾਰਟੀ ਇਸ ਦੇ ਪ੍ਰੋਟੈਸਟ ਵਜੋਂ ਵਾਕ ਆਊਟ ਕਰਦੀ ਹੈ ।

(ਇਸ ਵਕਤ ਅਕਾਲੀ ਪਾਰਟੀ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਸਾਹਿਬਾਨ ਵਾਕ ਆਊਟ ਕਰ ਗਏ । ਵਾਕ ਆਊਟ ਕਰਦੇ ਸਮੇਂ ਉਹ ਨਾਹਰੇ ਲਗਾ ਰਹੇ ਸਨ ** **)

**ਸ੍ਰੀ ਸਪੀਕਰ**: ਜੋ ਵੀ ਨਾਹਰੇ ਲਗਾਏ ਜਾ ਰਹੇ ਹਨ, ਇਹ ਰਿਕਾਰਡ ਨਾ ਕੀਤੇ ਜਾਣ ।

** expunged as ordered by the chair.

Original with;
Punjab Vidhan Sabha
Digitized by;
Panjab Digital Library

## ADJOURNMENT MOTIONS (*Resumption*)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** :ਆਨ ਏ ਪੁਆਇੰਟ ਆਫ਼ ਆਰਡਰ, ਸਰ। (ਵਿਘਨ) ਸਪੀਕਰ ਸਾਹਿਬ ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਦੋਂ ਸ਼ਰਮਾਂ ਜੀ ਨੇ ਸਟੇਟਮੈਂਟ ਦਿੱਤੀ ਤਾਂ ਉਸ ਤੋਂ ਇਹ ਸਾਰਿਆਂ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਹੈ ਕਿ ਪੰਜਾਬ ਦੇ ਨਾਲ ਜ਼ਿਆਦਤੀ ਹੋਈ ਹੈ .... (ਵਿਘਨ)

**ਸ੍ਰੀ ਸਪੀਕਰ** : ਜੋਸ਼ ਸਾਹਿਬ ਇਸ ਤੇ ਡਿਸਕਸ਼ਨ ਕਲੋਜ਼ ਹੋ ਗਈ ਹੈ।

(ਵਿਘਨ)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼**: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਤਾਂ ਸੁਣ ਲਉ। ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਦੋਂ ਇਹ ਮਾਮਲਾ ਇਥੇ ਉਠਿਆ ਔਰ ਸ਼ਰਮਾਂ ਜੀ ਨੇ ਹਾਊਸ ਵਿਚ ਐਸ਼ੋਰੈਂਸ ਦਿੱਤੀ ਕਿ ਪੰਜਾਬ ਨਾਲ ਕੋਈ ਇਸ ਪੱਖ ਤੇ ਜਿਆਦਤੀ ਹੋਈ ਹੈ ਔਰ ਇਸ ਦੇ ਬਾਰੇ ਪ੍ਰਾਈਮ ਮਨਿਸਟਰ ਸਾਹਿਬ ਦੇ ਕੋਲ ਰਿਪ੍ਰੇਜ਼ੈਂਟਮੈਂਟ ਸ਼ੇ ਕਰਾਂਗੇ। ਤੁਸੀ ਵੀ ਕਿਹਾ ਕਿ ਚੈਂਬਰ ਵਿਚ ਬੈਠ ਕੇ ਇਸ ਦੇ ਬਾਰੇ ਵਿਚ ਕੋਈ ਗੱਲ-ਬਾਤ ਕਰਾਂਗੇ ਤਾਂ ਮੈਂ ਸਮਝਦਾ ਹਾਂ ਕਿ ਅਕਾਲੀ ਪਾਰਟੀ ਦਾ ਇਹ ਰਵੱਈਆ ਧਾਰਨ ਕਰਨਾ ਕੋਈ ਠੀਕ ਨਹੀਂ ਸੀ। ਪਾਣੀ ਦੀ ਵੰਡ ਬਾਰੇ ਨਹੀਂ, ਮੇਰਾ ਖਿਆਲ ਹੈ ਕਿ ਜੋ ਇਨਾਂ ਰਵੱਈਆ ਧਾਰਨ ਕੀਤਾ ਹੈ ਇਸ ਦੇ ਵਿਚ ਕੁਝ ਰਾਜ਼ ਹੋਣਾ ਹੈ। (ਵਿਘਨ) (ਥੰਪਿੰਗ) ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਸੀ ਪਰ ਉਹ ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਚਲੇ ਗਏ ਹਨ। (ਵਿਘਨ)

**ਕਾਮਰੇਡ ਸੱਤਪਾਲ ਡਾਂਗ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜੀ ਤੁਸੀਂ ਪ੍ਰੋਪੋਜ਼ਲ ਦਿੱਤੀ ਸੀ ਉਹ ਬੜੀ ਅੱਛੀ ਸੀ। ਮੇਰਾ ਖਿਆਲ ਹੈ ਕਿ ਇਸ ਵਾਕ ਆਊਟ ਦੇ ਬਾਅਦ ਵੀ ਉਹ ਸਟੈਂਡ ਕਰੇਗੀ ਕਿ ਲੀਡਰ ਆਫ ਹਾਊਸ ਅਤੇ ਬਾਕੀ ਲੀਡਰ ਆਫ ਦੀ ਪਾਰਟੀਜ਼ ਗਰੁੱਪ ਜਿਹੜੇ ਇਨਟਰੈਸਟਿਡ ਹੋਣ ਅਤੇ ਇਸ ਗੱਲ ਨੂੰ ਡਿਸਕਸ ਕਰਨ ਨੂੰ ਤਿਆਰ ਹੋਣ ਉਹ ਡਿਸਕਸ਼ਨ ਤੁਹਾਡੇ ਚੈਂਬਰ ਵਿਚ ਕਰਨਗੇ। (ਵਿਘਨ) ਕੀ ਤੁਸੀਂ ਇਸ ਗੱਲ ਨਾਲ ਐਗਰੀ ਕਰਦੇ ਹੋ ਨਾ।

**Mr. Speaker**: Yes, I agree.

**ਮਾਲ ਅਤੇ ਚੋਣ ਮੰਤਰੀ**: (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਪ੍ਰੇਮ ਜੀ ਨੇ ਦੱਸਿਆ ਹੈ ਕਿ ਪਟਿਆਲੇ ਵਿਚ ਗੜਿਆਂ ਦੇ ਨਾਲ ਨੁਕਸਾਨ ਹੋਇਆ ਹੈ ਜਲੰਧਰ ਵਿਚ, ਅੰਮ੍ਰਿਤਸਰ ਵਿਚ ਅਤੇ ਹੋਰ ਕਈ ਜ਼ਿਲ੍ਹਿਆਂ ਵਿਚ ਗੜਿਆਂ ਦੇ ਨਾਲ ਨੁਕਸਾਨ ਹੋਇਆ ਹੈ। ਜਦੋਂ ਸਾਨੂੰ ਇਸ ਚੀਜ਼ ਦਾ ਪਤਾ ਲਗਾ ਪੰਜਾਬ ਸਰਕਾਰ ਨੇ 25 ਲੱਖ ਰੁਪਿਆ ਚੀਫ਼ ਮਨਿਸਟਰ ਸਾਹਿਬ ਦੇ ਰਿਲੀਫ ਫੰਡ ਵਿਚੋਂ ਇਮੀਜੀਏਟਲੀ ਰਿਲੀਫ ਵਾਸਤੇ 3 ਕਮਿਸ਼ਨਰਾਂ ਨੂੰ ਭੇਜ ਦਿੱਤਾ। 10 ਲੱਖ ਰੁਪਿਆ ਜਲੰਧਰ ਦੇ ਕਮਿਸ਼ਨਰ ਨੂੰ, 10 ਲੱਖ ਰੁਪਿਆ ਫਿਰੋਜ਼ਪੁਰ ਦੇ ਕਮਿਸ਼ਨਰ ਨੂੰ ਅਤੇ 5 ਲੱਖ ਰੁਪਿਆ ਪਟਿਆਲੇ ਦੇ ਕਮਿਸ਼ਨਰ ਨੂੰ ਭੇਜ ਦਿਤਾ ਹੈ। ਇਹ ਜਿਹੜਾ ਰਿਲੀਫ ਦਿੱਤਾ ਗਿਆ ਹੈ ਇਹ ਸਿਰਫ ਐਡਹਾਕ ਬੇਸਿਜ਼ ਤੇ ਜਿਹੜੇ ਬੇਜ਼ਮੀਨੇ ਲੋਕ ਹਨ ਜਿਨ੍ਹਾਂ ਨੂੰ ਆਪਣੇ ਪਸ਼ੂਆਂ ਵਾਸਤੇ ਪੱਠਿਆ ਆਦਿ ਦੀ ਲੋੜ ਹੈ ਜਾਂ ਕੋਈ ਹੋਰ ਇਸ ਤਰ੍ਹਾਂ ਦੀ ਨਸੈਸਟੀ ਹੈ ਉਸ ਦੇ ਵਾਸਤੇ ਦਿਤਾ ਗਿਆ ਹੈ ਪਟਿਆਲੇ ਡਿਵੀਜ਼ਨ ਵਿਚ 5 ਲੱਖ ਰੁਪਿਆ ਦਿੱਤਾ ਗਿਆ ਹੈ, ਹੁਣ ਜਲਦੀ ਹੀ ਹੋਰ ਪੈਸੇ ਜ਼ਿਆਦਾ ਭੇਜ ਦਿਆਂਗੇ। ਇਸ ਤੋਂ

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਇਲਾਵਾ ਸਪੀਕਰ ਸਾਹਿਬ, ਇਹ ਹਦਾਇਤ ਕਰ ਦਿੱਤੀ ਹੈ ਕਿ ਸਪੈਸ਼ਲ ਗਿਰਦਾਵਰੀਆ ਕੀਤੀਆਂ ਜਾਣ । ਜਿਨ੍ਹਾਂ ਦਾ ਨੁਕਸਾਨ ਹੋਇਆ ਹੈ ਉਸ ਨੁਕਸਾਨ ਦੇ ਮੁਤਾਬਿਕ ਭਾਵੇਂ 50% ਜਾਂ 75% ਹੈ ਰਿਲੀਫ ਦਿੱਤਾ ਜਾਵੇ । ਸਪੀਕਰ ਸਾਹਿਬ, ਸਾਨੂੰ ਪਤਾ ਹੈ ਕਿ ਪਿਛਲੇ ਸਾਲ ਵੀ ਕੁਝ ਇਸ ਤਰ੍ਹਾਂ ਦਾ ਨੁਕਸਾਨ ਹੋਇਆ ਸੀ ਅਤੇ ਅਸੀਂ ਰਿਲੀਫ ਦਿੱਤਾ ਸੀ । ਜਿਹੜੇ ਜ਼ਿਮੀਦਾਰਾਂ ਦਾ ਨੁਕਸਾਨ ਹੋਇਆ ਹੈ ਉਸ ਨੁਕਸਾਨ ਦਾ ਅੰਦਾਜ਼ਾ ਲਗਾ ਕੇ ਉਹ ਰਿਲੀਫ ਵੀ ਸਰਕਾਰ ਵਲੋਂ ਦਿੱਤਾ ਜਾਵੇਗਾ । ਲੇਕਿਨ ਇਮੀਜੀਏਟਲੀ ਜਿਹੜੇ ਛੋਟੇ ਕਿਸਾਨ ਹਨ ਅਤੇ ਜਿਹੜੇ ਬੇਜ਼ਮੀਨੇ ਲੋਕ ਹਨ ਪਿੰਡਾਂ ਵਿਚ ਰਹਿਣ ਵਾਲੇ ਹਨ ਜਿਨ੍ਹਾਂ ਦਾ ਗੜ੍ਹਿਆਂ ਨਾਲ ਨੁਕਸਾਨ ਹੋਇਆ ਹੈ ਔਰ ਉਨ੍ਹਾਂ ਦਾ ਕੋਈ ਕੰਮ ਨਹੀਂ ਹੈ ਉਨ੍ਹਾਂ ਨੂੰ ਇਮੀਜੀਏਟਲੀ ਰਿਲੀਫ ਦਿੱਤਾ ਜਾਵੇਗਾ ।

**ਕਾਮਰੇਡ ਸੱਤਪਾਲ ਡਾਂਗ :** ਆਨ ਏ ਪੁਆਇੰਟ ਆਫ਼ ਇਨਫਰਮੇਸ਼ਨ, ਸਰ । ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਰੁੱਸਤ ਫ਼ੁਰਮਾਇਆ ਹੈ ਕਿ ਕੁਝ ਪੈਸੇ ਦੇ ਦਿੱਤੇ ਹਨ । ਮੈਂ ਮਨਿਸਟਰ ਸਾਹਿਬ ਤੋਂ ਇਕ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ ਕਿ ਕੀ ਇਹ ਗੱਲ ਠੀਕ ਹੈ ਜਾਂ ਨਹੀਂ ਕਿ ਪੈਸਿਆਂ ਦੇ ਨਾਲ ਇਕ ਇਨਸਟਰੱਕਸ਼ਨ ਵੀ ਪਹੁੰਚਾ ਦਿੱਤੀ ਹੈ ਕਿ ਕਿਸੇ ਪਿੰਡ ਦੇ ਵਿਚ ਅਗਰ 10, 20, 40, 50 ਬੰਦੇ ਜਾਂ 100 ਬੰਦਿਆਂ ਦਾ ਵੀ ਅਗਰ ਗੜ੍ਹਿਆਂ ਨਾਲ 100 ਫੀਸਦੀ ਵੀ ਨੁਕਸਾਨ ਹੋ ਗਿਆ ਹੈ ਤਾਂ ਜੇ ਉਸ ਪਿੰਡ ਦੇ ਟੋਟਲ ਅੱਧ ਨਾਲੋਂ ਘੱਟ ਨੁਕਸਾਨ ਹੋਇਆ ਹੋਵੇ ਤਾਂ ਉਸ ਪਿੰਡ ਦੇ ਕਿਸੇ ਵੀ ਬੰਦੇ ਨੂੰ ਰਿਲੀਫ ਨਹੀਂ ਮਿਲੇਗਾ । ਕੀ ਮਨਿਸਟਰ ਸਾਹਿਬ ਨੂੰ ਇਸ ਗੱਲ ਦੀ ਵਾਕਫ਼ੀਅਤ ਹੈ ਕਿ ਇਸ ਇਨਸਟ੍ਰੱਕਸ਼ਨ ਨਾਲ ਹੇਠਾਂ ਬਹੁਤ ਸਾਰੇ ਲੋਕਾਂ ਦਾ ਜਿਨ੍ਹਾਂ ਦਾ ਨੁਕਸਾਨ 100 ਫੀ ਸਦੀ ਵੀ ਹੋ ਗਿਆ ਹੈ, ਹੁਸ਼ਿਆਰਪੁਰ, ਅੰਮ੍ਰਿਤਸਰ ਜਾਂ ਪਟਿਆਲੇ ਜ਼ਿਲ੍ਹੇ ਵਿਚ, ਉਨ੍ਹਾਂ ਨੂੰ ਕੋਈ ਰਿਲੀਫ ਨਹੀਂ ਦਿੱਤਾ ਜਾ ਰਿਹਾ ਕਿਉਂਕਿ ਪਿੰਡ ਦਾ ਮਜਮੂਈ ਤੌਰ ਤੇ ਨੁਕਸਾਨ ਟੋਟਲ ਅੱਧ ਨਾਲੋਂ ਘੱਟ ਹੈ। ਕੀ ਇਸ ਤਰ੍ਹਾਂ ਦੀ ਕੋਈ ਹਦਾਇਤ ਕਰਨਗੇ ਜਿਸ ਦੇ ਨਾਲ ਉਨ੍ਹਾਂ ਨੂੰ ਰਿਲੀਫ ਮਿਲ ਸਕੇ ?

**ਮਾਲ ਅਤੇ ਚੋਣ ਮੰਤਰੀ :** ਸਪੀਕਰ ਸਾਹਿਬ, ਜਿਹੜਾ 25 ਲੱਖ ਰੁਪਿਆ ਚੀਫ ਮਨਿਸਟਰ ਸਾਹਿਬ ਦੇ ਰਿਲੀਫ ਫੰਡ ਵਿਚੋਂ ਦਿੱਤਾ ਗਿਆ ਹੈ ਉਹ ਉਨ੍ਹਾਂ ਨੂੰ ਦਿੱਤਾ ਗਿਆ ਹੈ ਜਿਹੜੇ ਕੰਮੀ ਜਾਂ ਲੈਂਡਲੈਸ ਆਦਿ ਹਨ । ਜਿਥੋਂ ਤਕ ਕਿਸਾਨ ਜਾਂ ਜ਼ਿਮੀਦਾਰ ਦੇ ਨੁਕਸਾਨ ਦਾ ਤੁਅੱਲਕ ਹੈ ਉਹ ਨੁਕਸਾਨ ਅਸੈਸ ਕੀਤਾ ਜਾ ਰਿਹਾ ਹੈ ਔਰ ਜਦੋਂ ਇਹ ਅਸੈਸ ਹੋ ਜਾਵੇਗਾ ਅਤੇ ਜਿਨ੍ਹਾਂ ਏਰੀਆ ਉਸ ਦੇ ਵਿਚ ਆ ਜਾਵੇਗਾ ਉਸ ਏਰੀਏ ਦੇ ਹਿਸਾਬ ਨਾਲ ਜੋ ਵੀ ਸਰਕਾਰ ਨੇ ਰਿਲੀਫ ਦੇਣਾ ਹੈ ਉਹ ਦੇਵੇਗੀ । ਹਾਲੇ ਇਮੀਜੀਏਟਲੀ ਰਿਲੀਫ ਉਨ੍ਹਾਂ ਲੋਕਾਂ ਨੂੰ ਦਿੱਤਾ ਗਿਆ ਹੈ ਜਿਨ੍ਹਾਂ ਕੋਲ ਆਪਣੇ ਪਸ਼ੂਆਂ ਲਈ ਪੱਠੇ ਨਹੀਂ ਜਾਂ ਹੋਰ ਕੋਈ ਇਸ ਤਰ੍ਹਾਂ ਦੀ ਉਨ੍ਹਾਂ ਦੀ ਜ਼ਰੂਰਤ ਹੈ, ਜਿਨ੍ਹਾਂ ਨੂੰ ਲੇਬਰ ਨਹੀਂ ਮਿਲਦੀ ਅਤੇ ਲੇਬਰ ਨਾ ਮਿਲਣ ਕਰਕੇ ਉਨਾਂ ਲੋਕਾਂ ਨੂੰ ਇਹ ਰਿਲੀਫ ਦਿੱਤਾ ਗਿਆ ਹੈ । ਬਾਕੀ ਦਾ ਜਿਹੜਾ ਰਿਲੀਫ ਫ਼ਸਲਾਂ ਦੇ ਨੁਕਸਾਨ ਦਾ ਹੈ ਕਿਸਾਨ ਦਾ ਜਾਂ ਜ਼ਿਮੀਦਾਰ ਦਾ ਉਹ ਅਸੈਸ ਕਰਾਂਗੇ ਅਤੇ ਸਾਰਾ ਅਸੈਸ ਕਰਕੇ ਉਸ ਦੇ ਹਿਸਾਬ ਨਾਲ ਦੇਵਾਂਗੇ ।

**ਕਾਮਰੇਡ ਸੱਤਪਾਲ ਡਾਂਗ :** ਅਜਿਹੀ ਉਸ ਦੇ ਵਿਚ ਕੋਈ ਸ਼ਰਤ ਨਹੀਂ ਹੋਵੇਗੀ ।

**ਮਾਲ ਅਤੇ ਚੋਣ ਮੰਤਰੀ :** ਉਸ ਦੇ ਵਿਚ ਅਜਿਹੀ ਕੋਈ ਸ਼ਰਤ ਨਹੀਂ ਹੋਵੇਗੀ ।

(ਵਿਘਨ)

Original with;
Punjab Vidhan Sabha
Digitized by;
Panjab Digital Library

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਇਕ ਕਲੈਰੀਫ਼ੀਕੇਸ਼ਨ ਲੈਣਾ ਚਾਹੁੰਦਾ ਹਾਂ (ਵਿਘਨ) ਕਲੈਰੀਫ਼ੀਕੇਸ਼ਨ ਮੈਂ ਸਿਰਫ਼ ਇੰਨੀ ਹੀ ਲੈਣੀ ਹੈ ਕਿ ਗੜਿਆਂ ਦੇ ਨਾਲ ਥੋੜਾ ਥੋੜ੍ਹਾ ਨੁਕਸਾਨ ਕਈ ਪਿੰਡਾਂ ਦਾ ਹੋ ਜਾਂਦਾ ਹੈ । ਅਗਰ ਤਾਂ ਇਨਸਟ੍ਰੱਕਸ਼ਨਜ਼ ਇਹ ਹਨ ਕਿ ਜਿਸ ਫ਼ਾਰਮਰ ਦਾ ਨੁਕਸਾਨ ਹੋ ਗਿਆ ਹੈ ਔਰ ਉਸ ਦੇ ਨੁਕਸਾਨ ਦੇ ਹਿਸਾਬ ਨਾਲ 50%ਵੀ ਅਗਰ ਦੇਣਾ ਹੈ ਤਾਂ ਤੇ ਕੋਈ ਗੱਲ ਸਮਝ ਵਿਚ ਆ ਸਕਦੀ ਹੈ ਪਰ ਜੇ ਬੈਲੇਂਸ ਕਰਨਾ ਪਿਆ ਸਾਰੇ ਪਿੰਡ ਨਾਲ ਤਾਂ ਤੇ ਇਹ ਗੱਲ ਠੀਕ ਨਹੀਂ । (ਵਿਘਨ)

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਮੈਂ ਅਗੇ ਵੀ ਇਹ ਗੱਲ ਦੱਸੀ ਹੈ ਕਿ ਜਿਹੜਾ ਕਿਸਾਨ ਦਾ ਜਾਂ ਲੈਂਡ ਹੋਲਡਰਜ਼ ਜਿਹੜੇ ਹਨ ਉਨ੍ਹਾਂ ਦਾ ਜੋ ਨੁਕਸਾਨ ਹੋਇਆ ਉਹ ਅਸੀਂ ਅਸੈੱਸ ਕਰ ਰਹੇ ਹਾਂ। ਇੰਡੀਵੀਜੂਅਲ ਕੇਸਿਜ਼ ਵਿਚ ਜਿੰਨਾ ਜਿੰਨਾ ਨੁਕਸਾਨ ਹੋਇਆ ਹੈ ਉਹ ਸਾਰਾ ਅਸੈਸ ਕਰਕੇ ਉਸ ਦੇ ਮੁਤਾਬਕ ਉਨ੍ਹਾਂ ਨੂੰ ਰਿਲੀਫ਼ ਦਿੱਤਾ ਜਾਵੇਗਾ। (ਵਿਘਨ)

(ਇਸ ਸਮੇਂ ਕਾਮਰੇਡ ਅਰਜਨ ਸਿਘ ਮਸਤਾਨਾ ਬੋਲਣ ਲਈ ਖੜ੍ਹੇ ਹੋਏ)

**ਸ੍ਰੀ ਸਪੀਕਰ** : ਮਸਤਾਨਾ ਜੀ, ਕੁਐਸਚਨ ਆਵਰ ਨਾ ਬਣਾਓ । ਇਸ ਤੇ ਡਿਸਕਸ਼ਨ ਅਲਾਉ ਨਹੀਂ ਹੋ ਸਕਦੀ ।

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਜਿਥੋਂ ਮਸਤਾਨਾ ਜੀ ਆਏ ਹਨ ਉਥੇ ਕਰੋੜਾਂ ਰੁਪਿਆ ਸਰਕਾਰ ਨੇ ਰਿਲੀਫ਼ ਦਾ ਦਿੱਤਾ ਹੈ । ਇਹ ਉਤਾਵਲੇ ਨਾ ਹੋਣ ਜੇ ਹੋਰ ਲੋੜ ਪਈ ਤਾਂ ਹੋਰ ਵੀ ਦਿੱਤਾ ਜਾਏਗਾ ।

---

## CALL ATTENTION NOTICES UNDER RULE 66

(ਇਸ ਸਮੇਂ ਸਪੀਕਰ ਸਾਹਿਬ ਨੇ ਕਾਮਰੇਡ ਰਾਜਕੁਮਾਰ ਨੂੰ ਕਾਲ ਅਟੈਨਸ਼ਨ ਨੋਟਿਸ ਨੰ: 114 ਪੜ੍ਹਨ ਲਈ ਕਿਹਾ ।)

**ਸਰਦਾਰ ਸੁਰਜੀਤ ਸਿੰਘ ਸਿੱਧੂ** : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰ : 113 ਸੀ ।

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਸਪੀਕਰ ਸਾਹਿਬ, ਮੇਰੀ ਵੀ ਇਕ ਕਾਲ ਅਟੈਨਸ਼ਨ ਮੋਸ਼ਨ ਸੀ ।

**ਸ੍ਰੀ ਸਪੀਕਰ** : ਰੇਗੂਲਰ ਪ੍ਰੋਸੀਡਿੰਗਜ਼ ਚਲਣ ਦਿਓ ।

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਉਸ ਤੇ ਬਾਅਦ ਟਾਈਮ ਦਿਓਗੇ ਜੀ ?

**ਸ੍ਰੀ ਸਪੀਕਰ** : ਹਾਂ, ਹਾਂ ।

Original with;
Punjab Vidhan Sabha
Digitized by;
Panjab Digital Library

(Serial No. 114)

**Comrade Raj Kumar**: Sir I beg to draw the attention of the Government towards a metter of urgent public importance namely, between 16th and 18th of March, 1976 flood waters of river Ravi after lapse of nearly 8 months again ravaged vildlages along outer protection Bund and caused damage to standing crops of Panchayat areas Adl, Kukkar, Chhod Gaddian, Chaura, Dostpur, Shahoor Sohrawadala, Khose Pakinwan, Rose and Lopa Kalanaur. Block District Gurdaspur. Diversionary measures taken after 1975 floods failed because inner protection Bund (washed under pressure of water during 1975 floods) had not been rebuilt, Ravi River waters gushed into Nullah Nauanmi through a crack threatening existence of outer Dhussi Bund itself as also dozens of villages along its side.

There is lot of panic among inhabitants of the villages mentioned above.

In view of the obvious and urgent importance of the matter, the Government may please be asked to make a statement in the House.

**Mr. Speaker**: Admitted. The Minister concerned may please make a statement.

**Irrigation and power Minister: (Sardar Gurbaksh Singh Sibia)**: During the severe floods of 1975 flood season, the River Ravi took a sudden turn towards left side in Thakarpur Mirzapur Salach vicinity Causing large scale damages to the advance flood protection bund Requisite protective measures are being taken and are under progress to deflect the main current of the river to the extent possible towards the right side to save cluster of villages in question on the left side which have come under the attach of River flood spills, No useful purpose is likely to be served by rebuilding the inner protection bund unless the main flow of the River could be deflected for which suitable efforts are being made.

---

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਸੰਦਲਪੁਰ ਦਾ ਜਿਹੜਾ ਰਾਵੀ ਤੇ ਬੰਦ ਹੈ ਉਹ ਇੰਟਰਨਲ ਟੁੱਟ ਗਿਆ ਸੀ, ਜਿਸ ਦੀ ਵਜ੍ਹਾ ਕਰਕੇ ਅੱਨ-ਪ੍ਰੈਸੀਡੈਂਟਿਡ ਫਲਡੱਜ਼ ਆਏ ਸਨ । ਪੰਜਾਬ ਗੌਰਮਿੰਟ ਵਲੋਂ ਜਿਹੜੇ ਸਪੈੱਸ਼ਲਿਸਟਸ ਅਪੁਆਇੰਟ ਕੀਤੇ ਗਏ ਸਨ ਉਨ੍ਹਾਂ ਦਾ ਖ਼ਿਆਲ ਸੀ ਕਿ ਸੰਦਲਪੁਰ ਦੇ ਟੁੱਟੇ ਬੰਦ ਨੂੰ ਦੁਬਾਰਾ ਬਣਾਉਣ ਦੀ ਕੋਈ ਲੋੜ ਨਹੀਂ, ਪਰ ਉਥੇ ਲੋਕ ਇਹ ਕਹਿ ਰਹੇ ਸਨ ਕਿ ਇਸ ਦੀ ਸਖ਼ਤ ਜ਼ਰੂਰਤ ਹੈ । ਉਥੇ ਇਨ੍ਹਾਂ ਬਾਰਸ਼ਾਂ ਕਰਕੇ ਬੰਦ ਵਿਚ ਕਰੈਕਸ ਆ ਗਏ ਸਨ ਅਤੇ ਉਸ ਦਾ ਸਾਰਾ ਪਾਣੀ ਨਹਿਰਾਂ ਵਿਚ ਪੈ ਗਿਆ । ਜਿਹੜਾ ਆਉਟਰ ਬੰਦ ਹੈ ਉਹ 32 ਫੁੱਟ ਚੌੜਾ ਹੈ ਅਤੇ ਉਹ ਥਰੈੱਟਨ ਹੋ ਗਿਆ । ਐਸੇ ਹਾਲਾਤ ਵਿਚ ਮਨਿਸਟਰ ਸਾਹਿਬ ਦਾ ਇਹ ਕਹਿ ਦੇਣਾ ਕਿ ਬੰਦ ਦੀ ਲੋੜ ਨਹੀਂ ਇਹ ਠੀਕ ਨਹੀਂ ਜਾਪਦਾ । ਮੈਂ ਕਹਿੰਦਾ ਹਾਂ ਕਿ ਇਸ ਚੀਜ਼ ਨੂੰ ਮੁੱਖ ਰਖ ਕੇ ਫ਼ੈਸਲਾ ਹੋਣਾ ਚਾਹੀਦਾ ਹੈ ਕਿਉਂਕਿ ਉਸ ਇਲਾਕੇ ਦੇ ਲੋਕ ਜ਼ੋਰ ਦੇ ਰਹੇ ਹਨ ਕਿ ਬੰਦ ਹੋਣਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ, ਸਿੰਚਾਈ ਅਤੇ ਬਿਜਲੀ** : ਸਪੀਕਰ ਸਾਹਿਬ, ਇਸ ਸਬੰਧ ਵਿਚ ਇਕ ਟੈਕਨੀਕਲ ਐਕਸਪਰਟ ਕਮੇਟੀ ਬਣਾਈ ਸੀ। ਉਸ ਨੇ ਇਸ ਗੱਲ ਨੂੰ ਮੌਕੇ ਤੇ ਜਾ ਕੇ ਵੇਖਿਆ। ਪਿਛਲੇ ਫ਼ਲੱਡਜ਼ ਦੇ ਦੌਰਾਨ ਮੈਂ ਵੀ ਉਥੇ ਗਿਆ ਸੀ ਅਤੇ ਕਾਮਰੇਡ ਰਾਜ ਕੁਮਾਰ ਜੀ ਵੀ ਸਨ। ਉਸ ਵੇਲੇ ਵੇਖਣ ਵਿਚ ਆਇਆ ਕਿ ਰਿਵਰ ਨੇ ਆਪਣਾ ਕੋਰਸ ਚੇਂਜ ਕਰ ਲਿਆ ਸੀ। ਕੋਸ਼ਿਸ਼ ਕਰ ਰਹੇ ਹਾਂ ਕਿ ਨਵੇਂ ਕਰੈਕਸ ਬੰਦ ਕਰ ਦਿਤੇ ਜਾਣ। ਇਹ ਵਿੰਟਰ ਵਿਚ ਜ਼ਿਆਦਾ ਬਾਰਸ਼ਾਂ ਕਰਕੇ ਆਏ ਸਨ ਅਤੇ ਹੁਣ ਪ੍ਰੋਟੈਕਟ ਕਰ ਰਹੇ ਹਾਂ। ਸਾਡੀ ਉਸ ਟੈਕਨੀਕਲ ਕਮੇਟੀ ਦੀ ਰਾਏ ਹੈ ਕਿ ਬਜਾਏ ਬੰਦ ਦੇ ਜਿਹੜੇ ਹੁਣ ਮਈਯਰਜ਼ ਲੈ ਰਹੇ ਹਾਂ ਇਹ ਠੀਕ ਹਨ।

———

(Sr. No. 116)

**Comrade Raj Kumar** : Sir, I beg to draw the attention of the Government towards a matter of urgent public importance, namely; that Electricity supply in villages along International Border in Kalanaur Block in District Gurdaspur is being made only 2 to 3 days a week since quite a few months. Repeated efforts of the consumers to call attention of the local authorities have failed to yield any result.

Failure to regularize power supplies has effected Agricultural Production and sent population to hardships.

In view of the obvious importance of the matter the Government may please be asked to make statement in the House.

**Mr. Speaker** : Admitted. The Minister concerned may please make a statement.

**Minister of State for Health & Family Planning** (Sardar Balbir Singh) : The electric supply to villages along the international border in Kalanaur Block in Gurdaspur District is being fed partly from 132 KV Sub Station Dhariwal and partly from 66 KV Sub Station Kotli Surat Malhi. The electric supply in villages being fed from Kotli Surat Malhi Sub Station is being maintained for all the twenty four hours of the day and all through the month continuously. The supply to villages being fed from Dhariwal Sub Station though officially declared to be available for minimum twelve hours a day on account of over-loading of the Dhariwal Sub Station, has been given for twenty four hours a day on account of relief in loading due to rains. There has been no instance where the supply has been given only for two to three days a week for the last few months. In one case of village Mustifabad in this area, however. the supply was irregular for about 12 days (9-3-76 to 20-3-76) on occount of burning of 100 KVA transformer installed in that particular village. The supply to this village also is being maintained regularly since the 21st of March, 1976.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਇਸ ਜਵਾਬ ਦੇ ਪੇਸ਼ੇ ਨਜ਼ਰ ਕਿ ਉਸ ਜਗ੍ਹਾ ਤੇ 12 ਦਿਨ ਬਿਜਲੀ ਦੀ ਸਪਲਾਈ ਬੰਦ ਰਹੀ ਅਤੇ ਉਥੇ ਦੇ ਬਿਜਲੀ ਸਟੇਸ਼ਨ ਦਾ ਜਿਹੜਾ ਟਰਾਂਸਫ਼ਾਰਮਰ ਸੀ ਉਹ ਸੜ ਗਿਆ ਸੀ ਅਤੇ ਮੰਤਰੀ ਸਾਹਿਬ ਨੇ ਕਿਹਾ ਕਿ ਕੁਝ ਇੰਟਰੱਪਸ਼ਨ ਰਹੀ । ਮੈਂ ਮੰਤਰੀ ਸਾਹਿਬ ਤੋਂ ਇਹ ਆਸਵਾਸ਼ਨ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਨੂੰ ਬਿਜਲੀ ਦੀ ਕੱਟ ਕਾਰਨ ਸੱਫ਼ਰ ਕਰਨਾ ਪਿਆ ਆਇਆ ਉਨ੍ਹਾਂ ਨੂੰ ਕੋਈ ਕਨਸੈਸ਼ਨ ਫ਼ਲੈਟ ਰੇਟ ਤੇ ਔਨ ਪਰੋਰੇਟਾ ਬੇਸਿਜ਼ ਦੇਣ ਨੂੰ ਤਿਆਰ ਹਨ ?

**ਰਾਜ ਮੰਤਰੀ, ਸਿਹਤ ਤੇ ਸੰਤਾਨ ਸੰਜਮ** (ਸਰਦਾਰ ਬਲਬੀਰ ਸਿੰਘ) : ਸਪੀਕਰ ਸਾਹਿਬ, ਇਸ ਦਾ ਕੋਈ ਤੁਅੱਲਕ ਨਹੀਂ । ਮੈਂ ਕਹਿੰਦਾ ਹਾਂ ਕਿ ਇਕ ਪਿੰਡ ਤੋਂ ਸਿਵਾਏ ਬਾਕੀ ਸਾਰੇ ਬਿਜਲੀ ਠੀਕ ਚਲਦੀ ਰਹੀ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਕੀ ਬਿਜਲੀ ਦਾ ਮਹਿਕਮਾ ਸਰਦਾਰ ਬਲਬੀਰ ਸਿੰਘ ਨੂੰ ਮਿਲ ਗਿਆ ਹੈ ਜਾਂ ਸਿਬੀਆ ਸਾਹਿਬ ਨੂੰ ਚੌਧਰੀ ਬਲਰਾਮ ਜੀ ਤੇ ਵਿਸ਼ਵਾਸ ਨਹੀਂ ਰਿਹਾ ।

**ਰਾਜ ਮੰਤਰੀ ਸਿਹਤ ਤੇ ਸੰਤਾਨ ਸੰਜਮ** : ਇਹ ਜੁਆਇੰਟ ਰਿਸਪਾਂਸੀਬਿਲਿਟੀ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਸਬੰਧਤ ਮਨਿਸਟਰ ਸਾਹਿਬ ਬੈਠੇ ਹੋਏ ਹਨ ।

(Serial No. 118)

**Comrade Satya Pal Dang** : Sir, I beg to draw the attention of the Government towards a matter of urgent public importance namely about 1000 Panchayat Secretaries appointed under Half a Million Jobs Programme have not been paid their salaries for many months. They and their families are suffering acute hardship. In view of the obvious and urgent importance of the matter the Government may please be asked to make a statement in the House

**Mr. Speaker** : Admitted. The minister concerned may please make a statement.

**Minister of State for Development** (Sardar Santokh Singh Randhawa) : With a view to avoid delay in the disbursement of salaries to the Panchayat Secretaries recruited under the Half a Million Jobs Programme, Block Development and Panchayat Officers, were declared, on 19-11-1975 as Drawing and Disbursing Officers, instead of District Development and Panchayat Officers, and the funds were placed at their disposal for the purpose, but the A. G. Punjab, on 17-2-1976, declined to issue a general authority in favour of these officers. Consequently, the funds were placed, on 20-2-1976, at the disposal of D. D. P. Os, and in turn the A. G. Punjab issued the authority letter in favour of these officers on 6-3-1976. Hence the delay. However, the salaries have since been disbursed to these employees in some of the districts while others have been instructed telegraphically to disburse the same before 31-3-1976 positively.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਕੁਝ ਨੂੰ ਕਈ ਮਹੀਨਿਆਂ ਦੀਆਂ ਤਨਖਾਹਾਂ ਦੇ ਦਿੱਤੀਆਂ ਹਨ। ਬਾਕੀਆਂ ਬਾਰੇ ਵੀ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਮੈਂ ਇਹ ਜਾਣਨਾ ਚਾਹਾਂਗਾ ਕਿ "ਹਾਫ਼ ਏ ਮਿਲੀਅਨ ਜਾਬਜ਼" ਗੌਰਮਿੰਟ ਆਫ ਇੰਡੀਆ ਦੀ ਇੱਕ ਸਕੀਮ ਹੈ। ਉਸ ਸਕੀਮ ਦੇ ਮਾਤਹਿਤ ਪੰਜਾਬ ਸਰਕਾਰ ਨੇ ਪੰਚਾਇਤ ਸੈਕਟਰੀਜ਼ ਅਤੇ ਇੰਡਸਟਰੀ ਦੇ ਮਹਿਕਮੇ ਅਤੇ ਹੋਰ ਦੂਜੇ ਮਹਿਕਮਿਆਂ ਵਿਚ ਮੁਲਾਜ਼ਮ ਰਖੇ। ਕਈ ਬੰਦਿਆਂ ਨੂੰ ਮਹੀਨੇ ਬਧੀ ਤਨਖਾਹ ਨਹੀਂ ਮਿਲਦੀ। ਗੌਰਮਿੰਟ ਆਫ਼ ਇੰਡੀਆ ਨੇ ਕਿਹਾ ਹੈ ਕਿ ਜਿਨ੍ਹਾਂ ਨੂੰ 'ਹਾਫ਼ ਏ ਮਿਲੀਅਨ ਜਾਬਜ਼' ਦੀ ਸਕੀਮ ਦੇ ਹੇਠਾਂ ਰੱਖਿਆ ਗਿਆ ਹੈ ਉਨ੍ਹਾਂ ਨੂੰ ਬਾਅਦ ਵਿਚ ਰੈਗੂਲਰ ਕਰ ਦਿੱਤਾ ਜਾਵੇ ਅਤੇ ਪਰਮਾਨੈਂਟ ਬੇਸਿਜ਼ ਤੇ ਅਬਜ਼ਾਰਵ ਕੀਤਾ ਜਾਵੇ। ਮੈਂ ਮਨਿਸਟਰ ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਗੌਰਮਿੰਟ ਆਫ਼ ਇੰਡੀਆ ਦੀ ਸਕੀਮ ਦਾ ਇਹ ਪਾਰਟ ਹੈ, ਇਹ ਜਿਹੜੀ ਇਨਸਟਰੱਕਸ਼ਨ ਹੈ, ਇਸ ਦੇ ਉਤੇ ਅਮਲ ਪੰਜਾਬ ਸਰਕਾਰ ਕਿਉਂ ਨਹੀਂ ਕਰ ਰਹੀ ਹੈ? ਪੰਚਾਇਤ ਦੇ ਮਹਿਕਮੇ ਵਿੱਚ, ਇੰਡਸਟਰੀ ਦੇ ਮਹਿਕਮੇ ਵਿੱਚ ਅਤੇ ਹੋਰ ਜਿਹੜੇ ਮਹਿਕਮਿਆਂ ਵਿੱਚ ਇਸ ਸਕੀਮ ਦੇ ਤਹਿਤ ਬੰਦੇ ਰੱਖੇ ਹਨ, ਕੀ ਇਨ੍ਹਾਂ ਨੂੰ ਕੁਝ ਦੇਰ ਬਾਅਦ ਕੱਢ ਤਾਂ ਨਹੀਂ ਦਿੱਤਾ ਜਾਵੇਗਾ।?

**ਵਿਕਾਸ ਦੇ ਰਾਜ ਮੰਤਰੀ** : ਸਪੀਕਰ ਸਹਿਬ, ਮੈਂ ਇਨ੍ਹਾਂ ਦੇ ਸਵਾਲ ਦੇ ਜਵਾਬ ਵਿੱਚ ਦਸਿਆ ਹੈ ਕਿ ਡੀ. ਡੀ. ਪੀ. ਓਜ਼ ਕੋਲ ਪਹਿਲਾਂ ਜਿਹੜੀਆਂ ਤਨਖਾਹਾਂ ਆਉਂਦੀਆਂ ਸਨ, ਉਹ ਡਿਸਟ੍ਰਿਕਟ ਹੈਡਕੁਆਟਰਜ਼ ਤੋਂ ਪੰਚਾਇਤ ਸੈਕਟਰੀਜ਼ ਲੈਣ ਜਾਂਦੇ ਸਨ। ਇਸ ਤਰ੍ਹਾਂ ਉਨ੍ਹਾਂ ਨੂੰ ਬਹੁਤ ਤਕਲੀਫ ਹੁੰਦੀ ਸੀ, ਖਰਚਾ ਹੁੰਦਾ ਸੀ। ਇਨ੍ਹਾਂ ਦੀ ਤਕਲੀਫ ਨੂੰ ਮੁੱਖ ਰੱਖ ਕੇ ਮੈਂ ਫ਼ੈਸਲਾ ਕੀਤਾ ਸੀ ਕਿ ਡ੍ਰਾਇੰਗ ਐਂਡ ਡਿਸਬਰਸਿੰਗ ਆਫ਼ੀਸਰ, ਡੀ. ਡੀ. ਪੀ. ਓਜ਼ ਦੀ ਥਾਂ ਬੀ. ਡੀ. ਓਜ਼ ਨੂੰ ਮੁਕੱਰਰ ਕੀਤਾ ਜਾਵੇ। ਬਾਕੀ ਜਿਹੜੇ ਮੁਲਾਜ਼ਮ 'ਹਾਫ਼ ਏ ਮਿਲੀਅਨ ਜਾਬਜ਼' ਦੀ ਸਕੀਮ ਥੱਲੇ ਰੱਖੇ ਸਨ ਉਹ ਪੱਕੇ ਤੌਰ ਤੇ ਰੱਖੇ ਸਨ, ਕੱਚੇ ਤੌਰ ਤੇ ਨਹੀਂ ਰੱਖੇ ਸਨ।

## PRESENTATION OF REPORT

**Mr. Speaker** : Chairman of the committee on Subordinate Legislation may present the report of the Committee.

**Sardar Dhanna Singh Gulshan** : ** ** **

**Mr. Speaker** : Under Rule 109 (1) whatever the hon'ble Members are saying should not be recorded.

Chairman, Committee on Subordinate Legislation may present the Report.

**ਸਰਦਾਰ ਸੁਖਦੇਵ ਸਿੰਘ ਢੀਂਡਸਾ**: ਸਪੀਕਰ ਸਾਹਿਬ ਮੇਰੇ ਘਰ ਦੋ ਦਫਾ ਪੁਲਿਸ ਨੇ ਰੇਡ ਕੀਤੇ।....

**ਸ੍ਰੀ ਸਪੀਕਰ**: ਇਹ ਪੁਆਇੰਟ ਆਫ ਆਰਡਰ ਕਿਹੜੇ ਰੂਲ ਅੰਡਰ ਹੈ ?

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਦੇਵ ਸਿੰਘ ਢੀਂਡਸਾ:** ਸਪੀਕਰ ਸਾਹਿਬ, ਤੁਸੀਂ ਮੇਰੀ ਗੱਲ ਤਾਂ ਸੁਣ ਲਓ ।

**ਸ੍ਰੀ ਸਪੀਕਰ:** ਇਸ ਤਰ੍ਹਾਂ ਇਕੱਲੇ ਇਕੱਲੇ ਮੈਂਬਰ ਦੀ ਕਿਸ ਤਰ੍ਹਾਂ ਗੱਲ ਸੁਣੀ ਜਾ ਸਕਦੀ ਹੈ ? ਤੁਸੀਂ ਰੂਲਜ਼ ਦੇ ਮੁਤਾਬਿਕ ਕੋਈ ਮੋਸ਼ਨ ਦੇ ਦਿਉ ।

**ਸਰਦਾਰ ਸੁਖਦੇਵ ਸਿੰਘ ਢੀਂਡਸਾ:** * * *

**ਸ੍ਰੀ ਸਪੀਕਰ:** ਜੋ ਕੁਝ ਆਨਰੇਬਲ ਮੈਂਬਰ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । ਤੁਸੀਂ ਪ੍ਰਿਵਿਲਿਜ ਮੋਸ਼ਨ ਦਾ ਨੋਟਿਸ ਦੇ ਦਿਓ । ਮੈਂ ਉਸ ਤੇ ਆਪਣੀ ਰੂਲਿੰਗ ਦੇ ਦਿਆਂਗਾ । (ਵਿਘਨ)

(ਇਸ ਸਮੇਂ ਆਪੋਜ਼ੀਸ਼ਨ ਬੈਂਚਾਂ ਤੇ ਕਈ ਆਨਰੇਬਲ ਮੈਂਬਰ ਖੜ੍ਹੇ ਖੜ੍ਹੇ ਬੋਲ ਰਹੇ ਸਨ * * *)

**ਸ੍ਰੀ ਸਪੀਕਰ:** ਜੋ ਕੁਝ ਵੀ ਆਨਰੇਬਲ ਮੈਂਬਰ, ਚੇਅਰ ਦੀ ਪਰਮਿਸ਼ਨ ਤੋਂ ਬਿਨਾ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਆਨ ਏ ਪੁਆਇੰਟ ਆਫ ਆਰਡਰ, ਸਰ ।

**ਸ੍ਰੀ ਸਪੀਕਰ** ਤੁਸੀਂ ਆਪਣੀ ਗੱਲ ਕਹਿ ਲਈ ਸੀ । ਕਾਲ ਅਟੈਨਸ਼ਨ ਮੋਸ਼ਨ, ਅੰਡਰ ਰੂਲਜ਼ ਰਿਜੈਕਟ ਹੋ ਗਈ ਹੈ । ਰਿਜੈਕਸ਼ਨ ਤੋਂ ਬਾਅਦ ਇਸ ਤੇ ਡਿਸਕਸ਼ਨ ਨਹੀਂ ਹੋ ਸਕਦੀ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ:** ਅਸੀਂ ਇਸ ਤੇ ਕਲੈਰੀਫਿਕੇਸ਼ਨ ਚਾਹੁੰਦੇ ਹਾਂ ।

**ਸ੍ਰੀ ਸਪੀਕਰ** ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ । (ਵਿਘਨ) (ਸ਼ੋਰ)

(ਇਸ ਸਮੇਂ ਕਈ ਆਪੋਜ਼ੀਸ਼ਨ ਪਾਰਟੀ ਦੇ ਮੈਂਬਰ ਬੋਲ ਰਹੇ ਸਨ * * *)

**ਸ੍ਰੀ ਸਪੀਕਰ**: ਜੋ ਕੁਝ ਆਨਰੇਬਲ ਮੈਂਬਰ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ ।

**The Chairman, Committee on Subordinate Legislation** (Comrade Raj Kumar): Sir, I beg to present the Fifteenth Report of the Committee on Subordinate Legislation (1975-76).

---

## PAPERS LAID ON THE TABLE

**Revenue and Election Minister** (Sardar Umrao Singh): Sir, I lay on the* *Table Chapter II of the Annual Report of Local Audit Department, Punjab, for the year 1972-73.

---

*Not recorded as ordered by the chair.

**Placed in the Library.

Original with;
Punjab Vidhan Sabha
Digitized by;
Panjab Digital Library

## LEGISLATIVE BUSINESS

---

## THE PUNJAB SECURITY OF STATE (AMENDMENT) BILL, 1976

**Revenue and Election Minister** (Sardar Umrao Singh): Sir, I beg to introduce the Punjab Security of State (Amendment) Bill.

Sir, I also beg to move—

> That the Punjab Security of State (Amendment) Bill be taken into consideration at once.

*(Interruptions by some Akali Members)*

**Mr. Speaker**: You are interrupting the proceedings of the House.

**ਸਰਦਾਰ ਰਣਧੀਰ ਸਿੰਘ ਚੀਮਾ**: * * *

**ਸ੍ਰੀ ਸਪੀਕਰ**: ਇਹ ਲਾਅ ਐਂਡ ਆਰਡਰ ਦੀ ਪੋਜ਼ੀਸ਼ਨ ਨੂੰ ਸਾਹਮਣੇ ਰੱਖ ਕੇ ਕੀਤਾ ਗਿਆ ਹੋਣਾ ਹੈ । ਜੋ ਕੁਝ ਆਨਰੇਬਲ ਮੈਂਬਰ ਚੇਅਰ ਦੀ ਪਰਮਿਸ਼ਨ ਤੋਂ ਬਗ਼ੈਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ ।

**ਮਾਲ ਅਤੇ ਚੋਣ ਮੰਤਰੀ**: ਸਪੀਕਰ ਸਾਹਿਬ, ਇਹ ਆਪ ਮੋਰਚੇ ਲਾਉਂਦੇ ਹਨ, ਫਿਰ ਕਹਿੰਦੇ ਹਨ ਕਿ ਸਾਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ । (ਵਿਘਨ) (ਸ਼ੋਰ)

**ਸ੍ਰੀ ਸਪੀਕਰ**: ਤੁਸੀਂ ਤਾਂ ਇਸ ਹਾਊਸ ਵਿਚ ਵੀ ਖੱਪ ਪਾ ਕੇ ਲਾਅ ਐਂਡ ਆਰਡਰ ਦੀ ਪੋਜ਼ੀਸ਼ਨ ਨੂੰ ਖਰਾਬ ਕਰਦੇ ਹੋ । ਤੁਸੀਂ ਹਾਊਸ ਦਾ ਇਤਨਾ ਇੰਪਾਰਟੈਂਟ ਬਿਜ਼ਨੈਸ ਚੱਲਣ ਨਹੀਂ ਦਿੰਦੇ । I am sorry to observe ਕਿ ਤੁਸੀਂ ਹਾਊਸ ਦੀਆਂ ਪ੍ਰੋਸੀਡਿੰਗਜ਼ ਨੂੰ ਇੰਟਰਪਟ ਕਰ ਰਹੇ ਹੋ । ਵੈਰੀ ਸੌਰੀ, ਵੈਰੀ ਸੌਰੀ ।

**ਮਾਲ ਅਤੇ ਚੋਣ ਮੰਤਰੀ**: ਸਪੀਕਰ ਸਾਹਿਬ, ਇਸ ਬਿੱਲ ਰਾਹੀਂ ਕੁਝ ਐਸੇ ਏਰੀਆਜ਼ ਹਨ ।....

(ਇਸ ਸਮੇਂ ਆਪੋਜ਼ੀਸ਼ਨ ਪਾਰਟੀ ਦੇ ਕਈ ਮੈਂਬਰ ਬੋਲ ਰਹੇ ਸਨ ।)

**ਸ੍ਰੀ ਸਪੀਕਰ**: ਪੰਜਾਬ ਸਿਕਿਉਰਿਟੀ ਆਫ ਸਟੇਟ ਅਮੈਂਡਮੈਂਟ ਬਿੱਲ ਸਰਦਾਰ ਉਮਰਾਓ ਸਿੰਘ ਨੇ ਪੇਸ਼ ਕਰ ਦਿੱਤਾ ਹੈ । ਤੁਸੀਂ ਖੱਪ ਕਿਉਂ ਪਾਉਂਦੇ ਹੋ । ਤੁਸੀਂ ਇਸ ਬਿੱਲ ਦੇ ਬਾਰੇ ਵਿਚ ਬੋਲਦੇ ਹੋਏ ਆਪਣੇ ਜਜ਼ਬਾਤ ਦੱਸ ਦੇਣਾ । ਤੁਸੀਂ ਤਾਂ ਹਾਊਸ ਦੀਆਂ ਪ੍ਰੋਸੀਡਿੰਗਜ਼ ਨੂੰ ਇੰਟਰੱਪਟ ਕਰ ਰਹੇ ਹੋ । ਸਰਦਾਰ ਉਮਰਾਓ ਸਿੰਘ ਹੋਰਾਂ ਦੇ ਬਾਅਦ ਤੁਸੀਂ ਬੋਲ ਲੈਣਾ । ਤੁਸੀਂ ਆਪਣੇ ਮਨ ਦੀ ਗੱਲ ਕਹਿ ਲੈਣਾ ।

(ਇਸ ਵੇਲੇ ਅਕਾਲੀ ਮੈਂਬਰਾਂ ਵਲੋਂ ਬਹੁਤ ਸ਼ੋਰ ਪੈ ਰਿਹਾ ਸੀ ਅਤੇ ਉਹ ਬੋਲਣ ਲਈ ਖੜ੍ਹੇ ਸਨ ।)

---

*Not recorded as ordered by the chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ**: ਤੁਸੀਂ ਬੈਠ ਜਾਓ । ਇਸ ਬਿੱਲ ਦਾ ਇਸੇ ਗੱਲ ਨਾਲ ਸਬੰਧ ਹੈ ਤੁਸੀਂ ਕਹਿ ਲੈਣਾ । (ਵਿਘਨ)

**ਮਾਲ ਅਤੇ ਚੋਣ ਮੰਤਰੀ**: ਸਪੀਕਰ ਸਾਹਿਬ, ਜੇ ਇਹ ਨਹੀਂ ਬੋਲਣਾ ਚਾਹੁੰਦੇ ਇਸ ਬਿੱਲ ਤੇ ਤਾਂ ਅਸੀਂ ਇਸੇ ਤਰ੍ਹਾਂ ਹੀ ਪਾਸ ਕਰ ਲੈਂਦੇ ਹਾਂ । (ਵਿਘਨ)

**ਸ੍ਰੀ ਸਪੀਕਰ**: ਤੁਸੀਂ ਬੈਠ ਜਾਓ । ਤੁਸੀਂ ਇਸ ਬਿੱਲ ਤੇ ਬੋਲਦੇ ਹੋਏ ਜੋ ਕੁਝ ਕਹਿਣਾ ਚਾਹੁੰਦੇ ਹੋ ਕਹਿ ਲੈਣਾ । ਮੈਂ ਅਲਾਓ ਕਰਾਂਗਾ । (ਵਿਘਨ)

Please resume your seat.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼**: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਅਸੀਂ ਇਸ ਬਿੱਲ ਤੇ ਬੋਲਣਾ ਚਾਹੁੰਦੇ ਹਾਂ, ਕਿਤੇ ਬਿੱਲ ਨੂੰ ਇਸ ਤਰ੍ਹਾਂ ਰੌਲੇ ਵਿਚ ਨਾ ਪਾਸ ਕਰ ਦੇਣਾ ।

**ਸ੍ਰੀ ਸਪੀਕਰ**: ਮੈਂ ਤਾਂ ਚਾਹੁੰਦਾ ਹਾਂ ਕਿ ਤੁਸੀਂ ਇਸ ਬਿੱਲ ਤੇ ਸਾਰੇ ਬੋਲੋ ਅਤੇ ਪੂਰਾ ਕੰਟਰੀਬਿਊਟ ਕਰ ਸਕਦੇ ਹੋ ।

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਬਿਜ਼ਨੈਸ ਦੇ ਬਾਰੇ ਰੂਲਜ਼ ਵਿਚ ਇਹ ਔਬਲੀਗੇਟਰੀ ਹੈ ਕਿ ਜਿਹੜਾ ਬਿੱਲ ਇਥੇ ਮੂਵ ਹੋਣਾ ਹੈ ਉਹ ਪੰਜਾਬੀ ਵਿਚ ਵੀ ਸਰਕੁਲੇਟ ਕੀਤਾ ਜਾਵੇ ਅਤੇ ਜੇ ਨਹੀਂ ਕਰਨਾ ਤਾਂ ਰੂਲਜ਼ ਨੂੰ ਸਸਪੈਂਡ ਕੀਤਾ ਜਾਵੇ । ਪਰ ਇਸ ਬਿੱਲ ਨੂੰ ਪੰਜਾਬੀ ਵਿਚ ਨਹੀਂ ਦਿਤਾ ਗਿਆ ।

**ਮਾਲ ਅਤੇ ਚੋਣ ਮੰਤਰੀ**: ਸਪੀਕਰ ਸਾਹਿਬ, ਇਹ ਤਾਂ ਪਿਛਲੇ ਸੈਸ਼ਨ ਵਿਚ ਬਿੱਲ ਆਇਆ ਸੀ, ਪੰਜਾਬੀ ਵਿਚ ਵੀ ਉਲਥਾ ਕੀਤਾ ਗਿਆ ਸੀ ।

**ਸ੍ਰੀ ਸਪੀਕਰ**: ਇਸ ਦਾ ਪੰਜਾਬੀ ਵਿਚ ਉਲਥਾ ਹੋ ਚੁਕਾ ਹੈ, ਪਿਛਲੇ ਸੈਸ਼ਨ ਵਿਚ ਕੀਤਾ ਗਿਆ ਹੈ ।

ਮੈਂ ਤੁਹਾਡੀ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਇਹ ਬਿੱਲ ਪਿਛਲੇ ਸੈਸ਼ਨ ਵਿਚ ਆਇਆ ਸੀ ਅਤੇ ਇਸ ਦਾ ਪੰਜਾਬੀ ਵਿਚ ਵੀ ਉਲਥਾ ਕੀਤਾ ਗਿਆ ਸੀ ਪਰ ਇਹ ਬਿੱਲ ਪਾਸ ਨਹੀਂ ਹੋਇਆ ਸੀ । ਪੰਜਾਬੀ ਵਿਚ ਸਰਕੁਲੇਟ ਕੀਤਾ ਗਿਆ ਸੀ ਜੇ ਕਿਸੇ ਮੈਂਬਰ ਨੂੰ ਨਹੀਂ ਮਿਲਿਆ ਤਾਂ ਹੁਣ ਸਪਲਾਈ ਕਰ ਦਿੰਦੇ ਹਾਂ ।

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਗੱਲ ਇਹ ਨਹੀਂ ਕਿ ਉਲਥਾ ਹੋਇਆ ਹੈ ਜਾਂ ਨਹੀਂ ਪਰ ਸ਼ਾਇਦ ਉਲਥਾ ਹੋਇਆ ਹੋਵੇ ਪਰ ਇਹ ਮੈਂਬਰਾਂ ਵਿਚ ਸਰਕੁਲੇਟ ਨਹੀਂ ਕੀਤਾ ਗਿਆ ।

**ਸ੍ਰੀ ਸਪੀਕਰ**: ਸਰਕੂਲੇਟ ਕੀਤਾ ਗਿਆ ਸੀ, ਜੇ ਕਿਸੇ ਨੂੰ ਨਹੀਂ ਮਿਲਿਆ ਤਾਂ ਹੁਣ ਦੇ ਦਿੰਦੇ ਹਾਂ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ**: ਇਹ ਐਨਾ ਇੰਪਾਰਟੈਂਟ ਬਿੱਲ ਹੈ, ਜਿਨ੍ਹਾਂ ਮੈਂਬਰਾਂ ਨੂੰ ਅੰਗ੍ਰੇਜ਼ੀ ਨਹੀਂ ਆਉਂਦੀ, ਉਹ ਹੁਣ ਕੀ ਸਮਝਣਗੇ ।

**ਸ੍ਰੀ ਸਪੀਕਰ**: ਇਹ ਕੋਈ ਅਜਿਹੀ ਗੱਲ ਨਹੀਂ । ਮਨਿਸਟਰ ਸਾਹਿਬ ਹੁਣ ਸਮਝਾਉਣ ਲਗੇ ਹਨ ।

**Comrade Satya Pal Dang**: I want to know whether the rules are to be observed or to be violated.

**Mr. Speaker**: R les are being observed.

ਮੇਰੀ ਇਨਫਰਮੇਸ਼ਨ ਵਿਚ ਤਾਂ ਇਹੀ ਹੈ ਕਿ ਇਹ ਬਿੱਲ ਪੰਜਾਬੀ ਵਿਚ ਵੀ ਸਰਕੁਲੇਟ ਕੀਤਾ ਗਿਆ ਹੈ ਅਤੇ ਜੇ ਕਿਸੇ ਨੂੰ ਨਹੀਂ ਮਿਲਿਆ ਤਾਂ ਹੁਣ ਦੇ ਦਿੰਦੇ ਹਾਂ ।

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਹ ਜਿਹੜਾ ਬਿੱਲ ਹੈ ਇਸ ਦੀ ਪਰੋਵੀਜ਼ਨ ਵਿਚ ਜੋ ਹੈ ਮੈਂ ਦੱਸ ਦਿੰਦਾ ਹਾਂ ਕੁਝ ਐਸੇ ਏਰੀਆਜ਼ ਹਨ ਸਟੇਟ ਵਿਚ ਜਿਨ੍ਹਾਂ ਦੇ ਸਬੰਧ ਵਿਚ ਪਾਬੰਦੀ ਲਾਉਣੀ ਨੈਸ਼ਨਲ ਇੰਟਰੈਸਟ ਵਿਚ ਬਹੁਤ ਜ਼ਰੂਰੀ ਹੈ । ਕੁਝ ਐਸਾ ਅਨਸਰ ਹੈ ਜਿਹੜਾ ਕਿ ਐਸੇ ਏਰੀਏ ਵਿਚ ਗੜਬੜੀ ਕਰ ਸਕਦਾ ਹੈ । ਇਸ ਲਈ ਜਿਹੜੇ ਐਸੇ ਏਰੀਏ ਹਨ ਜਾਂ ਐਸੇ ਪਲੇਸਿਜ਼ ਹਨ ਉਨ੍ਹਾਂ ਨੂੰ ਪਰੋਟੈਕਟ ਕਰਨਾ ਬਹੁਤ ਜ਼ਰੂਰੀ ਹੈ । ਮੈਂ ਸਮਝਦਾ ਹਾਂ ਕਿ ਪਰੋਟੈਕੱਟ ਕਰਨ ਵਾਸਤੇ ਕੋਈ ਬੜੀ ਪਾਬੰਦੀ ਨਹੀਂ । ਜੇ ਡਾਂਗ ਸਾਹਿਬ ਧਿਆਨ ਨਾਲ ਵੇਖਣ ਤਾਂ ਇਹ ਬੜਾ ਅੱਛਾ ਬਿੱਲ ਹੈ । ਇਹ ਨੈਸ਼ਨਲ ਇੰਟਰੈਸਟ ਵਿਚ ਹੈ । ਇਹ ਐਸੀ ਜਗ੍ਹਾ ਦੀ ਸੇਫ਼ਟੀ ਵਾਸਤੇ ਹੈ ਜਾਂ ਪਬਲਿਕ ਇੰਟਰੈਸਟ ਵਾਸਤੇ ਹੈ । ਜਿਹੜੇ ਐਂਟੀ-ਨੈਸ਼ਨਲ ਐਲੀਮੈਂਟ ਹਨ ਉਹ ਤਾਂ ਕਹਿੰਦੇ ਹਨ ਕਿ ਫਲ੍ਹਾਂ ਆਦਮੀ ਫਲ੍ਹਾਂ ਮੁਲਕ ਨਾਲ ਮਿਲੇ ਹੋਏ ਹਨ । ਇਸ ਲਈ ਕੁਝ ਅਜਿਹੇ ਹਾਲਾਤ ਹੋਣ ਕਰਕੇ ਅਸੀਂ ਚਾਹੁੰਦੇ ਹਾਂ ਕਿ ਐਸੀ ਜਗ੍ਹਾ ਜਿਹੜੀਆਂ ਕਿ ਨੈਸ਼ਨਲ ਇੰਟਰੈਸਟ ਜਾਂ ਪਬਲਿਕ ਇੰਟਰੈਸਟ ਨਾਲ ਸਬੰਧਤ ਹਨ ਉਨ੍ਹਾਂ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ ਤਾਂਕਿ ਕਿਤੇ ਸ਼ਰਾਰਤੀ ਅਨਸਰ ਉਨ੍ਹਾਂ ਪਲੇਸਿਜ਼ ਨੂੰ ਖ਼ਰਾਬ ਨਾ ਕਰਨ ਅਤੇ ਉਥੇ ਕੋਈ ਸ਼ਰਾਰਤ ਨਾ ਕਰਨ । ਪ੍ਰਾਈਮ ਮਨਿਸਟਰ ਨੇ ਵੀ ਕਿਹਾ ਹੈ ਕਿ ਇਸ ਦੇਸ਼ ਨੂੰ ਅੱਜੇ ਵੀ ਖ਼ਤਰਾ ਹੈ । ਇਸ ਲਈ ਅਜਿਹੀਆਂ ਜਗ੍ਹਾਂ ਤੇ ਰੋਕ ਲਾਉਣਾ ਬਹੁਤ ਜ਼ਰੂਰੀ ਹੈ । ਇਸ ਬਿੱਲ ਵਿਚ ਪਰੋਵੀਜ਼ਨ ਕੀਤਾ ਗਿਆ ਹੈ ਕਿ ਡਿਸਟ੍ਰਿਕਟ ਮੈਜਿਸਟ੍ਰੇਟ ਨੂੰ ਕੁਝ ਐਸੇ ਅਖ਼ਤਿਆਰਤ ਦਿੱਤੇ ਗਏ ਹਨ ਕਿ ਜਿਹੜੀਆਂ ਐਸੀਆਂ ਪਬਲਿਕ ਇੰਟਰੈਸਟ ਦੇ ਪਲੇਸਿਜ਼ ਹਨ ਉਨ੍ਹਾਂ ਨੂੰ ਪਰੋਟੈਕੱਟਿਡ ਏਰੀਆ ਡਿਕਲੇਅਰ ਕਰ ਸਕੇ ਅਤੇ ਜੇ ਉਸ ਜਗ੍ਹਾ ਤੇ ਕੋਈ ਅਣਜਾਣ ਆਦਮੀ ਜਾਂਦਾ ਹੋਵੇ ਤਾਂ ਉਸ ਨੂੰ ਰੋਕ ਸਕੇ । ਇਸ ਬਿੱਲ ਦੀ ਕਲਾਜ਼ 9 (ਏ) ਜਿਹੜੀ ਹੈ ਉਸ ਵਿਚ ਰਿਮੂਵ ਕਰਨ ਬਾਰੇ ਲਿਖਿਆ ਹੈ । ਐਸੇ ਅਨਸਰ ਜਿਹੜੇ ਕਿ ਉਥੋਂ ਰਿਮੂਵ ਨਾ ਹੋਣ ਤਾਂ ਉਨ੍ਹਾਂ ਵਾਸਤੇ ਸਜ਼ਾ ਰਖੀ ਹੈ । ਮੈਂ ਸਮਝਦਾ ਹਾਂ ਕਿ ਐਸੇ ਆਦਮੀ ਨੂੰ ਕਦੇ ਵੀ ਮਾਫ਼ ਨਹੀਂ ਕਰਨਾ ਚਾਹੀਦਾ । ਡਾਂਗ ਸਾਹਿਬ ਤਾਂ ਇਥੇ ਆਪ ਕਹਿੰਦੇ ਹਨ ਕਿ ਸਿਕਿ-ਉਰਿਟੀ ਆਫ਼ ਸਟੇਟ ਦੇ ਬਾਰੇ ਕੁਝ ਨਾ ਕੁਝ ਹੋਣਾ ਚਾਹੀਦਾ ਹੈ । ਇਸ ਬਿੱਲ ਵਿਚ ਕੋਈ ਐਸੀ ਚੀਜ਼ ਨਹੀਂ ਜਿਹੜੀ ਕਿ ਪਰਟੀਕੁਲਰ ਪਰਸਨ ਤੇ ਆਉਂਦੀ ਹੋਵੇ । ਇਹ ਤਾਂ ਕੁਝ ਐਸੇ ਲੋਕਾਂ ਵਾਸਤੇ ਹੈ ਜਿਵੇਂ ਕਿ ਸੀ. ਆਈ. ਏ. ਦੇ ਏਜੰਟ ਹਨ, ਉਹਨਾਂ ਨੂੰ ਖ਼ਤਮ ਕਰਨ ਵਾਸਤੇ ਇਹ ਬਿੱਲ ਲਿਆਂਦਾ ਗਿਆ ਹੈ । ਇਸ ਵਿਚ ਜਿਹੜੀਆਂ ਪਲੇਸਿਜ਼ ਹੋਣਗੀਆਂ ਉਹ ਨੈਸ਼ਨਲ ਇੰਟਰੈਸਟ ਦੀਆਂ ਵੀ ਹੋ ਸਕਦੀਆਂ ਹਨ, ਸਟੇਟ ਇੰਟਰੈਸਟ ਦੀਆਂ ਵੀ ਹੋ ਸਕਦੀਆਂ ਹਨ ਅਤੇ ਐਸੀ ਜਗ੍ਹਾਂ ਵੀ ਹੋ ਸਕਦੀ ਹੈ ਜਿਸ ਨੂੰ ਪਰੋਟੈਕੱਟ ਕਰਨਾ ਸਟੇਟ ਦਾ ਫਰਜ਼ ਹੋਵੇ ਔਰ ਮੈਂ ਸਮਝਦਾ ਹਾਂ ਕਿ ਡਿਫੈਂਸ ਇਨਸਟਾਲੇਸ਼ਨ ਵੀ ਹੋ ਸਕਦੀ ਹੈ । ਇਸ ਲਈ ਮੈਂ ਆਸ ਕਰਦਾ ਹਾ ਕਿ ਮੈਂਬਰ ਸਾਹਿਬ ਇਸ ਬਿੱਲ

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਦੀ ਮਹੱਤਤਾ ਨੂੰ ਚੰਗੀ ਤਰ੍ਹਾਂ ਸਮਝਦੇ ਹੋਏ ਇਸ ਬਿੱਲ ਦੀ ਪ੍ਰੋੜ੍ਹਤਾ ਕਰਨਗੇ । ਇਹ ਇਕ ਬੜਾ ਹੀ ਇਨੋਸੈਂਟ ਜਿਹਾ ਬਿੱਲ ਹੈ, ਇਸ ਵਿਚ ਕੋਈ ਖਾਸ ਗੱਲ ਨਹੀਂ ।

**Mr. Speaker**: Motion moved.

That the Punjab Security of State (Amendment) Bill be taken into consideration at once.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਖਰੜ)** : ਸਪੀਕਰ ਸਾਹਿਬ, ਮੈਂ ਇਸ ਬਿੱਲ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ । ਇਹ ਬਿੱਲ ਇਕ ਮੋਸਟ ਆਟੋਕਰੈਟਿਕ ,ਅਨਡੈਮੋਕਰੈਟਿਕ ਅਤੇ ਅਨਕਾਲਡ ਫ਼ਾਰ ਹੈ। ਅੱਜ ਜਿਸ ਸਿਚੂਏਸ਼ਨ ਵਿਚੋਂ ਅਸੀਂ ਗੁਜ਼ਰ ਰਹੇ ਹਾਂ, ਜਿਸ ਤਰੀਕੇ ਨਾਲ ਜਿਸ ਐਮਰਜੈਂਸੀ ਦੀ ਦੁਰਵਰਤੋਂ ਹੋ ਰਹੀ ਹੈ, ਇਸ ਵਕਤ ਇਸ ਤਰ੍ਹਾਂ ਦਾ ਬਿੱਲ ਲਿਆਉਣਾ ਬਿਲਕੁਲ ਠੀਕ ਨਹੀਂ ਸੀ। ਸਰਦਾਰ ਉਮਰਾਓ ਸਿੰਘ ਨੇ ਬੋਲਦੇ ਹੋਏ ਇਸ ਨੂੰ ਇਕ ਇਨੋਸੈਂਟ ਬਿਲ ਕਿਹਾ ਹੈ ਪਰ ਮੈਂ ਸਮਝਦਾ ਹਾਂ ਕਿ ਇਹ ਬਿੱਲ ਇਕ ਬਹੁਤ ਖਤਰਨਾਕ ਬਿੱਲ ਹੈ । ਇਸ ਬਿਲ ਰਾਹੀਂ ਸਰਕਾਰ ਨੇ ਹੀ ਮੈਜਿਸਟਰੇਟ ਨੂੰ ਇਹ ਅਖ਼ਤਿਆਰ ਦਿੱਤਾ ਹੈ ਕਿ ਉਹ ਕਿਸੇ ਵੀ ਇਲਾਕੇ ਨੂੰ, ਕਿਸੇ ਵੀ ਏਰੀਏ ਨੂੰ, ਕਿਸੇ ਵੀ ਪਿੰਡ ਨੂੰ ਜਾਂ 10 ਪਿੰਡਾਂ ਨੂੰ ਜਾ ਇਕ ਤਹਿਸੀਲ ਨੂੰ ਜਾਂ ਕਿਸੇ ਇਲਾਕੇ ਦੇ ਕਿਸੇ ਪਰਮਿਸਿਜ਼ ਨੂੰ, ਕਿਸੇ ਬਿਲਡਿੰਗ ਨੂੰ ਜਾਂ ਕਿਸੇ ਵੀ ਹੋਰ ਏਰੀਏ ਨੂੰ ਵਿਵਰਜਿਤ ਕਰਾਰ ਦੇ ਸਕਦਾ ਹੈ । ਸਪੀਕਰ ਸਾਹਿਬ, ਐਨੇ ਅਖਤਿਆਰ ਦੇਣੇ ਅਤੇ ਕਹਿਣਾ ਕਿ ਇਹ ਇਕ ਇਨੋਸੈਂਟ ਜਿਹਾ ਬਿੱਲ ਹੈ, ਇਹ ਮੈਨੂੰ ਸਮਝ ਨਹੀਂ ਆਉਂਦਾ ਕਿ ਇਸ ਤੋਂ ਵੱਧ ਹੋਰ ਕਿਹੜਾ ਬਿੱਲ ਸਖਤ ਹੋ ਸਕਦਾ ਹੈ ।

(ਇਸ ਵੇਲੇ ਸਰਦਾਰ ਉਮਰਾਓ ਸਿੰਘ ਜੀ ਅਤੇ ਵਿੱਤ ਮੰਤਰੀ ਜੀ ਗੱਲਾਂ ਕਰ ਰਹੇ ਸਨ )

**ਸਰਦਾਰ ਸੁਖਦੇਵ ਸਿੰਘ ਢਿਲੋਂ** : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹਾਊਸ ਵਿਚ ਇਕ ਇਤਨਾ ਇਪਾਰਟੈਂਟ ਬਿੱਲ ਚਲ ਰਿਹਾ ਹੋਵੇ ਅਤੇ ਮਨਿਸਟਰ ਸਾਹਿਬ ਗਲਾਂ ਕਰ ਰਹੇ ਹੋਣ ਇਹ ਠੀਕ ਨਹੀਂ ਲਗਦਾ । ਇਹ ਲਾਬੀ ਵਿਚ ਚਲੇ ਜਾਣ ।

11.20 (ਇਸ ਵੇਲੇ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

**ਸ੍ਰੀ ਡਿਪਟੀ ਸਪੀਕਰ** : ਬੈਠੋ, ਬੈਠੋ ਜੀ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਡਿਪਟੀ ਸਪੀਕਰ ਸਾਹਿਬ, ਇਸ ਬਿੱਲ ਦੇ ਵਿਚ ਪੂਰਾ ਪਿੰਡ ਵੀ ਆ ਸਕਦਾ ਹੈ, ਕੋਈ ਸਬ ਡਿਵੀਜ਼ਨ ਵੀ ਆ ਸਕਦੀ ਹੈ । ਇਸੇ ਤਰ੍ਹਾਂ ਹੋਰ ਕੋਈ ਵੀ ਇਲਾਕ ਵਿਵਰਜਿਤ ਕਰਾਰ ਦਿੱਤਾ ਜਾ ਸਕਦਾ ਹੈ । ਮੈਂ ਸਮਝਦਾ ਹਾਂ ਕਿ ਇਹ ਤਾਂ ਬਹੁਤ ਅਨਬਰਾਇਡਲਡ ਪਾਵਰ ਲੈਣ ਵਾਲੀ ਗੱਲ ਹੈ ਔਰ ਇਸ ਦੇ ਨਾਲ ਤਾਂ ਬਿਲਕੁਲ ਡੈਮੋਕ੍ਰੇਸੀ ਜਿਹੜੀ ਹੈ ਉਸ ਦਾ ਅੰਤ ਹੋ ਜਾਵੇਗਾ । ਡੈਮੋਕਰੇਸੀ ਨਹੀਂ ਰਹਿ ਸਕਦੀ ਅਗਰ ਇਸ ਢੰਗ ਨਾਲ ਇਸ ਉਤੇ ਇੰਪਲੀਮੈਂਟੇਸ਼ਨ ਸ਼ੁਰੂ ਹੋ ਜਾਵੇਗੀ। ਡੀ. ਆਈ. ਆਰ. ਦੇ ਅੰਡਰ ਇਨ੍ਹਾਂ ਨੇ ਕਿਹਾ ਹੈ ਕਿ ਕੁਝ ਤਾਕਤਾਂ ਨੂੰ ਦਬਾਉਣ ਦੀ ਦੀ ਲੋੜ ਹੈ, ਸਾਡੇ ਵੱਲ ਵੀ ਇਸ਼ਾਰਾ ਕੀਤਾ ਕਿ ਅਸੀਂ ਵੀ ਇਸ ਗਲ ਦਾ ਜ਼ਿਕਰ ਕਰਦੇ ਹਾਂ । ਕੁਝ ਤਾਕਤਾਂ ਐਸੀਆਂ ਹਨ, ਠੀਕ ਹੈ । ਅਸੀਂ ਕਹਿੰਦੇ ਹਾਂ ਕਿ ਕੁਝ ਤਾਕਤਾਂ ਹਨ ਜਿਹੜੀਆਂ ਕਿ ਲਾਈ ਲਗ ਬਣ ਕੇ ਕੰਮ ਕਰਦੀਆਂ ਹਨ। ਉਨ੍ਹਾਂ ਨਾਲ ਨਿਪਟਣ ਦੀ ਲੋੜ ਹੈ । ਲੇਕਿਨ ਉਨ੍ਹਾਂ ਨਾਲ ਨਿਪਟਣ ਲਈ ਹੋਰ ਬਹੁਤ ਸਾਰੇ ਕਾਨੂੰਨ ਹਨ । ਦੇਸ਼ ਦੇ ਅੰਦਰ ਐਮਰਜੈਂਸੀ ਲਗੀ ਔਰ ਜੇਕਰ 20 ਨੁਕਾਤ ਪ੍ਰੋਗਰਾਮ ਨਾ ਰਖਦੇ ਤਾਂ ਮੈਂ ਨਹੀਂ ਸੀ ਸਮਝਦਾ ਕਿ ਉਸ ਐਮਰਜੈਂਸੀ ਦੀ ਕੋਈ ਲੋੜ ਸੀ। ਐਮਰਜੈਂਸੀ

Original with;
Punjab Vidhan Sabha
Digitized by;
Panjab Digital Library

ਫ਼ਾਈਟ ਕਰਨ ਵਾਸਤੇ ਲਗਾਈ ਤਾਕਿ ਫ਼ਾਸਿਸਟ ਤਾਕਤਾਂ ਰੋੜਾ ਨਾ ਬਣਨ ਲੇਕਿਨ ਨਾਲ ਦੀ ਨਾਲ ਆਰਥਕ ਜੜ੍ਹਾਂ ਨੂੰ ਮਜ਼ਬੂਤ ਕਰਨ ਲਈ 20 ਪੁਆਇੰਟ ਪ੍ਰੋਗਰਾਮ ਪੇਸ਼ ਕੀਤਾ ਹੈ ਤਾਂਕਿ ਛੋਟੇ ਲੋਕਾਂ ਨੂੰ,ਗਰੀਬ ਲੋਕਾਂ ਨੂੰ ਰੋਟੀ ਮਿਲ ਸਕੇ ਔਰ ਮੁਲਕ ਦੀਆਂ ਜਿਹੜੀਆਂ ਨੈਸ਼ਨਲ ਪਾਲਿਸੀਆਂ ਹਨ ਉਹ ਉਨ੍ਹਾਂ ਨਾਲ ਖੜੇ ਹੋਣ । ਇਸ ਲਈ ਡੀ. ਆਈ. ਆਰ. ਜਿੱਥੇ ਅੱਗੇ ਹੈ, ਡਿਫੈਂਸ ਆਫ਼ ਇੰਡੀਆਂ ਰੂਲਜ਼ ਦੇ ਅੰਡਰ ਪਹਿਲਾਂ ਹੀ ਇਖ਼ਤਿਆਰਾਤ ਮਿਲੇ ਹੋਏ ਹਨ ਔਰ ਇਸ ਐਕਟ ਦੇ ਨਾਲ ਵੀ ਇਖ਼ਤਿਆਰਾਤ ਇਨ੍ਹਾਂ ਪਾਸ ਹਨ ਤਾਂ ਇਹ ਅਮੈਂਡਮੈਂਟ ਲਿਆਉਣ ਦੀ ਕਿਆ ਜ਼ਰੂਰਤ ਪਈ ਹੈ, ਇਸ ਗਲ ਨੂੰ ਮੈਂ ਸਮਝ ਨਹੀਂ ਸਕਿਆ । ਮੈਂ ਇਹ ਸਮਝਦਾ ਹਾਂ ਕਿ ਇਸ ਤਰ੍ਹਾਂ ਮਿਸ-ਯੂਜ਼ ਆਫ਼ ਪਾਵਰ ਦੇ ਦਰਵਾਜ਼ੇ ਖੋਲ੍ਹੇ ਜਾਣਗੇ ਔਰ ਲੋਕਾਂ ਨੂੰ ਬੜੇ ਜਾਇਜ਼ ਮਾਮਲਿਆਂ ਵਿਚ ਵੀ ਸਰਕਾਰ ਆਪਣੀ ਆਵਾਜ਼ ਉਠਾਉਣ ਨਹੀਂ ਦੇਵੇਗੀ ਸ਼ਾਇਦ ਕਮਿਉਨਿਸਟ ਪਾਰਟੀ ਵਾਲਿਆਂ ਵਾਸਤੇ ਹੀ ਇਹ ਹੈ ਤਾਂਕਿ ਵਰਕਰਜ਼ ਨੂੰ ਹੜਤਾਲਾਂ ਵਗੈਰਾ ਕਰਕੇ ਆਪਣੀ ਜਾਇਜ਼ ਮੰਗ ਨੂੰ ਉਠਾਉਣ ਤੋਂ ਵਰਜਿਆ ਜਾਵੇਗਾ । ਜਿਹੜੇ ਇੰਡਸਟਰੀਅਲ ਵਰਕਰਜ਼ ਹਨ ਉਨ੍ਹਾਂ ਨੂੰ ਇਹ ਕਹਿ ਦੇਣਗੇ ਕਿ ਤੁਹਾਡਾ ਫ਼ਲਾਣਾਂ ਲੀਡਰ ਫ਼ਲਾਂ ਜਗ੍ਹਾ ਨਹੀਂ ਜਾ ਸਕਦਾ ਕਿਉਂਕਿ ਉਹ ਵਰਜਿਤ ਏਰੀਆ ਹੈ ਇੰਡਸਟਰੀਅਲ ਵਰਕਰਜ਼ ਦੀ ਜਾਇਜ਼ ਫ਼ਾਈਟ ਹੋਵੇਗੀ ਇੰਪਲਾਇਰ ਦੇ ਖਿਲਾਫ਼, ਉਸ ਦੇ ਲਈ ਵੀ ਇਸ ਇਖ਼ਤਿਆਰ ਦੀ ਵਰਤੋਂ ਕੀਤੀ ਜਾਵੇਗੀ । ਇਹ ਖ਼ਦਸ਼ਾ ਸਾਨੂੰ ਹੈ ਕਿ ਜ਼ਾਇਜ਼ ਐਕਟਿਵਿਟੀਜ਼ ਨੂੰ ਵੀ ਦਬਾਉਣ ਲਈ ਇਨ੍ਹਾਂ ਇਖ਼ਤਿਆਰਾਂ ਦੀ ਵਰਤੋਂ ਕੀਤੀ ਜਾਵੇਗ ਇਸ ਲਈ ਮੈਂ ਪੂਰੇ ਤੌਰ ਤੇ ਆਪਣੀ ਪਾਰਟੀ ਵਲੋਂ ਇਸ ਬਿੱਲ ਦੀ ਵਿਰੋਧਤਾ ਕਰਦਾ ਹਾਂ ਔਰ ਸਰਦਾਰ ਉਮਰਾਓ ਸਿੰਘ ਜੀ ਨੂੰ ਬੇਨਤੀ ਕਰਦਾ ਹਾਂ ਕਿ ਐਮਰਜੈਂਸੀ ਦੀ ਆੜ ਵਿਚ ਇਕ ਹੋਰ ਸੁਪਰ-ਐਮਰਜੈਂਸੀ ਲਈ ਇਨੈਕਟਮੈਂਟ ਨਾ ਲਿਆਉਣ, ਇਸ ਦੀ ਲੋੜ ਨਹੀਂ ਹੈ ;ਇਹ ਫ਼ਰਦਰ ਹੈਰਾਸਮੈਂਟ ਕਰੀਏਟ ਕਰੇਗੀ ।

ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ) : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਜੋ ਇਹ ਬਿੱਲ ਹਾਊਸ ਦੇ ਵਿਚ ਲਿਆਂਦਾ ਗਿਆ ਹੈ ਇਹ ਇਕ ਬਹੁਤ ਲੋਕਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਊ ਬਿੱਲ ਹੈ । ਪਹਿਲਾਂ ਤਾਂ ਲੋਕ ਐਮਰਜੈਂਸੀ ਦੇ ਖਿਲਾਫ ਮੰਗ ਕਰਦੇ ਸੀ ਕਿ ਇਹ ਨਹੀਂ ਹੋਣ ਚਾਹੀਦੀ ਲੇਕਿਨ ਇਹ ਹੋਰ ਵੀ ਇਕ ਖ਼ਤਰਨਾਕ ਬਿੱਲ ਆ ਗਿਆ ਹੈ । ਜਿਵੇਂ ਕਿ ਕਾਮਰੇਡ ਜੀ ਨੇ ਮਿਸਾਲ ਦਿੱਤੀ ਹੈ ਕਿ ਜੇਕਰ ਕੋਈ ਮਾਲਿਕ ਫ਼ੈਕਟਰੀ ਦਾ ਬੇਇਨਸਾਫ਼ੀ ਕਰਦਾ ਹੈ ਤਾਂ ਵਰਕਰ ਉਸ ਦੇ ਖਿਲਾਫ਼ ਨਹੀਂ ਬੋਲ ਸਕਣਗੇ ਕਿਉਂਕਿ ਇਹ ਕਹਿ ਦੇਣਗੇ ਕਿ ਇਹ ਵਰਜਿਤ ਏਰੀਆ ਹੈ ਇਥੋਂ ਅੱਗੇ ਨਹੀਂ ਜਾ ਸਕਦੇ । ਇਸ ਤਰ੍ਹਾਂ ਹੀ ਸਾਡੇ ਵਰਗੇ ਬੰਦਿਆਂ ਨੂੰ ਇਹ ਕਹਿ ਦਿਆ ਕਰਨਗੇ ਕਿ ਤੁਸੀਂ ਅਨੰਦਪੁਰ ਸਾਹਿਬ ਦੀ ਧਰਤੀ ਤੇ ਮੱਥਾ ਟੇਕਣ ਨਹੀਂ ਜਾ ਸਕਦੇ, ਸਿੱਖ ਉਥੇ ਸਾਲ ਦੀ ਸਾਲ ਰੋਸ਼ਨੀ ਲੈਣ ਨਹੀਂ ਜਾ ਸਕਣਗੇ ਕਿਉਂਕਿ ਉਹ ਵਰਜਿਤ ਏਰੀਆ ਕਹਿ ਦੇਣਗੇ । ਅਕਾਲੀ ਭਰਾ ਅਗਰ ਵੋਟ ਪਾਉਣ ਲਈ ਆਉਣਗੇ ਤਾਂ ਇਹ ਵਿਧਾਨ ਸਭਾ ਦਾ ਸਾਡੇ ਲਈ ਵਰਜਿਤ ਏਰੀਆ ਕਰਾਰ ਦੇ ਦੇਣਗੇ। ਜਿਸ ਤਰ੍ਹਾਂ ਕਿ ਕੱਲ ਹੋਇਆ ਹੈ । ਕੋਰੇ ਬੈਲਟ ਕੱਢੇ, ਹੋਸਟਲ ਵਿਚ ਛਾਪਾ ਮਾਰਿਆ । ਅਸੀਂ ਇਧਰ ਮੀਟਿੰਗ ਭੁਗਤਦੇ ਹੋਵਾਂਗੇ ਔਰ ਉਧਰ ਪੁਲੀਸ ਛਾਪੇ ਮਾਰਿਆ ਕਰੇਗੀ। ਅਸੀ ਬਾਹਰ ਆਵਾਂਗੇ ਤਾਂ ਫਿਰ ਫੜ ਲਿਆ ਕਰਨਗੇ ।

ਡਿਪਟੀ ਸਪੀਕਰ ਸਾਹਿਬ, ਐਮਰਜੈਂਸੀ ਨਾਲ ਸਰਕਾਰ ਨੂੰ ਬਹੁਤ ਜ਼ਿਆਦਾ ਇਖ਼ਤਿਆਰਾਤ ਮਿਲੇ ਹੋਏ ਹਨ ਤਾਂ ਕਿ ਇਸ ਤੋਂ ਵੱਧ ਹੋਰ ਵੀ ਇਖ਼ਤਿਆਰਾਂ ਦੀ ਇਨ੍ਹਾਂ ਨੂੰ ਲੋੜ ਹੈ? ਜੇਕਰ ਕੋਈ ਇਹ ਚੰਗਾ ਕੰਮ ਕਰਦੇ ਤਾਂ ਇਸ ਬਿੱਲ ਦੀ ਕੋਈ ਸਮਝ ਆ ਸਕਦੀ ਸੀ । ਪਰ ਅੱਜ ਕੀ ਹੁੰਦਾ ਹੈ ਕਿ ਜੇਕਰ ਕੋਈ ਕਹਿੰਦਾ ਹੈ ਕਿ ਇਹ ਸਰਕਾਰ ਮਾੜੀ ਹੈ, ਤਾਂ ਤੇ ਉਸ ਨੂੰ ਇਹ ਅੰਦਰ ਭੇਜ ਦਿੰਦੇ ਹਨ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਡਿਪਟੀ ਸਪੀਕਰ ਸਾਹਿਬ, ਹੁਣ ਇਹ ਕਿਹਾ ਕਰਨਗੇ ਕਿ ਸਰਦਾਰ ਬਲਵਿੰਦਰ ਸਿੰਘ ਨੂੰ ਡੀ. ਆਈ. ਆਰ. ਦੇ ਅੰਦਰ ਫੜ ਲਵੋ ਇਹ ਕਿਧਰੇ ਸਾਡੇ ਖਿਲਾਫ਼ ਕੋਈ ਗੱਲ ਨਾ ਕਹਿ ਦੇਵੇ, ਕਿਧਰੇ ਇਹ ਸਾਡਾ ਭਾਂਡਾ ਨਾ ਫੋੜ ਦੇਵੇ । ਇਸ ਬਿੱਲ ਤੋਂ ਸਾਫ਼ ਤੌਰ ਤੇ ਇਨ੍ਹਾਂ ਗਲਾਂ ਦਾ ਖਦਸ਼ਾ ਜ਼ਾਹਿਰ ਹੁੰਦਾ ਹੈ ਕਿ ਜਿਸ ਤਰ੍ਹਾਂ ਮੇਰੇ ਕਾਮਰੇਡ ਸਾਥੀ ਨੇ ਕਿਹਾ ਕਿ ਜਿਹੜੇ ਵਰਕਰ ਆਪਣੇ ਹੱਕ ਦੀਆਂ ਗਲਾਂ ਕਰਦੇ ਹਨ, ਮਾਲਿਕਾਂ ਦੀਆਂ ਜ਼ਿਆਦਤੀਆਂ ਤੋਂ ਦੁਖੀ ਹੋ ਕੇ ਆਪਣੀ ਆਵਾਜ਼ ਉਚੀ ਕਰਨਾ ਚਾਹੁਣਗੇ ਇਹ ਉਨ੍ਹਾਂ ਨੂੰ ਫੜ ਲਿਆ ਕਰਨਗੇ । ਮੈਂ ਸਮਝਦਾ ਹਾਂ ਕਿ ਇਹ ਸਿਕਿਉਰਿਟੀ ਬਿੱਲ ਨਹੀਂ ਹੈ, ਇਹ ਤਾਂ ਨਜ਼ਰਬੰਦੀ ਬਿੱਲ ਹੈ । ਇਹ ਕਹਿ ਦੇਣਗੇ ਕਿ ਬਲਵਿੰਦਰ ਸਿੰਘ ਮਾਨਸੇ ਤੋਂ ਬਾਹਰ ਨਹੀਂ ਜਾ ਸਕਦਾ ਕਿਉਂਕਿ ਬਾਹਰ ਜਾ ਕੇ ਇਹ ਸਾਡੇ ਖਿਲਾਫ਼ ਬੋਲੇਗਾ । ਇਸ ਤਰ੍ਹਾਂ ਇਹ ਸਾਡੀ ਨਜ਼ਰਬੰਦੀ ਮਾਨਸਾ ਵਿਚ ਹੀ ਕਰ ਦਿਆ ਕਰਨਗੇ । ਜੇਕਰ ਇਸ ਤਰ੍ਹਾਂ ਦਾ ਸਲੂਕ ਸਾਡੇ ਨਾਲ ਕਰਦੇ ਹਨ, ਘਰ ਤੋਂ ਬਾਹਰ ਨਹੀਂ ਜਾਣ ਦੇਣਗੇ, ਉਥੇ ਨਜ਼ਰਬੰਦੀ ਕਰਨ ਤਾਂ ਜੋ ਡਿਪਟੀ ਸਪੀਕਰ ਸਾਹਿਬ, ਆਮ ਪਬਲਿਕ ਦਾ ਕੀ ਹਾਲ ਹੋਵੇਗਾ ਇਹ ਤੁਸੀਂ ਆਪ ਅੰਦਾਜ਼ਾ ਲਗਾ ਸਕਦੇ ਹੋ । ਜਿੱਥੇ ਵੀ ਇਹ ਜਾਇਆ ਕਰਨਗੇ ਉਥੇ ਹੀ ਦਫ਼ਾ 14 ਲਗਾ ਦਿਆ ਕਰਨਗੇ ਅਤੇ ਕਹਿ ਦਿਆ ਕਰਨਗੇ ਕਿ ਇਹ ਵਰਜਿਤ ਏਰੀਆ ਹੈ ਕਿਉਂਕਿ ਲੋਕ ਇਨ੍ਹਾਂ ਨੂੰ ਸੁਣਨਾ ਨਹੀਂ ਚਾਹੁੰਦੇ । ਇਹ ਜਿਹੜਾ ਬਿੱਲ ਲਿਆਂਦਾ ਜਾ ਰਿਹਾ ਹੈ ਇਹ ਮੈਂ ਫਿਰ ਕਹਿੰਦਾ ਹਾਂ ਕਿ ਨਜ਼ਰਬੰਦੀ ਦਾ ਬਿੱਲ ਹੈ, ਸਿਕਿਉਰਿਟੀ ਬਿੱਲ ਨਹੀਂ ਹੈ ਔਰ ਮੈਂ ਸਰਦਾਰ ਉਮਰਾਓ ਸਿੰਘ ਹੋਰਾਂ ਨੂੰ ਕਹਾਂਗਾ ਕਿ ਤੁਸੀਂ ਨਿਉਂਦਾ 21 ਤੋਂ 31 ਤੇ 41 ਨਾ ਕਰਦੇ ਜਾਓ । ਖੈਰ ਅਸੀਂ ਤਾਂ ਜਿਸ ਰਸਤੇ ਤੇ ਚਲਣਾ ਹੈ, ਚੱਲ ਹੀ ਰਹੇ ਹਾਂ । ਇਸ ਲਈ ਮੈਂ ਕਹਾਂਗਾ ਕਿ ਇਸ ਬਿੱਲ ਨੂੰ ਵਾਪਿਸ ਲਿਆ ਜਾਵੇ ਅਤੇ ਲੋਕਾਂ ਦੀ ਨਜ਼ਰਬੰਦੀ ਨਾ ਕੀਤੀ ਜਾਵੇ ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ. ਸੀ): ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿੱਲ ਦਾ ਵਿਰੋਧ ਕਰਨ ਲਈ ਖੜ੍ਹਾ ਹੋਇਆ ਹਾਂ ਕਿਉਂਕਿ ਇਹ ਬਿੱਲ ਕਾਲਾ ਬਿੱਲ ਔਰ ਗੈਰ-ਜਮਹੂਰੀਅਤ ਬਿੱਲ ਹੈ। ਇਹ ਗ਼ਰੀਬ ਲੋਕਾਂ ਉਤੇ ਹਮਲਾ ਕਰਨ ਵਾਲਾ ਬਿੱਲ ਹੈ । ਕਿਉਂਕਿ ਇਨ੍ਹਾਂ ਨੇ ਕਿਹਾ ਹੈ ਕਿ ਇਸ ਬਿੱਲ ਨਾਲ ਕੁਝ ਏਰੀਆ, ਪਿੰਡ ਜਾਂ ਸ਼ਹਿਰ, ਨੂੰ ਸੁਰੱਖਿਅਤ ਕਰਾਰ ਦਿੱਤਾ ਜਾਵੇਗਾ । ਇਸ ਤਰ੍ਹਾਂ ਨਾਲ ਇਨ੍ਹਾਂ ਪਾਸ ਪਹਿਲਾਂ ਨਾਲੋਂ ਵੀ ਜ਼ਿਆਦਾ ਇਖ਼ਤਿਆਰ ਆ ਜਾਣਗੇ । ਅੱਜ ਵੀ ਐਮਰਜੈਂਸੀ ਦੇ ਦਰਮਿਆਨ ਇਹ ਜਮਹੂਰੀ ਪਾਰਟੀਆਂ ਨੂੰ ਉਨ੍ਹਾਂ ਉਪਰ ਡੀ. ਆਈ. ਆਰ ਲਗਾ ਕੇ ਨਜ਼ਰਬੰਦ ਕਰ ਰਹੇ ਹਨ । ਪਰ ਇਸ ਬਿੱਲ ਲਿਆਉਣ ਨਾਲ ਜਮਹੂਰੀ ਪਾਰਟੀਆਂ ਲਈ ਜਿਹੜਾ ਸੁਰੱਖਿਅਤ ਇਲਾਕਾ ਹੋਵੇਗਾ ਉਥੇ ਜਾਣ ਲਈ ਪਾਬੰਦੀ ਹੋਵੇਗੀ । ਇਸ ਲਈ ਮੈਂ ਇਸ ਬਿੱਲ ਦਾ ਸਖ਼ਤ ਵਿਰੋਧ ਕਰਦਾ ਹਾਂ ਕਿਉਂਕਿ ਅੱਜ ਇਹ ਕਿਸੇ ਫ਼ੈਕਟਰੀ ਵਿਚ ਜਿੱਥੇ ਕਿ ਕਾਮੇ ਆਪਣੇ ਹੱਕਾਂ ਲਈ ਜਦੋ-ਜਹਿਦ ਕਰ ਰਹੇ ਹਨ ਜਾਂ ਕਿਸੇ ਪਿੰਡ ਵਿਚ ਜਿੱਥੇ ਗਰੀਬਾਂ ਦਾ ਬਾਈਕਾਟ ਹੋ ਰਿਹਾ ਹੋਵੇ ਇਹ ਉਥੇ ਜਾ ਕੇ ਮਿਲ ਮਾਲਿਕਾਂ ਦਾ ਔਰ ਜ਼ਿਮੀਂਦਾਰਾਂ ਦਾ ਪੱਖ ਪੂਰਿਆ ਕਰਨਗੇ, ਉਸ ਏਰੀਏ ਨੂੰ ਇਹ ਸੁਰੱਖਿਅਤ ਏਰੀਆ ਕਰਾਰ ਦਿਆਂ ਕਰਨਗੇ । ਜਿਹੜੇ ਟਰੇਡ ਯੂਨੀਅਨਾਂ ਦੇ ਬੰਦੇ ਹਨ, ਆਗੂ ਹਨ, ਵਰਕਰਜ਼ ਹਨ ਉਨ੍ਹਾਂ ਦੇ ਉਥੇ ਜਾਣ ਲਈ ਪਾਬੰਦੀ ਹੋਵੇਗੀ । ਇਸ ਤਰ੍ਹਾਂ ਨਾਲ ਲੋਕਾਂ ਦੇ ਹੱਕਾਂ ਤੇ ਹਮਲਾ ਹੋਵੇਗਾ । ਜਿਸ ਤਰ੍ਹਾਂ ਹੁਣ ਇਖ਼ਤਿਆਰਾਂ ਦੀ ਨਾਜਾਇਜ਼ ਵਰਤੋਂ ਹੋ ਰਹੀ ਹੈ ਫਿਰ ਤਾਂ ਇਸ ਤੋਂ ਜ਼ਿਆਦਾ ਹੋਵੇਗੀ । ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਕਿ ਤੁਸੀ ਵੇਖਿਆ ਹੈ ਇਕ ਦੋ ਦਿਨ ਹੋਏ ਜਦੋਂ ਕਿ ਰਾਜ ਸਭਾ ਦੀਆਂ ਇਲੈਕਸ਼ਨਾਂ ਹੋਣ ਲਗੀਆਂ ਸਨ । ਕੱਲ ਤੇ ਪਰਸੋਂ ਇਹ ਹੋਈਆਂ ਹਨ ਪਰ ਸਰਕਾਰ ਵਲੋਂ ਵਿਰੋਧੀ ਪਾਰਟੀਆਂ ਉਤੇ ਕਈਆਂ ਐਮ. ਐਲ. ਏਜ਼. ਉਤੇ, ਉਨ੍ਹਾਂ ਦੇ ਘਰਾਂ ਉਤੇ ਛਾਪੇ ਮਾਰੇ ਗਏ । ਜ਼ਿਲ੍ਹਾ ਸੰਗਰੂਰ ਦੇ ਚਾਰ ਐਮ. ਐਲ. ਏ. ਹਨ...

**Mr. Deputy Speaker** : This is not relevant.

Original with;
Punjab Vidhan Sabha
Digitized by;
Panjab Digital Library

**ਮਾਸਟਰ ਚੰਦ ਸਿੰਘ** : ਡਿਪਟੀ ਸਪੀਕਰ ਸਾਹਿਬ, ਪਹਿਲੇ ਕਹਿ ਚੁਕੇ ਹੋ ਕਿ ਇਸ ਬਾਰੇ ਅਸੀਂ ਗੱਲ ਕਰ ਸਕਦੇ ਹਾਂ । ਮੈਂ ਵੀ ਇਕ ਮਿਸਾਲ ਦੱਸਣ ਲਗਾ ਹਾਂ ਕਿ ਸਾਨੂੰ ਵੋਟ ਪਾਉਣ ਲਈ ਰੋਕਿਆ ਗਿਆ । ਮੈਨੂੰ ਵੋਟ ਪਾਉਣ ਤੋਂ ਰੋਕਣ ਵਾਸਤੇ ਮੇਰੇ × × × × ×

**ਸ੍ਰੀ ਡਿਪਟੀ ਸਪੀਕਰ** : ਇਹ ਜਿਹੜੇ ਸ਼ਬਦ, * * * , ਕਹਿ ਗਏ ਹਨ these should not from part of the proceedings.

ਮਾਸਟਰ ਚੰਦ ਸਿੰਘ : ਡਿਪਟੀ ਸਪੀਕਰ ਸਾਹਿਬ, ਰਾਜ ਸਭਾ ਦੀਆਂ ਚੋਣਾਂ ਵਿਚ ਵੋਟਾਂ ਪਾਉਣ ਤੋਂ ਇਨ੍ਹਾਂ ਨੇ ਰੋਕਣਾ ਚਾਹਿਆ ਲੇਕਿਨ ਅਸੀਂ ਕਿਸੇ ਨਾ ਕਿਸੇ ਤਰੀਕੇ ਨਾਲ ਜ਼ਰੂਰ ਇਥੇ ਆਏ । ਇਸ ਲਈ ਮੀਸਾ ਜਿਹੜਾ ਕਿ ਕਾਲਾ ਕਾਨੂੰਨ ਹੈ, ਇਹ ਕਾਨੂੰਨ ਉਤੋਂ ਵੀ ਵੱਧ ਕਾਲਾ ਕਾਨੂੰਨ ਹੋਵੇਗਾ । ਇਹ ਗੈਰ-ਜਮਹੂਰੀ ਅਤੇ ਲੋਕਾਂ ਨੂੰ ਕੁਚਲਣ ਵਾਲਾ ਬਿੱਲ ਹੈ । ਮੈਂ ਇਨ੍ਹਾਂ ਸ਼ਬਦਾਂ ਨਾਲ ਇਸ ਬਿੱਲ ਦ ਵਿਰੋਧਤਾ ਕਰਦਾ ਹਾਂ ।

**ਸਰਦਾਰ ਹਰਬੰਸ ਸਿੰਘ ਜਲਾਲ** (ਫੂਲ) : ਡਿਪਟੀ ਸਪੀਕਰ ਸਾਹਿਬ, ਇਹ ਬਿੱਲ ਸਰਦਾਰ ਉਮਰਾਓ ਸਿੰਘ ਜੀ ਜਿਸ ਵੇਲੇ ਪੇਸ਼ ਕਰ ਰਹੇ ਸਨ ਉਸ ਵੇਲੇ ਉਨ੍ਹਾਂ ਦੀ ਘਬਰਾਹਟ ਜ਼ਾਹਿਰ ਹੋ ਰਹੀ ਸੀ । ਖ਼ੈਰ ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿੱਲ ਦੇ ਖਿਲਾਫ ਹਾਂ । ( * * * )

**ਸ੍ਰੀ ਡਿਪਟੀ ਸਪੀਕਰ** : This should not from part of the proceedings.

**ਸ੍ਰੀਮਤੀ ਸਤਵੰਤ ਕੌਰ ਸੰਧੂ** : * * *

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

**ਸਰਦਾਰ ਹਰਬੰਸ ਸਿੰਘ ਜਲਾਲ** : ਡਿਪਟੀ ਸਪੀਕਰ ਸਾਹਿਬ, ਮੈਂ ਬਿਲਕੁਲ ਇਰਰੈਲੇਵੇਂਟ ਨਹੀਂ ਹੋਣਾ ਚਾਹੁੰਦਾ । ਉਸ 144 ਦਫ਼ਾ ਨੂੰ ਕਿਸੇ ਅਜਿਹੀ ਅਮੈਂਡਮੈਂਟ ਦੀ ਲੋੜ ਹੈ ਕਿਉਂ ਨਾ ਉਸ ਨੂੰ ਪ੍ਰੋਟੈਕਟਿਡ ਏਰੀਆ ਬਣਾ ਦਿੱਤਾ ਜਾਵੇ। ਜਿਥੇ ਹਿੰਦੁਸਤਾਨ ਦੀਆਂ ਹਸਤੀਆਂ ਰਹਿੰਦੀਆਂ ਹਨ ਜਾਂ ਤਾਂ ਉਹ ਪ੍ਰੋਟੈਕਟਿਡ ਏਰੀਆ ਹੋ ਸਕਦਾ ਹੈ । ਨਾ ਹੀ ਉਸ ਹੱਦ ਵਿਚ ਨਾ ਗਵਰਨਰ ਦਾ ਆਫ਼ਿਸ ਹੈ ਅਤੇ ਨਾ ਹੀ ਉਸ ਦਾ ਨਿਵਾਸ ਸਥਾਨ ਹੈ । ਧਾਰਮਿਕ ਇਸ਼ਟ ਅਤੇ ਮੰਦਰ ਅਤੇ ਗੁਰਦਵਾਰੇ ਹਨ ਅਤੇ ਨਾ ਹੀ ਇਥੇ ਕੋਈ ਐਸੀ ਗੱਲ ਹੈ । ਪ੍ਰੋਟੈਕਟਿਡ ਏਰੀਆ ਤਾਂ ਉਹ ਹੋਣਾ ਚਾਹੀਦਾ ਹੈ ਜਿਥੇ ਡਿਫੈਂਸ ਦਾ ਜਾਂ ਸੁਰੱਖਿਅਤ ਥਾਂ ਹੋਵੇ । ਇਥੇ ਧਾਰਮਿਕ ਮੰਦਰ, ਗੁਰਦਵਾਰਿਆਂ ਵਿਚ ਲੋਕ ਦਿਨ, ਰਾਤ ਪੂਜਾ ਕਰਨ ਜਾਂਦੇ ਹਨ । ਜੋ ਆਰਟੀਫਿਸ਼ਿਅਲ ਕੇਸਿਜ਼ ਬੰਬਾਂ ਦੇ, ਪਸਤੌਲਾਂ ਦੇ, ਗੱਡੀਆਂ ਚੈਕ ਕਰਕੇ ਉਨ੍ਹਾਂ ਬੰਦਿਆਂ ਉਤੇ ਪਾ ਦਿੱਤੇ ਜਾਣਗੇ ਜਿਨ੍ਹਾਂ ਦੇ ਉਪਰ ਇਹ ਪਾਉਣਾ ਚਾਹੁਣਗੇ, ਉਨ੍ਹਾਂ ਦੀਆਂ ਤਲਾਸ਼ੀਆਂ ਲਈਆਂ ਜਾਣਗੀਆਂ । ਗੁਰਦਵਾਰਿਆਂ ਤੇ ਛਾਪੇ ਮਾਰੇ ਜਾਣਗੇ । ਇਹ ਕਿਸੇ ਇਕ ਗੁਰਦਵਾਰੇ ਤੇ ਲਾਗੂ ਨਹੀਂ ਹੋਵੇਗਾ ਇਹ ਪੰਜਾਬ ਦੇ ਸਾਰੇ ਗੁਰਦਵਾਰਿਆਂ ਤੇ ਲਾਗੂ ਹੋਵੇਗਾ ।ਇਸ ਦੀ ਸੱਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਨੂੰ ਲਾਗੂ ਕਰਨ ਦਾ ਅਧਿਕਾਰ ਕਿੱਸੇ ਵੀ ਸਜਣ ਨੂੰ ਨਹੀਂ ਹੈ । ਇਸ ਨੂੰ ਲਾਗੂ ਕਰਨ ਦਾ ਅਧਿਕਾਰ ਉਸ ਨੂੰ ਹੈ ਜਿਹੜਾ ਪੰਜਾਬ ਸਰਕਾਰ ਦੀ ਝੋਲੀ ਚੁਕਦਾ ਹੈ । ਸਿਪਾਹੀ ਤੋਂ ਲੈ ਕੇ ਮੈਜਿਸਟਰੇਟ ਤਕ ਜਿਹੋ ਜਿਹੀ ਸੂਰਤ ਹੋਵੇਗੀ ਉਸ ਦੇ ਮੁਤਾਬਕ ਉਨ੍ਹਾਂ ਨੂੰ ਤਾਕਤ ਹੋਵੇਗੀ । ਕੀ ਇਹੋ ਜਿਹਾ ਕੋਈ ਕਾਨੂੰਨ ਹੋ ਸਕਦਾ ਹੈ ? ਇਸ ਦਾ ਮਤਲਬ ਇਹ ਹੋਇਆ ਕਿ ਹਰੇਕ ਢੰਗ ਦੇ ਨਾਲ

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਬੰਸ ਸਿੰਘ ਜਲਾਲ)

ਹਾਲਾਤ ਦੇਖਕੇ ਉਹ ਆਪਣੀ ਤਾਕਤ ਵਰਤਿਆ ਕਰਨਗੇ ਅਤੇ ਉਥੇ ਕਾਨੂੰਨ ਲਾਗੂ ਕਰ ਦੇਣਗੇ। ਇਸ ਤਰ੍ਹਾਂ ਕਿਸੇ ਵੀ ਆਦਮੀ ਨੂੰ ਤਿੰਨ ਸਾਲਾਂ ਵਾਸਤੇ ਅੰਦਰ ਦਿਤਾ ਜਾ ਸਕਦਾ ਹੈ ਅਤੇ ਜੁਰਮਾਨਾ ਵੀ ਹੋ ਸਕਦਾ ਹੈ ਭਾਵੇਂ ਉਹ ਅੰਮ੍ਰਿਤਸਰ ਦਾ ਰਹਿਣ ਵਾਲਾ ਹੈ ਅਤੇ ਭਾਵੇਂ ਪੰਜਾਬ ਵਿਚ ਕਿਸੇ ਵੀ ਜਗ੍ਹਾ ਦਾ ਰਹਿਣ ਵਾਲਾ ਹੈ, ਉਸ ਤੇ ਇਹ ਕਾਨੂੰਨ ਲਾਗੂ ਹੋਣਾ ਹੈ। ਪ੍ਰੋਟੈਕਟਿਡ ਏਰੀਆ ਕਰਾਰ ਦੇ ਕੇ ਉਥੇ ਜਾਣ ਤੋਂ ਮਨਾਹੀ ਕੀਤੀ ਜਾ ਸਕਦੀ ਹੈ। ਮੈਂ ਕਹਿੰਦਾ ਹਾਂ ਕਿ ਹਿੰਦੁਸਤਾਨ ਵਿਚ ਮੋਟੇ ਮੋਟੇ ਵਿਧਾਨ ਇਹ ਹਨ—ਇਕ ਆਜ਼ਾਦੀ ਲਈ ਅਤੇ ਦੂਸਰਾ ਰਹਿਣ ਲਈ। ਇਸ ਦਾ ਮਤਲਬ ਇਹ ਵੀ ਹੋਇਆ ਕਿ ਜੋ ਵੀ ਆਦਮੀ ਪ੍ਰੋਟੈਕਟਿਡ ਏਰੀਆ ਕਰਾਰ ਦਿਤੇ ਜਾਣ ਤੋਂ ਤੁਰੰਤ ਪਹਿਲੇ ਉਸ ਇਲਾਕੇ ਵਿਚ, ਉਸ ਏਰੀਏ ਵਿਚ ਰਿਹਾਇਸ਼ ਰਖੇਗਾ ਉਸ ਨੂੰ ਉਜਾੜਿਆ ਜਾਂ ਸਕਦਾ ਹੈ। ਮੈਂ ਕਹਾਂਗਾ ਕਿ ਇਹ ਸਿਕਿਉਰਿਟੀ ਐਕਟ ਤਾਂ ਜਲਾਵਤਨ ਐਕਟ ਹੈ। ਅੰਗਰੇਜ਼ਾ ਨੇ ਸਾਡੇ ਤੇ 100 ਸਾਲ ਤੋਂ ਵੀ ਵਧ ਰਾਜ ਕੀਤਾ ਹੈ ਉਨ੍ਹਾਂ ਨੇ ਸਾਡੇ ਤੇ ਜ਼ੁਲਮ ਕੀਤਾ ਪਰ ਉਨ੍ਹਾਂ ਨੂੰ ਵੀ ਜਲਾਵਤਨ ਐਕਟ ਲਿਆਉਣ ਦੀ ਲੋੜ ਨਹੀ ਪਈ, ਮੈਂ ਕਹਿੰਦਾ ਹਾਂ ਇਸ ਸਬੰਧ ਵਿਚ ਮੈਂਬਰਜ਼ ਦੀ ਰਾਏ ਲੈਣੀ ਚਾਹੀਦੀ ਹੈ। ਇਸ ਸਬੰਧ ਵਿਚ ਪਬਲਿਕ ਓਪੀਨੀਅਨ ਲੈਣੀ ਚਾਹੀਦੀ ਹੈ। (ਘੰਟੀ) ਕਿਸੇ ਵੀ ਹਾਲਤ ਵਿਚ ਕਾਲਾ ਕਾਨੂੰਨ ਲਾਗੂ ਨਹੀਂ ਕਰਨਾ ਚਾਹੀਦਾ ਇਸ ਨਾਲ ਲੋਕਾਂ ਤੇ ਬੜਾ ਜ਼ੁਲਮ ਹੋਵੇਗਾ। ਇਸ ਨੂੰ ਪਾਸ ਕਰਨ ਦੀ ਆਗਿਆ ਨਹੀਂ ਦਿਤੀ ਜਾਣੀ ਚਾਹੀਦੀ।

**ਮਾਲ ਅਤੇ ਚੋਣ ਮੰਤਰੀ** ( ਸਰਦਾਰ ਉਮਰਾਓ ਸਿੰਘ ) : ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਅੱਗੇ ਅਰਜ਼ ਕੀਤੀ ਸੀ ਕਿ ਇਸ ਬਿੱਲ ਦਾ ਮਕਸਦ ਸਿਰਫ਼ ਐਸੀਆਂ ਜਗ੍ਹਾਂ ਇਸ ਵਿਚ ਲਿਆਉਣੀਆਂ ਹਨ ਜਿਨ੍ਹਾਂ ਦਾ ਪ੍ਰੋਟੈਕਟ ਕਰਨਾ ਨੈਸ਼ਨਲ ਇੰਟਰੈਸਟ ਅਤੇ ਇਨ ਦੀ ਇੰਟਰੈਸਟ ਆਫ਼ ਸਿਕਿਉਰਟੀ ਆਫ ਦੀ ਸਟੇਟ ਹੈ। ( ਵਿਘਨ) ਡਿਪਟੀ ਸਪੀਕਰ ਸਾਹਿਬ, ਮੈਨੂੰ ਬੜੀ ਹੈਰਾਨਗੀ ਹੋਈ ਜਦ ਸਾਡੇ ਦੋਸਤਾਂ ਨੇ ਇਥੇ ਧਰਮ ਅਸਥਾਨਾਂ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਧਰਮਅਸਥਾਨਾਂ ਦਾ ਇਥੇ ਜ਼ਿਕਰ ਕਰਨਾ ਵਾਜਬ ਗੱਲ ਨਹੀਂ ਲੱਗਦੀ। ਇਹ ਸਾਰੇ ਮੈਂਬਰ ਸਾਹਿਬਾਨ ਜਾਣਦੇ ਹਨ ਕਿ ਜਦ ਕਿਸੇ ਸੱਜਣ ਦੇ ਵਾਰੰਟ ਨਿਕਲੇ ਹੋਏ ਹੋਣ ਅਤੇ ਉਹ ਧਰਮ ਅਸਥਾਨ ਵਿਚ ਚਲਿਆ ਜਾਵੇ ਤਾਂ ਸਰਕਾਰ ਨੇ ਉਸ ਵਿਚ ਦਖਲ ਨਹੀਂ ਦਿਤਾ। ਧਰਮ ਅਸਥਾਨਾਂ ਨੂੰ ਇਸ ਕਾਨੂੰਨ ਵਿਚ ਲਿਆਉਣ ਦਾ ਪਤਾ ਨਹੀਂ ਇਨ੍ਹਾਂ ਨੂੰ ਕਿਉਂ ਖਿਆਲ ਆ ਗਿਆ। ਜਾਂ ਤਾਂ ਇਹ ਹਮੇਸ਼ਾਂ ਹੀ ਇਹ ਸੋਚਦੇ ਰਹਿੰਦੇ ਹਨ ਕਿ ਅਸੀਂ ਕਾਨੂੰਨ ਦੀ ਉਲੰਘਣਾ ਕਰਨੀ ਹੈ ਅਤੇ ਕਾਨੂੰਨੀ ਉਲੰਘਣਾ ਕਰਕੇ ਧਰਮ ਅਸਥਾਨ ਵਿਚ ਚਲੇ ਜਾਣਾ ਹੈ। ਮੈਂ ਸਮਝਦਾ ਹਾਂ ਕਿ ਧਰਮ ਅਸਥਾਨਾਂ ਤੇ ਭਗਤੀ ਕਰਨ ਵਾਸਤੇ ਜਾਂ ਉਥੇ ਮੱਥਾ ਟੇਕਣ ਵਾਸਤੇ ਜਾਂਦਾ ਹੈ। ਗੁਰੂ ਮਹਰਾਜ ਦੀ ਯਾਦ ਵਿਚ ਜਾਂ ਅਵਤਾਰਾਂ ਦੀ ਯਾਦ ਵਿਚ ਜੋ ਧਰਮ ਅਸਥਾਨ ਬਣੇ ਹੋਏ ਹਨ, ਉਨ੍ਹਾਂ ਵਾਸਤੇ ਸਾਡੇ ਸਾਰਿਆਂ ਦੇ ਦਿੱਲ ਵਿਚ ਸ਼ਰਧਾ ਹੈ। ਕੋਈ ਵੀ ਕਿਸੇ ਗੱਲ ਨੂੰ ਮੰਨਦਾ ਹੋਵੇ ਹਰ ਕੋਈ ਇਨ੍ਹਾਂ ਅਸਥਾਨਾਂ ਨੂੰ ਸ਼ਰਧਾ ਦੀ ਨਜ਼ਰ ਨਾਲ ਦੇਖਦਾ ਹੈ। ਸਭ ਉਥੇ ਸ਼ਰਧਾ ਦੇ ਫੂਲ ਚੜ੍ਹਾਉਂਦੇ ਹਨ ਅਤੇ ਮੱਥਾ ਟੇਕਦੇ ਹਨ। ਇਸ ਲਈ ਧਰਮ ਅਸਥਾਨਾਂ ਦਾ ਇਸ ਵਿਚ ਜ਼ਿਕਰ ਕਰਨਾ ਮੈਂ ਸਮਝਦਾ ਹਾਂ ਕਿ ਇਹ ਬਿਲਕੁਲ ਗੈਰ— ਵਾਜਬ ਗੱਲ ਹੀ ਨਹੀਂ ਬਲਕਿ ਇਕ ਐਸੀ ਗੱਲ ਹੈ ਕਿ ਜਿਹੜੀ ਬਿਲਕੁਲ ਲੋੜੀਂਦੀ ਨਹੀਂ ਸੀ। ਬਾਕੀ ਕੁੱਝ ਹੋਰ ਗਲਾਂ ਇਸ ਨਾਲ ਜੋੜਨ ਦਾ ਯਤਨ ਕੀਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਇਸ ਵਿਚ ਬੜੀ ਇੰਨੋਸੈਂਟ ਜਿਹੀ ਪ੍ਰੋਵੀਜ਼ਨ ਹੈ ਕਿ ਜਿਸ ਜਗ੍ਹਾ ਡਿਸਟ੍ਰਿਕਟ ਮੈਜਿਸਟਰੇਟ ਜਾਂ ਸਰਕਾਰ ਮਹਿਸੂਸ ਕਰਦੀ ਹੋਵੇ ਅਤੇ ਉਸ ਨੂੰ ਪ੍ਰੋਟੈਕਟ ਕਰਨਾ ਬੜਾ ਜ਼ਰੂਰੀ ਹੋਵੇ for and in the interest of security of state ਤਾਂ ਉਸ ਨੂੰ ਪ੍ਰੋਟੈਕਟਿਡ ਏਰੀਆ ਡਿਕਲੇਅਰ ਕੀਤਾ ਜਾ ਸਕਦਾ ਹੈ ਅਤੇ ਉਥੇ ਆਉਣ ਜਾਣ ਦੀ ਪ੍ਰਮਿਸ਼ਨ ਡਿਸਟ੍ਰਿਕਟ ਮੈਜਿਸਟਰਟ ਤੋਂ ਲੈਣੀ ਪਵੇਗੀ। ਡਿਪਟੀ ਸਪੀਕਰ ਸਾਹਿਬ, ਲਾਊਡ ਸਪੀਕਰ ਵਜਾਉਣ ਦੀ ਆਗਿਆ ਵੀ ਤਾਂ ਡਿਸਟ੍ਰਿਕਟ ਮੈਜਿਸਟਰੇਟ ਤੋਂ ਲਈ ਜਾ ਸਕਦੀ ਹੈ।

Original with;
Punjab Vidhan Sabha
Digitized by;
Panjab Digital Library

ਕੋਈ ਐਸਾ ਸੱਜਣ ਜਿਹੜਾ ਕਿ ਦੇਸ਼ ਦੇ ਹਿੱਤ ਵਿਚ, ਦੇਸ਼ ਨੂੰ ਪਿਆਰ ਕਰਦਾ ਹੈ, ਇਸ ਦੇਸ਼ ਦਾ ਸ਼ਹਿਰੀ ਹੈ ਉਸ ਨੂੰ ਕਿੱਸੇ ਤਰ੍ਹਾਂ ਦਾ ਤੌਖਲਾ ਨਹੀਂ ਕਰਨਾ ਚਾਹੀਦਾ। ਉਸ ਨੂੰ ਅਜਿਹੀ ਕੋਈ ਗੱਲ ਮਨ ਵਿਚ ਨਹੀਂ ਲਿਆਉਣੀ ਚਾਹੀਦੀ। ਪਰ ਜੇਕਰ ਇਕ ਪਾਸੇ ਪਾਕਿਸਤਾਨ ਨਾਲ ਲੜਾਈ ਲਗੀ ਹੋਈ ਹੋਵੇ ਅਤੇ ਦੂਸਰੇ ਪਾਸੇ ਕੁਝ ਸੱਜਣ ਦੇਸ਼ ਵਿਚ ਮੋਰਚਾ ਲਗਾ ਲੈਣ ਅਤੇ ਇਹ ਕਹਿਣ ਕਿ ਦੇਸ਼ ਵਿਚ ਡਿਫੈਂਸ ਦੀ ਲੋੜ ਨਹੀਂ ਤਾਂ ਮੈਂ ਨਹੀਂ ਸਮਝਦਾ ਕਿ ਉਨ੍ਹਾਂ ਤੇ ਇਹ ਪਾਬੰਦੀ ਕਿਉਂ ਨਾ ਲਗਾਈ ਜਾਵੇ। (ਵਿਘਨ) ਇਹ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ .........।

**Mr. Deputy Speaker** : It is not security of State. It is only in the public interest or in the interest of the safety and security of such place or class of places.

**ਮਾਲ ਤੇ ਚੋਣ ਮੰਤਰੀ** : ਮੈਂ ਤਾਂ ਉਨ੍ਹਾਂ ਜਗ੍ਹਾ ਦਾ ਹੀ ਕਿਹਾ ਹੈ। ਜਿਹੜੀਆਂ ਨੈਸ਼ਨਲ ਇੰਪਾਰਟੈਂਸ ਦੀਆਂ ਹਨ ਜਾਂ ਨੇਸ਼ਨ ਦੇ ਹਿੱਤ ਵਿਚ ਜਿਹੜੀਆਂ ਹਨ ਉਨ੍ਹਾਂ ਦੀ ਪਰੋਟੈਕਸ਼ਨ ਕਰਨੀ ਜ਼ਰੂਰੀ ਹੈ ਅਤੇ ਉਨ੍ਹਾਂ ਜਗ੍ਹਾਂ ਤੇ ਹਰ ਸ਼ਹਿਰੀ ਦਾ ਉਤਨਾ ਹੀ ਹੱਕ ਹੈ ਜਿਤਨਾ ਕਿ ਟਰੈਜ਼ਰੀ ਬੈਂਚਿਜ਼ ਤੇ ਬੈਠਣ ਵਾਲੇ ਲੋਕਾਂ ਦਾ ਹੈ। ਉਨ੍ਹਾਂ ਜਗ੍ਹਾਂ ਦੀ ਰਾਖੀ ਕਰਨੀ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ। ਮੇਰਾ ਖ਼ਿਆਲ ਹੈ ਕਿ ਇਹ ਸਾਰੇ ਇਸ ਨੂੰ ਪਾਸ ਕਰਨਗੇ।

**Mr. Deputy Speaker**: Question is—

That the Punjab Security of State (Amendment) Bill be taken into consideration at once.

*The motion was carried.*

**Mr. Deputy Speaker**: Now the House will proceed to consider the Bill Clause by Clause.

CLAUSE 2

**Mr. Deputy Speaker**: Question is—

That Clause 2 stand part of the Bill.

*The motion was carried.*

CLAUSE 1

**Mr. Deputy Speaker**: Question is—

That Clause 1 stand part of the Bill.

*The motion was carried.*

TITLE

**Mr. Deputy Speaker**: Question is—

That Title be the Title of the Bill.

*The motion was carried.*

**Revenue & Election Minister** (Sardar Umrao Singh): Sir, I beg to move—

That the Punjab Security of State (Amendment) Bill be passed.

Original with;
Punjab Vidhan Sabha
Digitized by;
Panjab Digital Library

**Mr. Deputy Speaker**: Motion moved—

That the Punjab Security of State (Amendment) Bill be passed.

**ਕਾਮਰੇਡ ਸੱਤਪਾਲ ਡਾਂਗ** (ਅੰਮ੍ਰਿਤਸਰ ਪੱਛਮ) : ਡਿਪਟੀ ਸਪੀਕਰ ਸਾਹਿਬ, ਮੈਂ ਇਹ ਬਿੱਲ ਵੀ ਬੜੇ ਧਿਆਨ ਨਾਲ ਪੜ੍ਹਿਆ ਸੀ ਅਤੇ ਮਨਿਸਟਰ ਸਾਹਿਬ ਦੀ ਤਕਰੀਰ ਵੀ ਧਿਆਨ ਨਾਲ ਸੁਣੀ ਹੈ। ਪਰ ਮੈਨੂੰ ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਬਿੱਲ ਵਿਚ ਲਿਖਿਆ ਕੁਝ ਹੈ ਪਰ ਮਨਿਸਟਰ ਸਾਹਿਬ ਆਪਣੀ ਤਕਰੀਰ ਵਿਚ ਕੁਝ ਹੋਰ ਕਹਿ ਜਾਂਦੇ ਹਨ। ਉਨ੍ਹਾਂ ਨੇ ਇਹ ਗਲ ਕਹੀ ਹੈ ਕਿ ਇਹ ਬਿੱਲ ਸਿਰਫ ਉਨ੍ਹਾਂ ਜਗ੍ਹਾਂ ਉਤੇ ਜਾਂ ਉਨ੍ਹਾਂ ਬਿਲਡਿੰਗਜ਼ ਦੇ ਉਤੇ ਲਾਗੂ ਕਰਨਾ ਹੈ ਜਿਨ੍ਹਾਂ ਉਤੇ ਜੇ ਲਾਗੂ ਨਾ ਕੀਤਾ ਜਾਵੇ ਤਾਂ ਸਾਰੇ ਦੇਸ਼ ਦੇ ਹਿੱਤ ਨੂੰ ਸੱਟ ਵੱਜ ਸਕਦੀ ਹੈ ਜਾਂ ਸਟੇਟ ਦੀ ਸਿਕਿਉਰਟੀ ਖਤਰੇ ਵਿਚ ਪੈ ਸਕਦੀ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਇਹ ਗੱਲ ਬਿਲਕੁਲ ਠੀਕ ਨੋਟ ਕੀਤੀ ਸੀ ਕਿ ਇਹ ਗੱਲ ਇਸ ਬਿੱਲ ਵਿਚ ਕਿਤੇ ਨਹੀਂ ਲਿਖੀ ਹੋਈ। ਇਸ ਬਿੱਲ ਦੇ ਵਿਚ ਪਾਰਟੀਕੁਲਰ ਇਲਾਕਿਆਂ ਦੀ ਸਿਕਿਉਰਟੀ ਦੀ ਗੱਲ ਲਿਖੀ ਹੋਈ ਹੈ। ਇਸ ਬਿੱਲ ਦੇ ਵਿਚ ਪਾਰਟੀਕੁਲਰ ਜਗ੍ਹਾ ਦੀ ਸਿਕਿਉਰਿਟੀ ਲਿਖੀ ਹੋਈ ਹੈ ਅਤੇ ਉਸ ਜਗ੍ਹਾ ਦੀ ਸਿਕਿਉਰਿਟੀ ਅਤੇ ਨੈਸ਼ਨਲ ਸਿਕਿਉਰਿਟੀ ਇਹ ਦੋ ਵੱਖ ਵੱਖ ਚੀਜ਼ਾਂ ਹਨ।

11.46 a.m. (ਇਸ ਸਮੇਂ ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)।

ਬਿਲਡਿੰਗ ਦੀ ਸਿਕਿਉਰਿਟੀ ਅਤੇ ਪਬਲਿਕ ਸਿਕਿਉਰਿਟੀ ਦੇ ਐਸੇ ਲਫਜ਼ ਹਨ ਜਿਨ੍ਹਾਂ ਦੀ ਕਿਸੇ ਮੌਕੇ ਦੁਰਵਰਤੋਂ ਹੋ ਸਕਦੀ ਹੈ। ਇਹ ਕਹਿੰਦੇ ਹਨ ਕਿ It is not in the public interest to disclose that.

ਸਪੀਕਰ ਸਾਹਿਬ, ਪਬਲਿਕ ਇੰਟਰੈਸਟ ਬੜੀ ਜਨਰਲ ਟਰਮ ਹੈ। ਤੁਸੀਂ ਅਖਤਿਆਰ ਹਰ ਡਿਸ-ਟਿਕਟ ਮੈਜਿਸਟਰੇਟ ਨੂੰ ਦੇ ਰਹੇ ਹੋ, ਸਰਕਾਰ ਅਖਤਿਆਰ ਲੈ ਰਹੀ ਹੈ। ਪਬਲਿਕ ਇੰਟਰੈਸਟ ਦੇ ਹਕ ਵਿਚ ਕਹਿਕੇ ਤੁਸੀਂ ਕਿਸੇ ਜਗ੍ਹਾ ਨੂੰ ਵੀ ਪਰੋਟੈਕਟਿਵ ਜਗ੍ਹਾ ਕਹਿ ਸਕਦੇ ਹੋ। ਇਨ੍ਹਾਂ ਨੇ ਕਿਹਾ ਕਿ ਮੁਲਕ ਵਿਚ ਐਂਟੀਨੈਸ਼ਨਲ ਫੋਰਸਿਜ਼ ਹਨ। ਸਪੀਕਰ ਸਾਹਿਬ, ਇਨ੍ਹਾਂ ਨੇ ਇਕ ਦਾ ਨਾਮ ਲਿਆ ਕਿ ਉਹ ਸੀ. ਆਈ. ਏ. ਹੈ। ਜੋ ਮਲਟੀ ਨੈਸ਼ਨਲ ਕੰਪਨੀ ਹੈ, ਉਸ ਨੇ ਸੀ. ਆਈ. ਏ. ਨਾਲ ਮਿਲਕੇ ਚਿੱਲੀ ਵਿਚ ਕੀ ਕੁਝ ਕੀਤਾ ਅਤੇ ਬੰਗਲਾ ਦੇਸ਼ ਵਿਚ ਕੀ ਕੁਝ ਕੀਤਾ। ਸਾਡੇ ਦੇਸ਼ ਵਿਚ ਵੀ ਉਹ ਤਾਕਤਾਂ ਹਨ— ਜਿਸ ਤਰ੍ਹਾਂ ਕਿ ਸੀ. ਆਈ. ਏ. ਹੈ। ਕੁਝ ਐਂਟੀਨੈਸ਼ਨਲਜ਼ ਆਰਗੇਨਾਈਜ਼ੇਸ਼ਨਜ਼ ਹਨ ਜਿਨ੍ਹਾਂ ਨੂੰ ਗੌਰਮਿੰਟ ਆਫ ਇੰਡੀਆ ਨੇ ਬੈਨ ਕਰ ਦਿੱਤਾ ਹੈ, ਜਿਸ ਤਰ੍ਹਾਂ ਕਿ ਆਨੰਦ ਮਾਰਗੀਏ ਅਤੇ ਆਰ. ਐਸ. ਐਸ. ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਚੀਜ਼ ਸਾਡੀ ਪੰਜਾਬ ਦੀ ਸਰਕਾਰ ਨੂੰ ਰੋਕਦੀ ਸੀ ਕਿ ਇਹ ਇਸ ਬਿੱਲ ਦੇ ਰੀਜ਼ਨਜ਼ ਐਂਡ ਆਬਜੈਕਟਸ ਵਿਚ ਜਾਂ ਇਸ ਬਿਲ ਦੀ ਬਾਡੀ ਦੇ ਵਿਚ ਇਹ ਲਿੱਖ ਦਿੰਦੇ ਕਿ ਇਹ ਐਂਟੀ-ਨੈਸ਼ਨਲ ਆਰਗੇਨਾਈਜ਼ੇਸ਼ਨ ਸੀ.ਆਈ.ਏ ਜਾਂ ਜੋ ਬੈਨਡ ਆਰਗੇਨਾਈਜ਼ੇਸ਼ਨਜ਼ ਹਨ ਉਨ੍ਹਾਂ ਕੋਲੋਂ ਨੈਸ਼ਨਲ ਸਿਕਿਉਰਿਟੀ ਨੂੰ ਮੁਕਤ ਕਰਾਉਣ ਲਈ ਅਸੀਂ ਇਕ ਬਿੱਲ ਲਿਆ ਰਹੇ ਹਾਂ ਜਿਹੜਾ ਕਿ ਉਨ੍ਹਾਂ ਦੇ ਖ਼ਿਲਾਫ਼ ਹੋਵੇਗਾ। ਪਰ, ਸਪੀਕਰ ਸਾਹਿਬ, ਇਸ ਦੇ ਵਿਚ ਇਹ ਕਿਤੇ ਨਹੀਂ ਲਿਖਿਆ ਹੋਇਆ। ਇਹ ਕਿਉਂ ਨਹੀਂ ਲਿਖਿਆ ਜਾ ਸਕਦਾ? ਇਸ ਦੇ ਕਾਰਨ ਸਾਨੂੰ ਖਦਸ਼ਾ ਪੈਦਾ ਹੁੰਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਕੋਲੋਂ ਇਕ ਹੋਰ ਗੱਲ ਪੁੱਛਣੀ ਚਾਹੁੰਦਾ ਹਾਂ। ਮੈਂ ਪਰਸੋਂ ਦਿੱਲੀ ਸੀ। ਉਥੇ ਇਕ ਬਿਲਡਿੰਗ ਉਤੇ ਲਿਖਿਆ ਹੋਇਆ ਸੀ-ਇਸ ਦਾ ਜੋਸ਼ ਜੀ ਨੇ ਜ਼ਿਕਰ ਕੀਤਾ ਕਿ ਡਿਫੈਂਸ ਆਫ ਇੰਡੀਆ ਰੂਲਜ਼ ਦੀ ਧਾਰਾ 7 ਦੇ ਅਧੀਨ ਕਿਸੇ ਬਿਲਡਿੰਗ ਨੂੰ, ਕਿਸੇ ਜਗ੍ਹਾ ਨੂੰ ਪਰੋਟੈਕਟਿਵ ਏਰੀਆ ਡਿਕਲੇਅਰ ਕੀਤਾ ਜਾ ਸਕਦਾ ਹੈ। ਫਿਰ ਇਸ ਬਿੱਲ ਦੇ ਲਿਆਉਣ ਦੀ ਕਿਉਂ ਲੋੜ ਪਈ? ਮੈਂ ਬੜੇ ਯਕੀਨ ਨਾਲ ਕਹਿ ਸਕਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

ਡਿਫੈਂਸ ਆਫ਼ ਇੰਡੀਆ ਰੂਲਜ਼ ਐਮਰਜੈਂਸੀ ਦੇ ਨਾਲ ਸਬੰਧ ਰੱਖਦੇ ਹਨ। ਜਦੋਂ ਐਮਰਜੈਂਸੀ ਖ਼ਤਮ ਹੋ ਜਾਵੇ ਤਾਂ ਡਿਫੈਂਸ ਆਫ਼ ਇੰਡੀਆ ਰੂਲਜ਼ ਵੀ ਖ਼ਤਮ ਹੋ ਜਾਣੇ ਹਨ। ਦੇਸ਼ ਵਿਚ ਹਾਲਾਤ ਨੂੰ ਖ਼ਰਾਬ ਹੁੰਦੇ ਦੇਖ ਕੇ ਐਮਰਜੈਂਸੀ ਲਗਾਈ ਗਈ। ਜਦ ਐਮਰਜੈਂਸੀ ਕੰਟੀਨਿਊ ਕਰਦੀ ਹੈ ਤਾਂ ਇਹ ਚੀਜ਼ ਇਨ੍ਹਾਂ ਨੂੰ ਲਿਆਉਣ ਦੀ ਲੋੜ ਨਹੀਂ ਸੀ। ਇਹ ਚੀਜ਼ ਇਸ ਕਰਕੇ ਲਿਆ ਰਹੇ ਹਨ ਤਾਕਿ ਜਦ ਐਮਰ-ਜੈਂਸੀ ਖ਼ਤਮ ਹੋ ਜਾਵੇ ਤਾਂ ਫਿਰ ਵੀ ਇਨ੍ਹਾਂ ਕੋਲ ਪਰਮਾਨੈਂਟ ਸਟੈਚੂਟਰੀ ਪਾਵਰ ਰਹਿ ਜਾਵੇ। ਇਸ ਕਰਕੇ ਇਹ ਬਿੱਲ ਲਿਆਂਦਾ ਗਿਆ ਹੈ। ਇਹ ਪਾਵਰ ਐਮਰਜੈਂਸੀ ਦੇ ਦੌਰਾਨ ਉਨ੍ਹਾਂ ਐਂਟੀ-ਨੈਸ਼ਨਲ ਫੋਰਸਿਜ਼ ਦੇ ਖ਼ਿਲਾਫ ਐਕਸ਼ਨ ਲੈਣ ਲਈ ਡੀ.ਆਈ.ਆਰ. ਦੀ ਧਾਰਾ 7 ਦੇ ਅਧੀਨ ਸਰਕਾਰ ਕੋਲ ਮੌਜੂਦ ਹੈ ਤਾਂ ਫਿਰ ਇਸ ਬਿਲ ਵਿਚ ਤਰਮੀਮ ਕਰਨ ਦੀ ਕਿਉਂ ਲੋੜ ਪੈ ਗਈ? ਇਸ ਬਿੱਲ ਵਿਚ ਇਹ ਕਿਉਂ ਨਹੀਂ ਕਿਹਾ ਗਿਆ ਕਿ ਇਸ ਨੂੰ ਉਨ੍ਹਾਂ ਆਰਗੇਨਾਈਜ਼ੇਸ਼ਨਜ਼ ਦੇ ਖ਼ਿਲਾਫ ਇਸਤੇਮਾਲ ਕੀਤਾ ਜਾਵੇਗਾ ਜਿਨ੍ਹਾਂ ਨੂੰ ਗੌਰਮਿੰਟ ਆਫ਼ ਇੰਡੀਆ ਨੇ ਬੈਨ ਕੀਤਾ ਹੈ, ਜਿਹੜੀਆਂ ਐਂਟੀ-ਨੈਸ਼ਨਲ ਆਰਗੇਨਾਈਜ਼ੇਸ਼ਨਜ਼ ਹਨ, ਜਿਸ ਤਰ੍ਹਾਂ ਕਿ ਸੀ. ਆਈ. ਏ., ਆਰ. ਐਸ. ਐਸ. ਅਤੇ ਆਨੰਦ ਮਾਰਗੀਏ ਹਨ। ਇਸ ਕਰਕੇ ਸਾਨੂੰ ਖ਼ਦਸ਼ਾ ਪੈਦਾ ਹੁੰਦਾ ਹੈ। ਦਰਅਸਲ ਇਸ ਦਾ ਮਕਸਦ ਪੰਜਾਬ ਸਿਕਿਉਰਿਟੀ ਐਕਟ ਨੂੰ ਤਰਮੀਮ ਕਰਕੇ ਐਮਰਜੈਂਸੀ ਤੋਂ ਬਾਅਦ ਇਕ ਐਸੀ ਤਾਕਤ ਲੈਣ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਜਿਸ ਨੂੰ ਕੱਲ ਨੂੰ ਟਰੇਡ ਯੂਨੀਅਨਜ਼ ਦੇ ਖਿਲਾਫ ਵਰਤਿਆ ਜਾਵੇ ਅਤੇ ਕਿਸੇ ਇੰਡਸਟਰੀਅਲ ਏਰੀਆ ਨੂੰ ਉਥੇ ਦੇ ਇੰਪਲਾਇਰ ਦੇ ਕਹਿਣ ਉਤੇ ਡਿਸਟ੍ਰਿਕਟ ਮੈਜਿਸਟਰੇਟ ਜਾਂ ਸਰਕਾਰ ਵੱਲੋਂ ਉਸ ਏਰੀਆ ਨੂੰ ਪਰੋਟੈਕਟਿਵ ਏਰੀਆ ਡਿਕਲੇਅਰ ਕਰਕੇ ਇਹ ਕਹਿ ਦਿੱਤਾ ਜਾਵੇਗਾ ਕਿ ਕੋਈ ਆਦਮੀ ਉਥੇ ਦਾਖ਼ਲ ਨਹੀਂ ਹੋ ਸਕਦਾ। ਇਹ ਇਸ ਦਾ ਮਕਸਦ ਹੈ, ਜਿਸ ਦਾ ਕਿ ਸਾਨੂੰ ਖ਼ਦਸ਼ਾ ਹੈ। ਸਪੀਕਰ ਸਾਹਿਬ, ਐਮਰਜੈਂਸੀ ਦਾ ਬੜਾ ਗੇਨ ਹੋਇਆ ਹੈ ਲੇਕਿਨ ਐਮਰਜੰਸੀ ਵਿਚ ਨੈਗੇਟਿਵ ਗੱਲਾਂ ਵੀ ਹੋਈਆਂ ਹਨ ਅਤੇ ਹੁੰਦੀਆਂ ਹਨ। ਐਮਰਜੈਂਸੀ ਵਿਚ ਪਾਵਰ ਦੀ ਦੁਰਵਰਤੋਂ ਕਰਕੇ ਬਿਉਰੋਕਰੇਸੀ ਵੱਲੋਂ ਅਤੇ ਪੁਲਿਟੀਕਲ ਆਦਮੀਆਂ ਵੱਲੋਂ ਪਾਵਰ ਦੀ ਦੁਰਵਰਤੋਂ ਕੀਤੀ ਗਈ ਹੈ। ਇਹ ਠੀਕ ਹੈ ਕਿ ਪਾਜ਼ਿਟਿਵ ਗੱਲਾਂ ਨਾਲੋਂ ਨੈਗੇਟਿਵ ਗੱਲਾਂ ਘੱਟ ਹੋਈਆਂ ਹਨ, ਪਰ, ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਬਿੱਲ ਲਿਆਉਣਾ, ਜਦੋਂ ਕਿ ਡੀ. ਆਈ. ਆਰ. ਅਧੀਨ ਉਨ੍ਹਾਂ ਕੋਲ ਅਖਤਿਆਰ ਹਨ, ਠੀਕ ਨਹੀਂ। ਇਸ ਦੀ ਦੁਰਵਰਤੋਂ ਹੋਵੇਗੀ। ਇਸ ਸਕੀਮ ਦੀ ਪਾਵਰ ਲਈ ਜਾ ਰਹੀ ਹੈ। ਇਸ ਬਿੱਲ ਵਿਚ ਤਰਮੀਮ ਕਰਕੇ ਹੋਰ ਪਾਵਰ ਲਈ ਜਾ ਰਹੀ ਹੈ ਤਾਕਿ ਐਮਰਜੈਂਸੀ ਤੋਂ ਬਾਅਦ ਸਰਕਾਰ ਕੋਲ ਪਾਵਰ ਰਹਿ ਸਕੇ ਅਤੇ ਲੋਕੀਂ ਵਾਜਬ ਮੰਗਾਂ ਲਈ ਜੱਦੋ-ਜਹਿਦ ਕਰਨ ਤਾਂ ਸਰਕਾਰ ਉਸ ਸਮੇਂ ਉਸ ਵਿਚ ਰੁਕਾਵਟ ਪਾ ਸਕੇ। ਮੈਂ ਇਸ ਤਰ੍ਹਾਂ ਦੀਆਂ ਹੋਰ ਵੀ ਮਿਸਾਲਾਂ ਦੇ ਸਕਦਾ ਹਾਂ। ਹਿੰਦੁਸਤਾਨ ਵਿਚ ਪਾਰਲੀਮੈਂਟ ਦੀਆਂ ਪ੍ਰੋਸੀਡਿੰਗਜ਼ ਨੂੰ ਰਿਕਾਰਡ ਕਰਨ ਉਤੇ ਪ੍ਰੈਸ ਤੇ ਪਾਬੰਦੀ ਲਗਾਈ ਗਈ ਹੈ। ਇਸੇ ਤਰ੍ਹਾਂ ਹੀ ਮੀਸਾ ਵੀ ਕਈ ਥਾਈਂ ਇਹੋ ਜਿਹੀ ਜਗ੍ਹਾਂ ਵਰਤੀ ਗਈ ਹੈ ਜਿਥੇ ਇਸ ਦੀ ਲੋੜ ਨਹੀਂ ਸੀ। ਸੋ ਇਹ ਜਿਹੜਾ ਬਿੱਲ ਲਿਆਂਦਾ ਗਿਆ ਹੈ, ਇਹ ਠੀਕ ਨਹੀਂ ਹੈ ਕਿਉਂਕਿ ਐਮਰਜੈਂਸੀ ਦੇ ਦੌਰਾਨ ਅੱਗੇ ਹੀ ਪਾਵਰਜ਼ ਸਰਕਾਰ ਕੋਲ ਕਾਫੀ ਹਨ। ਸੋ ਇਹ ਜਿਹੜੀ ਚੀਜ਼ ਲਿਆਂਦੀ ਜਾ ਰਹੀ ਹੈ ਇਸ ਬਾਰੇ ਜਿਹੜਾ ਸਾਡਾ ਖ਼ਦਸ਼ਾ ਹੈ ਇਹ ਜਾਇਜ਼ ਹੈ। ਬਿਉਰੋਕਰੇਸੀ ਨੂੰ ਪਾਵਰਫੁਲ ਬਣਾਉਣ ਵਾਸਤੇ ਇਸ ਤਰ੍ਹਾਂ ਕੀਤਾ ਜਾ ਰਿਹਾ ਹੈ ਤਾਕਿ ਟਰੇਡ ਯੂਨੀਅਨਜ਼ ਨੂੰ ਅਤੇ ਹੋਰ ਕਿਸੇ ਵੀ ਜਥੇਬੰਦੀ ਨੂੰ ਜਦੋ ਜਹਿਦ ਕਰਨ ਤੇ ਇਸ ਦਾ ਇਸਤੇਮਾਲ ਹੋ ਸਕੇ। ਮੈਂ ਸਰਦਾਰ ਉਮਰਾਓ ਸਿੰਘ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਸ ਨੂੰ ਪਿਛਲੀ ਵਾਰੀ ਪਾਸ ਨਹੀਂ ਸੀ ਕੀਤਾ। ਇਨ੍ਹਾਂ ਦੀ ਮੇਹਰਬਾਨੀ ਸੀ। ਉਦੋਂ ਇਨ੍ਹਾਂ ਨੇ ਮੰਨ ਲਿਆ ਸੀ। ਇਹ ਬਿੱਲ ਅਨ-ਡੈਮੋਕ੍ਰੇਟਿਕ ਹੈ, ਐਮਰਜੈਂਸੀ ਦੇ ਦੌਰਾਨ ਇਸ ਬਿੱਲ ਨੂੰ ਪਾਸ ਕੀਤਾ ਜਾ ਰਿਹਾ ਹੈ। ਬਿਉਰੋਕ੍ਰੇਸੀ ਨੂੰ ਕਿਸੇ ਹੱਦ ਤਕ ਗੌਰਮਿੰਟ ਨੇ ਲੋਕਾਂ ਦੇ ਖ਼ਿਲਾਫ ਵਰਤਣਾ ਹੈ। ਇਹ ਬਿੱਲ ਵਾਪਸ ਹੋਣਾ ਚਾਹੀਦਾ ਹੈ। ਇਸ ਨੂੰ ਪ੍ਰੈਸ ਨਹੀਂ ਕਰਨਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਧੰਨਾ ਸਿੰਘ ਗੁਲਸ਼ਨ** (ਨਥਾਣਾ ਐਸ. ਸੀ.): ਸਪੀਕਰ ਸਾਹਿਬ, ਇਹ ਜੋ ਬਿੱਲ ਲਿਆਂਦਾ ਗਿਆ ਹੈ, ਪੰਜਾਬ ਰਾਜ ਸੁਰੱਖਿਆ ਸੋਧਨਾ ਬਿਲ, 1976, ਮੈਂ ਸਮਝਦਾ ਹਾਂ ਕਿ ਇਹ ਦੀ ਲੋੜ ਨਹੀਂ ਸੀ। ਸਰਕਾਰ ਨੇ ਬਿਲਕੁਲ ਉਹੀ ਗੱਲ ਕੀਤੀ ਹੈ। ਮੈਨੂੰ ਯਾਦ ਹੈ ਇਕ ਸਰਦਾਰਾਂ ਦਾ ਲੜਕਾ ਆਪਣੇ ਬਾਪੂ ਨੂੰ ਕਹਿਣ ਲੱਗਾ ਕਿ ਮੈਂ ਬਹੁਤ ਚੰਗਾ ਨਿਸ਼ਾਨਚੀ ਬਣ ਸਕਦਾ ਹਾਂ ਜੇ ਹਿਰਨ ਦੀਆਂ ਲੱਤਾਂ ਬਨ੍ਹ ਕੇ ਉਹਦੇ ਉੱਤੇ ਪਾਣੀ ਛਿੜਕਾ ਕੇ ਮੇਰੇ ਸਾਹਮਣੇ ਛੱਡ ਦਿੱਤਾ ਜਾਵੇ। ਫਿਰ ਮੈਂ ਨਿਸ਼ਾਨਾ ਚੰਗਾ ਲਗਾ ਸਕਦਾ ਹਾਂ। ਹੁਣ ਐਮਰਜੈਂਸੀ ਲਗਾ ਕੇ ਡੈਮੋਕ੍ਰੇਟਿਕ ਢਾਂਚੇ ਦੀ ਜ਼ਬਾਨ ਨੂੰ ਨੂੜ ਦਿੱਤਾ ਗਿਆ ਹੈ। ਹੁਣ ਇਹ ਦੇਖਦੇ ਹਨ ਕਿ ਕਿਹੜਾ ਹੱਥ ਹਿਲਦਾ ਹੈ, ਕਿਹੜੀ ਬਾਂਹ ਹਿਲਦੀ ਹੈ ਔਰ ਕਿਹੜੀ ਲੱਤ ਹਿਲਦੀ ਹੈ। ਜੇ ਕਿਸੇ ਦੀ ਅੱਖ ਹਿਲਦੀ ਹੈ ਤਾਂ ਉਹਦੇ ਵਿਚ ਗਰਮ ਸਿਲਾਖਾਂ ਪਾ ਦਿੱਤੀਆਂ ਜਾਂਦੀਆਂ ਹਨ, ਜੇ ਲੱਤਾਂ ਹਿਲਦੀਆਂ ਹਨ ਤਾਂ ਉਨ੍ਹਾਂ ਨੂੰ ਨੂੜ ਦਿੱਤਾ ਜਾਂਦਾ ਹੈ ਔਰ ਜੇ ਕਿਸੇ ਦੇ ਹੱਥ ਹਿਲਦੇ ਹਨ ਤਾਂ ਉਨ੍ਹਾਂ ਨੂੰ ਬੰਨ੍ਹ ਦਿੱਤਾ ਜਾਂਦਾ ਹੈ। ਜੈਨੂਅਨ ਗੱਲ ਕਰਨ ਵਾਸਤੇ ਵੀ ਕਿਸੇ ਦੀ ਜ਼ਬਾਨ ਨਹੀਂ ਖੁਲ੍ਹਣ ਦਿੱਤੀ ਜਾਂਦੀ ਹੈ। ਇਨਸਾਫ ਲੈਣ ਵਾਸਤੇ ਅਦਾਲਤਾਂ ਵਿਚ ਨਹੀਂ ਜਾਣ ਦਿੱਤਾ ਜਾਂਦਾ ਹੈ। ਜੇ ਕੋਈ ਆਪਣਾ ਰੋਣਾ ਰੋਂਦਾ ਹੈ ਤਾਂ ਉਹ ਪ੍ਰੈਸ ਵਿਚ ਨਹੀਂ ਆਉਂਦਾ ਹੈ। ਇਸ ਤਰ੍ਹਾਂ ਕਰਕੇ ਐਮਰਜੈਂਸੀ ਵਿਚ ਹਿੰਦੁਸਤਾਨ ਦੇ ਲੋਕਾਂ ਦਾ ਗਲਾ ਘੁਟਿਆ ਜਾ ਰਿਹਾ ਹੈ। ਇਸ ਨਾਲ ਹਿੰਦੁਸਤਾਨ ਡਿਕਟੇਟਰਸ਼ਿਪ ਵੱਲ ਜਾ ਰਿਹਾ ਹੈ। ਇਥੇ ਇੱਕ-ਪੁਰਖੀ ਰਾਜ ਚਲਦਾ ਪਿਆ ਹੈ। ਹੋਰ ਕੁਝ ਨਹੀਂ ਹੈ। ਇਥੇ ਮੀਸਾ ਲਿਆਂਦਾ ਗਿਆ। ਜਿਹੜੇ ਸਮੱਗਲਰਜ਼ ਹਨ, ਬਲੈਕਮਾਰਕੀਟੀਏ ਹਨ ਉਨ੍ਹਾਂ ਨੂੰ ਪਕੜਨ ਵਾਸਤੇ ਇਹ ਮੀਸਾ ਲਿਆਂਦਾ ਗਿਆ ਸੀ। ਪਰ, ਸਪੀਕਰ ਸਾਹਿਬ, ਇਹ ਮੀਸਾ ਉਨ੍ਹਾਂ ਲੋਕਾਂ ਤੇ ਇਸਤੇਮਾਲ ਨਹੀਂ ਹੋ ਰਿਹਾ ਹੈ। ਇਹਦਾ ਇਸਤੇਮਾਲ ਹੋਇਆ ਹੈ ਸਰਦਾਰ ਸੁਰਜੀਤ ਸਿੰਘ ਬਰਨਾਲਾ ਤੇ। ਜੇ ਪੰਜਾਬ ਵਿਚੋਂ ਸ਼ਰੀਫ ਬੰਦੇ ਲੱਭੇ ਜਾਣ ਤਾਂ ਉਨ੍ਹਾਂ ਸ਼ਰੀਫ ਬੰਦਿਆਂ ਵਿਚੋਂ ਇਹ ਇੱਕ ਨਿਕਲਣਗੇ। ਇਹ ਮੀਸਾ ਲਗਾਇਆ ਗਿਆ ਹੈ ਸਰਦਾਰ ਪਰਕਾਸ਼ ਸਿੰਘ ਬਾਦਲ ਤੇ ਜਾਂ ਸਰਦਾਰ ਜਸਵਿੰਦਰ ਸਿੰਘ ਬਰਾੜ ਤੇ। ਇਹ ਮੀਸਾ ਇਹੋ ਜਿਹੇ ਆਦਮੀਆਂ ਤੇ ਲਗਾਇਆ ਗਿਆ ਹੈ। ਲੇਕਿਨ ਉਨ੍ਹਾਂ ਤੇ ਇਹ ਮੀਸਾ ਨਹੀਂ ਲਗਾਇਆ ਗਿਆ ਜਿਨ੍ਹਾਂ ਤੇ ਇਹ ਲਗਾਉਣਾ ਚਾਹੀਦਾ ਸੀ। ਇਸ ਬਾਰੇ ਮੈਂ, ਸਪੀਕਰ ਸਾਹਿਬ, ਇਕ ਮਿਸਾਲ ਦਿੰਦਾ ਹਾਂ। ਬਠਿੰਡਾ ਜ਼ਿਲ੍ਹਾ ਵਿਚ ਅਫ਼ੀਮ ਵੇਚਣ ਵਾਲਿਆਂ ਲਈ ਮੋਗਾ ਤਹਿਸੀਲ ਵਿਚ ਬੈਠ ਕੇ ਸੌਦਾ ਹੋਇਆ 20,000/- ਰੁਪਏ ਦਾ ਕਿ ਜਦੋਂ ਤਕ ਹੁਕਮ ਨਹੀਂ ਆਉਂਦੇ ਇਨ੍ਹਾਂ ਨੂੰ ਨਹੀਂ ਫੜਾਂਗੇ। ਤਿੰਨ ਸਮਗਲਰ ਸਨ। ਇਕ ਦਾ ਚੰਡੀਗੜ੍ਹ ਵਿਚ ਬੈਠ ਕੇ ਲੱਖਾਂ ਰੁਪਏ ਦਾ ਸੌਦਾ ਹੋਇਆ, ਦੂਸਰਾ 50 ਹਜ਼ਾਰ ਰੁਪਏ ਦਾ ਸੌਦਾ ਹੋਇਆ ਔਰ ਤੀਜਾ 30 ਹਜ਼ਾਰ ਰੁਪਏ ਦਾ ਸੌਦਾ ਹੋਇਆ। ਲੇਕਿਨ ਸਮੱਗਲਰਾਂ ਨੂੰ ਫੜਨ ਦੀ ਬਜਾਏ ਉਨ੍ਹਾਂ ਨੂੰ ਛੱਡ ਦਿੱਤਾ ਜਾਂਦਾ ਹੈ। (ਸ਼ੇਮ ਸ਼ੇਮ) ਫੜਿਆ ਉਨ੍ਹਾਂ ਨੂੰ ਜਾਂਦਾ ਹੈ ਜਿਹੜੇ ਕੋਈ ਮਾੜਾ ਕੰਮ ਨਹੀਂ ਕਰਨਾ ਚਾਹੁੰਦੇ। ਸਰਕਾਰ ਤਾਂ ਇਹ ਦੇਖਦੀ ਹੈ ਕਿ ਲੋਕ ਹਿਲਦੇ ਕੌਣ ਹਨ ਅਤੇ ਉਨ੍ਹਾਂ ਨੂੰ ਨੂੜਿਆ ਕਿਸ ਤਰ੍ਹਾਂ ਜਾ ਸਕਦਾ ਹੈ। ਸਰਦਾਰ ਭਗਤ ਸਿੰਘ ਫਾਂਸੀ ਚੜ੍ਹਿਆ। ਸ੍ਰੀ ਸੁਭਾਸ਼ ਚੰਦਰ ਬੋਸ ਔਰ ਸਰਾਭਾ ਵਰਗਿਆਂ ਨੇ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਦੀਆਂ ਕੁਰਬਾਨੀਆਂ ਦੇ ਸਦਕੇ ਇਹ ਮੁਲਕ ਆਜ਼ਾਦ ਹੋਇਆ ਔਰ ਲੋਕਾਂ ਨੂੰ ਇਥੇ ਤਹਿਰੀਰ ਔਰ ਤਕਰੀਰ ਦੀ ਆਜ਼ਾਦੀ ਮਿਲੀ। ਉਹ ਹੱਕ ਹੁਣ ਲੋਕਾਂ ਤੋਂ ਲੈ ਲਿੱਤਾ ਗਿਆ ਹੈ।

ਹਜ਼ੂਰੇ ਹਜ਼ਰਤ ਸ਼ਾਹ ਦੇ ਇਕ ਜਣੀ ਅਰਜ਼ ਕਰੇ।
ਬਕਰਾ ਦੇਆਂ ਪੀਰ ਦਾ ਮੇਰੇ ਸਿਰ ਦਾ ਸਾਈਂ ਮਰੇ।
ਪੰਜ ਸੱਤ ਮਰਨ ਗਵਾਂਢਣਾਂ ਰਹਿੰਦਿਆਂ ਨੂੰ ਤਾਪ ਚੜ੍ਹੇ।
ਹੱਟੀ ਜਲੇ ਕਰਾੜ ਦੀ ਜਿਥੇ ਦੀਵਾ ਨਿਤ ਜਲੇ।
ਕੁੱਤੀ ਮਰੇ ਫ਼ਕੀਰ ਦੀ ਜੇਹੜੀ ਟੈਂ ਟੈਂ ਨਿਤ ਕਰੇ।
ਗਲੀਆਂ ਹੋਣ ਸੁੰਞੀਆਂ ਵਿਚ ਮਿਰਜ਼ਾ ਯਾਰ ਫਿਰੇ।

Original with;
Punjab Vidhan Sabha
Digitized by;
Panjab Digital Library

ਸਾਰੀਆਂ ਥਾਵਾਂ ਤੇ ਗਿਆਨੀ ਜ਼ੈਲ ਸਿੰਘ ਦੇ ਵਜ਼ੀਰ ਹੀ ਹੁਣ ਫਿਰ ਸਕਦੇ ਹਨ ਬਾਕੀ ਹੋਰਾਂ ਨੂੰ ਫਿਰਨ ਦੀ ਆਜ਼ਾਦੀ ਨਹੀਂ ਹੈ। ਇਹ ਸਰਕਾਰ ਜੋ ਸੋਧਨਾ ਬਿੱਲ ਲਿਆਈ ਹੈ, ਇਹ ਹੁਣ ਕਹਿੰਦੇ ਹਨ ਕਿ ਗਲੀਆਂ ਵਿਚ ਵੀ ਨਾ ਫਿਰੋ ਔਰ ਟੱਟੀ ਵੀ ਆਪਣੇ ਘਰ ਹੀ ਫਿਰੋ। ਜਦੋਂ ਉਹ ਰਾਸ਼ਟਰਪਤੀ ਵਲੋਂ ਆਰਡੀਨੈਂਸ ਆ ਗਿਆ ਸੀ ਤਾਂ ਉਸ ਤੋਂ ਬਾਅਦ ਇਸ ਸੋਧਨਾ ਦੀ ਲੋੜ ਨਹੀਂ ਰਹਿ ਜਾਂਦੀ ਸੀ। ਮੀਸਾ ਬਣਿਆ। ਐਮਰਜੈਂਸੀ ਲੱਗਣ ਤੋਂ ਬਾਅਦ ਇਹਦੀ ਕੋਈ ਲੋੜ ਨਹੀਂ ਸੀ। ਹੁਣ ਇਹ ਦੇਖਦੇ ਹਨ ਕਿ ਕਿਸੇ ਦਾ ਹੱਥ, ਲਤ ਜਾਂ ਬਾਂਹ ਤਾਂ ਨਹੀਂ ਹਿਲਦੀ ਹੈ। ਸਾਰੇ ਦੇਸ਼ ਦੀ 60 ਕਰੋੜ ਲੋਕਾਂ ਦੀ ਜਦੋਂ ਵੀ ਲੜਾਈ ਹੋਈ ਇਸ ਦੇਸ਼ ਦੀ ਪੰਜਾਬ ਨੇ ਸੁਰੱਖਿਆ ਕੀਤੀ ਹੈ। ਜਦੋਂ ਵੀ ਕੋਈ ਲੜਾਈ ਲੱਗੀ ਉਦੋਂ ਹੀ ਪੰਜਾਬੀਆਂ ਨੇ ਅੱਗੇ ਵੱਧ ਕੇ ਇਸ ਦੀ ਸੁਰੱਖਿਆ ਕੀਤੀ ਹੈ।

ਇਸ ਹਿੰਦੁਸਤਾਨ ਵਿਚ ਮੇਰੀ ਅਕਾਲੀ ਪਾਰਟੀ ਨੇ ਬਾਹਰ ਰੈਜ਼ੋਲਿਊਸ਼ਨ ਕੀਤਾ ਸੀ ਕਿ ਦੇਸ਼ ਦੀ ਭਲਾਈ ਲਈ ਬੰਗਲਾ ਦੇਸ਼ ਦੇ ਜਿੰਨੇ ਵੀ ਕੈਦੀ ਹਨ ਉਨ੍ਹਾਂ ਵਿਚੋਂ ਗੁਨਾਹਗਾਰਾਂ ਨੂੰ ਰੱਖ ਕੇ ਬਾਕੀਆਂ ਨੂੰ ਛੱਡ ਦੇਣਾ ਚਾਹੀਦਾ ਹੈ। ਜਿਹੜੀ 93,000 ਫੌਜ ਇਨ੍ਹਾਂ ਨੇ ਫੜੀ ਸੀ ਉਨ੍ਹਾਂ ਵਿਚੋਂ ਜਿਨ੍ਹਾਂ ਨੇ ਕਸੂਰ ਕੀਤਾ ਹੋਇਆ ਸੀ ਉਨ੍ਹਾਂ ਨੂੰ ਰੱਖ ਕੇ ਬਾਕੀਆਂ ਨੂੰ ਵਾਪਸ ਭੇਜ ਦੇਣਾ ਚਾਹੀਦਾ ਹੈ ਕਿਉਂਕਿ ਸਾਰਿਆਂ ਤੇ ਖ਼ਰਚ ਬਹੁਤ ਹੁੰਦਾ ਸੀ ਅਤੇ ਸਾਡੇ ਆਪਣੇ ਹਿੰਦੁਸਤਾਨ ਦੇ ਲੋਕ ਭੁਖੇ ਮਰ ਰਹੇ ਸਨ। ਉਦੋਂ ਇਹ ਨਹੀਂ ਮੰਨੇ ਪਰ ਥੋੜੇ ਦਿਨਾਂ ਬਾਅਦ ਹੀ ਜਦੋਂ ਸ਼ਿਮਲਾ ਕਾਨਫਰੰਸ ਹੋਈ ਤਾਂ ਉਥੇ ਇਨ੍ਹਾਂ ਨੇ ਉਹ ਹੀ ਕੀਤਾ, ਸ਼ਿਮਲਾ ਸਮਝੌਤਾ ਹੋਇਆ। (ਵਿਘਨ)

**ਸ੍ਰੀ ਸਪੀਕਰ :** ਬਿੱਲ ਤੇ ਬੋਲੋ।

**ਸਰਦਾਰ ਧੰਨਾ ਸਿੰਘ ਗੁਲਸ਼ਨ :** ਮੈਂ ਤਾਂ ਇਸ ਤੇ ਹੀ ਬੋਲ ਰਿਹਾ ਹਾਂ ਜੀ।

ਮੈਂ ਇਹ ਗੱਲ ਇਸ ਕਰਕੇ ਕਹਿ ਰਿਹਾ ਹਾਂ ਕਿ ਇਹ ਵਜ਼ੀਰ ਆਪਣੇ ਆਪਨੂੰ ਦੇਸ਼ ਦੇ ਵੱਡੇ ਵਫਾਦਾਰ ਸਮਝਦੇ ਹਨ। (ਘੰਟੀ) ਅਸੀਂ ਵੀ ਦੇਸ਼ ਦੇ ਸਪੂਤ ਹਾਂ। ਅਸੀਂ ਵੀ ਕੁਰਬਾਨੀਆਂ ਕੀਤੀਆਂ ਹਨ। ਅਸੀਂ ਸਰਕਾਰ ਨੂੰ ਨੇਕ ਸਲਾਹ ਦਿੱਤੀ ਸੀ। ਜੋ ਕਿ ਇਨ੍ਹਾਂ ਨੇ ਆਪ ਸ਼ਿਮਲੇ ਵਿਚ ਬੈਠ ਕੇ ਕੀ ਕੀਤਾ ਕਿ ਜਿੰਨੇ ਵੀ ਬੰਗਲਾ ਦੇਸ਼ ਦੇ ਗੁਨਾਹਗਾਰ ਸਨ ਉਨ੍ਹਾਂ ਨੂੰ ਰਾਤੋ ਰਾਤ ਚਲਦਾ ਕੀਤਾ। ਉਨ੍ਹਾਂ ਨੇ ਜੋ ਗੱਦਾਰੀਆਂ ਕੀਤੀਆਂ ਸਨ ਜੇ ਕੋਈ ਹੋਰ ਦੇਸ਼ ਹੁੰਦਾ ਤਾਂ ਉਨ੍ਹਾਂ ਨੂੰ ਉਤੇ ਇਸ ਤਰ੍ਹਾਂ ਨਾਲ ਮੁਆਫ ਨਾ ਕੀਤਾ ਜਾਂਦਾ।

ਲੋਕਾਂ ਦਾ ਗਲਾ ਘੁੱਟਣ ਵਾਸਤੇ ਮੰਡੀਆਂ ਵਿਚ ਜਦੋਂ ਨਰਮਾ ਵਿਕਦਾ ਹੈ ਤਾਂ ਕਿਸਾਨ ਉਸ ਦਾ ਜਾਇਜ਼ ਭਾਅ ਮੰਗਦਾ ਹੈ। ਇਸ ਨੂੰ ਰੋਕਣ ਵਾਸਤੇ ਉਸ ਏਰੀਆ ਨੂੰ ਰਿਸਟ੍ਰਿਕਟਿਵਡ ਏਰੀਆ ਡਿਕਲੇਅਰ ਕਰ ਦਿੱਤਾ ਜਾਏਗਾ ਤਾਂ ਕਿ ਉਹ ਲੋਕ ਠੀਕ ਮੁੱਲ ਨਾ ਲੈ ਸਕਣ ਅਤੇ ਸਰਕਾਰ ਉਨ੍ਹਾਂ ਨੂੰ ਲੁੱਟੀ ਜਾਏ, ਲੋਕ ਉਨ੍ਹਾਂ ਨੂੰ ਲੁੱਟੀ ਜਾਣ। ਵਜ਼ੀਰ ਜਿਸ ਤਰ੍ਹਾਂ ਚਾਹੁੰਣ ਉਸੇ ਤਰ੍ਹਾਂ ਹੀ ਲੁੱਟੀ ਜਾਣ ਉਨ੍ਹਾਂ ਨੂੰ ਹਟਾਉਣ ਵਾਲਾ ਕੋਈ ਨਹੀਂ ਹੈ। ਇਸ ਸਬੰਧੀ ਮੈਂ ਹਵਾਲਾ ਆਪਣੇ ਜ਼ਿਲ੍ਹੇ ਦਾ ਦਿੱਤਾ ਹੈ। ਮੋਗੇ ਤਹਿਸੀਲ ਵਿਚ ਬੈਠਕੇ ਸੌਦਾ ਕੀਤਾ ਗਿਆ ਹੈ। ਇਸ ਕਰਕੇ, ਸਪੀਕਰ ਸਾਹਿਬ, ਇਸ ਬਿੱਲ ਦੀ ਡੱਟ ਕੇ ਵਿਰੋਧਤਾ ਕਰਦਾ ਹਾਂ। ਸਰਦਾਰ ਉਮਰਾਓ ਸਿੰਘ ਨੇ ਇਹ ਬਿੱਲ ਜਿਹੜਾ ਕਿ ਲੋਕਾਂ ਦੇ ਹਿਤਾਂ ਨੂੰ ਮਾਰਨ ਵਾਲਾ ਹੈ, ਇਥੇ ਲਿਆਂਦਾ ਹੈ। ਇਹ ਇਸ ਕਰਕੇ ਲਿਆਂਦਾ ਹੈ ਕਿਉਂਕਿ ਇਥੇ ਲੋਕਤੰਤਰ ਨਹੀਂ ਹੈ। ਇਹ ਗਲੀਆਂ ਵਿਚ ਇਕੱਲੇ ਹੀ ਜਾਣਾ ਚਾਹੁੰਦੇ ਹਨ, ਹੋਰ ਕਿਸੀ ਨੂੰ ਫਿਰਨ ਟੁਰਨ ਦੀ ਇਜਾਜ਼ਤ ਨਹੀਂ ਹੈ।

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੈਂ ਗੁਜ਼ਾਰਸ਼ ਕਰਨੀ ਚਾਹੁੰਦਾ ਹਾਂ ਕਿ ਡਾਂਗ ਸਾਹਿਬ ਨੇ ਇਥੇ ਇਹ ਜ਼ਿਕਰ ਕੀਤਾ ਹੈ ਕਿ ਇਸ ਬਿੱਲ ਵਿਚ ਕੁਝ ਏਰੀਆਜ਼ ਔਰ ਜਗ੍ਹਾ ਦਾ ਜ਼ਿਕਰ ਹੈ ਜਿਸ ਦੀ ਪ੍ਰੋਟੈਕਸ਼ਨ ਵਾਸਤੇ ਇਹ ਬਿੱਲ ਲਿਆਂਦਾ ਗਿਆ ਹੈ। ਮੈਂ ਇਸ ਗੱਲ

Original with;
Punjab Vidhan Sabha
Digitized by;
Panjab Digital Library

ਮਾਲ ਅਤੇ ਚੋਣ ਮੰਤਰੀ]

ਨਾਲ ਇਨ੍ਹਾਂ ਨਾਲ ਸਹਿਮਤ ਹਾਂ। ਕੁਝ ਪਲੇਸਿਜ਼ ਅਜਿਹੀਆਂ ਹੋਣਗੀਆਂ ਜਿਨ੍ਹਾਂ ਦੀ ਪ੍ਰੋਟੈਕਸ਼ਨ ਕਰਨੀ ਸਰਕਾਰ ਦੀ ਜ਼ਿੰਮੇਵਾਰੀ ਹੈ। ਔਰ ਇਹ ਲੋਕਾਂ ਦੇ ਹਿੱਤ ਵਿਚ ਹੈ। ਮੈਂ ਸਮਝਦਾ ਹਾਂ ਕਿ ਕੋਈ ਇਸ ਵਿਚ ਪੀਨਲ ਕਲਾਜ਼ ਨਹੀਂ ਹੈ। ਉਸ ਵਿਚ ਪਾਬੰਦੀ ਲਗ ਗਈ ਹੈ ਕਿ ਜਾਣ ਤੋਂ ਪਹਿਲਾਂ ਪਰਮਿਸ਼ਨ ਲੈ ਲਉ। ਇਹ ਪਾਬੰਦੀ ਲਾਉਣੀ ਕੋਈ ਬਿਲਕੁਲ ਮਨਾਹੀ ਨਹੀਂ ਕੀਤੀ ਗਈ। ਜੇ ਕੋਈ ਬਗ਼ੈਰ ਇਜਾਜ਼ਤ ਚਲਾ ਜਾਏ ਤਾਂ ਉਸ ਨੂੰ ਉਥੋਂ ਹਟਾਕੇ ਬਾਹਰ ਭੇਜ ਦਿੱਤਾ ਜਾਏਗਾ।

ਇਸ ਬਿੱਲ ਵਿਚ ਇਸ ਤੋਂ ਵੱਧ ਹੋਰ ਕੋਈ ਗੱਲ ਨਹੀਂ ਹੈ। ਸਪੀਕਰ ਸਾਹਿਬ, ਕੋਈ ਇਸ ਦੇ ਵਿਚ ਟਰੇਡ ਯੂਨੀਅਨ ਦੀ ਗੱਲ ਲੈ ਆਇਆ ਹੈ, ਕੋਈ ਡੀਫੈਂਸ ਆਫ ਇੰਡੀਆ ਰੂਲਜ਼ ਦੀ ਗੱਲ ਲੈ ਆਇਆ ਹੈ, ਕੋਈ ਗਰਿਫਤਾਰੀਆਂ ਦੀ ਗੱਲ ਲੈ ਆਇਆ ਹੈ। ਮੈਂ ਸਮਝਦਾ ਹਾਂ ਕਿ ਇਹ ਗੱਲ ਠੀਕ ਨਹੀਂ ਹੈ। ਗੁਲਸ਼ਨ ਜੀ ਨੇ ਬੋਲਦਿਆਂ ਕਿਹਾ ਹੈ ਕਿ ਤਕਰੀਰ ਦੀ ਆਜ਼ਾਦੀ ਨਹੀਂ ਹੈ। ਮੇਰਾ ਖ਼ਿਆਲ ਹੈ ਕਿ ਇਨ੍ਹਾਂ ਕਾਂਸਟੀਚਿਊਸ਼ਨ ਦੇ ਇਕ ਦੋ ਚੈਪਟਰ ਹੀ ਪੜ੍ਹੇ ਹਨ ਬਾਕੀ ਨਹੀਂ ਪੜ੍ਹੇ। ਆਰਟੀਕਲ 118 ਹੈ, ਆਰਟੀਕਲ 252, 253, 254 ਹਨ ਔਰ ਇਸੇ ਕਾਂਸਟੀਚਿਊਸ਼ਨਜ਼ ਵਿਚ ਹਨ ਜਿਸ ਦਾ ਇਹ ਜ਼ਿਕਰ ਕਰਦੇ ਹਨ। ਇਸ ਦੇ ਵਿਚ ਲਿਖਿਆ ਹੈ ਕਿ ਜਦੋਂ ਸਿਕਿਊਰਿਟੀ ਆਫ ਦੀ ਕੰਟਰੀ ਥਰੈਟਨ ਹੋਵੇ... (ਵਿਘਨ) (ਸਰਦਾਰ ਰਣਧੀਰ ਸਿੰਘ ਚੀਮਾ ਵਲੋਂ ਵਿਘਨ)। ਤੁਹਾਨੂੰ ਸੁੱਤਿਆਂ ਪਿਆਂ ਨੂੰ ਨਹੀਂ ਪਤਾ ਲਗਣਾ। ਸਪੀਕਰ ਸਾਹਿਬ ਡਾਂਗ ਸਾਹਿਬ ਨੇ 4-5 ਜੱਥੇਬੰਦੀਆਂ ਦਾ ਨਾਮ ਲਿਆ ਹੈ ਜਿਹੜੀਆਂ ਇਲੀਗਲ ਕੀਤੀਆਂ ਹਨ ਔਰ ਉਨ੍ਹਾਂ ਮੁਲਕਾਂ ਦਾ ਨਾਮ ਵੀ ਲਿਆ ਹੈ ਜਿਥੇ ਐਸੇ ਹਾਲਾਤ ਪੈਦਾ ਹੋਏ ਹਨ। ਇਥੇ ਵੀ ਕਈ ਸੱਜਣਾਂ ਵਲੋਂ ਕਈ ਜੱਥੇਬੰਦੀਆਂ ਵਲੋਂ ਇਸ ਦੇਸ਼ ਵਿਚ ਵੀ ਐਸੇ ਹਾਲਾਤ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਕਾਂਸਟੀਚਿਊਸ਼ਨ ਵਿਚ ਪ੍ਰੋਵੀਜ਼ਨ ਇਸ ਗੱਲ ਦੀ ਹੈ ਕਿ ਜਦੋਂ ਇਸ ਤਰ੍ਹਾਂ ਦੇ ਹਾਲਾਤ ਪੈਦਾ ਹੋਣ ਲਈ ਆਸਾਰ ਹੋਣ ਤਾਂ ਹਾਲਾਤ ਪੈਦਾ ਹੋਣ ਤੋਂ ਪਹਿਲਾਂ ਹੀ ਪ੍ਰਬੰਧ ਕੀਤਾ ਜਾਵੇ। (ਵਿਘਨ) ਮੇਰੇ ਸਾਹਮਣੇ ਬੈਠੇ ਭਰਾ ਕਹਿੰਦੇ ਹਨ ਕਿ ਪਹਿਲਾਂ ਹਾਲਾਤ ਪੈਦਾ ਹੋਣ ਫਿਰ ਪ੍ਰਬੰਧ ਕੀਤਾ ਜਾਂਦਾ ਹੈ। (ਵਿਘਨ) ਕਈ ਦੋਸਤ ਐਸੇ ਹਨ ਜਦੋਂ ਗੱਡੀ ਤੁਰ ਜਾਂਦੀ ਹੈ ਤਾਂ ਫਿਰ ਉਸ ਦੇ ਪਿੱਛੇ ਭੱਜਦੇ ਹਨ ਅਤੇ ਆਪਣੀ ਲੱਤ ਬਾਂਹ ਤੁੜਵਾ ਲੈਂਦੇ ਹਨ। ਸਿਆਣਾ ਉਹ ਹੀ ਹੈ ਜਿਹੜਾ ਪਹਿਲਾਂ ਪਲੈਨਿੰਗ ਕਰੇ। ਮੈਂ ਸਮਝਦਾ ਹਾਂ ਕਿ ਸਾਡੇ ਪ੍ਰਾਈਮ ਮਨਿਸਟਰ ਸਾਹਿਬ ਨੇ ਬੜੀ ਸੂਝ ਬੂਝ ਨਾਲ ਕੰਮ ਲਿਆ ਹੈ ਔਰ ਸੂਝ ਬੂਝ ਨਾਲ ਕੰਮ ਲੈ ਕੇ ਨਾ ਕੇਵਲ ਹਿੰਦੁਸਤਾਨ ਦੇ ਲੋਕਾਂ ਦੀ ਇੱਜ਼ਤ ਨੂੰ ਬਰਕਰਾਰ ਰੱਖਿਆ ਹੈ ਸਗੋਂ ਉਸ ਨੂੰ ਹੋਰ ਮਜ਼ਬੂਤ ਕੀਤਾ ਹੈ। ਉਨ੍ਹਾਂ ਨੂੰ ਬਿਲਕੁਲ ਉਸੇ ਢੰਗ ਨਾਲ ਹੀ ਸੋਚਿਆ ਹੈ ਜਿਸ ਤਰ੍ਹਾਂ ਕਿ ਇਕ ਜਮਹੂਰੀ ਸਰਕਾਰ ਨੂੰ ਸੋਚਣਾ ਚਾਹੀਦਾ ਹੈ। ਸਪੀਕਰ ਸਾਹਿਬ, ਇਥੇ ਕੁਝ ਸਮੱਗਲਰਾਂ ਦਾ ਜ਼ਿਕਰ ਕੀਤਾ ਗਿਆ ਹੈ। ਚੰਗਾ ਹੁੰਦਾ ਜੇ ਉਹ ਮਾਨਯੋਗ ਮੈਂਬਰ ਇਸ ਦਾ ਜ਼ਿਕਰ ਸਮੱਗਲਰ ਦਾ ਨਾਮ ਲੈ ਕੇ ਕਰਦੇ। ਬਗੈਰ ਨਾਮ ਦੱਸੇ ਅਸੀਂ ਨਹੀਂ ਕਹਿ ਸਕਦੇ ਕਿ ਇਸ ਗੱਲ ਦੇ ਵਿਚ ਕਿੰਨੀ ਹਕੀਕਤ ਹੈ। ਕੁਝ ਵਜ਼ੀਰਾਂ ਦੀ ਵੀ ਗੱਲ ਕੀਤੀ ਹੈ ਔਰ ਕਿਹਾ ਹੈ ਕਿ ਕੁਝ ਵਜ਼ੀਰ ਇਸ ਤਰ੍ਹਾਂ ਦਾ ਕੰਮ ਕਰਦੇ ਹਨ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਕਿਹੜੀ ਸਾਈਡ ਦੇ ਵਜ਼ੀਰ ਹਨ। ਵਜ਼ੀਰਾਂ ਦਾ ਤਜਰਬਾ ਉਨ੍ਹਾਂ ਦੀ ਆਪਣੀ ਸਾਈਡ ਦਾ ਜ਼ਿਆਦਾ ਹੈ ਜਿਹੜਾ ਕਿ ਉਨ੍ਹਾਂ ਨੇ ਦੱਸਿਆ ਹੈ ਅਤੇ ਉਹ ਸਾਬਤ ਵੀ ਹੋ ਗਿਆ ਹੈ। ਜਿਹੜੇ ਇਧਰ (ਕਾਂਗਰਸ ਪਾਰਟੀ ਵਲ ਇਸ਼ਾਰਾ) ਬੈਠੇ ਹਨ ਉਹ ਇਥੇ ਦੇਸ਼ ਦੀ ਸੇਵਾ ਦੀ ਭਾਵਨਾ ਨਾਲ ਬੈਠੇ ਹਨ ਔਰ ਉਨ੍ਹਾਂ ਨੇ ਇਹ ਹਲਫ਼ ਲਿਆ ਹੈ ਕਿ ਦੇਸ਼ ਦੀ ਸੇਵਾ ਕਰਨੀ ਹੈ। (ਵਿਘਨ)

**ਸਰਦਾਰ ਰਣਧੀਰ ਸਿੰਘ ਚੀਮਾ** : ਆਪਣੇ ਕੁੜਮ ਦੀ ਗੱਲ ਵੀ ਸੁਣਾ ਦਿਉ। (ਵਿਘਨ)

Original with;
Punjab Vidhan Sabha
Digitized by;
Panjab Digital Library

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਅਨੰਦਪੁਰ ਸਾਹਿਬ ਵਿਚ ਇਹ ਹਲਫ਼ ਲਿਆ ਹੈ ਕਿ ਦੇਸ਼ ਦੀ, ਪੰਜਾਬ ਦੀ ਸੇਵਾ ਕਰਨੀ ਹੈ। (ਵਿਘਨ) ਇਨ੍ਹਾਂ ਸ਼ਬਦਾਂ ਨਾਲ ਮੈਂ ਕਹਾਂਗਾ ਕਿ ਇਹ ਬਿੱਲ ਪਾਸ ਕਰਨਾ ਚਾਹੀਦਾ ਹੈ।

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ, ਮੈਂ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਇਹ ਅਜੇ ਵੀ ਸਾਨੂੰ ਵਜ਼ੀਰ ਸਮਝਦੇ ਹਨ। (ਵਿਘਨ)

**ਮਾਲ ਅਤੇ ਚੋਣ ਮੰਤਰੀ** (ਬੈਠੇ ਬੈਠੇ) : ਇਹ ਪੁਰਾਣੇ ਵੇਲਿਆਂ ਦੀ ਗੱਲ ਹੈ। (ਵਿਘਨ)

**Mr. Deputy Speaker** : Question is—

That the Punjab Security of State (Amendment) Bill be passed.

*(After taking the sense of the House by voices, Mr. Speaker said 'I think Ayes have it'. This opinion was challenged. The bells were sounded. The question was put again and Mr. Speaker said 'I think Ayes have it'. Again it was challenged. The Members were asked to rise in their places. Sixty Members rose in support of the Motion and Twenty-two against the motion. The moton was declared carried.)*

*Ayes : 60*

*Noes : 22*

*The motion was carried.*

**Mr. Speaker**: The next item on the agenda is a resolution under Article 169 of the Constitution.

---

## RESOLUTION UNDER ARTICLE 169 OF THE CONSTITUTION (RE. CREATION OF LEGISLATIVE COUNCIL IN THE STATE OF PUNJAB.)

(Sardar Umrao Singh stood up to move the resolution.)

**Comrade Satya Pal Dang** : Point of Order, Sir.

**Mr. Speaker**: What is your point of order ?

**ਕਾਮਰੇਡ ਸੱਤਪਾਲ ਡਾਂਗ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਕਿੰਨਾ ਅਹਿਮ ਮਾਮਲਾ ਹੈ ਔਰ ਕਾਂਸਟੀਚਿਊਸ਼ਨ ਦੇ ਵਿਚ ਇਸ ਦੇ ਲਈ 2/3 ਮੈਜਾਰਿਟੀ ਚਾਹੀਦੀ ਹੈ। ਜਦੋਂ ਸ਼ੁਕਰਵਾਰ ਨੂੰ ਇਜਲਾਸ ਸੀ ਤਾਂ ਉਸ ਵੇਲੇ ਇਹ ਏਜੰਡੇ ਤੇ ਨਹੀਂ ਸੀ। ਅੱਜ ਸਡਨਲੀ ਇਹ ਏਜੰਡੇ ਵਿਚ ਆ ਗਿਆ ਹੈ। ਤੁਸੀਂ ਇਸ ਨੂੰ ਰੂਲ ਆਊਟ ਕਰ ਦਿਉ ਔਰ ਇਹ ਮੂਵ ਕਰਨ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। (ਵਿਘਨ) ਕਈ ਮੈਂਬਰ ਹਾਜ਼ਰ ਵੀ ਨਹੀਂ ਹਨ। (ਵਿਘਨ)

**Mr. Speaker** : There is no bar.

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਡਾਂਗ ਸਾਹਿਬ ਦੀ ਪਾਰਟੀ ਦੇ ਸਾਰੇ ਮੈਂਬਰ ਹਾਜ਼ਰ ਹਨ, ਇਨ੍ਹਾਂ ਨੂੰ ਸ਼ਾਇਦ ਭੁਲੇਖਾ ਲਗਾ ਹੈ। (ਵਿਘਨ)

(ਇਸ ਵਕਤ ਕਈ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਹੋ ਗਏ। )

Original with;
Punjab Vidhan Sabha
Digitized by;
Panjab Digital Library

**ਸਰਦਾਰ ਧੰਨਾ ਸਿੰਘ ਗੁਲਸ਼ਨ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਥੇ 9.00 ਵਜੇ ਹਾਊਸ ਵਿਚ ਆਉਣ ਤੋਂ ਪਹਿਲਾਂ ਸਾਨੂੰ ਰੈਜ਼ੋਲਿਊਸ਼ਨ ਨਹੀਂ ਮਿਲਿਆ ਔਰ ਨਾ ਹੀ ਇਹ ਸ਼ੁਕਰਵਾਰ ਦੇ ਏਜੰਡੇ ਤੇ ਸੀ ਤੇ ਨਾ ਹੀ ਸਾਨੂੰ ਤਿਆਰੀ ਕਰਨ ਦਾ ਮੌਕਾ ਮਿਲਿਆ ਹੈ। ਮਸਾਂ ਮਸਾਂ ਇਹ ਸਫੈਦ ਹਾਥੀ ਮਗਰੋਂ ਲਾਹਿਆ ਸੀ, ਹੁਣ ਇਹ ਫਿਰ ਬਣਾ ਰਹੇ ਹਨ । (ਵਿਘਨ)

**Mr. Speaker** : There is no bar.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ 8 ਮੈਂਬਰ ਸਾਹਿਬਾਨ ਇਸ ਹਾਊਸ ਵਿਚ ਨਹੀਂ, ਉਹ ਜੇਲ੍ਹਾਂ ਵਿਚ ਹਨ। ਉਨ੍ਹਾਂ ਨੂੰ ਰਾਈਟ ਆਫ ਵੋਟ ਇਲੈਕਸ਼ਨ ਕਮਿਸ਼ਨਰ ਨੇ ਦਿੱਤਾ ਹੈ, ਇਸ ਕਰਕੇ ਉਨ੍ਹਾਂ ਨੂੰ ਇਸ ਸਬੰਧੀ ਵੋਟ ਦਾ ਹੱਕ ਹੋਣਾ ਚਾਹੀਦਾ ਹੈ। ਅਗਰ ਉਨ੍ਹਾਂ ਦੀਆਂ ਵੋਟਾਂ ਲਈਆਂ ਜਾਣ ਤਾਂ ਰੂਲਜ਼ ਮੁਤਾਬਕ 2/3 ਮਜਾਰਟੀ ਨਹੀਂ ਬਣਦੀ ... (ਵਿਘਨ)

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਮੇਰੇ ਦੋਸਤ ਜਿਹੜੇ ਬੋਲ ਰਹੇ ਹਨ ਉਹ ਰੂਲਜ਼ ਕੋਟ ਨਹੀਂ ਕਰ ਰਹੇ । (ਵਿਘਨ)

**ਕਾਮਰੇਡ ਸੱਤ ਪਾਲ ਡਾਂਗ** : ਰੂਲਜ਼ ਦੀ ਸਪਿਰਿਟ ਲੈ ਰਹੇ ਹਾਂ।

**Mr. Speaker** : There is no bar on moving a resolution. I have admitted this resolution.

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਦੋਂ ਹਾਊਸ ਨੂੰ ਤੋੜਨ ਦਾ ਇਥੇ ਰੈਜ਼ੋਲਿਊਸ਼ਨ ਕੀਤਾ ਗਿਆ ਸੀ ਉਹ ਯੂਨਾਨੀਮਸਲੀ ਹੋਇਆ ਸੀ ਅਤੇ ਕਾਂਗਰਸ ਪਾਰਟੀ, ਜਿਹੜੀ ਕਿ ਉਸ ਵੇਲੇ ਆਪੋਜ਼ੀਸ਼ਨ ਵਿਚ ਬੈਠੀ ਸੀ ਇਸ ਦੇ ਤੋੜਨ ਦੇ ਹੱਕ ਵਿਚ ਵੋਟ ਪਾਈ ਸੀ। ਹੁਣ ਕਿਹੜੀ ਐਸੀ ਗੱਲ ਹੋ ਗਈ ਹੈ ਜੋ ਇਸ ਨੂੰ ਰਿਵਾਈਵ ਕੀਤਾ ਜਾ ਰਿਹਾ ਹੈ।

**ਮਾਲ ਅਤੇ ਚੋਣ ਮੰਤਰੀ** : ਹੱਕ ਵਿਚ ਵੋਟ ਨਹੀਂ ਸੀ ਪਾਈ ।

**Mr. Speaker** : There is no bar. The House can reconsider this resolution.

**ਕਾਮਰੇਡ ਸੱਤ ਪਾਲ ਡਾਂਗ** : ਨੋਟਿਸ ਕਦੋਂ ਆਇਆ ਸੀ ਜੀ ?

**Mr. Speaker**: It is provided in the rules. I have got discretion. So, I have allowed.

**Comrade Satya Pal Dang** : When did you receive the notice ?

**Mr. Speaker** : I have allowed under the rules. Please resume your seat.

**Revenue and Election Minister** (Sardar Umrao Singh) : Sir, I beg to move—

> WHEREAS, Clause (1) of Article 169 of the Constitution provides that notwithstanding anything in Article 168, Parliament may by law provide for the creation of the Legislative Council in a State having no such Council, if the Legislative Assembly of the State passes a resolution to that effect by a majority of the total membership of the Assembly and by a majority of not less than 2/3rds of the members of the Assembly present and voting;

Original with;
Punjab Vidhan Sabha
Digitized by;
Panjab Digital Library

AND WHEREAS, it appears to this Assembly that it is desirable to create the Legislative Council of this State ;

NOW, THEREFORE, this Assembly resolves that the Legislative Council be created in the State of Punjab.

2, This House recommends that Parliament be pleased to direct that the law which it may make in this behalf shall take effect from the date when the President of India gives his assent after the Parliament has passed necessary legislation.

**Mr. Speaker** : Motion moved—

WHEREAS, Clause (1) of Article 169 of the Constitution provides that notwithstanding anything in Article 168, Parliament may by law provide for the creation of the Legislative Council in a State having no such Council, if the Legislative Assembly of the State passes a resolution to that effect by a majority of the total membership of the Assembly and by a majority of not less than two thirds of the members of the Assembly present and voting.

AND WHEREAS, it appears to this Assembly that it is desirable to create the Legislative Council of this State.

NOW, therefore, this Assembly resolves that the Legislative Council be created in the State of Punjab.

2 This House recommends that Parliament be pleased to direct that the law which it may make in this behalf shall take effect from the date when the President of India gives his assent after the Parliament has passed necessary legislation.

(ਇਸ ਸਮੇਂ ਕਾਮਰੇਡ ਸੱਤਪਾਲ ਡਾਂਗ, ਕੈਪਟਨ ਰਤਨ ਸਿੰਘ ਅਤੇ ਸ੍ਰੀ ਪ੍ਰੇਮ ਗੁਪਤਾ ਰੈਜ਼ੋਲਿਊਸ਼ਨ ਤੇ ਬੋਲਣ ਲਈ ਖੜੇ ਹੋਏ ਅਤੇ ਸਪੀਕਰ ਸਾਹਿਬ ਨੇ ਸ੍ਰੀ ਪ੍ਰੇਮ ਗੁਪਤਾ ਨੂੰ ਬੋਲਣ ਲਈ ਕਿਹਾ, ਪਰ ਇਸ ਦੌਰਾਨ ਮਾਲ ਤੇ ਚੋਣ ਮੰਤਰੀ ਬੋਲਣ ਲਈ ਖੜ੍ਹੇ ਹੋਏ ਅਤੇ ਸਪੀਕਰ ਸਾਹਿਬ ਨੇ ਉਨ੍ਹਾਂ ਨੂੰ ਬੋਲਣ ਲਈ ਕਿਹਾ )

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਅਸੀਂ ਤਿੰਨ ਮੈਂਬਰ ਖੜੇ ਹੋਏ ਅਤੇ ਮਾਲ ਤੇ ਚੋਣ ਮੰਤਰੀ ਖੜ੍ਹੇ ਨਹੀਂ ਹੋਏ ਸੀ, ਉਨ੍ਹਾਂ ਨੂੰ ਕਿਸ ਤਰ੍ਹਾਂ ਬੋਲਣ ਲਈ ਅਲਾਉ ਕੀਤਾ ਗਿਆ ਹੈ ।

**ਸ੍ਰੀ ਸ਼ਪੀਕਰ :** ਮੂਵਰ ਤਾਂ ਉਹ ਹਨ। ਅਗਰ ਸਾਰੇ ਮੈਂਬਰ ਸਾਹਿਬਾਨ ਉਨ੍ਹਾਂ ਦੇ ਵਿਚਾਰ ਸੁਣ ਲੈਣਗੇ ਤਾਂ ਕ੍ਰਿਟੀਸਾਈਜ਼ ਕਰ ਸਕਣਗੇ ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਦੋਂ ਤੁਸੀਂ ਕਾਲ ਅਪਾਨ ਕਰਦੇ ਹੋ ਤਾਂ ਅਗਰ ਮੂਵਰ ਨੇ ਬੋਲਣਾ ਹੋਵੇ ਤਾਂ ਖੜ੍ਹਾ ਹੁੰਦਾ ਹੈ ਅਗਰ ਖੜਾ ਨਾ ਹੋਵੇ ਤਾਂ ਸਮਝਿਆ ਜਾਂਦਾ ਹੈ ਕਿ ਉਸ ਨੇ ਆਪਣਾ ਹੱਕ ਫ਼ੋਰਗੋ ਕਰ ਦਿੱਤਾ ਹੈ। Then it is your pleasure. You have called upon Shri Prem Gupta.

**ਸ੍ਰੀ ਸਪੀਕਰ** : ਮੇਰਾ ਖਿਆਲ ਹੈ ਕਿ ਹਾਊਸ ਇੰਟਰੈਸਟਿਡ ਹੋਵੇਗਾ ਕਿ ਉਹ ਬੋਲਣ ਤਾਂ ਜੋ ਤੁਸੀਂ ਕ੍ਰਿਟੀਸਾਈਜ਼ ਕਰ ਸਕੋ ।

Original with;
Punjab Vidhan Sabha
Digitized by;
Panjab Digital Library

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਸਰਦਾਰ ਉਮਰਾਓ ਸਿੰਘ ਨੂੰ ਬੋਲਣੋਂ ਨਹੀਂ ਰੋਕਣਾ ਚਾਹੁੰਦਾ। ਪਰ ਜਦੋਂ ਸਪੀਕਰ ਸਾਹਿਬ ਕਿਸੇ ਨੂੰ ਬੋਲਣ ਲਈ ਕਾਲ ਅਪਾਨ ਕਰ ਲੈਣ ਤਾਂ ਉਸ ਵਕਤ... (ਵਿਘਨ)

**ਸ੍ਰੀ ਸਪੀਕਰ** : ਮਨਿਸਟਰ ਸਾਹਿਬਾਨ ਨੂੰ ਇਸ ਗੱਲ ਦਾ ਪ੍ਰਿਵਿਲਜ ਹੈ।

**ਕੈਪਟਨ ਰਤਨ ਸਿੰਘ** : ਬਿਲਕੁਲ ਨਹੀਂ ਜੀ ।

**Mr. Speaker**: The Ministers have got the privileges. (*Interruption*)

**ਮਾਲ ਅਤੇ ਚੋਣ ਮੰਤਰੀ** : (ਸਰਦਾਰ ਉਮਰਾਓ ਸਿੰਘ) ਸਪੀਕਰ ਸਾਹਿਬ, ਬਾਈਕੈਮਰਲਿਜ਼ਮ ਜਿਸ ਨੂੰ ਅਸੀਂ ਡੈਮੋਕਰੇਟਿਕ ਸੈਟਅੱਪ ਵਿਚ ਇਕ ਲੋਅਰ ਹਾਊਸ ਅਤੇ ਇਕ ਅਪਰ ਹਾਊਸ ਕਹਿੰਦੇ ਹਾਂ। ਜਿੰਨੇ ਵੀ ਦੁਨੀਆਂ ਦੇ ਡੈਮੋਕਰੇਟਿਕ ਕੰਟਰੀਜ਼ ਹਨ ਜੇ ਵੇਖਿਆ ਜਾਵੇ ਤਾਂ ਉਸ ਵਿਚ ਬਹੁਤ ਗਿਣਤੀ ਦੇ ਮੁਲਕਾਂ ਵਿਚ ਦੋ ਚੈਂਬਰ ਹਨ । ਉਨ੍ਹਾਂ ਦੋ ਚੈਂਬਰਾਂ ਵਿਚ ਇਕ ਚੈਂਬਰ ਡਾਇਰੈਕਟਲੀ ਐਡਲਟ ਫ਼ਰੈਂਚਾਈਜ਼ ਮੁਤਾਬਕ, ਜੋ ਵੀ ਉਸ ਮੁਲਕ ਵਿਚ ਸਿਸਟਮ ਹੁੰਦਾ ਹੈ ਮੁਖਤਲਿਫ ਤਰੀਕਿਆਂ ਨਾਲ ਚੁਣਿਆਂ ਜਾਂਦਾ ਹੈ, ਅਤੇ ਦੂਸਰਾ ਚੈਂਬਰ ਹੈ ਅੱਪਰ ਹਾਊਸ, ਜਿਸ ਦਾ ਸਾਡੇ ਵਿਧਾਨ ਵਿਚ ਵੀ ਪ੍ਰੋਵੀਜ਼ਨ ਹੈ । ਇਸ ਤੋਂ ਪਹਿਲਾਂ ਕਿ ਮੈਂ ਉਨ੍ਹਾਂ ਦਾ ਜ਼ਿਕਰ ਕਰਾਂ ਮੈਂ ਇਹ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਇਸ ਪੰਜਾਬ ਵਿਚ ਅੱਗੇ ਅੱਪਰ ਹਾਊਸ ਰਿਹਾ ਹੈ । ਉਸ ਹਾਊਸ ਨੇ ਬੜੇ ਅੱਛੇ ਅੱਛੇ ਕੰਮ ਕੀਤੇ ਹਨ । ਉਸ ਦੇ ਵਿਚ ਬੜੇ ਚੰਗੇ ਚੰਗੇ ਵਿਅਕਤੀ ਉਸ ਦੇ ਮੈਂਬਰ ਰਹੇ ਹਨ ਉਨ੍ਹਾਂ ਦਾ ਜ਼ਿਕਰ ਮੈਂ ਬਾਅਦ ਵਿਚ ਕਰਾਂਗਾ, ਪਰ ਪਹਿਲਾਂ, ਸਪੀਕਰ ਸਾਹਿਬ, ਮੈਂ ਇਸ ਗੱਲ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਜਦੋਂ ਵਿਧਾਨ ਬਣਾਇਆ ਗਿਆ ਉਥੇ ਇਸ ਗੱਲ ਤੇ ਬੜੀ ਬਹਿਸ ਹੋਈ ਕਿ ਸੈਂਟਰ ਵਿਚ ਦੋ ਹਾਊਸ ਹੋਣੇ ਚਾਹੀਦੇ ਹਨ ਔਰ ਸਟੇਟਸ ਵਿਚ ਵੀ ਦੋ ਹਾਊਸ ਹੋਣੇ ਚਾਹੀਦੇ ਹਨ । ਉਸ ਵੱਕਤ ਕੁਝ ਐਸੇ ਸੂਬੇ ਜਿਨ੍ਹਾਂ ਸੂਬਿਆਂ ਦੇ ਲੋਕ ਇਹ ਚਾਹੁੰਦੇ ਸਨ ਕਿ ਦੋ ਹਾਊਸ ਹੋਣ ਜਿਸ ਵਿਚ ਪੰਜਾਬ, ਯੂ. ਪੀ. , ਬਿਹਾਰ, ਵੈਸਟ ਬੰਗਾਲ, ਆਂਧਰਾ ਪ੍ਰਦੇਸ਼, ਕਰਨਾਟਕਾ ਅਤੇ ਮਹਾਂਰਾਸ਼ਟਰ, ਇਨ੍ਹਾਂ ਸਾਰਿਆਂ ਵਿਚ ਦੋ ਹਾਊਸ ਬਣ ਗਏ । ਕੁੱਝ ਚਿਰ ਹੋਇਆ ਇਸ ਹਾਊਸ ਵਿਚ ਇਕ ਰੈਜ਼ੋਲਿਊਸ਼ਨ ਪਾਸ ਕੀਤਾ ਗਿਆ, ਮੇਰੇ ਕਹਿਣ ਦਾ ਮਕਸਦ ਇਹ ਹੈ ਕਿ ਉਸ ਵੇਲੇ ਅਕਾਲੀ ਵੀਰਾਂ ਨੇ ਇਹ ਗੱਲ ਮਹਿਸੂਸ ਕੀਤੀ , ਮੈਂ ਉਨ੍ਹਾਂ ਸੱਜਣਾਂ ਦੀ ਯਾਦ ਨੂੰ ਤਾਜ਼ਾ ਕਰਨਾ ਚਾਹੁੰਦਾ ਹਾਂ ਕਿ ਜਦੋਂ ਉਹ ਹਾਊਸ ਤੋੜਿਆ ਗਿਆ ਉਥੇ ਬਜਾਇ ਕਿਸੇ ਅਸੂਲ ਦੇ ਜਾਂ ਕਿਸੇ ਗੱਲ ਦੀ ਦਲੀਲ ਦੇ , ਜਾਂ ਮੁਲਕ ਦੀ ਗੱਲ ਦੇ ਬਲਕਿ ਉਨ੍ਹਾਂ ਦੀ ਇਹ ਰਾਏ ਸੀ ਕਿ ਫਲਾਂ ਫਲਾਂ ਵਿੱਅਕਤੀ ਨਾ ਪੰਸਦ—ਦੀਦਾ ਹਨ । ਇਸ ਕਰਕੇ ਇਸ ਹਾਊਸ ਨੂੰ ਨਹੀਂ ਰਖਣਾ ਚਾਹੀਦਾ । ਮੈਂ ਅਰਜ਼ ਕਰਦਾ ਹਾਂ ਕਿ ਇਹ ਹਾਊਸ ਕਿਸੇ ਵਿਅਕਤੀ ਵਾਸਤੇ ਜਾਂ ਕਿਸੇ ਪਾਰਟੀ ਵਾਸਤੇ ਬਿਲਕੁਲ ਨਹੀਂ ਬਣਾਇਆ ਜਾਂਦਾ। ਇਸ ਦਾ ਮਕਸਦ ਹੋਰ ਵਾਈਡਰ ਹੈ । ਜੋ ਉਨ੍ਹਾਂ ਦੀ ਬਣਤਰ ਜਿਹੜੀ ਵਿਧਾਨ ਵਿਚ ਹੈ ਜੇ ਉਸ ਨੂੰ ਵੇਖਿਆ ਜਾਵੇ ਉਸ ਦੇ ਮੁਤਾਬਕ ਅਪਰ ਹਾਊਸ ਦਾ ਬਹੁਤ ਸਾਰਾ ਹਿੱਸਾ ਇਸ ਹਾਊਸ ਦੇ ਅਸੈਂਬਲੀ ਦੇ ਮੈਂਬਰ ਚੁਣਦੇ ਹਨ ।

ਸਪੀਕਰ ਸਾਹਿਬ, ਸਾਨੂੰ ਆਪਣੇ ਮੈਂਬਰਾਂ ਦੀ ਸਿਆਣਪ ਤੇ ਪੂਰਾ ਭਰੋਸਾ ਹੈ ਕਿ ਇਹ ਆਪਣਾ ਅਧਿਕਾਰ ਵਰਤ ਕੇ ਚੰਗੇ ਮੈਂਬਰ ਉਸ ਹਾਊਸ ਵਿਚ ਚੁਣ ਕੇ ਭੇਜਣਗੇ । ਇਹ ਚੰਗੇ ਮੈਂਬਰ ਚੁਣ ਕੇ ਭੇਜਦੇ ਵੀ ਰਹੇ ਹਨ ਅਤੇ ਅਗਾਂਹ ਵੀ ਭੇਜਣਗੇ । ਇਸ ਅੱਪਰ ਹਾਊਸ ਦਾ ਤੀਜਾ ਹਿੱਸਾ ਲੋਕਲ ਬਾਡੀਜ਼ ਵਲੋਂ ਆਉਂਦਾ ਹੈ । ਸਾਡੇ ਪੰਜਾਬ ਵਿਚ ਲੋਕਲ ਬਾਡੀਜ਼ ਦਾ ਸਿਸਟਮ ਹਿੰਦੁਸਤਾਨ ਦੇ ਸਾਰਿਆਂ ਸੂਬਿਆਂ ਨਾਲੋਂ ਬੇਹਤਰ ਹੈ। ਸਾਡੀਆਂ ਕਮੇਟੀਆਂ ਜ਼ਿਲ੍ਹਾਂ ਪ੍ਰੀਸ਼ਦਾਂ, ਪੰਚਾਇਤ ਸੰਮਤੀਆਂ ਨੇ ਇਤਨਾ ਐਫੀਸ਼ੀ—

Original with;
Punjab Vidhan Sabha
Digitized by;
Panjab Digital Library

ਐਂਟਲੀ ਕੰਮ ਕੀਤਾ ਹੈ ਆਪਣੇ ਆਪਣੇ ਇਲਾਕੇ ਵਾਸਤੇ ਕਿ ਉਨ੍ਹਾਂ ਨੂੰ ਆਪਣੇ ਮੈਂਬਰ ਚੁਣਨ ਦਾ ਹੱਕ ਦੇ ਕੇ ਉਨ੍ਹਾਂ ਦੇ ਇੰਟਰੈਸਟ ਕੌਂਸਲ ਵਿੱਚ ਲਿਆਉਣਾ ਬੜਾ ਜ਼ਰੂਰੀ ਹੈ। ਇਸ ਤੋਂ ਇਲਾਵਾ ਕੁਝ ਇੰਟਲੈਕਚੂਅਲਜ਼ ਜਿਹੜੇ ਕਿ ਗਰੈਜੂਏਟਸ ਰਾਹੀਂ, ਟੀਚਰਜ਼ ਰਾਹੀਂ ਇਸ ਕੌਂਸਲ ਵਿਚ ਲਿਆਏ ਜਾ ਸਕਦੇ ਹਨ । ਟੀਚਰਜ਼ ਜਿਹੜੀ ਕਿ ਇਕ ਐਸੀ ਕਲਾਸ ਸਮਝੀ ਜਾਂਦੀ ਹੈ ਜਿਹੜੀ ਕਿ ਸਾਨੂੰ ਵਿਦਿਆ ਦਿੰਦੀ ਹੈ, ਤਾਲੀਮ ਦਿੰਦੀ ਹੈ ਅਤੇ ਤਾਲੀਮ ਦੀ ਰੋਸ਼ਨੀ ਦਿੰਦੀ ਹੈ। ਇਸ ਤੋਂ ਇਲਾਵਾ ਕੁੱਝ ਮੈਨ ਆਫ ਫ਼ਾਈਨ ਆਰਟਸ ਲਿਟਰੇਚਰ ਅਤੇ ਸਾਇੰਸ, ਜਿਨ੍ਹਾਂ ਦੀ ਆਪਣੇ ਆਪਣੇ ਖੇਤਰਾਂ ਵਿਚ ਬੜੀ ਭਾਰੀ ਕੰਟਰੀਬਿਊਸ਼ਨ ਹੁੰਦੀ ਹੈ ਉਨ੍ਹਾਂ ਨੂੰ ਵੀ ਗਵਰਨਰ ਸਾਹਿਬ ਨਾਮਜ਼ਦ ਕਰ ਸਕਦੇ ਹਨ। ਇਸ ਅੱਪਰ ਹਾਊਸ ਵਿਚ ਜਦੋਂ ਇਹ ਹਾਊਸ ਬਿੱਲ ਪਾਸ ਕਰਕੇ ਭੇਜਦਾ ਹੈ ਤਾਂ ਉਹ ਰਿਵਿਊ ਕਰ ਸਕਦਾ ਹੈ, ਤਜਵੀਜ਼ ਦੇ ਸਕਦਾ ਹੈ। ਜਿਹੜੀ ਉਸ ਹਾਊਸ ਦੀ ਮੈਚਿਉਰਟੀ ਹੈ ਰਿਵਿਊ ਕਰਨ ਦੀ, ਉਹ ਸਾਨੂੰ ਉਸ ਹਾਊਸ ਤੋਂ ਮਿਲ ਸਕਦੀ ਹੈ । ਕਈ ਦਫਾ ਇਥੇ ਕਿਹਾ ਜਾਂਦਾ ਹੈ ਕਿ ਬਿੱਲ ਬੜੀ ਛੇਤੀ ਪਾਸ ਕਰਕੇ ਲੈ ਗਏ ਹਨ । ਕਈ ਦਫਾ ਇਸ ਤਰਾਂ ਹੋ ਵੀ ਜਾਂਦਾ ਹੈ। ਇਸ ਕਰਕੇ ਅੱਪਰ ਹਾਊਸ ਇਸ ਕਿਸਮ ਦੇ ਲੈਜਿਸਲੇਸ਼ਨ ਉਤੇ ਬੜਾ ਭਾਰੀ ਚੈਕ ਰਖਦਾ ਹੈ। ਉੱਥੇ ਸਮਝਦਾਰ, ਸਿਆਣੇ ਮੈਂਬਰ ਹੋਣ ਕਰਕੇ, ਉਸ ਚੀਜ਼ ਨੂੰ ਦੁਬਾਰਾ ਘੋਖਿਆ ਜਾ ਸਕਦਾ ਹੈ ਅਤੇ ਜੋ ਗੱਲ ਰਹਿ ਜਾਂਦੀ ਹੈ ਉਸ ਦੇ ਬਾਰੇ ਫਿਰ ਅਸੈਂਬਲੀ ਨੂੰ ਬਿੱਲ ਵਾਪਸ ਭੇਜ ਦਿੰਦੇ ਹਾਂ । ਪੰਜਾਬ ਦੇ ਲੈਜਿਸਲੇਟਿਵ ਇਤਹਾਸ ਵਿੱਚ ਕਈ ਐਸੇ ਮੌਕੇ ਆਏ ਜਦੋਂ ਕੌਂਸਲ ਨੇ ਬੜੀਆਂ ਅੱਛੀਆਂ ਅੱਛੀਆਂ ਤੱਜਵੀਜ਼ਾਂ ਦਿੱਤੀਆਂ ਹਨ ਜਿਨ੍ਹਾਂ ਨੂੰ ਕਿ ਅਸੈਂਬਲੀ ਨੇ ਪ੍ਰਵਾਨ ਕੀਤਾ । ਇਸ ਤੋਂ ਇਲਾਵਾ ਸਪੈਸ਼ਲ ਇੰਟਰੈਸਟ ਹੁੰਦੇ ਹਨ, ਜਿਸ ਤਰਾਂ ਮੈਂ ਟੀਚਰਜ਼ ਬਾਰੇ ਜ਼ਿਕਰ ਕੀਤਾ ਹੈ, ਫਾਰਮਰਜ, ਟਰੇਡ—ਯੂਨੀਅਨਿਸਟ, ਲੋਕਲ ਬਾਡੀਜ਼, ਮਾਇਨਾਰਿਟੀਜ਼ । ਅਸੀਂ ਪੰਜਾਬ ਵਿੱਚ ਹਮੇਸ਼ਾਂ ਇਸ ਗੱਲ ਵੱਲ ਧਿਆਨ ਦਿੰਦੇ ਰਹੇ ਹਾਂ ਅਤੇ ਮੁੱਦਈ ਹਾਂ ਕਿ ਮਾਇਨਾਰਿਟੀਜ਼ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ । ਕਈ ਕਿਸਮ ਦੀਆਂ ਮਾਇਨਾਰਿਟੀਜ਼ ਇਥੇ ਹਨ । ਇਥੇ ਕ੍ਰਿਸਚੀਅਨ ਵੀ ਹਨ। ਕੋਈ ਹਲਕਾ ਐਸਾ ਨਹੀਂ ਜਿਥੋਂ ਉਹ ਇਲੈਕਟ ਹੋਕੇ ਆ ਸਕਣ ਕ੍ਰਿਸਚੀਅਨਜ਼ ਦੇ ਨੁਮਾਇੰਦੇ ਸਾਡੇ ਅੱਪਰ ਹਾਊਸ ਵਿੱਚ ਰਹੇ ਹਨ । ਇਸ ਤਰ੍ਹਾਂ ਬਾਲਮੀਕੀ ਸੱਜਣ ਹਨ । ਬੈਕਵਰਡ ਕਲਾਸਿਜ਼ ਦੇ ਹਨ ਜਿਨ੍ਹਾਂ ਨੂੰ ਨੁਮਾ-ਇੰਦਗੀ ਦਿੱਤੀ ਜਾ ਸਕਦੀ ਹੈ ਕਿਉਂਕਿ ਵਿਧਾਨ ਵਿੱਚ ਬੈਕਵਰਡ ਕਲਾਸਿਜ਼ ਲਈ ਕੋਈ ਰਿਜ਼ਰਵੇਸ਼ਨ ਨਹੀਂ ਰਖੀ ਗਈ, ਸ਼ਡਿਊਲਡ ਕਾਸਟਸ ਲਈ ਤਾਂ ਹੈ। ਐਸੀਆਂ ਕਲਾਸਿਜ਼ ਨੂੰ ਅਸੈਂਬਲੀ ਰਾਹੀਂ ਜਾਂ ਕਿਸੇ ਹੋਰ ਤਰੀਕੇ ਨਾਲ ਨੁਮਾਇੰਦਗੀ ਦਿਤੀ ਜਾ ਸੱਕਦੀ ਹੈ । ਇਸ ਤੋਂ ਇਲਾਵਾ, ਸਪੀਕਰ ਸਾਹਿਬ, ਇੰਟਲੈਕਚੂਅਲਜ਼ ਹਨ ਜਿਨ੍ਹਾਂ ਦੀ ਕਿ ਬੜੀ ਭਾਰੀ ਕੰਟਰੀਬਿਊਸ਼ਨ ਹੋ ਸਕਦੀ ਹੈ । ਜਿਨ੍ਹਾਂ ਦੀ ਨਾਲਿਜ ਬੜੀ ਵੈਲਿਊਏਬਲ ਹੈ। ਜਿਹੜੇ ਬੜੇ ਭਾਰੀ ਐਕਸਪਰਟ ਹਨ, ਉਨ੍ਹਾਂ ਨੂੰ ਅਸੀਂ ਆਪਣੀ ਇਸ ਅੱਪਰ ਹਾਊਸ ਨਾਲ ਸਬੰਧਤ ਕਰ ਸਕਦੇ ਹਾਂ। ਮੈਂ ਸਮਝਦਾ ਹਾਂ ਕਿ ਸਾਡੇ ਵਾਸਤੇ ਇਹ ਬੜੀ ਚੰਗੀ ਗਲ ਹੈ ਖੁਸ਼ੀ ਦੀ ਗੱਲ ਹੈ ਜੇ ਅਸੀਂ ਇੰਟਲੈਕਚੂਅਲਜ਼ ਨੂੰ ਆਪਣੀ ਲੈਜਿਸਲੇਚਰ ਨਾਲ ਸਬੰਧਤ ਕਰ ਸਕੀਏ। ਜੇ ਅਸੀਂ ਉਨ੍ਹਾਂ ਨੂੰ ਇਲੈਕਸ਼ਨ ਰਾਹੀਂ ਐਸਬਲੀ ਵਿੱਚ ਨਹੀਂ ਲਿਆ ਸਕਦੇ ਤਾਂ ਅੱਪਰ ਹਾਊਸ ਵਿੱਚ ਤਾਂ ਲਿਆ ਸਕਦੇ ਹਾਂ । ਮੈਂ ਗੁਜ਼ਾਰਸ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੇ ਅੱਪਰ ਹਾਊਸ ਵਿੱਚ ਐਸੀਆਂ ਐਸੀਆਂ ਹਸਤੀਆਂ ਹੋਈਆਂ ਹਨ ਜਿਨ੍ਹਾਂ ਦਾ ਨਾਮ ਮੈਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਤਾਂ ਕਿ ਕੁੱਝ ਸੱਜਣ ਜਿਹੜੇ ਆਪਣੀ ਯਾਦਾਸ਼ਤ ਭੁਲਾ ਚੁੱਕੇ ਹਨ, ਉਨ੍ਹਾਂ ਦੀ ਯਾਦਾਸ਼ਤ ਤਾਜ਼ਾ ਹੋ ਸਕੇ। ਸਾਡੇ ਇਥੇ ਲਿਟਰੇਰੀ ਸੱਜਣ ਭਾਈ ਜੋਧ ਸਿੰਘ , ਪ੍ਰਿਸੀਪਲ ਸੂਰਜ ਭਾਨ ਵਰਗੇ ਇਸ ਹਾਊਸ ਦੇ ਮੈਂਬਰ ਰਹੇ ਹਨ।

**ਸ੍ਰੀਮਤੀ ਸਾਜਿਦਾ ਬੇਗਮ** : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਥੇ ਮਾਇਨਾਰਿਟੀਜ਼ ਦਾ ਜ਼ਿਕਰ ਕਰਦੇ ਹੋਏ ਮੁੰਹਮਡਨਜ਼ ਦਾ ਜ਼ਿਕਰ ਨਹੀਂ ਕੀਤਾ ਜਾਂਦਾ । ਇਨ੍ਹਾਂ ਨੂੰ ਕ ਤਕਲੀਫ ਹੈ, ਇਹ ਮੁੰਹਮਡਨਜ਼ ਦਾ ਜ਼ਿਕਰ ਨਹੀਂ ਕਰਦੇ ?

Original with;
Punjab Vidhan Sabha
Digitized by;
Panjab Digital Library

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਬੇਗਮ ਸਾਹਿਬਾ ਨੇ ਬਿਲਕੁਲ ਹਕੀਕਤ ਬਿਆਨ ਕੀਤੀ ਹੈ । ਜਿਥੇ ਹੋਰ ਮਾਇਨਾਰਿਟੀਜ਼ ਹਨ ਉਥੇ ਪੰਜਾਬ ਵਿੱਚ ਮੁਸਲਮਾਨ ਮਾਇਨਾਰਿਟੀਜ਼ ਦੀ ਵੀ ਪੰਜਾਬ ਦੀ ਡਿਵੈਲਪਮੈਂਟ ਵਿੱਚ ਬੜੀ ਭਾਰੀ ਕੰਟਰੀਬਿਊਸ਼ਨ ਹੈ । ਉਨ੍ਹਾਂ ਦਾ ਵੀ ਖਿਆਲ ਰਖਿਆ ਜਾ ਸਕਦਾ ਹੈ । ਸਪੀਕਰ ਸਾਇਬ, ਭਾਈ ਵੀਰ ਸਿੰਘ ਵਰਗੇ, ਜਿਨ੍ਹਾਂ ਦਾ ਨਾਂ ਲੈਂਦੇ ਹੋਏ ਹੀ ਉਨ੍ਹਾਂ ਦੀ ਅਕੀਦਤ ਵਿੱਚ ਸਿਰ ਝੁੱਕ ਜਾਂਦਾ ਹੈ। ਸਪੀਕਰ ਸਾਹਿਬ, ਭਾਈ ਵੀਰ ਸਿੰਘ ਜੀ ਦੀ ਜੋ ਪੰਜਾਬ ਲਈ ਕੰਟਰੀਬਿਊਸ਼ਨ ਹੈ ਅਗਰ ਐਸੇ ਵਿਅਕਤੀ ਵਾਸਤੇ ਇਕ ਸਪੈਸ਼ਲ ਕੌਂਸਲ ਬਣਾਉਣੀ ਪਵੇ ਤਾਂ ਵੀ ਬਹੁਤੀ ਨਹੀਂ । ਐਸੇ ਵਿਅਕਤੀ ਸਾਨੂੰ ਮਿਲ ਸਕਣ, ਇਥੇ ਆ ਕੇ ਆਪਣੀ ਕੰਟਰੀਬਿਊਸ਼ਨ ਸਾਨੂੰ ਦੇ ਸਕਣ ਮੈਂ ਸਮਝਦਾ ਹਾਂ ਕਿ ਸਾਡੀ ਖੁਸ਼ਕਿਸਮਤੀ ਹੋਵੇਗੀ । ਇਥੇ ਸ਼੍ਰੀਮਤੀ ਪ੍ਰਭਜੋਤ ਕੌਰ, ਸ੍ਰੀ ਐਸ. ਜੀ. ਠਾਕਰ ਸਿੰਘ ਵਰਗੇ ਆਰਟਿਸਟ, ਜਿਹੜੇ ਕਿ ਹਿੰਦੁਸਤਾਨ ਵਿੱਚ ਹੀ ਨਹੀਂ ਸਗੋਂ ਸਾਰੇ ਵਰਲਡ ਵਿੱਚ ਮਸ਼ਹੂਰ ਹਨ, ਇਸ ਹਾਊਸ ਦੇ ਮੈਂਬਰ ਰਹੇ ਹਨ । ਪ੍ਰਿੰਸੀਪਲ ਸੂਰਜ ਭਾਨ ਵਰਗੇ ਐਜੂਕੇਸ਼ਨਿਸਟ ਇਸ ਅੱਪਰ ਹਾਊਸ ਦੇ ਮੈਂਬਰ ਰਹੇ ਹਨ । ਵੱਡੇ ਵੱਡੇ ਰੈਵੋਲਿਊਸ਼ਨਰੀ, ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਦੇਸ਼ ਦੀ ਕੁਰਬਾਨੀ ਵਾਸਤੇ ਲਾਈ, ਉਨ੍ਹਾਂ ਨੂੰ ਇਸ ਅੱਪਰ ਹਾਊਸ ਵਿੱਚ ਲਿਆਂਦਾ ਜਾ ਸਕਦਾ ਹੈ । ਸ੍ਰੀ ਦੁਰਗਾ ਦਾਸ ਖੰਨਾ, ਸ੍ਰੀ ਅਵਤਾਰ ਨਰਾਇਣ ਗੁਜਰਾਲ, ਅਤੇ ਸੇਠ ਰਾਮ ਨਾਥ ਵਰਗੇ ਇਸ ਅੱਪਰ ਹਾਊਸ ਦੇ ਮੈਂਬਰ ਰਹੇ ਹਨ । ਇਸ ਤੋਂ ਇਲਾਵਾ ਵੱਡੇ ਵੱਡੇ ਪਾਰਲੀਮੈਂਟੇਰੀਅਨ, ਮਾਸਟਰ ਹਰੀ ਸਿੰਘ ਜਿਨ੍ਹਾਂ ਦੀ ਕੰਟਰੀਬਿਊਸ਼ਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ , ਇਸ ਅੱਪਰ ਹਾਊਸ ਵਿੱਚ ਰਹੇ ਹਨ । ਜੇ ਕੌਂਸਲ ਦੇ ਵਰਕੇ ਨੂੰ ਫੋਲਿਆ ਜਾਵੇ ਤਾਂ ਮਾਸਟਰ ਹਰੀ ਸਿੰਘ ਦੀ ਪੰਜਾਬ ਅਤੇ ਪੰਜਾਬ ਦੇ ਲੋਕਾਂ ਪ੍ਰਤੀ ਜੋ ਕੰਟਰੀਬਿਊਸ਼ਨ ਹੈ , ਉਹ ਬਹੁਤ ਜ਼ਿਆਦਾ ਹੈ। ਸ੍ਰੀ ਤੇਜਾ ਸਿੰਘ ਸੁਤੰਤਰ, ਸਰਦਾਰ ਉੱਜਲ ਸਿੰਘ ਵਰਗੇ ਆਦਮੀ ਇਸ ਅੱਪਰ ਹਾਊਸ ਦੇ ਮੈਂਬਰ ਰਹੇ ਹਨ । ਸਪੀਕਰ ਸਾਹਿਬ, ਸਾਡੇ ਇਕ ਬਹੁਤ ਵੱਡੇ ਕਿਸਾਨ ਨੇਤਾ ਹੋਏ ਹਨ ਸ੍ਰੀ ਸ੍ਰੀ ਚੰਦ ਉਨ੍ਹਾਂ ਨੇ ਕਿਸਾਨਾਂ ਵਾਸਤੇ ਬੜਾ ਕੰਮ ਕੀਤਾ । ਉਨ੍ਹਾਂ ਨੂੰ ਵੀ ਪੰਜਾਬ ਦੀ ਕੌਂਸਲ ਵਿੱਚ ਸੇਵਾ ਕਰਨ ਦਾ ਮੌਕਾ ਮਿਲਿਆ, ਯਸ਼ ਜੀ, ਵਰਿੰਦਰ ਜੀ ਵਰਗੇ ਜਰਨਲਿਸ਼ਟਾਂ ਨੂੰ ਵੀ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਅੱਪਰ ਹਾਊਸ ਵਿੱਚ ਮਿਲਿਆ । ਇਸੇ ਤਰਾਂ ਟੀਚਰਜ਼ ਦੇ ਨੁਮਾਇੰਦੇ ਪ੍ਰੇਮ ਗੁਪਤਾ ਜੀ, ਗੋਪਾਲ ਕ੍ਰਿਸ਼ਨ ਚਤਰਥ ਅਤੇ ਮਾਸਟਰ ਗੁਰਚਰਨ ਸਿੰਘ ਵੀ ਇਸ ਅੱਪਰ ਹਾਊਸ ਦੇ ਮੈਂਬਰ ਰਹੇ ਹਨ । ਮਾਸਟਰ ਗੁਰਚਰਨ ਸਿੰਘ ਨੇ ਸਾਰੀ ਉਮਰ ਟੀਚਰਜ਼ ਦੀ ਸੇਵਾ ਕੀਤੀ ਹੈ , ਉਨ੍ਹਾਂ ਦੇ ਕਾਜ਼ ਵਾਸਤੇ ਲੜਦੇ ਰਹੇ ਹਨ। ਕੌਂਸਲ ਵਿੱਚ ਬੈਠ ਕੇ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਨੁਮਾਇੰਦਗੀ ਕੀਤੀ । ਇਸ ਤਰਾਂ ਆਚਾਰੀਆ ਜੀ ਨੇ ਵੀ ਕੌਂਸਲ ਵਿੱਚ ਰਹਿ ਕੇ ਪੰਜਾਬ ਦੇ ਲੋਕਾਂ ਦੀ ਬੜੀ ਸੇਵਾ ਕੀਤੀ । ਹੋਰ ਬੜੇ ਸੱਜਣ ਹਨ ਜਿਨ੍ਹਾਂ ਨੇ ਕੌਂਸਲ ਵਿੱਚ ਆ ਕੇ ਬੜੀ ਭਾਰੀ ਕੰਟਰੀਬਿਊਸ਼ਨ ਕੀਤੀ । ਸਾਡੇ ਭਰਾਵਾਂ ਨੇ ਕਿਸੇ ਖਾਸ ਜਜ਼ਬੇ ਵਿੱਚ ਆ ਕੇ ਬੜੀ ਕਾਹਲੀ ਨਾਲ ਇਕ ਰੈਜ਼ੋਲਿਊਸ਼ਨ ਪਾਸ ਕਰਾ ਲਿਆ ।

**ਸ੍ਰੀ ਸਪੀਕਰ** : ਹਾਊਸ ਵਿੱਚ ਬੈਠ ਕੇ ਗੱਲਾਂ ਕਰਨ ਦੀ ਆਦਤ ਅੱਛੀ ਨਹੀਂ ਲਗਦੀ । ਹਾਊਸ ਦੇ ਡੈਕੋਰਮ ਅਤੇ ਡਿਗਨਟੀ ਨੂੰ ਮੈਂਬਰ ਸਾਹਿਬਾਨ ਨੂੰ ਕਾਇਮ ਰੱਖਣਾ ਚਾਹੀਦਾ ਹੈ ।

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਇਥੇ ਦਲੀਲ ਦਿੱਤੀ ਜਾਂਦੀ ਹੈ ਕਿ ਕੌਂਸਲ ਇੱਕ ਵਾਧੂ ਖਰਚਾ ਹੈ । ਕੌਂਸਲ ਦਾ ਖਰਚਾ ਇੱਕ ਡਿਵੀਜ਼ਨ ਦੇ ਕਮਿਸ਼ਨਰ ਦੇ ਦਫ਼ਤਰ ਨਾਲੋਂ ਵੱਧ ਨਹੀਂ । ਜੇ ਸਾਨੂੰ ਭਾਈ ਵੀਰ ਸਿੰਘ ਵਰਗੇ ਪੰਜਾਬ ਦੇ ਲੋਕ ਸੇਵਕ ਮਾਸਟਰ ਹਰੀ ਸਿੰਘ ਵਰਗੇ ਸਿਆਣੇ ਪਾਰਲੀ-ਮੈਂਟੇਰੀਅਨ .........

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਕਿ ਬੋਲਣਾ ਨਹੀਂ ਚਾਹੀਦਾ ਇਥੇ ਤਾਂ ਮੈਂਬਰਜ਼ ਜੱਫੀ ਪਾਕੇ ਬੈਠਦੇ ਹਨ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਹਾਊਸ ਵਿਚ ਜੱਫੀ ਬਿਲਕੁਲ ਨਹੀਂ ਪਾਉਣੀ ਚਾਹੀਦੀ। (ਹਾਸਾ)

**ਮਾਲ ਅਤੇ ਚੋਣ ਮੰਤਰੀ :** ਮੈਂ ਕਹਾਂਗਾ ਕਿ ਪੰਜਾਬ ਦੇ ਲੋਕ ਇਸ ਨੂੰ ਜੀ ਆਇਆ ਕਹਿਣਗੇ। ਪੰਜਾਬ ਦੇ ਲੋਕ ਖੁਸ਼ਹਾਲ ਹਨ। ਪੰਜਾਬ ਦਾ ਸੂਬਾ ਖੁਸ਼ਹਾਲ ਹੈ। ਪੰਜਾਬ ਦੇ ਲੋਕਾਂ ਵਿਚ ਇੰਟਲੈਕਚੂਅਲਜ਼, ਇੰਜੀਨੀਅਰਜ਼, ਡਾਕਟਰਜ਼, ਇਤਨੇ ਇਤਨੇ ਸਿਆਣੇ ਹਨ ਜਿਹੜੇ ਕਿ ਇਸ ਕੌਂਸਲ ਵਿਚ ਸਾਨੂੰ ਅਵੇਲੇਬਲ ਹੋ ਸਕਣਗੇ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਅਸੀਂ ਬੜੀ ਕੋਸ਼ਿਸ਼ ਕੀਤੀ ਕਿ ਅਸੈਂਬਲੀ ਦੀਆਂ ਸੀਟਾਂ 130 ਹੋ ਜਾਣ, ਪਰ ਇਹ ਨਹੀਂ ਹੋਈਆਂ। ਅਸੀਂ ਹੋਰ ਮੈਂਬਰ ਲਿਆਉਣਾ ਚਾਹੁੰਦੇ ਸੀ ਤਾਂ ਕਿ ਇਸ ਅਸੈਂਬਲੀ ਵਿਚ ਵਾਈਡਰ ਰਿਪਰਜ਼ੈਂਟੇਸ਼ਨ ਮਿਲ ਸਕੇ। ਹੁਣ ਇਹ ਕੌਂਸਲ ਬਣਨ ਨਾਲ ਅਸੀਂ ਚਾਹਾਂਗੇ ਕਿ ਕੁਝ ਹੋਰ ਵਿਅਕਤੀ ਸਾਡੇ ਨਾਲ ਐਸੋਸੀਏਟ ਹੋ ਕੇ ਪੰਜਾਬ ਦੇ ਲੋਕਾਂ ਦੀ ਅਸੀਂ ਸੇਵਾ ਕਰ ਸਕੀਏ। ।ਮੈਨੂੰ ਆਸ ਹੈ ਕਿ ਇਹ ਰੈਜ਼ੋਲਿਊਸ਼ਨ ਯੂਨਾਨੀਮਸਲੀ ਪਾਸ ਕਰ ਦਿੱਤਾ ਜਾਵੇਗਾ ਤਾਕਿ ਪਾਰਲੀਮੈਂਟ ਜਲਦੀ ਪੰਜਾਬ ਨੂੰ ਕੌਂਸਲ ਦੇਵੇ ਜਿਹੜੀ ਕਿ ਪੰਜਾਬ ਦੇ ਲੋਕਾਂ ਦੀ ਸੇਵਾ ਕਰ ਸਕੇ।

**ਕਾਮਰੇਡ ਸੱਤਪਾਲ ਡਾਂਗ** (ਅੰਮ੍ਰਿਤਸਰ) : ਸਪੀਕਰ ਸਾਹਿਬ, ਮੈਂ ਇਹ ਗੁਜ਼ਾਰਿਸ਼ ਕਰਾਂਗਾ ਕਿ ਇਹ ਇਕ ਕਾਫੀ ਅਹਿਮ ਮਸਲਾ ਹੈ। ਅੱਜ ਤੋਂ ਕੁਝ ਸਮਾਂ ਪਹਿਲਾਂ ਪੰਜਾਬ ਵਿਧਾਨ ਸਭਾ ਨੇ ਇਕ ਵੀ ਵੋਟ ਖਿਲਾਫ ਨਹੀਂ ਸੀ ਪਾਈ, ਕੈਪਟਨ ਸਾਹਿਬ ਤਕਰੀਰ ਕਰਕੇ ਤੁਰ ਗਏ ਹਨ, ਜਿਸ ਵੇਲੇ ਵੋਟਾਂ ਪਈਆਂ ਸਨ, ਸਰਵਸੰਮਤੀ ਨਾਲ ਪਾਰਲੀਮੈਂਟ ਨੂੰ ਸਿਫਾਰਸ਼ ਕੀਤੀ ਕਿ ਪੰਜਾਬ ਦੀ ਕੌਂਸਲ, ਦੂਜਾ ਚੈਂਬਰ ਖਤਮ ਕਰ ਦਿੱਤਾ ਜਾਵੇ। ਪਾਰਲੀਮੈਂਟ ਨੇ ਇਹ ਗੱਲ ਮੰਨ ਲਈ ਅਤੇ ਕੌਂਸਲ ਖਤਮ ਕਰ ਦਿੱਤੀ।

ਅੱਜ ਇਕ ਮੱਤਾ ਇਥੇ ਉਸ ਦੇ ਉਲਟ ਲਿਆਇਆ ਗਿਆ ਹੈ ਕਿ ਮੁੜ ਕੇ ਕੌਂਸਲ ਬਹਾਲ ਕੀਤੀ ਜਾਵੇ। ਪਤਾ ਨਹੀਂ ਇਸ ਦੌਰਾਨ ਵਿਚ ਕਿਹੜੇ ਨਵੇਂ ਹਾਲਾਤ ਪੈਦਾ ਹੋ ਗਏ ਜਿਸ ਕਾਰਨ ਇਹ ਮਤਾ ਇਥੇ ਲਿਆਂਦਾ ਗਿਆ ਹੈ। ਇਸ ਵਾਸਤੇ ਮੈਂ ਪਹਿਲੀ ਬੇਨਤੀ ਤਾਂ ਇਹ ਕਰਨੀ ਚਾਹੁੰਦਾ ਹਾਂ ਕਿ ਜਦੋਂ ਇਕ ਇਹੋ ਜਿਹਾ ਅਹਿਮ ਮਸਲਾ ਜੋ ਸਾਡੀ ਕਾਂਸਟੀਚਿਊਸ਼ਨ ਦੀ ਸਪਿਰਟ ਭੰਗ ਕਰਦਾ ਹੋਵੇ ਜੋ ਸਾਡੇ ਰੂਲਜ਼ ਦੀ ਸਪਿਰਿਟ ਭੰਗ ਕਰਦਾ ਹੋਵੇ, ਐਸੇ ਪਰੋਸੀਜਰ ਦੇ ਮਾਮਲੇ ਵਿਚ ਮੈਂ ਬੇਨਤੀ ਕਰਾਂਗਾ ਕਿ ਸਾਨੂੰ ਉਲੰਘਣਾ ਨਹੀਂ ਕਰਨੀ ਚਾਹੀਦੀ। ਸਪੀਕਰ ਸਾਹਿਬ, ਕਾਂਸਟੀਚਿਊਸ਼ਨ ਤੁਸੀਂ ਪੜ੍ਹ ਕੇ ਵੇਖ ਲਵੋ ਕਿ ਕੁੱਲ ਮੈਂਬਰਾਂ ਦੀ ਐਬਸੋਲਿਊਟ ਅਤੇ ਹਾਜ਼ਰ ਮੈਂਬਰਾ ਦੀ 2/3 ਮੈਜਾਰਿਟੀ ਦੀ ਅਕਸਰੀਅਤ ਨਾਲ ਇਹ ਮਤਾ ਪਾਸ ਹੋ ਸਕਦਾ ਹੈ। ਸਪੀਕਰ ਸਾਹਿਬ, ਸਾਡੀ ਪਾਰਟੀ ਦੇ ਅਕਾਲੀ ਪਾਰਟੀ ਨਾਲ ਤਿੱਖੇ ਮਤਭੇਦ ਹਨ। ਪਰ ਸਾਨੂੰ ਇਸ ਗੱਲ ਦਾ ਦੁੱਖ ਹੈ ਕਿ ਜਿਸ ਅਕਾਲੀ ਪਾਰਟੀ ਦਾ ਇਕ ਦੇਸ਼ ਭਗਤ ਹਿੱਸਾ ਜਿਹੜਾ ਕਿ ਗੁਰਦੁਆਰਿਆਂ ਦੀ ਅਜ਼ਾਦੀ ਵਾਸਤੇ ਅੰਗਰੇਜ਼ਾਂ ਦੇ ਖਿਲਾਫ ਲੜਿਆ ਹੋਵੇ ਅਤੇ ਅੱਜ ਜਦੋਂ ਅਮਰੀਕੀ ਸਾਮਰਾਜਵਾਦ ਦਾ ਖਤਰਾ ਸੀ ਤਾਂ ਮੈਨੂੰ ਇਹ ਅਫਸੋਸ ਹੈ ਕਿ ਇਨ੍ਹਾਂ ਦੇ ਲੀਡਰ ਜਨਸੰਘ ਨਾਲ ਮਿਲ ਕੇ ਉਹ ਕੰਮ ਕਰਨ ਜਿਹੜੇ ਕਿ ਜਨਸੰਘ ਵਾਲੇ ਜਾਂ ਆਨੰਦ ਮਾਰਗੀਏ ਕਰਦੇ ਹਨ ਤਾਂ ਅਸੀਂ ਇਸ ਦੀ ਵਿਰੋਧਤਾ ਕਰਦੇ ਹਾਂ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ .. ..

**ਸਰਦਾਰ ਰਣਧੀਰ ਸਿੰਘ ਚੀਮਾ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਡਾਂਗ ਸਾਹਿਬ ਨੇ ਹੁਣੇ ਹੀ ਸਾਡੀ ਪਾਰਟੀ ਦਾ ਜ਼ਿਕਰ ਕੀਤਾ ਹੈ, ਉਸ ਦੇ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ...

**ਸ੍ਰੀ ਸਪੀਕਰ :** ਤੁਸੀਂ ਵੀ ਬੋਲਦੇ ਹੋਏ ਪਾਰਟੀ ਦਾ ਜਵਾਬ ਦੇ ਲੈਣਾ।

**ਸਰਦਾਰ ਰਣਧੀਰ ਸਿੰਘ ਚੀਮਾ** : ** * **

---

**Expunged as ordered by the the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ।

**ਕਾਮਰੇਡ ਸੱਤਪਾਲ ਡਾਂਗ :** ਸਪੀਕਰ ਸਾਹਿਬ, ਮੈਂ ਤਫ਼ਸੀਲ ਵਿਚ ਨਹੀਂ ਜਾਣਾ ਚਾਹੁੰਦਾ । ਪੰਜਾਬ ਦੇ ਦੇਸ਼ ਭਗਤ ਸਿੱਖ ਕਿਸਾਨ ਇਸ ਗੱਲ ਦੀ ਆਸ ਕਰਦੇ ਸੀ ਕਿ ਅਕਾਲੀ ਪਾਰਟੀ ਐਮਰਜੈਂਸੀ ਦੀ ਮਦਦ ਕਰੇਗੀ ਅਤੇ 20 ਪੁਆਇੰਟ ਪ੍ਰੋਗਰਾਮ ਦੀ ਸਪੋਰਟ ਕਰੇਗੀ ਪਰ ਇਨ੍ਹਾਂ ਨੇ ਇਸ ਦੀ ਵਿਰੋਧਤਾ ਕੀਤੀ । ਅੱਜ ਜਦੋਂ ਸਾਡੀ ਪ੍ਰਧਾਨ ਮੰਤਰੀ ਰੋਜ਼ ਕਹਿੰਦੀ ਹੈ ਕਿ ਹਿੰਦੁਸਤਾਨ ਵਿਚ ਪਾਰਲੀਮੈਂਟਰੀ ਡੈਮੋਕਰੇਸੀ ਖਤਮ ਹੋਣ ਨਹੀਂ ਦਿੱਤੀ ਜਾਵੇਗੀ ਤਾਂ ਸਾਨੂੰ ਇਸ ਦੀ ਸਪੋਰਟ ਕਰਨੀ ਚਾਹੀਦੀ ਹੈ । ਇਹ ਜਿਹੜਾ ਅਹਿਮ ਮਸਲਾ ਇਸ ਵੇਲੇ ਇਸ ਹਾਊਸ ਵਿਚ ਲਿਆਂਦਾ ਗਿਆ ਹੈ ਇਸ ਦੇ ਲਈ ਕਾਂਸਟੀਚਿਊਸ਼ਨ ਦੇ ਮੁਤਾਬਿਕ ਹਾਜ਼ਰ ਮੈਂਬਰਾਂ ਦੀ 2/3 ਮੈਜਾਰਿਟੀ ਹੋਣੀ ਚਾਹੀਦੀ ਹੈ । ਇਸ ਲਈ ਇਹ ਮਤਾ ਇਸ ਵੇਲੇ ਇਥੇ ਨਹੀਂ ਸੀ ਲਿਆਉਣਾ ਚਾਹੀਦਾ ਜਦੋਂ ਕਿ ਹਾਊਸ ਦੇ 8 ਮੈਂਬਰ ਅੱਜ ਜੇਲ੍ਹ ਵਿਚ ਹਨ । ਇਹ ਜਿਹੜੀ ਕਾਂਸਟੀਚਿਊਸ਼ਨ ਦੀ ਸਪਿਰਟ ਹੈ ਇਸ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ । ਇਹ ਕੋਈ ਇਹੋ ਜਿਹਾ ਮਾਮਲਾ ਨਹੀਂ ਹੈ ਜਿਸ ਨੂੰ ਕਿ ਸਰਵਸੰਮਤੀ ਨਾਲ ਪਾਸ ਕੀਤਾ ਜਾਵੇ । ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਸ ਵੇਲੇ ਜਲਦਬਾਜ਼ੀ ਵਿਚ ਇਹ ਗਲਤ ਕੰਮ ਨਾ ਕਰੋ ।

ਸਪੀਕਰ ਸਾਹਿਬ, ਪਰਸੋਂ ਜਦੋਂ ਸ਼ੁਕਰਵਾਰ ਇਸ ਹਾਊਸ ਨੂੰ ਇਕ ਆਨਰੇਬਲ ਮੈਂਬਰ ਦੀ ਮਿਰਤੂ ਹੋ ਜਾਣ ਕਰਕੇ ਮੁਲਤਵੀ ਕਰ ਦਿੱਤਾ ਸੀ ਤਾਂ ਉਸ ਦਿਨ ਏਜੰਡੇ ਵਿਚ ਇਹ ਮਤਾ ਨਹੀਂ ਲਿਆਂਦਾ ਗਿਆ ਸੀ । ਪਰ ਇਸ ਦੋ ਦਿਨਾਂ ਦੇ ਦੌਰਾਨ ਅੱਜ ਇਸ ਮਤੇ ਨੂੰ ਇਸ ਏਜੰਡੇ ਦੇ ਵਿਚ ਲੈ ਆਏ ਹਨ । ਮੈਂ ਇਹ ਬੇਨਤੀ ਕਰਨੀ ਚਾਹਵਾਂਗਾ ਕਿ ਇਹ ਮਤਾ ਇਸ ਵੇਲੇ ਇਥੇ ਲਿਆਉਣਾ ਪਾਰਲੀਮੈਂਟਰੀ ਡੈਮੋਕਰੇਸੀ ਦੇ ਵਿਰੁੱਧ ਜਾਂਦਾ ਹੈ ।

ਸਪੀਕਰ ਸਾਹਿਬ, ਇਸ ਤੋਂ ਅੱਗੇ ਜਿਥੋਂ ਤਕ ਇਸ ਕੇਸ ਦੇ ਮੈਰਿਟ ਦਾ ਸਵਾਲ ਹੈ, ਅਗਰ ਕੋਈ ਵਕੀਲ ਕਿਸੇ ਅਦਾਲਤ ਵਿਚ ਕੋਈ ਅਜਿਹੀ ਬਹਿਸ ਕਰਦਾ ਹੋਵੇ ਜਿਹੜੀ ਕਿ ਦਰੁਸਤ ਨਾ ਹੋਵੇ ਤਾਂ ਜੱਜ ਸਾਹਿਬ ਉਸੇ ਵੇਲੇ ਕਹਿੰਦੇ ਹਨ ਕਿ ਇਹ ਗੱਲ ਕਿਸ ਤਰ੍ਹਾਂ ਕਹੀ ਜਾ ਰਹੀ ਹੈ, ਕਿਥੋਂ ਕੋਟ ਕੀਤੀ ਜਾ ਰਹੀ ਹੈ ਇਸ ਦਾ ਕੋਈ ਸਬੂਤ ਦਿਓ । ਇਥੇ ਸਪੀਕਰ ਸਾਹਿਬ, ਸਰਦਾਰ ਉਮਰਾਓ ਸਿੰਘ ਜੀ ਕਹਿ ਗਏ ਹਨ ਕਿ ਦੁਨੀਆਂ ਦੇ ਹਰ ਜਮਹੂਰੀ ਕੰਟਰੀ ਵਿਚ ਸੈਕਿੰਡ ਚੈਂਬਰ ਹੁੰਦੇ ਹਨ । ਮੈਂ ਬੜਾ ਹੈਰਾਨ ਹਾਂ ਕਿ ਇਹ ਕਿਹੜੇ ਮੁਲਕ ਨੂੰ ਜਮਹੂਰੀ ਮੰਨਦੇ ਹਨ, ਅਮਰੀਕਾ ਨੂੰ ਮੰਨਦੇ ਹਨ, ਬੁਲਗੇਰੀਆਂ ਨੂੰ ਮੰਨਦੇ ਹਨ, ਯੁਗੋਸਲਾਵੀਆ ਨੂੰ ਮੰਨਦੇ ਹਨ ਜਾਂ ਇੰਗਲਿਸਤਾਨ ਨੂੰ ਮੰਨਦੇ ਹਨ ...

**ਮਾਲ ਅਤੇ ਚੋਣ ਮੰਤਰੀ :** ਰੂਸ ਨੂੰ ਵੀ ਮੰਨਦੇ ਹਾਂ ।

**ਕਾਮਰੇਡ ਸੱਤਪਾਲ ਡਾਂਗ :** ਮੈਂ ਰੂਸ ਵੱਲ ਵੀ ਆਉਂਦਾ ਹਾਂ । ਮੈਂ ਇਹ ਪੁੱਛਦਾ ਹਾਂ ਕਿ ਇ ਕਿਹੜੇ ਮੁਲਕ ਨੂੰ ਜਮਹੂਰੀ ਕਹਿੰਦੇ ਹਨ, ਇਨ੍ਹਾਂ ਦੀ ਨਜ਼ਰ ਵਿਚ ਕਿਹੜਾ ਮੁਲਕ ਜਮਹਰੀ ਹੈ ? ਜੇ ਇਹ ਕੋਈ ਠੋਸ ਸੁਝਾਵ ਦੇਣਾ ਚਾਹੁੰਦੇ ਸੀ ਤਾਂ ਇਹ ਇਥੇ ਇਕ ਲਿਸਟ ਦੇ ਦਿੰਦੇ ਅਤੇ ਦਸਦੇ ਕਿ ਇਨ੍ਹਾਂ ਦੁਨੀਆਂ ਦੇ 60 ਮੁਲਕਾਂ ਵਿਚੋਂ 31 ਮੁਲਕਾਂ ਵਿਚ ਸੈਕਿੰਡ ਚੈਂਬਰ ਹਨ । ਸਪੀਕਰ ਸਾਹਿਬ, ਸਰਦਾਰ ਉਮਰਾਓ ਸਿਘ ਜੀ ਦੀ ਇਸ ਗੱਲ ਨੂੰ ਚੈਲੰਜ ਕਰਦਾ ਹਾਂ ਅਤੇ ਮੈਂ ਕਹਿੰਦਾ ਹਾਂ ਕਿ ਇਹ ਇਸ ਗੱਲ ਨੂੰ ਸਾਬਤ ਨਹੀਂ ਕਰ ਸਕਣਗੇ ।

ਸਪੀਕਰ ਸਾਹਿਬ, ਸੈਕਿੰਡ ਚੈਂਬਰ ਦੀ ਲੋੜ ਕਿਉਂ ਹੋਈ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਨੇ ਵੀ ਕਿਹਾ ਹੈ ਕਿ ਜਮਹੂਰੀਅਤ ਨੂੰ ਖਤਮ ਨਹੀਂ ਕੀਤਾ ਜਾਵੇਗਾ । ਮੈਂ ਕਹਿੰਦਾ ਹਾਂ ਕਿ ਜਮਹੂਰੀਅਤ ਦਾ ਸਭ ਤੋਂ ਵੱਡਾ ਹਿੱਸਾ ਤਾਂ ਇਹ ਹੈ ਕਿ ਲੋਕਾਂ ਦੀ ਕਮੇਟੀਆਂ ਬਣਾ ਦਿਤੀਆਂ ਜਾਣ ਜਿਹੜੀਆਂ ਕਿ ਐਡਮਨਿਸਟਰੇਸ਼ਨ ਤੇ ਕੰਟਰੋਲ ਕਰਨ, ਹੋਰ ਸਰਕਾਰ ਦੇ ਕੰਮ ਵਿਚ ਹਿਸਾ ਲੈਣ, ਇਸ ਨਾਲ ਜਮਹੂਰੀਅਤ ਤਕੜੀ ਹੋਵੇਗੀ । ਉਸ ਨੂੰ ਜ਼ਿਆਦਾ ਅਖਤਿਆਰ ਦਿਤੇ ਜਾਣ ਉਸ ਤੋਂ ਉਪਰ ਨਾ

Original with;
Punjab Vidhan Sabha
Digitized by;
Panjab Digital Library

ਅਦਾਲਤਾਂ ਜਾ ਸਕਣ ਅਤੇ ਨਾ ਹੀ ਐਗਜ਼ੈਕਟਿਵ ਉਸ ਤੋਂ ਉਪਰ ਹੋ ਸਕੇ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਜਮਹੂਰੀਅਤ ਨੂੰ ਚੈੱਕ ਕਰਨ ਲਈ ਇਕ ਸਰਮਾਇਦਾਰ ਦੇਸ਼ ਨੇ ਸੈਕਿੰਡ ਚੈਂਬਰ ਕਰੀਏਟ ਕੀਤਾ ਸੀ ਹਾਊਸ ਆਫ ਲਾਰਡਜ਼। ਔਰ ਉਥੇ ਅੱਜ ਕੀ ਹੋ ਰਿਹਾ ਹੈ। ਅੱਜ ਇੰਗਲਿਸਤਾਨ ਦੇ ਲੋਕ ਇਸ ਹਾਊਸ ਦੇ ਖਿਲਾਫ ਹਨ ਅਤੇ ਉਹ ਇਹ ਚਾਹੁੰਦੇ ਹਨ ਕਿ ਹਾਊਸ ਆਫ ਲਾਰਡਜ਼ ਅਬਾਲਿਸ਼ ਕਰ ਦਿੱਤਾ ਜਾਵੇ।

**ਸਿਹਤ ਅਤੇ ਪਰਵਾਰ ਨਿਯੋਜਨ ਦੇ ਰਾਜ ਮੰਤਰੀ** : ਸਪੀਕਰ ਸਾਹਿਬ, ਹਾਊਸ ਆਫ ਲਾਰਡਜ਼ ਦੇ ਬਾਰੇ ਇਹ ਬਿਲਕੁਲ ਗਲਤ ਕਹਿ ਰਹੇ ਹਨ, ਉਥੇ ਕੋਈ ਅਜਿਹੀ ਅਵਾਜ਼ ਨਹੀਂ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਹ ਇੰਗਲੈਂਡ ਵਿਚ ਜਾਕੇ ਦੇਖ ਲੈਣ। ਜੇ ਇਸ ਮਤੇ ਦਾ ਕੋਈ ਪਰਾਪਰ ਨੋਟਿਸ ਦਿੰਦੇ ਤਾਂ ਮੈਂ ਇਥੇ ਬ੍ਰਿਟਿਸ਼ ਨਿਊਜ਼ ਦੀਆਂ ਕਟਿੰਗ ਪੇਸ਼ ਕਰਦਾ। ਸਪੀਕਰ ਸਾਹਿਬ, ਜਿਥੇ ਲੇਬਰ ਪਾਰਟੀ ਜਿਹੜੀ ਕਿ ਉਥੋਂ ਦੀ ਮੇਜਰ ਪਾਰਟੀ ਕਹੀ ਜਾਂਦੀ ਹੈ ਉਹ ਕਹੇ ਕਿ ਸੈਕਿੰਡ ਚੈਂਬਰ ਐਜ਼ ਏ ਚੈੱਕ ਕਰੀਏਟ ਕੀਤਾ ਗਿਆ ਸੀ ? ਬਾਲਗ ਵੋਟ ਜਿੰਨੇ ਸਨ ਉਹ ਲੋਕਾਂ ਦੇ ਹਿੱਤ ਦੀ ਗੱਲ ਨਹੀਂ ਕਰਦੇ ਸਨ। ਉਸ ਵਿਚ ਰੁਕਾਵਟ ਪਾਉਂਦੇ ਸਨ, ਇਸ ਵਾਸਤੇ ਸੈਕਿੰਡ ਚੈਂਬਰ ਕਰੀਏਟ ਕੀਤਾ ਗਿਆ ਹੈ। ਸਪੀਕਰ ਸਾਹਿਬ, ਉਥੇ ਤਾਂ ਸਾਰਾ ਮੁਲਕ ਅੰਗਰੇਜ਼ੀ ਬੋਲਦਾ ਹੈ। ਪਰ ਜਿਥੇ ਸੋਵੀਅਤ ਵਿਚ ਉਜ਼ਬੇਕਿਸਤਾਨ ਅਤੇ ਯੂਕਰੇਨ ਵਿਚ ਅਨੇਕਾਂ ਬੋਲੀਆਂ ਬੋਲਣ ਵਾਲੇ ਹਨ ਉਨ੍ਹਾਂ ਦਾ ਇਕ ਸੈਂਟਰ ਬਣਿਆ ਹੋਇਆ ਹੈ ਮਾਸਕੋ ਵਿਚ। ਉਥੇ ਹੀ ਉਸ ਦੀ ਮੀਟਿੰਗ ਹੁੰਦੀ ਹੈ। ਉਨ੍ਹਾਂ ਦੀਆਂ ਅਸੈਂਬਲੀਆਂ ਹਰ ਇਕ ਰਿਪਬਲਿਕ ਦੇ ਵਿਚ ਹਨ। ਇਕ ਮਲਟੀ ਨੈਸ਼ਨਲ ਕੰਟਰੀ ਹੈ, ਸੋਵੀਅਤ ਯੂਨੀਅਨ। ਉਨ੍ਹਾਂ ਨੇ ਸਮਝਿਆ ਕਿ ਇੱਕ ਵੱਡੀ ਨੈਸ਼ਨੈਲਿਟੀ ਹੈ, ਔਰ ਇਕ ਛੋਟੀ ਨੈਸ਼ਨੈਲਿਟੀ ਹੈ, ਯੂਕਰੇਨ ਵਰਗੀ ਜਿਨ੍ਹਾਂ ਦੀਆਂ ਬੋਲੀਆਂ ਅੱਡ ਅੱਡ ਹਨ। ਜ਼ਿਆਦਤੀ ਨਾ ਹੋਵੇ ਕਿਸੇ ਨਾਲ ਇਸ ਕਰਕੇ ਉਥੇ ਜਿਹੜਾ ਸੈਂਟਰਲ ਪਾਰਲੀਮੈਂਟ ਹੈ ਉਸ ਦੇ ਦੋ ਚੈਂਬਰ ਕਰ ਦਿੱਤੇ ਹਨ। ਬਾਕੀ ਹਰ ਮੁਲਕ ਦੇ ਵਿਚ ਇਕ ਇਕ ਚੈਂਬਰ ਹੈ, ਸੈਂਟਰ ਵਿਚ ਦੋ ਚੈਂਬਰ ਹਨ। ਇਕ ਡਾਇਰੈਕਟਰ ਬਾਲਗ ਵੋਟਾਂ ਨਾਲ ਚੁਣਿਆ ਹੋਇਆ ਹੈ। ਉਨ੍ਹਾਂ ਦੋਨਾਂ ਵਿਚ ਇਕ ਬਰਾਬਰ ਗਿਣਤੀ ਦੇ ਹਿਸਾਬ ਨਾਲ ਸੀਟਾਂ ਹਨ। ਦੂਜੇ ਚੈਂਬਰ ਵਿਚ ਵੀ ਚੁਣੇ ਹੋਏ ਲੋਕੀ ਜਾਂਦੇ ਹਨ, ਨਾਮਜ਼ਦ ਨਹੀਂ। ਉਥੇ ਹਰ ਨੈਸ਼ਨੈਲਿਟੀ ਨੂੰ ਭਾਵੇਂ ਉਹ ਛੋਟੀ ਹੈ, ਭਾਵੇਂ ਵੱਡੀ ਹੈ, ਬਰਾਬਰ ਦੀਆਂ ਸੀਟਾਂ ਮਿਲਦੀਆਂ ਹਨ। ਜੇਕਰ ਇਕ ਨੈਸ਼ਨੈਲਿਟੀ ਦੀ ਆਬਾਦੀ ਛੇ ਕਰੋੜ ਹੋਵੇ ਔਰ ਦੂਸਰੀ ਦੀ ਇਕ ਕਰੋੜ ਹੋਵੇ ਤਾਂ ਦੋਹਾਂ ਵਿਚੋਂ ਬਰਾਬਰ ਦੇ ਨੁਮਾਇੰਦੇ ਚੁਣੇ ਜਾਣਗੇ। ਉਥੇ ਗਵਰਨਰ ਵਲੋਂ ਨਾਮਜ਼ਦਗੀ ਨਹੀਂ ਹੈ। ਨੈਸ਼ਨੈਲਿਟੀ ਨੂੰ ਬਰਾਬਰ ਕਰਨ ਲਈ ਇਸ ਤਰ੍ਹਾਂ ਕੀਤਾ ਜਾਂਦਾ ਹੈ ਤਾਕਿ ਜਿਹੜੀ ਛੋਟੀ ਨੈਸ਼ਨੈਲਿਟੀ ਹੈ ਉਸ ਨੂੰ ਫੀਲਿੰਗ ਨਾ ਹੋਵੇ ਕਿ ਕਿਉਂਕਿ ਉਸ ਦੀ ਆਬਾਦੀ ਘੱਟ ਹੈ ਇਸ ਲਈ ਉਸ ਨਾਲ ਕਲਚਰ ਦੇ ਮਸਲੇ ਵਿਚ ਜਾਂ ਹੋਰ ਮਸਲਿਆਂ ਵਿਚ ਕਿਸੇ ਕਿਸਮ ਦਾ ਧੱਕਾ ਹੋਇਆ ਹੈ। ਇਸ ਕਰਕੇ ਹੀ ਦੂਸਰਾ ਚੈਂਬਰ ਕਰੀਏਟ ਕੀਤਾ ਹੈ irrespective of their strength of population ਉਨ੍ਹਾਂ ਨੂੰ ਬਰਾਬਰ ਦੇ ਮੈਂਬਰ ਦਿੱਤੇ ਗਏ ਔਰ ਉਹ ਸਾਰੇ ਦੇ ਸਾਰੇ ਜਿਹੜੇ ਹਨ ਚੁਣ ਕੇ ਜਾਂਦੇ ਹਨ। ਉਸਦੀ ਅਨੋਲੋਜੀ ਦੇਣੀ ਔਰ ਇਥੇ ਦੂਜਾ ਚੈਂਬਰ ਕਰੀਏਟ ਕਰਨਾ ਕਿਤਨੀ ਜ਼ਿਆਦਤੀ ਹੈ। ਇਸ ਦੇ ਵਿਚ ਤਾਂ ਇਹ ਅਨੋਲੋਜੀ ਅਪਲਾਈ ਹੁੰਦੀ ਜੇਕਰ ਇਹ ਕਿਹਾ ਜਾਂਦਾ ਕਿ ਇੰਡੀਆ ਵਿਚ ਬਹੁਤ ਸਾਰੀਆਂ ਬੋਲੀਆਂ ਬੋਲਣ ਵਾਲੇ ਲੋਕ ਹਨ, ਪੰਜਾਬੀ ਵੀ ਹਨ, ਗੁਜਰਾਤੀ ਵੀ ਹਨ, ਬੰਗਾਲੀ ਵੀ ਹਨ, ਲੈਂਗੂਇਸਟ ਹਨ, ਉਹ ਹਿੰਦੁਸਤਾਨ ਦੇ ਲੋਕ ਮਹਿਸੂਸ ਕਰਨ ਕਿ ਪਾਰਲੀਮੈਂਟ ਦੇ ਵਿਚ ਦੋ ਕੇਂਦਰ ਹੋਣ ਤਾਂ ਤੇ ਅੰਡਰਸਟੈਂਡ ਹੋ ਸਕਦਾ ਹੈ। ਇਸ ਗੱਲ ਦੇ ਲਈ ਕਿ ਥੋੜ੍ਹੀ ਪਾਪੂਲਸ਼ਨ ਵਾਲੇ ਹਿੰਦੁਸਤਾਨ ਵਿਚ ਲੋਕ ਹਨ, ਉਨ੍ਹਾਂ ਨੂੰ ਪੂਰਾ ਅਹਿਸਾਸ ਹੋਵੇ ਕਿ ਸਾਡੇ ਨਾਲ ਵਿਤਕਰਾ ਨਾ ਹੋਵੇ, ਇਸ ਲਈ ਸੈਂਟਰ ਵਿਚ ਦੋ ਚੈਂਬਰ ਹੋਣ ਤਾਂ ਤੇ ਠੀਕ ਹੈ ਲੇਕਿਨ ਸੂਬਿਆਂ ਵਿਚ ਦੋ ਕੇਂਦਰ ਇਹ ਦਲੀਲ ਦੇ ਕੇ ਬਣਾਉਣੇ ਬਿਲਕੁਲ ਹਕੀਕਤ ਦੇ ਉਲਟ ਹੈ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਕੈਪਟਨ ਸਾਹਿਬ ਨੇ ਦਲੀਲ ਦਿੱਤੀ ਹੈ, ਮੈਂ ਹੈਰਾਨ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਜਦੋਂ ਦੂਸਰਾ ਚੈਂਬਰ ਖਤਮ ਕੀਤਾ ਗਿਆ ਸੀ ਤਾਂ ਸਾਡੀ ਪਾਰਟੀ ਨੇ ਵੋਟ ਨਹੀਂ ਸੀ ਕੀਤਾ । ਉਸ ਸਮੇਂ ਕਿਉਂ ਨਾ ਪ੍ਰੋਟੈਸਟ ਕੀਤਾ, ਬਾਹਰ ਕਿਉਂ ਚਲੇ ਗਏ। ਰੈਜ਼ੋਲਿਊਸ਼ਨ ਯੂਨਾਨੀਮਸਲੀ ਪਾਸ ਹੋਇਆ, ਇਨ੍ਹਾਂ ਨੇ ਉਸ ਸਮੇਂ ਕਿਉਂ ਨਾ ਮੁਖਾਲਫਤ ਕੀਤੀ ਕਿ ਦੂਸਰਾ ਚੈਂਬਰ ਨਹੀਂ ਤੋੜਨਾ ਚਾਹੀਦਾ। ਇਹ ਕਹਿੰਦੇ ਹਨ ਕਿ ਅਕਾਲੀ ਪਾਰਟੀ ਵਾਲੇ ਇਨ੍ਹਾਂ ਨੂੰ ਗ਼ੈਰ-ਜ਼ਿਮੇਵਾਰ ਸਮਝਦੇ ਸਨ । ਅਕਾਲੀ ਪਾਰਟੀ ਵਾਲੇ ਕੀ ਸਮਝਦੇ ਸੀ, ਜਾਂ ਇਹ ਆਪਣੇ ਆਪ ਨੂੰ ਕੀ ਸਮਝਦੇ ਸੀ, ਮੈਂ ਇਸ ਗੱਲ ਵਿਚ ਨਹੀਂ ਜਾਂਦਾ। ਇਸ ਗੱਲ ਦਾ ਜਵਾਬ ਦੇਣ ਅਕਾਲੀ ਪਾਰਟੀ ਵਾਲੇ ਲੇਕਿਨ ਇਹ ਗੱਲ ਸੀ ਕਿ ਅਕਾਲੀ ਪਾਰਟੀ ਵਾਲੇ ਬੈਕ ਆਊਟ ਕਰਨਾ ਚਾਹੁੰਦੇ ਸੀ ਭਾਵੇਂ ਇਹ ਪਹਿਲਾਂ ਕਮਿੱਟਮੈਂਟ ਕਰ ਚੁਕੇ ਸਨ। ਅਸੀਂ ਕਿਹਾ ਕਿ ਤੁਸੀਂ ਲੋਕਾਂ ਨੂੰ ਵਾਇਦਾ ਦਿੱਤਾ ਸੀ, ਤੁਸੀਂ ਇਸ ਕਰਕੇ ਵੋਟਾਂ ਲਈਆਂ ਹਨ, ਤੁਸੀਂ ਬੈਕ ਆਊਟ ਨਾ ਕਰੋ । ਫਿਰ ਕਾਫੀ ਝਗੜੇ ਤੋਂ ਬਾਅਦ ਇਹ ਬਿੱਲ ਪਾਸ ਹੋਇਆ ਸੀ। ਇਸ ਵਿਚ ਪੰਜਾਬ ਦੇ ਹਿੱਤਾਂ ਦੀ ਗੱਲ ਸੀ। ਕਿਸੇ ਨੂੰ ਚੰਗਾ ਮਾੜਾ ਸਮਝਣ ਦੀ ਗੱਲ ਨਹੀਂ ਸੀ, ਕਿਸੇ ਖਾਸ ਸ਼ਖਸੀਅਤ ਨੂੰ ਨੁਕਸਾਨ ਪਹੁੰਚਾਉਣ ਵਾਸਤੇ ਨਹੀਂ ਸੀ ਕੌਂਸਲ ਤੋੜੀ ਗਈ। ਮੈਂ ਉਸ ਵੇਲੇ ਵੀ ਇਹ ਹੀ ਗਲ ਕਹੀ ਸੀ, ਇਹ ਤਾਂ ਸੂਬੇ ਦੇ ਹਿਤਾਂ ਨੂੰ ਸਾਹਮਣੇ ਰੱਖ ਕੇ ਤੋੜੀ ਗਈ ਸੀ । ਤੁਸੀਂ ਉਸ ਸਮੇਂ ਦੀਆਂ ਡਿਬੇਟਾਂ ਪੜ੍ਹ ਸਕਦੇ ਹੋ ।

ਫਿਰ, ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਬੜੇ ਬੜੇ ਲੋਕ ਹੁੰਦੇ ਹਨ, ਲੋਕਲ ਬਾਡੀਜ਼ ਦੇ, ਐਜੂਕੇਸ਼ਨਿਸਟਸ ਹੁੰਦੇ ਹਨ, ਸਾਇੰਟਿਸਟਸ ਹੁੰਦੇ ਹਨ, ਉਨ੍ਹਾਂ ਦਾ ਅਸੀਂ ਫਾਇਦਾ ਉਠਾਉਣਾ ਚਾਹੁੰਦੇ ਹਾਂ, ਗਵਰਨਰ ਸਾਹਿਬ ਉਨ੍ਹਾਂ ਨੂੰ ਨਾਮਜ਼ਦ ਕਰ ਸਕਦੇ ਹਨ। ਬੈਕਵਰਡ ਕਲਾਸਿਜ਼ ਦੀ ਨਾਮੀਨੇਸ਼ਨ ਹੋ ਸਕਦੀ ਹੈ, ਮੁਸਲਮਾਨਾਂ ਦੀ ਨਾਮੀਨੇਸ਼ਨ ਹੋ ਸਕਦੀ ਹੈ। ਮਾਸਟਰ ਹਰੀ ਸਿੰਘ ਜੀ ਵਰਗੀਆਂ ਸ਼ਖਸੀਅਤਾਂ ਦਾ ਇਹ ਨਾਮ ਲੈਂਦੇ ਹਨ। ਇਹ ਠੀਕ ਹੈ ਮਾਸਟਰ ਹਰੀ ਸਿੰਘ ਜੀ ਵਰਗੀਆਂ ਸ਼ਖਸ਼ੀਅਤਾਂ ਦਾ ਨਾਮ ਸੁਣ ਕੇ ਸਾਡਾ ਸਿਰ ਝੁਕ ਜਾਂਦਾ ਹੈ। ਮੈਂ ਮੰਨਦਾ ਹਾਂ ਕਿ ਕਈ ਲੋਕ ਚੋਣਾਂ ਨਹੀਂ ਲੜਦੇ ਔਰ ਉਹ ਇਸ ਨਾਲ ਕੰਟ੍ਰੀਬਿਊਟ ਕਰ ਸਕਦੇ ਹਨ ਪਰ ਜਮਹੂਰੀਅਤ ਨੂੰ ਕਮਜ਼ੋਰ ਕਰਕੇ ਕੰਟ੍ਰੀਬਿਊਸ਼ਨ ਲੈਣੀ ਠੀਕ ਨਹੀਂ ਹੈ। ਕੰਟ੍ਰੀਬਿਊਸ਼ਨ ਲੈਣ ਵਾਸਤੇ ਹੋਰ ਕਈ ਰਸਤੇ ਹਨ। ਕੀ ਕੰਟ੍ਰੀਬਿਊਸ਼ਨ ਲੈਣ ਵਾਸਤੇ ਕੌਂਸਲ ਹੀ ਜ਼ਰੂਰੀ ਹੈ? ਅੱਜ ਕਾਂਗਰਸੀ ਲੀਡਰਸ਼ਿਪ ਮੰਨਦੀ ਹੈ ਕਿ 20 ਨੁਕਾਤੀ ਪ੍ਰੋਗਰਾਮ ਦੀ ਇੰਪਲੀਮੈਂਟੇਸ਼ਨ ਲਈ ਲੋਕਾਂ ਦੀ ਕੋਆਪ੍ਰੇਸ਼ਨ ਚਾਹੀਦੀ ਹੈ ਔਰ ਇਨ੍ਹਾਂ ਨੂੰ ਇਹ ਪਤਾ ਹੈ ਕਿ ਦੂਸਰੇ ਚੈਂਬਰ ਵਿਚ ਵੱਡਾ ਹਿੱਸਾ ਜ਼ਿਮੀਦਾਰਾਂ ਔਰ ਮਿੱਲ ਮਾਲਕਾਂ ਦਾ ਹੁੰਦਾ ਹੈ। ਉਹ ਲੋਕ ਫਿਰ ਇਸ ਪ੍ਰੋਗਰਾਮ ਨੂੰ ਸੈਬੋਟੇਜ਼ ਕਰਨਗੇ। ਇਹ ਮਾਸਟਰ ਹਰੀ ਸਿੰਘ ਹੋਰਾਂ ਦੀ ਕੰਟ੍ਰੀਬਿਊਸ਼ਨ ਦਾ ਨਾਮ ਲੈਂਦੇ ਹਨ ਪਰ ਇਨ੍ਹਾਂ ਨੂੰ ਪਤਾ ਹੈ ਕਿ ਜਿਹੜੀ ਐਗਰੇਰੀਅਨ ਕਮੇਟੀ ਬਣਾਈ ਹੋਈ ਹੈ ਔਰ ਮਾਸਟਰ ਹਰੀ ਸਿੰਘ ਜੀ ਵੀ ਉਸ ਕਮੇਟੀ ਵਿਚ ਹਨ, ਉਸ ਕਮੇਟੀ ਦੀ ਮੀਟਿੰਗ ਇਨ੍ਹਾਂ ਕਦੇ ਅਟੈਂਡ ਨਹੀਂ ਕੀਤੀ। ਜ਼ੇਕਰ ਮੀਟਿੰਗ ਬੁਲਾਈ ਏ, ਸਰਵਸੰਮਤੀ ਨਾਲ ਕੋਈ ਰਿਕੁਮੈਂਡੇਸ਼ਨ ਕਰੀਏ, ਕੋਈ ਮਤਾ ਪਾਸ ਕਰੀਏ, ਤਾਂ ਉਹ ਬਾਅਦ ਵਿਚ ਕਦੇ ਵੀ ਲਾਗੂ ਨਹੀਂ ਹੁੰਦਾ। ਇਸ ਕਰਕੇ ਸਪੀਕਰ ਸਾਹਿਬ, ਸੈਕਿੰਡ ਚੈਂਬਰ ਕਰੀਏਟ ਕਰਨ ਔਰ ਇਹ ਸੋਚਣਾ ਕਿ ਜਿਹੜੇ ਲੋਕ ਚੋਣਾਂ ਨਹੀਂ ਲੜਦੇ ਉਨ੍ਹਾਂ ਦੀ ਰਾਏ ਲੈਣੀ ਹੈ, ਇਹ ਗੱਲ ਨਹੀਂ ਹੈ। ਜਿਹੜੇ ਐਜੂਕੇਸ਼ਨਿਸਟ ਹਨ ਉਨ੍ਹਾਂ ਵਾਸਤੇ ਇਕ ਐਜੂਕੇਸ਼ਨ ਕਮਿਸ਼ਨ ਬਣਾਓ। ਉਨ੍ਹਾਂ ਨੂੰ ਫੁੱਲ ਪਾਵਰਜ਼ ਦਿਓ। ਜਿਹੜੇ ਐਗਰੇਰੀਅਨ ਵਿਚ ਐਕਸਪਰਟ ਹਨ ਉਨ੍ਹਾਂ ਦੀ ਵੀ ਇਸ ਤਰ੍ਹਾਂ ਨਾਲ ਅਨੇਕਾਂ ਥਾਂਵਾਂ ਉਤੇ ਕੰਟ੍ਰੀਬਿਊਸ਼ਨ ਹੋ ਸਕਦੀ ਹੈ।

ਹੁਣ ਕਹਿੰਦੇ ਹਨ ਕਿ ਬੈਕਵਰਡ ਕਲਾਸਿਜ਼ ਲਈ ਰਿਪਰਜ਼ੈਂਟੇਸ਼ਨ ਨਹੀਂ ਹੈ, ਔਰਤਾਂ ਲਈ ਨਹੀਂ ਹੈ। ਸਾਡੀ ਪਾਰਟੀ ਤਾਂ ਇਹ ਕਹਿੰਦੀ ਹੈ ਕਿ ਉਨ੍ਹਾਂ ਲਈ ਤੁਸੀਂ ਰਿਪਰਜ਼ੈਂਟੇਸ਼ਨ ਫਿਕਸ ਕਰ ਦਿਓ। ਮੁਸਲਮਾਨ ਮਾਇਨਿਉਰਿਟੀ ਨਾਲ ਸਲੂਕ ਵਾਜਿਬ ਨਹੀਂ ਹੋਇਆ, ਉਨ੍ਹਾਂ ਦੀਆਂ ਮੰਗਾਂ ਵਾਜਿਬ ਹਨ।

Original with;
Punjab Vidhan Sabha
Digitized by;
Panjab Digital Library

ਫਿਰ ਇਹ ਕਹਿੰਦੇ ਹਨ ਕਿ ਔਰਤਾਂ ਪਛੜੀਆਂ ਹੋਈਆਂ ਹਨ ਇਸ ਲਈ ਇਹ ਕਹਿੰਦੇ ਹਨ ਕਿ ਰੈਜ਼ੋਲਿਉਸ਼ਨ ਲਿਆ ਕੇ ਸਰਕਾਰ ਨੇ ਚੰਗਾ ਕਦਮ ਚੁਕਿਆ ਹੈ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਸੈਂਬਲੀ ਵਿਚ ਦਸ ਪੰਦਰਾਂ ਪਰਸੈਂਟ ਸੀਟਾਂ ਕਿਉਂ ਨਹੀਂ ਰਿਜ਼ਰਵ ਕਰ ਦਿੰਦੇ ? ਜਿਸ ਤਰ੍ਹਾਂ ਕਮੇਟੀਆਂ ਵਿਚ ਹਨ ਇਸ ਤਰ੍ਹਾਂ ਅਸੈਂਬਲੀ ਵਿਚ ਵੀ ਹੋ ਸਕਦਾ ਹੈ। ਇਸ ਤਰ੍ਹਾਂ ਹੀ ਮੁਸਲਮਾਨ ਕਮਿਊਨਿਟੀ ਬਾਰੇ ਵੀ ਰਿਜ਼ਰਵੇਸ਼ਨ ਹੋ ਸਕਦੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਸਾਡੀ ਪਾਰਟੀ ਮੰਗ ਕਰਦੀ ਹੈ ਕਿ ਹਿੰਦੁਸਤਾਨ ਦੀਆਂ ਸਰਵਿਸਿਜ਼ ਵਿਚ ਮੁਸਲਮਾਨ ਮਾਈਨਾਰਿਟੀ ਲਈ ਰਿਜ਼ਰਵੇਸ਼ਨ ਹੋਣੀ ਚਾਹੀਦੀ ਹੈ। ਹੁਣ ਸਰਦਾਰ ਉਮਰਾਓ ਸਿੰਘ ਹੋਰੀਂ ਜਦੋਂ ਬੇਗ਼ਮ ਸਾਹਿਬਾ ਉਠੇ ਹੀ ਸੀ ਤਾਂ ਇਨ੍ਹਾਂ ਬਾਰੇ ਵੀ ਆਖਣ ਲੱਗ ਪਏ। ਹੁਣ ਇਨਾਂ ਨੂੰ ਯਾਦ ਆ ਗਿਆ ਔਰ ਇਨ੍ਹਾਂ ਨੇ ਸੋਚਿਆ ਕਿ ਇਸ ਦਲੀਲ ਨੂੰ ਵੀ ਆਪਣੇ ਵਾਸਤੇ ਵਰਤ ਲਿਆ ਜਾਵੇ। ਹੁਣ ਕਹਿਣ ਲਗ ਪਏ ਕਿ ਇਸ ਤਰ੍ਹਾਂ ਸੈਕਿੰਡ ਚੈਂਬਰ ਬਣਾਉਣ ਨਾਲ ਮੁਸਲਮਾਨ ਕਮਿਊਨਿਟੀ ਨੂੰ ਵੀ ਪ੍ਰਾਪਰ ਰਿਪਰਜ਼ੈਂਟੇਸ਼ਨ ਮਿਲ ਜਾਵੇਗੀ। ਅਸੀਂ ਤਾਂ ਕਹਿਦੇ ਹਾਂ ਕਿ ਸਰਵਿਸਿਜ਼ ਵਿਚ, ਸਿਰਫ ਸਟੇਟ ਦੀਆਂ ਸਰਵਿਸਿਜ਼ ਵਿਚ ਹੀ ਨਹੀਂ, ਹਿੰਦੋਸਤਾਨ ਦੀਆਂ ਸਰਵਿਸਿਜ਼ ਵਿਚ ਇਨ੍ਹਾਂ ਲਈ ਰਿਜ਼ਰਵੇਸ਼ਨ ਕਰੋ, ਉਹ ਤਾਂ ਸਰਦਾਰ ਉਮਰਾਓ ਸਿੰਘ ਹੋਰੀਂ ਮੰਨਦੇ ਨਹੀਂ। ਮੁਸਲਮਾਨਾਂ ਨੇ ਡਿਫੈਂਸ ਫੋਰਸਿਜ਼ ਵਿਚ ਕਸ਼ਮੀਰ ਵਿਚ ਕਿਸ ਤਰ੍ਹਾਂ ਨਾਲ ਆਪਣੀ ਸਿਨਸੈਰਟੀ ਦਾ, ਬਹਾਦਰੀ ਦਾ ਸਬੂਤ ਦਿੱਤਾ ਹੈ। ਪੁਲਿਸ ਦੇ ਵਿਚ, ਹੋਰ ਮਹਿਕਮਿਆਂ ਦੇ ਵਿਚ ਮੁਸਲਮਾਨਾਂ ਦੀ ਕਿਤਨੀ ਰਿਪਰਜ਼ੈਂਟੇਸ਼ਨ ਹੈ ? ਤੁਸੀਂ ਇਥੇ ਰਿਜ਼ਰਵੇਸ਼ਨ ਹੀ ਕਰ ਦਿਓ, ਇਸ ਬਾਰੇ ਤਾਂ ਸਰਦਾਰ ਉਮਰਾਓ ਸਿੰਘ ਹੋਰੀ, ਮੰਨਦੇ ਹੀ ਨਹੀਂ ਜਦੋਂ ਬੇਗ਼ਮ ਸਾਹਿਬਾ ਨੇ ਕਿਹਾ ਕਿ ਇਹ ਦਰੁਸਤ ਗੱਲ ਕਹੀ ਹੈ, ਤਾਂ ਇਨ੍ਹਾਂ ਨੇ ਵੀ ਕਿਹਾ ਕਿ ਇਹ ਗੱਲ ਆਪਣੀ ਦਲੀਲ ਲਈ ਹੀ ਵਰਤ ਲਵੋ। ਇਸ ਲਈ ਮੈਂ ਇਹ ਕਹਾਂਗਾ ਕਿ ਇਨ੍ਹਾਂ ਦੀ ਇਹ ਦਲੀਲ ਦਰੁਸਤ ਨਹੀਂ ਹੈ। ਜੇਕਰ ਉਨ੍ਹਾਂ ਨਾਲ ਔਰਤਾਂ ਨਾਲ, ਬੈਕਵਰਡ ਕਲਾਸਿਜ਼ ਨਾਲ ਇਨਸਾਫ ਕਰਨਾ ਹੈ ਤਾਂ ਉਨ੍ਹਾਂ ਦੀ ਇਥੇ ਰਿਜ਼ਰਵੇਸ਼ਨ ਕਰੋ, ਉਨ੍ਹਾਂ ਦੀਆਂ ਸੀਟਾਂ ਰਿਜ਼ਰਵ ਕਰੋ। ਪਰ ਸੈਕਿੰਡ ਚੈਂਬਰ ਜਿਹੜਾ ਹੈ ਉਹ ਇਨ੍ਹਾਂ ਕਮਿਉਨਿਟੀਜ਼ ਵਾਸਤੇ ਰੁਕਾਵਟ ਬਣੇਗਾ ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਦੀ ਇਹ ਦਲੀਲ ਗਲਤ ਹੈ। ਜਿਹੜੇ ਸੱਜਣ ਕੰਟ੍ਰੀਬਿਊਟ ਕਰ ਸਕਦੇ ਹਨ ਉਨ੍ਹਾਂ ਲਈ, ਉਨ੍ਹਾਂ ਦੀ ਕੰਟ੍ਰੀਬਿਊਸ਼ਨ ਲੈਣ ਲਈ ਸਟੇਟ ਲੈਵਲ ਤੇ, ਡਿਸਟ੍ਰਿਕਟ ਲੈਵਲ ਤੇ, ਬਲਾਕ ਲੈਵਲ ਤੇ, ਮਹਿਕਮੇਂ ਦੇ ਪੱਧਰ ਤੇ ਸਟੈਚੂਟਰੀ ਪਾਵਰ ਨਾਲ ਕਮੇਟੀਆਂ ਬਣਾ ਕੇ ਉਨ੍ਹਾਂ ਦੀ ਕੰਟ੍ਰੀਬਿਊਸ਼ਨ ਲਈ ਜਾ ਸਕਦੀ ਹੈ। ਸਪੀਕਰ ਸਾਹਿਬ, ਹੋਰ ਇਹ ਦਲੀਲ ਦਿੰਦੇ ਹਨ ਕਾਨਸਟੀਚਿਊਸ਼ਨ ਦੀ। ਉਸਦਾ ਮੈਂ ਰੈਲੇਵੈਂਟ ਆਰਟੀਕਲ ਪੜ੍ਹ ਕੇ ਸੁਣਾ ਦਿੰਦਾ ਹਾਂ :—

> Notwithstanding anything in Article 168, Parliament may by law provide for the abolition of the Legislative Council of the State having such a Council or for the creation of such a Council in a State having no such Council.

ਅਗਰ ਇਨ੍ਹਾਂ ਦੀ ਇਹ ਦਲੀਲ ਮੰਨ ਲਈ ਜਾਵੇ ਕਿ ਉਨ੍ਹਾਂ ਲੋਕਾਂ ਦੀ ਕੰਟ੍ਰੀਬਿਊਸ਼ਨ ਲੈਣ ਲਈ ਜਿਹੜੇ ਕਿ ਚੋਣਾਂ ਨਹੀਂ ਲੜਦੇ ਸੈਕਿੰਡ ਚੈਂਬਰ ਜ਼ਰੂਰੀ ਹੈ, ਤਾਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਫਾਊਂਡਿੰਗ ਫ਼ਾਦਰਜ਼ ਨੇ ਇਹ ਪ੍ਰੋਵੀਜ਼ਨ ਕਿਉਂ ਨਾ ਕੀਤਾ ਕਿ ਜਿੱਥੇ ਮੁਨਾਸਿਬ ਸਮਝਿਆ ਜਾਵੇ ਸੈਕਿੰਡ ਚੈਂਬਰ ਬਣਾ ਦਿੱਤੇ ਜਾਣ। ਅਜ ਹਰਿਆਣੇ ਵਿਚ ਸੈਕਿੰਡ ਚੈਂਬਰ ਨਹੀਂ ਹੈ। ਹਿੰਦੁਸਤਾਨ ਦੀਆਂ ਪਹਿਲਾਂ ਪੰਦਰਾਂ ਸੋਲ੍ਹਾਂ ਸਟੇਟਾਂ ਹੁੰਦੀਆਂ ਸਨ, ਹੁਣ 20—22 ਸਟੇਟਾਂ ਹਨ। ਅਗਰ ਉਨ੍ਹਾਂ ਦੀ ਦਲੀਲ ਠੀਕ ਹੋਵੇ ਤਾਂ ਇਹ ਹੋਣਾ ਚਾਹੀਦਾ ਸੀ ਕਿ ਭਾਵੇਂ ਪੰਜਾਬ ਹੋਵੇ ਬੰਗਾਲ ਹੋਵੇ, ਬਿਹਾਰ ਹੋਵੇ, ਸੈਕਿੰਡ ਚੈਂਬਰ ਹੋਵੇ, ਇਹ ਕਿਉਂ ਨਹੀਂ ਪਾਇਆ ? ਹੋ ਸਕਦਾ ਹੈ ਕਿ ਜਦੋਂ ਕਾਨਸਟੀਚਿਊਸ਼ਨ ਬਣਾਇਆ ਗਿਆ ਤਾਂ ਪੰਡਤ ਜਵਾਹਰ ਲਾਲ ਜੀ ਵਰਗੀਆਂ ਹਸਤੀਆਂ ਨੇ ਸੈਕਿੰਡ ਚੈਂਬਰ ਬਨਾਉਣ ਦਾ ਵਿਰੋਧ ਕੀਤਾ ਹੋਵੇ ਔਰ ਫਿਰ ਝਗੜੇ ਤੋਂ ਬਾਅਦ ਇਹ ਫੈਸਲਾ ਹੋ ਗਿਆ ਹੋਵੇ ਕਿ ਟੂ-ਥਰਡ ਮਜਾਰਿਟੀ ਨਾਲ ਅਗਰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਕੋਈ ਸਟੇਟ ਚਾਹੁੰਦੀ ਹੋਵੇ ਤਾਂ ਚੈਂਬਰ ਬਣਾ ਸਕਦੀ ਹੈ ਪਰ ਇਹ ਨਹੀਂ ਲਿਖਿਆ ਕੀ ਹਰ ਸੂਬੇ ਵਿਚ ਸੈਕਿੰਡ ਚੈਂਬਰ ਹੋਵੇ।

ਸਪੀਕਰ ਸਾਹਿਬ, ਜੇ ਸਰਦਾਰ ਉਮਰਾਓ ਸਿੰਘ ਜੀ ਦੀਆਂ ਦਲੀਲਾਂ ਠੀਕ ਹੋਣ ਤਾਂ ਪੰਜਾਬ ਵਿਚ ਜੇਕਰ ਜੋਧ ਸਿੰਘ ਵਰਗੇ, ਸਰਦਾਰ ਹਰੀ ਸਿੰਘ ਵਰਗੇ, ਖੰਨਾ ਸਾਹਿਬ ਵਰਗੇ ਅਤੇ ਸ਼ਰਮਾ ਸਾਹਿਬ ਵਰਗੇ ਸਜਣਾਂ ਦੀਆਂ ਕੰਟਰੀਬਿਊਸ਼ਨਜ਼ ਦੂਸਰੇ ਚੈਂਬਰਾਂ ਦੇ ਰਾਹੀਂ ਵੀ ਲਈਆਂ ਜਾ ਸਕਦੀਆਂ ਹਨ। ਇਨ੍ਹਾਂ ਦੀਆਂ ਇਹ ਦਲੀਲਾਂ ਗੈਰ ਵਾਜਬ ਹਨ, ਦਰੁਸਤ ਨਹੀਂ ਹਨ। ਇਹ ਬਿਲਕੁਲ ਹਕੀਕਤ ਦੇ ਉਲਟ ਹਨ। ਸਪੀਕਰ ਸਾਹਿਬ, ਇਨ੍ਹਾਂ ਨੇ ਟੀਚਰਜ਼ ਦੀ ਗੱਲ ਕੀਤੀ ਹੈ ਕਿ ਉਹ ਕੰਟਰੀਬਿਊਸ਼ਨ ਕਰ ਸਕਦੇ ਹਨ। ਪਰ ਤੁਸੀਂ ਤਾਂ ਸੈਨਿਟ ਦੀਆਂ ਸਾਰੀਆਂ ਪਾਵਰਜ਼ ਖੋਹ ਲਈਆਂ ਹਨ ਹੁਣ ਸਾਰੀਆਂ ਪਾਵਰਜ਼ ਸਿੰਡੀਕੇਟ ਨੂੰ ਦੇ ਦਿੱਤੀਆਂ ਹਨ। ਜਿਸ ਜਗ੍ਹਾ ਟੀਚਰਜ਼ ਥੋੜੀ ਬਹੁਤ ਨੁਮਾਇੰਦਗੀ ਕਰ ਸਕਦੇ ਸੀ ਉਸ ਬਾਡੀ ਦੀਆਂ ਪਾਵਰਜ਼ ਖਤਮ ਕਰ ਦਿੱਤੀਆਂ ਹਨ। ਜਿਵੇਂ ਪੰਜਾਬੀ ਅਤੇ ਗੁਰੂ ਨਾਨਕ ਯੂਨੀਵਰਸਿਟੀਆਂ ਵਿਚ ਬਜਟ ਪਾਸ ਕਰਨ ਵੇਲੇ ਟੀਚਰਜ਼ ਦੀ ਕੰਟਰੀਬਿਊਸ਼ਨ ਲਈ ਜਾਂਦੀ ਸੀ ਇਸੇ ਤਰ੍ਹਾਂ ਪੰਜਾਬ ਯੂਨੀ—ਵਰਸਿਟੀ ਵਿਚ ਵੀ ਨੁਮਾਇੰਦਗੀ ਸੀ ਭਾਵੇਂ ਘਟ ਸੀ ਪਰ ਉਹ ਵੀ ਖਤਮ ਕਰ ਦਿੱਤੀ ਹੈ। ਸੈਨੇਟ ਦੀਆਂ ਜੋ ਪਾਵਰਜ਼ ਸਨ ਉਹ ਖਤਮ ਕਰ ਦਿੱਤੀਆਂ ਹਨ ਅਤੇ ਹੁਣ ਇਹ ਟੀਚਰਜ਼ ਦੀ ਨੁਮਾਇੰਦਗੀ ਲੈਣ ਦੀ ਗੱਲ ਕਰਦੇ ਹਨ। ਇਸ ਗੱਲ ਦੇ ਪਿਛੇ ਟੀਚਰਜ਼ ਦੀ ਕੰਟਰੀਬਿਊਸ਼ਨ ਲੈਣ ਦੀ ਨਹੀਂ ਸਗੋਂ ਡਿਫੀਟੇਡ ਪੋਲੀਟੀਸ਼ਨਜ਼ ਨੂੰ ਅੱਪਰ ਹਾਊਸ ਵਿਚ ਲਿਆਉਣ ਦੀ ਗੱਲ ਹੈ। ਇਹ ਤਾਂ ਨੈਪੋਟਿਜ਼ਮ ਵਾਲੀ ਗੱਲ ਹੈ। ਸਪੀਕਰ ਸਾਹਿਬ, ਇਹ ਰੈਜ਼ੋਲਿਊਸ਼ਨ ਅਜ ਪੇਸ਼ ਨਹੀਂ ਹੋਣਾ ਚਾਹੀਦਾ ਸੀ ਜਦੋਂ ਕਿ ਦੇਸ਼ ਵਿਚ ਐਮਰਜੈਂਸੀ ਲੱਗੀ ਹੋਈ ਹੈ ਅਤੇ 20 ਨੁਕਾਤੀ ਪ੍ਰੋਗਰਾਮ ਚਲ ਰਿਹਾ ਹੈ। Despite its inadequacy it is a forward looking programme. It is a good programme. ਹਰ ਰੋਜ਼ ਗੌਰਮਿੰਟ ਕਹਿੰਦੀ ਹੈ ਕਿ ਇਸ ਪ੍ਰੋਗਰਾਮ ਨੂੰ ਇੰਪਲੀਮੈਂਟ ਕਰਨਾ ਹੈ। ਮੁਲਕ ਦੀ ਇਕੋਨੋਮੀ ਅਤੇ ਐਡਮਨਿਸਟਰੇਸ਼ਨ ਨੂੰ ਠੀਕ ਕਰਨ ਲਈ ਐਮਰਜੈਂਸੀ ਲਗੀ ਹੈ ਅਤੇ 20 ਨੁਕਾਤੀ ਪ੍ਰੋਗਰਾਮ ਨੂੰ ਵੀ ਲਾਗੂ ਕਰਨਾ ਹੈ। ਇਸ ਵੇਲੇ ਜਿਹੜੇ ਦੇਸ਼ ਦੇ ਹਾਲਾਤ ਹਨ ਇਨ੍ਹਾਂ ਵਿਚ ਖਾਸ ਤੌਰ ਤੇ ਇਕੋਨੋਮੀ ਦੀ ਲੋੜ ਹੈ। ਮੈਂ ਇਨ੍ਹਾਂ ਨੂੰ ਕਿਹਾ ਹੈ ਕਿ ਇਕ ਦਿਨ ਸੈਸ਼ਨ ਹੋਰ ਰੱਖ ਲਵੋ ਕਿਉਂਕਿ ਕਾਰਪੋਰੇਸ਼ਨ ਦਾ ਬਿੱਲ 300 ਸਫੇ ਦਾ ਬਿੱਲ ਹੈ ਤਾਂ ਕਹਿੰਦੇ ਹਨ ਕਿ ਖਰਚ ਬਹੁਤ ਹੋਵੇਗਾ ਅਤੇ ਇਹ ਮੰਨੇ ਨਹੀਂ। ਇਕ ਅਹਿਮ ਮਸਲਾ ਹੈ ਕਿ ਮਜ਼ਦੂਰਾਂ ਦੀ ਛਾਂਟੀ ਹੋ ਰਹੀ ਹੈ ਪਰ ਇਹ ਕਹਿੰਦੇ ਹਨ ਕਿ ਡਾਂਗ ਸਾਹਿਬ ਖਰਚ ਬੜਾ ਹੁੰਦਾ ਹੈ। ਹੁਣ ਡਿਫੀਟਿਡ ਪੋਲੀਟੀਸ਼ਨਾਂ ਨੂੰ ਜੋ ਇਲੈਕਸ਼ਨਾਂ ਫੇਸ ਕਰਨ ਦੀ ਹਿੰਮਤ ਨਹੀਂ ਰੱਖਦੇ ਅਤੇ ਉਨ੍ਹਾਂ ਨੂੰ ਲਿਆਉਣ ਦੇ ਵਾਸਤੇ ਇਹ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ ਜਦ ਕਿ ਇਸ ਵੇਲੇ ਦੇਸ਼ ਨੂੰ ਖਤਰਾ ਹੈ। ਇਸ ਵਿਚ ਕੋਈ ਜਸਟੀਫਿਕੇਸ਼ਨ ਨਹੀਂ ਹੈ। ਸਪੀਕਰ ਸਾਹਿਬ, ਜਦ ਕਿ ਇਸ ਹਾਊਸ ਨੇ ਹੀ ਸਰਬ ਸੰਮਤੀ ਦੇ ਨਾਲ ਅੱਪਰ ਹਾਊਸ ਦੇ ਖਿਲਾਫ ਰੈਜ਼ੋਲਿਊਸ਼ਨ ਪਾਸ ਕੀਤਾ ਸੀ। ਫੇਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ 1971 ਦੀਆਂ ਇਲੈਕਸ਼ਨਾਂ ਵਿਚ ਆਪਣਾ ਮੈਨੀਫੈਸਟੋ ਵਿਚ ਦੂਜਾ ਹਾਊਸ ਬਨਾਉਣ ਦੇ ਵਾਸਤੇ ਲੋਕਾਂ ਦੀ ਰਾਏ ਲੈਣੀ ਚਾਹੀਦੀ ਸੀ। ਇਸ ਸੈਕਿੰਡ ਚੈਂਬਰ ਨੂੰ ਕਰੀਏਟ ਕਰਨਾ ਬਿਲਕੁਲ ਗਲਤ ਹੈ। ਇਨ੍ਹਾਂ ਦੀਆਂ ਦਲੀਲਾਂ ਬਿਲਕੁਲ ਗਲਤ ਹਨ। ਇਹ ਐਮਰਜੈਂਸੀ ਦੀ ਸਪਿਰਿਟ ਦੇ ਉਲਟ ਹੈ। ਐਮਰਜੈਂਸੀ ਦਰੁਸਤ ਚੀਜ਼ ਹੈ ਅਤੇ ਇਸ ਦੇ ਨਾਲ ਕਾਫੀ ਫਾਇਦੇ ਹੋਏ ਹਨ। ਅਸੀਂ 20 ਨੁਕਾਤੀ ਪ੍ਰੋਗਰਾਮ ਨੂੰ ਲਾਗੂ ਕਰਨ ਵਿਚ ਹਮਾਇਤ ਕਰਾਂਗੇ ਪਰ ਐਮਰਜੈਂਸੀ ਦੇ ਰਾਹੀਂ ਸਰਕਾਰ ਨੇ ਕੁਝ ਪਾਵਰਜ਼ ਦੀ ਦੁਰਵਰਤੋਂ ਵੀ ਕੀਤੀ ਹੈ, ਕੁਝ ਗਲਤ ਕੰਮ ਵੀ ਕੀਤੇ ਗਏ ਹਨ ਹੁਣ ਇਹ ਦੂਜਾ ਕੰਮ ਕੀਤਾ ਜਾ ਰਿਹਾ ਹੈ। ਸਪੀਕਰ ਸਾਹਿਬ, ਮੈਂ ਅਤੇ ਮੇਰੀ ਪਾਰਟੀ ਇਸ ਦੀ ਵਿਰੋਧਤ ਕਰਦੀ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵਿੰਦਰ ਸਿੰਘ ਭੂੰਦੜ** (ਸਰਦੂਲਗੜ੍ਹ) : ਸਤਿਕਾਰ ਯੋਗ ਸਪੀਕਰ ਸਾਹਿਬ, ਅਪ੍ਰੈਲ 1969 ਵਿਚ ਯੁਨਾਇਟਿਡ ਫਰੰਟ ਦੀ ਸਰਕਾਰ ਨੇ ਇਕ ਬੜਾ ਲੋਕ ਭਲਾਈ ਦਾ ਮਹੱਤਵਪੂਰਨ ਫੈਸਲਾ ਕੀਤਾ ਸੀ। ਜਿਸ ਨੂੰ ਕਿ, ਸਪੀਕਰ ਸਾਹਿਬ, ਉਸ ਸਮੇਂ ਦੇ ਹਾਊਸ ਨੇ ਮੁਕੰਮਲ ਵੋਟਾਂ ਨਾਲ ਪਾਸ ਕੀਤਾ ਸੀ ਜਿਸ ਨੂੰ ਸਾਰੇ ਹਾਊਸ ਨੇ ਪਾਸ ਕੀਤਾ ਸੀ। ਇਹ ਇਕ ਮਹੱਤਵਪੂਰਣ ਫੈਸਲਾ ਸੀ ਪਰ ਅੱਜ ਜਦੋਂ ਦੇਸ਼ ਨੂੰ ਹੋਰ ਚੰਗੇ ਫੈਸਲੇ ਕਰਨ ਦੀ ਲੋੜ ਹੈ। ਜਦੋਂ ਇਸ ਪਾਰਟੀ ਵਲੋਂ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ ਕਿ ਇਹ ਇਸ ਗੱਲ ਦੇ ਹਾਮੀ ਹਨ ਜੋ ਕਿ ਪੂਰੇ ਜ਼ੋਰ ਨਾਲ ਕਾਮਯਾਬ ਕਰਨਾ ਹੈ। ਸਾਨੂੰ ਤਾਂ ਲੋਕਾਂ ਤੇ ਹੋਰ ਬੋਝ ਨਹੀਂ ਪਾਉਣਾ ਚਾਹੀਦਾ, ਸਗੋਂ ਦੇਸ਼ ਦੀ ਇਕੋਨੋਮੀ ਨੂੰ ਹੋਰ ਅਗੇ ਲਿਜਾਣਾ ਚਾਹੀਦਾ ਹੈ। ਇਸ ਰੈਜ਼ੋਲਿਊਸ਼ਨ ਨੂੰ ਪਾਸ ਕਰਨ ਦੇ ਨਾਲ ਪੰਜਾਬ ਦੀ ਜਨਤਾ ਤੇ ਬੋਝ ਪਵੇਗਾ ਅਤੇ ਨਾਲ ਹੀ ਪੰਜਾਬ ਦੀ ਇਕੋਨੋਮੀ ਤੇ ਵੀ। ਮੈਂ ਤਾਂ ਸਮਝਦਾ ਹਾਂ ਕਿ ਅਪਰ ਹਾਊਸ ਬਨਾਉਣ ਦੀ ਕੋਈ ਲੋੜ ਨਹੀਂ ਹੈ। ਇਸ ਰੈਜ਼ਲਿਊਸ਼ਨ ਨੂੰ ਵਾਪਿਸ ਲੈਣਾ ਚਾਹੀਦਾ ਹੈ। ਕਿਉਂਕਿ ਅਪਰ ਹਾਊਸ ਦੇ ਪਾਸ ਕੋਈ ਪਾਵਰ ਨਹੀਂ ਹੈ। ਇਹ ਸਿਰਫ ਬਿੱਲਾਂ ਨੂੰ ਦੁਬਾਰਾ ਵਿਚਾਰ ਕਰ ਸਕਦਾ ਹੈ ਅਤੇ ਕਿਸੇ ਮਨੀ ਬਿੱਲ ਨੂੰ ਰੋਕ ਨਹੀਂ ਸਕਦਾ ਨਾ ਹੀ ਕਿਸੇ ਬਿੱਲ ਨੂੰ ਰੱਖ ਸਕਦਾ ਹੈ ਸਵਾਏ ਦੁਬਾਰਾ ਵਿਚਾਰ ਕਰਨ ਵਾਸਤੇ ਇਸ ਹਾਊਸ ਨੂੰ ਵਾਪਿਸ ਭੇਜ ਸਕਦਾ ਹੈ। ਕੀ ਸਰਕਾਰ ਨੂੰ ਇਸ ਲੋਅਰ ਹਾਊਸ ਦੀ ਅੱਕਲ ਤੇ ਸ਼ੱਕ ਹੈ ਜਾਂ ਮਨਿਸਟਰ ਸਾਹਿਬ ਨੂੰ ਆਪਣੀ ਅੱਕਲ ਤੇ ਸ਼ੱਕ ਹੈ। ਅਸੀਂ ਬੜੀ ਸੋਚ ਸਮਝ ਕੇ ਬਿਲ ਨੂੰ ਪਾਸ ਕਰਦੇ ਹਾਂ। ਉਸ ਸਮੇਂ ਇਸ ਅਪਰ ਹਾਊਸ ਦਾ ਖਰਚਾ 8 ਲੱਖ ਰੁਪਏ ਸੀ ਪਰ ਹੁਣ ਤਾਂ ਵੱਧ ਹੀ ਜਾਣਾ ਹੈ। ਇਨ੍ਹਾਂ ਨੇ ਮਿਸਾਲਾਂ ਦਿੱਤੀਆਂ ਹਨ ਦੂਜੇ ਮੁਲਕਾਂ ਦੀਆਂ। ਮੈਂ ਇਨ੍ਹਾਂ ਦੀ ਪਾਰਟੀ ਦੇ ਲੀਡਰ ਦੀ ਇਕ ਮਿਸਾਲ ਦਿੰਦਾ ਹਾਂ ਕਿ ਮਹਾਤਮਾਂ ਗਾਂਧੀ ਜੀ ਨੇ ਜਦੋਂ ਲੰਡਨ ਵਿਚ ਸੈਕਿੰਡ ਰਾਊਂਡ ਟੇਬਲ ਕਾਨਫਰੰਸ ਹੋਈ ਸੀ ਤਾਂ ਉਥੇ ਜਾ ਕੇ ਕਿਹਾ ਕਿ ਸਾਡੇ ਦੇਸ਼ ਵਿਚ ਸੈਕਿੰਡ ਚੈਂਬਰ ਦੀ ਕੋਈ ਲੋੜ ਨਹੀਂ ਹੈ। ਪਰ ਅੱਜ ਇਹ ਉਨ੍ਹਾਂ ਦਾ ਨਾਮ ਵਚ ਰਹੇ ਹਨ।

ਗਲਤ ਗੱਲਾਂ ਕਰਨ ਵਾਸਤੇ ਅਤੇ ਸਿਆਸੀ ਬੰਦਿਆਂ ਨੂੰ ਰਿਸ਼ਵਤ ਦੇਣ ਵਾਸਤੇ ਇਕ ਨਵਾਂ ਹਾਊਸ ਬਣਾ ਰਹੇ ਹਨ। ਜਿਹੜੇ ਆਦਮੀ ਡੈਮੋਕਰੇਸੀ ਦੇ ਸਿਸਟਮ ਨਾਲ ਚੁਣ ਕੇ ਨਹੀਂ ਆ ਸਕੇ ਅਤੇ ਲੋਕਾਂ ਨੇ ਉਨ੍ਹਾਂ ਨੂੰ ਇਗਨੋਰ ਕਰ ਦਿੱਤਾ ਹੈ, ਉਨ੍ਹਾਂ ਨੂੰ ਐਡਜਸਟ ਕਰਨ ਵਾਸਤੇ ਇਹ ਅੱਪਰ ਹਾਊਸ ਬਣਾਉਣਾ ਚਾਹੁੰਦੇ ਹੀ ਹਨ।* ਜਿਹੜੀਆਂ ਦਲੀਲਾਂ ਵਜ਼ੀਰ ਸਾਹਿਬ ਨੇ ਕਾਬਲ ਆਦਮੀਆਂ ਬਾਰੇ, ਪੜ੍ਹੇ ਲਿਖਿਆਂ ਬਾਰੇ ਅਤੇ ਲੋਕਲ ਬਾਡੀਜ਼ ਦੇ ਆਦਮੀਆਂ ਬਾਰੇ ਦਿੱਤੀਆਂ ਹਨ ਇਹ ਦਲੀਲਾਂ ਉਨ੍ਹਾਂ ਦੀਆਂ ਕੋਈ ਵਜ਼ਨ ਨਹੀਂ ਰੱਖਦੀਆਂ। ਡਾਂਗ ਸਾਹਿਬ ਨੇ ਆਪਣੀ ਤਕਰੀਰ ਵਿਚ ਉਨ੍ਹਾਂ ਦਲੀਲਾਂ ਨੂੰ ਕਾਫੀ ਕਰਿਟੇਸਾਈਜ਼ ਕੀਤਾ ਹੈ। ਮੈਂ ਵੀ ਜਿਹੜੀ ਗੱਲ ਉਨ੍ਹਾਂ ਦੇ ਕਹਿਣ ਵਾਲੀ ਰਹਿ ਗਈ ਹੈ, ਉਸ ਬਾਰੇ ਦੱਸਣਾ ਚਾਹੁੰਦਾ ਹਾਂ। ਇਹ ਕਹਿੰਦੇ ਹਨ ਕਿ ਲੋਕਲ ਬਾਡੀਜ਼ ਦੇ ਨੁਮਾਇੰਦੇ ਇਥੇ ਲਿਆਏ ਜਾਣੇ ਹਨ ਅਤੇ ਉਨ੍ਹਾਂ ਦੀ ਰਾਏ ਲੈਣੀ ਜ਼ਰੂਰੀ ਹੈ। ਮੈਂ ਕਹਿੰਦਾ ਹਾਂ ਕਿ ਉਸ ਵਿਚ ਵੀ ਤਾਂ ਤੁਹਾਡੇ ਨਾਮਜ਼ਦ ਹੀ ਕੀਤੇ ਹੋਏ ਆਦਮੀ ਹਨ। ਮਾਰਕਿਟ ਕਮੇਟੀਆਂ ਵਿਚ ਵੀ ਤੁਹਾਡੇ ਨਾਮਜ਼ਦ ਕੀਤੇ ਆਦਮੀ ਹਨ। ਮੈਂ ਪੁਛਣਾ ਚਾਹੁੰਦਾ ਹਾਂ ਕਿ ਅਸੀਂ ਜਿਹੜੇ ਇਥੇ ਅਸੈਂਬਲੀ ਵਿਚ ਚੁਣਕੇ ਆਉਂਦੇ ਹਾਂ ਕੀ ਉਹ ਸਾਡੇ ਨਾਲੋਂ ਚੰਗੀ ਰਾਏ ਦੇ ਸਕਦੇ ਹਨ? ਲੋਕਲ ਬਾਡੀਜ਼ ਵਿਚ ਜਿਹੜੇ ਮੈਂਬਰ ਤੁਹਾਡੇ ਚੁਣੇ ਗਏ ਹਨ ਉਹ ਡਿਕਟੇਟਰਸ਼ਿਪ ਨਾਲ ਹੀ ਚੁਣੇ ਗਏ ਹਨ। ਇਸ ਲਈ ਮੈਂ ਕਹਿੰਦਾ ਹਾਂ ਕਿ ਅੱਪਰ ਹਾਊਸ ਬਣਾਕੇ ਸਿਵਾਏ ਸਿਆਸੀ ਕੁਰੱਪਸ਼ਨ ਨੂੰ ਹੋਰ ਵਧਾਉਣਾ ਹੈ, ਨਾ ਕਿ ਕਾਬਲੀਅਤ ਦੇ ਆਦਮੀਆਂ ਨੂੰ ਇਥੇ ਲਿਆਂਦਾ ਜਾ ਰਿਹਾ ਹੈ। ਜਦ ਇਹ ਅੱਪਰ ਹਾਊਸ ਤੋੜਿਆ ਗਿਆ ਸੀ ਤਾਂ ਉਸ ਵੇਲੇ ਸਰਦਾਰ ਗੁਰਨਾਮ ਸਿੰਘ ਜੀ ਚੀਫ ਮਨਿਸਟਰ ਸਨ। ਉਸ ਵਲੇ ਇਸ ਨੂੰ ਤੋੜਨ ਦਾ ਰੈਜ਼ੂਲਿਊਸ਼ਨ ਪਸ਼ ਕੀਤਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਗਿਆ ਸੀ। ਉਸ ਵੇਲੇ ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ ਵੀ ਸਨ। ਨਿਹਾਲਸਿੰਘਵਾਲਾ ਕਹਿੰਦੇ ਹਨ ਕਿ ਸਰਦਾਰ ਗੁਰਨਾਮ ਸਿਘ ਨੇ ਗ਼ਲਤ ਰੈਜ਼ੋਲਿਊਸ਼ਨ ਲਿਆਂਦਾ ਸੀ ? (ਵਿਘਨ) (ਘੰਟੀ) ਸਪੀਕਰ ਸਾਹਿਬ, ਮੈਂ ਜੋ ਆਪਣੀ ਪਾਰਟੀ ਵਲੋਂ ਬੋਲਣ ਵਾਸਤੇ ਇਸ ਰੈਜ਼ੋਲਿਊਸ਼ਨ ਤੇ ਖੜ੍ਹਾ ਹੋਇਆ ਹਾਂ, ਮੈਂ ਆਪਣੀ ਪਾਰਟੀ ਵਲੋਂ ਅਤੇ ਆਪਣੇ ਵਲੋਂ ਇਸ ਦੀ ਪੁਰਜ਼ੋਰ ਵਿਰੋਧਤਾ ਕਰਦਾ ਹਾਂ। ਇਹੋ ਜਿਹੀਆਂ ਗੱਲਾਂ ਕਰਕੇ ਇਹ ਕੁਰੱਪਸ਼ਨ ਨੂੰ ਬੜ੍ਹਾਵਾ ਦੇਣਾ ਚਾਹੁੰਦੇ ਹਨ। ਇਨ੍ਹਾਂ ਨੂੰ ਇਹੋ ਜਿਹੀਆਂ ਗ਼ਲਤ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।

**ਕੈਪਟਨ ਰਤਨ ਸਿੰਘ** (ਕੁੰਮ ਕਲਾਂ) : ਸਪੀਕਰ ਸਾਹਿਬ, ਟਾਈਮ ਬੜਾ ਥੋੜ੍ਹਾ ਹੈ। ਮੈਂ ਟਾਈਮ ਦਾ ਪਾਬੰਦ ਰਹਾਂਗਾ। ਇਥੇ ਡਾਂਗ ਸਾਹਿਬ ਨੇ ਕੁਝ ਦਲੀਲਾਂ ਦਿੱਤੀਆਂ ਹਨ। ਮੈਨੂੰ ਉਨ੍ਹਾਂ ਦੀਆਂ ਦਲੀਲਾਂ ਠੀਕ ਨਹੀਂ ਲੱਗੀਆਂ। ਅਸੀਂ ਤਾਂ ਇਸ ਤਰ੍ਹਾਂ ਡੈਮੋਕਰੇਸੀ ਨੂੰ ਮਜ਼ਬਤ ਬਨਾਉਣਾ ਹੈ ਅਤੇ ਡੈਮੋਕਰੇਸੀ ਦੇ ਵਿਚ ਤਾਕਤ ਲਿਆਉਣੀ ਹੈ। ਇਸ ਕਰਕੇ ਡਾਂਗ ਸਾਹਿਬ ਨੇ ਜਿਹੜੀਆਂ ਦਲੀਲਾਂ ਦਿਤੀਆਂ ਹਨ ਉਨ੍ਹਾਂ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਦੂਸਰੀ ਗੱਲ ਇਹ ਹੈ ਕਿ ਜਿਸ ਵੇਲੇ ਅੱਪਰ ਹਾਊਸ ਐਬੋਲਿਸ਼ ਹੋਇਆ ਸੀ ਤਾਂ ਉਸ ਵੇਲੇ ਮੈਂ ਠੀਕ ਕਿਹਾ ਸੀ ਕਿ ਪੰਜਾਬ ਇਕ ਬਹੁਤ ਵੱਡੀ ਗ਼ਲਤੀ ਕਰ ਰਿਹਾ ਹੈ। ਉਸ ਵੇਲੇ 6 ਲੱਖ ਰੁਪਿਆ ਇਸ ਦੇ ਖਰਚ ਹੁੰਦਾ ਸੀ ਜਦ ਕਿ ਹੁਣ 15 ਲੱਖ ਰੁਪਿਆ ਖਰਚ ਹੋਣਾ ਹੈ। ਅੱਪਰ ਹਾਊਸ ਕਾਇਮ ਕਰਨ ਨਾਲ ਉਸ ਵਿਚ ਸਿਆਣੇ, ਤਜ਼ਰਬੇਕਾਰ ਅਤੇ ਅੱਕਲ ਵਾਲੇ ਆਦਮੀ ਆਉਣਗੇ। ਇਸ ਲਈ ਮੈਂ ਤਾਂ ਸਮਝਦਾ ਹਾਂ ਕਿ ਅੱਕਲ ਵਾਲੇ ਆਦਮੀਆਂ ਤੇ ਜਿੰਨਾ ਵੀ ਖਰਚ ਕਰ ਸਕੀਏ ਕਰਨਾ ਚਾਹੀਦਾ ਹੈ। ਕਿਉਂਕਿ ਉਸ ਅੱਕਲ ਦਾ ਫ਼ਾਇਦਾ ਸਾਰੇ ਸੂਬੇ ਨੂੰ ਹੋ ਸਕਦਾ ਹੈ। ਸਾਡੀ ਪਾਰਟੀ ਨੇ ਉਸ ਵਕਤ ਕਿਉਂ ਵੋਟ ਨਹੀਂ ਸੀ ਪਾਈ ? ਅਕਾਲੀ ਪਾਰਟੀ ਨੇ ਉਸ ਵੇਲੇ ਅੰਡਰ ਪਰੈਸ਼ਰ ਇਹ ਬਿੱਲ ਲਿਆਂਦਾ ਸੀ। ਅਗਰ ਅਕਾਲੀ ਪਾਰਟੀ ਨੂੰ ਪਰੈਸ਼ਰ ਨਾ ਹੁੰਦਾ ਤਾਂ ਇਹ ਬਿੱਲ ਨਾ ਲਿਆਉਂਦੇ। ਉਸ ਵੇਲੇ ਅੱਪਰ ਹਾਊਸ ਵਿਚ ਕਾਂਗਰਸ ਪਾਰਟੀ ਦੀ ਮੈਜਾਰਿਟੀ ਸੀ ਅਤੇ ਉਸ ਨੂੰ ਕੱਟ ਡਾਊਨ ਕਰਨ ਵਾਸਤੇ ਇਸ ਤਰ੍ਹਾਂ ਕੀਤਾ ਗਿਆ ਸੀ। ਇਹ ਚੀਜ਼ ਅੰਡਰ ਪਰੈਸ਼ਰ ਕੀਤੀ ਗਈ ਸੀ। ਡਾਂਗ ਸਾਹਿਬ ਨੇ ਠੀਕ ਹੀ ਕਿਹਾ ਹੈ ਕਿ ਇਕ ਵਾਰੀ ਫੈਸਲਾ ਕਰਨ ਤੋਂ ਬਾਅਦ ਪਾਰਲੀਮੈਂਟ ਦੇ ਵਿਚ ਇਨ੍ਹਾਂ ਦੇ ਵੱਡੇ ਵੱਡੇ ਲੀਡਰ ਸਰਦਾਰ ਗੁਰਦਿਆਲ ਸਿੰਘ ਢਿੱਲੋਂ ਕੋਲ ਸਾਰਿਆਂ ਨੂੰ ਲਿਜਾ ਕੇ ਕੋਸ਼ਿਸ਼ ਇਹ ਕਰਦੇ ਸੀ ਕਿ ਸਾਡੇ ਕੋਲੋਂ ਗ਼ਲਤੀ ਹੋ ਗਈ ਸੀ ਅਤੇ ਕਿਸੇ ਨਾ ਕਿਸੇ ਤਰ੍ਹਾਂ ਇਸ ਨੂੰ ਪਾਰਲੀਮੈਂਟ ਪਾਸ ਨਾ ਕਰੇ। ਇਸ ਚੀਜ਼ ਦਾ ਸਾਰਿਆਂ ਨੂੰ ਪਤਾ ਹੈ। ਸੋ ਇਸ ਕਰਕੇ ਮੈਂ ਸਮਝਦਾ ਹਾਂ ਕਿ ਇਹ ਜੋ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ ਇਹ ਡੈਮੋਕਰੇਸੀ ਨੂੰ ਮਜ਼ਬੂਤ ਬਨਾਉਣ ਵਾਲਾ ਹੈ ਔਰ ਬਹੁਤ ਸਾਰ ਆਦਮੀ ਇਸ ਤਰ੍ਹਾਂ ਅੱਪਰ ਹਾਊਸ ਵਿਚ ਆ ਜਾਣਗੇ ਜਿਨ੍ਹਾਂ ਦੀ ਅੱਕਲ ਦਾ, ਸਾਇੰਸ ਦਾ ਅਤੇ ਤਜਰਬੇ ਦਾ ਅਸੀਂ ਫ਼ਾਇਦਾ ਉਠਾਵਾਂਗੇ। ਮੈਂ ਕਹਾਂਗਾ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਲਿਆਂਦਾ ਹੈ ਇਸ ਨੂੰ ਯੂਨੇਨੀਮਸਲੀ ਪਾਸ ਕਰੋ।

(ਤਾੜੀਆਂ)

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ. ਸੀ.) : ਸਪੀਕਰ ਸਾਹਿਬ, ਇਹ ਜਿਹੜਾ ਮਤਾ ਸਰਦਾਰ ਉਮਰਾਓ ਸਿੰਘ ਨੇ ਲਿਆਂਦਾ ਹੈ, ਮੈਂ ਇਸ ਦੀ ਵਿਰੋਧਤਾ ਕਰਦਾ ਹਾਂ ਕਿਉਂਕਿ ਇਨ੍ਹਾਂ ਨੇ ਮਿਸਾਲਾਂ ਭਾਵੇਂ ਹੋਰ ਕੰਟਰੀਜ਼ ਦੀਆਂ ਦਿੱਤੀਆਂ ਹਨ, ਇਨ੍ਹਾਂ ਨੇ ਮਿਸਾਲਾਂ ਦੂਸਰੇ ਸੋਸ਼ਲਿਸਟ ਕੰਟਰੀਜ਼ ਦੀਆਂ ਦਿੱਤੀਆਂ ਹਨ ਅਤੇ ਕਹਿੰਦੇ ਹਨ ਕਿ ਉਨ੍ਹਾਂ ਮੁਲਕਾਂ ਵਿਚ ਵੀ ਅੱਪਰ ਹਾਊਸ ਅਤੇ ਲੋਅਰ ਹਾਊਸ ਹਨ। ਇਸ ਕਿਸਮ ਦੀਆਂ ਇਨ੍ਹਾਂ ਨੇ ਗ਼ਲਤ ਦਲੀਲਾਂ ਪੇਸ਼ ਕੀਤੀਆਂ ਹਨ। ਪਰ, ਸਪੀਕਰ ਸਾਹਿਬ, ਸਾਡੇ

Original with;
Punjab Vidhan Sabha
Digitized by;
Panjab Digital Library

ਮੁਲਕ ਵਿਚ ਅਜਿਹਾ ਨਹੀਂ ਹੈ ਜਿਸ ਤਰ੍ਹਾਂ ਕਿ ਰੂਸ ਆਦਿ ਮੁਲਕਾਂ ਵਿਚ ਹੈ । ਉਥੇ ਇਕ ਹਾਊਸ ਸਾਰੇ ਰਾਜਾਂ ਵਾਸਤੇ ਹੈ ਅਤੇ ਦੂਸਰੀ ਉਥੇ ਪਾਰਲੀਮੈਂਟ ਹੈ। ਪਰ ਇਥੇ ਸਾਡੇ ਹਿੰਦੁਸਤਾਨ ਵਿਚ ਰਾਜ ਸਭਾ ਅਤੇ ਲੋਕ ਸਭਾ ਹਨ। ਪਰ ਮੈਂ ਕਹਿੰਦਾ ਹਾਂ ਕਿ ਪੰਜਾਬ ਦੇ ਵਿਚ ਇਸ ਅਪਰ ਹਾਊਸ ਦੀ ਕੀ ਲੋੜ ਹੈ ? ਇਹ ਇਕ ਚਿੱਟਾ ਹਾਥੀ ਹੈ ਜਿਸ ਦਾ ਲੋਕਾਂ ਤੇ ਭਾਰ ਹੋਵੇਗਾ। ਭਾਰ ਤਾਂ ਟੈਕਸਾਂ ਦਾ ਪਹਿਲੇ ਹੀ ਲੋਕਾਂ ਤੇ ਬਹੁਤ ਪਿਆ ਹੋਇਆ ਹੈ ਪਰ ਇਹ ਹੁਣ ਅਪਰ ਹਾਊਸ ਕਾਇਮ ਕਰਕੇ ਚਿੱਟਾ ਹਾਥੀ ਬੰਨਣ ਵਾਲੀ ਗੱਲ ਹੈ । ਪਰ ਅਸਲ ਗਲ ਇਹ ਹੈ ਕਿ ਕਿਉਂਕਿ ਇਕਨਾਮਿਕ ਕਰਾਈਸਿਜ਼ ਜਿਹੜਾ ਹੈ ਉਹ ਹੋਰ ਬਹੁਤ ਡੂੰਘਾ ਹੁਦਾ ਜਾ ਰਿਹਾ ਹੈ। ਹਰ ਇਕ ਚੀਜ਼ ਮਹਿੰਗੀ ਹੁੰਦੀ ਜਾ ਰਹੀ ਹੈ । ਇਸ ਚੀਜ਼ ਨੂੰ ਇਹ ਹੱਲ ਨਹੀਂ ਕਰ ਸਕੇ। ਇਸ ਦਾ ਹੱਲ ਨਾ ਹੋਣ ਦਾ ਕਾਰਨ ਇਹ ਹੈ ਕਿ ਇਸ ਕਾਂਗਰਸ ਪਾਰਟੀ ਦੇ ਵਿਚ ਕਾਫੀ ਤਰੇੜ ਹੈ ਅਤੇ ਗਰੁਪ ਬਣ ਗਏ ਹਨ । ਇਸ ਗਰੁੱਪਬਾਜ਼ੀ ਨੂੰ ਮਿਟਾਉਣ ਦੀ ਖਾਤਰ ਇਹ ਗਲਤ ਦਲੀਲਾਂ ਦੇ ਰਹੇ ਹਨ ਅਤੇ ਇਸ ਤਰ੍ਹਾਂ ਹਾਰੇ ਹੋਏ ਪਾਲੀਟੀਸ਼ਨਜ਼ ਨੂੰ ਅੱਪਰ ਹਾਊਸ ਵਿਚ ਲ਼ਿਆਂਦਾ ਜਾ ਰਿਹਾ ਹੈ । ਉਨ੍ਹਾਂ ਪਾਲੀਟੀਸ਼ਨਜ਼ ਨੂੰ ਤਾਕਤ ਦੇਣ ਲਈ ਇਹ ਰੇਜ਼ੋਲਿਊਸ਼ਨ ਲਿਆਂਦਾ ਗਿਆ ਹੈ । ਮੈਂ ਆਪਣੀ ਪਾਰਟੀ ਵਲੋਂ ਇਸ ਰੈਜ਼ੋਲਿਊਸ਼ਨ ਦੀ ਵਿਰੋਧਤਾ ਕਰਦਾ ਹਾਂ। ਮੈਂ ਇਸ ਦੀ ਡੱਟ ਕੇ ਵਿਰੋਧਤਾ ਕਰ ਦਾ ਹਾਂ। ਸਪੀਕਰ ਸਾਹਿਬ, ਲੋਕਲ ਬਾਡੀਜ਼ ਵਿਚ ਜਿਹੜੇ ਲੋਕ ਇਨ੍ਹਾਂ ਨੇ ਨਾਮਜ਼ਦ ਕੀਤੇ ਹਨ, ਜ਼ਿਲ੍ਹਾ ਪ੍ਰੀਸ਼ਦ ਵਿਚ ਜਿਹੜੀਆਂ ਇਨ੍ਹਾਂ ਨੇ ਨਾਮਜ਼ਦਗੀਆਂ ਕੀਤੀਆਂ ਹਨ, ਉਨ੍ਹਾਂ ਨੂੰ ਇਹ ਅੱਗੇ ਲਿਆਉਣਾ ਚਾਹੁੰਦੇ ਹਨ। ਜਿਹੜੇ ਕਮਜ਼ੋਰ ਆਦਮੀ ਹਨ ਅਤੇ ਜਿਹੜੇ ਹਰ ਪੱਖ ਤੋਂ ਗਿਰੇ ਹੋਏ ਪਾਲੀਟੀਸ਼ਨਜ਼ ਹਨ ਉਨ੍ਹਾਂ ਨੂੰ ਇਹ ਅਗੇ ਲਿਆਉਣਾ ਚਾਹੁੰਦੇ ਹਨ । ਜਿਹੜੇ ਆਦਮੀ ਗਵਰਨਰ ਵਲੋਂ ਨਾਮਜ਼ਦ ਹੋਣਗੇ ਉਹ ਵੀ ਕਾਂਗਰਸ ਦੇ ਆਦਮੀ ਹੋਣਗੇ। ਇਸ ਲਈ, ਸਪੀਕਰ ਸਾਹਿਬ, ਇਹ ਜਿਹੜਾ ਅੱਪਰ ਹਾਊਸ ਕਾਇਮ ਕਰਨ ਵਾਸਤੇ ਰੈਜ਼ੋ—ਲਿਊਸ਼ਨ ਲਿਆਂਦਾ ਗਿਆ ਹੈ, ਮੈਂ ਇਸ ਦੀ ਡੱਟ ਕੇ ਮੁਖਾਲਫਤ ਕਰਦਾ ਹਾਂ ਅਤੇ ਮੈਂ ਇਨ੍ਹਾਂ ਨੂੰ ਅਪੀਲ ਕਰਦਾ ਹਾਂ ਕਿ ਇਸ ਮਤੇ ਨੂੰ ਵਾਪਿਸ ਲਿਆ ਜਾਵੇ ।

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋਏ ।)

**ਸ੍ਰੀ ਸਪੀਕਰ** : ਮੇਰਾ ਖਿਆਲ ਹੈ ਕਿ ਸਾਰੀਆਂ ਪਾਰਟੀਆਂ ਦੀ ਨੁਮਾਇੰਦਗੀ ਹੋ ਗਈ ਹੈ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼**: ਸਪੀਕਰ ਸਾਹਿਬ,ਬੜਾ ਇੰਪਾਰਟੈਂਟ ਰੈਜ਼ੋਲਿਊਸ਼ਨ ਹੈ, ਇਸ ਤੇ ਬੋਲਣ ਲਈ ਟਾਈਮ ਮਿਲਣਾ ਚਾਹੀਦਾ ਹੈ ।

**ਸ੍ਰੀ ਸਪੀਕਰ** : ਡਾਂਗ ਸਾਹਿਬ ਨੇ ਕਾਫੀ ਦਲੀਲਾਂ ਦੇ ਕੇ ਆਪਣੀ ਸਪੀਚ ਕੀਤੀ ਹੈ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੁਝ ਗਲਾਂ ਰਹਿ ਗਈਆਂ ਹਨ । ਇਸ ਲਈ ਮੈਨੂੰ ਪੰਜ ਮਿੰਟ ਦਿੱਤੇ ਜਾਣ ।

**ਸ੍ਰੀ ਸਪੀਕਰ** : ਹੁਣ ਪੰਜ ਮਿੰਟਾਂ ਵਾਸਤੇ ਜੋਸ਼ ਜੀ ਬੋਲਣਗੇ। ਪੰਜ ਮਿੰਟ ਸਰਦਾਰ ਗੁਰਦੇਵ ਸਿੰਘ ਬਾਦਲ ਅਤੇ ਪੰਜ ਮਿੰਟ ਚੌਧਰੀ ਦਰਸ਼ਨ ਸਿੰਘ ਜੀ ਬੋਲਣਗੇ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** (ਖਰੜ) : ਸਪੀਕਰ ਸਾਹਿਬ, ਮੈਨੂੰ ਇਸ ਗਲ ਦਾ ਬੜਾ ਦੁਖ ਹੈ ਕਿ ਇਹ ਇਕ ਬੜਾ ਪਿਛਾਹ ਖਿੱਚਣ ਵਾਲਾ ਮੱਤਾ ਹੈ ਜੋ ਕਿ ਪੰਜਾਬ ਦੀ ਕਾਂਗਰਸ ਪਾਰਟੀ ਵਲੋਂ ਇਸ ਹਾਊਸ ਵਿਚ ਪੇਸ਼ ਕੀਤਾ ਗਿਆ ਹੈ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਮਸ਼ੇਰ ਸਿੰਘ ਜੋਸ਼]

ਮੁਲਕ ਦੇ ਲੋਕਾਂ ਦੀਆਂ ਕਾਂਗਰਸ ਉਤੇ ਬਹੁਤ ਆਸਾਂ ਹਨ । ਡੈਮੋਕਰੇਸੀ ਵਲ, ਸਮਾਜਵਾਦ ਵਲ ਔਰ ਸੈਕੂਲਰਿਜ਼ਮ ਵਲ ਇਸ ਨੇ ਵਧਣਾ ਹੈ । ਇਨ੍ਹਾਂ ਵਿਚ ਦੇਸ਼ ਭਗਤ ਵੀ ਮੌਜੂਦ ਹਨ । ਇਨ੍ਹਾਂ ਵਲੋਂ ਡੈਮੋ—ਕਰੇਸੀ ਨੂੰ ਕਰਟੇਲ ਕਰਨ ਵਾਲਾ ਰੈਜ਼ੋਲਿਊਸ਼ਨ ਲਿਆਉਣਾ, ਕਿਸ ਤਰ੍ਹਾਂ ਨਾਲ ਇਨ੍ਹਾਂ ਨੂੰ ਸ਼ੋਭਾ ਦੇ ਸਕਦਾ ਹੈ। 1965 ਵਿਚ ਪਹਿਲਾ ਮਤਾ ਆਇਆ ਵਿਧਾਨ ਪ੍ਰੀਸ਼ਦ ਨੂੰ ਖਤਮ ਕਰਨ ਦਾ । ਉਹ ਮੂਵ ਕੀਤਾ ਸੀ ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਨੇ ਜੋ ਕਿ ਅੱਜ ਸਰਕਾਰ ਦੇ ਚੀਫ ਪਾਰਲੀਮੈਂਟਰੀ ਸਕੱਤਰ ਹਨ । ਇਨ੍ਹਾਂ ਨੇ ਆਪਣੇ ਭਾਸ਼ਣ ਵਿਚ ਕਿਹਾ ਸੀ ਕਿ ਇਸ ਬਾਰੇ ਮੈਂ ਦਸਣਾ ਚਾਹੁੰਦਾ ਹਾਂ ਕਿ ਸਾਨੂੰ ਇਸ ਹਾਊਸ ਦੀ ਕੋਈ ਜ਼ਰੂਰਤ ਭੀ ਹੈ ਜਾਂ ਨਹੀਂ । "ਜਿਨ੍ਹਾਂ ਸੂਬਿਆਂ ਵਿਚ ਨਹੀਂ ਹੈ, ਕੀ ਉਨ੍ਹਾਂ ਸੂਬਿਆਂ ਦਾ ਗੁਜ਼ਾਰਾ ਚਲਦਾ ਹੈ ਜਾਂ ਨਹੀਂ । ਸ਼ਾਇਦ ਤੁਹਾਨੂੰ ਪਤਾ ਹੋਵੇਗਾ ਕਿ ਜਿਹੜਾ ਹਾਊਸ ਉਤੇ ਖਰਚ ਹੁੰਦਾ ਹੈ ਭਾਵੇਂ ਉਹ ਥੋੜਾ ਹੈ ਉਸ ਪੱਖ ਤੋਂ ਸੋਚਣ ਦੀ ਲੋੜ ਨਹੀਂ ਹੈ ।" ਉਹ ਮਤਾ ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਨੇ ਮੂਵ ਕੀਤਾ ਸੀ । ਸਰਦਾਰ ਬਿਅੰਤ ਸਿੰਘ ਦੀ ਉਸ ਵੇਲੇ ਤਕਰੀਰ ਦੀਹੈ। ਹੋਰ ਵੀ ਬਹੁਤ ਸਾਰੇ ਕਾਂਗਰਸ ਮੈਂਬਰਾਂ ਨੇ ਕਿਹਾ ਸੀ ਜੋ ਕਿ ਹੁਣ ਵੀ ਇਥੇ ਬੈਠੇ ਹਨ ਕਿ ਇਹ ਨਹੀਂ ਬਣਨੀ ਚਾਹੀਦੀ ਹੈ। ਪਰ ਮੈਂ ਗਿਆਨੀ ਜ਼ੈਲ ਸਿੰਘ ਨੂੰ ਕਹਿ ਰਿਹਾ ਹਾਂ ਕਿ ਜਿਹੜੀਆਂ ਉਹ ਤਥਾਂ ਦੇ ਰਹੇ ਹਨ ਉਨ੍ਹਾਂ ਨੂੰ ਆਪ ਖੋਲ੍ਹਣੀਆਂ ਪੈਣੀਆਂ ਹਨ । ਇਹ ਵਿਧਾਨ ਪਰੀਸ਼ਦ ਬਣਾਕੇ ਜਮੂਰੀਅਤ ਨੂੰ ਅੱਗੇ ਲਿਜਾਣ ਦੀ ਕੋਈ ਗੱਲ ਨਹੀਂ ਬਲਕਿ ਇਸ ਨਾਲ ਤਾਂ ਜਮੂਰੀਅਤ ਨੂੰ ਪਿਛੇ ਲਿਜਾਣ ਵਾਲੀ ਗੱਲ ਕੀਤੀ ਜਾ ਰਹੀ ਹੈ । ਮੈਂ ਪੁਛਣਾ ਚਾਹੁੰਦਾ ਹਾਂ ਸਰਦਾਰ ਉਮਰਾਓ ਸਿੰਘ ਕਹਿੰਦੇ ਹਨ ਕਿ ਅਸੀਂ ਮਸ਼ਵਰਾ ਲਵਾਂਗੇ, ਉਥੇ ਚੰਗੇ ਚੰਗੇ ਵਿਦਵਾਨ ਭੇਜਣੇ ਹਨ। ਬੇਸ਼ਕ ਇਹ ਕਾਂਸਟੀ—ਚਿਊਸ਼ਨ ਦੇਖ ਲੈਣ । ਉਥੇ ਤਾਂ ਵੋਟਾਂ ਪੈਣੀਆਂ ਹਨ । 40 ਮੈਂਬਰ ਉਸ ਹਾਊਸ ਦੇ ਹੋ ਸਕਦੇ ਹਨ ਜਾਂ 1/3 ਅਸੈਂਬਲੀ ਦੇ ਮੈਂਬਰਾਂ ਦੀ ਗਿਣਤੀ ਹੋ ਸਕਦੀ ਹੈ । ਇਸ ਦੇ ਮੈਂਬਰ ਬਲਾਕ ਸੰਪਤੀਆਂ ਵਿਚੋਂ ਜਾਣੇ ਹਨ ਕੁਝ ਟੀਚਰਾਂ ਵਿਚੋਂ ਚੁਣੇ ਜਾਣੇ ਹਨ । ਇਸੇ ਤਰ੍ਹਾਂ ਯੂਨੀਵਰਸਿਟੀ ਗਰੈਜੂਏਟਸ ਵਿਚੋਂ ਵੀ ਚੁਣੇ ਜਾਣੇ ਹਨ । ਇਹ ਕਹਿੰਦੇ ਹਨ ਕਿ ਫ਼ਲਾਣੇ ਨੂੰ ਲਿਆਵਾਂਗੇ, ਫ਼ਲਾਣੇ ਨੂੰ ਲਿਆਵਾਂਗੇ । ਇਹ ਕਿਸ ਤਰ੍ਹਾਂ ਉਨ੍ਹਾਂ ਨੂੰ ਲਿਆਉਣਗੇ । ਕੀ ਇਹ ਜ਼ਬਰਦਸਤੀ ਉਨ੍ਹਾਂ ਨੂੰ ਲੈ ਆਉਣਗੇ । ਫਿਰ ਇਹ ਕਹਿੰਦੇ ਹਨ ਕਿ ਸਾਨੂੰ ਚੰਗਾ ਮਸ਼ਵਰਾ ਮਿਲਗਾ । ਸਪੀਕਰ ਸਾਹਿਬ, ਵਿਧਾਨ ਪਰੀਸ਼ਦ ਕੋਈ ਕਾਨੂੰਨ ਨਹੀਂ ਰੋਕ ਸਕਦਾ ਜੋ ਅਸੈਂਬਲੀ ਨੇ ਬਣਾਉਣੇ ਹਨ । ਕੋਈ ਅਸੈਂਬਲੀ ਜੇ ਬਜਟ ਪਾਸ ਕਰਨਾ ਚਾਹੇ ਤਾਂ ਉਸ ਨੂੰ ਵਿਧਾਨ ਪਰੀਸ਼ਦ ਰੋਕ ਨਹੀਂ ਸਕਦੀ । ਕੋਈ ਵੀ ਚੰਗਾ ਮਾੜਾ ਕੰਮ ਹੋਵੇ ਉਸ ਨੂੰ ਵਿਧਾਨ ਪਰੀਸ਼ਦ ਰੋਕ ਨਹੀਂ ਸਕਦੀ । ਵਿਧਾਨ ਪਰੀਸ਼ਦ ਕੋਲ ਕੋਈ ਵੀ ਫ਼ਾਈਨੈਂਨਸ਼ਲ ਪਾਵਰਜ਼ ਨਹੀਂ ਹਨ । ਜੇ ਰਾਏ ਲੈਣੀ ਹੈ ਤਾਂ ਜਿਨੇ ਵੀ 60 ਸਾਲ ਬੁੱਢੇ ਬੈਠੇ ਹਨ ਉਨ੍ਹਾਂ ਨੂੰ ਉਥੇ ਬਿਠਾ ਦਿਉ ਅਤੇ ਉਨ੍ਹਾਂ ਦੀ ਰਾਏ ਲਈ ਜਾਉ । ਇਹ ਗਲਤ ਕੰਮ ਕੀਤਾ ਜਾ ਰਿਹਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਵਿਧਾਨ ਪਰੀਸ਼ਦ ਬਣਾਉਣ ਦੀ ਜੋ ਸਕੀਮ ਹੈ ਇਹ ਸ਼ਾਰਟ ਸਾਇਡਿਨੈਸ ਹੈ ਔਰ ਸੂਬੇ ਦੀ ਲੋਂਗ ਸਾਈਟਿਡਨੈਸ ਨੂੰ ਨਜ਼ਰਅੰਦਾਜ਼ ਕਰਕੇ ਇਹ ਬਣਾਈ ਜਾ ਰਹੀ ਹੈ । ਇਹ ਸੂਬੇ ਦੇ ਹਿੱਤ ਵਿਚ ਨਹੀਂ ਹੈ ਕਿ ਇਹੋ ਜਿਹੀ ਵਿਧਾਨ ਪਰੀਸ਼ਦ ਇਥੇ ਬਣੇ ।

**ਸਰਦਾਰ ਗੁਰਦੇਵ ਸਿੰਘ ਬਾਦਲ** (ਫਰੀਦ ਕੋਟ, ਐਸ. ਸੀ. ) : ਸਪੀਕਰ ਸਾਹਿਬ, ਜੋ ਸਰਦਾਰ ਉਮਰਾਓ ਸਿੰਘ ਨੇ ....................................(ਵਿਘਨ)

ਸ੍ਰੀ ਸਪੀਕਰ : ਆਨਰੇਬਲ ਮੈਂਬਰਜ਼ ਅੱਗੇ ਮੈਂ ਬੇਨਤੀ ਕਰਾਂਗਾ ਕਿ ਬਿਜ਼ਨੈਸ ਕਾਫੀ ਹੈ ਇਸ ਲਈ 1.?0 ਵਜੇ ਤਾਂ ਲੰਚ ਲਈ ਬਰੇਕ ਕਰਨਾ ਚਾਹੀਦਾ ਹੈ ਜੋ ਕਿ 2—15 ਵਜੇ ਤਕ ਰਹੇਗਾ ਫਿਰ ਉਸ ਤੋਂ ਬਾਅਦ ਜਦ ਤਕ ਇਹ ਬਿਜ਼ਨੈਸ ਖਤਮ ਨਹੀਂ ਹੁੰਦਾ ਉਦੋਂ ਤਕ ਇਹ ਹਾਊਸ ਚਲਦਾ ਰਹਿਣਾ ਚਾਹੀਦਾ ਹੈ । ਕੀ ਹਾਊਸ ਦੀ ਮਰਜ਼ੀ ਹੈ ਕਿ ਇਸ ਤਰ੍ਹਾਂ ਕੀਤਾ ਜਾਵੇ ।

(ਆਵਾਜ਼ਾ : ਹਾਂ ਜੀ, ਹਾਂ ਜੀ)

Original with;
Punjab Vidhan Sabha
Digitized by;
Panjab Digital Library

1—30 ਵਜੇ ਤੋਂ ਲੈਕੇ 2—15 ਤਕ ਹਾਊਸ ਐਡਜਰਨ ਕੀਤਾ ਜਾਏਗਾ ਅਤੇ ਉਸ ਤੋਂ ਬਾਅਦ ਜਦ ਤਕ ਬਿਜ਼ਨੈਸ ਖ਼ਤਮ ਨਹੀਂ ਹੁੰਦਾ ਇਹ ਹਾਊਸ ਚਲਦਾ ਰਹੇਗਾ।

**ਸਰਦਾਰ ਦਰਬਾਰਾ ਸਿੰਘ** : ਆਨ ਏ ਪੁਆਇੰਟ ਆਫ਼ ਆਰਡਰ ਸਰ। ਹਾਊਸ ਜਿੰਨਾ ਚਿਰ ਤਕ ਬਿਜ਼ਨੈਸ ਨਾ ਮੁਕਾ ਲਵੇ ਚਲਦਾ ਰਹੇ। ਪਰ ਤੁਹਾਡੇ ਵਲੋਂ ਲੰਚ ਜੋ ਦਿਤਾ ਜਾਣਾ ਹੈ ਉਸ ਲਈ ਅੱਧੇ ਘੰਟੇ ਲਈ ਐਡਜਰਨ ਕਰਕੇ ਫਿਰ ਹਾਊਸ ਲਗਾ ਲੈਣਾ ਚਾਹੀਦਾ ਹੈ ਅਤੇ ਫਿਰ ਹਾਊਸ ਚਲਦਾ ਰਹਿਣਾ ਚਾਹੀਦਾ ਹੈ ਜਦ ਤਕ ਕਿ ਕੰਮ ਖਤਮ ਨਹੀਂ ਹੋ ਜਾਂਦਾ।

**ਸ੍ਰੀ ਸਪੀਕਰ** : ਲੰਚ ਲਈ ਬਰੇਕ ਪੌਣੇ ਘੰਟੇ ਵਾਸਤੇ ਕਰਾਂਗੇ।

ਸਰਦਾਰ ਗੁਰਦੇਵ ਸਿੰਘ ਬਾਦਲ : ਜਦੋਂ ਇਹ ਅੱਪਰ ਹਾਊਸ ਖਤਮ ਕੀਤਾ ਸੀ ਉਦੋਂ ਸਰਦਾਰ ਦਰਬਾਰਾ ਸਿੰਘ ਜੀ ਤੁਹਾਡੀ ਵਾਲੀ ਜਗ੍ਹਾ ਤੇ ਬੈਠੇ ਸੀ। ਸਭ ਕੁਝ ਸੋਚ ਸਮਝ ਕੇ ਇਹ ਚੰਗਾ ਕੰਮ ਕੀਤਾ ਗਿਆ ਸੀ ਤਾਂ ਕਿ ਲੋਕਾਂ ਨੂੰ ਫ਼ਾਇਦਾ ਹੋ ਸਕੇ। ਇਸ ਤੇ ਪੰਜਾਬ ਦੇ ਲੋਕਾਂ ਨੇ ਵਧਾਈਆਂ ਦਿੱਤੀਆਂ ਕਿ ਇਹ ਚਿੱਟਾ ਹਾਥੀ ਖਤਮ ਕੀਤਾ ਗਿਆ ਹੈ ਅਤੇ ਇਹ ਬੜਾ ਚੰਗਾ ਕੰਮ ਕੀਤਾ ਗਿਆ ਹੈ। ਇਸ ਕਰਕੇ 8 ਲੱਖ ਰੁਪਏ ਦੀ ਬੱਚਤ ਕੀਤੀ ਗਈ ਸੀ। (ਵਿਘਨ) ਇਹ ਵਾਧੂ ਖਰਚ ਸੀ ਜਿਹੜਾ ਕਿ ਅਕਾਲੀ ਪਾਰਟੀ ਨੇ ਖਤਮ ਕੀਤਾ ਸੀ। ਆਵਾਜ਼ ਆਈ ਹੈ ਕਿ 8 ਲੱਖ ਨਹੀਂ ਬਲਕਿ 6 ਲੱਖ ਦੀ ਬੱਚਤ ਸੀ। ਚਲੋ ਮੈਂ 6 ਲੱਖ ਦੀ ਬੱਚਤ ਕਹਿ ਦਿੰਦਾ ਹਾਂ। ਸਰਦਾਰ ਉਮਰਾਓ ਸਿੰਘ ਜੀ ਕਹਿੰਦੇ ਹਨ ਕਿ 6 ਲੱਖ ਸੀ ਚਲੋ ਮੈਂ ਵੀ 6 ਲੱਖ ਕਹਿ ਦਿੰਦਾ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਬੇਨਤੀ ਕਰਾਂਗਾ ਕਿ ਜਿਹੜੇ ਉਦੋਂ 6 ਲੱਖ ਰੁਪਏ ਸੀ ਉਹ ਹੁਣ ਦੁੱਗਣੇ ਜ਼ਰੂਰ ਹੋ ਗਏ ਹੋਣਗੇ। ਇਸ ਨਾਲ ਪੰਜਾਬ ਤੇ ਬਹੁਤ ਵੱਡਾ ਬੋਝ ਪਵੇਗਾ। ਜਿਹੜੇ ਲੋਕਾਂ ਦਾ ਸਰਦਾਰ ਉਮਰਾਓ ਸਿੰਘ ਨੇ ਹੁਣੇ ਨਾਉਂ ਲਿਆ ਹੈ ਉਨ੍ਹਾਂ ਨੂੰ ਲਿਆਉਣ ਵਾਸਤੇ ਇਹ ਅਪਰ ਹਾਊਸ ਨਹੀਂ ਬਣਾਇਆ ਜਾ ਰਿਹਾ ਹੈ। ਇਹ ਕਿਨ੍ਹਾਂ ਵਾਸਤੇ ਬਣਾਇਆ ਜਾ ਰਿਹਾ ਹੈ, ਸਪੀਕਰ ਸਾਹਿਬ ਤੁਸੀਂ ਇਹ ਸੁਣ ਕੇ ਹੈਰਾਨ ਹੋਵੋਗੇ ਕਿ ਉਨ੍ਹਾਂ ਲੋਕਾਂ ਵਾਸਤੇ ਬਣਾਇਆ ਜਾ ਰਿਹਾ ਹੈ। ਜਿਨ੍ਹਾਂ ਕੋਲੋਂ ** **

**ਸਰਦਾਰ ਦਰਬਾਰਾ ਸਿੰਘ** : ਆਨ ਏ ਪੁਆਇੰਟ ਆਫ਼ ਆਰਡਰ ਸਰ। ਮੈਂਬਰ ਸਾਹਿਬ ਨੇ ਸੀਰੀਅਸ ਐਲੀਗੇਸ਼ਨਜ਼ ਲਗਾਏ ਹਨ ਜਿਹੜੇ ਕਿ ਸਾਧਾਰਨ ਸਪੀਚ ਵਿਚ ਨਹੀਂ ਲਗਾਏ ਜਾ ਸਕਦੇ ਹਨ। ਇਹ ਲਫ਼ਜ਼ਾਂ ਨੂੰ ਪਰੋਸੀਡਿੰਗ ਦਾ ਭਾਗ ਨਹੀਂ ਬਣਨਾ ਚਾਹੀਦਾ ਹੈ।

**ਸ੍ਰੀ ਸਪੀਕਰ** : ਕੁਝ ਫਿਕਰੇ ** ** ਬਾਰੇ ਕਹੇ ਗਏ ਹਨ, ਇਹ ਪਾਰਟ ਆਫ਼ ਦੀ ਪਰੋਸੀਡਿੰਗ ਨਾ ਬਣਨ।

**ਸਰਦਾਰ ਗੁਰਦੇਵ ਸਿੰਘ ਬਾਦਲ** : ਭੱਠਿਆਂ ਵਾਲਿਆਂ ਤੋਂ ਲੈਕੇ ਕਾਰਖਾਨੇਦਾਰਾਂ ਤਕ ਚਲੋ ਮੈਂ ਨਹੀਂ ਕਹਿੰਦਾ ਜੇ ਇਨ੍ਹਾਂ ਨੂੰ ਇਹ ਗੱਲ ਮਾੜੀ ਲਗਦੀ ਹੈ। ਮੈਂ ਉਨ੍ਹਾਂ ਬਾਰੇ ਨਹੀਂ ਕਹਿੰਦਾ ਜਿਨ੍ਹਾਂ ਖਾਨੇਦਾਰਾਂ ਨੂੰ ਇਨ੍ਹਾਂ ਨੇ ਲੁਟਿਆ ਹੈ। ਇਹ ਆਪ ਸਭ ਕੁਝ ਜਾਣਦੇ ਹਨ। ਚਲੋਂ ਮੈਂ ਇਹਨਾਂ ਲੋਕਾਂ ਦੇ ਨਾਉ ਨਹੀਂ ਲੈਂਦਾ। ਇਹ ਕਹਿੰਦੇ ਹਨ ਕਿ ਵਿਧਾਨ ਪਰੀਸ਼ਦ ਦੀ ਬਹੁਤ ਲੋੜ ਹੈ। 1969 ਤੋਂ ਲੈਕੇ ਅੱਜ ਤਕ ਪੰਜਾਬ ਦੇ ਕਿਸੇ ਕਾਰੋਬਾਰ ਵਿਚ ਕਿਸੇ ਵੀ ਚੀਜ਼ ਵਿਚ ਅੱਜ ਤਕ ਕੋਈ ਅੜਚਨ ਨਹੀਂ ਪਈ ਹੈ। ਫਿਰ ਅੱਜ ਕੀ ਹੋ ਗਿਆ ਕੀ ਭਾਖੜਾ ਡੈਮ ਦਾ ਬੰਨ੍ਹ ਟੁਟ ਗਿਆ ਜਿਸ ਕਰਕੇ ਕਿ ਅੱਪਰ ਹਾਊਸ ਦੀ ਲੋੜ ਮਹਿਸੂਸ ਹੋ ਰਹੀ ਹੈ। ਅਤੇ ਉਹ ਅੱਪਰ ਹਾਊਸ ਬਿਨਾਂ ਠੀਕ ਨਹੀਂ ਹੋ ਸਕਦਾ। ਮੈਂ ਅਰਜ਼ ਕਰਾਂਗਾ ਬੀਬੀ ਜੀ ਨੇ, ਬੇਗਮ ਸਾਹਿਬਾ ਨੇ, ਬੋਲਦਿਆਂ ਸਰਦਾਰ ਉਮਰਾਓ ਸਿੰਘ ਨੂੰ ਕਿਹਾ ਕਿ ਸਾਡਾ ਨਾਂ ਨਹੀਂ ਲਿਆ। ਜੇ ਇਨ੍ਹਾਂ ਨੂੰ ਬਹੁਤ ਹਮਦਰਦੀ ਹੈ ਤਾਂ ਬੀਬੀ ਜੀ ਨੂੰ ਵਜ਼ੀਰ ਕਿਉਂ ਨਹੀਂ ਬਣਾਇਆ ਗਿਆ। ਇਸ ਕਰਕੇ ਫ਼ਰਾਡ ਰਚੇ

---

**Expunged as ordered by the Chair

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿਘ ਬਾਦਲ]

ਜਾ ਰਹੇ ਹਨ। ਬਹਾਨਾ ਗਰੀਬਾਂ ਦਾ ਹੈ ਪਰ ਅਸਲ ਗਲ ਵਿਚੋਂ ਇਹ ਹੈ ਕਿ ਇਹ ਦੇ ਨਾਲ ਆਪਣੇ ਬੰਦਿਆਂ ਨੂੰ ਐਡਜਸਟ ਕੀਤਾ ਜਾਏਗਾ। ਗਰੀਬਾਂ ਦੀ ਅਵਾਜ਼ ਉਠਾਉਣ ਵਾਲਾ, ਗਰੀਬਾਂ ਦੀ ਹਮਦਰਦੀ ਕਰਨ ਵਾਲਾ ਇਨ੍ਹਾਂ ਵਿਚ ਇਕ ਮੈਂਬਰ ਬੈਠਾ ਹੈ ਜਿਨ੍ਹਾਂ ਦਾ ਮੈਂ ਨਾਂ ਲੈਕੇ ਦਸਦਾ ਹਾਂ ਉਹ ਹੈ ਸਰਦਾਰ ਹਰਚੰਦ ਸਿਘ ਜਿਸ ਨੇ ਸ਼ੈਡਿਊਲਡ ਕਾਸਟ ਕਮੇਟੀ ਦੇ ਚੇਅਰਮੈਨ ਬਣ ਕੇ ਗਰੀਬ ਸ਼ੈਡਿਊਲਡ ਕਾਸਟਾਂ ਲਈ ਬਹੁਤ ਜ਼ਿਆਦਾ ਕੰਮ ਕੀਤਾ (ਘੰਟੀ) ਅੱਗੇ ਨੂੰ ਇਨ੍ਹਾਂ ਦਾ ਵੀ ਕੀਰਤਨ ਸੋਹਿਲਾ ਪੜ੍ਹ ਦਿੱਤਾ ਗਿਆ ਹੈ।

ਮੈਂ, ਸਪੀਕਰ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਐਨਾ ਰੁਪਿਆ ਖਰਚ ਹੋਣਾ ਹੈ, ਇਹ ਖਰਚ ਕਿਸੇ ਹੋਰ ਚੰਗੇ ਪਾਸੇ ਵਲ ਕਰਨਾ ਚਾਹੀਦਾ ਹੈ। ਪੈਪਸੂ ਰੋਡਵੇਜ਼ ਕਾਰਪੋਰੇਸ਼ਨ ਦੀਆਂ 3,800 ਗੱਡੀਆਂ ਕੋਈ ਨਾ ਕੋਈ ਖਰਾਬੀ ਕਰ ਕੇ ਖੜੀਆਂ ਹਨ। ਇਨ੍ਹਾਂ ਨੂੰ ਠੀਕ ਕਰਕੇ ਇਸ ਵੇਲੇ ਖਰਚ ਕਰਕੇ ਇਹ ਗੱਡੀਆਂ ਨੂੰ ਚਾਲੂ ਕਰਨਾ ਚਾਹੀਦਾ ਹੈ ਤਾਂ ਕਿ ਲੋਕ ਖੁਸ਼ ਹੋ ਸਕਣ। ਪੈਪਸੂ ਰੋਡ ਕਾਰਪੋਰੇਸ਼ਨ ਵਿਚ 52 ਲੱਖ ਰੁਪਏ ਦਾ ਘਾਟਾ ਦਿਖਾਇਆ ਗਿਆ ਹੈ। (ਘੰਟੀ) ਇਨ੍ਹਾਂ ਬੱਸਾਂ ਨੂੰ ਚੰਗੀ ਤਰ੍ਹਾਂ ਚੱਲਾਣ ਵੱਲ ਇਹ ਖਰਚ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਜਦੋਂ ਇਹ ਵਿਧਾਨ ਪਰੀਸ਼ਦ ਖਤਮ ਹੋਈ ਸੀ ਤਾਂ ਸਰਦਾਰ ਦਰਬਾਰਾ ਸਿੰਘ ਉਸ ਵੇਲੇ ਤੁਹਾਡੀ ਕੁਰਸੀ ਤੇ ਬੈਠੇ ਸੀ। ਹੋਰ ਸਰਦਾਰ ਬਿਅੰਤ ਸਿੰਘ ਅਤੇ ਹੋਰ ਕਈ ਮੈਂਬਰਾਂ ਨੇ ਇਸ ਵਿਧਾਨ ਪਰੀਸ਼ਦ ਨੂੰ ਭੰਗ ਕਰਨ ਬਾਰੇ ਸਪੋਰਟ ਕੀਤਾ ਸੀ। ਮੈਂ ਹੁਣ ਇਨ੍ਹਾਂ ਸਾਰਿਆਂ ਮੈਂਬਰਾਂ ਨੂੰ ਕਹਾਂਗਾ ਕਿ ਹੁਣ ਇਨ੍ਹਾਂ ਨੂੰ ਇਸ ਰੈਜ਼ੋਲਿਊਸ਼ਨ ਦੇ ਵਿਰੁੱਧ ਵੋਟਾਂ ਪਾਉਣੀਆਂ ਚਾਹੀਦੀਆਂ ਹਨ।

ਸਪੀਕਰ ਸਾਹਿਬ, ਮੈਂ ਇਸ ਰੈਜ਼ੋਲੂਸ਼ਨ ਦੀ ਸਖਤ ਵਿਰੋਧਤਾ ਕਰਦਾ ਹਾਂ ਅਤੇ ਆਪ ਦਾ ਧੰਨਵਾਦ ਕਰਦਾ ਹਾਂ ਜੋ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ।

**Mr. Speaker**: Question is—

> WHEREAS, Clause (1) of Article 169 of the Constitution provides that notwithstanding anything in Article 168, Parliament may by law provide for the creation of the Legislative Council in a State having no such Council, if the Legislative Assembly of the State passes a resolution to that effect by a majority of the total membership of the Assembly and by a majority of not less than 2/3rds of the members of the Assembly present and voting.
>
> AND WHEREAS, it appears to this Assembly that it is desirable to create the Legislative Council of this State.
>
> NOW, therefore, this Assembly resolves that the Legislative Council be created in the State of Punjab.
>
> 2. This House recommends that Parliament be pleased to direct that the law which it may make in this behalf shall take effect from the date when the President of India gives his assent after the Parliament has passed necessary legislation.

**Mr. Speaker**: Since Resolution has been moved under the provision of the Constitution, voting count will be recorded.

(At this stage division bells were sounded)

**Mr. Speaker**: Before the Division is recorded, the number of Members present in the House will be counted.

(At this stage a count of the members was taken)

Original with;
Punjab Vidhan Sabha
Digitized by;
Panjab Digital Library

**Mr. Speaker**: I would request now "Ayes" to please go to Right Lobby and "Noes" to left Lobby.

(The Assembly then divided.)

**Mr. Speaker**: Total number of Members present in the House is 90. In favour of the Resolution 64.

Against the Resolution 26.

AYES—64

1. Balbir Singh, Sardar.
2. Balmukand Sharma, Shri
3. Bal Ram, Chaudhri.
4. Beant Singh, Sardar.
5. Brij Lal Goel, Shri.
6. Brish Bhan, Shri.
7. Dalip Chand, Master.
8. Darbara Singh, Sardar.
9. Darshan Singh, Chaudhri.
10. Darshan Singh, K.P. Sardar.
11. Dilbagh Singh, Sardar.
12. Dilbagh Singh Daleke, Sardar.
13. Guran Dass Hans, Bhagat
14. Gurbachan Singh Cheema, Sardar
15. Gurbachan Singh, Sardar.
16. Gurbakhsh Singh Sibia, Sardar.
17. Gurbanta Singh, Master.
18. Gurbinder Kaur Brar, Mrs.
19. Gurcharan Singh Nihalsinghwala, Sardar.
20. Gurdarshan Singh, Sardar.
21. Gurdev Kaur Gill, Mrs.
22. Gurdev Singh Bakhshiwala, Sardar.
23. Gurdial Saini, Shri
24. Gurdit Singh, Sardar
25. Gurmail Singh, Shri
26. Gurmej Singh, Sardar
27. Hans Raj Sharma, Shri
28. Harbhajan Singh, Doctor
29. Harchand Singh, Sardar
30. Harcharan Singh, Sardar
31. Jai Muni, Shri
32. Jaswant Kaur, Shrimati
33. Joginder Pal Pandey, Shri
34. Kanshi Ram, Chaudhry
35. Karnail Singh Marhari, Sardar
36. Kesho Ram Goel, Shri
37. Khushal Behl, Shri
38. Kirpal Singh Dhillon, Sardar
39. Kundan Singh, Master
40. Lachhman Singh, Sardar
41. Nasib Singh Gill, Sardar
42. Partap Chand Bhandari, Shri
43. Piara Ram Dhannowali, Shri
44. Pirthipal Singh, Sardar
45. Prem Gupta, Shri
46. Prem Singh Prem, Sardar
47. Prithvi Singh Azad, Acharya
48. Ram Singh, Chaudhri
49. Rattan Singh, Captain
50. Sadhu Singh, Sardar
51. Sajida Begum, Shrimati
52. Santokh Singh Randhawa, Sardar
53. Sardari Lal Kapoor, Shri
54. Sarla Prasher, Miss
55. Satnam Singh Bajwa, Sardar
56. Sohan Singh Jalalusman, Jathedar
57. Sunder Singh, Chaudhri
58. Surinder Singh Kairon, Sardar
59. Surjit Singh Atwal, Sardar
60. Ujagar Singh, Sardar

Original with;
Punjab Vidhan Sabha
Digitized by;
Panjab Digital Library

[Mr. Speaker]

61. Umrao Singh, Sardar
62. Vishva Mittar Sekhri, Shri
63. Yash Pal, Shri
64. Zail Singh, Giani

NOES—26

1. Achhra Singh, Comrade
2. Arjan Singh Litt. Giani
3. Arjan Singh Mastana, Comrade
4. Balwinder Singh Bhunder, Sardar
5. Chand Singh Chopra, Master
6. Dana Ram, Comrade
7. Darshan Singh Canadian, Comrade
8. Dhanna Singh Gulshan, Sardar
9. Gurdev Singh Badal, Sardar
10. Gurdev Singh Sidhu, Sardar
11. Harbans Singh Jalal, Sardar
12. Jangir Singh Joga, Comrade
13. Jasdev Kaur Sandhu, Shrimati
14. Kulwant Kaur, Shrimati
15. Mehtab Singh Nokerian, Comrade
16. Mohinder Singh Sayanwala, Sardar
17. Prehlad Singh, Sardar
18. Raj Kumar, Comrade
19. Randhir Singh Cheema, Sardar
20. Saghar Singh, Comrade
21. Satwant Kaur Sandhu, Shrimati
22. Satya Pal Dang, Comrade
23. Shamsher Singh Josh, Comrade
24. Sukhdev Singh Dhillon, Sardar
25. Sukhdev Singh Dhindsa, Sardar
26. Surjit Singh Sidhu, Sardar

**Mr. Speaker**: The Resolution is passed by a special majority or majority of the two types as provided in Artical 169 of the Constitution.

*The motion was carried*

(Thumping from the Treasury Benches)

## MOTION UNDER RULE 16

**Revenue and Election Minister** (Sardar Umrao Singh): Sir, I beg to move—

> That the Vidhan Sabha (Assembly) at its rising this day after the completion of the Business shall stand adjourned sine-die.

Mr. Speaker: Motion moved—

> That the Vidhan Sabha (Assembly) at its rising this day after the completion of the Business shall stand adjourned sine-die.

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ, ਪੱਛਮ) : ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਵਿਧਾਨ ਪ੍ਰੀਸ਼ਦ ਰਾਹੀਂ ਇਨ੍ਹਾਂ ਨੇ ਬਹੁਤ ਸਾਰੇ ਸਿਆਣੇ ਬੰਦਿਆਂ ਦੀ ਕਾਂਟਰੀਬਿਊਸ਼ਨ ਲੈਣੀ ਹੈ। ਪਰ ਵਿਧਾਨ ਪਰੀਸ਼ਦ ਬਣਨ ਨੂੰ ਕਾਫੀ ਸਮਾਂ ਲਗੇਗਾ। ਇਸ ਦੌਰਾਨ ਮੇਰੀ ਬੇਨਤੀ ਇਹ ਹੈ ਕਿ ਥੋੜੀ ਜਿਹੀ ਸਾਡੀ ਕਾਂਟਰੀਬਿਊਸ਼ਨ ਲੈ ਲੈਣ। ਪੰਜਾਬ ਵਿਚ ਬਹੁਤ ਸਾਰੇ ਮਸਲੇ ਹਨ। ਮੈਂ ਅੱਗੇ ਬੇਨਤੀ ਕੀਤੀ ਹੈ ਅਤੇ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਂਦਾ ਸੀ ਕਿ ਐਮਰਜੈਂਸੀ ਦੀ ਦੁਰਵਰਤੋਂ ਕਰਕੇ ਕੁਝ ਵੱਡੇ ਇੰਪਲਾਇਰਜ਼ ਨੇ ਮਿੱਲਾਂ ਬੰਦ ਕਰ ਦਿੱਤੀਆਂ, ਸੈਂਕੜੇ ਵਰਕਰਜ਼ ਦੀਆਂ ਛਾਂਟੀਆਂ ਕਰ ਦਿੱਤੀਆਂ, ਹਜ਼ਾਰਾਂ ਵਰਕਰ ਲੇ-ਆਫ ਹੋ ਰਹੇ ਹਨ। ਪੰਜਾਬ ਵਿਚ ਜਿਹੜਾ 300 ਵਾਲਾ

Original with;
Punjab Vidhan Sabha
Digitized by;
Panjab Digital Library

ਕਾਨੂੰਨ ਬਣਿਆ ਹੈ ਉਹ ਲਾਗੂ ਨਹੀਂ ਹੈ। ਉਸ ਦੇ ਉਤੇ ਵਿਚਾਰ ਕਰਨ ਦੀ ਲੋੜ ਹੈ। ਇਹ ਸੈਸ਼ਨ ਜੋ ਸਦਿਆ ਗਿਆ ਹੈ ਇਹ ਜਲਦਬਾਜ਼ੀ ਨਾਲ ਨਾ ਉਠਾਇਆ ਜਾਵੇ। ਕੀ ਫਰਕ ਪੈਂਦਾ ਹੈ ਜੇ ਇਕ ਦੋ ਦਿਨ ਹੋਰ ਸੈਸ਼ਨ ਚਲੇ। ਸ਼ਰਮਾ ਸਾਹਿਬ ਨੇ ਪੈਨਸ਼ਨਾਂ ਬਾਰੇ ਕਮਿਟਮੈਂਟ ਕੀਤੀ ਸੀ ਕਿ ਜੋ ਸੈਂਟਰ ਦੇਵੇਗਾ ਉਹੀ ਪੰਜਾਬ ਦੇਵੇਗਾ। ਸੈਂਟਰ ਵਾਲਿਆਂ ਨੇ ਰਿਲੀਫ ਦੇ ਦਿੱਤੀ। ਇਹ ਰਿਲੀਫ ਸ਼ਰਮਾ ਸਾਹਿਬ ਨੇ ਦੇਣੀ ਹੈ ਜਾਂ ਨਹੀ ਦੇਣੀ। ਅਸੀਂ ਇਸ ਸਬੰਧ ਵਿਚ ਕੁਝ ਕਹਿਣਾ ਚਾਹਾਂਗੇ। ਪੰਜਾਬ ਦੇ ਪੈਨਸ਼ਨਰਜ਼ ਜਿਹੜੇ ਬਾਹਰ ਸੂਬੇ ਵਿਚ ਜਾ ਕੇ ਸੈਟਲ ਹੋ ਜਾਂਦੇ ਹਨ ਉਨ੍ਹਾਂ ਨੂੰ ਮਹਿੰਗਾਈ ਭੱਤਾ 10 ਰੁਪਏ ਮਹੀਨੇ ਦੇ ਹਿਸਾਬ ਨਾਲ ਮਿਲਦਾ ਹੈ। ਬਹੁਤ ਸਾਰੇ ਮਸਲੇ ਸਾਡੇ ਸਾਹਮਣੇ ਹਨ। ਸਿਆਣੇ ਬੰਦਿਆਂ ਦੀ ਕੰਟਰੀਬਿਊਸ਼ਨ ਤਾਂ ਬਾਅਦ ਵਿਚ ਹੋਵੇਗੀ। ਜਿਹੜੇ ਚੁਣਕੇ ਆਏ ਹੋਏ ਹਨ ਉਨ੍ਹਾਂ ਦੀ ਥੋੜੀ ਬਹੁਤ ਕੰਟਰੀਬਿਊਸ਼ਨ ਲੈਣੀ ਚਾਹੀਦੀ ਹੈ। ਬਜਟ ਸੈਸ਼ਨ ਵੀ ਰਿਕਾਰਡ ਦਾ ਛੋਟਾ ਸੀ। ਇਤਨਾ ਛੋਟਾ ਸੈਸ਼ਨ ਕਦੇ ਨਹੀਂ ਹੋਇਆ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਹਾਊਸ ਐਡਜਰਨ ਸਾਈਨੇ ਡਾਈ ਨਾ ਕਰੋ। ਬਹੁਤ ਸਾਰੇ ਮਸਲੇ ਐਸੇ ਹਨ ਜਿਨ੍ਹਾਂ ਤੇ ਵਿਚਾਰ ਕਰਨ ਦੀ ਲੋੜ ਹੈ। ਦੋ ਤਿੰਨ ਦਿਨ ਸੈਸ਼ਨ ਹੋਰ ਚਲਣਾ ਚਾਹੀਦਾ ਹੈ। ਮੈਂ ਇਸ ਸਾਈਨੇ ਡਾਈ ਮੋਸ਼ਨ ਦੀ ਵਿਰੋਧਤਾ ਕਰਦਾ ਹੈ।

**ਮਾਲ ਅਤੇ ਚੋਣ ਮੰਤਰੀ :** ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਕਿਸੇ ਚੀਜ਼ ਦਾ ਨੋਟਿਸ ਨਹੀਂ ਦਿੱਤਾ। ਹੋਰ ਕੋਈ ਸਾਡੇ ਪਾਸ ਐਜੰਡਾ ਨਹੀਂ ਹੈ। ਜਿਹੜਾ ਕੰਮ ਐਜੰਡੇ ਤੇ ਹੈ ਉਹ ਲੰਚ ਤੋਂ ਬਾਅਦ ਖਤਮ ਹੋ ਜਾਵੇਗਾ। ਇਹ ਤਾਂ ਕੰਜੈਕਚਰਜ਼ ਹਨ ਕਿ ਇਹ ਮਸਲੇ ਡਿਸਕਸ ਕਰਨੇ ਹਨ। ਜੇ ਇਨ੍ਹਾਂ ਨੇ ਨੋਟਿਸ ਦਿੱਤਾ ਹੁੰਦਾ ਤਾਂ ਅਸੀਂ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਸੱਦ ਲੈਂਦੇ। ਹੋਰ ਐਜੰਡਾ ਨਾ ਹੋਣ ਕਰਕੇ ਅੱਜ ਹਾਉਸ ਖ਼ਤਮ ਕਰ ਦੇਣਾ ਚਾਹੀਦਾ ਹੈ।

**Mr. Speaker** : Question is

That the Vidhan Sabha (Assembly) at its rising this day *after the completion of the Business* shall stand adjourned *sine-die*.

*The motion was carried.*

## SHORT ADJOURNMENT OF THE HOUSE

**Mr. Speaker** : Now the House adjourns for lunch and will meet at 2.30 P.M. today.

*1.46 P.M. | *(The Sabha then adjourned* and reassembled at 2.30 P.M.)*

## LEGISLATIVE BUSINESS

## THE PUNJAB LEGISLATIVE ASSEMBLY SPEAKER'S AND DEPUTY SPEAKER'S SALARIES (SECOND AMENDMENT) BILL, 1976.

**Revenue and Elections Minister** (Sardar Umrao Singh) : Sir, I beg to introduce the Punjab Legislative Assembly Speaker's and Deputy Speaker's Salaries (Second Amendment) Bill.

Sir, I also beg to move--

That the Punjab Legislative Assembly Speaker's and Deputy Speaker's Salaries (Second Amendment) Bill be taken into consideration at once.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਜੇ ਕੁਝ ਬੋਲਣਾ ਹੈ ਤਾਂ ਬੋਲ ਲਓ ।

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) **:** ਸਪੀਕਰ ਸਾਹਿਬ, ਇਹ ਬੜਾ ਛੋਟਾ ਜਿਹਾ ਬਿੱਲ ਹੈ । ਗੌਰਮਿੰਟ ਆਫ ਇੰਡੀਆ ਨੇ ਵੀ 'ਜਹੜਾ ਉਨ੍ਹਾਂ ਨੇ ਪਰੈਸੀਡੈਂਟ ਦਿੱਤਾ ਹੈ ਉਸ ਵਿਚ ਵੀ ਡਿਪਟੀ ਸਪੀਕਰ ਨੂੰ ਸਟੇਟ ਮਿਨਿਸਟਰ ਦੇ ਬਰਾਬਰ ਰਖਿਆ ਹੈ।

**ਕਈ ਅਵਾਜ਼ਾਂ :** ਠੀਕ ਹੈ, ਠੀਕ ਹੈ ਜੀ ।

**Mr. Speaker :** Motion moved—

> That the Punjab Legislative Assembly Speaker's and Deputy Speaker's Salaries (Second Amendment) Bill be taken into consideration at once.

**Mr. Speaker :** Question is—

> That the Punjab Legislative Assembly Speaker's and Deputy Speaker's Salaries (Second Amendment) Bill be taken into consideration at once.

*The motion was carried.*

**Mr. Speaker :** Now the Honse will proceed to consider the Bill Clause by Clause

CLAUSE 2

**Mr. Speaker :** Question is—

> That Clause 2 stand part of the Bill.

*The motion was carried*

CLAUSE 1

**Mr. Speaker :** Question is—

> That Clause 1 stand part of the Bill.

*The motion was carried.*

TITLE

**Mr. Speaker :** Question is—

> That Title be the Title of the Bill.

*The motion was carried*

**Revenue and Election Minister** (Sardar Umrao Singh) **:** Sir, I beg to move—

> That the Punjab Legislative Assembly Speaker's and Deputy Speaker's Salaries (Second Amendment) Bill be passed.

**Mr. Speaker :** Motion moved—

> That the Punjab Legislative Assembly Speaker's and Deputy Speaker's Salaries (Second Amendment) Bill be passed.

**Mr. Speaker :** Question is—

> That the Punjab Legislative Assembly Speaker's and Deputy Speaker's Salaries (Second Amendment) Bill be passed.

*The motion was carried*

Original with;
Punjab Vidhan Sabha
Digitized by;
Panjab Digital Library

## THE PUNJAB MECHANICAL VEHICLES (BRIDGE TOLLS) (REPEAL) BILL, 1976.

**Minister of State for Public Works (Shri Joginder Pal Pandey) :** Sir, I beg to introduce the Punjab Mechanical Vehicles (Bridge Tolls) (Repeal) Bill.

Sir, I also beg to move—

> That the Punjab Mechanical Vehicles (Bridge Tolls) (Repeal) Bill be taken into consideration at once.

**Mr. Speaker :** Motion moved—

> That the Punjab Mechanical Vehicles (Bridge Tolls) (Repeal) Bill be taken into consideration at once.

**Mr. Speaker :** Question is—

> That the Punjab Mechanical Vehicles (Bridge Tolls) (Repeal) Bill be taken into consideration at once.

*The motion was carried.*

**Mr. Speaker :** Now the House will proceed to consider the Bill Clause by Clause.

SUB-CLAUSE (2) OF CLAUSE 1

**Mr. Speaker :** Question is—

> That Sub-Clause (2) of Clause 1 stand part of the Bill.

*The motion was carried.*

CLAUSE 2

**Mr. Speaker :** Question is—

> That Clause 2 stand part of the Bill.

*The motion was carried*

SUB-CLAUSE (1) OF CLAUSE 1

**Mr. Speaker :** Question is—

> That Sub-Clause (1) of Clause 1 stand part of the Bill.

*The motion was carried.*

TITLE

**Mr. Speaker :** Question is—

> That Title be the Title of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Minister of State for Public Werks** (Shri Joginder Pal Pandey) : Sir, I beg to move—

> That the Punjab Mechanical Vehicles (Bridge Tolls) (Repeal) Bill be passed.

**Mr. Speaker** : Motion moved—

> That the Punjab Mechanical Vehicles (Bridge Tolls) (Repeal) Bill be passed.

**Mr. Speaker** : Question is—

> That the Punjab Mechanical Vehicles (Bridge Tolls) (Repeal) Bill be passed.

*The motion was carried.*

---

## THE PUNJAB WATER-SUPPLY AND SEWERAGE BOARD BILL, 1976.

**Finance Minister** (Shri Hans Raj Sharma) : Sir I beg to introduce the Punjab Water Supply and Sewerage Board Bill.

Sir, I also beg to move—

> That the Punjab Water Supply and Sewerage Board be taken into consideration at once.

**ਵਿੱਤ ਮੰਤਰੀ**: ਸਪੀਕਰ ਸਾਹਿਬ : ਇਹ ਬੋਰਡ ਜਿਹੜਾ ਅਸੀਂ ਬਣਾਇਆ ਹੈ ਇਹ ਇਸ ਵਾਸਤੇ ਹੈ ਕਿ ਕਿਉਂਕਿ ਮਿਊਨਿਸਪਲ ਕਮੇਟੀਆਂ ਦਾ ਵਾਟਰ ਸਪਲਾਈ ਅਤੇ ਸੀਵਰੇਜ਼ ਦਾ ਕੰਮ ਬਹੁਤ ਨਾਕਸ ਸੀ ਔਰ ਕੋਈ 108 ਮਿਊਨਿਸਪਲ ਕਮੇਟੀਆਂ ਵਿਚੋਂ 36,37 ਐਸੀਆਂ ਕਮੇਟੀਆਂ ਸਨ ਜਿਨ੍ਹਾਂ ਵਿਚ ਕਿ ਕੋਈ ਇੰਤਜ਼ਾਮ ਹੋਵੇ । ਬਾਕੀਆਂ ਕੋਲ ਪੈਸਾ ਨਹੀਂ ਹੈ । ਔਰ ਇਸ ਵਾਸਤੇ ਉਹ ਫ਼ਾਈਨੈਂਸ਼ੀਅਲ ਏਡ ਲੈਣ ਵਾਸਤੇ ਐਲ.ਆਈ. ਸੀ. ਅਤੇ ਬੈਂਕਾਂ ਤੋਂ ਇੱਕਲੀ-ਇੱਕਲੀ ਮਿਊ-ਨਿਸਪਲ ਕਮੇਟੀ ਨੂੰ ਪੈਸਾ ਲਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ । ਇਹ ਬੋਰਡ ਨਾਲ ਡੀਲ ਕਰਨਾ ਚਾਹੁੰਦੇ ਸੀ । ਇਸ ਕਰਕੇ ਇਸ ਵਿਚ ਇੰਜੀਨੀਅਰ ਵੀ ਹੋਣਗੇ ਹੋਰ ਇਨ੍ਹਾਂ ਨੂੰ ਪੈਸਾ ਵੀ ਬਾਹਰੋਂ ਮਿਲ਼ ਸਕੇਗਾ । ਇਸ ਲਈ ਇਹ ਬੜਾ ਫ਼ਾਇਦੇਮੰਦ ਬਿੱਲ ਹੈ ਅਤੇ ਇਸ ਨੂੰ ਪਾਸ ਕਰਨਾ ਚਾਹੀਦਾ ਹੈ ।

**Mr. Speaker** : Motion moved—

> That the Punjab Water Supply And Sewerage Board Bill be taken into consideration at once.

**ਕੈਪਟਨ ਰਤਨ ਸਿੰਘ**: ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ । ਇਸ ਬਿੱਲ ਦੀ ਲੋੜ ਸੀ। ਸਰਕਾਰ ਨੇ ਕਾਫ਼ੀ ਮੇਹਨਤ ਕਰਕੇ ਇਹ ਬਿੱਲ ਬਣਾਇਆ ਹੈ ਇਸ ਵਿਚ ਮੇਰੀਆਂ ਕੁਝ ਅਮੈਂਡਮੈਂਟਸ ਹਨ .........

**ਸ਼੍ਰੀ ਸਪੀਕਰ**: ਅਮੈਂਡਮੈਂਟਸ ਤੇ ਕਲਾਜ਼ ਬਾਈ ਕਲਾਜ਼ ਟੇਕ ਅਪ ਕਰਨ ਸਮੇਂ ਬੋਲ ਲੈਣਾ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਜੰਗੀਰ ਸਿੰਘ ਜੋਗਾ** (ਮਾਨਸਾ): ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਇਹ ਸੁਝਾਵ ਦੇਵਾਂਗਾ ਕਿ ਇਹ ਬੜਾ ਚੰਗਾ ਬਿੱਲ ਹੈ ਕਿਉਂਕਿ ਸੀਵਰੇਜ਼ ਦਾ ਮਸਲਾ ਬੜਾ ਅਹਿਮ ਮਸਲਾ ਹੈ। ਇਸ ਵਿਚ ਮੈਂ ਇਕ ਸੁਝਾਵ ਦੇਣਾ ਚਾਹੁੰਦਾ ਹਾਂ ਕਿ ਇਸ ਵਿਚ ਠੇਕਾ ਸਿਸਟਮ ਨਹੀਂ ਹੋਣਾ ਚਾਹੀਦਾ। ਇਹ ਬੋਰਡ ਨੂੰ ਆਪ ਹੀ ਕਰਨਾ ਚਾਹੀਦਾ ਹੈ। ਤੁਸੀਂ ਪਿਛੇ ਅਖ਼ਬਾਰਾਂ ਵਿਚ ਪੜ੍ਹਿਆ ਹੋਵੇਗਾ ਕਿ 50 ਲੱਖ ਰੁਪਏ ਦਾ ਗ਼ਬਨ ਦਾ ਕੇਸ ਫੜਿਆ ਸੀ। ਉਸ ਵੇਲੇ ਗਰੀਵੈਂਸ ਕਮੇਟੀ ਮੌਕੇ ਤੇ ਗਈ ਅਤੇ ਠੇਕੇਦਾਰਾਂ ਤੇ ਐਕਸ਼ਨ ਲੈ ਰਹੀ ਹੈ। ਇਸ ਸਬੰਧ ਵਿਚ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਵਿਚ ਜਿਹੜੇ ਅਕਲਮੰਦ ਆਦਮੀ ਸਨ ਐਕਸ. ਈ. ਐਨ. ਜਾਂ ਹੋਰ ਵਡੇ ਅਫ਼ਸਰ, ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰਨਾ ਚਾਹੀਦਾ ਹੈ। ਉਹ ਅਫ਼ਸਰ ਉਨ੍ਹਾਂ ਠੇਕੇਦਾਰਾਂ ਨਾਲ ਮਿਲੇ ਹੋਏ ਸਨ। ਸਪੀਕਰ ਸਾਹਿਬ, ਜਿਸ ਦਿਨ ਮੌਕੇ ਤੇ ਜਾਕੇ ਵੇਖਿਆ ਗਿਆ, ਕਮ-ਅਜ਼-ਕਮ ਦੋ ਤਿੰਨ ਥਾਵਾਂ ਤੋਂ ਪੁੱਟ ਕੇ ਵੇਖਿਆ ਕਿ ਇਕ ਸੀਖ ਵੀ ਨਹੀਂ ਹੈ। ਇਸ ਲਈ ਮੈਂ ਸੁਝਾਓ ਦਿੰਦਾ ਹਾਂ ਕਿ ਇਸ ਮਸਲੇ ਵਲ ਧਿਆਨ ਦੇਣਾ ਚਾਹੀਦਾ ਹੈ। ਇਹ ਬਿੱਲ ਚੰਗਾ ਹੈ, ਮੇਰੀ ਪਾਰਟੀ ਸਪੋਰਟ ਕਰਦੀ ਹੈ। ਦੂਸਰੀ ਚੀਜ਼ ਇਹ ਹੈ ਕਿ ਠੇਕੇਦਾਰਾਂ ਦੀ ਨਿਗਰਾਨੀ ਕਰਨੀ ਚਾਹੀਦੀ ਹੈ। ਇਹ ਜਿਹੜਾ ਮੈਂ ਕੇਸ ਦੱਸਿਆ ਹੈ ਇਸ ਵਿਚ ਛੇ ਮੁਲਜ਼ਮ ਸਨ ਪਰ ਛੋਟੇ ਮੋਟਿਆਂ ਨੂੰ ਫੜ ਲਿਆ ਹੈ ਪਰ ਜਿਹੜੇ ਅਸਲ ਕਸੂਰਵਾਰ ਹਨ ਉਨ੍ਹਾਂ ਨੂੰ ਛੱਡ ਦਿੱਤਾ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਗ ਕਰਦਾ ਹਾਂ ਇਸ ਦੀ ਪੂਰੀ ਇਨਕੁਆਇਰੀ ਕਰਨੀ ਚਾਹੀਦੀ ਹੈ। ਜੇਕਰ ਪੂਰੀ ਪੜਤਾਲ ਕੀਤੀ ਜਾਵੇ ਤਾਂ ਬਹੁਤ ਕੁਝ ਨਿਕਲੇਗਾ

(ਇਸ ਸਮੇਂ ਵਿੱਤ ਮੰਤਰੀ ਜੀ ਗੱਲਾਂ ਕਰ ਰਹੇ ਸਨ)

ਸ਼ਰਮਾ ਜੀ, ਇਹ ਤੁਹਾਡਾ ਮਹਿਕਮਾ ਹੈ। ਮੈਂ ਫਿਰ ਇਸ ਗੱਲ ਉਤੇ ਜ਼ੋਰ ਦਿੰਦਾ ਹਾਂ ਕਿ ਅੰਮ੍ਰਿਤਸਰ ਸੀਵਰੇਜ਼ ਦਾ ਕੇਸ ਹੈ। ਉਸ ਵਿਚ ਜਿਹੜਾ ਅਫ਼ਸਰ ਜ਼ਿੰਮੇਵਾਰ ਹੈ ਉਸ ਦੀ ਜ਼ਮਾਨਤ ਮਨਸੂਖ ਕਰਕੇ ਸਾਰੀ ਪੜਤਾਲ ਕਰਨੀ ਚਾਹੀਦੀ ਹੈ। ਉਸ ਨੇ ਕਿੱਡਾ ਵੱਡਾ ਧੱਕਾ ਕੀਤਾ ਹੈ। ਇਸ ਲਈ ਇਨ੍ਹਾਂ ਸ਼ਬਦਾਂ ਨਾਲ ਬਿੱਲ ਦੀ ਸਪੋਰਟ ਕਰਦਾ ਹਾਂ।

(ਇਸ ਸਮੇਂ ਭਗਤ ਗੁਰਾਂ ਦਾਸ ਹੰਸ ਜੀ ਬੋਲਣ ਲਈ ਖੜ੍ਹੇ ਹੋਏ ਪਰ ਮਾਨਯੋਗ ਸਪੀਕਰ ਸਾਹਿਬ ਨੇ ਚੌਧਰੀ ਦਰਸ਼ਨ ਸਿੰਘ ਜੀ ਨੂੰ ਬੋਲਣ ਲਈ ਆਖਿਆ)

**ਚੌਧਰੀ ਦਰਸ਼ਨ ਸਿੰਘ** (ਨੂਰਮਹਿਲ): ਸਪੀਕਰ ਸਾਹਿਬ, ਪੰਜਾਬ ਵਾਟਰ-ਸਪਲਾਈ ਐਂਡ ਸੀਵਰੇਜ ਬੋਰਡ ਲਿਆ ਕੇ ਸਰਕਾਰ ਨੇ ਨੇਕ ਕੰਮ ਕੀਤਾ ਹੈ। ਸਾਡੇ ਸ਼ਹਿਰਾਂ ਦੀ ਹਾਲਤ ਬਹੁਤ ਵਿਗੜ ਗਈ ਸੀ। ਜਿਸ ਤਰ੍ਹਾਂ ਭਗਤ ਜੀ ਨੇ ਦੱਸਿਆ ਸੀ ਕਿ ਵੀਹਵੀਂ ਸਦੀ ਵਿਚ ਨੌਜਵਾਨ ਲੜਕੀਆਂ ਜਦੋਂ ਆਪਣੇ ਸਿਰਾਂ ਉਤੇ ਗੰਦਗੀ ਦਾ ਟੋਕਰਾ ਚੁੱਕ ਕੇ ਲੈ ਜਾਂਦੀਆਂ ਹਨ ਤਾਂ ਸਾਡਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ..

**ਭਗਤ ਗੁਰਾਂ ਦਾਸ ਹੰਸ** : ਪਰ ਮੈਂ ਤਾਂ ਅਜੇ ਇਸ ਬਿੱਲ ਉਤੇ ਬੋਲਿਆ ਹੀ ਕੁਝ ਨਹੀਂ ਹਾਂ। (ਹਾਸਾ)

**ਸ੍ਰੀ ਸਪੀਕਰ** : ਉਹ ਤੁਹਾਡੇ ਦਿਲ ਦੀ ਗੱਲ ਜਾਣਦੇ ਹਨ। (ਹਾਸਾ)

Original with;
Punjab Vidhan Sabha
Digitized by;
Panjab Digital Library

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਪਾਣੀ ਦੇ ਕੱਢਣ ਦਾ ਰੌਲਾ ਹੈ ਕਿ ਕਿਸ ਤਰ੍ਹਾਂ ਕੱਢਿਆ ਜਾਵੇ, ਕਿਸੇ ਤਰ੍ਹਾਂ ਦੇ ਪਰੈਸ਼ੱਰ ਦੇ ਨਾਲ ਜਾਂ ਦੂਸਰੇ ਸਿਸਟਮ ਦੇ ਨਾਲ ਡਰੇਨੇਜ਼ ਬਣਾ ਕੇ । ਉਸ ਦੇ ਵਾਸਤੇ ਬੋਰਡ ਬਣਾਇਆ ਹੈ । ਸ਼ਰਮਾ ਸਾਹਿਬ ਮਨਿਸਟਰ ਹਨ ਉਨ੍ਹਾਂ ਨੂੰ ਪਤਾ ਹੈ ਕਿ ਰੂਲਜ਼ ਆਫ ਬਿਜ਼ਨੈਸ ਦੇ ਮੁਤਾਬਿਕ ਇਹ ਕੰਮ ਪਬਲਿਕ ਹੈਲਥ ਦੇ ਨਾਲ ਅਟੈਚਡ ਹੈ । ਕਾਮਰੇਡ ਜੰਗੀਰ ਸਿੰਘ ਹੋਰਾਂ ਨੇ ਦੱਸਿਆ ਹੈ ਕਿ ਕਿਧਰੇ ਸੀਮੈਂਟ ਨਹੀਂ ਲਗਾਇਆ ਰੇਤ ਲਗਾਈ ਹੋਈ ਹੈ, ਉਸ ਵਿਚ ਗਰੀਵੈਂਸਿਜ਼ ਕਮੇਟੀ ਗਈ, ਕਿਤਨਾ ਰੌਲਾ ਪਿਆ । ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ ਰੂਲਜ਼ ਆਫ਼ ਬਿਜ਼ੀਨੈਸ ਦੇ ਮੁਤਾਬਿਕ ਇਹ ਪਾਣੀ ਕੱਢਣ ਦਾ ਮਹਿਕਮਾਂ ਪਬਲਿਕ ਹੈਲਥ ਨਾਲ ਅਟੈਚਡ ਹੈ, ਇਹ ਜੱਥੇਦਾਰ ਸਾਹਿਬ ਹੋਰਾਂ ਕੋਲ ਹੀ ਰਹਿਣਾ ਚਾਹੀਦਾ ਹੈ । (ਵਿਘਨ)

**ਭਗਤ ਗੁਰਾਂ ਦਾਸ ਹੰਸ** (ਸ਼ਾਮ ਚੌਰਾਸੀ, ਐਸ.ਸੀ.) : ਸਪੀਕਰ ਸਾਹਿਬ, ਮੈਂ ਇਸ ਬਿੱਲ ਲਈ ਸਰਕਾਰ ਨੂੰ ਵਧਾਈ ਦਿੰਦਾ ਹਾਂ । ਮੈਂ ਆਨਰੇਬਲ ਫ਼ਾਇਨਾਂਸ ਮਨਿਸਟਰ ਸਾਹਿਬ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਔਰ ਚੀਫ਼ ਮਨਿਸਟਰ ਸਾਹਿਬ ਨੇ ਕਮੇਟੀ ਬਣਾਈ ਸੀ, ਜਿਸ ਨਾਲ ਕਿ ਸਵੀਪਰਜ਼ ਦਾ ਕਾਫੀ ਕਲਿਆਣ ਹੋ ਸਕਦਾ ਹੈ। ਅੱਜ ਹਿੰਦੋਸਤਾਨ ਦੇ ਵਿਚ ਜਦੋਂ ਨੌਜਵਾਨ ਲੜਕੀਆਂ ਆਪਣੇਂ ਸਿਰਾਂ ਉਤੇ ਗੰਦਗੀ ਚੁਕ ਕੇ ਲੰਘਦੀਆਂ ਹਨ ਤਾਂ ਸਾਨੂੰ ਸ਼ਰਮ ਆਉਂਦੀ ਹੈ। ਕਈਆਂ ਸ਼ਹਿਰਾਂ ਵਿਚ ਤਾਂ ਇਹ ਸਮੱਸਿਆ ਪਹਿਲਾਂ ਹੀ ਕਾਫ਼ੀ ਹੱਦ ਤਕ ਦੂਰ ਹੋ ਗਈ ਹੈ, ਫਲੱਸ਼ ਸਿਸਟਮ ਹੋ ਚੁਕਿਆ ਹੈ। ਮਿਸਾਲ ਦੇ ਤੌਰ ਤੇ ਚੰਡੀਗੜ੍ਹ ਹੈ। ਇਥੇ ਵੇਖਿਆ ਹੈ ਕਿ ਕਈਆਂ ਵੱਡੇ ਵੱਡੇ ਅਫ਼ਸਰਾਂ ਦਾ ਖਾਣਾ ਆਦਿ ਸਵੀਪਰਾਂ ਦੀਆਂ ਲੜਕੀਆਂ ਬਣਾਉਂਦੀਆਂ ਹਨ, ਉਨ੍ਹਾਂ ਦੇ ਘਰ ਦੇ ਕਪੜੇ ਵੀ ਧੋਂਦੀਆਂ ਹਨ, ਉਨ੍ਹਾਂ ਨੂੰ ਟੱਟੀ ਉਠਾਉਣੀ ਨਹੀਂ ਪੈਂਦੀ। ਅਸਲ ਵਿਚ ਸਵੀਪਰੀ ਤਾਂ ਇਕ ਪੇਸ਼ਾ ਹੈ ਲੇਕਿਨ ਸਮਾਜ ਨੇ ਇਸ ਪੇਸੇ ਨੂੰ ਇਕ ਖ਼ਾਸ ਕੌਮ ਨਾਲ ਜੜ ਦਿਤਾ ਹੋਇਆ ਹੈ। ਸਪੀਕਰ ਸਾਹਿਬ, ਵਲੈਤ ਜਾਓ, ਹਵਾਈ ਜ਼ਹਾਜ ਦੇ ਉਤੋਂ ਉਤਰੋ, ਨੌਜਵਾਨ ਲੜਕੇ ਅਤੇ ਲੜਕੀਆਂ ਦੂਸਰੀਆਂ ਬਰਾਦਰੀਆਂ ਦੇ ਸਵੀਪਰ ਦਾ ਕੰਮ ਕਰਦੇ ਹੋਏ ਤੁਸੀਂ ਵੇਖੋਗੇ । ਕਿਉਂ? ਕਿਉਂਕਿ ਦੋ-ਦੋ ਤਿੰਨ ਤਿੰਨ ਹਜ਼ਾਰ ਉਨ੍ਹਾਂ ਨੂੰ ਤਨਖ਼ਾਹ ਮਿਲਦੀ ਹੈ। ਸ਼ਰਮਾਂ ਜੀ ਏਥੇ ਪੈਸੇ ਘੱਟ ਦਿੰਦੇ ਹਨ। ਔਰ ਮਿਉਂਸ-ਪੈਲਿਟੀ ਅਗੋਂ ਸਵੀਪਰਾਂ ਦਾ ਖ਼ਿਆਲ ਘੱਟ ਰਖਦੇ ਹਨ । ਜੇਕਰ ਸਵੀਪਰ ਵਧਾਉਣੇ ਹੋਣ ਤਾਂ ਕਹਿ ਦਿੰਦੇ ਹਨ ਕਿ ਬਜਟ ਸਾਡਾ ਇਜਾਜ਼ਤ ਨਹੀਂ ਦਿੰਦਾ । ਮੈਂ ਦੂਜਿਆਂ ਸੂਬਿਆਂ ਵਿਚ ਗਿਆ । ਉਨ੍ਹਾਂ ਨੇ ਕਿਹਾ ਪੰਜਾਬ ਸਰਕਾਰ ਨੇ ਇਹ ਬੜੀ ਚੰਗੀ ਗੱਲ ਕੀਤੀ ਹੈ । ਵੱਡੇ ਵੱਡੇ ਅਫਸਰਾਂ ਨੇ, ਆਈ.ਏ.ਐਸ. ਅਫਸਰਾਂ ਨੇ ਜੈਪੁਰ ਵਿਚ ਕਿਹਾ ਕਿ ਇਹ ਜਿਹੜੀ ਲੜਕੀਆਂ ਨੂੰ ਟੱਟੀ ਉਠਾਉਣੀ ਪੈਂਦੀ ਹੈ ਇਹ ਮਾੜੀ ਗੱਲ ਹੈ । ਕਿਸੇ ਨੇ ਕਿਹਾ ਕਿ ਮੈਂ ਵਲਾਇਤ ਵਿਚ ਗਿਆ। ਉਥੇ ਮੇਰੇ ਪਾਸ ਪੈਸੇ ਨਹੀਂ ਸਨ । ਉਹ ਐਮ. ਏ. ਪੜ੍ਹਿਆ ਹੋਇਆ ਆਈ. ਏ. ਐਸ. ਅਫਸਰ ਸੀ । ਉਹ ਕਹਿਣ ਲਗਾ ਕਿ ਉਥੇ ਜਾਂ ਮੈਂ ਕਿਸੇ ਅੰਗਰੇਜ਼ ਦੇ ਕਮਰੇ ਮਸ਼ੀਨ ਨਾਲ ਸਾਫ਼ ਕਰ ਦਿੰਦਾ ਹੁੰਦਾ ਸੀ ਅਤੇ ਉਸ ਲਈ ਮੈਨੂੰ ਪੈਸੇ ਮਿਲ ਜਾਂਦੇ ਸਨ । ਪਰ ਉਹ ਕਹਿਣ ਲਗਾ ਕਿ ਜੇਕਰ ਮੈਨੂੰ ਟੱਟੀ ਉਠਾਉਣੀ ਪੈਂਦੀ ਤਾਂ ਸ਼ਾਇਦ ਮੈਂ ਇਹ ਕੰਮ ਬਿਲਕੁਲ ਨਾਂ ਕਰਦਾ ਭਾਵੇਂ ਜਾਨ ਚਲੀ ਜਾਂਦੀ। ਉਥੇ ਤਿੰਨ ਹਜ਼ਾਰ ਰੁਪਿਆ ਮਿਲਦਾ ਹੈ ਸਵੀਪਰ ਨੂੰ ਤਨਖ਼ਾਹ ਦਾ ਔਰ ਟੱਟੀ ਨਹੀਂ ਚੁਕਣੀ ਪੈਂਦੀ। ਇਥੇ ਦੋ ਰੁਪਏ ਫੀ ਘਰ ਦਿੰਦਾ ਹੈ ਔਰ ਉਨ੍ਹਾਂ ਨੂੰ ਵੀ ਵਧਾਉਣਾ ਨਹੀਂ ਚਾਹੁੰਦੇ । ਇਹ ਜੋ ਕੰਮ ਹੁਣ ਗਿਆਨੀ ਜੀ ਨੇ ਕੀਤਾ ਹੈ ਇਨ੍ਹਾਂ ਦਾ ਐਹਸਾਨ ਆਉਣ ਵਾਲੀਆਂ ਨਸਲਾਂ ਨਹੀਂ ਭੁਲਾਉਣਗੀਆਂ । (ਥੰਪਿੰਗ) ਸਵੀਪਰਾਂ ਦੇ ਕਲਿਆਣ ਲਈ ਸਰਕਾਰ ਨੇ ਇਕ ਕਮੇਟੀ ਬਣਾਈ ਸੀ, ਉਸ ਵਿਚ ਅਸੀਂ ਕਿਹਾ ਕਿ ਜੇਕਰ ਫਲੱਸ਼ ਸਿਸਟਮ ਕਰ ਦਿਉ ਤਾਂ ਇਨ੍ਹਾਂ ਦਾ ਕਲਿਆਣ ਹੋ ਸਕਦਾ ਹੈ। (ਥੰਪਿੰਗ) ਇਸ ਗੱਲ ਨੂੰ ਸਰਕਾਰ ਮੰਨ ਗਈ । ਮੈਂ ਸ਼ਰਮਾ ਜੀ ਨੂੰ ਕਹਾਗਾਂ ਕਿ ਤੁਸੀਂ ਮਿਉਂਸ-ਪੈਲਿਟੀਆਂ ਨੂੰ ਪੈਸੇ ਜ਼ਿਆਦਾ ਤੋਂ ਜ਼ਿਆਦਾ ਦਿਉ। ਸ਼ਰਮਾਂ ਜੀ ਨੇ ਦੱਸਿਆ ਹੈ ਕਿ ਦੂਸਰਿਆਂ ਬੈਂਕਾਂ ਤੋਂ ਲੈ ਕੇ ਉਨ੍ਹਾਂ ਨੂੰ ਪੈਸਾ ਸਰਕਾਰ ਦੇਵੇਗੀ। ਦੂਸਰੀ ਮੇਰੀ ਇਹ ਵੀ ਬੇਨਤੀ ਹੈ ਕਿ ਜਿਹੜੀ ਮਿਉਂਸਪੈਲਿਟੀ

Original with;
Punjab Vidhan Sabha
Digitized by;
Panjab Digital Library

ਕੋਈ ਐਕਸ਼ਨ ਨਾ ਲਵੇ, ਇਸ ਕਾਨੂੰਨ ਨੂੰ ਇੰਪਲੀਮੈਂਟ ਠੀਕ ਤਰ੍ਹਾਂ ਨਾ ਕਰੇ ਉਸ ਨੂੰ ਸਰਕਾਰ ਨੂੰ ਚਾਹੀਦਾ ਹੈ ਕਿ ਮੁਅੱਤਲ ਕਰ ਦੇਵੇ। ਮੈਨੂੰ ਪਤਾ ਲਗਿਆ ਹੈ ਕਿ ਜਿੱਥੇ ਸੀਵਰੇਜ਼ ਬਣ ਗਏ ਹਨ ਉਥੇ ਉਹ ਕੁਨੈਕਸ਼ਨ ਨਹੀਂ ਲੈਂਦੇ। ਇਸ ਤਰ੍ਹਾਂ ਜਿਹੜੇ ਕਰਦੇ ਹਨ ਉਨ੍ਹਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ। ਮੈਂ ਤਾਂ ਇਹ ਕਹਿੰਦਾ ਹਾਂ ਕਿ ਇਕ ਸੈਨੀਟੇਸ਼ਨ ਐਕਟ ਬਣਾਉਣਾ ਚਾਹੀਦਾ ਹੈ। ਜਿਸ ਨਾਲ ਸਵੀਪਰਾਂ ਨੂੰ ਹੋਰ ਤਨਖਾਹਾਂ ਮਿਲਣ। ਸਪੀਕਰ ਸਾਹਿਬ, ਸਾਡੇ ਦੇਸ਼ ਵਿੱਚ ਜਿਹੜਾ ਬਹੁਤ ਘੱਟ ਕੰਮ ਕਰਦਾ ਹੈ, ਉਸ ਨੂੰ ਵੱਧ ਤੋਂ ਵੱਧ ਤਨਖ਼ਾਹ ਮਿਲਦੀ ਹੈ, ਜਿਹੜਾ ਵੱਧ ਤੋਂ ਵੱਧ ਕੰਮ ਕਰਦਾ ਹੈ, ਉਸ ਨੂੰ ਘੱਟ ਤੋਂ ਘੱਟ ਤਨਖਾਹ ਮਿਲਦੀ ਹੈ। ਆਈ. ਏ.ਐਸ. ਅਫ਼ਸਰਾਂ ਦੀ ਤਨਖਾਹ ਵੇਖ ਲਵੋ ਔਰ ਜਿਹੜਾ ਆਦਮੀ ਸਾਰਾ ਸਾਰਾ ਦਿਨ ਟੱਟੀਆਂ ਸਾਫ਼ ਕਰਦਾ ਹੈ ਉਸ ਦੀ ਤਨਖ਼ਾਹ ਵੇਖ ਲਵੋ। ਉਸ ਨੂੰ ਮੁਸ਼ਕਲ ਨਾਲ 100/——125/- ਰੁਪਏ ਮਿਲਦੇ ਹਨ। ਇਸ ਲਈ ਸਾਨੂੰ ਉਨ੍ਹਾਂ ਵਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਉਨਾਂ ਦੀ ਸੇਹਤ ਦਾ ਖਿਆਲ ਰਖਣਾ ਚਾਹੀਦਾ ਹੈ। ਉਨ੍ਹਾਂ ਦੇ ਬੱਚਿਆਂ ਲਈ ਸ਼ਹਿਰ ਤੋਂ ਬਾਹਰ ਹੀ ਭਾਵੇਂ ਹੋਵੇ, ਸਕੂਲ ਖੋਲ੍ਹ ਕੇ ਬੱਚਿਆਂ ਨੂੰ ਅੱਡ ਵਿਦਿਆ ਦੇਣੀ ਚਾਹੀਦੀ ਹੈ ਤਾਂ ਕਿ ਉਹ ਪਛੜਿਆ ਹੋਇਆ ਵਰਗ ਅਗੇ ਆ ਸਕੇ। ਘੱਟ ਤੋਂ ਘੱਟ ਇਕ ਜ਼ਿਲ੍ਹੇ ਵਿਚ ਇਕ ਰੈਜ਼ੀਡੈਂਸ਼ਲ ਸਕੂਲ ਜ਼ਰੂਰ ਖੋਲ੍ਹਣਾ ਚਾਹੀਦਾ ਹੈ। ਇਸ ਤਰ੍ਹਾਂ ਨਾਲ ਇਨ੍ਹਾਂ ਦਾ ਕਲਿਆਣ ਹੋ ਸਕਦਾ ਹੈ। ਅੰਤ ਵਿੱਚ ਮੈਂ ਇਸ ਬਿੱਲ ਦੀ ਹਮਾਇਤ ਕਰਦਾ ਤੁਹਾਡਾ ਧੰਨਵਾਦ ਕਰਦਾ ਹਾਂ।

**ਚੌਧਰੀ ਰਾਮ ਸਿੰਘ**: (ਪਠਾਨਕੋਟ): ਸਪੀਕਰ ਸਾਹਿਬ, ਇਹ ਜਿਹੜਾ ਬਿਲ ਪੇਸ਼ ਹੈ ਇਸ ਵਾਸਤੇ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ। ਸਰਕਾਰ ਨੇ ਔਰ ਸ਼ਰਮਾ ਜੀ ਨੇ ਇਹ ਬਹੁਤ ਜ਼ਰੂਰੀ ਬਿਲ ਸੀ ਜਿਹੜਾ ਕਿ ਅੱਜ ਲਿਆਂਦਾ ਹੈ। ਇਹ ਸਫ਼ਾਈ ਨਾਲ ਤੁਅਲਕ ਰਖਦਾ ਹੈ। ਇਸ ਨਾਲ ਜਿਹੜੇ ਲੋਕ ਸਿਰ ਉਪਰ ਗੰਦਗੀ ਚੁਕ ਕੇ ਲੈ ਜਾਂਦੇ ਸਨ, ਉਨ੍ਹਾਂ ਨੂੰ ਬਹੁਤ ਵਡੀ ਰਾਹਤ ਮਿਲੇਗੀ ਔਰ ਨਾਲ ਹੀ ਵਾਟਰ-ਸਪਲਾਈ ਦਾ ਪ੍ਰਬੰਧ ਹੈ। ਕਈ ਸ਼ਹਿਰਾਂ ਵਿਚ ਵਾਟਰ-ਸਪਲਾਈ ਚਾਲੂ ਨਹੀਂ ਸੀ ਸੀਵਰੇਜ਼ ਸੀ ਉਹ ਵੀ ਠੀਕ ਨਹੀਂ ਸੀ। ਇਸ ਲਈ ਵਾਟਰ-ਸਪਲਾਈ ਪਹਿਲਾਂ ਅਤੇ ਸੀਵਰੇਜ਼ ਉਸ ਦੇ ਨਾਲ ਹੀ ਬਣ ਜਾਵੇਗੀ। ਇਸ ਸਰਕਾਰ ਨੇ ਇਹ ਬਿੱਲ ਲਿਆ ਕੇ ਬਹੁਤ ਹੀ ਚੰਗਾ ਕੰਮ ਕੀਤਾ ਹੈ। ਮੈਂ ਨਾਲ ਇਹ ਵੀ ਕਹਾਂਗਾ ਕਿ ਲੋਕਲ ਬਾਡੀਜ਼ ਨੂੰ ਏਡ ਦਿਓ ਔਰ ਕਈ ਵਾਰੀ ਅਗੇ ਕਿਸੇ ਨੂੰ ਲੋਨ ਮਿਲਦਾ ਸੀ ਕਿਸੇ ਨੂੰ ਨਹੀਂ ਸੀ ਮਿਲਦਾ। ਹੁਣ ਉਨ੍ਹਾਂ ਨੂੰ ਲੋਨ ਮਿਲੇ ਔਰ ਇਸ ਤਰ੍ਹਾਂ ਨਾਲ ਸੈਨੀਟੇਸ਼ਨ ਦੀ ਪੁਜ਼ੀਸ਼ਨ ਬੈਸਟ ਹੋਵੇਗੀ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਬਿੱਲ ਦੀ ਹਮਾਇਤ ਕਰਦਾ ਹਾਂ।

**ਸਰਦਾਰ ਧੰਨਾ ਸਿੰਘ ਗੁਲਸ਼ਨ** (ਨਥਾਨਾ ਐਸ.ਸੀ.): ਸਪੀਕਰ ਸਾਹਿਬ, ਇਹ ਜੋ ਪੰਜਾਬ ਵਾਟਰ-ਸਪਲਾਈ ਅਤੇ ਸੀਵਰੇਜ਼ ਬੋਰਡ ਬਿੱਲ, 1976 ਲਿਆਂਦਾ ਗਿਆ ਹੈ ਇਹ ਬਹੁਤ ਹੀ ਅੱਛਾ ਬਿਲ ਹੈ। ਇਸ ਦੇ ਨਾਲ ਸ਼ਹਿਰਾਂ ਵਿਚ ਗੰਦੇ ਪਾਣੀ ਦਾ ਨਿਕਾਸ ਹੋ ਸਕੇਗਾ ਅਤੇ ਵਾਟਰ-ਸਪਲਾਈ ਵਿਚ ਹੋਰ ਸੁਧਾਰ ਆਉਣਗੇ। ਕਿਉਂਕਿ ਸ਼ਹਿਰਾਂ ਵਿਚ ਸਵੀਪਰਜ਼ ਕੰਮ ਕਰਦੇ ਹਨ ਅਤੇ ਜੇ ਕਿਸੇ ਕਾਰਨ ਉਨ੍ਹਾਂ ਦੀ ਨਗਰਪਾਲਿਕਾ ਦੇ ਨਾਲ ਨਾਰਾਜ਼ਗੀ ਹੋ ਜਾਵੇ ਤਾਂ ਉਹ ਹੜਤਾਲ ਕਰ ਦਿੰਦੇ ਹਨ ਤਾਂ ਕਈ ਕਈ ਦਿਨ ਸ਼ਹਿਰ ਵਿਚ ਗੰਦਾ ਪਾਣੀ ਫੈਲਦਾ ਰਹਿੰਦਾ ਹੈ ਅਤੇ ਸ਼ਹਿਰ ਦੀ ਹਾਲਤ ਖ਼ਰਾਬ ਹੋ ਜਾਂਦੀ ਹੈ। ਇਸ ਦੇ ਨਾਲ ਹੀ ਇਸ ਦਾ ਇਕ ਹੋਰ ਫਾਇਦਾ ਇਹ ਹੋਵੇਗਾ ਕਿ ਗੰਦੇ ਪਾਣੀ ਦਾ ਨਿਕਾਸ ਨਾਲੀਆਂ ਦੇ ਰਾਹੀਂ ਠੀਕ ਤਰੀਕੇ ਦੇ ਨਾਲ ਹੋਵੇਗਾ। ਜਿਹੜਾ ਕੰਮ ਸਰਕਾਰ ਚੰਗਾ ਕਰੇਗੀ ਉਸ ਨੂੰ ਚੰਗਾ ਕਹਿਣਾ ਚਾਹੀਦਾ ਹੈ ਨਾਲ ਕਿ ਉਸ ਵਿਚ ਕੋਈ ਕਮੀ ਰਹਿ ਗਈ ਹੈ ਉਸ ਵੱਲ ਸਰਕਾਰ ਦਾ ਧਿਆਨ ਲਿਆਣਾ ਚਾਹੀਦਾ ਹੈ। ਪਰ ਦੂਜੇ ਪਾਸੇ ਸ਼ਹਿਰਾਂ ਵਿਚ ਨਗਰਪਾਲਿਕਾ ਅਤੇ ਇੰਪਰੂਵਮੈਂਟ ਟ੍ਰਸੱਟ ਅਤੇ ਨਾਲ ਹੀ ਕਈ ਵਿਕਾਸ ਕਮੇਟੀਆਂ ਬਣੀਆਂ ਹੋਈਆਂ ਹਨ ਉਨ੍ਹਾਂ ਨੂੰ ਇਹ ਕੰਮ ਕਰਨ ਦਾ ਮੌਕਾ ਦਿੰਦੇ ਤਾਂ ਚੰਗਾ ਸੀ ਪਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਧੰਨਾ ਸਿੰਘ ਗੁਲਸ਼ਨ]

ਇਹ ਤਾਂ ਬੋਰਡ ਬਣਾਈ ਚਲੀ ਜਾਂਦੇ ਹਨ । ਬੋਰਡ ਬਣਾਉਣ ਦੇ ਨਾਲ ਸਰਕਾਰ ਤੇ ਖਰਚੇ ਦਾ ਬੋਝ ਪਵੇਗਾ ਕਿਉਂਕਿ ਉਸ ਵਿਚ ਕਿਤਨੇ ਆਦਮੀ ਲਗਣਗੇ, ਔਰ ਬੋਰਡ ਵਿਚ ਬਹੁਤ ਸਾਰੇ ਆਪਣੇ ਆਦਮੀ ਐਡਜਸਟ ਕਰਨ ਵਾਸਤੇ ਬਣਾਇਆ ਜਾ ਰਿਹਾ ਹੈ। ਸ਼ਰਮਾ ਸਾਹਿਬ ਨੇ ਜਿਹੜਾ ਬਿਲ ਪੇਸ਼ ਕੀਤਾ ਹੈ ਇਹ ਬਹੁਤ ਅੱਛਾ ਹੈ ਇਸ ਦੇ ਨਾਲ ਸ਼ਹਿਰਾਂ ਵਿਚ ਸਫ਼ਾਈ ਹੋਵੇਗੀ, ਘਰਾਂ ਵਿਚ ਸਫ਼ਾਈ ਹੋਵੇਗੀ ਲੇਕਿਨ ਮੈਨੂੰ ਬੋਰਡ ਬਣਾਉਣ ਤੇ ਇਤਰਾਜ਼ ਹੈ। ਜੇ ਇਹ ਨਗਰ ਪਾਲਿਕਾਂ ਨੂੰ ਹੋਰ ਸ਼ਕਤੀਸ਼ਾਲੀ ਬਣਾਉਣਾ ਚਾਹੀਦਾ ਹੈ। ਸ਼ਰਮਾ ਜੀ ਤੁਸੀਂ ਦੁਬਾਰਾ ਇਸ ਤੇ ਗੌਰ ਕਰੋ ।

ਮੈਂ ਕਈ ਵਾਰੀ ਆਪਣੇ ਕਸਬੇ ਦੇ ਬਾਰੇ ਦਸਿਆ ਹੈ ਕਿ ਉਥੇ ਕਿਸ ਤਰ੍ਹਾਂ ਗੰਦਾ ਪਾਣੀ ਇੱਕਠਾ ਹੋ ਕੇ ਮੱਛਰਾਂ ਨਾਲ ਬਿਮਾਰੀਆਂ ਫੈਲ ਜਾਂਦੀਆਂ ਹਨ । ਇਸ ਕਸਬੇ ਵਿਚ 90 ਫ਼ੀ ਸਦੀ ਮੇਰਾ ਭਾਈਚਾਰਾ ਰਹਿੰਦਾ ਹੈ। ਪਿਛਲੇ ਸਾਲ ਸ਼ਰਮਾ ਜੀ ਨੇ 2 ਲੱਖ ਦੇ ਕਰੀਬ ਰੁਪਿਆ ਦਿੱਤਾ ਸੀ । ਇਸ ਦੇ ਨਾਲ ਥੋੜ੍ਹੀਆਂ ਬਹੁਤ ਨਾਲੀਆਂ ਬਣੀਆਂ ਹਨ। ਇਨ੍ਹਾਂ ਵਿਚੋਂ 50 ਹਜ਼ਾਰ ਰੁਪਿਆ ਨਗਰ ਪਾਲਿਕਾ ਨੇ ਖ਼ਰਚ ਕੀਤਾ ਹੈ ਪਰ ਬਾਕੀ ਦਾ ਪਤਾ ਨਹੀਂ ਕਿੱਥੇ ਲਗਾ ਦਿੱਤਾ ਹੈ ।

ਸਪੀਕਰ ਸਾਹਿਬ, ਇਸ ਸਕੀਮ ਦੇ ਨਾਲ ਜਿਹੜਾ ਫ਼ਾਇਦਾ ਹੋਵੇਗਾ ਉਹ ਇਹ ਹੈ ਕਿ ਸ਼ਹਿਰਾਂ ਦੇ ਗੰਦੇ ਪਾਣੀ ਨੂੰ ਖੇਤਾਂ ਵਿਚ ਪਾਉਣ ਨਾਲ ਰੇਹ ਦੀ ਜ਼ਰੂਰਤ ਘੱਟ ਜਾਵੇਗੀ । ਕਿਉਂਕਿ ਇਸ ਦ ਰੇਂਹ ਨਾਲੋਂ ਜਿਆਦਾ ਫ਼ਾਇਦਾ ਹੋਵੇਗਾ । ਇਸ ਦਾ ਕੋਈ ਨੁਕਸਾਨ ਨਹੀਂ ਹੈ। ਪਰ ਮੈਂ ਬੋਰਡ ਬਣਾਉਣਾ ਵਾਲੀ ਗੱਲ ਨੂੰ ਪਸੰਦ ਨਹੀਂ ਕਰਦਾ ।

**Mr. Speaker**: Question is—

That the Punjab Water Supply and Sewerage Board Bill be taken into consideration at once.

*The motion was carried*

**Mr. Speaker**: Now the House will proceed to consider the Bill Clause by Clause.

SUB-CLAUSE (2) OF CLAUSE 1

**Mr. Speaker**: Question is—

That Sub-Clause (2) of Clause I stand part of the Bill.

*The motion was carried.*

SUB-CLAUSE (3) OF CLAUSE 1

**Mr. Speaker**: Question is—

That Sub-Clause (3) of Clause I stand part of the Bill.

*The motion was carried.*

CLAUSE 2

**Mr. Speaker**: Now Clause 2 is before the House. There is a notice of amendment by Captain Rattan Singh and Shri Sardari Lal Kapoor to this Clause.

Original with;
Punjab Vidhan Sabha
Digitized by;
Panjab Digital Library

**Captain Rattan Singh**: (Kum Kalan): Sir, I beg to move—

*For* Sub-Clause ( ) *substitute* the following —
" 'Member' means a member of the Board and includes the Chairman, the Managing Member and the Technical Member."

ਇਹ ਕਹਿੰਦੇ ਹਨ ਕਿ ਵਿਦਆਊਟ ਟੈਕਨੀਕਲ ਮੈਂਬਰ ਬਣਾਉਣਾ ਹੈ । ਪਰ ਮੈਂ ਕਹਿੰਦਾ ਹਾਂ ਕਿ ਟੈਕਨੀਕਲ ਮੈਂਬਰ ਦੀ ਬਹੁਤ ਲੋੜ ਹੈ । ਇਸ ਲਈ ਟੈਕਨੀਕਲ ਮੈਂਬਰ ਵਿਚ ਹੋਣਾ ਚਾਹੀਦਾ ਹੈ ।

**Mr. Speaker** : Motion moved—

*For* sub-clause (7) *substitute* the following :—

" 'member' means a member of the Board and includes the Chairman, the Managing Member and the Technical Member;".

**ਵਿੱਤ ਮੰਤਰੀ** (ਸ੍ਰੀ ਹੰਸ ਰਾਜ ਸ਼ਰਮਾ) : ਕੈਪਟਨ ਸਾਹਿਬ ਨੇ ਚੰਗੀ ਸੁਜੈਸ਼ਨ ਦਿੱਤੀ ਹੈ ਕਿ ਟੈਕਨੀਕਲ ਮੈਂਬਰ ਦੀ ਲੋੜ ਹੈ । ਉਨ੍ਹਾਂ ਦੀ ਅਮੈਂਡਮੈਂਟ ਮੰਨ ਲੈਂਦੇ ਹਾਂ । ਵਾਟਰ-ਸਪਲਾਈ ਦੇ ਨਾਲ ਪਿੰਡਾਂ ਦਾ ਕੋਈ ਤੁਅੱਲਕ ਨਹੀਂ । ਸੀਵਰੇਜ ਨਾਲ ਕੋਈ ਤੁਅੱਲਕ ਨਹੀਂ ਪਰ ਪਿੰਡ ਵਾਲਿਆਂ ਦੀ ਸਫ਼ਾਈ ਜ਼ਰੂਰ ਹੋਵੇਗੀ ।

**ਕੈਪਟਨ ਰਤਨ ਸਿੰਘ** : ਪਿੰਡਾਂ ਵਿਚ ਜਿਹੜਾ ਪੀਣ ਵਾਲਾ ਪਾਣੀ ਦਾ ਮਸਲਾ ਹੈ, ਮੈਂ ਉਸ ਬਾਰੇ ਕਿਹਾ ਹੈ ।

**ਵਿੱਤ ਮੰਤਰੀ** : ਪਿੰਡਾਂ ਨੂੰ ਵਾਟਰ-ਸਪਲਾਈ ਬਿਲਕੁਲ ਵੱਖਰੀ ਹੈ । ਉਸ ਨੂੰ ਸੈਨੇਟਰੀ ਬੋਰਡ ਕੰਟਰੋਲ ਕਰਦਾ ਹੈ । ਬਾਕੀ ਅਸੀਂ ਤੁਹਾਡੀ ਅਮੈਂਡਮੈਂਟ ਮੰਨ ਲਈ ਹੈ ।

**Mr. Speaker** : Question is—

*For* sub-clause (7), *substitute* the following—

" 'member' means a member of the Board and includes the Chairman the Managing Member and the Technical Member;".

*The Motion was carried.*

**Mr. Speaker** : Question is—

That Clause 2, as amended, stand part of the Bill.

*The Motion was carried.*

CLAUSE 3

**Mr. Speaker** : Question is—

That Clause 3 stand part of the Bill.

*The Motion was carried.*

Original with;
Punjab Vidhan Sabha
Digitized by;
Panjab Digital Library

CLAUSE 4

**Mr. Speaker** : Now clause 4 is before the House. There are certain notices of amendments to this Clause from Captain Rattan Singh and Shri Sardari Lal Kapur.

**Captain Rattan Singh** (Kum Kalan) : Sir, I beg to move—

(i) After part (a) of sub-clause (1), *add* the following new part (b) and the existing part (b) be read as part (c) :—

"(b) Technical Member; and".

(ii) After sub-clause (5), *add* the following new sub-clause (6) and the existing sub-clause (6) be read as sub-clause (7) :—

"(6) the Technical Member shall be a whole-time member and shall be appointed by the Government from amongst persons holding the qualification of Degree in Engineering with at least five years practical experience in the speciality".

**Mr. Speaker** : Motion moved—

(i) After part (a) of sub-clause (1), *add* the following new part (b) and the existing part (b) be read as part (c) :—

"(b) Technical Member; and".

(ii) After sub-clause (5), *add* the following new sub-clause (6) and the existing sub-clause (6) be read as sub-clause (7) :—

"(6) the Technical Member shall be whole-time member and shall be appointed by the Government from amongst persons holding the qualification of Degree in Engineering with at least five years practical experience in the speciality".

**ਵਿੱਤ ਮੰਤਰੀ (ਸ਼੍ਰੀ ਹੰਸ ਰਾਜ ਸ਼ਰਮਾ)** : ਇਸ ਦੇ ਵਿਚ ਮੈਂ ਕੈਪਟਨ ਸਾਹਿਬ ਨੂੰ ਦਰਖ਼ਾਸਤ ਕਰਾਂਗਾ ਕਿ ਬਾਕੀ ਤਾਂ ਠੀਕ ਹੈ ਪਰ ਇਹ ਜਿਹੜਾ "ਇਨ ਦੀ ਸਪੈਸ਼ਿਲਿਟੀ" ਲਿਖਿਆ ਹੈ, ਇਹ ਅਸੀਂ ਮਨਜ਼ੂਰ ਨਹੀਂ ਕਰ ਸਕਦੇ। ਕਿਉਂਕਿ ਵਾਟਰ ਦਾ ਇੰਜਨੀਅਰ ਵੱਖਰਾ ਹੋਵੇਗਾ ਅਤੇ ਸੀਵਰੇਜ ਦਾ ਇੰਜੀਨੀਅਰ ਵੱਖਰਾ ਹੋਵੇਗਾ। ਬਾਕੀ ਉਨ੍ਹਾਂ ਦਾ ਠੀਕ ਹੈ।

**ਕੈਪਟਨ ਰਤਨ ਸਿੰਘ** : ਜੇ ਗੌਰਮਿੰਟ ਨਹੀਂ ਮੰਨਦੀ ਤਾਂ ਫਿਰ ਠੀਕ ਹੈ।

**Mr. Speaker** : Question is—

After part (a) of sub-clause (1), *add* the following new part (b) and the existing part (b) be read as part (c) :—

"(b) Technical Member; and".

*The Motion was carried.*

**Mr. Speaker**: Now, I shall put the second amendment, as reworded to the vote of the House. Question is—

After sub-clause (5), *add* the following new sub-clause (6) and the existing sub-clause (6) be read as sub-clause (7) :—

"(6) the Technical Member shall be a whole-time member and shall be appointed by the Government from amongst persons holding the qualification of Degree in Engineering with at least five years practical experience."

*The Motion was carried.*

Original with;
Punjab Vidhan Sabha
Digitized by;
Panjab Digital Library

**Mr. Speaker :** Question is—

That Clause 4, as amended, stand part of the Bill.

*The motion was carried.*

CLAUSE 5

**Mr. Speaker :** Now Clause 5 is before the House. There is a notice of amendment from Captain Rattan Singh and Shri Sardari Lal Kapur.

**Captain Rattan Singh** (Kum Kalan) : Sir, I beg to move—

In line 2 of sub-clause (1) and in the margin after "Managing Member", *add* "Technical Member".

**Mr. Speaker** : Motion moved—

In line 2 of sub-clause (1) and in the margin after "Managing Member", *add* Technical Member".

**Mr. Speaker** : Question is—

In line 2 of sub-clause (1) and in the margin after "Managing Member", *add* "Technical Member".

*The motion was carried.*

**Mr. Speaker :** Question is—

That Clause 5, as amended, stand part of the Bill.

*The Motion was carried.*

CLAUSE 6

**Mr. Speaker** : Now Clause 6 is before the House. There is a notice of amendment from Captain Rattan Singh and Shri Sardari Lal Kapur.

**Captain Rattan Singh** (Kum Kalan) : Sir, I beg to move—

In line 2 of Explanation under Clause 6, after the words "Managing Member", *add* the words "or the Technical Member".

**Mr. Speaker** : Motion moved—

In line 2 of Explanation under Clause 6, after the words "Managing Member", *add* the words "or the Technical Member".

**Mr. Speaker** : Question is—

In line 2 of Explanation under Clause 6, after the words "Managing Member", *add* the words "or the Technical Member".

*The Motion was carried.*

**Mr. Speaker** : Question is—

That Clause 6, as amended, stand part of the Bill.

*The Motion was carried.*

Original with;
Punjab Vidhan Sabha
Digitized by;
Panjab Digital Library

CLAUSES 7, 8, 9, 10, 11, 12, 13, 14, 15, 16, 17, 18, 19, 20, 21, 22, 23, 24, 25, 26, 27, 28, 29, 30, 31, 32, 33, 34, 35, 36, 37, 38, 39, 40, 41, 42, 43, 44, 45, 46, 47, 48, 49, 50, 51, 52, 53, 54, 55, 56, 57, 58, 59, 60, 61, 62, 63, 64, 65, 66, 67, 68, 69, 70, 71 and 72.

| —do— | 6 | Shri Amrik Singh, son of Mehar Singh | 30.00 |
| —do— | 6 | Shri Chanan Singh, son of Isher Singh | 30.00 |
| —do— | 6 | Shri Shinda Singh, son of Gurdit Singh | 30.00 |

Original with;
Punjab Vidhan Sabha
Digitized by;
Panjab Digital Library

| | | | |
|---|---|---|---|
| 31-5-1973 | 6 | Shri Gurdip Singh, son of Mangal Singh | 30.00 |
| —do— | 6 | Shri Sajan Singh, son of Pritam Singh | 30.00 |
| —do— | 6 | Shri Mangal Singh, son of Pritam Singh | 30.00 |
| —do— | 6 | Shri Ranga Singh, son of Bur Singh | 30.00 |
| —do— | 6 | Shri Sunder Singh, son of Faqir Singh | 30.00 |
| —do— | 6 | Shri Mohan Singh, son of Mehnga Sihgh | 30.00 |
| 25-8-1969 | 2 | Shri Dara Singh, son of Bagha Sihgh | 20.00 |
| | | Total | 500.00 |

12. *Inspection book*: The Panchayat was last inspected by the Social Education and Panchayat Officer on 21st August, 1969. The inspections should be more frequent in future.

13. *Record not put up*: The Bank pass book of Sabha Fund was not put up. As such reconciliation statements of Cash Book could not be verified in audit. The Pass Book should be put up at the next audit for necessary check.

14. *Registers not maintained*: The following registers were not maintained. The same should be started and brought up-to-date:

( ) Library register.

(2) Lease register.

(3) Furniture register.

(4) Stock register of receipt books.

15. *Miscellaneous*: Empty cement bags had been auctioned. Needful should be done early.

16. *Objection statement*: There was no objection statement.

17. *Conclusion*: Last audit note was not put up (Part I). The accounts called for strict supervision and control.

Sd/- A. S. Kandhari,

Assistant Examiner,

Local Fund Accounts, Punjab, Chandigarh.

Original with;
Punjab Vidhan Sabha
Digitized by;
Panjab Digital Library

No. XII (1183) dated

Copy forwarded to the :—

(1) Sarpanch Gram Panchayat, Rajoke, Post Office, Rajoke, Block, Valtoha, Tehsil Patti, district Amritsar (with a spare copy) with the request that an annotated copy showing the auction taken on this audit note may please be sent to this office at an early date.

(2) Block Development and Panchayat Officer, Valtoha, for information and necessary action.

(3) District Development and Panchayat Officer, Amritsar, for information and necessary action.

(4) Director of Panchayats, Punjab, Chandigarh, for information and necessary action.

(5) Assistant Director of Panchayats, Punjab, Chandigarh, for information and necessary action.

(6) Shri Jaswant Singh, Panchayat Auditor for information and necessary action.

Sd/—

Assistant Examiner,

for Examiner Local Fund Accounts, Punjab,
Chandigarh.

---

**ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕਾਂ ਦੀਆਂ ਬੁਢਾਪਾ ਪੈਨਸ਼ਨਾਂ ਬੰਦ ਕਰਨਾ**

*3622. (C.U.) ਸ਼੍ਰੀਮਤੀ ਜਸਦੇਵ ਕੌਰ ਸੰਧੂ ) ਕੀ ਸਮਾਜ ਭਲਾਈ ਦੇ ਰਾਜ ਮੰਤਰੀ
ਸਰਦਾਰ ਸੁਖਦੇਵ ਸਿੰਘ ਢੀਂਡਸਾ )
ਕਿਰਪਾ ਕਰਕੇ ਦੱਸਣਗੇ ਕਿ:

(ੳ) ਕੀ 1967 ਵਿਚ ਪਿੰਡ ਮੱਖੀ ਕਲਾਂ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੇ ਕੁਝ ਵਸਨੀਕਾਂ ਨੂੰ ਬੁਢਾਪਾ ਪੈਨਸ਼ਨਾਂ ਮਨਜ਼ੂਰ ਕੀਤੀਆਂ ਗਈਆਂ ਸਨ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੇ ਨਾਂ ਦਰਸਾਉਂਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਵੇ;

(ਅ) ਉਕਤ ਪੈਨਸ਼ਨਾਂ ਕਿੰਨੇ ਸਮੇਂ ਤਕ ਮਨਜ਼ੂਰ ਰਹੀਆਂ;

(ੲ) ਕੀ 1974 ਜਾਂ 1975 ਵਿਚ ਕੁਝ ਵਿਅਕਤੀਆਂ ਦੀ ਪੈਨਸ਼ਨ ਬੰਦ ਕਰ ਦਿੱਤੀ ਗਈ ਸੀ; ਅਜਿਹਾ ਹੋਵੇ ਤਾਂ ਹਰ ਇਕ ਕੇਸ ਵਿਚ ਪੈਨਸ਼ਨ ਬੰਦ ਕਰਨ ਦੇ ਕਾਰਨ ਦਰਸਾਉਂਦੀ ਇਕ ਵਿਵਰਣ ਸਦਨ ਦੀ ਮੇਜ਼ ਤੇ ਰਖਿਆ ਜਾਵੇ;

Original with;
Punjab Vidhan Sabha
Digitized by;
Panjab Digital Library

(ਸ) ਕੀ ਉਪਰੋਕਤ ਭਾਗ (ੲ) ਵਿਚ ਵਰਣਿਤ ਵਿਅਕਤੀਆਂ ਵਲੋਂ ਸਮਾਜ ਭਲਾਈ ਵਿਭਾਗ ਨੂੰ ਇਕ ਰਜਿਸਟਰਡ ਪੱਤਰ, ਮਿਤੀ 18 ਸਤੰਬਰ, 1975 ਰਾਹੀਂ ਕੋਈ ਸ਼ਿਕਾਇਤਾਂ ਮਿਲੀਆਂ; ਜੇਕਰ ਅਜਿਹਾ ਹੋਵੇ ਤਾਂ ਉਸਤੇ ਕੀ ਕਾਰਵਾਈ ਕੀਤੀ ਗਈ ?

**ਕੁਮਾਰੀ ਸਰਲਾ ਪਰਾਸ਼ਰ** : (ੳ) 1967 ਵਿਚ ਪਿੰਡ ਮੱਖੀ ਕਲਾਂ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੇ ਸਿਰਫ ਇਕ ਵਿਅਕਤੀ ਜਿਸ ਦਾ ਨਾਂ ਸ੍ਰੀ ਨਿਹਾਲ ਸਿੰਘ, ਪੁੱਤਰ ਸ੍ਰੀ ਚੇਤ ਸਿੰਘ ਹੈ, ਨੂੰ ਬੁਢਾਪਾ ਪੈਨਸ਼ਨ ਮਨਜ਼ੂਰ ਕੀਤੀ ਗਈ ਸੀ ।

(ਅ) ਉਕਤ ਵਿਅਕਤੀ ਨੂੰ ਸਤੰਬਰ, 1967 ਤੋਂ ਬੁਢਾਪਾ ਪੈਨਸ਼ਨ ਮਨਜ਼ੂਰ ਕੀਤੀ ਗਈ ਸੀ ਅਤੇ ਅਜੇ ਤੱਕ ਚਾਲੂ ਹੈ।

(ੲ) ਪਿੰਡ ਮੱਖੀ ਕਲਾਂ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੇ ਕਿਸੇ ਪੈਨਸ਼ਨਰ ਦੀ ਬੁਢਾਪਾ ਪੈਨਸ਼ਨ 1974 ਜਾਂ 1975 ਵਿਚ ਬੰਦ ਨਹੀਂ ਕੀਤੀ ਗਈ ।

(ਸ) ਸਵਾਲ ਹੀ ਪੈਦਾ ਨਹੀਂ ਹੁੰਦਾ ।

---

**ਤਹਿਸੀਲ ਪੱਟੀ ਵਿਚ ਪਿੰਡਾਂ ਦੇ ਵਸਨੀਕਾਂ ਦੀਆਂ ਬੁਢਾਪਾ ਪੈਨਸ਼ਨਾਂ ਬੰਦ ਕਰਨਾ**

**3623.** (C.U.) **ਸ਼੍ਰੀਮਤੀ ਜਸਦੇਵ ਕੌਰ ਸੰਧੂ** }
**ਸਰਦਾਰ ਸੁਖਦੇਵ ਸਿੰਘ ਢੀਂਡਸਾ** } ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਕੀ ਇਹ ਠੀਕ ਹੈ ਕਿ ਪਿੰਡ ਬੁਰ ਚੰਦ ਅਤੇ ਕਲਸੀਆਂ ਕਲਾਂ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੇ ਕੁਝ ਵਸਨੀਕਾਂ ਨੂੰ ਮਨਜ਼ੂਰ ਕੀਤੀਆਂ ਗਈਆਂ ਬੁਢਾਪਾ ਪੈਨਸ਼ਨਾਂ 1973-74 ਅਤੇ 1975 ਵਿਚ ਬੰਦ ਕਰ ਦਿਤੀਆਂ ਗਈਆਂ ਸਨ, ਜੇਕਰ ਅਜਿਹਾ ਹੋਵੇ ਤਾਂ ਹਰ ਇਕ ਕੇਸ ਵਿਚ ਇਸ ਦੇ ਕਾਰਨਾਂ ਸਮੇਤ ਉਨ੍ਹਾਂ ਦੇ ਨਾਂ ਦਰਸਾਉਂਦਾ ਇਕ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਵੇ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਬੁਢਾਪਾ ਪੈਨਸ਼ਨਾਂ ਕਿਹੜੀ ਕਿਹੜੀ ਤਰੀਕ ਨੂੰ ਮਨਜ਼ੂਰ ਕੀਤੀਆਂ ਗਈਆਂ ਸਨ;

(ੲ) ਕੀ ਪਿੰਡ ਬੁਰ ਚੰਦ ਦੇ ਬੁਢਾਪਾ ਪੈਨਸ਼ਨ ਪ੍ਰਾਪਤ ਕਰਨ ਵਾਲਿਆਂ ਵਲੋਂ ਰਜਿਸਟਰਡ ਪੱਤਰ ਰਾਹੀਂ ਕੋਈ ਸ਼ਿਕਾਇਤਾਂ ਸਮਾਜ ਭਲਾਈ ਵਿਭਾਗ ਨੂੰ ਪ੍ਰਾਪਤ ਹੋਈਆਂ; ਜੇਕਰ ਅਜਿਹਾ ਹੋਵੇ ਤਾਂ ਉਸ ਤੇ ਕੀ ਕਾਰਵਾਈ ਕੀਤੀ ਗਈ ?

Original with;
Punjab Vidhan Sabha
Digitized by;
Panjab Digital Library

**ਕੁਮਾਰੀ ਸਰਲਾ ਪਰਾਸ਼ਰ:** (ੳ) ਪਿੰਡ ਬੂੜ ਚੰਦ ਅਤੇ ਕਲਸੀਆਂ ਕਲਾਂ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੇ ਕੁਝ ਵਿਅਕਤੀਆਂ ਦੀ ਮੌਤ ਹੋ ਜਾਣ ਕਰਕੇ, ਉਨ੍ਹਾਂ ਦੀ ਬੁਢਾਪਾ ਪੈਨਸ਼ਨ ਬੰਦ ਹੋ ਗਈ ਸੀ ਅਤੇ ਕੁਝ ਵਿਅਕਤੀਆਂ ਦੇ ਵਿਰੁੱਧ ਸ਼ਿਕਾਇਤਾਂ ਪ੍ਰਾਪਤ ਹੋਣ ਕਰਕੇ ਉਨ੍ਹਾਂ ਦੀ ਬੁਢਾਪਾ ਪੈਨਸ਼ਨ ਦੀ ਅਦਾਇਗੀ 1973, 1974 ਅਤੇ 1975 ਵਿਚ ਰੋਕੀ ਗਈ ਸੀ । ਇਨ੍ਹਾਂ ਵਿਅਕਤੀਆਂ ਬਾਰੇ ਲੋੜੀਂਦੀ ਸੂਚਨਾ ਅਨੁਲਗ 'ੳ' ਵਿਚ ਅੰਕਿਤ ਹੈ, ਜੋ ਸਦਨ ਦੀ ਮੇਜ਼ ਤੇ ਰਖਿਆਂ ਜਾਂਦਾ ਹੈ ।

(ਅ) ਭਾਗ (ੳ) ਵਿਚ ਵਰਣਿਤ ਵਿਅਕਤੀਆਂ ਦੀ ਬੁਢਾਪਾ ਪੈਨਸ਼ਨ ਦੀ ਮਨਜ਼ੂਰੀ ਦੀ ਮਿਤੀ ਸਦਨ ਦੀ ਮੇਜ਼ ਤੇ ਰਖੇ ਅਨੁਲੱਗ 'ੳ' ਦੇ ਕਾਲਮ 3 ਵਿਚ ਦਰਸਾਈ ਗਈ ਹੈ।

(ੲ) ਪਿੰਡ ਬੂੜ ਚੰਦ ਦੇ ਜਿਨ੍ਹਾਂ ਵਿਅਕਤੀਆਂ ਦੀ ਪੈਨਸ਼ਨ ਰੋਕੀ ਗਈ ਸੀ, ਵਿਚੋਂ ਅਰਜ਼ੀਆਂ ਪ੍ਰਾਪਤ ਹੋਈਆਂ ਸਨ। ਉਨ੍ਹਾਂ ਦੇ ਕੇਸਾਂ ਦੀ ਮੌਕੇ ਤੇ ਪੜਤਾਲ ਕਰਵਾ ਕੇ ਸਰਵਸ੍ਰੀ ਬਿਸ਼ਨ ਸਿੰਘ ਅਤੇ ਭਾਨ ਸਿੰਘ ਪੁਤਰ ਸ੍ਰੀ ਬੂੜ ਸਿੰਘ, ਚੰਨਣ ਸਿੰਘ ਪੁਤਰ ਸ੍ਰੀ ਜਗਤ ਸਿੰਘ, ਸ੍ਰੀਮਤੀ ਕਿਸ਼ਨ ਕੌਰ ਪਤਨੀ ਸ੍ਰੀ ਧੰਨਾ ਸਿੰਘ ਦੀ ਪੈਨਸ਼ਨ ਬੰਦ ਕਰ ਦਿਤੀ ਗਈ ਸੀ ਅਤੇ ਸ੍ਰੀ ਸੁਰਜਨ ਸਿੰਘ ਅਤੇ ਸ੍ਰੀ ਅਰਜਨ ਸਿੰਘ ਪੁਤਰ ਸ੍ਰੀ ਸੁੰਦਰ ਸਿੰਘ ਦੀ ਪੈਨਸ਼ਨ ਚਾਲੂ ਕਰ ਦਿਤੀ ਗਈ ਸੀ ।

———

Original with;
Punjab Vidhan Sabha
Digitized by;
Panjab Digital Library

## ਅਨੁਲੱਗ 'ੳ'

### ਪਿੰਡ : ਬੂੜ ਚੰਦ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ

| 1 | 2 | 3 | 4 |
|---|---|---|---|
| ਲੜੀ ਨੰ: | ਪੈਨਸ਼ਨਰ ਦਾ ਨਾਮ | ਜਿਸ ਮਿਤੀ ਤੋਂ ਪੈਨਸ਼ਨ ਮਨਜ਼ੂਰ ਕੀਤੀ ਗਈ ਹੈ । | ਪੈਨਸ਼ਨ ਬੰਦ ਕਰਨ/ਰੋਕਨ ਦਾ ਕਾਰਣ । |
| 1. | ਸ਼੍ਰੀ ਸੁਰਜਨ ਸਿੰਘ ਪੁੱਤਰ ਸ਼੍ਰੀ ਸੁੰਦਰ ਸਿੰਘ | 1-6-1969 | ਇਸ ਦੇ ਵਿਰੁੱਧ ਸ਼ਿਕਾਇਤ ਪ੍ਰਾਪਤ ਹੋਈ ਸੀ ਕਿ ਇਸ ਵਿਅਕਤੀ ਦੀ 3 ਕਿਲੇ ਜ਼ਮੀਨ ਹੈ ਜਿਸ ਦੀ ਬਹੁਤ ਪੈਦਾਵਾਰ ਹੈ । |
| 2. | ਸ਼੍ਰੀ ਜਾਗ ਸਿੰਘ ਪੁੱਤਰ ਸ਼੍ਰੀ ਘਸੀਟਾ ਸਿੰਘ | 1-6-1969 | ਇਸ ਦੀ ਮੌਤ ਹੋ ਜਾਣ ਕਾਰਨ ਜਨਵਰੀ, 1974 ਤੋਂ ਮਾਰਚ 1974 ਦੀ ਤਿਮਾਹੀ ਦਾ ਮਨੀਆਰਡਰ ਵਾਪਸ ਆ ਗਿਆ ਸੀ । |
| 3. | ਸ਼੍ਰੀ ਚੰਨਣ ਸਿੰਘ ਪੁੱਤਰ ਸ਼੍ਰੀ ਚਗਤ ਸਿੰਘ | 1-6-1969 | ਇਸ ਦੇ ਵਿਰੁੱਧ ਸ਼ਿਕਾਇਤ ਪ੍ਰਾਪਤ ਹੋਈ ਸੀ ਕਿ ਇਸ ਦੀ ਆਪਣੀ 1-1/2 ਕਿਲਾ ਜ਼ਮੀਨ ਹੈ ਅਤੇ ਕੁੱਝ ਜ਼ਮੀਨ ਇਸ ਨੇ ਪਿੰਡ ਭੈਣੀ ਗੁਰਮੁੱਖ ਸਿੰਘ ਵਿੱਚ ਗੈਹਣੇ ਲਈ ਹੋਈ ਹੈ । |
| 4. | ਸ਼੍ਰੀਮਤੀ ਕਿਸ਼ਨ ਕੌਰ ਸੁਪਤਨੀ ਸ਼੍ਰੀ ਧੰਨਾ ਸਿੰਘ | 1-8-1969 | ਇਸ ਦੇ ਵਿਰੁੱਧ ਸ਼ਿਕਾਇਤ ਪ੍ਰਾਪਤ ਹੋਈ ਸੀ ਕਿ ਇਸ ਦੇ ਦੋ ਪੁੱਤਰ ਹਨ, ਜਿਹੜੇ ਕਮਾਈ ਕਰਦੇ ਹਨ । ਇਸ ਦੇ ਨਾਲ ਰਹਿੰਦੇ ਹਨ ਅਤੇ ਇਸ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਦੇ ਹਨ । |
| 5. | ਸ਼੍ਰੀ ਅਰਜਨ ਸਿੰਘ ਪੁੱਤਰ ਸ਼੍ਰੀ ਸੁੰਦਰ ਸਿੰਘ | 1-12-1969 | ਇਸ ਦੇ ਵਿਰੁੱਧ ਸ਼ਿਕਾਇਤ ਸੀ ਕਿ ਇਸ ਦੀ 3 ਕਿਲੇ ਜ਼ਮੀਨ ਹੈ, ਜਿਸ ਤੋਂ ਬਹੁਤ ਆਮਦਨ ਹੈ । |

Original with;
Punjab Vidhan Sabha
Digitized by;
Panjab Digital Library

| | | | |
|---|---|---|---|
| 6. | ਸ੍ਰੀ ਬਿਸ਼ਨ ਸਿੰਘ ਪੁੱਤਰ ਸ੍ਰੀ ਬੂੜ ਸਿੰਘ | 1-1-1970 | ਇਨ੍ਹਾਂ ਦੇ ਵਿਰੁੱਧ ਇਹ ਸ਼ਿਕਾਇਤ ਸੀ ਕਿ ਇਨ੍ਹਾਂ ਦੀ 5, 5 ਕਿਲੇ ਜ਼ਮੀਨ ਹੈ । |
| 7. | ਸ੍ਰੀ ਭਾਨ ਸਿੰਘ ਪੁੱਤਰ ਸ੍ਰੀ ਬੂੜ ਸਿੰਘ | 1-1-1970 | |
| 8. | ਸ੍ਰੀਮਤੀ ਚਰਨੋ ਵਿਧਵਾ ਸ੍ਰੀ ਸੁਰਜਨ ਸਿੰਘ | 1-1-1970 | ਜੁਲਾਈ, 1975 ਤੋਂ ਸਤੰਬਰ, 1975 ਦੀ ਤਿਮਾਹੀ ਦੀ ਪੈਨਸ਼ਨ ਪਹੁੰਚ ਰਸੀਦ ਪ੍ਰਾਪਤ ਨਾ ਹੋਣ ਕਰਕੇ ਨਿਯਮਾਂ ਅਨੁਸਾਰ ਅੱਗੇ ਪੈਨਸ਼ਨ ਨਹੀਂ ਭੇਜੀ ਜਾ ਸਕੀ । |

ਪਿੰਡ : ਕਲਸੀਆਂ ਕਲਾਂ, ਤਹਿਸੀਲ : ਪੱਟੀ ਜ਼ਿਲ੍ਹਾ ਅੰਮ੍ਰਿਤਸਰ

| 1 | 2 | 3 | 4 |
|---|---|---|---|
| ਲੜੀ ਨੰ: | ਪੈਨਸ਼ਨਰ ਦਾ ਨਾਮ | ਮਿਤੀ ਜਿਸ ਤੋਂ ਪੈਨਸ਼ਨ ਮਨਜ਼ੂਰ ਕੀਤੀ ਗਈ ਹੈ । | ਪੈਨਸ਼ਨ ਬੰਦ ਕਰਨ/ਰੋਕਣ ਦਾ ਕਾਰਨ । |
| 1. | ਸ੍ਰੀਮਤੀ ਹਰਨਾਮ ਕੌਰ ਵਿਧਵਾ ਮੰਗਲ ਸਿੰਘ | 1-9-1968 | ਇਸ ਦੇ ਦੋ ਕਮਾਉਣ ਵਾਲੇ ਪੁੱਤਰ ਸਨ । |
| 2. | ਸ੍ਰੀ ਤੇਜ ਸਿੰਘ ਪੁੱਤਰ ਮਗਰ ਸਿੰਘ | 1-6-1969 | ਇਸ ਦੀ ਮੌਤ ਹੋ ਜਾਣ ਕਾਰਨ ਅਪਰੈਲ, 1975 ਤੋਂ ਜੂਨ, 1975 ਦੀ ਤਿਮਾਹੀ ਦੀ ਪੈਨਸ਼ਨ ਦਾ ਮਨੀ-ਆਰਡਰ ਵਾਪਸ ਆ ਗਿਆ ਸੀ । |
| 3. | ਸ੍ਰੀ ਸੁਦਾਗਰ ਪੁੱਤਰ ਸ੍ਰੀ ਗਾਹੀ ਸਿੰਘ | 1-5-1975 | ਮਈ ਅਤੇ ਜੂਨ 1975 ਦੀ ਪੈਨਸ਼ਨ ਦੀ ਪਹੁੰਚ ਰਸੀਦ ਪ੍ਰਾਪਤ ਹੋਣ ਕਰਕੇ ਨਿਯਮਾਂ ਅਨੁਸਾਰ ਅਗਲੇ ਸਮੇਂ ਦੀ ਪੈਨਸ਼ਨ ਪਹਿਲਾਂ ਨਹੀਂ ਭੇਜੀ ਜਾ ਸਕੀ। |

Original with;
Punjab Vidhan Sabha
Digitized by;
Panjab Digital Library

STARRED QUESTION No. 3624 (C.U.)

(Reply to this Question has not yet been reeeived from the Government.)

PORPOSAL TO IMPOSE TAX ON ADVERTISMENTS ETC. BY THE MUNICIPAL COMMITTEE, AMRITSAR.

*3626 (CU) 1. **Comrade Saghar Singh**
2. **Comrade Dana Ram**
3. **Comrade Satya Pal Dang** : Will the Minister for Finance be pleased to state:

(a) whether the Government have received in the month of December, 1975 or January, 1976 (to date) any proposal from the Municipal Committee, Amritsar for the imposition of a new tax on advertisement boardings, sign Boards, etc. in Amritsar; if so, the details thereof;

(b) whether the Administrator of the Municipal Committee referred to in part (a) has also forwarded to the Government the objections to the said proposal received by him, if so, the number and nature of such objections;

(c) whether the said objections have also been considered by the Government ?

**Shri Hans Raj Sharma**: (a) No, Sir.

(b) & (c) In view of answer to part (a) above question does not arise.

**ਪਿੰਡਾਂ ਮਰਗਿੰਦਪੁਰਾ ਅਤੇ ਨੌਸ਼ਹਿਰਾ ਪੰਨੂਆਂ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਅਬਿਆਨੇ ਆਦਿ ਦੀ ਬਕਾਇਆ ਰਕਮ**

*3627. (C.U.) 1. **ਸ੍ਰੀਮਤੀ ਜਸਦੇਵ ਕੌਰ ਸੰਧੂ**
2. **ਸਰਦਾਰ ਸੁਖਦੇਵ ਸਿੰਘ ਢੀਂਡਸਾ** : ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਵੱਖ ਵੱਖ 1 ਅਕਤੂਬਰ, 1974 ਅਤੇ 1 ਅਕਤੂਬਰ, 1975 ਨੂੰ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਪਿੰਡਾਂ ਮਰਗਿੰਦਪੁਰਾ ਅਤੇ ਨੌਸ਼ਹਿਰਾ ਪੰਨੂਆਂ ਦੇ ਲੰਬਰਦਾਰਾਂ ਵੱਲ ਆਬੀਆਨੇ, ਮਾਲੀਏ ਅਤੇ ਸਥਾਨਕ ਦਰ ਦੀ ਕਿੰਨੀ ਕਿੰਨੀ ਰਕਮ ਬਕਾਇਆ ਸੀ ;

(ਅ) ਉਕਤ ਰਕਮ ਦੀ ਵਸੂਲੀ ਕਰਨ ਲਈ ਹੁਣ ਤਕ ਕੀ ਕਾਰਵਾਈ ਕੀਤੀ ਗਈ ਹੈ ਅਤੇ ਉਸਦੇ ਸਿੱਟੇ ਕੀ ਨਿਕਲੇ ?

**ਸਰਦਾਰ ਉਮਰਾਓ ਸਿੰਘ**: ਵਿਵਰਣ (Statement) ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

ਪਿੰਡਾਂ ਮਰਗਿੰਦਪੁਰਾ ਅਤੇ ਨੌਸ਼ਹਿਰਾ ਪੰਨੂੰਆਂ, ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਅਬਿਆਨੇ ਆਦਿ ਦੀ ਬਕਾਇਆ ਰਕਮ ਬਾਰੇ ਵਿਵਰਣ।

| (ੳ) ਪਿੰਡ ਦਾ ਨਾਂ | ਬਕਾਇਆ ਰਕਮ ਜੋ 1-10-74 ਨੂੰ ਸੀ | | | ਬਕਾਇਆ ਰਕਮ ਜੋ 1-10-75 ਨੂੰ ਸੀ | | |
|---|---|---|---|---|---|---|
| | ਆਬਿਆਨਾ | ਭੌਂ ਮਾਲੀਆ | ਸਥਾਨਕ ਦਰ | ਆਬਿਆਨਾ | ਭੌਂ ਮਾਲੀਆ | ਸਥਾਨਕ ਦਰ |
| 1. | 2. | 3. | 4. | 5. | 6. | 7. |
| | ਰੁ. | ਰ. | ਰੁ. | ਰ. | ਰੁ. | ਰੁ. |
| 1. ਮਰਗਿੰਦਪੁਰ | 18,344 | 3,947 | 5,553 | 12,875 | 2,324 | 817 |
| 2. ਨੌਸ਼ਹਿਰਾ ਪੰਨੂੰਆਂ | — | 584 | 6,373 | 1,229 | 3,308 | 1090 |

(ਅ) ਸਰਕਲ ਰੈਵੀਨਿਊ ਅਫਸਰ ਬਕਾਇਆਂ ਨੂੰ ਘਟਾਉਣ ਦੇ ਯਤਨ ਕਰ ਰਹੇ ਹਨ। ਫਲਸਰੂਪ ਬਕਾਇਆ ਅਤੇ ਵਸੂਲੀ ਦੇ ਨਤੀਜੇ ਹੇਠ ਦਿਤੇ ਜਾਂਦੇ ਹਨ :-

| ਪਿੰਡ ਦਾ ਨਾਂ | ਕੁਲ ਮੰਗ | | ਵਸੂਲੀ ਜੋ 31-1-76 ਤਕ ਹੋਈ | | ਬਕਾਇਆ ਜੋ 31-1-76 ਨੂੰ ਸੀ | |
|---|---|---|---|---|---|---|
| | ਜੋ 1-10-74 ਨੂੰ ਸੀ | ਜੋ 1-10-75 ਨੂੰ ਸੀ | 1-10-74 ਦੇ ਬਕਾਇਆ ਵਿਚੋਂ | 1-10-75 ਦੇ ਬਕਾਇਆ ਵਿਚੋਂ | 1-10-74 ਦੀ ਮੰਗ ਵਿਚੋਂ | 1-10-75 ਦੀ ਮੰਗ ਵਿਚੋਂ |
| | ਰੁ. | ਰੁ. | ਰੁ. | ਰੁ. | ਰੁ. | ਰੁ. |
| 1. ਮਰਗਿੰਦਪੁਰ | 27,844 | 16,016 | 17,593 | 4,885 | 10,251 | 11,131 |
| 2. ਨੌਸ਼ਹਿਰਾ ਪੰਨੂੰਆ | 6,857 | 5,627 | 1,055 | — | 5,802 | 5,627 |

STARRED QUESTION NO. 3629 (C.U.)

(Reply to this Question has not yet been received from the Govt.)

ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਨੂੰ ਸਟੇਜ ਕੈਰੇਜ਼ ਪਰਮਿਟ ਲਈ ਪਰਮਿਟ ਦੇਣਾ।

*3630. (C.U) ਸ੍ਰੀਮਤੀ ਜਸਦੇਵ ਕੌਰ ਸੰਧੂ : ਕੀ ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

Original with;
Punjab Vidhan Sabha
Digitized by;
Panjab Digital Library

(ੲ) ਕੀ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਨੇ ਪਟਿਆਲਾ ਤੋਂ ਭੀਮਾਨ ਖੇੜੀ ਜ਼ਿਲ੍ਹਾ ਪਟਿਆਲਾ ਤੱਕ ਬੱਸ ਸੇਵਾ ਸ਼ੁਰੂ ਕਰਨ ਲਈ ਇਕ ਸਟੇਜ ਕੈਰੇਜ ਪਰਮਿਟ ਲਈ ਅਰਜ਼ੀ ਦਿੱਤੀ ਸੀ ;

(ਅ) ਕੀ ਕਾਰਪੋਰੇਸ਼ਨ ਨੂੰ ਉਪਰੋਕਤ ਸਟੇਜ ਕੈਰੇਜ ਪਰਮਿਟ ਦੇ ਦਿੱਤਾ ਗਿਆ ਸੀ; ਜੇਕਰ ਅਜਿਹਾ ਹੋਵੇ, ਤਾਂ ਇਹ ਕਿਸ ਤਰੀਕ ਨੂੰ ਦਿੱਤਾ ਗਿਆ ਸੀ;

(ੲ) ਕੀ ਕਾਰਪੋਰੇਸ਼ਨ ਨੇ ਉਪਰੋਕਤ ਬੱਸ ਸੇਵਾ ਸ਼ੁਰੂ ਕਰ ਦਿੱਤੀ ਹੈ; ਜੇ ਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ?

**ਸਰਦਾਰ ਦਿਲਬਾਗ ਸਿੰਘ ਡਾਲੇਕੇ** : (ੳ) ਹਾਂ ਜੀ । ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਨੇ ਆਪਣੇ ਇਕ ਪਰਮਿਟ ਸਮੇਤ ਤਿੰਨ ਵਾਪਸੀ ਫੇਰਿਆਂ ਦੇ ਪੰਜਾਬੀ ਯੂਨੀਵਰਸਿਟੀ ਪਟਿਆਲਾ-ਲਲੋਛੀ ਰੂਟ ਦੀ ਭੀਮਾਂ ਖੇੜੀ ਤਕ ਵਿਸਥਾਰ ਕਰਨ ਲਈ ਅਰਜ਼ੀ ਦਿੱਤੀ ਸੀ ।

(ਅ) ਹਾਂ ਜੀ । ਇਹ ਵਿਸਥਾਰ ਮਿਤੀ 13-11-75 ਨੂੰ ਮਨਜ਼ੂਰ ਕੀਤੀ ਗਈ ।

(ੲ) ਹਾਂ ਜੀ, ਬਸ ਸੇਵਾ ਚਾਲੂ ਕਰ ਦਿੱਤੀ ਹੈ ।

---

STARRED QUESTIONS No.3631,3632, AND 3638 (C.U.)

(Replies to these Questions have not yet been received from the Government.)

**ਗਰਾਮ ਪੰਚਾਇਤ ਰਾਮਗੜ੍ਹ ਸਰਦਾਰਾਂ ਜ਼ਿਲ੍ਹਾ ਲੁਧਿਆਣਾ ਦੇ ਸਰਪੰਚ ਵਿਰੁਧ ਪੜਤਾਲ ।**

*3640(C.U) 1. **ਕਾਮਰੇਡ ਸੱਘੜ ਸਿੰਘ**
2. **ਕਾਮਰੇਡ ਦਾਨਾ ਰਾਮ**
3. **ਕਾਮਰੇਡ ਸੱਤਪਾਲ ਡਾਂਗ**
} ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ :

(ੳ) ਕੀ ਗਰਾਮ ਪੰਚਾਇਤ ਰਾਮਗੜ੍ਹ ਸਰਦਾਰਾਂ, ਜ਼ਿਲ੍ਹਾ ਲੁਧਿਆਣਾ ਦੇ ਸਰਪੰਚ ਵਿਰੁਧ ਗਬਨ ਅਤੇ ਅਧਿਕਾਰ ਦੀ ਕੁ-ਵਰਤੋਂ ਆਦਿ ਦੇ ਦੋਸ਼ਾਂ ਸਬੰਧੀ ਕੋਈ ਪੜਤਾਲ ਕੀਤੀ ਜਾਂ ਰਹੀ ਹੈ, ਜੇਕਰ ਅਜਿਹਾ ਹੋਵੇ, ਤਾਂ ਪੜਤਾਲ ਕਿਸ ਮਿਤੀ ਨੂੰ ਸ਼ੁਰੂ ਕੀਤੀ ਗਈ ਅਤੇ ਇਸ ਦੇ ਕਦੋਂ ਤਕ ਮੁਕੰਮਲ ਕੀਤੇ ਜਾਣੇ ਦੀ ਸੰਭਾਵਨਾ ਹੈ ;

(ਅ) ਜੇਕਰ ਪੜਤਾਲ ਮੁਕੰਮਲ ਹੋ ਚੁਕੀ ਹੈ ਤਾਂ ਪੜਤਾਲ ਕੀਤੇ ਗਏ ਦੋਸ਼ਾਂ ਦੇ ਵੇਰਵੇ ਕੀ ਹਨ ਅਤੇ ਹਰ ਇਕ ਦੋਸ਼ ਤੇ ਪੜਤਾਲੀਆ ਅਫ਼ਸਰਾਂ ਦੇ ਨਤੀਜਿਆਂ ਦੇ ਵੇਰਵੇ ਕੀ ਹਨ ?

**ਸਰਦਾਰ ਸੰਤੋਖ ਸਿਘ ਰੰਧਾਵਾ** : (ੳ) ਹਾਂ । ਮੁਢਲੀ ਇਨਕੁਆਇਰੀ ਮਿਤੀ 9 ਜੁਲਾਈ, 1975 ਨੂੰ ਅਰੰਭ ਕੀਤੀ ਗਈ ਸੀ । ਇਸ ਰਿਪੋਰਟ ਦੇ ਅਧਾਰ ਤੇ ਸਰਪੰਚ ਨੂੰ ਮੁਅੱਤਲ ਕਰ ਦਿਤਾ ਗਿਆ ਅਤੇ ਰੈਗੂਲਰ ਪੜਤਾਲ ਡਿਵੀਜ਼ਨਲ ਡਿਪਟੀ ਡਾਇਰੈਕਟਰ, ਪਟਿਆਲਾ ਨੂੰ ਮਿਤੀ 3 ਫਰਵਰੀ, 1976 ਸੌਂਪੀ ਗਈ ।

(ਅ) ਨਹੀਂ । ਸਵਾਲ ਹੀ ਪੈਦਾ ਨਹੀਂ ਹੁੰਦਾ ।

Original with;
Punjab Vidhan Sabha
Digitized by;
Panjab Digital Library

## ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਦੀ ਭਲਾਈ ਕਮੇਟੀ ਵੱਲੋਂ ਮੇਜਰਨਾਮਾ

*3641 (C.U.) 1. ਕਾਮਰੇਡ ਸੱਘੜ ਸਿੰਘ,
2. ਕਾਮਰੇਡ ਦਾਨਾ ਰਾਮ, } ਕੀ ਵਿਦਿਆ ਮੰਤਰੀ ਕ੍ਰਿਪਾ ਕਰਕੇ
3. ਕਾਮਰੇਡ ਸੱਤਪਾਲ ਡਾਂਗ,

ਦੱਸਣਗੇ ਕਿ ਕੀ ਉਨ੍ਹਾਂ ਨੂੰ ਮੈਡੀਕਲ ਕਾਲਜ, ਅੰਮ੍ਰਿਤਸਰ ਅਤੇ ਪਟਿਆਲਾ ਦੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਦੀ ਭਲਾਈ ਕਮੇਟੀ ਵਲੋਂ 21 ਜਨਵਰੀ, 1976 ਦਾ ਮੇਜ਼ਰਨਾਮਾ ਮਿਲਿਆ ਜੋ ਅਨੁਸੂਚਿਤ ਜਾਤੀਆਂ ਲਈ ਪੋਸਟ ਗਰੈਜੂਏਸ਼ਨ ਦੀਆਂ ਸੀਟਾਂ ਅਤੇ ਰਜਿਸਟਰਾਰਾਂ ਅਤੇ ਡੀਮਾਂਸਟ੍ਰੇਟਰਾਂ ਦੀਆਂ ਆਸਾਮੀਆਂ ਵਿਚ ਸੀਟਾਂ ਰਾਖਵੀਆਂ ਕਰਨ ਅਤੇ ਮੈਡੀਕਲ ਕਾਲਜਾਂ ਦੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਫੀਸਾਂ ਸਟਾਈ ਪੈਂਡਾਂ ਅਤੇ ਕਿਤਾਬਾਂ ਦੇ ਮਾਮਲੇ ਵਿਚ ਦਿੱਤੀਆਂ ਗਈਆਂ ਵਿਸ਼ੇਸ਼ ਰਿਆਇਤੀ ਸੁਵਿਧਾਵਾਂ ਦੇ ਗੈਰ-ਤਸੱਲੀ ਬਖਸ਼ ਕੰਮ ਕਾਜ ਸਬੰਧੀ ਸੀ, ਜੇਕਰ ਅਜਿਹਾ ਹੋਵੇ, ਤਾਂ ਇਸਦੀ ਇਕ ਨਕਲ ਅਤੇ ਉਸ ਤੇ ਕੀਤੀ ਗਈ ਕਾਰਵਾਈ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਵੇ ?

**ਸ੍ਰੀ ਗੁਰਮੇਲ ਸਿੰਘ** : ਹਾਂ ਜੀ । ਮੇਜ਼ਰਨਾਮੇ ਦੀ ਇੱਕ ਨਕਲ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ । ਮਾਮਲੇ ਤੇ ਕਾਰਵਾਈ ਕੀਤੀ ਜਾ ਰਹੀ ਹੈ ।

### COPY OF REPRESENTATION

The Education Minister,
Govt. of Punjab,
Chandigarh.

Esteemed Sir,

Respectfully it has to be stated that instead of our repeated approaches to be your honour and to other concerned authorities, most of our requests for getting our difficulties removed and for better facilties Stand neglected even today we met your honour many a time in this regard but we have to say it with due humility that our meetings have proved to be shear wastage of time and arguments. till today.

Now, sir, with presentation of this charter of requested demands we expect a better and prompt response on the part of your authority.

A few of our needed demands are :-

**1. Reservation of seats for post-graduation and relaxtion in eligibility for post-graduation and posts of Registrars and demonstrators :**

There should be reservation for post-graduation studies for scheduled castes students at both the Govt. Medical Colleges in Punjab. And if a decision has been taken for this, as it twice appeared in newspapers quoting your Ministry, immediate orders should be issued to the heads of the Medical Education institution for putting the writings in to practice.

And as eligibility conditions are relaxed for scheduled caste students in admission for M.B.B.S. study similar relaxation must be provided for selection i.e. for doing post-graduation and posts of Registrars and Demanstrators. Rules especially regarding number of attempts must be made relaxable to accommodate small number of students applying for above selections. Seats should be filled from open against reserve seats only if no candidate is available.

Original with;
Punjab Vidhan Sabha
Digitized by;
Panjab Digital Library

2. **Reservation in Registrar Demonstrator and Asstt. Registrar/Asstt. Demonstrator posts and teaching posts**

While advertising. specificity regarding percentage and number of seats must be mentioned. If seats in different departments are only a few i.e. less that to make one reserved out of total, **the seat reserved with name and department must be repeatedly mentioned. Non-specificity and vagueness make impossible** for us to follow it up later on and makes room for change e.g. in one of the previous selections of Asstt. Registrar/Demonstrator held at Patiala first seat of medicine was reserved which later on shifted to Pharmacology Department.

Similarly in advertisement from D.R.M.E. for posts of Registrars/Demonstrators it was mentioned "Some seats are reserved for scheduled caste candidates" instead of its percentage with the number of seats department-wise must be mentioned.

(3) **College Fees**

Instead of first charging and then refunding the college-dues at the end of the year of college dues should not be charged in the beginning of the year. This will remove the burden of arranging money for payment of dues from the students.

(4) **Stipends :**

Instead of paying the amount of stipends in one quantum at the end of the year our stipends should be given in atleast quarterly instalments. It will help the concerned students in meeting up their day-to-day educational expenses during their studies.

(5) **Books**

Money provided to the college authority for the medical books for we people has not been utilised uptil this time. So there should be instruction to the college authority to buy the books and distribute them among the students immediately.

Thanking you,

Your faithfully
Scheduled Caste Students Welfare Committee
Medical College Amritsar and Patiala.

Dated 22-1-76
CC. to;

(1) The Prime Minister of India, New Delhi.

(2) Sh. B.R. Bhagat, Speaker, Lok Sabha.

(3) Sh. Jagjivan Ram, Union Minister for Agriculture and Irrigation.

(4) Sh. K. Brahma Nand Raddy, Union Home Minister.

(5) Union Commissioner for Social Welfare.

(6) Sh. Buta Singh, Dy. Minister, Railway.

(7) Chief Minister, Punjab.

(8) Shri Gurbanta Singh, State Agriculture Minister, Punjab.

(9) Minister for Social and Welfare, Punjab, Chandigarh.

(10) Director Social Welfare, Punjab, Chandigarh.

(11) Sh. Prithvi Singh Azad, M.L.A.

(12) Sh. Harchand Singh M.L.A.

(13) Sh. Darshan Singh Kay Pee, M.L.A.

(14) DRME, Punjab, Chandigarh.

Original with;
Punjab Vidhan Sabha
Digitized by;
Panjab Digital Library

## GOVERNMENT ASSISTANCE TO MESSRS AMRITSAR SWADESHI WOOLLEN MILLS, AMRITSAR

*3642. (C.U.) 1. **Comrade Saghar Singh**
2. **Comrade Dana Ram,**
3. **Comrade Satya Pal Dang,**
Will the Minister of State for Housing be pleased to state:-

(a) whether any Government assistance in the form of loans/grants was given during the last six years to M/s. Amritsar Swadeshi Woollen Mills, Amritsar for the construction of quarters; if so, the number of quarters for which loans/grants were given together with the number of quarters constructed;

(b) whether Government assistance carried any conditions in the matter of rent to be charged and the criterion for allotment of quarters to workers etc; if so, the details thereof ?

**ਸ਼੍ਰੀਮਤੀ ਗੁਰਬਿੰਦਰ ਕੌਰ ਬਰਾੜ :** (ੳ) 80 ਕੁਆਟਰ ਬਣਾਉਣ ਲਈ ਕਰਜ਼ੇ ਦੀ ਸਹਾਇਤਾ ਦਿੱਤੀ ਗਈ ਸੀ, ਜਿਨ੍ਹਾਂ ਵਿੱਚੋਂ ਹੁਣ ਤੱਕ 77 ਕੁਆਟਰ ਬਣਾਏ ਜਾ ਚੁਕੇ ਹਨ।

(ਅ) ਹਾਂ, ਜੀ। ਛੋਟੇ ਦੋ ਕਮਰਿਆਂ ਵਾਲੇ ਕੁਆਟਰ ਦਾ ਕਰਾਇਆ 21.50 ਰੁਪਏ ਮਾਸਿਕ ਅਤੇ ਰੈਗੂਲਰ ਦੋ ਕਮਰਿਆਂ ਵਾਲੇ ਕੁਆਟਰ ਦਾ ਕਰਾਇਆ 26.00 ਰੁਪਏ ਮਾਸਿਕ ਲਿਆ ਜਾਣਾ ਹੈ। ਪਹਿਲੀ ਕਿਸਮ ਦੇ ਕੁਆਟਰ ਉਹਨਾਂ ਕਰਮਚਾਰੀਆਂ ਨੂੰ ਅਲਾਟ ਕੀਤੇ ਜਾਣੇ ਹਨ ਜਿਨ੍ਹਾਂ ਦੀ ਉਜਰਤ 250/- ਰੁਪਏ ਪ੍ਰਤਿ ਮਹੀਨਾ ਤੋਂ ਵਧਦੀ ਨਾ ਹੋਵੇ ਅਤੇ ਦੂਜੀ ਕਿਸਮ ਦੇ ਕੁਆਟਰ ਉਹਨਾਂ ਨੂੰ ਅਲਾਟ ਕੀਤੇ ਜਾਣੇ ਹਨ ਜਿਨ੍ਹਾਂ ਦੀ ਉਜਰਤ 251/- ਰੁਪਏ ਤੋਂ 350/- ਰੁਪਏ ਪ੍ਰਤਿ ਮਹੀਨਾ ਦੇ ਵਿਚਕਾਰ ਹੋਵੇ।

---

## GRANT OF HOUSE RENT ALLOWANCE

*3643 (C.U.) **Comrade Satya Pal Dang**; Will the Minister for Finance be pleased to state:

(a) the population and/or other criteria for grant of house rent allowance to the Government employees;

(b) whether any exception for the grant of house rent allowance has been made, if so the details therof and the reasons therefor ?

**ਸ੍ਰੀ ਹੰਸ ਰਾਜ ਸ਼ਰਮਾਂ** (ੳ) ਆਬਾਦੀ ਦੇ ਅਧਾਰ ਤੇ ਜ਼ਿਲ੍ਹਾ ਹੈਡਕੁਆਰਟਰਜ਼ ਤੇ ਆਬਾਦੀ ਦੀ ਸ਼ਰਤ ਦੇ ਬਿਨਾਂ ਮਿਲਦਾ ਹੈ।

(ਅ) ਨਹੀਂ ਜੀ।

Original with;
Punjab Vidhan Sabha
Digitized by;
Panjab Digital Library

## STARRED QUESTION NO 3644 (C.U.)

(Reply to this Question has not yet been received from the Government.)

**ਪਬਲਿਕ ਹਾਈ ਸਕੂਲ ਮਹਿਲ ਗੈਹਲਾਂ, ਬਲਾਕ ਬੰਗਾ, ਤਹਿਸੀਲ ਨਵਾਂ ਸ਼ਹਿਰ ਜ਼ਿਲ੍ਹਾ ਜਲੰਧਰ ਨੂੰ ਆਪਣੇ ਅਧਿਕਾਰ ਵਿਚ ਲੈਣਾ ।**

**3645** 1 **ਕਾਮਰੇਡ ਸੱਘੜ ਸਿੰਘ,**
(2) **ਕਾਮਰੇਡ ਦਾਨਾ ਰਾਮ,**
(2) **ਕਾਮਰੇਡ ਸੱਤਪਾਲ ਡਾਂਗ**

} ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ:

(ੳ) ਕੀ ਸਰਕਾਰ ਨੇ ਅਕਤੂਬਰ, 1974 ਵਿਚ ਪਬਲਿਕ ਹਾਈ ਸਕੂਲ ਮਹਿਲ ਗੈਹਲਾਂ, ਬਲਾਕ ਬੰਗਾ, ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ ਨੂੰ ਆਪਣੇ ਅਧਿਕਾਰ ਵਿਚ ਲਿਆ ਸੀ, ਜੇਕਰ ਅਜਿਹਾ ਹੋਵੇ ਤਾਂ ਉਕਤ ਸਕੂਲ ਦੇ ਅਧਿਕਾਰ ਵਿਚ ਲੈਣ ਸਮੇਂ ਇਸ ਵਿਚ ਕੰਮ ਕਰ ਰਹੇ ਅਧਿਆਪਕਾਂ ਅਤੇ ਨਾਨ-ਟੀਚਿੰਗ ਕਰਮਚਾਰੀਆਂ, ਅਤੇ ਅਧਿਕਾਰ ਵਿਚ ਲੈਣ ਤੋਂ ਪਹਿਲਾਂ ਅਤੇ ਬਾਅਦ ਵਿਚ ਹਰ ਇਕ ਅਧਿਆਪਕ ਅਤੇ ਨਾਨ ਟੀਚਿੰਗ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਉਨ੍ਹਾਂ ਦੀਆਂ ਯੋਗਤਾਵਾਂ ਦੀ ਇਕ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਵੇ;

(ਅ) ਕੀ ਅਮਲੇ ਦੇ ਮੈਂਬਰਾਂ ਨੂੰ ਨਿਯਮਤ ਸਰਕਾਰੀ ਕਰਮਚਾਰੀਆਂ ਵਜੋਂ ਨਿਯੁਕਤ ਕੀਤਾ ਗਿਆ ਹੈ, ਜੇਕਰ ਨਹੀਂ ਤਾਂ ਉਸ ਦੇ ਕਾਰਨ ਕੀ ਹਨ;

(ੲ) ਕੀ ਸਕੂਲ ਇਸ ਨੂੰ ਅਧਿਕਾਰ ਵਿਚ ਲੈਣ ਤੋਂ ਪਹਿਲਾਂ ਇਕ ਸਹਾਇਤਾ ਪ੍ਰਾਪਤ ਸਕੂਲ ਸੀ ?

**ਸ੍ਰੀ ਗੁਰਮੇਲ ਸਿੰਘ:** (ੳ) ਹਾਂ ਜੀ । ਤਨਖਾਹਵਾਂ ਅਤੇ ਯੋਗਤਾਵਾਂ ਸਬੰਧੀ ਸੂਚੀਆਂ ਸਦਨ ਦੀ ਮੇਜ਼ ਤੇ ਰੱਖੀਆਂ ਜਾਂਦੀਆਂ ਹਨ ।

(ਅ) ਨਹੀਂ ਜੀ । ਕੇਸ ਪੜਤਾਲੇ ਜਾ ਰਹੇ ਹਨ ।

(ੲ) ਹਾਂ ਜੀ ।

———

Original with;
Punjab Vidhan Sabha
Digitized by;
Panjab Digital Library

ਮੂਜਬਿਆ

ਸਟਾਫ਼ ਸਟੇਟਮੈਂਟ ਪਬਲਿਕ ਹਾਈ ਸਕੂਲ ਮਹਿਲ ਗਹਿਲਾਂ (ਜਲੰਧਰ)

| ਲੜੀ ਨੰ: | ਨਾਮ | ਅਹੁਦਾ | ਯੋਗਤਾ | ਕੁਲ ਜੋੜ ਸਰਕਾਰ ਅਧੀਨ ਲੈਣ ਤੋਂ ਪਹਿਲਾਂ ਤਨਖਾਹ ਦਾ ਕਲ ਜੋੜ | ਸਰਕਾਰ ਅਧੀਨ ਲੈਣ ਤੋਂ ਬਾਅਦ ਤਨਖਾਹ ਦਾ ਜੋੜ |
|---|---|---|---|---|---|
| 1 | 2 | 3 | 4 | 5 | 6 |
| 1. | ਸ਼੍ਰੀ ਗੁਰਦਿਆਲ ਸਿਘ, | ਹੈਡਮਾਸਟਰ | ਐਮ. ਏ. ਬੀ. ਟੀ | 571/- | 708-50 |
| 2. | ਸ਼੍ਰੀ ਮੋਹਨ ਸਿੰਘ, | ਮਾਸਟਰ | ਐਮ. ਏ. ਬੀ. ਐਡ. | 464/- | 567-50 |
| 3. | ਸ਼੍ਰੀ ਮਤੀ ਗੁਰਦੀਪ ਕੌਰ, | ਮਿਸਟਰੈਸ | ਬੀ. ਏ. ਬੀ. ਐਡ. | 464/- | 567-50 |
| 4. | ਸ਼੍ਰੀ ਅਜੀਤ ਸਿੰਘ, | ਮਾਸਟਰ | ਬੀ. ਐਸ. ਸੀ. ਬੀ. ਐਡ. | 440/- | 537-10 |
| 5. | ਸ਼੍ਰੀ ਸੁਰਜੀਤ ਰਾਮ, | ਮਾਸਟਰ | ਬੀ. ਐਸ. ਸੀ. ਬੀ. ਐਡ. | 440/ | 537-10 |
| 6. | ਸ਼੍ਰੀ ਤਰਸੇਮ ਸਿੰਘ, | ਮਾਸਟਰ | ਬੀ. ਏ. ਬੀ. ਐਡ. | 432/- | 527-20 |
| 7. | ਸ਼੍ਰੀ ਸੁਰੇਸ਼ ਚੰਦਰ, | ਮਾਸਟਰ | ਬੀ. ਏ. ਬੀ. ਐਡ. | 424/- | 514-70 |
| 8. | ਸ਼੍ਰੀ ਮੰਗਤ ਰਾਮ, | ਮਾਸਟਰ | ਐਮ. ਏ. ਬੀ. ਐਡ. | 424/- | 514-70 |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| 9. | ਸ੍ਰੀ ਲੇਖ ਰਾਮ, ਟੀਚਰ | ਸ਼ਾਸਤਰੀ ਓ. ਟੀ. ਸਪੈਸ਼ਲ-ਸਰਟੀਫਿਕੇਟਿਡ | 446/- | 544-80 |
| 10. | ਸ੍ਰੀ ਗਿਆਨ ਸਿੰਘ, ਟੀਚਰ | ਗਿਆਨੀ ਜੇ. ਬੀ. ਟੀ. | 368/- | 458-00 |
| 11. | ਸ੍ਰੀ ਕਰਨੈਲ ਸਿੰਘ, ਪੀ. ਟੀ. ਆਈ. | ਮੈਟ੍ਰਿਕ ਸਰਟੀਫੀਕੇਟਿਡ ਇਨ ਪੀ. ਟੀ. ਆਈ. | 347/- | 437-00 |
| 12. | ਸ੍ਰੀ ਜੋਰਾਵ੍ਰਰ ਸਿੰਘ | ਮੈਟ੍ਰਿਕ. ਜੇ. ਬੀ. ਟੀ. | 358- | 448-00 |
| 13. | ਸ੍ਰੀ ਸੁਰਜੀਤ ਕੌਰ, ਟ੍ਰੀਚਰੈਸ | ਹਾ :ਸੈ :ਜੇ. ਬੀ. ਟੀ. | 279/- | 360-20 |
| 14. | ਸ੍ਰੀ ਸਵਰਾਜ ਵੇਜ, ਟੀਚਰ | ਬੀ. ਏ. ਬੀ. ਐਡ. | 269/- | 347-60 |
| 15. | ਸ੍ਰੀ ਸ਼ਮਸ਼ੇਰ ਸਿੰਘ, ਟੀਚਰ | ਬੀ. ਏ. ਬੀ. ਐਡ. | 269/- | 347-60 |
| 16. | ਸ੍ਰੀ ਜਰਨੈਲ ਸਿੰਘ, ਕਲਰਕ | ਬੀ. ਏ. | 249/- | 320-40 |
| 17. | ਸ੍ਰੀ ਕਾਬਲ ਸਿੰਘ, ਪੀਅਨ | —— | 172/- | 224-60 |
| 18. | ਸ੍ਰੀ ਭਿਵਾਨੀ ਪ੍ਰਸ਼ਾਦ, ਚੌਕੀਦਾਰ | —— | 172/- | 224-60 |
| 19. | ਸ੍ਰੀ ਸੋਹਨ ਲਾਲ, ਸਵੀਪਰ | —— | 40/- | 229-50 |

Original with;
Punjab Vidhan Sabha
Digitized by;
Panjab Digital Library

## PROVISION OF HOUSE SITES FOR LANDLESS AND WEAKER SECTION

*3648 (C. U.) **Shri Sardari Lal Kapur**: Will the Minister of State for Housing be pleased to state the steps taken by the Government during the 1975-76 for increasing number of house-sites to be provided to the landless and weaker sections of the Society in the State.

**ਸ਼੍ਰੀਮਤੀ ਗੁਰਬਿੰਦਰ ਕੌਰ ਬਰਾੜ** : ਦਿਹਾਤੀ ਇਲਾਕਿਆਂ ਵਿਚ ਯੋਗ ਵਿਅੱਕਤੀਆਂ ਨੂੰ ਘਰਾਂ ਲਈ ਮੁਫਤ ਜ਼ਮੀਨ ਦੇਣ ਲਈ ਹਰ ਇਕ ਸੰਭਵ ਯਤਨ ਹੱਥ ਵਿੱਚ ਲਿਆ ਜਾ ਚੁੱਕਾ ਹੈ । ਪਿੰਡਾਂ ਵਿਚ ਜਿੱਥੇ ਪੰਚਾਇਤੀ ਸਰਕਾਰੀ ਜ਼ਮੀਨ ਉਪਲਬੱਧ ਨਹੀਂ ਸੀ, ਭੋਂ ਪ੍ਰਾਪਤੀ ਲਈ ਸਾਲ 1975-76 ਦੋ ਕਰੋੜ ਰੁਪਏ ਮੁਹਈਆ ਕੀਤੇ ਹਨ ।

ਸ਼ਹਿਰੀ ਇਲਾਕੇ ਦੇ ਸਬੰਧ ਵਿੱਚ ਇੱਕ ਪਾਲਿਸੀ ਫੈਸਲਾ ਲਿਆ ਗਿਆ ਹੈ ਕਿ ਭਿੰਨ ਭਿੰਨ ਸ਼ਹਿਰੀ/ਮਿਲਖਾਂ ਵਿੱਚ 60% ਪਲਾਟ 250 ਵਰਗ ਗਜ਼ ਤੱਕ ਹੋਣਗੇ, ਤਾਂ ਜੋ ਘੱਟ ਆਮਦਨ ਵਾਲੇ ਵਰਗਾਂ ਦੀ ਲੋੜ ਨੂੰ ਪੂਰਾ ਕੀਤਾ ਜਾਵੇ । ਸ਼ਹਿਰੀ ਮਿਲਖਾਂ ਵਾਸਤੇ ਭੋਂ ਪ੍ਰਾਪਤੀ ਲਈ ਸਾਲ 1975-76 ਵਿੱਚ 215 ਲੱਖ ਰੁਪਏ ਮੁਹੱਈਆ ਕੀਤੇ ਗਏ ਹਨ । ਇਸੇ ਤਰ੍ਹਾਂ ਵੱਖ ਵੱਖ ਇਮਪਰੂਵਮੈਂਟ ਟਰੱਸਟਾਂ ਵੱਲੋਂ ਵਸਾਈਆਂ ਜਾ ਰਹੀਆਂ ਰਿਹਾਇਸ਼ੀ ਕਲੋਨੀਆਂ ਵਿੱਚ ਕੱਟੇ ਜਾਣ ਵਾਲੇ ਪਲਾਟਾਂ ਦੇ 56 ਪ੍ਰਤੀਸ਼ਤ ਪਲਾਟ ਘੱਟ ਆਮਦਨ ਦੇ ਵਰਗਾਂ ਦੀ ਪਹੁੰਚ ਤੱਕ ਦੇ ਹੋਣਗੇ ।

---

## STARRED QUESTION NO 3651 (C.U.)

(Reply to this Question has not yet been received from the Government)

## ਰਾਜ ਵਿਚ ਵਿਦਿਆਰਥੀਆਂ ਨੂੰ ਜ਼ਰੂਰੀ ਵਸਤੂਆਂ ਦੀ ਸਪਲਾਈ

*3652 (C. U.) ਸ੍ਰੀ **ਸਰਦਾਰੀ ਲਾਲ ਕਪੂਰ** : ਕੀ ਖੁਰਾਕ ਤੇ ਸਪਲਾਈਜ਼ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ 1975-76 ਦੌਰਾਨ ਵਿਚ ਹੋਸਟਲਾਂ ਵਿਚ ਵਿਦਿਆਰਥੀਆਂ ਨੂੰ ਕੰਟਰੋਲ ਕੀਮਤਾਂ ਤੇ ਜ਼ਰੂਰੀ ਵਸਤੂਆਂ ਦੀ ਸਪਲਾਈ ਲਈ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦਾ ਵੇਰਵਾ ਕੀ ਹੈ ?

**ਸਰਦਾਰ ਗੁਰਦਰਸ਼ਨ ਸਿੰਘ** : ਸਕੂਲ/ਕਾਲਜਾਂ/ਯੂਨੀਵਰਸਿਟੀ ਦੇ ਹੋਸਟਲਾਂ ਵਿਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਜ਼ਰੂਰੀ ਵਸਤੂਆਂ ਦੀ ਉਪਲਬੱਧੀ ਰਾਜ ਸਰਕਾਰ ਨੇ ਯਕੀਨੀ ਬਣਾਉਣ ਲਈ ਇਹ ਹਦਾਇਤ ਕੀਤੀ ਹੈ ਕਿ ਇਨ੍ਹਾਂ ਵਿਦਿਆਰਥੀਆਂ ਦੀ ਕੋਲਾ, ਆਟਾ, ਬਨਾਸਪਤੀ ਘੀ,ਚਾਵਲ, ਕਣਕ ਆਦਿ ਦੀ ਮਾਹਵਾਰੀ ਮੰਗ ਨੂੰ ਅਸੈਸ (assess) ਕੀਤਾ ਜਾਵੇ ਅਤੇ ਇਸ ਨੂੰ ਪਰਮ ਅਗੇਤ ਦਿੰਦੇ ਹੋਏ ਨਾਲ ਦੇ (ਨੇੜੇ ਦੇ) ਕੋਆਪਰੇਟਿਵ ਕੰਜ਼ਿਊਮਰ ਸਟੋਰ ਜਾਂ ਡਿਪੂ ਤੋਂ ਪੂਰੀ ਕਾਰਵਾਈ ਕੀਤੀ ਜਾਵੇ ।

Original with;
Punjab Vidhan Sabha
Digitized by;
Panjab Digital Library

2. ਹੋਸਟਲਾਂ ਵਿਚ ਰਹਿਣ ਵਾਲੇ ਵਿਦਿਆਰਥੀਆਂ ਦੀ ਖੰਡ ਦੀ ਮੰਗ ਨੂੰ ਮੁੱਖ ਰੱਖ-ਦਿਆਂ ਹੋਇਆਂ ਇਹ ਫੈਸਲਾ ਕੀਤਾ ਗਿਆ ਹੈ ਕਿ ਜੇਕਰ ਸਬੰਧਤ ਸਕੂਲ/ਕਾਲਜ/ਯੂਨੀਵਰਸਿਟੀ ਦਾ ਮੁੱਖੀਆ ਇਹ ਤਸਦੀਕ ਕਰੇ ਕਿ ਇਕ ਸੈਸ਼ਨ ਵਿਚ ਸਬੰਧਤ ਹੋਸਟਲ ਵਿਚ ਕਿਤਨੇ ਵਿਦਿਆਰਥੀ ਹਨ ਜਿਹੜੇ ਕਿ ਆਪਣੇ ਘਰੇਲੂ ਰਾਸ਼ਨ ਕਾਰਡਾਂ ਤੇ ਖੰਡ ਦਾ ਕੋਟਾ ਨਹੀਂ ਲੈ ਰਹੇ ਤਾਂ ਇਨ੍ਹਾਂ ਲਈ ਪੂਰੇ ਸੈਸ਼ਨ ਲਈ ਵੰਡ ਕਾਰਡ ਬਣਾ ਦਿੱਤਾ ਜਾਵੇ ਅਤੇ ਇਸ ਨੂੰ ਨੇੜੇ ਦੇ ਕੋਆਪਰੇਟਿਵ ਸਟੋਰ ਜਾਂ ਡਿਪੂ ਨਾਲ ਜੋੜ ਦਿੱਤਾ ਜਾਵੇ। ਇਨ੍ਹਾਂ ਵਿਦਿਆਰਥੀਆਂ ਲਈ ਖੰਡ ਦੀ ਮਾਤਰਾ ਆਮ ਖਪਤਕਾਰ ਦੀ ਨਿਸਚਿਤ ਮਾਤਰਾ ਤੋਂ ਡੇਢ ਗੁਣਾਂ ਨਿਸਚਿਤ ਕੀਤੀ ਗਈ ਹੈ।

3. ਇਨ੍ਹਾਂ ਵਿਦਿਆਰਥੀਆਂ ਦੀ ਕਪੜੇ ਦੀ ਮੰਗ ਨੂੰ ਪੂਰਾ ਕਰਨ ਲਈ ਰਾਜ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਉਹ ਆਪਣਾ ਆਈਡੈਨਟਿਟੀ (Identity) ਕਾਰਡ ਵਿਖਾ ਕੇ ਕੋਆਪਰੇਟਿਵ ਸਟੋਰ, ਪੰਨਸਪ ਦੀਆਂ ਦੁਕਾਨਾਂ ਜਾਂ ਸਹਿਕਾਰੀ ਸਭਾਵਾਂ ਤੋਂ ਦੋ ਸੂਟਾਂ ਦਾ ਕਪੜਾ (ਲੜਕਿਆਂ ਲਈ ਬੂ-ਸ਼ਰਟ, ਪੈਂਟ ਜਾਂ ਕਮੀਜ਼ ਅਤੇ ਪਜਾਮਾ ਅਤੇ ਲੜਕੀਆਂ ਲਈ ਸਲਵਾਰ ਅਤੇ ਕਮੀਜ਼ ਲਈ) ਪ੍ਰਤੀ ਤਿਮਾਹੀ ਲੈ ਸਕਦੇ ਹਨ। ਇਹ ਕੋਟਾ ਆਮ ਖਪਤਕਾਰ ਦੇ ਕੋਟੇ ਤੋਂ ਇਲਾਵਾ ਹੋਵੇਗਾ

---

STARRED QUESTION NO. 3653 (C.U.)

(Reply to this Question has not yet been received from the Government)

**ਮਾਜਰੀ ਬਲਾਕ ਦੇ ਪਿੰਡ ਝਾਮਪੁਰ, ਦੇ ਸਾਬਕਾ ਸਰਪੰਚ, ਰਣਜੀਤ ਸਿੰਘ ਦੁਆਰਾ ਕੀਤੀ ਗਈ ਫੰਡਾਂ ਦੀ ਕੁਵਰਤੋਂ**

*3654 (C. U.) **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ 1972 ਅਤੇ ਫਿਰ 1973 ਵਿਚ ਪਿੰਡ ਝਾਮਪੁਰ, ਬਲਾਕ ਮਾਜਰੀ ਦੀ ਨਵੀਂ ਚੁਣੀ ਪੰਚਾਇਤ ਦੁਆਰਾ ਇਸ ਦੇ ਸਾਬਕਾ ਸਰਪੰਚ ਸ੍ਰੀ ਰਣਜੀਤ ਸਿੰਘ ਵਿਰੁੱਧ ਫੰਡਾਂ ਆਦਿ ਦੀ ਕੁਵਰਤੋਂ ਦੇ ਕੋਈ ਦੋਸ਼ ਲਗਾਏ ਗਏ ਸਨ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ, ਤਾਂ ਕੀ ਉੱਕਤ ਦੋਸ਼ਾਂ ਦੀ ਕੋਈ ਪੜਤਾਲ ਕੀਤੀ ਗਈ, ਜੇਕਰ ਅਜਿਹਾ ਹੋਵੇ, ਤਾਂ ਪੜਤਾਲੀਆ ਰਿਪੋਰਟ ਅਤੇ ਉਸ ਤੇ ਕੀਤੀ ਗਈ ਕਾਰਵਾਈ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਵੇ ;

(ੲ) ਜੇਕਰ ਕੋਈ ਕਾਰਵਾਈ ਨਹੀਂ ਕੀਤੀ ਗਈ ਤਾਂ ਇਸ ਦੇ ਕੀ ਕਾਰਨ ਹਨ ?

Original with;
Punjab Vidhan Sabha
Digitized by;
Panjab Digital Library

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) ਹਾਂ ਜੀ ।

(ਅ) ਕੋਈ ਪੜਤਾਲ ਨਹੀਂ ਕੀਤੀ ਗਈ ਕਿਉਂਜੋ ਉਹ ਸਾਬਕਾ ਸਰਪੰਚ ਸੀ । ਇਸ ਲਈ ਪੰਚਾਇਤ ਦਾ ਨੁਕਸਾਨ ਪੂਰਾ ਕਰਨ ਲਈ ਗਰਾਮ ਪੰਚਾਇਤ ਐਕਟ 1952 ਦੀ ਧਾਰਾ 105 ਅਧੀਨ ਕਾਰਵਾਈ ਸ਼ੁਰੂ ਕੀਤੀ ਗਈ । ਇਸ ਸਬੰਧ ਵਿਚ ਹੁਕਮ ਕਾਪੀ ਅਨੁਲਗ 'ਏ' ਤੇ ਨੱਥੀ ਕੀਤੀ ਜਾਂਦੀ ਹੈ ।

(ੲ) ਜਿਵੇਂ ਉਪਰ ਲੜੀ 'ਅ' ਤੇ ਦੱਸਿਆ ਗਿਆ ਹੈ ਲੋੜੀਂਦੀ ਕਾਰਵਾਈ ਕਰ ਦਿੱਤੀ ਗਈ ਹੈ ।

## ANNEXURE A

ਹੁਕਮ

ਸ੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਗਰਾਮ ਪੰਚਾਇਤ, ਮਨਾਣਾ ਨੂੰ ਇਸ ਦਫਤਰ ਦੇ ਪੱਤਰ ਨੰ: 910 ਮਿਤੀ 4 ਜੁਲਾਈ, 1973 ਰਾਹੀਂ ਵਜ੍ਹਾ ਬਿਆਨ ਨੋਟਿਸ ਦਿਤਾ ਗਿਆ ਸੀ ਕਿ ਕਿਉਂ ਨਾ ਉਸ ਦੇ ਵਿਰੁਧ ਗਰਾਮ ਪੰਚਾਇਤ ਐਕਟ 1952 ਦੀ ਧਾਰਾ 105 ਅਧੀਨ ਕਾਰਵਾਈ ਕਰਕੇ ਉਸ ਤੋਂ ਪੰਚਾਇਤ ਨੂੰ ਹੋਇਆ ਨੁਕਸਾਨ ਪੂਰਾ ਕਰਾਇਆ ਜਾਵੇ । ਸ੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਗਰਾਮ ਪੰਚਾਇਤ ਮਨਾਣਾ ਵਿਰੁਧ ਹੇਠ ਲਿਖੇ ਦੋਸ਼ ਲਾਏ ਗਏ ਸਨ :—

(1) A sum of Rs. 300/-dated 14 March, 1965 has been booked in the Cash book on expenditure side as repair of Harijan's well. Actually no work was got executed as per report of villagers/Panchayat. This amount has been embezzled by you.

(2) A sum of Rs. 250/- has been spent out of grant for children park. This expenditure is also bogus.

(3) On 15th May, 1962 double payment of Rs. 158.13 Ps has been made to Shri Ram Parshad for which you are responsible.

(4) A sum of Rs. 255.24 has been spent from 1962 to 1966 as cost of Radio Batteries/repair of Radio. No amount was paid to the postal authorities as Licence fee of the Radio. Moreover the Radio has not been handed over in the charge to the newly elected sarpanch. Thus the amount has been misappropriated by you.

(5) There is difference of Rs. 63 in the total dated 25 December, 1963. The amount should be refunded forthwith.

(6) Rs. 40.25 N.P. on account of fees/fines has not been handed over to the newly elected Sarpanch which should be refunded atonce.

(7) On 14th June 1970 a sum of Rs. 216.00 was paid on account of earth work. From the record it could not be verified where this earth work was got done.

(8) A sum of Rs. 1000 was spent for the repair of school building. On Verification from the villagers/Panchayat School Incharge. I have come to the conclusion that no work was actually got done. This is a bogus expenditure which should be made good.

(9) Rs. 750 were paid on 29th October, 1970 to Shri Hakam Singh of Village Badheri. This is a bogus payment which should be refunded atonce.

Original with;
Punjab Vidhan Sabha
Digitized by;
Panjab Digital Library

(10) Rs. 350 were paid to Shri Ujagar Singh of Village Badheri on account of carriage of earth work which was not actually got done. This amount should be refunded.

(11) It has been reported by the village/Panchayat that the amount of Rs. 290 paid to Shri Sawarn at the time of opening ceremony of Model village Jhampur by Shri Surjit Singh, Deputy Minister Co-operative Department, Punjab.

(12) Rs. 108 were paid to Shri Pirdaya on 29 thOctober, 1970. The receipt does not bear the signatures of the payee. It is a bogus payment which should be refunded.

(13) 2000 bricks costing Rs. 190 and 6 bags of cement costing Rs. 66 were purchased from Shri Mohinder Singh S/o Babu Singh Village Jhampur. He is not contractor of Bricks Kiln/Depot holder of coment. Please explain the position.

(14) Expenditure booked on account of constructions of place form of 'Mari' was actually made out of income from 'Mari'. This is not genuine expenditure which should be made good.

(15) No hand pump been installed but a sum of Rs. 157 has been paid to Mistri Beant Singh on account of its installatton. It should be refunded.

(16) Rs. 411.83 has been booked in the cash book on expenditure side on page 27 but there is no record available in this respect. It should be refunded. Similary the following amounts have also been paid without any receipt.

| Cash Book Page No. | Amount. |
|---|---|
| 2 | 91-84 |
| 12 | 350-00 |
| 12 | 350-00 |
| 4 | 53 |
| 21 | 400-00 |

(17) Rs. 1000 were paid as donation to the Panchayat by Shri Boota Singh of village Palheri (At Present living in Malaya) but the same has not been accounted for in the Cash book and has been embezzled by you. It should be refunded.

(18) A sum of Rs. 1000 were received by you from Sh. Gudit Singh and Jagat Singh. This amount has not been accounted for in the cash book. It sholud be refunded atonce.

(19) A sum of Rs. 3300 were paid to you by the Agricultural Society, but the same has not been accounted for in the Cash book. It should be refunded atonce.

ਸ੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਗਰਾਮ ਪੰਚਾਇਤ, ਮਨਾਣਾ ਨੇ ਇਸ ਨੋਟਿਸ ਦੇ ਜਵਾਬ ਵਿਚ ਕਿਹਾ ਕਿ ਜੋ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 105 ਅਧੀਨ ਦਿਤੇ ਨੋਟਿਸ ਵਿਚ ਮੇਰੇ ਵਿਰੁਧ ਦੋਸ਼ ਲਾਏ ਗਏ ਹਨ ਉਸ ਵਿਚ ਬਹੁਤ ਸਾਰੀਆਂ ਆਈਟਮਾਂ ਅਜਿਹੀਆਂ ਹਨ ਜਿਨ੍ਹਾਂ ਤੇ ਖਰਚਾ ਮੇਰੇ ਸਰਪੰਚ ਹਟਣ ਤੋਂ 4 ਸਾਲ ਪਹਿਲਾਂ ਹੋਇਆ ਹੈ ਅਤੇ ਉਹਨਾਂ ਬਾਰੇ ਪੰਜਾਬ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 105 ਅਧੀਨ ਮੈਨੂੰ ਜ਼ਿੰਮੇਵਾਰ ਨਹੀਂ

Original with;
Punjab Vidhan Sabha
Digitized by;
Panjab Digital Library

ਠਹਿਰਾਇਆ ਜਾ ਸਕਦਾ। ਉਸ ਦਾ ਇਹ ਇਤਰਾਜ਼ ਮੈਂ ਸਹੀ ਮੰਨਦਾ ਹਾਂ। ਇਸ ਲਈ ਮੈਂ ਉਹ ਸਾਰੀਆਂ ਆਈਟਮਾਂ ਜਿਨ੍ਹਾਂ ਤੇ ਕਿ ਖਰਚਾ ਜੂਨ, 1968 ਤੋਂ ਪਹਿਲਾਂ ਹੋਇਆ ਹੈ ਉਹਨਾਂ ਬਾਰੇ ਸ੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਨੂੰ ਜ਼ਿੰਮੇਂਵਾਰ ਨਹੀਂ ਠਹਿਰਾਉਂਦਾ ਅਤੇ ਇਸ ਦੇ ਵਿਰੁੱਧ ਉਹਨਾਂ ਦੋਸ਼ਾਂ ਬਾਰੇ ਪੰਜਾਬ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 105 ਅਧੀਨ ਕਾਰਵਾਈ ਨਹੀਂ ਕਰਦਾ। ਮਿਤੀ 4 ਜੁਲਾਈ 1973 ਨੂੰ ਨੋਟਿਸ ਵਿਚ ਦਿਤੇ ਦੋਸ਼ 1,2,3,4,5 ਅਤੇ 6 ਦਾ ਸਬੰਧ ਉਹਨਾਂ ਖਰਚਿਆਂ ਨਾਲ ਹੈ ਜਿਹੜੇ ਉਸ ਦੇ ਸਰਪੰਚ ਹਟਣ ਤੋਂ 4 ਸਾਲ ਪਹਿਲਾਂ ਦੇ ਹੋਏ ਹਨ। ਇਸ ਲਈ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 105 ਅਧੀਨ ਸ੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਨੂੰ ਇਹਨਾਂ ਦੋਸ਼ਾਂ ਦਾ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਬਾਕੀ ਦੇ ਦੋਸ਼ਾਂ ਬਾਰੇ ਮੈਂ, ਗਮਦੂਰ ਸਿੰਘ ਸੰਧੂ, ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਮੈਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਨਿਮਨ ਲਿਖਤ ਹੁਕਮ ਜਾਰੀ ਕਰਦਾ ਹਾਂ :—

**ਦੋਸ਼ ਨੰ : 7**

216 ਰੁ: ਦੀ ਮਿਟੀ ਟੋਏ ਦੇ ਨਾਲ ਜਿਥੇ ਪੁਲੀ ਲਵਾਈ ਗਈ ਸੀ ਉਥੇ ਪਵਾਈ ਗਈ ਸੀ। ਇਸ ਥਾਂ ਦੀ ਮੌਕੇ ਤੇ ਪੜਤਾਲ ਵੀ ਕੀਤੀ ਗਈ। ਇਸ ਲਈ ਮੈਂ ਸ੍ਰੀ ਰਣਜੀਤ ਸਿੰਘ ਸਾਬਕਾ ਸਰਪੰਚ ਨੂੰ ਇਸ ਦੋਸ਼ ਤੋਂ ਮੁਕਤ ਕਰਦਾ ਹਾਂ।

**ਦੋਸ਼ ਨੰ : 8**

ਜੂਨ, 1968 ਤੋਂ ਜੂਨ, 1972 ਦੀ ਕੈਸ਼ ਬੁਕ ਵੇਖ ਲਈ ਗਈ ਹੈ। ਉਸ ਵਿਚ ਕਿਤੇ ਵੀ ਸਕੂਲ ਬਿਲਡਿੰਗ ਦੀ ਮੁਰੰਮਤ ਦਾ ਖਰਚਾ ਨਹੀਂ ਪਾਇਆ ਗਿਆ। ਗਰਾਮ ਪੰਚਾਇਤ ਨੂੰ ਸਕੂਲ ਬਿਲਡਿੰਗ ਦੀ ਮੁਰੰਮਤ ਲਈ 10 ਮਈ, 1972 ਨੂੰ ਪੰਚਾਇਤ ਸੰਮਤੀ ਮਾਜਰੀ ਵਲੋਂ ਗਰਾਂਟ ਮਿਲੀ ਸੀ। ਪਰੰਤੂ ਸ੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਨੇ ਆਪਣੇ ਸਮੇਂ ਵਿਚ ਇਹ ਗਰਾਂਟ ਖਰਚ ਵੀ ਨਹੀਂ ਕੀਤੀ। ਜਿਸ ਤੋਂ ਸਿਧ ਹੁੰਦਾ ਹੈ ਕਿ ਇਸ ਦੋਸ਼ ਬਾਰੇ ਸ੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਇਸ ਲਈ ਮੈਂ ਇਸ ਦੋਸ਼ ਤੋਂ ਸ੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਨੂੰ ਮੁਕਤ ਕਰਦਾ ਹਾਂ।

**ਦੋਸ਼ ਨੰ: 9**

ਸ੍ਰੀ ਹਾਕਮ ਸਿੰਘ ਪਿੰਡ ਬੜਾਹੇੜੀ ਨੇ ਬਿਆਨ ਦਿੱਤੇ ਹਨ ਕਿ ਉਸ ਨੇ 50 ਘੰਟੇ ਆਪਣਾ ਟਰੈਕਟਰ ਗਰਾਮ ਪੰਚਾਇਤ ਝਾਮਪੁਰ ਦੀ ਜ਼ਮੀਨ ਵਿੱਚ ਪੱਧਰਾ ਕਰਨ ਲਈ ਚੁਲਾਇਆ ਸੀ ਅਤੇ ਉਸ ਨੇ ਸ੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਤੋਂ 750 ਰੁ: ਵਸੂਲ ਕੀਤੇ ਸੀ। ਮੇਰੇ ਖਿਆਲ ਵਿਚ ਏਨੀ ਰਕਮ ਜ਼ਮੀਨ ਪੱਧਰ ਕਰਨ ਤੇ ਖਰਚ ਨਹੀਂ ਸੀ ਕਰਨੀ ਚਾਹੀਦੀ। ਜਦੋਂ ਕਿ ਗਰਾਮ ਪੰਚਾਇਤ ਨੂੰ ਸ਼ਾਮਲਾਤ ਜ਼ਮੀਨ ਵਿਚੋਂ ਕੋਈ ਖਾਸ ਵਾਧਾ ਨਹੀਂ ਹੋਇਆ। ਪੰਚਾਇਤ ਇਸ ਕੰਮ ਲਈ ਖਰਚ ਤਾਂ ਕਰ ਸਕਦੀ ਹੈ ਪਰ ਸੰਜਮ ਨਾਲ ਕੰਮ ਲੈਣਾ ਚਾਹੀਦਾ ਸੀ ਇਸ ਲਈ ਮੈਂ 250 ਰੁ: ਵੱਧ ਰਕਮ ਇਸ ਖਰਚੇ ਵਿਚੋਂ ਨਾਜਾਇਜ਼ ਸਮਝਕੇ ਇਹ 250 ਰੁ: ਦੀ ਰਕਮ ਪੰਜਾਬ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 105 ਅਧੀਨ ਸ੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਦੇ ਖਿਲਾਫ ਤਸਖੀਸ਼ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

ਦੋਸ਼ ਨੰ: 10

390 ਰੁਪਏ ਦਾ ਕੋਈ ਖਰਚਾ ਕੈਸ਼ ਬੁਕ ਵਿਚ ਦਰਜ ਨਹੀਂ ਕੀਤਾ ਗਿਆ । ਇਸ ਲਈ ਮੈਂ ਸ੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਗਰਾਮ ਪੰਚਾਇਤ, ਮਨਾਣਾ ਨੂੰ ਇਸ ਦੋਸ਼ ਤੋਂ ਮੁਕਤ ਕਰਦਾ ਹਾਂ ।

ਦੋਸ਼ ਨੰ: 11

ਪਿੰਡ ਝਾਮਪੁਰ ਨੂੰ ਮਾਡਲ ਵਿਲੇਜ ਸਕੀਮ ਦੇ ਤਹਿਤ ਲਿਆਂਦਾ ਗਿਆ ਸੀ । ਸ: ਸੁਰਜੀਤ ਸਿੰਘ, ਸਟੇਟ ਮਨਿਸਟਰ ਪੰਜਾਬ ਨੇ ਪਿੰਡ ਦਾ ਉਦਘਾਟਨ ਕੀਤਾ ਸੀ ਜਿਸ ਤੇ ਪਿੰਡ ਵਿਚ ਵੱਡਾ ਫੰਕਸ਼ਨ ਹੋਇਆ ਸੀ । ਇਸ ਫੰਕਸ਼ਨ ਤੇ ਗੌਣ ਵਾਲੀ ਸਵਰਨ ਲਤਾ ਨੂੰ ਬੁਲਾਇਆ ਗਿਆ ਸੀ । ਮੈਂ ਇਸ ਖਰਚ ਨੂੰ ਨਜਾਇਜ਼ ਨਹੀਂ ਸਮਝਦਾ ਕਿਉਂਕਿ ਪੰਚਾਇਤਾਂ ਨੇ ਅਜਿਹਾ ਖਰਚਾ ਕਰਨਾ ਹੀ ਹੁੰਦਾ ਹੈ । ਇਸ ਲਈ ਮੈਂ ਸ੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਨੂੰ ਇਸ ਦੋਸ਼ ਤੋਂ ਮੁਕਤ ਕਰਦਾ ਹਾਂ ।

ਦੋਸ਼ ਨੰ: 12

ਸ੍ਰੀ ਪੀਰ ਦਿਆ ਨੂੰ ਮਿਤੀ 29 ਅਕਤੂਬਰ, 1970 ਨੂੰ 108 ਰੁ: ਚੌਂਤਰੇ ਦੀ ਬਣਾਈ ਲਈ ਦਿਤੇ ਸਨ। ਰਸੀਦ ਤੇ ਉਸਦੇ ਦਸਖਤ ਨਹੀਂ ਹਨ । ਉਹ ਆਪਣੇ ਬਿਆਨਾਂ ਵਿਚ ਵੀ ਮੁਕਰ ਗਿਆ ਹੈ ਕਿ ਮੈਂ 108 ਰੁਪਏ ਨਹੀਂ ਲਏ। ਇਸ ਲਈ ਮੈਂ 108 ਰੁਪਏ ਦਾ ਨੁਕਸਾਨ ਸ੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਵਲ ਤਸਖੀਸ਼ ਕਰਦਾ ਹਾਂ ।

ਦੋਸ਼ ਨੰ: 13

ਸ੍ਰੀ ਮੋਹਿੰਦਰ ਸਿੰਘ ਪਿੰਡ ਝਾਮਪੁਰ ਕੋਲੋਂ 2000 ਇੱਟ ਅਤੇ 6 ਥੈਲੇ ਸੀਮਿੰਟ ਦੇ ਇਕ ਰੀਟੇਨਿੰਗ ਵਾਲ ਬਣਾਉਣ ਲਈ ਲਏ ਸੀ । ਮੌਕਾ ਵੇਖ ਲਿਆ ਗਿਆ ਹੈ । ਮੌਕੇ ਤੇ ਰੀਟੇਨਿੰਗ ਵਾਲ ਬਣੀ ਹੈ । ਇਸ ਲਈ ਮੈਂ ਇਸ ਦੋਸ਼ ਨੂੰ ਗਲਤ ਸਮਝਦਾ ਹਾਂ ਅਤੇ ਸ੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਨੂੰ ਇਸ ਦੋਸ਼ ਤੋਂ ਮੁਕਤ ਕਰਦਾ ਹਾਂ ।

ਦੋਸ਼ ਨੰ: 14

ਮਾੜੀ ਦਾ ਪਲੇਟ ਫਾਰਮ ਬਣਾਉਣ ਦੇ 108 ਰੁਪਏ ਦੀ ਮਜ਼ਦੂਰੀ ਰਾਮ ਦਿਆ ਮਿਸਤਰੀ ਨੂੰ ਦੇਣ ਦਾ ਵੇਰਵਾ ਦੋਸ਼ ਨੰ: 12 ਵਿਚ ਆ ਚੁਕਾ ਹੈ ।

ਦੋਸ਼ ਨੰ: 15

157 ਰੁਪਏ ਦਾ ਖਰਚਾ ਮਿਤੀ 29 ਅਗਸਤ, 1963 ਦਾ ਹੈ ਜਿਹੜਾ ਕਿ ਗਰਾਮ ਪੰਚਾਇਤ, ਐਕਟ 1952 ਦੀ ਧਾਰਾ 105 ਅਧੀਨ ਮਿਆਦ ਤੋਂ ਬਾਹਰ ਹੈ ।

ਦੋਸ਼ ਨੰ: 16

(ੳ) 411-83 ਰੁਪਏ ਦਾ ਸਬੰਧ ਸਾਲ 1963 ਨਾਲ ਹੈ ਜਿਹੜਾ ਕਿ ਗਰਾਮ ਪੰਚਾਇਤ, ਐਕਟ 1952 ਦੀ ਧਾਰਾ 105 ਤੋਂ ਬਾਹਰ ਹੈ ।

Original with;
Punjab Vidhan Sabha
Digitized by;
Panjab Digital Library

(ਅ) ਖਰਚ ਦੀਆਂ ਰਸੀਦਾਂ ਪੇਸ਼ ਨਾ ਕਰਨ ਬਾਰੇ:

ਕੈਸ਼ ਬੁਕ ਦੇ ਪੰਨਾ 2 ਤੋਂ 91-84 ਪੈਸੇ ਦਾ ਖਰਚਾ ਰਣਜੀਤ ਸਿੰਘ, ਸਾਬਕਾ ਸਰਪੰਚ, ਦੇ ਸਰਪੰਚੀ ਦੇ ਪੱਦ ਤੋਂ ਹਟਣ ਤੋਂ ਚਾਰ ਸਾਲ ਪਹਿਲਾਂ ਦਾ ਕੋਈ ਖਰਚਾ ਨਹੀਂ ਹੈ। ਕੈਸ਼ ਬਕ ਦੇ ਪੰਨਾ 19 ਤੇ 350 ਰੁਪਏ ਦਾ ਖਰਚਾ ਸਵਰਨ ਲਤਾ ਰੇਡੀਓ ਸਿੰਗਰ ਦੇ ਨਾਂ ਪਾਇਆ ਹੋਇਆ ਹੈ। ਮੌਕੇ ਤੇ ਪੜਤਾਲ ਕਰਨ ਤੋਂ ਪਤਾ ਲਗਾ ਕਿ ਵਾਕਿਆ ਹੀ ਮਾਡਲ ਪਿੰਡ ਦੇ ਉਦਘਾਟਣ ਸਮਾਰੋਹ ਤੇ ਸਵਰਨ ਲਤਾ ਰੇਡੀਓ ਸਿੰਗਰ ਆਈ ਸੀ। ਪਰੰਤੂ ਸ਼੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਨੇ ਉਸ ਦੀ ਰਸੀਦ ਪੇਸ਼ ਨਹੀਂ ਕੀਤੀ। ਉਸ ਦੇ ਕਹਿਣ ਅਨੁਸਾਰ ਉਹ ਦੋ ਤਿੰਨ ਵਾਰ ਲੁਧਿਆਣੇ ਰਸੀਦ ਲੈਣ ਲਈ ਜਾ ਆਇਆ ਹੈ ਪਰੰਤੂ ਉਹ ਨਹੀਂ ਮਿਲੀ। ਹੁਣ ਸ਼੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਨੂੰ ਇਕ ਮਹੀਨੇ ਦੀ ਮਿਆਦ ਦਿਤੀ ਜਾਂਦੀ ਹੈ ਕਿ ਉਹ ਰਸੀਦ ਪੇਸ਼ ਕਰੇ ਨਹੀਂ ਤਾਂ ਉਹ 350 ਰੁਪਏ ਪੰਚਾਇਤ ਨੂੰ ਦੇਵੇ।

(ੲ) ਜੂਨ, 1968 ਤੋਂ ਜੂਨ, 1972 ਤਕ ਕਿਸੇ ਕੈਸ਼ ਬੁਕ ਦੇ ਪੰਨਾ 4 ਤੇ 53 ਰੁਪਏ ਦਾ ਖਰਚਾ ਨਹੀਂ ਪਾਇਆ ਗਿਆ। ਇਸ ਲਈ ਇਸ ਦੋਸ਼ ਤੋਂ ਵੀ ਮੈਂ ਸ਼੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਨੂੰ ਮੁਕਤ ਕਰਦਾ ਹਾਂ।

(ਸ) ਕੈਸ਼ ਬੁਕ ਦੇ ਪੰਨਾ 21 ਤੇ 400 ਰੁਪਏ ਦੀਆਂ ਇੱਟਾਂ ਸ਼੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਨੇ ਸ਼੍ਰੀ ਗੁਰਦਿਆਲ ਸਿੰਘ ਪਿੰਡ ਝਾਮਪੁਰ ਤੋਂ ਖਰੀਦੀਆਂ ਦਿਖਾਈਆਂ ਹਨ ਪਰ ਰਸੀਦ ਨਹੀਂ ਲਈ। ਹੁਣ ਇਹ ਰਸੀਦ ਰਣਜੀਤ ਸਿੰਘ ਦੀ ਸਾਬਕਾ ਸਰਪੰਚ ਨੇ ਲੈਕੇ ਪੰਚਾਇਤ ਦੇ ਰਿਕਾਰਡ ਵਿਚ ਲਗਾ ਦਿਤੀ ਹੈ।

**ਦੋਸ਼ ਨੰ: 17**

1000 ਰੁਪਏ ਦੀ ਜੋ ਰਕਮ ਸ਼੍ਰੀ ਬੂਟਾ ਸਿੰਘ ਪਿੰਡ ਪਲਹੇੜੀ ਨੇ ਭੇਜੀ ਦੱਸੀ ਹੈ। ਉਸ ਬਾਰੇ ਕੋਈ ਸਬੂਤ ਨਹੀਂ ਦਿਤਾ ਗਿਆ। ਇਹ ਇਕ ਪਰਾਈਵੇਟ ਰਕਮ ਦੱਸੀ ਗਈ ਹੈ। ਜਿਸ ਦਾ ਪੰਚਾਇਤ ਫੰਡ ਨਾਲ ਕੋਈ ਸਬੰਧ ਨਹੀਂ ਹੈ। ਇਸ ਲਈ ਮੈਂ ਇਸ ਨੂੰ ਗਰਾਮ ਪੰਚਾਇਤ ਦਾ ਹੋਇਆ ਨੁਕਸਾਨ ਨਹੀਂ ਸਮਝਦਾ।

**ਦੋਸ਼ ਨੰ: 18**

ਗੁਰਦਿਤ ਸਿੰਘ ਜਗਤ ਸਿੰਘ ਵਲੋਂ ਸ਼੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਨੂੰ ਕੋਈ ਰਕਮ ਦੇਣ ਬਾਰੇ ਠੋਸ ਸਬੂਤ ਪੇਸ਼ ਨਹੀ ਕੀਤਾ ਗਿਆ। ਇਹ ਰਕਮ ਦਾ ਸਬੰਧ ਪੰਚਾਇਤ ਫੰਡ ਨਾਲ ਵੀ ਨਹੀਂ ਸੀ। ਇਸ ਲਈ ਮੈਂ ਸ਼੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ, ਨੂੰ ਇਸ ਦੋਸ਼ ਤੋਂ ਮੁਕਤ ਕਰਦਾ ਹਾਂ।

**ਦੋਸ਼ ਨੰ: 19**

ਪਿੰਡ ਝਾਮਪੁਰ ਮਾਡਲ ਪਿੰਡ ਦੀ ਸਕੀਮ ਵਿਚ ਆਇਆ ਸੀ। ਉਸ ਲਈ 10,000 ਰੁਪਏ ਪੰਚਾਇਤ ਸੰਮਤੀ ਫੰਡ ਵਿਚ ਜਮ੍ਹਾਂ ਕਰਾਉਣਾ ਸੀ। ਝਾਮਪੁਰ ਦੀ ਕੋਆਪਰੇਟਿਵ ਸੋਸਾਇਟੀ ਨੇ ਆਪਣੇ ਮੁਨਾਫੇ ਵਿਚੋਂ 3,300 ਰੁਪਏ ਮਾਡਲ ਪਿੰਡ ਲਈ ਦੇਣੇ

Original with;
Punjab Vidhan Sabha
Digitized by;
Panjab Digital Library

ਪ੍ਰਵਾਨ ਕੀਤੇ ਦਸੇ ਜਾਂਦੇ ਹਨ । ਇਹ ਰਕਮ ਸ੍ਰੀ ਰਣਜੀਤ ਸਿੰਘ ਸਾਬਕਾ ਸਰਪੰਚ ਨੂੰ ਮਿਲ ਗਈ ਸੀ ਪਰੰਤੂ ਇਹ ਰਕਮ ਪੰਚਾਇਤ ਦੀ ਕੈਸ਼ ਬੁਕ ਵਿੱਚ ਆਮਦਨ ਵਾਲੇ ਪਾਸੇ ਦਰਜ ਹੋਣ ਤੋਂ ਰਹਿ ਗਈ ਸੀ । ਜਿਸ ਦਿਨ ਸ੍ਰੀ ਰਣਜੀਤ ਸਿੰਘ ਸਾਬਕਾ ਸਰਪੰਚ ਨੇ ਸ੍ਰੀ ਕ੍ਰਿਪਾਲ ਸਿੰਘ ਸਰਪੰਚ ਮਨਾਣਾ ਨੂੰ ਆਪਣਾ ਚਾਰਜ ਦਿਤਾ ਉਸ ਦਿਨ ਉਸ ਨੇ 2,123.31 ਪੈਸੇ ਚਾਰਜ ਵਿਚ ਦੇ ਦਿਤੇ ਦਰਅਸਲ ਕੈਸ਼ ਬੁਕ ਵਿਚ ਇੰਦਰਾਜ ਗਲਤ ਹੋਣ ਕਾਰਨ ਮਿਤੀ 10 ਮਈ, 1972 ਨੂੰ 500 ਰੁਪਏ ਦੀ ਆਮਦਨੀ ਗਲਤ ਹੈ । ਇਹ ਰਕਮ ਸੰਮਤੀ ਵਲੋਂ ਪੰਚਾਇਤ ਕੋਲ ਆਈ ਹੀ ਨਹੀਂ । ਸੋ ਕੈਸ਼ ਬੁਕ ਨੂੰ ਦਰੁਸਤ ਕਰਨ ਨਾਲ ਇਹ ਨਤੀਜਾ ਨਿਕਲਦਾ ਹੈ ਕਿ ਸ੍ਰੀ ਰਣਜੀਤ ਸਿੰਘ ਸਾਬਕਾ ਸਰਪੰਚ ਨੇ ਜੂਨ, 1972 ਦੇ ਗੋਸ਼ਵਾਰੇ ਅਨੁਸਾਰ ਗਰਾਮ ਪੰਚਾਇਤ ਤੋਂ 2750 ਰੁਪਏ 25 ਪੈਸੇ ਲੈਣੇ ਸੀ । ਉਪਰੋਕਤ ਹਾਲਤਾਂ ਅਨੁਸਾਰ ਕੋਆਪਰੇਟਿਵ ਸੋਸਾਇਟੀ ਵਲੋਂ ਮਿਲੀ ਰਕਮ ਨੂੰ ਗਰਾਮ ਪੰਚਾਇਤ ਮਨਾਣਾ ਦੀ ਕੈਸ਼ ਬੁਕ ਵਿਚ ਆਮਦਨੀ ਵਾਲੇ ਪਾਸੇ ਰੱਖ ਲੈਣਾ ਚਾਹੀਦਾ ਸੀ । ਇਸ ਤਰ੍ਹਾਂ ਸ੍ਰੀ ਰਣਜੀਤ ਸਿੰਘ ਸਾਬਕਾ ਸਰਪੰਚ ਨੂੰ 2,750 ਰੁਪਏ 25 ਪੈਸੇ ਦੇਣੇ ਨਿਕਲਦੇ ਸਨ ਉਹ ਦਿਤੇ ਦਿਖਾ ਦੇਣੇ ਚਾਹੀਦੇ ਸਨ । ਇਸ ਤਰ੍ਹਾਂ ਉਹ ਹੁਣ ਇਸ ਦੋਸ਼ ਅਧੀਨ 42 ਰੁਪਏ ਸਰਕਾਰੀ ਰਕਮ ਅਤੇ 549.75 ਕੈਸ਼ ਬੁਕ ਦੇ ਫਰਕ ਅਨੁਸਾਰ ਦੇਣ ਦਾ ਜ਼ੁੰਮੇਵਾਰ ਹੈ । ਇਸ ਦੋਸ਼ ਅਧੀਨ ਮੈਂ ਸ੍ਰੀ ਰਣਜੀਤ ਸਿੰਘ ਸਾਬਕਾ ਸਰਪੰਚ ਨੂੰ 591.75 ਪੈਸੇ ਦੇਣ ਲਈ ਤਸਖੀਸ਼ ਕਰਦਾ ਹਾਂ ।

ਇਸ ਤਰ੍ਹਾਂ ਸ੍ਰੀ ਰਣਜੀਤ ਸਿੰਘ ਸਾਬਕਾ ਸਰਪੰਚ ਗਰਾਮ ਪੰਚਾਇਤ ਮਨਾਣਾ (ਝਾਮਪੁਰ) ਵਲ ਕੁਲ ਮਿਲਾਕੇ 949.75 ਪੈਸੇ ਬਣਦੇ ਹਨ । ਉਸ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ 949.75 ਦੀ ਰਕਮ ਗਰਾਮ ਪੰਚਾਇਤ ਮਨਾਣਾ ਦੇ ਫੰਡ ਵਿਚ ਜਮਾ ਕਰਾਕੇ ਇਸ ਦਫਤਰ ਨੂੰ 15 ਦਿਨਾਂ ਦੇ ਅੰਦਰ ਅੰਦਰ ਸੂਚਿਤ ਕਰੇ ।

(ਗੰਮਦੂਰ ਸਿੰਘ ਸੰਧੂ)
ਬਲਾਕ ਵਿਕਾਸ ਅਤੇ ਪੰਚਾਇਤ ਅਫਸਰ,
ਮਾਜਰੀ ।

ਇਸ ਦੀ ਇਕ ਕਾਪੀ :—

(1) ਸ੍ਰੀ ਰਣਜੀਤ ਸਿੰਘ ਸਾਬਕਾ ਸਰਪੰਚ ਗਰਾਮ ਪੰਚਾਇਤ ਮਨਾਣਾ (ਝਾਮਪੁਰ) ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਹ ਉਪਰੋਕਤ ਨਿਕਲਦੀ ਰਕਮ 949.75 ਪੈਸੇ ਗਰਾਮ ਪੰਚਾਇਤ ਮਨਾਣਾ ਦੇ ਫੰਡ ਵਿਚ ਜਮਾਂ ਕਰਾਕੇ ਇਸ ਦਫਤਰ ਨੂੰ ਸੂਚਿਤ ਕਰੇ ।

(2) ਸਰਪੰਚ ਗਰਾਮ ਪੰਚਾਇਤ ਮਨਾਣਾ ਨੂੰ,

(3) ਡਾਇਰੈਕਟਰ ਪੰਚਾਇਤੀ ਰਾਜ ਅਤੇ ਸਮੂਹਿਕ ਵਿਕਾਸ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਉਹਨਾਂ ਦੇ ਪੱਤਰ ਨੰ. 10727 ਮਿਤੀ 17 ਫਰਵਰੀ, 1975 ਅਤੇ ਡੀ. ਪੀ. ਸੀ. 75/70952-57 ਮਿਤੀ 29 ਦਸੰਬਰ, 1975 ਦੇ ਹਵਾਲੇ ਵਿੱਚ ।

Original with;
Punjab Vidhan Sabha
Digitized by;
Panjab Digital Library

(4) ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਰੋਪੜ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ ।

ਸਹੀ/-

ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ,

ਮਾਜਰੀ ।

STARRED QUESTION NO. 3656 (C.U.)

(Reply to this Question has not yet been received from the Government.)

CLOSED DAYS FOR SLAUGHTER HOUSES IN THE STATE

*3657 (C.U.) 1. Comrade Sagar Singh
2. Comrade Dana Ram
3. Comrade Satya Pal Dang
} Will the Minister

for Finance be pleased to state whether the Local Government Department have issued any instructions to all the Municipal Committees in the State regarding the days on which the slaughter houses should remain closed; if so a list of the days on which the slaughter houses are required to remain closed be laid on the table of the House ?

ਸ੍ਰੀ ਹੰਸ ਰਾਜ ਸ਼ਰਮਾ : ਹਾਂ ਜੀ । ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਰਾਜ ਵਿਚ ਬੁੱਚੜਖਾਨਿਆਂ ਲਈ ਬੰਦ ਦਿਨਾਂ ਦੀ ਸੂਚੀ

| | | | |
|---|---|---|---|
| 1. | ਸਾਰੇ ਮੰਗਲਵਾਰ | 2. | ਗਣਤੰਤਰ ਦਿਵਸ |
| 3. | ਅਜ਼ਾਦੀ ਦਿਵਸ | 4. | ਗਾਂਧੀ ਜਯੰਤੀ |
| 5. | ਮਹਾਂਵੀਰ ਜਯੰਤੀ | 6. | ਜਨਮ ਦਿਨ ਗੁਰੂ ਨਾਨਕ ਦੇਵ ਜੀ |
| 7. | ਜਨਮ ਦਿਨ ਗੁਰੂ ਰਵੀ ਦਾਸ | 8. | ਜਨਮ ਅਸ਼ਟਮੀ |
| *9. | ਦਿਵਾਲੀ | 10. | ਅਨੰਤ ਚੌਦਸ |
| 11. | ਸ਼ਿਵਰਾਤ੍ਰੀ | 12. | ਰਾਮ ਨੌਮੀ |
| *13. | ਦਸ਼ਹਿਰਾ | 14. | ਰਕਸ਼ਾ ਬੰਧਨ |
| 15. | ਜਨਮ ਦਿਨ ਗੁਰੂ ਗੋਬਿੰਦ ਸਿੰਘ ਜੀ | *16. | ਭਾਈ ਦੂਜ |
| *17. | ਹੋਲੀ | 18. | ਸਮਵੱਤਸਰੀ ਪਰਵ |
| 19. | ਬੁੱਧ ਜਯੰਤੀ | 20. | ਸ਼ਹੀਦੀ ਦਿਨ ਗੁਰੂ ਤੇਗ ਬਹਾਦਰ ਜੀ |
| 21. | ਜਨਮ ਦਿਨ ਮਹਾਂ ਰਿਸ਼ੀ ਬਾਲਮੀਕ ਜੀ | 22. | ਜਨਮ ਦਿਨ ਈਸਾ ਮਸੀਹ |
| 23. | ਜਨਮ ਦਿਨ ਰਿਸ਼ੀ ਦਯਾ ਨੰਦ | 24. | ਜਨਮ ਦਿਨ ਪੈਗੰਬਰ ਮੁਹੰਮਦ |
| 25. | ਜਨਮ ਦਿਨ ਸਵਾਮੀ ਵਿਵੇਕਾ ਨੰਦ | 26. | ਜਨਮ ਦਿਨ ਸ੍ਰੀ ਸ਼ੰਕਰਾ ਆਚਾਰੀਆ |
| 27. | ਵਿਸ਼ਕਰਮਾ ਦਿਵਸ | *28. | ਵਿਸਾਖੀ ਪਰਵ |
| 29. | ਨਿਰਜਲਾ ਇਕਾਦਸ਼ੀ | 30. | ਗੀਤਾ ਜਯੰਤੀ । |

**Deleted as per substituted reply received subsequently.

Original with;
Punjab Vidhan Sabha
Digitized by;
Panjab Digital Library

## STARRED QUESTION NO. 3660 (C.U.)

(Reply to this Question has not yet been received from the Government.)

## HOUSE TAX IN THE STATE

***3662 (C.U.) Master Chand Singh** :— Will the Minister for Finance be pleased to state :—

(a) whether rate of House Tax has been fixed in the State by Government, if so, criteria followed in fixing the same;

(b) whether Harijans have been exempted from the said tax ?

**ਸ੍ਰੀ ਹੰਸ ਰਾਜ ਸ਼ਰਮਾ** : (ੳ) ਪੰਜਾਬ ਵਿਚ ਹਾਊਸ ਟੈਕਸ ਦੀਆਂ ਦਰਾਂ ਇਸ ਪ੍ਰਕਾਰ ਨਿਸਚਿਤ ਕੀਤੀਆਂ ਗਈਆਂ ਹਨ ।

(1) 840 ਰੁਪਏ ਤਕ ਕਰਾਇਆ .. ਕੋਈ ਟੈਕਸ ਨਹੀਂ ।

(2) 840 ਰੁਪਏ ਤੋਂ ਉਪਰ ਅਤੇ 1800 ਰੁਪਏ ਤੱਕ ਕਰਾਇਆ .. 12½ ਪ੍ਰਤੀਸ਼ਤ

(3) 1800 ਰੁਪਏ ਤੋਂ ਵੱਧ ਕਰਾਇਆ .. 15 ਪ੍ਰਤੀਸ਼ਤ ।

(ਅ) ਨਹੀਂ ਜੀ ।

## STRRARED QUESTION NO. 3664 (C.U.)

(Reply to this Question has not yet been received from the Government).

## ਲਹਤ ਬੱਦੀ, ਤਿਹਸੀਲ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ ਦੀ ਸਿਹਤ ਡਿਸਪੈਂਸਰੀ

*3666 (C.U.) **ਮਾਸਟਰ ਚੰਦ ਸਿੰਘ** : ਕੀ ਸਿਹਤ ਅਤੇ ਸੰਤਾਨ ਸੰਜਮ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਕੀ ਇਹ ਠੀਕ ਹੈ ਕਿ ਲੋਹਤ ਬੱਦੀ, ਤਹਿਸੀਲ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ ਦੀ ਡਿਸਪੈਂਸਰੀ ਦੀ ਇਮਾਰਤ ਮਰੀਜ਼ਾਂ ਦੀ ਵਰਤੋਂ ਲਈ ਅਣਉਚਿਤ ਐਲਾਨ ਕੀਤੀ ਗਈ ਹੈ ;

(ਅ) ਜੇਕਰ ਉਪਰੋਕਤ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਅੰਦਾਜ਼ਨ ਕਿਸ ਸਮੇਂ ਤੱਕ ਡਿਸਪੈਂਸਰੀ ਦੀ ਨਵੀਂ ਇਮਾਰਤ ਨੂੰ ਬਣਾਏ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਬਲਬੀਰ ਸਿੰਘ** : (ੳ) ਹਾਂ ਜੀ ।

(ਅ) ਇਸ ਵੇਲੇ ਇਹ ਦੱਸਣਾ ਸੰਭਵ ਨਹੀਂ ਕਿ ਡਿਸਪੈਂਸਰੀ ਦੀ ਨਵੀਂ ਬਿਲਡਿੰਗ ਕਦੋਂ ਤੀਕ ਉਸਾਰੀ ਜਾਵੇਗੀ । ਵਿੱਤੀ ਤੇ ਦੂਜੇ 'ਰੀਸੋਰਸਿਜ਼' ਦੀ ਉਪਲਬਧੀ ਹੋਣ ਤੇ ਇਸ ਨੂੰ ਉਸਾਰਨ ਦੇ ਯਤਨ ਛੇਤੀ ਤੋਂ ਛੇਤੀ ਕੀਤੇ ਜਾਣਗੇ ।

Original with;
Punjab Vidhan Sabha
Digitized by;
Panjab Digital Library

## CONVERTED UNSTARRED QUESTION No. 3667

(Reply to this Question has not yet been received from the Government).

### REIMBURSEMENT OF MEDICAL EXPENSES

*3673 (C.U.) Comrade Satya Pal Dang : Will the Chief Minister be pleased to lay on the Table of the House a list showing :-

(a) the number of employees in the Industries Department who during the first six month's of 1975 got amounts reimbursed as medical expenses exceeding their (i) one month's total emoluments (ii) 2 months' total emoluments and (iii) 3 months' total emoluments separately;

(b) the total number of employees in the Industries Department ?

ਗਿਆਨੀ ਜ਼ੈਲ ਸਿੰਘ : ਸੂਚੀ ਜਿਸ ਵਿਚ ਲੋੜੀਂਦੀ ਸੂਚਨਾ ਦਰਸਾਈ ਗਈ ਹੈ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ ।

ਸੂਚੀ ਜਿਸ ਵਿਚ ਸਟਾਰਡ ਸਵਾਲ ਨੰ: 3673 ਵਲੋਂ ਕਾਮਰੇਡ ਸਤ ਪਾਲ ਡਾਂਗ ਐਮ. ਐਲ. ਏ. ਸਬੰਧੀ ਸੂਚਨਾ ਦੱਸੀ ਗਈ ਹੈ ।

(ੳ) ਉਦਯੋਗ ਵਿਭਾਗ ਦੇ ਉਨਾਂ ਕਰਮਚਾਰੀਆਂ ਦੀ ਗਿਣਤੀ ਜਿਨ੍ਹਾਂ ਨੇ ਸਾਲ 1975 ਦੇ ਪਹਿਲੇ ਛੇ ਮਹੀਨੇ ਦੌਰਾਨ ਡਾਕਟਰੀ ਖਰਚੇ ਦੀ ਰਕਮ ਪ੍ਰਾਪਤ ਕੀਤੀ ਤੇ ਉਨ੍ਹਾਂ ਦੀ :-

| | | |
|---|---|---|
| (1) | ਇਕ ਮਹੀਨੇ ਦੀ ਤਨਖਾਹ ਤੋਂ ਵੱਧ ਸੀ :- | 89 |
| (2) | ਦੋ ਮਹੀਨੇ ਦੀ ਤਨਖਾਹ ਤੋਂ ਵੱਧ ਸੀ :- | 13 |
| (3) | ਤਿੰਨ ਮਹੀਨਿਆਂ ਦੀ ਤਨਖਾਹ ਤੋਂ ਵੱਧ ਸੀ | 2 |

(ਅ) ਉਦਯੋਗ ਵਿਭਾਗ ਵਿਚ ਕਰਮਚਾਰੀਆਂ ਦੀ ਕੁਲ ਗਿਣਤੀ :- 2078

— —

## CONVERTED UNSTARRED QUESTION No. 3675

(Reply to this Question has not yet been received from the Government).

### ਉਤਪਾਦਕਾਂ ਦੁਆਰਾ ਸਸਤੀਆਂ ਦਰਾਂ ਤੇ ਵੇਚੀ ਗਈ ਕਪਾਹ

*3676 (C.U.) ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਰਾਜ ਸਰਕਾਰ ਨੂੰ ਇਸ ਗਲ ਦਾ ਪਤਾ ਹੈ ਕਿ ਮੰਡੀ ਵਿਚ ਭਾਰਤ ਦੀ ਕਪਾਹ ਕਾਰਪੋਰੇਸ਼ਨ ਦੇ ਨਾ ਆਉਣ ਕਾਰਨ ਰਾਜ ਵਿਚ ਕਪਾਹ ਉਤਪਾਦਕ 1974-75 ਅਤੇ 1975-76 ਦੇ ਦੌਰਾਨ ਆਪਣੀ ਪੈਦਾਵਾਰ ਬਹੁਤ ਘੱਟ ਕੀਮਤ ਤੇ ਵੇਚਣ ਲਈ ਮਜਬੂਰ ਹੋ ਗਏ ਸਨ; ਜੇਕਰ ਅਜਿਹਾ ਹੋਵੇ ਤਾਂ ਕਪਾਹ ਉਤਪਾਦਕਾਂ ਦੇ ਹਿੱਤਾਂ ਦੀ ਰਖਵਾਲੀ ਕਰਨ ਲਈ ਰਾਜ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ਹੈ ?

ਮਾਸਟਰ ਗੁਰਬੰਤਾ ਸਿੰਘ : ਲੋੜੀਂਦਾ ਵਿਵਰਨ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ।

**ਵਿਵਰਨ**

ਹਾਂ ਜੀ । ਸਰਕਾਰ ਨੂੰ ਪਤਾ ਹੈ ਕਿ ਭਾਰਤੀ ਕਪਾਹ ਨਿਗਮ ਦੇ ਸਾਲ 1974-75 ਵਿਚ ਰਾਜ ਵਿਚ ਦਾਖਲ ਨਾ ਹੋਣ ਦੇ ਕਾਰਨ, ਕਪਾਹ ਦੇ ਭਾਅ, ਜਿਹੜੇ ਕਿ ਰੁੱਤ ਦੇ ਸ਼ੁਰੂ ਵਿਚ ਚੰਗੇ ਸਨ, ਥੱਲੇ ਨੂੰ ਆਉਣ ਲੱਗ ਪਏ, ਜ ਕਪਾਹ ਉਗਾਣ ਵਾਲਿਆਂ ਦੇ ਹਿੱਤ ਵਿਚ ਨਹੀਂ ਸੀ । ਕਪਾਹ ਦੇ ਡਿਗਦੇ ਭਾਅ ਨੂੰ ਰੋਕਣ ਲਈ ਮਾਰਕਫੈੱਡ ਪੰਜਾਬ ਨੂੰ ਸਰਕਾਰ ਦੁਆਰਾ ਮਾਰਕੀਟ ਵਿਚ ਕਪਾਹ ਖਰੀਦਣ ਲਈ ਲਿਆਂਦਾ ਗਿਆ।

(2) ਇਸ ਸਾਲ 5.50 ਲੱਖ ਹੈਕਟੇਅਰ ਰਕਬਾ ਕਪਾਹ ਦੀ ਬਿਜਾਈ ਅਧੀਨ ਸੀ ਅਤੇ ਆਸ ਕੀਤੀ ਜਾਂਦੀ ਹੈ ਕਿ ਕਪਾਹ ਦੀ ਫਸਲ 11.50 ਲੱਖ ਬੇਲ (ਗੰਢਾਂ) ਹੋਣਗੀਆਂ। ਕਪਾਹ ਦੀ ਆਉਣ ਵਾਲੀ ਭਰਪੂਰ ਫਸਲ ਨੂੰ ਮੁੱਖ ਰਖਦੇ ਹੋਏ ਮੁੱਖ ਮੰਤਰੀ ਜੀ ਨੇ ਮਾਹ

Original with;
Punjab Vidhan Sabha
Digitized by;
Panjab Digital Library

ਅਕਤੂਬਰ, 1975 ਵਿਚ ਕੇਂਦਰੀ ਖਜ਼ਾਨਾ ਮੰਤਰੀ ਜੀ ਨੂੰ ਬੇਨਤੀ ਕੀਤੀ ਕੀ ਭਾਰਤੀ ਕਪਾਹ ਨਿਗਮ ਨੂੰ ਧਨ ਦੇਣ ਬਾਰੇ ਮਾਮਲੇ ਤੇ ਛੇਤੀ ਹੀ ਫੈਸਲਾ ਕੀਤਾ ਜਾਵੇ ਤਾਂ ਜੋ ਨਿਗਮ ਪੰਜਾਬ ਰਾਜ ਵਿਚ ਕਪਾਹ ਦੀ ਖਰੀਦ ਲਈ ਦਾਖਲ ਹੋ ਸਕੇ । ਅੰਤ ਵਿਚ ਰਾਜ ਸਰਕਾਰ ਦੀ ਕੋਸ਼ਿਸ਼ ਨਾਲ ਭਾਰਤੀ ਕਪਾਹ ਨਿਗਮ ਨੇ ਰਾਜ ਦੀਆਂ ਕੁਝ ਮੰਡੀਆਂ ਵਿਚੋਂ ਕਪਾਹ ਦੀ ਖਰੀਦ ਸ਼ੁਰੂ ਕੀਤੀ । ਚੂੰਕਿ ਇਸ ਦਾ ਲਾਭ ਕੇਵਲ ਉਨ੍ਹਾਂ ਇਲਾਕੇ ਦੇ ਕਿਸਾਨਾਂ ਤਕ ਹੀ ਸੀਮਤ ਸੀ ਜਿਥੇ ਕਿ ਨਿਗਮ ਕਪਾਹ ਦੀ ਖਰੀਦ ਕਰ ਰਿਹਾ ਸੀ, ਇਸ ਲਈ ਰੀਜਨਲ ਮੈਨੇਜਰ ਸੀ. ਸੀ. ਆਈ., ਨਵੀਂ ਦਿਲੀ ਨੂੰ ਬੇਨਤੀ ਕੀਤੀ ਗਈ ਕਿ ਭਾਰਤੀ ਕਪਾਹ ਨਿਗਮ ਨੂੰ ਰਾਜ ਦੀਆਂ ਸਾਰੀਆਂ ਉਘੀਆਂ ਮੰਡੀਆਂ ਤੋਂ ਕਪਾਹ ਦੀ ਖਰੀਦ ਸ਼ੁਰੂ ਕਰਨੀ ਚਾਹੀਦੀ ਹੈ ਤਾਂ ਜੋ ਵੱਧ ਤੋਂ ਵੱਧ ਕੀਮਤ ਵਿਚ ਹੋਏ ਵਾਧੇ ਦਾ ਲਾਭ ਕਿਸਾਨ ਉਠਾ ਸਕਣ । ਕਪਾਹ ਦੀ ਕੀਮਤ ਬਾਰੇ ਅੱਗੇ ਵਿਚਾਰ ਕਰਨ ਲਈ ਇਕ ਉਚ ਪੱਧਰ ਦੀ ਮੀਟਿੰਗ 6 ਜਨਵਰੀ, 1976 ਨੂੰ ਬੁਲਾਈ ਗਈ ਜਿਸ ਵਿਚ ਰੀਜਨਲ ਮੈਨੇਜਰ, ਭਾਰਤੀ ਕਪਾਹ ਨਿਗਮ, ਵੀ ਸ਼ਾਮਲ ਹੋਏ । ਇਸ ਵਿਚ ਇਹ ਫੈਸਲਾ ਕੀਤਾ ਗਿਆ ਕਿ ਭਾਰਤੀ ਕਪਾਹ ਨਿਗਮ ਦੇ ਮੰਡੀ ਵਿਚ ਦਾਖਲ ਹੋਣ ਕਾਰਨ ਕਪਾਹ ਦੀਆਂ ਕੀਮਤਾਂ ਨੂੰ ਬਰਕਰਾਰ ਰਖਣ ਲਈ ਪੂਰੀ ਕੋਸ਼ਿਸ਼ ਜਾਰੀ ਰੱਖੀ ਜਾਵੇ । ਆਸ ਹੈ ਕਿ ਇਸ ਨਾਲ ਕਪਾਹ ਦੀਆਂ ਕੀਮਤਾਂ ਵਿਚ ਹੋਇਆ ਵਾਧਾ ਬਰਕਰਾਰ ਰਖਿਆ ਜਾ ਸਕੇਗਾ ।

---

### ਰੋਪੜ ਵਿਚ ਸਬ ਜੇਲ ਬਣਾਉਣਾ

*2077. (C.U.) ਕਾਮਰੇਡ ਮਿਹਰ ਸਿੰਘ ਤੇਸ਼: ਕੀ ਆਬਕਾਰੀ ਤੇ ਕਰ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਰੋਪੜ ਵਿਚ ਸਬ ਜੇਲ੍ਹ ਲਈ ਇਕ ਨਵੀਂ ਇਮਾਰਤ ਬਣਾਉਣ ਦਾ ਫੈਸਲਾ ਕੀਤਾ ਗਿਆ ਸੀ; ਜੇਕਰ ਅਜਿਹਾ ਹਵੇ ਤਾਂ ਇਹ ਕਿਸ ਸਾਲ ਕੀਤਾ ਗਿਆ ਅਤੇ ਇਸ ਪਾਸੇ ਹੁਣ ਤਕ ਕੀ ਕਾਰਵਾਈ ਕੀਤੀ ਗਈ ਹੈ;

(ਅ) ਕੀ ਉਕਤ ਸਬ ਜੇਲ੍ਹ ਦੀ ਇਮਾਰਤ ਬਣਾਉਣ ਲਈ ਜਗ੍ਹਾ ਦੀ ਚੋਣ ਕਰ ਲਈ ਗਈ ਹੈ ; ਜੇਕਰ ਅਜਿਹਾ ਹੋਵੇ ਤਾ ਇਸ ਨੂੰ ਪ੍ਰਾਪਤ ਕਰਨ ਲਈ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ ;

(ੲ) ਮੌਜੂਦਾ ਸਬ ਜੇਲ੍ਹ ਵਿਚ ਮਾਹਵਾਰ ਔਸਤਨ ਕਿੰਨੇ ਸਮਾਇਤ ਅਧੀਨ ਕੈਦੀ ਅਤੇ ਕਿੰਨੇ ਕੈਦੀ ਰੱਖੇ ਜਾਂਦੇ ਹਨ ਅਤੇ ਇਸ ਦੀ ਕਿੰਨੇ ਸਮਾਇਤ ਅਧੀਨ ਕੈਦੀ ਅਤੇ ਕੈਦੀ ਰੱਖਣ ਦੀ ਸਮਰੱਥਾ ਹੈ ?

ਸ੍ਰੀ ਯਸ਼ ਪਾਲ: (ੳ) ਜੀ ਹਾਂ ; ਸਰਕਾਰ ਸਬ ਜੇਲ੍ਹ ਰੋਪੜ ਦੀ ਨਵੀਂ ਇਮਾਰਤ ਬਣਾਉਣ ਦੀ ਪ੍ਰਵਾਨਗੀ ਸਤੰਬਰ, 1975 ਵਿਚ ਦੇ ਚੁੱਕੀ ਹੈ । ਜ਼ਮੀਨ ਪ੍ਰਾਪਤੀ ਸਬੰਧੀ ਕਾਗਜ਼ਾਤ ਮੁਕੰਮਲ ਹੋ ਚੁਕੇ ਹਨ । ਰੱਕਬ ਦੀ ਪ੍ਰਾਪਤੀ ਉਪਰੰਤ ਅਗਲੇਰੀ ਕਾਰਵਾਈ ਕੀਤੀ ਜਾਵੇਗੀ ।

Original with;
Punjab Vidhan Sabha
Digitized by;
Panjab Digital Library

(ਅ) ਜੀ ਹਾਂ ; ਸਬ ਜੇਲ੍ਹ, ਰੋਪੜ, ਦੀ ਨਵੀਂ ਇਮਾਰਤ ਬਣਾਉਣ ਲਈ ਰੋਪੜ-ਬੇਲਾ ਸੜਕ ਦੇ ਨੇੜੇ 75 ਏਕੜ 19 ਮਰਲੇ ਜ਼ਮੀਨ ਚੁਣੀ ਗਈ ਹੈ, ਜਿਸ ਦੀ ਕੀਮਤ ਲਗ ਭਗ 8,28,670/- ਰੁਪਏ ਹੈ । ਲੋੜੀਂਦੇ ਫੰਡਾਂ ਦੀ ਪ੍ਰਾਪਤੀ ਤੇ ਹੀ ਇਸ ਜ਼ਮੀਨ ਨੂੰ ਪ੍ਰਾਪਤ ਕਰਨ ਲਈ ਅਗਲੀ ਕਾਰਵਾਈ ਕੀਤੀ ਜਾਵੇਗੀ ।

(ੲ) ਇਸ ਜੇਲ੍ਹ ਦੀ ਮੌਜੂਦਾ ਮਾਹਵਾਰ ਔਸਤਨ ਗਿਣਤੀ ਨਵੰਬਰ, 1975 ਤੋਂ ਜਨਵਰੀ, 1976 ਤਕ 28 ਹਵਾਲਾਤੀ ਅਤੇ 8 ਅਪਰਾਧੀ ਕੈਦੀ ਰਹੀ ਹੈ ਅਤੇ ਇਸ ਜੇਲ੍ਹ ਵਿਚ ਕੈਦੀਆ ਨੂੰ ਰੱਖਣ ਦੀ ਸਮੱਰਥਾ 15 ਹੈ ।

---

## RETRENCHMENT IN TALWARA OR BEAS DAM

3678. (C.U.) **Comrade Shamsher Singh Josh**: Will the Minister of State for Irrigation and Power be pleased to state—

(a) the number of workers category-wise retrenched in Talwara or Beas Dam in the years 1973, 1974, 1975 and 1976 todate ;

(b) the number of such retrenched workers who have been provided alternative jobs during the said year ;

(c) the steps being taken to absorb the remaining workers who are still unemployed ;

(d) whether more workers will be retrenched in the year 1976; if so, their number and the reasons therefor ?

**ਸਰਦਾਰ ਗੁਰਬਖਸ਼ ਸਿੰਘ ਸਿਰੀਆ :**

(ੳ)

| | | 1973 | 1974 | 1975 | 1976 | |
|---|---|---|---|---|---|---|
| (ੳ) | ਤਕਨੀਕੀ | — | 16 6 | 1548 | 112 | |
| | ਗੈਰ ਤਕਨੀਕੀ | — | 838 | 1 69 | 1 | |
| | ਕੁਲ | — | 2454 | 31 7 | 113 | ਕੁਲ ਜੋੜ 5684 |
| (ਅ) | ਤਕਨੀਕੀ | — | 928 | 758 | 125 | |
| | ਗੈਰਤਕਨੀ[illegible]ੀ | — | 838 | 894 | 39 | |
| | ਜੋੜ | — | 1766 | 1652 | 164 | ਕੁਲ ਜੋੜ 3582 |

Original with;
Punjab Vidhan Sabha
Digitized by;
Panjab Digital Library

(ੲ) ਇਕ ਕਾਰਜਕਾਰੀ ਇੰਜੀਨੀਅਰ ਤਹਿਤ ਇਕ ਵਖਰਾ ਸੈਲ ਉਪਰੋਕਤ ਕਢੇ ਗਏ ਕਰਮਚਾਰੀਆਂ ਨੂੰ ਵੱਖ ਵੱਖ ਪਰਾਤਾਂ, ਸੰਸਥਾਵਾਂ ਪ੍ਰੋਜੈਕਟਸ, ਸਰਕਾਰੀ ਅਤੇ ਗੈਰ ਸਰਕਾਰੀ ਅੰਡਰਟੇਕਿੰਗਜ਼ ਵਿਚ ਲਗਵਾਉਣ ਲਈ ਪਹਿਲਾਂ ਹੀ ਕੰਮ ਕਰ ਰਿਹਾ ਹੈ।

(ਸ) ਹਾਂ ਜੀ। ਬਿਆਸ ਪ੍ਰਾਜੈਕਟ ਦੇ ਵਖੋ ਵਖ ਕਾਰਜਾਂ ਦੇ ਸੰਪੂਰਣ ਹੋਣ ਉਪਰੰਤ, 1976 ਦੇ ਦੌਰਾਨ ਲਗ ਭਗ 1200 ਤਕਨੀਕੀ ਅਤੇ ਗੈਰ ਤਕਨੀਕੀ ਕਰਮਚਾਰੀਆਂ ਦੇ ਕਢੇ ਜਾਣ ਦੀ ਸੰਭਾਵਨਾ ਹੈ।

## TACCAVI LOAN FOR THE PURCHASE OF TRACTORS

*3679 (C.U.) Shri Sardari Lal Kapur: Will the Minister for Revenue and Elections be pleased to state—

(a) the number of persons to whom Taccavi loan for the purchase of Tractors was given together with the amount of the loan given to each person in the State, districtwise, during the years 1972-73, 1973-74 and 1974-75;

(b) the amount of Taccavi loan referred to in part (a) above recovered so far district-wise?

ਸਰਦਾਰ ਉਮਰਾਓ ਸਿੰਘ: (ੳ) ਅਤੇ (ਅ) ਇਸ ਸੁਆਲ ਵਿਚ ਪੁਛੀ ਗਈ ਸੂਚਨਾ ਇਕੱਤਰ ਕਰਨ ਉਤੇ ਖਰਚ ਹੋਣ ਵਾਲੇ ਸਮੇਂ ਅਤੇ ਮਿਹਨਤ ਦੇ ਟਾਕਰੇ ਉਤੇ ਪ੍ਰਾਪਤ ਹੋਣ ਵਾਲੇ ਸਿੱਟੇ ਮੁਮਕਿਨ ਤੌਰ ਤੇ ਕੋਈ ਵੁਕਤ ਨਹੀਂ ਹੋਵੇਗੀ।

## CONVERTED UNSTARRED QUESTIONS NOS. 3682 and 3683

(Replies to these Questions have not yet been received from the Government.)

## ਪੰਜਾਬ ਰੋਡਵੇਜ਼ ਹੁਸ਼ਿਆਰਪੁਰ ਡਿਪੂ ਨੂੰ ਰੂਟਾਂ ਦੀ ਐਲੋਕੇਸ਼ਨ

*3684 (C.U.) ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ: ਕੀ ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦਸਣਗੇ —

(ੳ) ਪੰਜਾਬ ਰੋਡਵੇਜ਼ ਹੁਸ਼ਿਆਰਪੁਰ ਡਿਪੂ ਨੂੰ ਐਲੋਕੇਟ ਕੀਤੇ ਗਏ ਵੱਖ ਵੱਖ ਰੂਟਾਂ ਦਾ ਵੇਰਵਾ ਕੀ ਹੈ;

(ਅ) ਉਕਤ ਡਿਪੂ ਦੇ ਉਨ੍ਹਾਂ ਰੂਟਾਂ ਦਾ ਵੇਰਵਾ ਕੀ ਹੈ ਜਿਨ੍ਹਾਂ ਤੇ ਬੱਸਾਂ ਨਹੀਂ ਚਲਾਈਆਂ ਜਾ ਰਹੀਆਂ ਅਤੇ ਉਨ੍ਹਾਂ ਰੂਟਾਂ ਜਿਨ੍ਹਾਂ ਤੇ ਇਕ ਮਹੀਨੇ ਤੋਂ ਵੱਧ ਸਮੇਂ ਤੋਂ ਬੱਸਾਂ ਨਹੀਂ ਚਲਦੀਆਂ ਅਤੇ ਜਿਨ੍ਹਾਂ ਤੇ 1975 ਦੇ ਦੌਰਾਨ ਮਹੀਨਾਵਾਰ ਅਨਿਯਮਤ ਰੂਪ ਵਿਚ ਬੱਸਾਂ ਚਲਾਈਆਂ ਗਈਆਂ ਦਾ ਵੇਰਵਾ ਕੀ ਹੈ;

(ੲ) ਉਕਤ ਡਿਪੂ ਕੋਲ ਕੁੱਲ ਕਿੰਨੀਆਂ ਬੱਸਾਂ ਹਨ?

Original with;
Punjab Vidhan Sabha
Digitized by;
Panjab Digital Library

(ਸ) ਉਕਤ ਡਿਪੂ ਦੀਆਂ 1975 ਵਿੱਚ ਮਹੀਨਾਂ ਵਾਰ ਇੱਕ ਹਫਤੇ ਤੋਂ ਵੱਧ ਕਿੰਨੀਆਂ ਬੱਸਾਂ ਖੜੀਆਂ ਰਹੀਆਂ ;

(ਹ) ਵੱਖ ਵੱਖ ਸਾਲਾਂ 1973-74, 1974-75 ਅਤੇ 1975-76 ਦੇ ਦੌਰਾਨ ਉਕਤ ਡਿਪੂ ਦੁਆਰਾ ਉਠਾਏ ਗਏ ਨੁਕਸਾਨ, ਜੇਕਰ ਕੋਈ ਹੋਵੇ, ਦੀ ਰਕਮ ਕਿੰਨੀ ਕਿੰਨੀ ਸੀ ਅਤੇ ਉਸ ਦੇ ਕੀ ਕਾਰਨ ਸਨ;

(ਕ) ਸਥਿੱਤੀ ਨੂੰ ਸੁਧਾਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਸਰਦਾਰ ਦਿਲਬਾਗ ਸਿੰਘ ਡਾਲੇਕੇ : (ੳ) ਸੂਚੀ 'ਏ' ਤੇ ਵੇਖਣ ਦੀ ਖੇਚਲ ਕੀਤੀ ਜਾਵੇ ਜੀ ।

(ਅ) ਸੂਚੀ 'ਬੀ' ਤੇ ਵੇਖਣ ਦੀ ਖੇਚਲ ਕੀਤੀ ਜਾਵੇ ।

(ੲ) ਮਿਤੀ 1 ਫਰਵਰੀ 1976 ਨੂੰ 206 ਬੱਸਾਂ ਸਨ ।

(ਸ) ਸੂਚੀ 'ਸੀ' ਵੇਖਣ ਦੀ ਖੇਚਲ ਕੀਤੀ ਜਾਵੇ ਜੀ ।

(ਹ) 1973-74—ਹਾਨੀ ਨਹੀਂ ਹੋਈ ਬਲਕਿ 6.50 ਲੱਖ ਰੁਪਏ ਲਾਭ ਹੋਇਆ ।

1974-75—1,37,469-56 ਰੁਪਏ ਹਾਨੀ ਹੋਈ ।

1975-76—13,04,714-46 ਰੁਪਏ ਹਾਨੀ ਹੋਈ

(ਜਨਵਰੀ 1976 ਤੀਕ)

ਨੁਕਸਾਨ ਦੇ ਹੇਠ ਲਿਖੇ ਮੁੱਖ ਕਾਰਨ ਸਨ—

(1) ਟੋਕਨ ਟੈਕਸ 100/- ਰੁਪਏ ਤੋਂ ਵੱਧ ਕੇ 200/- ਰੁਪਏ ਪ੍ਰਤੀ ਸੀਟ ਹੋ ਗਿਆ ਹੈ ।

(2) ਡੀਜ਼ਲ, ਟਾਇਰ ਟਿਊਬ ਅਤੇ ਕਲਪੁਰਜ਼ਿਆਂ ਦੀ ਕੀਮਤਾਂ ਵਿੱਚ ਚੋਖਾ ਵਾਧਾ ਹੋ ਗਿਆ ਹੈ ।

(3) ਬਹੁਤ ਘੱਟ ਰੇਟਾਂ (rates) ਤੇ ਵਿਦਿਆਰਥੀਆਂ ਨੂੰ ਪਾਸ ਜਾਰੀ ਕੀਤੇ ਗਏ ਹਨ ।

(4) ਵਾਧੂ ਮਹਿੰਗਾਈ ਭੱਤੇ ਅਤੇ ਐਕਸਗਰੇਸ਼ੀਆ ਦੀ ਦਰ 4% ਤੋਂ 8.33% ਹੋ ਗਈ ਸੀ ।

(ਕ) (i) ਬੱਸਾਂ ਦੀ ਮੁਰੰਮਤ ਵੱਲ ਪੂਰਾ ਪੂਰਾ ਧਿਆਨ ਦਿਤਾ ਜਾ ਰਿਹਾ ਹੈ ਅਤੇ ਵਰਕਸ਼ਾਪ ਵਿੱਚ ਰੁੱਕੀਆਂ ਬੱਸਾਂ ਨੂੰ ਸੜਕ ਤੇ ਚਲਣ ਯੋਗ ਬਣਾਇਆ ਜਾ ਰਿਹਾ ਹੈ ।

(ii) ਮਾਈਲੇਜ ਘੱਟ ਤੋਂ ਘੱਟ ਮਿਸ ਕੀਤੀ ਜਾਂਦੀ ਹੈ ।

(iii) ਤਰੁੱਟੀਆਂ ਦੂਰ ਕਰਕੇ ਆਮਦਨ ਵਿੱਚ ਵਾਧਾ ਅਤੇ ਖਰਚ ਨੂੰ ਘੱਟ ਕਰਨ ਦੇ ਪੂਰੇ ਉਪਰਾਲੇ ਕੀਤੇ ਜਾ ਰਹੇ ਹਨ ।

Original with;
Punjab Vidhan Sabha
Digitized by;
Panjab Digital Library

## STATEMENT A

**List of routes allocated to Punjab Roadways, Hoshiarpur.**

| S. No. | Name of the route | No. of R/Trips | Length of of route in Kms. | Total mileage in Kms. |
|---|---|---|---|---|
| 1. | Hoshiarpur—Chandigarh *via* Ludhiana | 2 | 168 | 672 |
| 2. | Hoshiarpur—Kalka | 1 | 163 | 326 |
| 3. | Hoshiarpur—Nangal *via* Rupar | 1 | 152 | 304 |
| 4. | Hoshiarpur—Rupar | 4 | 93 | 744 |
| 5. | Hoshiarpur—Chandigarh | 5 | 133 | 1330 |
| 6. | Dasuya—Chandigarh | 1 | 174 | 348 |
| 7. | Hoshiarpur—Ludhiana *via* Nawansheher | 2 | 105 | 420 |
| 8. | Hoshiarpur—Nawansheher | 9 | 54 | 972 |
| 9. | Hoshiarpur—Nurpur Bedi | 1 | 80 | 160 |
| 10. | Jullundur—Abiana | 1 | 114 | 228 |
| 11. | Hoshiarpur—Mahilpur | 3 | 23 | 138 |
| 12. | Hoshiarpur—Mahilpur *via* Bassi Kalan | 1 | 25 | 50 |
| 13. | Hoshiarpur—Mahilpur *via* Garhshankar | 3 | 43 | 258 |
| 14. | Mahilpur—Phagwara | 8 | 40 | 640 |
| 15. | Hoshiarpur—Amritsar *via* Tanda | 1 | 136 | 272 |
| 16. | Hoshiarpur—Ludhiana *via* Phagwara | 5 | 75 | 750 |
| 17. | Hoshiarpur—Phagwara | 4 | 38 | 304 |
| 18. | Hoshiarpur—Mukerian | 1 | 58 | 116 |
| 19. | Mukerian—Talwara | 6 | 27 | 324 |
| 20. | Hoshiarpur—Dasuya | 7 | 41 | 574 |
| 21. | Hoshiarpur—Talwara | 2 | 85 | 340 |
| 22. | Hoshiarpur—Datarpur | 1 | 80 | 160 |
| 23. | Hoshiarpur—Dholbaha | 3 | 32 | 192 |
| 24. | Hoshiarpur—Bahera | 1 | 37 | 74 |
| 25. | Hoshiarpur—Rampur | 1 | 64 | 128 |
| 26. | Hashiarpur—Kapurthala *via* Tanda | 2 | 86 | 344 |
| 27. | Hoshiarpur—Miani | 2 | 40 | 160 |

Original with;
Punjab Vidhan Sabha
Digitized by;
Panjab Digital Library

| S. No. | Name of the route | No. of R/Trips | Length of route in Kms. | Total mileage in Kms. |
|---|---|---|---|---|
| 28. | Hoshiarpur—Tanda | 12½ | 32 | 800 |
| 29. | Hoshiarpur—Bullowal | 3 | 19 | 114 |
| 30. | Hoshiarpur—Bariana | 3 | 26 | 156 |
| 31. | Jullundur—Jaijon | 2 | 77 | 308 |
| 32. | Hoshiarpur—Pathankot *via* Gardhiwala | 1 | 98 | 196 |
| 33. | Talwara—Delhi | 1 | 475 | 950 |
| 34. | Nangal—Bhakhra | 8 | 16 | 256 |
| 35. | Nangal—Kiratpur | 5 | 29 | 290 |
| 36. | Hoshiarpur—Nangal | 7 | 56 | 784 |
| 37. | Hoshiarpur—Una | 3 | 40 | 240 |
| 38. | Hoshiarpur—Kiratpur | 1 | 85 | 170 |
| 39. | Jullundur—Nangal | 7 | 101 | 1414 |
| 40. | Hoshiarpur—Jawalaji | 1 | 77 | 154 |
| 41. | Hoshiarpur—Dharmshala | 2 | 123 | 492 |
| 42. | Dharamsala—Chandigarh | 1 | 248 | 496 |
| 43. | Hoshiarpur—Baijnath | 1 | 160 | 320 |
| 44. | Hoshiarpur—Bhogpur | 2 | 32 | 128 |
| 45. | Hoshiarpur—Sussan | 1 | 29 | 58 |
| 46. | Hoshiarpur—Jullundur | 17½ | 45 | 1575 |
| 47. | Hoshiarpur—Bhungarni | 1 | 26 | 53 |
| 48. | Hoshiarpur—Binjon | 1 | 40 | 80 |
| 49. | Hoshiarpur—Hariana | 2 | 16 | 64 |
| 50. | Hoshiarpur—Kapurthala *via* Adampur—Bhogpur | 2 | 80 | 320 |
| 51. | Hoshiarpur—Jandiala | 1 | 37 | 74 |
| 52. | Hoshiarpur—Pchnaangal | 1 | 37 | 74 |
| 53. | Mukerian—Kumahidevi | 2 | 40 | 160 |
| 54. | Mukerian—Daulatpur | 1 | 50 | 100 |
| 55. | Talwara—Daulatpur | 1 | 21 | 42 |
| 56. | Hoshiarpur—Jaijon | 1 | 37 | 74 |
| 57. | Hoshiarpur—Gujjar Nangal | 1 | 64 | 128 |
| 58. | Nawansheher—Balachaur | 7 | 21 | 294 |
| 59. | Balachaur—Rattewal | 2 | 16 | 64 |

Original with;
Punjab Vidhan Sabha
Digitized by;
Panjab Digital Library

| S. No. | Name of the route | No. of R/Trips | Length of route in Kms. | Total mileage in Kms. |
|---|---|---|---|---|
| 60. | Hoshiarpur—Nadalon | 1 | 40 | 80 |
| 61. | Rupar—Rahon | 2 | 50 | 200 |
| 62. | Hoshiarpur—Barian | 1 | 26 | 52 |
| 63. | Hoshiarpur—Camp | 7 | 5 | 70 |
| 64. | Hoshiarpur—Amritsar | 1 | 125 | 750 |
| 65. | Gardhiwala—Amritsar | 1 | 153 | 306 |
| 66. | Jullundur—Nawansheher | 14 | 59 | 1652 |
| 67. | Phagwara—Nawansheher | 3 | 37 | 222 |
| 68. | Jullundur—Muzafarpur | 1 | 75 | 150 |
| 69. | Jullundur—Dosanj *via* Mandali | 1 | 35 | 70 |
| 70. | Jullundur—Mukendpur | 1 | 43 | 86 |
| 71. | Jullundur—Retanada | 1 | 59 | 118 |
| 72. | Jullundur—Aur | 1 | 59 | 118 |
| 73. | Hoshiarpur—Tanda—Pathankot | 3 | 106 | 636 |
| 74. | Hoshiarpur—Garshankar | 2 | 40 | 160 |
| 75. | Garshankar—Jhungi | 3 | 16 | 56 |
| 76. | Garshankar—Raipur | 2 | 32 | 128 |
| 77. | Amritsar—Nangal *via* Hoshiarpur | 1 | 245 | 490 |
| 78. | Hoshiarpur—Talwara *via* Nangal—Behalan | 1 | 75 | 150 |
| 79. | [illegible]hiarpur—Anandpur Sahib | 2 | 224 | 896 |
| 80. | Nawansheher—Kiratpur | 1 | 54 | 108 |
| 81. | Dasuya—Mukerian | 3 | 16 | 96 |
| 82. | Nawansheher—Nurpur Bedi.. | 1 | 43 | 86 |
| 83. | Jullundur—Gardhiwala *via* Dasuya | 4 | 69 | 552 |
| 84. | Nawansheher—Apra | 4 | 30 | 240 |
| 85. | Nawansheher—Garhshankar—Banga—Nawansheher | 4 | 42 | 336 |
| 86. | Jullundur—Daroli | 2 | 29 | 116 |
| 87. | Jullundur—Droli—Binjon.. | 2 | 59 | 236 |
| 88. | Hoshiarpur—David a Ronana | 1 | 15 | 30 |
| 89. | Hoshiarpur—Mehtiana | 1 | 20 | 40 |

Original with;
Punjab Vidhan Sabha
Digitized by;
Panjab Digital Library

| S. No. | Name of route | No. of R/Trips | Length of route in Kms. | Total mileage in Kms. |
|---|---|---|---|---|
| 90. | Hoshiarpur—Panshta | 2 | 27 | 108 |
| 91. | Jullundur—Sujjon | 2 | 58 | 232 |
| 92. | Jullundur—Charh Majra | 1 | 75 | 150 |
| 93. | Hoshiarpur—Phanowal | 2 | 37 | 148 |
| 94. | Hoshiarpur—Chohal | 4 | 8 | 64 |
| 95. | Jullundur—Shikohpur | 2 | 58 | 232 |
| 96. | Nawansheher—Phillapur *via* Apra | 4 | 45 | 360 |
| 97. | Nawansheher—Rahon Jdal—Nawansheher | 4 | 32 | 256 |
| 98. | Nangal—Kalma Mour | 2 | 51 | 204 |
| 99. | Garhshankar—Ajnoha | 3 | 37 | 222 |
| 100. | Hoshiarpur—Budhawarh *via* Mukerian | 1 | 83 | 166 |
| 101. | Hoshiarpur—Budhawarh *via* Nangal Bihalan | 1 | 73 | 146 |
| 102. | Hoshiarpur—Tanda *via* Gardhiwala | 2 | 47 | 188 |
| 103. | Jullundur—Nawansheher *via* Rahon | 2 | 75 | 300 |
| 104. | Jullundur—Kharkuwal | 1 | 77 | 154 |
| 105. | Hoshiarpur—Tanda *via* Dhoot Kalan | 3 | 37 | 222 |
| 106. | Hoshiarpur—Bhungarhi *via* Chabewal | 3 | 31 | 186 |
| 107. | Nawansheher—Banga *via* Sahlon | 3 | 16 | 96 |
| 108. | Hoshiarpur—Yamunagar | 1 | 256 | 512 |
| 109. | Hoshiarpur—Jahura | 2 | 37 | 148 |
| 110. | Hoshiarpur—Jahu | $\frac{1}{2}$ | 136 | 136 |
| 111. | Hoshiarpur—Hamirpur | 1 | 93 | 186 |
| 112. | Hoshiarpur—Chintpurni | 1 | 48 | 96 |
| 113. | Hoshiarpur—Ludhiana linked with Chintpurni | 1 | 75 | 150 |
| 114. | Hoshiarpur—Jallowal | 2 | 18 | 72 |
| 115. | Hoshiarpur—Sangrur | 1 | 158 | 316 |
| 116. | Nangal—Ludhiana | 2 | 150 | 600 |

Original with;
Punjab Vidhan Sabha
Digitized by;
Panjab Digital Library

| S. No. | Name of the route | No, of R/Trips | Length of route in Kms. | Total mileage in Kms. |
|---|---|---|---|---|
| 117. | Hoshiarpur—Ferozepur | 2 | 170 | 680 |
| 118. | Hoshiarpur—Faridkot | 1 | 178 | 356 |
| 119. | Jullundur—Manguwal | 2 | 59 | 236 |
| 120. | Jullundur—Kapurthala *via* Kishangarh—Kartarpur | 2 | 59 | 236 |
| 121. | Phagwara—Nakodar | 2 | 32 | 128 |
| 122. | Jullundur—Garshankar | 2 | 60 | 240 |
| 123. | Jullundur—Ghedial | 2 | 40 | 160 |
| 124. | Hoshiarpur—Mehangrowal | 3 | 16 | 96 |
| 125. | Jullundur—Saila | 2 | 60 | 240 |
| 126. | Hoshiarpur—Moga | 1 | 125 | 150 |
| 127. | Hoshiarpur—Moga *via* Phagwara | 1 | 126 | 252 |
| 128. | Hoshiarpur—Jalwara | 1 | 40 | 80 |
| 129. | Hoshiarpur—Baddon—Phagwara | 1 | 55 | 110 |
| 130. | Nawanshehar—Jadla—Majowal | 1 | 23 | 46 |
| 131. | Garshankar—Majowal | I | 23 | 46 |
| 132 | Dasuya—Makowal | 1 | 16 | 32 |
| 133. | Jullundur—Roorkee | 1 | 60 | 120 |
| 134. | Nawanshehar—Chandigarh | 1 | 90 | 180 |
| 135. | Una—Nangal | 8 | 16 | 256 |
| 136, | Hoshiarpur—Bham | 2 | 27 | 108 |
| 137. | Nawansheher—Manga Kot—Pathui Mehipur | 2 | 42 | 168 |
| 138. | Jullundur—Kataria—Chettan | 1 | 30 | |
| 139. | Jullundur—Amritsar | 3 | 80 | 480 |
| 140. | Danga—Phagwara | 5 | 23 | 230 |
| 141. | Hoshiarpur—Badla | 1 | 57 | 114 |
| 142. | Hoshiarpur——Phagwara *via* Mahilpur—Ispur | 2 | 66 | 264 |
| 143. | Jullundur—Dharamsala | 1 | 163 | 336 |
| 144. | Hoshiarpur—Gondwal Sahib | 2 | 120 | 480 |

Original with;
Punjab Vidhan Sabha
Digitized by;
Panjab Digital Library

## STATEMENT 'B'

**Details of Routes which are not being operated at all**

1. Hoshiarpur—Chohal .. From July 1973 to date.
2. Hoshiarpur—Manguwal portion of Jullundur Manguwal route. .. From January 1974 to date.
3. Nawanshehar—Rahon—Jandiala—Nawanshehar. .. From December 1972 to date.

**(II) Details of Routes which could not be operated for over the month, during 1975.**

1. Hoshiarpur—Pachnangla .. From July, 1975 to December, 1975.
2. Hoshiarpur—Kapurthala via Tanda. .. From August, 1975 to October, 1975.
3. Hoshiarpur—Kapurthala via Bhogpur. .. From September, 1975 to October. 1975.

**(III) Details of Routes in respect of which the operation could not be continued Regularly, during 1975**

1. Hoshiarpur—Nangal via Jajjon.
2. Hoshiarpur—Phagwara via Mahilpur—Ispur.
3. Hoshiarpur—Kapurthala via Adampur—Kishangarh.
4. Garhshankar—Jhungia.

## STATEMENT 'C'

**Statement Showing Number of Buses Kept off the Road for over on 1975 Month-wise, Punjab Roadways Hoshiarpur.**

| Month | | No. of buses |
|---|---|---|
| 1/75 | .. | 33 |
| 2/75 | .. | 30 |
| 3/75 | .. | 25 |
| 4/75 | .. | 19 |
| 5/75 | .. | 27 |
| 6/75 | .. | 30 |
| 7/75 | .. | 29 |
| 8/75 | .. | 29 |
| 9/75 | .. | 28 |
| 10/75 | .. | 20 |
| 11/75 | .. | 17 |
| 12/75 | .. | 22 |

Original with;
Punjab Vidhan Sabha
Digitized by;
Panjab Digital Library

REPRESENTATION FORM SHRI RANBIR SINGH DHILLON/LEGISLATORS REGARDING GRANT OF FIVE INSTALMENTS OF DEARNESS ALLOWANCE TO THE EMPLOYEES.

*3685. (C. U.) Comrade Satya Pal Dang : Will the Minister for Finance be pleased to state :—

(a) whether Government has received representation during the month of January, 1976 from General Secretary, Punjab Subordinate Services Federation and some legislators demanding five instalments of Dearness Allowance for the employees; if so, copy of the same together with the action thereon be laid on the table of the House.

ਸ੍ਰੀ ਹੰਸ ਰਾਜ ਸ਼ਰਮਾ : (ੳ) ਹਾਂ ਜੀ । ਪੰਜਾਬ ਅਧੀਨ ਸੇਵਾਵਾਂ ਫੈਡਰੇਸ਼ਨ ਦੇ ਜਨਰਲ ਸਕੱਤਰ ਵਲੋਂ ਹੀ ਇਕ ਪ੍ਰਤੀਬੇਨਤੀ ਆਈ ਹੈ ।

ਇਕ ਕਾਪੀ ਸਦਨ ਦੀ ਮੇਜ਼ ਉਤੇ ਰੱਖੀ ਜਾਂਦੀ ਹੈ ਇਸ ਦਾ ਸਰਕਾਰ ਪਰੇਖਣ ਕਰ ਰਹੀ ਹੈ ।

———

COPY OF LETTER

**Copy of letter No. 421 (1)—76/1958 dated 29th January, 1976 from the General Secretary, Punjab Subordinate Services Federation Chandigarh to the Chief Minister, Punjab, Chandigarh.**

———

**Subject** : Dearness allowance to Punjab Government employees-Review of Government decision.

The Punjab Government under your leadership have been honouring the decision regarding dearness allowance to its employees on the pattern laid down by the Central Government which was accepted by the Punjab Government *vide* letter No. P.S.C.S.—67/14673 dated 14th December, 1967.

2. The Punjab Government have recently decided to grant two instalments of dearness allowance to its employees w. e. f. 1st March, 1976. The Central Government had granted five instalments of dearness allowance to its employees from the dates mentioned below :—

| | | | |
|---|---|---|---|
| (a) | 1st instalment | of D. A. from | 1-10-1974 |
| (b) | 2nd | —do— | 1-11-1974 |
| (c) | 3rd | —do— | 1-12-1974 |
| (d) | 4th | —do— | 1-2-1975 |
| (e) | 5th | —do— | 1-3-1975 |

Original with;
Punjab Vidhan Sabha
Digitized by;
Panjab Digital Library

The Punjab Government employees expected five instalments of dearness allowance on Central Government pattern and from the dates sanctioned by the Central Government so as to follow the same as in the past. Naturally the present decision has come as a shock to the employees.

3. The present Government is a Government of the masses and your goodself as Chief Minister has earned the name of champion of the down-trodden and Government employees. We earnestly hope that you would not lag behind in implementing your own decision which you got it approved through your influence by the then Gill Ministry which remained in power due to your support. We think that you were equally responsible for that decision being one of the party to the decision.

4. We, the employees of the Government are your part and parcel and, there fore, expected of you that you will not do anything which may harm and weaken our financial position and in any way was against the practice followed since 1967.

It is, therefore, earnestly requested that the Government decision to give two instalments of dearness allowance be reviewed and the employees be granted their dues which comes to five instalments from the dates referred to above.

Thanking you.

CONVERTED UNSTARRED QUESTION NO. 3686.

(Reply to this Question has not yet been received from the Government).

---

BUS SERVICES TO NAROT JAIMAL SINGH AND BAMBIAL IN PATHANKOT TEHSIL

***3687. (C.U.) Chaudhri Sunder Singh : Will** the Minister of State for Transport and Civil Aviation be pleased to state :—

(a) whether it is a fact that no bus of the Punjab Roadways is plying between Pathankot and Narot Jaimal Singh and Bambial Towns of Tehsil Pathankot;

(b) whether it is also a fact that repeated requests by the Legislator of the Constituency were made during 1974 and 1975 to the Government to ply two Buses each for Narot Jaimal Singh and Bambial ?

ਸਰਦਾਰ ਦਿਲਬਾਗ ਸਿੰਘ ਡਾਲੇਕੇ : (ੳ) ਹਾਂ ਜੀ ।

(ਅ) ਹਾਂ ਜੀ ।

Original with;
Punjab Vidhan Sabha
Digitized by;
Panjab Digital Library

## ਡੇਰਾ ਬਾਬਾ ਨਾਨਕ ਅਤੇ ਖੇਮ ਕਰਨ ਦੀਆਂ ਮਿਊਨਸਪਲ ਕਮੇਟੀਆਂ ਲਈ ਗਰਾਂਟਾਂ

*3688. (C.U.) ਕਾਮਰੇਡ ਅਰਜਨ ਸਿੰਘ ਮਸਤਾਨਾ : ਕੀ ਵਿੱਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਸਾਲ 1973-74 ਅਤੇ 1974-75 ਦੇ ਦੌਰਾਨ ਡੇਰਾ-ਬਾਬਾ ਨਾਨਕ ਅਤੇ ਖੇਮ ਕਰਨ ਦੀਆਂ ਮਿਊਨਸਪਲ ਕਮੇਟੀਆਂ ਨੂੰ ਦਿੱਤੀਆਂ ਗਈਆਂ ਗਰਾਂਟਾਂ ਦਾ ਵੱਖ ਵੱਖ ਵੇਰਵਾ ਕੀ ਹੈ ?

ਸ੍ਰੀ ਹੰਸ ਰਾਜ ਸ਼ਰਮਾ : ਸੂਚਨਾ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਨਗਰ ਪਾਲਿਕਾ ਦਾ ਨਾਮ | 1973-74 | 1974-75 |
|---|---|---|---|
| | | ਗਰਾਂਟ | ਗਰਾਂਟ |
| 1. | ਡੇਰਾ ਬਾਬਾ ਨਾਨਕ | 50,000 ਰੁ: | 50,000 ਰੁ: |
| 2. | ਖੇਮ ਕਰਨ | 50,000 ਰੁ: | 48,950 ਰੁ: |

CONVERTED UNSTARRED QUESTION No. 3690.

(Reply to this Question has not yet been received from the Government)

— — —

1884—2-8-76—286 ਕਾਪੀ —ਪੰਜਾਬ ਸਰਕਾਰ ਪਰੈਸ ਪਟਿਆਲਾ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## D: ATES

*6th September, 1976*

Vol. II—No. 1

## OFFICIAL REPORT

### CONTENTS

*Monday, the 6th September, 1976*


| | PAGE |
|---|---|
| Obituary References | (1)1 |
| Short Adjournment of the House | (1)11 |
| Starred Questions and Answers | (1)12 |
| Written Answers to Starred Questions laid on the Table of the House Under Rule 38 | (1)39 |
| Unstarred Questions and Answers | (1)42 |
| Panel of Chairmen | (1)54 |
| Business Advisory Committee | (1)54 |
| Announcement by the Secretary | (1)55 |
| Question of Privilege | (1)55 |
| Call Attention Notices Under Rule 66 | (1)56 |
| Papers laid on the Table | (1)58 |
| Legislative Business<br>Bill (s) | (1)59 |
| The Punjab Legislative Assembly (Allowances of Members) Second Amendment—,1976 | (1)59 |



Punjab Vidhan Sabha Secretariat, Chandigarh.

Price: Rs. 31-65



Original with;
Punjab Vidhan Sabha
Digitized by;
Panjab Digital Library

Page

Walk-Out (1)61

Bill (s)

The Punjab Legislative Assembly (Allowances of Members) Second Amendment,-----,1976 (*Resumption*) (1)62

The Punjab Municipal (Second Amendment)—,1976 (1)64

First Report of the Business Advisory Committee (1)76

Bill (s)

The Punjab Cycle-Rickshaws (Regulation of Licence)-----,1976 (1)78

Extension of time of the sitting (1)81

Bill (s)

The Punjab Cycle-Rickshaws (Regulation of Licence) ------,1976 (*Resumption*) (1)81

The Punjab Panchayat Samitis and Zila Parishads (Second Amendment) --------,1976 (1)86

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Monday, the 6th September, 1976.**

*The Vidhan Sabha met in the Punjab Vidhan Sabha Hall, Vidhan Bhavan Chandigarh, at 2.00 P.M. of the Clock. Mr. Speaker (Doctor Kewal Krishan) in the Chair.*

## OBITUARY REFERENCES

Mr. Speaker: Obituary references by the Chief Minister.

**ਮੁੱਖ ਮੰਤਰੀ** (ਗਿਆਨੀ ਜ਼ੈਲ ਸਿੰਘ): ਸਨਮਾਨ ਯੋਗ ਸਪੀਕਰ ਸਾਹਿਬ, ਬੜੇ ਅਫਸੋਸ ਅਤੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਪਿਛਲੇ ਇਜਲਾਸ ਮਗਰੋਂ, ਕੁਝ ਮਹਾਨ ਸ਼ਖਸੀਅਤਾਂ ਸਾਡੇ ਇਸ ਸੰਸਾਰ ਨੂੰ ਛਡ ਕੇ ਇੰਤਕਾਲ ਫਰਮਾ ਗਈਆਂ ਹਨ। ਉਨ੍ਹਾਂ ਵਿਚੋਂ ਸਰਦਾਰ ਨਿਰੰਜਣ ਸਿੰਘ ਤਾਲਿਬ ਦਾ ਨਾਮ ਵਿਸ਼ੇਸ਼ ਤੌਰ ਤੇ ਸਾਹਮਣੇ ਆਉਂਦਾ ਹੈ। ਤਾਲਿਬ ਸਾਹਿਬ ਜੀਵਨ ਭਰ ਲੋਕਰਾਜੀ ਸਿਧਾਂਤ, ਧਰਮ ਨਿਰਪੇਖਤਾ ਅਤੇ ਕੌਮਪ੍ਰਸਤੀ ਦੇ ਹਿਮਾਇਤੀ ਰਹੇ। ਉਨ੍ਹਾਂ ਨੇ ਪਹਿਲਾਂ ਆਜ਼ਾਦੀ ਹਾਸਲ ਕਰਨ ਲਈ ਅਤੇ ਫਿਰ ਉਸ ਦੀ ਸੁਰੱਖਿਆ ਲਈ ਅੱਧੀ ਸਦੀ ਲਈ ਸਿਦਕ ਸਹਿਤ ਕੰਮ ਕੀਤਾ। ਆਪਣੀ ਨੇਕ ਨੀਤੀ ਅਤੇ ਦਿਆਨਤਦਾਰੀ ਸਦਕਾ ਉਹ ਹਰਮਨ ਪਿਆਰੇ ਬਣ ਗਏ।

ਉਹ ਇੱਕ ਮਹਾਨ ਦੇਸ਼ ਭਗਤ ਸਨ। ਮਾਤ ਭੂਮੀ ਪ੍ਰਤੀ ਪਿਆਰ ਅਤੇ ਇਸਦੀ ਬੇਹਤਰੀ ਦੇ ਹਰ ਪਹਿਲੂ ਲਈ ਉਨ੍ਹਾਂ ਦਾ ਮੁੱਖ ਅਤੇ ਆਪਾਵਾਰੂ ਮੰਤਵ ਸੀ। ਜਦੋਂ ਮਹਾਰਾਜਾ ਨਾਭਾ ਨੂੰ ਗਦੀਉਂ ਉਤਾਰ ਦਿੱਤਾ ਗਿਆ ਤਾਂ ਤਾਲਿਬ ਜੀ ਨੇ ਉਨ੍ਹਾਂ ਨਾਲ ਜਲਾਵਤਨੀ ਦੀ ਜ਼ਿੰਦਗੀ ਪਸੰਦ ਕੀਤੀ। ਉਹ ਕਲੱਕਤੇ ਵਿਖੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਸੰਪਰਕ ਵਿਚ ਆਏ। ਜਦੋਂ ਨੇਤਾ ਜੀ ਕਲਕਤਿਉਂ ਅਲੋਪ ਹੋ ਗਏ, ਉਨ੍ਹਾਂ ਨੂੰ ਪੁਛਗਿਛ ਅਤੇ ਮੁਕਦਮੇ ਲਈ ਕੈਦ ਕਰਕੇ ਲਾਹੌਰ ਕਿਲ੍ਹੇ ਵਿਚ ਲਿਆਂਦਾ ਗਿਆ। ਉਨ੍ਹਾਂ ਨੂੰ ਸੱਤਾਂ ਮਹੀਨਿਆਂ ਲਈ ਨਜ਼ਰਬੰਦ ਰਖਿਆ ਗਿਆ ਉਹ ਨੌਂ ਸਾਲਾਂ ਤੋਂ ਵੱਧ ਸਮੇਂ ਲਈ ਜੇਲ੍ਹ ਵਿਚ ਰਹੇ। ਉਹ 1923 ਤੋਂ 1946 ਤਕ ਆਪਣੇ ਸੂਬੇ ਤੋਂ ਜਲਾਵਤਨ ਵੀ ਰਹੇ।

ਪੰਜਾਬ ਦੇ ਉਦੋਂ ਦੇ ਮੁੱਖ ਮੰਤਰੀ ਸਵਰਗਵਾਸੀ ਸਰਦਾਰ ਪਰਤਾਪ ਸਿੰਘ ਕੈਰੋਂ ਨੇ ਉਨ੍ਹਾਂ ਨੂੰ ਸਰਗਰਮ ਸਿਆਸਤ ਵਿੱਚ ਹਿੱਸਾ ਲੈਣ ਲਈ ਪੰਜਾਬ ਵਿਚ ਆਉਣ ਲਈ ਦਾਅਵਤ ਦਿਤੀ। ਉਨ੍ਹਾਂ ਨੇ 1957 ਤੋਂ 1967 ਤਕ ਇਕ ਵਿਧਾਨਕਾਰ, ਉਪ-ਮੰਤਰੀ ਰਾਜ ਮੰਤਰੀ ਅਤੇ ਕੈਬਨਿਟ ਮੰਤਰੀ ਦੇ ਤੌਰ ਤੇ ਪੰਜਾਬ ਦੀ ਸੇਵਾ ਕੀਤੀ। ਪਿਛਲੇ ਸਾਲ ਉਹ ਪੰਜਾਬ ਵਿਧਾਨ ਸਭਾ ਚੋਣ ਹਲਕੇ ਤੋਂ ਰਾਜ ਸਭਾ ਲਈ ਚੁਣੇ ਗਏ। ਉਹ 1972 ਵਿਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਚੁਣੇ ਗਏ। ਉਹ ਪਿਛਲੇ ਚਾਰ ਸਾਲਾਂ ਤੋਂ ਵੀ ਵਧ ਸਮੇਂ ਲਈ ਪੰਜਾਬ ਕਾਂਗਰਸ ਦੇ ਲਗਾਤਾਰ ਪ੍ਰਧਾਨ ਰਹੇ। ਉਨ੍ਹਾਂ ਨੇ ਰਾਜ ਵਿਚਲੀਆਂ ਕਾਂਗਰਸ ਸਰਕਾਰਾਂ ਅਤੇ ਪੰਜਾਬ ਕਾਂਗਰਸ ਨੂੰ ਮਜ਼ਬੂਤ ਬਣਾਉਣ ਵਿਚ ਅਹਿਮ ਰੋਲ ਅਦਾ ਕੀਤਾ। ਉਨ੍ਹਾਂ ਨੂੰ ਇੱਕ ਪ੍ਰਬੰਧਕ ਦੇ ਤੌਰ ਤੇ ਡੂੰਘਾ ਤਜਰਬਾ ਸੀ ਅਤੇ ਇਕ ਮੰਤਰੀ ਦੇ ਤੌਰ ਤੇ ਉਹ ਰਾਜ ਸਰਕਾਰ ਦੇ ਸ਼ਕਤੀ ਥੰਮਾਂ ਵਿਚੋਂ ਇਕ ਸਨ। ਉਨ੍ਹਾਂ ਨੇ ਵਿਧਾਨ ਮੰਡਲ ਅਤੇ ਰਾਸ਼ਟਰ ਦੀ ਮੁਮਤਾਜ਼ ਖਿਦਮਤ ਕੀਤੀ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਉਹ 28 ਮਈ, 1976 ਨੂੰ ਅਕਾਲ ਚਲਾਣਾ ਕਰ ਗਏ । ਉਨ੍ਹਾਂ ਦੇ ਚਲਾਣੇ ਨਾਲ ਪੰਜਾਬ ਇਕ ਮਹਾਨ ਸੁਤੰਤਰਤਾ ਸੰਗਰਾਮੀਏ, ਦੇਸ਼ ਭਗਤ ਅਤੇ ਉਘੇ ਸਿਆਸਤਦਾਨ ਤੋਂ ਵਾਂਝਿਆ ਹੋ ਗਿਆ ਹੈ ।

ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਮਹਾਨ ਕਲਾਕਾਰ, ਚਿੱਤਰਕਾਰ ਸ੍ਰੀ ਐਸ. ਜੀ. ਠਾਕੁਰ ਸਿੰਘ ਇਸ ਸੰਸਾਰ ਤੋਂ ਚਲਦੇ ਹੋਏ ਹਨ। ਇਨ੍ਹਾਂ ਨੇ ਆਪਣੀ ਪ੍ਰਤਿਭਾਸ਼ਾਲੀ ਕਲਾ ਦੁਆਰਾ ਕੌਮੀ ਅਤੇ ਕੌਮਾਂ-ਤਰੀ ਖੇਤਰ ਵਿਚ ਪ੍ਰਸਿੱਧਤਾ ਪ੍ਰਾਪਤ ਕੀਤੀ । ਉਨ੍ਹਾਂ ਨੇ ਆਪਣੀ ਕਲਾ ਦੁਆਰਾ ਪੁਰਾਤਨ ਅਤੇ ਨਵੀਨ ਪੰਜਾਬ ਦੀ ਸਮਾਜਕ, ਆਰਥਿਕ ਅਤੇ ਸੋਸ਼ਲ ਸੇਵਾ ਵਿਚ ਆਪਣੀ ਚਿੱਤਰਕਾਰੀ ਨਾਲ ਤਰਜਮਾਨੀ ਕੀਤੀ । ਸ੍ਰੀ ਐਸ. ਜੀ. ਠਾਕੁਰ ਸਿੰਘ ਜੀ ਨੇ ਪੰਜਾਬ ਦੇ ਖੂਬਸੂਰਤ ਕੁਦਰਤੀ ਨਜ਼ਾਰਿਆਂ ਨੂੰ ਆਪਣੇ ਹੱਥਾਂ ਨਾਲ ਚਿਤ-ਰਿਆ । ਉਨ੍ਹਾਂ ਨੇ ਪੰਜਾਬ ਦੀ ਸਭਿਅਤਾ ਦੇ ਮੂੰਹ ਬੋਲਦੇ ਚਿੱਤਰ ਵੀ ਉਲੀਕੇ ਹਨ ।

ਇਨ੍ਹਾਂ ਨੇ ਚਿੱਤਰਕਾਰ ਦੇ ਤੌਰ ਤੇ ਆਪਣਾ ਜੀਵਨ ਬੰਬਈ ਅਤੇ ਕਲਕੱਤੇ ਦੀ ਇੱਕ ਨਾਟਕ ਕੰਪਨੀ ਨਾਲ ਅਰੰਭਿਆ ਅਤੇ ਆਪਣੀ ਕਲਾ ਸਦਕਾ ਅਤਿਅੰਤ ਨਿਪੁੰਣਤਾ ਪ੍ਰਾਪਤ ਕੀਤੀ ਜਿਸ ਨਾਲ ਸ਼ੋਹਰਤ ਅਤੇ ਕਾਮਯਾਬੀ ਨੇ ਉਨ੍ਹਾਂ ਦੇ ਕਦਮ ਚੁੰਮੇ ।

ਕਲਕੱਤੇ ਵਿਚ ਉਹ ਰਾਬਿੰਦਰ ਨਾਥ ਟੈਗੋਰ ਦੇ ਸੰਪਰਕ ਵਿਚ ਆਏ ਜਿਨ੍ਹਾਂ ਨੇ ਉਨ੍ਹਾਂ ਨੂੰ ਇਸ ਲਈ ਪ੍ਰੇਰਿਆ ਕਿ ਉਹ ਕਲਾ ਦਾ ਪ੍ਰਚਾਰ ਅਤੇ ਪ੍ਰਸਾਰ ਪੰਜਾਬ ਵਿਚ ਜਾ ਕੇ ਕਰਨ । ਇਸ ਪ੍ਰੇਰਨਾ ਤੋਂ ਪ੍ਰਭਾਵਿਤ ਹੋਕੇ ਉਨ੍ਹਾਂ ਨੇ ਇੰਡੀਅਨ ਅਕੈਡਮੀ ਆਫ ਫਾਈਨ ਆਰਟਸ ਅਤੇ ਠਾਕੁਰ ਸਿੰਘ ਕਾਲਜ ਆਫ ਆਰਟ, ਅੰਮ੍ਰਿਤਸਰ ਦੀ ਸਥਾਪਨਾ ਕੀਤੀ । ਮਾਲਵੀਆਂ ਰੋਡ ਤੇ ਅਕੈਡਮੀ ਦੀਆਂ ਕਲਾ ਗੈਲਰੀਆਂ ਉਨ੍ਹਾਂ ਦੀ ਚਿੱਤਰਕਾਰੀ ਦੀਆਂ ਸਥਾਈ ਯਾਦਗਾਰਾਂ ਰਹਿਣਗੀਆਂ । ਉਨ੍ਹਾਂ ਨੇ ਰੂਸ ਅਤੇ ਕੁਝ ਹੋਰ ਯੂਰਪੀ ਦੇਸ਼ਾਂ ਦਾ ਦੌਰਾ ਕੀਤਾ ਅਤੇ ਆਪਣੇ ਚਿੱਤਰਾਂ ਦੀ ਪ੍ਰਦਰਸ਼ਨੀ ਲਾਈ । ਕਲਾ ਪ੍ਰਤੀ ਉਨ੍ਹਾਂ ਦੀ ਲਗਨ ਸਦਕੇ ਸੰਨ 1973 ਵਿਚ ਉਨ੍ਹਾਂ ਨੂੰ ਪਦਮਸ਼੍ਰੀ ਦਾ ਖਿਤਾਬ ਦਿੱਤਾ ਗਿਆ ।

ਉਨ੍ਹਾਂ ਦੇ ਇਕ ਚਿੱਤਰ ਨੇ 1924 ਵਿਚ ਲੰਦਨ ਦੀ ਬ੍ਰਿਟਿਸ਼ ਐਮਪਾਇਰ ਐਗਜ਼ੀਬੀਸ਼ਨ ਵਿਚ 800 ਪੌਂਡ ਦਾ ਇਨਾਮ ਜਿਤਿਆ । ਉਨ੍ਹਾਂ ਦੇ ਅਨੇਕ ਚਿੱਤਰਾਂ ਨੇ ਇਨਾਮ ਜਿੱਤੇ ਹਨ ਅਤੇ ਉਨ੍ਹਾਂ ਦੇ ਹਜ਼ਾਰਾਂ ਚਿੱਤਰ ਸਾਬਕਾ ਰਾਜਿਆਂ ਮਹਾਰਾਜਿਆਂ ਦੇ ਮਹਿਲਾਂ ਅਤੇ ਹੋਰ ਅਹਿਮ ਪਰਸਨੈਲੇਟੀਜ਼ ਦੇ ਘਰਾਂ ਦਾ ਸ਼ਿੰਗਾਰ ਬਣੇ ।

ਇੱਕ ਉਘਾ ਕਲਾਕਾਰ ਹੋਣ ਕਾਰਣ ਉਨ੍ਹਾਂ ਨੂੰ ਪੰਜਾਬ ਵਿਧਾਨ ਪ੍ਰੀਸ਼ਦ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਇੱਕ ਵਿਧਾਨਕਾਰ ਦੇ ਤੌਰ ਤੇ ਉਨ੍ਹਾਂ ਨੇ ਨਿਤਾਣੇ ਅਤੇ ਨਿਮਾਣੇ ਲੋਕਾਂ ਦਾ ਹਮੇਸ਼ਾਂ ਹੀ ਪੱਖ ਪੂਰਿਆ । 2 ਜੁਲਾਈ, 1976 ਨੂੰ ਹੋਈ ਉਨ੍ਹਾਂ ਦੀ ਮਿਰਤੂ ਕਾਰਣ ਪੰਜਾਬ ਇੱਕ ਉਘੇ ਕਲਾਕਾਰ ਤੋਂ ਮਹਿਰੂਮ ਹੋ ਗਿਆ, ਜਿਸ ਨੇ ਪੰਜਾਬ ਅਤੇ ਪੰਜਾਬੀਆਂ ਦੇ ਜੀਵਨ ਦੀ ਕਾਇਆ-ਕਲਪ ਕਰਕੇ ਉਸਨੂੰ ਵਧੇਰੇ ਰੰਗੀਨ ਬਣਾਇਆ ਅਤੇ ਚਿੱਤਰਕਾਰੀ ਦੇ ਅਜੋਕੇ ਝੁਕਾਅ ਵਿਚ ਉਤਸ਼ਾਹ ਭਰਿਆ । ਉਹ ਸਿਰਫ ਪੰਜਾਬੀਆਂ ਦੇ ਦਿਲਾਂ ਵਿਚੋਂ ਹੀ ਨਹੀਂ ਬਲਕਿ ਸਾਰੇ ਦੇਸ਼ ਦੇ ਕਲਾਕਾਰਾਂ ਦੇ ਦਿਲਾਂ ਵਿਚ ਹਮੇਸ਼ਾਂ ਯਾਦ ਰਹਿਣਗੇ ।

ਸਪੀਕਰ ਸਾਹਿਬ, ਸਾਡੇ ਜਨਾਬ ਅਬਦੁਲ ਗਫਾਰ ਖਾਨ ਜੋ ਕਿ ਬਹੁਤ ਮਜ਼ਬੂਤ ਇਰਾਦੇ ਦੇ, ਦ੍ਰਿੜ੍ਹ ਵਿਸ਼ਵਾਸ ਵਾਲੇ ਕੌਮੀ ਨੇਤਾ ਸਨ ਉਨ੍ਹਾਂ ਨੇ ਫਿਰਕਾਦਾਰੀ ਦੇ ਖਿਲਾਫ ਜੋ ਮੁਸੱਮਮ ਇਰਾਦੇ ਨਾਲ ਜੀਵਨ ਬਤੀਤ ਕੀਤਾ ਹੈ, ਇਸ ਦੀ ਮਿਸਾਲ ਬਹੁਤ ਘਟ ਮਿਲਦੀ ਹੈ।

Original with;
Punjab Vidhan Sabha
Digitized by;
Panjab Digital Library

ਉਹ ਆਜ਼ਾਦੀ ਦੀ ਲੜਾਈ ਦੇ ਇਕ ਜੁਸ਼ੀਲੇ ਘੁਲਾਟੀਏ ਸਨ । ਉਹ ਆਜ਼ਾਦੀ ਦੀ ਲਹਿਰ ਦੇ ਪ੍ਰੇਰਵਾਂ ਰਹੇ । ਗੁਲਾਮੀ ਦੇ ਸੰਗਲਾਂ ਤੋਂ ਮਾਤ-ਭੂਮੀ ਨੂੰ ਮੁਕਤ ਕਰਨ ਲਈ ਉਨ੍ਹਾਂ ਨੂੰ 1921 ਤੋਂ 1947 ਦੌਰਾਨ ਕਈ ਵਾਰ ਜੇਲ੍ਹ ਜਾਣਾ ਪਿਆ । ਉਹ ਨਾ ਕੇਵਲ ਇਕ ਸੁਘੜ ਸਿਆਸਤਦਾਨੀ ਦੇ ਰੂਪ ਵਿਚ ਅਮਰ ਹਨ ਬਲਕਿ ਸਮਾਜਕ ਅਤੇ ਸਭਿਆਚਾਰਕ ਗਿਆਨ ਦੇ ਵੀ ਭੰਡਾਰ ਸਨ । ਪ੍ਰਗਤੀਸ਼ੀਲ ਧਰਮ-ਨਿਰਪੇਖ ਅਤੇ ਰਾਸ਼ਟਰਵਾਦੀ ਵਿਚਾਰਾਂ ਕਰਕੇ ਸਮਾਜ ਵਿਚ ਉਨ੍ਹਾਂ ਦਾ ਬਹੁਤ ਸਨਮਾਨ ਸੀ ।

ਉਹ 1952 ਤੋਂ 1967 ਅਤੇ 1967 ਤੋਂ 1972 ਤਕ ਵਿਧਾਨ ਸਭਾ ਦੇ ਮੈਂਬਰ ਰਹੇ । ਸਾਂਝੇ ਪੰਜਾਬ ਦੀ ਵੰਡ ਪਿਛੋਂ ਸ੍ਰੀ ਅਬਦੁਲ ਗਫ਼ਾਰ ਖਾਨ ਹਰਿਆਣਾ ਮੰਤਰੀ-ਮੰਡਲ ਵਿਚ ਸ਼ਾਮਿਲ ਹੋ ਗਏ ਅਤੇ 2 ਸਾਲ ਦੇ ਛੋਟੇ ਜਿਹੇ ਸੇਵਾਕਾਲ ਦੇ ਦੌਰਾਨ ਅਨੇਕ ਵਿਭਾਗਾਂ ਦੇ ਇਨਚਾਰਜ-ਮੰਤਰੀ ਦੇ ਤੌਰ ਤੇ ਉਨ੍ਹਾਂ ਨੇ ਹਰਿਆਣੇ ਦੀ ਜਨਤਾ ਦੀ ਸੇਵਾ ਕੀਤੀ । 1972 ਵਿਚ ਉਨ੍ਹਾਂ ਨੇ ਰਾਜਨੀਤੀ ਤੋਂ ਸੰਨਿਆਸ ਲੈ ਲਿਆ । 1969 ਵਿਚ ਫਰੀਦਾਬਾਦ ਵਿਖੇ ਹੋਈ ਇੰਡੀਅਨ ਨੈਸ਼ਨਲ ਕਾਂਗਰਸ ਦੇ 72ਵੇਂ ਇਜਲਾਸ ਦੇ ਵਾਈਸ ਚੇਅਰਮੈਨ ਵੀ ਥਾਪੇ ਗਏ । ਉਹ ਕਈ ਸਾਲ ਅੰਬਾਲਾ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਰਹੇ ਅਤੇ 1971 ਤਕ ਸਰਵ-ਭਾਰਤੀ ਕਾਂਗਰਸ ਕਮੇਟੀ ਦੇ ਮੈਂਬਰ ਵੀ ਰਹੇ ।

ਉਨ੍ਹਾਂ ਨੇ ਆਮ ਜਨਤਾ ਨਾਲ ਸਾਂਝ ਪੈਦਾ ਕੀਤੀ । ਨਿਤਾਣੇ ਤੇ ਨਿਮਾਣੇ ਲੋਕਾਂ ਲਈ ਉਹ ਉਮੀਦ ਦੀ ਇਕ ਕਿਰਨ ਸਨ । ਉਹ ਦੇਸ਼ ਦੀਆਂ ਪ੍ਰਗਤੀਸ਼ੀਲ ਕਾਮਨਾਵਾਂ ਦੇ ਪ੍ਰਤੀਕ ਸਨ । ਉਨ੍ਹਾਂ ਨੇ ਧਰਮ ਨਿਰਪੇਖਤਾ, ਸਮਾਜਵਾਦ ਤੇ ਜਮਹੂਰੀਅਤ ਦੇ ਮਨੋਰਥਾਂ ਦੀ ਪ੍ਰਾਪਤੀ ਵਿਚ ਕਾਫੀ ਹਿੱਸਾ ਪਾਇਆ ।

ਸ੍ਰੀ ਅਬਦੁਲ ਗਫ਼ਾਰ ਖਾਨ ਇਕ ਅਜਿਹੀ ਸ਼ਖਸ਼ੀਅਤ ਸੀ ਜਿਹੜੇ ਪਾਕਿਸਤਾਨ ਦੇ ਬਣਨ ਦੇ ਬਾਅਦ ਹਿੰਦੁਸਤਾਨ ਵਿਚ ਰਹਿਣ ਲਈ ਦਰਿੜ੍ਹ ਵਿਸ਼ਵਾਸ਼ ਨਾਲ ਫੈਸਲਾ ਕਰਕੇ ਬੈਠੇ ਸਨ । ਉਨ੍ਹਾਂ ਦੇ ਪਰਿਵਾਰ ਉਨ੍ਹਾਂ ਦੇ ਦੋਸਤ ਮਿੱਤਰ ਸਭ ਚਲੇ ਗਏ ਸਨ ਔਰ ਇਹ ਇਕ ਸੈਕੂਲੇਰਿਜ਼ਮ ਦੇ ਹੱਕ ਦੀ ਗੱਲ ਸੀ ਕਿ ਉਹ ਇਕੋ ਹੀ ਵੋਟ ਉਸ ਹਲਕੇ ਵਿਚੋਂ ਸੀ ਔਰ ਉਸ ਹਲਕੇ ਦੇ ਵਿਚੋਂ ਉਹ ਵਿਧਾਨ ਸਭਾ ਦੇ ਮੈਂਬਰ ਬਣ ਕੇ ਆਉਂਦੇ ਰਹੇ । 16 ਜੂਨ, 1976 ਨੂੰ ਉਨ੍ਹਾਂ ਦਾ ਇੰਤਕਾਲ ਹੋ ਗਿਆ । ਵਿਸ਼ੇਸ਼ ਕਰਕੇ ਹਰਿਆਣੇ ਦੇ ਲੋਕ ਅਤੇ ਅਸੀਂ ਵੀ ਜਾਰੇਜੰਗੇ—ਆਜ਼ਾਦੀ ਦੇ ਜੁਸ਼ੀਲੇ ਘੁਲਾਟੀਏ, ਲਾਸਾਨੀ ਪ੍ਰਤਿਭਾਵਾਨ ਵਿਅੱਕਤੀ ਅਤੇ ਲਤਾੜੇ ਹੋਏ ਲੋਕਾਂ ਦੇ ਸੱਚੇ ਮਿੱਤਰ ਦੀਆਂ ਸੇਵਾਵਾਂ ਤੋਂ ਮਹਿਰੂਮ ਹੋ ਗਏ ਹਾਂ ।

ਸਪੀਕਰ ਸਾਹਿਬ, ਸਰਦਾਰ ਸੁਚੇਤ ਸਿੰਘ ਸੰਵਿਧਾਨ ਸਭਾ ਦੇ ਮੈਂਬਰ ਰਹੇ ਸਨ ਅਤੇ ਪੈਪਸੂ ਦੇ ਵਿਚੋਂ ਕੰਸਟੀਚਿਊਐਂਟ ਅਸੈਂਬਲੀ ਦੇ ਮੈਂਬਰ ਬਣ ਕੇ ਉਨ੍ਹਾਂ ਨੇ ਦੇਸ਼ ਦੇ ਵਿਧਾਨ ਦੇ ਉਤੇ ਜੋ ਸੰਪੂਰਨ ਹੋਇਆ ਉਸ ਉਪਰ ਉਨ੍ਹਾਂ ਦੇ ਦਸਤਖਤ ਹਨ । 26 ਜਨਵਰੀ, 1950 ਨੂੰ ਉਹ ਪਹਿਲ। ਸੰਸਦ ਦੇ ਮੈਂਬਰ ਬਣੇ । ਉਹ ਸਰਵ-ਭਾਰਤੀ ਕਿਸਾਨ ਫੋਰਮ ਦੇ ਜਨਰਲ ਸਕਤਰ ਰਹੇ । ਆਪ ਪੰਜਾਬ ਵਿਚ ਕਰਬੰਦੀ ਦੇ ਢਾਂਚੇ ਨੂੰ ਯੋਗ ਤੇ ਮੁਕਤੀ-ਪੂਰਨ ਰੂਪ ਪ੍ਰਦਾਨ ਕਰਨ ਲਈ ਬਣਾਈ ਗਈ ਕਰਬੰਦੀ ਇਨ-ਕੁਆਇਰੀ ਕਮੇਟੀ ਦੇ ਮੈਂਬਰ ਵੀ ਰਹੇ । ਉਨ੍ਹਾਂ ਨੇ ਪਹਿਲਾਂ ਡਾਇਰੈਕਟਰ, ਪੈਪਸੂ ਰਾਜ ਸਹਿਕਾਰੀ ਬੈਂਕ ਅਤੇ ਬਾਅਦ ਵਿਚ ਡਾਇਰੈਕਟਰ, ਪੰਜਾਬ ਰਾਜ ਸਹਿਕਾਰੀ ਬੈਂਕ ਦੇ ਅਹੁਦੇ ਤੇ ਸਹਿਕਾਰਤਾ ਦੇ ਖੇਤਰ ਵਿਚ ਉਘੀ ਸੇਵਾ ਕੀਤੀ ।

ਉਨ੍ਹਾਂ ਦਾ ਜਨਮ 1905 ਵਿਚ ਹੋਇਆ ਅਤੇ ਅੰਗਰੇਜ਼ੀ ਵਿਚ ਐਮ. ਏ. ਪਾਸ ਕਰਨ ਉਪਰੰਤ ਉਹ ਉਚੇਰੀ ਵਿਦਿਆ ਲਈ ਇੰਗਲੈਂਡ ਚਲੇ ਗਏ ਅਤੇ ਆਈ. ਸੀ. ਐਸ. ਦੀ ਲਿਖਤੀ ਪ੍ਰੀਖਿਆ ਪਾਸ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕੀਤੀ। ਉਹ ਡਿਪਟੀ ਇਨਸਪੈਕਟਰ ਜਨਰਲ, ਪੁਲਿਸ, ਕਪੂਰਥਲਾ ਦੇ ਅਹੁਦੇ ਤਕ ਪੁਜੇ। ਉਨ੍ਹਾਂ ਦੀ ਮੌਤ 31 ਅਗੱਸਤ, 1976 ਨੂੰ ਹੋਈ ਜਿਸ ਕਾਰਣ ਅਸੀਂ ਇਕ ਸੁਲਝੇ ਹੋਏ ਪਾਰਲੀਮੈਂਟੇਰੀਅਨ ਅਤੇ ਇਨਟੈਲੀਜੈਂਟ ਸ਼ਖਸੀਅਤ ਤੋਂ ਹਮੇਸ਼ਾਂ ਲਈ ਵਾਂਝੇ ਹੋ ਗਏ ਹਾਂ।

ਸਪੀਕਰ ਸਾਹਿਬ, ਸ੍ਰੀ ਜੇ. ਜੇ. ਸਿੰਘ ਯੂਨਾਈਟਿਡ ਸਟੇਟਸ ਵਿਚ ਇੰਡੀਅਨ ਲੀਗ ਦੇ ਸਾਬਕਾ ਸਭਾਪਤੀ ਸਨ। ਉਹ ਇਕ ਇੰਟਰਨੈਸ਼ਨਲ ਸ਼ੋਹਰਤ ਦੇ ਮਾਲਕ ਸਨ ਔਰ ਪੰਜਾਬ ਤੇ ਹਰਿਆਣੇ ਤੇ ਉਨ੍ਹਾਂ ਨੂੰ ਬੜਾ ਮਾਣ ਸੀ। ਉਹ ਇਕ ਦੇਸ਼—ਭਗਤ ਤੇ ਸਿਆਸਤਦਾਨ ਸਨ। ਉਹ ਭਾਰਤ ਦੀ ਆਜ਼ਾਦੀ ਦੇ ਇਕ ਮਹਾਨ ਅਲੰਬਰਦਾਰ, ਆਦਰਸ਼ਵਾਦੀ, ਪੱਕੇ ਇਰਾਦੇ ਵਾਲੇ ਵਿਅੱਕਤੀ ਸਨ। ਉਨ੍ਹਾਂ ਨੇ ਸੁਤੰਤਰਤਾ ਸੰਗਰਾਮ ਦੇ ਦੌਰਾਨ ਅਮਰੀਕਾ ਵਿਚ ਭਾਰਤ ਦੇ ਪੱਖ ਵਿਚ ਇਕ ਵਾਤਾਵਰਣ ਪੈਦਾ ਕੀਤਾ ਅਤੇ ਉਥੋਂ ਦੇ ਲੋਕਾਂ ਨੂੰ ਇਸ ਬਾਰੇ ਜਾਣੂ ਕਰਾਇਆ। ਜਿਸ ਤੋਂ ਅਮਰੀਕਨ ਸਰਕਾਰ ਤੇ ਅਮਰੀਕਾ ਦੇ ਲੋਕ ਸਾਡੀ ਜੰਗੇ ਆਜ਼ਾਦੀ ਦੇ ਹਿੱਤ ਵਿਚ ਆਪਣੇ ਵਲੋਂ ਹੁੰਗਾਰਾ ਭਰਦੇ ਸਨ। ਉਨ੍ਹਾਂ ਨੇ ਲੋਕਾਂ ਨੂੰ ਸਾਡੇ ਹਾਲਾਤ ਤੋਂ ਜਾਣੂ ਕਰਾਉਣ ਵਾਸਤੇ ਦਿਨ ਰਾਤ ਇਕ ਕਰਕੇ ਕੰਮ ਕੀਤਾ। ਉਨ੍ਹਾਂ ਦੀ ਜ਼ਿੰਦਗੀ ਇਕ ਅਨਮੋਲਕ ਹੀਰੇ ਵਾਂਗ ਸੀ ਔਰ ਇਨਟੈਲੀਜੈਂਸੀ ਵਿਚ ਉਹ ਬਹੁਤ ਹੀ ਸਤਿਕਾਰੇ ਤੇ ਸਨਮਾਨੇ ਜਾਂਦੇ ਸਨ। ਆਜ਼ਾਦੀ ਦੇ ਬਾਅਦ ਭੀ ਉਨ੍ਹਾਂ ਨੇ ਅਣਥੱਕ ਸੇਵਾ ਕੀਤੀ ਔਰ ਕਿਸੇ ਪ੍ਰਕਾਰ ਦਾ ਵੀ ਔਹੁਦਾ ਕਬੂਲ ਕਰਨ ਵਾਸਤੇ ਉਨ੍ਹਾਂ ਨੇ ਨਾਂਹ ਕੀਤੀ ਸੀ ਸਗੋਂ ਜਦੋਂ ਕੋਈ ਵੀ ਚੀਜ਼ ਉਨ੍ਹਾਂ ਨੂੰ ਔਫਰ ਹੋਈ ਤਾਂ ਉਨ੍ਹਾਂ ਨੇ ਹਮੇਸ਼ਾਂ ਇਹ ਆਖਿਆ ਕਿ ਮੈਂ ਸਾਰੀਆਂ ਚੀਜ਼ਾਂ ਦੀ ਪੂਰਤੀ ਕਰ ਲਈ ਹੈ। ਮੈਂ ਆਪਣੇ ਵਤਨ ਨੂੰ ਆਜ਼ਾਦ ਰਖਣਾ ਹੈ ਔਰ ਆਜ਼ਾਦੀ ਦੇ ਬਾਅਦ ਫਿਰ ਕਦੇ ਉਨ੍ਹਾਂ ਨੇ ਬਿਦੇਸ਼ਾਂ ਵਿਚ ਰਹਿਣ ਦਾ ਖਿਆਲ ਨਹੀਂ ਕੀਤਾ ਔਰ ਆਪਣੇ ਵਤਨ ਵਿਚ ਹੀ ਰਹੇ। ਉਨ੍ਹਾਂ ਦੀ ਮੌਤ 7 ਅਗਸੱਤ, 1976 ਨੂੰ ਹੋਈ। ਉਨ੍ਹਾਂ ਦੀ ਮੌਤ ਨਾਲ ਦੇਸ਼ ਇਕ ਪੁਰਾਣੇ ਸੁਲਝੇ ਹੋਏ ਸੁਤੰਤਰਤਾ ਸੰਗਰਾਮੀਏ ਔਰ ਇੰਟਰਨੈਸ਼ਨਲ ਸ਼ੋਹਰਤ ਦੇ ਮਾਲਕ ਤੋਂ ਵਾਂਝਿਆਂ ਹੋ ਗਿਆ ਹੈ। ਉਨ੍ਹਾਂ ਦੀ ਮੌਤ ਨਾਲ ਸਾਨੂੰ ਬਹੁਤ ਵਡਾ ਘਾਟਾ ਪਿਆ ਹੈ।

ਸਪੀਕਰ ਸਾਹਿਬ, ਕਾਜ਼ੀ ਨਜ਼ਰੂਲ ਇਸਲਾਮ ਵੀ ਸਾਡੇ ਦੇਸ਼ ਦੇ ਇਕ ਬਹੁਤ ਉਚ ਕੋਟੀ ਦੇ ਸ਼ਾਇਰ ਸਨ ਔਰ ਉਨ੍ਹਾਂ ਦਾ ਚਲਾਣਾ ਕਰ ਜਾਣਾ ਸਾਡੇ ਲਈ ਬਹੁਤ ਦੁਖਦਾਈ ਹੈ।

ਸਪੀਕਰ ਸਾਹਿਬ, ਇਸੇ ਤਰ੍ਹਾਂ ਕਾਮਰੇਡ ਟਿਕਾ ਰਾਮ ਸੁਖਨ ਸਨ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿਚ ਔਰ ਆਜ਼ਾਦੀ ਤੋਂ ਬਾਅਦ ਆਮ ਲੋਕਾਂ ਦੀ ਸੇਵਾ ਵਿਚ ਨਿਧੜਕਤਾ ਨਾਲ ਅਣਥੱਕ ਸੇਵਾ ਕਰਕੇ ਆਪਣਾ ਨਾਮ ਪੈਦਾ ਕੀਤਾ ਸੀ। ਉਹ ਭੀ ਅਕਾਲ ਚਲਾਣਾ ਕਰ ਗਏ ਹਨ। ਉਹ ਹਰਿਆਣੇ ਦੇ ਸੀ. ਪੀ. ਆਈ. ਹਰਿਆਣਾ ਯੂਨਿਟ ਦੇ ਨੇਤਾ ਸਨ ਔਰ ਉਨ੍ਹਾਂ ਦੀਆਂ ਘਾਲਣਾ ਨਾਲ ਪੰਜਾਬ ਤੇ ਹਰਿਆਣਾ ਅਤੇ ਨਾਰਦਰਨ ਇੰਡੀਆਂ ਦੇ ਗਰੀਬ ਤਬਕਿਆਂ ਨੂੰ ਬੜਾ ਸਹਾਰਾ ਮਿਲਦਾ ਸੀ। ਉਨ੍ਹਾਂ ਨੇ ਹਮੇਸ਼ਾਂ ਹੀ ਕਿਸਾਨਾਂ,ਮਜ਼ਦੂਰਾਂ ਤੇ ਮਿਹਨਤਕਸ਼ ਲੋਕਾਂ ਦਾ ਪੱਖ ਪੂਰਿਆ ਸੀ ਔਰ ਉਨ੍ਹਾਂ ਦੀਂ ਨੁਮਾਇੰਦਗੀ ਦ੍ਰਿੜ੍ਹਤਾ ਨਾਲ ਉਹ ਕਰਦੇ ਰਹੇ। ਅੱਜ ਉਹ ਸਾਡੇ ਵਿਚੋਂ ਹਮੇਸ਼ਾਂ ਲਈ ਵਿਛੜ ਕੇ ਚਲੇ ਗਏ ਔਰ ਉਨ੍ਹਾਂ ਦੀ ਮੌਤ ਤੇ ਸਾਨੂੰ ਅਤਿਅੰਤ ਦੁੱਖ ਤੇ ਅਫਸੋਸ ਹੈ।

ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ ਕਿ ਇਨ੍ਹਾਂ ਸਾਰੀਆਂ ਵਿਛੜੀਆਂ ਸ਼ਖਸੀਅਤਾਂ ਦੇ ਪਰੀਵਾਰਾਂ ਨੂੰ ਇਸ ਸਦਨ ਦੇ ਵਲੋਂ ਸ਼ੋਕ ਦੇ ਮਤੇ ਦੀਆਂ ਕਾਪੀਆਂ ਭੇਜੀਆਂ ਜਾਣ ਤੇ ਸਾਡੇ ਜੋ ਸ਼ੋਕਮਈ ਹਨ ਉਨ੍ਹਾਂ ਤੋਂ ਉਨ੍ਹਾਂ ਦੇ ਪਰਿਵਾਰਾਂ ਨੂੰ ਜਾਣੂ ਕਰਵਾਇਆ ਜਾਵੇ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ ਕਿ ਇਸ ਸਦਨ ਦੇ ਸਾਰੇ ਮੈਂਬਰ ਸਾਹਿਬਾਨ, ਸਾਥੋਂ ਵਿਛੜੀਆਂ ਸਾਰੀਆਂ ਮਹਾਨ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਦੋ ਮਿੰਟ ਮੋਨ ਧਾਰਨ ਕਰਨ ਨਾਲ ਹੀ ਮੇਰੀ ਬੇਨਤੀ ਹੈ ਕਿ ਇਸ ਸਦਨ ਦੀ ਗਹਿਰੀ ਹਮਦਰਦੀ ਉਨ੍ਹਾਂ ਦੇ ਪਰੀਵਾਰਾਂ ਨੂੰ ਭਿਜਵਾਈ ਜਾਵੇ। ਔਰ ਅੱਜ ਦਾ ਜਿਹੜਾ ਹਾਊਸ ਹੈ ਉਸ ਨੂੰ ਇਕ ਘੰਟੇ ਵਾਸਤੇ ਐਡਜਰਨ ਕਰ ਦਿਓ।

**ਸ੍ਰੀਮਤੀ ਕੁਲਵੰਤ ਕੌਰ** (ਧਰਮਕੋਟ): ਸਪੀਕਰ ਸਾਹਿਬ, ਜਿਹੜਾ ਸ਼ੋਕ ਮੱਤਾ ਲੀਡਰ ਆਫ਼ ਦੀ ਹਾਊਸ ਨੇ ਇਸ ਸਦਨ ਵਿਚ ਰਖਿਆ ਹੈ, ਮੈਂ ਆਪਣੀ ਅਕਾਲੀ ਪਾਰਟੀ ਵਲੋਂ ਉਨ੍ਹਾਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਆਪਣੇ ਆਪ ਨੂੰ ਸ਼ਾਮਲ ਕਰਦੀ ਹਾਂ।

ਸਰਦਾਰ ਨਿਰੰਜਨ ਸਿੰਘ ਤਾਲਿਬ, ਜਿਹੜੇ ਸਾਡੇ ਪੰਜਾਬ ਦੇ ਬੜੇ ਉਘੇ ਲੀਡਰ ਸਨ ਉਨ੍ਹਾਂ ਦੇ ਦੇਹਾਂਤ ਨਾਲ ਸਾਨੂੰ ਬੜਾ ਘਾਟਾ ਪਿਆ ਹੈ। ਤਾਲਿਬ ਜੀ ਦਾ ਜਨਮ 1905 ਵਿੱਚ ਨਾਭਾ ਵਿਚ ਹੋਇਆ ਸੀ। ਮੁਢਲੀ ਸ਼ਿਖ਼ਸ਼ਾ ਨਾਭੇ ਵਿਚ ਪ੍ਰਾਪਤ ਕਰਕੇ ਉਸ ਤੋਂ ਬਾਅਦ ਖਾਲਸਾ ਕਾਲਜ ਲਾਹੌਰ ਵਿਚ ਥੱਰਡ ਈਅਰ ਵਿਚ ਪੜ੍ਹਦੇ ਸਨ ਜਦੋਂ ਨਨਕਾਣਾ ਸਾਹਿਬ ਦਾ ਵਾਕਿਆ ਹੋਇਆ। ਉਨ੍ਹਾਂ ਨੇ ਵੇਖਿਆ ਕਿ ਕਿਸ ਤਰ੍ਹਾਂ ਅੰਗਰੇਜ਼ ਸਾਡੇ ਹਿੰਦੁਸਤਾਨੀਆਂ ਤੇ ਜ਼ੁਲਮ ਔਰ ਤਸ਼ੱਦਦ ਕਰਦੇ ਹਨ। ਉਨ੍ਹਾਂ ਦੇ ਦਿਲ ਦਿਮਾਗ਼ ਤੇ ਇਸ ਘਟਨਾ ਦਾ ਕਾਫ਼ੀ ਅਸਰ ਪਿਆ ਅਤੇ ਉਨ੍ਹਾਂ ਨੇ ਪੜ੍ਹਾਈ ਛੱਡ ਦਿਤੀ ਅਤੇ ਸਿਆਸਤ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿਤਾ। ਉਨ੍ਹਾਂ ਨੇ ਲੋਕਾਂ ਦੀ ਬਹੁਤ ਸੇਵਾ ਕੀਤੀ। ਜਦੋਂ ਪਾਰਟੀਸ਼ਨ ਹੋਈ ਤਾਂ ਕਲਕੱਤੇ ਵਿਚ ਉਨ੍ਹਾਂ ਨੇ ਰਿਫਿਊਜੀਆਂ ਲਈ ਪੈਸੇ ਇੱਕਠੇ ਕੀਤੇ ਅਤੇ ਉਨ੍ਹਾਂ ਲਈ ਕਪੜੇ ਆਦਿ ਦਾ ਇੰਤਜ਼ਾਮ ਕੀਤਾ 1957 ਵਿਚ ਪਹਿਲੀ ਵਾਰ ਉਹ ਪੰਜਾਬ ਅਸੈਂਬਲੀ ਦੇ ਮੈਂਬਰ ਚੁਣੇ ਗਏ, ਫਿਰ 1959 ਵਿਚ ਡਿਪਟੀ ਮਨਿਸਟਰ ਵੀ ਬਣੇ। ਜਿਸ ਵਕਤ ਉਨ੍ਹਾਂ ਦਾ ਦੇਹਾਂਤ ਹੋਇਆ ਉਹ ਐਮ.ਪੀ. ਵੀ ਸਨ ਔਰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਵੀ ਸਨ। ਗਾਂਧੀ ਜੀ ਨੇ ਜਦੋਂ ਨਾ-ਮਿਲਵਰਤਨ ਲਹਿਰ ਚਲਾਈ ਤਾਂ ਤਾਲਿਬ ਜੀ ਨੇ ਉਸ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਉਨ੍ਹਾਂ ਦੇ ਚਲਾਣੇ ਨਾਲ ਸਾਡੇ ਪੰਜਾਬੀਆਂ ਨੂੰ ਬਹੁਤ ਘਾਟਾ ਪਿਆ ਹੈ ਅਤੇ ਉਹ ਘਾਟਾ ਅਸੀਂ ਪੂਰਾ ਨਹੀਂ ਕਰ ਸਕਦੇ।

ਉਸ ਤੋਂ ਬਾਅਦ ਐਸ. ਜੀ. ਠਾਕੁਰ ਸਿੰਘ ਜਿਹੜੇ ਕਿ ਸਾਬਕਾ ਐਮ. ਐਲ. ਸੀ. ਸਨ ਉਹ ਪਜਾਬ ਵਿਧਾਨ ਪ੍ਰਿਸ਼ਦ ਦੇ 5 ਸਾਲ ਮੈਂਬਰ ਰਹੇ। ਉਨ੍ਹਾਂ ਦੀ ਮ੍ਰਿਤੂ ਨਾਲ ਸਾਡੇ ਦਿਲਾਂ ਤੇ ਗਹਿਰਾ ਸਦਮਾ ਪਹੁੰਚਿਆ ਹੈ। ਉਹ ਇਕ ਵੱਡੇ ਕਲਾਕਾਰ ਸਨ। ਉਨ੍ਹਾਂ ਦੀਆਂ ਪੇਟਿੰਗਜ਼ ਬਾਹਰਲੇ ਮੁਲਕਾਂ ਵਿਚ ਬੜੀਆਂ ਮਸ਼ਹੂਰ ਸਨ। ਅੱਜ ਸਾਡੇ ਸੇਠਾਂ ਦੇ ਘਰਾਂ, ਰਾਜਿਆਂ ਦੇ ਘਰਾਂ ਅਤੇ ਪੇਟਿੰਗ ਗੈਲਰੀਆਂ ਵਿਚ ਉਨ੍ਹਾਂ ਦੀਆਂ ਪੇਟਿੰਗਜ਼ ਸੁਭਾ ਏਮਾਨ ਹਨ। ਉਨ੍ਹਾਂ ਨੇ ਪੇਟਿੰਗਜ਼ ਦੇ ਖੇਤਰ ਵਿਚ ਜੋ ਸੇਵਾ ਕੀਤੀ ਉਸ ਵਜੋਂ 1973 ਵਿਚ ਉਨ੍ਹਾਂ ਨੂੰ ਪਦਮਸ਼੍ਰੀ ਮਿਲਿਆ। ਉਨ੍ਹਾਂ ਦੀ ਮ੍ਰਿਤੂ ਦਾ ਸਾਨੂੰ ਬਹੁਤ ਘਾਟਾ ਪਿਆ ਹੈ। ਸ਼੍ਰੀ ਅਬਦੁਲ ਗਫ਼ਾਰ ਖ਼ਾਨ, ਜਿਨ੍ਹਾਂ ਦਾ ਜਨਮ ਲਹਾ ਪਿੰਡ ਜਿਲ੍ਹਾਂ ਅੰਬਾਲਾ ਵਿਚ ਹੋਇਆ; 1952 ਤੋਂ ਐਮ. ਐਲ. ਏ. ਚਲੇ ਆ ਰਹੇ ਸਨ। ਉਹ ਹਰਿਆਣਾ ਦੇ ਰਾਜ ਮੰਤਰੀ ਵੀ ਰਹੇ। ਉਨ੍ਹਾਂ ਨੂੰ ਵਿਦਿਆ ਦਾ ਬੜਾ ਸ਼ੌਕ ਸੀ ਅਤੇ ਉਨ੍ਹਾਂ ਨੇ ਵਿਦਿਆ ਦੇ ਖੇਤਰ ਵਿਚ ਬੜਾ ਕੰਮ ਕੀਤਾ ਅਤੇ ਪਿੰਡਾਂ ਵਿਚ ਵਿਦਿਆ ਦੇ ਵਾਸਤੇ ਸਕੂਲ ਖੋਲ੍ਹੇ ਅਤੇ ਕਈ ਸਕੂਲ ਅਪਗਰੇਡ ਕੀਤੇ। ਉਨ੍ਹਾਂ ਦੀ ਮ੍ਰਿਤੂ 16 ਜੂਨ, 1976 ਨੂੰ ਹੋ ਗਈ। ਇਹ ਘਾਟ ਪੂਰੀ ਨਾ ਹੋਣ ਵਾਲੀ ਹੈ।

ਸਪੀਕਰ ਸਾਹਿਬ, 31 ਅਗਸਤ, 1976 ਨੂੰ ਸਰਦਾਰ ਸੁਚੇਤ ਸਿੰਘ, ਜਿਨ੍ਹਾਂ ਤੇ ਪੰਜਾਬੀਆਂ ਨੂੰ ਬੜਾ ਨਾਜ਼ ਸੀ ਉਨ੍ਹਾਂ ਦਾ ਦੇਹਾਂਤ ਹੋ ਗਿਆ ਹੈ। ਉਹ ਕਪੂਰਥਲਾ ਦੇ ਰਹਿਣ ਵਾਲੇ ਸਨ। ਆਪਣੀ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਕੁਲਵੰਤ ਕੌਰ]

ਮੁਢਲੀ ਸਿਖਸ਼ਾ ਉਨ੍ਹਾਂ ਨੇ ਕਪੂਰਥਲਾ ਵਿਚ ਹੀ ਪਾਈ । 1928 ਵਿਚ ਉਨ੍ਹਾਂ ਨੇ ਇੰਗਲਿਸ਼ ਦੀ ਐਮ. ਏ. ਲਾਹੌਰ ਕਾਲਜ ਵਿਚ ਕੀਤੀ ਅਤੇ 1929 ਵਿਚ ਉਹ ਲੰਦਨ ਚਲੇ ਗਏ ਅਤੇ ਆਈ. ਸੀ. ਐਸ. ਕੀਤੀ। ਉਹ ਕਪੂਰਥਲਾ ਸਟੇਟ ਵਿਚ ਆਈ.ਜੀ. ਦੇ ਔਹਦੇ ਤੇ ਰਹੇ ਅਤੇ 1947 ਵਿਚ ਉਨ੍ਹਾਂ ਨੇ ਰਿਜ਼ਾਇਨ ਕਰ ਦਿਤਾ । ਉਨ੍ਹਾਂ ਨੇ ਕਪੂਰਥਲਾ ਵਿਚ ਪ੍ਰਜਾਮੰਡਲ ਦੀ ਨੀਂਹ ਰਖੀ ਅਤੇ ਉਹ ਆਲ ਇੰਡੀਆਂ ਕਾਂਗਰਸ ਦੇ ਮੈਂਬਰ ਰਹੇ ਅਤੇ ਕਾਂਸਟੀਚਿਊਐਂਟ ਅਸੈਂਬਲੀ ਦੇ ਮੈਂਬਰ ਵੀ ਰਹੇ । ਉਹ ਪੈਪਸੂ ਕੋਆਪਰੇਟਿਵ ਬੈਂਕ ਦੇ ਡਾਇਰੈਕਟਰ ਵੀ ਰਹੇ । ਸਪੀਕਰ ਸਾਹਿਬ, ਉਨ੍ਹਾਂ ਨੇ ਜ਼ਿਮੀਂਦਾਰਾਂ ਲਈ ਬੜਾ ਕੰਮ ਕੀਤਾ ਔਰ ਉਨ੍ਹਾਂ ਦੇ ਹਿਤਾਂ ਲਈ ਲੜਦੇ ਰਹੇ । ਉਨ੍ਹਾਂ ਨੇ ਜ਼ਮੀਨਾਂ ਦੀ ਸੀਲਿੰਗ ਦੇ ਖਿਲਾਫ਼ ਬੜੀ ਆਵਾਜ਼ ਉਠਾਈ। ਉਹ ਪੰਜਾਬ ਬਾਊਂਡਰੀ ਕਮਿਸ਼ਨ ਦੇ ਮੈਂਬਰ ਸਨ । ਉਹ ਬੜੇ ਲਾਇਕ ਆਦਮੀ ਸਨ । ਉਹ ਅੰਗਰੇਜ਼ੀ ਤੋਂ ਇਲਾਵਾ ਅਰਬੀ, ਹਿੰਦੀ, ਪੰਜਾਬੀ, ਫਾਰਸੀ, ਸੰਸਕ੍ਰਿਤ ਅਤੇ ਉਰਦੂ ਦੇ ਬੜੇ ਮਾਹਰ ਸਨ । ਇਹੋ ਜਿਹੇ ਵਿਅੱਕਤੀਆਂ ਦਾ ਇਸ ਸਮੇਂ ਸਾਡੇ ਵਿਚੋਂ ਉਠ ਜਾਣਾ ਦੇਸ਼ ਲਈ ਅਤੇ ਖਾਸ ਕਰਕੇ ਪੰਜਾਬੀਆਂ ਲਈ ਬਹੁਤ ਵੱਡੀ ਘਾਟ ਹੈ ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਜੇ. ਜੇ. ਸਿੰਘ ਜੀ ਜਿਹੜੇ ਚਲਾਣਾ ਕਰ ਗਏ ਹਨ ਮੈਂ ਉਨ੍ਹਾਂ ਨੂੰ ਵੀ ਇਸ ਪ੍ਰਸਤਾਵ ਵਿਚ ਸ਼ਾਮਲ ਕਰਦੀ ਹਾਂ ਔਰ ਵਾਹਿਗੁਰੂ ਅਗੇ ਬਨਤੀ ਕਰਦੀ ਹਾਂ ਕਿ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ ਅਤੇ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ । ਜਿਹੜੇ ਉਨ੍ਹਾਂ ਦੇ ਚੰਗੇ ਕੰਮ ਹਨ ਉਨ੍ਹਾਂ ਤੇ ਚਲਣ ਲਈ ਸਾਨੂੰ ਬਲ ਬਖਸ਼ੇ ਅਤੇ ਹਾਊਸ ਨੂੰ ਬੇਨਤੀ ਕਰਦੀ ਹਾਂ ਕਿ ਇਸ ਮਤੇ ਨੂੰ ਪਾਸ ਕੀਤਾ ਜਾਏ ।

**ਕਾਮਰੇਡ ਜੰਗੀਰ ਸਿੰਘ ਜੋਗਾ** (ਮਾਨਸਾ) : ਸਪੀਕਰ ਸਾਹਿਬ, ਜਿਹੜਾ ਮਤਾ ਚੀਫ ਮਨਿਸਟਰ ਸਾਹਿਬ ਨੇ ਰਖਿਆ ਹੈ ਸਾਡੀ ਪਾਰਟੀ ਉਸ ਮਤੇ ਦੇ ਨਾਲ ਤਹਿਦਿਲ ਤੋਂ ਸ਼ਾਮਲ ਹੁੰਦੀ ਹੈ। ਤਾਲਿਬ ਜੀ ਨੂੰ ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ । ਤਾਲਿਬ ਜੀ ਹਿੰਦੁਸਤਾਨ ਦੀ ਆਜ਼ਾਦੀ ਦੀ ਤਹਿਰੀਕ ਵਿਚ ਅਗਲੀ ਕਤਾਰ ਵਿਚ ਰਹੇ । ਆਪਣੇ ਪੰਜਾਬ ਨੂੰ ਲਾਮਵੰਦ ਕਰਨ ਲਈ ਜਿਹੜੇ ਪੰਜਾਬੀ ਪੰਜਾਬ ਵਿਚੋਂ ਬਾਹਰ ਰਹਿੰਦੇ ਸਨ ਉਨ੍ਹਾਂ ਲਈ ਦੇਸ਼ ਦਰਪਣ ਅਖ਼ਬਾਰ ਕੱਢਿਆ । ਆਜ਼ਾਦੀ ਦੀ ਜੰਗ ਵੇਲੇ ਆਪਣੀ ਕਲਮ ਨਾਲ ਮਜ਼ਮੂਨ ਲਿਖਦੇ ਰਹੇ। ਤਾਲਿਬ ਜੀ ਪੰਜਾਬ ਪਰਦੇਸ਼ ਕਾਂਗਰਸ ਦੇ ਪ੍ਰਧਾਨ ਸਨ ਔਰ ਪਾਰਲੀਮੈਂਟ ਦੇ ਮੈਂਬਰ ਵੀ ਸਨ ਔਰ ਇਸ ਤੋਂ ਪਹਿਲਾਂ ਉਹ ਸਾਡੀ ਵਿਧਾਨ ਸਭਾ ਦੇ ਮੈਂਬਰ ਰਹੇ ਔਰ ਇਥੇ ਮਨਿਸਟਰ ਦੇ ਤੌਰ ਤੇ ਕੰਮ ਕਰਦੇ ਰਹੇ । ਤਾਲਿਬ ਜੀ ਦੇ ਕੀਤੇ ਹੋਏ ਕੰਮਾਂ ਨੂੰ ਅਸੀਂ ਭੁਲਾ ਨਹੀਂ ਸਕਦੇ । ਮੈਨੂੰ ਲਾਹੌਰ ਦੇ ਕਿਲੇ ਵਿਚ ਉਨ੍ਹਾਂ ਦੇ ਨਾਲ ਰਹਿਣ ਦਾ ਮੌਕਾ ਮਿਲਿਆ । ਸੁਭਾਸ਼ ਚੰਦਰ ਬੋਸ ਨੂੰ ਕੱਢਣ ਲਈ ਜਦੋਂ ਉਨ੍ਹਾਂ ਨੂੰ ਲਾਹੌਰ ਕਿਲੇ ਵਿਚ ਰੱਖਿਆ ਗਿਆ ਸੀ, ਅਸੀਂ ਵੀ ਲਾਹੌਰ ਕਿਲੇ ਵਿਚ ਰਹਿੰਦੇ ਸੀ। ਮੈਂ ਸਮਝਦਾ ਹਾਂ ਕਿ ਅਜਿਹੇ ਇਕ ਬਜ਼ੁਰਗ ਦਾ ਔਰ ਜਿਹੜਾ ਦੇਸ਼ ਦੀ ਆਜ਼ਾਦੀ ਲਈ ਲੜਦਾ ਰਿਹਾ ਹੋਵੇ ਅਤੇ ਜਿਹੜਾ ਇੰਨਾ ਸੁਚੱਜਾ ਆਗੂ ਹੋਵੇ ਉਸ ਦਾ ਸਾਡੇ ਵਿਚੋਂ ਉਠ ਜਾਣਾ ਇਹ ਬਹੁਤ ਹੀ ਵਿਛੋੜੇ ਦਾ ਕਾਰਣ ਹੈ, ਇਹੋ ਨਹੀਂ ਬਲਕਿ ਪੰਜਾਬ ਨੂੰ ਜਿਹੜਾ ਘਾਟਾ ਪਿਆ ਹੈ ਉਹ ਪੂਰਾ ਨਹੀਂ ਹੋ ਸਕਦਾ ।

ਇਸ ਤਰ੍ਹਾਂ ਸਾਡੇ ਐਸ. ਜੀ. ਠਾਕੁਰ ਸਿੰਘ ਸਨ ਜਿਹੜੇ ਕਿ ਸਾਡੇ ਦੇਸ਼ ਦੇ ਬੜੇ ਉਘੇ ਕਲਾਕਾਰ ਸਨ । ਉਨ੍ਹਾਂ ਨੇ ਆਪਣੀ ਯੋਗਤਾ ਨੂੰ , ਆਪਣੀ ਵਿਦਵੱਤਾ ਨੂੰ ਪੇਂਟਿੰਗ ਰਾਹੀਂ ਉਜਾਗਰ ਕੀਤਾ । ਦੇਸ਼ ਦੇ ਅੰਦਰ ਜਿੰਨੇ ਵੱਡੇ ਵੱਡੇ ਵਾਕਿਆਤ ਹੁੰਦੇ ਹਨ ਉਨ੍ਹਾਂ ਸਾਰਿਆਂ ਉਤੇ ਆਪਣੀ ਪੇਂਟਿੰਗ ਨੂੰ ਚੜ੍ਹਾ ਕੇ ਕਈ ਜਗ੍ਹਾ ਗੈਲਰੀਆਂ ਵਿਚ ਉਨ੍ਹਾਂ ਦੇ ਨਮੂਨੇ ਭੇਜੇ ਹਨ । ਆਰਟਿਸਟਸ ਦੇਸ਼ ਵਾਸਤੇ ਬਹੁਤ ਜ਼ਰੂਰੀ ਹਨ ਤਾਂਕਿ ਜਿਹੜੀਆਂ ਸਾਡੀਆਂ ਤਹਿਰੀਕਾਂ ਚਲਦੀਆਂ ਹਨ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੂੰ ਉਹ ਉਘਾੜ ਸਕਣ । ਤੁਸੀਂ ਦਿੱਲੀ, ਚੰਡੀਗੜ੍ਹ ਅਤੇ ਹੋਰ ਕਈ ਥਾਵਾਂ ਤੇ ਚਲੇ ਜਾਵੋ ਤੁਹਾਨੂੰ ਉਨ੍ਹਾਂ ਦੀਆਂ ਕਾਫੀ ਤਸਵੀਰਾਂ ਦੇਖਣ ਨੂੰ ਮਿਲਣਗੀਆਂ ਅਤੇ ਉਹ ਸਾਡੇ ਤੇ ਬੜਾ ਅਸਰ ਕਰਦੀਆਂ ਹਨ । ਉਨ੍ਹਾਂ ਦਾ ਸਾਡੇ ਵਿਚੋਂ ਵਿਛੜ ਜਾਣਾ ਇਕ ਬੜੀ ਭਾਰੀ ਘਾਟ ਹੈ; ਕਿਉਂਕਿ ਇਸ ਕਿਸਮ ਦੇ ਜਿਹੜੇ ਆਰਟਿਸਟਸ ਹੁੰਦੇ ਹਨ ਉਹ ਦੇਸ਼ ਵਿਚ ਬਹੁਤ **ਘੱਟ** ਵੇਖਣ ਵਿਚ ਆਉਂਦੇ ਹਨ ।

ਇਸੇ ਤਰ੍ਹਾਂ ਸ੍ਰੀ ਅਬਦੁਲ ਗਫ਼ਾਰ ਖਾਨ ਸਾਡੀ ਪੰਜਾਬ ਦੀ ਅਸੈਂਬਲੀ ਦੇ ਮੈਂਬਰ ਰਹੇ ਔਰ ਕਾਫੀ ਦੇਰ ਤਕ ਸਾਡੇ ਨਾਲ ਪੰਜਾਬ ਵਿਚ ਇਕੱਠੇ ਰਹੇ । ਇਸ ਵੇਲੇ ਵੀ ਉਹ ਹਰਿਆਣਾ ਵਿਧਾਨ ਸਭਾ ਵਿਚ ਮੈਂਬਰ ਸਨ । ਉਨ੍ਹਾਂ ਨੇ ਹਮੇਸ਼ਾ ਫਿਰਕੇਦਾਰੀ ਦੇ ਖਿਲਾਫ਼ ਆਵਾਜ਼ ਉਠਾਈ । ਮੁਸਲਮਾਨ ਇਥੇ ਅਕਲੀਅਤ ਵਿਚ ਹਨ । ਉਹ ਸਾਰੀ ਉਮਰ ਫ਼ਿਰਕਾਦਾਰੀ ਦੇ ਖਿਲਾਫ ਲੜਦੇ ਰਹੇ । ਇਸ ਦਾ ਮਤਲਬ ਇਹ ਨਹੀਂ ਕਿ ਉਹ ਆਪਣੇ ਆਪ ਨੂੰ ਇਥੋਂ ਤਕ ਹੀ ਮਹਿਦੂਦ ਕਰਦੇ ਰਹੇ । ਬਲਕਿ ਇਹ ਹੁੰਦਾ ਹੈ ਕਿ ਜਿਹੜੇ ਦੇਸ਼ ਦੇ ਵਿਚ ਬਹੁ-ਗਿਣਤੀ ਵਿਚ ਹੁੰਦੇ ਹਨ ਉਹ ਦੂਸਰੀਆਂ ਛੋਟੀਆਂ ਕੌਮਾਂ ਨੂੰ ਲਤਾੜਦੇ ਹਨ । ਇਸ ਫਿਰਕਾਦਾਰੀ ਦੇ ਖਿਲਾਫ ਹਮੇਸ਼ਾ ਨਿਧੜਕ ਹੋ ਕੇ ਉਹ ਇਥੇ ਅਵਾਜ਼ ਉਠਾਉਂਦੇ ਰਹੇ । ਉਹ ਜ਼ਬਾਨ ਤੇ ਬੜੇ ਪੱਕੇ ਸਨ । ਜਦੋਂ ਸਾਰੇ ਦੇਸ਼ ਵਿਚ ਹਿੰਦੀ ਜ਼ਬਾਨ ਚਲਦੀ ਸੀ ਉਸ ਵੇਲੇ ਪੰਜਾਬੀ ਸੂਬੇ ਦੀ ਤਹਿਰੀਕ ਵੀ ਚਲ ਰਹੀ ਸੀ । ਉਨ੍ਹਾਂ ਨੇ ਉਥੇ ਪੰਜਾਬੀ ਜ਼ਬਾਨ ਦੀ ਵਕਾਲਤ ਕੀਤੀ । ਇਹੋ ਜਿਹੇ ਬਜ਼ੁਰਗ ਦੇ ਸਾਡੇ ਕੋਲੋਂ ਵਿਛੜ ਜਾਣ ਨਾਲ, ਦੇਸ਼ ਨੂੰ ਬਹੁਤ ਘਾਟਾ ਪਿਆ ਹੈ ।

ਇਸੇ ਤਰ੍ਹਾਂ ਸਰਦਾਰ ਸੁਚੇਤ ਸਿੰਘ ਜੀ ਸਨ ਜਿਹੜੇ ਮੁਲਾਜ਼ਮਤ ਛੱਡ ਕੇ ਸਾਡੀ ਪ੍ਰਜਾਮੰਡਲ ਦੀ ਤਹਿਰੀਕ ਵਿਚ ਕਪੂਰਥਲਾ ਸਟੇਟ ਦੇ ਵਿੱਚ ਸ਼ਾਮਲ ਹੋਏ ਸਨ ਅਤੇ ਉਹ ਲਗਾਤਾਰ ਅਜ਼ਾਦੀ ਲਈ ਲੜਦੇ ਰਹੇ । ਜਿਸ ਵੇਲੇ ਕਾਂਸਟੀਚੂਐਂਟ ਅਸੈਂਬਲੀ ਬਣੀ ਉਸ ਵੇਲੇ ਕੁਝ ਨੁਮਾਇੰਦੇ ਰਾਜਿਆਂ ਵਲੋਂ ਭੇਜੇ ਗਏ ਸਨ, ਕੁਝ ਲੋਕਾਂ ਦੇ ਨੁਮਾਇੰਦੇ ਉਥੇ ਗਏ । ਪ੍ਰਜਾਮੰਡਲ ਨੇ ਆਪਣੇ ਵਲੋਂ ਉਨ੍ਹਾਂ ਨੂੰ ਕਾਂਸਟੀਚੂਐਂਟ ਅਸੈਂਬਲੀ ਵਿਚ ਭੇਜਿਆ ਅਤੇ ਉਹ ਆਪਣੀ ਯੋਗਤਾ ਦੇ ਨਾਲ ਉਥੇ ਕੰਮ ਕਰਦੇ ਰਹੇ ਅਤੇ ਉਨ੍ਹਾਂ ਦਾ ਵਿਛੜ ਜਾਣਾ ਵੀ ਸਾਡੇ ਦੇਸ਼ ਲਈ ਬਹੁਤ ਨੁਕਸਾਨਦੇਹ ਹੈ ।

ਇਸੇ ਤਰ੍ਹਾਂ ਕਾਜ਼ੀ ਨਜ਼ਰੁਲ ਇਸਲਾਮ, ਜਿਨ੍ਹਾਂ ਦੀਆਂ ਕਵਿਤਾਵਾਂ ਅਤੇ ਤਹਿਰੀਰਾਂ ਹਿੰਦੁਸਤਾਨੀਆਂ ਨੂੰ ਆਜ਼ਾਦੀ ਦੀ ਲੜਾਈ ਲੜਨ ਲਈ ਵੰਗਾਰਦੀਆਂ ਸਨ, ਸਾਡੇ ਕੋਲੋਂ ਵਿਛੜ ਗਏ ਹਨ । ਉਨ੍ਹਾਂ ਨੇ ਆਪਣੀ ਬੰਗਾਲੀ ਜ਼ਬਾਨ ਵਿਚ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਅਤੇ ਇਸ ਤਰ੍ਹਾਂ ਹਿੰਦੁਸਤਾਨੀਆਂ ਨੂੰ ਆਜ਼ਾਦੀ ਦੀ ਜੰਗ ਵਾਸਤੇ ਤਿਆਰ ਕੀਤਾ ਸੀ । ਉਹ ਲਗਾਤਾਰ ਦੋ ਸਾਲ ਤੋਂ ਬਿਮਾਰ ਚਲੇ ਆ ਰਹੇ ਸਨ । ਉਨ੍ਹਾਂ ਦਾ ਵੀ ਸਾਡੇ ਕੋਲੋਂ ਇਸ ਸਮੇਂ ਵਿਛੜ ਜਾਣਾ ਦੇਸ਼ ਲਈ ਬਹੁਤ ਵੱਡੀ ਹਾਨੀ ਹੈ । ਉਨ੍ਹਾਂ ਦੀਆਂ ਲਿਖੀਆਂ ਹੋਈਆਂ ਕਵਿਤਾਵਾਂ ਅਤੇ ਹੋਰ ਲਿਟਰੇਚਰ ਹਮੇਸ਼ਾ ਸਾਨੂੰ ਉਨ੍ਹਾਂ ਦੀ ਯਾਦ ਦਿਵਾਉਂਦਾ ਰਹੇਗਾ

ਸਪੀਕਰ ਸਾਹਿਬ, ਟਿਕਾਰਾਮ ਸੁਖਨ, ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਸਾਥੀ ਸਨ । ਇਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਬੜੀ ਅਣਥੱਕ ਘਾਲਣਾ ਘਾਲੀ । 10-15 ਸਾਲ ਜੇਲ੍ਹ ਵਿਚ ਰਹਿਣ ਤੋਂ ਬਾਅਦ ਜਦੋਂ ਉਹ ਜੇਲ੍ਹ ਤੋਂ ਬਾਹਰ ਆਏ ਤਾਂ ਵੀ ਦੇਸ਼ ਦੀ ਸੇਵਾ ਕਰਦੇ ਰਹੇ । ਉਹ ਕੁਰਬਾਨੀ ਦੇ ਪੁੰਜ ਸਨ । ਉਹ ਕਲਮ ਦੇ ਵੀ ਬੜੇ ਧਨੀ ਸਨ । ਉਨ੍ਹਾਂ ਨੇ ਦਿੱਲੀ ਤੋਂ 'ਨਯਾ ਦੌਰ' ਅਖਬਾਰ ਕੱਢਣਾ ਸ਼ੁਰੂ ਕੀਤਾ ਅਤੇ ਲਗਾਤਾਰ ਇਸ ਦੇ ਐਡੀਟਰ ਰਹੇ । ਜਿਸ ਵੇਲੇ ਸਾਡੇ ਸੂਬੇ ਦੀ

Original with;
Punjab Vidhan Sabha
Digitized by;
Panjab Digital Library

[ ਸਰਦਾਰ ਜੰਗੀਰ ਸਿੰਘ ਜੋਗਾ ]

ਵੰਡ ਹੋਈ, ਭਾਵੇਂ ਉਹ ਪੰਜਾਬੀ ਸਨ ਪਰ ਪਾਰਟੀ ਦੇ ਹੁਕਮ ਅਨੁਸਾਰ ਉਹ ਹਰਿਆਣੇ ਵਿਚ ਕੰਮ ਕਰਦੇ ਰਹੇ । ਉਥੇ ਉਨ੍ਹਾਂ ਨੇ ਕਮਿਊਨਿਸਟ ਪਾਰਟੀ ਦੇ ਸੈਕਟਰੀ ਦੇ ਤੌਰ ਤੇ ਲਗਾਤਾਰ ਸੇਵਾ ਕੀਤੀ । ਉਹ ਵੀ ਦੋ ਸਾਲ ਤੋਂ ਬਿਮਾਰ ਸਨ । ਕਦੇ ਪੀ.ਜੀ. ਆਈ., ਚੰਡੀਗੜ੍ਹ ਅਤੇ ਕਦੇ ਹਰਿਆਣਾ ਹਸਪਤਾਲਾਂ ਵਿਚ ਉਹ ਦਾਖਲ ਰਹੇ । ਉਨ੍ਹਾਂ ਦਾ ਵੀ ਇਸ ਵੇਲੇ ਸਾਡੇ ਕੋਲੋਂ ਵਿਛੜ ਜਾਣਾ ਬੜੇ ਦੁਖ ਦੀ ਗੱਲ ਹੈ । ਇਹ ਸਾਰੀਆਂ ਸ਼ਖ਼ਸੀਅਤਾਂ ਇਸ ਵੇਲੇ ਸਾਡੇ ਕੋਲੋਂ ਜੁਦਾ ਹੋ ਗਈਆਂ ਹਨ। ਇਨ੍ਹਾਂ ਦਾ ਘਾਟਾ ਵੀ ਨਾ ਪੂਰਾ ਹੋਣ ਵਾਲਾ ਹੈ । ਸਾਡੀ ਤਾਂ ਇਕੋ ਇਹ ਪ੍ਰਾਰਥਨਾ ਹੈ ਕਿ ਅਜਿਹੇ ਦੇਸ਼ ਭਗਤ ਹੋਰ ਪੈਦਾ ਹੋਣ ਤਾਂ ਕਿ ਉਹ ਆਪਣੇ ਦੇਸ਼ ਨੂੰ ਇਨ੍ਹਾਂ ਵਾਂਗ ਅੱਗੇ ਲੈ ਜਾ ਸਕਣ। ਦੇਸ਼ ਵਿਚ ਫਿਰਕਾਦਾਰੀ ਦੇ ਖਿਲਾਫ ਲੜਨ ਅਤੇ ਦੇਸ਼ ਦੀ ਹਾਲਤ ਨੂੰ ਸੁਧਾਰ ਕੇ ਹੋਰ ਉੱਚਾ ਕਰਨ । ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ; ਮੈਂ ਇਨ੍ਹਾਂ ਬਜ਼ੁਰਗਾਂ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, **ਐਸ. ਸੀ.**) : ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਜਿਹੜਾ ਸ਼ੋਕ ਪ੍ਰਸਤਾਵ ਲਿਆਂਦਾ ਹੈ, ਮੈਂ ਆਪਣੀ ਪਾਰਟੀ ਵਲੋਂ ਇਸ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ। ਤਾਲਿਬ ਜੀ, ਜਿਹੜੇ ਕਿ ਪ੍ਰਦੇਸ਼ ਕਾਂਗਰਸ ਪਾਰਟੀ ਦੇ ਪ੍ਰਧਾਨ ਸਨ, ਸਾਡੇ ਕੋਲੋਂ ਵਿਛੜ ਗਏ ਹਨ । ਉਹ ਨੇਤਾ, ਜਿਸ ਨੇ ਰਿਆਸਤੀ ਪ੍ਰਜਾਮੰਡਲ ਲਹਿਰ ਵਿਚ ਰਜਵਾੜਾਸ਼ਾਹੀ ਦੇ ਖਿਲਾਫ ਆਵਾਜ਼ ਉਠਾ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਪਣਾ ਤਨ ਮਨ ਲਾ ਦਿੱਤਾ ਸੀ ਉਹ ਸਾਡੇ ਕੋਲੋਂ ਵਿਛੜ ਗਏ ਹਨ। ਤਾਲਿਬ ਜੀ ਦਾ ਜਨਮ ਨਾਭੇ ਵਿਚ ਹੋਇਆ। ਜਦ ਉਹ ਕਾਲਜ ਵਿਚ ਪੜ੍ਹਦੇ ਸਨ ਉਸ ਵੇਲੇ ਤੋਂ ਲੈ ਕੇ ਉਨ੍ਹਾਂ ਨੇ ਦੇਸ਼ ਨੂੰ ਅਜ਼ਾਦ ਕਰਾਉਣ ਵਾਸਤੇ ਆਪਣਾ ਤਨ ਮਨ ਅਤੇ ਧਨ ਲਾ ਦਿੱਤਾ ਉਨ੍ਹਾਂ ਦਾ ਸਾਡੇ ਕੋਲੋਂ ਵਿਛੜ ਜਾਣਾ ਇਕ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਹੈ । ਮੈਂ ਉਨ੍ਹਾਂ ਦੀ ਮੌਤ ਤੇ ਆਪਣੀ ਪਾਰਟੀ ਵਲੋਂ ਇਸ ਸ਼ੋਕ ਵਿਚ ਸ਼ਰੀਕ ਹੁੰਦਾ ਹਾਂ ਅਤੇ ਨਾਲ ਹੀ ਇਹ ਸ਼ੋਕ ਮਤਾ ਉਨ੍ਹਾਂ ਦੇ ਪ੍ਰੀਵਾਰ ਨੂੰ ਭੇਜਣ ਦੀ ਵੀ ਤਾਈਦ ਕਰਦਾ ਹਾਂ ।

ਸਪੀਕਰ ਸਾਹਿਬ, ਸ੍ਰੀ ਐਸ.ਜੀ. ਠਾਕੁਰ ਸਿੰਘ, ਸਾਬਕਾ ਐਮ. ਐਲ. ਸੀ. ਸਨ । ਉਹ ਪੰਜ ਸਾਲ ਐਮ. ਐਲ. ਸੀ ਰਹੇ । ਉਹ ਇਕ ਬਹੁਤ ਵੱਡੇ ਕਲਾਕਾਰ ਸਨ । ਸਪੀਕਰ ਸਾਹਿਬ, ਕਲਾਕਾਰ ਆਪਣੇ ਦੇਸ਼ ਦੇ ਸਾਰੇ ਹਾਲਾਤ ਆਪਣੀ ਕਲਾ ਦੇ ਵਿਚ ਵਰਣਨ ਕਰ ਦਿੰਦੇ ਹਨ । ਉਹ ਮਹਾਨ ਕਲਾਕਾਰ ਜਿਸ ਨੇ ਸਾਰੀ ਦੁਨੀਆਂ ਵਿਚ ਆਪਣੇ ਦੇਸ਼ ਦਾ ਨਾਂ ਉੱਚਾ ਕੀਤਾ ਸੀ, ਸਾਡੇ ਕੋਲੋਂ ਵਿਛੜ ਗਿਆ ਹੈ ਅਤੇ ਇਸ ਨਾਲ ਸਾਡੇ ਮੁਲਕ ਨੂੰ ਬਹੁਤ ਵੱਡਾ ਘਾਟਾ ਪਿਆ ਹੈ ।

ਸ੍ਰੀ ਅਬਦੁਲ ਗ਼ਫਾਰ ਖਾਨ, ਪੰਜਾਬ ਦੇ ਸਾਬਕਾ ਐਮ. ਐਲ. ਏ. ਸਨ । ਇਨ੍ਹਾਂ ਨੇ ਆਪਣੀ ਜ਼ਿੰਦਗੀ ਫਿਰਕਾਪ੍ਰਸਤੀ ਦੇ ਖਿਲਾਫ ਲੜਾਈ ਲੜਨ ਵਿਚ ਲਾ ਦਿੱਤੀ ਸੀ । ਜਿਹੜੇ ਲੋਕ ਫਿਰਕਾਪ੍ਰਸਤ ਸਨ ਉਨ੍ਹਾਂ ਨੂੰ ਉਹ ਨਫਰਤ ਕਰਦੇ ਸਨ । ਉਹ ਹਰ ਇਕ ਨੂੰ ਬਰਾਬਰ ਸਮਝਦੇ ਸਨ। ਉਹ ਮਹਾਨ ਵਿਅਕਤੀ ਵੀ ਸਾਡੇ ਕੋਲੋਂ ਵਿਛੜ ਗਿਆ ਹੈ ।

ਸ੍ਰੀ ਸੁਚੇਤ ਸਿੰਘ, ਜਿਹੜੇ ਕਿ ਐਮ. ਪੀ. ਵੀ ਰਹੇ ਹਨ. ਉਹ ਕਪੂਰਥਲਾ ਰਿਆਸਤ ਵਿਚ ਆਈ. ਪੀ. ਐਸ. ਦੇ ਔਹਦੇ ਤੇ ਕੰਮ ਕਰਦੇ ਸਨ । ਕਿਉਂਕਿ ਉਹ ਰਜਵਾੜਾਸ਼ਾਹੀ ਦੇ ਖਿਲਾਫ ਸਨ, ਇਸਲਈ ਉਨ੍ਹਾਂ ਨੂੰ ਆਪਣੀ ਨੌਕਰੀ ਤੋਂ ਵੱਖ ਹੋਣਾ ਪਿਆ। ਦੇਸ਼ ਨੂੰ ਆਜ਼ਾਦ ਕਰਾਉਣ ਵਾਸਤੇ ਰਿਆਸਤੀ ਪ੍ਰਜਾਮੰਡਲ ਨੂੰ ਆਰਗਨਾਈਜ਼ ਕੀਤਾ ਅਤੇ ਲੋਕਾਂ ਨੂੰ ਪ੍ਰੇਰਣਾ ਦਿੱਤੀ ਕਿ ਕਿਸ ਤਰ੍ਹਾਂ ਅਸੀਂ ਆਪਣੇ ਦੇਸ਼ ਨੂੰ ਗੁਲਾਮੀ ਦੇ ਪੰਜੇ ਤੋਂ ਛੁੜਾ ਸਕਦੇ ਹਾਂ। ਉਨ੍ਹਾਂ ਦਾ ਸਾਡੇ ਕੋਲੋਂ ਵਿੱਛੜ ਜਾਣਾ ਵੀ ਬਹੁਤ ਦੁਖਦਾਈ ਹੈ ਅਤੇ ਨਾ ਪੂਰਾ ਹੋਣ ਵਾਲਾ ਘਾਟਾ ਹੈ ।

Original with;
Punjab Vidhan Sabha
Digitized by;
Panjab Digital Library

ਕਾਜ਼ੀ ਨਜ਼ਰੁਲ ਇਸਲਾਮ ਵੀ ਇੱਕ ਬਹੁਤ ਵੱਡੇ ਕਵੀ ਸਨ ਅਤੇ ਉਨ੍ਹਾਂ ਦੀਆਂ ਕਵਿਤਾਵਾਂ ਅਤੇ ਹੋਰ ਲਿਟਰੇਚਰ ਜਿਹੜਾ ਉਨ੍ਹਾਂ ਨੇ ਲਿਖਿਆ, ਉਨ੍ਹਾਂ ਨੇ ਦੇਸ਼ ਦੇ ਲੋਕਾਂ ਨੂੰ ਬੜਾ ਜਜ਼ਬਾ ਦਿੱਤਾ ਸੀ । ਉਹ ਆਜ਼ਾਦੀ ਦੀ ਤਹਿਰੀਕ ਵਿਚ ਇਸ ਤਰ੍ਹਾਂ ਦੀਆਂ ਕਵਿਤਾਵਾਂ ਲਿਖ ਕੇ ਲੋਕਾਂ ਨੂੰ ਜਾਗ੍ਰਿਤ ਕਰਦੇ ਸਨ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਅਜ਼ਾਦੀ ਦੀ ਤਹਿਰੀਕ ਵਿਚ ਬਹੁਤ ਵੱਡਾ ਹਿੱਸਾ ਪਾਇਆ, ਉਹ ਕੁਝ ਸਮੇਂ ਤੋਂ ਬਿਮਾਰ ਸਨ ਅਤੇ ਸਾਡੇ ਕੋਲੋਂ ਵਿਛੜ ਗਏ ਹਨ। ਉਨ੍ਹਾਂ ਦਾ ਵਿਛੜ ਜਾਣਾ ਵੀ ਨਾ ਪੂਰਾ ਹੋਣ ਵਾਲਾ ਘਾਟਾ ਹੈ ।

ਸਪੀਕਰ ਸਾਹਿਬ, ਸ੍ਰੀ ਟਿਕਾ ਰਾਮ ਸੁਖਨ, ਸੀ. ਪੀ, ਆਈ.ਦੇ ਲੀਡਰ ਸਨ ਅਤੇ ਪਾਰਟੀ ਦੇ ਆਦੇਸ਼ ਅਨੁਸਾਰ ਹਰਿਆਣੇ ਵਿਚ ਕੰਮ ਕਰਦੇ ਸਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇਸ਼ ਦੀ ਸੇਵਾ ਵਿਚ ਲਾ ਦਿੱਤੀ। ਉਹ ਵੀ ਸਾਡੇ ਕੋਲੋਂ ਵਿਛੜ ਗਏ ਹਨ।

ਸਪੀਕਰ ਸਾਹਿਬ, ਇਹ ਜਿਹੜੇ ਅਹਿਮ ਵਿਅਕਤੀ, ਰਾਜਨੀਤੀਵਾਨ, ਕਲਾਕਾਰ ਅਤੇ ਕਵੀ ਸਾਡੇ ਕੋਲੋਂ ਵਿਛੜ ਗਏ ਹਨ ਉਨ੍ਹਾਂ ਦਾ ਘਾਟਾ ਕਦੇ ਵੀ ਪੂਰਾ ਨਾ ਹੋਣ ਵਾਲਾ ਹੈ। ਮੈਂ ਉਨ੍ਹਾਂ ਨੂੰ ਸ਼ਰਧਾਜਲੀ ਦਿੰਦਾ ਹੋਇਆ ਇਹ ਕਹਾਂਗਾ ਕਿ ਉਨ੍ਹਾਂ ਦੇ ਕਾਰਨਾਮਿਆਂ ਨੂੰ ਪੂਰਾ ਕੀਤਾ ਜਾਵੇ ਤਾਕਿ ਸਾਡਾ ਦੇਸ਼ ਤਰੱਕੀ ਕਰ ਸਕੇ। ਮੈਂ ਆਪਣੀ ਪਾਰਟੀ ਵੱਲੋਂ ਇਸ ਸ਼ੋਕ ਪ੍ਰਸਤਾਵਾਂ ਵਿਚ ਸ਼ਾਮਲ ਹੁੰਦਾ ਹਾਂ ਅਤੇ ਇਹ ਸ਼ੋਕ ਮਤਾ ਉਨ੍ਹਾਂ ਮਹਾਨ ਸ਼ਖਸ਼ੀਅਤਾਂ ਦੇ ਪ੍ਰੀਵਾਰਾਂ ਨੂੰ ਵੀ ਭੇਜਣ ਲਈ ਅਪੀਲ ਕਰਦਾ ਹਾਂ।

**ਸ੍ਰੀ ਸਪੀਕਰ** : ਸਨਮਾਨ ਯੋਗ ਮੁੱਖ ਮੰਤਰੀ, ਪੰਜਾਬ ਲੀਡਰ ਆਫ ਦੀ ਹਾਊਸ ਨੇ ਜੋ ਸ਼ੋਕ ਪ੍ਰਸਤਾਵ ਸਵਰਗੀਯ ਨੇਤਾ,ਸ੍ਰੀ ਨਿਰੰਜਨ ਸਿੰਘ ਜੀ ਤਾਲਿਬ, ਸਾਬਕ ਪ੍ਰਧਾਨ, ਪ੍ਰਦੇਸ਼ ਕਾਂਗਰਸ, ਪੰਜਾਬ, ਤੇ ਮੈਂਬਰ ਰਾਜ ਸਭਾ, ਸ੍ਰੀ ਐਸ. ਜੀ. ਠਾਕੁਰ ਸਿੰਘ, ਸਾਬਕ ਐਮ. ਐਲ. ਸੀ., ਸ੍ਰੀ ਅਬਦੁਲ ਗਫਾਰ ਖਾਨ, ਸਾਬਕ ਐਮ. ਐਲ. ਏ. ਸ੍ਰੀ ਸੁਚੇਤ ਸਿੰਘ ਜੀ, ਸਾਬਕਾ ਮੈਂਬਰ, ਪਾਰਲੀਮੈਂਟ, ਸ੍ਰੀ ਜੇ, ਜੇ. ਸਿੰਘ, ਕਾਜ਼ੀ ਨਜ਼ਰੁਲ ਇਸਲਾਮ ਅਤੇ ਸ੍ਰੀ ਟਿੱਕਾ ਰਾਮ ਸੁਖਨ, ਜੀ ਦੀ ਬੇਵਕਤ ਜੁਦਾਈ ਤੇ ਰੱਖਿਆ ਹੈ, ਜਿਸ ਤੇ ਸਦਨ ਦੇ ਮਾਨਯੋਗ ਮੈਂਬਰਾਂ ਨੇ ਆਪਣੇ ਦੁਖ ਭਰੇ ਵਿਚਾਰ ਪ੍ਰਗਟ ਕੀਤੇ ਹਨ, ਤੇ ਆਪਣੀ ਉਨ੍ਹਾਂ ਮਹਾਂ ਪੁਰਸ਼ਾਂ ਦੇ ਚਰਨਾਂ ਵਿਚ ਸ੍ਰਧਾ ਭੇਂਟ ਕੀਤੀ ਹੈ, ਮੈਂ ਵੀ ਆਪਣੇ ਆਪਨੂੰ ਆਪਣੇ ਦੁਖ ਭਰੇ ਜਜ਼ਬਾਤ ਨਾਲ ਸ਼ਾਮਿਲ ਕਰਦਾ ਹਾਂ।

ਬਜ਼ੁਰਗ ਲੀਡਰ, ਮਹਾਨ ਦੇਸ਼ ਭਗਤ, ਜੰਗੇ ਆਜ਼ਾਦੀ ਦੀ ਪਹਿਲੀ ਕਤਾਰ ਦੇ ਸਿਪਾਹੀ, ਸਰ ਧੜ ਦੀ ਬਾਜ਼ੀ ਲਗਾ ਦੇਣ ਵਾਲੇ ਕੁਰਬਾਨੀ ਦੇ ਮੁਜੱਸਮਾ, ਆਜ਼ਾਦ ਹਿੰਦੁਸਤਾਨ ਦੀ ਪੰਜਾਬ ਸਰਕਾਰ ਦੇ ਮੰਤਰੀ ਬਣ ਕੇ, ਭਾਰਤ ਸੇਵਕ ਸਮਾਜ ਦੇ ਜਾਇੰਟ ਕਨਵੀਨਰ ਬਣ ਕੇ, ਪੰਜਾਬ ਖਾਦੀ ਬੋਰਡ ਦੇ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਹਿ ਕੇ ਆਪਣੀ ਅਮੁੱਲੀ ਸੇਵਾ ਦਾ ਯੋਗ ਦਾਨ ਦੇਣ ਵਾਲੇ ਤਾਲਿਬ ਸਾਹਿਬ ਨੂੰ ਕੌਣ ਭਾਰਤਵਾਸੀ ਭੁਲਾ ਸਕਦਾ ਹੈ। ਰਾਜ ਸਭਾ ਦੇ ਮੈਂਬਰ ਦੀ ਹੈਸੀਅਤ ਵਿਚ ਉਹ ਕੇਂਦਰ ਵਿਚ ਪੰਜਾਬ ਦੀ ਨੁਮਾਇੰਦਗੀ ਬੜੀ ਸਫਲਤਾ ਨਾਲ ਕਰਦੇ ਹੋਏ ਅਚਾਨਕ ਉਨ੍ਹਾਂ ਦਾ ਸਾਡੇ ਕੋਲੋਂ ਵਿਛੜ ਜਾਣਾ ਪੰਜਾਬ ਦੇ ਵਾਸਤੇ ਖਾਸ ਤੌਰ ਤੇ ਸਾਰੇ ਭਾਰਤ ਵਾਸੀਆਂ ਲਈ ਆਮ ਤੌਰ ਤੇ ਗ਼ਹਿਰੇ ਸਦਮੇ ਦਾ ਕਾਰਨ ਬਣਿਆ ਹੈ।

1923 ਵਿਚ ਉਨ੍ਹਾਂ ਦੀ ਸਿਆਸੀ ਜ਼ਿੰਦਗੀ ਨਾਭਾ ਰਿਆਸਤ ਤੋਂ ਜਲਾਵਤਨੀ ਨਾਲ ਸ਼ੁਰੂ ਹੋਈ, ਬੰਗਾਲ ਪ੍ਰਦੇਸ਼ ਕਾਂਗਰਸ ਦੀ ਅਗਜ਼ੈਕਟਿਵ ਦੇ ਮੈਂਬਰ ਬਣੇ ਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਜੀ ਨੂੰ ਮਹਾਂ ਕਰਾਂਤੀਕਾਰੀ, ਆਈ. ਐਨ. ਏ. ਦਾ ਅੰਦੋਲਨ ਚਲਾਉਣ ਲਈ ਦੇਸ਼ ਤੋਂ ਬਾਹਰ ਜਾਣ ਵਿਚ ਮਦਦ ਕਰਨ ਤੇ ਦੇਸ਼ ਭਗਤੀ ਦੇ ਜੁਰਮ ਵਿਚ 5 ਸਾਲ ਕੈਦ ਭੁਗਤਣ ਤੇ ਉਨ੍ਹਾਂ ਦੀ ਸਿਆਸੀ ਜ਼ਿੰਦਗੀ ਵਿਚ ਨਵਾਂ ਮੋੜ ਆਇਆ ।

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਆਜ਼ਾਦ ਭਾਰਤ ਵਿਚ ਉਨ੍ਹਾਂ ਦਾ ਕਲਕੱਤੇ ਨੂੰ ਅਗਸਤ-ਸਤੰਬਰ, 1947 ਦੇ ਸਮੇਂ ਵਿਚ ਪੁਰਅਮਨ ਤੇ ਸ਼ਾਂਤ ਰੱਖਣਾ, ਉਸ ਸਮੇਂ ਮਹਾਤਮਾ ਗਾਂਧੀ ਜੀ ਨੂੰ ਭਰੋਸਾ ਦੇ ਕੇ ਮਰਨ ਵਰਤ ਖੁਲ੍ਹਵਾਉਣਾ ਉਨ੍ਹਾਂ ਦਾ ਤਾਰੀਖੀ ਕਾਰਨਾਮਾ ਸੀ। ਪੰਜਾਬ ਪ੍ਰਦੇਸ਼ ਦੇ ਪ੍ਰਧਾਨ ਦੀ ਹੈਸੀਅਤ ਵਿਚ ਕਾਂਗਰਸ ਸਰਕਾਰ ਦੇ ਮੁੱਖ ਮੰਤਰੀ ਜੀ ਨੂੰ ਆਪਣੇ ਸਹਿਯੋਗ ਨਾਲ ਕਾਮਯਾਬ, ਮਜ਼ਬੂਤ ਤੇ ਬੇਮਿਸਾਲ ਕੰਮ ਕਰਨ ਦੇ ਯੋਗ ਬਣਾਈ ਰੱਖਣਾ ਤਾਲਿਬ ਸਾਹਿਬ ਦੀ ਮਹਾਨਤਾ ਨੂੰ ਹੀ ਦਰਸਾਉਂਦਾ ਹੈ। ਆਲ ਇੰਡੀਆ ਕਾਂਗਰਸ ਦਾ ਮਟੌਰ ਸੈਸ਼ਨ ਉਨ੍ਹਾਂ ਦੀ ਜ਼ਿੰਦਗੀ ਦਾ ਨਾ ਭੁਲਣ ਵਾਲਾ ਸ਼ਾਨਦਾਰ ਤਾਰੀਖੀ ਕਾਰਨਾਮਾ ਸੀ।

ਤਾਲਿਬ ਸਾਹਿਬ ਪੰਜਾਬ ਦੀ ਜਿੰਦ, ਜਾਨ ਤੇ ਦੇਸ਼ ਦੀ ਸ਼ਾਨ ਸਨ। ਰਾਜਨੀਤਿਕ ਆਗੂ ਹੋਣ ਦੇ ਨਾਲ ਨਾਲ ਉਹ ਸਫਲ ਪੱਤਰਕਾਰ, ਲੇਖਕ ਤੇ ਸ਼ਾਨਦਾਰ ਵਕਤਾ ਵੀ ਸਨ। ਪ੍ਰਸ਼ਾਸਨ ਵਿਚ ਉਨ੍ਹਾਂ ਦਾ ਮਸ਼ਵਰਾ ਸਦਾ ਹੀ ਲਾਭ ਵਾਲਾ ਤੇ ਕੀਮਤੀ ਹੁੰਦਾ ਸੀ। ਸਦਾ ਹਸਦੇ ਰਹਿਣ ਵਾਲੇ ਤੇ ਆਪਣੀ ਸ਼ਖਸੀਅਤ ਦਾ ਮਿਲਣ ਵਾਲੇ ਹਰ ਵਿਅਕਤੀ ਤੇ ਆਪਣੇ ਨਾ ਮਿਟਣ ਵਾਲੇ ਹਮਦਰਦੀ ਤੇ ਪਿਆਰ ਭਰੇ ਪ੍ਰਭਾਵ ਦੀ ਛਾਪ ਅੰਕਤ ਕਰ ਦੇਣ ਵਾਲੇ ਨੇਕ, ਇਮਾਨਦਾਰ, ਪੁਰ-ਖਲੂਸ, ਇਨਸਾਨੀਅਤ ਦੀ ਸਾਕਾਰ ਮੂਰਤੀ ਦੇ ਬਾਰੇ ਕਿਹਾ ਜਾ ਸਕਦਾ ਹੈ :

ਤੂ ਇਕ ਸਾਜ਼ ਥਾ ਤੇਰੇ ਨਗ਼ਮੇ ਹਜ਼ਾਰ ਥੇ
ਤੂ ਇਕ ਫੂਲ ਥਾ ਤੇਰੇ ਜਲਵੇ ਹਜ਼ਾਰ ਥੇ।

ਸ੍ਰੀ ਅਬਦੁਲ ਗ਼ਫਾਰ ਖਾਨ ਅੰਬਾਲਾ ਜ਼ਿਲ੍ਹੇ ਦੇ ਲਾਹਾ ਪਿੰਡ ਵਿਚ ਜਨਮ ਲੈਣ ਵਾਲੇ ਦੇਸ਼ ਸੇਵਕ, ਆਜ਼ਾਦੀ ਦੀ ਲੜਾਈ ਵਿਚ ਕਈ ਵਾਰੀ ਜੇਲ੍ਹ ਜਾ ਕੇ ਤੇ ਆਪਣੇ ਤਨ, ਮਨ ਧੰਨ ਦੀ ਕੁਰਬਾਨੀ ਕਰਕੇ ਭਾਰਤ ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਨੂੰ ਮਹਾਪੁਰਸ਼ਾਂ ਦੀ ਗਿਣਤੀ ਵਿਚ ਹੀ ਗਿਣਿਆ ਜਾਂਦਾ ਹੈ। ਜ਼ਿਲ੍ਹਾ ਕਾਂਗਰਸ, ਪੰਜਾਬ ਪ੍ਰਦੇਸ਼ ਕਾਂਗਰਸ ਤੇ ਆਲ ਇੰਡੀਆ ਕਾਂਗਰਸ ਵਿਚ ਉਨ੍ਹਾਂ ਦੇ ਕੀਤੇ ਕਮਾਲ ਨਾਲ ਬਣਾਈ ਹੋਈ ਜਗ੍ਹਾ ਹਮੇਸ਼ਾ ਹੀ ਯਾਦ ਰਹੇਗੀ। ਉਨ੍ਹਾਂ ਦੀ ਦੇਸ਼ ਭਗਤੀ ਵਿਚ ਰੰਗੀ ਜ਼ਿੰਦਗੀ, ਫਿਰਕਾ ਪ੍ਰਸਤਾਂ ਤੇ ਫਿਰਕਾਦਾਰੀ ਦਾ ਜ਼ਹਿਰ ਫੈਲਾਉਣ ਵਾਲੀਆਂ ਸੰਸਥਾਂਵਾਂ ਵਾਸਤੇ, ਵਤਨ ਪ੍ਰਸਤੀ ਦਾ ਸਬਕ ਸਖਾਉਣ ਵਾਲੀ ਇਕ ਸ਼ਾਨਦਾਰ ਮਿਸਾਲ ਬਣੀ ਰਹੇਗੀ। ਸ਼ਾਇਦ ਅਲਾਮਾ ਇਕਬਾਲ ਨੇ ਉਨ੍ਹਾਂ ਦੇ ਜੀਵਨ ਤੋਂ ਦੇਖ ਕੇ ਹੀ ਇਹ ਸ਼ੇਅਰ ਲਿਖਿਆ ਸੀ :

ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰੱਖਣਾ
ਹਿੰਦੀ ਹੈਂ ਹਮ ਵਤਨ ਹੈ ਹਿੰਦੁਸਤਾਂਨ ਹਮਾਰਾ।

ਖਾਨ ਸਾਹਿਬ, ਜਨਤਾ ਦੀ ਸੇਵਾ ਨਾਲ ਉਨ੍ਹਾਂ ਦੀ ਸ਼ਰਧਾ ਤੇ ਮੁਹੱਬਤ ਪ੍ਰਾਪਤ ਕਰਕੇ 1952 ਤੋਂ ਲਗਾਤਾਰ ਅਸੈਂਬਲੀ ਦੇ ਮੈਂਬਰ ਚੁਣੇ ਜਾਂਦੇ ਰਹੇ। ਹਰਿਆਣਾ ਮੰਤਰੀ ਮੰਡਲ ਵਿਚ ਵਜ਼ੀਰ ਦੇ, ਅੰਮ੍ਰਿਤਸਰ ਆਲ ਇੰਡੀਆ ਕਾਂਗਰਸ ਸੈਸ਼ਨ ਦੀ ਸਵਾਗਤੀ ਕਮੇਟੀ ਦੇ ਪ੍ਰਧਾਨ ਦੀ ਹੈਸੀਅਤ ਵਿਚ ਤੇ ਫਰੀਦਾਬਾਦ ਸੈਸ਼ਨ ਵਿਚ ਮੀਤ ਪ੍ਰਧਾਨ ਦੇ ਨਾਤੇ ਉਨ੍ਹਾਂ ਦੀ ਸੇਵਾ ਯਾਦਗਾਰ ਬਣੀ ਰਹੇਗੀ।

ਸ੍ਰੀ ਸੁਚੇਤ ਸਿੰਘ ਜੀ 1905 ਵਿਚ ਕਪੂਰਥਲਾ ਵਿਚ ਪੈਦਾ ਹੋਏ। ਉਨ੍ਹਾਂ ਇੰਗਲੈਂਡ ਜਾ ਕੇ ਵੀ ਵਿਦਿਆ ਪ੍ਰਾਪਤ ਕੀਤੀ। ਅਈ. ਸੀ. ਐਸ. ਦੀ ਪ੍ਰੀਖਸ਼ਾ ਪਾਸ ਕਰਕੇ ਕਪੂਰਥਲਾ ਰਿਆਸਤ ਵਿਚ ਵੱਖ ਵੱਖ ਅਹੁਦਿਆਂ ਤੇ ਸੇਵਾ ਦਾ ਮਾਣ ਪ੍ਰਾਪਤ ਕਰਦੇ ਹੋਏ ਉਹ ਜਨਤਾ ਦੀ ਸੇਵਾ ਤੇ ਪਿਆਰ ਨਾਲ ਰਿਆਸਤੀ ਪ੍ਰਜਾ ਮੰਡਲ, ਕਪੂਰਥਲਾ ਦੇ ਸੰਸਥਾਪਕ ਬਣੇ। ਅਜ਼ਾਦੀ ਦੇ ਬਾਅਦ ਉਨ੍ਹਾਂ ਭਾਰਤ ਦਾ ਸੰਵਿਧਾਨ ਬਣਾਉਣ ਵਾਲੀ

Original with;
Punjab Vidhan Sabha
Digitized by;
Panjab Digital Library

ਕਮੇਟੀ ਦੇ ਮੈਂਬਰ ਦੀ ਹੈਸੀਅਤ ਵਿਚ ਆਪਣੀ ਯੋਗਤਾ ਤੇ ਵਿਦਵਤਾ ਦਾ ਭਾਰੀ ਹਿੱਸਾ ਪਾਇਆ ਔਰ ਦੇਸ਼ ਦੀ ਆਜ਼ਾਦੀ ਦੇ ਬਾਅਦ ਬਣੀ ਪਹਿਲੀ ਪਾਰਲੀਮੈਂਟ ਦੇ ਸਦੱਸਯ ਬਣੇ । ਪ੍ਰਸ਼ਾਸਨਿਕ ਸੇਵਾ ਦੇ ਬਾਰੇ ਉਨ੍ਹਾਂ ਦਾ ਯੋਗ ਦਾਨ ਭੁਲਾਇਆ ਨਹੀਂ ਜਾ ਸਕਦਾ ।

ਅੰਮ੍ਰਿਤਸਰ ਦੇ ਵੇਰਕਾ ਪਿੰਡ ਵਿਚ ਪੈਦਾ ਹੋਣ ਵਾਲੇ ਪੰਜਾਬੀ, ਭਾਰਤ ਦੇ ਨਾਮੋਰ ਆਰਟਿਸਟ , ਪਦਮ ਸ੍ਰੀ ਐਸ. ਜੀ, ਠਾਕੁਰ ਸਿੰਘ ਜੀ ਨੇ 1924 ਵਿਚ ਹੀ ਜਦਕਿ ਉਨ੍ਹਾਂ ਦੀ ਆਯੂ 25 ਵਰ੍ਹਿਆਂ ਦੇ ਲਗਭਗ ਸੀ, ਲੰਡਨ ਵਿਚ ਬਰਤਾਨਵੀ ਸਲਤਨੱਤ ਦੇ ਉਘੇ ਚਿੱਤਰਕਾਰਾਂ ਦੀ ਕਲਾ ਕ੍ਰਿਤਿਆਂ ਦੀ ਲਗੀ ਭਾਰੀ ਨੁਮਾਇਸ਼ ਵਿਚ 800 ਪਾਉਂਡ ਦਾ ਦੂਜਾ ਇਨਾਮ ਜਿਤ ਕੇ ਦੁਨੀਆਂ ਦੇ ਕਲਾਕਾਰਾਂ ਵਿਚ ਖਾਸ ਜਗ੍ਹਾ ਬਣਾਈ ਤੇ ਆਪਣੇ ਦੇਸ਼ ਦਾ ਨਾਂ ਰੌਸ਼ਨ ਕੀਤਾ। ਉਨ੍ਹਾਂ ਦੀ ਚਿੱਤਰ ਕਲਾ, ਸਜੀਵ, ਸੁੰਦਰਤਾ ਆਪਣੀ ਮਿਸਾਲ ਆਪ ਹੀ ਹੁੰਦੀ ਹੈ। ਸੰਸਾਰ ਦੇ ਕਈ ਦੇਸ਼ਾਂ ਵਿਚ ਉਨ੍ਹਾਂ ਦੇ ਚਿੱਤਰਾਂ ਦੀ ਨੁਮਾਇਸ਼ ਕੀਤੀ ਗਈ ਤੇ ਪ੍ਰਦੇਸ਼ ਵਿਚ ਪ੍ਰਸ਼ੰਸਾ ਪ੍ਰਾਪਤ ਹੋਈ। ਅੰਮ੍ਰਿਤਸਰ ਵਿਚ ਇੰਡੀਅਨ ਅਕੈਡਮੀ ਆਫ ਫਾਈਨ ਆਰਟਸ ਤੇ ਠਾਕੁਰ ਸਿੰਘ ਕਾਲਜ ਆਫ ਆਰਟ, ਉਨ੍ਹਾਂ ਦੀ ਨਾ ਭੁਲਣ ਵਾਲੀ ਯਾਦ ਦੇ ਕੇਂਦਰ ਸਦਾ ਹੀ ਬਣੇ ਰਹਿਣਗੇ। ਕਲਾ, ਕਾਵਿਯ ਤੇ ਸਾਹਿਤਯ ਦੇ ਬਾਰੇ 'ਸਤਿਅਮ, ਸ਼ਿਵਮ, ਸੁੰਦਰਮ' ਦੀ ਅਮਰ ਬਾਣੀ ਸੰਸਾਰ ਦੇ ਮਹਾਨ ਪੰਜਾਬੀ ਕਲਾਕਾਰ, ਸ੍ਰੀ ਠਾਕੁਰ ਸਿੰਘ ਦੀ ਅਮਰ ਕਲਾ ਕ੍ਰਿਤੀ ਨਾਲ ਜੋੜੀ ਜਾ ਸਕਦੀ ਹੈ।

ਸ੍ਰੀ ਜੇ. ਜੇ. ਸਿੰਘ ਪੰਜਾਬੀ ਸਨ। ਉਹ ਯੂ. ਐਸ. ਏ. ਵਿਚ ਇੰਡੀਅਨ ਲੀਗ ਦੇ ਪ੍ਰਧਾਨ ਬਣੇ ਅਤੇ ਉਨ੍ਹਾਂ ਨੇ ਆਪਣੇ ਕਮਾਲ ਨਾਲ ਸੰਸਾਰ ਵਿਚ ਸ਼ੋਹਰਤ ਹਾਸਲ ਕੀਤੀ।

ਕਾਜ਼ੀ ਨਜ਼ਰੁਲ ਇਸਲਾਮ ਬੰਗਲਾ ਦੇਸ਼ ਦੇ ਹੀ ਮਹਾਨ ਵਿਅਕਤੀ ਨਹੀਂ ਸਨ, ਬਲਕਿ ਹਿੰਦੁਸਤਾਨ ਦੀ ਆਜ਼ਾਦੀ ਵਿਚ ਵੀ ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਲਿਖ ਕੇ ਲੋਕਾਂ ਨੂੰ ਪ੍ਰੇਰਣਾ ਦਿਤੀ ਅਤੇ ਇਸ ਤਰ੍ਹਾਂ ਇਕ ਉਘਾ ਹਿੱਸਾ ਪਾਇਆ। ਹਿੰਦੁਸਤਾਨ ਦੀ ਆਜ਼ਾਦੀ ਤੋਂ ਬਾਅਦ ਉਹ ਬੰਗਲਾ ਦੇਸ਼ ਵਿਚ ਰਹੇ।

ਸ੍ਰੀ ਟਿੱਕਾ ਰਾਮ ਜੀ ਸੁਖਨ ਇਕ ਬਹੁਤ ਵੱਡੇ ਦੇਸ਼ ਭਗਤ ਸਨ ਅਤੇ ਲੋਕਾਂ ਦੀ ਅਤੇ ਦੇਸ਼ ਦੀ ਸੇਵਾ ਕਰਦੇ ਰਹੇ ।

ਇਨ੍ਹਾਂ ਸ਼ਖਸੀਅਤਾਂ ਦੇ ਬੇ-ਵਕਤ ਵਿਛੋੜੇ ਦਾ ਸਦਮਾ ਦੇਸ਼ ਵਾਸੀਆਂ ਲਈ, ਪੰਜਾਬ ਦੇ ਵਸਨੀਕਾਂ ਵਾਸਤੇ ਖਾਸ ਤੌਰ ਤੇ ਭਾਰੀ ਹੈ। ਉਨ੍ਹਾਂ ਦੀ ਖਾਲੀ ਜਗ੍ਹਾ ਕਦੇ ਪੂਰੀ ਨਹੀਂ ਹੋ ਸਕਦੀ। ਸ਼ੋਕ ਪ੍ਰਸਤਾਵ ਤੇ ਸਦਨ ਵਲੋਂ ਦੁਖ, ਹਮਦਰਦੀ ਤੇ ਅਫਸੋਸ ਦੇ ਪ੍ਰਗਟ ਕੀਤੇ ਗਏ ਭਾਵਾਂ ਨੂੰ ਵਿਛੜੇ ਮਹਾਂਪੁਰਸ਼ਾਂ ਦੇ ਪਰਿਵਾਰਾਂ ਤਕ ਪਹੁੰਚਾ ਦਿੱਤਾ ਜਾਵੇਗਾ।

ਮੈਂ ਹਾਊਸ ਦੇ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਉਹ ਵਿਛੜੀਆਂ ਰੂਹਾਂ ਦੀ ਸ਼ਾਂਤੀ ਲਈ, ਸਦਮੇ ਨੂੰ ਬਰਦਾਸ਼ਤ ਕਰਨ ਦੀ ਹਿੰਮਤ ਲਈ— ਪਰਮ ਪਿਤਾ ਪ੍ਰਮਾਤਮਾ ਤੇ ਸ੍ਰੀ ਵਾਹਿਗੁਰੂ ਜੀ ਅੱਗੇ ਖੜੇ ਹੋ ਕੇ ਖਾਮੋਸ਼ੀ ਨਾਲ ਦੋ ਮਿੰਟ ਅੰਤਿਮ ਅਰਦਾਸ ਕਰਨ ਦੇ ਕਰਤੱਵ ਨੂੰ ਨਿਭਾਉਣ।

(ਇਸ ਸਮੇਂ ਸਾਰੇ ਮਾਨਯੋਗ ਮੈਂਬਰ ਦੋ ਮਿੰਟ ਲਈ ਮੌਨ ਖੜੇ ਹੋਏ । )

## SHORT ADJOURNMENT OF THE HOUSE

**Mr Speaker**: The House stands adjourned for one hour.

*(2.50 p.m.) *(*The Sabha then adjourned for one hour and reassembled at 3.50 p.m. today, dated the 6th September, 1976.*)

Original with;
Punjab Vidhan Sabha
Digitized by;
Panjab Digital Library

## STARRED QUESTIONS AND ANSWERS

### NUMBER OF ROAD ACCIDENTS IN THE STATE

*3728. **Chaudhri Sunder Singh, Shri Sardari Lal Kapoor**: Will the Chief Minister be pleased to state the number of road accidents that occurred in the State during the period from 1st January, 1976 to date alongwith the steps taken by the Government to reduce the number of accidents ?

**ਸਰਦਾਰ ਦਿਲਬਾਗ ਸਿੰਘ ਡਾਲੇਕੇ**: (ਆਵਾਜ਼ਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ): ਪੰਜਾਬ ਰਾਜ ਵਿੱਚ ਮਿਤੀ 1 ਜਨਵਰੀ, 1976 ਤੋਂ ਹੁਣ ਤੱਕ ਦੇ ਸਮੇਂ ਦੇ ਦੌਰਾਨ 523 ਸੜਕ ਦੁਰਘਟਨਾਵਾਂ ਵਾਪਰੀਆਂ ਹਨ । ਇਨ੍ਹਾਂ ਦੁਰਘਟਨਾਵਾਂ ਨੂੰ ਘੱਟ ਕਰਨ ਦੇ ਮੰਤਵ ਨਾਲ ਰਾਜ ਵਿਚ ਤੇਜ਼ ਰਫਤਾਰੀ, ਖਤਰਨਾਕ ਹਾਲਤ ਵਿਚ ਗੱਡੀਆਂ ਚਲਾਉਣਾ, ਸ਼ਰਾਬੀ ਹਾਲਤ ਵਿਚ ਗੱਡੀਆਂ ਚਲਾਉਣਾ ਅਤੇ ਅੱਖਾਂ ਚੁੰਧਿਆਂ ਦੇਣ ਵਾਲੀਆਂ ਬੱਤੀਆਂ ਦੇ ਜੁਰਮਾਂ ਦੀ ਰੁਚੀ ਨੂੰ ਰੋਕਣ ਲਈ ਸਮੇਂ ਸਮੇਂ ਖਾਸ ਮੁਹਿਮਾਂ ਚਲਾਈਆਂ ਜਾਂਦੀਆਂ ਹਨ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਇਹ ਹਕੀਕਤ ਹੈ ਜਾਂ ਨਹੀਂ ਕਿ ਇਨ੍ਹਾਂ ਦੀ ਇਕ ਕਮੇਟੀ ਬਣੀ ਸੀ ਜਿਸ ਨੇ ਇਹ ਰਿਪੋਰਟ ਦਿਤੀ ਕਿ ਜਿਹੜੇ ਬਸਾਂ ਦੇ ਐਕਸੀਡੈਂਟ ਹੁੰਦੇ ਹਨ ਉਹ ਇਸ ਕਰਕੇ ਹੁੰਦੇ ਹਨ ਕਿ ਜਿਹੜੇ ਡਰਾਈਵਰ ਬਸਾਂ ਚਲਾਉਣ ਲਈ ਲੈ ਜਾਂਦੇ ਹਨ ਉਹ ਰੋਡ ਵਰਦੀ ਨਹੀਂ ਹੁੰਦੀਆਂ ਅਤੇ ਉਹ ਇਸ ਕਰਕੇ ਰੋਡ ਵਰਦੀ ਨਹੀਂ ਹੁੰਦਿਆਂ ਕਿਉਂਕਿ ਵਰਕਸ਼ਾਪ ਦਾ ਕੰਮ ਬਹੁਤ ਖਰਾਬ ਹੈ।

**ਰਾਜ ਮੰਤਰੀ** : ਸਪੀਕਰ ਸਾਹਿਬ, ਪਹਿਲਾਂ ਇਹੋ ਜਿਹੇ ਮਾਮਲੇ ਹੋ ਜਾਂਦੇ ਸਨ ਲੇਕਿਨ ਹੁਣ ਇਹ ਹੁਕਮ ਦਿਤੇ ਗਏ ਹਨ ਕਿ ਕੋਈ ਵੀ ਬੱਸ ਇਤਨੇ ਤਕ ਵਰਕਸ਼ਾਪ ਤੋਂ ਬਾਹਰ ਨਹੀਂ ਜਾਵੇਗੀ ਜਦੋਂ ਤਕ ਕਿ ਉਸ ਬਸ ਦੇ ਡਰਾਈਵਰ ਨੂੰ ਫਿਟਨੈਸ ਸਰਟੀਫਿਕੇਟ ਨਾ ਮਿਲ ਜਾਵੇ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਕੀ ਮੰਤਰੀ ਮਹੋਦਯ ਇਹ ਦੱਸਣ ਦੀ ਕ੍ਰਿਪਾ ਕਰਨਗੇ ਕਿ ਇਨ੍ਹਾਂ ਆਰਡਰਾਂ ਦੇ ਬਾਵਜੂਦ ਵੀ ਸੜਕ ਤੇ ਜਿਥੇ ਵੀ ਕੋਈ ਬੱਸ ਖੜੀ ਹੁੰਦੀ ਹੈ ਉਹ ਇਸ ਕਰਕੇ ਖੜੀ ਹੁੰਦੀ ਹੈ ਕਿ ਜਦੋਂ ਵੀ ਉਹ ਬੱਸ ਵਰਕਸ਼ਾਪ ਤੋਂ ਕੱਢੀ ਜਾਂਦੀ ਹੈ ਉਹ ਇਸ ਕਾਬਲ ਨਹੀਂ ਹੁੰਦੀ ਕਿ ਉਹ ਸੜਕ ਤੇ ਚਲਾਈ ਜਾ ਸਕੇ । ?

**ਰਾਜ ਮੰਤਰੀ**: ਸਪੀਕਰ ਸਾਹਿਬ, ਇਹੋ ਜਿਹੀ ਗੱਲ ਮੇਰੇ ਤਾਂ ਨੋਟਿਸ ਵਿਚ ਨਹੀਂ ਹੈ। ਮੈਂ ਨਹੀਂ ਸਮਝਦਾ ਕਿ ਇਹੋ ਜਿਹੀ ਕੋਈ ਅਣਗਹਿਲੀ ਕੀਤੀ ਜਾਂਦੀ ਹੋਵੇ।

**ਸ੍ਰੀ ਸਰਦਾਰੀ ਲਾਲ ਕਪੂਰ** : ਕੀ ਮਨਿਸਟਰ ਸਾਹਿਬ ਦੇ ਇਹ ਇਲਮ ਵਿਚ ਹੈ ਕਿ ਜਿਹੜੇ ਆਦਮੀਆਂ ਨੂੰ ਡਰਾਈਵਿੰਗ ਦੇ ਲਾਈਸੈਂਸ ਦਿੱਤੇ ਜਾਂਦੇ ਹਨ ਉਹ ਕੋਈ ਪ੍ਰੀਖਿਆ ਵੀ ਨਹੀਂ ਦਿੰਦੇ ਬਲਕਿ ਪੈਸੇ ਖਰਚ ਕਰਕੇ ਉਨ੍ਹਾਂ ਨੂੰ ਘਰ ਬੈਠੇ ਹੀ ਲਇਸੈਂਸ ਮਿਲ ਜਾਂਦੇ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੇਰੇ ਨੋਟਿਸ ਵਿਚ ਤਾਂ ਇਹੋ ਜਿਹਾ ਕੋਈ ਮਾਮਲਾ ਨਹੀਂ ਹੈ । ਜੇਕਰ ਕੋਈ ਹੈ ਤਾਂ ਦਸ ਦੇਣ . ਅਸੀਂ ਐਕਸ਼ਨ ਲੈ ਲਵਾਂਗੇ।

Original with;
Punjab Vidhan Sabha
Digitized by;
Panjab Digital Library

**ਕੈਪਟਨ ਰਤਨ ਸਿੰਘ** : ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਕ੍ਰਿਪਾ ਕਰਨਗੇ ਕਿ ਜਿਹੜੇ ਇਹ ਐਕਸੀਡੈਂਟ ਹੁੰਦੇ ਹਨ ਉਨ੍ਹਾਂ ਦੀ ਇਕ ਇਹ ਵੀ ਵਜ੍ਹਾ ਹੈ ਕਿ ਇਥੇ ਜਿੰਨੀਆਂ ਬੱਸਾਂ ਦੀ ਲੋੜ ਹੈ ਉਹ ਲੋੜ ਪੂਰੀ ਕਰਨ ਵਾਸਤੇ ਸਰਕਾਰ ਕੋਲ ਕੋਈ ਫਾਈਨਾਂਸਿਜ਼ ਨਹੀਂ ਹਨ ਅਤੇ ਇਸ ਕਰਕੇ ਮਜਬੂਰਨ ਹੀ ਉਹ ਬੱਸਾਂ ਸੜਕਾਂ ਤੇ ਚਲਾਉਣੀਆ ਪੈਂਦੀਆਂ ਹਨ ਜਿਹੜੀਆਂ ਕਿ ਅਨਫਿਟ ਹੁੰਦੀਆਂ ਹਨ ?

**ਰਾਜ ਮੰਤਰੀ**: ਇਹ ਠੀਕ ਹੈ ਕਿ ਬੱਸਾਂ ਦੀ ਸਟਰੈਂਥ ਕੁਝ ਘੱਟ ਹੈ। ਪਰ ਇਸ ਨਾਲ ਇਹ ਵੀ ਨਹੀਂ ਕਿ ਜਿਹੜੀਆਂ ਬੱਸਾਂ ਠੀਕ ਨਾ ਹੋਣ ਉਹ ਸੜਕ ਤੇ ਆ ਜਾਂਦੀਆਂ ਹਨ । ਬਸਾਂ ਸੜਕ ਤੇ ਉਹੀ ਆਉਂਦੀਆਂ ਹਨ ਜਿਹੜੀਆਂ ਕਿ ਫਿਟ ਹੁੰਦੀਆਂ ਹਨ। ਲੇਕਿਨ ਮਸ਼ੀਨਰੀ ਦਾ ਕੰਮ ਹੈ ਇਸ ਵਿਚ ਕੋਈ ਨੁਕਸ ਵੀ ਪੈ ਸਕਦਾ ਹੈ ।

**ਚੌਧਰੀ ਕਾਂਸ਼ੀ ਰਾਮ** : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਕ੍ਰਿਪਾ ਕਰਨਗੇ ਕਿ ਜਿਹੜੇ ਐਕਸੀ-ਡੈਂਟ ਓਵਰ ਲੋਡਿੰਗ ਹੋਣ ਕਾਰਣ ਹੁੰਦੇ ਹਨ ਉਨ੍ਹਾਂ ਨੂੰ ਰੋਕਣ ਵਾਸਤੇ ਕੋਈ ਚੈਕ ਮਈਅਰ ਅਡਾਪਟ ਕੀਤੇ ਜਾਣਗੇ, ਜਿਸ ਨਾਲ ਕਿ ਇਸ ਓਵਰ ਲੋਡਿੰਗ ਨੂੰ ਰੋਕਿਆ ਜਾ ਸਕੇ ? (ਵਿਘਨ)

**ਸ੍ਰੀ ਸਪੀਕਰ** : ਚੌਧਰੀ ਜੀ, ਦੁਬਾਰਾ ਸਪਲੀਮੈਂਟਰੀ ਕਰ ਦਿਓ।

**ਚੌਧਰੀ ਕਾਂਸ਼ੀ ਰਾਮ** : ਸਪੀਕਰ ਸਾਹਿਬ, ਮੈਂ, ਵਜ਼ੀਰ ਸਾਹਿਬ ਤੋਂ ਇਹ ਪੁਛਿਆ ਹੈ ਕਿ ਜਿਹੜੇ ਐਕਸੀਡੈਂਟ ਓਵਰ ਲੋਡ ਹੋਣ ਕਰਕੇ ਹੁੰਦੇ ਹਨ ਕੀ ਉਨ੍ਹਾਂ ਨੂੰ ਰੋਕਣ ਵਾਸਤੇ ਕੋਈ ਚੈਕ ਮੱਯੀਅਰ ਅਡਾਪਟ ਕੀਤੇ ਜਾਣਗੇ ਤਾਕਿ ਐਕਸੀਡੈਂਟ ਘੱਟ ਹੋਣ ?

**ਰਾਜ ਮੰਤਰੀ** : ਸਪੀਕਰ ਸਾਹਿਬ, ਬੱਸਾਂ ਵਿਚ ਓਵਰ ਲੋਡਿੰਗ ਸਵੇਰੇ ਅਤੇ ਸ਼ਾਮ ਨੂੰ ਤਾਂ ਜ਼ਰੂਰ ਕਰ ਲਿਆ ਜਾਂਦਾ ਹੈ ਕਿਉਂਕਿ ਰਾਤ ਨੂੰ ਜਿਨ੍ਹਾਂ ਨੇ ਆਪਣੀ ਜਗ੍ਹਾ ਪਹੁੰਚਣਾ ਹੁੰਦਾ ਹੈ ਉਨ੍ਹਾਂ ਲਈ ਬਹੁਤ ਜ਼ਰੂਰੀ ਹੈ ਇਸ ਲਈ ਉਨ੍ਹਾਂ ਨੂੰ ਛੱਡਿਆ ਨਹੀਂ ਜਾ ਸਕਦਾ । ਵੈਸੇ ਤਾਂ ਜਿਹੜਾ 25 ਪ੍ਰਤੀਸ਼ਤ ਓਵਰ ਲੋਡਿੰਗ ਅਲਾਊਡ ਹੈ ਪੰਜਾਬ ਸਰਕਾਰ ਦੀ ਤਰਫੋਂ ਉਹ ਹੀ ਕੀਤਾ ਜਾਂਦਾ ਹੈ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਕੀ ਮੰਤਰੀ ਮਹੋਦਯ ਇਹ ਦੱਸਣ ਦੀ ਕ੍ਰਿਪਾ ਕਰਨਗੇ ਕਿ ਜਿਹੜਾ ਇਨ੍ਹਾਂ ਨੇ ਫਰਮਾਇਆ ਹੈ ਕਿ ਫਿਟਨੈਸ ਸਰਟੀਫਿਕੇਟ ਤੋਂ ਬਾਅਦ ਹੀ ਬੱਸ ਚਲਾਈ ਜਾ ਸਕਦੀ ਹੈ, ਕੀ ਇਸ ਦੀ ਕੋਈ ਤਾਰੀਖ ਹੈ ਕਿ ਕਿਹੜੀ ਤਾਰੀਖ ਤੋਂ ਇਹ ਆਰਡਰ ਕੀਤੇ ਹਨ ?

**ਰਾਜ ਮੰਤਰੀ** : ਦਸੂਹਾ ਐਕਸੀਡੈਂਟ ਤੋਂ ਬਾਅਦ ਜੀ।

**Shri Vishwa Mitter Sekhri**: My question is specific, Sir. I want to know the date from which the instructions have been issued by the Hon'ble Minister.

**ਰਾਜ ਮੰਤਰੀ** : 1 ਅਪ੍ਰੈਲ, 1976 ਤੋਂ ਆਰਡਰ ਕੀਤੇ ਹਨ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਸ ਗੱਲ ਦੀ ਰੋਸ਼ਨੀ ਵਿਚ ਕਿ ਬੱਸਾਂ ਦੇ ਐਕਸੀਡੈਂਟ ਜ਼ਿਆਦਾ ਹੁੰਦੇ ਹਨ, ਇਸ ਲਈ ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਐਕਸੀਡੈਂਟ ਦੀ ਰਫਤਾਰ ਹੋਰ ਨਾ ਵੱਧ ਜਾਏ ਕੀ ਇਹ ਸਰਕਾਰ ਬੈਡ ਫੋਰਡ ਬੱਸਾਂ ਖਰੀਦਣ ਦੀ ਜਿਹੜੀ ਸਕੀਮ ਹੈ ਉਸ ਨੂੰ ਡਰਾਪ ਕਰ ਦੇਵੇਗੀ। ਕਿਉਂਕਿ ਜ਼ਿਆਦਾ ਐਕਸੀਡੈਂਟ ਇਨ੍ਹਾਂ ਗੱਡੀਆਂ ਦੇ ਹੀ ਹੁੰਦੇ ਹਨ ?

**ਰਾਜ ਮੰਤਰੀ** : ਪੰਜਾਬ ਸਰਕਾਰ ਦਾ ਇਸ ਬਾਰੇ ਕੋਈ ਫੈਸਲਾ ਨਹੀਂ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਡਾਂਗ ਸਾਹਿਬ ਤਾਂ ਐਵੇਂ ਹੀ ਕਹਿ ਦਿੰਦੇ ਹਨ । ਮੈਂ ਤਾਂ ਟ੍ਰਾਂਸਪੋਰਟ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਟ੍ਰਾਂਸਪੋਰਟ ਦਾ ਪ੍ਰਬੰਧ ਚੰਗਾ ਕਰਨ ਲਈ ਡਬਲ ਡੈਕਰ ਬਸਾਂ ਚਲਾਈਆਂ ਹਨ।

Original with;
Punjab Vidhan Sabha
Digitized by;
Panjab Digital Library

ਮੇਰਾ ਸਪਲੀਮੈਂਟਰੀ ਇਹ ਹੈ ਕਿ ਕੀ ਪੰਜਾਬ ਸਰਕਾਰ ਦੇ ਇਹ ਵਿਚਾਰ ਅਧੀਨ ਹੈ ਕਿ ਇਸ ਟਰੈਫਿਕ ਲੋਡ ਅਤੇ ਐਕਸੀਡੈਂਟ ਨੂੰ ਘੱਟ ਕਰਨ ਲਈ ਕੋਈ ਕਮੇਟੀ ਬਣਾਏਗੀ ਤਾਂਕਿ ਜਿਸ ਪਰਸੈਂਟੇਜ਼ ਨਾਲ ਟਰੈਫਿਕ ਲੋਡ ਵੱਧ ਰਿਹਾ ਹੈ ਉਸ ਨੂੰ ਮੀਟ ਕੀਤਾ ਜਾ ਸਕੇ ਅਤੇ ਓਵਰ ਸਪੀਡਿੰਗ ਕਰਕੇ ਜਿਹੜੇ ਅਕਸੀਡੈਂਟ ਹੁੰਦੇ ਹਨ ਉਹ ਨਾ ਹੋਣ ?

**ਰਾਜ ਮੰਤਰੀ** : ਇਸ ਤੇ ਵਿਚਾਰ ਕੀਤਾ ਜਾ ਸਕਦਾ ਹੈ।

**ਚੌਧਰੀ ਰਾਮ ਸਿਘ** : ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਿਹੜੇ ਐਕਸੀਡੈਂਟ ਓਵਰ ਲੋਡਿੰਗ ਕਰਕੇ ਹੁੰਦੇ ਹਨ ਉਨ੍ਹਾਂ ਨੂੰ ਘੱਟ ਕਰਨ ਲਈ ਛੋਟੀਆਂ ਬੱਸਾਂ ਚਲਾਉਣਗੇ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

**Mr. Speaker** : Next Question.

ਜ਼ਿਲਾ ਲੁਧਿਆਣਾ ਵਿਚ ਡਾਕੇ, ਚੋਰੀ, ਲੁਟ, ਘਸੁੱਟ, ਕਤਲ ਅਤੇ ਸਮਗਲਿੰਗ ਦੇ ਕੇਸ

*3724. **ਸ਼੍ਰੀ ਸਰਦਾਰੀ ਲਾਲ ਕਪੂਰ** : ਕੀ ਮੁੱਖ ਮੰਤਰੀ ਜੀ ਕ੍ਰਿਪਾ ਕਰਕੇ ਦਸਣਗੇ ਕਿ 1 ਜਨਵਰੀ 1976 ਤੋਂ ਹੁਣ ਤਕ ਦੇ ਸਮੇਂ ਦੇ ਦੌਰਾਨ, ਵੱਖ ਵੱਖ ਲੁਧਿਆਣੇ ਜ਼ਿਲ੍ਹੇ ਅਤੇ ਲੁਧਿਆਣੇ ਸ਼ਹਿਰ ਵਿਚ ਡਾਕੇ, ਚੋਰੀ, ਲੁੱਟ-ਘਸੁੱਟ, ਕਤਲ ਅਤੇ ਸਮਗਲਿੰਗ ਦੇ ਕਿੰਨੇ ਕਿੰਨੇ ਕੇਸ ਹੋਏ ?

**ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ** (ਮੁੱਖ ਸੰਸਦੀ ਸਕੱਤਰ) : 1 ਜਨਵਰੀ, 1976 ਤੋਂ 16 ਅਗਸਤ, 1976 ਤਕ ਦੇ ਸਮੇਂ ਦੇ ਦੌਰਾਨ, ਲੁਧਿਆਣਾ ਜ਼ਿਲ੍ਹੇ ਅਤੇ ਲੁਧਿਆਣਾ ਸ਼ਹਿਰ ਵਿਚ ਵੱਖ ਵੱਖ ਡਾਕੇ, ਚੋਰੀ, ਲੁਟ-ਘਸੁੱਟ, ਕਤਲ ਅਤੇ ਸਮਗਲਿੰਗ ਦੇ ਨਿਮਨ ਲਿਖਤ ਕੇਸ ਦਰਜ ਹੋਏ :—

| | | ਲੁਧਿਆਣੇ ਜ਼ਿਲ੍ਹੇ ਵਿਚ | ਲੁਧਿਆਣਾ ਸ਼ਹਿਰ ਵਿਚ |
|---|---|---|---|
| 1. | ਡਾਕਾ | — | — |
| 2. | ਚੋਰੀ | 273 | 157 |
| 3 | ਖੋਹ | 4 | 1 |
| 4 | ਕਤਲ | 28 | 5 |
| 5 | ਸਮਗਲਿਗ (ਅਫੀਮ ਦੀ ਸਮਗਲਿੰਗ) | 98 | 38 |

**ਸ਼੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਵੇਰਵਾ ਬੜੇ ਨਿਰਾਲੇ ਢੰਗ ਨਾਲ ਦਿੱਤਾ ਹੈ। ਇਸ ਵਿਚ ਪਿਛਲੇ ਦਿਨਾਂ ਵਿਚ ਜੋ ਡਾਕਾ ਸ਼ਹਿਰ ਵਿਚ ਪਿਆ ਹੈ ਉਸ ਦਾ ਜ਼ਿਕਰ ਨਹੀਂ ਹੈ। ਪਿੰਡਾਂ ਵਿਚ ਚਾਰ ਡਾਕੇ ਪਏ ਹਨ ਪਰ ਉਸਦਾ ਕੋਈ ਜ਼ਿਕਰ ਨਹੀਂ ਹੈ। ਮੈਂ ਇਨ੍ਹਾਂ ਨੂੰ ਖੈਰ ਕੀ ਕਹਾਂ ...... ......

**ਸ਼੍ਰੀ ਸਪੀਕਰ** : ਤੁਸੀਂ ਕਹੋ ਨਾ, ਸਵਾਲ ਪੁੱਛ ਲਓ।

**ਸ਼੍ਰੀ ਸਰਦਾਰੀ ਲਾਲ ਕਪੂਰ** : ਇਨ੍ਹਾਂ ਨੇ ਦੱਸਿਆ ਹੈ ਕਿ 98 ਸਮਗਲਿੰਗ ਦੇ ਕੇਸ ਹੋਏ ਹਨ ਪਰ ਇਹ ਨਹੀਂ ਦੱਸਿਆ ਕਿ ਕਿਸ ਚੀਜ਼ ਦੀ ਸਮਗਲਿੰਗ ਦੇ ਹਨ ਆਇਆ ਸੋਨੇ ਦੀ ਸਮੱਗਲਿੰਗ ਹੈ ਅਫੀਮ ਦੀ ਹੈ ਜਾਂ ਹੋਰ ਕਿਸ ਚੀਜ਼ ਦੀ ਹੈ ?

Original with;
Punjab Vidhan Sabha
Digitized by;
Panjab Digital Library

**ਮੁੱਖ ਸੰਸਦੀ ਸਕੱਤਰ** : ਸਪੀਕਰ ਸਾਹਿਬ, ਇਹ ਸਵਾਲ ਪੜ੍ਹ ਲੈਣ । ਜਿਹੜੀ ਡੇਟ ਤੋਂ ਜਿਹੜੀ ਡੇਟ ਤੱਕ ਕੇਸ ਮੰਗੇ ਹੋਏ ਹਨ ਉਹ ਤਫਸੀਲ ਅਨੁਸਾਰ ਦੱਸ ਦਿਤੇ ਗਏ ਹਨ, ਸਮਗਲਿੰਗ ਦਾ ਵੀ ਦੱਸ ਦਿੱਤਾ ਹੈ। ਅਸੀਂ ਸਾਰਾ ਟੋਟਲ ਦਿੱਤਾ ਹੈ । ਇਹ ਫਰੈਸ਼ ਨੋਟਿਸ ਦੇ ਦੇਣ ਅਸੀਂ ਕਲੀਅਰ ਕਰ ਦਿਆਂਗੇ । ਵੈਸੇ ਮੋਸਟਲੀ ਅਫੀਮ ਦੇ ਕੇਸ ਹਨ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਤਾਦਾਦ ਦੱਸੀ ਹੈ, ਜਿਸ ਪੀਰੀਅਡ ਦੀ ਦੱਸੀ ਹੈ ਆਇਆ ਇਹ ਸੰਨ 1975 ਦੇ ਮੁਕਾਬਲੇ ਘੱਟ ਹੈ ਜਾ ਵੱਧ ਹੈ ?

**Chief Parliamentary Secretary** : New notice is required.

(ਵਿਘਨ)

(ਇਸ ਸਮੇਂ ਚੌਧਰੀ ਦਰਸ਼ਨ ਸਿੰਘ ਜੀ ਖੜੇ ਹੋਏ)

**ਇਕ ਮਾਨਯੋਗ ਮੈਂਬਰ** : ਚੌਧਰੀ ਸਾਹਿਬ, ਨਾਰਾਜ਼ ਨਾ ਹੋਣਾ ਤੁਸੀਂ ਜਲੰਧਰ ਬਾਰੇ ਵੀ ਦੱਸ ਦਿਉ । (ਹਾਸਾ)

(ਕੋਈ ਉੱਤਰ ਨਹੀਂ ਦਿੱਤਾ ਗਿਆ ।)

---

## OUSTING OF TENANTS IN VILLAGE MALIKPUR KAMBOAN, TEHSIL AND DISTRICT PATIALA

*3697. 1. **Comrade Dana Ram**
2. **Comrade Satya Pal Dang** ] : Will the Minister for Revenue and Elections be pleased to state :—

(a) whether any legislator, *vide* his letter dated 25th April, 1976 forwarded to the Chief Minister a copy of a representation of tenants and other persons connected with their struggle about the mischief being committed by the revenue officials in forcibly getting the tenants ousted from lands under their tenancy for long, relating to village Malikpur Kamboan, Tehsil and District Patiala ; if so, a copy of the said representation as also the covering letter be laid on the Table of the House ;

(b) the action taken by the Government in this connection and the present position of the case ?

**ਸਰਦਾਰ ਉਮਰਾਓ ਸਿੰਘ** : (ੳ) ਹਾਂ ਜੀ। ਪ੍ਰਤੀਬੇਨਤੀ ਅਤੇ ਸਹਿਪੱਤਰ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਮਾਮਲੇ ਦੀ ਪੜਤਾਲ ਕਰਵਾਈ ਗਈ ਹੈ । ਖਸਰਾ ਗਿਰਦਾਵਰੀ ਦੀ ਦਰੁਸਤੀ ਬਾਰੇ ਸਾਰੇ ਕੇਸਾਂ ਵਿਚ ਮੁਜ਼ਾਰਿਆਂ ਦੇ ਹੱਕ ਵਿਚ ਫੈਸਲਾ ਹੋ ਗਿਆ ਹੈ ਅਤੇ ਕੋਈ ਕੇਸ ਹੁਣ ਲੰਬਿਤ ਨਹੀਂ ਹੈ ।

Chheharta
25.4.1976.

My dear Giani ji,

I am enclosing herewith a copy of a letter addressed to the Prime Minister containing certain specific instances of how certain officials as also politicians are acting quite contrary and in violation of the 20-point programme in so far as it relates to the rural poor. These specific instances are from Patiala District. As will be seen the large number of signatories are headed by Comrade Lachhman Das Gupta who is the Secretary of the Patiala District Council of our party. In view of the fact that the representation is signed by our responsible comrades, I have no doubt that the allegations contained in it are well-founded.

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ]

I am writing this to request you to take necessary and immediate steps to prevent any injustice to poor tenants and also to ensure that the officials who are unjustifiably and even illegally helping the landlords are brought to book. I would request very early action in the matter.

I would also request that I may kindly be informed about the action that you may take in the matter.

With regards.

Yours sincerley

Sd/-
(Satya Pal Dang)

Dr. Zail Singh,
Chief Minister, Punjab,
Chandigarh.

---

Smt. Indira Gandhi,
Prime Minister of India,
New Delhi.

Subject : Mischief of Revenue officials of Patiala District against the programme declared by you.

Madam,

We, the tenants and other persons connected with their struggle, want to bring to your notice the following facts which would bring to light the mischief being committed by revenue officials under instigation and help of various political leaders, in forcibly getting the tenants ousted from the lands under their tenancies since long :—

1. In village Malikpur Kamboan, Tehsil Patiala, Mihan Singh s/o Ganda Singh owns huge agricultural Area which he was getting cultivated by various tenants. The said land owner has sons who are highly placed officials in various departments of the State. About two years back, a reign of terror was let loose to dispossess the tenants. The then Deputy Commissioner, Patiala visited the spot and after elaborate enquiry came to conclusion that the tenants have been cultivating the land since long. The revenue record shows their possession. The present Patwari of the ilaqa with the intention of helping the landlord party entered the Khasra Girdhawari as disputed though the tenants are in established possession. The position has, again, been continued in the present girdawari willfully and with ulterior motive of not only harassing the tenants but also to help the landlord party in forcible interfering in their possession.

2. Similar is the position prevailing in village Mahmoodpur Rurki, where also the revenue Patwari is committing mischief by adopting the same course of action as in village Malikpur.

It is strange that these revenue patwaris are claiming protection of the higher ups and inspite of various complaints, no action has been taken against these patwaris.

It is an open secret that local Congress leaders including Smt. Amarjit Kaur, newly elected member Rajya Sabha and Smt. Vir Pal Kaur, are helping these revenue officials and are instigating them to harm the interest of the tenants inspite of the programme declared by you.

It shall not to be out of place to mention that Sub Divisional Officer (Civil) Patiala, Surat Singh Grewal, is heading the campaign against the tenants and is helping the landlord parties of these villages in every possible manner and has caused loss to the tenants.

Original with;
Punjab Vidhan Sabha
Digitized by;
Panjab Digital Library

We request you to kindly enquire, into the matter and take apporipriate steps on the highest level to protect the possession of the tenants who are in lawful and peaceful possession of the land from the actions of these persons.

Copy to :—

1. Congress President Punjab, Chandigarh.
2. Chief Minister Punjab, Chandigarh.
3. Niranjan Singh Talib, Punjab Pradesh Congress, Chandigarh.
4. Comrade Avtar Singh Malhotra, C.P.I., Punjab.
5. Comrade Satpal Dang M.L.A.
6. Sat Pal Kapoor, M.P.
7. Amarjit Kaur M.P.
8. Prem Singh Prem, M.L.A.
9. Commissioner, Patiala.
10. D.C., Patiala.
11. S.D.M. Patiala.
12. President, District Congress Committee, Patiala.

Sd/-

1. Lachhman Das Gupta Secy. District C.P.I. Patiala
2. Mansha Singh Block Kisan Sabha. Bhunerheri.
3. Tenants of village Lachhaman LTI.
4. Takha Ram LTI.
5. Dula Ram etc. of village Rurki.
6. Waryam Singh LTI.
7. Mangat Ram.
8. Banarsi Das.
9. Ajmer.
10. Natha Ram.
11. Sadha Ram.
12. Labh Singh etc. village Malikpur.
13. Charan Singh
14. Joginder Singh Ojha.

---

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਮੁਜ਼ਾਰਿਆਂ ਦੇ ਹੱਕ ਵਿਚ ਫੈਸਲੇ ਹੋ ਗਏ ਹਨ, ਮੈਂ ਇਨ੍ਹਾਂ ਦਾ ਮਸ਼ਕੂਰ ਹਾਂ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਰਿਪਰਜੈਂਟੇਸ਼ਨ ਉਤੇ ਇਨਕੁਆਇਰੀ ਕਰਵਾਈ ਗਈ ਹੈ, ਉਸ ਵਿਚ ਕਲੀਅਰ ਕੱਟ ਐਲੀਗੇਸ਼ਨ ਸੀ ਰੈਵੀਨਿਯੂ ਡਿਪਾਰਟਮੈਂਟ ਦੇ ਕੁਝ ਅਫਸਰਾਂ ਦੇ ਖਿਲਾਫ ਕਿ ਉਹ ਲੈਂਡ ਲਾਰਡਜ਼ ਦੀ ਗੈਰ ਕਾਨੂੰਨੀ ਔਰ ਗੈਰਵਾਜਿਬ ਤਰੀਕੇ ਨਾਲ ਮੱਦਦ ਕਰਦੇ ਹਨ। ਆਇਆ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਹੋਈ ਹੈ ਜਾਂ ਨਹੀਂ ਹੋਈ ? ਆਇਆ ਜਿਹੜੇ ਪਬਲਿਕ ਰਿਪਰਜ਼ੈਂਟੇਟਿਵਜ਼ ਉਨ੍ਹਾਂ ਨੂੰ ਸ਼ਹਿ ਦਿੰਦੇ ਹਨ, ਉਨ੍ਹਾਂ ਦੇ ਖਿਲਾਫ਼ ਕੋਈ ਕਾਰਵਾਈ ਹੋਈ ਹੈ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਰਿਪਰਜ਼ੈਂਟੇਸ਼ਨ ਹੈ, ਉਸ ਵਿਚ ਲਿਖਿਆ ਹੋਇਆ ਹੈ:—

We request you to kindly enquire into the matter and take appropriate steps at the highest level to protect the possession of the tenants who are in lawful and peaceful possession of the land from the actions of these persons.

ਇਹ ਟੈਨੇਂਟਸ ਦੇ ਪ੍ਰਜ਼ੈਸ਼ਨ ਵਾਸਤੇ ਪਰੇਅਰ ਸੀ, ਉਹ ਅਸੀਂ ਫੈਸਲਾ ਕਰ ਦਿੱਤਾ ਹੈ, ਉਨ੍ਹਾਂ ਦੇ ਹੱਕ ਵਿਚ ਫੈਸਲਾ ਹੋ ਗਿਆ ਹੈ। ਜਿਹੜਾ ਕੁਐਸ਼ਚਨ ਡਾਂਗ ਸਾਹਿਬ ਨੇ ਕੀਤਾ ਹੈ, ਉਸ ਬਾਰੇ ਪ੍ਰਜ਼ੀਸ਼ਨ ਇਸ ਤਰ੍ਹਾਂ ਹੈ ਕਿ ਮੇਰੇ ਪਾਸ ਫਾਈਲ ਆਈ ਸੀ ਔਰ ਮੈਂ ਆਰਡਰ ਕੀਤੇ ਹਨ ਕਿ ਆਇਆ ਕਿਸੇ ਅਫਸਰ ਦਾ ਕਸੂਰ ਹੈ ਜਾਂ ਨਹੀਂ। ਇਸ ਲਈ ਅਸੀਂ ਆਲਰੇਡੀ ਕਾਰਵਾਈ ਕਰ ਰਹੇ ਹਾਂ।

Original with;
Punjab Vidhan Sabha
Digitized by;
Panjab Digital Library

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਜਿਹੜਾ ਐਲੀਗੇਸ਼ਨ ਸੀ ਕਿ ਮੁਜ਼ਾਰੇ ਫੋਰਸੀਬਲੀ ਔਰ ਇੱਲਲੀਗਲੀ ਇਜੈਕਟ ਕਰ ਦਿੱਤੇ ਗਏ ਹਨ, ਇਹ ਗੱਲ ਦਰੁਸਤ ਨਿਕਲੀ ਹੈ ਜਾਂ ਨਹੀਂ ? ਅਗਰ ਦਰੁਸਤ ਨਿਕਲੀ ਹੈ ਤਾਂ ਕੀ ਕਾਰਵਾਈ ਕੀਤੀ ਗਈ ਹੈ ? ਇਹ ਗੱਲ ਵਜ਼ੀਰ ਸਾਹਿਬ ਨੇ ਕਨਸੀਲ ਕੀਤੀ ਹੈ। ਆਰਡਰ ਸੈਟ-ਅਸਾਈਡ ਕਰ ਦਿੱਤੇ ਗਏ because those orders were illegal ਪਰ ਆਇਆ ਉਨ੍ਹਾਂ ਅਫਸਰਾਂ ਦੇ ਖਿਲਾਫ ਕੋਈ ਐਕਸ਼ਨ ਲਿਆ ਹੈ ਜਾ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਮਾਮਲਾ ਹੈ ਖਸਰਾ ਗਿਰਦਾਵਰੀ ਦੀ ਇੰਟਰੀ ਦਾ। ਉਸ ਬਾਰੇ ਮੁਜ਼ਾਰਿਆਂ ਦੇ ਹੱਕ ਵਿਚ ਫੈਸਲੇ ਹੋ ਗਏ ਹਨ। ਸਵਾਲ ਇਹ ਹੀ ਹੈ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਵਜ਼ੀਰ ਸਾਹਿਬ ਨੇ ਫੁਰਮਾਇਆ ਹੈ ਕਿ ਉਸ ਰਿਪਰਜ਼ੈਂਟੇਸ਼ਨ ਉਤੇ ਐਕਸ਼ਨ ਹੋਰ ਹੋ ਰਿਹਾ ਹੈ । ਉਸ ਰਿਪਰਜ਼ੈਂਟੇਸ਼ਨ ਵਿਚ ਅਫਸਰਾਂ ਦੇ ਨਾਉ ਦੱਸੇ ਸਨ । ਆਇਆ ਉਹ ਨਾਂ ਵਜ਼ੀਰ ਸਾਹਿਬ ਦੱਸਣਗੇ ਕਿ ਕਿਨ੍ਹਾਂ ਕਿਨ੍ਹਾਂ ਦੇ ਨਾਉਂ ਹਨ ਔਰ ਕੀ ਕੋਈ ਇਨਕੁਆਇਰੀ ਕਰਵਾਈ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਬਾਰੇ ਕਾਪੀ ਸਦਨ ਦੀ ਮੇਜ਼ ਤੇ ਲੇ ਕਰ ਦਿੱਤੀ ਹੈ, ਇਹ ਉਸ ਨੂੰ ਪੜ੍ਹ ਲੈਣ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਜਿਹੜੀ ਰਿਪਰਜ਼ੈਂਟੇਸ਼ਨ ਆਪਣੀ ਚਿੱਠੀ ਨਾਲ ਮੈਂ ਘੱਲੀ ਸੀ ਉਸ ਵਿਚ ਲਿਖਿਆ ਹੋਇਆ ਹੈ :—

> The said land owner has sons who are highly placed officials in various departments of the State. About two years back a reign of terror was let loose to dispossess the tenants.

**ਸ੍ਰੀ ਸਪੀਕਰ** : ਇਹ ਕੀ ਪੜ੍ਹਨ ਲਗ ਪਏ ਹੋ ?

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਪਟਿਆਲੇ ਦੇ ਇਕ ਰਿਸਪਾਂਸੀਬਲ ਪਬਲਿਕਮੈਨ ਦੀ ਰਿਪਰਜ਼ੈਂਟੇਸ਼ਨ ਹੈ ਜਿਹੜੀ ਕਿ ਮੈਂ ਘੱਲੀ ਸੀ। ਮੇਰੀ ਚਿੱਠੀ ਤਾਂ ਚਾਰ ਲਾਈਨਾਂ ਦੀ ਕਵਰਿੰਗ ਲੈਟਰ ਦੇ ਤੌਰ ਤੇ ਹੈ ਕਿ ਕਰਵਾਈ ਕਰੋ। ਇਸ ਰਿਪਰਜ਼ੈਂਟੇਸ਼ਨ ਵਿਚ ਚਾਰ ਪਟਵਾਰੀਆਂ ਦਾ ਜ਼ਿਕਰ ਹੈ, ਪਬਲਿਕ ਰਿਪਰਜ਼ੈਂਟੇਟਿਵ ਦਾ ਜ਼ਿਕਰ ਹੈ ਜਿਹੜੇ ਕਿ ਰੈਵਿਨਿਊ ਅਫਸਰਾਂ ਦੀ ਬੈਕ ਤੇ ਹਨ । ਮੇਰੀ ਚਿੱਠੀ ਤਾਂ ਸਿਰਫ ਚਾਰ ਲਾਈਨਾ ਦੀ ਚਿੱਠੀ ਸੀ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਅਫ਼ਸਰ ਔਰ ਪਬਲਿਕ ਮੈਨ ਇਸ ਵਿਚ ਇਨਵਾਲਵਡ ਹਨ, ਉਨ੍ਹਾਂ ਦੇ ਖ਼ਿਲਾਫ ਕੋਈ ਐਕਸ਼ਨ ਹੋਇਆ ਹੈ ਕਿ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਇਹ ਕੁਆਸੀ-ਜੁਡੀਸ਼ੀਅਲ ਪ੍ਰੋਸੀਡਿੰਗਜ਼ ਹੁੰਦੀਆਂ ਹਨ ਖਸਰਾ ਗਿਰਦਾਵਰੀ ਬਾਰੇ। ਉਹ ਐਪਲੀਕੇਸ਼ਨਜ਼ ਪੈਂਡਿੰਗ ਸਨ ਔਰ ਉਨ੍ਹਾਂ ਦੇ ਹੱਕ ਵਿਚ ਕਾਰਵਾਇ ਹੋ ਗਈ ਹੈ । ਔਰ ਅਸੀਂ ਅਗੋਂ ਵੀ ਇਨਕੁਆਇਰੀ ਕਰ ਰਹੇ ਹਾਂ ਕਿ ਕੀ ਕਿਸੇ ਅਫ਼ਸਰ ਦਾ ਇਸ ਵਿਚ ਕਸੂਰ ਹੈ, ਜੇਕਰ ਹੈ ਤਾਂ ਕਿਤਨਾ ਕੁ ਹੈ ਔਰ ਉਸ ਦੇ ਖ਼ਿਲਾਫ ਕੀ ਕਾਰਵਾਈ ਕਰਨੀ ਹੈ। ਇਹ ਚੀਜ਼ਾਂ ਮੈਂ ਵੇਖ ਰਿਹਾ ਹਾਂ ।

**Captain Rattan Singh** : In view of the clear cut policy and decision of the Government, tenants will be protected.

ਕੀ ਮਨਿਸਟਰ ਸਾਹਿਬ, ਸਦਨ ਨੂੰ ਇਹ ਐਸ਼ੋਰੈਂਸ਼ ਦੇਣਗੇ ਕਿ ਜਿੱਥੇ ਜਿੱਥੇ ਕਿਸੇ ਐਮ. ਐਲ. ਏ. ਨੂੰ ਜਾ ਹੋਰ ਰਿਸਪਾਂਸੀਬਲ ਆਦਮੀ ਨੂੰ ਇਹ ਪਤਾ ਲਗੇ ਕਿ ਟੇਨੈਂਟਸ ਦੀ ਇਜੈਕਟਮੈਂਟ ਹੋਈ ਹੈ, ਉਨ੍ਹਾਂ ਨੂੰ ਬਹੁਤ ਹਰਾਸ ਕੀਤਾ ਜਾਂਦਾ ਹੈ, ਸੀਰੀਅਸ ਮਾਮਲਾ ਹੈ, ਜੇਕਰ ਉਹ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਂਦਾ ਜਾਵੇ ਤਾਂ ਇਹ ਉਸ ਨੂੰ ਗੋਲ-ਮੋਲ ਨਹੀਂ ਕਰਨਗੇ ਬਲਕਿ ਕਲੀਅਰਕੱਟ ਐਕਸ਼ਨ ਲੈਣਗੇ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਹ ਸਰਕਾਰ ਦੀ ਪਾਲਿਸੀ ਹੈ ਕਿ ਟੇਨੈਂਟਸ ਦੀ ਹਰ ਤਰ੍ਹਾਂ ਨਾਲ ਕੋਈ ਜ਼ਿਆਦਤੀ ਦਾ ਕੇਸ ਨੋਟਿਸ ਵਿਚ ਆਉਂਦਾ ਹੈ, ਕਾਰਵਾਈ ਵੀ ਕੀਤੀ ਜਾਂਦੀ ਹੈ । ਮੈਂ ਸਮਝਦਾ ਹਾਂ ਕਿ ਟੇਨੈਂਟਸ ਵਾਸਤੇ, ਉਨ੍ਹਾਂ ਦੀ ਪ੍ਰੋਟੈਕਸ਼ਨ ਵਾਸਤੇ ਕਾਨੂੰਨ ਵੀ ਬਣੇ ਹੋਏ ਹਨ ਔਰ ਉਨ੍ਹਾਂ ਦੀ ਸਖ਼ਤੀ ਨਾਲ ਵਰਤੋਂ ਕੀਤੀ ਜਾਂਦੀ ਹੈ ਔਰ ਕੀਤੀ ਵੀ ਜਾਵੇਗੀ । ਅਸੀਂ ਡਿਸਟ੍ਰਿਕਟ ਅਥਾ— ਰਿਟੀਜ਼ ਨੂੰ ਕਹਿ ਦਿੱਤਾ ਹੈ ।

**आचार्य पृथ्वी सिंह आजाद** : स्पीकर साहिब अभी अभी वज़ीर साहिब ने फर्माया है कि इस सरकार की नीति है कि मुज़ारों को पूरी पूरी प्रोटैक्शन देनी है । इस लिए इस बात में शक की गुन्जाइश नहीं है । मैं आप के ज़रिये सरकार से यह पूछना चाहता हूं कि जो आफीसरज़ इस केस में इनवाल्वड है, और उन के खिलाफ कलीयर केस है उन के खिलाफ क्या कोई कार्रवाई या ऐक्शन लिया गया है अथवा नही ?

**ਸ਼੍ਰੀ ਸਪੀਕਰ** : ਉਨ੍ਹਾਂ ਨੇ ਐਸ਼ੋਅਰ ਕੀਤਾ ਹੈ ਕਿ ਇਹ ਚੀਜ਼ ਵੇਖ ਰਹੇ ਹਾਂ ।

**ਮੰਤਰੀ** : ਸਪੀਕਰ ਸਾਹਿਬ, ਮੈਂ ਆਲਰੈਡੀ ਕਹਿ ਚੁਕਾ ਹਾਂ ਕਿ ਅਫਸਰ ਜਿਹੜੇ ਜਿਹੜੇ ਇਨਵਾਲਵਡ ਹਨ, ਉਨ੍ਹਾਂ ਦੇ ਕੰਡਕਟ ਬਾਰੇ ਰਿਪੋਰਟ ਦੇਣ ਲਈ ਆਰਡਰ ਕਰ ਦਿੱਤੇ ਹਨ । ਅਗਰ ਕੋਈ ਅਫਸਰ ਇਸ ਵਿਚ ਇਨਟੈਂਗਲ ਹੋਵੇਗਾ ਤਾਂ ਉਸ ਦੇ ਖ਼ਿਲਾਫ ਕਾਰਵਾਈ ਕੀਤੀ ਜਾਵੇਗੀ ।

(ਥੰਪਿੰਗ)

**ਕਾਮਰੇਡ ਅਰਜਨ ਸਿੰਘ ਮਸਤਾਨਾ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਮੁਜ਼ਾਰਿਆਂ ਨੂੰ ਇਨਸਾਫ ਦੇਣਾ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਾਏ ਨਾਗਾ ਦੇ ਮੁਜ਼ਾਰਿਆਂ ਨੂੰ ਪ੍ਰੇਸ਼ਾਨ ਕੀਤਾ ਗਿਆ ਹੈ। ਉਨ੍ਹਾਂ ਨੂੰ ਇਜੈਕਟ ਕਰ ਦਿੱਤਾ ਗਿਆ ਹੈ। ਜਿਨ੍ਹਾਂ ਅਫਸਰਾਂ ਨੇ ਉਨ੍ਹਾਂ ਨਾਲ ਜ਼ਿਆਦਤੀ ਕੀਤੀ ਹੈ ਉਨ੍ਹਾਂ ਦੇ ਖ਼ਿਲਾਫ ਇਹ ਕੀ ਐਕਸ਼ਨ ਲੈ ਰਹੇ ਹਨ ?

**ਸ਼੍ਰੀ ਸਪੀਕਰ**: ਤੁਸੀਂ ਤਸ਼ਰੀਫ ਰੱਖੋ । ਇਹ ਕੋਈ ਸਪਲੀਮੈਂਟਰੀ ਨਹੀਂ ਹੈ। (ਵਿਘਨ)

**ਕਾਮਰੇਡ ਅਰਜਨ ਸਿੰਘ ਮਸਤਾਨਾ** : ਸਪੀਕਰ ਸਾਹਿਬ, ਮੁਜ਼ਾਰਿਆਂ ਨਾਲ ਇਸ ਤਰ੍ਹਾਂ ਬੇਇਨਸਾਫੀ ਕਰਨਾ ਠੀਕ ਨਹੀਂ ਹੈ। ਸਰਕਾਰ ਦੇ 20 ਨੁਕਾਤੀ ਪ੍ਰੋਗਰਾਮ ਵਿਚ ਹੈ ਕਿ ਮੁਜ਼ਾਰਿਆਂ ਨੂੰ ਤੁਹੱਫਜ਼ ਦੇਣਾ ਹੈ। ........

**ਸ਼੍ਰੀ ਸਪੀਕਰ** : ਤੁਸੀਂ ਬੈਠੋ, ਮਸਤਾਨਾ ਜੀ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ਨਹੀਂ ਜੀ, ਮੈਂ ਸਵਾਲ ਕਰਨਾ ਹਾਂ। ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 20-ਨੁਕਾਤੀ ਪ੍ਰੋਗਰਾਮ ਹੇਠ ਮੁਜ਼ਾਰਿਆ ਨੂੰ ਤੁਹੱਫਜ਼ ਦੇਣਾ ਹੈ ਪਰ ਉਥੇ ਮੁਜ਼ਾਰੇ ਜਿਹੜੇ ਹਨ ਉਹ ਦਹਿਸ਼ਤ ਜ਼ਦਾ ਹਨ। .........

(ਇਸ ਸਮੇਂ ਸਰਦਾਰ ਪ੍ਰੇਮ ਸਿੰਘ ਪ੍ਰੇਮ ਖੜੇ ਹੋਏ)

**ਸ਼੍ਰੀ ਸਪੀਕਰ** : ਮਸਤਾਨਾ ਜੀ, ਤੁਸੀਂ ਬੈਠੋ। ਸਰਦਾਰ ਪ੍ਰੇਮ ਸਿੰਘ ਜੀ ਪ੍ਰੇਮ ਸਵਾਲ ਪਛਣਾ ਚਾਹੁੰਦੇ ਹਨ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਸਪੀਕਰ ਸਾਹਿਬ, ਇਹ ਮੇਰੀ ਕਾਨਸਟੀਚਿਊਐਂਸੀ ਬਾਰੇ ਸਵਾਲ ਹੈ, ਇਸ ਲਈ ਮੈਂ ਇਹ ਸਪਲੀਮੈਂਟਰੀ ਤੁਹਾਡੇ ਰਾਹੀਂ ਪੁੱਛਦਾ ਹਾਂ । ਇਸ ਕੇਸ ਵਿਚ ਜਿਹੜੇ ਜਾਗੀਰਦਾਰ ਹਨ ਉਨ੍ਹਾਂ ਦੀ ਕੁਝ ਅਫ਼ਸਰ ਮੱਦਦ ਕਰਦੇ ਹਨ ਉਨ੍ਹਾਂ ਦੇ ਖ਼ਿਲਾਫ ਕੋਈ ਐਕਸ਼ਨ ਨਹੀਂ ਲਿਆ ਗਿਆ । ਤਬਦੀਲ ਤਕ ਨਹੀਂ ਕੀਤਾ ਗਿਆ । ਕੁਝ ਲੋਕ ਕੱਲ ਹੀ ਮੈਨੂੰ ਮਿਲੇ ਸਨ । ਉਹ ਕਹਿੰਦੇ ਸਨ ਕਿ ਚੀਫ਼ ਮਨਿਸਟਰ ਸਾਹਿਬ ਨੂੰ ਮਿਲ ਕੇ ਸਾਨੂੰ ਗੰਨ ਦਾ ਲਾਇਸੈਂਸ ਹੀ ਲੈ ਦਿਓ ਕਿਉਂਕਿ ਸਾਨੂੰ ਖ਼ਤਰਾ ਹੈ। ਕੀ ਵਜ਼ੀਰ ਸਾਹਿਬ ਹਾਊਸ ਨੂੰ ਯਕੀਨ ਦਿਵਾਉਣਗੇ ਕਿ ਘੱਟੋ ਘੱਟ ਉਨ੍ਹਾਂ ਅਫਸਰਾਂ ਨੂੰ ਬਦਲਿਆ ਜਾਵੇਗਾ , ਜਿਨ੍ਹਾਂ ਦਾ ਇਸ ਵਿਚ ਹੱਥ ਹੈ?

**ਮੰਤਰੀ** : ਸਪੀਕਰ ਸਾਹਿਬ, ਮੇਰੇ ਨੋਟਿਸ ਵਿਚ ਇਹ ਕੇਸ ਸਵੇਰੇ ਆਇਆ ਹੈ । ਮੈਂ ਡਿਪਟੀ ਕਮਿਸ਼ਨਰ ਸਾਹਿਬ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਸੀ । ਮੈਂ ਕੋਸ਼ਿਸ਼ ਕੀਤੀ ਸੀ ਕਿ ਪੂਰੀ ਜਾਣਕਾਰੀ ਲੈ ਸਕਾਂ ਮਗਰ ਮੈਂ ਕਹਿਣਾ ਚਾਹਵਾਂਗਾ ਕਿ ਮੈਂ ਆਰਡਰ ਕਰ ਦਿੱਤੇ ਹਨ ਕਿ ਕਿਹੜੇ ਕਿਹੜੇ ਅਫਸਰ ਹਨ ਜਿਨ੍ਹਾਂ ਦਾ ਕਸੂਰ ਹੈ , ਔਰ ਉਨ੍ਹਾਂ ਦੇ ਖ਼ਿਲਾਫ ਕੀ ਕਾਰਵਾਈ ਕੀਤੀ ਜਾਵੇ । ਅਗਰ ਕਸੂਰ ਹੋਵੇਗਾ ਤਾਂ ਜ਼ਰੂਰ ਕਾਰਵਾਈ ਕੀਤੀ ਜਾਵੇਗੀ ।

---

### ਜ਼ਿਲਾ ਰੂਪਨਗਰ ਵਿਚ ਇਕ ਨਵੀਂ ਸਬ- ਤਹਿਸੀਲ ਬਣਾਉਣਾ

* 3754 **ਮਾਸਟਰ ਦਲੀਪ ਚੰਦ** : ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਰੂਪਨਗਰ ਵਿਚ ਨੂਰਪੁਰ ਬੇਦੀ ਵਿਖੇ ਇਕ ਨਵੀਂ ਸਬ- ਤਹਿਸੀਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜ਼ਿਹਾ ਹੋਵੇ ਤਾਂ ਕਦੋ ?

**ਸਰਦਾਰ ਉਮਰਾਉ ਸਿੰਘ** : ਹਾਂ ਜੀ, ਇਸ ਮਾਮਲੇ ਨੂੰ ਮਿਤੀ ਬੱਧ ਨਹੀਂ ਕੀਤਾ ਜਾ ਸਕਦਾ।

**ਮਾਸਟਰ ਦਲੀਪ ਚੰਦ**: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ "ਹਾਂ" ਤਾਂ ਕਰ ਦਿੱਤੀ ਹੈ ਲੇਕਿਨ ਇਨ੍ਹਾਂ ਨੇ ਕਿਹਾ ਹੈ ਕਿ ਤਾਰੀਖ ਨਹੀਂ ਦੱਸ ਸਕਦੇ । ਨੂਰਪੁਰ ਬੇਦੀ ਤੋਂ ਆਨੰਦਪੁਰ ਸਾਹਿਬ ਦੇ ਰਸਤੇ ਵਿਚ ਦਰਿਆ ਆਉਂਦਾ ਹੈ, ਲੋਕਾਂ ਨੂੰ ਆਉਣ ਜਾਣ ਵਿਚ ਬੜੀ ਤਕਲੀਫ ਹੁੰਦੀ ਹੈ। ਆਇਆ ਇਹ ਦੱਸਣਗੇ ਕਿ ਇਸ ਨੂੰ ਕਿਤਨੇ ਮਹੀਨੇ ਲਗ ਜਾਣਗੇ?

**ਮੰਤਰੀ**: ਰਿਪ੍ਰਜ਼ੈਂਟੇਸ਼ਨ ਆਈ ਹੈ। ਇਹ ਮਾਮਲਾ ਵਿਚਾਰ ਅਧੀਨ ਹੈ।

**ਸਰਦਾਰ ਗੁਰਬਚਨ ਸਿੰਘ** (ਰੋਪੜ): ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਨੂਰਪੁਰ ਬੇਦੀ ਨੂੰ ਸਬ—ਤਹਿਸੀਲ ਬਣਾਉਣ ਵਿਚ ਕੀ ਕੀ ਔਕੜਾਂ ਆਉਂਦੀਆਂ ਹਨ?

**ਮੰਤਰੀ**: ਸਪੀਕਰ ਸਾਹਿਬ, ਕੋਈ ਔਕੜ ਨਹੀਂ ਹੈ, ਇਹ ਡੇਟਬਾਂਉਂਡ ਨਹੀਂ ਹੋ ਸਕਦੀ ਹੈ । ਸਾਰੇ ਕੇਸਿਜ਼ ਦਾ ਜਲਦੀ ਤੋਂ ਜਲਦੀ ਨਿਪਟਾਰਾ ਕੀਤਾ ਹੈ । ਗਿਆਨੀ ਜ਼ੈਲ ਸੰਘ ਜੀ ਦੀ ਪੰਜਾਬ ਸਰਕਾਰ ਨੇ ਕਿੰਨੀਆਂ ਹੀ ਤਹਿਸੀਲਾਂ ਬਣਾਈਆਂ ਹਨ ਅਤੇ ਹੋਰ ਵੀ ਜਿਥੇ ਲੋੜ ਹੈ, ਐਡਮਨਿਸਟ੍ਰੇਟਿਵ ਨੱਜ਼ਰੀਏ ਤੋਂ ਇਹ ਲੋੜ ਵੇਖ ਕੇ ਬਣ ਰਹੀਆਂ ਹਨ। ਸਪੀਕਰ ਸਾਹਿਬ, ਤੁਹਾਡੇ ਹਲਕੇ ਮੁਕੇਰੀਆਂ ਦਾ ਮਾਮਲਾ ਵਿਚਾਰ ਅਧੀਨ ਹੈ।

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਚੀਫ਼ ਮਨਿਸਟਰ ਸਾਹਿਬ ਦੇ ਹਲਕੇ ਵਿਚ ਨੂਰਪੁਰ ਬੇਦੀ ਹੋਣ ਕਰਕੇ ਵਿਚਾਰ ਅਧੀਨ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ**: ਸਪੀਕਰ ਸਾਹਿਬ, ਇਹ ਪ੍ਰਿੰਸੀਪਲ ਬਣਾਇਆ ਹੋਇਆ ਹੈ। ਇਹ ਕਰਾਈਟੇਰੀਆ ਵੇਖ ਕੇ ਅਤੇ ਇਸ ਚੀਜ਼ ਲਈ ਕਮੇਟੀ ਬਣੀ ਹੋਈ ਹੈ, ਫਿਰ ਮਾਮਲਾ ਕੈਬਨਿਟ ਕੋਲ ਆਉਂਦਾ ਹੈ। ਕੋਸ਼ਿਸ਼ ਕਰਕੇ ਇਸ ਨੂੰ ਜਲਦੀ ਨਿਪਟਾਇਆ ਜਾਵੇਗਾ।

SUPPLY OF BOOKS AND STATIONERY TO THE STUDENTS OF COLLEGES AND SCHOOLS AT CONTROLLED PRICE IN THE STATE

*3727 1. **Chaudhri Sunder Singh**
2. **Shri Sardari Lal Kapoor**
Will the Minister for Education be pleased to state the action taken by the Government during the last one year for the supply of books and stationery articles to the students of Colleges and Schools in the State, at controlled price ?

**ਸ਼੍ਰੀ ਗੁਰਮੇਲ ਸਿੰਘ**: ਪਿਛਲੇ ਸਾਲ ਸਰਕਾਰ ਨੇ ਸਹਿਕਾਰੀ ਸਟੋਰਜ਼ ਸਥਾਪਤ ਕੀਤੇ, ਅਧਿਕਾਰ ਪ੍ਰਾਪਤ ਏਜੰਟਸ ਨਿਯੁਕਤ ਕੀਤੇ ਅਤੇ ਸਿਖਿਅਕ ਸੰਸਥਾਵਾਂ ਦੇ ਮੁੱਖੀਆਂ ਨੂੰ ਇਹ ਗੱਲ ਯਕੀਨੀ ਬਣਾਉਣ ਲਈ ਕਿਹਾ ਕਿ ਵਿਦਿਆਰਥੀਆਂ ਨੂੰ ਪਾਠ ਅਤੇ ਅਭਿਆਸ ਪੁਸਤਕਾਂ (ਕਾਪੀਆਂ) ਕੰਟਰੋਲ ਭਾਅ ਤੇ ਮਿਲਣ।

ਇਸ ਤੋਂ ਇਲਾਵਾ ਪੰਜਾਬ ਸਕੂਲ ਸਿਖਿਆ ਬੋਰਡ ਨੇ ਕਿਤਾਬਾਂ ਦੀ ਕੀਮਤ ਕੱਢਣ ਲਈ ਨਿਰ—ਧਾਰਤ ਕੀਤੇ ਹੋਏ ਫਾਰਮੂਲੇ ਅਨੁਸਾਰ ਜਿਹੜਾ 5% ਵਾਧੂ ਮੁੱਲ ਚਾਰਜ ਕੀਤਾ ਜਾਂਦਾ ਸੀ, ਵੀ ਵਾਪਸ ਲੈ ਲਿਆ ਹੈ। ਜਿਹੜੇ ਸਹਿਕਾਰੀ ਸਟੋਰ ਸਕੂਲਾਂ ਵਿਚ ਸਥਾਪਤ ਹੋਏ ਹਨ ਉਨ੍ਹਾਂ ਨੂੰ ਬਾਕੀ ਸਟੋਰਾਂ ਦੇ ਮੁਕਾਬਲੇ 10 ਪ੍ਰਤੀਸ਼ਤ ਰਿਆਇਤ ਦਿੱਤੀ ਜਾਂਦੀ ਹੈ। ਜਿਲਦ ਬੰਨ੍ਹਣ ਦੀਆਂ ਕੀਮਤਾਂ ਵੀ ਘਟਾ ਦਿੱਤੀਆਂ ਗਈਆਂ ਹਨ। ਸਕੂਲਾਂ ਵਿਚ 11,400 ਤੇ ਕਾਲਜਾਂ ਵਿਚ 210 ਬੁਕ ਬੈਂਕਸ ਸਥਾਪਤ ਕੀਤੇ ਗਏ ਹਨ।

**ਕਾਮਰੇਡ ਸੱਤ ਪਾਲ ਡਾਂਗ**: ਕੀ ਮਨਿਸਟਰ ਸਾਹਿਬ ਨੂੰ ਇਸ ਗੱਲ ਦਾ ਇਲਮ ਹੈ ਕਿ ਕਿਹੜੇ ਸਕੂਲਾਂ ਵਿਚ ਹਰੀਜਨਾਂ ਅਤੇ ਦੂਜੇ ਗ਼ਰੀਬ ਬੱਚਿਆਂ ਨੂੰ ਮੁਫਤ ਕਿਤਾਬਾਂ ਦੇਣ ਦੀ ਸਕੀਮ ਬਣਾਈ ਗਈ ਹੈ? ਇਹ ਕਿਤਾਬਾਂ ਸਰਕਾਰ ਨੇ ਵੇਕੇਸ਼ਨ ਤੋਂ ਪਹਿਲਾਂ ਨਹੀਂ ਦਿੱਤੀਆਂ। ਜਦੋਂ ਬੱਚਿਆਂ ਨੇ ਆਪਣੀਆਂ ਕਿਤਾਬਾਂ ਖਰੀਦ ਲਈਆਂ ਤਾਂ ਉਸ ਸਮੇਂ ਇਹ ਕਿਤਾਬਾਂ ਦਿੱਤੀਆਂ ਗਈਆਂ ਅਤੇ ਬਹੁਤ ਸਾਰੇ ਸਕੂਲਾਂ ਵਿਚ ਅਜੇ ਤਕ ਨਹੀਂ ਵੰਡੀਆਂ ਗਈਆਂ।

**ਮੰਤਰੀ**: ਸਪੀਕਰ ਸਾਹਿਬ, ਕਿਤਾਬਾਂ ਤਾਂ ਸਮੇਂ ਸਿਰ ਵੰਡੀਆਂ ਗਈਆਂ ਸਨ। ਲੇਕਿਨ ਕੁਝ ਕਿਤਾਬਾਂ ਸਿਖਿਆ ਬੋਰਡ ਪਾਸ ਨਹੀਂ ਸਨ ਅਤੇ ਛੱਪ ਰਹੀਆਂ ਸਨ। ਜਿਸ ਵੇਲੇ ਛਪ ਗਈਆਂ ਉਸ ਵੇਲੇ ਸਰਕਾਰ ਨੇ ਵੰਡ ਦਿੱਤੀਆਂ ਸਨ।

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, 20-ਨੁਕਾਤੀ ਪ੍ਰੋਗਰਾਮ ਦੇ ਵਿਚ ਵਿਦਿਆਰਥੀਆਂ ਬਾਰੇ ਦਿੱਤਾ ਹੋਇਆ ਹੈ ਅਤੇ ਜਿਸ ਦੇ ਅਧੀਨ ਇਹ ਸਕੀਮ ਬਣਾਈ ਗਈ ਸੀ ਕਿ ਵਿਦਿਆਰਥੀਆਂ ਨੂੰ ਵਿਦਿਆ ਸਸਤੀ ਦੇਣੀ ਹੈ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣੀਆਂ ਹਨ। ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਆਗਿਆ ਤੋਂ ਬਿਨਾਂ ਮੰਜ਼ੂਰ ਸ਼ੁਦਾ ਕਾਲਜਾਂ ਨੇ ਵਿਦਿਆਰਥੀਆਂ ਦੀਆਂ ਫੀਸਾਂ 5 ਰੁਪਏ ਮਹੀਨਾ ਦੇ ਹਿਸਾਬ ਨਾਲ ਵਧਾ ਦਿੱਤੀਆਂ ਹਨ। ਕੀ ਵਜ਼ੀਰ ਸਾਹਿਬ ਨੇ ਇਸ ਬਾਰੇ ਕੋਈ ਕਾਰਵਾਈ ਕੀਤੀ ਹੈ?

**ਮੰਤਰੀ**: ਸਪੀਕਰ ਸਾਹਿਬ, 20 ਨੁਕਾਤੀ ਪ੍ਰੋਗਰਾਮ ਦੇ ਅਧੀਨ ਪੰਜਾਬ ਸਰਕਾਰ ਨੇ ਵਿਦਿਆਰਥੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ ਹਨ। ਇਸ ਕੰਮ ਵਿਚ ਪੰਜਾਬ ਸਰਕਾਰ ਨੇ ਦੂਜੇ ਸੂਬਿਆਂ ਦੇ ਨਾਲੋਂ ਪਹਿਲ ਕੀਤੀ ਹੈ।

Original with;
Punjab Vidhan Sabha
Digitized by;
Panjab Digital Library

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਕੀ ਵਿਦਿਆ ਮੰਤਰੀ ਸਾਹਿਬ ਦੱਸਣਗੇ ਕਿ 11,400 ਸਕੂਲਾਂ ਤੋਂ ਇਲਾਵਾ ਕਿੰਨੇ ਸਕੂਲ ਐਸੇ ਹਨ ਜਿਥੇ ਹਾਲਾਂ ਤੀਕ ਬੁੱਕ ਬੈਂਕ ਨਹੀਂ ਖੋਲ੍ਹੇ ਗਏ ? ਆਇਆ ਇਨ੍ਹਾਂ ਸਕੂਲਾਂ ਵਿਚ 31 ਮਾਰਚ, 1977 ਤਕ ਬੁੱਕ ਬੈਂਕ ਖੁਲ੍ਹ ਜਾਣਗੇ?

**ਮੰਤਰੀ**: ਸਪੀਕਰ ਸਾਹਿਬ, 20 ਨੁਕਾਤੀ ਪ੍ਰੋਗਰਾਮ ਦੇ ਅਧੀਨ ਇਹ ਨਵੀਂ ਸਕੀਮ ਪੰਜਾਬ ਸਰਕਾਰ ਨੇ ਚਾਲੂ ਕੀਤੀ ਸੀ। ਇਸ ਕੰਮ ਲਈ 54 ਲੱਖ ਰੁਪਏ ਦੀਆਂ ਕਿਤਾਬਾਂ ਖ਼ਰੀਦ ਕੇ ਪੰਜਾਬ ਦੇ ਸਕੂਲਾਂ ਅਤੇ ਕਾਲਜਾਂ ਵਿਚ ਬੁੱਕ ਬੈਂਕ ਬਣਾ ਦਿੱਤੇ ਹਨ, ਬਾਕੀ ਅਗਲੇ ਸਾਲ ਹੋਰ ਪੈਸੇ ਮਿਲਣਗੇ ਤਾਂ ਕਿਤਾਬਾਂ ਖਰੀਦ ਕੇ ਵਿਦਿਆਰਥੀਆਂ ਨੂੰ ਦੇਣ ਲਈ ਕਾਰਵਾਈ ਕੀਤੀ ਜਾਵੇਗੀ ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਸਪੀਕਰ ਸਾਹਿਬ, ਪੰਜਾਬ ਵਿਚ ਕਿਤਨੇ ਸਕੂਲ ਐਸੇ ਹਨ ਜਿਥੇ ਅਜਿਹੇ ਬੁੱਕ ਬੈਂਕ ਨਹੀਂ ਹਨ ?

**ਮੰਤਰੀ** : ਸਪੀਕਰ ਸਾਹਿਬ, ਇਸ ਬਾਰੇ ਮੈਂ ਪਤਾ ਕਰ ਲਵਾਂਗਾਂ। ਮੈਂ ਇਹ ਗੱਲ ਕਹੀ ਸੀ ਕਿ 54 ਲੱਖ ਰੁਪਏ ਦੀਆਂ ਕਿਤਾਬਾਂ ਇਸ ਸਾਲ ਵੰਡੀਆਂ ਗਈਆਂ ਹਨ ।

---

## ਬਲਾਚੌਰ ਵਿਧਾਨ ਸਭਾ ਚੋਣ ਹਲਕੇ ਵਿਚ ਪਿੰਡ ਚੰਦਪੁਰ ਰੁੜਕੀ ਵਿਖੇ ਮਿਡਲ ਸਕੂਲ ਨੂੰ ਅਪਗਰੇਡ ਕਰਨਾ

*3748 **ਮਾਸਟਰ ਦਲੀਪ ਚੰਦ** : ਕੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਲਾਚੌਰ ਵਿਧਾਨ ਸਭਾ ਚੋਣ ਹਲਕੇ ਦੇ ਪਿੰਡ ਚੰਦਪੁਰ ਰੁੜਕੀ ਵਿਖੇ ਮਿਡਲ ਸਕੂਲ ਨੂੰ (ਜੋ ਪਿਛਲੇ ਦਸ ਸਾਲਾਂ ਤੋਂ ਚਲ ਰਿਹਾ ਹੈ) ਹਾਈ ਸਕੂਲ ਵਿਚ ਅਪਗਰੇਡ ਕਰਨ ਦਾ ਸਰਕਾਰ ਦਾ ਵਿਚਾਰ ਹੈ ਕਿਉਂਕਿ ਇਥੇ 5/6 ਮੀਲ ਦੇ ਘੇਰੇ ਅੰਦਰ ਕੋਈ ਹਾਈ ਸਕੂਲ ਨਹੀਂ ਹੈ ਅਤੇ ਇਸ ਵਿਚ ਵੱਡੀ ਗਿਣਤੀ ਵਿਚ ਵਿਦਿਆਰਥੀ ਪੜ੍ਹਦੇ ਹਨ ਅਤੇ ਜਿਸ ਲਈ ਇਮਾਰਤ ਵੀ ਬਣਾਈ ਗਈ ਹੈ, ਜੇਕਰ ਅਜਿਹਾ ਹੋਵੇ ਤਾਂ ਕਦੋਂ ਤਕ ?

**ਸ੍ਰੀ ਗੁਰਮੇਲ ਸਿੰਘ**: ਸਕੂਲਾਂ ਦਾ ਪੱਧਰ ਵਿਧਾਨ ਸਭਾ ਚੋਣ ਹਲਕਾ ਵਾਰ ਅਪਗਰੇਡ ਨਹੀਂ ਕੀਤਾ ਜਾਂਦਾ. ਜਿਥੋਂ ਤੱਕ ਸਰਕਾਰੀ ਮਿਡਲ ਸਕੂਲ ਚੰਦਪੁਰ ਰੁੜਕੀ ਦਾ ਪੱਧਰ ਉਚਾ ਕਰਨ ਦਾ ਸਬੰਧ ਹੈ ਇਸ ਸਬੰਧੀ ਤਜਵੀਜ਼ ਹਾਲ ਦੀ ਘੜੀ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ ।

**ਮਾਸਟਰ ਦਲੀਪ ਚੰਦ**: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿੰਡ ਚੰਦਪੁਰ ਰੁੜਕੀ ਮਿਡਲ ਸਕੂਲ ਨੂੰ ਹਾਈ ਸਕੂਲ ਕਦੋਂ ਤੱਕ ਬਣਾ ਦੇਵੋਗੇ, ਕਿਉਂਕਿ ਪਿੰਡ ਵਾਲਿਆਂ ਨੇ ਉਥੇ 7/8 ਕਮਰੇ ਪਾ ਦਿਤੇ ਹਨ? ਇਹ ਸਕੂਲ ਪਹਾੜੀ ਇਲਾਕੇ ਦੇ ਵਿਚ ਆਉਂਦਾ ਹੈ । ਕੀ ਇਸ ਤੇ ਸਰਕਾਰ ਵਿਚਾਰ ਕਰੇਗੀ?

(ਕੋਈ ਜਵਾਬ ਨਹੀਂ ਦਿਤਾ ਗਿਆ ।)

**ਸਰਦਾਰ ਗੁਰਬਚਨ ਸਿੰਘ** (ਰੋਪੜ): ਕੀ ਮਨਿਸਟਰ ਸਾਹਿਬ, ਬੇਟ ਦੇ ਬੈਕਵਰਡ ਏਰੀਆਜ਼ ਅਤੇ ਸਬਮਾਉਂਟੇਨੀਅਸ ਏਰੀਆਜ਼ ਵਿਚ ਸਕੂਲਾਂ ਨੂੰ ਅਪਗਰੇਡ ਕਰਨ ਦਾ ਖ਼ਿਆਲ ਰੱਖਣਗੇ ? ਮੈਂ ਇਹ ਵੀ ਕਹਾਂਗਾ ਕਿ ਕੋਈ ਕਰਾਈਟੇਰੀਆ ਮੁਕਰੱਰ ਕਰ ਕੇ ਸਬਮਾਉਂਟੇਨੀਅਸ ਏਰੀਆਜ਼ ਵਿਚ ਜਿਥੇ ਬੱਚਿਆਂ ਨੂੰ ਆਉਣ-ਜਾਣ ਦੀ ਬਹੁਤ ਤਕਲੀਫ ਹੁੰਦੀ ਹੈ ਅਤੇ ਇਸੇ ਤਰ੍ਹਾਂ ਬੇਟ ਦੇ ਏਰੀਆਜ਼ ਵਿਚ ਵੀ ਤਕਲੀਫ ਹੈ ਉਥੇ ਮਿਡਲ ਤੋਂ ਹਾਈ ਸਕੂਲ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ**: ਸਪੀਕਰ ਸਾਹਿਬ, ਬੇਟ ਏਰੀਆਜ਼ ,ਪਹਾੜੀ ਇਲਾਕਾ ਅਤੇ ਬਾਰਡਰ ਏਰੀਆਜ਼ ਦੇ ਬਾਰੇ ਮੀਟਿੰਗ ਹੋਈ ਸੀ। ਇਸ ਵਿਚ ਹਰ ਮਹਿਕਮੇ ਦੀ ਕਾਰਗੁਜ਼ਾਰੀ ਵੀ ਵੇਖੀ ਗਈ ਸੀ ਕਿ ਇਸ ਮਹਿਕਮੇ ਨੇ ਇਨ੍ਹਾਂ ਏਰੀਆਜ਼ ਵਿਚ ਕਿਤਨਾ ਕੰਮ ਕੀਤਾ ਹੈ। ਵਿਦਿਆ ਵਿਭਾਗ ਨੇ 100 ਪ੍ਰਤੀਸ਼ਤ ਤੋਂ 150 ਪ੍ਰਤੀਸ਼ਤ ,200 ਪ੍ਰਤੀਸ਼ਤ ਨਹੀਂ ਬਲਕਿ 250 ਪ੍ਰਤੀਸ਼ਤ ਤੱਕ ਸਕੂਲਾਂ ਨੂੰ ਅਪਗਰੇਡ ਕੀਤਾ ਹੈ।

---

## TAX AND PERMIT FEE FOR AUTO RICKSHAWS IN THE STATE

*3593. Comrade Satya Pal Dang : Will the Minister for Excise and Taxation be pleased to state whether any Legislator wrote to him a letter, dated 13th March, 1976 regarding exhorbitant tax and permit fee for auto-rickshaws in the State; if so, the details thereof together with the action, if any, taken thereon ?

**ਸ੍ਰੀ ਯਸ਼ਪਾਲ** : ਹਾਂ ਜੀ, ਤਿੰਨ ਪਹੀਏ ਵਾਲੀਆਂ ਆਟੋ ਰਿਕਸ਼ਾ ਨੂੰ ਭਾੜਾ ਕਰ ਤੋਂ ਬਿਲਕੁਲ ਮੁਕਤ ਕਰਨ ਲਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਪੰਜਾਬ ਮੋਟਰ ਵਹੀਕਲ ਰੂਲਜ਼ ਦੇ ਰੂਲ 4.14 ਅਧੀਨ ਆਟੋਰਿਕਸ਼ਾ ਵਾਲਿਆਂ ਤੋਂ ਤਿੰਨ ਸਾਲ ਦੇ 167 ਰੁਪਏ ਪਰਮਿਟ ਫੀਸ ਟਰਾਂਸਪੋਰਟ ਵਿਭਾਗ ਵਲੋਂ ਲਈ ਜਾਂਦੀ ਹੈ ਅਤੇ ਫੀਸ ਦੀ ਪੇਸ਼ਗੀ ਅਦਾਇਗੀ ਦੀ ਸੂਰਤ ਵਿੱਚ $12\frac{1}{2}$ ਪ੍ਰਤੀਸ਼ਤ ਰਿਬੇਟ ਦਿੱਤਾ ਜਾਂਦਾ ਹੈ।

**ਕਾਮਰੇਡ ਸੱਤ ਪਾਲ ਡਾਂਗ** : ਇਸ ਗੱਲ ਦੀ ਰੌਸ਼ਨੀ ਵਿਚ ਕਿ ਇਹ ਜਿਹੜੇ ਆਟੋ ਰਿਕਸ਼ਾ ਚਲਾਉਣ ਵਾਲੇ ਹਨ ਇਹ ਬਹੁਤੇ ਛਾਂਟੀ ਕੀਤੇ ਇੰਡਸਟਰੀਅਲ ਵਰਕਰਜ਼, ਹੋਰ ਛੋਟੇ ਮੁਲਾਜ਼ਮ ਅਤੇ ਗਰੀਬ ਲੋਕ ਹੁੰਦੇ ਹਨ। ਉਨ੍ਹਾਂ ਨੇ ਬੈਂਕਾਂ ਤੋਂ ਕਰਜ਼ੇ ਲੈ ਕੇ ਆਪਣੇ ਰਿਕਸ਼ੇ ਲਏ ਹਨ। ਇਸ ਗੱਲ ਦੀ ਰੋਸ਼ਨੀ ਵਿਚ ਕਿ ਪੰਜਾਬ ਦੇ ਨਾਲ ਲੱਗਦੇ ਸੂਬੇ ਜਿਸ ਤਰ੍ਹਾਂ ਹਰਿਆਣੇ, ਦਿੱਲੀ ਅਤੇ ਚੰਡੀਗੜ੍ਹ ਯੂਨੀਅਨ ਟੈਰੇਟਰੀ ਵਿਚ ਪੰਜਾਬ ਨਾਲੋਂ ਰਿਕਸ਼ਿਆਂ ਤੇ ਅੱਧੀ ਫੀਸ ਹੈ, ਕੀ ਪੰਜਾਬ ਸਰਕਾਰ ਵੀ ਉਨ੍ਹਾਂ ਦੇ ਟੈਕਸ ਅਤੇ ਪਰਮਿਟ ਫੀ ਨੂੰ ਸਬਸਟੈਂਸ਼ੀਅਲੀ ਰਿਡਿਊਸ ਕਰੇਗੀ?

**ਮੰਤਰੀ** : ਇਹ ਸਾਰਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

**ਸ੍ਰੀ ਪਰਤਾਪ ਚੰਦ ਭੰਡਾਰੀ**: ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛੇ ਜਿਹੇ ਇਕ ਬਿਆਨ ਆਇਆ ਸੀ ਕਿ ਅਸੀਂ ਟੈਕਸ ਅੱਧਾ ਕਰ ਦਿਤਾ ਹੈ; ਕੀ ਇਸ ਬਾਰੇ ਕੋਈ ਫੈਸਲਾ ਹੋਇਆ ਹੈ ਜਾਂ ਨਹੀਂ?

**ਮੰਤਰੀ** ਅਜੇ ਫੈਸਲਾ ਹੋਣਾ ਹੈ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਰਿਕਸ਼ਾ ਨੂੰ ਇੰਜਣ ਦੇ ਰਹੇ ਹਨ ਅਤੇ ਸਰਕਾਰ ਉਨ੍ਹਾਂ ਨੂੰ ਇਨਕਰੇਜ ਕਰ ਰਹੀ ਹੈ, ਇਹ ਬਹੁਤ ਅੱਛੀ ਗੱਲ ਹੈ। ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਦੋਂ ਕੋਈ ਅਜਿਹੀ ਗੱਲ ਕਰਨੀ ਹੁੰਦੀ ਹੈ ਤਾਂ ਐਕਸਾਈਜ਼ ਡਿਪਾਰਟਮੈਂਟ ਵਾਲੇ ਉਸ ਵੇਲੇ ਕੋਈ ਨਾ ਕੋਈ ਪੁਰਾਣੀ ਗੱਲ ਕੱਢ ਲੈਂਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਰਿਕਸ਼ਾ ਚਾਲਕ ਤੋਂ ਰਿਕਸ਼ਾ ਮਾਲਕ ਬਣਾਏ ਹਨ ਫਿਰ ਉਨ੍ਹਾਂ ਨੂੰ ਇੰਜਣ ਦੇ ਰਹੇ ਹਨ, ਇਹ ਬਹੁਤ ਅੱਛਾ ਕੰਮ ਹੈ।

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਲੇਕਿਨ ਇਹ ਪਹਿਲਾਂ ਫੈਸਲਾ ਕਰ ਲੈਣ ਅਤੇ ਉਨ੍ਹਾਂ ਨੂੰ ਕਲੀਅਰ ਕੱਟ ਇੰਸਟਰਕਸ਼ਨਜ਼ ਦੇ ਦੇਣ ਕਿ ਕਿਸੇ ਵਜ੍ਹਾਂ ਨਾਲ ਉਨ੍ਹਾਂ ਨੂੰ ਆਟੋ ਰਿਕਸ਼ਾ ਵਿਚ ਨਾ ਗਿਣਿਆ ਜਾਵੇ ਨਹੀਂ ਤਾਂ ਉਨ੍ਹਾਂ ਤੇ ਟੈਕਸ ਲੱਗ ਜਾਵੇਗਾ ?

**ਮੰਤਰੀ :** ਉਨ੍ਹਾਂ ਤੇ ਟੈਕਸ ਲਗਾਉਣ ਦਾ ਕੋਈ ਵਿਚਾਰ ਨਹੀਂ ਹੈ ।

---

**ਰਾਜ ਵਿਚ ਪੰਜਾਬ ਰਾਜ ਖੇਤੀ ਬਾੜੀ ਮੰਡੀ ਕਰਣ ਬੋਰਡ ਦੁਆਰਾ ਮਨਜ਼ੂਰ ਕੀਤੀਆਂ ਗਈਆਂ ਸੜਕਾਂ ਬਣਾਉਣਾ ।**

*3758. **ਮਾਸਟਰ ਕੁੰਦਨ ਸਿੰਘ:** ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

ੳ) ਕੀ ਫਰਵਰੀ, 1976 ਵਿਚ ਲੋਕ ਨਿਰਮਾਣ ਵਿਭਾਗ (ਬੀ. ਐਂਡ. ਆਰ.) ਨੂੰ ਪੰਜਾਬ ਰਾਜ ਖੇਤੀਬਾੜੀ ਮੰਡੀਕਰਣ ਬੋਰਡ ਦੁਆਰਾ ਰਾਜ ਵਿਚ ਕੁਝ ਸੜਕਾਂ ਬਣਾਉਣ ਲਈ ਮਨਜ਼ੂਰੀ ਮਿਲੀ;

ਅ) ਜੇਕਰ ਉਪਰੋਕਤ ਭਾਗ (ੳ) ਦਾ ਜਵਾਬ ਹਾਂ ਵਿਚ ਹੋਵੇ ਤਾਂ ਕੀ ਇਨ੍ਹਾਂ ਸੜਕਾਂ ਨੂੰ ਬਣਾਉਣਾ ਸ਼ੁਰੂ ਕਰ ਦਿੱਤਾ ਹੈ; ਜੇਕਰ ਨਹੀਂ ਤਾਂ ਉਸ ਦੇ ਕੀ ਕਾਰਨ ਹਨ?

**ਸ਼੍ਰੀ ਜੋਗਿੰਦਰ ਪਾਲ ਪਾਂਡੇ :** (ੳ) ਜੀ ਹਾਂ, 2 ਸੜਕਾਂ ਵਾਸਤੇ ।

(ਅ) ਕੰਮ ਇਸ ਵਾਸਤੇ ਚਾਲੂ ਨਹੀਂ ਹੋਇਆ ਕਿਉਂਕਿ ਹਾਲੇ ਪਿੰਡ ਵਾਲਿਆਂ ਵਲੋਂ ਮਿੱਟੀ ਪਾਉਣ ਦਾ ਕੰਮ ਪੂਰਾ ਨਹੀਂ ਕੀਤਾ ਗਿਆ ।

ਮਾਸਟਰ ਚੰਦ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹਨਾਂ ਸੜਕਾਂ ਦੇ ਨਾਮ ਕੀ ਕੀ ਹਨ ? ਦੂਸਰਾ ਸਵਾਲ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੋ ਪਿੰਡਾਂ ਵਾਲੇ ਮਿੱਟੀ ਪਾ ਦੇਣਗੇ ਤਾਂ ਫਿਰ ਕਿੰਨੀ ਦੇਰ ਤੱਕ ਇਹ ਸੜਕ ਪੱਕੀ ਬਣਾ ਦੇਣਗੇ ?

**ਰਾਜ ਮੰਤਰੀ**: ਸਪੀਕਰ ਸਾਹਿਬ, ਅਸਫ ਤਲਵੰਡੀ ਤੋਂ ਸਾਬੋ ਤਲਵੰਡੀ ਤੱਕ ਸੜਕ ਦੀ ਲੰਬਾਈ 1.06 ਕਿਲੋਮੀਟਰ ਹੈ ਅਤੇ ਦੂਸਰੀ ਸੜਕ ਭਾਗ ਵਾਲੀ ਤੋਂ ਦਿਉਦ ਤੱਕ ਹੈ ਜਿਸ ਦੀ ਲੰਬਾਈ 2.20 ਕਿਲੋਮੀਟਰ ਹੈ। ਬਾਕੀ, ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਿਸ ਵੇਲੇ ਪਿੰਡਾਂ ਵਾਲੇ ਆਪਣਾ ਕੰਮ ਪੂਰਾ ਕਰ ਦੇਣਗੇ ਤਾਂ ਫਿਰ ਅਸੀਂ ਵੀ ਆਪਣਾ ਕੰਮ ਸ਼ੁਰੂ ਕਰ ਦਿਆਂਗੇ ।

---

**ਰੂਪਨਗਰ ਤੋਂ ਟਾਂਡਾ ਤੱਕ ਸਰਬ ਰੁੱਤੀ ਸੜਕ ਬਣਾਉਣਾ**

* 3759 **ਮਾਸਟਰ ਕੁੰਦਨ ਸਿੰਘ :** ਕੀ ਲੋਕ ਨਿਰਮਾਣ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

ੳ) ਕੀ ਸਰਕਾਰ ਦੁਆਰਾ ਰੂਪਨਗਰ ਤੋਂ ਟਾਂਡਾ ਤੱਕ ਸਰਬ—ਰੁੱਤੀ ਸੜਕ ਬਣਾਉਣ ਲਈ ਕੋਈ ਕਾਰਵਾਈ ਕੀਤੀ ਜਾ ਰਹੀ ਹੈ, ਜੇਕਰ ਅਜਿਹਾ ਹੋਵੇ ਤਾਂ ਉਸ ਦਾ ਵੇਰਵਾ ਕੀ ਹੈ;

(ਅ) ਉਪਰੋਕਤ ਸੜਕ ਦੀ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਜੋਗਿੰਦਰ ਪਾਲ ਪਾਂਡੇ:** (ੳ) ਹਾਂ ਜੀ। ਇਹ ਸੜਕ ਪੰਜਾਬ ਸਰਕਾਰ ਨੇ ਭਾਰਤ ਸਰਕਾਰ ਦੁਆਰਾ ਸਟਰੈਟਜਿਕ ਸਕੀਮ ਅਧੀਨ ਬਣਾਉਣੀ ਹੈ। ਸੜਕ ਦੇ ਚਾਰ ਹਿੱਸੇ ਹਨ ਜਿਨ੍ਹਾਂ ਵਿਚੋਂ ਇੱਕ

Original with;
Punjab Vidhan Sabha
Digitized by;
Panjab Digital Library

ਹਿੱਸਾ ਗੜ੍ਹਸ਼ੰਕਰ—ਹੁਸ਼ਿਆਰਪੁਰ ਹੈ ਜਿਸ ਨੂੰ ਭਾਰਤ ਸਰਕਾਰ ਨੇ ਆਪਣੇ ਵਰਕ ਪ੍ਰੋਗਰਾਮ ਵਿਚੋਂ ਕੱਢ ਦਿੱਤਾ ਹੈ ਤੇ ਬਾਕੀ ਦੇ ਤਿੰਨ ਹਿੱਸਿਆਂ ਨੂੰ ਵੀ ਘੱਟ ਮਹੱਤਤਾ ਦਿੱਤੀ ਹੈ । ਇਸ ਕਰਕੇ ਇਸ ਕੰਮ ਦੀ ਪ੍ਰਗਤੀ ਬਹੁਤ ਘੱਟ ਹੋਈ ਹੈ ।

(ਅ) ਉਪਰੋਕਤ ਦੱਸੇ ਭਾਗ (ੳ) ਦੀ ਪੁਜ਼ੀਸ਼ਨ ਮੁਤਾਬਿਕ ਇਹ ਸੜਕ ਭਾਰਤ ਸਰਕਾਰ ਤੋਂ ਪੈਸੇ ਮਿਲਣ ਤੋਂ ਬਾਅਦ ਹੀ ਬਣਾਈ ਜਾਵੇਗੀ ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਗੜ੍ਹ ਸ਼ੰਕਰ—ਹੁਸ਼ਿਆਰਪੁਰ ਰੋਡ ਅਗਰ ਨਾ ਬਣੇ ਤਾਂ ਹੁਸ਼ਿਆਰਪੁਰ ਦਾ ਬਹੁਤ ਸਾਰਾ ਹਿੱਸਾ ਦੂਸਰਿਆਂ ਪਾਸਿਆਂ ਨਾਲੋਂ ਕੱਟਿਆ ਜਾਂਦਾ ਹੈ । ਅਗਰ ਭਾਰਤ ਸਰਕਾਰ ਪੈਸੇ ਦੀ ਕਮੀ ਕਾਰਨ ਇਹ ਸੜਕ ਬਣਾਉਣ ਲਈ ਰਕਮ ਨਹੀਂ ਦੇ ਸਕਦੀ ਤਾਂ ਕੀ ਪੰਜਾਬ ਸਰਕਾਰ ਇਸ ਨੂੰ ਜ਼ਰੂਰੀ ਸਮਝਦੀ ਹੋਈ ਆਪਣੇ ਪੈਸਿਆਂ ਨਾਲ ਇਸ ਸੜਕ ਦੇ ਬਣਾਉਣ ਤੇ ਵਿਚਾਰ ਕਰੇਗੀ? ਕੀ ਸਰਕਾਰ ਇਹ ਕੰਮ ਕਰੇਗੀ ਜਾਂ ਨਹੀਂ ?

**ਰਾਜ ਮੰਤਰੀ** : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਭਾਰਤ ਸਰਕਾਰ ਦੇ ਮਹਿਕਮਾ ਟ੍ਰਾਂਸਪੋਰਟ ਐਂਡ ਸ਼ਿਪਿੰਗ ਨੇ ਅਤੇ ਦੂਸਰਿਆਂ ਮਹਿਕਮਿਆਂ ਨੇ, ਜਿਹੜੇ ਸਬੰਧਤ ਮਹਿਕਮੇ ਹਨ, ਇਹ ਯਕੀਨ ਦਿਵਾਇਆ ਸੀ ਕਿ ਅਸੀਂ ਪੈਸੇ ਦਿਆਂਗੇ ਅਤੇ ਅਸੀਂ ਇਸ ਕੰਮ ਨੂੰ ਸ਼ੁਰੂ ਵੀ ਕਰ ਦਿਤਾ ਸੀ । 64.17 ਕਿਲੋਮੀਟਰ ਦੇ ਵਿਚੋਂ 30 ਕਿਲੋਮੀਟਰ ਦੇ ਵਿਚ ਤੀਜੇ ਹਿੱਸੇ ਵਿਚ ਕਾਫੀ ਕੰਮ ਹੋ ਚੁੱਕਾ ਹੈ । ਚੌਥੇ ਹਿੱਸੇ ਤੋਂ ਵੀ ਵੱਧ ਕੰਮ ਅਸੀਂ ਕਰਨ ਦਾ ਵਿਚਾਰ ਰੱਖਦੇ ਹਾਂ । ਕੋਸ਼ਿਸ਼ ਇਹੀ ਹੈ ਕਿ ਅਸੀਂ ਇਹ ਰੁਪਿਆ ਗੱਲ ਬਾਤ ਕਰਕੇ ਭਾਰਤ ਸਰਕਾਰ ਤੋਂ ਲਈਏ । ਜੇ ਇਸ ਤਰ੍ਹਾਂ ਗੱਲ ਨਾ ਬਣੀ ਤਾਂ ਫਿਰ ਕੈਪਟਨ ਸਾਹਿਬ ਦੀ ਗੱਲ ਤੇ ਵਿਚਾਰ ਕਰਾਂਗੇ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ**: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕੀ ਉਨ੍ਹਾਂ ਨੂੰ ਪਤਾ ਹੈ ਕਿ ਇਸ ਸੜਕ ਦੇ ਉਤੇ ਗੜ੍ਹ ਸ਼ੰਕਰ ਤੋਂ ਹੁਸ਼ਿਆਰਪੁਰ ਦੇ ਵਿਚਕਾਰ ਅੱਠ ਨੌ ਚੋਅ ਹਨ । ਬਾਰਿਸ਼ਾਂ ਦੇ ਮੌਸਮ ਵਿਚ ਘੱਟੋ ਘੱਟ ਦੋ ਤਿੰਨ ਦਿਨ ਮੀਂਹ ਪੈਣ ਨਾਲ ਟਰੈਫਿਕ ਜਾਮ ਹੋ ਜਾਂਦੀ ਹੈ । ਕੀ ਇਸ ਸੜਕ ਨੂੰ ਬਣਾਉਣ ਵੱਲ ਵਜ਼ੀਰ ਸਾਹਿਬ ਧਿਆਨ ਦੇਣਗੇ ਅਤੇ ਉਸ ਸੜਕ ਤੇ ਜੋ ਚੋਅ ਹਨ ਉਨ੍ਹਾਂ ਚੋਆਂ ਤੇ ਪੁਲਾਂ ਨੂੰ ਵੀ ਪੂਰਾ ਕਰਨ ਦਾ ਯਕੀਨ ਦਿਲਾਉਣਗੇ?

**ਰਾਜ ਮੰਤਰੀ**: ਸਪੀਕਰ ਸਾਹਿਬ, ਜਿਹੜਾ ਸਵਾਲ ਮਾਸਟਰ ਕੁੰਦਨ ਸਿੰਘ ਦਾ ਹੈ, ਉਸ ਬਾਰੇ ਮੈਂ ਜਵਾਬ ਦੇ ਦਿਤਾ ਹੈ । ਮੇਰਾ ਖਿਆਲ ਹੈ ਕਿ ਇਸ ਸੈਸ਼ਨ ਵਿਚ ਹੁਸ਼ਿਆਰਪੁਰ ਜ਼ਿਲ੍ਹੇ ਬਾਰੇ ਅਤੇ ਸੜਕਾਂ ਤੇ ਚੋਆਂ ਬਾਰੇ ਵੀ ਇਕ ਦੋ ਸਵਾਲ ਹੋਰ ਆ ਰਹੇ ਹਨ ਸੋ ਇਨ੍ਹਾਂ ਸਾਰੀਆਂ ਚੀਜ਼ਾਂ ਬਾਰੇ ਉਦੋਂ ਪੂਰਾ ਜਵਾਬ ਮਿਲ ਜਾਵੇਗਾ ।

---

### ਗੜ੍ਹਸ਼ੰਕਰ—ਸੰਤੋਖਗੜ੍ਹ ਸੜਕ

*3766 **ਕਾਮਰੇਡ ਦਰਸ਼ਨ ਸਿੰਘ ਕਨੇਡੀਅਨ**: ਕੀ ਲੋਕ ਨਿਰਮਾਣ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਗੜ੍ਹਸ਼ੰਕਰ-ਸੰਤੋਖਗੜ੍ਹ ਸੜਕ ਦਾ ਰਿਜ ਵਾਲਾ ਹਿੱਸਾ ਕਿੰਨੇ ਸਮੇਂ ਵਿਚ ਮੁਕੰਮਲ ਹੋ ਜਾਵੇਗਾ ।

**ਸ੍ਰੀ ਜੋਗਿੰਦਰ ਪਾਲ ਪਾਂਡੇ** : ਇਸ ਸੜਕ ਦੇ ਰਿਜ ਵਾਲੇ ਹਿੱਸੇ ਦੀ, ਜੂਨ, 1977 ਦੇ ਅੰਤ ਤੀਕ ਮੁਕੰਮਲ ਹੋ ਜਾਣ ਦੀ ਆਸ ਹੈ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ**: ਸਪੀਕਰ ਸਾਹਿਬ, ਇਹ ਜਿਹੜੀ ਸੜਕ ਹੈ, ਇਹ ਪੰਜਾਬ ਨੂੰ ਹਿਮਾਚਲ ਪ੍ਰਦੇਸ਼ ਨਾਲ ਮਿਲਾਉਂਦੀ ਹੈ, ਜਿਸ ਦੇ ਬਣਨ ਨਾਲ ਜਲੰਧਰ—ਫਗਵਾੜਾ ਤੋਂ ਨੰਗਲ ਤੱਕ ਦਾ ਫਾਸਲਾ ਜਿਹੜਾ ਹੈ ਉਹ 30 ਮੀਲ ਘੱਟ ਜਾਂਦਾ ਹੈ। ਇਹ ਰਿਜ ਵਾਲਾ ਪੋਰਸ਼ਨ ਜਿਹੜਾ ਹੈ ਇਹ ਪੰਜ ਛੇ ਸਾਲਾਂ ਤੋਂ ਬਣ ਨਹੀਂ ਰਿਹਾ। ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਤਾਰੀਖ ਸੈਟ ਹੋਈ ਹੈ, ਜਿਹੜੀ ਇਹ ਤਾਰੀਖ ਦੱਸ ਰਹੇ ਹਨ ਕੀ ਉਦੋਂ ਤੱਕ ਹਰ ਹਾਲਤ ਵਿਚੋਂ ਇਹ ਕੰਮ ਹੋ ਜਾਵੇਗਾ ?

**ਰਾਜ ਮੰਤਰੀ**: ਮੇਰਾ ਖ਼ਿਆਲ ਹੈ ਕਿ ਜਦੋਂ ਕਨੇਡੀਅਨ ਸਾਹਿਬ ਅਗਲੀ ਇਲੈਕਸ਼ਨ ਲੜਨ ਲਈ ਉਥੇ ਜਾਣਗੇ ਤਾਂ ਉਸ ਤੋਂ ਪਹਿਲਾਂ ਇਹ ਬਣ ਜਾਵੇਗੀ।

**ਕੈਪਟਨ ਰਤਨ ਸਿੰਘ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਵਜ਼ੀਰ ਸਾਹਿਬ ਐਨੇ ਮਾਹਿਰ ਹਨ ਕਿ ਜਦ ਵੀ ਕੋਈ ਕੰਮ ਤੇਜ਼ੀ ਨਾਲ ਕਰਨਾ ਹੋਵੇ ਤਾਂ ਚੀਫ਼ ਮਨਿਸਟਰ ਸਾਹਿਬ ਇਨ੍ਹਾਂ ਨੂੰ ਲਾ ਦਿੰਦੇ ਹਨ। ਇਹ ਥੋੜ੍ਹਾ ਜਿਹਾ ਤਿੰਨ—ਚਾਰ ਸੌ ਮੀਟਰ ਦਾ ਜਿਹੜਾ ਪੋਰਸ਼ਨ ਹੈ ਪੰਜ ਛੇ ਸਾਲਾਂ ਤੋਂ ਬਣ ਨਹੀਂ ਰਿਹਾ। ਮੈਂ ਕਹਿੰਦਾ ਹਾਂ ਕਿ ਪਾਂਡੇ ਸਾਹਿਬ ਦੀ ਇਸ ਸ਼ੁਹਰਤ ਨੂੰ ਧੱਕਾ ਨਾ ਲਗੇ, ਕੀ ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਇਸ ਨੂੰ ਛੇਤੀ ਬਣਾਉਣ ਦਾ ਧਿਆਨ ਕਰਨਗੇ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਕੈਪਟਨ ਸਾਹਿਬ ਨੂੰ ਹੁਸ਼ਿਆਰਪੁਰ ਦਾ ਪਿਆਰ ਜਾਗ ਪਿਆ ਹੈ। ਇਹ ਜਿਹੜਾ ਪਿਆਰ ਇਨ੍ਹਾਂ ਦਾ ਹੈ, ਇਸ ਨੂੰ ਧਿਆਨ ਵਿਚ ਰੱਖਕੇ ਪੰਜਾਬ ਸਰਕਾਰ ਇਸ ਸੜਕ ਨੂੰ ਜ਼ਰੂਰ ਬਣਾਏਗੀ।

**ਸਰਦਾਰ ਹਰਚੰਦ ਸਿੰਘ**: ਦੋ ਦੋ ਸਾਲ ਹੋ ਗਏ ਹਨ ਕਿ ਮਾਰਕਿਟ ਕਮੇਟੀਆਂ ਤੋਂ ਪੈਸੇ ਲੈ ਕੇ ਪੀ. ਡਬਲਿਊ. ਡੀ. ਨੂੰ ਦਿੱਤੇ ਜਾਂਦੇ ਹਨ ਕਿਉਂਕਿ ਪੀ. ਡਬਲਿਊ. ਡੀ. ਕੋਲ ਪੈਸੇ ਮੁਕ ਜਾਂਦੇ ਹਨ। ਪਰ ਹਾਲੇ ਤਕ ਵੀ ਉਥੇ ਸੜਕਾਂ ਨਹੀਂ ਬਣੀਆਂ ਹਨ?

**Mr. Speaker** . Not allowed.

## CONSTRUCTION OF PANCHAYAT BHAWANS IN THE STATE

***3755 Chaudhri Ram Singh**: Will the Minister of State for Development be pleased to state whether there is any proposal under the consideration of the Government to construct Panchayat Bhawans in every district; if so, the appropriate time by which it is likely to be implemented ?

**ਸਰਦਾਰ ਸੰਤੋਖ ਸਿੰਘ ਰੰਧਾਵਾ**: ਹਾਂ ਜੀ। ਇਨ੍ਹਾਂ ਪੰਚਾਇਤ ਭਵਨਾਂ ਦੀ ਉਸਾਰੀ ਕਿੰਨੇ ਸਮੇਂ ਵਿਚ ਹੋ ਜਾਵੇਗੀ ਬਾਰੇ ਹਾਲ ਦੀ ਘੜੀ ਕੁਝ ਨਹੀਂ ਕਿਹਾ ਜਾ ਸਕਦਾ।

**ਚੌਧਰੀ ਰਾਮ ਸਿੰਘ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਪੰਚਾਇਤਾਂ ਦੇ ਪੰਚ ਔਰ ਸਰਪੰਚ ਸ਼ਹਿਰਾਂ ਵਿਚ ਜਾਂਦੇ ਹਨ ਤਾਂ ਉਥੇ ਉਨ੍ਹਾਂ ਦੇ ਠਹਿਰਨ ਲਈ ਕੋਈ ਪੰਚਾਇਤ ਘਰ ਨਹੀਂ ਹੁੰਦੇ। ਕੀ ਇਸ ਗੱਲ ਦੀ ਰੋਸ਼ਨੀ ਵਿਚ ਵਜ਼ੀਰ ਸਾਹਿਬ ਦਸਣਗੇ ਕਿ ਇਹ ਪੰਚਾਇਤ ਘਰ ਉਥੇ ਜਲਦੀ ਤੋਂ ਜਲਦੀ ਬਣਾ ਦਿੱਤੇ ਜਾਣਗੇ?

**ਰਾਜ ਮੰਤਰੀ**: ਇਸ ਗੱਲ ਨੂੰ ਮੁੱਖ ਰਖਕੇ ਕਿ ਪੰਚਾਇਤਾਂ ਦੇ ਪੰਚ ਔਰ ਸਰਪੰਚ ਜਾਂ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਸਾਹਿਬਾਨ ਜਦੋਂ ਕਿਸੇ ਵੀ ਕੰਮ ਲਈ ਜ਼ਿਲ੍ਹਾ ਪੱਧਰ ਤੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਉਥੇ ਠਹਿਰਨ ਲਈ ਬਹੁਤ ਮੁਸ਼ਕਿਲ ਪੇਸ਼ ਆਉਂਦ ਹੈ, ਇਸ ਲਈ ਹੁਣੇ ਹੁਣੇ ਹੀ ਗਿਆਨੀ ਜੀ ਦੀ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਜ਼ਿਲ੍ਹਾ ਲੈਵਲ ਤੇ ਪੰਚਾਇਤ ਘਰ ਬਣਾਏ ਜਾਣ। 8 ਲੱਖ ਤੋਂ 10 ਲਖ

Original with;
Punjab Vidhan Sabha
Digitized by;
Panjab Digital Library

ਦੇ ਕਰੀਬ ਖਰਚ ਆਵੇਗਾ। ਉਸ ਲਈ ਜ਼ਮੀਨ ਜ਼ਿਲ੍ਹਾ ਪ੍ਰੀਸ਼ਦ ਦੇਵੇਗਾ। 50,000/- ਰੁਪਏ ਜ਼ਿਲ੍ਹਾਂ ਪ੍ਰੀਸ਼ਦ ਦੇਵੇਗਾ। 25/25 ਹਜ਼ਾਰ ਰੁਪਿਆ ਜਿੰਨੀਆਂ ਸੰਮਤੀਆਂ ਹਨ, ਉਹ ਦੇਣਗੀਆਂ। ਜਿੰਨੀਆਂ ਪੰਚਾਇਤਾਂ ਹਨ ਉਨ੍ਹਾਂ ਦੀ ਐਨੁਅਲ ਇਨਕਮ ਦਾ 25% ਉਹ ਦੇਣਗੀਆਂ ਜਿਸ ਨੂੰ ਅਸੀਂ ਵੈਲਿਡ ਚਾਰਜ ਡਿਕਲੇਅਰ ਕਰਾਂਗੇ। ਇਹ ਪੰਚਾਇਤੀ ਰਾਜ ਦਾ ਇੰਜੀਨੀਅਰਿੰਗ ਵਿੰਗ ਇਸ ਨੂੰ ਬਣਾਏਗਾ। ਇਹ ਬੜੀ ਅੱਛੀ ਸਕੀਮ ਹੈ, ਪਰ ਹਾਲ ਦੀ ਘੜੀ ਮੈਂ ਕੁਝ ਨਹੀਂ ਕਹਿ ਸਕਦਾ। ਇਹ ਸਾਰੀਆਂ ਚੀਜ਼ਾਂ ਉਸ ਵਿਚ ਇਨਵਾਲਵਡ ਹਨ। ਲੇਕਿਨ ਫੈਸਲਾ ਜਿਹੜਾ ਹੁਣ ਇਹ ਕੀਤਾ ਗਿਆ ਹੈ ਇਸ ਤੇ ਅਮਲ ਕੀਤਾ ਜਾਏਗਾ ਕਿ ਹਰ ਡਿਸਟ੍ਰਿਕਟ ਲੈਵਲ ਤੇ ਪੰਚਾਇਤ ਭਵਨ ਬਣਾਏ ਜਾਣ।

**ਕਾਮਰੇਡ ਦਾਨਾ ਰਾਮ :** ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਪਿੰਡਾਂ ਵਿਚ ਪੰਚਾਇਤ ਘਰ ਗੁਰਦੁਆਰਿਆਂ ਜਾਂ ਮੰਦਰਾਂ ਵਿਚ ਬਣਾਏ ਜਾ ਸਕਦੇ ਹਨ ਜਾਂ ਨਹੀਂ ? ਜਿਥੇ ਕਿਤੇ ਮੰਦਰਾਂ ਜਾਂ ਗੁਰਦੁਆਰਿਆਂ ਵਿਚ ਪੰਚਾਇਤ ਘਰ ਬਣਾ ਲਏ ਜਾਣਗੇ ਉਥੇ ਸਰਕਾਰ ਕੀ ਕਰੇਗੀ?

**ਰਾਜ ਮੰਤਰੀ :** ਗੁਰਦੁਆਰਿਆਂ ਅਤੇ ਮੰਦਰਾਂ ਨਾਲ ਪੰਚਾਇਤ ਘਰਾਂ ਦਾ ਕੋਈ ਸਬੰਧ ਨਹੀਂ ਹੈ। ਪਿਛਲੇ ਸਾਲ ਐਫ. ਡੀ. ਨੇ 5 ਲੱਖ ਰੁਪਿਆ ਇਸ ਕੰਮ ਲਈ ਦਿੱਤਾ ਸੀ ਤਾਂਕਿ ਜਿਹੜੀਆਂ ਕਮਜ਼ੋਰ ਪੰਚਾਇਤਾਂ ਸਨ ਉਨ੍ਹਾਂ ਨੂੰ ਦੱਸ ਦੱਸ ਹਜ਼ਾਰ ਰੁਪਿਆ ਦਿਤਾ ਜਾਵੇ। ਲੇਕਿਨ ਪਿਛਲੇ ਸਾਲ ਇਹ ਕੀਤਾ ਗਿਆ ਕਿ ਇਸ ਕੰਮ ਲਈ ਪੰਚਾਇਤਾਂ ਆਪਣੇ ਸੋਰਸਿਜ਼ ਜੁਟਾਉਣ। ਉਨ੍ਹਾਂ ਤੋਂ ਬਕਾਇਦਾ ਪਲੈਨਿੰਗ ਕਰਕੇ ਪਿੰਡਾਂ ਵਿਚ ਪੰਚਾਇਤ ਘਰ ਜਾਂ ਗਲੀਆਂ ਜਾਂ ਸਕੂਲ ਬਣਾਏ ਜਾਣ, ਇਹ ਸਕੀਮ ਬਣਾ ਲਈ ਜਾਏ ਜਿਸ ਨੂੰ ਨੇਪਰੇ ਚੜ੍ਹਾਇਆ ਜਾਏ। 1,286 ਪਿੰਡਾਂ ਨੇ 1,531 ਸਕੀਮਾਂ ਬਣਾਈਆਂ ਜਿਸ ਵਿਚੋਂ ਕਾਫੀ ਤੋਂ ਜ਼ਿਆਦਾ ਇਹ ਪੰਚਾਇਤ ਘਰ ਲਏ ਗਏ। ਜਿਹੜੀਆਂ ਪੰਚਾਇਤਾਂ ਨੇ ਪੈਸਾ ਇਧਰ ਉਧਰ ਕੀਤਾ ਹੋਇਆ ਸੀ ਉਸ ਨੂੰ ਇਕੱਠਾ ਕਰਕੇ ਇਧਰ ਲਗਾ ਦਿੱਤਾ ਹੈ। ਉਨ੍ਹਾਂ ਨੂੰ ਕੰਟ੍ਰੋਲ ਰੇਟ ਤੇ ਇੱਟਾਂ ਔਰ ਕੰਟ੍ਰੋਲ ਰੇਟ ਤੇ ਸੀਮਿੰਟ ਦਿੱਤਾ ਗਿਆ ਹੈ। ਅੱਗੇ ਲਈ ਸਕੀਮ ਚਾਲੂ ਹੈ। ਮੈਂ ਐਸ਼ੋਅਰ ਕਰਾਉਂਦਾ ਹਾਂ ਕਿ ਇਸ ਕੰਮ ਲਈ ਮੰਦਰਾਂ ਜਾਂ ਗੁਰਦੁਆਰਿਆਂ ਵਿਚ ਨਹੀਂ ਜਾਣਾ ਪਏਗਾ। ਗਿਆਨੀ ਜੀ ਦੀ ਸਰਕਾਰ ਚਾਹੁੰਦੀ ਹੈ ਕਿ ਹਰ ਜ਼ਿਲ੍ਹਾ ਪੱਧਰ ਤੇ ਪੰਚਾਇਤ ਘਰ ਬਣਾਏ ਜਾਣ।

**ਕਾਮਰੇਡ ਸੱਤ ਪਾਲ ਡਾਂਗ :** ਜੇ ਮਨਿਸਟਰ ਸਾਹਿਬ ਦੇ ਇਹ ਗੱਲ ਨੋਟਿਸ ਵਿਚ ਲਿਆਂਦੀ ਜਾਏ ਕਿ ਪੰਚਾਇਤਾਂ ਸਰਕਾਰ ਵਲੋਂ ਦਿਤੀ ਗਈ ਮਦਦ ਜਾਂ ਆਪਣੇ ਫੰਡਜ਼ ਨਾਲ ਧਾਰਮਿਕ ਥਾਵਾਂ ਤੇ ਪੰਚਾਇਤ ਘਰ ਬਣਾ ਰਹੀਆਂ ਹਨ ਤਾਂ ਫਿਰ ਸਰਕਾਰ ਉਥੇ ਕੀ ਕਰੇਗੀ? ਪੰਚਾਇਤ ਘਰ ਇੱਕ ਸੈਕੂਲਰ ਅਦਾਰਾ ਹੈ ਇਹ ਕਿਸੇ ਗੁਰਦੁਆਰਿਆਂ ਜਾਂ ਮੰਦਰਾਂ ਵਿਚ ਨਹੀਂ ਬਣਨੇ ਚਾਹੀਦੇ ਹਨ। ਇਸ ਬਾਰੇ ਸਰਕਾਰ ਕੀ ਕਾਰਵਾਈ ਕਰੇਗੀ?

**ਰਾਜ ਮੰਤਰੀ :** ਅਗਰ ਇਹ ਚੀਜ਼ਾਂ ਸਾਡੇ ਨੋਟਿਸ ਵਿਚ ਡਾਂਗ ਸਾਹਿਬ ਜਾਂ ਕੋਈ ਹੋਰ ਆਨਰੇਬਲ ਮੈਂਬਰ ਲੈ ਆਉਣ ਤਾਂ ਉਸ ਨੂੰ ਅਸੀਂ ਰੋਕ ਦਿਆਂਗੇ। ਵੈਸੇ ਵੀ ਇੱਕ ਜਨਰਲ ਸਰਕੂਲਰ ਅਸੀਂ ਭੇਜ ਦਿਆਂਗੇ ਕਿ ਜਿਥੇ ਇਹੋ ਜਿਹੀ ਚੀਜ਼ ਹੋ ਰਹੀ ਹੈ ਉਹ ਰੋਕ ਦਿੱਤੀ ਜਾਏ।

**ਕਾਮਰੇਡ ਦਾਨਾ ਰਾਮ :** ਮੇਰੇ ਲਾਂਬੀ ਬਲਾਕ ਵਿਚ ਜਥੇਦਾਰ ਨੇ, ਸਾਬਕਾ ਮਨਿਸਟਰ ਨੇ ਇੱਕ ਹਸਪਤਾਲ ਬਣਾਇਆ ਸੀ (ਵਿਘਨ) ਉਹਦੀ ਰਜਿਸਟਰੀ ਅਜੇ ਤਕ ਨਹੀਂ ਹੋਈ ਹੈ। ਉਸਦਾ ਮੁੰਡਾ ਸਰਪੰਚ ਉਥੇ ਗੁਰਦੁਆਰੇ ਵਿਚ ਪੰਚਾਇਤ ਘਰ ਬਣਾ ਰਿਹਾ ਹੈ, ਕੀ ਇਸ ਨੂੰ ਰੋਕਿਆ ਜਾਏਗਾ?

(ਕੋਈ ਉੱਤਰ ਨਹੀਂ ਆਇਆ)

Original with;
Punjab Vidhan Sabha
Digitized by;
Panjab Digital Library

POWER TO ZILA PARISHADS AND PANCHAYAT SAMITIS.

*3756 **Chaudhri Ram Singh** : Will the Minister of State for Development be pleased to state whether there is any proposal under the consideration of the Government to give more powers to Zila Parishads and Block Samitis under the provisions of the relevant Act, if so, when ?

**ਸਰਦਾਰ ਸੰਤੋਖ ਸਿੰਘ ਰੰਧਾਵਾ** : ਜੀ ਹਾਂ। ਜਦ ਵੀ ਫੈਸਲਾ ਹੋਇਆ, ਸਦਨ ਦੇ ਨੋਟਿਸ ਵਿਚ ਲਿਆ ਦਿੱਤਾ ਜਾਵੇਗਾ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਕਈ ਕਮੇਟੀਆਂ ਇਥੇ ਪੰਜਾਬ ਵਿਚ ਬਣਾਈਆਂ ਗਈਆਂ ਕਿ ਜ਼ਿਲ੍ਹਾ ਪ੍ਰੀਸ਼ਦ ਔਰ ਬਲਾਕ ਸੰਮਤੀਆਂ ਨੂੰ ਜ਼ਿਆਦਾ ਪਾਵਰਜ਼ ਦਿੱਤੀਆਂ ਜਾਣ ਪਰ ਅਜੇ ਤਕ ਇਹ ਕੰਮ ਨਹੀਂ ਹੋਇਆ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਜਦ ਕਿ ਸਰਕਾਰ ਇਨ੍ਹਾਂ ਨੂੰ ਜ਼ਿਆਦਾ ਪਾਵਰਜ਼ ਦੇਣ ਲਈ ਵਚਨਬੱਧ ਹੈ ਫਿਰ ਇਨ੍ਹਾਂ ਨੂੰ ਇਹ ਜ਼ਿਆਦਾ ਪਾਵਰਜ਼ ਕਦੋਂ ਤਕ ਦਿੱਤੀਆਂ ਜਾਣਗੀਆਂ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਬਾਰੇ ਮੈਂ ਬੇਨਤੀ ਕਰਦਾ ਹਾਂ ਕਿ ਇਸ ਸਬੰਧੀ ਜੋ ਰਿਪੋਰਟ ਆਈ ਉਸ ਤੇ ਇੱਕ ਕਮੇਟੀ ਬਣਾਈ ਗਈ ਜਿਸ ਦਾ ਅਧਿਅਕਸ਼ ਵਿਕਾਸ ਮੰਤਰੀ ਬਣਾਇਆ ਗਿਆ, ਸਦਨ ਦੀਆਂ ਸਾਰੀਆਂ ਪਾਰਟੀਆਂ ਦੇ ਰਿਪਰਜ਼ੈਂਟੇਟਿਵਜ਼ ਵੀ ਉਸ ਵਿਚ ਲਏ ਗਏ। ਜ਼ਿਲ੍ਹਾ ਪ੍ਰੀਸ਼ਦ ਦੇ ਸਾਬਕਾ ਪਰਧਾਨ ਵੀ ਉਸਦੇ ਵਿਚ ਲਏ ਗਏ। ਇਸ ਕਮੇਟੀ ਦੀਆਂ ਕਾਫੀ ਮੀਟਿੰਗਜ਼ ਹੋ ਚੁਕੀਆਂ ਹਨ। ਉਸ ਦੀਆਂ ਸ਼ਿਫਾਰਸ਼ਾਂ ਜਦੋਂ ਸਰਕਾਰ ਕੋਲ ਆਈਆਂ ਤਾਂ ਫਿਰ ਸਾਡੇ ਸਾਹਮਣੇ ਫਾਈਨੈਂਸ਼ਲ ਇੰਪਲੀਕੇਸ਼ਨਜ਼ ਆ ਗਈਆਂ। ਇਸ ਤੇ ਗਿਆਨੀ ਜੀ ਨੇ ਕਿਹਾ ਕਿ ਤੂੰ ਤੇ ਐਫ. ਡੀ. ਵਾਲੇ ਇਸ ਤੇ ਆਪਸ ਵਿਚ ਸੋਚ ਵਿਚਾਰ ਕਰ ਲਓ। ਫਿਰ ਬਾਅਦ ਵਿਚ ਉਨ੍ਹਾਂ ਨੂੰ ਪਾਵਰਜ਼ ਦੇਣ ਲਈ ਜੋ ਵੀ ਜ਼ਰੂਰੀ ਸਮਝਿਆ ਜਾਏਗਾ ਉਹ ਕੀਤਾ ਜਾਏਗਾ।

ਇੱਕ ਹੋਰ ਵੱਡਾ ਕਦਮ ਜੋ ਕਿ ਗਿਆਨੀ ਜੀ ਦੀ ਸਰਕਾਰ ਨੇ ਉਠਾਇਆ ਹੈ ਉਹ ਇਹ ਹੈ ਕਿ ਸੰਮਤੀਆਂ ਜਿਹੜੀਆਂ ਕਿ ਹਮੇਸ਼ਾਂ ਹੀ ਅੱਗੇ ਕਰਜ਼ਾਈ ਰਹਿੰਦੀਆਂ ਸਨ ਉਨ੍ਹਾਂ ਨੂੰ ਕੰਟਰੀ ਲਿੱਕਰ ਤੇ ਟੈਕਸ ਲਗਾਉਣ ਲਈਂ ਪਰਧਾਨ ਮੰਤਰੀ ਦੇ 12—ਨੁਕਾਤੀ ਨਸ਼ਾਬੰਦੀ ਦੇ ਪਰੋਗਰਾਮ ਅਧੀਨ ਇਹ ਟੈਕਸ ਲਗਾ ਦਿੱਤਾ ਹੈ। ਇਸ ਨਾਲ ਸਵਾ ਦੋ ਕਰੋੜ ਰੁਪਏ ਦੀ ਆਮਦਨ ਉਨ੍ਹਾਂ ਸੰਮਤੀਆਂ ਨੂੰ ਹੋ ਗਈ ਹੈ। ਇਹ ਸ਼ਲਾਘਾ ਯੋਗ ਕਦਮ ਹੈ। ਹੋਰ ਵੀ ਇਨ੍ਹਾਂ ਨੂੰ ਤਾਕਤ ਦੇਣ ਦੀ ਜੇ ਲੋੜ ਹੋਈ ਤਾਂ ਦਿੱਤੀ ਜਾਏਗੀ।

---

ਪੰਜਾਬ ਰੋਡਵੇਜ਼ ਦੇ ਤਰਨ-ਤਾਰਨ ਡਿਪੂ ਦੁਆਰਾ "ਫੁਟਕਲ ਆਮਦਨੀ" ਮਦ ਅਧੀਨ ਪ੍ਰਾਪਤੀਆਂ

*3692 **ਕਾਮਰੇਡ ਸੱਤ ਪਾਲ ਡਾਂਗ**: ਕੀ ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ —

(ੳ) ਜਨਵਰੀ, ਫਰਵਰੀ, ਅਤੇ ਮਾਰਚ 1976, ਦੇ ਮਹੀਨਿਆਂ ਵਿਚ ਪੰਜਾਬ ਰੋਡਵੇਜ਼ ਦੇ ਤਰਨ—ਤਾਰਨ ਡਿਪੂ ਦੁਆਰਾ " ਫੁਟਕਲ ਆਮਦਨੀ" ਮੱਦ ਅਧੀਨ ਮਹੀਨਾਵਾਰ ਪ੍ਰਾਪਤੀਆਂ ਕੀ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਮੇਂ ਦੇ ਦੌਰਾਨ ਉਕਤ ਡਿਪੂ ਦੇ ਰੋਡਵੇਜ਼ ਦੇ ਕਰਮਚਾਰੀਆਂ ਵਲੋਂ ਕੁਲ ਕਿੰਨੀ ਰਕਮ ਪ੍ਰਾਪਤ ਹੋਈ ;

Original with;
Punjab Vidhan Sabha
Digitized by;
Panjab Digital Library

(ੲ) ਉਕਤ ਸਮੇਂ ਲਈ, ਕਰਮਚਾਰੀਆਂ ਦੇ ਨਾਂ, ਹਰ ਇਕ ਕੇਸ ਵਿਚ ਰਕਮ ਦੀ ਪ੍ਰਾਪਤੀ ਦੀ ਮਿਤੀ ਅਤੇ ਹਰ ਇਕ ਕੇਸ ਵਿਚ ਪ੍ਰਾਪਤੀਆਂ ਦੀ ਗਿਣਤੀ ਦਰਸਾਉਂਦਾ ਇਕ ਵਿਸਥਾਰ ਪੂਰਵਕ ਵਿਵਰਣ ਸਦਨ ਦੀ ਮੇਜ਼ ਤੇ ਰੱਖਿਆ ਜਾਵੇ ?

**ਸਰਦਾਰ ਦਿਲਬਾਗ ਸਿੰਘ ਡਾਲੇਕੇ** : (ੳ) ਪੰਜਾਬ ਰੋਡਵੇਜ਼, ਤਰਨ ਤਾਰਨ ਡਿਪੂ ਦੀ ਜਨਵਰੀ, ਫਰਵਰੀ, ਮਾਰਚ, 1976 ਵਿਚ ਫੁਟਕਲ ਆਮਦਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| | | |
|---|---|---|
| ਜਨਵਰੀ, 1976 | .. | ਰੁ: 2100.00 |
| ਫਰਵਰੀ, 1976 | .. | ਰੁ: 1000.00 |
| ਮਾਰਚ, 1976 | .. | ਰੁ: 52.40 |
| ਜੋੜ | | ਰੁ: 3152—40 |

(ਅ) ਜਨਵਰੀ, ਫਰਵਰੀ, ਮਾਰਚ, 1976 ਵਿਚ ਮੁਲਾਜ਼ਮਾਂ ਪਾਸੋਂ ਲਈ ਰਕਮ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| | | |
|---|---|---|
| ਜਨਵਰੀ, 1976 | .. | ਰੁ: 2,100.00 |
| ਫਰਵਰੀ, 1975 | .. | ਰੁ: 1,000.00 |
| ਮਾਰਚ, 1976 | | ਰੁ: — |
| ਜੋੜ | | ਰੁ: 3,100—00 |

(ੲ) (ਲੋੜੀਂਦੀ ਸੂਚਨਾ ਹੇਠ ਲਿਖੇ ਅਨੁਸਾਰ ਹੈ)

| ਲੜੀ ਨੰ: | ਨਾਮ ਤੇ ਅਹੁੱਦਾ | | ਰਕਮ ਰੁ: | ਰਸੀਦ ਨੰ: | ਅਤੇ ਮਿਤੀ |
|---|---|---|---|---|---|
| 1. | ਸ੍ਰੀ ਸਕੱਤਰ ਸਿੰਘ, ਕੰਡਕਟਰ ਨੰ: ਟੀ/79 | .. | 200 | 918320 | 1—1—76 |
| 2. | ਸ੍ਰੀ ਸੁਭਾਸ਼ ਚੰਦਰ ਕੰਡਕਟਰ ਨੰ: ਟੀ/86 | .. | 300 | 2018320 | 1—1—76 |
| 3. | ਸ੍ਰੀ ਬਖਸ਼ੀਸ਼ ਸਿੰਘ. ਕੰਡਕਟਰ ਨੰ: 70 | .. | 800 | 2118320 | 1—1—76 |
| 4. | ਸ੍ਰੀ ਮੰਗਤ ਰਾਮ, ਕੰਡਕਟਰ ਨੰ: 327 | .. | 300 | 2218320 | 6—1—76 |
| 5. | ਸ੍ਰੀ ਗੁਰਬਚਨ ਸਿੰਘ, ਕੰਡਕਟਰ ਨੰ: 16 | .. | 500 | 2618320 | 6—1—76 |
| 6. | ਸ੍ਰੀ ਨਿਸ਼ਾਨ ਸਿੰਘ, ਕੰਡਕਟਰ ਨੰ: ਟੀ/80 | .. | 600 | 6818314 | 6—2—76 |
| 7. | ਸ੍ਰੀ ਸੁਖਚੈਨ ਸਿੰਘ, ਕੰਡਕਟਰ ਨੰ: ਟੀ/111 | .. | 400 | 9118314 | 10—2—76 |
| | ਜੋੜ | | 3100 | | |

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਨੇ ਨੋਟਕੀਤਾ ਹੈ ਕਿ ਤਰਨਤਾਰਨ ਦੇ ਡਿਪੂ ਵਿਚ ਜਿਹੜਾ ਕਿ ਛੋਟਾ ਜਿਹਾ ਡਿਪੂ ਹੈ ਉਥੇ 2 ਮਹੀਨੇ ਦੀ ਆਮਦਨ 3100/- ਰੁਪਏ ਜਨਵਰੀ, ਫਰਵਰੀ, 1976 ਦੀ ਨਿਕਲੀ ਹੈ। ਸਾਰੀ ਦੀ ਸਾਰੀ ਮੁਤਫਰਕ ਆਮਦਨ ਜਿਹੜੀ ਦੱਸੀ ਗਈ ਹੈ ਉਹ ਕੰਡਕਟਰਜ਼ ਦੇ 7 ਮੁਲਾਜ਼ਮਾਂ ਤੋਂ ਲਈ ਗਈ ਰਕਮ ਹੈ। ਇਹ ਔਸਤਨ 443/—ਰੁਪਏ ਇਕ ਮੁਲਾਜ਼ਮ ਤੋਂ ਲਈ ਗਈ ਬਣਦੀ ਹੈ ਅਤੇ ਜਿਹੜੀ ਕਿ ਉਸ ਦੀ ਇਕ ਮਹੀਨੇ ਦੀ ਤਨਖਾਹ ਨਾਲੋਂ ਵੀ ਵਧੀਕ ਹੈ। ਮੈਂ ਡਾਲੇਕੇ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੇ ਇਲਮ ਵਿੱਚ ਹੈ ਕਿ ਇਨ੍ਹਾਂ ਦੇ ਜਨਰਲ ਮੈਨੇਜਰ ਮੁਲਾਜ਼ਮਾਂ ਤੇ ਝੂਠੇ ਜਾਂ ਸੱਚੇ ਕਸੂਰ ਦੇ ਉਤੇ ਉਨ੍ਹਾਂ ਨੂੰ ਛੱਡਣ ਜਾਂ ਮੁਨਾਸਬ ਸਜ਼ਾ ਦੇਣ ਦੀ ਥਾਂ ਤੇ ਜੁਰਮਾਨਾ ਕਾਨੂੰਨ ਦੇ ਮੁਤਾਬਕ ਜਿੰਨਾ ਲਗ ਸਕਦਾ ਹੈ ਉਸ ਦੀ ਥਾਂ ਤੇ 800।—ਰੁਪਏ ਦੀ ਵਸੂਲੀ ਕਰਦਾ ਹੈ ਅਤੇ ਉਸ ਦੀ ਮੁਤਫਰਕ ਆਮਦਨੀ ਲਿਖ ਕੇ ਖੁਲ੍ਹੀ ਛੁੱਟੀ ਕਰ ਦਿੰਦਾ ਹੈ ਕਿ ਉਹ ਕੁਰੱਪਸ਼ਨ ਕਰਕੇ ਆਪਣਾ ਘਰ ਪੂਰਾ ਕਰ ਲਵੇ। ਕੀ ਮਨਿਸਟਰ ਸਾਹਿਬ ਇਸ ਚੀਜ਼ ਨੂੰ ਰੋਕਣ ਲਈ ਕੋਈ ਕਦਮ ਚੁੱਕਣਗੇ ਅਤੇ ਜਨਰਲ ਮਨੇਜਰ ਦੇ ਖਿਲਾਫ਼ ਕੋਈ ਕਾਰਵਾਈ ਕਰਨਗੇ ?

**ਰਾਜ ਮੰਤਰੀ**: ਸਪੀਕਰ ਸਾਹਿਬ, ਕੰਡਕਟਰ ਜਿਹੜਾ ਹੈ ਉਹ ਟਿਕਟਾਂ ਨਹੀਂ ਕੱਟਦਾ ਤੇ ਪੈਸੇ ਲੈ ਲੈਂਦਾ ਹੈ। ਇਸ ਲਈ ਜਨਰਲ ਮੈਨੇਜਰ ਪਹਿਲੀ ਵਾਰੀ ਤਾਂ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਉਨ੍ਹਾਂ ਤੇ ਜੁਰਮਾਨਾ ਕਰਦੇ ਹਨ ਤਾਂਕਿ ਉਸ ਨੂੰ ਨੌਕਰੀ ਤੋਂ ਜਵਾਬ ਨਾ ਦਿੱਤਾ ਜਾਵੇ। ਜੇ ਦੂਸਰੀ ਵਾਰੀ ਫੜਿਆ ਜਾਵੇ ਤਾਂ ਸਰਵਿਸ ਵਿਚੋਂ ਵੀ ਕੱਢ ਦਿਤੇ ਜਾਂਦੇ ਹਨ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਡਾਲੇਕੇ ਸਾਹਿਬ ਨੇ ਜੋ ਇਨਫਰਮੇਸ਼ਨ ਦਿਤੀ ਹੈ ਮੇਰਾ ਖਿਆਲ ਹੈ ਕਿ ਜੇ ਥੋੜੀ ਜਿਹੀ ਹੋਰ ਦੇ ਦੇਣ ਤਾਂ ਚੰਗੀ ਗਲ ਹੈ। ਡਾਂਗ ਸਾਹਿਬ ਕਹਿੰਦੇ ਹਨ ਕਿ ਕੰਡਕਟਰ ਕੋਲ 800।—ਰੁਪਏ ਕਿੱਥੋਂ ਆਏ। ਜਿਸ ਕੰਡਕਟਰ ਨੇ 58 ਵਿਚੋਂ 8 ਟਿਕਟਾਂ ਸਾਰੀ ਬੱਸ ਦੀਆਂ ਕੱਟਣੀਆਂ ਹਨ ਅਤੇ 50 ਟਿਕਟਾਂ ਦੇ ਪੈਸੇ ਆਪਣੀ ਜੇਬ ਵਿਚ ਪਾ ਲੈਣੇ ਹਨ ਉਨ੍ਹਾਂ ਤੇ ਜੁਰਮਾਨਾ ਨਾ ਕੀਤਾ ਜਾਵੇ, ਉਨ੍ਹਾਂ ਤੋਂ ਪੈਸੇ ਨਾ ਵਸੂਲ ਕੀਤੇ ਜਾਣ ਸਗੋਂ ਉਨ੍ਹਾਂ ਨੂੰ ਡਿਸਮਿਸ ਕੀਤਾ ਜਾਵੇ। ਪੈਸੇ ਵਸੂਲਣ ਨਾਲ ਕਿਸੇ ਢੰਗ ਨਾਲ ਸੀਨੀਅਰ ਅਫਸਰ ਫੰਡ ਨੂੰ ਮਿਸਯੂਜ਼ ਕਰਦੇ ਹਨ ਅਤੇ ਇਸ ਦਾ ਲਾਭ ਉਠਾਉਂਦੇ ਹਨ। ਪਰ ਮੇਰੀ ਬੇਨਤੀ ਹੈ ਕਿ ਕਈ ਹਾਲਤਾਂ ਵਿਚ ਉਨ੍ਹਾਂ ਦੇ ਗਵਾਹ ਨਹੀਂ ਮਿਲਦੇ ਅਤੇ ਫਿਰ ਉਸ ਹਾਲਤ ਵਿਚ ਡਿਸਮਿਸ ਕਰਨਾ ਕਿਸੇ ਨੂੰ ਔਖੀ ਗੱਲ ਹੈ। (ਵਿਘਨ) ਇਸ ਦੇ ਵਿਚ ਜਟਕਾ ਤਰੀਕਾ ਤਾਂ ਠੀਕ ਹੈ ਪਰ ਕਾਨੂੰਨ ਦੇ ਪੁਆਇੰਟ ਆਫ ਵਿਊ ਨਾਲ ਦਰੁੱਸਤ ਨਹੀਂ ਹੈ। ਇਹ ਦਰੁੱਸਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। (ਵਿਘਨ) ਮੇਰਾ ਖਿਆਲ ਹੈ ਕਿ ਮੌਰੇਲੀ ਤਾਂ ਇਹ ਕਰੈਕਟ ਹੈ ਪਰ ਲੀਗਲੀ ਇਹ ਕੁਰੇਕਟ ਨਹੀਂ ਹੈ (ਵਿਘਨ)

(ਸ਼ੋਰ)

**ਰਾਜ ਮੰਤਰੀ**: ਸਪੀਕਰ ਸਾਹਿਬ, ਕਾਮਰੇਡ ਸਾਹਿਬ ਨੂੰ ਇਹ ਪਤਾ ਹੀ ਹੈ ਕਿ ਜੇ ਕਿਸੇ ਨੂੰ ਅਸੀਂ ਡਿਸਮਿਸ ਕਰਨਾ ਹੈ, ਉਸ ਦੀਆਂ ਸਰਵਿਸਿਜ਼ ਟਰਮੀਨੇਟ ਕਰਨੀਆਂ ਹਨ ਤਾਂ ਉਸ ਦੇ ਲਈ ਬੜਾ ਲੰਮਾ ਤਰੀਕਾ ਹੁੰਦਾ ਹੈ। ਸਾਰੀਆਂ ਦੀਆਂ ਸਾਰੀਆਂ ਸਵਾਰੀਆਂ ਕੰਡਕਟਰ ਜਾਂ ਡਰਾਈਵਰ ਦੇ ਹੱਕ ਵਿਚ ਹੀ ਹੁੰਦੀਆਂ ਹਨ, ਸਾਡੇ ਹੱਕ ਵਿਚ ਕੋਈ ਨਹੀਂ ਹੁੰਦਾ। ਜਨਰਲ ਮੈਨੇਜਰ ਨੇ ਜਿਹੜੇ ਪੈਸੇ ਲਏ ਹਨ ਬਕਾਇਦਾ ਉਨ੍ਹਾਂ ਦੀਆਂ ਰਸੀਦਾਂ ਦਿੱਤੀਆਂ ਹਨ ਔਰ ਇਸ ਦੇ ਵਿਚ ਜਨਰਲ ਮਨੇਜਰ ਦਾ ਕੋਈ ਕਸੂਰ ਨਹੀਂ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਵਿਸ਼ਵਾ ਮਿੱਤਰ ਸੇਖੜੀ** : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜ਼ੁਰਮਾਨਿਆਂ ਤੋਂ ਇਲਾਵਾ ਕਿੰਨੇ ਕੰਡਕਟਰ ਸਸਪੈਂਡ ਕੀਤੇ ਗਏ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਤਾਂ ਨਵਾਂ ਸਵਾਲ ਹੈ। ਇਹ ਨੋਟਿਸ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।

**ਚੌਧਰੀ ਕਾਂਸ਼ੀ ਰਾਮ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਿਹੜੇ ਟਰੈਡੀਸ਼ਨਲ ਰੂਲਜ਼ ਸੈਟ ਕੀਤੇ ਹਨ ਕਿ ਹੇਰਾ ਫੇਰੀ ਕਰੋ ਅਤੇ ਮੁਤਫਰਕ ਆਮਦਨੀ ਦਿਖਾਓ.............. (ਵਿਘਨ)

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਸਪੀਕਰ ਸਾਹਿਬ, ਇਹ ਰਿਕਾਰਡ ਤੇ ਨਹੀਂ ਆਉਣਾ ਚਹੀਦਾ। (ਵਿਘਨ)

**ਸ਼੍ਰੀ ਸਪੀਕਰ** : ਮਨਿਸਟਰ ਸਾਹਿਬ ਨੇ ਇਸ ਤਰ੍ਹਾਂ ਨਹੀਂ ਕਿਹਾ। ਬੈਠੋ ਤੁਸੀਂ। (ਵਿਘਨ)

**Chaudhri Kanshi Ram** : Speaker Sahib, you are to correct me Who is Mr. Prem Singh Prem to correct me ?

**Sardar Prem Singh Prem** : As a member of the House. (Noise)

**Chaudhri Kanshi Ram** : Speaker Sahib, you are to correct me. Who is Mr. Prem Singh Prem to correct me? He has challenged your a uthority.

**Mr. Speaker** : Order please.

———

ਦਸੂਹਾ ਦੇ ਨੇੜੇ ਪੰਜਾਬ ਰੋਡਵੇਜ਼ ਦੀ ਬੱਸ ਦੀ ਦੁਰਘਟਨਾ

*3698. 1. ਕਾਮਰੇਡ ਦਾਨਾ ਰਾਮ
2. ਕਾਮਰੇਡ ਸਤ ਪਾਲ ਡਾਂਗ : ਕੀ ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ 29 ਮਾਰਚ, 1976 ਨੂੰ ਜਾਂ ਇਸ ਦੇ ਲਗਭਗ ਜੰਮੂ ਤੋਂ ਦਿਲੀ ਨੂੰ ਜਾ ਰਹੀ ਪੰਜਾਬ ਰੋਡਵੇਜ਼ ਦੀ ਬੱਸ ਦੀ ਦਸੂਹਾ ਦੇ ਨੇੜੇ ਜੋ ਹੁਸ਼ਿਆਰਪੁਰ ਦੇ ਨੇੜੇ ਹੈ, ਦੁਰਘਟਨਾ ਹੋਈ; ਜੇਕਰ ਅਜਿਹਾ ਹੋਵੇ ਤਾਂ ਉਸ ਬੱਸ ਵਿਚ ਮੌਕੇ ਤੇ ਮਰੇ ਅਤੇ ਸੱਟਾਂ ਲੱਗਣ ਦੇ ਕਾਰਣ ਬਾਅਦ ਵਿਚ ਮਰੇ ਵਿਅਕਤੀਆਂ ਦੀ ਗਿਣਤੀ ਕਿੰਨੀ ਕਿੰਨੀ ਹੈ ;

(ਅ) ਕੀ ਦੁਰਘਟਨਾ ਦੇ ਕਾਰਣ ਦਾ ਪਤਾ ਲਗਾਇਆ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਅਫਸਰ (ਅਫਸਰਾਂ)/ਵਿਅਕਤੀਆਂ ਦੇ ਨਾਂ ਕੀ ਕੀ ਹਨ, ਜਿਨ੍ਹਾਂ ਨੇ ਇਨਕੁਆਇਰੀ ਕੀਤੀ ਅਤੇ ਕਿਹੜੀ ਥਾਂ ਜਾਂ ਕਿਹੜੀਆਂ ਥਾਂਵਾਂ ਤੇ ਗਵਾਹਾਂ ਦੀ ਸ਼ਹਾਦਤ ਲਈ ਗਈ ਸੀ ;

(ੲ) ਗਵਾਹਾਂ ਦੇ ਨਾਂ ਅਤੇ ਪਤੇ ਕੀ ਹਨ ਜਿਨ੍ਹਾਂ ਨੇ ਸ਼ਹਾਦਤ ਦਿੱਤੀ ;

(ਸ) ਉਕਤ ਬੱਸ ਦੇ ਕੰਡਕਟਰ ਅਤੇ ਡਰਾਈਵਰ ਦੇ ਨਾਂ ਕੀ ਕੀ ਹਨ ;

Original with;
Punjab Vidhan Sabha
Digitized by;
Panjab Digital Library

[ ਕਾਮਰੇਡ ਸੱਤ ਪਾਲ ਡਾਂਗ ਅਤੇ ਕਾਮਰੇਡ ਦਾਨਾ ਰਾਮ ]

(ਹ) ਕੀ ਭਾਗ (ਸ) ਵਿਚ ਵਰਣਿਤ ਵਿਅਕਤੀ ਉਕਤ ਦੁਰਘਟਨਾ ਵਿਚ ਬੱਚ ਗਏ;

(ਕ) ਉਸ ਬੱਸ ਵਿਚ ਕੁਲ ਕਿੰਨੇ ਯਾਤਰੀ ਸਫ਼ਰ ਕਰ ਰਹੇ ਸਨ ;

(ਖ) ਕੰਡਕਟਰ ਦੇ ਬੈਗ ਵਿਚੋਂ ਕਿੰਨੀ ਰਕਮ ਮਿਲੀ ;

(ਗ) ਕੀ ਮਰੇ ਯਾਤਰੀਆਂ ਦੇ ਸ਼ਰੀਰਾਂ ਤੋਂ ਮਿਲੀਆਂ ਚੀਜ਼ਾਂ ਦੀ ਕੋਈ ਸੂਚੀ ਤਿਆਰ ਕੀਤੀ ਗਈ ਸੀ ; ਜੇਕਰ ਅਜਿਹਾ ਹੋਵੇ ਤਾਂ ਉਸ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ਘ) ਦੁਖਿਤ ਪਰਿਵਾਰਾਂ ਨੂੰ ਦਿਤੀ ਸਹਾਇਤਾ ਦਾ ਵੇਰਵਾ ਕੀ ਹੈ ?

ਸਰਦਾਰ ਦਿਲਬਾਗ ਸਿੰਘ ਡਾਲੇਕੇ : (ੳ) ਹਾਂ ਜੀ। 14 ਵਿਅਕਤੀਆਂ ਦੀ ਥਾਂ ਤੇ ਹੀ ਮੌਤ ਹੋ ਗਈ ਅਤੇ 8 ਫੱਟੜਾਂ ਦੀ ਦਸੂਹਾ ਹਸਪਤਾਲ ਵਿਚ ਮੌਤ ਹੋ ਗਈ।

(ਅ) ਹਾਂ ਜੀ। ਦੁਰਘਟਨਾ ਦੇ ਕਾਰਨਾਂ ਦੀ ਪੜਤਾਲ ਵਾਸਤੇ ਹੇਠ ਲਿਖੇ ਅਫਸਰਾਂ ਦੀ ਪੜਤਾਲ ਕਮੇਟੀ ਬਣਾਈ ਗਈ :—

(1) ਸ੍ਰੀ ਕੇ. ਡੀ. ਵਾਸੂਦੇਵਾ, ਆਈ ਏ. ਐਸ., ਚੇਅਰਮੈਨ
ਸਕੱਤਰ, ਪੰਜਾਬ ਸਰਕਾਰ, ਟਰਾਂਸਪੋਰਟ ਵਿਭਾਗ।

(2) ਸ੍ਰੀ ਗੁਰਦੇਵ ਸਿਘ ਗਿੱਲ, ਆਈ. ਏ. ਐਸ., ਕਨਵੀਨਰ
ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ।

(3) ਸ੍ਰੀ ਸੁਰਜੀਤ ਸਿੰਘ ਆਈ. ਪੀ. ਐਸ., ਮੈਂਬਰ
ਸਹਾਇਕ ਇੰਸਪੈਕਟਰ-ਜਨਰਲ ਪੁਲਿਸ (ਟਰੈਫਿਕ)

(4) ਸ੍ਰੀ ਰਾਮ ਮੂਰਤੀ ਤੱਸੀ, ਪੀ. ਸੀ. ਐਸ., ਮੈਂਬਰ
ਸਕੱਤਰ, ਰੀਜਨਲ ਟਰਾਂਸਪੋਰਟ ਅਥਾਰਟੀ ਜਲੰਧਰ।

(5) ਸ੍ਰੀ ਭੂਪਿੰਦਰ ਸਿੰਘ ਸੰਧੂ, ਮੈਂਬਰ
ਮਕੈਨੀਕਲ ਆਟੋਮੋਬਾਇਲ ਇੰਜੀਨੀਅਰ, ਟਰਾਂਸਪੋਰਟ ਵਿਭਾਗ, ਪੰਜਾਬ।

ਪੜਤਾਲ ਕਮੇਟੀ ਨੇ ਕੈਨਾਲ ਰੈਸਟ ਹਾਊਸ, ਕਪੂਰਥਲਾ ਰੋਡ, ਜਲੰਧਰ ਸ਼ਹਿਰ ਵਿਖੇ ਗਵਾਹਾਂ ਦੇ ਬਿਆਨ ਲਏ।

ਪੜਤਾਲ ਕਮੇਟੀ ਅੱਗੇ ਹੇਠ ਲਿਖੇ ਵਿਅਕਤੀਆਂ ਨੇ ਗਵਾਹੀ ਦਿੱਤੀ :—

(1) ਸ੍ਰੀ ਵਿਜੈ ਕੁਮਾਰ ਪੁੱਤਰ ਸ੍ਰੀ ਚਰੰਜੀ ਲਾਲ, ਸੁਭਾਸ਼ ਨਗਰ, ਫਗਵਾੜਾ।

Original with;
Punjab Vidhan Sabha
Digitized by;
Panjab Digital Library

(2) ਸ੍ਰੀ ਜਗਨ ਨਾਥ ਸ਼ਰਮਾ, ਪੁੱਤਰ ਸ੍ਰੀ ਪਦਮ ਨਾਥ ਸ਼ਰਮਾ, ਡਲਹੌਜ਼ੀ ਰੋਡ, ਪਠਾਨਕੋਟ।

(3) ਸ੍ਰੀ ਰਣਜੀਤ ਸਿੰਘ, ਪੁਤਰ ਸ੍ਰੀ ਸ਼ਾਂਤੀ ਰਾਮ, ਗਰਾਮ ਸੇਵਕ, ਟਾਂਡਾ ਬਲਾਕ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ।

ਇਨ੍ਹਾਂ ਤਿੰਨਾਂ ਗਵਾਹਾਂ ਤੋਂ ਛੁੱਟ ਮਿਤੀ 5 ਅਪ੍ਰੈਲ, 1976 ਨੂੰ ਸਿਵਲ ਹਸਪਤਾਲ, ਦਸੂਹਾ ਵਿਖੇ ਸ੍ਰੀ ਜੈਲੂ ਰਾਮ, ਜ਼ਖਮੀ ਮੁਸਾਫਰ ਦੇ ਬਿਆਨ ਲਏ ਗਏ ਅਤੇ 2 ਹੋਰ ਵਿਅਕਤੀ ਜਿਹੜੇ ਇਸ ਗੱਲ ਦਾ ਦਾਹਵਾ ਕਰਦੇ ਹਨ ਕਿ ਉਹ ਦੁਰਘਟਨਾ ਗਰਸਤ ਬੱਸ ਵਿਚ ਸਫਰ ਕਰ ਰਹੇ ਸਨ, ਦੇ ਲਿਖਤੀ ਬਿਆਨ ਪ੍ਰਾਪਤ ਹੋਏ, ਇਹ ਹਨ :—

(1) ਸ੍ਰੀ ਰਾਜ ਮਲ ਚੌਧਰੀ, ਐਡਵੋਕੇਟ, ਦਸੂਹਾ ਪਿੰਡ ਖਚੀਆਂ, ਡਾਕਖਾਨਾ ਮੁਕੇਰੀਆਂ, ਤਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ।

(2) ਸ੍ਰੀ ਬਲਦੇਵ ਸਿੰਘ ਬਿਸ਼ਨ ਪੁਰ, ਡਾਕਖਾਨਾ ਖਾਨਪੁਰ, ਜ਼ਿਲ੍ਹਾ ਹੁਸ਼ਿਆਰਪੁਰ।

ਕਮੇਟੀ ਨੇ ਪਠਾਨਕੋਟ ਡਿਪੂ ਦੇ ਹੇਠ ਲਿਖੇ [illegible] ਾਰੀਆਂ ਤੋਂ ਪੁੱਛ ਪੜਤਾਲ ਕੀਤੀ :—

(1) ਸ੍ਰੀ ਇੰਦਰ ਸਿੰਘ ਸਰੋਯ; ਜਨਰਲ ਮੈਨੇਜਰ, ਪੰਜਬ ਰੋਡਵੇਜ਼ ਪਠਾਨਕੋਟ।

(2) ਸ੍ਰੀ [illegible] ਸਿੰਘ, ਟਰੈਫਿਕ ਮੈਨੇਜਰ, ਪੰਜਾਬ ਰੋਡਵੇਜ਼, ਪਠਾਨਕੋਟ।

(3) ਸ੍ਰੀ ਮੁਨੀ ਲਾਲ ਗੁਪਤਾ, ਵੈਲਫੇਅਰ ਇੰਸਪੈਕਟਰ, ਪੰਜਾਬ ਰੋਡਵੇਜ਼, ਪਠਾਨਕੋਟ।

(4) ਸ੍ਰੀ ਹਰੀ ਚੰਦ, ਡਿਊਟੀ ਇੰਨਸਪੈਕਟਰ।

(5) ਸ੍ਰੀ ਬਨਾਰਸ ਲਾਲ, ਚੀਫ ਸਟੋਰਕੀਪਰ।

(6) ਸ੍ਰੀ ਸੁਭਾਸ਼ ਚੰਦਰ, ਟਾਇਰ ਕਲਰਕ।

(7) ਸ੍ਰੀ ਪਰਸ਼ੋਤਮ ਲਾਲ, ਸੀਨੀਅਰ ਟਾਇਰਮੈਨ।

(8) ਸ੍ਰੀ ਕ੍ਰਿਸ਼ਨ ਲਾਲ, ਟਾਇਰਮੈਨ।

(9) ਸ੍ਰੀ ਧਿਰਤ ਰਾਮ, ਐਸ. ਐਸ. ਆਈ. (ਐਕਟਿੰਗ ਵਰਕਸ ਮੈਨੇਜਰ)

(10) ਸ੍ਰੀ ਬੇਅੰਤ ਸਿੰਘ, ਐਸ. ਐਸ. ਆਈ. (ਰਨਿੰਗ)

(11) ਸ੍ਰੀ ਤਰਸੇਮ ਸਿੰਘ, ਕੰਡਕਟਰ ਨੰ: 157

(12) ਸ੍ਰੀ ਵਰਿੰਦਰ ਨਾਥ, ਈ. ਸੀ. (ਡੀ) ਅਮਲਾ ਕਲਰਕ (ਡਰਾਈਵਰ)

(13) ਸ੍ਰੀ ਉਮਾ ਕਾਂਤ, ਅਮਲਾ ਕਲਰਕ (ਕੰਡਕਟਰ)

(14) ਸ੍ਰੀ ਜਗਦੀਸ਼ ਰਾਜ, ਵਰਕਸ਼ਾਪ ਕਲਰਕ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ]

ਮਿਤੀ 5 ਅਪ੍ਰੈਲ, 1976 ਨੂੰ ਸ੍ਰੀ ਆਤਮਾ ਸਿੰਘ ਡਰਾਈਵਰ ਅਤੇ ਸ੍ਰੀ ਸੰਸਾਰ ਚੰਦ ਕੰਡਕਟਰ, ਜਿਹੜੇ ਇਸ ਬਸ ਨਾਲ ਡਿਊਟੀ ਤੇ ਸਨ ਦੇ ਬਿਆਨ ਸਿਵਲ ਹਸਪਤਾਲ, ਦਸੂਹਾ ਵਿਖੇ ਲਿਖੇ ਗਏ। ਡਾਕਟਰ ਆਰ. ਕੇ. ਚੋਪੜਾ, ਸੀਨੀਅਰ ਮੈਡੀਕਲ ਆਫੀਸਰ, ਇਨਚਾਰਜ ਸਿਵਲ ਹਸਪਤਾਲ, ਦਸੂਹਾ ਦੇ ਬਿਆਨ ਵੀ ਲਏ ਗਏ ਸਨ।

(ਸ) ਪੰਜਾਬ ਰੋਡਵੇਜ਼ ਦੇ ਸ੍ਰੀ ਸੰਸਾਰ ਚੰਦ ਕੰਡਕਟਰ ਨੰ: ਟੀ—6 ਅਤੇ ਸ੍ਰੀ ਆਤਮਾ ਸਿੰਘ ਕੰਡਕਟਰ ਨੰ. 70.

(ਹ) ਹਾਂ ਜੀ।

(ਕ) 59 ਮੁਸਾਫਰ।

(ਖ) ਰੁਪਏ 227—95 ਪੈਸੇ।

(ਗ) ਹਾਂ ਜੀ। ਸੂਚੀ ਸਦਨ ਦੇ ਮੇਜ਼ ਤੇ ਰੱਖੀ ਜਾਂਦੀ ਹੈ।

(ਘ) ਹਰ ਮਰਨ ਵਾਲੇ ਮੁਸਾਫਰ ਦੇ ਵਾਰਸਾਂ ਨੂੰ 2000/- ਅਤੇ ਹਰ ਫੱਟੜ ਮੁਸਾਫਰ ਨੂੰ 500/- ਦੇਣ ਦੀ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਇਸ ਦੀ ਅਦਾਇਗੀ ਛੇਤੀ ਹੋ ਜਾਏਗੀ।

## ਸੂਚੀ

ਬੱਸ ਨੰ: 7385 ਦੇ ਐਕਸੀਡੈਂਟ ਨਾਲ ਮਰਨ ਵਾਲਿਆਂ ਦੀ ਸੂਚੀ ਤੇ ਸਾਮਾਨ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ :—

1. ਸੁਰਿੰਦਰ ਸਿੰਘ ਪੁੱਤਰ ਆਸਾ ਸਿੰਘ, ਡਰਾਈਵਰ ਪੰਜਾਬ ਰੋਡਵੇਜ਼ ਪਠਾਨਕੋਟ ਇਕ ਦਾਠੀ, ਇਕ ਰੁਮਾਲ, ਇਕ ਇੰਡਿੰਟਟੀ ਕਾਰਡ, ਇਕ ਨੋਟ ਬੁੱਕ, ਡਿਊਟੀ ਕਾਰਡ, ਇਕ ਗੁੱਛਾ ਜਿਸ ਵਿਚ ਦੋ ਚਾਬੀਆਂ, 1.50 ਪੈਸੇ ਤੇ ਇਕ ਜੋੜਾ ਜੁਰਾਬ।

2 ਨਾਮਾਲੂਮ
ਇਕ ਟਿਕਟ ਨੰ: 90467—170 ਪੈਸੇ ਵਾਲੀ ਇਕ ਟਿਕਟ ਨੰਬਰੀ 24533, 1/95 ਪੈਸੇ ਵਾਲੀ, ਇਕ ਰੁਪਏ ਦੀ ਭਾਨ।

3. (ਗੁਪਾਲ ਸਿੰਘ ਪੁੱਤਰ ਆਤਮਾ ਸਿੰਘ)
ਇਕ ਪਰਚੀ ਐਮ. ਐਚ. ਪਠਾਨਕੋਟ ਫਾਦਰ ਆਫ ਐਸ. ਐਸ. ਸੇਠੀ, ਇਕ ਕੜਾ ਸਟੀਲ, ਜੋ ਕਿਲਾਸ਼ ਦੇ ਹੱਥ ਵਿਚ ਪਿਆ ਹੈ, ਦੋ ਟਿਕਟਾਂ 20 ਪੈਸੇ ਵਾਲੀਆਂ ਨੰਬਰੀ 23126, 54121 ਤੇ 12/40 ਪੈਸੇ।

4. (ਸਵਰਨ ਸਿੰਘ ਪੁੱਤਰ ਹਰਨਾਮ ਸਿੰਘ ਸਾਕਿਨ ਪਠਾਨਕੋਟ)
ਇੱਕ ਪਿਨ, ਇਕ ਰੁਮਾਲ, 11 ਰੁਪਏ, ਇੱਕ ਗੁੱਛਾ ਚਾਬੀਆਂ ਦਾ।

Original with;
Punjab Vidhan Sabha
Digitized by;
Panjab Digital Library

5. ਮੋਹਨ ਲਾਲ ਪੁੱਤਰ ਚਾਨਨ ਰਾਮ ਲਗਰ ਵਾਸੀ ਸੰਘ ਕੋਤਰਾਲਾ ਪੀ. ਐਸ. ਮੁਕੇਰੀਆਂ, ਇਕ ਬਟੂਆ ਰੰਗ ਬਰਾਉਨ, ਪੰਜ ਰੁਪਈਏ, ਇਕ ਬਿਜਲੀ ਦਾ ਬਿਲ ਨੰਬਰੀ 588 ਅਜਾਨੀ ਮੋਹਨ ਲਾਲ, ਇਕ ਨੋਟ ਬੁੱਕ, ਇਕ ਚਾਬੀ ਲੋਹਾ ਤੇ ਇਕ ਟਿਕਟ 75 ਪੈਸੇ ਵਾਲੀ। ਨੰਬਰੀ 68632 ।

6. (ਸਰਦਾਰ ਲਾਲ ਸਿੰਘ ਪੁੱਤਰ ਪੰਜਾਬ ਸਿੰਘ ਸਾਕਿਨ ਪਠਾਨਕੋਟ) ਇਕ ਘੜੀ (ਕੈਮੀ) ਤਸਮਾ ਕਾਲਾ, ਇਕ ਚਾਕੂ, 16 ਰੁਪਏ ਦੇ ਨੋਟ, ਇਕ ਡੈਰੀ ਜਿਸ ਤੇ ਐਡਰੈਸ ਚੋਧਰੀ ਲਾਲ ਸਿੰਘ ਪਰਤਾਪ ਨਗਰ, ਪਠਾਨਕੋਟ।

7. (ਸਰਦਾਰਾ ਰਾਮ ਪੁੱਤਰ ਸੂਰਜ ਢਾਕੀ ਕੈਸ਼ ਦਾਸ ਪਠਾਨਕੋਟ,ਜ਼ਿਲ੍ਹਾ ਗੁਰਦਾਸਪੁਰ) ਟਿਕਟ ਨੰਬਰੀ 90454, 70 ਪੈਸੇ ਵਾਲੀ ਇਕ ਟਿਕਟ ਨੰਬਰੀ 24524, 1.95 ਪੈਸੇ ਵਾਲੀ ਇਕ ਕਾਰਡ ਜਿਸ ਤੇ ਪਤਾ ਪਿਆਰੀ ਵਾਇਫ਼ ਆਫ਼ ਸਰਦਾਰਾ ਸਿਟਰਲ ਹਸਪਤਾਲ, ਡਲਹਾਉਜ਼ੀ ਪਠਾਨਕੋਟ ।

8. ਨਾ ਮਾਲੂਮ
ਇਕ ਰੁਮਾਲ, 21/05 ਪੈਸੇ, ਇਕ ਛੱਲਾ ਚਾਬੀਆਂ ਜਿਸ ਵਿਚ ਤਿੰਨ ਚਾਬੀਆਂ ਹਨ ।

9. (ਸੀਤਾ ਰਾਮ ਪੁੱਤਰ ਪਾਖਰ ਦਾਸ ਰੈਜ਼ੀਡੈਂਟ ਆਫ ਦੇਹਲੀ ਕਿੰਗਜ਼ ਵੇ ਕੈਂਪ, ਦੇਹਲੀ) 10 ਨੋਟ 100/— ਰੁਪਈਏ ਵਾਲੇ ਕੁੱਲ ਇਕ ਹਜ਼ਾਰ ਰੁਪਈਏ ਇਕ ਡੈਰੀ ਜਿਸ ਵਿਚ 3 ਰੁਪਏ ਹਨ ਅਤੇ ਕੁਝ ਕਾਗਜ਼ਾਤ ਹਨ । ਇਕ ਪੈਡ ਭਗਵਾਨ ਦਾਸ ਹਰੀਸ਼ ਚੰਦ ਸਬਜ਼ੀ ਮੰਡੀ, ਫਿਰੋਜਪੁਰ ਸਿਟੀ ਲਿਖਿਆ ਹੋਇਆ ਹੈ, ਇਕ ਐਨਕ ਕਵਰ ਨੀਲਾ, ਇਕ ਵਾਲ ਪੈਨਸਲ, ਦੋ ਟਿਕਟਾਂ 23/05 ਪੈਸੇ ਵਾਲੀਆਂ।

10. ਨਾ ਮਾਲੂਮ
ਨਕਦ 17/- ਦੋ ਟਿਕਟਾਂ 2/70 ਪੈਸੇ, 5/40 ਪੈਸੇ ਇਕ ਕਾਗਜ਼ ਜਿਸ ਉਪਰ ਹਿੰਦੀ ਵਿਚ ਗੁਰਦਿਆਲ ਸਿੰਘ ਪੁਤਰ ਸ੍ਰੀ ਬੂਆ ਦਿੱਤਾ, ਇਕ ਰਸੀਦ 3/50 ਪੈਸੇ ਦੀ।

11. 2961941 ਹੈਡਕੁਆਟਰ 120
ਇਕ ਤਰਪਾਲ ਮਿਲਟਰੀ ਰੰਗ ਜਿਸ ਤੇ ਕਵਰ ਬੋਰੀ ਫਟਿਆ ਹੋਇਆ ਨੰਬਰੀ 30032 ਪੀ/100 ਆਫ 343, ਇਕ ਬੰਡਲ ਕੁਰਸੀਆਂ ਲੋਹਾ ਪੰਜ ਕਵਰ ਬੋਰੀ ਸ਼ੁਦਾ, ਇਕ ਕੁਰਸੀ ਲੋਹਾ ਬੋਰੀ ਸ਼ੁਦਾ ਜਾਲੀ ਜਿਸ ਤੇ ਬੋਰੀ ਦਾ ਕਵਰ ਚੜ੍ਹਿਆ ਹੋਇਆ, ਅਟੈਚੀ ਬਰੀਫ ਕੇਸ ਨਵਾਂ ਜਿਸ ਤੇ ਦੋ ਹੈਂਡਲ ਹਨ।

12. ਠਾਕਰੀ ਦੇਵੀ ਪਤਨੀ ਵਰਿਆਮ ਸਿੰਘ, ਲਬਾਨਾ ਵਾਸੀ ਪਰੀਕਾ ਥਾਨਾ ਮੁਕੇਰੀਆਂ
ਇਸ ਦਾ ਕੋਈ ਸਾਮਾਨ ਨਹੀਂ ਸੀ।

13. ਸੋਹਨ ਲਾਲ ਪੁੱਤਰ ਬਤਾ ਰਾਮ ਚਾਂਗ ਵਾਸੀ ਖਿੱਚੀਆਂ।
ਇਸ ਦਾ ਕੋਈ ਸਾਮਾਨ ਨਹੀਂ।

14. ਰਵੀ ਸ਼ੰਕਰ ਪੁੱਤਰ ਗੌਰੀ ਸ਼ੰਕਰ ਵਾਸੀ ਮੁਕੇਰੀਆਂ ਕੌਮ ਬਰਾਹਮਣ
ਇਸ ਦਾ ਕੋਈ ਸਾਮਾਨ ਨਹੀਂ ਸੀ।

Original with;
Punjab Vidhan Sabha
Digitized by;
Panjab Digital Library

[ ਰਜਿ ਮੰਤਰੀ, ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ]

15. ਆਸੀ ਪਤਨੀ ਭਗੀਰਥ ਰਾਮ ਐਸ. ਈ. ਪੀ. ਨੰ: 2961941 ਅਟੈਚਡ ਵਿਦ ਐਸ. ਨੰ: 11 ਵਾਸੀ ਟਟੀਜ਼ਾ ਪੀ. ਐਸ. ਖੇਤੜੀ ਜ਼ਿਲ੍ਹਾ —ਝੁਨਝਨ, ਰਾਜਸਥਾਨ।

16. ਸੰਤੋਸ਼ ਡਾਟਰ ਆਫ਼ ਭਗੀਰਥ ਰਾਮ, ਐਸ. ਈ. ਪੀ. ਵਿਦ ਐਸ. ਨੰ: 11 ਐਂਡ 15।

17. ਛੱਜੂ ਰਾਮ ਪੁੱਤਰ ਨਥੂ ਰਾਮ ਤਖਾਨ ਮੁਹੱਲਾ ਪਰੀਤ ਨਗਰ, ਪਠਾਨਕੋਟ
ਨਕਦੀ ਕਰੰਸੀ ਨੋਟ 17 ਦੋ ਟਿਕਟਾਂ 2170 ਪੈਸੇ ਵਾਲੀ ਤੇ 5140 ਪੈਸੇ ਵਾਲੀ, ਇਕ ਕਾਗਜ਼ ਜਿਸ ਉਪਰ ਹਿੰਦੀ ਵਿਚ ਗੁਰਦਿਆਲ ਸਿੰਘ ਸਟੋਰ—ਸ਼੍ਰੀ ਬੂਆ ਦਿਤਾ ਸਟੋਰ ਸ਼੍ਰੀ ਸੰਤੋਸ਼ ਦਾਸ ਅਸਿਸਟੈਂਟ ਸੁਪਰਡੰਟ ਤੇ ਸ਼੍ਰੀ ਵਾਸਦੇਵ ਟੀਚਰ ਤੇ ਇਕ ਰਸੀਦ 3150 ਵਾਲੀ।

18. ਪਰਦੁਮਨ ਸਿੰਘ ਪੁੱਤਰ ਮੱਲਾ ਸਿੰਘ ਕੌਮ ਰਾਮ ਗੜ੍ਹੀਆ ਵਾਸੀ ਕੈਂਰੋਂ, ਥਾਨਾ ਦਸੂਹਾ
ਇਸ ਦਾ ਕੋਈ ਸਾਮਾਨ ਨਹੀਂ ਸੀ।

19. ਨਾ ਮਲੂਮ।
ਇਸ ਦਾ ਕੋਈ ਸਾਮਾਨ ਨਹੀਂ ਸੀ।

20. ਅਜੇ ਗੁਪਤ ਪੁੱਤਰ ਪਰਮਵੀਰ ਗੁਪਤ ਕੌਮ ਮਹਾਜਨ 322, ਦਿਆਲ ਨਗਰ ਲੁਧਿਆਣਾ
ਕੋਈ ਸਾਮਾਨ ਨਹੀਂ ਹੈ।

21. ਗੁਰਦਿਤਾ ਮੱਲ ਪੁੱਤਰ ਗੁਰਦਾਸ ਰਾਮ ਪਿੰਡ ਬੁਡਾਵੜ੍ਹ, ਥਾਨਾ ਮੁਕੇਰੀਆਂ
ਇਸ ਦਾ ਕੋਈ ਸਾਮਾਨ ਨਹੀਂ ਹੈ।

22. ਪੱਪੂ ਪੁੱਤਰ ਭਗੀਰਥ ਰਾਮ, ਐਸ. ਈ. ਪੀ. ਨੰ: 2961941, ਅਟੈਚਡ ਵਿਦ ਸੀਰੀਅਲ ਨੰ: 11

(ਇਸ ਵਕਤ ਆਵਾਜਾਈ ਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਜੀ ਨੇ ਜਵਾਬ ਪੜ੍ਹਨਾ ਸ਼ੁਰੂ ਕੀਤਾ ਅਤੇ ਥੋੜ੍ਹਾਂ ਜਿਹਾ ਜਵਾਬ ਪੜ੍ਹਿਆ)

**ਸ਼੍ਰੀ ਸਪੀਕਰ**: ਇਸ ਸਵਾਲ ਦਾ ਜਵਾਬ ਕਾਫੀ ਲੰਬਾ ਹੈ। ਇਹੋ ਜਿਹਾ ਜਵਾਬ ਹਾਊਸ ਦੀ ਟੇਬਲ ਤੇ ਰਖ ਦਿਆ ਕਰੋ।

**ਰਾਜ ਮੰਤਰੀ** : ਠੀਕ ਹੈ ਜੀ ,ਹਾਊਸ ਦੀ ਟੇਬਲ ਤੇ ਲੇ ਕੀਤਾ ਗਿਆ ਸਮਝਿਆ ਜਾਵੇ।

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 59 ਵਿਚੋਂ 22 ਮੁਸਾਫਰ ਮਰ ਗਏ। ਜਿਹੜੇ 22 ਮਰ ਗਏ ਹਨ ਉਨ੍ਹਾਂ ਦੇ ਵਾਰਸਾਂ ਨੂੰ ਕੇਵਲ 2-2 ਹਜ਼ਾਰ ਰੁਪਿਆ ਦੇਣ ਦਾ ਫੈਸਲਾ ਕੀਤਾ ਹੈ ਅੌਰ ਜਿਹੜੇ ਜ਼ਖਮੀ ਹੋਏ ਹਨ ਉਨ੍ਹਾਂ ਨੂੰ 500 ਰੁਪਏ ਦੇਣੇ ਹਨ। ਸਪੀਕਰ ਸਾਹਿਬ, ਇਸ ਦੁਰਘਟਨਾ ਨੂੰ ਇਤਨਾ ਚਿਰ ਹੋ ਗਿਆ ਹੈ ਅੌਰ ਇਸ ਦੇ ਨਾਲ ਇਤਨਾ ਵਡਾ ਨੁਕਸਾਨ ਹੋਇਆ ਤੇ ਸਾਰੇ ਪੰਜਾਬ ਵਿਚ ਕਿੰਨਾ ਰੌਲਾ ਪਿਆ ਸੀ,ਰਕਮ ਸਿਰਫ ਦੇਣੀ ਹੈ 2 ਹਜ਼ਾਰ ਰੁਪਿਆ ਤੇ 500 ਰੁਪਿਆ ਪਰ ਹਾਲੀਂ ਤਕ ਉਹ ਵੀ ਨਹੀਂ ਦਿਤੀ ਗਈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਰਕਮ ਕਦੋਂ ਤਕ ਦੇ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ ਪੈਸਾ ਸੈਂਕਸ਼ਨ ਹੋ ਗਿਆ ਹੈ । ਹੁਣ ਦੇ ਹੀ ਦੇਣੇ ਹਨ

**ਕਾਮਰੇਡ ਸਤਪਾਲ ਡਾਂਗ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਕੰਡਕਟਰ ਜ਼ਖਮ ਹੋ ਕੇ ਹਸਪਤਾਲ ਚਲਾ ਗਿਆ। ਪੁਲਿਸ ਨੇ ਜਿਹੜੀ ਰਿਪੋਰਟ ਬਣਾਈ ਹੈ, ਉਸ ਦੇ ਵਿਚ ਕਿਹਾ ਹੈ ਕੇ ਕੰਡਕਟਰ ਕੋਲੋਂ 227 ਰੁਪਏ 95 ਪੈਸੇ ਨਿਕਲੇ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਬਸ ਵਿਚ 65 ਪੈਸੰਜਰ ਸਨ ਔਰ ਰਕਮ ਸਿਰਫ 227 ਰੁਪਏ 95 ਪੈਸੇ ਦੀ ਮਿਲੀ ਹੈ, ਬਾਕੀ ਦੇ ਪੈਸੇ ਕਿਸ ਨੇ ਖਾ ਲਏ, ਕੀ ਇਸ ਗੱਲ ਦੀ ਕੋਈ ਇਨਕੁਆਇਰੀ ਕੀਤੀ ਹੈ ?

**ਰਾਜ ਮੰਤਰੀ**: ਸਪੀਕਰ ਸਾਹਿਬ, ਇਸ ਗੱਲ ਦੀ ਇਨਕੁਆਇਰੀ ਤਾਂ ਨਹੀਂ ਕੀਤੀ ਪਰ ਜਿਹੜੇ ਪੈਸੰਜਰਜ਼ ਸਨ ਉਹ ਲੰਮਾਂ ਸਫਰ ਕਰਨ ਵਾਲੇ ਨਹੀਂ ਸਨ । ਇਸ ਲਈ ਉਨ੍ਹਾਂ ਤੋਂ ਥੋੜ੍ਹੇ ਥੋੜ੍ਹੇ ਪੈਸੇ ਹੀ ਲਏ ਜਾ ਸਕਦੇ ਸਨ ।

---

ਤਾਰਾ—ਅੰਕਿਤ **ਸਵਾਲ ਨੰਬਰ** 3705

(ਸਬੰਧਤ ਮਾਨਯੋਗ ਮੈਂਬਰ ਦੇ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ )

---

**ਬਚਿਆਂ ਦਾ ਅਪਹਰਣ ਕਰਨ ਕਾਰਣ ਰਾਜ ਵਿਚ ਫੜੇ ਗਏ ਸਾਧੂ**

*3723. **ਸ੍ਰੀ ਸਰਦਾਰੀ ਲਾਲ ਕਪੂਰ** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ: ਕਿ—

ੳ) 1 ਜਨਵਰੀ, 1976 ਤੋਂ ਹੁਣ ਤਕ ਰਾਜ ਵਿਚ ਬੱਚਿਆਂ ਨੂੰ ਅਪਹਰਣ ਕਰਨ ਦੇ ਦੋਸ਼ ਵਿੱਚ ਕਿੰਨੇ ਸਾਧੂ ਫੜ੍ਹੇ ਗਏ;

ਅ) ਉਕਤ ਸਾਧੂਆਂ ਦੇ ਕਬਜ਼ੇ ਵਿਚੋਂ ਕਿੰਨੇ ਬੱਚੇ ਬਰਾਮਦ ਕੀਤੇ ਗਏ;

ੲ) ਭਵਿੱਖ ਵਿਚ ਇਸ ਤਰ੍ਹਾਂ ਦੇ ਘ੍ਰਿਣਾ ਯੋਗ ਜੁਰਮਾਂ ਦੀਆਂ ਵਾਰਦਾਤਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ **ਲਈ** ਕੀ ਕਾਰਵਾਈ ਕੀਤੀ ਜਾਣ ਦੀ ਤਜਵੀਜ਼ ਹੈ?

**ਸਰਦਾਰ ਗੁਰਚਰਨ ਸਿੰਘ** ਨਿਹਾਲ ਸਿੰਘ ਵਾਲਾ (ਮੁੱਖ ਸੰਸਦੀ ਸਕੱਤਰ): (ੳ) 1 ਜਨਵਰੀ, 1976 ਤੋਂ 17 ਅਗਸਤ, 1976 ਤਕ 21 ਸਾਧੂ ਫੜ੍ਹੇ ਗਏ ਹਨ ।

( ਅ) 7

(ੲ) ਇਸ ਤਰ੍ਹਾਂ ਦੇ ਜੁਰਮਾਂ ਨੂੰ ਰੋਕਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ । ਸਮੂਹ ਜ਼ਿਲ੍ਹਾ ਪੁਲਿਸ ਸੁਪਰਡੰਟਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਦੌਰਾਨੇ ਗਸ਼ਤ ਪੁਲਿਸ ਭੀਖ ਮਗਣ ਵਾਲੇ ਬੱਚਿਆਂ ਵੱਲ ਖਾਸ ਧਿਆਨ ਦੇਵੇ ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿ ਕਿਤੇ ਅਜਿਹੇ ਬੱਚੇ ਅਪਹਰਣ ਤਾਂ ਨਹੀਂ ਕੀਤੇ ਗਏ ਅਤੇ ਜੇਕਰ ਅਜਿਹਾ ਪਾਇਆ ਜਾਵੇ ਤਾਂ ਇਸ ਸਬੰਧੀ ਫੌਰੀ ਕਾਰਵਾਈ ਕਰਕੇ ਕਸੂਰਵਾਰਾਂ ਨੂੰ ਫੜਿਆ ਜਾਵੇ ਅਤੇ ਉਨ੍ਹਾਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ । ਮਸ਼ਕੂਕ ਸਾਧੂਆਂ ਤੇ ਵੀ ਪੁਲਿਸ ਨੂੰ ਨਜ਼ਰ ਰੱਖਣ ਲਈ ਹਦਾਇਤ ਕੀਤੀ ਗਈ ਹੈ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, ਇਸ ਸਿਲਸਿਲੇ ਵਿਚ ਜਿਸ ਦੇ ਮੁਤੱਲਕ ਇਹ ਗੱਲ ਕਹੀ ਗਈ ਸੀ ਕਿ ਪੁਲਿਸ ਵਾਲਿਆਂ ਨੇ ਕੋਸ਼ਿਸ਼ ਕਰਕੇ ਬੱਚਿਆਂ ਨੂੰ ਚੁੱਕਣ ਵਾਲਿਆਂ ਨੂੰ ਪਕੜਿਆਂ ਹੈ। ਮੈਂ ਕਹਿੰਦਾ ਹਾਂ ਕਿ ਇਸ ਸਿਲਸਿਲੇ ਵਿਚ ਕਿਸੇ ਐਕਸ ਮਿਲਟਰੀਮੈਨ ਨੇ ਪੁਲਿਸ ਵਾਲਿਆਂ ਨੂੰ ਕਿਹਾ ਕਿ ਮੈਂ ਇਹ ਕੁਝ ਕੀਤਾ ਹੈ ਤਾਂ ਪੁਲਿਸ ਵਾਲਿਆਂ ਨੇ ਉਸ ਦੀ ਬੜੀ ਬੇਇਜ਼ਤੀ ਕੀਤੀ। ਕੀ ਇਸ ਗੱਲ ਦਾ ਸੀ. ਪੀ. ਐਸ. ਸਾਹਿਬ ਨੂੰ ਪਤਾ ਹੈ ?

**ਮੁੱਖ ਸੰਸਦੀ ਸਕੱਤਰ** : ਸਪੀਕਰ ਸਾਹਿਬ, ਹਕੀਕਤ ਇਹ ਹੈ ਕਿ ਇਕ ਸਰਦਾਰ ਬਲਵੰਤ ਸਿੰਘ ਲੁਧਿਆਣਾ ਦਾ ਰਹਿਣ ਵਾਲਾ ਹੈ ਉਨ੍ਹਾਂ ਦੇ ਲੜਕੇ ਨੂੰ ਸਾਧੂਆਂ ਦੇ ਭੇਸ ਵਿਚ ਕੁਝ ਬਦਮਾਸ਼ ਆਦਮੀ ਬਹਿਕਾ ਕੇ ਲਏ ਗਏ। ਉਹ ਪੁਲਿਸ ਵਿਚ ਰਿਪੋਰਟ ਦਰਜ ਕਰਾਉਣ ਵਾਸਤੇ ਗਿਆ। ਉਸ ਦੇ ਨਾਲ ਅੱਛਾ ਵਰਤਾਉ ਨਹੀਂ ਕੀਤਾ ਗਿਆ, ਬਲਕਿ ਇਹ ਕਿਹਾ ਗਿਆ ਕਿ ਤੁਸੀਂ ਫੌਜੀ ਤਾਂ ਇਸ ਤਰ੍ਹਾਂ ਦੇ ਬੰਦੇ ਹੁੰਦੇ ਹੋ। ਉਸ ਨੇ ਇਕ ਲੜਕੇ ਸਰਦਾਰ ਸੁਖਦੇਵ ਸਿੰਘ ਨੂੰ ਨਾਲ ਲੈ ਕੇ ਖ਼ੁਦ ਹਿੰਮਤ ਕੀਤੀ ਅਤੇ 5 ਸਾਧੂਆਂ ਦੇ ਭੇਸ ਵਿਚ ਬਦਮਾਸ਼ਾਂ ਨੂੰ ਪਕੜਵਾਇਆ ਅਤੇ ਉਨ੍ਹਾਂ ਕੋਲੋਂ ਹੋਰ ਦੋ ਬੱਚੇ ਬਰਾਮਦ ਕਰਵਾਏ। ਉਸ ਨੇ ਉਹ ਸਾਧੂ ਪੁਲਿਸ ਵਾਲਿਆਂ ਨੂੰ ਕਹਿ ਕੇ ਗ੍ਰਿਫ਼ਤਾਰ ਕਰਵਾਏ। ਉਸ ਨੇ ਸਰਕਾਰ ਨੂੰ ਪੁਲਿਸ ਬਾਰੇ ਸਾਰੀ ਰਿਪੋਰਟ ਦਿੱਤੀ। ਉਸ ਤੋਂ ਬਾਅਦ ਪੁਲਿਸ ਨੇ ਬੜੀ ਮਿਹਨਤ ਕਰਕੇ ਉਸ ਗਰੋਹ ਨੂੰ ਪਕੜਿਆ। ਉਸ ਪੁਲਿਸ ਅਫਸਰ ਨੇ ਜਿਸ ਨੇ ਠੀਕ ਵਤੀਰਾ ਨਹੀਂ ਸੀ ਕੀਤਾ ਉਸ ਦੇ ਖ਼ਿਲਾਫ਼ ਕਾਰਵਾਈ ਦੇ ਹੁਕਮ ਕਰ ਦਿਤੇ ਗਏ ਹਨ ਅਤੇ ਸਰਦਾਰ ਬਲਵੰਤ ਸਿੰਘ ਨੂੰ ਮਾਨਤਾ ਦੇਣ ਦਾ ਫੈਸਲਾ ਹੋ ਚੁੱਕਾ ਹੈ।

**ਕਾਮਰੇਡ ਸੱਤ ਪਾਲ ਡਾਂਗ** : ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਸ ਅਫ਼ਸਰ ਦੇ ਖ਼ਿਲਾਫ਼ ਕਾਰਵਾਈ ਕਰਨ ਦਾ ਹੁਕਮ ਦਿਤਾ ਸੀ ਉਹ ਕਿਸ ਤਾਰੀਖ਼ ਨੂੰ ਹੁਕਮ ਦਿਤਾ ਸੀ ਅਤੇ ਕੀ ਉਸ ਅਫ਼ਸਰ ਦੇ ਖ਼ਿਲਾਫ਼ ਹੁਣ ਤਕ ਕੋਈ ਕਾਰਵਾਈ ਹੋਈ ਹੈ ਜਾਂ ਨਹੀਂ?

**ਮੁੱਖ ਸੰਸਦੀ ਸਕੱਤਰ** : ਕਾਰਵਾਈ ਕਰਨ ਦਾ ਹੁਕਮ ਦੇ ਦਿੱਤਾ ਗਿਆ ਹੈ ਔਰ ਮੇਰਾ ਖ਼ਿਆਲ ਹੈ ਕਿ ਕਾਰਵਾਈ ਹੋ ਵੀ ਗਈ ਹੈ।

**ਸ੍ਰੀ ਸਰਦਾਰੀ ਲਾਲ ਕਪੂਰ** : ਕੀ ਸੀ. ਪੀ. ਐਸ ਸਾਹਿਬ ਨੂੰ ਪਤਾ ਹੈ ਜੇ ਨਹੀਂ ਤਾਂ ਮੈਂ ਉਨ੍ਹਾਂ ਦੀ ਵਾਕਫ਼ੀਅਤ ਲਈ ਦੱਸਣਾ ਚਾਹੁੰਦਾ ਹਾਂ ਕਿ ਉਹ ਬੰਦਾ ਜਿਸ ਨੇ ਕਸੂਰ ਕੀਤਾ ਸੀ, ਸਸਪੈਂਡ ਹੋ ਗਿਆ ਹੈ। ਕੀ ਇਸ ਗਲ ਦਾ ਇਨ੍ਹਾਂ ਨੂੰ ਪਤਾ ਹੈ ?

**ਮੁੱਖ ਸੰਸਦੀ ਸਕੱਤਰ** : ਮੈਂ ਤੇ ਕਿਹਾ ਹੈ ਕਿ ਉਸ ਦੇ ਖ਼ਿਲਾਫ਼ ਕਾਰਵਾਈ ਹੋ ਗਈ ਹੈ।

**ਸ੍ਰੀ ਪਿਆਰਾ ਰਾਮ ਧੰਨੋਵਾਲੀ**: ਸਪੀਕਰ ਸਾਹਿਬ, ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਜਵਾਬ ਦਿੰਦਿਆਂ ਇਹ ਕਿਹਾ ਹੈ ਕਿ ਕੁੱਲ ਜ਼ਿਲ੍ਹਿਆਂ ਦੇ ਪੁਲਿਸ ਅਧਿਕਾਰੀਆਂ ਨੂੰ ਹਦਾਇਤਾਂ ਕਰ ਦਿੱਤੀਆਂ ਗਈਆਂ ਹਨ ਕਿ ਜਿਹੜੇ ਭੀਖ ਮੰਗਣ ਵਾਲੇ ਸਾਧੂ ਲੋਕ ਹਨ ਉਨ੍ਹਾਂ ਉੱਤੇ ਜ਼ਿਆਦਾ ਧਿਆਨ ਰੱਖਿਆ ਜਾਵੇ ਕਿਉਂਕਿ ਉਹ ਹੀ ਜ਼ਿਆਦਾਤਰ ਬੱਚਿਆਂ ਨੂੰ ਚੁੱਕਦੇ ਹਨ। ਮੈਂ ਕਹਿੰਦਾ ਹਾਂ ਕਿ ਪੰਜਾਬ ਦੇ ਵਿਚ ਐਂਟੀ—ਬੈਗਰੀ ਐਕਟ ਲਾਗੂ ਹੈ, ਕਿਉਂ ਨਹੀਂ ਮੰਗਣ ਵਾਲਿਆਂ ਨਾਲ ਸਖਤੀ ਵਰਤੀ ਜਾਂਦੀ?

**ਮੁੱਖ ਸੰਸਦੀ ਸਕੱਤਰ** : ਮੇਰੇ ਦੋਸਤ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਆਮ ਲੋਕ ਵੀ ਕਾਨੂੰਨ ਦੀ ਉਲੰਘਣਾ ਕਰਦੇ ਹਨ, ਇਸੇ ਤਰ੍ਹਾਂ ਇਹ ਵੀ ਭੀਖ ਮੰਗਣੋਂ ਨਹੀਂ ਹਟਦੇ। ਅਸੀਂ ਉਨ੍ਹਾਂ ਨੂੰ ਸਜ਼ਾਵਾਂ ਵੀ ਦਿੰਦੇ ਹਾਂ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਇਸ ਗੱਲ ਨੂੰ ਮੁੱਖ ਰਖਦੇ ਹੋਏ ਕਿ ਹਰ ਦੋ ਸਾਲਾਂ ਬਾਅਦ ਕੋਈ ਨਾ ਕੋਈ ਸਾਧੂ ਦੇ ਭੇਸ ਵਿਚ ਬਦਮਾਸ਼ਾਂ ਦਾ ਅੱਡਾ ਮਿਲ ਜਾਂਦਾ ਹੈ। ਕਦੇ ਲਾਲ ਕੁਰਤੀ ਵਾਲੇ ਪਕੜੇ ਜਾਂਦੇ ਹਨ ਅਤੇ ਉਨ੍ਹਾਂ ਕੋਲੋਂ ਬੜੇ ਬੜੇ ਹਥਿਆਰ ਅਤੇ ਮਸ਼ੀਨ ਗੰਨਾਂ ਤੱਕ ਬਰਾਮਦ ਕੀਤੀਆਂ ਜਾਂਦੀਆਂ ਹਨ; ਹੁਣ ਬੱਚਿਆਂ ਚੁੱਕਣ ਵਾਲਾ ਇਕ ਬਹੁਤ ਵੱਡਾ ਗਰੋਹ ਪਕੜਿਆ ਗਿਆ ਹੈ। ਮੈਂ ਕਹਿੰਦਾ ਹਾਂ ਕਿ ਕੀ ਸਰਕਾਰ ਇਹ ਸੋਚਣ ਲਈ ਤਿਆਰ ਹੈ ਕਿ ਇਨ੍ਹਾਂ ਵਾਸਤੇ ਇਕ ਮਹਿਕਮਾ ਬਣਾ ਦਿੱਤਾ ਜਾਵੇ ਜਿਹੜਾ ਕਿ ਸਾਧੂਆਂ ਨੂੰ ਲਸੰਸ ਜਾਰੀ ਕਰੇ ?

**ਸ੍ਰੀ ਸਪੀਕਰ** : ਇਹ ਸੁਜੈਸ਼ਨ ਹੈ, ਸੁਆਲ ਨਹੀਂ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ**: ਸਪੀਕਰ ਸਾਹਿਬ, ਇਹ ਸੁਆਲ ਹੈ ਜੀ। ਉਨ੍ਹਾਂ ਸਾਧੂਆਂ ਕੋਲੋਂ ਬੜੇ ਬੜੇ ਹਥਿਆਰ ਅਤੇ ਮਸ਼ੀਨ ਗੰਨਾਂ ਮਿਲੀਆਂ ਹਨ। ਹੁਣ ਬੱਚੇ ਮਿਲੇ ਹਨ। ਮੈਂ ਕਹਿੰਦਾ ਹਾਂ ਕਿ ਕੀ ਸਰਕਾਰ ਉਨ੍ਹਾਂ ਨੂੰ ਲਸੰਸ ਦੇਣ ਵਾਸਤੇ ਸੋਚਣ ਲਈ ਤਿਆਰ ਹੈ ?

**ਮੁੱਖ ਸੰਸਦੀ ਸਕੱਤਰ** :ਸਪੀਕਰ ਸਾਹਿਬ, ਸਾਡੀ ਇਨ੍ਹਾਂ ਨਾਲ ਬੜੀ ਸਾਂਝ ਹੈ, ਇਨ੍ਹਾਂ ਦੀ ਬੜੀ ਚੱਲਦੀ ਹੈ ਅਤੇ ਸਾਡੇ ਤੋਂ ਜੋ ਮਰਜ਼ੀ ਆਏ ਕਰਾਉਂਦੇ ਹਨ। ਮੈਂ ਸਮਝਦਾ ਹਾਂ ਕਿ ਇਹ ਸੀ. ਐਮ. ਸਾਹਿਬ ਨੂੰ ਅਪਰੋਚ ਕਰਨ, ਇਨ੍ਹਾਂ ਦੀ ਸੁਜੈਸ਼ਨ ਜੇ ਫਾਇਦੇਮੰਦ ਹੋਈ ਤਾਂ ਜ਼ਰੂਰ ਮੰਨਾਂਗੇ।

**Mr. Speaker** : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਪਿੰਡ ਭੂੰਦਾਂ, ਥਾਣਾ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ ਵਿਚ ਡਾਕਾ

*3735. ਕਾਮਰੇਡ ਅੱਛਰਾ ਸਿੰਘ : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:—

(ੳ) ਕੀ ਇਹ ਠੀਕ ਹੈ ਕਿ 1976 ਦੇ ਦੌਰਾਨ ਪਿੰਡ ਭੂੰਦਾਂ ਥਾਣਾ ਮਲੇਰਕੋਟਲਾ, ਜ਼ਿਲਾ ਸੰਗਰੂਰ ਵਿੱਚ ਇਕ ਡਾਕਾ ਪਿਆ ਸੀ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ, ਤਾਂ ਕੀ ਡਾਕੂਆਂ ਨੂੰ ਪਕੜ ਲਿਆ ਗਿਆ ਹੈ ?

ਗਿਆਨੀ ਜ਼ੈਲ ਸਿੰਘ : (ੳ) ਨਹੀਂ ਜੀ। ਡਾਕੇ ਦਾ ਮੁਕੱਦਮਾ ਜ਼ਰੂਰ ਦਰਜ ਹੋਇਆ ਸੀ ਪਰ ਤਫਤੀਸ਼ ਤੇ ਝੂਠਾ ਪਾਇਆ ਗਿਆ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

Original with;
Punjab Vidhan Sabha
Digitized by;
Panjab Digital Library

## APPEALS PENDING WITH THE CONSOLIDATION OFFICE, JULLUNDUR

***3700. 1. Comrade Saghar Singh**
**2. Comrade Satya Pal Dang** : Will the Minister for Revenue and Elections be pleased to state whether he received from any legislator a letter dated 18th April, 1976 or thereabout drawing his attention to a very large number of appeals pending since long with the Consolidation Office, Jullundur, if so, the details of the letter, and of the action taken thereon together with the number of appeals pending at present ?

ਸਰਦਾਰ ਉਮਰਾਓ ਸਿੰਘ : ਜੀ ਹਾਂ । ਪੱਤਰ ਦੀ ਇਕ ਨਕਲ ਸਦਨ ਦੇ ਮੇਜ਼ ਤੇ ਰੱਖੀ ਗਈ ਹੈ। 31 ਜੁਲਾਈ, 1976 ਨੂੰ 1177 ਅਪੀਲਾਂ ਬਕਾਇਆ ਸਨ। ਬਕਾਇਆ ਅਪੀਲਾਂ ਦੇ ਨਿਪਟਾਰੇ ਲਈ ਚੱਕਬੰਦੀ ਅਫਸਰ ਦੀ ਇਕ ਵਾਧੂ ਆਸਾਮੀ ਖਾਸ ਕਰਕੇ ਪਰਵਾਨ ਕੀਤੀ ਗਈ ਹੈ। ਜਿੱਥੋਂ ਤੀਕ ਸ੍ਰੀ ਪਰਮਾ ਨੰਦ ਪਿੰਡ ਢੋਲਬਾਹਾ, ਜ਼ਿਲਾ ਹੁਸ਼ਿਆਰਪੁਰ, ਦੀ ਰਵੀਜ਼ਨ ਪਟੀਸ਼ਨ ਦਾ ਸੁਆਲ ਹੈ ਉਸਦਾ ਮਿਤੀ 18 ਅਗਸਤ, 1976 ਨੂੰ ਚੱਕਬੰਦੀ ਅਫਸਰ ਨੇ ਫੈਸਲਾ ਕਰ ਦਿਤਾ ਹੈ।

SATYA PAL DANG M.L.A.,

Ajoy Bhawan,
345, Sector 21-A,
Chandigarh.

Camp. Chheharta.

Dated 18th April, 1976.

My dear Shri Umrao Singh Ji,

I wish to draw your urgent and personal attention to the fact that a very very large number—I may even say an unlimited number of appeals are pending since long with the consolidation officer, Jullundur. As a result many are suffering unnecessarily without any fault of theirs. And many others may be taking much undue advantage of this. Even emergency has made no difference.

Here is a specific case.

**ਸਰਦਾਰ ਹਰਬੰਸ ਸਿੰਘ ਜਲਾਲ(ਫੂਲ)**: ਮਾਨਯੋਗ ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਬਿਲ ਪੇਸ਼ ਕੀਤਾ ਹੈ ਅਤੇ ਇਸ ਦਾ ਮੰਤਵ ਵੀ ਨਾਲ ਦਸਣ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਪਹਿਲਾਂ ਕਿ ਮੈਂ ਇਸ ਦੇ ਬਾਰੇ ਆਪਣੀ ਰਾਏ ਦਿਆਂ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੇਰੀ ਪਾਰਟੀ ਦਾ ਸਾਰਾ ਟਾਈਮ ਮੈਂ ਲੈਣਾ ਹੈ। ਇਰੈਲੇਵੈਂਟ ਮੈਂ ਹੋਵਾਂਗਾ ਨਹੀਂ। ਜੇ ਕਿਤੇ ਮਹਿਸੂਸ ਕੀਤਾ ਜਾਵੇ ਤਾਂ ਰੈਲੇਵੈਂਸੀ ਪਰੂਵ ਕਰਕੇ ਦਸਾਂਗਾ। ਹਾਊਸ ਨਿਰਵਿਘਨ, ਸ਼ਾਂਤੀ ਨਾਲ ਸੁਣਨ ਦਾ ਯਤਨ ਕਰੇ। ਹਿੰਦੁਸਤਾਨ ਦੇ ਕਿਸੇ ਕੋਨੇ ਵਿੱਚ ......... ।

**ਸ੍ਰੀ ਸਪੀਕਰ**: ਜਨਰਲ ਪਰਪਜ਼ਿਜ਼ ਕਮੇਟੀ ਨੇ ਰਿਕਮੈਂਡ ਕੀਤਾ ਹੈ। ਇਸ ਕਰਕੇ ਕੋਈ ਕੰਟਰੋ— ਵਰਸ਼ਲ ਗੱਲ ਨਹੀਂ ਹੈ।

**ਸਰਦਾਰ ਹਰਬੰਸ ਸਿੰਘ ਜਲਾਲ**: ਸਪੀਕਰ ਸਾਹਿਬ, ਜਿੱਥੋਂ ਤੀਕ ਇਸ ਬਿਲ ਦੀ ਧਾਰਾ 4 ਨੂੰ ਸਬ-ਧਾਰਾ (1) ਵਿਚ ਬਦਲਣ ਦਾ ਸਵਾਲ ਹੈ, ਇਹ ਇਕ ਟੈਕਨੀਕਲ ਗੱਲ ਹੈ। ਜਿਹੜੀ ਧਾਰਾ 4 ਹੈ, ਉਹ ਧਾਰਾ 3 ਦੀ ਸਬਸਿਡੀਏਰੀ ਕਲਾਜ਼ ਹੈ। ਜੋ ਕਲਾਜ਼ 3 ਵਿਚ ਕਿਹਾ ਗਿਆ ਹੈ ਕਿ ਮੈਂਬਰਾਂ ਨੂੰ ਸਬੰਧਤ ਭੱਤਾ ਮਿਲ ਸਕਦਾ ਹੈ, ਉਸ ਦੇ ਬਾਰੇ ਕਲਾਜ਼ 4 ਦੇ ਵਿਚ ਡੈਫੀਨੀਸ਼ਨ ਦਿੱਤੀ ਹੋਈ ਹੈ ਕਿ ਇਹ ਭੱਤਾ ਉਨ੍ਹਾਂ ਮੈਂਬਰਾਂ ਨੂੰ ਨਹੀਂ ਮਿਲ ਸਕਦਾ ਜਿਹੜੇ ਮੀਸਾ ਦੇ ਅਧੀਨ ਡਿਟੇਨ ਕੀਤੇ ਹੋਏ ਹਨ, ਭਾਵੇਂ ਉਹ ਵਿਰੋਧੀ ਨੇਤਾ ਹੋਣ ਜਾਂ ਅਸੈਂਬਲੀ ਦੇ ਮੈਂਬਰ ਜਦ ਕਿ ਪਾਰਲੀਆਮੈਂਟ ਦੇ ਮੈਂਬਰਾਂ ਨੂੰ ਇਹ ਭੱਤਾ ਨਹੀਂ ਮਿਲ ਸਕਦਾ ਹੈ। ਅਕਾਲੀ ਪਾਰਟੀ ਦੇ ਸਾਰੇ ਦੇ ਸਾਰੇ ਮੈਂਬਰ ਡਿਟੇਨ ਕੀਤੇ ਹੋਏ ਹਨ। ਪ੍ਰੰਤੂ ਕਾਂਗਰਸੀ ਮੈਂਬਰਾਂ ਨੂੰ ਉਹਨਾਂ ਵਲੋਂ ਅਟੈਂਡ ਨਾ ਕੀਤੀਆਂ ਗਈਆਂ ਮੀਟਿੰਗਾਂ ਲਈ ਭੀ ਟੀ. ਏ. ਡੀ. ਏ.

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਬੰਸ ਸਿੰਘ ਜਲਾਲ]

ਵਸੂਲਣ ਦਾ ਹੱਕ ਦਿਤਾ ਜਾ ਰਿਹਾ ਹੈ । ਇਸ ਕਰਕੇ ਜੋ ਬਿੱਲ ਇਨ੍ਹਾਂ ਨੇ ਇੰਟਰੋਡਿਊਸ ਕੀਤਾ ਹੈ ਧਾਰਾ 4 ਨੂੰ ਸਬ-ਧਾਰਾ (1) ਵਿਚ ਬਦਲਣ ਦਾ, ਇਹ ਇਕ ਬੜਾ ਮਨਹੂਸ ਅਤੇ ਕਾਲਾ ਕਾਨੂੰਨ ਹੈ, ਟੈਕਨੀਕਲੀ ਧਾਰਾ 2 ਨੂੰ ਵਖਰੀ ਕਲਾਜ਼ ਰਖਿਆ ਜਾਣਾ ਚਾਹੀਦਾ ਹੈ। 1892 ਤੋਂ ਲੈ ਕੇ ਅਜ ਤੱਕ ਪਬਲਿਕ ਸੇਫਟੀ ਐਕਟ ਸਮੇਤ ਜਦੋਂ ਕਿ ਸਰਦਾਰ ਭਗਤ ਸਿੰਘ ਨੇ ਵੀਟੋ ਦਾ ਅਧਿਕਾਰ ਵਰਤਿਆ ਕੋਈ ਮਨਹੂਸ ਕਾਨੂੰਨ ਐਸਾ ਨਹੀਂ ਸੀ ਬਣਾਇਆ ਗਿਆ ਜਿਹੋ ਜਿਹੇ ਕਿ ਇਹ ਮੌਜੂਦਾ ਸਰਕਾਰ ਬਣਾ ਰਹੀ ਹੈ ।

**ਇਕ ਆਵਾਜ਼** : ਇਸ ਵਿਚ ਕਿਹੜੀ ਟੈਕਨੀਕਲ ਗੱਲ ਹੈ?

**ਸਰਦਾਰ ਹਰਬੰਸ ਸਿੰਘ ਜਲਾਲ**: ਮੈਂ ਟੈਕਨੀਕੈਲਟੀ ਵਿਚ ਹੀ ਜਾ ਰਿਹਾ ਹਾਂ। ਦੋ ਵਖੋ ਵਖ ਵਿਚਾਰ ਰੱਖਣ ਵਾਲੀਆਂ ਇੰਡੀਪੈਂਡੈਂਟ ਕਲਾਜ਼ਾਂ ਅਸੂਲ ਦੇ ਮੁਤਾਬਿਕ ਦੋ ਸਬ-ਕਲਾਜ਼ਾਂ ਵਿਚ ਨਹੀਂ ਆ ਸਕਦੀਆਂ ।

ਮੇਰੀ ਦੂਜੀ ਬੇਨਤੀ ਇਹ ਹੈ ਕਿ ਇਸ ਦੀ ਲੋੜ ਕਿਉਂ ਪਈ ? ਅੱਜ ਤਕ ਅੰਗਰੇਜ਼ਾਂ ਦੇ ਸਮੇਂ ਤੋਂ ਲੈਕੇ ਜੋ ਵੀ ਵਿਧਾਨ ਸਭਾ ਬਣੀ, ਕਿਸੇ ਨੇ ਵੀ ਅਜਿਹਾ ਵਿਤਕਰੇ ਭਰਿਆ ਕਾਨੂੰਨ ਪਾਸ ਨਹੀਂ ਕੀਤਾ । ਕੋਈ ਕਾਲਾ ਕਾਨੂੰਨ ਇਸ ਤਰ੍ਹਾਂ ਦਾ ਨਹੀਂ ਬਣਿਆ ।

**ਸ਼੍ਰੀ ਸਪੀਕਰ** : ਇਸ ਦੇ ਵਿਚ ਕਿਹੜਾ ਕਾਲਾਪਨ ਹੈ ?

**ਸਰਦਾਰ ਹਰਬੰਸ ਸਿੰਘ ਜਲਾਲ** : ਮੈਂ ਦਸ ਰਿਹਾ ਹਾਂ ਜੀ .........

**ਸ਼੍ਰੀ ਸਪੀਕਰ**: ਕਾਲੇਪਨ ਵਾਲੀ ਤਾਂ ਕੋਈ ਗੱਲ ਨਹੀਂ, ਕਾਲੀ ਸਿਆਹੀ ਨਾਲ ਜ਼ਰੂਰ ਲਿਖਿਆ ਹੋਇਆ ਹੈ ।

**ਸਰਦਾਰ ਹਰਬੰਸ ਸਿੰਘ ਜਲਾਲ**: ਸਿਰਫ ਕਾਲੀ ਸਿਆਹੀ ਨਾਲ ਹੀ ਨਹੀਂ ਲਿਖਿਆ ਹੋਇਆ, ਇਹ ਬਿਲਕੁਲ ਕਾਲਾ ਕਾਨੂੰਨ ਹੈ । ਸਪੀਕਰ ਸਾਹਿਬ, ਇਸ ਤਰ੍ਹਾਂ ਦਾ ਕਾਨੂੰਨ ਤਾਂ ਉਦੋਂ ਵੀ ਨਹੀਂ ਸੀ ਬਣਿਆ ਜਦੋਂ ਕਿ ਸਾਡੇ ਲੋਕ ਦੇਸ਼ ਦੀ ਆਜ਼ਾਦੀ ਵਾਸਤੇ ਲੜਦੇ ਸਨ, ਬਦੇਸ਼ੀ ਹਕੂਮਤ ਪੂਰੀ ਸਖਤੀ ਨਾਲ ਸਾਨੂੰ ਕੁਚਲਣਾ ਚਾਹੁੰਦੀ ਸੀ । ਉਸ ਵੇਲੇ ਵੀ ਇਸ ਤਰ੍ਹਾਂ ਦੇ ਵਿਤਕਰੇ ਭਰੇ ਕਾਨੂੰਨ ਨਹੀਂ ਸੀ ਬਣਦੇ ।

**ਸ਼੍ਰੀ ਸਪੀਕਰ** : ਤੁਸੀਂ ਇਰੇਲੇਵੇਂਟ ਜਾ ਰਹੇ ਹੋ, ਆਪਣੀ ਸਪੀਚ ਨੂੰ ਬਿੱਲ ਦੇ ਸਕੋਪ ਤਕ ਕਨਫਾਈਨ ਰੱਖੋ ।

**ਸਰਦਾਰ ਹਰਬੰਸ ਸਿੰਘ ਜਲਾਲ** : * * * *

**ਸ਼੍ਰੀ ਪ੍ਰੇਮ ਗੁਪਤਾ** : ਐਕਟ ਕਿਵੇਂ ਡਿਸਕਸ ਕੀਤਾ ਜਾ ਸਕਦਾ ਹੈ?

**ਸ਼੍ਰੀ ਸਪੀਕਰ** : ਠੀਕ ਹੈ, ਸੁਜੈਸ਼ਨ ਤਾਂ ਦਿੱਤੀ ਜਾ ਸਕਦੀ ਹੈ, ਐਕਟ ਨਹੀਂ ਡਿਸਕਸ ਹੋ ਸਕਦਾ

**ਮਾਲ ਅਤੇ ਚੋਣ ਮੰਤਰੀ**: ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਥੇ ਆਨਰੇਬਲ ਮੈਂਬਰਾਂ ਦਾ ਕੰਡਕਟ ਡਿਸਕਸ ਨਹੀਂ ਹੋ ਸਕਦਾ । ਇਸ ਕਰਕੇ ਮੇਰੀ ਬੇਨਤੀ ਹੈ ਕਿ

---
Expunged as ordered by the Chair.

Original with;
Punjab Vidhan Sabha
Digitized by;
Panjab Digital Library

ਜੋ ਕਝ ਜਲਾਲ ਸਾਹਿਬ ਨੇ ਇਹ ਮੈਂਬਰਾਂ ਦੇ ਕੰਡਕਟ ਬਾਰੇ ਇਸ ਬਿਲ ਬਾਰੇ ਕਿਹਾ ਹੈ, ਇਹ ਹਾਊਸ ਦੀ ਕਾਰਵਾਈ ਵਿਚੋਂ ਕੱਢ ਦਿੱਤਾ ਜਾਵੇ ।

**Mr. Speaker** : A member cannot discuss the conduct of the other member. Whatever Mr. Jalal has spoken, should be expunged.

**ਸਰਦਾਰ ਹਰਬੰਸ ਸਿੰਘ ਜਲਾਲ:** ਮੈਨੂੰ ਇਸ ਗੱਲ ਦਾ ਕੋਈ ਅਫਸੋਸ ਨਹੀਂ ਕਿ ਤੁਸੀਂ ਮੇਰੀ ਸਪੀਚ ਨੂੰ ਹਾਊਸ ਦੀ ਕਾਰਵਾਈ ਵਿਚੋਂ ਕੱਢ ਦੇਵੋਗੇ ਕਿਉਂਕਿ ਮੈਨੂੰ ਪਤਾ ਹੈ ਕਿ ਜੇ ਤੁਸੀਂ ਚਾਹੋ ਤਾਂ ਮੈਨੂੰ ਭੀ ਹਾਊਸ ਵਿਚੋਂ ਕੱਢ ਸਕਦੇ ਹੋ ।

(ਇਸ ਸਮੇਂ ਕੈਪਟਨ ਰਤਨ ਸਿੰਘ ਪੁਆਇੰਟ ਆਫ ਆਰਡਰ ਤੇ ਖੜੇ ਹੋਏ ।)

**ਸ੍ਰੀ ਸਪੀਕਰ** : ਤੁਸੀਂ ਸੁਜੈਸ਼ਨ ਦੇਵੋ, ਇਰਰੇਲੇਵੈਂਟ ਨਾ ਬੋਲੋ । ਕੈਪਟਨ ਸਾਹਿਬ, ਤੁਹਾਡਾ ਕੀ ਅਾਇੰਟ ਆਫ ਆਰਡਰ ਹੈ ?

**ਸਰਦਾਰ ਹਰਬੰਸ ਸਿੰਘ ਜਲਾਲ:** ਮੈਂ ਸੁਜੈਸ਼ਨ ਹੀ ਦੇ ਰਿਹਾ ਹਾਂ । ਇਹ ਬਿਲ ਸੰਵਿਧਾਨ ਦੀ ਧਾਰਾ 307 .........

**ਸ੍ਰੀ ਸਪੀਕਰ** : ਤੁਸੀਂ ਇਥੇ ਸੰਵਿਧਾਨ ਨੂੰ ਡਿਸਕਸ ਨਹੀਂ ਕਰ ਸਕਦੇ, ਇਹ ਬਿਲਕਲ ਇਰਰੈਲੇਵੈਂਟ ਹੈ, ਤੁਸੀਂ ਬਿਲ ਦੇ ਬਾਰੇ ਕਹੋ ।

**ਸਰਦਾਰ ਹਰਬੰਸ ਸਿੰਘ ਜਲਾਲ:** ਮੈਂਬਰ ਦਾ ਹੱਕ ਹੈ ਕਿ ਜੋ ਚੀਜ਼ ਠੀਕ ਨਹੀਂ ਹੈ ਉਸ ਬਾਰੇ ਕਿਹਾ ਜਾਵੇ

(ਇਸ ਸਮੇਂ ਸਰਦਾਰ ਗੁਰਮੇਜ ਸਿੰਘ ਪੁਆਇੰਟ ਆਫ ਆਰਡਰ ਤੇ ਖੜੇ ਹੋਏ)

**ਸ੍ਰੀ ਸਪੀਕਰ:** ਤੁਸੀਂ ਅਪੋਜ਼ ਕਰੋ, ਤੁਸੀਂ ਤਾਂ ਇਰਰੈਲੇਵੈਂਟ ਬੋਲ ਰਹੇ ਹੋ । ਸਰਦਾਰ ਗੁਰਮੇਜ ਸਿੰਘ ਜੀ ਤੁਸੀਂ ਆਪਣਾ ਪੁਆਇੰਟ ਆਫ ਆਰਡਰ ਦਸੋ ।

(ਇਸ ਸਮੇਂ ਸਰਦਾਰ ਹਰਬੰਸ ਸਿੰਘ ਜਲਾਲ ਬੋਲੀ ਜਾ ਰਹੇ ਸਨ । ** **)

**ਸ੍ਰੀ ਸਪੀਕਰ** : ਇਹ ਜੋ ਕੁਝ ਵੀ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ ।

## WALK-OUT

(ਇਸ ਸਮੇਂ ਬੋਲਣ ਦੀ ਇਜ਼ਾਜ਼ਤ ਨਾ ਮਿਲਣ ਤੇ ਸਰਦਾਰ ਹਰਬੰਸ ਸਿੰਘ ਜਲਾਲ ਤੇ ਹੋਰ ਹਾਜ਼ਰ ਅਕਾਲੀ ਮੈਂਬਰਜ਼ ਹਾਊਸ ਵਿਚੋਂ ਵਾਕ-ਆਊਟ ਕਰ ਗਏ ।)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

## THE PUNJAB LEGISLATIVE ASSEMBLY (ALLOWANCES OF OF MEMBERS) SECOND AMENDMENT BILL, 1976

*(Resumption)*

**ਕੈਪਟਨ ਰਤਨ ਸਿੰਘ :** ਆਨ ਏ ਪੁਆਇੰਟ ਆਫ ਆਰਡਰ ,ਸਰ। ਸਪੀਕਰ ਸਾਹਿਬ ਤੁਸੀਂ ਮੈਨੂੰ ਕਾਲ ਅਪਾਨ ਕੀਤਾ ਸੀ, ਮੈਂ ਬਟਨ ਦਬਾ ਦਬਾ ਕੇ ਥੱਕ ਗਿਆ ਹਾਂ ।

**ਸ਼੍ਰੀ ਸਪੀਕਰ :** ਕੁਝ ਥੋੜ੍ਹੀ ਜਿਹੀ ਇੰਟਰਪਸ਼ਨ ਹੋ ਗਈ ਸੀ, ਤੁਸੀਂ ਆਪਣਾ ਪੁਆਇੰਟ ਆਫ ਆਰਡਰ ਦੱਸੋ ।

**ਕੈਪਟਨ ਰਤਨ ਸਿੰਘ** (ਕੁੰਮ ਕਲਾਂ) : ਇਹ ਬਿਲ ਜੋ ਸਰਕਾਰ ਨੇ, ਸਰਦਾਰ ਉਮਰਾਓ ਸਿੰਘ ਜੀ ਨੇ ਪੇਸ਼ ਕੀਤਾ ਹੈ, ਇਹ ਜਨਰਲ ਪਰਪਜ਼ਜ਼ ਕਮੇਟੀ ਜਿਹੜੀ, ਸਪੀਕਰ ਸਾਹਿਬ, ਤੁਹਾਡੀ ਹੈ, ਜਿਸ ਦੇ ਵਿਚ ਸਿਰਫ ਕਾਂਗਰਸ ਦੇ ਹੀ ਨਹੀਂ ਬਲਕਿ ਕਮਿਊਨਿਸਟ ਪਾਰਟੀ ਅਤੇ ਬਾਕੀ ਸਾਰੀਆਂ ਸਮੁੱਚੀਆਂ ਪਾਰਟੀਆਂ ਦੇ ਮੈਂਬਰ ਵੀ ਸਨ, ਇਹ ਯੂਨੈਨੀਮਸ ਰਾਏ ਸੀ, ਮੰਗ ਸੀ, ਜਿਹੜੀ ਕਿ ਸਰਕਾਰ ਨੇ ਮੰਨੀ ਹੈ ਅਤੇ ਅਸੀਂ ਸਾਰੇ ਸਰਕਾਰ ਦਾ ਧੰਨਵਾਦ ਕਰਦੇ ਹਾਂ ਕਿ ਸਰਕਾਰ ਨੇ ਇਕ ਵਾਜਬ ਗੱਲ ਮੰਨ ਲਈ ਹੈ, ਕਿਉਂਕਿ ਐਮ.ਐਲ.ਏ. ਏਜ਼ ਜਿਹੜੇ ਕਿ ਬਾਹਰੋਂ ਆਉਂਦੇ ਹਨ ਉਨ੍ਹਾਂ ਨੂੰ ਕਈ ਦਫਾ ਮੀਟਿੰਗ ਕੈਂਸਲ ਹੋਣ ਦੀ ਇਤਲਾਹ ਨਹੀਂ ਮਿਲਦੀ ਅਤੇ ਇਸ ਤਰ੍ਹਾਂ ਨਾਲ ਉਨ੍ਹਾਂ ਨੂੰ ਟੀ. ਏ. ਡੀ. ਏ. ਨਹੀਂ ਸੀ ਮਿਲਦਾ ।

.18 P.M. (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਇਸ ਦੇ ਵਿਚ ਦੋ ਹੀ ਕਲਾਜ਼ਾਂ ਹਨ। ਸੈਕਸ਼ਨ 4 ਜਿਹੜਾ ਹੈ, ਉਹ ਮੇਨ ਐਕਟ ਦਾ ਹੈ । ਇਸ ਕਰਕੇ ਇਸ ਤੇ ਜ਼ਿਆਦਾ ਬਹਿਸ ਦੀ ਲੋੜ ਨਹੀਂ ਅਤੇ ਇਹ ਬਿਲ ਯੂਨੈਨੀਮਸਲੀ ਹੀ ਅਡਾਪਟ ਹੋਣਾ ਚਾਹੀਦਾ ਹੈ ਅਤੇ ਇਸ ਦੇ ਵਿਚ ਜ਼ਿਆਦਾ ਵਕਤ ਨਹੀਂ ਲੈਣਾ ਚਾਹੀਦਾ । ਅਸੀਂ ਇਸ ਬਿਲ ਤੇ ਸਰਕਾਰ ਦਾ ਧੰਨਵਾਦ ਕਰਦੇ ਹਾਂ ।

**ਸ਼੍ਰੀ ਪ੍ਰੇਮ ਗੁਪਤਾ** (ਪਟਿਆਲਾ): ਡਿਪਟੀ ਸਪੀਕਰ ਸਾਹਿਬ, ਮੈਂ ਵੀ ਇਸ ਬਿਲ ਤੇ ਕੁਝ ਬੋਲਣਾ ਹੈ

**ਸ਼੍ਰੀ ਡਿਪਟੀ ਸਪੀਕਰ :** ਗੁਪਤਾ ਜੀ, ਤੁਸੀਂ ਬੈਠੋ ।

**ਕਾਮਰੇਡ ਸੱਤ ਪਾਲ ਡਾਂਗ :** ਡਿਪਟੀ ਸਪੀਕਰ ਸਾਹਿਬ, ਇਕ ਆਨਰੇਬਲ ਮੈਂਬਰ ਬਿੱਲ ਤੇ ਬੋਲਣਾ ਚਾਹੁੰਦਾ ਹੈ ਅਤੇ ਤੁਹਾਨੂੰ ਅਲਾਓ ਕਰਨਾ ਚਾਹੀਦਾ ਹੈ ।

**ਸ਼੍ਰੀ ਪ੍ਰੇਮ ਗੁਪਤਾ :** ਡਿਪਟੀ ਸਪੀਕਰ ਸਾਹਿਬ, ਮੈਂ ਦੋ ਹੀ ਮਿੰਟ ਲੈਣੇ ਹਨ । ਸਰਕਾਰ ਦਾ ਧੰਨਵਾਦ ਤਾਂ ਕੈਪਟਨ ਸਾਹਿਬ ਨੇ ਕਰ ਹੀ ਦਿੱਤਾ ਹੈ । ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਟੈਲੀਫੂਨ ਦੇ ਰੇਟ ਵੀ ਬਹੁਤ ਵੱਧ ਗਏ ਹਨ ਅਤੇ ਇਹ ਟੈਲੀਫੂਨ ਦਾ ਅਲਾਊਂਸ ਵੀ ਇਨਕਰੀਜ਼ ਹੋਣਾ ਚਾਹੀਦਾ ਹੈ ਕਿਉਂਕਿ ਮੈਂਬਰਾਂ ਦਾ ਖਰਚ ਵਧ ਗਿਆ ਹੈ ।

**ਸ਼੍ਰੀ ਡਿਪਟੀ ਸਪੀਕਰ :** ਟੈਲੀਫੂਨ ਦਾ ਇਸ ਦੇ ਵਿਚ ਤਾਂ ਕੋਈ ਜ਼ਿਕਰ ਨਹੀਂ, ਇਹ ਬਿਲ ਟੈਲੀਫੂਨ ਨਾਲ ਤਾਂ ਤਅਲੁਕ ਨਹੀਂ ਰਖਦਾ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਪ੍ਰੇਮ ਗੁਪਤਾ** : ਡਿਪਟੀ ਸਪੀਕਰ ਸਾਹਿਬ, ਮੈਂਬਰਾਂ ਨਾਲ ਤਾਂ ਤੁਅਲੁਕ ਰੱਖਦਾ ਹੈ। ਪਾਰਲੀਆਮੈਂਟ ਨੇ ਬੜਾ ਚੰਗਾ ਕੰਮ ਕੀਤਾ ਹੈ ਕਿ ਬਜ਼ੁਰਗ ਮੈਂਬਰਾਂ ਵਾਸਤੇ ਪੈਨਸ਼ਨ ਦਾ ਬਿਲ ਪਾਸ ਕਰ ਦਿਤਾ ਹੈ। ਸਾਨੂੰ ਵੀ ਇਸ ਤਰ੍ਹਾਂ ਦਾ ਬਿਲ ਇਥੇ ਲਿਆਉਣਾ ਚਾਹੀਦਾ ਹੈ। ਮੈਂ ਜ਼ਿਆਦਾ ਕੁਝ ਨਹੀਂ ਕਹਿਣਾ ਚਾਹੁੰਦਾ, ਇਹ ਅਰਜ਼ ਕਰਾਂਗਾ ਕਿ ਸਰਦਾਰ ਉਮਰਾਓ ਸਿੰਘ ਜੀ ਨੂੰ, ਸਰਕਾਰ ਨੂੰ ਚਾਹੀਦਾ ਹੈ ਕਿ ਸੈਂਟਰਲ ਗੌਰਮਿੰਟ ਨੂੰ ਫਾਲੋ ਕਰਦੇ ਹੋਏ, ਮੈਂਬਰਾਂ ਦੀ ਪੈਨਸ਼ਨ ਬਾਰੇ ਇਥੇ ਵੀ ਬਿੱਲ ਲਿਆਉਣਾ ਚਾਹੀਦਾ ਹੈ।

**Mr. Deputy Speaker :** Question is—

That the Punjab Legislative Assembly (Allowances of Members) Second Amendment Bill be taken into consideration at once.

*The Motion was carried*

**Mr. Deputy Speaker :** Now the House will proceed to consider the Bill Clause by Clause.

CLAUSE 2

**Mr. Deputy Speaker :** Question is—

That Clause 2 stand part of the Bill.

*The Motion was carried*

CLAUSE 1

**Mr. Deputy Speaker :** Question is—

That Clause 1 stand part of the Bill.

*The Motion was carried*

TITLE

**Mr. Deputy Speaker :** Question is—

That Title be the Title of the Bill.

*The Motion was carried*

**Revenue and Elections Minister (Sardar Umrao Singh) :** Sir I beg to move—

That the Punjab Legislative Assembly (Allowances of Members) Second Amendment Bill be passed.

**Mr. Deputy Speaker :** Motion moved—

That the Punjab Legislative Assembly (Allowances of Members) Second Amendment Bill be passed.

Original with;
Punjab Vidhan Sabha
Digitized by;
Panjab Digital Library

**Mr. Deputy Speaker :** Question is—

That the Punjab Legilsative Assembly (Allowances of Members) Second Amendment Bill be passed.

*The Motion was carried*

## THE PUNJAB MUNICIPAL (SECOND AMENDMENT) BILL 1976

**Finance Minister (Shri Hans Raj Sharma) :** Sir, I beg to introduce the Punjab Municipal (Second Amendment) Bill.

Sir, I also beg to move—

That the Punjab Municipal (Second Amendment) Bill be taken into consideration at once.

**Mr. Deputy Speaker :** Motion moved—

That the Punjab Municipal (Second Amendment) Bill be taken into consideration at once.

**ਕਾਮਰੇਡ ਸੱਤ ਪਾਲ ਡਾਂਗ** (ਅੰਮ੍ਰਿਤਸਰ ਪੱਛਮ): ਡਿਪਟੀ ਸਪੀਕਰ ਸਾਹਿਬ, ਇਹ ਬਿੱਲ ਜਿਹੜਾ ਪੰਜਾਬ ਮਿਉਨਸੀਪਲ ਐਕਟ ਨੂੰ ਅਮੈਂਡ ਕਰਨ ਵਾਸਤੇ ਲਿਆਂਦਾ ਗਿਆ ਹੈ, ਇਸ ਵਿਚ 3,4 ਗੱਲਾਂ ਅਜਿਹੀਆਂ ਹਨ ਜਿਨ੍ਹਾਂ ਨਾਲ ਇਸ ਦਾ ਸਬੰਧ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਮਿਉਨਸੀਪਲ ਐਕਟ 1972 ਵਿਚ ਇਕ ਤਰਮੀਮ ਕਰਕੇ ਇਕ ਅੱਛੀ ਗੱਲ ਕੀਤੀ ਗਈ ਸੀ ਕਿ ਅਗਰ ਕਮੇਟੀ ਦੇ ਚੁਣੇ ਹੋਏ ਮੈਂਬਰਾਂ ਵਿਚ ਕੋਈ ਬਾਲਮੀਕੀ ਜਾਂ ਬੈਕਵਰਡ ਕਲਾਸ ਦਾ ਨੁਮਾਇੰਦਾ ਨਾ ਹੋਇਆ ਤਾਂ ਉਨ੍ਹਾਂ ਨੂੰ ਕਮੇਟੀ ਕੋਆਪਟ ਕਰੇਗੀ ਅਤੇ ਇਹ ਚੁਣੇ ਹੋਏ ਮੈਂਬਰਾਂ ਤੋਂ ਵੱਧ ਮੈਂਬਰ ਹੋਣਗੇ। ਇਸੇ ਤਰ੍ਹਾਂ ਇਹ ਵੀ ਪਰੋਵੀਜ਼ਨ ਕੀਤੀ ਗਈ ਸੀ ਅਗਰ ਇਨ੍ਹਾਂ ਚੁਣੇ ਹੋਏ ਮੈਂਬਰਾਂ ਵਿਚ ਕੋਈ ਔਰਤ ਨਾ ਹੋਈ ਤਾਂ ਕਮੇਟੀ ਨੂੰ 2 ਔਰਤਾਂ ਕੋਆਪਟ ਕਰਨ ਦਾ ਵੀ ਅਧਿਕਾਰ ਦਿੱਤਾ ਗਿਆ ਸੀ। ਇਹ ਬੜੇ ਚੰਗੇ ਕਦਮ ਹਨ ਪਰ ਹੁਣ ਇਸ ਬਿਲ ਦੇ ਰਾਹੀ ਸਰਕਾਰ ਇਹ ਅਖਤਿਆਰ ਲੈ ਰਹੀ ਹੈ ਕਿ ਜਿਹੜੇ ਸ਼ੋਸ਼ਲੀ ਜਾਂ ਇਕਨਾਮੀਕਲੀ ਬੈਕਵਰਡ ਹੋਣਗੇ ਉਨ੍ਹਾਂ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ। ਪਰ ਮੈਂ ਇਸ ਦੇ ਬਾਰੇ ਇਕ ਅਹਿਮ ਸਵਾਲ ਕਰਨਾ ਚਾਹੁੰਦਾ ਹਾਂ। ਮੈਂ ਇਸ ਵਾਸਤੇ ਤਰਮੀਮ ਵੀ ਦਿੱਤੀ ਹੈ। ਇਸ ਬਾਰੇ ਮੈਂ ਤੁਹਾਨੂੰ ਦੱਸਦਾ ਹਾਂ ਕਿ ਕੇਰਲਾ ਦੇ ਵਿਚ ਸਰਕਾਰ ਦੇ ਇਕ ਆਰਡਰ ਦੇ ਖਿਲਾਫ਼ ਹਾਈ ਕੋਰਟ ਵਿਚ ਕੇਸ ਗਿਆ ਅਤੇ ਫਿਰ ਹਾਈ ਕੋਰਟ ਦੇ ਖਿਲਾਫ਼ ਸੁਪਰੀਮ ਕੋਰਟ ਦੇ ਵਿਚ ਕੇਸ ਗਿਆ ਅਤੇ ਸੁਪ੍ਰੀਮ ਕੋਰਟ ਨੇ ਇਸ ਤੇ ਇਕ ਬਹੁਤ ਹੀ ਅਹਿਮ ਫੈਸਲਾ ਦਿਤਾ। ਇਸ ਦਾ ਸਬੰਧ ਸੀ ਕਿ ਕੀ ਪਛੜੀ ਹੋਈ ਕਮਿਉਨਿਟੀ ਨੂੰ ਹੀ ਬੈਕਵਰਡ ਕਰਾਰ ਦਿੱਤਾ ਜਾਵੇ? ਇਸ ਗੱਲ ਨੂੰ ਸਾਹਮਣੇ ਰੱਖਦੇ ਹੋਏ ਅਤੇ ਜਿਹੜੀਆਂ ਰਿਵਾਇਤਾਂ ਸਨ ਉਨ੍ਹਾਂ ਨੂੰ ਸਾਹਮਣੇ ਰੱਖਦੇ ਹੋਏ ਇਹ ਮੰਨਿਆ ਗਿਆ ਕਿ ਜਿਹੜੀ ਕਮਿਉਨਿਟੀ ਇਕਨਾਮੀਕਲੀ ਜਾਂ ਹੋਰ ਕਿਸੇ ਤਰ੍ਹਾਂ ਨਾਲ ਪਛੜੀ ਹੋਈ ਹੈ ਪਰ ਉਸ ਦਾ ਬੈਕਵਰਡ ਕਲਾਸ ਨਾਲ ਕੋਈ ਸਬੰਧ ਨਹੀਂ ਤਾਂ ਉਸ ਨੂੰ ਸੁਪ੍ਰੀਮ ਕੋਰਟ ਵੀ ਕਹਿੰਦੀ ਹੈ ਕਿ ਉਹ ਬੈਕਵਰਡ ਨਹੀਂ ਹੈ। ਪਰ ਸੁਪਰੀਮ ਕੋਰਟ ਨੇ ਇਕ ਹੋਰ ਗੱਲ ਕਹੀ ਕਿ ਜਦੋਂ ਕਿਸੇ ਕਮਿਉਨਿਟੀ ਨੂੰ ਕਾਸਟ ਫੈਕਟਰ ਤੇ ਲਿਆ ਜਾਵੇ ਤਾਂ ਉਸ ਵੇਲੇ ਇਕਨਾਮੀਕਲੀ ਬੈਕਵਰਡ ਕਲਾਸ ਨੂੰ ਵੀ ਕੰਸਿਡਰ ਕੀਤਾ ਜਾਵੇਗਾ। ਇਸ ਲਈ ਇਹ ਦੋਵੇਂ ਫੈਕਟਰ ਸਾਹਮਣੇ ਰੱਖੇ ਜਾਣਗੇ

Original with;
Punjab Vidhan Sabha
Digitized by;
Panjab Digital Library

ਇਹ ਜਿਹੜਾ ਕੇਸ ਸੀ ਇਹ ਮੈਡੀਕਲ ਕਾਲਜ ਵਿਚ ਦਾਖਲੇ ਲਈ ਸੀ । ਕੇਰਲਾ ਸਰਕਾਰ ਨੇ ਇਹ ਆਰਡਰ ਕੀਤੇ ਸਨ ਕਿ ਕੋਈ ਕਮਿਊਨਿਟੀ ਚਾਹੇ ਉਹ ਬੈਕਵਰਡ ਕਰਾਰ ਦਿੱਤੀ ਗਈ ਹੈ ਪਰ ਜੇ ਉਸ ਦੀ ਆਮਦਨੀ 10 ਹਜ਼ਾਰ ਸਲਾਨਾ ਤੋਂ ਵਧ ਗਈ ਹੈ ਤਾਂ ਉਹ ਬੈਕਵਰਡ ਨਹੀਂ ਰਹਿ ਜਾਂਦਾ। ਹਾਈ ਕੋਰਟ ਨੇ ਵੀ ਇਸ ਆਰਡਰ ਨੂੰ ਬਰਕਰਾਰ ਰਖਿਆ ਅਤੇ ਸੁਪ੍ਰੀਮ ਕੋਰਟ ਨੇ ਵੀ ਇਸ ਆਰਡਰ ਨੂੰ ਬਰਕਰਾਰ ਰੱਖਿਆ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਸੁਪਰੀਮ ਕੋਰਟ ਦਾ ਫੈਸਲਾ ਇਕ ਐਕਟ ਹੁੰਦਾ ਹੈ, ਇਸ ਲਈ ਇਹ ਸਿਰਫ ਇਕ ਦਾਖਲੇ ਦੇ ਕੇਸ ਤੇ ਹੀ ਨਹੀਂ ਲਾਗੂ ਹੁੰਦਾ ਬਲਕਿ ਹੋਰ ਪਾਸੇ ਵੀ ਲਾਗੂ ਹੋ ਸਕਦਾ ਹੈ। ਇਸੇ ਤਰ੍ਹਾਂ ਮਿਊਨਸੀਪਲ ਕਮੇਟੀ ਨੂੰ ਜਿਹੜਾ ਇਹ ਹੋਰ ਅਧਿਕਾਰ ਦਿੱਤਾ ਜਾ ਰਿਹਾ ਹੈ ਕਿ ਇਕਨਾਮੀਕਲੀ ਬੈਕਵਰਡ ਆਦਮੀ ਨੂੰ ਵੀ ਕੋਆਪਟ ਕੀਤਾ ਜਾ ਸਕਦਾ ਹੈ ਉਸ ਦੇ ਲਈ ਇਸ ਫੈਕਟਰ ਨੂੰ ਵੀ ਗਿਣਿਆ ਜਾਣਾ ਚਾਹੀਦਾ ਹੈ ਕਿ ਇਹ ਕੋਆਪਸ਼ਨ ਮੈਰਿਟ ਤੇ ਹੀ ਕੀਤੀ ਜਾਵੇ । ਇਹ ਆੜ ਨਾ ਲਈ ਜਾਵੇ ਕਿ ਸ਼ਡਿਊਲਡ ਕਾਸਟ ਨੂੰ ਬੈਕਵਰਡ ਕਰਾਰ ਦਿੱਤਾ ਗਿਆ ਹੈ ਚਾਹੇ ਉਸ ਸ਼ਡਿਊਲਡ ਕਾਸਟ ਨੂੰ ਬੈਕਵਰਡ ਗਿਣਿਆ ਗਿਆ ਹੈ ਚਾਹੇ ਉਸ ਸ਼ੈਡਿਊਲਡ ਕਾਸਟ ਦੀ ਹਾਲਤ ਕਾਫੀ ਚੰਗੀ ਹੋ ਗਈ ਹੈ । ਮੈਂ ਕਹਿੰਦਾ ਹਾਂ ਕਿ ਇਹੋ ਜਿਹੇ ਜਿਹੜੇ ਆਦਮੀ ਹਨ ਉਹ ਬੈਕਵਰਡ ਨਹੀਂ ਰਹਿ ਜਾਂਦੇ ਅਤੇ ਉਨ੍ਹਾਂ ਨੂੰ ਇਸ ਵਿਚ ਨਹੀਂ ਗਿਣਿਆ ਜਾਣਾ ਚਾਹੀਦਾ । ਡਿਪਟੀ ਸਪੀਕਰ ਸਾਹਿਬ, ਅਗਰ ਇਕ ਆਈ. ਏ. ਐਸ. ਅਫ਼ਸਰ ਹੈ ਅਤੇ ਉਸ ਨੂੰ ਪੂਰੀ ਤਨਖਾਹ ਮਿਲਦੀ ਹੈ ਹੋਰਨਾਂ ਦੇ ਬਰਬਾਰ ਤਾਂ ਉਸ ਦੇ ਲੜਕੇ ਨੂੰ ਇਸ ਲਿਹਾਜ਼ ਤੇ ਕਿ ਉਹ ਬੈਕਵਰਡ ਹੈ ਉਹ ਸਹੂਲਤਾਂ ਨਹੀਂ ਮਿਲਣੀਆਂ ਚਾਹੀਦੀਆਂ, ਚਾਹੇ ਉਹ ਸਕੂਲ, ਕਾਲਜ ਵਿਚ ਦਾਖਲੇ ਬਾਰੇ ਹੋਵੇ ਜਾਂ ਹੋਰ ਕੋਈ ਰਿਆਇਤ ਲਈ ਹੋਵੇ। ਇਸ ਕਰਕੇ ਇਸ ਵਿਚ ਇਹ ਤਰਮੀਮ ਹੋਣੀ ਚਾਹੀਦੀ ਹੈ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਕੋਆਪਸ਼ਨ ਦੇ ਸਿਲਸਿਲੇ ਵਿਚ ਬੈਕਵਰਡ ਕਲਾਸਿਜ਼ ਨੂੰ ਕੋਆਪਟ ਕਰਨ ਲਈ ਇਹ ਜ਼ਰੂਰ ਵੇਖਣਾ ਚਾਹੀਦਾ ਹੈ ਕਿ ਅਗਰ ਕਿਸੇ ਬਕਵਰਡ ਕਲਾਸ ਦੇ ਆਦਮੀ ਦੀ ਆਮਦਨੀ ਸਲਾਨਾ 10 ਅਜ਼ਾਰ ਤੋਂ ਉਪਰ ਹੈ ਤਾਂ ਉਸ ਨੂੰ ਇਹ ਰਿਆਇਤ ਨਹੀਂ ਮਿਲਣੀ ਚਾਹੀਦੀ ।

ਡਿਪਟੀ ਸਪੀਕਰ ਸਾਹਿਬ, ਇਥੇ ਮੈਂ ਇਕ ਗੱਲ ਹੋਰ ਵੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਸਰਕਾਰ ਨੇ ਫੈਸਲਾ ਕਰਕੇ ਕਮੇਟੀ ਦੀਆਂ 4,5 ਪੋਸਟਾਂ ਐਗਜ਼ੈਕਟਿਵ ਅਫ਼ਸਰ, ਸੁਪਰਡੰਟ ਆਦਿ ਦੀਆਂ ਪਰਵਿੰਸ਼ੇਲਾਈਜ਼ ਕੀਤੀਆਂ ਹਨ ਅਤੇ ਇਸ ਬਾਰੇ ਸਰਕਾਰ ਨੇ ਇਕ ਨਵੀਂ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤੀ ਹੈ। ਇਕ ਹੋਰ ਨੋਟੀਫਿਕੇਸ਼ਨ ਜਿਹੜੀ ਕੀਤੀ ਹੈ ਜਿਸ ਰਾਹੀਂ ਕਲਰਕਾਂ ਅਤੇ ਕਲਾਸ ਫੋਰ ਦੇ ਕਰਮਚਾਰੀਆਂ ਨੂੰ ਵੀ ਪਰੋ— ਵਿੰਸ਼ੇਏਲਾਈਜ਼ ਕੀਤਾ ਜਾਵੇਗਾ। ਉਸ ਲਈ ਇਹ ਕੀਤਾ ਹੈ ਕਿ ਉਹ ਕਰਮਚਾਰੀ ਆਪਣੀ ਆਪਸ਼ਨ ਦੇਣਗੇ ਜਿਹੜੇ ਕਿ ਪਰੋਵਿੰਸ਼ੇਲਾਈਜ਼ ਹੋਣਾ ਚਾਹੁੰਦੇ ਹਨ ਅਤੇ ਸਰਕਾਰ ਉਸ ਦੀ ਸਕਰੂਟਿਨੀ ਕਰੇਗੀ । ਅਤੇ ਜੇ ਕਿਸੇ ਮੁਲਾਜ਼ਮ ਦੀ ਸਰਵਿਸ 20 ਸਾਲ ਵੀ ਹੋ ਗਈ ਹੈ ਅਗਰ ਉਸ ਨੂੰ ਲੋਕਲ ਗੌਰਮਿੰਟ ਦਾ ਮਹਿਕਮਾ ਅਨਫਿਟ ਕਰਾਰ ਦੇ ਦਿੰਦਾ ਹੈ ਤਾਂ ਉਹ ਪੋਸਟ ਜਿਹੜੀ ਹੈ ਉਹ ਅਬਾਲਿਸ਼ ਕਰ ਦਿੱਤੀ ਜਾਵੇਗੀ । ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਇਤਰਾਜ਼ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਨਾਲ ਕਈ ਆਦਮੀਆਂ ਨੂੰ ਪਾਰਟੀ ਬਾਜ਼ੀ ਦੇ ਲਿਹਾਜ਼ ਨੂੰ ਨਜ਼ਰ ਅੰਦਾਜ਼ ਰਖਕੇ ਵੀ ਕਢਿਆ ਜਾ ਸਕਦਾ ਹੈ ਅਤੇ ਇਸ ਨੂੰ ਹਾਈਕੋਰਟ ਵਿਚ ਵੀ ਚੈਲੇਂਜ ਕੀਤਾ ਜਾ ਸਕਦਾ ਹੈ। ਇਸ ਲਈ ਮੈਂ ਇਹ ਬੇਨਤੀ ਕਰਾਂਗ ਕਿ ਇਸ ਵਿਚ ਕੋਈ ਬੈਲੇਂਸ ਆਫ਼ ਕਨਵੀਨੀਐਂਸ ਰਖਿਆ ਜਾਣਾ ਚਾਹੀਦਾ ਹੈ ਜਿਸ ਤਰ੍ਹਾਂ ਕਿ ਗੌਰਮਿੰ ਨੇ ਇਸ ਐਮਰਜੈਂਸੀ ਦੇ ਦੌਰਾਨ ਇਹ ਕੀਤਾ ਹੈ ਕਿ ਕੋਈ ਵੀ ਕਰਮਚਾਰੀ ਜਿਸ ਦੀ ਉਮਰ 5 ਤੋਂ ਉਪਰ ਹੋਵੇ, ਜੇ ਉਸ ਦਾ ਕੰਮ ਠੀਕ ਨਹੀਂ ਤਾਂ ਉਸਨੂੰ ਕੋਈ ਨੋਟਿਸ ਦੇ ਕੇ ਕੰਪਲਸਰੀ ਰਿਟਾਇਰ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਇਸ ਦੇ ਵਿਚ ਕੋਈ ਅਜਿਹੀ ਪਰੋਵੀਜ਼ਨ ਹੋਣੀ ਚਾਹੀਦੀ ਹੈ ਜਿਸ ਨਾਲ ਕਿ ਇਹ ਜ਼ਬਰਦਸਤੀ ਨਾ ਕੀਤੀ ਜਾ ਸਕੇ ।

ਮੈਂ, ਡਿਪਟੀ ਸਪੀਕਰ ਸਾਹਿਬ, ਪ੍ਰੋਵਿਨਸ਼ੇਲਾਇਜ਼ੇਸ਼ਨ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਪਜ ਚਾਰ ਪੋਸਟਾਂ ਤਾਂ ਲੰਬੀ ਚੌੜੀ ਡਿਬੇਟ ਤੋਂ ਬਾਅਦ ਪ੍ਰੋਵਿਸ਼ੇਲਾਈਜ਼ ਹੋ ਗਈਆਂ । ਜਿਹੜੀਆਂ ਹੋ ਗਈਆਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਉਨ੍ਹਾਂ ਨੂੰ ਵਾਰਨਿੰਗ ਦੇਣ ਬਾਰੇ ਇਖਤਿਆਰ ਕਮੇਟੀ ਨੂੰ ਨਹੀਂ, ਛੁੱਟੀ ਸੈਂਕਸ਼ਨ ਕਰਨ ਦਾ ਕਮੇਟੀ ਨੂੰ ਇਖਤਿਆਰ ਨਹੀਂ ਹੈ। ਜੋ ਕੁਝ ਕੀਤਾ ਹੈ ਇਸ ਦੇ ਚੰਗੇ ਸਿੱਟੇ ਨਿਕਲਣਗੇ ਇਹ ਗੱਲ ਤਜ਼ਰਬਾ ਦੱਸੇਗਾ। ਇਹ ਗੱਲ ਤਜ਼ਰਬਾ ਦੱਸੇਗਾ ਕਿ ਆਇਆ ਇਸ ਵਿਚ ਤਬਦੀਲੀ ਦੀ ਲੋੜ ਹੈ ਜਾਂ ਨਹੀਂ। ਇਸ ਲਈ ਕੁਝ ਸਮਾਂ ਦੇ ਕੇ ਮੌਜੂਦਾ ਸਟੈਪ ਚੁਕਣਾ ਚਾਹੀਦਾ ਹੈ। ਕਮੇਟੀਆਂ ਚੁਣੇ ਹੋਏ ਨੁਮਾਇੰਦਿਆਂ ਦੀਆਂ ਹਨ। ਉਨ੍ਹਾਂ ਨੂੰ ਵੀ ਕਨਸਲਟ ਕਰੋ, ਉਨ੍ਹਾਂ ਨਾਲ ਸਲਾਹ ਕਰੋ ਕਿ ਹੋਰ ਪੋਸਟਾਂ ਪ੍ਰੋਵਿੰਸ਼ੇਲਾਇਜ਼ ਕਰਨੀਆਂ ਚਾਹੀਦੀਆਂ ਹਨ ਜਾਂ ਨਹੀਂ। ਹੁਣ, ਡਿਪਟੀ ਸਪੀਕਰ ਸਾਹਿਬ, ਨਵੀਂ ਨੋਟੀਫੀਕੇਸ਼ਨ ਆ ਗਈ ਹੈ। ਜਿਸ ਤਰ੍ਹਾਂ ਮੈਂ ਅਰਜ਼ ਕੀਤੀ ਹੈ ਕਿ ਸਿਵਾਏ ਕਲਰਕਾਂ ਦੇ ਬਾਕੀ ਸਾਰੇ ਪ੍ਰੋਵਿੰਸ਼ੇਲਾਈਜ਼ ਹੋ ਜਾਣਗੇ ਔਰ ਉਨ੍ਹਾਂ ਦੀਆਂ ਛੁੱਟੀਆਂ ਬਦਲੀਆਂ, ਉਨ੍ਹਾਂ ਨੂੰ ਵਾਰਨਿੰਗ, ਉਹ ਕੰਮ ਠੀਕ ਕਰਦੇ ਹਨ ਜਾਂ ਨਹੀਂ, ਇਹ ਗਲ ਵੇਖਣ ਲਈ ਕਿਸੇ ਕਮੇਟੀ ਨੂੰ ਅਧਿਕਾਰ ਨਹੀਂ ਹੋਵੇਗਾ। ਇਹ ਗਲ ਕਮੇਟੀ ਨੂੰ ਠੀਕ ਢੰਗ ਨਾਲ ਚਲਣ ਵਾਸਤੇ ਮੱਦਦਗਾਰ ਹੋਵੇਗੀ ਜਾਂ ਨਹੀਂ ਹੋਵੇਗੀ, ਇਸ ਬਾਰੇ ਮੁਤੱਅਲਕਾ ਵਜ਼ੀਰ ਸਾਹਿਬ ਔਰ ਅਫਸਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਚਾਰ ਪੰਜ ਪੋਸਟਾਂ ਪ੍ਰੋਵਿੰਸ਼ੇਲਾਈਜ਼ ਕਰ ਦਿੱਤੀਆਂ ਹਨ। ਸਾਲ ਦੋ ਸਾਲ ਬਾਅਦ ਤਜ਼ਰਬਾ ਹੋ ਜਾਵੇਗਾ। ਉਸ ਵੇਲੇ ਇਹ ਗੱਲ ਸੋਚਣੀ ਚਾਹੀਦੀ ਹੈ ਕਿ ਹੋਰ ਪੋਸਟਾਂ ਪ੍ਰੋਵਿੰਨਸ਼ੇਲਾਈਜ਼ ਕਰਨੀਆਂ ਚਾਹੀਦੀਆਂ ਹਨ ਜਾਂ ਨਹੀਂ। ਜਿਹੜੀਆਂ ਪੋਸਟਾਂ ਪ੍ਰੋਵਿੰਨਸ਼ੇਲਾਈਜ਼ ਹੋ ਗਈਆਂ, ਉਨ੍ਹਾਂ ਬਾਰੇ ਐਡਮਨਿਸਟਰੇਟਰ ਸਾਹਿਬ ਪਾਸ ਇਖਤਿਆਰ ਨਹੀਂ ਹੈ ਕਿ ਉਹ ਟਰਾਂਸਫਰਜ਼ ਕਰ ਸਕਣ। ਇਕ ਇਕ ਕਮੇਟੀ ਵਿਚੋਂ ਤਿੰਨ ਤਿੰਨ ਚਾਰ ਚਾਰ ਅਫਸਰ ਬਦਲ ਕੇ ਨਵੇਂ ਅਫਸਰ ਲਗਾ ਦਿੱਤੇ ਜਾਣ ਇਨ੍ਹਾਂ ਨੂੰ ਕੰਮ ਦੀ ਵਾਕਫੀਅਤ ਨਹੀਂ ਔਰ ਇਹ ਕੰਮ ਉਸ ਵੇਲੇ ਕੀਤਾ ਜਾਵੇ ਜਦੋਂ ਕਿ ਐਮਰਜੈਂਸੀ ਲਗੀ ਹੈ ਕਮੇਟੀਆਂ ਉਤੇ, ਇਹ ਗੱਲ ਠੀਕ ਨਹੀਂ ਹੈ। ਗਲੀਆਂ ਟੁੱਟੀਆਂ ਹੋਈਆਂ ਹਨ, ਪਾਣੀ ਚੜ੍ਹ ਆਇਆ ਹੈ, ਔਰ ਜਿਹੜੀ ਕਮੇਟੀ ਕੋਈ ਸੇਵਾ ਕਰਨੀ ਚਾਹੁੰਦੀ ਹੈ ਉਹ ਸੇਵਾ ਨਹੀਂ ਕਰ ਸਕਦੀ ਕਿਉਂਕਿ ਜਿਹੜੇ ਅਫਸਰ ਜਾਣਕਾਰ ਸਨ, ਜਿਨ੍ਹਾਂ ਨੂੰ ਤਜ਼ਰਬਾ ਸੀ ਉਨ੍ਹਾਂ ਦੀ ਟਰਾਂਸਫਰ ਕਰ ਦਿੱਤੀ ਹੈ। ਮੈਨੂੰ ਟਰਾਂਸਫਰ ਬਾਰੇ ਇਤਰਾਜ਼ ਨਹੀਂ ਹੈ, ਜਿਨ੍ਹਾਂ ਦੀਆਂ ਟਰਾਂਸਫਰਜ਼ ਹੋਈਆਂ ਹਨ, ਉਨ੍ਹਾਂ ਨੂੰ ਤਾਂ ਹੋ ਸਕਦਾ ਹੈ, ਪਰ ਮੈਨੂੰ ਇਸ ਗੱਲ ਦਾ ਇਤਰਾਜ਼ ਹੈ ਕਿ ਜਿਹੜੇ ਨਵੇਂ ਬੰਦੇ ਲਗਾਏ ਹਨ, ਜਿਨ੍ਹਾਂ ਨੂੰ ਸ਼ਹਿਰ ਦੀ ਵਾਕਫੀਅਤ ਹੀ ਨਹੀਂ ਹੈ, ਉਨ੍ਹਾਂ ਨਾਲ ਕਮੇਟੀ ਲੋਕਾਂ ਦੀ ਠੀਕ ਤਰ੍ਹਾਂ ਨਾਲ ਇਸ ਐਮਰਜੈਂਸੀ ਦੇ ਵੇਲੇ ਸੇਵਾ ਨਹੀਂ ਕਰ ਸਕੇਗੀ। ਮੇਰਾ ਮਤਲਬ ਹੈ ਕਿ ਕੀ ਪੋਸਟਾਂ ਜਿਹੜੀਆਂ ਹਨ ਉਨ੍ਹਾਂ ਉਤੇ ਨਵੇਂ ਬੰਦੇ ਚਲੇ ਗਏ ਹਨ ਜਾਂ ਚਲੇ ਜਾਣਗੇ ਤਾਂ ਕਮੇਟੀ ਜਿਹੜੀ ਸਹੂਲਤ ਲੋਕਾਂ ਨੂੰ ਸਰਇੰਜਾਮ ਦੇਣਾ ਚਾਹੁੰਦੀ ਹੈ, ਉਹ ਨਹੀਂ ਦੇ ਸਕੇਗੀ, ਉਸ ਨੂੰ ਉਸ ਵਿਚ ਮੁਸ਼ਕਲ ਪੇਸ਼ ਆਵੇਗੀ। ਮੈਂ ਇਹ ਗੱਲ ਇਸ ਕਰਕੇ ਕਹਿ ਰਿਹਾ ਹਾਂ ਕਿ ਇਹ ਇਲੈਕਟਿਡ ਰਿਪ੍ਰੈਜ਼ੈਂਟੇਟਿਵਜ਼ ਹਨ ਇਸ ਲਈ ਇਨ੍ਹਾਂ ਦੀ ਕਨਸਲਟੇਸ਼ਨ ਜ਼ਰੂਰ ਹੋਣੀ ਚਾਹੀਦੀ ਹੈ।

ਅਗਲੀ ਗੱਲ ਹੈ ਕਿ ਜਿਹੜੀਆਂ, ਡਿਪਟੀ ਸਪੀਕਰ ਸਾਹਿਬ, ਤਰਮੀਮਾਂ ਕੀਤੀਆਂ ਹਨ ਜਿਹੜੀ ਚੁੰਗੀ ਬਾਰੇ ਚੋਰੀ ਹੁੰਦੀ ਹੈ, ਉਸ ਨੂੰ ਰੋਕਣ ਬਾਰੇ ਦਸ ਗੁਣਾਂ ਪਨੈਲਿਟੀ ਪਹਿਲਾਂ ਪਾ ਸਕਦੇ ਸੀ, ਹੁਣ ਤਰਮੀਮ ਹੈ ਕਿ 20 ਗੁਣਾ ਪਨੈਲਿਟੀ ਪਾਈ ਜਾ ਸਕਦੀ ਹੈ। ਇਹ ਠੀਕ ਹੈ ਕਿ ਜਿਹੜਾ ਕੋਈ ਜਾਣ ਬੁਝਕੇ ਚੁੰਗੀ ਮਸੂਲ ਦੀ ਚੋਰੀ ਕਰਦਾ ਹੈ ਉਸ ਨਾਲ ਸਖਤੀ ਹੋਣੀ ਚਾਹੀਦੀ ਹੈ। ਇਕ ਹੋਰ ਤਰਮੀਮ ਕਰ ਦਿੱਤੀ ਹੈ ਕਿ ਜਿਹੜਾ ਮਾਲ ਫੜ ਕੇ ਪੰਜ ਦਿਨਾਂ ਦੇ ਅੰਦਰ ਅੰਦਰ ਜਿਤਨੀਂ ਚੁੰਗੀ ਵਸੂਲ ਹੋ ਸਕੇਗੀ ਕਰ ਲਿਤੀ ਜਾਵੇ। ਮੈਂ ਬੇਨਤੀ ਕਰਾਂਗਾ ਕਿ ਇਸ ਨਾਲ ਪੈਨੇਲਿਟੀ ਪਾਉਣ ਦਾ ਪਰਪਜ਼ ਡੀਫੀਟ ਹੋ ਜਾਂਦਾ ਹੈ। ਆਇਆ ਜਦੋਂ ਨਿਲਾਮੀ ਕਰੋਗੇ ਤਾਂ ਪੂਰੀ ਚੂੰਗੀ ਵਸੂਲ ਹੋ ਸਕੇਗੀ ਜਾਂ ਨਹੀਂ, ਔਰ ਜੇਕਰ ਘੱਟ ਹੋ ਗਈ ਤਾਂ ਉਸ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ ਵਿਚ ਇਹ ਨੁਕਸ ਹੈ, ਇਸ ਨੂੰ ਦੂਰ ਕਰਨਾ ਚਾਹੀਦਾ ਹੈ ਨਹੀਂ ਤਾਂ ਜਿਹੜੀ ਅਮੈਂਡਮੈਂਟ ਦੀ ਇੰਟੈਂਸ਼ਨ ਹੈ, ਉਹ ਖਤਮ ਹੋ ਜਾਵੇਗੀ।

Original with;
Punjab Vidhan Sabha
Digitized by;
Panjab Digital Library

ਕਈ ਵਾਰੀ ਮਾਲਿਕ ਚਾਹੁਣਗੇ ਕਿ ਮਾਲ ਨਿਲਾਮ ਹੋ ਜਾਵੇ । ਇਸ ਤਰ੍ਹਾਂ ਇਨ੍ਹਾਂ ਕੇਸਾਂ ਵਿਚ 20 ਗੁਣਾਂ ਪਨੈਲਿਟੀ ਨਹੀਂ ਪਾ ਸਕੋਗੇ । (ਘੰਟੀ) ਔਰ ਹੁਣ, ਡਿਪਟੀ ਸਪੀਕਰ ਸਾਹਿਬ ਮੈਂ ਆਖਰੀ ਗਲ ਕਰਨਾ ਚਾਹੁੰਦਾ ਹਾਂ ਕਿ ਇਸ ਬਿੱਲ ਦੇ ਹੇਠਾਂ ਲਿਖਿਆ ਹੋਇਆ ਹੈ :—

* The above Bill was published in the Punjab Government Gazette (Extraordinary), dated the 2nd September, 1976, under the proviso to rule 121 of the Rules of Procedure and Conduct of Business in the Punjab Vidhan Sabha (Punjab Legislative Assembly).

ਡਿਪਟੀ ਸਪੀਕਰ ਸਾਹਿਬ, ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਆਇਆ ਕਿਸੇ ਆਨਰੇਬਲ ਮੈਂਬਰ ਨੂੰ ਅੱਜ ਤਕ ਇਹ ਦੋ ਸਤੰਬਰ ਦਾ ਗਜ਼ਟ ਵੀ ਕਿਤੋਂ ਮਿਲਿਆ ਹੈ? ਕੀ ਕਿਸੇ ਮੈਂਬਰ ਨੂੰ ਅਜ ਸਾਢੇ ਛੇ ਸੱਤ ਵਜੇ ਤੋਂ ਪਹਿਲਾਂ ਇਸ ਗੱਜ਼ਟ ਨੂੰ ਪੜ੍ਹਨ ਦਾ ਮੌਕਾ ਮਿਲਿਆ ਹੈ? ਮੈਂ, ਡਿਪਟੀ ਸਪੀਕਰ ਸਾਹਿਬ, ਇਹ ਵੀ ਜਾਣਨਾ ਚਾਹੁੰਦਾ ਹਾਂ ਕਿ ਸਾਡੇ ਹਾਊਸ ਦੇ ਬਹੁਤ ਸਾਰੇ ਮੈਂਬਰਾਂ ਨੂੰ ਅੰਗਰੇਜ਼ੀ ਨਹੀਂ ਆਉਂਦੀ ਇਸ ਲਈ ਮੈਨਡੇਟਰੀ ਹੈ ਰੂਲਜ਼ ਦੇ ਵਿਚ ਕਿ ਉਨ੍ਹਾਂ ਮੈਂਬਰਾਂ ਨੂੰ ਇਸ ਦਾ ਪੰਜਾਬੀ ਅਨੁਵਾਦ ਮਿਲਣਾ ਚਾਹੀਦਾ ਹੈ । ਮੈਨੂੰ ਇਨਫਰਮੇਸ਼ਨ ਹੈ ਕਿ ਉਨ੍ਹਾਂ ਆਨਰੇਬਲ ਮੈਂਬਰਜ਼ ਨੂੰ ਇਹ ਵੀ ਨਹੀਂ ਮਿਲਿਆ । ਇਨ੍ਹਾਂ ਬਿੱਲਾਂ ਵਿਚ ਅਹਿਮ ਮਾਮਲੇ ਹੁੰਦੇ ਹਨ । ਪਹਿਲੇ ਦਿਨ ਲੈਜਿਸਲੇਸ਼ਨ ਆਵੇ, ਕੋਈ ਇਤਰਾਜ਼ ਨਹੀਂ ਹੈ ਪਰ ਇਸ ਗਲ ਦੀ ਗਰੰਟੀ ਹੋਣੀ ਚਾਹੀਦੀ ਹੈ ਕਿ ਰੂਲਜ਼ ਨੂੰ, ਫਾਰਮੈਲਿਟੀ ਨੂੰ ਕਾਗਜ਼ਾਂ ਵਿਚ ਹੀ ਪੂਰਾ ਨਾ ਕਰ ਦਿੱਤਾ ਜਾਵੇ ਬਲਕਿ ਇਨਪ੍ਰੈਕਟਿਸ ਹੋਣਾ ਚਾਹੀਦਾ ਹੈ । ਦੋ ਸਤੰਬਰ ਦਾ ਗਜ਼ਟ ਛਪ ਗਿਆ ਹੈ ਔਰ ਇਹ ਕਹਿ ਦਿੱਤਾ ਜਾਵੇ ਕਿ ਦੋ ਤਰੀਕ ਦੇ ਗਜ਼ਟ ਵਿਚ ਬਿੱਲ ਛਾਪ ਦਿੱਤਾ ਗਿਆ ਹੈ, ਗੱਲ ਮੁਕਦੀ ਨਹੀਂ । ਗਜ਼ਟ ਅਜੇ ਵੀ ਨਾ ਮਿਲਿਆ ਹੋਵੇ । ਪ੍ਰੈਸ ਵਿਚ ਹੀ ਹੋਵੇ, ਮੈਂ ਕਹਾਂਗਾ ਕਿ ਇਹ ਪਾਰਲੀਮੈਂਟਰੀ ਡੈਮੋਕ੍ਰੇਸ ਨਾਲ ਜ਼ਿਆਦਤੀ ਹੈ, ਇਸ ਨੂੰ ਕਮਜ਼ੋਰ ਕਰਦੀ ਹੈ । ਇਹ ਗੱਲ ਸਿਰਫ ਇਸ ਬਿੱਲ ਨਾਲ ਹੀ ਠੀਕ ਨਹੀਂ ਹੈ ਬਲਕਿ ਜਿਤਨੇ ਬਿੱਲ ਪਾਸ ਹੋ ਰਹੇ ਹਨ ਉਨ੍ਹਾਂ ਬਾਰੇ ਵੀ ਇਹ ਗੱਲ ਠੀਕ ਹੈ । ਮੈਨੂੰ ਮੌਕਾ ਨਹੀਂ ਮਿਲਿਆ ਕਿ ਪ੍ਰਿੰਸੀਪਲ ਐਕਟ ਨੂੰ ਸਾਹਮਣੇ ਰੱਖ ਕੇ ਅਮੈਂਡਿੰਗ ਕਲਾਜ਼ ਜਿਹੜੀ ਹੈ ਉਸ ਦਾ ਮੁਤਾਲਿਆ ਕਰ ਸਕਾਂ । ਡਿਪਟੀ ਸਪੀਕਰ ਸਾਹਿਬ (ਘੰਟੀ) ਇਸ ਕਰਕੇ ਬੇਨਤੀ ਹੈ ਕਿ ਇਸ ਤਰ੍ਹਾਂ ਇਹ ਪਾਸ ਨਹੀਂ ਹੋਣਾ ਚਾਹੀਦਾ ।

**ਕੈਪਟਨ ਰਤਨ ਸਿੰਘ** (ਕੁੰਮ ਕਲਾਂ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿੱਲ ਹੈ, ਜਿਸ ਤਰ੍ਹਾਂ ਡਾਂਗ ਸਾਹਿਬ ਨੇ ਕਿਹਾ ਹੈ ਕਾਫੀ ਲੰਬਾ ਚੌੜਾ ਹੈ ਔਰ ਸਮਾਂ ਥੋੜ੍ਹਾ ਮਿਲਿਆ ਹੈ । ਮੈਨੂੰ ਇਸ ਗੱਲ ਦੀ ਸਮਝ ਨਹੀਂ ਆ ਸਕੀ ਜਿਸ ਤਰ੍ਹਾਂ ਸੈਕਸ਼ਨ 1 ਔਰ 2 ਵਿਚ ਲਿਖਿਆ ਹੈ :—

Sub-section (2) of Section 1 reads as under:—

The provisions of sections 2, 9 and 10 shall be deemed to have come into force on the 3rd day of April, 1976, and the remaining provisions of this Act shall come into force at once.

ਯਾਨੀ ਇੱਕੋ ਹੀ ਤਰਮੀਮੀ ਬਿੱਲ ਦੇ ਵਿਚ ਦੋ ਸੈਕਸ਼ਨ ਤਿੰਨ ਅਪ੍ਰੈਲ 1976 ਤੋਂ ਲਾਗੂ ਕਰ ਦਿੱਤੇ ਹਨ ਔਰ ਬਾਕੀ ਅੱਜ ਤੋਂ ਕਰਦੇ ਹਨ । ਮੈਂ ਸੋਚਦਾ ਹਾਂ ਕਿ ਇਹ ਕਿਸ ਤਰ੍ਹਾਂ ਚੁਣੇ ਗਏ ਹਨ । ਸ਼ਾਇਦ ਇਹ ਕਿਸੇ ਨੂੰ ਕਵਰ—ਅੱਪ ਕਰਨ ਲਈ ਹੀ ਕੀਤਾ ਗਿਆ ਹੈ । ਕਾਨੂੰਨ ਕਿਸੇ ਇਕ ਬੰਦੇ ਨੂੰ ਜਾਂ ਸੈਕਸ਼ਨ ਨੂੰ ਮੱਦੇਨਜ਼ਰ ਰੱਖ ਕੇ ਨਹੀਂ ਬਣਾਇਆ ਜਾਂਦਾ ਉਹ ਤਾਂ ਜਨਰਲ ਗੁੱਡ ਵਾਸਤੇ ਹੁੰਦਾ ਹੈ । ਸੈਕਸ਼ਨ 9 ਦੇ ਤਹਿਤ ਇਸ ਵਿਚ ਇਹ ਕਮਿਊਨਿਟੀਜ਼ ਐਡ ਕੀਤੀਆਂ ਗਈਆਂ ਹਨ:—

ਕਰਿਸਚਨ ....16 ਅਗਸਤ, 1972 ਤੋਂ

ਧੌਲਾ ਜਾਂ ਸੋਨੀ ......31 ਜਨਵਰੀ, 1974 ਤੋਂ

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਸਵਰਨਕਾਰ ......22 ਮਾਰਚ, 1974 ਤੋਂ

ਅਰਾਈਂ ......22 ਮਈ, 1974 ਤੋਂ

ਗੁੱਜਰ ......12 ਜੁਲਾਈ, 1974 ਤੋਂ

ਮੇਰੀ ਇਸ ਬਾਰੇ ਸਬਮਿਸ਼ਨ ਹੈ ਕਿ ਸੋਨੀ ਜਿਹੜੇ ਹਨ ਇਨ੍ਹਾਂ ਬਾਰੇ ਇਹ ਸ਼ੱਕ ਪੈ ਸਕਦਾ ਹੈ ਕਿ ਇਹ ਕਿਹੜੇ ਹਨ ਕਿਉਂਕਿ ਸੋਨੀ ਕਾਸਟ ਤਾਂ ਬਹੁਤ ਸਾਰੇ ਖੱਤਰੀ ਲੋਕਾਂ ਦੀ ਸਬ—ਕਾਸਟ ਹੈ। ਜੇਕਰ ਉਹ ਲੋਕ ਵੀ ਬੈਕਵਰਡ ਹਨ ਤਾਂ ਮੇਰੀ ਸਮਝ ਤੋਂ ਇਹ ਗੱਲ ਬਾਹਰ ਹੈ ਉਹ ਲੋਕ ਬੈਕਵਰਡ ਨਹੀਂ ਹੋ ਸਕਦੇ। ਯਾਨੀਂ ਧੌਲੇ ਔਰ ਸੋਨੀ ਜਿਹੜੇ ਹਨ ਉਨ੍ਹਾਂ ਬਾਰੇ ਮੈਂ ਦੱਸਦਾ ਹਾਂ। ਜਿਤਨੇ ਸੋਨੀ ਮੈਂ ਵੇਖੇ ਹਨ, ਹਾਈਲੀ ਐਜੂਕੇਟਿਡ ਹਨ ਔਰ ਚੰਗੀਆਂ ਚੰਗੀਆਂ ਨੌਕਰੀਆਂ ਤੇ ਵੀ ਹਨ। ਸਾਡੇ ਲੁਧਿਆਣੇ ਵਿਚ ਸੋਨੀ ਹੀ ਸੱਭ ਤੋਂ ਜ਼ਿਆਦਾ ਅਮੀਰ ਹਨ। ਅਗਰ ਉਹ ਲੋਕ ਵੀ ਬੈਕਵਰਡ ਕਲਾਸਿਜ਼ ਦੇ ਵਿਚ ਹਨ ਜੋ ਕਿ ਖੱਤਰੀ ਹਨ ਤਾਂ ਮੈਂ ਨਹੀਂ ਸਮਝਦਾ ਕਿ ਬਾਕੀ ਕੋਈ ਹੋਰ ਕਲਾਸ ਰਹਿ ਜਾਵੇਗੀ ਜਿਹੜੀ ਕਿ ਬੈਕਵਰਡ ਨਹੀਂ ਹੋਵੇਗੀ। ਮੇਰਾ ਇਸ ਲਈ ਖਿਆਲ ਹੈ ਕਿ ਸਰਕਾਰ ਨੂੰ ਇਸ ਪਾਸੇ ਗੌਰ ਕਰਨਾ ਚਾਹੀਦਾ ਹੈ। ਮੇਰਾ ਖਿਆਲ ਹੈ ਜਿਸ ਤਰ੍ਹਾਂ ਡਾਂਗ ਸਾਹਿਬ ਨੇ ਕਿਹਾ ਕਿ ਬੈਕਵਰਡ ਕਲਾਸਿਜ਼ ਬਾਰੇ ਤਾਂ ਹੁਣ ਇਕ ਹੀ ਚੀਜ਼ ਰਹਿ ਗਈ ਹੈ ਕਿ ਜਿਸ ਕਿਸੇ ਦੀ ਵੀ ਆਮਦਨ ਪੰਜ ਹਜ਼ਾਰ ਰੁਪਏ ਤੋਂ ਘੱਟ ਸਾਲਾਨਾ ਹੋਵੇ ਉਹ ਹੀ ਬੈਕਵਰਡ ਹੋਵੇ ਔਰ ਜਿਨ੍ਹਾਂ ਦੀ ਜ਼ਿਆਦਾ ਹੈ ਉਨ੍ਹਾਂ ਨੂੰ ਦੂਸਰਿਆਂ ਵਿਚ ਗਿਣਿਆ ਜਾਵੇ। (ਘੰਟੀ) ਡਿਪਟੀ ਸਪੀਕਰ ਸਾਹਿਬ, ਜੇਕਰ ਟਾਈਮ ਨਹੀਂ ਹੈ ਤਾਂ ਮੈਂ ਬੈਠ ਜਾਂਦਾ ਹਾਂ।

**ਸ੍ਰੀ ਡਿਪਟੀ ਸਪੀਕਰ :** ਡਾਂਗ ਸਾਹਿਬ, ਜਿਹੜੇ ਆਨਰੇਬਲ ਮੈਂਬਰਜ਼ ਪੰਜਾਬੀ ਦਾ ਟਰਾਂਸਲੇਸ਼ਨ ਚਾਹੁੰਦੇ ਸਨ ਉਨ੍ਹਾਂ ਨੂੰ ਉਹ ਮਿਲ ਚੁਕਿਆ ਹੈ। ਅਗਰ ਤੁਹਾਨੂੰ ਚਾਹੀਦਾ ਹੈ ਤਾਂ ਤੁਸੀਂ ਵੀ ਮੰਗ ਸਕਦੇ ਹੋ।

**ਕੈਪਟਨ ਰਤਨ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਨੂੰ ਘੰਟੀ ਬਿਠਾਉਣ ਵਾਸਤੇ ਵਜਾਈ ਸੀ ਜਾਂ ਰੋਕਣ ਵਾਸਤੇ ਜਾਂ ਇਹ ਇਨਫਰਮੇਸ਼ਨ ਦੇਣ ਵਾਸਤੇ?

**ਸ੍ਰੀ ਡਿਪਟੀ ਸਪੀਕਰ :** ਡਾਂਗ ਸਾਹਿਬ ਨੇ ਇਹ ਇਤਰਾਜ਼ ਕੀਤਾ ਸੀ ਕਿ ਪੰਜਾਬੀ ਵਰਸ਼ਨ ਕਈ ਮੈਂਬਰ ਸਾਹਿਬਾਨ ਨੂੰ ਨਹੀਂ ਮਿਲਿਆ। ਇਸ ਲਈ ਮੈਂ ਇਨ੍ਹਾਂ ਨੂੰ ਦੱਸਿਆ ਹੈ।

**ਕਪਟਨ ਰਤਨ ਸਿੰਘ :** ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਹੈ ਇਸ ਦੁਆਰਾ ਜਿਹੜੇ ਚੁੰਗੀ ਦੀ ਚੋਰੀ ਕਰਦੇ ਹਨ ਉਨ੍ਹਾਂ ਨਾਲ ਸਖਤੀ ਨਾਲ ਨਜਿਠਿਆ ਜਾਵੇਗਾ। ਲੇਕਿਨ ਇਸ ਦੇ ਵਿਚ ਕੁਝ ਕਿਸਾਨਾਂ ਨੂੰ ਬਹੁਤ ਤਕਲੀਫਾਂ ਹੋ ਗਈਆਂ ਹਨ ਕਿਉਂਕਿ ਇਨ੍ਹਾਂ ਨੇ ਮਿਊਂਸੀਪਲ ਲਿਮਿਟ ਨੂੰ ਵਧਾ ਲਿਆ ਹੈ। ਇਸ ਹਦ ਵਿਚ ਕੁਝ ਪਿੰਡ ਆ ਗਏ ਹਨ ਅਤੇ ਕੁਝ ਬਾਹਰ ਰਹਿ ਗਏ ਹਨ। ਇਸ ਤਰ੍ਹਾਂ ਜਿੰਨੇ ਵੀ ਹਸਪਤਾਲ ਹਨ ਇਹ ਸਾਰੇ ਸ਼ਹਿਰਾਂ ਦੇ ਵਿਚ ਸਨ। ਕਿਸਾਨ ਨੂੰ ਬਿਮਾਰ ਜਾਨਵਰਾਂ ਨੂੰ ਹਸਪਤਾਲਾਂ ਵਿਚ ਵਿਖਾਣ ਲਈ ਲਿਜਾਣਾ ਪੈਂਦਾ ਹੈ ਉਸ ਤੋਂ ਆਉਣ ਲਗੇ ਵੀ ਚੁੰਗੀ ਲੈਂਦੇ ਹਨ ਅਤੇ ਜਾਣ ਲਗੇ ਵੀ ਚੁੰਗੀ ਲੈ ਲੈਂਦੇ ਹਨ। ਵੈਸੇ 8 ਆਨੇ ਲੈਣੇ ਹੁੰਦੇ ਹਨ ਪਰ ਉਹ ਇਕ ਰੁਪਿਆ ਵਸੂਲ ਕਰਦੇ ਹਨ। 8 ਆਨੇ ਕਮੇਟੀ ਨੂੰ ਜਾਂਦੇ ਹਨ ਅਤੇ 8 ਆਨੇ ਆਪਣੀ ਜੇਬ ਵਿਚ ਪੈਂਦੇ ਹਨ। ਇਸ ਐਕਟ ਵਿਚ ਤਰਮੀਮ ਲਿਆ ਕੇ ਇਹ ਕਰਨਾ ਚਾਹੀਦਾ ਹੈ ਕਿ ਜਾਨਵਰ ਜਿਹੜੇ ਹਸਪਤਾਲਾਂ ਵਿਚ ਜਾਂਦੇ ਹਨ ਜੇ ਉਹ ਪਰਚੀ ਵਿਖਾ ਦੇਣ ਤਾਂ ਇਨ੍ਹਾਂ ਕੋਲੋਂ ਚੁੰਗੀ ਟੈਕਸ ਨਹੀਂ ਲੈਣਾ ਚਾਹੀਦਾ। ਕਿਉਂਕਿ ਮਿਊਂਸੀਪਲ ਕਮੇਟੀ ਦੀ ਲਿਮਿਟਜ਼ ਬਹੁਤ ਵੱਧ ਗਈਆਂ ਹਨ। ਉਥੇ ਲੜਾਈ ਹੋਣ ਦਾ ਖਤਰਾ ਵੀ ਵੱਧ ਗਿਆ ਹੈ

Original with;
Punjab Vidhan Sabha
Digitized by;
Panjab Digital Library

ਕਿਉਂਕਿ ਉਨ੍ਹਾਂ ਦੀਆਂ ਜ਼ਮੀਨਾਂ ਵੀ ਬਾਹਰ ਹਨ। ਮੈਨੂੰ ਕਿਸਾਨਾਂ ਦੀਆਂ ਤਕਲੀਫਾਂ ਦਾ ਪਤਾ ਹੈ। ਮੈਂ ਖਾਸ ਕਰਕੇ ਸ੍ਰੀ ਹੰਸ ਰਾਜ ਸ਼ਰਮਾ ਜੀ ਨੂੰ ਬੇਨਤੀ ਕਰਾਂਗਾ, ਕਿ ਠੀਕ ਹੈ ਇਹ ਪੈਸੇ ਇੱਕਠੇ ਕਰਨ ਲਗੇ ਹੋਏ ਹਨ, 10—10 ਗੁਣਾ ਟੈਕਸ ਵੱਧਾ ਦਿਤਾ ਹੈ। ਪਰ ਕਿਉਂਕਿ ਕਿਸਾਨਾਂ ਨੂੰ ਪੱਠੇ ਦਾ ਵੀ ਚੁੰਗੀ ਟੈਕਸ ਦੇਣਾ ਪੈਂਦਾ ਹੈ ਅਤੇ ਖਾਲੀ ਟ੍ਰੈਕਟਰ ਦਾ ਟੋਲ ਟੈਕਸ ਦੇਣਾ ਪੈਂਦਾ ਹੈ, ਇਹ ਨਹੀਂ ਹੋਣਾ ਚਾਹੀਦਾ। ਮੈਂ ਸ਼ੋਰੀਆਂ ਜੀ ਨੂੰ ਬੇਨਤੀ ਕਰਾਂਗਾ ਕਿ ਜਵਾਬ ਦੇਣ ਲਗੇ ਇਸ ਗੱਲ ਦਾ ਖ਼ਿਆਲ ਰੱਖਣ। ਕੁਰੱਪਸ਼ਨ ਵੀ ਕਾਫੀ ਮਾਤਰਾ ਵਿਚ ਘਟੀ ਹੈ। ਕੁਰੱਪਸ਼ਨ ਜਿਹੜੀ ਦੂਸਰੀ ਕਿਸਮ ਦੀ ਹੈ ਇਹ ਮੈਂ ਨਹੀਂ ਦਸ ਸਕਦਾ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਜ਼ਰੂਰ ਬੇਨਤੀ ਕਰਾਂਗਾ ਕਿ ਲੋਕਾਂ ਨੂੰ ਬਹੁਤ ਤਕਲੀਫ ਹੈ, ਸਾਨੂੰ ਲੋਕਾਂ ਦੀਆਂ ਤਕਲੀਫਾਂ ਨੂੰ ਦੂਰ ਕਰਨਾ ਚਾਹੀਦਾ ਹੈ ਨਾਂ ਕਿ ਵਧਾ ਦੇਣੀਆਂ ਚਾਹੀਦੀਆਂ ਹਨ ਇਸ ਵੱਲ ਮਨਿਸਟਰ ਸਾਹਿਬ ਜ਼ਰੂਰ ਧਿਆਨ ਕਰ ਲੈਣ।

**ਸ੍ਰੀ ਬ੍ਰਿਜ ਲਾਲ ਗੋਇਲ** (ਰਾਜਪੁਰਾ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਪੰਜਾਬ ਮਿਉਂਸਪਲ (ਦੂਜਾ ਐਮਡਮੈਂਟ) ਬਿਲ, 1976 ਪੇਸ਼ ਕੀਤਾ ਹੈ, ਇਸ ਬਾਰੇ ਮੈਂ ਕੁਝ ਸੁਜੈਸ਼ਨ ਸਰਕਾਰ ਨੂੰ ਦੇਵਾਂਗ ਲੋਕਲ ਬਾਡੀਜ਼ ਦੇ ਕੰਮ ਦਾ ਮੈਨੂੰ ਪਤਾ ਹੈ। ਲੋਕਲ ਮਾਮਲੇ ਬਾਰੇ ਆਪਣੀ ਇਥੇ ਕੋਈ ਸੰਸਥਾ ਬਣਾਈ ਜਾਵੇ ਇਥੇ ਪਾਵਰ ਨੂੰ ਡੀਸੈਂਟਰੇਲਾਈਜ਼ ਕਰਨ ਦੀ ਬਜਾਏ ਸੈਂਟਰੇਲਾਈਜ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਾਰੀਆਂ ਪਾਵਰਜ਼ ਮਿਉਂਸੀਪਲ ਕਮੇਟੀ ਦੇ ਚੁਣੇ ਹੋਏ ਮੈਂਬਰਾਂ ਤੋਂ ਲੈ ਕੇ ਇਥੋਂ ਦੇ ਸਕੱਤਰੇਤ ਨੂੰ ਦਿੱਤੀਆਂ ਜਾ ਰਹੀਆਂ ਹਨ। ਇਸ ਤਰੀਕੇ ਨਾਲ ਭਾਵੇਂ ਇਨ੍ਹਾਂ ਦੀ ਸਕ੍ਰੀਨਿੰਗ ਕਮੇਟੀ ਬਣਾ ਦਿਓ, ਇਹ ਕਮੇਟੀ ਵੀ ਮੈਂਬਰਾਂ ਦੀ ਬਣਦੀ ਹੈ। ਇਹ ਸਕ੍ਰੀਨਿੰਗ ਕਮੇਟੀ ਵੀ ਇਥੇ ਹੀ ਬਣਦੀ ਹੈ। ਉਸ ਦੇ ਮੈਂਬਰ ਵੀ ਅਸੀਂ ਜ਼ਿਆਦਾ ਆਪਣੀ ਹੀ ਮਰਜ਼ੀ ਨਾਲ ਬਣਾਉਂਦੇ ਹਾਂ। ਭਾਵੇਂ ਸਕ੍ਰਿਨਿੰਗ ਕਮੇਟੀ ਦੇ ਮੈਂਬਰ ਜਿਹੜੇ ਹਨ ਉਹ ਉਨ੍ਹਾਂ ਮੁਲਾਜ਼ਮਾਂ ਨਾਲੋਂ ਜ਼ਿਆਦਾ ਕੁਰੱਪਟ ਹੋਣ, ਭਾਵੇਂ ਉਨ੍ਹਾਂ ਦੇ ਰਿਸ਼ਤੇਦਾਰ ਉਥੇ ਮੁਲਾਜ਼ਮ ਹੋਣ, ਕਿਉਂਕਿ ਉਹ ਮੈਂਬਰ ਹਨ ਉਨ੍ਹਾਂ ਨੇ ਦੂਜਿਆਂ ਦੀ ਸਕ੍ਰੀਨਿੰਗ ਕਰਨੀ ਹੈ। ਜਿਹੜੀ ਉਥੇ ਮਿਉਂਸੀਪੈਲਟੀ ਬਣਦੀ ਹੈ ਉਸ ਦੇ ਜਿਹੜੇ ਪ੍ਰਧਾਨ ਜਾਂ ਮੈਂਬਰ ਹਨ ਉਹ ਸਾਡੇ ਵਾਂਗ ਲੋਕਾਂ ਦੀਆਂ ਵੋਟਾਂ ਲੈ ਕੇ ਆਏ ਹਨ। ਉਨ੍ਹਾਂ ਨੂੰ ਲੋਕਾਂ ਦੀਆਂ ਤਕਲੀਫਾਂ ਦਾ ਪਤਾ ਹੁੰਦਾ ਹੈ ਸੋ ਇਹ ਕੁਝ ਆਦਮੀ ਪੰਜਾਬ ਦੇ ਇੰਨੇ ਮੁਲਾਜ਼ਮਾਂ ਦੀ ਉਥੇ ਬੈਠੇ ਸਕ੍ਰੀਨਿੰਗ ਕਰਨ ਤਾਂ ਇਹ ਠੀਕ ਤਰ੍ਹਾਂ ਨਾਲ ਸਕ੍ਰੀਨਿੰਗ ਨਹੀਂ ਹੋ ਸਕਦੀ। ਇਸ ਤੋਂ ਬਾਅਦ ਟਰਾਂਸਫਰਜ਼ ਦੀ ਗੱਲ ਆਉਂਦੀ ਹੈ। ਇਨ੍ਹਾਂ ਨੇ ਮਿਉਂਸੀਪੈਲਟੀਜ਼ ਦੀਆਂ ਕੁਝ ਪੋਸ਼ਟਾਂ ਪਰੋਵਿੰਸ਼ੇਲਾਈਜ਼ ਕੀਤੀਆਂ ਹਨ। ਮੈਂ ਕਹਾਂਗਾ ਕਿ ਉਨ੍ਹਾਂ ਦੀਆਂ ਟਰਾਂਸਫਰਜ਼ ਕਰਨ ਦਾ ਅਧਿਕਾਰ ਸਰਕਾਰ ਨੂੰ ਹੋਣਾ ਚਾਹੀਦਾ ਹੈ। ਸਰਕਾਰ ਦੂਜਿਆਂ ਡਿਪਾਰਟਮੈਂਟਸ ਵਿਚ ਵੀ ਟਰਾਂਸਫਰ ਕਰਦੀ ਹੈ ਲੇਕਿਨ ਟਰਾਂਸਫਰ ਕਰਦੇ ਹੋਏ ਇਹ ਪਾਵਰ ਲੈਣ ਨਾਲ ਕਿਸੇ ਨਾਲ ਕਿਸੇ ਕਿਸਮ ਦਾ ਕੋਈ ਧੱਕਾ ਨਾ ਹੋਵੇ। ਉਨ੍ਹਾਂ ਨੂੰ ਪਰੋਵਿੰਸ਼ੇਲਾਈਜ਼ ਕਰਕੇ ਇਮਾਨਦਾਰ ਅਫਸਰਾਂ ਨੂੰ ਕੋਈ ਸਜ਼ਾ ਨਾ ਦਿਤੀ ਜਾਵੇ। ਕਿਸੇ ਨਾਲ ਕਈ ਬੇਇਨਸਾਫੀ ਨਾ ਹੋਵੇ। ਇਸ ਚੀਜ਼ ਦਾ ਖਦਸ਼ਾ ਜ਼ਰੂਰ ਹੁੰਦਾ ਹੈ। ਕਿਉਂਕਿ ਜਿਸ ਤਰੀਕੇ ਨਾਲ ਇਹ ਬਿੱਲ ਲਿਆਦਾਂ ਗਿਆ ਹੈ, ਜਿਸ ਤਰੀਕੇ ਦੀਆਂ ਪਾਵਰਜ਼ ਨੂੰ ਸੈਂਟਰੇਲਾਈਜ਼ ਕਰਨ ਦੀ ਕਸ਼ਿਸ਼ ਕੀਤੀ ਗਈ ਹੈ, ਉਸ ਨਾਲ ਚੁਣੇ ਹੋਏ ਨੁਮਾਇੰਦੀਆਂ ਨੂੰ ਉਨ੍ਹਾਂ ਦੀ ਤਾਕਤ ਨੂੰ ਕਮਜ਼ੋਰ ਨਾ ਕੀਤਾ ਜਾਵੇ। ਇਹ ਠੀਕ ਹੈ ਕਿ ਤੁਸੀਂ ਆਮਦਨ ਨੂੰ ਵਧਾਉਣਾ ਚਾਹੁੰਦੇ ਹੋ, ਟਰਾਂਸਫਰਜ਼ ਕਰਨਾ ਚਾਹੁੰਦਾ ਹੋ, ਸਕਰੀਨਿੰਗ ਕਮੇਟੀਆਂ ਬਣਾਉਣਾ ਚਾਹੁੰਦੇ ਹੋ, ਬਣਾਓ ਪਰ ਇਹ ਜਿਹੜਾ ਮੈਂ ਖਦਸ਼ਾ ਜ਼ਾਹਿਰ ਕੀਤਾ ਹੈ ਇਸ ਬਾਰੇ ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਉਸ ਨੂੰ ਇਹ ਜ਼ਰੂਰ ਧਿਆਨ ਵਿਚ ਰੱਖਣ।

**ਚੌਧਰੀ ਰਾਮ ਸਿੰਘ** (ਪਠਾਨਕੋਟ): ਡਿਪਟੀ ਸਪੀਕਰ ਸਾਹਿਬ, ਅੱਜ ਹਾਊਸ ਦੇ ਸਾਹਮਣੇ ਪੰਜਾਬ ਮਿਉਂਸੀਪਲ ਅਮੈਂਡਿੰਗ ਬਿੱਲ ਪੇਸ਼ ਹੈ, ਇਸ ਸਬੰਧੀ ਮੈਂ ਤੁਹਾਡੀ ਖਿਦਮਤ ਵਿਚ ਕੁਝ ਸੁਜੈਸ਼ਨ ਰੱਖਾਂਗਾ ਇਹ ਬਹੁਤ ਅਛਾ ਬਿੱਲ ਹੈ। ਇਹ ਸਰਕਾਰ ਨੇ ਪਹਿਲਾਂ ਹੀ ਪਾਸ ਕੀਤਾ ਹੋਇਆ ਹੈ ਕਿ ਬੈਕਵਰਡ

Original with;
Punjab Vidhan Sabha
Digitized by;
Panjab Digital Library

[ਚੌਧਰੀ ਰਾਮ ਸਿੰਘ]

ਕਲਾਸਿਜ਼ ਜਿਹੜੀਆਂ ਹਨ ਉਨ੍ਹਾਂ ਨੂੰ ਨੁਮਾਇੰਦਗੀ ਅਤੇ ਕੁਆਪਸ਼ਨ ਦਿਤੀ ਜਾਵੇ । ਇਸ ਨੂੰ ਹਾਊਸ ਨੇ ਪਾਸ ਕੀਤਾ ਹੈ ਕਿ ਉਨ੍ਹਾਂ ਐਜੂਕੇਸ਼ਨ ਦੇ ਵਿਚ ਬੈਕਵਰਡਨੈਸ ਜਾਂ ਸੋਸ਼ਲ ਬੈਕਵਰਡ ਨੈਂਸ ਹੋਵੇ, ਤਾਂ ਉਨ੍ਹਾਂ ਦੀ ਕੋਆਪਸ਼ਨ ਜਾਂ ਨਾਮਜ਼ਦਗੀ ਕੀਤੀ ਜਾ ਸਕਦੀ ਹੈ। ਇਹ ਬਹੁਤ ਅੱਛਾ ਕਦਮ ਹੈ । ਇਹ ਕਦਮ ਇਨ੍ਹਾਂ ਦਾ ਸਲਾਹੁਣਾਯੋਗ ਹੈ । ਲੇਕਿਨ ਮੈਂ ਇਹ ਕਹਾਂਗਾ ਕਿ ਜਿਸ ਤਰ੍ਹਾਂ ਪੰਜਾਬ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਉਥੇ ਇਸ ਵਿਚ ਕੋਈ ਇਸ ਕਿਸਮ ਦੀ ਵੀ ਅਮੈਂਡਮੈਂਟ ਲਿਆਉਣ ਤਾਕਿ ਇਕਨਾਮੀਕਲੀ ਬੈਕਵਰਡ ਜਿਹੜੇ ਹਨ ਉਹ ਵੀ ਵਿਚ ਆ ਜਾਣ । ਡਿਪਟੀ ਸਪੀਕਰ ਸਾਹਿਬ, ਦੂਸਰੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਥੇ ਪ੍ਰੋਵਿੰਸ਼ਲਾਈਜ਼ ਦੇ ਬਾਰੇ ਬਹੁਤ ਕੁਝ ਕਿਹਾ ਗਿਆ ਹੈ । ਇਸ ਬਾਰੇ ਮੈਨੂੰ ਬਹੁਤ ਖੁਸ਼ੀ ਹੈ। ਲੇਕਿਨ ਬੜਾ ਅਫਸੋਸ ਹੁੰਦਾ ਹੈ ਕਿ ਅੱਜ ਡਾਂਗ ਸਾਹਿਬ ਨੇ ਇਸ ਪਰੋਵਿੰਸ਼ਲਾਈਜ਼ ਦੇ ਬਾਰੇ ਮੁਖਾਲਫਿਤ ਕੀਤੀ ਹੈ । ਲੇਕਿਨ ਕੋਈ ਜ਼ਮਾਨਾ ਸੀ ਜਦ ਉਹ ਆਪ ਇਸ ਦੀ ਪੁਰਜ਼ੋਰ ਸਪੋਰਟ ਕਰਦੇ ਸੀ ਅਤੇ ਇਸ ਦੇ ਹੱਕ ਵਿਚ ਸਨ । ਉਹ ਆਪ ਕਹਿੰਦੇ ਸਨ ਕਿ ਇਹ ਪ੍ਰੋਵਿੰਸ਼ਲਾਈਜ਼ ਹੋਣੀਆਂ ਚਾਹੀਦੀਆਂ ਹਨ। ਜਦ ਗੌਰਮਿੰਟ ਇੰਪਲਾਈਜ਼ ਨੂੰ ਐਨੀ ਤਨਖਾਹ ਦਿੰਦੀ ਹੈ ਤਾਂ ਉਹ ਉਸ ਨੂੰ ਟਰਾਂਸਫਰ ਵੀ ਕਰ ਸਕਦੀ ਹੈ। ਇਹ ਫੈਸਲਾ ਸਰਕਾਰ ਨੇ ਬੜਾ ਸੋਚ ਸਮਝ ਕੇ ਕੀਤਾ ਹੈ । ਜਦੋਂ ਗੌਰਮਿੰਟ ਇੰਪਲਾਈਜ਼ ਦੀਆਂ ਮੰਗਾਂ ਨੂੰ ਮੰਨਦੀ ਹੈ ਤਾਂ ਫਿਰ ਆਖਿਰਕਾਰ ਉਨ੍ਹਾਂ ਦੀਆਂ ਸਰਵਿਸਿਜ਼ ਨੂੰ ਪ੍ਰੋਵਿੰਸ਼ਲਾਈਜ਼ ਵੀ ਕਰਨਾ ਹੈ। ਲਾਜ਼ਮੀ ਤੌਰ ਤੇ ਇਹ ਠੀਕ ਹੈ । ਕੁਝ ਥੋੜ੍ਹਾ ਬਹੁਤ ਗਲਤ ਕੰਮ ਹੋ ਸਕਦਾ ਹੈ; ਆਖਿਰਕਾਰ ਸਰਕਾਰ ਬੈਠੀ ਹੈ, ਐਮ. ਐਲ. ਏ. ਸਾਹਿਬਾਨ ਬੈਠੇ ਹਨ, ਤੁਸੀਂ ਸਰਕਾਰ ਨੂੰ ਇਸ ਬਾਰੇ ਕਹਿ ਸਕਦੇ ਹੋ। ਡਾਂਗ ਸਾਹਿਬ ਤੁਸੀਂ ਵੀ ਕਹਿੰਦੇ ਹੁੰਦੇ ਸੀ ਕਿ ਇਨ੍ਹਾਂ ਨੂੰ ਪ੍ਰੋਵਿੰਨਸ਼ਲਾਇਜ਼ ਕਰੋ । ਇਸ ਲਈ ਪੰਜਾਬ ਸਰਕਾਰ ਨੇ ਤਹਾਡੀ ਮੰਗ ਦੇ ਮੁਤਾਬਿਕ ਹੀ ਕੀਤਾ ਹੈ । ਪਰ ਹੁਣ ਜੇ ਸਰਕਾਰ ਨੂੰ ਕਹੋ ਕਿ ਇਹ ਠੀਕ ਨਹੀਂ ਕੀਤਾ ਤਾਂ ਇਹ ਤੁਹਾਡੇ ਵਾਸਤੇ ਠੀਕ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਅੱਜ ਅਸੀਂ ਦੇਖਦੇ ਹਾਂ ਕਿ 20 ਪ੍ਰਤੀਸ਼ਤ ਇਨ੍ਹਾਂ ਨੇ ਮਸੂਲ ਕੀਤਾ ਹੈ ਇਹ ਕਦਮ ਇਨ੍ਹਾਂ ਨੇ ਚੋਰੀ ਨੂੰ ਰੋਕਣ ਵਾਸਤੇ ਕੀਤਾ ਹੈ। ਇਨ੍ਹਾਂ ਨੇ ਸਖਤ ਸਜ਼ਾ ਦੇਣ ਦਾ ਫੈਸਲਾ ਕੀਤਾ ਹੈ । ਟੈਕਸ ਦੀ ਚੋਰੀ ਲਈ ਸਜ਼ਾ ਰੱਖੀ ਗਈ ਹੈ । ਉਨ੍ਹਾਂ ਨੂੰ ਸਜ਼ਾ ਹੋ ਸਕਦੀ ਹੈ । ਆਖਿਰਕਾਰ ਕਿੰਨੀ ਦੇਰ ਤੱਕ ਇਸ ਦੀ ਵੇਟ ਕਰ ਸਕਦੇ ਹਾਂ, ਸਰਕਾਰ ਨੇ ਸਜ਼ਾ ਰੱਖੀ ਹੈ । ਉਹ ਲੋਕਲ ਬਾਡੀਜ਼ ਨਹੀਂ ਰਹੀਆਂ ਬਲਕਿ ਉਹ ਲੋਕਲ ਗੌਰਮਿੰਟ ਬਣ ਗਈਆਂ ਹਨ । ਸਰਕਾਰ ਨੇ ਉਨ੍ਹਾਂ ਨੂੰ ਲੋਕਲ ਗੌਰਮਿੰਟ ਬਣਾ ਦਿਤਾ ਹੈ । ਉਥੇ ਟੈਕਸ ਲੱਗਦਾ ਹੈ ਅਤੇ ਇੰਪਲਾਈ ਸਰਕਾਰੀ ਮੁਲਾਜ਼ਮਾਂ ਵਾਂਗ ਹਨ । ਮੈਂ ਐਫ. ਐਮ. ਸਾਹਿਬ ਨੂੰ ਕਹਾਂਗਾ ਕਿ ਸਜ਼ਾ ਸਖਤ ਹੋਣੀ ਚਾਹੀਦੀ ਹੈ ਤਾਂਕਿ ਉਹ ਜਿਹੜਾ ਰੁਪਿਆ ਜਨਤਾ ਦਾ ਲੁੱਟਦੇ ਹਨ ਉਹ ਹੁਣ ਲੁੱਟ ਨਾ ਸਕਣ । (ਘੰਟੀ)

ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਪ੍ਰੋੜਤਾ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਹ ਜਿਹੜੇ ਮੈਂ ਸੁਝਾਓ ਦਿਤੇ ਹਨ, ਸ਼ਰਮਾ ਜੀ ਇਸ ਬਾਰੇ ਸੋਚਣਗੇ ।

**ਵਿੱਤ ਮੰਤਰੀ** (ਸ੍ਰੀ ਹੰਸ ਰਾਜ ਸ਼ਰਮਾ): ਇਹ ਜਿਹੜਾ ਪੰਜਾਬ ਮਿਊਂਸੀਪਲ ਅਮੈਂਡਿੰਗ ਬਿੱਲ ਹੈ, ਜੋ ਕੁਝ ਸਰਕਾਰ ਨੂੰ ਮੁਸ਼ਕਲਾਂ ਪੇਸ਼ ਆ ਰਹੀਆਂ ਹਨ, ਨੂੰ ਦੂਰ ਕਰਨ ਲਈ ਅਤੇ ਉਸ ਮਿਊਂਸੀਪਲ ਐਡਮਨਿਸਟਰੇਸ਼ਨ ਨੂੰ ਟੋਨ ਅੱਪ ਕਰਨ ਵਾਸਤੇ ਇਹ ਬਿੱਲ ਲਿਆਂਦਾ ਗਿਆ ਹੈ । ਇਸ ਵਿਚ ਪੰਜਾਬ ਸਰਕਾਰ ਨੇ ਕੁਝ ਹੋਰ ਕਲਾਸਾਂ ਨੂੰ ਬੈਕਵਰਡ ਡਿਕਲੇਅਰ ਕੀਤਾ ਹੈ, ਇਹ ਉਸ ਮਿਊਂਸੀਪਲ ਐਕਟ ਵਿਚ ਨਹੀਂ ਸੀ । ਇਹ ਕਲਾਸਾਂ ਉਸ ਮਿਊਂਸੀਪਲ ਐਕਟ ਵਿਚ ਸ਼ਾਮਿਲ ਕੀਤੀਆਂ ਹਨ ਤਾਂਕਿ ਉਨ੍ਹਾਂ ਦੀ ਨੁਮਾਇੰਦਗੀ ਕੀਤੀ ਜਾਵੇ, ਉਹ ਵੀ ਸਾਡੇ ਵਾਂਗ ਚੁਣ ਕੇ ਆ ਸਕਣ । ਜਿਥੋਂ ਤੱਕ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਲ ਹੈ, ਜਿਸ ਦਾ ਜ਼ਿਕਰ ਡਾਂਗ ਸਾਹਿਬ ਨੇ ਕੀਤਾ ਹੈ, ਉਸ ਬਾਰੇ ਚੀਫ ਮਨਿਸਟਰ ਸਾਹਿਬ ਨੇ ਸੋਸ਼ਲ ਵੈਲਫੇਅਰ ਡਿਪਾਰਟਮੈਂਟ ਨੂੰ ਕਿਹਾ ਹੈ ਅਤੇ ਉਹ ਐਗਜ਼ਾਮਿਨ ਕਰ ਰਹੇ ਹਨ । ਕਿਉਂਕਿ

Original with;
Punjab Vidhan Sabha
Digitized by;
Panjab Digital Library

ਇਕਨਾਮੀਕਲੀ ਵੀਕਰ ਸੈਕਸ਼ਨ ਸੱਚਮੁੱਚ ਲੈਣੇ ਪੈਣਗੇ ਉਸ ਪਾਲਿਸੀ ਨੂੰ ਬਹੁਤ ਸਾਰੇ ਮਹਿਕਮਿਆਂ ਵਿਚ ਬਦਲਣਾ ਪਵੇਗਾ, ਇਸ ਲਈ ਉਹ ਐਗਜ਼ਾਮਿਨ ਹੋ ਰਿਹਾ ਹੈ । ਲੋਕਲ ਬਾਡੀਜ਼ ਤਾਂ ਹੁਣ ਉਹੀ ਰਹੀਆਂ ਨਹੀਂ ਹਨ । ਦੂਸਰਾ ਪੰਜਾਬ ਸਰਕਾਰ ਸੁਪਰੀਮ ਕੋਰਟ ਦੇ ਫੈਸਲੇ ਦੀ ਲਾਈਟ ਵਿਚ ਵਿਚਾਰ ਕਰ ਰਹੀ ਹੈ। ਇਥੇ ਡਾਂਗ ਸਾਹਿਬ ਨੇ ਇਕ ਦੋ ਹੋਰ ਵੀ ਸੁਜੈਸ਼ਨਜ਼ ਦਿੱਤੀਆਂ ਹਨ । ਮੈਂ ਸਮਝਦਾ ਹਾਂ ਕਿ ਇਕ ਸੁਜੈਸ਼ਨ ਉਨ੍ਹਾਂ ਦੀ ਮੰਨ ਲਈ ਹੈ, ਜਿਸ ਬਾਰੇ ਉਨ੍ਹਾਂ ਦੀ ਅਮੈਂਡਮੈਂਟ ਇਸ ਪ੍ਰਕਾਰ ਸੀ...... ..

In proposed sub-section (4) in lines 5 and 7 after the word "demand" add "including the amouut of penalty.

ਇਹ ਜਿਹੜੀ ਮਸੂਲ ਦੀ ਚੋਰੀ ਹੁੰਦੀ ਸੀ ਉਸ ਨੂੰ ਰੋਕਣ ਲਈ ਕਾਫੀ ਸਖ਼ਤ ਕਦਮ ਚੁੱਕਿਆ ਗਿਆ ਹੈ ਅਤੇ 10 ਗੁਣਾਂ ਤੋਂ 20 ਗੁਣਾਂ ਜ਼ੁਰਮਾਨਾ ਰੱਖਿਆ ਹੈ । ਜੇ ਮਾਲ ਵੀ ਪਕੜਿਆ ਜਾਵੇ ਅਤੇ ਮਸੂਲ ਨਾ ਦਿਤਾ ਹੋਵੇ ਤਾਂ ਉਹ ਵੀ ਜ਼ਬਤ ਕਰ ਸਕਦੇ ਹਾਂ, ਉਸ ਤੇ ਸਜ਼ਾ ਸਖਤ ਰੱਖੀ ਹੈ । ਅਗਰ ਉਹ ਮਸੂਲ ਨਹੀਂ ਦਿੰਦਾ ਅਤੇ ਮਾਲ ਅੰਦਰ ਆਉਂਦਾ ਹੈ ਅਤੇ ਪਕੜਿਆ ਜਾਂਦਾ ਹੈ ਤਾਂ ਅਸੀਂ ਮਾਲ ਨੂੰ ਸੀਲ ਕਰ ਸਕਦੇ ਹਾਂ। ਇਸ ਕਿਸਮ ਦੀ ਪਨੈਲਿਟੀ ਰੱਖੀ ਗਈ ਹੈ । ਦੂਸਰਾ ਕੰਮ ਇਸ ਵਿਚ ਇਹ ਕੀਤਾ ਹੈ ਕਿ ਸਰਵਿਸਿਜ਼ ਪ੍ਰੋਵਿੰਸ਼ੇਲਾਈਜ਼ ਕੀਤੀਆਂ ਹਨ। ਇਸ ਬਾਰੇ ਸਾਰੇ ਹਾਊਸ ਨੇ ਫੈਸਲਾ ਕੀਤਾ ਸੀ ਅਤੇ ਹਾਊਸ ਦੀ ਮਰਜ਼ੀ ਨਾਲ ਹੀ ਪ੍ਰੋਵਿੰਸ਼ੇਲਾਈਜ਼ ਕੀਤੀਆਂ ਹਨ। ਇਹ ਹਾਊਸ ਦੀ ਰਾਏ ਦੇ ਮੁਤਾਬਿਕ ਹੀ ਕੀਤਾ ਗਿਆ ਹੈ । ਇਸ ਬਾਰੇ ਡਾਂਗ ਸਾਹਿਬ ਨੂੰ ਵੀ ਯਾਦ ਹੋਵੇਗਾ । ਡਾਂਗ ਸਾਹਿਬ ਨੂੰ ਅਤੇ ਮੈਂ ਆਪਣੇ ਮਿੱਤਰ ਗੋਇਲ ਜੀ ਨੂੰ ਵੀ ਦੱਸ ਦੇਣਾ ਚਾਹੁੰਦਾ ਹਾਂ ਕਿ ਜਿਹੜਾ ਵੀ ਉਸ ਵੇਲੇ ਪਾਵਰ ਵਿਚ ਆ ਗਿਆ ਉਸ ਨੇ ਆਪਣੇ ਹੀ ਬੰਦੇ ਲਗਾ ਲਏ । ਭਾਵੇਂ ਉਸ ਦੀ ਕੁਆਲੀਫੀਕੇਸ਼ਨ ਠੀਕ ਸੀ ਜਾਂ ਨਹੀਂ, ਉਨ੍ਹਾਂ ਨੂੰ ਲਗਾ ਲਿਆ ਗਿਆ ਅਤੇ ਕੁਆਲੀਫੀਕੇਸ਼ਨ ਦਾ ਖਿਆਲ ਨਹੀਂ ਕੀਤਾ ਗਿਆ । ਕੁਆਲੀਫੀਕੇਸ਼ਨ ਦਾ ਖਿਆਲ ਨਾ ਕਰਦੇ ਹੋਏ ਸੈਕਟਰੀ ਬਣਾਇਆ ਗਿਆ ਅਤੇ ਐਗ-ਜ਼ੈਕਟਿਵ ਅਫਸਰ ਬਣਾਇਆ ਗਿਆ। ਇਨ੍ਹਾਂ ਲੋਕਲ ਬਾਡੀਜ਼ ਬਾਰੇ ਜਦ ਡਾਂਗ ਸਾਹਿਬ ਮਨਿਸਟਰ ਸਨ ਤਾਂ ਉਦੋਂ ਦਾ ਉਨ੍ਹਾਂ ਨੂੰ ਪਤਾ ਹੈ ਕਿ ......... ।

**ਕੈਪਟਨ ਰਤਨ ਸਿੰਘ** ( ** ** ** )

**Mr. Deputy Speaker**: This is no point of order,

**Finance Minister** : I did not say that point. What I meant was, he would be satisfied. It does not want interpretation of any rule, ਮਿਊਂਸੀਪਲ ਕਮੇਟੀਜ਼ ਦੇ ਵਿਚ ਵੱਖ ਵੱਖ ਟਾਈਮ ਤੇ ਜਿਹੜੇ ਆਏ ਹਨ ਉਨ੍ਹਾਂ ਨੇ ਕਈ ਦਫਾ ਕੁਆ-ਲੀਫੀਕੇਸ਼ਨ ਦਾ ਲਿਹਾਜ਼ ਨਹੀਂ ਰੱਖਿਆ, ਤਜ਼ਰਬੇ ਦਾ ਖਿਆਲ ਨਹੀਂ ਰੱਖਿਆ .........

**ਕੈਪਟਨ ਰਤਨ ਸਿੰਘ** : ਉਹ ਆਪਣੀ ਅਕਲ ਦੇ ਮੁਤਾਬਿਕ ਜਿਸ ਨੂੰ ਚਾਹੁੰਦੇ ਸਨ ਉਸ ਨੂੰ ਬਣਾ ਲਿਆ, ਉਸ ਦੇ ਬਾਅਦ ਦੂਸਰਿਆਂ ਨੇ ਆਪਣੀ ਅਕਲ ਦੇ ਮੁਤਾਬਿਕ ਜਿਸ ਨੂੰ ਚਾਹੁੰਦੇ ਸੀ, ਉਸ ਨੂੰ ਬਣਾ ਲਿਆ ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਇਹ ਆਗਸਟ ਹਾਊਸ ਹੈ। ਇਥੇ ਮਾਨਯੋਗ ਮੈਂਬਰ ਚੁਣਕੇ ਆਉਂਦੇ ਹਨ ਅਤੇ ਸਾਰੇ ਪੰਜਾਬ ਦੀ ਨੁਮਾਇੰਦਗੀ ਕਰਦੇ ਹਨ । Captain Sahib won't mind it. This is a House which is more representative,

ਇਹ ਸਾਰੇ ਪੰਜਾਬ ਦੇ ਲੋਕਾਂ ਦੀ ਨੁਮਾਇੰਦਗੀ ਕਰਦੇ ਹਨ ਅਤੇ ਇਹ ਕਹਿ ਸਕਦੇ ਹਨ ਕਿ ਫਲਾਣੇ ਇੰਪਰੂਵਮੈਂਟ ਟਰਸੱਟ ਵਿਚ ਫਲਾਣੀ ਅਪੁਆਇੰਟਮੈਂਟ ਗਲਤ ਹੋਈ ਹੈ । ਇਸ ਬਾਰੇ ਹਾਊਸ ਕਹਿ ਸਕਦਾ ਹੈ ਕਿ ਮਿਊਂਸੀਪੈਲਿਟੀਜ਼ ਵਿਚ ਜਿਹੜੇ ਬੰਦੇ ਰੱਖੇ ਗਏ ਹਨ ਉਹ ਕਿਸੇ ਹੋਰ ਖ਼ਿਆਲ ਨੂੰ ਮੁੱਖ ਰੱਖਕੇ ਲਗਾਏ ਗਏ ਹਨ ।

**ਕਾਮਰੇਡ ਦਰਸ਼ਨ ਸਿੰਘ ਕਨਡੀਅਨ** : ** ** **

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Deputy Speaker**: This is no point of order.

**ਵਿੱਤ ਮੰਤਰੀ** : ਮੈਂ ਇਸ ਪੁਆਇੰਟ ਵਿਚ ਨਹੀਂ ਜਾਣਾ ਚਾਹੁੰਦਾ ।ਅਜਿਹੀਆਂ ਗੱਲਾਂ ਕਰਨ ਲਈ ਬਹੁਤ ਮੌਕਾ ਮਿਲੇਗਾ । ਸਪਲੀਮੈਂਟਰੀ ਡਿਮਾਂਡਜ਼ ਅਤੇ ਐਪਰੋਪਰੀਏਸ਼ਨ ਬਿੱਲ ਆ ਰਿਹਾ ਹੈ ਉਸ ਦਾ ਜਵਾਬ ਦਿੰਦੇ ਹੋਏ ਸਾਰੀਆਂ ਗੱਲਾਂ ਦਾ ਜਵਾਬ ਦਿਤਾ ਜਾਵੇਗਾ ਅਤੇ ਇਹ ਉਦੋਂ ਕਹਿ ਸਕਦੇ ਹਨ । (ਘੰਟੀ) ਇਸ ਬਿੱਲ ਤੇ ਬੋਲਦਿਆਂ ਕੈਪਟਨ ਸਾਹਿਬ ਨੇ ਚੋਰੀ ਨੂੰ ਰੋਕਣ ਲਈ ਚੁਕੇ ਗਏ ਕਦਮਾਂ ਨੂੰ ਵੈਲਕਮ ਕੀਤਾ ਹੈ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਪਸ਼ੂ ਗਰੇਜ਼ਿੰਗ ਵਾਸਤੇ ਆਉਂਦੇ ਹਨ ਅਸੀਂ ਉਨ੍ਹਾਂ ਵਾਸਤੇ ਸਟਰਿੰਜੈਂਟ ਐਕਸ਼ਨ ਲੋਂਦੇ ਹਾਂ । ਬਰਿਜਿਜ਼ ਦਾ ਜਿਹੜਾ ਟੋਲ ਟੈਕਸ ਸੀ ਉਹ ਅਸੀਂ ਮੁਆਫ ਕੀਤਾ ਸੀ ਅਤੇ ਆਪਣੇ ਵਾਇਦੇ ਨੂੰ ਪੂਰਾ ਕੀਤਾ ਸੀ। ਹੁਣ ਦੂਸਰੀ ਗੱਲ ਕੈਪਟਨ ਸਾਹਿਬ ਨੇ ਕਹੀ ਸੀ ਕਿ ਕਲਾਜ਼ ਦੋ ਵਿਚ ਰੀਟਰੋਸ਼ਪੈਕਟਿਵ ਤਾਰੀਖ ਜਿਹੜੀ ਦਿੱਤੀ ਹੈ ਉਹ ਸਿਰਫ ਟੂ ਕਵਰ ਦੀ ਪੀਰੀਅਡ, ਜਿਸ ਦਿਨ ਆਰਡੀਨੈਂਸ ਜਾਰੀ ਹੋਇਆ ਸੀ, ਉਹ ਪੀਰੀਅਡ ਕਵਰ ਕੀਤਾ ਹੈ। ਉਸ ਵਿਚ ਹੋਰ ਕੋਈ ਇੰਡੀਵਿਜ਼ੂਅਲ ਗੱਲ ਨਹੀਂ ਹੈ। ਇਕ ਮੈਂ ਅਰਜ਼ ਕਰਦਾ ਹਾਂ ਜਿਹੜੀਆਂ ਸੁਜ਼ੈਸ਼ਨਜ਼ ਗੋਇਲ ਸਾਹਿਬ ਨੇ ਦਿੱਤੀਆਂ ਹਨ ਉਨ੍ਹਾਂ ਨੂੰ ਮੁੱਖ ਰਖਾਂਗੇ । (ਵਿਘਨ) ਡਾਂਗ ਸਾਹਿਬ ਨੂੰ ਮੈਂ ਕਹਾਂਗਾ ਕਿ ਜਿਹੜੀ ਗਲਤੀ ਹੋਈ ਹੋਵੇ ਉਹ ਮੇਰੇ ਨੋਟਿਸ ਵਿਚ ਲਿਆਉਣ । ਬਾਕੀ ਟਰਾਂਸਫਰਜ਼ ਦੀ ਗੱਲ ਹੈ ? ਉਨ੍ਹਾਂ ਦਾ ਇਕ ਜਗ੍ਹਾਂ ਤੋਂ ਦੂਸਰੀ ਜਗ੍ਹਾ ਟਰਾਂਸਫਰ ਹੋ ਜਾਣਾ । ਆਮ ਤੌਰ ਤੇ ਇਕ ਜਗ੍ਹਾ ਤੇ ਤਿੰਨ ਸਾਲ ਜਾਂ ਚਾਰ ਸਾਲ ਤੱਕ ਰਹਿ ਸਕਦਾ ਹੈ ਪਰ ਜਿਹੜੇ 10—10,12—12 ਸਾਲ ਤੱਕ ਬੜੇ ਬੜੇ ਮੱਗਰਮੱਛ ਸੈਲਫ ਇੰਟਰੈਸਟ ਵਾਲੇ ਲੋਕਲ ਆਦਮੀ ਬੈਠੇ ਹਨ, ਅਗਰ ਉਨ੍ਹਾਂ ਨੂੰ ਕਿਸੇ ਨੂੰ ਗੋਬਿੰਦਗੜ੍ਹ ਤੋਂ ਪਟਿਆਲਾ ਬਦਲ ਦਿਤਾ ਜਾਵੇ ਜਾਂ ਪਟਿਆਲਾ ਤੋਂ ਗੋਬਿੰਦਗੜ੍ਹ ਬਦਲ ਦਿਤਾ ਜਾਵੇ ਅਤੇ ਇਸੇ ਤਰ੍ਹਾਂ ਹੀ ਜਲੰਧਰ ਤੋਂ ਅੰਮ੍ਰਿਤਸਰ ਅਤੇ ਅੰਮ੍ਰਿਤਸਰ ਤੋਂ ਜਲੰਧਰ ਬਦਲ ਦਿਤਾ ਜਾਵੇ ਤਾਂ ਇਸ ਵਿਚ ਕੋਈ ਆਫਤ ਨਹੀਂ ਆ ਜਾਂਦੀ ਜੋ ਉਨ੍ਹਾਂ ਨੇ ਉਥੇ ਕੰਮ ਕੀਤਾ ਹੈ ਉਸ ਨੂੰ ਮੁੱਖ ਰਖ ਕੇ ਹੀ ਬਦਲੀ ਕਰਾਂਗੇ।

ਇਹ ਪ੍ਰੋਵਿੰਸ਼ੇਲਾਈਜ਼ੇਸ਼ਨ ਦਾ ਮਤਲਬ ਇਹ ਸੀ ਕਿ ਲੋਕਲ ਬੰਦੇ ਨਾ ਰਹਿਣ ਬਲਕਿ ਦੂਸਰੀ ਜਗ੍ਹਾਂ ਜਾਕੇ ਇਹ ਲੋਕ ਘਟ ਕੁਰੱਪਸ਼ਨ ਕਰਨਗੇ । ਲੇਕਿਨ ਜ਼ਿਦਬਾਜ਼ੀ ਨਾਲ ਕੋਈ ਟਰਾਂਸਫਰ ਨਹੀਂ ਹੋਈ । ਸਕਰੀਨਿੰਗ ਕਮੇਟੀ ਬਣੀ ਹੋਈ ਹੈ ਉਸ ਵਿਚ ਆਫੀਸ਼ਲਜ਼ ਔਰ ਨਾਨ-ਆਫੀਸ਼ਲਜ਼ ਦੋਨੋਂ ਹੀ ਸ਼ਾਮਿਲ। ਹਨ ਉਸ ਕਮੇਟੀ ਨੇ ਉਨ੍ਹਾਂ ਦਾ ਪਿਛਲਾ ਰਿਕਾਰਡ ਉਨ੍ਹਾਂ ਦੀਆਂ ਕੁਆਲੀਫੀਕੇਸ਼ਨਜ਼ ,ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਮੁੱਖ ਰਖਿਆ ਹੈ। ਇਹਦੇ ਬਾਵਜੂਦ ਵੀ ਜੇ ਕਈ ਆਫੀਸ਼ਲ ਆਪਣੀ ਪੋਸਟ ਤੇ ਰਹਿਣ ਦੇ ਕਾਬਲ ਨਹੀਂ ਤਾਂ ਉਸ ਨੂੰ ਕਿਸੇ ਹੋਰ ਪੋਸਟ ਤੇ ਲਗਾ ਦਿਤਾ ਜਾਵੇ ਤਾਕਿ ਉਹ ਬੇਕਾਰ ਨਾ ਹੋਵੇ ਔਰ ਰੋਟੀ ਖਾ ਸਕੇ, ਇਸ ਲਈ ਵੀ ਇਸ ਵਿਚ ਪ੍ਰੋਵੀਜ਼ਨ ਹੈ। ਇਹ ਤਿੰਨ ਚਾਰ ਪੁਆਇੰਟਸ ਹਨ ਜਿਹੜੇ ਕਿ ਇਸ ਬਿਲ ਵਿਚ ਲਿਆਂਦੇ ਗਏ ਹਨ। ਮੈਨੂੰ ਉਮੀਦ ਹੈ ਕਿ ਹਾਊਸ ਦੇ ਮੈਂਬਰ ਸਾਹਿਬਾਨ ਇਸ ਨੂੰ ਮੰਨ ਲੈਣਗੇ । ਇੱਕ ਅਮੈਂਡਮੈਂਟ ਡਾਂਗ ਸਾਹਿਬ ਵਲੋਂ ਹੈ ਉਸ ਨੂੰ ਮੰਨ ਕੇ ਅਸੀਂ ਹੋਰ ਵੀ ਐਡਮਨਿਸਟ੍ਰੇਸ਼ਨ ਨੂੰ ਚੰਗੀ ਤਰ੍ਹਾਂ ਨਾਲ ਚਲਾ ਸਕਾਂਗੇ ਅਤੇ ਲੋਕਾਂ ਦੀ ਬੇਹਤਰੀ ਤੇ ਜ਼ਿਆਦਾ ਚੰਗੀ ਤਰ੍ਹਾਂ ਨਾਲ ਪੈਸਾ ਖਰਚ ਕਰ ਸਕਾਂਗੇ ।

ਇੱਕ ਸਾਲ ਦੇ ਅੰਦਰ ਅੰਦਰ, ਡਿਪਟੀ ਸਪੀਕਰ ਸਾਹਿਬ, ਕੋਈ 12 ਕਰੋੜ ਰੁਪਏ ਦੀ ਆਮਦਨ ਤੋਂ ਵਧਾ ਕੇ 23 ਕਰੋੜ ਰੁਪਏ ਦੀ ਆਮਦਨ ਮਿਉਂਸਿਪਲ ਕਮੇਟੀਆਂ ਦੀ ਹੋ ਗਈ ਹੈ । ਇਹ ਰੁਪਿਆ ਸੀਵਰੇਜ਼, ਡਰੇਨੇਜ ਤੇ ਲਗੇਗਾ ਔਰ ਸ਼ਹਿਰਾਂ ਦੇ ਲੋਕ ਇਸ ਨਾਲ ਜ਼ਿਆਦਾ ਰਾਹਤ ਮਹਿਸੂਸ ਕਰਨਗੇ ।

ਧੰਨਵਾਦ ।

Original with;
Punjab Vidhan Sabha
Digitized by;
Panjab Digital Library

**Mr. Deputy Speaker** : Question is—

That the Punjab Municipal (Second Amendment) Bill be taken into consideration at once.

*The motion was carried.*

**Mr. Deputy Speaker** : Now the House will proceed to consider the Bill Clause by Clause:

SUB-CLAUSE (2) OF CLAUSE 1

**Mr. Deputy Speaker** : Question is—

That Sub-clause (2) of Clause 1 stand part of the Bill.

*The motion was carried.*

CLAUSE 2

**Mr. Deputy Speaker** : Now Clause 2 is before the House. There is a notice of amendment to this clause by Comrade Satya Pal Dang.

**Comrade Satya Pal Dang** : Sir, I beg to move—

At the end of the Clause add the following—

"Nothing in the Act shall entitle any citizen to be considered socially and educationally backward if his income or the income of such person as he is dependent upon exceeds Rs. 10,000 per annum."

**Mr. Deputy Speaker** : Motion moved—

At the end of the Clause add the following—

"Nothing in this Act shall entitle any citizen to be considered socially and educationally backward if his income or the income of such person as he is dependent upon exceeds Rs. 10,000 per annum."

**Mr. Deputy Speaker**: Question is—

At the end of the Clause add the following—

"Nothing in this Act shall entitle any citizen to be considered socially and educationally backward if his income or the income of such person as he is dependent upon exceeds Rs. 10,000 per annum."

*The Motion was lost.*

**Mr. Deputy Speaker** : Question is—

That Clause 2 stand part of the Bill.

*The Motion was carried.*

CLAUSE 3

**Mr. Deputy Speaker** : Now Clause 3 is before the House. Comrade Satya Pal Dang wants to speak.

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਪੱਛਮ): ਮੈਂ ਕਲਾਜ਼ 3 ਨੂੰ ਆਪੋਜ਼ ਕਰਦਾ ਹਾਂ । ਮੈਂ ਇਸ ਤੇ ਅਮੈਂਡਮੈਂਟ ਦਿੱਤੀ ਸੀ ਪਰ ਤੁਸੀਂ ਐਡਮਿਟ ਨਹੀਂ ਕੀਤੀ। ਕਿਉਂਕਿ ਸਾਰੀ ਕਲਾਜ਼ ਨੂੰ ਮੈਂ ਅਪੋਜ਼ ਕਰਦਾ ਹਾਂ। ਉਹ ਐਡਮਿਟ ਹੋਣੀ ਚਾਹੀਦੀ ਸੀ। ਡਿਪਟੀ ਸਪੀਕਰ ਸਾਹਿਬ, ਪ੍ਰੋਵਿੰਸ਼ਲਾਈਜ਼ੇਸ਼ਨ ਦੇ ਸਬੰਧ ਵਿਚ ਮੈਂ ਆਪਣੀ ਪਰਸਨਲ ਐਕਸਪਲੇਨੇਸ਼ਨ ਬਾਰੇ ਟਾਈਮ ਬਾਅਦ ਵਿਚ ਨਹੀਂ ਲੈਣਾ ਚਾਹੁੰਦਾ ਪਿਛੇ ਜਿਹੇ ਇਸ ਬਾਰੇ ਇੱਕ ਕਾਨਫਰੰਸ ਹੋਈ ਜਿਸ ਵਿਚ ਬਤੌਰ ਮਿਉਨਸੀਪਲ ਕਮੇਟੀ ਦੇ ਪ੍ਰੈਜ਼ੀਡੈਂਟ ਦੇ ਮੈਂ ਵੀ ਉਥੇ ਹਾਜ਼ਰ ਸੀ । ਉਸ ਵੇਲੇ ਬਹੁਤ ਸਾਰੇ ਮਿਉਨਸੀਪਲ ਕਮੇਟੀਆਂ ਦੇ ਪ੍ਰੈਜ਼ੀਡੈਂਟ ਇਸ ਹੱਕ ਵਿਚ ਸਨ ਕਿ ਇਹ ਪੋਸਟਾਂ ਜਿਥੇ ਐਗਰੀਮੈਂਟ ਹੋਵੇ ਪ੍ਰੋਵਿੰਸ਼ੇਲਾਈਜ਼ ਕਰ ਲਈਆਂ ਜਾਣ । ਔਰ ਇਸ ਬਾਰੇ ਇਸ ਚੀਜ਼ ਦਾ ਤਜ਼ਰਬਾ ਕੀਤਾ ਜਾਵੇ ਕਿ ਇਹ ਚੀਜ਼ ਲੋਕਲ ਬਾਡੀਜ਼ ਨੂੰ ਹੈਲਪਫੁਲ ਹੋਈ ਹੈ ਜਾਂ ਨਹੀਂ, ਇਸ ਚੀਜ਼ ਬਾਰੇ ਦੇਖਿਆ ਜਾਵੇ । ਮੈਂ ਵੀ ਇਹ ਚੀਜ਼ ਕਹੀ ਸੀ ਕਿ ਇਸ ਚੀਜ਼ ਨਾਲ ਇਹ ਪਤਾ ਲਗੇਗਾ ਕਿ ਇਹ ਚੀਜ਼ ਲੋਕਲ ਬਾਡੀਜ਼ ਨੂੰ ਮੱਦਦਗਾਰ ਸਾਬਤ ਹੋਈ ਹੈ ਜਾਂ ਕਿ ਹਾਨੀਕਾਰਕ ਸਾਬਤ ਹੋਈ ਹੈ । ਕਿਸੇ ਹੋਰ ਕਮੇਟੀ ਨੂੰ ਪੁਛੇ ਬਿਨਾ, ਕਿਸੇ ਲੈਜਿਸਲੇਟਿਵ ਕਮੇਟੀ ਨੂੰ ਪੁਛੇ ਬਿਨਾਂ, ਬਿੰਦਰਾ ਸਾਹਿਬ ਔਰ ਸ਼ਰਮਾ ਸਾਹਿਬ ਨੇ ਸਿਵਾਏ ਕਲਰਕਸ ਔਰ ਸਵੀਪਰਜ਼ ਦੇ ਬਾਕੀ ਤਕਰੀਬਨ ਸਾਰੀਆਂ ਪੋਸਟਾਂ ਨੂੰ ਪਰੋਵਿੰਸੇਲਾਈਜ਼ ਕਰ ਦਿੱਤਾ ਹੈ । ਇਹ ਜਿਹੜੀਆਂ ਪਹਿਲਾਂ 4—5 ਪੋਸਟਾਂ ਪ੍ਰੋਵਿੰਸ਼ੇਲਾਈਜ਼ ਕੀਤੀਆਂ ਗਈਆਂ ਸਨ ਉਨ੍ਹਾਂ ਨੂੰ ਤਜ਼ਰਬੇ ਦੇ ਤੌਰ ਤੇ ਇੱਕ ਦੋ ਸਾਲ ਈਵੈਲੂਏਟ ਕੀਤਾ ਜਾਣਾ ਚਾਹੀਦਾ ਸੀ । ਪਰ ਤੇਜ਼ੀ ਨਾਲ ਹੋਰ ਪੋਸਟਾਂ ਨੂੰ ਵੀ ਪ੍ਰੋਵਿੰਸ਼ੇਲਾਈਜ਼ ਕਰਨਾ ਮੇਰੀ ਰਾਏ ਵਿਚ ਗਲਤੀ ਹੋਵੇਗੀ । ਤਜ਼ਰਬਾ ਸਾਬਤ ਕਰੇਗਾ ਕਿ ਇਸ ਤਰ੍ਹਾਂ ਕਰਨਾ ਅਨਡੈਮੋ-ਕ੍ਰੇਟਿਕ ਹੈ । ਸਾਰੀਆਂ ਪਾਵਰਜ਼ ਡਾਇਰਕਟੋਰੇਟ ਨੂੰ ਦੇਣੀਆਂ ਠੀਕ ਗਲ ਨਹੀਂ ਹੈ । ਚੰਡੀਗੜ੍ਹ ਬੈਠੇ ਜਿਸ ਨੂੰ ਮਰਜ਼ੀ ਅਨਫਿਟ ਕਰ ਦਿਉ, ਇਹ ਠੀਕ ਨਹੀਂ ਹੈ । ਇਹ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ।

**Mr. Deputy Speaker**: Question is—

That Clause 3 stand part of the Bill.

*The Motion was carried.*

CLAUSE 4

**Mr. Deputy Speaker**: Question is—

That Clause 4 stand part of the Bill.

*The Motion was carried.*

CLAUSE 5

**Mr. Deputy Speaker**. Now Clause 5 is before the House. There are certain notices of amendments to this Clause.

**Comrade Satya Pal Dang**: Sir, I beg to move—

In proposed sub-section (4) in lines 5 & 7 after the word "demand" add "including the amount of penalty."

**Mr. Deputy Speaker**: Motion moved—

In proposed sub-section (4) in lines 5 & 7 after the word demand" add "including the amount of penalty."

Original with;
Punjab Vidhan Sabha
Digitized by;
Panjab Digital Library

**Mr. Deputy Speaker** : Question is—

> In proposed sub-section (4) in lines 5 & 7 after the word "demand" add "including the amount of penalty."

*The Motion was carried.*

**Mr. Deputy Speaker** : There is another amendment to this clause.

**ਕਾਮਰੇਡ ਸੱਤ ਪਾਲ ਡਾਂਗ** : ਮੈਂ ਅਮੈਂਡਮੈਂਟ ਪੜ੍ਹ ਦਿੰਦਾ ਹਾਂ ਇਸ ਤੇ ਸ਼ਰਮਾ ਸਾਹਿਬ ਵਿਚਾਰ ਕਰ ਲੈਣ। ਪਨੈਲਟੀ ਔਰ ਚੁੰਗੀ ਵਸੂਲ ਨਹੀਂ ਹੁੰਦੀ ਜਿਸ ਤਰ੍ਹਾਂ ਹੁਣ ਇਹ ਕਲਾਜ਼ ਸਟੈਂਡ ਕਰਦੀ ਹੈ। ਇਸ ਬਾਰ ਹੋ ਜਾਏਗੀ।

Sir, I beg to move—

At the end add the following—

> "Nothing in sub-section (3) & (4) shall debar the Committee or its officers to take any other action permissible under the Act to recover the balance amount or the entire amount due, as the case may be on account of the demand and the penalty imposed."

**Mr. Deputy Speaker** : Motion moved—

At the end add the Fellowing—

> "Nothing in sub-section (3) and (4) shall debar the Committee or its officers to take any other action permissible under the Act to recover the balance amount or the entire amount due, as the case may be on account of the demand and the penalty imposed."

**Mr. Deputy Speaker** : Question is—

At the end add the following—

> "Nothing in sub-section (3) and (4) shall debar the Committee or its officers to take any other action permissible under the Act to recover the balance amount or the entire amount due, as the case may be on account of the demand and the penalty imposed."

*The Motion was lost.*

**Mr. Deputy Speaker** : Question is—

That Clause 5, as amended, stand part of the Bill.

*The Motion was carried.*

CLAUSE 6

**Mr. Deputy Speaker** : Question is—

That Clause 6 stand part of the Bill.

*The Motion was carried.*

CLAUSE 7

**Mr. Deputy Speaker** : Question is—

That Clause 7 stand part of the Bill.

*The Motion was carried.*

*Original with;*
Punjab Vidhan Sabha
*Digitized by;*
Panjab Digital Library

[Mr. Deputy Speaker]

Clauses 8, 9, 10, 11 and Sub-Clause(1) of Clause 1

**Mr. Deputy Speaker** : Question is—

That Clauses 8, 9, 10, 11 and sub-Clause (1) of Clause 1 stand part of the Bill.

*The Motion was carried.*

TITLE

**Mr. Deputy Speaker** : Question is—

That Title be the Title of the Bill.

*The Motion was carried.*

**Finance Minister** (Shri Hans Raj Sharma) . Sir, I beg to move—

That the Punjab Municipal (Second Amendment) Bill, as amended, be passed.

**Mr. Deputy Speaker** : Motion moved—

That the Punjab Municipal (Second Amendement) Bill, as amended, be passed.

**Mr. Deputy Speaker** : Question is—

That the Punjab Municipal (Second Amendment) Bill, as amended, be passed.

*The Motion was carried.*

## FIRST REPORT OF THE BUSINESS ADVISORY COMMITTEE

**Mr. Deputy Speaker** : I have to report to the House the programme of the Punjab Vidhan Sabha from the 6th September, 1976 to the 10th September, 1976, as contained in the First Report of the Business Advisory Committee. The Report reads—

After some discussion, it was decided that the following business be transacted at the sittings from the 6th September to 10th September, 1976:-

| | | |
|---|---|---|
| Monday, the 6th September(Afternoon) | i) | Papers to be laid on the Table of the Punjab Vidhan Sabha (Punjab Legislative Assembly). |
| | ii) | The Punjab Legislative Assembly (Allowances of Members) Second Amendment Bill, 1976 |
| | iii) | The Punjab Municipal (Second Amendment) Bill, 1976. |
| | iv) | The Punjab Cycle Rickshaws (Regulation of Licence) Bill, 1976. |

Original with;
Punjab Vidhan Sabha
Digitized by;
Panjab Digital Library

| | |
|---|---|
| | v) The Punjab Panchayat Samitis and Zilla Parishads (Second Amendment) Bill, 1976. |
| Tuesday, the 7th September (Morning) | i) Presentation of Supplementary Estimates (First Instalment) for the year 1976-77. |
| | ii) The Punjab Prevention of Anti-social and Hazardous Activities Bill, 1976. |
| | iii) The Punjab Agricultural Produce Markets (Amendment and Validation) Bill, 1976. |
| | iv) The Punjab Municipal Corporation Bill, 1976. |
| Wednesday, the 8th September (Morning) | i) Discussion and Voting of Demands for Grants. |
| | ii) The Punjab Municipal Corporation Bill, 1976 (If left over from 7th September, 1976). |
| Thursday, the 9th September | i) Discussion of motion under Rule 77 regarding Floods (Not exceeding two hours). |
| | ii) Non-official Resolutions. |
| Friday the 10th September, (Morning) | i) The Appropriation Bill relating to the Supplementary Estimates (First Instalment for the year 1976-77) (1½ hours) |
| | ii) Remaining legislative business. |
| | (The sitting of the House will if necessary, be extended or another sitting held the same day to complete the said remaining legislative business.) |

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that rule/those rules will stand suspended to that extent.

**Minister for Parliamentary Affairs** (Sardar Umrao Singh): Sir, I beg to move—

> That this House agrees with the recommendations contained in the First Report of the Business Advisory Committee.

Original with;
Punjab Vidhan Sabha
Digitized by;
Panjab Digital Library

**Mr. Deputy Speaker:** Motion moved—

That this House agrees with the recommendations contained in the First Report of the Business Advisory Committee.

**Mr. Deputy Speaker:** Question is—

That this House agrees with the recommendations contained in the First Report of the Business Advisory Committee.

*The Motion was carried.*

**ਕਾਮਰੇਡ ਸੱਤ ਪਾਲ ਡਾਂਗ:** ਆਨ ਏ ਪੁਆਇੰਟ ਆਫ਼ ਆਰਡਰ', ਸਰ। ਡਿਪਟੀ ਸਪੀਕਰ ਸਾਹਿਬ, ਇਹ ਰਿਪੋਰਟ ਪਾਸ ਹੋ ਗਈ ਹੈ, ਠੀਕ ਹੈ। ਪਰ ਮੇਰੀ ਅਰਜ਼ ਹੈ ਕਿ ਪੰਜਾਬ ਮਿਉਂਸੀਪਲ ਕਾਰਪੋਰੇਸ਼ਨ ਬਿਲ ਜਿਹੜਾ ਇਨ੍ਹਾਂ ਨੇ ਕੱਲ ਪੇਸ਼ ਕਰਨਾ ਹੈ ਉਹ ਖਾਸਾ ਵੱਡਾ ਬਿਲ ਹੈ। ਜਿਤਨੀ ਇਕ ਅੱਠਵੀਂ ਜਾਂ ਦੱਸਵੀਂ ਜਮਾਤ ਦੇ ਬੱਚੇ ਦੀ ਕਿਤਾਬ ਹੋਣੀ ਹੈ ਉਤਨਾ ਉਹ ਬਿਲ ਹੋਣਾ ਹੈ ਪਰ ਹਾਲੀਂ ਤੀਕ ਉਹ ਸਾਨੂੰ ਮਿਲਿਆ ਨਹੀਂ। ਉਹ ਬਿਲ ਅਸੀਂ ਪੜ੍ਹਾਂਗੇ ਕਦੋਂ ਅਤੇ ਅਮੈਂਡਮੈਂਟ ਵਗੈਰਾ ਕਦੋਂ ਬਣਾ ਕੇ ਦੇਵਾਂਗੇ? (ਵਿਘਨ)

**ਸ਼੍ਰੀ ਡਿਪਟੀ ਸਪੀਕਰ:** ਡਾਂਗ ਸਾਹਿਬ, ਕੋਸ਼ਿਸ਼ ਇਹੀ ਹੈ ਕਿ ਤੁਹਾਨੂੰ ਅੱਜ ਹੀ ਮਿਲ ਜਾਵੇ। ਬੰਦਾ ਪਰੈਸ ਵਿਚ ਭੇਜਿਆ ਹੋਇਆ ਹੈ।

---

## THE PUNJAB CYCLE RICKSHAWS (REGULATION OF LICENCE) BILL, 1976

**Finance Minister:** Sir, I beg to introduce the Punjab Cycle Rickshaws (Regulation of Licence) Bill,

Sir, I also beg to move—

That the Punjab Cycle Rickshaws (Regulation of Licence) Bill be taken into consideration at once.

ਡਿਪਟੀ ਸਪੀਕਰ ਸਾਹਿਬ, ਥੋੜ੍ਹੇ ਜਿਹੇ ਸ਼ਬਦਾਂ ਵਿਚ ਹੀ ਮੈਂ ਇਸ ਬਿਲ ਦਾ ਮੰਤਵ ਦੱਸਣਾ ਚਾਹੁੰਦਾ ਹਾਂ ਕਿ ਹਾਊਸ ਦੇ ਲੀਡਰ, ਗਿਆਨੀ ਜ਼ੈਲ ਸਿੰਘ ਜੀ ਨੇ ਜੋ ਇਕ ਨਵੀਂ ਸਕੀਮ ਸਾਰੇ ਦੇਸ਼ ਨੂੰ ਦਿਤੀ ਸੀ, ਰਿਕਸ਼ਾ ਚਾਲਕਾਂ ਨੂੰ ਰਿਕਸ਼ਾ ਮਾਲਕ ਬਣਾਉਣ ਦੀ, ਉਸ ਦੇ ਮੁਤਾਬਕ ਔਰ ਉਸ ਪ੍ਰੋਗਰਾਮ ਤੇ ਚਲਦੇ ਹੋਏ 7700 ਬੰਦਿਆਂ ਨੂੰ ਅਸੀਂ ਰਿਕਸ਼ਾ ਮਾਲਕ ਬਣਾ ਦਿਤਾ ਹੈ। 54 ਲੱਖ ਰੁਪਿਆਂ ਬੈਂਕਾਂ ਤੋਂ ਲੋਨ ਦਿਵਾਇਆ ਹੈ ਔਰ ਇਸ ਰਕਮ ਤੇ ਜਿਹੜਾ ਵਿਆਜ ਹੈ, ਇਨਟਰੈਸਟ ਹੈ ਉਹ ਸਰਕਾਰ ਨੇ ਆਪਣੇ ਕੋਲੋਂ ਦਿਤਾ ਹੈ। ਜਿਹੜਾ ਰਿਕਸ਼ਾ ਦਾ ਮਾਲਕ ਬਣਾਇਆ ਹੈ, ਚਾਹੇ ਰਿਕਸ਼ਾ ਸੈਕੰਡ ਹੈਂਡ ਸੀ ਜਾਂ ਨਵੀਂ ਸੀ ਉਸ ਦੇ ਲਈ ਜੋ ਉਸ ਨੇ ਰੁਪਿਆ ਵਾਪਸ ਕਰਨਾ ਹੈ ਉਹ 15 ਇਨਸਟਾਲਮੈਂਟਸ ਦੇ ਵਿਚ ਉਸ ਨੇ ਵਾਪਸ ਕਰਨਾ ਹੈ। ਡਿਪਟੀ ਸਪੀਕਰ ਸਾਹਬ, ਰਿਕਸ਼ਾ ਚਾਲਕਾਂ ਨੂੰ ਰਿਕਸ਼ਾ ਮਾਲਕ ਬਣਾਉਣ ਦੇ ਰਸਤੇ ਵਿਚ ਇਕ ਰੁਕਾਵਟ ਆਉਂਦੀ ਸੀ ਕਿ ਜਿਹੜਾ ਮਿਡਲਮੈਨ ਹੈ ਉਹ ਬਹੁਤ ਸਾਰੀਆਂ ਰਿਕਸ਼ਾ ਖਰੀਦ ਕੇ, ਲਾਇਸੈਂਸ ਉਨ੍ਹਾਂ ਤੋਂ ਲੈ ਕੇ, ਉਨ੍ਹਾਂ ਨੂੰ ਅਗੇ ਕਿਰਾਏ ਰਿਕਸ਼ਾ ਚਲਾਉਣ ਵਾਸਤੇ ਦਿੰਦਾ ਸੀ ਅਜੇ ਚਲਾਉਣ ਵਾਲੇ ਨੂੰ ਰੋਜ਼ ਦੇ ਚਾਰ ਜਾਂ ਪੰਜ ਰੁਪਏ ਕਿਰਾਏ ਦੇ ਤੌਰ ਤੇ ਉਸ ਬੰਦੇ ਨੂੰ ਦੇਣੇ ਪੈਂਦੇ ਸੀ। ਉਹ ਲੋਕ ਇਸ ਤਰ੍ਹਾਂ ਉਨ੍ਹਾਂ ਦਾ ਨਜਾਇਜ਼ ਫਾਇਦਾ ਉਠਾਉਂਦੇ ਸਨ। ਇਸ ਲਈ ਅਸੀਂ ਇਸ ਬਿਲ ਰਾਹੀਂ ਇਹ ਕਰ ਰਹੇ ਹਾਂ ਕਿ ਉਹੀ ਲੋਕ

Original with;
Punjab Vidhan Sabha
Digitized by;
Panjab Digital Library

ਜਿਹੜੇ ਆਪ ਖੁਦ ਰਿਕਸ਼ਾ ਚਲਾਉਂਦੇ ਹਨ ਉਹ ਹੀ ਲਾਇਸੈਂਸ ਲੈ ਸਕਣ । ਉਸ ਤੋਂ ਅੱਗੇ ਇਸ ਦੇ ਵਿਚ ਇਹ ਕੀਤਾ ਗਿਆ ਹੈ ਕਿ ਜਿਹੜੀਆਂ ਵਿਧਵਾਵਾਂ ਹਨ ਜਾਂ ਡਿਸਏਬਲਡ ਆਦਮੀ ਹਨ ਉਹ ਆਪਣੀ ਜਗ੍ਹਾ ਦੂਸਰਾ ਬੰਦਾ ਰਖ ਸਕਦੇ ਹਨ । ਇਸੇ ਤਰ੍ਹਾਂ ਕਈ ਇਨਸਟੀਚਿਊਸ਼ਨਜ਼ ਹਨ, ਸਕੂਲ ਹਨ ਜਾਂ ਹੋਰ ਇਸ ਤਰ੍ਹਾਂ ਦੇ ਅਦਾਰੇ ਹਨ, ਉਨ੍ਹਾਂ ਨੂੰ ਵੀ ਇਸ ਦੀ ਇਜ਼ਾਜਤ ਦਿੱਤੀ ਹੈ ਪਰ ਉਸ ਨੂੰ ਇਸ ਦਾ ਰੰਗ ਪੀਲਾ ਕਰਨਾ ਪਵੇਗਾ ।

ਬਾਕੀ, ਡਿਪਟੀ ਸਪੀਕਰ ਸਾਹਿਬ, ਅਸੀਂ 30 ਦਿਨ ਦਿਤੇ ਹਨ ਤਾਂ ਕਿ ਜਿਹੜੇ ਹੁਣ ਲਾਇਸੈਂਸ ਇਨਵੈਲਿਡ ਹਨ ਉਹ ਦੁਸਰਾ ਲਾਇਸੈਂਸ ਬਣਾ ਸਕਣ ਅਤੇ ਜਿਹੜੇ ਰਿਕਸ਼ਾ ਐਕਚੂਅਲੀ ਚਲਾਉਂਦੇ ਹਨ ਉਹੀ ਬਣਾ ਸਕਣ। ਇਸ ਬਿਲ ਰਾਹੀਂ ਪ੍ਰਾਫੀਟੀਅਰਜ਼ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ । 25—20 ਹਜ਼ਾਰ ਦੇ ਕਰੀਬ ਇਸ ਵੇਲੇ ਰਿਕਸ਼ਾ ਚਲਦਾ ਹੈ । ਬਗੈਰ ਲਾਇਸੈਂਸ ਦੇ ਰਿਕਸ਼ਾ ਚਲਾਉਣ ਦਾ ਅਸੀਂ ਇਹ ਪ੍ਰਬੰਧ ਕੀਤਾ ਹੈ ਜਿਹੜਾ ਰਿਕਸ਼ਾ ਬਗੈਰ ਲਾਇਸੈਂਸ ਦੇ ਮਿਲ ਜਾਵੇਗਾ ਉਹ ਗੌਰਮਿੰਟ ਦੀ ਪ੍ਰਾਪਰਟੀ ਉਸੇ ਵੇਲੇ ਹੋ ਜਾਵੇਗੀ ।

ਉਹ ਸਾਡੇ ਕੋਲ ਆ ਜਾਏਗਾ। ਇਹ ਸਾਰੇ ਇੰਤਜ਼ਾਮਾਤ ਇਸ ਕਰਕੇ ਕੀਤੇ ਹਨ ਕਿ ਹਰ ਆਦਮੀ ਲਾਇਸੈਂਸ ਲਵੇ ਔਰ ਜਿਹੜੇ ਰਿਕਸ਼ਾ ਚਲਾਉਣ ਵਾਲੇ ਹਨ ਉਨ੍ਹਾਂ ਨੂੰ ਰਿਕਸ਼ਾ ਮਿਲੇ ਅਤੇ ਉਨ੍ਹਾਂ ਦਾ ਕੁਝ ਫਾਇਦਾ ਹੋਵੇ ।

**Mr. Deputy Speaker** : Motion moved—

That the Punjab Cycle-Rickshaws (Regulation of Licence) Bill be taken into consideration at once.

**ਕਾਮਰੇਡ ਸੱਤ ਪਾਲ ਡਾਂਗ** (ਅੰਮ੍ਰਿਤਸਰ ਪੱਛਮ): ਡਿਪਟੀ ਸਪੀਕਰ ਸਾਹਿਬ, ਇਹ ਬਿਲ ਜਿਹੜਾ ਸ਼ਰਮਾ ਜੀ ਨੇ ਪੇਸ਼ ਕੀਤਾ ਹੈ ਮੈਂ ਸਮਝਦਾ ਹਾਂ ਕਿ ਇਹ ਚੰਗਾ ਬਿਲ ਹੈ ਔਰ ਇਸਦਾ ਹਾਊਸ ਨੂੰ ਸਵਾਗਤ ਕਰਨਾ ਚਾਹੀਦਾ ਹੈ। (ਥੰਪਿੰਗ) ਰਿਕਸ਼ਾ ਚਲਾਉਣ ਵਾਲਾ ਸਾਡੇ ਸਮਾਜ ਦਾ ਇਕ ਐਸਾ ਹਿੱਸਾ ਹੈ ਮੇਰਾ ਖ਼ਿਆਲ ਹੈ ਕਿ ਉਹ ਸਭ ਨਾਲੋਂ ਜ਼ਿਆਦਾ ਜ਼ੁਲਮ ਦਾ ਸ਼ਿਕਾਰ ਹੈ । ਇਸ ਦੇ ਵਿਚ 5—6 ਸਾਲ ਬਾਅਦ ਰਿਕਸ਼ਾ ਚਲਾਉਣ ਵਾਲਾ ਤਪਦਿਕ ਦਾ ਮਰੀਜ਼ ਹੋ ਜਾਂਦਾ ਹੈ । ਉਨ੍ਹਾਂ ਦੀ ਕਾਫੀ ਐਕਸਪਲਾਇਟੇਸ਼ਨ ਵੀ ਹੁੰਦੀ ਹੈ। ਅੱਜ ਤੋਂ ਪਹਿਲਾਂ ਇਹ ਰਿਕਸ਼ਾ ਪੰਜ ਛੇ ਸੌ ਰੁਪਏ ਦਾ ਆਉਂਦਾ ਸੀ ਅਤੇ ਹੁਣ ਇਸ ਦੀ ਕੀਮਤ ਕੋਈ ਸੱਤ ਅੱਠ ਸੌ ਰੁਪਏ ਹੋਣੀ ਹੈ । ਬਹੁਤ ਸਾਰੇ ਰਿਕਸ਼ਾ ਚਲਾਉਣ ਵਾਲਿਆਂ ਕੋਲ ਆਪਣੀ ਰਿਕਸ਼ਾ ਨਹੀਂ ਸੀ ਹੁੰਦੀ ਅਤੇ ਉਨ੍ਹਾਂ ਨੂੰ ਕਿਰਾਏ ਤੇ ਲੈਣੀ ਪੈਂਦੀ ਸੀ। ਕਿਰਾਏ ਤੇ ਦੇਣ ਵਾਲਿਆਂ ਵਿਚੋਂ ਕੁਝ ਤਾਂ ਉਹ ਸਨ ਜਿਹੜੇ ਕਿ ਰਿਕਸ਼ਾ ਆਪ ਬਣਾਉਂਦੇ ਸਨ ਔਰ ਕੁਝ ਐਸੇ ਹੁੰਦੇ ਸਨ ਜਿਹੜੇ ਕਿ ਬਣਾਉਣ ਵਾਲਿਆਂ ਤੋਂ ਖ਼ਰੀਦ ਕੇ ਸੌ ਡੇਢ ਸੌ ਰਿਕਸ਼ਾ ਅਗੇ ਕਿਰਾਏ ਤੇ ਦੇ ਦਿੰਦੇ ਸਨ ਅਤੇ ਕਿਰਾਇਆ ਲੈਂਦੇ ਸਨ ਢਾਈ ਤਿੰਨ ਸੌ ਰੁਪਏ ਰੋਜ਼ । ਤੁਸੀਂ ਹਿਸਾਬ ਲਗਾਓ ਕਿ ਕਿਤਨਾ ਜ਼ਿਆਦਾ ਕਿਰਾਇਆ ਹੁੰਦਾ ਸੀ। ਹੁਣ ਹਿੰਦੁਸਤਾਨ ਦੀ ਸਰਕਾਰ ਨੇ ਆਪਣੇ 20 ਨੁਕਾਤੀ ਪ੍ਰੋਗਰਾਮ ਵਿਚ ਇਨ੍ਹਾਂ ਵਲ ਧਿਆਨ ਦਿਤਾ ਹੈ ਅਤੇ ਪੰਜਾਬ ਸਰਕਾਰ ਨੇ ਇਸ ਬਾਰੇ ਕਾਨੂੰਨ ਬਣਾਇਆ ਹੈ । ਇਹ ਬੜੀ ਚੰਗੀ ਗਲ ਹੈ। ਮੇਰਾ ਖ਼ਿਆਲ ਹੈ ਕਿ ਇਸ ਬਾਰੇ ਸਭ ਤੋਂ ਪਹਿਲਾਂ ਆਵਾਜ਼ ਅੰਮ੍ਰਿਤਸਰ ਦੀ ਰਿਕਸ਼ਾ ਯੂਨੀਅਨ ਨੇ ਉਠਾਈ ਸੀ। ਉਸ ਨੇ ਕਿਹਾ ਸੀ ਕਿ ਕਿਉਂਜੋ ਬੈਂਕ ਨੈਸ਼ਨੇਲਾਈਜ਼ ਹੋ ਗਏ ਹਨ ਅਤੇ ਕੀ ਸਾਨੂੰ ਬੈਂਕਾਂ ਕੋਲੋਂ ਰਿਕਸ਼ਾ ਵਾਸਤੇ ਕਰਜ਼ਾ ਨਹੀਂ ਮਿਲ ਸਕਦਾ? ਸਭ ਤੋਂ ਪਹਿਲਾਂ ਪੰਜਾਬ ਨੈਸ਼ਨਲ ਬੈਂਕ ਨੇ ਅੰਮਿਤਸਰ ਵਿਚ ਇਸ ਬਾਰੇ ਇਕ ਸਕੀਮ ਬਣਾਈ ਸੀ । ਉਹ ਕਰਜ਼ਾ ਦਿੰਦੇ ਸੀ ਅਤੇ ਉਸ ਦੇ ਉਤੇ ਸੂਦ ਲੈਂਦੇ ਸੀ । ਪੰਜਾਬ ਸਰਕਾਰ ਨੇ ਚੰਗੀ ਪਹਿਲਕਦਮੀ ਕੀਤੀ ਹੈ ਅਤੇ ਇਨ੍ਹਾਂ ਨੇ ਕਿਹਾ ਹੈ ਕਿ ਇਸ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਦਾ ਸੂਦ ਜਿਹੜਾ ਹੈ ਉਹ ਸਰਕਾਰ ਦੇਵੇਗੀ। ਇਹ ਚੰਗੀ ਸਕੀਮ ਹੈ । ਇਸ ਦੇ ਨਾਲ ਉਨ੍ਹਾਂ ਨੂੰ ਥੋੜ੍ਹੀ ਜਿਹੀ ਰਾਹਤ ਮਿਲੀ ਹੈ ।

ਇਸ ਤੋਂ ਬਾਅਦ ਇਕ ਸਕੀਮ ਇਹ ਬਣਾਈ ਹੈ ਅਗਰ ਰਿਕਸ਼ਾ ਚਲਾਉਣ ਵਾਲਾ ਵਰਦੀ ਪਾਉਂਦਾ ਹੈ ਔਰ ਉਹ ਵਰਦੀ ਦਸੀ ਗਈ ਹੈ ਕਿ 40 ਰੁਪਏ ਦੀ ਹੋਵੇਗੀ। ਉਸ ਵਰਦੀ ਲਈ ਕੁਝ ਹਿੱਸਾ ਸਬੰਧਤ ਮਿਊਂਸਪਲ ਕਮੇਟੀ ਦੇਵੇਗੀ ਅਤੇ ਕੁਝ ਹਿੱਸਾ ਸਾਡੀ ਸਰਕਾਰ ਨੇ ਦੇਣਾ ਹੈ ਅਤੇ 10 ਰੁਪਏ ਰਿਕਸ਼ਾ ਵਾਲੇ ਨੇ ਦੇਣੇ ਹਨ । ਕੁਝ ਥਾਂਵਾਂ ਯਾਨੀ ਲੁਧਿਆਣਾ ਆਦਿ ਵਿਚ ਵਰਦੀਆਂ ਵੰਡੀਆਂ ਵੀ ਗਈਆਂ ਹਨ ਅਤੇ ਅੰਮ੍ਰਿਤਸਰ ਵਿਚ 2 ਅਕਤੂਬਰ ਨੂੰ ਵੰਡੀਆਂ ਜਾਣਗੀਆਂ । ਕੁਝ ਪਤਾ ਲਗਾ ਹੈ ਕਿ ਵਰਦੀ ਤੇ 40 ਰੁਪਏ ਤੋਂ ਘੱਟ ਖਰਚ ਆਇਆ ਹੈ । ਜਿਹੜੇ ਪੈਸੇ ਮਿਊਂਸਪਲ ਕਮੇਟੀਆਂ ਨੇ ਦੇਣੇ ਹਨ ਉਹ ਉਨ੍ਹਾਂ ਨੇ ਆਪਣੇ ਬਜਟ ਵਿਚ ਰੱਖ ਦਿਤੇ ਅਤੇ ਡਿਪਟੀ ਕਮਿਸ਼ਨਰਾਂ ਨੇ ਦੇ ਦਿਤੇ । ਮੈਂ ਕਹਿੰਦਾ ਹਾਂ ਕਿ ਅਗਰ ਵਰਦੀ ਸਸਤੀ ਬਣੀ ਹੈ ਤਾਂ ਰਿਕਸ਼ਾ ਵਾਲਿਆਂ ਤੋਂ 10 ਰੁਪਏ ਲੈਣ ਦੀ ਥਾਂ 6 ਰੁਪਏ ਲਏ ਜਾਣ, ਇਸ ਤਰ੍ਹਾਂ ਉਨ੍ਹਾਂ ਨੂੰ ਕੁਝ ਹੋਰ ਰਾਹਤ ਮਿਲੇਗੀ ।

ਮੈਂ ਪਹਿਲਾਂ ਕਿਹਾ ਹੈ ਕਿ ਇਹ ਬਿਲ ਬੜਾ ਚੰਗਾ ਹੈ, ਪਰ ਜਿਥੋਂ ਤਕ ਮੈਨੂੰ ਇਲਮ ਹੈ, ਇਹ ਬਿਲ ਸਭ ਤੋਂ ਪਹਿਲਾਂ ਬਿਹਾਰ ਦੀ ਸਰਕਾਰ ਨੇ ਬਣਾਇਆ ਸੀ । ਇਸ ਵਿਚ ਇਕ ਹੋਰ ਗੱਲ ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਲਾਈਸੰਸ ਹਨ ਇਹ ਦੋ ਕਿਸਮ ਦੇ ਹਨ । ਇਕ ਰਿਕਸ਼ਾ ਦਾ ਅਤੇ ਦੂਸਰਾ ਡਰਾਈਵਰ ਦਾ ।

**ਸਰਦਾਰ ਗੁਰਮੇਜ਼ ਸਿੰਘ** : ਡਿਪਟੀ ਸਪੀਕਰ ਸਾਹਿਬ, ਇਹ ਬਿਹਾਰ ਬੜੀ ਛੇਤੀ ਪਹੁੰਚ ਜਾਂਦੇ ਹਨ, ਇਨ੍ਹਾਂ ਨੂੰ ਉਥੇ ਹੀ ਭੇਜ ਦਿਓ ।

**ਕਾਮਰੇਡ ਸੱਤ ਪਾਲ ਡਾਂਗ** : ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਹੁਣ ਰਿਕਸ਼ਾ ਚਲਾਉਣ ਵਾਲਾ ਰਿਕਸ਼ਾ ਦਾ ਮਾਲਕ ਹੋਵੇਗਾ ਅਤੇ ਉਸਨੂੰ ਮਾਲਕੀ ਦਾ ਲਾਈਸੰਸ ਵੀ ਬਣਾਉਣਾ ਪਵੇਗਾ । ਹੁਣ ਇਹ ਕਰ ਦਿਤਾ ਹੈ ਕਿ ਮਾਲਕ ਉਹ ਹੋਵੇਗਾ ਜਿਹੜਾ ਖੁਦ ਚਲਾਏਗਾ । ਇਸ ਦਾ ਅਸੀਂ ਸਵਾਗਤ ਕੀਤਾ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਚੰਗੀ ਚੀਜ਼ ਹੈ ਮੈਂ ਇਕ ਬੇਨਤੀ ਇਹ ਕਰਨੀ ਚਾਹੁੰਦਾ ਹਾਂ ਅਤੇ ਸ਼ਰਮਾ ਸਾਹਿਬ ਦੇ ਨੋਟਿਸ ਵਿਚ ਅਗੇ ਵੀ ਲਿਆਂਦਾ ਸੀ ਕਿ ਮਿਊਂਸਪਲ ਕਮੇਟੀਆਂ ਨੇ ਰਿਕਸ਼ਾ ਤੇ ਇਕ ਟੈਕਸ ਲਗਾਇਆ ਹੈ ਜਿਹੜਾ ਕਿ 36 ਰੁਪਏ ਦੇ ਕਰੀਬ ਹੈ । ਪਹਿਲਾਂ ਉਹ ਟੈਕਸ ਰਿਕਸ਼ਾ ਮਾਲਕਾਂ ਨੂੰ ਦੇਣਾ ਪੈਂਦਾ ਸੀ ,ਜਿਹੜੇ ਅਗੇ ਰਿਕਸ਼ਾ ਕਿਰਾਏ ਤੇ ਦਿੰਦੇ ਸਨ। ਹੁਣ ਰਿਕਸ਼ਾ ਚਲਾਉਣ ਵਾਲਾ ਸਰਕਾਰ ਦੀ ਮਦਦ ਨਾਲ ਬੈਂਕਾਂ ਤੋਂ ਸੂਦ ਤੇ ਕਰਜ਼ਾ ਲੈ ਕੇ ਆਪ ਰਿਕਸ਼ਾ ਲੈਂਦਾ ਹੈ ਅਤੇ ਉਹ ਗ਼ਰੀਬ ਆਪ ਹੀ ਮਾਲਕ ਹੋਵੇਗਾ । ਮੈਂ ਸ਼ਰਮਾ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੇ ਡਾਇਰੈਕਟੋਰੇਟ ਨੂੰ ਹਦਾਇਤ ਦੇਣ ਕਿ ਰਿਕਸ਼ਾ ਤੇ ਜੋ ਟੈਕਸ ਇਸ ਵਕਤ ਚਲ ਰਿਹਾ ਹੈ ਉਹ ਬਹੁਤ ਜ਼ਿਆਦਾ ਹੈ, ਹੁਣ ਦੀ ਸਥਿਤੀ ਨੂੰ ਸਾਹਮਣੇ ਰਖ ਕੇ ਨਵੇਂ ਸਿਰਿਉਂ ਗੌਰ ਕਰਨਾ ਚਾਹੀਦਾ ਹੈ , ਕਿਉਂਕਿ ਰਿਕਸ਼ਾ ਡਰਾਇਵਰ ਅਤੇ ਰਿਕਸ਼ਾ ਮਾਲਕ ਇਕੋ ਆਦਮੀ ਹੈ । ਮਿਊਂਸਪਲ ਕਮੇਟੀਆਂ ਨੂੰ ਹਦਾਇਤ ਦਿਤੀ ਜਾਵੇ ਕਿ ਇਕੋ ਹੀ ਲਾਈਸੈਂਸ ਹੋਣਾ ਚਾਹੀਦਾ ਹੈ ਅਤੇ ਆਪਣੇ ਬਾਈਲਾਜ਼ ਉਸ ਦੇ ਮੁਤਾਬਕ ਅਮੈਂਡ ਕਰਾ ਲੈਣ ।

ਅਗਲੀ ਗਲ, ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ ਇਹ ਸਾਰੇ ਕਦਮ ਪਰੀਜ਼ੈਂਪਸ਼ਨਜ਼ ਤੇ ਹਨ। ਰਿਕਸ਼ਾ ਖਿਚਣ ਦਾ ਕੰਮ ਸਾਡੇ ਪੰਜਾਬ ਔਰ ਦੇਸ਼ ਵਿਚ ਚਲਦੇ ਰਹਿਣਾ ਇਹ ਠੀਕ ਕੰਮ ਨਹੀਂ ਹੈ । (ਘੰਟੀ)

Original with;
Punjab Vidhan Sabha
Digitized by;
Panjab Digital Library

## EXTENSION OF TIME OF THE SITTING

ਸ੍ਰੀ ਡਿਪਟੀ ਸਪੀਕਰ: ਹਾਊਸ ਦੀ ਮਰਜ਼ੀ ਨਾਲ ਹਾਊਸ ਦਾ ਸਮਾਂ ਅੱਧੇ ਘੰਟੇ ਲਈ ਵਧਾਇਆ ਜਾਂਦਾ ਹੈ।

## THE PUNJAB CYCLE-RICKSHAWS (REGULATION OF LICENCE) BILL 1976 (*Resumption*)

**ਕਾਮਰੇਡ ਸੱਤ ਪਾਲ ਡਾਂਗ** : ਡਿਪਟੀ ਸਪੀਕਰ ਸਾਹਿਬ, ਇਹ ਜਿਹੜੇ ਸਾਰੇ ਕਦਮ ਚੁਕੇ ਹਨ ਇਹ ਬੁਰਾਈ ਦੇ ਵਿਚ ਮਾੜੇ ਮੋਟੇ ਸੁਧਾਰ ਕਰਨ ਵਾਲੀ ਗੱਲ ਹੈ। ਡਿਪਟੀ ਸਪੀਕਰ ਸਾਹਿਬ, ਸ਼ਰਮਾ ਜੀ ਨੇ ਕਿਹਾ ਹੈ ਕਿ ਸਾਡੇ ਪੰਜਾਬ ਦੇ ਵਿਚ ਜਿਹੜੀ ਕਿ ਸਭ ਤੋਂ ਜ਼ਿਆਦਾ ਪ੍ਰਾਸਪਰੱਸ ਸਟੇਟ ਹੈ, ਇਥੇ 25,000 ਰਿਕਸ਼ਾ ਖਿਚਣ ਵਾਲੇ ਕੰਮ ਕਰਦੇ ਹਨ। ਮੈਂ ਮੁਤਾਇਲਾ ਕੀਤਾ ਹੈ ਕਿ ਇਹ ਕੰਮ 8—10 ਸਾਲਾਂ ਵਿਚ ਵਧਿਆ ਹੈ, ਲਗਾਤਾਰ ਵਧਿਆ ਹੈ। ਮੈਂ ਸਮਝਦਾ ਹਾਂ ਕਿ ਇਹ ਸਾਡੇ ਲਈ ਮਾੜੀ ਗੱਲ ਹੈ, ਕੋਈ ਫ਼ਖ਼ਰ ਵਾਲੀ ਗੱਲ ਨਹੀਂ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਆਰਥਿਕ ਢਾਂਚੇ ਦੇ ਵਿਚ ਬੁਨਿਆਦੀ ਤਬਦੀਲੀਆਂ ਜਲਦੀ ਤੋਂ ਜਲਦੀ ਲਿਆਉਣੀਆਂ ਚਾਹੀਦੀਆਂ ਹਨ। ਪੰਜਾਬ ਔਰ ਹਿਦੁਸਤਾਨ ਦੇ ਵਿਚ ਇਹ ਚੰਗੀ ਗਲ ਨਹੀਂ ਕਿ ਸਾਈਕਲ ਰਿਕਸ਼ਾ ਤੇ ਬੰਦੇ ਨੂੰ ਬੰਦਾ ਖਿਚੇ ਅਤੇ 5—6 ਸਾਲਾਂ ਬਾਅਦ ਤਪਦਿਕ ਦਾ ਮਰੀਜ਼ ਬਣ ਜਾਵੇ। ਇਹ ਨਹੀਂ ਹੋਣਾ ਚਾਹੀਦਾ। ਇਨ੍ਹਾਂ ਨੂੰ ਕਾਰਖ਼ਾਨਿਆਂ ਵਿਚ ਐਂਪਲਾਇਮੈਂਟ ਦੇਣੀ ਚਾਹੀਦੀ ਹੈ ਜਾਂ ਜਿੰਨਾਂ ਚਿਰ ਤਕ ਇਹ ਕੰਮ ਚਲਦਾ ਹੈ ਇਸ ਦੇ ਵਿਚ ਸੁਧਾਰ ਲਿਆਉਣਾ ਚੰਗੀ ਗੱਲ ਹੈ। ਪਰ ਦੂਜੇ ਪਾਸੇ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਇਹ ਜਿਹੜੀ ਲਾਹਨਤ ਹੈ, ਜਿਹੜਾ ਧੱਬਾ ਹੈ ਇਸ ਨੂੰ ਆਪਣੇ ਮੱਥੇ ਤੋਂ ਛੇਤੀ ਤੋਂ ਛੇਤੀ ਲਾਹਿਆ ਜਾਵੇ।

ਸਰਦਾਰ ਪ੍ਰੇਮ ਸਿੰਘ ਪ੍ਰੇਮ (ਰਾਏਪੁਰ): ਡਿਪਟੀ ਸਪੀਕਰ ਸਾਹਿਬ, ਇਹ ਬਿੱਲ ਜਿਹੜਾ ਗਿਆਨੀ ਜੀ ਦੀ ਸਰਕਾਰ ਨੇ ਅੱਜ ਇਥੇ ਹਾਊਸ ਵਿਚ ਲਿਆਂਦਾ ਹੈ ਮੈਂ ਇਸ ਦੀ ਪ੍ਰੋੜਤਾ ਕਰਨ ਵਾਸਤੇ ਔਰ ਇਸ ਨੂੰ ਵੈਲਕਮ ਕਰਨ ਵਾਸਤੇ ਖੜਾ ਹੋਇਆ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਇਕ ਇਨ—ਕਲਾਬੀ ਬਿਲ ਹੈ ਔਰ ਸਰਕਾਰ ਦੀ ਜਿਤਨੀ ਵੀ ਇਸ ਵਿਚ ਸ਼ੋਭਾ ਕੀਤੀ ਜਾਏ, ਚੰਗੀ ਹੈ। ਜਿਹੜੀਆਂ ਸਾਰੀਆਂ ਗਲਾਂ ਸ਼ਰਮਾਂ ਜੀ ਨੇ ਦਸੀਆਂ ਹਨ ਹਾਊਸ ਦਾ ਵਕਤ ਬਚਾਉਣ ਦੇ ਵਾਸਤੇ ਮੈਂ ਉਨ੍ਹਾਂ ਵਿਚ ਨਹੀਂ ਜਾਂਦਾ। ਉਹ ਆਦਮੀ ਜਿਹੜਾ ਰਿਕਸ਼ਾ ਆਪ ਚਲਾਉਂਦਾ ਹੈ ਉਸ ਨੂੰ ਮਾਲਿਕ ਬਣਾ ਦਿਤਾ, ਬਿਨਾ ਸੂਦ ਦੇ ਕਰਜੇ ਦੇ ਕੇ ਅਤੇ ਵਰਦੀਆਂ ਆਦਿ ਦੀ ਰਾਹਤ ਦਿਤੀ ਹੈ। ਇਕ ਹੋਰ ਜਿਹੜਾ ਕਿ ਸ਼ਰਮਾ ਜੀ ਨੇ ਖ਼ੁਦ ਦਸਿਆ ਹੈ ਕਿ ਇਸ ਤੋਂ ਇਲਾਵਾ ਇਸ ਦੇ ਵਿਚ ਸਜ਼ਾ ਵੀ ਹੈ, ਜਿਹੜਾ ਇਸ ਦੀ ਉਲੰਘਣਾ ਕਰੇਗਾ। ਵਿਧਵਾਵਾਂ ਵਾਸਤੇ, ਡਿਸਏਬਲਡ ਪਰਸਨਜ਼ ਵਾਸਤੇ ਅਤੇ ਇੰਸਟੀਚਿਊਸ਼ਨਜ਼ ਵਾਸਤੇ ਤੇ ਕੁਝ ਰਿਆਇਤਾਂ ਵੀ ਦਿਤੀਆਂ ਹਨ। ਮੈਂ ਉਨ੍ਹਾਂ ਨੂੰ ਦੋਹਰਾਵਾਂਗਾ ਨਹੀਂ ਪਰ ਇਕ ਗਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਜਿਹੜਾ ਕੈਪੀਟਲਿਸਟ ਸਿਸਟਮ ਹੈ ਉਸ ਦੇ ਵਿਚ ਜਿਹੜੀ ਸਭ ਤੋਂ ਵੱਡੀ ਬੀਮਾਰੀ ਹੈ ਉਹ ਐਕਸਪਲਾਇਟੇਸ਼ਨ ਆਫ਼ ਲੇਬਰ ਹੈ। ਇਸ ਬਿਲ ਨੂੰ ਲਿਆ ਕੇ ਐਕਸਪਲਾਇਟੇਸ਼ਨ ਆਫ਼ ਲੇਬਰ ਜਿਹੜੀ ਹੈ, ਇਸ ਨੂੰ ਕਮ—ਅਜ਼—ਕਮ ਇਸ ਵਿਚੋਂ ਖਤਮ ਕੀਤਾ ਜਾਵੇ। ਮੈਂ ਸਮਝਦਾ ਹਾਂ ਕਿ ਅਗਰ ਅਸੀਂ ਐਕਸਪਲਾਇਟੇਸ਼ਨ ਆਫ਼ ਲੇਬਰ ਨੂੰ ਖ਼ਤਮ ਕਰ ਦਿੰਦੇ ਹਾਂ ਤਾਂ ਸੋਸ਼ਲਿਜ਼ਮ ਵਲ ਕਦਮ ਵਧਦਾ ਹੈ, ਇਸ ਵਿਚ ਕੋਈ ਮੁਬਾਲਗੇ ਵਾਲੀ ਗਲ ਨਹੀਂ। ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਜਿਸ ਵਲ ਕਿ ਡਾਂਗ ਸਾਹਿਬ ਨੇ ਵੀ ਇਸ਼ਾਰਾ ਕੀਤਾ ਹੈ। ਉਹ ਗੱਲ ਕਹਿਣ ਵਾਸਤੇ ਹੀ ਮੈਂ ਖੜਾ ਹੋਇਆ ਹਾਂ। ਇਹ ਠੀਕ ਹੈ ਕਿ ਮਿਡਲਮੈਨ ਵਿਚੋਂ ਨਿਕਲ ਜਾਵੇਗਾ ਔਰ ਉਸ ਤਰੀਕੇ ਨਾਲ ਉਨ੍ਹਾਂ ਨੂੰ ਕਿਰਾਏ ਤੇ ਰਿਕਸ਼ਾ ਨਹੀਂ ਲੈਣਾ ਪਏਗਾ ਅਤੇ ਉਹ ਘੱਟ ਤੋਂ ਘਟ ਆਪਣੀ ਰੋਟੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰੇਮ ਸਿੰਘ ਪ੍ਰੇਮ]

ਤਾਂ ਕਮਾ ਸਕੇਗਾ। ਲੇਕਿਨ ਇਹ ਬੜੀ ਮਾੜੀ ਗੱਲ ਹੈ ਕਿ ਇੱਕ ਆਦਮੀ ਚਲਾਉਂਦਾ ਹੈ ਅਤੇ ਦੂਜਾ ਆਦਮੀ ਇਸ ਦੇ ਵਿੱਚ ਬੈਠਦਾ ਹੈ । ਇਹ ਬੜੀ ਸ਼ਰਮਿੰਦਗੀ ਵਾਲੀ ਗਲ ਹੈ । ਇਹ ਬਹੁਤ ਵਡੀ ਲਾਹਨਤ ਹੈ । ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਜਿਤਨੀ ਜਲਦੀ ਹੋ ਸਕੇ ਇਨ੍ਹਾਂ ਰਿਕਸ਼ਿਆਂ ਨੂੰ ਆਟੋ ਰਿਕਸ਼ਿਆਂ ਵਿੱਚ ਬਦਲਿਆ ਜਾਵੇ। ਇਸ ਕੰਮ ਵਿੱਚ ਵੀ ਪੰਜਾਬ ਪਹਿਲ ਕਰੇ ਅਤੇ ਦੂਸਰਿਆਂ ਸੂਬਿਆਂ ਨੂੰ ਲੀਡ ਦੇਵੇ । ਇਸ ਤਰ੍ਹਾਂ ਕਰਨ ਨਾਲ ਰਿਕਸ਼ਾ ਚਾਲਕ ਨੂੰ ਘੱਟ ਤੋਂ ਘਟ ਜਿਸਮਾਨੀ ਮਿਹਨਤ ਤਾਂ ਨਹੀਂ ਕਰਨੀ ਪਵੇਗੀ । ਮੈਂ ਭਾਵੇਂ ਜਿਸਮਾਨੀ ਮਿਹਨਤ ਨੂੰ ਬੁਰਾ ਨਹੀਂ ਸਮਝਦਾ, ਲੇਕਿਨ ਇੱਕ ਆਦਮੀ ਦੂਜੇ ਆਦਮੀ ਨੂੰ ਰਿਕਸ਼ਾ ਵਿੱਚ ਬਿਠਾ ਕੇ ਰਿਕਸ਼ਾ ਚਲਾਵੇ ਇਹ ਬੜੀ ਭੈੜੀ ਗੱਲ ਹੈ। ਇਸ ਨੂੰ ਜਿਤਨੀ ਜਲਦੀ ਹੋ ਸਕੇ ਹਟਾਇਆ ਜਾਵੇ । ਮੈਂ ਇਨ੍ਹਾਂ ਸ਼ਬਦਾਂ ਨਾਲ ਇਸ ਬਿਲ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਇਸ ਤਰ੍ਹਾਂ ਦਾ ਇਨਕਲਾਬੀ ਬਿਲ ਲਿਆਂਦਾ ਹੈ ਜਿਸ ਦੇ ਰਾਹੀਂ ਐਕਸਪਲਾਇਟੇਸ਼ਨ ਆਫ ਲੇਬਰ ਮੁਕਦੀ ਹੈ ਅਤੇ ਜਿਹੜੇ ਮਿਡਲਮੈਨ ਦਲਾਲ ਬਣਦੇ ਹਨ ਉਹ ਖਤਮ ਹੁੰਦੇ ਹਨ ਅਤੇ ਰਿਕਸ਼ਾ ਪੁਲਰਜ਼ ਨੂੰ ਜ਼ਿਆਦਾ ਆਮਦਨ ਹੁੰਦੀ ਹੈ ।

**ਚੌਧਰੀ ਦਰਸ਼ਨ ਸਿੰਘ** (ਨੂਰ ਮਹਿਲ): ਡਿਪਟੀ ਸਪੀਕਰ ਸਾਹਿਬ, ਬਹੁਤ ਤਕਰੀਰਾਂ ਹੋਈਆਂ ਹਨ। ਡਾਂਗ ਸਾਹਿਬ ਨੇ ਕਿਹਾ ਹੈ ਕਿ ਇਹ ਚੀਜ਼ ਬਿਹਾਰ ਵਿੱਚ ਪਹਿਲਾਂ ਹੋਈ ਹੈ, ਇਹ ਠੀਕ ਨਹੀਂ । ਬਿਹਾਰ ਵਿੱਚ ਇਹ ਅਜੇ ਤਕ ਨਹੀਂ ਹੋਈ। ਸਾਡਾ ਇੱਕ ਡੈਲੀਗੇਸ਼ਨ ਗਿਆ ਸੀ, ਕੇ. ਪੀ. ਸਾਹਿਬ ਵੀ ਸਾਡੇ ਨਾਲ ਸਨ। ਪੰਜਾਬ ਸਰਕਾਰ ਨੇ ਸਭ ਤੋਂ ਪਹਿਲਾਂ ਇਹ ਸਟੈਪ ਲਿਆ ਹੈ ਅਤੇ ਮਿਡਲਮੈਨ ਨੂੰ ਕਢਿਆ ਹੈ। ਗੌਰਮਿੰਟ ਆਫ ਇੰਡੀਆਂ ਅਤੇ ਪੰਜਾਬ ਗੌਰਮਿੰਟ ਦੀ ਇਹ ਪਾਲਿਸੀ ਹੈ ਕਿ ਮਿਡਲਮੈਨ ਨੂੰ ਹਰ ਪਾਸੇ ਖਤਮ ਕੀਤਾ ਜਾਵੇ। ਇਹ ਤਾਂ ਬਹੁਤ ਪੂਅਰ ਕਲਾਸ ਹੈ, ਇਸ ਵਿੱਚੋਂ ਮਿਡਲਮੈਂਨ ਨੂੰ ਕੱਢਣਾ ਹੈ । ਇੱਕ ਆਦਮੀ 5 ਜਾਂ 10 ਰੁਪਏ ਕਮਾਏ ਅਤੇ ਉਸ ਵਿਚੋਂ ਤਿੰਨ ਰੁਪਏ ਰੋਜ਼ ਮਿਡਲਮੈਨ ਨੂੰ ਦੇਵੇ, ਇਹ ਗ਼ਲਤ ਗੱਲ ਹੈ । ਇਸ ਮਨਾਪਲੀ ਨੂੰ ਬਰੇਕ ਕੀਤਾ ਹੈ । ਇਹ ਪਰਮਾਨੈਂਟਲੀ ਬਰੇਕ ਹੋਣਾ ਚਾਹੀਦਾ ਹੈ । ਪਾਰਟੀਕੁਲਰਲੀ ਇਸ ਪੁਅਰੈਸਟ ਸੈਕਸ਼ਨ ਆਫ ਦੀ ਸੁਸਾਇਟੀ ਵਿੱਚ ਇਹ ਮਨਾਪਲੀ ਜ਼ਰੂਰ ਖਤਮ ਹੋਣੀ ਚਾਹੀਦੀ ਹੈ। ਦੂਸਰੀ ਗਲ ਇਹ ਹੈ ਜਿਹੜੀ ਕਿ ਪੰਜਾਬ ਸਰਕਾਰ ਦੇ ਕਰੈਡਿਟ ਵਿੱਚ ਜਾਂਦੀ ਹੈ ਕਿ ਕੋਈ 35 ਹਜ਼ਾਰ ਐਸੇ ਲੋਕ ਹਨ ਜਿਹੜੇ ਕਿ ਕੁਝ ਲਾਈਸੈਂਸੀ ਹਨ ਅਤੇ ਕੁਝ ਬਿਨਾਂ ਲਾਇਸੈਂਸ ਤੋਂ ਰਿਕਸ਼ਾ ਚਲਾਂਉਂਦੇ ਹਨ, ਅਤੇ ਕਈ ਰਿਕਸ਼ਿਆਂ ਤੇ ਤਾਂ ਤਿੰਨ ਤਿੰਨ ਬੰਦੇ ਅੱਠ ਅੱਠ ਘੰਟੇ ਦੇ ਹਿਸਾਬ ਨਾਲ ਕੰਮ ਕਰਦੇ ਹਨ, 30 ਸਾਲ ਦੀ ਆਜ਼ਾਦੀ ਤੋਂ ਬਾਅਦ ਇਹ ਇਨਹਿਊਮਨ ਚੀਜ਼ ਜਿਹੜੀ ਹੈ ਇਹ ਖ਼ਤਮ ਨਹੀਂ ਹੋਈ, ਲੇਕਿਨ ਪੰਜਾਬ ਸਰਕਾਰ ਨੇ ਇਹ ਇਕ ਅੱਛਾ ਸਟੈਪ ਲਿਆ ਹੈ । ਅਨਇੰਪਲਾਇਮੈਂਟ ਦੂਰ ਕਰਨ ਲਈ ਇੱਕ ਕਮੇਟੀ ਪੰਜਾਬ ਸਰਕਾਰ ਨੇ ਬਣਾਈ ਹੈ ਜਿਸਦੇ ਕਿ ਤੁਸੀਂ ਚੇਅਰਮੈਨ ਹੋ। ਇਸ ਦੇ ਵਿੱਚ ਪ੍ਰਾਂਤ ਦੇ ਇਨ੍ਹਾਂ ਅਨਇੰਪਲਾਇਡ ਨੌਜਵਾਨਾਂ ਨੂੰ ਇੰਪਲਾਇਮੈਂਟ ਦੇਣ ਲਈ ਤਰੀਕੇ ਲੱਭਣੇ ਹਨ। ਮੇਰੀ ਪੰਜਾਬ ਸਰਕਾਰ ਅੱਗੇ ਤੇ ਤੁਹਾਡੇ ਅੱਗੇ ਇਹ ਰਿਕੁਐਸਟ ਹੈ, ਤਜਵੀਜ਼ ਹੈ ਕਿ ਅਸੀਂ ਯੂਥ ਨੂੰ ਇਸ ਰਿਕਸ਼ਾ ਚਲਾਉਣ ਦੇ ਪਰੋਫੈਸ਼ਨ ਵਿੱਚੋਂ ਕੱਢੀਏ ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਵੀ ਉਸ ਕਮੇਟੀ ਦੇ ਮੈਂਬਰ ਹੋ, ਕਦੇ ਮੀਟਿੰਗ ਅਟੈਂਡ ਕਰਨ ਆ ਜਾਇਆ ਕਰੋ ।

**ਚੌਧਰੀ ਦਰਸ਼ਨ ਸਿੰਘ** : ਡਿਪਟੀ ਸਪੀਕਰ ਸਾਹਿਬ, ਤੁਸੀਂ ਉਸ ਕਮੇਟੀ ਦੇ ਪ੍ਰਧਾਨ ਹੋ । ਮੈਂ ਗਿਆਨੀ ਜੀ ਨੂੰ ਵੀ ਪ੍ਰਪੋਜ਼ਲ ਦਿੱਤੀ ਸੀ ਅਤੇ ਗਿਆਨੀ ਜੀ ਨੇ ਉਸੇ ਵੇਲੇ ਕਮੇਟੀ ਨਾਮੀਨੇਟ

Original with;
Punjab Vidhan Sabha
Digitized by;
Panjab Digital Library

ਕਰ ਦਿੱਤੀ ਸੀ । ਇਹ ਕਮੇਟੀ ਸੂਬੇ ਵਿਚੋਂ ਅਨਇੰਪਲਾਇਮੈਂਟ ਖ਼ਤਮ ਕਰਨ ਵਾਸਤੇ ਅਤੇ ਯੂਥ ਨੂੰ ਇਸ ਪਾਸੇ ਡਾਇਵਰਟ ਕਰਨ ਵਾਸਤੇ ਅਤੇ ਜਿਹੜੇ 35,000 ਦੇ ਕਰੀਬ ਨੌਜਵਾਨ ਰਿਕਸ਼ਾ ਚਲਾਉਂਦੇ ਹਨ ਉਹ ਘੱਟ ਕੇ 10,000 ਰਹਿ ਜਾਣ ਅਤੇ ਉਨ੍ਹਾਂ ਰਿਕਸ਼ਿਆਂ ਤੇ ਵੀ ਮੋਟਰਾਂ ਲਗ ਜਾਣ, ਪੈਡਲਿੰਗ ਤੇ ਉਹ ਡਿਪੈਂਡ ਨਾ ਕਰਨ. ਇਸ ਵਾਸਤੇ ਇਹ ਬਹੁਤ ਅੱਛਾ ਸਟੈਪ ਹੈ । ਦੂਸਰੀ ਗੱਲ ਜਿਹੜੀ ਬਹੁਤ ਇੰਮਪਾਰਟੈਂਟ ਹੈ ਉਹ ਇਹ ਹੈ ਕਿ ਗਰੀਬ ਰਿਕਸ਼ਾ ਚਾਲਕ 3 ਰੁਪਏ ਮਹੀਨਾ ਨਹੀਂ ਦੇ ਸਕਦਾ, ਉਹ ਸਾਲ ਦੇ 36 ਰੁਪਏ ਨਹੀਂ ਦੇ ਸੁਕਦਾ । ਇਕ ਪਾਸੇ ਤਾਂ ਉਹ ਰਿਕਸ਼ਾ ਦੇ ਮਾਲਕ ਨੂੰ ਕਿਰਾਇਆ ਦਿੰਦਾ ਹੈ ਅਤੇ ਦੂਜੇ ਪਾਸੇ ਉਹ ਤਿੰਨ ਰੁਪਏ ਮਹੀਨੇ ਮਿਉਂਸਪਲ ਕਮੇਟੀ ਨੂੰ ਟੈਕਸ ਦੇ ਤੌਰ ਤੇ ਦੇਵੇ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਟੋਟਲੀ ਅਬਾਲਿਸ਼ ਕਰ ਦਿਓ ਤੁਸੀਂ ਇਹ ਅਬਾਲਿਸ਼ ਕਰਕੇ 50,000 ਦੇ ਕਰੀਬ ਰਿਕਸ਼ਾ ਚਾਲਕਾਂ ਤੇ ਬਹੁਤ ਭਾਰੀ ਅਹਿਸਾਨ ਕਰੋਗੇ (ਤਾੜੀਆਂ) । ਲੇਕਿਨ ਇੱਕ ਗਲ ਦੀ ਜ਼ਰੂਰ ਪਾਬੰਦੀ ਰੱਖੋ । ਰਿਕਸ਼ਾ ਦਾ ਲਾਇਸੈਂਸ ਉਸ ਨੂੰ ਜਾਰੀ ਕਰੋ ਜਿਹੜਾ ਕਿ ਆਪ ਰਿਕਸ਼ਾ ਚਲਾਵੇ । ਉਸ ਤੇ ਰਜਿਸਟਰੇਸ਼ਨ ਫੀਸ 2, 3 ਰੁਪਏ ਹੋਵੇ । 36 ਰੁਪਏ ਅਨਕਾਲਡਫਾਰ ਹੈ, ਇਸ ਵੀਕਰ ਸੈਕਸ਼ਨ ਆਫ ਦੀ ਸੁਸਾਇਟੀ ਤੇ ਲੈਵੀ ਕਰਨਾ । ਤੁਸੀਂ ਹੋਰ ਲਗਜ਼ਰੀ ਗੁੱਡਜ਼ ਤੇ ਟੈਕਸ ਲਾ ਦਿਓ । ਲੇਕਿਨ ਇਸ ਨੂੰ ਬਾਹਰ ਕੱਢ ਦਿਓ । ਪੰਜਾਬ ਪਹਿਲੀ ਸਟੇਟ ਹੈ ਜਿਥੇ ਰਿਕਸ਼ਾ ਪੁਲਰਜ਼ ਨੂੰ ਵਰਦੀਆਂ ਦਿੱਤੀਆਂ ਗਈਆਂ ਹਨ । ਇਹ ਵੀ ਕਰੈਡਿਟ ਇਸ ਸਰਕਾਰ ਨੂੰ ਜਾਂਦਾ ਹੈ। ਮੇਰੀ ਸ਼ਰਮਾ ਜੀ ਅੱਗੇ ਬੇਨਤੀ ਹੈ ਕਿ ਜਿਹੜੇ ਰਿਕਸ਼ਾ ਪੁਲਰਜ਼ ਹਨ ਉਨ੍ਹਾਂ ਦੀਆਂ ਰਿਕਸ਼ਾ ਤੇ ਇੰਜਣ ਲਵਾ ਦਿਓ ਤਾਂ ਕਿ ਉਹ ਅਰਾਮ ਨਾਲ ਰਿਕਸ਼ਾ ਚਲਾ ਸਕਣ ।

**ਸ੍ਰੀ ਪ੍ਰਤਾਪ ਚੰਦ ਭੰਡਾਰੀ** (ਅੰਮ੍ਰਿਤਸਰ ਕੇਂਦਰੀ): ਡਿਪਟੀ ਸਪੀਕਰ ਸਾਹਿਬ, ਜਿਹੜੇ ਪੁਆਇੰਟਸ ਜ਼ਿਆਦਾ ਡਿਸਕਸ ਹੋ ਚੁਕੇ ਹਨ ਮੈਂ ਉਨ੍ਹਾਂ ਨੂੰ ਰਿਪੀਟ ਨਹੀਂ ਕਰਨਾ ਚਾਹਾਂਗਾ । ਲੇਕਿਨ ਇੱਕ ਗੱਲ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪੁਰਾਣੇ ਰਿਕਸ਼ੇ ਲੋਕਾਂ ਨੇ ਕਿਸ ਤਰੀਕੇ ਨਾਲ ਠੀਕ ਕਰਵਾ ਲਏ ਹਨ, ਮੈਂ ਸ਼ਰਮਾ ਜੀ ਨੂੰ ਰਿਕੁਐਸਟ ਕਰਾਂਗਾ ਕਿ ਇਸ ਤਰ੍ਹਾਂ ਦਾ ਸਿਸਟਮ ਬਣਾਉਣ ਕਿ ਉਹ ਰਿਕਸ਼ਾ ਉਸ ਦੇ ਕੋਲੋਂ ਲੈ ਕੇ ਦੂਸਰਿਆਂ ਨੂੰ ਦਿਵਾ ਦਿੱਤਾ ਜਾਵੇ ਤਾਂ ਕਿ ਉਨ੍ਹਾਂ ਦਾ ਜਿਹੜਾ ਰੁਪਿਆ ਲਗਿਆ ਹੋਇਆ ਹੈ । ਉਹ ਉਸਨੂੰ ਮਿਲ ਜਾਵੇ । ਦੂਸਰੀ ਚੀਜ਼ ਇਹ ਹੈ ਕਿ ਜਿਹੜਾ 30 ਦਿਨਾਂ ਦਾ ਟਾਈਮ ਦਿੱਤਾ ਹੈ ਨਵਾਂ ਲਾਇਸੈਂਸ ਬਣਾਉਣ ਦਾ, ਮੈਂ ਇਸ ਸਬੰਧ ਵਿੱਚ ਇਹ ਬੇਨਤੀ ਕਰਾਂਗਾ ਕਿ ਜਿਤਨੀ ਦੇਰ ਤਕ ਉਹ ਇਨ੍ਹਾਂ ਪੁਰਾਣੀਆਂ ਰਿਕਸ਼ਿਆਂ ਦਾ ਇੰਤਜ਼ਾਮ ਨਹੀਂ ਕਰ ਲੈਂਦੇ, ਉਨ੍ਹਾਂ ਦਾ ਖਿਆਲ ਰੱਖਿਆ ਜਾਵੇ

**ਵਿੱਤ ਮੰਤਰੀ** (ਸ੍ਰੀ ਹੰਸ ਰਾਜ ਸ਼ਰਮਾ): ਡਿਪਟੀ ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਵਰਦੀਆਂ ਦੇ ਬਾਰੇ ਵਿਚ ਕਿਹਾ ਹੈ ਕਿ ਕਈ ਜਗ੍ਹਾਂ 30 ਰੁਪਏ ਲਗਦੇ ਹਨ, ਇਸ ਲਈ ਜਿਤਨੇ ਪੈਸੇ ਲਗਦੇ ਹਨ ਉਸਦੀ ਪਰਸੈਂਟੇਜ ਦੇ ਮੁਤਾਬਿਕ ਰਿਕਸ਼ੇ ਵਾਲਿਆਂ ਤੋਂ ਘੱਟ ਰੁਪਏ ਲਏ ਜਾਣ । ਇਹ ਠੀਕ ਹੈ ਕਿ ਉਨ੍ਹਾਂ ਨੂੰ 10 ਰੁਪਏ ਨਹੀਂ ਦੇਣੇ ਪੈਣਗੇ ਬਲਕਿ 7.50 ਰੁਪਏ ਦੇਣੇ ਪੈਣਗੇ । ਮਿਉਂਸਪਲ ਕਮੇਟੀ 11.25 ਰੁਪਏ ਦੇਵੇਗੀ, ਰੈਡ ਕਰਾਸ 11.25 ਰੁਪਏ ਦੇਵੇਗੀ ਅਤੇ ਰਿਕਸ਼ਾ ਪੁਲਰ 7.50 ਰੁਪਏ ਦੇਵੇਗਾ । ਇਹ ਪਰਪੋਸ਼ਨੇਲਟੀ ਦੇਣਗੇ । ਇਹ ਨਹੀਂ ਹੋਵੇਗਾ ਕਿ ਉਸਨੂੰ 10 ਰੁਪਏ ਦੇਣੇ ਪੈਣ । ਵਰਦੀਆਂ ਦੇਣ ਦਾ ਕੰਮ ਬਿਹਾਰ ਵਿੱਚ ਨਹੀਂ ਹੋਇਆ। ਇਸ ਵਾਸਤੇ ਸਾਰੇ ਹਾਉਸ ਨੂੰ ਇਸ ਦੇ ਲਈ ਮੁਬਾਰਕਬਾਦ । (ਤਾੜੀਆਂ) ਜਿਥੋਂ ਤਕ ਸਰਦਾਰ ਪ੍ਰੇਮ ਸਿੰਘ ਪ੍ਰੇਮ ਦੀ ਸੁਜ਼ੈਸ਼ਨ ਸੀ ਕਿ ਆਟੋ ਰਿਕਸ਼ਾ ਬਣਾਈਆਂ ਜਾਣ, ਉਸਦੇ ਬਾਰੇ ਵਿੱਚ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਸਕੀਮ ਹੈ ਕਿ ਮੋਟਰਾਂ ਲਗਾ ਦਿੱਤੀਆਂ ਜਾਣ । ਉਹ ਬੈਂਕਾਂ ਤੋਂ ਬਿਨਾਂ ਸੂਦ ਤੇ 2500 ਰੁਪਿਆ ਲੈ ਸਕਦਾ ਹੈ ਆਪਣੀ ਰਿਕਸ਼ਾ ਤੇ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਮੋਟਰ ਲਗਾਉਣ ਲਈ, ਉਸਦਾ ਸੂਦ ਸਰਕਾਰ ਦੇਵੇਗੀ । ਹੁਣ ਤਕ ਅਸੀਂ 130 ਰਿਕਸ਼ਾ ਚਾਲਕਾਂ ਦੀਆਂ ਰਿਕਸ਼ਿਆਂ ਤੇ ਮੋਟਰਾਂ ਲਗਾ ਕੇ ਦਿੱਤੀਆਂ ਹਨ ਸਾਢੇ ਤਿੰਨ ਲੱਖ ਰੁਪਿਆ ਉਨ੍ਹਾਂ ਵਿੱਚ ਵੰਡ ਸਕੇ ਹਾਂ ਇੰਪ੍ਰੂਵਮੈਂਟ ਹਾਲੇ ਸਲੋ ਹੈ । ਬਾਕੀ ਸਾਰੇ ਅੰਕੜੇ ਪਤਾ ਲਗ ਜਾਣਗੇ ਕਿ ਰਿਕਸ਼ਾ ਚਾਲਕ 30 ਹਜ਼ਾਰ ਹਨ ਜਾਂ 40 ਹਜ਼ਾਰ ਹਨ ਜਿਸ ਵੇਲੇ ਨਵੇਂ ਲਾਇਸੈਂਸ ਇਸ਼ੂ ਹੋਣਗੇ ਅਤੇ ਪੁਰਾਣੇ ਲਾਈਸੈਂਸ ਰਿਵੋਕ ਹੋ ਜਾਣਗੇ । ਸਾਡੀ ਕੋਸ਼ਿਸ਼ ਹੈ ਕਿ ਰਿਕਸ਼ਾ ਚਾਲਕ ਰਿਕਸ਼ਾ ਦਾ ਮਾਲਕ ਬਣ ਜਾਵੇ । ਜਿਤਨੇ ਵੀ ਆਪਣੀ ਰਿਕਸ਼ਾ ਤੇ ਮੋਟਰ ਲਗਾਉਣਾ ਚਾਹੁੰਣ ਉਹ ਅਸੀਂ ਕੋਸ਼ਿਸ਼ ਕਰਕੇ ਲਗਾ ਦੇਵਾਂਗੇ ।

ਇੱਕ, ਡਿਪਟੀ ਸਪੀਕਰ ਸਾਹਿਬ, ਚੌਧਰੀ ਦਰਸ਼ਨ ਸਿੰਘ ਜੀ ਨੇ ਸੁਜੈਸ਼ਨ ਦਿੱਤੀ ਹੈ ਕਿ ਜਿਹੜਾ ਅਸੀਂ ਤਿੰਨ ਰੁਪਏ ਤੋਂ 36 ਰੁਪਏ ਕਰ ਦਿੱਤਾ ਹੈ, ਇਹ ਬਹੁਤ ਜ਼ਿਆਦਾ ਹੈ । ਉਸਦੇ ਬਾਰੇ ਵਿੱਚ ਮੈਂ ਚੀਫ਼ ਮਨਿਸਟਰ ਸਾਹਿਬ ਨਾਲ ਗਲ ਕੀਤੀ ਹੈ, ਉਹ ਅਸੀਂ 6 ਰੁਪਏ ਕਰ ਦਿਆਂਗੇ । ਜਿਹੜਾ ਆਪ ਰਿਕਸ਼ਾ ਚਲਾਏਗਾ ਉਸ ਨੂੰ 6 ਰੁਪਏ ਦੇਣੇ ਪੈਣਗੇ ।

**ਕਾਮਰੇਡ ਸੱਤ ਪਾਲ ਡਾਂਗ** : ਇਹ ਜਿਹੜਾ ਰਿਕਸ਼ਾ ਉਤੇ ਟੈਕਸ ਹੈ, ਸ਼ਰਮਾ ਸਾਹਿਬ ਨੂੰ ਪਤਾ ਹੈ ਕਿ ਇਹ ਮਿਊਂਸਪਲ ਕਮੇਟੀਆਂ ਨੇ ਲਗਾਉਣਾ ਹੁੰਦਾ ਹੈ ਅਤੇ ਕੁਝ ਜਗ੍ਹਾਂ ਤੇ ਇਹ ਛੇ ਰੁਪਏ ਹੈ ਕੁਝ ਜਗ੍ਹਾਂ ਤੇ ਇਹ 2 ਜਾਂ 3 ਰੁਪਏ ਵੀ ਹੈ । ਇਸ ਕਰਕੇ ਇਹ ਜਿਹੜਾ 6 ਰੁਪਏ ਕਹਿ ਰਹੇ ਹਨ, ਇਹ ਜ਼ਿਆਦਾ ਹੈ ਜਿਹੜਾ ਕਿ ਰਿਕਸ਼ਾ ਵਾਲੇ ਨੇ ਦੇਣਾ ਹੈ ।

**ਚੌਧਰੀ ਦਰਸ਼ਨ ਸਿੰਘ** : ਡਾਂਗ ਸਾਹਿਬ, ਤੁਸੀਂ ਕਿੰਨਾਂ ਕਹਿੰਦੇ ਹੋ ?

**ਕਾਮਰੇਡ ਸੱਤ ਪਾਲ ਡਾਂਗ** : ਦੋ ਰੁਪਏ ।

**ਵਿੱਤ ਮੰਤਰੀ** : ਅਸੀਂ ਇਹ ਕਰਾਂਗੇ ਕਿ ਸਾਰੀਆਂ ਮਿਊਂਸਪਲ ਕਮੇਟੀਆਂ ਨੂੰ ਲਿਖ ਦੇਵਾਂਗੇ ਕਿ ਤੁਸੀਂ 6 ਰੁਪਏ ਤੋਂ ਵਧ ਟੈਕਸ ਨਹੀਂ ਲਗਾ ਸਕਦੇ, 4,3 ਜਾਂ ਦੋ ਰੁਪਏ ਲਗਾ ਸਕਦੇ ਹੋ ਪਰ 6 ਰੁਪਏ ਤੋਂ ਵੱਧ ਨਹੀਂ ਲਗਾ ਸਕਦੇ, ਇਹ ਅਸੀਂ ਮਿਊਂਸਪਲ ਕਮੇਟੀਆਂ ਨੂੰ ਲਿਖ ਦੇਵਾਂਗੇ । ਇਸ ਤਰ੍ਹਾਂ ਰਿਕਸ਼ਾ ਵਾਲਿਆਂ ਦੀ ਮੱਦਦ ਹੋ ਜਾਵੇਗੀ । ਅਸੀਂ ਜਿਹੜੀ ਸਕੀਮ ਬਣਾਈ ਹੈ ਕਿ ਰਿਕਸ਼ਿਆਂ ਨੂੰ ਮੋਟਰਾਈਜ਼ ਕਰ ਦੇਈਏ, ਮੈਂ ਚਾਹਵਾਂਗਾ ਕਿ ਮੈਂਬਰ ਸਾਹਿਬਾਨ ਵੀ ਇਸ ਦੇ ਵਿਚ ਮੱਦਦ ਕਰਨਗੇ ਤਾਂ ਜੋ ਇਹ ਸਕੀਮ ਕਾਮਯਾਬ ਹੋਵੇ ਅਤੇ ਜਿਹੜੀ ਆਦਮੀ ਨੂੰ ਆਦਮੀ ਖਿਚਣ ਵਾਲੀ ਪ੍ਰਾਬਲਮ ਹੈ, ਇਹ ਖ਼ਤਮ ਹੋ ਜਾਵੇ, ਇਹ ਜਿਹੜੀ ਹਿਊਮੈਨ ਲੇਬਰ ਹੈ, ਇਹ ਖ਼ਤਮ ਹੋ ਸਕੇ । ਇਸ ਕਰਕੇ ਅਸੀਂ ਇਹ ਚਾਹੁੰਦੇ ਹਾਂ ਕਿ ਜ਼ਿਆਦਾ ਤੋਂ ਜ਼ਿਆਦਾ ਰਿਕਸ਼ੇ ਮੋਟਰਾਈਜ਼ ਪੰਜਾਬ ਵਿਚ ਹੋ ਜਾਣ ।

**Mr. Deputy Speaker :** Question is—

That the Punjab Cycle-Rickshaws (Regulation of Licence) Bill be taken into consideration at once-

*The motion was carried.*

**Mr. Deputy Speaker :** Now the House will proceed to consider the Bill Clause by Clause—

Sub-Clause (2) of Clause 1

**Mr. Deputy Speaker :** Question is—

That Sub-Clause (2) of Clause 1 stand part of the Bill.

*The Motion was carried.*

Original with;
Punjab Vidhan Sabha
Digitized by;
Panjab Digital Library

CLAUSE 2

**Mr. Deputy Speaker :** Question is—

That Clause 2 stand part of the Bill.

*The Motion was carried.*

CLAUSE 3

**Mr. Deputy Speaker :** Now Clause 3 is before the House. There is a notice of amendment to this Clause by Comrade Satya Pal Dang.

**Comrade Satya Pal Dang :** Sir, I beg to move—

At the end of Sub-clause (2), add the following—

"and unless he has already a valid licence for driving a Cycle rickshaw."

ਇਹ ਜੋ ਇਸ ਦੇ ਵਿਚ ਲਿਖਿਆ ਹੈ.........

**ਸ੍ਰੀ ਡਿਪਟੀ ਸਪੀਕਰ :** ਇਹ ਆਲਰੈਡੀ ਡਿਸਕਸ ਹੋ ਚੁਕਾ ਹੈ ।

**ਕਾਮਰੇਡ ਸੱਤ ਪਾਲ ਡਾਂਗ:** ਡਿਪਟੀ ਸਪੀਕਰ ਸਾਹਿਬ, ਰਿਕਸ਼ਾ ਦਾ ਲਾਈਸੈਂਸ ਉਸ ਨੂੰ ਮਿਲੇਗਾ ਜਿਹੜਾ ਰਿਕਸ਼ਾ ਆਪ ਚਲਾਵੇਗਾ । ਇਸ ਤਰ੍ਹਾਂ ਤਾਂ ਹਰ ਆਦਮੀ ਡਰਾਈਵਿੰਗ ਲਾਈਸੈਂਸ ਬਣਵਾ ਲਵੇਗਾ ਅਤੇ ਕਹੇਗਾ ਕਿ ਰਿਕਸ਼ਾ ਮੈਂ ਚਲਾਉਂਦਾ ਹਾਂ ।

**ਵਿੱਤ ਮੰਤਰੀ :** ਲਾਈਸੈਂਸ ਤੇ ਫੋਟੋ ਲਗਾ ਦਿੱਤੇ ਜਾਣਗੇ ।

**Mr. Deputy Speaker :** Motion moved—

At the end of sub-clause (2), add the following—

"and unless he has already a valid licence for driving a cycle rickshaw."

**Mr. Deputy Speaker :** Question is—

At the end of sub-clause (2), add the following—

"and unless he has already a valid licence for driving a cycle rickshaw."

*The Motion was lost.*

**Mr. Deputy Speaker :** Question is—

That Clause 3 stand part of the Bill.

*The Motion was carried.*

CLAUSE 4

**Mr. Deputy Speaker:** Question is—

That Clause 4 stand part of the Bill.

*The Motion was carried.*

Clauses 5, 6, 7 and Sub-Clause (1) of Clause 1

**Mr. Deputy Speaker :** Question is—

That Clauses 5, 6, 7 and Sub-Clause (1) of Clause 1 stand part of the Bill.

*The Motion was carried.*

Original with;
Punjab Vidhan Sabha
Digitized by;
Panjab Digital Library

TITLE

**Mr. Deputy Speaker :** Question is—

That Title be the Title of the Bill.

*The Motion was carried.*

**Finance Minister (Shri Hans Raj Sharma) :** Sir, I beg to move—

That the Punjab Cycle Rickshaws (Regulation of Licence) Bill be passed.

**Mr. Deputy Speaker :** Motion moved—

That the Punjab Cycle-Rickshaws (Regulation of Licence) Bill be passed.

**Mr. Deputy Speaker :** Question is—

That the Punjab Cycle-Rickshaws (Regulation of Licence) Bill be passed.

*The Motion was carried.*

---

## THE PUNJAB PANCHAYAT SAMITIS AND ZILA PARISHADS (SECOND AMENDMENT), BILL 1976

**Minister of State for Development (Sardar Santokh Singh Randhawa)** Sir, I beg to introduce the Punjab Panchayat Samitis and Zila Parishads (Second Amendment) Bill.

Sir, I also beg to move—

That the Panchyat Samitis and Zila Parishads (Second Amendment) Bill be taken into consideration at once.

**Mr. Deputy Speaker :** Motion moved—

That the Panchayat Samitis and Zila Parishads(Second Amendment) Bill be taken into consideration at once.

**Mr. Deputy Speaker :** Question is—

That the Punjab Panchyats Samitis and Zila Parishads (Second Amendment) Bill be taken into consideration at once.

*The Motion was carried.*

**Mr. Deputy Speaker :** Now the House will proceed to consider the Bill clause by clause—

CAUSES 2, 3 AND 1

**Mr. Deputy Speaker :** Question is—

That Clauses 2, 3, and 1 stand part of the Bill.

*The Motion was carried.*

Original with;
Punjab Vidhan Sabha
Digitized by;
Panjab Digital Library

TITTE

**Mr. Deputy Speaker:** Question is—

That Title be the Title of the Bill.

*The Motion was carried.*

**Minister of State for Development** (Sardar Santokh Singh Randhawa) Sir, I beg to move—

That the Punjab Panchyat Samitis and Zila Parishads (Second Amendment) Bill be passed.

**Mr. Deputy Speaker :** Motion moved—

That the Punjab Panchayat Samitis and Zila Parishads (Second Amendment) Bill be passed.

**Mr. Deputy Speaker :** Question is—

That the Punjab Panchayat Samitis and Zila Parishads (Second Amendment Bill be Passed

*The Motion was carried.*

**Mr. Deputy Speaker :** The House stands adjourned till 9.00 A.M. on Tuesday, the 7th September, 1976.

*6.45. P.M.* (The Sabha then adjourned till 9.00 A.M. on Tuesday, the 7th September, 1976).

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*7th September, 1976*

Vol. II—No. 2

## OFFICIAL REPORT

CONTENTS

*Tuesday, the 7th September, 1976*


| | | PAGE |
|---|---|---|
| Starred Questions and Answers | .. | (2)1 |
| Written Answers to Starred Questions laid on the Table of the House under Rule 38 | .. | (2)34 |
| Unstarred Questions and Answers | .. | (2)38 |
| Announcement by the Secretary | .. | (2)55 |
| Question of Privilege | .. | (2)69 |
| Presentation of Supplementary Estimates (First Instalment) for the year 1976-77 | .. | (2)69 |
| Papers laid on the Table of the House | .. | (2)69 |
| Legislative Business | | |
| Bill(s)— | | |
| The Punjab Prevention of Anti-social and Hazardous Activities—, 1976 | .. | (2)70 |
| The Punjab Agricultural Produce Markets (Amendment and Validation) —, 1976 | .. | (2)76 |
| The Punjab Municipal Corporation—, 1976 | .. | (2)78 |



Punjab Vidhan Sabha Secretariat, Chandigarh.

Price : Rs. 46-60



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Tuesday, the 7th September, 1976*

*The Vidhan Sabha met in the Punjab Vidhan Sabha Hall, Vidhan Bhavan, Chandigarh at 9.00 A.M. of the Clock. Mr. Speaker (Dr. Kewal Krishan) in the Chair.*

---

## STARRED QUESTIONS AND ANSWERS

### ਬਲਾਚੌਰ ਤਹਿਸੀਲ ਨੂੰ ਉਪ ਮੰਡਲ ਵਿਚ ਬਦਲਣਾ

*3740 **ਮਾਸਟਰ ਦਲੀਪ ਚੰਦ** . ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਸਰਕਾਰ ਬਲਾਚੌਰ ਤਹਿਸੀਲ ਨੂੰ ਉਪ-ਮੰਡਲ ਵਿਚ ਬਦਲਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤਕ ?

**ਸਰਦਾਰ ਉਮਰਾਓ ਸਿੰਘ** : ਨਹੀਂ ਜੀ ।

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਕੁਲ 42 ਤਹਿਸੀਲਾਂ ਹਨ ਅਤੇ 41 ਵਿਚ ਸਬ ਡਵੀਜ਼ਨ ਬਣੇ ਹੋਏ ਹਨ । ਫਿਰ ਕੀ ਵਜ੍ਹਾ ਹੈ ਕਿ ਬਲਾਚੌਰ ਤਹਿਸੀਲ ਸਬ ਡਵੀਜ਼ਨ ਨਹੀਂ ਹੈ ? ਕੀ ਵਜ਼ੀਰ ਸਾਹਿਬ ਇਥੇ ਸਬ ਡਵੀਜ਼ਨ ਬਣਾਉਣ ਦਾ ਵਿਚਾਰ ਕਰਨਗੇ ?

**ਮੰਤਰੀ** : ਬਲਾਚੌਰ ਦਾ ਇਲਾਕਾ ਗੜ੍ਹਸ਼ੰਕਰ ਤਹਿਸੀਲ ਦਾ ਹਿੱਸਾ ਹੈ । ਨਵੇਂ ਐਡ-ਮਨਿਸਟ੍ਰੇਟਿਵ ਨੁਕਤਾ ਨਿਗਾਹ ਨਾਲ ਇਥੇ ਸਬ ਡਵੀਜ਼ਨ ਬਣਨਾ ਮੁਫੀਦ ਸਾਬਤ ਨਹੀਂ ਹੁੰਦਾ। ਅਗਰ ਇਥੇ ਕੋਈ ਲੋੜ ਪਈ ਜਾਂ ਕੰਮ ਦੇ ਲਿਹਾਜ਼ ਨਾਲ ਠੀਕ ਸਾਬਤ ਹੋਇਆ ਤਾਂ ਇਸ ਤੇ ਗੌਰ ਕੀਤਾ ਜਾ ਸਕਦਾ ਹੈ ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਪਹਾੜੀ ਏਰੀਆ ਵੀ ਹੈ ਅਤੇ ਨਾਲ ਹੀ ਬੇਟ ਏਰੀਆ ਵੀ ਹੈ । ਵਜ਼ੀਰ ਸਾਹਿਬ ਉਥੇ ਸਬ ਡਵੀਜ਼ਨ ਬਣਾਉਣ ਲਈ ਸੋਚਦੇ ਕਿਉਂ ਨਹੀਂ ਹਨ ? ਉਥੇ ਤਾਂ ਇਸ ਚੀਜ਼ ਦੀ ਬਹੁਤ ਜ਼ਰੂਰਤ ਹੈ।

**ਮੰਤਰੀ** : ਇਹ ਤਾਂ ਕੋਈ ਕੰਸਿਡਰੇਸ਼ਨ ਨਹੀਂ ਕਿ ਇਹ ਪਹਾੜੀ ਇਲਾਕਾ ਹੈ ਜਾਂ ਬੇਟ ਦਾ ਇਲਾਕਾ ਹੈ । ਵੇਖਣਾ ਤਾਂ ਇਹ ਹੈ ਕਿ ਉਥੇ ਪਾਪੂਲੇਸ਼ਨ ਕਿੰਨੀ ਹੈ, ਡਿਵੈਲਪਮੈਂਟ ਦਾ ਕੰਮ ਕਿੰਨਾ ਹੋ ਰਿਹਾ ਹੈ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਜੇ ਲੋੜ ਪਈ ਤਾਂ ਵਿਚਾਰ ਕੀਤਾ ਜਾ ਸਕਦਾ ਹੈ । ਫਿਰ ਇਨ੍ਹਾਂ ਨੇ ਫਰਮਾਇਆ ਹੈ ਕਿ ਉਥੇ ਵਿਕਾਸ ਦਾ ਕੰਮ ਕਿੰਨਾ ਹੋ ਰਿਹਾ ਹੈ, ਇਹ ਵੇਖਣਾ ਹੈ । ਮੈਂ ਕਹਿੰਦਾ ਹਾਂ ਕਿ ਪਹਾੜੀ ਏਰੀਏ ਵਿਚ ਵਿਕਾਸ ਦਾ ਕੰਮ ਕੀ ਹੋਣਾ ਹੈ ਅਤੇ ਉਥੇ ਪਾਪੂਲੇਸ਼ਨ ਵੀ ਕੀ ਹੋਣੀ ਹੈ? ਵੇਖਣਾ ਤਾਂ ਇਹ ਚਾਹੀਦਾ ਹੈ ਕਿ ਇਹ ਕਿੰਨਾ ਲੰਬਾ ਚੌੜਾ ਏਰੀਆ ਹੈ ਅਤੇ ਇਸ ਇਕੱਲੇ ਨੂੰ ਫਾਹੇ ਕਿਉਂ ਲਾਇਆ ਹੋਇਆ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਇਹ ਇਕੱਲੀ ਤਹਿਸੀਲ ਨਹੀਂ । ਹੋਰ ਵੀ ਤਹਿਸੀਲਾਂ ਸਬ ਡਵੀਜ਼ਨ ਬਣਾਏ ਜਾਣਗੇ ਤਾਕਿ ਇਹ ਇਕੱਲੀ ਨਾ ਰਹਿ ਜਾਵੇ ।

**ਸ੍ਰੀ ਪ੍ਰੇਮ ਗੁਪਤਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਕਿੰਨੀਆਂ ਨਵੀਆਂ ਸਬ ਡਵੀਜ਼ਨਾਂ ਬਣਾਈਆਂ ਹਨ ਅਤੇ ਕਿੰਨੀਆਂ ਹੋਰ ਬਣਾਉਣੀਆਂ ਹਨ ?

**ਮੰਤਰੀ :** ਸਪੀਕਰ ਸਾਹਿਬ, ਕਈ ਪਰਪੋਜ਼ਲਜ਼ ਅੰਡਰ ਕੰਸੀਡਰੇਸ਼ਨ ਹਨ। ਜਿਥੇ ਕਿ ਕੁਝ ਨਵੀਆਂ ਸਬ ਡਵੀਜ਼ਨਾਂ ਬਣਾਉਣੀਆਂ ਹਨ । ਅੰਮ੍ਰਿਤਸਰ ਵਿਚ ਬਾਬਾ ਬਕਾਲਾ, ਖੰਨਾ ਅਤੇ ਲੁਧਿਆਣਾ ਵਿਚ ਵੀ ਦੋ ਹਿੱਸੇ ਕਰਨ ਦੇ ਵਿਚਾਰ ਹਨ । ਤਲਵੰਡੀ ਸਾਬੋ ਵਿਚ ਬਣਾਉਣ ਦਾ ਵਿਚਾਰ ਕੀਤਾ ਜਾ ਰਿਹਾ ਹੈ । ਮੁਕੇਰੀਆਂ ਤਹਿਸੀਲ ਵਾਸਤੇ ਵੀ ਵਿਚਾਰ ਹੋ ਰਿਹਾ ਹੈ । ਇਨ੍ਹਾਂ ਤੇ ਜਲਦੀ ਹੀ ਵਿਚਾਰ ਕੀਤਾ ਜਾਵੇਗਾ ।

**ਸਰਦਾਰ ਸੁਰਜੀਤ ਸਿੰਘ ਅਟਵਾਲ :** ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਦੋ ਸਾਲ ਪਹਿਲਾਂ ਨਵੇਂ ਸ਼ਹਿਰ ਵਿਚ ਮਨਿਸਟਰ ਸਾਹਿਬ ਨੇ ਐਸ਼ੋਰੈਂਸ ਦਿਤੀ ਸੀ ਅਤੇ ਇਨ੍ਹਾਂ ਨੇ ਕਿਹਾ ਸੀ ਕਿ ਮੁਕੰਦਪੁਰ ਸਬ ਤਹਿਸੀਲ ਬਣਾਉਣਗੇ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਉਹ ਇਰਾਦਾ ਰਖਦੇ ਹਨ ਜਾਂ ਟਰਨ ਡਾਊਨ ਕਰ ਗਏ ਹਨ ?

**ਮੰਤਰੀ :** ਨਹੀਂ ਜੀ, ਟਰਨ ਡਾਊਨ ਨਹੀਂ ਹੋਇਆ । ਉਹ ਵੀ ਵਿਚਾਰ ਅਧੀਨ ਹੈ ।

**ਸਰਦਾਰ ਹਰਚਰਨ ਸਿੰਘ ਅਜਨਾਲਾ :** ਸਪੀਕਰ ਸਾਹਿਬ, ਮੈਂ ਬੇਟ ਏਰੀਏ ਦੀ ਗਲ ਨਹੀਂ ਕਰਦਾ । ਪਰ ਕੀ ਇਹ ਦਸੱਣਗੇ ਕਿ ਕੀ ਇਹ ਸਬ ਤਹਿਸੀਲ ਚੋਗਾਵਾਂ ਨੂੰ ਵੀ ਸਬ ਡਵੀਜ਼ਨ ਬਣਾਉਣ ਦਾ ਵਿਚਾਰ ਰਖਦੇ ਹਨ ?

**ਮੰਤਰੀ :** ਇਹ ਵੀ ਐਕਟਿਵ ਕੰਸਿਡਰੇਸ਼ਨ ਥਲੇ ਹੈ ।

**ਸਰਦਾਰ ਗੁਰਬਚਨ ਸਿੰਘ (ਰੋਪੜ) :** ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਵਿਚ ਤਿੰਨ ਤਹਿਸੀਲਾਂ ਸਬ ਡਵੀਜ਼ਨ ਬਣਾਏ ਹਨ ਪਰ ਇਸ ਬਲਾਚੌਰ ਦਾ ਕੀ ਗੁਨਾਹ ਹੈ ਕਿ ਇਥੇ ਸਬ ਡਵੀਜ਼ਨ ਨਹੀਂ ਬਣਾਇਆ ਗਿਆ ।

(ਕੋਈ ਜਵਾਬ ਨਹੀਂ ਦਿੱਤਾ ਗਿਆ)

**ਚੌਧਰੀ ਦਰਸ਼ਨ ਸਿੰਘ :** ਸਪੀਕਰ ਸਾਹਿਬ, ਇਹ ਬੜੀ ਅੱਛੀ ਗਲ ਹੈ ਕਿ ਡੀ-ਸੈਂਟਰੇਲਾਈਜੇਸ਼ਨ ਹੋ ਰਹੀ ਹੈ । ਮੈਂ ਇਹ ਪੁੱਛਦਾ ਹਾਂ ਕਿ ਆਇਆ ਪੰਜਾਬ ਸਰਕਾਰ ਦੀ ਕੋਈ ਇਹੋ ਜਿਹੀ ਵੀ ਪਰਪੋਜ਼ਲ ਹੈ ਕਿ ਜਿਥੇ ਵੀ ਸਬ ਡਵੀਜ਼ਨ ਬਣਾਉਣ ਦੀ ਵਾਕਿਏ ਹੀ ਨਸੈਸਟੀ ਹੈ ਅਤੇ ਬਹੁਤ ਲੋੜ ਹੈ ਪਾਪੂਲੇਸ਼ਨ ਵੀ ਠੀਕ ਹੈ ਅਤੇ ਵਿਕਾਸ ਦੇ ਕੰਮ ਵੀ ਹੋ ਰਹੇ ਹਨ, ਉਥੇ ਸਬ ਡਵੀਜ਼ਨ ਬਣਾਉਣਗੇ ?

**ਮੰਤਰੀ :** ਹਾਲਾਤ ਜਿਹੜੇ ਹਨ ਉਹ ਕਿਸੇ ਇਲਾਕੇ ਦੇ ਉਥੋਂ ਦੀ ਤਰੱਕੀ ਕਰਨ ਅਤੇ ਪਾਪੂਲੇਸ਼ਨ ਤੇ ਨਿਰਭਰ ਕਰਦੇ ਹਨ। ਲੁਧਿਆਣੇ ਵਿਚ ਅੱਜ ਤੋਂ 15 ਸਾਲ ਪਹਿਲਾਂ ਪਾਪੂਲੇਸ਼ਨ ਕਿੰਨੀ ਸੀ ਅਤੇ ਹੁਣ ਕਿੰਨੀ ਹੋ ਗਈ ਹੈ । (ਵਿਘਨ) ਸਰਦਾਰ ਬਲਬੀਰ ਸਿੰਘ ਜੀ ਨੇ ਮੈਨੂੰ

Original with;
Punjab Vidhan Sabha
Digitized by;
Panjab Digital Library

ਕੁਰੈਕਟ ਕੀਤਾ ਹੈ ਕਿ ਅਬਾਦੀ ਤਾਂ ਵੱਧਣ ਤੋਂ ਰੋਕੀ ਜਾ ਰਹੀ ਹੈ । ਪਰ ਇਸ ਦੇ ਵਾਸਤੇ ਸਿਰਫ਼ ਪਾਪੂਲੇਸ਼ਨ ਹੀ ਨਹੀਂ ਵੇਖੀ ਜਾਂਦੀ ਬਲਕਿ ਇਕ ਕਰਾਈਟੇਰੀਆ ਬਣਾਇਆ ਹੋਇਆ ਹੈ ਅਤੇ ਉਸ ਕਰਾਈਟੇਰੀਏ ਦੇ ਮੁਤਾਬਿਕ ਇਕ ਕਮੇਟੀ ਬਣਾਈ ਹੋਈ ਹੈ । ਫਿਰ ਡੀ.ਸੀ. ਅਤੇ ਕਮਿਸ਼ਨਰ ਦੀ ਰਿਕਮੈਂਡੇਸ਼ਨ ਲਈ ਜਾਂਦੀ ਹੈ ਅਤੇ ਫਿਰ ਕੈਬਨਿਟ ਵਿਚ ਜਾਕੇ ਇਸ ਦਾ ਫ਼ੈਸਲਾ ਹੁੰਦਾ ਹੈ ।

**ਚੌਧਰੀ ਸੁੰਦਰ ਸਿੰਘ** : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਬ ਡਵੀਜ਼ਨ ਨਰੋਟ ਜੈਮਲ ਸਿੰਘ ਤਾਂ ਬਣਾ ਦਿੱਤੀ ਪਰ ਉਸ ਦਾ ਕੀ ਫਾਇਦਾ ਹੈ ਜਦ ਕਿ ਉਥੇ ਹੁਣ ਤਕ ਕੋਈ ਟਰੈਜ਼ਰੀ ਨਹੀਂ ਬਣਾਈ ਗਈ ਹੈ ?

**ਵਿੱਤ ਮੰਤਰੀ** (ਸ੍ਰੀ ਹੰਸ ਰਾਜ ਸ਼ਰਮਾ) : ਸਪੀਕਰ ਸਾਹਿਬ, ਹਾਲੇ ਉਥੇ ਟਰੈਜ਼ਰੀ ਨਹੀਂ ਬਣਾਈ ਗਈ । ਪਰ ਅਸੀਂ ਇਸ ਦੇ ਲਈ ਰਿਜ਼ਰਵ ਬੈਂਕ ਨੂੰ ਲਿਖਿਆ ਹੈ ਅਤੇ ਲੋਕਲ ਅਰੇਂਜਮੈਂਟ ਬੈਂਕ ਨਾਲ ਕੀਤਾ ਗਿਆ ਹੈ ।

**ਸ੍ਰੀ ਪਿਆਰਾ ਰਾਮ ਧੰਨੋਵਾਲੀ** : ਸਪੀਕਰ ਸਾਹਿਬ, ਹੁਸ਼ਿਆਰਪੁਰ ਜ਼ਿਲ੍ਹੇ ਵਿਚ ਬਲਾਚੌਰ ਤਹਿਸੀਲ ਨੂੰ ਬਣਿਆਂ 5 ਸਾਲ ਹੋ ਗਏ ਹਨ ਪਰ ਹਾਲੇ ਤਕ ਇੰਨ੍ਹਾਂ ਨੇ ਉਸਨੂੰ ਸਬ ਡਵੀਜ਼ਨ ਨਹੀਂ ਬਣਾਇਆ । ਕੀ ਹੁਣ ਇਹ ਉਥੇ ਸਬ ਡਵੀਜ਼ਨ ਬਣਾਉਣ ਨੂੰ ਤਿਆਰ ਹਨ ? ਜਦ ਕਿ ਬਾਕੀ ਤਹਿਸੀਲਾਂ ਬਣ ਚੁਕੀਆਂ ਹਨ ਤਾਂ ਇਹ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ ?

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਬਾਰੇ ਪਹਿਲੇ ਵੀ ਅਰਜ਼ ਕੀਤੀ ਹੈ । ਹਰ ਤਹਿਸੀਲ ਵਿਚ ਸਬ ਡਵੀਜ਼ਨ ਬਣਾਉਣ ਲਈ ਉਥੋਂ ਦੇ ਤਹਿਸੀਲਦਾਰ ਅਤੇ ਐਸ.ਡੀ.ਓ. ਦਾ ਵਰਕ ਲੋਡ ਵੇਖਿਆ ਜਾਂਦਾ ਹੈ । ਫਿਰ ਫੈਸਲਾ ਕੀਤਾ ਜਾਂਦਾ ਹੈ । ਇਸ ਵਿਚ ਕਿਸੇ ਕਿਸਮ ਦਾ ਵਿਤਕਰਾ ਨਹੀਂ ਕੀਤਾ ਜਾਂਦਾ । ਜਦ ਵੀ ਉਥੇ ਲੋੜ ਪਈ ਉਸ ਤੇ ਵਿਚਾਰ ਕਰ ਲਿਆ ਜਾਵੇਗਾ ।

---

### ਕਾਰਡ ਬੋਰਡ/ਕਰਾਫਟ ਪੇਪਰ ਫੈਕਟਰੀ ਲਈ ਪਿੰਡ ਚੱਕ ਅਲਾ ਬਖਸ਼, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਜ਼ਮੀਨ ਦੀ ਪ੍ਰਾਪਤੀ

***3763 ਮਾਸਟਰ ਕੁੰਦਨ ਸਿੰਘ** : ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇਹ ਸਚ ਹੈ ਕਿ ਸਰਕਾਰ ਨੇ ਪਿਛਲੇ ਸਾਲ ਕਿਸੇ ਸਮੇਂ ਕਾਰਡ ਬੋਰਡ/ਕਰਾਫਟ ਪੇਪਰ ਫੈਕਟਰੀ ਦੀ ਉਸਾਰੀ ਲਈ ਪਿੰਡ ਚੱਕ ਅਲਾ ਬਖਸ਼ ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਕੁਝ ਜ਼ਮੀਨ ਪ੍ਰਾਪਤ ਕੀਤੀ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਕੀ ਸਰਕਾਰ ਨੇ ਸਬੰਧਤ ਜ਼ਮੀਨ ਮਾਲਕਾਂ ਨੂੰ ਪ੍ਰਾਪਤ ਕੀਤੀ ਗਈ ਜ਼ਮੀਨ ਦਾ ਮੁਆਵਜ਼ਾ ਦੇ ਦਿਤਾ ਹੈ, ਜੇਕਰ ਅਜਿਹਾ ਹੋਵੇ ਤਾਂ ਕਦੋਂ, ਜੇਕਰ ਨਹੀਂ ਤਾਂ ਉਸ ਦੇ ਕੀ ਕਾਰਨ ਹਨ ?

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ (ਮੁੱਖ ਸੰਸਦੀ ਸਕੱਤਰ) : (ੳ) ਜੀ ਹਾਂ ।

(ਅ) ਜੀ ਹਾਂ । 20 ਮਈ, 1976, 1 ਜੂਨ, 1976, 7 ਜੂਨ, 1976, 2 ਜੁਲਾਈ, 1976 ਅਤੇ 9 ਜੁਲਾਈ, 1976 ਨੂੰ ਹੱਕਦਾਰ ਦੇ ਸਿਵਾਏ ਜਿਨ੍ਹਾਂ ਦਾ ਵੇਰਵਾ ਅਨੁਸੂਚੀ 'ੳ' ਜੋ ਸਦਨ ਦੀ ਮੇਜ਼ ਉਤੇ ਰਖੀ ਗਈ ਹੈ, ਵਿਚ ਦਿਤਾ ਗਿਆ ਹੈ, ਮੁਆਵਜ਼ਾ ਦਿਤਾ ਜਾ ਚੁਕਾ ਹੈ ।

ਅਨੁਸੂਚੀ 'ੳ'

ਹੱਕਦਾਰਾਨ ਪਿੰਡ ਅੱਲਾ ਬਖਸ਼, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਦੇ ਨਾਂ ਜਿਨ੍ਹਾਂ ਨੂੰ ਜ਼ਮੀਨ ਦਾ ਮੁਆਵਜ਼ਾ ਨਹੀਂ ਦਿਤਾ ਗਿਆ ਹੈ :—

| ਲੜੀ ਨੰ. | ਹੱਕਦਾਰ ਦਾ ਨਾਂ | ਕਾਰਨ |
|---|---|---|
| 1. | ਜੋਗਿੰਦਰ ਸਿੰਘ ਪੁਤਰ ਸ਼੍ਰੀ ਨੰਦ ਸਿੰਘ | ਫੌਜੀ । ਪੇਮੈਂਟ ਕਰਨ ਦੇ ਸਮੇਂ ਹਾਜ਼ਰ ਨਹੀਂ ਹੋ ਸਕਿਆ । |
| 2. | ਸ਼੍ਰੀ ਇੰਦਰ ਸਿੰਘ ਪੁਤਰ ਸ਼੍ਰੀ ਅਮਰ ਸਿੰਘ | —ਉਹੀ— |
| 3. | ਸ਼੍ਰੀਮਤੀ ਗਿਆਨ ਦੇਵੀ ਵਿਧਵਾ ਸ਼੍ਰੀ ਲੱਭੂ ਰਾਮ | ਸੁਰਗਵਾਸ ਹੋ ਚੁਕੀ ਹੈ । ਵਰਾਸਤ ਦਾ ਇੰਤਕਾਲ ਅਜੇ ਤਕ ਪ੍ਰਵਾਨ ਨਹੀਂ ਹੋਇਆ । |
| 4. | ਸ਼੍ਰੀਮਤੀ ਅਰੰਦਨਾਂ ਦੇਵੀ ਸਪੁਤਰੀ ਸ਼੍ਰੀ ਲੱਭੂ ਰਾਮ । | ਪੇਮੈਂਟ ਕਰਨ ਸਮੇਂ ਹਾਜ਼ਰ ਨਹੀਂ ਹੋ ਸਕੀ । ਪਤੇ ਦਾ ਨਹੀਂ ਪਤਾ ਹੈ । |
| 5. | ਸ਼੍ਰੀ ਸੁਰਿੰਦਰ ਕੁਮਾਰ ਪੁਤਰ ਸ਼੍ਰੀ ਲੱਭੂ ਰਾਮ । | —ਉਹੀ— |
| 6. | ਜਸਵੰਤ ਸਿੰਘ ਪੁਤਰ ਸ਼੍ਰੀ ਮਿਲਖੀ | —ਉਹੀ— |
| 7. | ਸ਼੍ਰੀ ਗੁਲਜ਼ਾਰ ਸਿੰਘ ਪੁਤਰ ਸ਼੍ਰੀ ਬੁੱਧਾ ਸਿੰਘ ਰਾਹਨ ਅਤੇ ਸ਼੍ਰੀਮਤੀ ਗੁਰਮੀਤ ਕੌਰ ਧਰਮਪਤਨੀ ਸ਼੍ਰੀ ਪ੍ਰਗਟ ਸਿੰਘ ਮੁਰਤਹੀਨ । | ਰਾਹਨ (ਮਾਲਕ) ਸਵਰਗਵਾਸ ਹੋ ਗਿਆ ਹੈ । ਵਰਾਸਤ ਨਾਮਾ ਹੱਕਦਾਰ ਦੇ ਨਾਂ ਅਜੇ ਨਹੀਂ ਹੋਇਆ । |
| 8. | ਮੁਸ਼ਤਰਕਾ ਮਾਲਕਾਨ ਹਸਬ ਰਸਦ ਖੇਵਟ । | ਮਲਕੀਅਤ ਦਾ ਝਗੜਾ ਹੈ । |

Original with;
Punjab Vidhan Sabha
Digitized by;
Panjab Digital Library

**ਮਾਸਟਰ ਕੁੰਦਨ ਸਿੰਘ :** ਸਪੀਕਰ ਸਾਹਿਬ, ਇਨ੍ਹਾਂ ਨੇ ਦਸਿਆ ਹੈ ਕਿ 8 ਆਦਮੀਆਂ ਨੂੰ ਇਨ੍ਹਾਂ ਨੇ ਲਿਖਿਆ ਹੈ ਪਰ ਮੈਂ ਇਹ ਪੁਛਦਾ ਹਾਂ ਕਿ ਮਿਲਟਰੀ ਮੈਨ ਨੂੰ ਇਨ੍ਹਾਂ ਨੇ ਕਿਸ ਤਰ੍ਹਾਂ ਐਪਰੋਚ ਕੀਤਾ ਹੈ, ਜਿਹੜੇ ਕਿ ਉਥੇ ਨਹੀਂ ਹਨ ?

**ਮੁੱਖ ਸੰਸਦੀ ਸਕੱਤਰ :** ਸਪੀਕਰ ਸਾਹਿਬ, ਅਸੀਂ ਕਿਸ ਲਈ ਐਪਰੋਚ ਕਰਨਾ ਹੈ। ਅਸੀਂ ਤਾਂ ਪੈਸੇ ਦੇਣ ਲਈ ਤਿਆਰ ਹਾਂ ! ਅਸੀਂ ਤਾਂ ਲਿੱਖ ਦਿੱਤਾ ਹੈ ਜਦ ਵੀ ਉਹ ਆਉਣਗੇ ਉਨ੍ਹਾਂ ਨੂੰ ਪੇਮੈਂਟ ਹੋ ਜਾਵੇਗੀ।

**ਮਾਸਟਰ ਕੁੰਦਨ ਸਿੰਘ :** ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਮਿੱਲ ਪ੍ਰਾਈਵੇਟ ਸੈਕਟਰ ਵਿਚ ਹੈ, ਜਾਂ ਪਬਲਿਕ ਸੈਕਟਰ ਵਿਚ ਹੈ ?

**ਮੁੱਖ ਸੰਸਦੀ ਸੱਕਤਰ :** ਇਹ ਪਬਲਿਕ ਸੈਕਟਰ ਵਿਚ ਹੈ।

---

**Mr. Speaker :** Next Question.

**ਤਾਰਾ ਅੰਕਤ ਸਵਾਲ ਨੰ: 3789**

**ਸ਼੍ਰੀ ਸਪੀਕਰ :** ਮੈਂਬਰ ਸਾਹਿਬਾ ਹਾਜ਼ਰ ਨਹੀਂ ਹਨ। ਨੈਕਸਟ ਕੁਐਸਚਨ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਇਹ ਕੁਐਸਚਨ ਜ਼ਿਹੜਾ ਹੈ ਇਹ ਬੜਾ ਇੰਪਾਰਟੈਂਟ ਹੈ ਅਤੇ ਤੁਹਾਡੇ ਸਕੱਤਰੇਤ ਨਾਲ ਵੀ ਸਬੰਧ ਰਖਦਾ ਹੈ। ਤੁਸੀਂ ਅਲਾਓ ਕਰ ਸਕਦੇ ਹੋ।

**ਸ਼੍ਰੀ ਸਪੀਕਰ :** ਇਸ ਵਾਸਤੇ ਰਿਟਨ ਕੰਸੈਂਟ ਚਾਹੀਦੀ ਹੈ।

**ਕਾਮਰੇਡ ਸੱਤ ਪਾਲ ਡਾਂਗ :** ਤੁਸੀਂ ਅਲਾਓ ਕਰ ਸਕਦੇ ਹੋ। ਜੇ ਅਲਾਓ ਕਰੋ ਤਾਂ ਇਹ ਸਵਾਲ ਇਥੇ ਕੀਤਾ ਜਾ ਸਕਦਾ ਹੈ।

**ਸ਼੍ਰੀ ਸਪੀਕਰ :** ਨਹੀਂ ਜੀ, ਅਗਲਾ ਸਵਾਲ ਤੁਹਾਡਾ ਹੀ ਹੈ। ਉਹ ਕਰ ਲਓ। ਨੈਕਸਟ ਕੁਐਸਚਨ।

(ਸਬੰਧਤ ਮਾਨਯੋਗ ਮੈਂਬਰ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ, ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ)

**ਤਾਰਾ ਅੰਕਤ ਸਵਾਲ ਨੰ 3790**

(ਸਬੰਧਤ ਮਾਨਯੋਗ ਮੈਂਬਰ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ, ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ)

Original with;
Punjab Vidhan Sabha
Digitized by;
Panjab Digital Library

## OBJECTIONS FOR THE EXTENSION OF MUNICIPAL LIMITS OF CHHEHARTA

*3694 **Comrade Satya Pal Dang** : Will the Minister for Finance be pleased to—

(a) state the total number of objections received by 14th April, 1976 to the Government's proposal to extend the Municipal Limits of Chheharta, notified in March, 1976.

(b) lay on the Table of the House the statement indicating the number of objections village-wise and town-wise,

(c) state the levels at which these objections were considered?

**Shri Hans Raj Sharma** : (a) No Notification for extending the limits of Municipal Committee Chheharta was issued by Government in March, 1976.

(b) Nil.

(c) Nil.

**ਕਾਮਰੇਡ ਸੱਤ ਪਾਲ ਡਾਂਗ** : ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਮਿਉਂਸਪਲ ਲਿਮਿਟਸ ਨੂੰ ਐਕਸਟੈਂਡ ਕਰਨ ਵਾਸਤੇ ਮਾਰਚ ਦੇ ਵਿਚ ਤਜ਼ਵੀਜ਼ ਨੋਟੀਫਾਈ ਕੀਤੀ ਸੀ, ਆਬਜੈਕਸ਼ਨਜ਼ ਮੰਗੇ ਸਨ....

**ਮੰਤਰੀ** : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਹ ਗਲਤ ਸਵਾਲ ਪੁੱਛ ਬੈਠੇ ਹਨ । ਮੇਰਾ ਖਿਆਲ ਹੈ ਅੰਮ੍ਰਿਤਸਰ ਹੋਣਾ ਹੈ ਲੇਕਿਨ ਇਹ ਛੇਹਰਟਾ ਬਾਰੇ ਪੁੱਛ ਬੈਠੇ ਹਨ ।

**ਕਾਮਰੇਡ ਸੱਤ ਪਾਲ ਡਾਂਗ** : ਠੀਕ ਹੈ ਜੀ, ਮੈਂ ਕਹਿੰਦਾ ਹਾਂ ਕਿ ਅੰਮ੍ਰਿਤਸਰ ਬਾਰੇ ਹੀ ਦੱਸ ਦੇਣ ।

**Minister** : "It is thus clear that no notification for extending the limits of Municipal Committee, Chheharta was issued in March, 1976. However, the preliminary notification for the extension of municipal limits of Municipal Committee, Amritsar was issued on the 4th March, 1976 and it is not unlikely that Dang Sahib is alluding to that."

ਇਸ ਨੋਟੀਫੀਕੇਸ਼ਨ ਦੇ ਬਾਅਦ, ਸਪੀਕਰ ਸਾਹਿਬ, ਡਿਪਟੀ ਕਮਿਸ਼ਨਰ ਨੇ ਆਬਜੈਕਸ਼ਨਜ਼ ਕਾਲ ਕੀਤੇ ਔਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਕੋਲ ਕੁੱਲ ਔਬਜੈਕਸ਼ਨਜ਼ 5722 ਆਏ । ਉਸ ਤੋਂ ਬਾਅਦ ਮਿਉਂਸਪਲ ਕਮੇਟੀ ਨੇ ਛੇਹਰਟਾ ਰਿੱਟ ਫਾਈਲ ਕਰ ਦਿੱਤੀ । ਉਨ੍ਹਾਂ ਨੇ ਸਟੇਅ ਆਰਡਰ ਲੈ ਲਿਆ । ਇਸ ਕਰਕੇ ਔਬਜੈਕਸ਼ਨਜ਼ ਤੇ ਕੋਈ ਕਾਰਵਾਈ ਨਹੀਂ ਹੋ ਸਕਦੀ ਜਦੋਂ ਤਕ ਕਿ ਹਾਈ ਕੋਰਟ ਫੈਸਲਾ ਨਾ ਦੇਵੇ ।

Original with;
Punjab Vidhan Sabha
Digitized by;
Panjab Digital Library

## ਹੁਸ਼ਿਆਰਪੁਰ-ਗੜ੍ਹਸ਼ੰਕਰ ਸੜਕ ਤੇ ਚੋ/ਖੱਡਾਂ ਉਤੇ ਪੁਲ ਬਣਾਉਣਾ

*3760 **ਮਾਸਟਰ ਕੁੰਦਨ ਸਿੰਘ** : ਕੀ ਲੋਕ ਨਿਰਮਾਣ ਦੇ ਰਾਜ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ—

(ੳ) ਕੀ ਸਰਕਾਰ ਦੁਆਰਾ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੁਸ਼ਿਆਰਪੁਰ-ਗੜ੍ਹਸ਼ੰਕਰ ਸੜਕ ਤੇ ਚੋ/ਖੱਡਾਂ ਉਤੇ ਪੁਲ ਬਣਾਉਣ ਲਈ ਕੋਈ ਕਾਰਵਾਈ ਕੀਤੀ ਜਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਉਸਦਾ ਵੇਰਵਾ ਕੀ ਹੈ ;

(ਅ) ਉਪਰੋਕਤ ਪੁਲਾਂ ਦੇ ਕਦੋਂ ਤਕ ਬਣਾਏ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਜੋਗਿੰਦਰ ਪਾਲ ਪਾਂਡੇ** : (ੳ) ਹੁਸ਼ਿਆਰਪੁਰ-ਗੜ੍ਹਸ਼ੰਕਰ ਸੜਕ ਤੇ ਬਣਾਏ ਜਾਣ ਵਾਲੇ ਵੱਡੇ ਪੁਲਾਂ ਦੀ ਗਿਣਤੀ 13 ਹੈ ਜੋ ਕੇਂਦਰੀ ਸਹਾਇਤਾ ਨਾਲ ਬਣਾਏ ਜਾਣੇ ਸਨ ਪਰ ਇਹਨਾਂ ਵਿੱਚੋਂ ਤਿੰਨ ਪੁਲਾਂ ਸਬੰਧੀ ਮਨਜ਼ੂਰੀ ਕੇਂਦਰ ਵਲੋਂ ਮਿਲ ਗਈ ਹੈ ਤੇ ਇਹਨਾਂ ਦੀ ਉਸਾਰੀ ਦਾ ਕੰਮ ਚਾਲੂ ਹੈ । ਬਾਕੀ 10 ਪੁਲ ਕੇਂਦਰ ਸਰਕਾਰ ਨੇ ਆਪਣੇ ਵਰਕ ਪਰੋਗਰਾਮ ਵਿਚੋਂ ਕੱਢ ਦਿੱਤੇ ਹਨ । ਇਸ ਲਈ ਇਹਨਾਂ ਪੁਲਾਂ ਦੀ ਉਸਾਰੀ ਰਾਜ ਸਰਕਾਰ ਦੀ ਯੋਜਨਾਂ ਵਿਚੋਂ ਧਨ ਮਿਲਣ ਅਨੁਸਾਰ ਕੀਤੀ ਜਾਵੇਗੀ ।

(ਅ) ਉਪਰ ਦਿਤੇ ਉਸਾਰੀ ਅਧੀਨ ਤਿੰਨ ਪੁਲ ਚਾਲੂ ਮਾਲੀ ਸਾਲ ਵਿਚ ਪੂਰੇ ਕੀਤੇ ਜਾਣ ਦੀ ਸੰਭਾਵਨਾ ਹੈ ।

**ਮਾਸਟਰ ਕੁੰਦਨ ਸਿੰਘ** : ਸਪੀਕਰ ਸਾਹਿਬ ਤੁਹਾਨੂੰ ਵੀ ਪਤਾ ਹੈ ਔਰ ਵਜ਼ੀਰ ਸਾਹਿਬ ਨੂੰ ਵੀ ਪਤਾ ਹੈ ਕਿ ਬਾਰਸ਼ਾਂ ਦੇ ਦਿਨਾਂ ਵਿਚ ਸਾਡਾ ਰਸਤਾ ਬੰਦ ਹੋ ਜਾਂਦਾ ਹੈ । ਚੰਡੀਗੜ੍ਹ ਨੂੰ ਵਾਇਆ ਜਲੰਧਰ ਆਉਣਾ ਪੈਂਦਾ ਹੈ, ਇਸ ਲਈ ਕੀ ਇਹ ਲੋਕਾਂ ਦੀ ਤਕਲੀਫ ਨੂੰ ਮੱਦੇਨਜ਼ਰ ਰਖਦੇ ਹੋਏ ਉਥੇ ਪੁਲ ਬਣਾਉਣ ਲਈ ਤਿਆਰ ਹਨ ? ਜੇਕਰ ਭਾਰਤ ਸਰਕਾਰ ਨੇ ਫੰਡਜ਼ ਦੇ ਵਿਚੋਂ ਪੈਸਾ ਦੇਣਾ ਬੰਦ ਕਰ ਦਿੱਤਾ ਹੈ ਤਾਂ ਪੰਜਾਬ ਸਰਕਾਰ ਆਪਣੇ ਫ਼ੰਡ ਵਿਚੋਂ ਕਦੋਂ ਤਕ ਪੁਲ ਬਣਾ ਦੇਵਗੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਕਲ੍ਹ ਵੀ ਇਕ ਸਵਾਲ ਦੇ ਸਿਲਸਿਲੇ ਵਿਚ ਅਰਜ਼ ਕੀਤੀ ਸੀ । ਇਸ ਚੀਜ਼ ਦਾ ਤੁਅੱਲਕ ਵੀ ਉਸੇ ਹੀ ਯੋਜਨਾਂ ਨਾਲ ਹੈ । ਇਸ ਕਰਕੇ ਕੋਸ਼ਿਸ਼ ਕਰ ਰਹੇ ਹਾਂ ਕਿ ਭਾਰਤ ਸਰਕਾਰ ਵਲੋਂ ਪੈਸੇ ਮਿਲ ਜਾਣ ਅਤੇ ਛੇਤੀ ਇਸ ਕੰਮ ਨੂੰ ਖ਼ਤਮ ਕੀਤਾ ਜਾਵੇ । ਸਾਡਾ ਪ੍ਰੈਸ਼ਰ, ਦਬਾਓ ਔਰ ਤਰੀਕਾਕਾਰ ਕਾਫੀ ਹੱਦ ਤੱਕ ਮੁਅੱਸਰ ਹੈ ਔਰ ਆਸ ਵੀ ਹੈ ਕਿ ਸਾਡੀ ਗਲ ਮੰਨੀ ਜਾਵੇਗੀ । ਭਾਗ 'ਅ' ਵਿਚ ਇਹੋ ਹੀ ਜਵਾਬ ਦਿੱਤਾ ਹੈ । ਕਿਸੇ ਵੀ ਸੂਰਤ ਵਿਚ ਅਗਰ ਸਾਨੂੰ ਪੈਸੇ ਨਾ ਮਿਲੇ ਤਾਂ ਫਿਰ ਪੰਜਾਬ ਸਰਕਾਰ ਦੇ ਧਨ ਵਿਚੋਂ ਬਣਾਉਣ ਵਾਸਤੇ ਉਪਰਾਲਾ ਕਰਾਂਗੇ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, 13 ਪੁਲ ਬਣਾਉਣ ਵਾਲੇ ਹਨ, ਤਿੰਨ ਉਨ੍ਹਾਂ ਵਿਚੋਂ ਬਣਨਗੇ, ਇਸ ਲਈ ਧੰਨਵਾਦੀ ਹਾਂ । ਲੇਕਿਨ ਇਹ ਪੁਲ ਉਥੇ ਬਣ ਰਹੇ ਹਨ ਜਿੱਥੇ ਟਰੈਫਿਕ ਨਹੀਂ, ਮੇਜਰ ਦਿੱਕਤ ਨਹੀਂ ਆਉਂਦੀ । ਵੱਡੇ ਵੱਡੇ ਜਿਹੜੇ ਹਨ ਉਥੇ ਨਹੀਂ ਬਣ ਰਹੇ । ਇਸ ਲਈ ਮੈਂ ਇਹ ਸਵਾਲ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਆਉਂਦੇ ਸਾਲ ਦੀ ਯੋਜਨਾਂ ਦੇ ਅੰਦਰ ਇਸ ਕੰਮ ਲਈ ਡੈਫੀਨੇਟਲੀ ਪੈਸਾ ਰੱਖਣਗੇ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਹਰ ਸਾਲ ਲਈ ਕੇਸ ਪਲਾਨਿੰਗ ਪਾਸ ਜਾਂਦਾ ਹੈ। ਫਾਈਨਾਂਸ ਡਿਪਾਰਟਮੈਂਟ ਨੂੰ ਔਰ ਪਲਾਨਿੰਗ ਨੂੰ ਪਰਸੂ ਕਰਾਂਗੇ ਔਰ ਜ਼ਿਆਦਾ ਤੋਂ ਜ਼ਿਆਦਾ ਧਨ, ਜੇਕਰ ਸੈਂਟਰ ਤੋਂ ਨਾ ਮਿਲਿਆ ਤਾਂ, ਅਸੀਂ ਰੱਖਣ ਦਾ ਯਤਨ ਕਰਾਂਗੇ।

**ਕੈਪਟਨ ਰਤਨ ਸਿੰਘ** : ਕੀ ਮਨਿਸਟਰ ਸਾਹਿਬ ਇਹ ਮੁਨਾਸਿਬ ਸਮਝਦੇ ਹਨ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਐਮ. ਐਲ. ਏਜ਼ ਔਰ ਐਮ.ਪੀਜ਼ ਦਾ ਇਕ ਡੈਪੂਟੇਸ਼ਨ ਜਾ ਕੇ ਸੈਂਟਰ ਨੂੰ ਮਿਲੇ ਔਰ ਇਸ ਬਾਰੇ ਸੈਂਟਰ ਤੇ ਜ਼ੋਰ ਪਾਇਆ ਜਾਵੇ ਕੀ ਇਹ ਇਸ ਗਲ ਨੂੰ ਠੀਕ ਸਮਝਦੇ ਹਨ ? ਜੇਕਰ ਸੈਂਟਰ ਨੇ ਐਗਰੀ ਨਹੀਂ ਕੀਤਾ ਤਾਂ ਉਸ ਪਾਸ ਡੈਪੂਟੇਸ਼ਨ ਦੇ ਜਾਣ ਵਿਚ ਮੇਰਾ ਖਿਆਲ ਹੈ ਕੋਈ ਹਰਜ਼ ਨਹੀਂ ਹੈ।

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਜ਼ਾਤੀ ਤੌਰ ਤੇ ਐਮ.ਅਲ.ਏਜ਼. ਸਾਹਿਬਾਨ ਨੂੰ ਪਹਿਲਾਂ ਵੀ ਕਹਿ ਚੁਕਾ ਹਾਂ ਕਿ ਮੈਂ ਉਸ ਇਲਾਕੇ ਦੇ ਐਮ.ਐਲ.ਏਜ਼. ਨਾਲ ਜਾ ਕੇ ਕੇਸ ਪਰਸੂ ਕਰਨ ਨੂੰ ਤਿਆਰ ਹਾਂ।

**ਸਰਦਾਰ ਹਰਚਰਨ ਸਿੰਘ** (ਅਜਨਾਲਾ) : ਸਪੀਕਰ ਸਾਹਿਬ, ਮੈਂ ਇਹ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸੱਕੀ ਨਾਲੇ ਤੇ ਪੁਲ ਜਿਹੜਾ ਕਿ ਅੰਮ੍ਰਿਤਸਰ ਵਾਲੀ ਸੜਕ ਤੇ ਬਣਨਾ ਹੈ ਅਜੇ ਤਕ ਮੁਕੰਮਲ ਨਹੀਂ ਹੋ ਸਕਿਆ, ਆਇਆ ਇਨ੍ਹਾਂ ਪਾਸ ਉਸ ਬਾਰੇ ਕੋਈ ਇਨਫਾਰਮੇਸ਼ਨ ਹੈ ? ਜੇਕਰ ਇਨ੍ਹਾਂ ਪਾਸ ਜਾਣਕਾਰੀ ਹੈ ਤਾਂ ਕੀ ਇਹ ਦੱਸਣਗੇ ਕਿ ਉਹ ਪੁਲ ਅਜੇ ਤਕ ਕਿਉਂ ਨਹੀਂ ਬਣਿਆ ਔਰ ਜੇਕਰ ਨਹੀਂ ਹੈ ਤਾਂ ਕੀ ਇਹ ਜਾਣਕਾਰੀ ਹਾਸਲ ਕਰਨ ਦਾ ਯਤਨ ਕਰਨਗੇ ?

**ਸ੍ਰੀ ਸਪੀਕਰ** : ਇਹ ਸਪਲੀਮੈਂਟਰੀ ਮੇਨ ਸਵਾਲ ਨਾਲ ਰਿਲੇਟ ਨਹੀਂ ਕਰਦੀ, ਲੇਕਿਨ ਜੇਕਰ ਮਨਿਸਟਰ ਸਾਹਿਬ ਇਸ ਦਾ ਜਵਾਬ ਦੇਣਾ ਚਾਹੁੰਦੇ ਹਨ ਤਾਂ ਦੇ ਸਕਦੇ ਹਨ।

( ਮੰਤਰੀ ਜੀ ਵਲੋਂ ਕੋਈ ਉੱਤਰ ਨਹੀਂ ਦਿਤਾ ਗਿਆ। )

**ਸਰਦਾਰ ਗੁਰਬਚਨ ਸਿੰਘ ਚੀਮਾ** : ਸਪੀਕਰ ਸਾਹਿਬ, ਦਸੂਹਾ ਤੋਂ ਵਾਇਆ ਟਾਂਡਾ ਹੋਕੇ ਇਧਰ ਆਉਣਾ ਪੈਂਦਾ ਹੈ। ਉਥੇ ਦੋ ਪੁਲ ਹਨ। ਇਸ ਲਈ ਕਮ-ਅਜ਼-ਕਮ ਇਕ ਪਾਸੇ ਤੋਂ ਆਉਣ ਜਾਣ ਲਈ ਪੁਲ ਤਾਂ ਹੋਣਾ ਚਾਹੀਦਾ ਹੈ।

**ਸ੍ਰੀ ਸਪੀਕਰ** : ਇਹ ਸਪਲੀਮੈਂਟਰੀ ਇਸ ਸਵਾਲ ਨੂੰ ਰਿਲੇਟ ਨਹੀਂ ਕਰਦਾ ਹੈ। ਵਜ਼ੀਰ ਸਾਹਿਬ ਸਾਰੇ ਪੰਜਾਬ ਦੇ ਪੁਲਾਂ ਦਾ ਜਵਾਬ ਕਿਸ ਤਰ੍ਹਾਂ ਦੇ ਸਕਣਗੇ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਹੁਸ਼ਿਆਰਪੁਰ ਦੇ ਨਾਲ ਲਗਦਾ ਰੋਪੜ ਦਾ, ਕੰਡੀ ਦਾ ਇਲਾਕਾ ਹੈ, ਉਥੇ ਵੀ ਆਉਣ ਜਾਣ ਵਿਚ ਔਕੜਾਂ ਆਉਂਦੀਆਂ ਹਨ। ਕੀ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਇਹ ਗੱਲ ਹੈ ਕਿ ਇਸ ਇਲਾਕੇ ਵਿਚ ਕਈ ਪੁਲ ਸੈਂਕਸ਼ਨ ਹੋ ਚੁਕੇ ਹਨ। ਉਹਨਾਂ ਵਾਸਤੇ ਹਰ ਸਾਲ ਦੇ ਬੱਜਟ ਵਿਚ ਦੋ ਦੋ ਲੱਖ ਰੁਪਿਆ ਸੈਂਕਸ਼ਨ ਹੁੰਦਾ ਹੈ ਪਰ ਐਡਮਨਿਸਟਰੇਟਿਵ ਅਪਰੂਵਲ ਨਹੀਂ ਦਿਤੀ ਜਾਂਦੀ। ਕੀ ਮਨਿਸਟਰ ਸਾਹਿਬ ਐਡਮਨਿਸਟਰੇਟਿਵ ਅਪਰੂਵਲ ਛੇਤੀ ਦੇਣ ਲਈ ਕੋਸ਼ਿਸ਼ ਕਰਨਗੇ ? (ਵਿਘਨ)

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਜੋਸ਼ ਸਾਹਿਬ, ਇਸ ਤਰ੍ਹਾਂ ਤਾਂ ਸਾਰੇ ਹੀ ਪੰਜਾਬ ਦੀ ਚਰਚਾ ਸ਼ੁਰੂ ਹੋ ਜਾਵੇਗੀ ।

**ਚੌਧਰੀ ਦਰਸ਼ਨ ਸਿੰਘ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਜਲੰਧਰ ਤੋਂ ਅੰਮ੍ਰਿਤਸਰ ਸੜਕ ਤੇ ਪੁੱਲ 1962 ਵਿਚ ਸ਼ੁਰੂ ਹੋਇਆ ਸੀ ਪਰ ਮੁਕੰਮਲ ਅਜੇ ਤਕ ਨਹੀਂ ਹੋਇਆ । ਆਇਆ ਇਸ ਵਿਚ ਕੋਈ ਰੁਕਾਵਟ ਹੈ ? ਕਿਉਂ ਨਹੀਂ ਇਸ ਤਰ੍ਹਾਂ ਦੇ ਪੁਲਾਂ ਨੂੰ ਡੇਟ-ਬਾਉਂਡ ਕਰਾਰ ਦਿੰਦੇ ਕਿ ਇਤਨੇ ਚਿਰ ਵਿਚ ਕੰਪਲੀਟ ਹੋਣੇ ਚਾਹੀਦੇ ਹਨ ? ਇਹ ਵਿਕਸਡ ਪ੍ਰਾਜੈਕਟਸ ਹਨ । ਦੋ ਚਾਰ ਕਰੋੜ ਰੁਪਏ ਦੇ ਹਨ । ਇਸ ਲਈ ਡੇਟ-ਬਾਉਂਡ ਕੰਮ ਹੋਣਾ ਚਾਹੀਦਾ ਹੈ, ਟਾਈਮ ਫਿਕਸ ਹੋਣਾ ਚਾਹੀਦਾ ਹੈ ।

(ਕੋਈ ਉੱਤਰ ਨਹੀਂ ਆਇਆ)

(ਇਸ ਸਮੇਂ ਸਰਦਾਰ ਦਰਬਾਰਾ ਸਿੰਘ ਜੀ, ਸਰਦਾਰ ਸੁਰਜੀਤ ਸਿੰਘ ਅਟਵਾਲ ਜੀ ਅਤੇ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਜੀ ਸਪਲੀਮੈਂਟਰੀ ਕਰਨ ਲਈ ਖੜੇ ਸਨ ।)

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਇਕੋ ਹੀ ਜਵਾਬ ਦੇ ਦਿਆਂਗਾ । ਜੋਸ਼ ਜੀ, ਚੌਧਰੀ ਦਰਸ਼ਨ ਸਿੰਘ ਜੀ, ਅਟਵਾਲ ਸਾਹਿਬ ਅਤੇ ਸਰਦਾਰ ਦਰਬਾਰਾ ਸਿੰਘ ਜੀ ਮੈਨੂੰ ਸਾਰੀਆਂ ਗੱਲਾਂ ਲਿਖ ਕੇ ਦੇ ਦੇਣ । ਮੈਂ ਇਨ੍ਹਾਂ ਦੀ ਤਸੱਲੀ ਕਰਵਾ ਦਿਆਂਗਾ । ਸਪੀਕਰ ਸਾਹਿਬ, ਇਕ ਕਨਸਲਟੇਟਿਵ ਕਮੇਟੀ ਬਣਾਈ ਹੈ । ਉਥੇ ਸਾਰੇ ਕੇਸ ਲੈ ਆਉਣ, ਮੈਂ ਸਾਰੇ ਡਿਸਕਸ ਕਰ ਲਵਾਂਗਾ ।

ਜੋ ਚੌਧਰੀ ਦਰਸ਼ਨ ਸਿੰਘ ਜੀ ਨੇ ਕਿਹਾ ਹੈ, ਉਸ ਬਾਰੇ ਉਨ੍ਹਾਂ ਨੂੰ ਆਪ ਵੀ ਪਤਾ ਹੈ । ਉਨ੍ਹਾਂ ਨੇ ਆਪ ਹੀ ਫ਼ੈਸਲਾ ਕਰਵਾਇਆ ਹੈ । ਕਾਨਟਰੈਕਟਰ ਨੂੰ ਕਾਨਟਰੈਕਟ ਦੇਣ ਵਾਸਤੇ ਵੀ ਗੱਲ ਕੀਤੀ ਹੈ ਲੇਕਿਨ ਉਹ ਸਿਰੇ ਨਹੀਂ ਚੜ੍ਹੀ । ਇਨ੍ਹਾਂ ਨੂੰ ਪਤਾ ਹੀ ਹੈ । ਅਸੀਂ ਚਾਹੁੰਦੇ ਹਾਂ ਕਿ ਉਸ ਪੁਲ ਨੂੰ ਵੀ ਕੰਪਲੀਟ ਕਰੀਏ । (ਵਿਘਨ)

**ਸ੍ਰੀ ਪਿਆਰਾ ਰਾਮ ਧੰਨੋਵਾਲੀ :** ਸਪੀਕਰ ਸਾਹਿਬ, ਮੈਂ ਗੜ੍ਹਸ਼ੰਕਰ ਦੀ ਗੱਲ ਕਰਨੀ ਹੈ । ਜਦੋਂ ਹੁਸ਼ਿਆਰਪੁਰ ਗੜ੍ਹਸ਼ੰਕਰ ਰੋਡ ਬੰਦ ਹੋ ਜਾਂਦੀ ਹੈ ਤਾਂ ਬੜੀ ਮੁਸ਼ਕਲ ਪੇਸ਼ ਆਉਂਦੀ ਹੈ । ਫਗਵਾੜੇ ਵਲ ਦੀ ਆਉਣਾ ਜਾਣਾ ਪੈਂਦਾ ਹੈ । ਉਥੇ ਚਾਰ ਸਾਲ ਹੋ ਗਏ ਹਨ ਪੁਲ ਬਣਦੇ ਨੂੰ, ਪਰ ਅਜੇ ਤਕ ਕੰਪਲੀਟ ਨਹੀਂ ਹੋਇਆ । ਇਸ ਲਈ ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਉਹ ਕਦੋਂ ਤਕ ਕੰਪਲੀਟ ਹੋ ਜਾਵੇਗਾ ?

**ਰਾਜ ਮੰਤਰੀ :** ਮੈਂ ਅਰਜ਼ ਕੀਤੀ ਹੈ ਕਿ ਇਸ ਪੁਲ ਬਾਰੇ ਮੈਂਬਰ ਸਾਹਿਬ ਨੂੰ ਸਾਰੀ ਵਾਕਫੀਅਤ ਹੈ ਕਿ ਕੀ ਅੜਚਣ ਹੈ । ਇਸ ਲਈ ਮੇਰਾ ਖਿਆਲ ਹੈ ਕਿ ਦੁਬਾਰਾ ਦੱਸਣ ਦੀ ਲੋੜ ਨਹੀਂ ਹੈ । ਚੌਧਰੀ ਸਾਹਿਬ ਨੂੰ ਵੀ ਇਲਮ ਹੈ ਔਰ ਇਨ੍ਹਾਂ ਨੂੰ ਵੀ ਇਲਮ ਹੈ

Original with;
Punjab Vidhan Sabha
Digitized by;
Panjab Digital Library

STARRED QUESTION NO. 3765

**Mr. Speaker**: Extension has been asked for in respect of Starred Question No. 3765.

ਵਿਧਾਨ ਸਭਾ ਦੇ ਸਵਾਲ ਨੰ: 3765 ਜੋ ਮਿਤੀ 7 ਸਤੰਬਰ, 1976 ਲਈ ਨਿਸ਼ਾਨ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ, ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ਕਿਉਂਕਿ ਵਿਧਾਨ ਸਭਾ ਸਕੱਤਰੇਤ ਵਲੋਂ ਇਸ ਦਾ ਨੋਟਿਸ ਬਹੁਤ ਦੇਰੀ ਨਾਲ ਪੁਜਿਆ ਸੀ।

ਸਬੰਧਤ ਸੂਚਨਾ ਜੋ ਇਕੱਤਰ ਕੀਤੀ ਜਾ ਰਹੀ ਹੈ, ਦੇ ਇਕੱਤਰ ਹੋਣ ਤੇ ਜਵਾਬ ਤੁਰਤ ਭੇਜ ਦਿਤਾ ਜਾਵੇਗਾ।

ਸਹੀ/—

(ਮੰਤਰੀ, ਲੋਕ ਨਿਰਮਾਣ) ਪੰਜਾਬ

ਸੇਵਾ ਵਿਖੇ

ਸਕੱਤਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

ਗ:ਸ:ਪ: ਨੰ: 8862 ਇਸ 2(1)—76 ਮਿਤੀ 6 ਸਤੰਬਰ, 1976

---

## ਵਿਧਵਾ/ਬੁਢਾਪਾ ਪੈਨਸ਼ਨਾਂ

*3738. **ਕਾਮਰੇਡ ਅੱਛਰਾ ਸਿੰਘ** : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਇਹ ਸੱਚ ਹੈ ਕਿ ਸਮਾਜ ਭਲਾਈ ਵਿਭਾਗ ਨੇ ਜਨਵਰੀ, ਫਰਵਰੀ, 1975 ਵਿਚ ਵਿਧਵਾ/ਬੁਢਾਪਾ ਪੈਨਸ਼ਨਾਂ ਦੇਣ ਲਈ ਮਲੇਰਕੋਟਲਾ ਉਪ-ਮੰਡਲ ਵਿਚ ਵੱਡੇ ਪੱਧਰ ਤੇ ਕੈਂਪ ਲਗਾਏ ਸਨ;

(ਅ) ਉਕਤ ਵੱਡੇ ਪੱਧਰ ਤੇ ਲਗਾਏ ਗਏ ਕੈਂਪਾਂ ਵਿਚ ਕਿੰਨੀਆਂ ਦਰਖਾਸਤਾਂ ਪ੍ਰਾਪਤ ਹੋਈਆਂ;

(ੲ) ਉਕਤ ਵਿਭਾਗ (ਅ) ਵਿਚ ਵਰਣਿਤ ਦਰਖਾਸਤਾਂ ਵਿਚੋਂ ਉਨ੍ਹਾਂ ਦਰਖਾਸਤਾਂ ਦੀ ਗਿਣਤੀ ਕਿੰਨੀ ਹੈ ਜਿਹੜੀਆਂ ਮੌਕੇ ਤੇ ਹੀ ਮਨਜ਼ੂਰ ਕੀਤੀਆਂ ਗਈਆਂ ਸਨ;

(ਸ) ਉਕਤ ਭਾਗ (ਅ) ਵਿਚ ਵਰਣਿਤ ਦਰਖਾਸਤਾਂ ਵਿਚੋਂ ਉਹਨਾਂ ਦਰਖਾਸਤਾਂ ਦੀ ਗਿਣਤੀ ਕਿੰਨੀ ਹੈ ਜਿਹੜੀਆਂ ਅਜੇ ਤਕ ਮਨਜ਼ੂਰ ਨਹੀਂ ਕੀਤੀਆਂ ਗਈਆਂ ਹਨ ਅਤੇ ਇਸ ਦੇ ਕੀ ਕਾਰਨ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸੰਤੋਖ ਸਿੰਘ ਰੰਧਾਵਾ** (ਰਾਜ ਮੰਤਰੀ, ਵਿਕਾਸ) : (ੳ) ਹਾਂ ਜੀ ।

| | | |
|---|---|---|
| (ਅ) ਬੁਢਾਪਾ ਪੈਨਸ਼ਨ ਦੀਆਂ ਕੁਲ ਅਰਜ਼ੀਆਂ | .. | 527 |
| ਵਿਧਵਾ ਪੈਨਸ਼ਨ ਦੀਆਂ ਕੁੱਲ ਅਰਜ਼ੀਆਂ | .. | 146 |

(ੲ) ਮੌਕੇ ਤੇ ਕੋਈ ਵੀ ਅਰਜ਼ੀ ਮਨਜ਼ੂਰ ਨਹੀਂ ਸੀ ਕੀਤੀ ਗਈ ।

(ਸ) ਬੁਢਾਪਾ ਪੈਨਸ਼ਨ ਦੇ 25 ਕੇਸ ਨਿਯਮਾਂ ਅਨੁਸਾਰ ਕਵਰ ਨਾ ਹੋਣ ਕਾਰਨ ਰੱਦ ਕਰ ਦਿਤੇ ਗਏ ਸਨ ਅਤੇ 215 ਅਧੂਰੀਆਂ ਅਰਜ਼ੀਆਂ ਵਾਪਸ ਕੀਤੀਆਂ ਹੋਈਆਂ ਸਨ ਜਿਹੜੀਆਂ ਹਾਲੀ ਤੀਕ ਮੁਕੰਮਲ ਹੋ ਕੇ ਵਾਪਸ ਨਹੀਂ ਆਈਆਂ ।

ਵਿਧਵਾ ਪੈਨਸ਼ਨ ਦੇ 35 ਕੇਸ ਰੱਦ ਕਰ ਦਿਤੇ ਗਏ ਸਨ ਅਤੇ 21 ਅਰਜ਼ੀਆਂ ਅਧੂਰੀਆਂ ਹੋਣ ਕਾਰਨ ਵਾਪਿਸ ਕੀਤੀਆਂ ਹੋਈਆਂ ਸਨ ਜਿਹੜੀਆਂ ਕਿ ਮੁਕੰਮਲ ਹੋ ਕੇ ਵਾਪਸ ਨਹੀਂ ਆਈਆਂ ।

**ਕਾਮਰੇਡ ਅੱਛਰਾ ਸਿੰਘ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਕੈਂਪ ਮਲੇਰਕੋਟਲਾ ਵਿਚ ਲਗਾ ਸੀ, ਉਥੇ ਮੈਂ ਵੀ ਹਾਜ਼ਰ ਸੀ । ਉਥੇ 675 ਕੇਸਿਜ਼ ਪੂਰੀ ਤਰ੍ਹਾਂ ਕੰਪੀਲਟ ਸਨ ਪਰ ਇਨ੍ਹਾਂ ਵਿਚੋਂ ਕੁਝ ਨੂੰ ਪੈਨਸ਼ਨ ਅਜੇ ਤਕ ਨਹੀਂ ਮਿਲੀ ਹੈ । ਜਿਹੜੇ ਕੇਸਿਜ਼ ਵਿਚ ਖਾਮੀਆਂ ਹਨ ਕੀ ਉਹਨਾਂ ਨੂੰ ਵੀ ਪੂਰਾ ਕਰਕੇ ਪੈਨਸ਼ਨ ਦੇਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਸਕੀਮ 1964 ਵਿਚ ਚਾਲੂ ਕੀਤੀ ਸੀ, ਜਿਸ ਦੇ ਵਿਚ 25 ਰੁਪਏ ਬੁਢਾਪਾ ਪੈਨਸ਼ਨਰਜ਼ ਨੂੰ ਅਤੇ 20 ਰੁਪਏ ਵਿਧਵਾ ਪੈਨਸ਼ਨਰਜ਼ ਨੂੰ ਦਿਤੇ ਜਾਣ ਦੀ ਸਕੀਮ ਸੀ ਲੇਕਿਨ 1 ਅਪਰੈਲ, 1974 ਤੋਂ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਪੈਨਸ਼ਨ ਦੀ ਰਕਮ ਨੂੰ 25 ਰੁਪਏ ਤੋਂ 50 ਰੁਪਏ ਕਰ ਦਿਤਾ ਹੈ । ਇਹ 1974-75 ਦੇ ਵਿਚ ਐਪਲੀਕੇਸ਼ਨਜ਼ ਬਹੁਤ ਘੱਟ ਆਈਆਂ ਸਨ । ਇਸ ਲਈ ਕਰੈਸ਼ ਪ੍ਰੋਗਰਾਮ ਦੇ ਅਧੀਨ ਸਾਰੇ ਪੰਜਾਬ ਦੇ ਵਿਚ 120 ਕੈਂਪ ਲਗੇ ਸਨ, ਜਿਨ੍ਹਾਂ ਵਿਚੋਂ 10 ਕੈਂਪ ਜ਼ਿਲ੍ਹਾ ਸੰਗਰੂਰ ਵਿਚ ਲਗੇ ਸਨ ਅਤੇ ਜਿਹੜੀਆਂ ਐਪਲੀਕੇਸ਼ਨਜ਼ ਆਈਆਂ ਸਨ, ਉਹਨਾਂ ਵਿਚੋਂ 1289 ਨੂੰ ਮਨਜ਼ੂਰ ਕਰ ਲਿਆ ਸੀ । ਬਾਕੀ 700 ਦੇ ਕਰੀਬ ਐਪਲੀਕੇਸ਼ਨਜ਼ ਵਾਪਸ ਕਰ ਦਿਤੀਆਂ ਗਈਆਂ ਸਨ ਅਤੇ 157 ਐਪਲੀਕੇਸ਼ਨਾਂ ਵਿਡੋਜ਼ ਦੀਆਂ ਵਾਪਸ ਕੀਤੀਆਂ ਹਨ। ਮੈਂ ਵੀ ਮਹਿਸੂਸ ਕਰਦਾ ਹਾਂ ਕਿ ਇਸ ਤਰ੍ਹਾਂ ਦੇ ਕੈਂਪ ਲਗਣੇ ਚਾਹੀਦੇ ਹਨ ਜਿਥੇ ਬੀ.ਡੀ.ਓਜ਼ ਹੋਣ ਜਾਂ ਤਹਿਸੀਲਦਾਰ ਹੋਣ, ਡਾਕਟਰ ਹੋਣ ਅਤੇ ਗਜ਼ਟਿਡ ਅਫ਼ਸਰ ਸੋਸ਼ਲ ਵੈਲਫੇਅਰ ਡਿਪਾਰਟਮੈਂਟ ਦੇ ਗਏ ਹੋਣ । ਉਥੇ ਹੀ ਵੇਖਿਆ ਜਾਵੇ ਕਿ ਕਿਹੜਾ ਕਾਲਮ ਹੈ ਜਿਹੜਾ ਮੁਕੰਮਲ ਨਹੀਂ ਹੋਇਆ ਹੈ । ਉਹ ਦੋਬਾਰਾ ਭਰਾ ਲਿਆ ਜਾਵੇ । ਅਸਲ ਮਕਸਦ ਕੈਂਪ ਲਗਾਉਣ ਦਾ ਇਹ ਹੀ ਹੋ ਸਕਦਾ ਹੈ ਅਤੇ ਇਹ ਠੀਕ ਹੈ । ਕਈ ਜਗ੍ਹਾਂ ਤੇ ਕੈਂਪ ਜ਼ਿਆਦਾ ਹੋਣ ਕਰਕੇ ਗਜ਼ਟਿਡ ਅਫ਼ਸਰ ਨਹੀਂ ਜਾ ਸਕੇ, ਇਸ ਕਰਕੇ ਉਥ ਇਹ ਮਨਜ਼ੂਰ ਨਹੀਂ ਕਰ ਸਕੇ । ਉਹ ਅਰਜ਼ੀਆਂ ਇਥੇ ਆ ਗਈਆਂ, ਇਹਨਾਂ ਵਿਚ ਗਲਤੀਆਂ ਕੱਢ ਕੇ ਵਾਪਸ ਭੇਜੀਆਂ ਗਈਆਂ ਅਤੇ ਇਹ ਠੀਕ ਹੋ ਰਹੀਆਂ ਹਨ ।

Original with;
Punjab Vidhan Sabha
Digitized by;
Panjab Digital Library

**ਚੌਧਰੀ ਸੁੰਦਰ ਸਿੰਘ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ, ਨੂੰ ਦਸਣਾ ਚਾਹੁੰਦਾ ਹਾਂ ਕਿ ਪੈਨਸ਼ਨਾਂ ਦੀ ਬਹੁਤ ਬੁਰੀ ਹਾਲਤ ਹੈ । ਜਿਹੜੀਆਂ ਪੈਨਸ਼ਨਾਂ ਆਉਂਦੀਆਂ ਹਨ ਉਹ ਰਸਤੇ ਵਿਚ ਪੋਸਟਮੈਨ ਹੀ ਖਾ ਜਾਂਦੇ ਹਨ । ਇਸ ਦੀ ਮੈਂ ਸ਼ਕਾਇਤ ਮਨਿਸਟਰ ਸਾਹਿਬ ਦੇ ਕੋਲ ਵੀ ਕੀਤੀ ਸੀ । ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਐਕਸ਼ਨ ਲੈ ਰਹੇ ਹਾਂ ਅਤੇ ਜਨਰਲ ਪੋਸਟ ਮਾਸਟਰ ਨੂੰ ਕਿਹਾ ਗਿਆ ਹੈ । ਇਹਨਾਂ ਦੀਆਂ ਤਜ਼ਵੀਜ਼ਾਂ ਬਹੁਤ ਅੱਛੀਆਂ ਹਨ । ਹਰ ਇਕ ਜ਼ਿਲ੍ਹੇ ਦੇ ਵਿਚ ਇਸ ਤਰ੍ਹਾਂ ਦੇ ਕੈਂਪ ਲਗਾਉਣ ਤਾਂਕਿ ਲੋਕਾਂ ਦੀਆਂ ਤਕਲੀਫਾਂ ਦੂਰ ਹੋ ਸਕਣ । ਸਰਕਾਰ ਨੇ ਬੁਢਾਪਾ ਪੈਨਸ਼ਨ ਦੀ ਸਕੀਮ ਤਾਂ ਬਣਾਈ ਹੈ ਲੇਕਿਨ ਉਸ ਦੀ ਇੰਪਲੀਮੈਂਟੇਸ਼ਨ ਪੂਰੀ ਤਰ੍ਹਾਂ ਨਹੀਂ ਹੋ ਰਹੀ ਹੈ । ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਇਸ ਤੇ ਪੂਰੀ ਤਰ੍ਹਾਂ ਨਜ਼ਰ ਰੱਖ ਕੇ ਰਹਿ ਗਏ ਪੈਨਸ਼ਨਰਜ਼ ਨੂੰ ਪੈਨਸ਼ਨਾਂ ਦਿਵਾਉਣ ।

**ਰਾਜ ਮੰਤਰੀ :** ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਦਸਿਆ ਹੈ ਇਨ੍ਹਾਂ ਕੈਂਪਾਂ ਦੇ ਵਿਚ ਜਿੰਨੀਆਂ ਐਪਲੀਕੇਸ਼ਨਜ਼ ਆਈਆਂ ਸਨ, ਉਨ੍ਹਾਂ ਨੂੰ ਮਨਜ਼ੂਰ ਕਰਕੇ ਪੈਨਸ਼ਨਾਂ ਦਿੱਤੀਆਂ ਜਾਣਗੀਆਂ ਇਸ ਸਮੇਂ ਤਕ 54849 ਬੁਢਾਪਾ ਪੈਨਸ਼ਨਾਂ ਅਤੇ 11343 ਵਿਡੋਜ਼ ਨੂੰ ਪੈਨਸ਼ਨਾਂ ਮਿਲ ਰਹੀਆਂ ਹਨ । ਇਹ ਬਹੁਤ ਵੱਡੀ ਗੱਲ ਹੈ । ਇਸ ਕੰਮ ਲਈ ਬਹੁਤ ਪੈਸਾ ਰਖਿਆ ਗਿਆ ਹੈ। ਸਮਾਜ ਭਲਾਈ ਵਿਭਾਗ ਨੇ 12 ਕਰੋੜ ਰੁਪਿਆ ਜਿਹੜਾ ਹੈ ਇਹ ਐਨਵਾਇਰਮੈਂਟਲ ਸਕੀਮ ਦੇ ਅਧੀਨ ਹਰੀਜਨ ਬਸਤੀਆਂ ਵਾਸਤੇ ਰੁਪਿਆ ਹੈ । ਇਸ ਦੇ ਨਾਲ ਪੈਨਸ਼ਨਾਂ ਵਾਸਤੇ ਹੋਰ ਕੈਂਪ ਲਗਣਗੇ ਤਾਂਕਿ ਲੋਕਾਂ ਨੂੰ ਤਕਲੀਫਾਂ ਨਾ ਹੋਣ ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀ :** ਸਪੀਕਰ ਸਾਹਿਬ, ਇਹ ਬਹੁਤ ਵੱਡੀ ਤੇ ਚੰਗੀ ਸਕੀਮ ਹੈ ਅਤੇ ਸ਼ਲਾਘਾਯੋਗ ਹੈ । ਲੇਕਿਨ ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਸੋਸ਼ਲ ਵੈਲਫੇਅਰ ਡਿਪਾਰਟਮੈਂਟ ਦੇ ਵਿਚ ਹਮੇਸ਼ਾ ਰੌਲਾ ਪੈਂਦਾ ਹੈ ਕਿ ਅਮਲਾ ਘੱਟ ਹੈ । ਕੀ ਅਮਲਾ ਵਧਾਉਣ ਲਈ ਕੋਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਹਾਂ ਜੀ । ਇਹ ਸਰਕਾਰ ਦੇ ਵਿਚਾਰ ਅਧੀਨ ਹੈ ।

**ਸਰਦਾਰ ਹਰਚੰਦ ਸਿੰਘ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਕਈ ਥਾਵਾਂ ਤੇ ਜਿਥੇ ਕੈਂਪ ਲਗਾਏ ਗਏ ਸੀ ਉਥੇ ਗਜ਼ਟਿਡ ਅਫਸਰ ਨਹੀਂ ਜਾ ਸਕੇ ਜਿਸ ਕਰਕੇ ਇਨ੍ਹਾਂ ਨੂੰ ਪੈਨਸ਼ਨਾਂ ਨਹੀਂ ਮਿਲ ਸਕੀਆਂ । ਇਹ ਹੀ ਸਵਾਲ ਪਿਛਲੇ ਸੈਸ਼ਨ ਦੇ ਵਿਚ ਸੀ ਪਰ ਬੀਬੀ ਜੀ ਨੇ ਜਵਾਬ ਕੁਝ ਹੋਰ ਦਿੱਤਾ ਸੀ ਅਤੇ ਇਨ੍ਹਾਂ ਦਾ ਜਵਾਬ ਹੋਰ ਹੈ । ਕੀ ਇਨ੍ਹਾਂ ਨੇ ਆਪਸ ਵਿਚ ਸਲਾਹ ਮਸ਼ਵਰਾ ਨਹੀਂ ਕੀਤਾ ਹੈ ? ਸਪੀਕਰ ਸਾਹਿਬ, ਬੀਬੀ ਜੀ ਨੇ ਕਿਹਾ ਸੀ ਕਿ ਜਿਹੜੀਆਂ ਐਪਲੀਕੇਸ਼ਨਜ਼ ਇਨ੍ਹਾਂ ਕੈਂਪਾਂ ਵਿਚ ਲਈਆਂ ਗਈਆਂ ਸਨ ਉਨ੍ਹਾਂ ਨੂੰ ਪੈਨਸ਼ਨਾਂ ਦਿਤੀਆਂ ਜਾਣਗੀਆਂ । ਪਰ ਇਹ ਕਹਿੰਦੇ ਹਨ ਕਿ ਇਹ ਵੱਟੇ ਖਾਤੇ ਪੈ ਗਈਆਂ ਹਨ । ਪਿਛਲੇ 6 ਮਹੀਨਿਆ ਦੇ ਵਿਚ ਖਾਮੀਆਂ ਪੂਰੀਆਂ ਕਿਉਂ ਨਹੀਂ ਹੋਈਆਂ ਹਨ ।

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਇਹ ਨਹੀਂ ਸੀ ਕਿਹਾ । ਮੈਂ ਤਾਂ ਕਿਹਾ ਹੈ ਕਿ ਮੁਕੰਮਲ ਹੋਣ ਤੋਂ ਬਾਅਦ ਇਨ੍ਹਾਂ ਨੂੰ ਪੈਨਸ਼ਨਾਂ ਦਿੱਤੀਆਂ ਜਾਣਗੀਆਂ । ਜਿਥੇ ਕੋਈ ਅਫਸਰ ਗਲਤੀ ਕਰਦਾ ਹੈ ਅਤੇ ਇਨ੍ਹਾਂ ਐਪਲੀਕੇਸ਼ਨਜ਼ ਨੂੰ ਵੱਟੇ ਖਾਤੇ ਵਿਚ ਪਾਉਂਦਾ ਹੈ ਉਥੇ ਉਸ ਦੀ ਇਨਕੁਆਇਰੀ ਕੀਤੀ ਜਾਵੇਗੀ ਅਤੇ ਐਕਸ਼ਨ ਲਿਆ ਜਾਵੇਗਾ ।

Original with;
Punjab Vidhan Sabha
Digitized by;
Panjab Digital Library

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਪੈਨਸ਼ਨਾਂ ਚਾਲੂ ਹਨ, ਇਨ੍ਹਾਂ ਵਿਚੋਂ ਤਕਰੀਬਨ 3/75 ਤੋਂ 6/75 ਦੇ ਸਮੇਂ ਦੀਆਂ ਆਮ ਲੋਕਾਂ ਨੂੰ ਪੈਨਸ਼ਨਾਂ ਬੰਦ ਹੋ ਗਈਆਂ ਕਿਉਂਕਿ ਮਹਿਕਮੇ ਵਾਲਿਆਂ ਨੇ ਲਿਖਿਆ ਹੈ ਕਿ ਸਾਨੂੰ ਉਸ ਦੀਆਂ ਰਸੀਦਾਂ ਨਹੀਂ ਮਿਲੀਆਂ । ਅਸਲ ਵਿਚ ਪੈਨਸ਼ਨਾ ਉਨ੍ਹਾਂ ਲੋਕਾਂ ਨੂੰ ਮਿਲਦੀਆਂ ਹੀ ਨਹੀਂ । ਇਹ ਬਹੁਤ ਵੱਡਾ ਸਕੈਂਡਲ ਲਗਦਾ ਹੈ। ਕੀ 3/75 ਤੋਂ 6/75 ਤਕ ਪੈਨਸ਼ਨਾਂ ਦੇ ਬੰਦ ਹੋਣ ਦੇ ਕਾਰਨ ਦੱਸ ਸਕਦੇ ਹਨ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਮੇਰੇ ਨੋਟਿਸ ਵਿਚ ਲੈ ਆਉਣ । ਮੈਂ ਤਾਂ ਕਿਹਾ ਹੈ ਕਿ ਤਿੰਨ ਮਹੀਨੇ ਦੇ ਪੈਸੇ ਇਕੱਠੇ 150 ਰੁਪਏ ਭੇਜੇ ਜਾਂਦੇ ਹਨ । ਜਦੋਂ ਇਸ ਦੀ ਰਸੀਦ ਵਾਪਸ ਆ ਜਾਵੇ ਤਾਂ ਫੇਰ ਦੂਜੀ ਪੈਨਸ਼ਨ ਦੇ ਪੈਸੇ ਜਾਂਦੇ ਹਨ । ਚੌਧਰੀ ਸੁੰਦਰ ਸਿੰਘ ਜੀ ਨੇ ਜਿਹੜੀ ਤਜਵੀਜ਼ ਦਿੱਤੀ ਹੈ ਕਿ ਡਾਕਖਾਨੇ ਦੇ ਆਦਮੀਆਂ ਦੀ ਲਾਪਰਵਾਹੀ ਕਰਕੇ ਪੈਸੇ ਨਹੀਂ ਮਿਲਦੇ । ਹੁਣ ਅਸੀਂ ਇਸ ਤਰ੍ਹਾਂ ਕਰ ਰਹੇ ਹਾਂ ਕਿ ਪਿੰਡ ਦੇ ਨੰਬਰਦਾਰ ਜਾਂ ਸਰਪੰਚ ਤੋਂ ਤਸਦੀਕ ਕਰਾਕੇ ਭੇਜਿਆ ਜਾਵੇ ਕਿ ਇਹ ਆਦਮੀ ਇਥੇ ਨਹੀਂ ਰਹਿੰਦਾ ਹੈ। ਕਿਸੇ ਸਮੇਂ ਕੋਈ ਆਦਮੀ ਕੁਝ ਦਿਨਾਂ ਲਈ ਬਾਹਰ ਚਲਾ ਜਾਂਦਾ ਹੈ ਔਰ ਉਸ ਨੂੰ ਪੈਸੇ ਨਹੀਂ ਮਿਲਦੇ ਅਤੇ ਵਾਪਸ ਆ ਜਾਂਦੇ ਹਨ । ਜੇਕਰ ਪੈਸੇ ਵਾਪਸ ਆ ਜਾਂਦੇ ਹਨ ਤਾਂ ਫਿਰ ਦੁਬਾਰਾ ਪੈਨਸ਼ਨ ਨਹੀਂ ਜਾਂਦੀ ਹੈ । ਜੇਕਰ ਪਿੰਡ ਵਿਚ ਰਹਿੰਦਾ ਹੈ ਅਤੇ ਬਾਹਰ ਗਿਆ ਹੋਇਆ ਹੈ ਅਤੇ ਨੰਬਰਦਾਰ ਜਾਂ ਸਰਪੰਚ ਕਹਿ ਦੇਵੇ ਕਿ ਇਥੇ ਰਹਿੰਦਾ ਹੈ ਤਾਂ ਡਾਕਖਾਨੇ ਵਾਲੇ ਇਕ ਦੋ ਹਫਤੇ ਇੰਤਜ਼ਾਰ ਕਰਨਗੇ ।

**ਕਾਮਰੇਡ ਅੱਛਰਾ ਸਿੰਘ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਮਲੇਰਕੋਟਲਾ ਅਤੇ ਧੂਰੀ ਵਿਖੇ ਕੈਂਪ ਲਗੇ ਸਨ । ਉਥੇ ਬੀ. ਡੀ. ਓਜ਼, ਡਾਕਟਰ, ਅਤੇ ਹੋਰ ਗਜ਼ਟਿਡ ਅਫ਼ਸਰ ਸਮਾਜ ਭਲਾਈ ਦੇ ਆਏ ਸਨ । 675 ਕੇਸਿਜ਼ ਕੀਤੇ ਗਏ ਅਤੇ ਕੁਝ ਕੇਸਿਜ਼ ਨੂੰ ਰਿਜੈਕਟ ਕੀਤਾ ਗਿਆ ਹੈ, ਇਸ ਦੇ ਕਾਰਨ ਦੱਸੇ ਜਾਣ । ਖਾਮੀਆਂ ਨੂੰ ਦੂਰ ਕਰਕੇ ਕਦੋਂ ਤਕ ਉਨ੍ਹਾਂ ਨੂੰ ਪੈਨਸ਼ਨ ਦੇ ਦਿੱਤੀ ਜਾਵੇਗੀ । ਇਸ ਨੂੰ ਦੋ ਸਾਲ ਦੇ ਕਰੀਬ ਹੋਣ ਲਗੇ ਹਨ । ਜਿਹੜੇ ਕੇਸਿਜ਼ ਪਾਸ ਹੋਏ ਹਨ, ਉਨ੍ਹਾਂ ਨੂੰ ਪੈਨਸ਼ਨ ਕਦੋਂ ਤਕ ਚਾਲੂ ਹੋ ਜਾਵੇਗੀ ।

**ਰਾਜ ਮੰਤਰੀ :** ਸਪੀਕਰ ਸਾਹਿਬ, ਜਿਹੜੀਆਂ ਪੈਨਸ਼ਨਾਂ ਰਿਜੈਕਟ ਹੋ ਗਈਆਂ ਹਨ ਉਨ੍ਹਾਂ ਦੀ ਨਹੀਂ ਹੋਣੀ ਅਤੇ ਜਿਹੜੀਆਂ ਪੈਂਡਿੰਗ ਹਨ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਨਿਪਟਾ ਦਿੱਤਾ ਜਾਵੇਗਾ ।

**ਸ਼੍ਰੀ ਸਰਦਾਰੀ ਲਾਲ ਕਪੂਰ :** ਸਪੀਕਰ ਸਾਹਿਬ, ਪੈਨਸ਼ਨ ਲੈਣ ਵੇਲੇ ਐਪਲੀਕੈਂਟਸ ਨੂੰ ਬਹੁਤ ਸਾਰੀਆਂ ਫਾਰਮੈਲਿਟੀਜ਼ ਪੂਰੀਆਂ ਕਰਨੀਆਂ ਪੈਂਦੀਆਂ ਹਨ ਅਤੇ ਉਨ੍ਹਾਂ ਫਾਰਮੈਲਿਟੀਜ਼ ਨੂੰ ਪੂਰਾ ਕਰਕੇ ਕਾਗਜ਼ ਇਨ੍ਹਾਂ ਦੇ ਦਫ਼ਤਰ ਵਿਚ ਡੀ. ਸੀ. ਦੇ ਰਾਹੀਂ ਭੇਜੇ ਜਾਂਦੇ ਹਨ । ਇਹ ਕਾਗਜ਼ ਰਜਿਸਟਰੀ ਕਰਾਕੇ ਭੇਜੇ ਜਾਂਦੇ ਹਨ । ਇਹ ਕਾਗਜ਼ ਦਫ਼ਤਰ ਵਲੋਂ ਕੋਈ ਨਾ ਕੋਈ ਇਤਰਾਜ਼ ਲਗਾਕੇ ਫਿਰ ਵਾਪਸ ਭੇਜੇ ਜਾਂਦੇ ਹਨ ਅਤੇ ਕਹਿੰਦੇ ਹਨ ਕਿ ਤੁਸੀਂ ਐਮ.ਐਲ. ਏ. ਦੇ ਦਸਖਤ ਕਰਾਓ ਅਤੇ ਤਹਿਸੀਲਦਾਰ ਦੇ ਦਸਖਤ ਕਰਾਓ । ਫਿਰ ਕਹਿੰਦੇ ਹਨ ਕਿ ਐਗਜ਼ੈਕਟਿਵ ਮੈਜਿਸਟਰੇਟ ਦੇ ਦਸਖਤ ਨਹੀਂ ਹੋਏ । ਇਸ ਤਰ੍ਹਾਂ ਕਰਦਿਆਂ ਕਰਾਂਦਿਆਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਰਦਾਰੀ ਲਾਲ ਕਪੂਰ]

ਨੂੰ ਉਨ੍ਹਾਂ ਵਿਚਾਰਿਆਂ ਨੂੰ ਦੋ ਸਾਲ ਲੰਘ ਜਾਂਦੇ ਹਨ ਅਤੇ ਉਨ੍ਹਾਂ ਨੂੰ ਪੈਨਸ਼ਨ ਨਹੀਂ ਮਿਲਦੀ। ਫਿਰ ਜਦ ਉਨ੍ਹਾਂ ਦੀ ਪੈਨਸ਼ਨ ਮਨਜ਼ੂਰ ਹੋ ਕੇ ਜਾਂਦੀ ਹੈ ਤਾਂ ਉਦੋਂ ਤੱਕ ਕਈ ਵਿਚਾਰੇ ਮਰ ਚੁੱਕੇ ਹੁੰਦੇ ਹਨ। ਇਨ੍ਹਾਂ ਦੇ ਦਫ਼ਤਰ ਦੀ ਹਾਲਤ ਇਹ ਹੈ ਕਿ ਇਸ ਗੱਲ ਵਲ ਕੋਈ ਧਿਆਨ ਨਹੀਂ ਕਰਦਾ। ਉਨ੍ਹਾਂ ਦੇ ਮਰਨ ਤੋਂ ਬਾਅਦ ਉਨ੍ਹਾਂ ਦੀ ਪੈਨਸ਼ਨ ਮਨਜ਼ੂਰ ਹੋ ਕੇ ਜਾਂਦੀ ਹੈ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਇਹ ਪੈਨਸ਼ਨ ਦੇਣ ਦੇ ਤਰੀਕੇ ਨੂੰ ਅਸਾਨ, ਸਿੰਪਲੀਫਾਈ ਕਰਨ ਤਾਕਿ ਉਨ੍ਹਾਂ ਨੂੰ ਪੈਨਸ਼ਨ ਜਲਦੀ ਮਿਲ ਜਾਵੇ। ਦੂਸਰਾ ਇਹ ਕਿ ਜ ਐਮ. ਐਲ. ਏ. ਦਸਖਤ ਕਰ ਦਿੰਦਾ ਹੈ ਤਾਂ ਫਿਰ ਤਹਿਸੀਲਦਾਰ ਦੇ ਦਸਖਤਾਂ ਦੀ ਲੋੜ ਨਹੀਂ ਹੈ ਅਤੇ ਜਾਂ ਫਿਰ ਐਮ. ਐਲ. ਏ. ਦੇ ਦਸਖਤ ਨਾ ਕਰਾਇਆ ਕਰਨ ਅਤੇ ਤਹਿਸੀਲਦਾਰ ਦੇ ਹੀ ਦਸਖਤ ਕਰਵਾ ਲਿਆ ਕਰਨ।

**ਰਾਜ ਮੰਤਰੀ** : ਇਨ੍ਹਾਂ ਦੀ ਤਜਵੀਜ਼ ਬਹੁਤ ਅੱਛੀ ਹੈ, ਸਰਕਾਰ ਇਸ ਤੇ ਗੌਰ ਕਰ ਲਵੇਗੀ।

**ਸ਼੍ਰੀ ਵਿਸ਼ਵਾ ਮਿੱਤਰ ਸੇਖੜੀ** : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਸ ਫਾਈਨੈਂਸ਼ੀਅਲ ਯੀਅਰ ਦੇ ਵਿਚ ਪੰਜਾਬ ਵਿਚ ਡਿਸਟ੍ਰਿਕਟਵਾਈਜ਼ ਕਿੰਨੇ ਕੈਂਪ ਲਗਾਉਣਗੇ ਤਾਂਕਿ ਇਹ ਜਿਹੜੀਆਂ ਐਨੀਆਂ ਦਰਖਾਸਤਾਂ ਇਕੱਠੀਆਂ ਹੋਈਆਂ ਪਈਆਂ ਹਨ ਪੈਨਸ਼ਨਾਂ ਵਾਸਤੇ, ਉਨ੍ਹਾਂ ਦਾ ਨਿਪਟਾਰਾ ਹੋ ਸਕੇ ?

**ਰਾਜ ਮੰਤਰੀ** : ਮੈਂ ਤੁਹਾਨੂੰ ਪਹਿਲੇ ਬੇਨਤੀ ਕੀਤੀ ਸੀ ਕਿ 1974-75 ਵਿਚ ਐਪਲੀਕੇਸ਼ਨਜ਼ ਬਹੁਤ ਘੱਟ ਆਈਆਂ ਹਨ, ਇਸ ਲਈ ਅੰਡਰ ਦੀ ਕ੍ਰੈਸ਼ ਪ੍ਰੋਗਰਾਮ 120 ਕੈਂਪ ਲਾਉਣੇ ਪਏ। ਹੁਣ ਵੀ ਕੈਂਪ ਲੱਗ ਰਹੇ ਹਨ ਅਤੇ ਬਕਾਇਦਾ ਜਿਸ ਤਰ੍ਹਾਂ ਮੈਂ ਦੱਸਿਆ ਹੈ ਕਿ ਉਥੇ ਹੈਪਹੈਜ਼ਰਡ ਲੱਗੇ। ਕਈ ਜਗ੍ਹਾ ਗਜ਼ਟਿਡ ਅਫ਼ਸਰ ਗਏ ਅਤੇ ਕਈ ਜਗ੍ਹਾ ਨਹੀਂ ਗਏ। ਹੁਣ ਬਕਾਇਦਾ ਕੈਂਪ ਬਲਾਕਵਾਈਜ਼ ਲੱਗਣਗੇ। ਉਥੇ ਬੀ. ਡੀ. ਓ. ਹੋਵੇਗਾ ਅਤੇ ਡਾਕਟਰ ਵੀ ਉਥੇ ਹੋਵੇਗਾ। ਜਿਹੜਾ ਕੋਈ ਕਾਲਮ ਰਹਿ ਗਿਆ ਉਹ ਉਥੇ ਪੂਰਾ ਕਰਵਾ ਲਿਆ ਜਾਵੇਗਾ ਅਤੇ ਉਥੇ ਹੀ ਪੈਨਸ਼ਨ ਸੈਂਕਸ਼ਨ ਹੋ ਜਾਇਆ ਕਰੇਗੀ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਜਿਹੜੀਆਂ ਦਰਖਾਸਤਾਂ ਰਿਜੈਕਟ ਹੋ ਗਈਆਂ ਹਨ, ਉਹ ਤਾਂ ਰਿਜੈਕਟ ਹੋ ਗਈਆਂ ਅਤੇ ਜਿਹੜੀਆਂ ਪੈਂਡਿੰਗ ਹਨ ਉਨ੍ਹਾਂ ਤੇ ਵਿਚਾਰ ਕਰਾਂਗੇ। ਮੈਂ ਕਹਿਣਾ ਚਾਹੁੰਦਾ ਹਾਂ ਇਸ ਗੱਲ ਦੀ ਰੋਸ਼ਨੀ ਵਿਚ ਕਿ ਸੋਸ਼ਲ ਵੈਲਫੇਅਰ ਡਿਪਾਰਟਮੈਂਟ ਦੇ ਦਫ਼ਤਰ ਵਿਚ ਬਹੁਤ ਸਾਰੀਆਂ ਹੱਕੀ ਦਰਖਾਸਤਾਂ ਰੱਦ ਹੋਈਆਂ ਹਨ ਅਤੇ ਨਿਹੱਕਿਆਂ ਨੂੰ ਪੈਨਸ਼ਨ ਲੱਗੀ ਹੈ। ਕੀ ਇਸ ਗੱਲ ਦੀ ਰੌਸ਼ਨੀ ਵਿਚ ਵਜ਼ੀਰ ਸਾਹਿਬ ਉਸ ਨੂੰ ਦੁਬਾਰਾ ਐਗਜ਼ਾਮਿਨ ਕਰਾਉਣਗੇ ਅਤੇ ਹੱਕੀ ਦਰਖਾਸਤਾਂ ਜਿਹੜੀਆਂ ਰੱਦ ਹੋਈਆਂ ਹਨ ਅਤੇ ਜਿਹੜੇ ਨਿਹੱਕਿਆਂ ਨੂੰ ਪੈਨਸ਼ਨ ਮਿਲੀ ਹੈ ਉਨ੍ਹਾਂ ਨੂੰ ਰੀਕੰਸਿਡਰ ਕਰਨਗੇ ?

**ਰਾਜ ਮੰਤਰੀ** : ਇਸ ਨੂੰ ਜ਼ਰੂਰ ਰੀਕੰਸਿਡਰ ਕਰਾਂਗੇ। ਜਿਹੜੀਆਂ ਹੱਕੀ ਦਰਖਾਸਤਾਂ ਰੱਦ ਹੋਈਆਂ ਹਨ ਅਤੇ ਜਿਥੇ ਕੋਈ ਗਲਤੀ ਹੋਈ ਹੈ, ਇਸ ਨੂੰ ਰੀਕੰਸਿਡਰ ਕਰਾਂਗੇ। ਬਾਕੀ ਇਹ ਗੱਲ ਜ਼ਰੂਰ ਹੈ ਕਿ ਅਮਲ ਘੱਟ ਹੈ। ਅਮਲੇ ਵਾਸਤੇ ਫਾਈਨੈਂਸ ਡਿਪਾਰਟਮੈਂਟ ਨੂੰ

Original with;
Punjab Vidhan Sabha
Digitized by;
Panjab Digital Library

ਲਿਖਿਆ ਹੈ, ਜਦ ਅਮਲਾ ਵਧ ਗਿਆ ਤਾਂ ਇਹ ਕੰਮ ਸਟਰੀਮਲਾਈਨ ਹੋਵੇਗਾ ਅਤੇ ਸਾਰਾ ਕੰਮ ਠੀਕ ਹੋ ਜਾਵੇਗਾ।

---

## ISSUE OF NATIONAL PERMITS UNDER THE NATIONAL PERMIT SCHEME

***3729. Chaudhri Sunder Singh, Shri Sardari Lal Kapur** : Will the Minister of State for Transport and Civil Aviation be pleased to state the number of Permits issued in the State, during the last one year, under the National permit Scheme, alongwith the names of parties to whom such permits have been issued ?

ਸਰਦਾਰ ਉਮਰਾਓ ਸਿੰਘ (ਮਾਲ ਅਤੇ ਚੋਣ ਮੰਤਰੀ) : ਸੂਚੀ ਸਦਨ ਦੀ ਟੇਬਲ ਤੇ ਰਖੀ ਜਾਂਦੀ ਹੈ ।

**List of parties to whom National Permits have been issued.**

| Sr. No. | Name and Address |
|---|---|
| 1. | M/s. Jaswant Singh, Deep Chand, Ablupur Distt. Bhatinda. |
| 2. | Sh. Ashok Kumar Jain s/o Mangat Rai Jain, Samana Mandi, Distt. Patiala. |
| 3. | Sh. Chhotu Mal s/o Sant Ram, Samana Mandi, Distt. Patiala. |
| 4. | M/s. Samana Mill Store, Samana Mandi, Distt. Patiala. |
| 5. | Sh. Harcharan Singh s/o Harnam Singh, Sirhind, Distt. Patiala, |
| 6. | Capt. Gurnam Singh Dhaliwal s/o Jaswant Singh, Moga Distt. Faridkot. |
| 7. | Sh. Manohar Lal s/o Chamba Ram, Moga Distt. Faridkot. |
| 8. | Sh. Gurbachan Singh s/o Sh. Fateh Singh, Guniana, Distt. Bhatinda. |
| 9. | Sh. Shubhinder Singh s/o S. Jasbir Singh, Moga, Distt. Faridkot. |
| 10. | Sh. Rajinder Singh s/o Sh. Pritam Singh, V. Bahomajra, District Ludhiana. |
| 11. | Sh. Surinder Singh s/o S. Kesar Singh, Abohar, Distt. Ferozepur. |
| 12. | Sh. Nikka Singh s/o Sh. Chanan Singh, V. Sahauran, Distt. Roop Nagar. |
| 13. | Sh. Bachan Singh s/o Sh. Isher Singh V. Manali Distt. Roop Nagar. |
| 14. | M/s. Surat Singh, Gurmail Singh, Nangal, Distt. Roop Nagar. |
| 15. | Sh. Sucha Singh s/o Amar Singh, Nangal, Distt. Roop Nagar. |
| 16. | Sh. Gurdip Singh s/o Sh. Raj Singh, Ludhiana. |
| 17. | Sh. Gurdip Singh s/o Sh. Hakam Singh, Nabha Gate, Patiala. |
| 18. | M/s. Charanji Lal Walaiti Ram, Samana Mandi, Distt. Patiala. |
| 19. | Sh. Prem Chand s/o Sh. Ram Gopal, Moga, Distt. Faridkot. |
| 20. | Sh. Ranjit Singh s/o Sh. Gurdit Singh, Kreampura, Distt. Ludhiana. |

Original with;
Punjab Vidhan Sabha
Digitized by;
Panjab Digital Library

| Sr. No. | Name and Address |
|---|---|
| 21. | Sh. Sudershan Lal s/o Sh. Banarsi Dass, Khanna, Distt. Ludhiana. |
| 22. | M/s. Khazan Chand, Om Parkash, Moga, Distt. Faridkot. |
| 23. | Sh. Bal Mukand Mehta s/o Sh. Ram Lal Mehta, Samana Mandi, District Patiala. |
| 24. | Sh. Darshan Singh s/o Santa Singh, Moga, Distt. Faridkot. |
| 25. | Kohli Transport Co. Pathankot Distt. Gurdaspur. |
| 26. | Sh. Charanjit Singh s/o Pritam Singh, Khatra, Patiala. |
| 27. | Sh. Gurdev Singh s/o Partap Singh, Nangal Shama Distt. Jullundur. |
| 28. | Sh. Bikkar Singh s/o Sh. Partap Singh, V. Nangal Shama Distt. Jullundur. |
| 29. | Sh. Gurcharn Singh s/o Sh. Gurdial Singh, Jullundur City. |
| 30. | Sh. Satnam Singh s/o S. Gurdial Singh, Jullundur City. |
| 31. | Sh. Gurbax Singh s/o Sh. Inder Singh, V. Habit Pur, Distt. Patiala. |
| 32. | M/s. Tarlok Singh Inder Singh, Amritsar. |
| 33. | Smt. Harbans Kaur Chadha w/o Sh. Charanjit Singh Chadha, Amritsar. |
| 34. | M/s. Vijay Kumar, Avtar Singh, 57-Hide Market, Amritsar. |
| 35. | Sh. Surinder Singh s/o Sh. Hem Singh, Civil Lines, Ludhiana. |
| 36. | Sh. Nanak Chand s/o Sh. Parshot Ram, G. T. Road, Ludhiana. |
| 37. | M/s. Laskar Singh, Sweg Singh, V. and P.O. Naura, Distt. Jullundur. |
| 38. | Sh. Lehna Singh s/o Sh. Kalyan Singh, Ludhiana. |
| 39. | Kashmir Roadways, Ghee Mandi, Amritsar. |
| 40. | Sh. Girdhari Lal s/o Sh. Prem Nath Shaheed Bhagat Singh Road, Amritsar. |
| 41. | M/s. Kishan Chand and Sons, Bhatinda (Bhatinda). |
| 42. | Shri Sardar Singh s/o Sh. Uttam Singh, Rari Mohalla, Ludhiana. |
| 43. | Sh. Som Parkash Arora s/o Sukh Dyal Arora, G. T. Road, Jandiala Guru (Amritsar). |
| 44. | Sh. P. K. Arora s/o Sh. Tirath Ram Arora, G. T. Road. Jandiala Guru (Amritsar). |
| 45. | Sh. Sarup Singh s/o Sh. Raja Singh, Patel Chowk, Jullundur City. |
| 46. | Sh. Ram Lubhaya Sarna s/o Late Sh. Amar Nath Sarna, Dera Baba Nanak (Gurdaspur). |
| 47. | M/s. Gulzar Singh, Tara Singh, V. Kanjli Distt. Kapurthala. |
| 48. | Ex-Ser. Jagdish Singh s/o Sh. Hardayal Singh, Gobind Garh, Patiala. |
| 49. | Sh. Ashwani Kumar s/o Sh. Hira Lal, Model Town, Ludhiana. |
| 50. | M/s. Kapoor Singh, Chand Singh, Moga, Distt. Faridkot. |
| 51. | Sh. Ram Nath Kaura s/o Sh. Kishan Chand, Kirat Pur Sahib (Roop Nagar) |

Original with;
Punjab Vidhan Sabha
Digitized by;
Panjab Digital Library

| Sr. No. | Name and Address |
|---|---|
| 52. | Sh. Man Mohan Singh Sethi s/o Sh. Arjan Singh, Bhagat Singh Road, Amritsar. |
| 53. | Sh. Jai Singh s/o Sh. Gurmukh Singh, Gobind Garh, Distt. Patiala. |
| 54. | Sh. Gurcharanjit Singh s/o Sh. Kapoor Singh, Patiala. |
| 55. | Tarlochan Singh Kohli s/o Sh. Kartar Singh, V. Ragho Majra, Distt. Patiala. |
| 56. | Sh. Dwarka Nath Bindra s/o Sh. Ishar Dass Bindra, Ware House, Pathankot. |
| 57. | Sh. Satya Pal Tuli s/o Sh. Sant Ram Tuli, Dhangu Road, Pathankot. (G. Pur). |
| 58. | M/s. Shangari Filling Station, G. T. Road, Sujjan Pur, Distt. Gurdaspur. |
| 59. | Sh. Didar Singh s/o Sh. Amar Singh, G. T. Road, Goraya, Distt. Jullundur. |
| 60. | Sh. Nobat Rai s/o Sh. Ram Sarup, Samrala, Distt. Ludhiana. |
| 61. | Sh. Harbans Singh s/o S. Inder Singh, G. T. Road, Moga, Distt. Faridkot. |
| 62. | Sh. Nachhatar Singh s/o Sh. Madan Singh, Sidhu Service Station, Moga, Distt. Faridkot. |
| 63. | Sh. Harinder Singh s/o Sh. Sawan Singh, Adarsh Nagar, Jullundur City. |
| 64. | Sh. Gurmej Singh s/o Sh. Ujjagar Singh, Phagwara, Distt. Kapurthala. |
| 65. | Sh. Sohan Singh s/o Pritam Singh, c/o Rohtak Distt. Transport Co. op. Society, Amritsar. |
| 66. | Sh. Yagya Pal Duggal s/o Sh. Chandu Lal, Phagwara, Distt. Kapurthala. |
| 67. | Sh. Paramjit Singh s/o Kulbir Singh, Phagwara, Distt. Kapurthala. |
| 68. | M/s. Davinder Singh, Tarlochan Singh, V. and P. O. Gobindpur Distt. Jullundur. |
| 69. | M/s. Karam Singh. Darshan Singh, Phagwara, Distt. Kapurthala. |
| 70. | Sh. Gurdial Singh s/o Sh. Kalu Ram, Phagwara, Distt. Kapurthala, |
| 71. | Sh. Raghbir Singh s/o S. Partap Singh, Nabha, Distt. Patiala. |
| 72. | Sh. Bhupinder Singh s/o Sh. Wazir Singh, Model Town, Ludhiana. |
| 73. | Sh. Pritam Singh s/o Sh. Wazir Singh, Brown Road, Ludhiana. |
| 74. | Sh. Manmohan Singh s/o Sh. Jaswant Singh, Ludhiana. |
| 75. | Smt. Shakuntla Rani w/o Nand Lal, Rajpura, Distt. Patiala. |
| 76. | Smt. Vidya Wanti w/o Jog Ram, Rajpura, Road, Patiala. |
| 77. | Sh. Tirath Singh s/o Teja Singh, Doraha Distt. Ludhiana. |
| 78. | Sh. Gurbachan Singh s/o Sh. Bishan Singh, Vill. Malhipur, Distt. Ludhiana. |
| 79. | M/s Iqbal Singh Surjit Singh, Goraya, Distt. Jullundur. |

Original with;
Punjab Vidhan Sabha
Digitized by;
Panjab Digital Library

| Sr. No. | Name and Address |
|---|---|
| 80. | M/s. Malkiat Singh Tarsem Singh, Patel Chowk, Jullundur. |
| 81. | Sh. Ajaib Singh s/o Dogar Singh, Patel Chowk, Jullundur. |
| 82. | Sh. Jaswant Singh s/o Sadhu Singh, Dalhousi Road, Pathankot, Distt. (G. Pur). |
| 83. | Sh. Nazar Singh s/o Sh. Khem Singh, Pathankot, Distt. Gurdaspur. |
| 84. | M/s. Jagdish Chander and Co. Warehouse, Pathankot, Distt. Gurdaspur. |
| 85. | Sh. Joginder Singh s/o Sh. Gian Singh, Samana Mandi, Distt. Patiala. |
| 86. | Sh. Rachpal Singh s/o Sh. Banta Singh, Samana Mandi, District Patiala. |
| 87. | Sh. Mohinder Singh s/o Sh. Amrik Singh, V. & P. O. Sunet, District Ludhiana. |
| 88. | Sh. Jagdish Singh s/o Shamsher Singh, V. Talwandi Khurd, District Ludhiana. |
| 89. | Sh. Mohan Singh s/o Rattan Singh Bara Pind, District Jullundur. |
| 90. | Sh. Charanjit Singh s/o Sher Singh, Kreampura, Ludhiana. |
| 91. | Sh. Jagdev Singh s/o Gurnam Singh, Dhuri, District Sangrur. |
| 92. | Sh. Satwant Singh s/o Sh. Harnam Singh, Pathankot District Gurdaspur. |
| 93. | Sh. Mohinder Singh s/o Sawaran Singh V. Sarna, Teh. Pathankot, District Gurdaspur. |
| 94. | M/s Chanan Singh Dewatt. & Co. Khanna, District Ludhiana. |
| 95. | Sh. Sarjiwan Kumar s/o Dawarka Dass, Khanna, District Ludhiana. |
| 96. | Sh. Avtar Singh s/o Manmohan Singh Basti Sheikh, District Jullundur. |
| 97. | Sh. Ganga Ram s/o Behari Lal Gaushala Road, Sangrur. |
| 98. | Sh. Hans Raj s/o Hazari Lal Gaushala Road, Sangrur. |
| 99. | Sh. Chhaju Ram s/o Ram Ditta Mal Nangal Township, District Ropar. |
| 100. | Sh. Mehar Chand s/o Nirmal Dass, Patiala Gate, Sangrur. |
| 101. | Sh. Jagir Singh s/o Beant Singh, Batala, District Gurdaspur. |
| 102. | Sh. Tilak Raj s/o Nanak Chand, Rajpura, District Patiala, |
| 103. | Sh. Joginder Kumar Malhotra s/o Nanak Chand, Rajpura, District Patiala. |
| 1 04. | M/s Prem Singh Waryam Singh Village Ghanauli, District Roopnagar. |
| 105. | Sh. Dalip Singh s/o Banta Singh, Village and Post Office Gaddowal, District Jullundur. |
| 0 6. | Sh. Mohinder Singh (Ex-serviceman) s/o Sh. Surjit Singh Village and Post Office Parasrampur, District Jullundur. |
| 107. | Sh. Jarnail Singh s/o Surjit Singh, Village and Post Office Parasram r District Jullundur. |
| 103. | Sh. Satnam Singh s/o Surjit Singh, Parasrampur, District Jullundur. |

Original with;
Punjab Vidhan Sabha
Digitized by;
Panjab Digital Library

| Sr. No. | Name and Address |
|---|---|
| 109. | M/s Sunder Singh Diwan Singh Malerkotla, District Sangrur. |
| 110. | Sh. Karnail Singh s/o Gurbachan Singh, Railway Colony, Jullundur, Cantt. |
| 111. | M/s Malkiat Singh Balbir Singh, Village Sophi Pind, District Jullundur. |
| 112. | Sh. Nagar Singh s/o Harnam Singh, Rajpura, District Patiala. |
| 113. | Sh. Amar Nath s/o Sh. Banarsi Dass, Rajpura, District Patiala. |
| 114. | Sh. Amar Nath s/o Parabh Dayal, G.T. Road Rajpura, District Patiala. |
| 115. | Sh. Kuldip Singh s/o Sh. Talu Ram, Mandi Gobindgarh, District Patiala. |
| 116. | M/s Baldev Singh Hakam Singh, Village Rajgarh, District Patiala. |
| 117. | M/s. Nachhatar Singh Amarjit Singh, Lower Mall Road, Patiala. |
| 118. | Smt. Harbans Kaur w/o Bishan Singh, Dharampura Bazar, Patiala. |
| 119. | Sh. Jagmohan Singh s/o Bishan Singh, Dharampura Bazar, Patiala. |
| 120. | Sh. Satnam Singh s/o Sh. Jaswant Singh Malhi, Batala Road, Amritsar. |
| 121. | (Ex. Ser.) S.S. Oberoi s/o Sh. Kartar Singh, Patel Chowk, Jullundur. |
| 122. | Sh. Subhash Chander Sharma s/o Sh. Kundan Lal, Hoshiarpur. |
| 123. | Sh. Joginder Singh s/o Sh. Shiv Ditt Singh, Court Road, Hoshiarpur. |
| 124. | Sh. Dilbag Singh s/o Harnam Singh, Sangrur. |
| 125. | Indian Freightways, Patel Chowk, Jullundur City. |
| 126. | Sh. Gurcharan Singh Gill s/o Sh. Bachan Singh, Gobind Nagar, Ludhiana. |
| 127. | Sh. Manjinder Singh s/o S. Kartar Singh, Gobind Nagar, Ludhiana. |
| 128. | Sh. Surjit Singh s/o Sh. Gurmail Singh, Ladowali Road, Jullundur. |
| 129. | Sh. Avtar Singh s/o Sh. Niranjan Singh, Model Road, Jullundur. |
| 130. | Shri Bikram Singh s/o Sh. Phuman Singh, Village Bangala, District Jullundur. |
| 131. | M/s Teja Singh Gurmukh Singh, Rajpura, District Patiala. |
| 132. | Sh. Bhagat Singh s/o Sh. Chanan Singh, Rajpura, District Patiala. |
| 133. | Sh. Dilbagh Singh s/o Sh. Jagir Singh, Mandi Gobindgarh, Patiala. |
| 134. | Sh. R.L. Baldev Raj Finance and Chit Fund Co., Pathankot. |
| 135. | Suraj Bus Service (P) Ltd., Amirtsar. |
| 136. | Sh. Kartar Singh s/o Sh. Angrez Singh, Village and Post Office Reru Tehsil and District Jullundur. |
| 137. | Sh. Brinder Pal Singh Grewal s/o Sh. Ranjit Singh Grewal, College Road, Sangrur. |
| 138. | Sh. Udham Singh Bains s/o Sh. Labh Singh Bains Village and Post Office Mahilpur, District Hoshiarpur. |
| 139. | Sh. Jaswant Singh s/o Sh. Gurdit Singh, Ludhiana. |
| 140. | Sh. Swarnjit Singh s/o Sh. Beant Singh, Truck Union, Ahmedgarh, District Sangrur. |

*Original with;*
Punjab Vidhan Sabha
*Digitized by;*
Panjab

| Sr. No. | Name and Address |
|---|---|
| 141. | Sh. Mohinder Singh s/o Sh. Chanan Singh, Rajpura District, Patiala. |
| 142. | Sh. Kasturi Lal s/o Sh. Munshi Ram, Mukatsar, District Faridkot. |
| 143. | M/s Mohinder Singh, Kartar Singh, Raikot District Ludhiana. |
| 144. | Sh. Hardev Singh s/o Sh. Chanan Singh, Mukatsar, District Faridkot. |
| 145. | Sh. Jaswant Singh s/o Sh. Kishan Singh, Village and Post Office Paddi Matwali, District Jullundur. |
| 146. | Sh. Som Parkash s/o Sh. Om Parkash, Tehsil Road, Abohar, District Ferozepur. |
| 147. | M/s Bhupinder Singh Bala, Ravinder Kaur, V. Behram Pur Zamidari District Roop Nagar. |
| 148. | Sh. Sarabjit Singh Bala s/o Sh. Ajit Singh Bala, Village Behram Pur, District Roop Nagar. |
| 149. | M/s Capt. Madanjit Singh, Kartar Singh, Patal Chowk, Jullundur City. |
| 150. | Sh. Joginder Singh s/o Sh. Banta Singh Village and Post Office Gaddowali District Jullundur. |
| 151. | Sh. Jaspal Singh s/o Sh. Joginder Singh, Village and Post Office Gaddowali, District Jullundur. |
| 152. | Sh. Ajaib Singh s/o Sh. Mehma Singh, Khanna, District Ludhiana. |
| 153. | M/s Reham Din, Lal Singh, Sabzi Mandi, Malerkotla. |
| 154. | M/s Mohd. Rafiq Hazi Mohd. Shadi, Sabzi Mandi, Malerkotla, District Sangrur. |
| 155. | Sh. Baldev Singh s/o Sh. Didar Singh, Village and Post Office Bara Pind, Jullundur. |
| 156. | Sh. Dilbir Singh s/o Sh. Sarwan Singh Village Jamal Pur, District Ludhiana. |
| 157. | Sh. Balbir Singh s/o Sh. Dharam Singh, Garha Road, Jullundur. |
| 158. | Sh. Ajit Singh Jhikka s/o Sh. Hazara Singh, Lajpat Nagar, Jullundur. |
| 159. | Sh. Om Parkash Ahuja s/o Sh. Kala Mal, Shaheed Bhagat Singh Road, Amritsar. |
| 160. | Sh. Pishori Lal Sahni s/o Sh. Sona Shah Sahni, Pathankot, Distric Gurdaspur. |
| 161. | Sh. Ved Brat s/o Sh. Girdhari Lal, Dalhousi Road, Pathankot. |
| 162. | Sh. Raghbir Singh s/o Sh. Tara Singh, V. Phapai, District Gurdaspur. |
| 163. | Sh. Raj Singh Kanwal s/o Sh. Harnam Singh, Patel Chowk, Jullundur. |
| 164. | Sh. Charan Singh s/o Sh. Waryam Singh, Mohalla Krar Khan, Jullundur. |
| 165. | M/s Ishar Dass Hans Raj, Janakpuri, Ludhiana. |
| 166. | Sh. Meem Chand Jain s/o Sh. Madan Lal Jain, Saifabadi Gate, Patiala. |
| 167. | Sh. Bahadur Singh s/o Sh. Uttam Singh, Fatehgarh Road, Hoshiarpur. |
| 168 | M/s Gauri Shanker Sud & Co. Hoshiarpur. |

Original with;
Punjab Vidhan Sabha
Digitized by;
Panjab Digital Library

| S. No. | Name and Address |
|---|---|
| 169. | Sh. Harbans Singh s/o Sh. Gurdial Singh Village & Post Office Barnala, District Sangrur. |
| 170. | M/s Dilraj Singh Rajiv Kalia, Gobindgarh, District Patiala. |
| 171. | Sh. Gian Singh s/o Sh. Mehanga Singh, Raya Mandi. Amritsar. |
| 172. | Sh Kishan Lal s/o Sh. Sant Lal, G. T. Road, Malout, District Faridkot. |
| 173. | Sh. Surinder Mohan s/o Sh. Sant Lal, G. T. Road, Malout, District Faridkot. |
| 174 | Sh. Charan Singh s/o Sh. Mehar Singh, Nakodar, District Jullundur. |
| 175. | M/s Boor Singh, Malkiat Singh, Pathankot. |
| 176. | Sh. Daya Pal Singh s/o Sh. Hari Pal Singh, Dalhousi Road, Pathankot. |
| 177. | Sh. Bachittar Singh Brar s/o Sh. Joginder Singh Brar, Partap Nagar, Bhatinda. |
| 178. | M/s Harbhajan Singh Nachhattar Singh, Model Town, Jullundur. |
| 179 | Sh. Kalyan Singh s/o Sh. Rabu Ram, Dalhousi Road, Pathankot. |
| 180. | Sh. Rachhpal Singh s/o Sh. Sohan Singh, Nangal Kalan, District Bhatinda. |
| 181. | Sh. Harbhajan Singh s/o Sh. Banta Singh, G.T. Road, Goraya, District Jullundur. |
| 182. | Sh. Tarlok Singh s/o Sh. Sohan Singh, Dhangu Road, Pathankot. |
| 183, | Sh. Parshotam Dass s/o Sh. Nohar Chand, Sunam, District Sangrur. |
| 184. | M/s Des Raj, Gurdas Singh, Afgan Road, Hoshiarpur. |
| 185. | Sh. Gurtej Singh s/o Sh. Bachan Singh, Mohalla Water Works, Mukatsar District Faridkot. |
| 186. | Sh Harcharan Singh s/o Sh. Santa Singh, Jamit Singh Road, Moga, District Faridkot. |
| 187 | M/s M.S. Goods Transport Co., Kher Villa, District Faridkot. |
| 188. | Smt. Shanti Devi w/o Sh. Amar Dass, Kucha Zail Ghar, Jullundur City. |
| 189. | M/s Karnail Singh, Avtar Singh, Village Burj Kahan Singh Wala, District Bhatinda. |
| 190. | Sh. Dalip Singh s/o Sh. Ranjit Singh, Village Dhangrali, District Roop Nagar. |
| 191. | Sh Kuljinder Singh s/o Sh. Maluk Singh, Village Mahalon, District Jullundur. |
| 192. | M\s Maluk Singh, Mohinder Singh, Village Mahalon, District Jullundur. |
| 193. | Sh. Gurchet Singh s/o Sh. Sucha Singh, Truck Union, Sahnewal District Ludhiana. |
| 194 | Sh. Roshan Lal Ghai s/o Sh. Jai Ram Dass Ghai Dalhousi Road, Pathankot. |
| 195. | Sh. Varinder Kumar Ghai s/o Sh. Roshan Lal Ghai, Model Town, Pathankot |

Original with;
Punjab Vidhan Sabha
Digitized by;
Panjab Digital Library

| Sr. No. | Name and Address |
|---|---|
| 196. | Sh. Gurcharan Singh s/o Sh. Pritam Singh, c/o Malwa Bus, Ferozepur. |
| 197. | Sh. Satwant Singh s/o Sh. Gurdit Singh, Moga, District Faridkot. |
| 198. | M/s Manohar Singh, Amarjit Singh, Village Sikhwala, District Faridkot. |
| 199. | Sh. Tej Pal s/o Sh. Bharat Singh, Rajpura, District Patiala. |
| 200. | Sh. Jagmohan Singh s/o Sh. Sadhu Singh, c/o Bombay Patiala Transport Co. Jullundur. |
| 201. | Sh. Kartar Singh s/o Sh. Ram Singh, Village Badhwal, District Jullundur. |
| 202. | Sh. Harbans Singh s/o Sh. Kashmir Singh, Amritsar. |
| 203. | Sh. Fateh Singh s/o Sh. Joginder Singh, Village Padiala, District Roop Nagar. |
| 204. | Sh. Kesar Singh s/o Sh. Joginder Singh, Village Libra District Ludhiana. |
| 205. | Sh. Girdhari Lal s/o Sh. Hari Ram, Bhatinda. |
| 206. | Sh. Sajjan Singh s/o Sh. Sawan Singh, Village Maluwal, District Amritsar. |
| 207. | Sh. Gurbax Singh Sarkaria s/o Sh. Ujjagar Singh, Amritsar. |
| 208. | M/s Harchand Singh, Jasmer Singh, Village Saliani, District Patiala. |
| 209. | Sh. Tehal Singh s/o Sh. Harbans Singh, Model Town, Ludhiana. |
| 210. | Sh. Surinderjit Kalia s/o Sh. Sadhu Ram, Rayya Mandi, District Amritsar. |
| 211. | M/s Gurdas Singh, Sewa Singh, Afgan Road, Hoshiarpur. |
| 212. | M/s Jagroop Singh, Gurdarshan Singh, Mohalla Water Works, Mukatsar, District Faridkot. |
| 213. | Sh. Bhagwan Dass Ahuja s/o Sh. Gobind Lal, Malout Mandi, District Faridkot. |
| 214. | Sh. Gian Parkash s/o Sh. Hari Ram, Village & Post Office Ghanaur, Distric Patiala. |
| 215. | Sh. Ajit Singh s/o Sh. Bakhtawar Singh, Ajit Nagar, Patiala. |
| 216. | Sh. Kapoor Singh s/o Sh. Diwan Singh Malout Mandi, District Faridkot. |
| 217. | M/s Joginder Singh, Harnam Singh, Bharat Nagar, Ludhiana. |
| 218. | Sh. Satish Kumar s/o Sh. Manohar Lal, Kot Kapura, District Faridkot. |
| 219. | M/s Amarjit Singh, Gurinder Singh, Patel Chowk, Jullundur. |
| 220. | Sh. Ram Nath s/o Sh. Nand Kishore, c/o Suraj Bus Service, Amritsar. |
| 221. | Sh. Jaswant Singh s/o Sh. Sardul Singh, Pindi Street, Ludhiana. |
| 222. | Sh. Bant Singh s/o Sh. Lachhman Singh, Village Vinjoki Kalan, District Sangrur. |
| 223. | Sh. Bhagwan Singh s/o Sh. Madan Singh, Mehna Chowk, Bhatinda. |
| 224. | Sh. Sham Lal s/o Sh. Amar Lal, Fazilka, District Ferozepur. |
| 225. | Sub. Amar Singh s/o Sh. Kishan Singh, V. & P.O. Talwandi Kalan, District Ludhiana. |

Original with;
Punjab Vidhan Sabha
Digitized by;
Panjab Digital Library

| Sr. No. | Name and Address |
|---|---|
| 226. | Sh. Bant Singh s/o Sh. Munshi Singh, Village Sahoran, District Ludhiana. |
| 227. | Sh. Brij Lal s/o Sh. Fateh Chand, Khai Road, Ferozepur. |
| 228. | Sh. Hardeep Singh s/o Sh. Gurbachan Singh. New Gopal Nagar Colony, Jullundur. |
| 229. | M/s Prithipal Singh, Surinder Kumar, Main Bazar Mukerian, District Hoshiarpur. |
| 230. | Sh. Jagjit Singh s/o Sh. Gurdev Singh, Patel Chowk, Jullundur. |
| 231. | Sh. Surjit Singh s/o Sh. Kartar Singh, Village Villa Teja, District Gurdaspur. |
| 232. | Sh. Sikandar Singh s/o Sh. Udhey Singh, Village Jhande, District Ludhiana. |
| 233. | Sh. Balbir Singh s/o Sh. Teja Singh, Sangrur. |
| 234. | Capt. Piara Singh (Retired) s/o Sh. Mehar Singh, Phagwara, District Kapurthala. |
| 235. | M/s Gurbax Singh, Jagjit Singh, Phagwara now at Jullundur. |
| 236. | Sh. Karam Chand s/o Sh. Beli Ram, Gurdaspur. |
| 237. | Thakur Nasib Singh s/o Sh. Thakur Chandu Ram, Jullundur. |
| 238. | Sh. Man Singh s/o Sh. Waryam Singh, village Manpur, District Roop Nagar. |
| 239. | Sh. Harbans Lal s/o Sh. Sham Lal, V. & P. O. Bagha Purana, District Faridkot. |
| 240. | M/s Gurdev Singh, Gurbax Singh, Village Sitran, District Jullundur. |
| 241. | Sh. Sardara Singh Brar s/o Sh. Gurdas Singh, Bagha Purana, District Faridkot. |
| 242. | Sh. Boota Singh s/o Sh. Hari Singh, Bhatinda. |

**ਚੌਧਰੀ ਸੁੰਦਰ ਸਿੰਘ :** ਇਹ ਜਿਹੜੇ ਪਰਮਿਟ ਦਿਤੇ ਗਏ ਹਨ, ਇਹ ਕਿਸ ਤਰੀਕੇ ਨਾਲ ਦਿਤੇ ਗਏ ਹਨ ? ਇਨ੍ਹਾਂ ਵਿਚ ਮੈਨੂੰ ਸ਼ਡਿਊਲਡ ਕਾਸਟ ਦਾ ਕੋਈ ਆਦਮੀ ਨਜ਼ਰ ਨਹੀਂ ਆਇਆ । ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ 20 ਨੁਕਾਤੀ ਪ੍ਰੋਗਰਾਮ ਦੇ ਮੁਤਾਬਿਕ ਜਿਹੜਾ ਕਿ ਪ੍ਰਾਈਮ ਮਨਿਸਟਰ ਨੇ ਜਾਰੀ ਕੀਤਾ ਸੀ, ਇਹ ਪ੍ਰੋਗਰਾਮ ਸਾਰੀਆਂ ਸਟੇਟਾਂ ਵਾਸਤੇ ਹੈ, ਉਸ ਪ੍ਰੋਗਰਾਮ ਨੂੰ ਮੁਖ ਰਖਦੇ ਹੋਏ, ਸ਼ਡਿਊਲਡ ਕਾਸਟਸ ਦੀ 25% ਰਿਜ਼ਰਵੇਸ਼ਨ ਦੇ ਮੁਤਾਬਿਕ ਉਨ੍ਹਾਂ ਨੂੰ ਪਰਮਿਟ ਦਿਤੇ ਗਏ ਹਨ ਜਾਂ ਨਹੀਂ ਅਤੇ ਕੀ ਅਗੇ ਵਾਸਤੇ ਸ਼ਡਿਊਲਡ ਕਾਸਟਸ ਨੂੰ ਉਨ੍ਹਾਂ ਦੀ ਰਿਜ਼ਰਵੇਸ਼ਨ ਦੇ ਮੁਤਾਬਿਕ ਉਨ੍ਹਾਂ ਦਾ ਬਣਦਾ ਕੋਟਾ ਉਨ੍ਹਾਂ ਨੂੰ ਦੇਣਗੇ ?

**ਮਾਲ ਅਤੇ ਚਣ ਮੰਤਰੀ :** ਸਪੀਕਰ ਸਾਹਿਬ, ਉਨ੍ਹਾਂ ਦਾ ਕੋਟਾ ਰਿਜ਼ਰਵ ਨਹੀਂ ਸੀ ਪਰ ਉਨ੍ਹਾਂ ਵਿਚ ਸ਼ਡਿਊਲਡ ਕਾਸਟਸ ਨੂੰ ਵੀ ਦਿਤੇ ਗਏ ਹਨ ।

Original with;
Punjab Vidhan Sabha
Digitized by;
Panjab Digital Library

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ :** ਕੀ ਵਜ਼ੀਰ ਸਾਹਿਬ ਦਸਣਗੇ ਕਿ ਇਨ੍ਹਾਂ ਵਿਚ ਕਿਹੜੇ ਕਿਹੜੇ ਅਤੇ ਕਿੰਨੇ ਸ਼ਡਿਊਲਡ ਕਾਸਟਸ ਦੇ ਆਦਮੀ ਹਨ ?

**ਮੰਤਰੀ :** ਇਹ ਫਰੈਸ਼ ਨੋਟਿਸ ਦੇ ਦੇਣ, ਛਾਂਟ ਕੇ ਦਸ ਦਿਆਂਗੇ ।

**ਚੌਧਰੀ ਦਰਸ਼ਨ ਸਿੰਘ :** ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਕ ਇਕ ਬੰਦੇ ਨੂੰ, ਇੰਡੀਵਿਜ਼ੂਅਲ ਨੂੰ ਮੈਕਸੀਮਮ ਨੰਬਰ ਆਫ ਪਰਮਿਟ ਕਿੰਨੇ ਦਿਤੇ ਗਏ ਹਨ ?

**ਮੰਤਰੀ :** ਸਪੀਕਰ ਸਾਹਿਬ, ਇਸ ਸਬੰਧੀ ਲਿਸਟ ਸਦਨ ਦੀ ਟੇਬਲ ਤੇ ਰਖ ਦਿਤੀ ਗਈ ਹੈ, ਇਹ ਉਸ ਨੂੰ ਦੇਖ ਸਕਦੇ ਹਨ । ਬਾਕੀ ਮੇਰਾ ਖਿਆਲ ਨਹੀਂ ਕਿ ਇਕ ਤੋਂ ਵਧ ਕਿਸੇ ਨੂੰ ਦਿਤੇ ਗਏ ਹੋਣ ।

**ਸ੍ਰੀ ਪਿਆਰਾ ਰਾਮ ਧੰਨੋਵਾਲੀ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਦਿਤਾ ਸੀ ਕਿ ਮੈਨੂੰ ਲਿਖਕੇ ਦੇ ਦਿਉ ਕਿ ਸ਼ਡਿਊਲਡ ਕਾਸਟਸ ਨੂੰ ਕਿੰਨੇ ਪਰਮਿਟ ਦਿਤੇ ਗਏ ਹਨ ਤਾਂ ਮੈਂ ਛਾਂਟ ਕੇ ਦਸ ਦਿਆਂਗਾ । ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਰਿਜ਼ਰਵੇਸ਼ਨ ਦੀ ਪਾਲਿਸੀ ਹੈ ਇਹ ਸਰਕਾਰ ਦੀ ਹੀ ਪਾਲਿਸੀ ਹੈ ਅਤੇ ਇਸ ਵਿਚ ਉਨ੍ਹਾਂ ਨੂੰ ਪ੍ਰਾਇਰਟੀ ਦਿਤੀ ਜਾਣੀ ਹੈ । ਇਸ ਲਈ ਕੀ ਇਹ ਪਰਮਿਟ ਦੇਣ ਸਮੇਂ ਇਸ ਪਾਲਿਸੀ ਨੂੰ ਧਿਆਨ ਵਿਚ ਰਖਿਆ ਗਿਆ ਜਾਂ ਨਹੀਂ ਅਤੇ ਕੀ ਇਹ ਪਾਲਿਸੀ ਟਰਾਂਸਪੋਰਟ ਵਿਚ ਲਾਗੂ ਹੈ ਜਾਂ ਨਹੀਂ ?

**ਮੰਤਰੀ :** ਸਪੀਕਰ ਸਾਹਿਬ, ਵਿਧਾਨ ਦੇ ਮੁਤਾਬਿਕ ਇਹ ਜਿਹੜੀ ਰਿਜ਼ਰਵੇਸ਼ਨ ਹੈ ਇਹ ਰਿਜ਼ਰਵੇਸ਼ਨ ਸਰਵਿਸ ਵਾਸਤੇ ਹੈ । ਮਗਰ ਸਰਕਾਰ ਬਾਕੀ ਗਲਾਂ ਵਿਚ ਵੀ ਇਸ ਦਾ ਖਿਆਲ ਰਖੇਗੀ ਕਿ ਜਿਹੜੀਆਂ ਪਛੜੀਆਂ ਸ਼੍ਰੇਣੀਆਂ ਹਨ ਉਨ੍ਹਾਂ ਦੀ ਅਨਇੰਪਲਾਇਮੈਂਟ ਦੂਰ ਕਰਨ ਲਈ ਉਨ੍ਹਾਂ ਨੂੰ ਉਨ੍ਹਾਂ ਵਿਚ ਰਿਜ਼ਰਵੇਸ਼ਨ ਦਿਤੀ ਗਈ ਹੈ ਜਾਂ ਨਹੀਂ, ਸਰਕਾਰ ਇਸ ਬਾਰੇ ਵੀ ਖਿਆਲ ਰਖੇਗੀ ? ਕੀ ਐਕਸ ਸਰਵਿਸਮੈਨ ਨੂੰ ਵੀ ਉਨ੍ਹਾਂ ਦਾ ਹਕ ਦਿਤਾ ਗਿਆ ਹੈ, ਕੀ ਪਛੜੀਆਂ ਸ਼੍ਰੇਣੀਆਂ ਨੂੰ ਉਨ੍ਹਾਂ ਦੀ ਡਿਊ ਰਿਜ਼ਰਵੇਸ਼ਨ ਦਿਤੀ ਗਈ ਹੈ ਜਾਂ ਨਹੀਂ, ਸਰਕਾਰ ਇਸ ਬਾਰੇ ਪੂਰਾ ਖਿਆਲ ਰਖੇਗੀ ਅਤੇ ਰਖ ਰਹੀ ਹੈ ਅਤੇ ਉਨ੍ਹਾਂ ਨੂੰ ਸਰਕਾਰ ਵਲੋਂ ਜੋ ਵੀ ਪਰਮਿਟ ਦਿਤੇ ਗਏ ਉਸ ਵਿਚ ਉਨ੍ਹਾਂ ਨੂੰ ਉਨ੍ਹਾਂ ਦਾ ਪੂਰਾ ਹਿਸਾ ਮਿਲੇਗਾ ।

**ਚੌਧਰੀ ਸੁੰਦਰ ਸਿੰਘ :** ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਪਰਮਿਟ ਦੇਣ ਵਿਚ ਉਨ੍ਹਾਂ ਨੂੰ 25% ਰਿਜ਼ਰਵੇਸ਼ਨ ਦਿਤੀ ਗਈ ਹੈ ਜਾਂ ਨਹੀਂ ?

(ਕੋਈ ਉੱਤਰ ਨਹੀਂ ਦਿਤਾ ਗਿਆ)

**ਸ੍ਰੀ ਪ੍ਰੇਮ ਗੁਪਤਾ :** ਮੈਂ ਵਜ਼ੀਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਨੈਸ਼ਨਲ ਪਰਮਿਟ ਉਨ੍ਹਾਂ ਨੂੰ ਦਿਤੇ ਗਏ ਹਨ ਜਿਨ੍ਹਾਂ ਕੋਲ ਟਰੱਕ ਨਹੀਂ ਸਨ ?

**ਮੁੱਖ ਮੰਤਰੀ :** ਨੈਸ਼ਨਲ ਪਰਮਿਟ ਦੇ ਸਬੰਧ ਵਿਚ ਜੋ ਕਰਾਈਟੇਰੀਆ ਮੁਕੱਰਰ ਕੀਤਾ ਸੀ ਉਸ ਦੇ ਮੁਤਾਬਿਕ ਪਰਮਿਟ ਦਿਤੇ ਗਏ ਹਨ । ਬਹੁਤ ਸਾਰੇ ਪਰਮਿਟ ਐਸੇ ਹਨ ਜਿਨ੍ਹਾਂ ਦੇ

Original with;
Punjab Vidhan Sabha
Digitized by;
Panjab Digital Library

ਇਕ ਤੋਂ ਵਧ ਬੰਦੇ ਮਾਲਿਕ ਹਨ, ਉਸ ਦੇ ਤਿੰਨ, ਚਾਰ ਪੰਜ ਬੰਦੇ ਮਾਲਿਕ ਹਨ, ਜਾਂ ਉਨ੍ਹਾਂ ਦੀ ਸੋਸਾਇਟੀ ਵੀ ਹੈ । ਪਰ ਕੋਸ਼ਿਸ਼ ਇਹ ਕੀਤੀ ਗਈ ਹੈ ਕਿ ਇਕ ਤੋਂ ਵੱਧ ਪਰਮਿਟ ਕਿਸੇ ਬੰਦੇ ਨੂੰ ਨਾ ਦਿਤਾ ਜਾਵੇ । ਰਿਜ਼ਰਵੇਸ਼ਨ ਦੀ ਪਾਲਿਸੀ ਇਸ ਵਿਚ ਕੋਈ ਨਹੀਂ ਸੀ ਲੇਕਿਨ ਇਸ ਗਲ ਦੀ ਹਦਾਇਤ ਕਰ ਦਿਤੀ ਗਈ ਸੀ ਅਗਰ ਹਰੀਜਨ ਜਾਂ ਬੈਕਵਰਡ ਕਲਾਸ ਦਾ ਆਦਮੀ ਹੋਵੇ ਤੇ ਉਸ ਦੇ ਕੋਲ 75 ਮਾਡਲ ਦਾ ਟਰੱਕ ਹੋਵੇ ਤਾਂ ਉਸ ਨੂੰ ਬਿਲਕੁਲ ਇਗਨੋਰ ਨਾ ਕੀਤਾ ਜਾਵੇ, ਉਸ ਨੂੰ ਪ੍ਰਾਇਰਟੀ ਦਿਤੀ ਜਾਵੇ । ਇਸ ਵੇਲੇ ਜੋ ਲਿਸਟ ਸਦਨ ਦੀ ਟੇਬਲ ਤੇ ਰਖੀ ਗਈ ਹੈ, ਉਸ ਬਾਰੇ ਮੈਂ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਅਗਰ ਕਿਸੇ ਇਕ ਆਦਮੀ ਨੂੰ ਇਕ ਤੋਂ ਵਧ ਦਿਤੇ ਗਏ ਹੋਣ ਦਿਸਣ ਤਾਂ ਉਹ ਸਾਡੇ ਨੋਟਿਸ ਵਿਚ ਲਿਆਉਣ, ਅਸੀਂ ਉਸ ਦੀ ਦਰੁਸਤੀ ਕਰਾਂਗੇ ।

---

## ਧੂਰੀ ਕਸਬੇ ਲਈ ਬੱਸ ਅੱਡਾ

*3737. **ਕਾਮਰੇਡ ਅੱਛਰਾ ਸਿੰਘ** : ਕੀ ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ :—

(ੳ) ਕੀ ਇਹ ਸਚ ਹੈ ਕਿ ਧੂਰੀ ਕਸਬੇ ਵਿਚ ਕੋਈ ਪੱਕਾ ਬੱਸ ਅੱਡਾ ਨਹੀਂ ਹੈ ;

(ਅ) ਕੀ ਉਪਰੋਕਤ ਬੱਸ ਸਟੈਂਡ ਦੀ ਇਮਾਰਤ ਬਨਾਉਣ ਲਈ ਕਿਸੇ ਜਗ੍ਹਾ ਦੀ ਚੋਣ ਕੀਤੀ ਗਈ ਹੈ ?

**ਸਰਦਾਰ ਉਮਰਾਓ ਸਿੰਘ** (ਮਾਲ ਅਤੇ ਚੋਣ ਮੰਤਰੀ) : (ੳ) ਹਾਂ ਜੀ ।

(ਅ) ਨਹੀਂ ਜੀ ।

**ਕਾਮਰੇਡ ਅੱਛਰਾ ਸਿੰਘ** : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਧੂਰੀ ਕਸਬੇ ਦੀ ਬੜੀ ਮਹਾਨਤਾ ਹੈ । ਇਹ ਟਾਊਨ ਤਜਾਰਤ ਅਤੇ ਕਾਰਖਾਨਿਆਂ ਦਾ ਸੈਂਟਰ ਹੈ । ਇਸ ਦੀ 30 ਹਜ਼ਾਰ ਦੀ ਆਬਾਦੀ ਹੈ ਅਤੇ ਇਹ ਦਿੱਲੀ ਤੇ ਲੁਧਿਆਣਾ ਰੂਟ ਤੇ ਵਾਕਿਆ ਹੈ। ਅਜੇ ਤਕ ਉਥੇ ਬੱਸਾਂ ਦਾ ਅੱਡਾ ਨਹੀਂ ਬਣਿਆ । ਜੇ ਬਾਰਿਸ਼ ਪੈ ਜਾਵੇ ਤਾਂ ਦੋ ਤਿੰਨ ਦਿਨ ਉਥੇ ਪਾਣੀ ਖੜਾ ਰਹਿੰਦਾ ਹੈ । ਸੋ ਇਨ੍ਹਾਂ ਗਲਾਂ ਨੂੰ ਧਿਆਨ ਵਿਚ ਰਖਦੇ ਹੋਏ ਕੀ ਉਥੇ ਕੋਈ ਪੱਕਾ ਅੱਡਾ ਬਣਾਉਣ ਦਾ ਐਲਾਨ ਕਰਨਗੇ ?

**ਮਾਲ ਅਤੇ ਚੋਣ ਮੰਤਰੀ** : ਮੈਂ ਇਸ ਦਾ ਜਵਾਬ ਦਿਤਾ ਹੋਇਆ ਹੈ ਜੀ ।

---

## P.C.M.S. (CLASS II) DOCTORS IN THE STATE

*3715. **Master Dalip Chand** : Will the Minister of State for Health and Family Planning be pleased to state—

(a) the number of P.C.M.S. (Class II) doctors serving in the State on adhoc basis since 1971;

(b) whether the Government intend regularising their services; if so, when ?

Original with;
Punjab Vidhan Sabha
Digitized by;
Panjab Digital Library

**Sardar Balbir Singh** : (a) The number of medical officers holding Class II posts in the Health Department, on an adhoc basis, after having been appointed as such before the 1st January, 1971 is 8 (eight).

(b) No, Sir. Regular appointments to P.C.M.S. II are made through the Punjab Public Service Commission only.

**ਮਾਸਟਰ ਦਲੀਪ ਚੰਦ** : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਅੱਠ ਮੈਡੀਕਲ ਅਫਸਰ ਐਡਹਾਕ ਬੇਸਿਜ਼ ਤੇ ਲਗਾਏ ਗਏ ਹਨ, ਇਹ ਕਿਹੜੇ ਕਿਹੜੇ ਜ਼ਿਲ੍ਹੇ ਵਿਚ ਲਗਾਏ ਗਏ ਹਨ ?

**ਰਾਜ ਮੰਤਰੀ** : ਇਸ ਬਾਰੇ ਸੈਪਰੇਟ ਨੋਟਿਸ ਦੇ ਦੇਣ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਗਲ ਦੇ ਮੱਦੇ ਨਜ਼ਰ ਕਿ ਐਡਹਾਕ ਤੇ ਪਹਿਲਾਂ ਛੇ ਮਹੀਨੇ ਲਈ, ਫਿਰ ਛੇ ਮਹੀਨੇ ਲਈ ਅਤੇ ਫਿਰ ਛੇ ਮਹੀਨੇ ਲਈ ਲਗਾ ਦਿਤੇ ਜਾਂਦੇ ਹਨ ਅਤੇ ਉਸ ਤੋਂ ਬਾਅਦ ਫਿਰ ਉਹ ਰੌਲਾ ਪਾਉਂਦੇ ਹਨ ਕਿ ਉਨ੍ਹਾਂ ਨੂੰ ਰੈਗੂਲਰ ਕਰ ਦਿਤਾ ਜਾਏ । ਕੀ ਇਸ ਚੀਜ਼ ਨੂੰ ਦੇਖਦੇ ਹੋਏ ਇਹ ਐਡਹਾਕ ਸਿਸਟਮ ਨੂੰ ਖਤਮ ਕਰਕੇ ਰੈਗੂਲਰ ਬੇਸਿਜ਼ ਤੇ ਹੀ ਲਗਾਉਣ ਬਾਰੇ ਕੋਸ਼ਿਸ਼ ਕਰਨਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਰੈਗੂਲਰ ਐਪੁਆਇੰਟਮੈਂਟਸ ਗੌਰਮਿੰਟ ਨੇ ਨਹੀਂ ਕਰਨੀਆਂ ਹੁੰਦੀਆਂ ਹਨ । ਅਜਿਹੇ ਕੈਂਡੀਡੇਟਸ ਤਾਂ ਪਬਲਿਕ ਸਰਵਿਸ ਕਮਿਸ਼ਨ ਵਲੋਂ ਰਿਕੁਮੈਂਡ ਹੋ ਕੇ ਹੀ ਆਉਂਦੇ ਹਨ । ਪਬਲਿਕ ਸਰਵਿਸ ਕਮਿਸ਼ਨ ਨੂੰ ਸਮੇਂ ਸਮੇਂ ਸਿਰ ਰਿਕੁਈਜ਼ੀਸ਼ਨ ਭੇਜੀ ਜਾਂਦੀ ਹੈ । ਜਿਹੜੀਆਂ ਡਿਸਪੈਂਸਰੀਆਂ ਪਿੰਡਾਂ ਵਿਚ ਖੋਲ੍ਹੀਆਂ ਹੋਈਆਂ ਹਨ ਡਾਕਟਰਾਂ ਤੋਂ ਬਗੈਰ ਤਾਂ ਉਹ ਰਖਣੀਆਂ ਨਹੀਂ ਹਨ, ਉਥੇ ਐਡਹਾਕ ਬੇਸਿਜ਼ ਤੇ ਡਾਕਟਰ ਰਖੇ ਜਾਂਦੇ ਹਨ । ਇਸ ਵੇਲੇ 488 ਡਾਕਟਰ ਐਡਹਾਕ ਬੇਸਿਜ਼ ਤੇ ਲਗੇ ਹੋਏ ਹਨ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਮੁੜ ਕੇ ਪੁਛਣਾ ਚਾਹੁੰਦਾ ਹਾਂ ਕਿ ਅਜਿਹੇ ਸਟੈਪਸ ਕਿਉਂ ਨਹੀਂ ਲੈਂਦੇ ਜਿਸ ਨਾਲ ਕਿ ਟਾਈਮਲੀ ਪਬਲਿਕ ਸਰਵਿਸ ਕਮਿਸ਼ਨ ਤੋਂ ਪਹਿਲਾਂ ਹੀ ਲਿਸਟ ਮੰਗਵਾ ਲਈ ਜਾਵੇ ਅਤੇ ਜਦੋਂ ਜਿਥੇ ਜਿਥੇ ਡਾਕਟਰਜ਼ ਦੀ ਲੋੜ ਹੋਵੇ ਉਸ ਲਿਸਟ ਵਿਚੋਂ ਉਨ੍ਹਾਂ ਨੂੰ ਉਥੇ ਰੈਗੂਲਰ ਬੇਸਿਜ਼ ਤੇ ਲਗਾ ਦਿਤਾ ਜਾਵੇ । ਪਬਲਿਕ ਸਰਵਿਸ ਕਮਿਸ਼ਨ ਤੋਂ ਅਪਰੂਵਡ ਲਿਸਟ ਇਨ੍ਹਾਂ ਕੋਲ ਪਹਿਲਾਂ ਹੀ ਮੌਜੂਦ ਹੋਣੀ ਚਾਹੀਦੀ ਹੈ । ਹੁਣ ਤਾਂ ਇਹ ਆਪਣੀ ਮਰਜ਼ੀ ਨਾਲ ਹੀ ਐਡਹਾਕ ਬੇਸਿਜ਼ ਤੇ ਲਗਾਈ ਜਾਂਦੇ ਹਨ ਅਤੇ ਜਦ ਉਨ੍ਹਾਂ ਨੂੰ ਹਟਾਉਣ ਦਾ ਸਮਾਂ ਆਉਂਦਾ ਹੈ ਤਾਂ ਉਨ੍ਹਾਂ ਤੋਂ ਰੌਲਾ ਪਵਾ ਦਿੰਦੇ ਹਨ ਕਿ ਉਨ੍ਹਾਂ ਨੂੰ ਹੀ ਰੈਗੂਲਰ ਕੀਤਾ ਜਾਵੇ ।

**ਰਾਜ ਮੰਤਰੀ** : ਅਸੀਂ ਕਿਸ ਤਰ੍ਹਾਂ ਰੌਲਾ ਪਵਾ ਸਕਦੇ ਹਾਂ । ( ਵਿਘਨ ) ।

Original with;
Punjab Vidhan Sabha
Digitized by;
Panjab Digital Library

ਤਾਰਾ ਅੰਕਿਤ ਸਵਾਲ ਨੰ: 3711

(ਸਬੰਧਤ ਮਾਨਯੋਗ ਮੈਂਬਰਜ਼ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ ।)

---

**ਰਾਜ ਵਿਚ ਮਈ 1976 ਦੇ ਮਹੀਨੇ ਲਈ ਲੈਵੀ ਖੰਡ ਦਾ ਕੋਟਾ**

*3704. **ਕਾਮਰੇਡ ਦਾਨਾ ਰਾਮ** } **ਕਾਮਰੇਡ ਸੱਤ ਪਾਲ ਡਾਂਗ** } : ਕੀ ਖੁਰਾਕ ਤੇ ਸਪਲਾਈ ਦੇ ਰਾਜ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ —

(ੳ) ਰਾਜ ਵਿਚ ਮਈ 1976 ਲਈ ਜੀ ਪ੍ਰਤੀ ਲੈਵੀ ਖੰਡ ਦਾ ਕੋਟਾ ਕਿੰਨਾ ਸੀ;

(ਅ) ਕੀ ਉਕਤ ਮਹੀਨੇ ਤੋਂ ਪਹਿਲਾਂ ਇਹ ਕੋਟਾ ਵਧੇਰੇ ਹੁੰਦਾ ਸੀ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਘਟਾਉਣ ਦੇ ਕੀ ਕਾਰਨ ਹਨ ?

**ਸਰਦਾਰ ਗੁਰਦਰਸ਼ਨ ਸਿੰਘ** : (ੳ) 350 ਗ੍ਰਾਮ ਪ੍ਰਤੀ ਜੀਅ ।

(ਅ) ਹਾਂ ਜੀ, ਫਰਵਰੀ ਤੋਂ ਮਾਰਚ ਤੱਕ 400 ਗ੍ਰਾਮ ਪ੍ਰਤੀ ਜੀ ਪ੍ਰਤੀ ਮਹੀਨਾ ਸੀ । ਅਪ੍ਰੈਲ, 1976 ਤੋਂ ਇਹ ਕੋਟਾ ਘਟਾਕੇ 350 ਗਰਾਮ ਪ੍ਰਤੀ ਜੀ ਪ੍ਰਤੀ ਮਹੀਨਾ ਕੀਤਾ ਗਿਆ ਹੈ । ਇਸ ਦੇ ਕਾਰਨ, ਭਾਰਤ ਸਰਕਾਰ ਤੋਂ ਪੰਜਾਬ ਨੂੰ ਥੋੜ੍ਹੀ ਐਲੋਕੇਸ਼ਨ ਹੈ ਜਿਸ ਅਨੁਸਾਰ 400 ਗਰਾਮ ਪ੍ਰਤੀ ਜੀ ਪ੍ਰਤੀ ਮਹੀਨਾ ਪੰਜਾਬ ਦੀ ਸਾਰੀ ਵਸੋਂ ਨੂੰ ਖੰਡ ਦੇਣਾ ਸੰਭਵ ਨਹੀਂ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਲੋਕਾਂ ਦੇ ਖੰਡ ਖਾਣ ਲਈ ਇਕ ਲੈਵੀ ਖੰਡ ਹੈ ਔਰ ਦੂਜੀ ਨਾਨ-ਲੈਵੀ ਖੰਡ ਹੈ ਜੋ ਕਿ ਬਾਜ਼ਾਰ ਤੋਂ ਲੈਣੀ ਹੈ । ਲੈਵੀ ਖੰਡ 500 ਗਰਾਮ ਤੋਂ 400 ਗਰਾਮ ਕੀਤੀ ਅਤੇ ਫਿਰ ਇਹ ਸਾਢੇ ਤਿੰਨ ਸੌ ਗਰਾਮ ਹੋ ਗਈ । ਜਿਹੜੀ ਮਾਰਕਿਟ ਤੋਂ ਖੰਡ ਮਿਲਦੀ ਹੈ ਉਹਦਾ ਰੇਟ 6/— ਕਿਲੋ ਜਾਂ 5.50 ਕਿਲੋ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਦੇਸ਼ ਦੇ ਦੁਸ਼ਮਨਾਂ ਦੇ ਖ਼ਿਲਾਫ ਐਮਰਜੰਸੀ ਲਗੀ ਤਾਂ ਲੋਕਾਂ ਨੂੰ ਪੂਰਾ ਵਿਸ਼ਵਾਸ ਸੀ ਕਿ ਹੁਣ ਕੋਈ ਕੀਮਤਾਂ ਵਧ ਨਹੀਂ ਸਕਣ ਗੀਆਂ । ਪਰ ਹੁਣ ਕੀ ਹੋ ਰਿਹਾ ਹੈ ਕਿ ਖੰਡ ਦੀ ਕੀਮਤ ਵਧ ਰਹੀ ਹੈ, ਬਨਾਸਪਤੀ ਦੀ ਕੀਮਤ ਵਧ ਰਹੀ ਹੈ ਔਰ ਤੇਲਾਂ ਦੀਆਂ ਕੀਮਤਾਂ ਵਧ ਰਹੀਆਂ ਹਨ । ਇਹਦੇ ਨਾਲ ਹੀ ਨਾਲ ਲੈਵੀ ਖੰਡ ਦੀ ਮਿਕਦਾਰ ਘਟਾਈ ਜਾ ਰਹੀ ਹੈ । ਕੀ ਪੰਜਾਬ ਸਰਕਾਰ ਕੋਈ ਅਜਿਹੇ ਕਦਮ ਉਠਾ ਰਹੀ ਹੈ ਜਿਸ ਨਾਲ ਕਿ ਇਹ ਚੀਜ਼ਾਂ ਦੀਆਂ ਕੀਮਤਾਂ ਵਧਣ ਤੋਂ ਰੁਕ ਜਾਣ ਔਰ ਘਟ ਜਾਣ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜਿਥੋਂ ਤਕ ਨਾਨ-ਲੈਵੀ ਖੰਡ ਦਾ ਸਵਾਲ ਹੈ ਇਸ ਬਾਰੇ ਤਾਂ ਇਹ ਸਵਾਲ ਨਹੀਂ ਪੁਛਿਆ ਗਿਆ ਹੈ । ਬਾਕੀ ਮੈਂ ਅਰਜ਼ ਕਰਦਾ ਹਾਂ ਕਿ ਭਾਰਤ ਸਰਕਾਰ ਨੇ ਇਸ ਚੀਜ਼ ਨੂੰ ਐਕਸਪੋਰਟ ਕਰਨ ਵਾਸਤੇ ਰਖਿਆ ਹੈ ਤਾਂ ਕਿ ਫਾਰਨ ਐਕਸਚੇਂਜ ਕਮਾਈ ਜਾ ਸਕੇ । ਜਿਥੋਂ ਤਕ ਲੈਵੀ ਸ਼ੂਗਰ ਦਾ ਕੋਟਾ ਘਟਾਉਣ ਦਾ ਸਵਾਲ ਹੈ

Original with;
Punjab Vidhan Sabha
Digitized by;
Panjab Digital Library

[ ਰਾਜ ਮੰਤਰੀ ਖੁਰਾਕ ਤੇ ਸਪਲਾਈ ]

ਇਹ ਤਾਂ ਭਾਰਤ ਸਰਕਾਰ ਨੇ ਸਾਰੀਆਂ ਸਟੇਟਾਂ ਦਾ ਘਟਾਇਆ ਹੈ ਅਤੇ ਪੰਜਾਬ ਦਾ ਕੋਟਾ ਵੀ ਘਟਾਇਆ ਗਿਆ ਹੈ। ਪਰ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਹਦੀ ਵੰਡ ਲਈ ਸ਼ਹਿਰਾਂ ਔਰ ਪਿੰਡਾਂ ਨੂੰ ਇਕੋ ਜਿਹਾ ਟਰੀਟ ਕੀਤਾ ਜਾਏਗਾ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਇਸ ਗੱਲ ਦੇ ਪੇਸ਼ੇ ਨਜ਼ਰ ਕਿ ਖੰਡ ਦੀਆਂ ਕੀਮਤਾਂ ਵਿਚ ਵਾਧਾ ਹੋ ਰਿਹਾ ਹੈ ਔਰ ਇਸ ਦੇ ਨਾਲ ਲੋਕਾਂ ਵਿਚ ਬੇਚੈਨੀ ਫੈਲ ਰਹੀ ਹੈ, ਇਸ ਚੀਜ਼ ਨੂੰ ਸਾਹਮਣੇ ਰਖਦੇ ਹੋਏ ਇਹ ਭਾਰਤ ਸਰਕਾਰ ਨੂੰ ਕਹਿਣਗੇ ਕਿ ਇਹਦੀ ਐਕਸਪੋਰਟ ਘਟਾ ਦਿੱਤੀ ਜਾਵੇ ਤਾਂ ਕਿ ਲੋਕਾਂ ਨੂੰ ਘੱਟ ਰੇਟ ਤੇ ਚੀਨੀ ਮਿਲ ਸਕੇ। ਬਾਕੀ ਇਹ ਵੀ ਕਿਹਾ ਜਾਵੇ ਕਿ ਮਿਲ਼ਾਂ ਨੂੰ ਕੌਮੀਕਰਨ ਕਰ ਲਿਆ ਜਾਵੇ।

**ਰਾਜ ਮੰਤਰੀ** : ਅਸੀਂ ਅਗੇ ਹੀ ਗੌਰਮਿੰਟ ਆਫ ਇੰਡੀਆ ਨੂੰ ਕਹਿ ਚੁੱਕੇ ਹਾਂ ਕਿ ਇਸ ਬਾਰੇ ਫੂਡ ਸਪਲਾਈਜ਼ ਮਨਿਸਟਰਾਂ ਦੀ ਕਾਨਫਰੰਸ ਬੁਲਾਈ ਜਾਵੇ ਔਰ ਇਹ ਮਸਲਾ ਉਥੇ ਡਿਸਕਸ ਕੀਤਾ ਜਾਵੇ।

**ਕਾਮਰੇਡ ਸੱਤ ਪਾਲ ਡਾਂਗ** : ਪਹਿਲਾਂ ਸ਼ਹਿਰਾਂ ਵਿਚ ਇਕ ਕਿੱਲੋ ਖੰਡ ਪ੍ਰਤੀ ਜੀ ਦੇ ਹਿਸਾਬ ਨਾਲ ਮਿਲਦੀ ਸੀ ਅਤੇ ਪਿੰਡਾਂ ਵਿਚ ਦੋ ਤਿੰਨ ਸੌ ਗਰਾਮ ਮਿਲਦੀ ਸੀ। ਕੀ ਇਸ ਤਰ੍ਹਾਂ ਨਹੀਂ ਹੋ ਸਕਦਾ ਕਿ ਸ਼ਹਿਰਾਂ ਅਤੇ ਪਿੰਡਾਂ ਵਿਚ ਦੋਨੋਂ ਥਾਵਾਂ ਤੇ ਯੂਨੀਫਾਰਮਿਟੀ ਹੋਵੇ ਔਰ ਹਰ ਇਕ ਨੂੰ 500 ਗਰਾਮ ਚੀਨੀ ਹੀ ਮਿਲੇ। ਇਹਦੇ ਨਾਲ ਗੁਜ਼ਾਰਾ ਨਹੀਂ ਹੁੰਦਾ ਔਰ ਨਾਨ-ਲੈਵੀ ਸ਼ੂਗਰ ਵਧ ਖਰੀਦਣੀ ਪੈਂਦੀ ਹੈ। ਉਹਦੇ ਰੇਟਸ ਬਹੁਤ ਜ਼ਿਆਦਾ ਹੋ ਰਹੇ ਹਨ। ਇਹਦੇ ਰੇਟਸ ਘਟਾਉਣ ਲਈ ਪੰਜਾਬ ਸਰਕਾਰ ਕੀ ਕਰ ਰਹੀ ਹੈ ?

**ਰਾਜ ਮੰਤਰੀ** : ਸਾਡੀ ਗਿਆਨੀ ਜੀ ਦੀ ਸਰਕਾਰ ਨੇ ਪਿੰਡਾਂ ਔਰ ਸ਼ਹਿਰਾਂ ਦਾ ਕੋਟਾ ਇਕੋ ਹੀ ਫਿਕਸ ਕੀਤਾ ਹੈ। ਇਹਦੇ ਵਿਚ ਜੋ ਫਰਕ ਪਹਿਲਾਂ ਸੀ ਉਸਨੂੰ ਦੂਰ ਕੀਤਾ ਹੈ। ਪਹਿਲਾਂ ਪੰਜਾਬ ਦਾ ਕੋਟਾ 7,470.4 ਟਨ ਸੀ ਜੋ ਕਿ ਘਟਾ ਕੇ ਹੁਣ ਭਾਰਤ ਸਰਕਾਰ ਨੇ 6,119.3 ਟਨ ਕਰ ਦਿੱਤਾ ਹੈ। ਇਸ ਲਈ ਸਾਨੂੰ ਇਹ ਕੋਟਾ ਘਟ ਕਰਨਾ ਪਿਆ ਹੈ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਕੁਝ ਇਸ ਤਰ੍ਹਾਂ ਲਗਦਾ ਹੈ ਕਿ ਇਨ੍ਹਾਂ ਨੂੰ ਕੋਟਾ ਘਟਾ ਕੇ ਬਾਕੀਆਂ ਦੂਜਿਆਂ ਨੂੰ ਪੂਰਾ ਕੋਟਾ ਦਿੱਤਾ ਜਾਵੇ (ਵਿਘਨ)

**Mr. Speaker** : Not allowed.

**ਕਾਮਰੇਡ ਅੱਛਰਾ ਸਿੰਘ** : ਇਨ੍ਹਾਂ ਨੇ ਸੈਂਟਰ ਦੀਆਂ ਹਦਾਇਤਾਂ ਦੇ ਮੁਤਾਬਿਕ ਚੀਨੀ ਦਾ ਕੋਟਾ ਸਾਢੇ ਤਿੰਨ ਸੌ ਗਰਾਮ ਕੀਤਾ ਹੈ। ਬਾਕੀ ਜਿਹੜੀ ਓਪਨ ਮਾਰਕਿਟ ਵਿਚ ਖੰਡ ਇਸ ਵੇਲੇ 6/- ਪ੍ਰਤੀ ਕਿਲੋ ਮਿਲ ਰਹੀ ਹੈ ਇਹਦੀ ਕੀਮਤ 5/— ਪ੍ਰਤੀ ਕਿਲੋ ਕਿਉਂ ਨਹੀਂ ਕੀਤੀ ਜਾਂਦੀ ?

**ਰਾਜ ਮੰਤਰੀ** : ਇਸ ਕੀਮਤ ਬਾਰੇ ਸੈਂਟਰ ਵਲੋਂ ਕੋਈ ਹਦਾਇਤ ਨਹੀਂ ਹੈ। ਮੈਂ ਪਹਿਲਾਂ ਵੀ ਦਸਿਆ ਹੈ ਪੰਜਾਬ ਦਾ ਕੋਟਾ ਪਹਿਲਾਂ 7,470.4 ਟਨ ਸੀ ਜੋ ਕਿ ਹੁਣ ਘਟਾ ਕੇ 6,119.3 ਟਨ ਕਰ ਦਿੱਤਾ ਗਿਆ ਹੈ। ਇਸ ਲਈ ਸਾਨੂੰ ਵੀ ਆਪਣਾ ਕੋਟਾ ਉਸੇ ਰੇਸ਼ੋ ਨਾਲ ਘਟਾਉਣਾ ਪਿਆ। ਪਰ ਇਹ ਗਿਆਨੀ ਜੀ ਦੀ ਸਰਕਾਰ ਦਾ ਫੈਸਲਾ ਹੈ ਕਿ ਚਾਹੇ ਸ਼ਹਿਰ ਹੋਵੇ ਜਾਂ ਪਿੰਡ ਹੋਣ ਸਭ ਨੂੰ ਇਕੋ ਜਿਹੀ ਰੇਸ਼ੋ ਨਾਲ ਚੀਨੀ ਮਿਲੇਗੀ।

Original with;
Punjab Vidhan Sabha
Digitized by;
Panjab Digital Library

SUPPLY OF ESSENTIAL COMMODITIES TO THE STUDENTS RESIDING IN COLLEGE AND SCHOOL HOSTELS IN THE STATE.

*3730. **Chaudhri Sunder Singh** } **Shri Sardari Lal Kapur** } : Will the Minister of State for Food and Supplies be pleased to state the details of the action taken by the Government during the last one year, in the matter of supply of essential commodities at controlled prices to students residing in College and School hostels in the State ?

**ਸਰਦਾਰ ਗੁਰਦਰਸ਼ਨ ਸਿੰਘ** : ਸਕੂਲਾਂ/ਕਾਲਜਾਂ/ਯੂਨੀਵਰਸਿਟੀ ਦੇ ਹੋਸਟਲਾਂ ਵਿਚ ਰਹਿੰਦੇ ਵਿਦਿਆਰਥੀਆਂ ਨੂੰ ਜ਼ਰੂਰੀ ਵਸਤਾਂ ਦੀ ਉਪਲਬਧੀ, ਰਾਜ ਸਰਕਾਰ ਨੇ ਯਕੀਨੀ ਬਣਾਉਣ ਲਈ ਇਹ ਹਦਾਇਤ ਕਰ ਦਿਤੀ ਹੈ ਕਿ ਇਨ੍ਹਾਂ ਵਿਦਿਆਰਥੀਆਂ ਦੀ ਕਣਕ, ਆਟਾ, ਬਨਾਸਪਤੀ ਘੀ, ਚਾਵਲ, ਕੋਲਾ, ਮਿੱਟੀ ਦਾ ਤੇਲ ਆਦਿ ਦੀ ਮਾਸਕ ਮੰਗ ਦਾ ਅੰਗਣ ਕੀਤਾ ਜਾਵੇ ਅਤੇ ਇਸ ਨੂੰ ਪ੍ਰਮ-ਅਗੇਤ ਦਿੰਦੇ ਹੋਏ ਲੋੜੀਂਦੀ ਮਾਤਰਾ ਨੇੜੇ ਦੇ ਸਹਿਕਾਰੀ ਕੰਨਜ਼ਿਊਮਰ ਸਟੋਰ ਜਾਂ ਡਿਪੂ ਤੋਂ ਜਾਰੀ ਕਰਵਾਈ ਜਾਵੇ। ਹੋਸਟਲਾਂ ਵਿਚ ਰਹਿੰਦੇ ਵਿਦਿਆਰਥੀਆਂ ਨੂੰ ਦਾਲਾਂ ਦੀ ਮੰਗ ਭਾਵੇਂ ਇਕ ਬੋਰੀ ਤੋਂ ਘੱਟ ਵੀ ਹੋਵੇ, ਪੂਰੀ ਕਰਨ ਲਈ ਹਦਾਇਤਾਂ ਕੀਤੀਆਂ ਹੋਈਆਂ ਹਨ। ਖੰਡ ਦੀ ਸਪਲਾਈ ਬਾਰੇ ਜੇਕਰ ਸਬੰਧਤ ਸਕੂਲ/ਕਾਲਜ/ਯੂਨੀਵਰਸਿਟੀ ਦਾ ਮੁਖੀ ਇਹ ਤਸਦੀਕ ਕਰੇ ਕਿ ਇਕ ਸੈਸ਼ਨ ਵਿਚ ਸਬੰਧਤ ਹੋਸਟਲ ਵਿਚ ਕਿਤਨੇ ਵਿਦਿਆਰਥੀ ਹਨ ਜਿਹੜੇ ਕਿ ਆਪਣੇ ਘਰੇਲੂ ਰਾਸ਼ਨ ਕਾਰਡਾਂ ਤੇ ਖੰਡ ਦਾ ਕੋਟਾ ਨਹੀਂ ਲੈ ਰਹੇ ਤਾਂ ਇਨ੍ਹਾਂ ਲਈ ਪੂਰੇ ਸੈਸ਼ਨ ਲਈ ਵੰਡ ਕਾਰਡ ਬਣਾ ਦਿਤਾ ਜਾਂਦਾ ਹੈ ਅਤੇ ਇਸ ਨੂੰ ਨੇੜੇ ਦੇ ਸਹਿਕਾਰੀ ਸਟੋਰ ਜਾਂ ਡੀਪੂ ਨਾਲ ਜੋੜ ਦਿੱਤਾ ਜਾਂਦਾ ਹੈ। ਇਨ੍ਹਾਂ ਵਿਦਿਆਰਥੀਆਂ ਲਈ ਖੰਡ ਦੀ ਮਾਤਰਾ ਆਮ ਖਪਤਕਾਰ ਲਈ ਨਿਸ਼ਚਿਤ ਮਾਤਰਾ ਤੋਂ ਡੇਢੀ ਦਿੱਤੀ ਜਾਂਦੀ ਹੈ।

2. ਵਿਦਿਆਰਥੀ ਆਪਣਾ ਸ਼ਨਾਖ਼ਤੀ ਕਾਰਡ ਵਿਖਾ ਕੇ ਸਹਿਕਾਰੀ ਸਟੋਰ/ਪਨਸਪ ਦੀਆਂ ਦੁਕਾਨਾਂ ਜਾਂ ਸਹਿਕਾਰੀ ਸਭਾਵਾਂ ਤੋਂ ਤਿਮਾਹੀ, ਆਪਣੇ ਆਮ ਕੋਟੇ ਤੋਂ ਇਲਾਵਾ, ਦੋ ਤੋਂ ਤਿੰਨ ਸੂਟਾਂ ਦਾ ਕਪੜਾ ਵੀ ਲੈ ਸਕਦੇ ਹਨ।

**ਕਾਮਰੇਡ ਸੱਤ ਪਾਲ ਡਾਂਗ** : ਇਸ ਚੀਜ਼ ਨੂੰ ਦੇਖਦੇ ਹੋਏ ਕਿ ਮਾਰਕਿਟ ਵਿਚ ਬਨਾਸਪਤੀ, ਚੌਲ ਔਰ ਤੇਲਾਂ ਦੀਆਂ ਕੀਮਤਾਂ ਵਧ ਗਈਆਂ ਹਨ, ਕੀ ਵਿਦਿਆਰਥੀਆਂ ਨੂੰ ਇਹ ਚੀਜ਼ਾ ਕੰਟਰੋਲ ਰੇਟ ਤੇ ਮਿਲਦੀਆਂ ਹਨ ਅਤੇ ਜੇ ਇਹ ਕੰਟਰੋਲ ਰੇਟ ਤੇ ਦਿੰਦੇ ਹਨ ਤਾਂ ਕਿਥੇ ਕਿਥੇ ਕੰਟਰੋਲ ਤੇ ਦਿੰਦੇ ਹਨ ਔਰ ਕਿਸ ਕਿਸ ਰੇਟ ਤੇ ਦਿੰਦੇ ਹਨ, ਇਸ ਬਾਰੇ ਦਸਿਆ ਜਾਵੇ ?

**ਰਾਜ ਮੰਤਰੀ** : ਕੰਟਰੋਲਡ ਕਮੋਡਿਟੀਜ਼ ਵਿਚ, ਚੌਲ, ਕੋਲ, ਕੇਰੋਸੀਨ ਆਇਲ, ਲੇਵੀ ਸ਼ੂਗਰ ਔਰ ਕੋਰਸ ਕਲਾਥ ਇਹ ਚੀਜ਼ਾਂ ਆਉਂਦੀਆਂ ਹਨ ਅਤੇ ਇਹ ਵਿਦਿਆਰਥੀਆਂ ਨੂੰ ਕੰਟਰੋਲ ਰੇਟ ਤੇ ਪ੍ਰਾਇਰਟੀ ਬੇਸਿਜ਼ ਤੇ ਦਿੰਦੇ ਹਾਂ। ਜੋ ਕੰਟਰੋਲ ਰੇਟ ਤੇ ਹੋਰ ਸਾਰੇ ਪੰਜਾਬ ਵਿਚ ਇਹ ਚੀਜ਼ਾਂ ਮਿਲਦੀਆਂ ਹਨ ਉਹੀ ਕੰਟਰੋਲ ਰੇਟ ਤੇ ਇਨ੍ਹਾਂ ਵਿਦਿਆਰਥੀਆਂ ਨੂੰ ਇਹ ਚੀਜ਼ਾਂ ਦਿੱਤੀਆਂ ਜਾਂਦੀਆਂ ਹਨ। ਹੋਸਟਲਾਂ ਵਿਚ ਰਹਿੰਦੇ ਵਿਦਿਆਰਥੀਆਂ ਨੂੰ ਇਹ ਚੀਜ਼ਾਂ ਮਿਲਣ ਵਾਸਤੇ ਯਕੀਨੀ ਬਨਾਉਣ ਬਾਰੇ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਗਰ ਕਾਲਜ ਦਾ ਪ੍ਰਿੰਸੀਪਲ ਇਹ ਚੀਜ਼ ਸਰਟੀਫਾਈ ਕਰ ਦਿੰਦਾ ਹੈ ਕਿ ਵਿਦਿਆਰਥੀ ਨੇ ਸਾਰੀ ਟਰਮ ਹੋਸਟਲ ਵਿਚ ਰਹਿਣਾ ਹੈ ਤਾਂ ਉਹਨੂੰ ਚੀਨੀ ਦਾ ਕੋਟਾ ਡਬਲ ਦਿੱਤਾ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

**ਸ੍ਰੀ ਪ੍ਰਤਾਪ ਚੰਦ ਭੰਡਾਰੀ :** ਜਿਸ ਤਰ੍ਹਾਂ ਕੀਮਤਾਂ ਵਿਚ ਤੇਲਾਂ, ਬਨਾਸਪਤੀ ਔਰ ਸ਼ੂਗਰ ਲਈ ਵਾਧਾ ਆ ਰਿਹਾ ਹੈ ਕਿ ਇਹ ਇਸ ਚੀਜ਼ ਦਾ ਇੰਤਜ਼ਾਮ ਕਰਨਗੇ ਕਿ ਇਹ ਚੀਜ਼ਾਂ ਵਿਦਿਆਰਥੀਆਂ ਨੂੰ ਠੀਕ ਰੇਟ ਤੇ ਮਿਲ ਸਕਿਆ ਕਰਨ ?

**ਰਾਜ ਮੰਤਰੀ :** ਮੈਸਿਜ਼ ਔਰ ਕੈਂਟੀਨਾਂ ਵਿਚ ਜ਼ਰੂਰ ਇਸ ਗਲ ਦਾ ਪ੍ਰਬੰਧ ਕਰਾਂਗੇ ।

**आचार्य पृथ्वी सिंह आजाद :** क्या मंत्री महोदय यह बताने की कृपा करेंगे कि जिस समय सरकार ने ऐमर्जैंसी लगाई उस समय सारी स्टेट के अन्दर प्राइसिज़ पर कन्ट्रोल था प्राइसिज़ बढ़ती नहीं थी । अब क्या कारण है कि ऐमर्जैंसी होते हुए भी कीमतें बढ़ रही हैं ? क्या इसका यह कारण तो नहीं कि सरकार ने कन्ट्रोल के जो रास्ते थे उन में ढील पैदा कर दी है, तब ही कीमतें बढ़ रही हैं ?

**ਰਾਜ ਮੰਤਰੀ :** ਇਸ ਨਾਲ ਇਸ ਚੀਜ਼ ਦਾ ਕੋਈ ਸਬੰਧ ਨਹੀਂ ਹੈ ।

**ਸ੍ਰੀ ਸਰਦਾਰੀ ਲਾਲ ਕਪੂਰ :** ਜਿਨ੍ਹਾਂ ਕਾਲਜਾਂ ਵਿਚ ਕੰਟੀਨਜ਼ ਹਨ, ਹੋਸਟਲ ਕੰਟੀਨਜ਼ ਹਨ, ਮੈਸਿਜ਼ ਹਨ ਉਥੇ ਕਿਸ ਤਰੀਕਾਕਾਰ ਨਾਲ ਇਹ ਚੀਜ਼ਾਂ ਦਿੱਤੀਆਂ ਜਾਂਦੀਆਂ ਹਨ ?

**ਰਾਜ ਮੰਤਰੀ :** ਸਪੀਕਰ ਸਾਹਿਬ, ਪ੍ਰਿੰਸੀਪਲਜ਼ ਸਰਟੀਫਾਈ ਕਰਦੇ ਹਨ ਕਿ ਹੋਸਟਲਾਂ ਵਿਚ ਇਤਨੇ ਵਿਦਿਆਰਥੀ ਹਨ ਅਤੇ ਉਨ੍ਹਾਂ ਲਈ ਪ੍ਰਤੀ ਸਟੂਡੈਂਟ ਇਤਨੀ ਵਸਤੂ ਲੋੜੀਂਦੀ ਹੈ । ਪ੍ਰਿੰਸੀਪਲ ਦਾ ਸਰਟੀਫੀਕੇਟ ਹੋਵੇ ਤਾਂ ਉਸ ਦੇ ਲਈ ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਉਨ੍ਹਾਂ ਨੂੰ ਚੀਜ਼ਾਂ ਮਿਲਣ । ਇਕ ਗੱਲ ਮੈਂ ਕਾਮਰੇਡ ਪ੍ਰਿਥਵੀ ਸਿੰਘ ਆਜ਼ਾਦ ਜੀ ਨੂੰ ਵੀ ਕਹਿਣਾ ਚਾਹੁੰਦਾ ਹਾਂ......

**ਸ੍ਰੀ ਸਪੀਕਰ :** ਉਹ ਅਚਾਰੀਆ ਜੀ ਹਨ ਕਾਮਰੇਡ ਸਾਹਿਬ ਨਹੀਂ । (ਵਿਘਨ)

**Acharya Prithvi Singh Azad :** I would prefer to become a Comrade.

**ਰਾਜ ਮੰਤਰੀ :** ਅਸੀਂ ਐਮਰਜੈਂਸੀ ਦੇ ਦੌਰਾਨ ਕੋਈ ਢਿਲ ਨਹੀਂ ਪਾਈ ।

**ਕਾਮਰੇਡ ਅੱਛਰਾ ਸਿੰਘ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਸਾਰੇ ਸਕੂਲਾਂ ਤੇ ਕਾਲਜਾਂ ਦੇ ਹੋਸਟਲਾਂ ਵਿਚ ਇੰਤਜ਼ਾਮ ਕਰ ਦਿਤਾ ਹੈ। ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਜ਼ਿਲ੍ਹਾ ਸੰਗਰੂਰ ਵਿਚ ਕਿਸੇ ਇਕ ਵੀ ਸਕੂਲ ਜਾਂ ਕਾਲਜ ਦੇ ਹੋਸਟਲ ਵਿਚ ਜਿਥੇ ਸਾਰੀਆਂ ਚੀਜ਼ਾਂ ਮਿਲਦੀਆਂ ਹੋਣ ਦਾ ਨਾਮ ਦੱਸਣਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਸਾਡੇ ਇਹ ਨੋਟਿਸ ਵਿਚ ਲਿਆ ਦੇਣ ਅਸੀਂ ਇਨ੍ਹਾਂ ਨੂੰ ਦੱਸ ਦੇਵਾਂਗੇ। ਸਾਨੂੰ ਕਿਸੇ ਵੀ ਪ੍ਰਿੰਸੀਪਲ ਤੋਂ ਕੋਈ ਸ਼ਿਕਾਇਤ ਨਹੀਂ ਕਿ ਉਨ੍ਹਾਂ ਨੂੰ ਚੀਜ਼ਾਂ ਨਹੀਂ ਮਿਲਦੀਆਂ। ਅਗਰ ਕੋਈ ਸ਼ਿਕਾਇਤ ਆਈ ਤਾਂ ਅਸੀਂ 24 ਘੰਟੇ ਵਿਚ ਹੀ ਐਕਸ਼ਨ ਲੈਣ ਨੂੰ ਤਿਆਰ ਹਾਂ ।

**ਸ੍ਰੀ ਪਿਆਰਾ ਰਾਮ ਧੰਨੋਵਾਲੀ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਸ੍ਰੀ ਸਰਦਾਰੀ ਲਾਲ ਕਪੂਰ ਜੀ ਦੇ ਸਵਾਲ ਦਾ ਜਵਾਬ ਦਿੰਦੇ ਦੱਸਿਆ ਹੈ ਕਿ ਪ੍ਰਿੰਸੀਪਲ ਦੇ ਸਰਟੀਫਾਈ

Original with;
Punjab Vidhan Sabha
Digitized by;
Panjab Digital Library

ਕਰਨ ਤੇ ਅਸੀਂ ਯਕੀਨੀ ਬਣਾਉਂਦੇ ਹਾਂ ਕਿ ਉਨ੍ਹਾਂ ਨੂੰ ਸਾਰੀਆਂ ਚੀਜ਼ਾਂ ਮਿਲਣ । ਸਵਾਲ ਇਹ ਹੈ ਕਿ ਜਿਨ੍ਹਾਂ ਸਕੂਲਾਂ ਜਾਂ ਕਾਲਜਾਂ ਵਿਚ ਮੈਸ ਹਨ ਹੋਸਟਲਾਂ ਵਿਚ ਉਥੇ ਕਾਲਜ ਵਾਲਿਆਂ ਨੇ ਠੇਕੇ ਦਿੱਤੇ ਹੋਏ ਹਨ ਔਰ ਠੇਕੇ ਤੇ ਦੇਣ ਨਾਲ ਸਕੂਲਾਂ ਜਾਂ ਕਾਲਜਾਂ ਦੇ ਵਿਦਿਆਰਥੀਆਂ ਨੂੰ ਕੀ ਫਾਇਦਾ ਹੋ ਸਕਦਾ ਹੈ ? ਇਸ ਨਾਲ ਰੇਟਸ ਵਿਚ ਤਾਂ ਕੋਈ ਕਮੀ ਨਹੀਂ ਆਈ ?

**ਰਾਜ ਮੰਤਰੀ :** ਸਪੀਕਰ ਸਾਹਿਬ. ਜਿਹੜੇ ਮਯੀਅਰ ਅਸੀਂ ਲਿਤੇ ਹਨ ਉਸ ਦੇ ਮੁਤਾਬਕ ਠੇਕੇਦਾਰਾਂ ਨਾਲ ਪ੍ਰਿੰਸੀਪਲਜ਼ ਨੇ ਮਿਲ ਕੇ ਸਾਰੀਆਂ ਚੀਜ਼ਾਂ ਦੀਆਂ ਕੀਮਤਾਂ ਘਟਵਾਈਆਂ ਹਨ ਔਰ ਹੋਸਟਲਾਂ ਵਿਚ ਇਹ ਯਕੀਨੀ ਬਣਾਇਆ ਗਿਆ ਹੈ ਕਿ ਦਾਲਾਂ, ਚੀਨੀ, ਚਾਹ, ਘੀ ਅਤੇ ਤੇਲ ਆਦਿ ਵਸਤੂਆਂ ਸਸਤੀਆਂ ਦੇਵਾਂਗੇ । ਇਸ ਦੇ ਨਾਲ ਮੈਸ ਦੇ ਬਿਲ ਵਿਚ ਹਰ ਇਕ ਸਟੂਡੈਂਟ ਦੀ ਤਕਰੀਬਨ 3 ਰੁਪਏ ਤੋਂ 5 ਰੁਪਏ ਮਹੀਨੇ ਦੀ ਕਮੀ ਆਈ ਹੈ ।

**ਸ੍ਰੀ ਪ੍ਰੇਮ ਗੁਪਤਾ :** ਸਪੀਕਰ ਸਾਹਿਬ, ਹੋਸਟਲਾਂ ਵਿਚ ਇਸ ਚੀਜ਼ ਦਾ ਪ੍ਰਬੰਧ ਕੀਤਾ ਗਿਆ ਹੈ ਔਰ ਬੋਰਡਿੰਗ ਹਾਊਸਿਜ਼ ਵਿਚ ਵੀ ਇਸ ਦਾ ਪ੍ਰਬੰਧ ਕੀਤਾ ਗਿਆ ਹੈ ਪਰ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਹੋਵੇਗਾ ਕਿ ਹੋਸਟਲਾਂ ਵਿਚ ਅਕਾਮੋਡੇਸ਼ਨ ਨਾ ਹੋਣ ਕਾਰਨ ਬਹੁਤ ਸਾਰੇ ਸਟੂਡੈਂਟਸ ਹੋਸਟਲ ਤੋਂ ਬਾਹਰ ਰਹਿੰਦੇ ਹਨ । ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਉਨ੍ਹਾਂ ਸਟੂਡੈਂਟਸ ਦੇ ਲਈ ਕੀ ਪ੍ਰਬੰਧ ਕੀਤਾ ਗਿਆ ਹੈ ?

**ਰਾਜ ਮੰਤਰੀ:** ਸਪੀਕਰ ਸਾਹਿਬ, ਹਾਲੇ ਤਕ ਤਾਂ ਹੋਸਟਲ ਵਾਲੇ ਜਿਹੜੇ ਵਿਦਿਆਰਥੀ ਹਨ ਉਨ੍ਹਾਂ ਦਾ ਹੀ ਪ੍ਰਬੰਧ ਕੀਤਾ ਹੈ । ਜੇ ਕੋਈ ਇਹੋ ਜਿਹੀ ਹੋਰ ਸਮੱਸਿਆ ਹੈ ਤਾਂ ਉਸ ਤੇ ਵੀ ਗੌਰ ਕੀਤਾ ਜਾਵੇਗਾ ।

---

**ਰਾਜ ਦੇ ਸਰਕਾਰੀ ਖੇਤਰ ਵਿਚ ਵੱਡੇ ਉਦਯੋਗ ਲਗਾਉਣੇ**

*3784 **ਚੌਧਰੀ ਰਾਮ ਸਿੰਘ:** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ:

(ੳ) ਕੀ ਰਾਜ ਵਿਚ ਸਰਕਾਰੀ ਖੇਤਰ ਵਿਚ 1 ਜੁਲਾਈ, 1975 ਤੋਂ 30 ਜੂਨ, 1976 ਤਕ ਦੇ ਸਮੇਂ ਦੇ ਦੌਰਾਨ ਕੋਈ ਵੱਡੇ ਉਦਯੋਗ ਲਗਾਏ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਤੇ ਕਿੰਨੀ ਪੂੰਜੀ ਲਗਾਈ ਗਈ ;

(ਅ) ਉਕਤ ਭਾਗ (ੳ) ਵਿਚ ਵਰਣਿਤ ਉਦਯੋਗਾਂ ਵਿਚ ਰਖੇ ਗਏ ਦੋਵੇਂ ਸਿਖਿਅਤ ਅਤੇ ਅਸਿਖਿਅਤ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ ?

**ਗਿਆਨੀ ਜ਼ੈਲ ਸਿੰਘ:**

(ੳ) 4 ਵੱਡੇ ਪਬਲਿਕ ਸੈਕਟਰ ਦੇ ਯੂਨਿਟਾਂ ਦੇ ਉਤੇ ਇਸ ਰਾਜ ਵਿਚ ਕੰਮ ਸ਼ੁਰੂ ਹੋਇਆ ਹੈ। ਇਹਨਾਂ ਦੇ ਵਿਚ ਦੋ ਸੈਂਟਰਲ ਪਬਲਿਕ ਸੈਕਟਰ ਦੇ ਯੂਨਿਟ ਹਨ ਅਤੇ 2 ਰਾਜ ਪਬਲਿਕ ਸੈਕਟਰ ਦੇ ਯੂਨਿਟ ਹਨ । ਇਨ੍ਹਾਂ ਦੇ ਉਤੇ ਕ੍ਰਮਵਾਰ ਕੈਪੀਟਲ ਇਨਵੈਸਟਮੈਂਟ ਦਾ ਅਨੁਮਾਨ ਹੇਠ ਲਿਖੇ ਅਨੁਸਾਰ ਹੈ :—

1. ਨੈਸ਼ਨਲ ਫਰਟੀਲਾਈਜ਼ਰ ਲਿਮਟਿਡ ਵਲੋਂ ਲੱਗ ਰਹੇ ਬਠਿੰਡੇ ਵਿਚ ਕਾਰਖਾਨਾ : 170 ਕਰੋੜ ਰੁਪਏ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

2. ਫਰਟੀਲਾਈਜ਼ਰ ਕਾਰਪੋਰੇਸ਼ਨ ਵਲੋਂ ਲਗ ਰਿਹਾ ਨੰਗਲ ਵਿਚ ਕਾਰਖਾਨਾ । : 124 ਕਰੋੜ ਰੁਪਏ

3. ਪੰਜਾਬ ਸਕੂਟਰਜ਼ ਲਿਮਟਿਡ, ਨਾਭਾ । : 3.40 ਕਰੋੜ ਰੁਪਏ

4. ਪੰਜਾਬ ਸੈਮੀ-ਕੰਡਕਟਰਜ਼ ਲਿਮਟਿਡ । : 1 ਕਰੋੜ ਰੁਪਏ

(ਅ) ਇਨ੍ਹਾਂ ਦੇ ਵਿਚ ਸਕਿਲਡ ਅਤੇ ਅਨ-ਸਕਿਲਡ ਵਰਕਰਜ਼ ਨੂੰ ਹੇਠ ਲਿਖੇ ਅਨੁਸਾਰ ਰੋਜ਼ਗਾਰ ਦਿਤਾ ਜਾਣਾ ਹੈ :—

1. ਨੈਸ਼ਨਲ ਫਰਟੀਲਾਈਜ਼ਰ ਲਿਮਟਿਡ ਵਲੋਂ ਲਗ ਰਿਹਾ ਬਠਿੰਡੇ ਵਿਚ ਕਾਰਖਾਨਾ । : 800

2. ਫਰਟੀਲਾਈਜ਼ਰ ਕਾਰਪੋਰੇਸ਼ਨ ਵਲੋਂ ਲਗ ਰਿਹਾ ਨੰਗਲ ਵਿਖੇ ਕਾਰਖਾਨਾ । : 800

3. ਪੰਜਾਬ ਸਕੂਟਰਜ਼ ਲਿਮਟਿਡ, ਨਾਭਾ : 400

4. ਪੰਜਾਬ ਸੈਮੀ-ਕੰਡਕਟਰਜ਼ ਲਿਮਟਿਡ । : 200

**ਚੌਧਰੀ ਰਾਮ ਸਿੰਘ**: ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਦਸਿਆ ਹੈ ਕਿ ਪਿਛਲੇ ਸਾਲ 1 ਜੁਲਾਈ, 1975 ਤੋਂ 30 ਜੂਨ, 1976 ਤਕ 4 ਵਡੇ ਪਬਲਿਕ ਸੈਕਟਰ ਦੇ ਯੂਨਿਟਾਂ ਦੇ ਉਤੇ ਇਸ ਰਾਜ ਵਿਚ ਕੰਮ ਸ਼ੁਰੂ ਹੋਇਆ ਹੈ । ਕੀ ਮੁੱਖ ਮੰਤਰੀ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਅਗਲੇ ਸਾਲ ਲਈ ਕੀ ਪ੍ਰੋਪੋਜ਼ਲ ਹੈ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਅਗਲੇ ਸਾਲ ਲਈ ਕੁਝ ਚਲਦੇ ਹੋਏ ਕੰਮ ਹਨ ਅਤੇ ਕੁਝ ਚਲਣ ਵਾਲੇ ਹਨ ! ਉਹ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ 11 ਐਸੇ ਪ੍ਰਾਜੈਕਟ ਹਨ ਜੋ ਪਬਲਿਕ ਸੈਕਟਰ ਵਿਚ ਅਤੇ ਜੁਆਇੰਟ ਸੈਕਟਰ ਵਿਚ ਹਨ ਅਤੇ ਇਨ੍ਹਾਂ ਉੱਤੇ 13 ਕਰੋੜ ਰੁਪਏ ਦੀ ਇਨਵੈਸਮੈਂਟ ਹੋਈ ਹੈ ਔਰ ਇਨ੍ਹਾਂ ਵਿਚ 2,300 ਆਦਮੀਆਂ ਨੂੰ ਇਮਪਲਾਇਮੈਂਟ ਮਿਲੀ ਹੈ । ਜਿਹੜੇ ਚਾਲੂ ਹੋ ਚੁੱਕੇ ਹਨ ਉਨ੍ਹਾਂ ਦੇ ਨਾਮ ਹਨ:

1. ਪੰਜਾਬ ਟਰੈਕਟਰਜ਼ ਲਿਮਟਿਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ।
2. ਪੰਜਾਬ ਅਨੰਦ ਬੈਟਰੀਜ਼ ਲਿਮਟਿਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ।
3. ਪੰਜ ਸਟਾਰ ਸਟੈਂਡਰਡ ਲਿਮਟਿਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ।
4. ਪੰਜਾਬ ਬਰਿਉਰੀਜ਼ ਲਿਮਟਿਡ, ਲੁਧਿਆਣਾ ।
5. ਸਟੀਲ ਬਿਲੇਟਸ, ਲੁਧਿਆਣਾ ।
6. ਪੰਜਾਬ ਟੈਨਰੀਜ਼ ਲਿਮਟਿਡ, ਜਲੰਧਰ ।

Original with;
Punjab Vidhan Sabha
Digitized by;
Panjab Digital Library

7. ਪੰਜਾਬ ਫੁਟਵੀਅਰਜ਼ ਲਿਮਟਿਡ, ਜਲੰਧਰ ।

8. ਨਾਈਲੋਨ ਰੀਇਨਫੋਰਸਡ ਲੈਦਰ ਬੈਲਟਿੰਗਜ਼, ਜਲੰਧਰ ।

9. ਪਰੀ-ਸਟਰੈਸਡ ਕੰਕਰੀਟ ਪੋਲਜ਼ ਆਦਿ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ।

10. ਸਟੀਲ ਸਟਰੱਕਚਰਜ਼ ਆਦਿ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ।

11. ਪੈਸਟੀਸਾਈਡਜ਼, ਫਿਰੋਜ਼ਪੁਰ ।

ਇਹ ਤਾਂ ਪ੍ਰਾਜੈਕਟ ਪਹਿਲਾਂ ਹੀ ਚਾਲੂ ਹੋ ਚੁਕੇ ਹਨ ਔਰ ਜੋ ਨਵੇਂ ਲਗਾਏ ਜਾਣੇ ਹਨ ਉਨ੍ਹਾਂ ਉਤੇ 70 ਕਰੋੜ ਰੁਪਏ ਦੀ ਇਨਵੈਸਟਮੈਂਟ ਦਾ ਅਨੁਮਾਨ ਹੈ ਅਤੇ ਉਨ੍ਹਾਂ ਪ੍ਰੋਜੈਕਟਾਂ ਦੇ ਚਲਣ ਨਾਲ 4,500 ਵਰਕਰਾਂ ਨੂੰ ਕੰਮ ਮਿਲੇਗਾ । ਇਹ ਸਾਲ 1976 ਤੇ 1977 ਦੇ ਵਿਚ ਕੁਝ ਤਾਂ ਕੰਮ ਕਰਨੇ ਸ਼ੁਰੂ ਕਰ ਦੇਣਗੇ ਅਤੇ ਕਈਆਂ ਦਾ ਬਾਅਦ ਵਿਚ ਸ਼ੁਰੂ ਹੋ ਜਾਵੇਗਾ । ਇਹ 10 ਪ੍ਰਾਜੈਕਟ ਜਿਹੜੇ ਹਨ ਉਹ ਹਨ :—

1. ਪੰਜਾਬ ਕੋਲਡ ਰੋਲਡ ਸਟੀਲ ਸਟਰਿਪਸ ਲਿਮਟਿਡ, ਜ਼ਿਲ੍ਹਾ ਸੰਗਰੂਰ ।
2. ਪ੍ਰਿੰਟਿੰਗ ਐਂਡ ਰਾਈਟਿੰਗ ਪੇਪਰ, ਜ਼ਿਲ੍ਹਾ ਹੁਸ਼ਿਆਰਪੁਰ ।
3. ਕਾਟਨ ਸਪਿਨਿੰਗ ਮਿਲ, ਬਠਿੰਡਾ ।
4. ਸਟਾਰਚ, ਗੁਲੂਕੋਸ ਐਂਡ ਡੈਕਸਟਰੋਜ, ਸੰਗਰੂਰ ।
5. ਕਲੋਜ਼ਡ ਡਾਈ ਫੋਰਜਿੰਗਜ਼, ਜ਼ਿਲ੍ਹਾ ਹੁਸ਼ਿਆਰਪੁਰ ।
6. ਸੋਡਾ ਐਸ਼/ਅਮੋਨੀਅਮ ਕਲੋਰਾਈਡ, ਨੰਗਲ ।
7. ਡਿਸਪਲੇ ਡਿਵਾਈਸਜ਼, ਸਾਹਿਬਜ਼ਾਦਾ ਅਜੀਤ ਸਿੰਘ ਨਗਰ ।
8. ਰਵਿਸਟਡਰਿਲਜ਼, ਸਾਹਿਬਜ਼ਾਦਾ ਅਜੀਤ ਸਿੰਘ ਨਗਰ ।
9. ਕਾਸਟਿਕ ਸੋਡਾ, ਨੰਗਲ ।
10. ਆਟੋਮੋਬਾਈਲ ਟਾਇਰਜ਼ ਐਂਡ ਟਿਊਬਜ਼, ਰੂਪਨਗਰ ।

**ਚੌਧਰੀ ਸੁੰਦਰ ਸਿੰਘ** : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਦਸਿਆ ਹੈ ਇੰਡਸਟਰੀਜ਼ ਦੇ ਮੁਤੱਲਕ ਕਿ ਇਥੇ ਇਥੇ ਇੰਡਸਟਰੀਜ਼ ਲਗ ਰਹੀਆਂ ਹਨ । ਇਹ ਸਾਰੀਆਂ ਜਲੰਧਰ, ਲੁਧਿਆਣਾ ਤੇ ਹੁਸ਼ਿਆਰਪੁਰ ਵਿਚ ਹੀ ਲਗੀਆਂ ਹਨ ਔਰ ਲਗਾਈਆਂ ਜਾ ਰਹੀਆਂ ਹਨ । ਕੀ ਮੁੱਖ ਮੰਤਰੀ ਸਾਹਿਬ ਮੇਰੇ ਹਲਕੇ ਨਰੋਟ ਜੈਮਲ ਸਿੰਘ ਵਾਲਾ ਵਲ ਵੀ ਧਿਆਨ ਦੇਣਗੇ ਤਾਂ ਕਿ ਸਾਡੇ ਇਲਾਕੇ ਵਿਚ ਵੀ ਲੋਕਾਂ ਨੂੰ ਇਮਪਲਾਇਮੈਂਟ ਮਿਲੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਚੌਧਰੀ ਸੁੰਦਰ ਸਿੰਘ ਜੀ ਦਾ ਸਪਲੀਮੈਂਟਰੀ ਬੜਾ ਜ਼ਰੂਰੀ ਹੈ ਪਰ ਇਹ ਨਾ ਕਰਦੇ ਤਾਂ ਚੰਗਾ ਸੀ । ਸਾਡਾ ਨਿਸ਼ਾਨਾ ਇਹੀ ਹੈ ਕਿ ਜਿਨ੍ਹਾਂ ਇਲਾਕਿਆਂ ਵਿਚ ਇੰਡਸਟਰੀ ਨਹੀਂ ਹੈ ਉਥੇ ਲਿਜਾਈਏ । ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਚੌਧਰੀ ਸਾਹਿਬ ਦੇ ਇਲਾਕੇ ਵਿਚ ਇਕ ਵਾਰੀ ਗਿਆ ਸੀ ਅਤੇ ਸਾਡਾ ਖਿਆਲ ਸੀ ਕਿ ਉਥੋਂ ਵੀ ਕਾਰਖਾਨੇ ਲਗਾਉਣ ਵਾਸਤੇ ਕੁਝ ਅਰਜ਼ੀਆਂ ਮਿਲ ਜਾਣ ਤਾਂ ਇਨ੍ਹਾਂ ਨੇ ਦਸਿਆ ਕਿ ਜੇ ਜ਼ਿਆਦਾ ਡਿਵੈਲਪਮੈਂਟ ਕਰਵਾ ਦੇਈਏ ਤਾਂ ਲੋਕੀਂ ਜ਼ਿਆਦਾ ਤੰਗ ਕਰਦੇ ਹਨ । ਇਸ ਲਈ ਇਸੇ ਤਰ੍ਹਾਂ ਹੀ ਰਹਿਣ ਦੇਣਾ ਚਾਹੀਦਾ ਹੈ । (ਹਾਸਾ)

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਸਰਕਾਰ ਦੀ ਐਲਾਨੀਆਂ ਪਾਲਿਸੀ ਹੈ ਕਿ ਪਿਛੜੇ ਹੋਏ ਜਿਹੜੇ ਇਲਾਕੇ ਹਨ ਉਨ੍ਹਾਂ ਦੀ ਤਰੱਕੀ ਕਰਨੀ ਹੈ । ਹੁਸ਼ਿਆਰਪੁਰ ਵਿਚ ਇਕ ਹੀ ਪੇਪਰ ਮਿਲ ਹੈ ਅਤੇ ਬਾਕੀ ਕੋਈ ਲੁਧਿਆਣੇ ਵਿਚ ਅਤੇ ਕੁਝ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜਾਂ ਇਸ ਤਰ੍ਹਾਂ ਦੀਆਂ ਹੋਰ ਥਾਵਾਂ ਤੇ ਇੰਡਸਟਰੀਜ਼ ਹਨ । ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਆਪਣੀ ਪਾਲਿਸੀ ਨੂੰ ਇਮਪਲੀਮੈਂਟ ਕਰਨ ਲਈ ਹੁਸ਼ਿਆਰਪੁਰ ਜਾਂ ਗੜ੍ਹਸ਼ੰਕਰ ਦੇ ਇਲਾਕਿਆਂ ਵਿਚ ਥੋੜ੍ਹਾ ਜ਼ਿਆਦਾ ਧਿਆਨ ਦੇਣਗੇ ?

**ਮੁੱਖ ਮੰਤਰੀ** : ਉਨ੍ਹਾਂ ਵੱਲ ਪਹਿਲਾਂ ਹੀ ਧਿਆਨ ਦਿੱਤਾ ਜਾ ਰਿਹਾ ਹੈ ਜੀ ।

**Mr. Speaker** : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### PUBLISHING OF A MAGAZINE 'EMPLOYMENT NEWS'

***3785. Chaudhri Ram Singh**: Will the Chief Minister be pleased to state :—

(a) whether there is any proposal under the consideration of Government to publish a paper called 'Employment News (Rozgar Samachar)' at periodic intervals, if so, its periodicity ;

(b) the approximate time by which the Government will start publishing the said Paper ?

**ਗਿਆਨੀ ਜ਼ੈਲ ਸਿੰਘ** : (ੳ) ਅਤੇ (ਅ) ਇਹ ਮੁਆਮਲਾ ਸਰਕਾਰ ਦੇ ਵਿਚਾਰ ਅਧੀਨ ਹੈ

92 A

---

### VACANT LAND UNDER THE URBAN LAND (CEILING AND REGULATION) ACT, 1976

***3701. Comrade Satya Pal Dang**: Will the Minister for Revenue and Elections be pleased to state : —

(a) the area of the vacant land already vested or estimated to be vested in the State under the Urban Land (Ceiling and Regulation) Act, 1976 at Amritsar, Ludhiana and Jullundur together with the date or dates since when the same has been lying vacant ;

(b) whether any vacant lands in each of the said cities have been exempted in public interest from the application of the said Act, if so, a statement giving the area of vacant lands so exempted city-wise and the reasons therefor be laid on the Table of the House ;

Original with;
Punjab Vidhan Sabha
Digitized by;
Panjab Digital Library

(c) whether any exemptions have been given in each of the said cities so as to avoid undue hardship to any person; if so, a city-wise statement showing the names and addresses of persons so exempted together with the area of vacant land in each case and the reasons for exemption be laid on the Table of the House?

**ਸ੍ਰੀ ਹੰਸ ਰਾਜ ਸ਼ਰਮਾ** (ਵਿੱਤ ਮੰਤਰੀ) : (ੳ) ਅੰਮ੍ਰਿਤਸਰ ਜਲੰਧਰ ਅਤੇ ਲੁਧਿਆਣਾ ਵਿਖੇ ਕੋਈ ਖਾਲੀ ਭੋਂ ਅਜੇ ਤੱਕ ਸਰਕਾਰੀ ਮਲਕੀਅਤ ਵਿਚ ਨਹੀਂ ਆਈ, ਸੋ ਇਹ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਇਹ ਕਿਹੜੀ ਤਾਰੀਖ ਤੋਂ ਖ਼ਾਲੀ ਪਈ ਹੈ।

(ਅ) ਨਹੀਂ ਜੀ।

(ੲ) ਨਹੀਂ ਜੀ।

---

## ਚੌਕੀਦਾਰਾਂ ਲਈ ਸ਼ਨਾਖਤੀ ਕਾਰਡ

***3707. ਕਾਮਰੇਡ ਸੱਘੜ ਸਿੰਘ**
**ਕਾਮਰੇਡ ਸੱਤ ਪਾਲ ਡਾਂਗ** : ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਨੇ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਵਿਚ ਕੰਮ ਕਰ ਰਹੇ ਚੌਕੀਦਾਰਾਂ ਲਈ ਸ਼ਨਾਖਤੀ ਕਾਰਡ ਪ੍ਰਣਾਲੀ ਸ਼ੁਰੂ ਕੀਤੀ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ, ਤਾਂ ਕੀ ਇਸ ਪ੍ਰਣਾਲੀ ਨੂੰ ਸਾਰੇ ਰਾਜ ਵਿਚ ਲਾਗੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਗਿਆਨੀ ਜ਼ੈਲ ਸਿੰਘ** (ਮੁੱਖ ਮੰਤਰੀ): (ੳ) ਹਾਂ ਜੀ।

(ਅ) ਇਸ ਪ੍ਰਣਾਲੀ ਨੂੰ ਸਾਰੇ ਰਾਜ ਵਿਚ ਅਪਨਾਉਣ ਵਾਸਤੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।

---

## POSTS OF EXECUTIVE OFFICERS IN THE MUNICIPAL COMMITTEES

***3695. Comrade Dana Ram**
**Comrade Satya Pal Dang** : Will the Minister for Finance be pleased to—

(a) state whether the posts of Executive Officers in the Municipal Committees in the State have since been provincialized; if so, the date on which this was done;

(b) lay on the Table of the House a list of Executive Officers appointed after the provincialization indicating the date of appointments and qualifications of each;

(c) state whether the Executive Officers referred to in part (b) above were appointed from amongst the Municipal employees or otherwise?

Original with;
Punjab Vidhan Sabha
Digitized by;
Panjab Digital Library

ਸ਼੍ਰੀ ਹੰਸ ਰਾਜ ਸ਼ਰਮਾ: (ੳ) ਹਾਂ ਜੀ, ਕਾਰਜਕਾਰੀ ਅਫਸਰਾਂ ਦੀਆਂ ਆਸਾਮੀਆਂ ਦਾ ਪ੍ਰਾਂਤੀਕਰਣ ਮਿਤੀ 6 ਅਪ੍ਰੈਲ, 1976 ਨੂੰ ਕੀਤਾ ਗਿਆ ਸੀ ।

(ਅ) ਲੋੜੀਂਦੀ ਸੂਚੀ ਸਦਨ ਦੀ ਮੇਜ ਤੇ ਰਖਣ ਹਿੱਤ ਅਨੁਲਗ ਸ, ਦੇ ਨਾਲ ਨਥੀ ਕੀਤੀ ਜਾਂਦੀ ਹੈ;

(ੲ) ਅਨੁਲਗ ਸ, ਤੇ ਸੂਚੀ ਦੇ ਲੜੀ ਨੰ: 4, 5 ਅਤੇ 6 ਤੇ ਉਲੇਖੇ ਕਾਰਜਕਾਰੀ ਅਫਸਰ ਨਗਰ ਪਾਲਕਾ ਦੇ ਕਰਮਚਾਰੀਆਂ ਵਿਚੋਂ ਨਿਯੁਕਤ ਕੀਤੇ ਗਏ ਹਨ ਅਤੇ ਲੜੀ ਨੰ: 1, 2 ਅਤੇ 3 ਤੇ ਦਰਸਾਏ ਕਾਰਜਕਾਰੀ ਅਫਸਰ ਬਾਹਰੋਂ ਨਿਯੁਕਤ ਕੀਤੇ ਗਏ ਹਨ ਜੀ ।

ਅਨੁਲਗ 'ਸ'

ਪ੍ਰਾਂਤੀਕਰਣ ਤੋਂ ਪਿਛੋਂ ਨਿਯੁਕਤ ਕੀਤੇ ਗਏ ਕਾਰਜਕਾਰੀ ਅਧਿਕਾਰੀਆਂ ਦੀ ਸੂਚੀ

| ਲੜੀ ਨੰ. | ਕਾਰਜਕਾਰੀ ਅਧਿਕਾਰੀ ਦਾ ਨਾਂ ਅਤੇ ਨਗਰਪਾਲਕਾ ਦਾ ਨਾਂ | ਨਿਯੁਕਤੀ ਦੀ ਮਿਤੀ | ਯੋਗਤਾਵਾਂ |
|---|---|---|---|
| 1. | ਸ਼੍ਰੀ ਲਛਮਣ ਸਿੰਘ, ਰੋਪੜ | 23-4-1976 | ਬੀ. ਏ. ਐਲ.ਐਲ.ਬੀ. |
| 2. | ਸ਼੍ਰੀ ਭੁਪਿੰਦਰ ਸਿੰਘ, ਮਜੀਠਾ | 4-6-1976 | ਬੀ. ਏ. |
| 3. | ਸ਼੍ਰੀ ਸ਼ਾਮ ਲਾਲ ਜਿੰਦਲ, ਡੇਰਾ ਬਾਬਾ ਨਾਨਕ | 7-6-1976 | ਬੀ. ਏ. ਐਲ. ਐਲ. ਬੀ. |
| 4. | ਸ਼੍ਰੀ ਰਾਜਿੰਦਰ ਸਿੰਘ ਕਪੂਰ ਛੇਹਰਟਾ । | 5-5-1976 | ਬੀ. ਏ. ਐਲ. ਐਲ. ਬੀ. |
| 5 | ਸ਼੍ਰੀ ਜੋਗਿੰਦਰ ਸਿੰਘ ਆਨੰਦ ਪੁਰ ਸਾਹਿਬ | 6-5-1476 | ਮੈਟਿਰਕ ਐਲ.ਐਸ.ਜੀ.ਡੀ. |
| 6. | ਸ਼੍ਰੀ ਮਨਮੋਹਨ ਕੁਮਾਰ | 1-7-1976 | ਬੀ. ਏ. ਬੀ. ਐਡ. |

## REPRESENTATION FROM THE PRESIDENT PUNJAB MUNICIPAL EMPLOYEES UNION REGARDING SEPARATION OF AUDIT AND ACCOUNTS IN THE LOCAL BODIES

*3706. **Comrade Saghar Singh**
**Comrade Satya Pal Dang** : Will the Minister for Finance be pleased to state :

(a) whether in the month of May, 1976 or there-about; he received a representation from the President, Punjab Municipal Employees Union, for separating the Audit and Accounts Functions in Local Bodies and doing away with the pre-audit system in the local bodies; if so, a copy thereof be laid on the Table of the House;

Original with;
Punjab Vidhan Sabha
Digitized by;
Panjab Digital Library

(b) whether any decision has been taken by the Government on the representation referred to in part (a) above; if not, the time by which a decision is likely to be taken ?

**ਸ਼੍ਰੀ ਹੰਸ ਰਾਜ ਸ਼ਰਮਾ** : (ੳ) ਹਾਂ ਜੀ। ਹਵਾਲੇ ਅਧੀਨ ਮੇਜਰ ਨਾਮਾਂ ਮਈ, 1976 ਵਿਚ ਪ੍ਰਾਪਤ ਹੋਇਆ ਸੀ। ਉਸ ਦੀ ਇਕ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ। (ਅਨੁਲਗ)

(ਅ) ਇਸ ਮਾਮਲੇ ਦੀ ਚੰਗੀ ਤਰ੍ਹਾਂ ਪੜਚੋਲ ਕੀਤੀ ਗਈ ਅਤੇ ਵੇਖਿਆ ਗਿਆ ਹੈ ਕਿ ਜਿਥੋਂ ਤੀਕ ਪੰਜਾਬ ਰਾਜ ਦੀਆਂ ਨਗਰ ਪਾਲਕਾਵਾਂ ਦਾ ਸਬੰਧ ਹੈ ਉਨ੍ਹਾਂ ਦੇ ਲੇਖੇ ਅਤੇ ਆਡਿਟ ਦਾ ਕੰਮ ਹਮੇਸ਼ਾ ਹੀ ਇਕ ਦੂਜੇ ਤੋਂ ਵੱਖੋ ਵੱਖ ਰਿਹਾ ਹੈ। ਇਹ ਵੀ ਵਿਚਾਰਿਆ ਗਿਆ ਹੈ ਕਿ ਪ੍ਰੀਆਡਿਟ ਸਿਸਟਮ (Pre-audit system) ਦੇ ਕਾਫੀ ਲਾਭ ਹਨ, ਜਿਨ੍ਹਾਂ ਦਾ ਮਨੋਰਥ ਦੰਡ ਦੇਣ ਦੀ ਬਜਾਏ ਵਿਤੀ ਨੁਕਸਾਨ ਦੀ ਰੋਕਥਾਮ ਹੈ ਇਸ ਲਈ ਇਸ ਮੇਜਰ ਨਾਮੇ ਤੇ ਕੋਈ ਕਾਰਵਾਈ ਨਹੀਂ ਲੋੜੀਂਦੀ ਜੀ।

**Copy of the representation dated 13th May, 1976 from Shri Baldev Krishan, President, Punjab Municipal Employees Union, H. O. (Moga) addressed to Shri Hans Raj Sharma, Minister for Local Government, Punjab, Chandigarh:**

**Subject** —Separation of Audit & Accounts Functions in Local Bodies

I congratulate your Ministry for having made far reaching decisions with regard to Municipal Administration especially provincializing services of key posts. I hope further posts will be provincialized. I, however, bring another important matter to your notice which also needs your attention, The State Government should also take step to separate the audit and accounts sections on the pattern adopted by the Central Government. Since the Government have provincialized the services of Accountants of Local Bodies, there does not appear to be any further need of pre-audit especially when the Government will post, only qualified hands on this job. With the provincialization of their services the Accountants can easily discharge the functions allotted to audit. The dual process leads to great delays and the development works suffer a great deal and matters relating to the employees, pay, P. Fund and Gratuity are held up for months together. The Accountants whose services have been provincialized will be acting as liternal auditors just as Accountants work In Ppublic Works Department and there are no pre-audit checks in the several Schools and Colleges run by the State Government. The role of Local Audit Department should, therefore, be reviewed in the light of recent developments especially after the decision of Central Government to separate the functions in audit and account departments. In case there is dearth of qualified accountants in the service of Local Bodies, the State Government may appoint the SAS Auditors of Local Audit Department as Accountants in Municipal Committees who will be discharging the same functions as the auditors do at present. Such a measure will bring remarkable change and the Local Bodies will be able to contribute their share towards speedy implementation of Government programmes. This will also reduce burden on Municipa revenues.

I hope you will give due consideration to this important matter.

Original with;
Punjab Vidhan Sabha
Digitized by;
Panjab Digital Library

# UNSTARRED QUESTIONS AND ANSWERS

## UNSTARRED QUESTION NO. 1128

(Extension has been asked for in respect of Unstarred Question No. 1128.)

The answer to Assembly Question No. 1128 appearing in the list of Unstarred Questions on 7th September, 1976 in the name of Comrade Satya Pal Dang, M. L. A. is not ready

2. The reply will be submitted as soon as the relevant information has been collected.

Sd/-
Finance Minister, Punjab.

The Secretary,
Punjab Vidhan Sabha.

UQ No. 8732-7CI-76 Dated : 6th September, 1976.

## UNSTARRED QUESTION NO. 1129

(Extension has been asked for in respect of Unstarred Question No. 1129)

ਵਿਸ਼ਾ :—ਬਿਨਾਂ ਨਿਸ਼ਾਨ ਪ੍ਰਸ਼ਨ ਨੰ: 1129—ਰਾਜ ਉਦਯੋਗਾਂ/ਮਿਲਾਂ/ਕਾਰਖਾਨਿਆਂ ਦੇ ਉਤਪਾਦਨ ਵਿਚ ਕਾਮਿਆਂ ਦਾ ਸ਼ਾਮਲ ਹੋਣਾ ।

ਪੰਜਾਬ ਵਿਧਾਨ ਸਭਾ ਦੇ ਬਿਨਾਂ ਨਿਸ਼ਾਨ ਪ੍ਰਸ਼ਨ ਨੰ: 1129 ਜਿਸ ਦਾ ਉਤਰ ਮਿਤੀ 7 ਸਤੰਬਰ, 1976 ਨੂੰ ਦਿੱਤਾ ਜਾਣਾ ਨਿਸ਼ਚਿਤ ਹੋ ਚੁੱਕਾ ਹੈ, ਦਾ ਉਤਰ ਅਜੇ ਤਿਆਰ ਨਹੀਂ ਹੋ ਸਕਿਆ ।

2. ਇਸ ਸੁਆਲ ਦਾ ਉਤਰ ਤਿਆਰ ਹੋਣ ਤੇ ਭੇਜ ਦਿੱਤਾ ਜਾਵੇਗਾ ।

ਸਹੀ/-
(ਹੰਸ ਰਾਜ ਸ਼ਰਮਾ)
ਕਿਰਤ ਮੰਤਰੀ, ਪੰਜਾਬ ।

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।
ਗ: ਸ: ਪ: ਨੰ: 7322—5ਕਰ—76/ ਮਿਤੀ, 6 ਸਤੰਬਰ, 1976

Original with;
Punjab Vidhan Sabha
Digitized by;
Panjab Digital Library

## HANDING OVER OF DISPENSARIES/HOSPITALS OF MUNICIPAL COMMITTEES TO THE GOVERNMENT

1130. **Comarde Satya Pal Dang** : Will the Minister for Finance be pleasd to—

(a) state whether it is a fact that the Government has suggested to the Municipal Committees in the State that they should hand over their dispensaries/hospitals under them to the Health Deptt;

(b) lay on the Table of the House a list of Municipal dispensaries and hospitals in the State indicating the strength of the staff employed as on 1st May, 1976 and also the number of beds in each of the said Municipal dispensaries and Hospitals in the State;

(c) state the names of Municipal Committees which agreed to the said suggestion along with the names of the Municipal Committees run by the Administrators which accepted the suggestion;

(d) lay on the Table of the House a list of such dispensaries/ hospitals as have actually been handed over by the Municipal Committees to the Health Department ?

**ਸ੍ਰੀ ਹੰਸ ਰਾਜ ਸ਼ਰਮਾ** : (ੳ) ਰਾਜ ਵਿਚ ਮਿਉਂਸਪਲ ਡਿਸਪੈਂਸਰੀਆਂ ਦਾ ਪ੍ਰਾਂਤੀਕਰਣ ਕਰਨ ਬਾਰੇ ਨਗਰਪਾਲਕਾਵਾਂ ਨੂੰ ਕੋਈ ਸੁਝਾਅ ਸਰਕਾਰ ਦੁਆਰਾ ਨਹੀਂ ਸੀ ਦਿਤਾ ਗਿਆ । ਕੇਵਲ ਇਹ ਸੁਝਾਅ ਦਿੱਤਾ ਗਿਆ ਸੀ ਕਿ ਜੇਕਰ ਕਮੇਟੀਆਂ ਆਪ ਦੇ ਹਸਪਤਾਲਾਂ/ ਡਿਸਪੈਂਸਰੀਆਂ ਨੂੰ ਸਰਕਾਰ ਦੇ ਹੱਥਾਂ ਵਿਚ ਦੇਣਾ ਚਾਹੁਣ ਤਾਂ ਇਹ ਮਾਮਲਾ ਪਰਮ ਅਗੇਤ ਤੇ ਵਿਚਾਰਿਆ ਜਾ ਸਕੇਗਾ ।

(ਅ) ਇਨ੍ਹਾਂ ਡਿਸਪੈਂਸਰੀਆਂ/ਹਸਪਤਾਲਾਂ ਦੀ ਸੂਚੀ 1 ਮਈ, 1976 ਨੂੰ ਅਮਲੇ ਸਮੇਤ ਅਤੇ ਬਿਸਤਰਿਆਂ ਦੀ ਗਿਣਤੀ ਨਾਲ ਅਨੁਲੱਗ 1 ਉਪਰ ਰੱਖੀ ਜਾਂਦੀ ਹੈ ।

(ੲ) ਸੂਚੀ ਅਨੁਲੱਗ 2 ਉਪਰ ਰੱਖੀ ਜਾਂਦੀ ਹੈ ।

(ਸ) ਨਿਲ ।

Original with;
Punjab Vidhan Sabha
Digitized by;
Panjab Digital Library

ਅਨੁਲਗ—1

ਨਗਰਪਾਲਿਕਾ, ਅੰਮ੍ਰਿਤਸਰ ।

| ਡਿਸਪੈਂਸਰੀ ਦਾ ਨਾਂ | ਮਿਤੀ 1 ਮਈ, 1976 ਨੂੰ ਨਿਯੁਕਤ ਸਟਾਫ ਦੀ ਗਿਣਤੀ | ਬਿਸਤਰੇ (ਬੈਡਸ) ਦੀ ਗਿਣਤੀ |
|---|---|---|
| 1 | 2 | 3 |
| ਯੂਨ ਨੀ ਡਿਸਪੈਂਸਰੀਜ਼ | | |
| 1. ਸੁਲਤਾਨ ਵਿੰਡ ਰੋਡ | ਇਕ ਹਕੀਮ, ਇਕ ਡਿਸਪੈਂਸਰ ਅਤੇ ਇਕ ਪਾਰਟ-ਟਾਈਮ ਸਫਾਈ ਸੇਵਕਾ । | ਇਹ ਇਕ ਬਾਹਰੀ (ਆਊਟ ਡੋਰ) ਡਿਸਪੈਂਸਰੀ ਹੈ । ਕੋਈ ਬਿਸਤਰਾ ਨਾਂ ਹੈ । |
| 2. ਇਸਲਾਮਾਬਾਦ | ਉਪਰੋਕਤ | ਉਪਰੋਕਤ |
| 3. ਮਕਬੂਲ ਪੂਰਾ | ਇਕ ਹਕੀਮ, ਇਕ ਡਿਸਪੈਂਸਰ, (ਹਕੀਮ ਤਦ-ਅਰਥ ਆਧਾਰ ਤੇ ਨਿਯੁਕਤ ਹੈ) । | ਉਪਰੋਕਤ |
| ਆਯੂਰਵੈਦਿਕ ਡਿਸਪੈਂਸਰੀਆਂ | | |
| 1. ਕਟੜਾ ਸ਼ੇਰ ਸਿੰਘ | ਇਕ ਵੈਦ, ਇਕ ਡਿਸਪੈਂਸਰ ਅਤੇ ਇਕ ਪਾਰਟ-ਟਾਈਮ ਸਫਾਈ ਸੇਵਕਾ । | ਉਪਰੋਕਤ |
| 2. ਹਰੀ ਪੁਰਾ | ਉਪਰੋਕਤ | ਉਪਰੋਕਤ |

Original with;
Punjab Vidhan Sabha
Digitized by;
Panjab Digital Library

| | | |
|---|---|---|
| 3. ਨਵਾਂ ਕੋਟ | ਉਪਰੋਕਤ | ਉਪਰੋਕਤ |
| 4. ਕਰਮਪੁਰਾ—ਫੇਜ਼ਪੁਰਾ | ਉਪਰੋਕਤ | ਉਪਰੋਕਤ |
| 5. ਸ਼ਰੀਫ ਪੁਰਾ | ਉਪਰੋਕਤ | ਉਪਰੋਕਤ |
| ਐਲੋਪੈਥਿਕ ਡਿਸਪੈਂਸਰੀਆਂ | | |
| 1. ਮਿਊਂਸਪਲ ਇੰਮਪਲਾਈਜ਼ ਡਿਸਪੈਂਸਰੀ, ਟਾਊਨ ਹਾਲ । | ਇਕ ਡਾਕਟਰ, ਇਕ ਫ਼ਾਰਮਾਸਿਸਟ ਅਤੇ ਇਕ ਦਾਈ । | ਉਪਰੋਕਤ |
| 2. ਮਿਊਂਸਪਲ ਇੰਮਪਲਾਈਜ਼ ਡਿਸਪੈਂਸਰੀ, ਭਗਤਾਂ ਵਾਲਾ । | ਇਕ ਫਾਰਮਾਸਿਸਟ ਅਤੇ ਇਕ ਦਾਈ । | ਉਪਰੋਕਤ |
| ਹਸਪਤਾਲ | | |
| 1. ਛੂਤ ਦੀਆਂ ਬੀਮਾਰੀਆਂ ਦਾ ਹਸਪਤਾਲ । | ਇਕ ਡਾਕਟਰ, ਇਕ ਫਰਮਾਸਿਸਟ, ਤਿੰਨ ਵਾਰਡ ਕੁਲੀ, ਇਕ ਮਾਲੀ-ਕਮ-ਚਪੜਾਸੀ, ਇਕ ਬਹੀਸ਼ਤੀ, ਇਕ ਸਫਾਈ ਮਜਦੂਰ। | ਇਨਡੋਰ ਹਸਪਤਾਲ ਵਿਚ 30 ਬਿਸਤਰੇ ਹਨ । |
| 2. ਨਗਰਪਾਲਕਾ ਜਨਾਨਾ ਹਸਪਤਾਲ। | ਇਕ ਮੈਡੀਕਲ ਸੁਪਰਡੰਟ, ਇਕ ਸਹਾਇਕ (ਕਲਰਕ), ਇਕ ਫਾਰਮਾਸਿਸਟ, ਚਾਰ ਨਰਸਾਂ (ਸਟਾਫ), ਚਾਰ ਟਰੇਂਡ ਦਾਈਆਂ, ਚਾਰ ਵਾਰਡ ਕੁਲੀ, ਇਕ ਆਯਾ, ਦੋ ਰਸੋਈਏ, ਇਕ ਸੇਵਾਦਾਰ, ਤਿੰਨ ਚੌਕੀਦਾਰ, ਸਤ ਸਫਾਈ ਮਜਦੂਰ, ਇਕ ਬੇਲਦਾਰ, ਇਕ ਮਾਲੀ, ਇਕ ਪਾਰਟ-ਟਾਈਮ ਧੋਬੀ । | ਇਨਡੋਰ ਹਸਪਤਾਲ ਵਿਚ 50 ਬਿਸਤਰਿਆਂ ਦਾ ਪ੍ਰਬੰਧ ਹੈ । |

Original with;
Punjab Vidhan Sabha
Digitized by;
Panjab Digital Library

| 1 | 2 | 3 |
|---|---|---|
| ਡੰਗਰ ਹਸਪਤਾਲ | | |
| 1. ਡੰਗਰ ਹਸਪਤਾਲ, ਹਾਥੀ ਗੇਟ | ਇਕ ਡੰਗਰ ਕੰਪਾਊਂਡਰ, ਇਕ ਡੰਗਰ ਡਰੈਸਰ, ਇਕ ਚੌਕੀਦਾਰ, ਤਿੰਨ ਸਫਾਈ ਮਜ਼ਦੂਰ ਅਤੇ ਇਕ ਬਹੀਸ਼ਤੀ । | ਹਸਪਤਾਲ ਵਿਚ 8 ਬੀਮਾਰ ਡੰਗਰਾਂ ਦੇ ਇਲਾਜ ਲਈ ਪ੍ਰਬੰਧ ਹੈ ਅਤੇ ਇਨ-ਡੋਰ ਅਤੇ ਆਊਟ ਡੋਰ ਡੰਗਰਾਂ ਦਾ ਇਲਾਜ ਕੀਤਾ ਜਾਂਦਾ ਹੈ । |
| 2. ਡੰਗਰ ਹਸਪਤਾਲ, ਚਾਟੀ ਵਿੰਡ ਗੇਟ । | ਦੋ ਡੰਗਤ ਕੰਮਪਾਊਂਡਰ, ਇਕ ਚੌਕੀਦਾਰ, ਇਕ ਸੇਵਾਦਾਰ ਅਤੇ ਇਕ ਸਫਾਈ ਸੇਵਕ । | ਸਿਰਫ ਆਊਟ ਡੋਰ ਡਿਸਪੈਂਸਰੀ ਹੈ। |
| ਬਚਾ ਭਲਾਈ ਸੈਂਟਰ | | |
| 1. ਜੱਚਾ-ਬੱਚਾ ਸੈਂਟਰ, ਕੋਟ ਬਾਬਾ ਦੀਪ ਸਿੰਘ । | ਇਕ ਲੇਡੀ ਡਾਕਟਰ, ਇਕ ਫਾਰਮਾਸਿਸਟ, ਇਕ ਦਾਈ ਅਤੇ ਇਕ ਪਾਰਟ-ਟਾਈਮ ਸਫਾਈ ਸੇਵਕਾ ਅਤੇ ਸੇਵਾਦਾਰ । | ਇਕ ਇਕ ਆਊਟ ਡੋਰ ਡਿਸਪੈਂਸਰੀ ਹੈ, ਬਿਸਤਰ ਦਾ ਪ੍ਰਬੰਧ ਨਹੀਂ ਹੈ । |
| 2. ਜੱਚਾ-ਬੱਚਾ ਸੈਂਟਰ, ਹਾਲ ਬਾਜ਼ਾਰ (ਕੋਟ ਸ਼ੇਰ ਸਿੰਘ) | ਉਹੀ (ਦਾਈ ਨਾ ਹੈ) | ਉਹੀ |
| 3. ਜੋਗੀਵਾੜਾ ਹੈਲਥ ਸੈਂਟਰ | ਇਕ ਲੇਡੀ ਹੈਲਥ ਵਿਜ਼ਟਰ, ਇਕ ਸੇਵਾਦਾਰ ਅਤੇ ਇਕ ਪਾਰਟ ਟਾਈਮ ਸਫਾਈ ਸੇਵਕਾ । | ਉਹੀ |
| 4. ਕਰਮ ਪੁਰਾ ਹੈਲਥ ਸੈਂਟਰ | ਇਕ ਦਾਈ ਅਤੇ ਇਕ ਪਾਰਟ ਟਾਈਮ ਸਫਾਈ ਸੇਵਕਾ (ਲੇਡੀ ਹੈਲਥ ਵਿਜ਼ਟਰ) ਹੈਲਥ ਸਕੂਲ ਵਲੋਂ ਹੈ । | ਉਹੀ |

Original with; Punjab Vidhan Sabha Digitized by; Panjab Digital Library

| | | | |
|---|---|---|---|
| 5. | ਪੁਤਲੀ ਘਰ ਹੈਲਥ ਸੈਂਟਰ | ਇਕ ਦਾਈ, ਇਕ ਪਾਰਟ-ਟਾਈਮ ਸਫਾਈ ਸੇਵਕਾ ਅਤੇ ਇਕ ਸੇਵਾਦਾਰ (ਲੇਡੀ ਹੈਲਥ ਵਿਜ਼ਟਰ ਸਰਕਾਰ ਵਲੋਂ ਹੈ) | ਉਹੀ |
| 6. | ਬਾਜ਼ਾਰ ਗੰਡਾ ਵਾਲਾ ਹੈਤਤ ਸੈਂਟਰ | ਇਕ ਲੇਡੀ ਹੈਲਥ ਵਿਜ਼ਟਰ, ਇਕ ਦਾਈ, ਇਕ ਸੇਵਾਦਾਰ ਅਤੇ ਇਕ ਪਾਰਟ-ਟਾਈਮ ਸਫਾਈ ਸੇਵਕਾ । | ਉਹੀ |
| 7. | ਚੌਂਕ ਪਰਾਗਦਾਸ ਹੈਲਥ ਸੈਂਟਰ | ਉਪਰੋਕਤ | ਉਹੀ |
| 8. | ਕਟੜਾ ਕਰਮ ਸਿੰਘ ਬੱਚਾ ਸੈਂਟਰ | ਇਕ ਲੇਡੀ ਹੈਲਥ ਡਾਕਟਰ, ਇਕ ਫਰਮਾਸਿਸਟ, ਇਕ ਦਾਈ, ਇਕ ਸੇਵਾਦਾਰ ਅਤੇ ਇਕ ਪਾਰਟ-ਟਾਈਮ ਸਫਾਈ ਸੇਵਕਾ । | ਉਹੀ |
| 9. | ਜਲੀਆਂਵਾਲਾ ਬਾਗ, ਹੈਲਥ ਸੈਂਟਰ | ਇਕ ਦਾਈ, ਇਕ ਲੇਡੀ ਹੈਲਥ ਵਿਜ਼ਟਰ, ਇਕ ਸੇਵਾਦਾਰ, ਇਕ ਪਾਰਟ-ਟਾਈਮ ਸਫਾਈ ਸੇਵਕਾ। | ਇਕ ਆਊਟ ਡੋਰ ਹਸਪਤਾਲ (ਡਿਸਪੈਂਸਰੀ) ਹੈ, ਬਿਸਤਰ ਦਾ ਪ੍ਰਬੰਧ ਨਾ ਹੈ । |
| 10. | ਹੁਸੈਣਪੁਰਾ, ਹੈਲਥ ਸੈਂਟਰ | ਇਕ ਦਾਈ, ਇਕ ਸੇਵਾਦਾਰ ਅਤੇ ਇਕ ਪਾਰਟ-ਟਾਈਮ ਸਫਾਈ ਸੇਵਕਾ, (ਇਕ ਲੇਡੀ ਹੈਲਥ ਵਿਜ਼ਟਰ ਸਰਕਾਰ ਵਲੋਂ ਨਿਯੁਕਤ ਹੈ) | ਉਹੀ |
| 11. | ਬਾਜ਼ਾਰ ਸਿਰਕੀਬੰਦ ਹੈਲਥ ਸੈਂਟਰ | ਇਕ ਲੇਡੀ ਹੈਲਥ ਵਿਜ਼ਟਰ, ਤਿੰਨ ਦਾਈਆਂ, ਇਕ ਸੇਵਾਦਾਰ ਅਤੇ ਇਕ ਪਾਰਟ-ਟਾਈਮ ਸਫਾਈ ਸੇਵਕਾ । | ਉਹੀ |
| 12. | ਰਾਮ ਬਾਗ ਹੈਲਥ ਸੈਂਟਰ | ਇਕ ਲੇਡੀ ਹੈਲਥ ਵਿਜ਼ਟਰ, ਇਕ ਦਾਈ, ਇਕ ਸੇਵਾਦਾਰ, ਇਕ ਪਾਰਟ-ਟਾਈਮ ਸਫਾਈ ਸੇਵਕਾ । | ਉਹੀ |

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

| 1 | 2 | 3 |
| --- | --- | --- |
| 13. ਹਰੀ ਪੁਰਾ ਹੈਲਥ ਸੈਂਟਰ | ਇਕ ਦਾਈ, ਇਕ ਪਾਰਟ-ਟਾਈਮ ਸਫਾਈ ਸੇਵਕਾ, (ਇਕ ਲੇਡੀ ਹੈਲਥ ਵਿਜ਼ਟਰ ਹੈਲਥ ਸਕੂਲ ਵਲੋਂ ਨਿਯੁਕਤ ਹੈ)। | ਉਹੀ |
| 14. ਵਰਿਆਮ ਸਿੰਘ ਕਲੋਂਨੀ ਹੈਲਥ ਸੈਂਟਰ (ਨਵਾਂ ਕੋਟ) | ਇਕ ਲੇਡੀ ਹੈਲਥ ਵਿਜ਼ਟਰ, ਇਕ ਦਾਈ, ਇਕ ਸੇਵਾਦਾਰ ਅਤੇ ਇਕ ਪਾਰਟ-ਟਾਈਮ ਸਫਾਈ ਸੇਵਕਾ । | ਉਹੀ |
| 15. ਹਰੀਜਨ ਕਲੋਂਨੀ ਅਤੇ ਪਛੜਿਆ ਇਲਾਕਾ । | ਇਕ ਦਾਈ । | ਉਹੀ |
| 16. ਪਰਿਵਾਰ ਨਿਯੋਜਨ ਸੈਂਟਰ, ਕੋਟ ਸ਼ੇਰ ਸਿੰਘ | ਇਕ ਮੈਡੀਕਲ ਅਫਸਰ (ਪਾਰਟ ਟਾਈਮ), ਇਕ ਫੈਮਲੀ ਪਲੈਨਿੰਗ ਐਕਸਟੈਨਸ਼ਨ ਐਜੂਕੇਟਰ, ਇਕ ਦਾਈ ਅਤੇ ਇਕ ਸੇਵਾਦਾਰ, ਇਕ ਲੇਡੀ ਹੈਲਥ ਵਿਜ਼ਟਰ । | ਉਹੀ |
| 17. ਪਰਿਵਾਰ ਨਿਯੋਜਨ ਸੈਂਟਰ ਮੋਹਣਾ ਸਿਘ ਰੋਡ। | ਇਕ ਮੈਡੀਕਲ ਅਫਸਰ (ਪੂਰੇ ਸਮੇਂ ਲਈ), ਇਕ ਪਰਿਵਾਰ ਨਿਯੋਜਨ ਐਕਸਟੈਨਸ਼ਨ ਐਜੂਕੇਟਰ, ਇਕ ਏ. ਐਨ. ਐਮ., ਦੋ ਦਾਈਆਂ । | ਉਹੀ |
| 18. ਪਰਿਵਾਰ ਨਿਯੋਜਨ ਸੈਂਟਰ, ਕੋਟ ਬਾਬਾ ਦੀਪ ਸਿੰਘ । | ਇਕ ਮੈਡੀਕਲ ਅਫਸਰ (ਪਾਰਟ-ਟਾਈਮ), ਇਕ ਦਾਈ, ਇਕ ਲੇਡੀ ਹੈਲਥ ਵਿਜ਼ਟਰ, ਇਕ ਪਾਰਟ ਟਾਈਮ ਸਫਾਈ ਸੇਵਕਾ। | ਉਹੀ |

Original with; Punjab Vidhan Sabha Digitized by; Panjab Digital Library

## ਮਿਊਨਸਪਲ ਕਮੇਟੀ, ਜਲੰਧਰ

**ਐਲੋਪੈਥਿਕ ਡਿਸਪੈਂਸਰੀਜ਼**

| | | | | | |
|---|---|---|---|---|---|
| 1. | ਬਸਤੀ ਗੁਜ਼ਾਂ ਡਿਸਪੈਂਸਰੀ | 1. | ਮੈਡੀਕਲ ਅਫ਼ਸਰ ਇਨਚਾਰਜ | 1 | ਬਿਸਤਰਿਆਂ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ |
| | | 2. | ਡਰੈਸਰ | 1 | |
| | | 3. | ਸੇਵਾਦਾਰ | 1 | |
| 2. | ਕਿਲ੍ਹਾ ਮਹੱਲਾ ਡਿਸਪੈਂਸਰੀ | 1. | ਮੈਡੀਕਲ ਅਫ਼ਸਰ ਇੰਚਾਰਜ਼ (ਪਾਰਟ ਟਾਈਮ) ਹੋਲ ਟਾਈਮ ਵੈਕੇਂਸੀ ਦੇ ਵਿਰੁਧ ਕੰਮ ਕਰ ਰਿਹਾ ਹੈ । | | —ਓਹੀ— |
| | | 2. | ਡਿਸਪੈਂਸਰ | 1 | |
| | | 3. | ਸੇਵਾਦਾਰ | 1 | |
| 3. | ਭਾਰਗੋ ਕੈਂਪ ਡਿਸਪੈਂਸਰੀ | 1. | ਮੈਡੀਕਲ ਅਫ਼ਸਰ ਇਨਚਾਰਜ (ਪਾਰਟ ਟਾਈਮ) | 1 | —ਓਹੀ— |
| | | 2. | ਡਿਸਪੈਂਸਰ | 1 | |
| | | 3. | ਸੇਵਾਦਾਰ | 1 | |

**ਔਯਰਵੈਦਿਕ ਡਿਸਪੈਂਸਰੀਜ਼**

| | | | | | |
|---|---|---|---|---|---|
| 1. | ਬਾਜ਼ਾਰ ਨਹੌਰੀਆ ਡਿਸਪੈਂਸਰੀ | 1. | ਵੈਦ ਇੰਚਾਰਜ਼ | 1 | —ਓਹੀ— |
| | | 2. | ਡਿਸਪੈਂਸਰਜ਼ | 2 | |
| | | 3. | ਸੇਵਾਦਾਰ | 1 | |

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

| ਕ੍ਰਮ ਨੰ: | ਡਿਸਪੈਂਸਰੀ ਦਾ ਨਾਮ | 1 ਮਈ, 1976 ਤੋਂ ਨਿਯੁਕਤ ਸਟਾਫ ਦੀ ਗਿਣਤੀ | | ਬਿਸਤ੍ਰਿਆਂ ਦੀ ਗਿਣਤੀ |
|---|---|---|---|---|
| 2. | ਬਸਤੀ ਸ਼ੇਖ ਡਿਸਪੈਂਸਰੀ | 1. ਵੈਦ ਇੰਚਾਰਜ | 1 | ਬਿਸਤਰਿਆਂ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ |
| | | 2. ਡਿਸਪੈਂਸਰ | 1 | |
| | | 3. ਸੇਵਾਦਾਰ | 1 | |
| 3. | ਕੋਟ ਕਿਸ਼ਨ ਚੰਦ ਡਿਸਪੈਂਸਰੀ | 1. ਵੈਦ ਇੰਨਚਾਰਜ | 1 | —ਉਹੀ— |
| | | 2. ਡਿਸਪੈਂਸਰ | 1 | |
| | | 3. ਸੇਵਾਦਾਰ | 1 | |
| 4. | ਅਬਾਦਪੁਰਾ ਡਿਸਪੈਂਸਰੀ | 1. ਵੈਦ ਇੰਨਚਾਰਜ | 1 | —ਉਹੀ— |
| | | 2. ਡਿਸਪੈਂਸਰ | 1 | |
| | | 3. ਸੇਵਾਦਾਰ | 1 | |
| 5. | ਫਗਵਾੜਾ ਗੇਟ ਡਿਸਪੈਂਸਰੀ | 1. ਵੈਦ ਇੰਚਾਰਜ | 1 | —ਉਹੀ— |
| | | 2. ਡਿਸਪੈਂਸਰ | 1 | |
| 6. | ਮਾਡਲ ਹਾਊਸ ਡਿਸਪੈਂਸਰੀ | 1. ਵੈਦ ਇੰਚਾਰਜ | 1 | —ਉਹੀ— |
| | | 2. ਡਿਸਪੈਂਸਰ | 1 | |
| | | 3. ਸੇਵਾਦਾਰ | 1 | |

Original with; Punjab Vidhan Sabha Digitized by; Panjab Digital Library

| | | | | |
|---|---|---|---|---|
| 7. | ਪ੍ਰੀਤ ਨਗਰ, ਸੋਡਲ ਰੋਡ, ਡਿਸਪੈਂਸਰੀ | 1. ਵੈਦ ਇੰਚਾਰਜ | 1 | —ਓਹੀ— |
| | | 2. ਡਿਸਪੈਂਸਰ | 1 | |
| | | 3. ਸੇਵਾਦਾਰ | 1 | |
| 8. | ਜਵਾਹਰ ਨਗਰ ਲਾਡੋਵਾਲੀ, ਸੜਕ ਡਿਸਪੈਂਸਰੀ | 1. ਵੈਦ ਇੰਨਚਾਰਜ਼ | 1 | — |
| | | 2. ਡਿਸਪੈਂਸਰ | 1 | |
| | | 3. ਸੇਵਾਦਾਰ | 1 | |
| 9. | ਬਸਤੀ ਮਿਠੂ ਡਿਸਪੈਂਸਰੀ | 1. ਵੈਦ ਇੰਨਚਾਰਜ | 1 | — |
| | | 2. ਡਿਸਪੈਂਸਰ | 1 | |
| | | 3. ਸੇਵਾਦਾਰ | 1 | |
| 10. | ਭਾਰਗੋ ਕੈਂਪ ਡਿਸਪੈਂਸਰੀ | 1. ਵੈਦ ਇੰਨਚਾਰਜ | 1 | — |
| | | 2. ਡਿਸਪੈਂਸਰ | 1 | |
| | | 3. ਸੇਵਾਦਾਰ | 1 | |
| **ਯੂਨਾਨੀ ਡਿਸਪੈਂਸਰੀ** | | | | |
| 1. | ਸੈਂਟਰਲ ਟਾਊਨ ਡਿਸਪੈਂਸਰੀ | 1. ਹਕੀਮ (ਡਿਸਪੈਂਸਰ, ਹੀਕਮ ਦੀ ਪੋਸਟ ਦੇ ਵਿਰੁੱਧ ਕੰਮ ਕਰ ਰਿਹਾ ਹੈ।) | 1 | — |
| 2. | ਪੀਰ-ਬੋਡਲਾ ਡਿਸਪੈਂਸਰੀ | 1. ਹਕੀਮ | 1 | — |
| | | 2. ਡਿਸਪੈਂਸਰ | 1 | |
| | | 3. ਸੇਵਾਦਾਰ | 1 | |

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

| ਕ੍ਰਮ ਨੰ: | ਡਿਸਪੈਂਸਰੀ ਦਾ ਨਾਮ | 1 ਮਈ, 1976 ਤੋਂ ਨਿਯੁਕਤ ਸਟਾਫ ਦੀ ਗਿਣਤੀ | | ਬਿਸਤਰਿਆਂ ਦੀ ਗਿਣਤੀ |
|---|---|---|---|---|
| **ਚਾਈਲਡ ਵੈਲਫੇਅਰ ਸੈਂਟਰ** | | | | |
| 1. | ਮਾਈ ਹੀਰਾ ਗੇਟ ਸੈਂਟਰ | 1. ਲੇਡੀ ਹੈਲਥ ਵਿਜ਼ਟਰ | 1 | — |
| | | 2. ਦਾਈ | 1 | |
| 2. | ਪੰਜ ਪੀਰ ਹੈਲਥ ਸੈਂਟਰ | 1. ਲੇਡੀ ਹੈਲਥ ਵਿਜ਼ਟਰ | 1 | |
| | | 2. ਦਾਈ | 1 | |
| 3. | ਪੀਰ ਬੋਡਲਾ ਹੈਲਥ ਸੈਂਟਰ | 1. ਲੇਡੀ ਹੈਲਥ ਵਿਜ਼ਟਰ | 1 | — |
| | | 2. ਦਾਈ | 1 | |
| | | 3. ਸੇਵਾਦਾਰਨੀ (ਪਾਰਟ ਟਾਈਮ) | 1 | |
| 4. | ਬਸਤੀ ਸ਼ੇਖ ਹੈਲਥ ਸੈਂਟਰ | 1. ਲੇਡੀ ਹੈਲਥ ਵਿਜ਼ਟਰ | 1 | — |
| | | 2. ਦਾਈ | 1 | |
| 5. | ਕੋਟ ਕਿਸ਼ਨ ਚੰਦ ਸੈਂਟਰ | 1. ਲੇਡੀ ਹੈਲਥ ਵਿਜ਼ਟਰ | 1 | — |
| | | 2 ਦਾਈ | 1 | |

Original with; Punjab Vidhan Sabha Digitized by; Panjab Digital Library

ਹਸਪਤਾਲ

| | | | | | |
|---|---|---|---|---|---|
| 1. | ਮਾਡਲ ਟਾਊਨ ਮੈਟਰਨਿਟੀ ਹਸਪਤਾਲ | 1. | ਲੇਡੀ ਡਾਕਟਰ | 1 | — |
| | | 2. | ਸਟਾਫ ਨਰਸ | 1 | |
| | | 3. | ਨਰਸ ਦਾਈ | 2 | 6 ਬਿਸਤਰੇ (ਬੈਡਜ਼) |
| | | 4. | ਸੇਵਾਦਾਰ | 1 | |
| | | 5. | ਚੌਕੀਦਾਰ | 1 | |
| | | 6. | ਸੇਵਾਦਾਰਨੀ (ਜ਼ਮਾਂਦਾਰਨੀ) | 1 | |
| 2. | ਆਈਸੋਲੇਸ਼ਨ ਹਸਪਤਾਲ | 1. | ਚੌਕੀਦਾਰ | 1 | 29 ਬਿਸਤਰੇ (ਬੈਡਜ਼) |
| | | 2. | ਖਾਲੀ | 1 | |
| | ਬੀ.ਸੀ.ਜੀ.ਇਨ-ਔਕੁਲੇਸ਼ਨ ਸੈਂਟਰਜ਼ | 1. | ਬੀ.ਸੀ.ਜੀ. ਟੈਕਨੀਸ਼ੀਅਨ | 2 | |
| | | 2. | ਸੇਵਾਦਾਰ | 1 | |
| | ਸਮਾਲ ਪੋਕਸ ਇਨਔਕੁਲੇਸ਼ਨ ਸੈਂਟਰਜ਼ | 1. | ਵੈਕਸੀਨੇਟਰਜ਼ | 11 | |

ਨਗਰ, ਪਾਲਿਕਾ, ਲੁਧਿਆਣਾ ।

| | | | |
|---|---|---|---|
| 1. | ਟੀ. ਬੀ. ਕਲਿਨਿਕ | ਇਕ ਡਾਕਟਰ, ਇਕ ਐਲ. ਐਚ. ਵੀ. ਇਕ ਕਲਰਕ, ਇਕ ਐਕਸਰੇ ਟੈਕਨੀਸ਼ੀਅਨ, ਇਕ ਲਬਾਟਰੀ-ਟੈਕਨੀਸ਼ੀਅਨ, ਇਕ ਸਵੀਪਰ, ਇਕ ਪੀਅਨ ਅਤੇ ਇਕ ਦਾਈ-ਕਮ-ਪੀਅਨ । | ਬਿਸਤਰਿਆਂ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ । |

Original with;
Punjab Vidhan Sabha
Digitized by;
Panjab Digital Library

| ਕ੍ਰਮ ਨੰ: | ਡਿਸਪੈਂਸਰੀ/ਹਸਪਤਾਲ ਦਾ ਨਾਮ | 1 ਮਈ, 1976 ਤੋਂ ਸਟਾਫ ਦੀ ਮਿਕਦਾਰ | ਬਸਤਰਿਆਂ ਦੀ ਗਿਣਤੀ |
|---|---|---|---|
| 2. | ਮਾਡਲ ਟਾਊਨ ਡਿਸਪੈਂਸਰੀ | ਇਕ ਡਾਕਟਰ, ਦੋ ਫਾਰਮੈਸਿਸਟਸ, ਇਕ ਨਰਸ ਕਮ ਦਾਈਂ, ਇਕ ਸਵੀਪਰ, ਇਕ ਬਹਿਸ਼ਤੀ, ਇਕ ਚੋਕੀਦਾਰ । | ਉਹੀ |
| 3. | ਸਿਟੀ ਡਿਸਪੈਂਸਰੀ | ਇਕ ਡਾਕਟਰ, ਤ੍ਰਿੰਨ ਫਾਰਮੈਸਿਸਟਸ, ਇਕ ਏ.ਐਨ.ਐਮ. ਇਕ ਬਹਿਸ਼ਤੀ, ਇਕ ਚੋਕੀਦਾਰ ਅਤੇ ਇਕ ਜਮਾਂਦਾਰ । | ਉਹੀ |
| 4. | ਲੈਪਰੋਸੀਂ ਕਲਿਨਿਕ | ਇਕ ਜਮਾਂਦਾਰ (ਸਵੀਪਰ) | |
| 5. | ਆਈ. ਡੀ. ਹਸਪਤਾਲ | ਇਕ ਬੀ. ਸੀ. ਜੀ. ਟੈਕਨੀਸ਼ੀਅਨ | ਉਹੀ |
| 6. | ਯੂਨਾਨੀ ਡਿਸਪੈਂਸਰੀ | ਇਕ ਹਕੀਮ | |
| 7 | ਮੁਰਾਦਪੁਰਾ ਹੈਲਥ ਸੈਂਟਰ | ਇਕ ਹੈਲਥ ਵਿਜ਼ਿਟਰ ਅਤੇ ਇਕ ਪੀਅਨ-ਕਮ-ਦਾਈ। | ਉਹੀ |
| 8. | ਜਵਾਹਰ ਨਗਰ ਕੈਂਪ ਸੈਂਟਰ (ਹੈਲਥ) | ਦੋ ਲੇਡੀ ਹੈਲਥ ਵਿਜ਼ਟਰਜ਼, ਇਕ ਪੀਅਨ-ਕਮ-ਦਾਈ ਅਤੇ ਇਕ ਨਰਸ-ਕਮ-ਦਾਈ । | ਉਹੀ |
| 9. | ਵੈਕਸੀਨੇਸ਼ਨ ਸਟਾਫ ਅਤੇ ਐਂਟੀ ਮਲੇਰੀਆ ਗੈਂਗ । | ਇਕ ਸੁਪਰਡੰਟ ਵੈਕਸੀਨੇਸ਼ਨ, 15 ਵੈਕਸੀਨੇਟਰਜ਼, ਦੋ ਪੀਅਨ ਦੋ ਸੈਨੇਟਰੀ ਸੁਪਰਵਾਈਜ਼ਰ ਅਤੇ 14 ਬੇਲਦਾਰ । | |

Original with;
Punjab Vidhan Sabha
Digitized by;
Panjab Digital Library

ਨਗਰਪਾਲਕਾ, ਬਟਾਲਾ

| | | |
|---|---|---|
| ਮੈਟਰਨਿਟੀ ਹਸਪਤਾਲ | ਇਕ ਮੈਡੀਕਲ ਅਫ਼ਸਰ, ਦੋ ਫ਼ਾਰਮੇਸਿਸਟਸ, ਦੋ ਨਰਸਾਂ, ਇਕ ਵਾਰਡ ਸੇਵਾਦਾਰ, ਇਕ ਚੌਕੀਦਾਰ, ਦੋ ਸਫ਼ਾਈ ਸੇਵਕ ਅਤੇ ਇਕ ਸੇਵਾਦਾਰ | ਹਸਪਤਾਲ ਵਿਚ 11 ਬਿਸਤਰਿਆਂ ਦਾ ਉਪਬੰਧ ਹੈ । |

ਨਗਰਪਾਲਕਾ, ਅਬੋਹਰ

ਆਯੂਰਵੈਦਿਕ ਡਿਸਪੈਂਸਰੀ

| | | |
|---|---|---|
| 1. ਸੁਖੇਰਾ ਬਸਤੀ ਡਿਸਪੈਂਸਰੀ | ਦੋ ਵੈਦ, ਤਿੰਨ ਉਪ-ਵੈਦ, ਇਕ ਸੇਵਾਦਾਰ । | ਕੋਈ ਨਹੀਂ |
| 2. ਨਵੀਂ ਆਬਾਦੀ ਡਿਸਪੈਂਸਰੀ | ਇਕ ਸੁਪਰਡੰਟ, ਵੈਕਸੀਨੇਸ਼ਨ, ਤਿੰਨ ਵੈਕਸੀਨੇਟਰ ਅਤੇ ਦੋ ਪਲੇਗ ਕੁਲੀ । | ,, |
| 3. ਅਜ਼ੀਮਗੜ੍ਹ ਡਿਸਪੈਂਸਰੀ | | |

ਨਗਰਪਾਲਕਾ, ਪਠਾਨਕੋਟ

ਆਯੂਰਵੈਦਿਕ ਡਿਸਪੈਂਸਰੀ

| | | |
|---|---|---|
| 1. ਚਾਰ ਆਰਯੂਰਵੈਦਿਕ ਡਿਸਪੈਂਸਰੀਆਂ, ਇਕ ਚਾਈਲਡ ਵੈਲਫੇਅਰ ਹੈਲਥ ਸੈਂਟਰ ਅਤੇ ਇਕ ਚਾਈਲਡ ਵੈਲਫੇਅਰ ਹੈਲਥ ਸਬ-ਸੈਂਟਰ । | ਇਕ ਐਲ.ਐਚ.ਵੀ. ਇਕ ਐਨ.ਐਚ.ਵੀ. ਇਕ ਏ.ਐਨ.ਐਮ. ਪੰਜ ਟਰੇਂਡ ਦਾਈਆਂ, ਇਕ ਪਾਰਟ ਟਾਈਮ ਸਫ਼ਾਈ ਸੇਵਕ, ਚਾਰ ਵੈਦ, ਤਿੰਨ ਉਪ ਵੈਦ । | ,, |

ਨਗਰਪਾਲਕਾ, ਫਗਵਾੜਾ

ਕਮੇਟੀ ਵਲੋਂ ਕੋਈ ਵੀ ਹਸਪਤਾਲ/ਡਿਸਪੈਂਸਰੀ/ਚਾਈਲਡ ਵੈਲਫੇਅਰ ਸੈਂਟਰ ਨਹੀਂ ਚਲਾਇਆ ਜਾ ਰਿਹਾ ।

Original with;
Punjab Vidhan Sabha
Digitized by;
Panjab Digital Library

| ਡਿਸਪੈਂਸਰੀ/ਹਸਪਤਾਲ ਦਾ ਨਾਂ | 1 ਮਈ, 1976 ਨੂੰ ਅਮਲੇ ਦੀ ਗਿਣਤੀ | ਬਿਸਤਰਿਆਂ ਦੀ ਗਿਣਤੀ |
|---|---|---|
| | ਨਗਰਪਾਲਕਾ, ਮੋਗਾ | |
| 1. ਚਾਈਲਡ ਵੈਲਫੇਅਰ ਸੈਂਟਰ । | ਇਕ ਐਲ. ਐਚ. ਵੀ. ਅਤੇ ਇਕ ਦਾਈ । | ,, |
| | ਨਗਰਪਾਲਕਾ, ਪਟਿਆਲਾ । | |
| ਨਗਰਪਾਲਕਾ ਦੁਆਰਾ ਕੋਈ ਵੀ ਹਸਪਤਾਲ/ਡਿਸਪੈਂਸਰੀ/ਚਾਈਲਡ ਵੈਲਫੇਅਰ ਸੈਂਟਰ ਨਹੀਂ ਚਲਾਇਆ ਜਾ ਰਿਹਾ । | | |
| | ਨਗਰਪਾਲਕਾ, ਫਿਰੋਜ਼ਪੁਰ । | |
| 1. ਦੋ ਚਾਈਲਡ ਵੈਲਫੇਅਰ ਸੈਂਟਰ | ਦੋ ਐਲ. ਐਚ. ਵੀ. ਅਤੇ ਦੋ ਦਾਈਆਂ | ਬਿਸਤਰਿਆਂ ਦਾ ਕੋਈ ਉਪਬੰਧ ਨਹੀਂ । |
| | ਨਗਰਪਾਲਕਾ, ਹੁਸ਼ਿਆਰਪੁਰ । | |
| 1. ਨਗਰਪਾਲਕਾ ਮੁਫਤ ਐਲੋਪੈਥਿਕ ਡਿਸਪੈਂਸਰੀ । | ਦੋ ਫ਼ਾਰਮੇਸਿਸਟਸ । | ,, |
| 2. ਨਗਰਪਾਲਕਾ ਮੁਫ਼ਤ ਆਯੂਰਵੈਦਿਕ ਡਿਸਪੈਂਸਰੀ | ਇਕ ਵੈਦ ਅਤੇ ਇਕ ਕੰਪਾਊਂਡਰ । | ,, |
| | ਨਗਰਪਾਲਕਾ, ਬਠਿੰਡਾ । | |
| ਨਗਰਪਾਲਕਾ ਵਲੋਂ ਕੋਈ ਹਸਪਤਾਲ/ਡਿਸਪੈਂਸਰੀ/ਚਾਈਲਡ ਵੈਲਫੇਅਰ ਸੈਂਟਰ ਨਹੀਂ ਚਲਾਇਆ ਜਾ ਰਿਹਾ । | | |

Original with;
Punjab Vidhan Sabha
Digitized by;
Panjab Digital Library

ਅਨੁਲੱਗ—2

1. ਅੰਮ੍ਰਿਤਸਰ
2. ਜਲੰਧਰ
3. ਲੁਧਿਆਣਾ
4. ਬਟਾਲਾ
5. ਅਬੋਹਰ
6. ਪਠਾਨਕੋਟ
7. ਫਗਵਾੜਾ
8. ਮੋਗਾ
9. ਪਟਿਆਲਾ
10. ਫਿਰੋਜ਼ਪੁਰ
11. ਹੁਸ਼ਿਆਰਪੁਰ
12. ਬਠਿੰਡਾ

———

ਨਿਮਨ ਲਿਖਤ ਨਗਰ ਪਾਲਕਾਵਾਂ ਪ੍ਰਸਾਸ਼ਕਾਂ ਦੇ ਕੰਟ੍ਰੋਲ ਅਧੀਨ ਹਨ :—

1. ਪਟਿਆਲਾ
2. ਹੁਸ਼ਿਆਰਪੁਰ
3. ਲੁਧਿਆਣਾ
4. ਅੰਮ੍ਰਿਤਸਰ
5. ਪਠਾਨਕੋਟ
6. ਮੋਗਾ
7. ਬਠਿੰਡਾ

———

## ਰਾਜ ਵਿਚ ਐਪਰੈਂਟਿਸਸ਼ਿਪ ਟ੍ਰੇਨਿੰਗ ਸਕੀਮ

**1131. ਕਾਮਰੇਡ ਸੱਤ ਪਾਲ ਡਾਂਗ** : ਕੀ ਲੋਕ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਸਾਲਾਂ 1975-76 ਅਤੇ 1976 (ਹੁਣ ਤੱਕ) ਦੇ ਦੌਰਾਨ ਐਪਰੈਂਟਿਸਸ਼ਿਪ ਟ੍ਰੇਨਿੰਗ ਸਕੀਮ ਦੇ ਅਧੀਨ ਦਸਵੀਂ ਪਾਸ, ਦਸਵੀਂ ਤੋਂ ਘੱਟ ਵਾਲੇ ਅਤੇ ਉਦਯੋਗਿਕ ਸਿਖਲਾਈ ਸੰਸਥਾ ਦੇ ਸਿਖਿਆਰਥੀਆਂ ਵਿਚ ਬੇ-ਰੁਜ਼ਗਾਰੀ ਨੂੰ ਘੱਟ ਕਰਨ ਲਈ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦਰਸਾਉਂਦਾ ਵਿਵਰਣ ਸਦਨ ਦੀ ਮੇਜ਼ ਤੇ ਰਖਣਗੇ ?

Original with;
Punjab Vidhan Sabha
Digitized by;
Panjab Digital Library

**ਜਥੇਦਾਰ ਸੋਹਨ ਸਿੰਘ ਜਲਾਲਉਸਮਾਨ** : ਅਪਰੈਂਟਿਸਸ਼ਿਪ ਟ੍ਰੇਨਿੰਗ ਦੇ ਅਧੀਨ ਸਾਲ 1975-76 ਅਤੇ ਮਿਤੀ 31 ਜੁਲਾਈ, 1976 ਤੱਕ ਦਸਵੀਂ ਪਾਸ, ਦਸਵੀਂ ਤੋਂ ਘੱਟ ਵਾਲੇ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਸਿਖਿਆਰਥੀਆਂ ਸਮੇਤ 2,115 ਨੂੰ ਬਤੌਰ ਅਪਰੈਂਟਿਸਿਜ਼ ਲਗਾਇਆ ਗਿਆ ਹੈ। ਇਨ੍ਹਾਂ ਦਾ ਵੇਰਵਾ ਅਨੁਲੱਗ 'ਏ' ਤੇ ਹੈ।

## ANNEXTURE 'A'

| ਸਿਖਿਆਰਥੀਪਣ ਐਕਟ ਅਧੀਨ ਇਨਸਾਇਡ ਸਟੇਟ ਸਕੀਮ | | 1975-76 ਵਿਚ ਭਰਤੀ ਕੀਤੇ ਗਏ ਸਿਖਿਆ-ਰਥੀ | 1976-77 ਵਿਚ (31 ਜੁਲਾਈ, 1976 ਤੱਕ) ਭਰਤੀ ਕੀਤੇ ਗਏ ਸਿਖਿਆਰਥੀ |
|---|---|---|---|
| 1 | | 2 | 3 |
| ਦਸਵੀਂ ਪਾਸ | .. | 711 | 173 |
| ਦਸਵੀਂ ਤੋਂ ਘੱਟ ਵਾਲੇ | .. | 331 | — |
| ਆਈ. ਟੀ. ਆਈ. ਪਾਸ | .. | 456 | — |
| | | 1,498 | |
| ਆਉਟ-ਸਾਈਡ ਸਟੇਟ ਸਕੀਮ ਦਸਵੀਂ ਅਤੇ ਆਈ.ਟੀ.ਆਈ. ਪਾਸ | .. | 91 | — |
| ਸਿਖਿਆਰਥੀਪਣ ਸਕੀਮ ਨਾਟ ਕਵਰਡ ਐਂਡਰ ਅਪਰੈਂਟਿਸਿਜ਼ ਐਕਟ :—ਮਿਡਲ ਪਾਸ | .. | 353 | — |
| ਜੋੜ | .. | 1,942 | 173 |

Original with;
Punjab Vidhan Sabha
Digitized by;
Panjab Digital Library

## ANNOUNCEMENT BY THE SECRETARY

**Mr. Speaker** : Secretary will now make an announcement.

**ਸ਼੍ਰੀ ਸਕੱਤਰ** : ਸ਼੍ਰੀਮਾਨ ਜੀ, ਮੈਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਪੱਤਝੜ ਸਮਾਗਮ, 1973 ਤੋਂ ਬਜਟ ਸਮਾਗਮ, 1976 ਦੇ ਦੌਰਾਨ 15 ਪਾਸ ਕੀਤੇ ਗਏ ਸਰਕਾਰੀ ਅਤੇ ਗੈਰ-ਧਰਕਾਰੀ ਮਤਿਆਂ ਵਿਚੋਂ 13 ਤੇ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦਰਸਾਉਂਦਾ ਵਿਵਰਣ ਸਦਨ ਦੀ ਮੇਜ਼ ਤੇ ਰਖਦਾ ਹਾਂ ।

Original with;
Punjab Vidhan Sabha
Digitized by;
Panjab Digital Library

Implementation report in respect of the Resolutions passed by the Punjab Vidhan Sabha during its Autumn Session, 1973, Budget Session 1974, Monsoon Session, 1974, Budget Session, 1975, Summer Session, 1975 and Budget Session, 1976.

| Sr. No. | Session | Name of the Member who moved | Resolution | Date on which passed | Action taken by the State Government with regard to its implementation | |
|---|---|---|---|---|---|---|
| 1 | 2 | 3 | 4 | 5 | 6 | |
| 1. | Autumn Session 1973 | Education and Revenue Minister | This House ratifies the Amendments to the Constitution of India falling within the purview of the proviso to clause (2) of Article 368 thereof proposed to be made by the Constitution (Thirty-first Amendment) Bill 1973, as passed by the two Houses of Parliament | 25th September, 1973 | A copy of this Resolution was forwarded to the Government of India, Ministry of Law and Justice and Company Affairs, New Delhi on tne 30th September. 1974. | ਮਤੇ ਦੀ ਇਕ ਕਾਪੀ ਭਾਰਤ ਸਰਕਾਰ ਦੇ ਲਾਅ, ਜਸਟਿਸ ਐਂਡ ਕੰਪਨੀ ਅਫੇਅਰਜ਼ ਮੰਤਰਾਲਾ ਨਵੀਂ ਦਿੱਲੀ ਨੂੰ 30 ਸਤੰਬਰ, 1974 ਨੂੰ ਭੇਜੀ ਗਈ ਸੀ । |
| 2. | Budget Session 1974 | Revenue and Elections Minister | This House ratifies the amendments to the Constitution of India falling within the purview of the proviso to clause (2) of Article 368 thereof proposed to be made by the Constitution (Thirty-Second Amendment) Bill, 1973, as passed by the two Houses of Parliament. | 5th March, 1974 | A copy of this Resolution was forwarded to the Secretary General, Rajya Sabha, Rajya Sabha Secretariat, New Delhi on the 15th March, 1974. | ਮਤੇ ਦੀ ਇਕ ਕਾਪੀਂ ਸਕੱਤਰ ਜਨਰਲ, ਰਾਜ ਸਭਾ, ਰਾਜ ਸਭਾ ਸਕੱਤਰੇਤ, ਨਵੀਂ ਦਿਲੀ ਨੂੰ 15 ਮਾਰਚ, 1974 ਨੂੰ ਭੇਜੀ ਗਈ ਸੀ । |
| 3. | Budget Session 1974 | Finance Minister | WHEREAS it is expedient to provide by law for the prevention of water pollution and the maintaining or restoring of wholesomeness of water, for the establish- | 14th March, 1974 | This Resolution was conveyed to the Government of India. The Parliament had, however, passed in | ਇਹ ਮਤਾ ਭਾਰਤ ਸਰਕਾਰ ਨੂੰ ਭੇਜਿਆ ਗਿਆ ਸੀ । ਸੰਸਦ ਨੇ ਇਸੇ ਸਮੇਂ ਦੌਰਾਨ ਵਾਟਰ |

ment, with a view to carrying out the purposes aforesaid of water pollution Prevention Boards for conferring on such Boards functions relating thereto and for matters connected therewith;

AND WHEREAS it is desirabe and necessary to have a uniform law in this behalf in all States;

the meantime, the Water (Prevention and Control of Pollution) Act, 1974.

This Central Act could not be applied to Punjab. In the circumstances, the Government of India advised that the Punjab Vidhan Sabha should pass another Resolution under Article 252(2) of the Constitution of India adopting the provisions of the Water (Prevention and Control of Pollution) Act, 1974, for Punjab. A new Resolution was, therefore, passed by the Punjab Vidhan Sabha on the 3rd February, 1975.

(ਪ੍ਰੀਵੈਨਸ਼ਨਲ ਐਂਡ ਕੰਟਰੋਲ ਆਫ ਪੋਲੂਸ਼ਨ) ਐਕਟ, 1974 ਪਾਸ ਕਰ ਦਿੱਤਾ ਸੀ । ਇਹ ਕੇਂਦਰੀ ਐਕਟ ਪੰਜਾਬ ਨੂੰ ਲਾਗੂ ਨਹੀਂ ਹੋ ਸਕਦਾ ਸੀ । ਇਹਨਾਂ ਹਾਲਾਤ ਵਿੱਚ ਭਾਰਤ ਸਰਕਾਰ ਨੇ ਇਹ ਸਲਾਹ ਦਿੱਤੀ ਸੀ ਕਿ ਭਾਰਤ ਦੇ ਸੰਵਿਧਾਨ ਦੀ ਧਾਰਾ 252 (2) ਦੇ ਅਧੀਨ ਪੰਜਾਬ ਵਿਧਾਨ ਸਭਾ ਇਕ ਹੋਰ ਮਤਾ ਪਾਸ ਕਰੇ ਜਿਸ ਨਾਲ ਵਾਟਰ (ਪਰੀਵੈਨਸ਼ਨ) ਐਂਡ ਕੰਟਰੋਲ ਆਫ ਪੋਲੂਸ਼ਨ ਐਕਟ 1974 ਦੀਆਂ ਪਰੋਵੀ-ਜਨਾਂ ਪੰਜਾਬ ਤੇ ਲਾਗੂ ਕੀਤੀਆਂ ਜਾ ਸਕਣ । ਇਸ ਲਈ ਪੰਜਾਬ ਵਿਧਾਨ ਸਭਾ ਨੇ ਇਕ ਨਵਾਂ ਰੈਜ਼ੋਲੂਸ਼ਨ ਇਸ ਬਾਰੇ ਮਿਤੀ 3 ਫਰਵਰੀ, 1975 ਨੂੰ ਪਾਸ ਕੀਤਾ ।

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 |
|---|---|---|---|---|---|
| | | | AND WHEREAS the subject matter of such a law is relatable to entries 6 and 17 of List II in the Seventh Schedule to the Constitution of India; | | |
| | | | AND WHEREAS Parliament has no power to make laws for the States with respect to any of the matters aforesaid except as provided in Articles 249 and 250 of the Constitution; | | |
| | | | AND WHEREAS it appears to this Assembly to be desirable that such a law should be enacted by Parliament; | | |
| | | | NOW, THEREFORE, in pursuance of clause (1) of Article 252 of the Constitution of India, this Assembly hereby resolves that Parliament should enact a law providing for the prevention of water pollution and the maintaining or restoring of wholesomeness of water, for the establishment, with a view to carrying out the purposes aforesaid of Water Pollution Prevention Boards, for conferring on such Boards, functions relating thereto and for matters connected therewith. | | |

Original with;
Punjab Vidhan Sabha
Digitized by;
Panjab Digital Library

| | | | | | |
|---|---|---|---|---|---|
| 4. | Monsoon Session 1974 | Sardar Darbara Singh M.L.A. | This House expresses its sense of profound pride on the martyrdom of Shaheed Udham Singh who laid down his life on the altar of Motherland to whom we owe a debt of gratitude for his outstanding role in the liberation of the country. The flame of liberty lit within him by the ghastly event of the bloody massacre at Jallianwala Bagh was nourished by him for over a quarter of a century, which indicated the self-respect and honour of the Nation. His martyrdom greatly inspired our people and shall be source of inspiration for the coming generation.<br><br>The House expresses its deep gratitude to the Government of India and the Punjab Government, who managed to secure the remains of Shaheed Udham Singh from England.<br><br>Hence, the House pays a befitting Tribute to the great martyr and symbol of liberty, Shaheed Udham Singh on this occasion. | 16th August, | A copy of this Resolution was forwarded to the Government of India, Ministry of External Affairs, New Delhi on the 14th November, 1974. ਇਸ ਮਤੇ ਦੀ ਇਕ ਕਾਪੀ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ, ਨਵੀਂ ਦਿੱਲੀ ਨੂੰ 14 ਨਵੰਬਰ, 1974 ਨੂੰ ਭੇਜੀ ਗਈ ਸੀ । |

Original with;
Punjab Vidhan Sabha
Digitized by;
Panjab Digital Library

| 1 | 2 | 2 | 4 | 5 | 6 | 7 |
|---|---|---|---|---|---|---|
| 5. | Monsoon Session 1974 | Agriculture & Forests minister. | WHEREAS the Haryana and Punjab Agricultural Universities Act, 1970 (hereinafter referred to as the said Act) was passed by Parliament under clause (1) of Article 252 of the Constitution of India. | 16.8.1974 | A copy of this Resolution was forwarded to the Government of India, Ministry of Agriculture, in September, 1974. They were requested to take necessary steps for repealing the Haryana and Punjab Agricultural Universities Act, 1970. The Government of India were also requested to have a commencement. | ਇਸ ਮਤੇ ਦੀ ਇਕ ਕਾਪੀ ਭਾਰਤ ਸਰਕਾਰ ਦੇ ਖੇਤੀਬਾੜੀ ਮੰਤਰਾਲੇ ਨੂੰ ਸਤੰਬਰ, 1974 ਵਿਚ ਭੇਜੀ ਗਈ ਸੀ ਉਨ੍ਹਾਂ ਨੂੰ ਬੇਨਤੀ ਕੀਤੀ ਗਈ ਸੀ ਕਿ ਉਹ ਹਰਿਆਣਾ ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀਜ਼ ਐਕਟ, 1970 ਨੂੰ ਰਿਪੀਲ ਕਰਨ ਬਾਰੇ ਲੋੜੀਂਦੀ ਕਾਰਵਾਈ ਕਰਨ । ਭਾਰਤ ਸਰਕਾਰ ਨੂੰ ਇਹ ਵੀ ਬੇਨਤੀ ਕੀਤੀ ਗਈ ਸੀ ਕਿ ਉਹ |
| | | | AND WHEREAS in the day to day working of the said Act, the State Government is experiencing certain difficulties which necessitate the amendment of the said Act; | | | ਰਿਪੀਲਿੰਗ ਐਕਟ ਵਿਚ ਇਕ ਕਮੈਂਸਮੈਂਟ ਕਲਾਜ਼ ਇਸ ਬਾਰੇ ਰੱਖਣ ਕਿ ਇਹ ਰਿਪੀਲਿੰਗ ਐਕਟ |
| | | | AND WHEREAS for amending the said Act the procedure laid down in clause (1) of Article 252 has to be followed and that procedure is time consuming; | | Clause in the repealing Act to the effect that it shall come into force on such date as the State Government may specify in a notification to be published in the Official Gazette. The matter is still | ਉਸ ਮਿਤੀ ਤੋਂ ਲਾਗੂ ਹੋਵੇਗਾ, ਜਿਸ ਮਿਤੀ ਤੋਂ ਰਾਜ ਸਰਕਾਰ |

| | | | | | | |
|---|---|---|---|---|---|---|
| | | | AND WHEREAS it is intended to repeal the said Act and to have a State enactment on the subject;<br>AND WHEREAS it appears to the House of this Legislature to be desirable that legislation to repeal the said Act should be undertaken by Parliament;<br><br>Now, therefore, in pursuance of clause (2) of Article 252 of the Constitution of India, the House of this Legislature hereby resolves that the Harvana and Punjab Agricultural Universities Act, 1970 (Act No. 16 of 1970), should be repealed by Parliament by law. | | under consideration of the Government of India and the aforesaid Act has not so far been repealed by the Parliament. | ਆਫੀਸ਼ੀਅਲ ਗਜ਼ਟ ਵਿਚ ਇਸ ਬਾਰੇ ਅਧਿਸੂਚਨਾ ਪਬਲਿਸ਼ ਕਰੇਗੀ। ਇਹ ਮੁਆਮਲਾ ਅਜੇ ਵੀ ਭਾਰਤ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਉਪਰੋਕਤ ਦੱਸਿਆ ਐਕਟ ਅਜੇ ਤਕ ਸੰਸਦ ਨੇ ਰਿਪੀਲ ਨਹੀਂ ਕੀਤਾ ਹੈ। |
| 7. | Budget Session 1975 | Minister for Revenue and Elections | This House ratifies the amendments to the Constitution of India falling within the purview of the Proviso to clause (2) of Article 368 thereof, proposed to be made by the Constitution (Thirty Sixth Amendment Bill, 1974) as passed by the two Houses of Parliament, which seeks to give effect to the wishes of the people of Sikkim for strengthening Indo-Sikkim co-operation and inter-relationship & the short title of which has been changed into "The Constitution (Thirty-fifth Amendment) Act, 1974" | 10-1-1975 | A copy of this Resolution was forwarded to the Secretary General, Rajya Sabha Secretariat, New Delhi, on the 15th January, 1975. | ਇਸ ਮਤੇ ਦੀ ਇਕ ਕਾਪੀ ਸਕੱਤਰ ਜਨਰਲ, ਰਾਜ ਸਭਾ ਸਕੱਤਰੇਤ ਨਵੀਂ ਦਿੱਲੀ ਨੂੰ ਮਿਤੀ 15 ਜਨਵਰੀ, 1975 ਨੂੰ ਭੇਜੀ ਗਈ ਸੀ। |

Original with;
Punjab Vidhan Sabha
Digitized by;
Panjab Digital Library

(ਸ੍ਰੀ ਸਕੱਤਰ)

| 1 | 2 | 3 | 4 | 5 | 6 |
|---|---|---|---|---|---|
| 7. | Budget Session, 1975 | Minister of State for Health and Family Planning. | WHEREAS SMOKING OF CIGARETTES constitutes a grave hazard to the health of the persons who smoke.<br><br>AND WHEREAS it is intended that provisions should be made by law to ban all cigarette advertisements and to provide for the printing of a warning on the packets of cigarettes that smoking is dangerous to health and for all other matters connected there with or incidental thereto.<br>AND WHEREAS legislation for the purpose mentioned above is related to matters enumerated in entry 6 of the State List in the Seventh Schedule to the Constitution of India with respect to which Parliament has no power to make law for the State except as provided in Articles 249 and 250 thereto.<br><br>AND WHEREAS, it appears to this Assembly to be desirable that such legislation should be undertaken by Parliament;<br><br>NOW, THEREFORE, in pursuance of clause (1) of Article 252 of the Constitution of India this Assem- | 3-2-1975 | A copy of this Resolution was forwarded to the Government of India, Ministry of Health and Family Planning for necessary action on the 16th October, 1975.<br>ਇਸ ਮਤੇ ਦੀ ਇਕ ਕਾਪੀ ਭਾਰਤ ਸਰਕਾਰ ਦੇ ਸਿਹਤ ਅਤੇ ਸੰਤਾਨ ਸੰਜਮ ਮੰਤਰਾਲੇ ਨੂੰ ਮਿਤੀ 16 ਅਕਤੂਬਰ, 1975 ਨੂੰ ਲੋੜੀਂਦੀ ਕਾਰਵਾਈ ਲਈ ਭੇਜੀ ਗਈ ਸੀ । |

| | | | | | | |
|---|---|---|---|---|---|---|
| | | | bly hereby resolves that banning of cigarette advertisements and printing of warnings on cigarettes packets about the harmful use of cigarettes and other matters connected therewith or incidental thereto should be regulated in the State of Punjab by Parliament by law. | | | |
| 8. | Budget Session 1975 | Minister for Finance and Local Government | WHEREAS the problem of pollution of water is becoming serious day by day and indiscriminate discharge of industrial wastes and other effluents are deteriorating the quality of water;<br><br>AND WHEREAS it is intended that provision should be made by law to prevent and control water pollution.<br><br>AND WHEREAS legislation for the purpose mentioned above is related to matters enumerated in entries 6 and 17 of the State List in the Seventh Schedule to the Constitution of India;<br><br>AND WHEREAS the Parliament of India have enacted the Water (Prevention and Control of Pollution) Act, 1974 (Act 6 of 1974) for the prevention and control of Water Pollution and the maintaining or restoring of wholesomeness of water, for the establishment, with a view to carrying out | 3rd Feb., 1975 | The Punjab State Board for the Prevention and Control of Water Pollution has been constituted by Punjab Government vide notification No. 6186-BR-II-(4-75/24146, dated the 30th July, 1975). | ਪੰਜਾਬ ਸਰਕਾਰ ਨੇ ਪੰਜਾਬ ਸਟੇਟ ਬੋਰਡ ਫਾਰ ਦੀ ਪਰੀਵੇਨਸ਼ਨ ਐਂਡ ਕੰਟਰੋਲ ਆਫ ਵਾਟਰ ਪੋਲਿਊਸ਼ਨ ਅਧਿਸੂਚਨਾ ਨੰ: 6186-ਬੀ. ਆਰ.-2 (4)-75/24146, ਮਿਤੀ 30 ਜੁਲਾਈ, 1976 ਰਾਹੀਂ ਬਣਾਇਆ ਹੈ । |

Original with; Punjab Vidhan Sabha Digitized by; Panjab Digital Library

(ਸ੍ਰੀ ਸਕੱਤਰ)

| 1 | 2 | 3 | 4 | 5 | 6 | 7 |
|---|---|---|---|---|---|---|
| | Budget Session, 1975 | | the purposes aforesaid, of Boards for the prevention and control of water pollution for conferring and assigning to such Boards powers and functions relating thereto and for matters connected therewith.<br><br>NOW, THEREFORE, inpursuance of clause (2) of Article 252 of the Constitution of India, this Legislative Assembly hereby resolves that the aforesaid water (Prevention and Control of Pollution) Act, 1974 be adopted by the State of Punjab. | | | |
| | | | NON-OFFICIAL RESOLUTION | | | |
| 9. | Budget Session, 1975 | Comrade Satya Pal Dang, M.L.A. | This House recommends to the Government to take all possible steps to seek the good ofifices of Prime Minister of India so that the construction of Thein Dam is sanctioned by the Government of India without any further delay. | 30th January, 1975 | The Thein Dam and Power Plant Scheme is still waiting approval of the Planning Commission, Government of India. However, continuous efforts to obtain the Government of India's clearance of the Project are being made. A meeting between the Chief Minister Punjab and J & K | ਯੋਜਨਾ ਕਮਿਸ਼ਨ ਭਾਰਤ ਸਰਕਾਰ ਵਲੋਂ ਅਜੇ ਤੱਕ ਥੀਨ ਡੈਮ ਅਤੇ ਪਾਵਰ ਪਲਾਂਟ ਸਕੀਮ ਦੀ ਪ੍ਰਵਾਨਗੀ ਦੀ ਉਡੀਕ ਕੀਤੀ ਜਾ ਰਹੀ ਹੈ। ਇਸ ਪ੍ਰਾਜੈਕਟ ਨੂੰ ਕੇਂਦਰ ਸਰਕਾਰ ਵੱਲੋਂ ਕਲੀਅਰ ਕਰਾਉਣ ਲਈ ਲਗਾਤਾਰ ਕੋਸ਼ਿਸ਼ਾਂ |

Original with; Punjab Vidhan Sabha Digitized by; Panjab Digital Library

| | | | | | | |
|---|---|---|---|---|---|---|
| | | | | | was held at New Delhi on the 17th January, 1976 and guideines were drawn to arrive at an agreement between the two States. The proposals are now being worked out to make Schemes for rehabilitation of would be oustees from the Dam area. | ਕੀਤੀਆਂ ਜਾ ਰਹੀਆਂ ਹਨ । ਇਸ ਬਾਰੇ ਮੁੱਖ ਮੰਤਰੀ, ਪੰਜਾਬ ਅਤੇ ਮੁੱਖ ਮੰਤਰੀ, ਜੰਮੂ ਅਤੇ ਕਸ਼ਮੀਰ ਦੀ ਇਕ ਮੀਟਿੰਗ ਮਿਤੀ 17 ਜਨਵਰੀ, 1976 ਨੂੰ ਨਵੀਂ ਦਿੱਲੀ ਵਿਚ ਹੋਈ ਸੀ । ਇਸ ਮੀਟਿੰਗ ਵਿਚ ਦੋਨਾਂ ਰਾਜਾਂ ਦੇ ਐਗਰੀਮੈਂਟ ਦੇ ਬਾਰੇ ਗਾਈਡ-ਲਾਈਨਜ਼ ਤਿਆਰ ਕੀਤੀਆਂ ਗਈਆਂ ਸਨ । ਡੈਮ ਏਰੀਆ ਤੋਂ ਉਠਾਏ ਜਾਣ ਵਾਲੇ ਲੋਕਾਂ ਨੂੰ ਮੁੜ ਵਸਾਉਣ ਲਈ ਸਕੀਮਾਂ ਤਿਆਰ ਕੀਤੀਆਂ ਜਾ ਰਹੀਆਂ ਹਨ । |
| 10. | Summer Session. 1975 | Passed unanimously by the Punjab Vidhan Sabha. | This House hails the final victory of the National Liberation Front in South Vietnam and earlier of the Khemar Rouge in Cambodia.<br><br>This victory of the forces of freedom, peace, democracy and socialism over the imperialistic forces is a world shaking event. It has opened a new chapter in the history of the world. | 6th May, 1975 | This Resolution was forwarded to the Secretary to the Government of India, Ministry of Home Affairs, New Delhi on the 21st May, 1975 for information and record. | ਇਹ ਮਤਾ ਸਕੱਤਰ ਗ੍ਰਹਿ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਸੂਚਨਾ ਅਤੇ ਰਿਕਾਰਡ ਲਈ ਮਿਤੀ 21 ਮਈ, 1975 ਨੂੰ ਭੇਜਿਆ ਗਿਆ ਸੀ । |

Original with;
Punjab Vidhan Sabha
Digitized by;
Panjab Digital Library

(ਸ੍ਰੀ ਸਕੱਤਰ)

| 1 | 2 | 3 | 4 | 5 | 6 | 7 |
|---|---|---|---|---|---|---|
| | Summer Session, 1975 | | This House welcomes heartily the decision of the Government of India to accord recognition to the revolutionary Governments in Cambodia and South Vietnam. It expresses confidence that the Government of India will render suitable help to them to re-build the economy. | | | |
| 11. | Summer Session, 1975 | Passed unanimously by the Punjab Vidhan Sabha. | The Punjab Vidhan Sabha expresses its sense of pride and happiness at the very great achievement which our Scientists have won for our country in the form of 'Arya Bhatta' the first Satellite India has successfully sent into the space.<br><br>The House warmly congratulates the Governmeat of India and especially the Prime Minister whose inspiration and keen interest played an important role in achieving this great objective. The House appreciates the great work done by our Scientists Shri S. C. Dhawan and his team. It is also a matter of great pride that Shri Dhawan hails from Punjab.<br><br>The House also shares the feeling of gratefulness of the entire Indian people for the selfless technical and scientific help and co-operation given by the USSR in launching the Satellite. | 6th May, 1975 | This Resolution was forwarded to the Secretary to the Government of India Ministry of Home Affairs, New Delhi on the 21st May, 1975, for information and record. | ਇਹ ਮਤਾ ਸਕੱਤਰ ਗ੍ਰਹਿ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿਲੀ ਨੂੰ ਸੂਚਨਾ ਅਤੇ ਰਿਕਾਰਡ ਲਈ ਮਿਤੀ 21 ਮਈ, 1975 ਨੂੰ ਭੇਜਿਆ ਗਿਆ ਸੀ । |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| | | | The House expresses its confidence that this scientific achievement will help much exploring India's hidden wealth and riches and to help India in realizing its great destiny. | | | |
| 12. | Budget Session, 1976 | Sardar Sadhu Singh, M.L.A. | In view of the strong feeling among the Sikh community against the law requiring the Sikhs to wear crash helmets in Britain while riding motor cycles scooters, this House recommends to the Punjab Government to approach the Union Government with the request to persuade the British Government to waive off the afore-said restriction which is against the Sikh faith. | 11th February 1976 | A copy of this Resolution was sent to the Government of India on the 5th March, 1976. The Central Government was requested to persuade the British Government to waive off the restriction. It is understood that the three major Political Parties in U.K. are supporting the Motor Cycle Crash Helmet. Religious Exemption Bill is pending before the House of Commons. | ਇਸ ਮਤੇ ਦੀ ਇਕ ਕਾਪੀ ਭਾਰਤ ਸਰਕਾਰ ਨੂੰ ਮਿਤੀ 5 ਮਾਰਚ, 1976 ਨੂੰ ਭੇਜੀ ਗਈ ਸੀ । ਭਾਰਤ ਸਰਕਾਰ ਨੂੰ ਇਹ ਬੇਨਤੀ ਕੀਤੀ ਗਈ ਸੀ ਕਿ ਉਹ ਇਸ ਪਾਬੰਦੀ ਨੂੰ ਹਟਾਉਣ ਬਾਰੇ ਬਰਤਾਨੀਆਂ ਸਰਕਾਰ ਨੂੰ ਪ੍ਰੇਰਤ ਕਰਨ । ਇਹ ਪਤਾ ਲੱਗਿਆ ਹੈ ਕਿ ਯੂ. ਕੇ. ਵਿਚ ਤਿੰਨ ਵੱਡੀਆਂ ਸਿਆਸੀ ਪਾਰਟੀਆਂ ਹਨ, ਜਿਹੜੀਆਂ ਕਿ ਮੋਟਰਸਾਈਕਲ ਕਰੈਸ਼ ਹੈਲਮਟ ਦੇ ਹੱਕ ਵਿਚ ਹਨ । ਹਾਊਸ ਆਫ ਕਾਮਨਜ਼ ਵਿਚ ਰਿਲੇਜੱਸ ਐਗਜ਼ੱਪਸ਼ਨ ਬਿਲ ਲੰਬਿਤ ਹੈ । |

Original with;
Punjab Vidhan Sabha
Digitized by;
Panjab Digital Library

(ਸ਼੍ਰੀ ਸਕੱਤਰ)

| 1 | 2 | 3 | 4 | 5 | 6 | 7 |
|---|---|---|---|---|---|---|
| 13. | Budget Session, 1976 | Minister for Revenue and Elections. Punjab. | Whereas clause (1) of Article 169 of the Constitution provides that notwithstanding anything in Article 168, Parliament may by law provide for the creation of the Legislative Council in a State having no such Council, if the Legislative Assembly of the State passes a resolution to that effect by a majority of the total membership of the Assembly and by a majority of not less than two-thirds of the members of the Assembly present and voting;<br><br>And whereas, it appears, to this Assembly that it is desirable to create the Legislative Council of this State.<br><br>Now, therefore, this Assembly resolves that the Legislative Council be created in the State of Punjab.<br><br>2. This House recommends that Parliament be pleased to direct that the law which it may make in this behalf shall take effect from the date when the President of India gives his assent after the Parliament has passed necessary legislation. | 29th March, 1976 | A copy of this Resolution was forwarded to the Government of India, Ministry of Home Affairs on the 6th April, 1976. At present the matter is under their consideration in the Ministry of Law and Justice, Government of India. | ਇਸ ਮਤੇ ਦੀ ਇਕ ਕਾਪੀ ਭਾਰਤ ਸਰਕਾਰ ਦੇ ਗ੍ਰਿਹ ਮੰਤਰਾਲੇ ਨੂੰ ਮਿਤੀ 6 ਅਪ੍ਰੈਲ, 1976 ਨੂੰ ਭੇਜੀ ਗਈ ਸੀ । ਇਸ ਵੇਲੇ ਇਹ ਮੁਆਮਲਾ ਭਾਰਤ ਸਰਕਾਰ ਦੇ ਲਾਅ ਐਂਡ ਜਸਟਿਸ ਮੰਤਰਾਲੇ ਦੇ ਵਿਚਾਰ ਅਧੀਨ ਹੈ । |

Original with;
Punjab Vidhan Sabha
Digitized by;
Panjab Digital Library

## QUESTION OF PRIVILEGE

**Mr Speaker** : I have received a notice of privilege motion from Comrade Sataya Pal Dang, M. L. A., stating that a separate directorate for Primary Ed..cation in Punjab has not been set up inspite of the assurances give by the Chief Minister to that effect on the floor of the House on 26th February, 1974 and 6th May, 1975. I am writing to the Minister concernd to clarify the position. On receipt of the clarification, I will give my ruling.

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੈਂ ਤੁਹਾਡੀ ਖ਼ਿਦਮਤ ਵਿਚ ਇਕ ਐਡਜਰਨ-ਮੈਂਟ ਮੋਸ਼ਨ ਪੇਸ਼ ਕੀਤੀ ਸੀ ......

**ਸ੍ਰੀ ਸਪੀਕਰ** : ਉਹ ਫ਼ਿਟ ਸੱਬਜੇਕਟ ਨਹੀਂ ਹੈ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਉਹ ਬੜੀ ਇੰਪਾਰਟੈਂਟ ਸੀ । 16 ਹਜ਼ਾਰ ਆਦਮੀ ਇਫ਼ੈਕਟਿਡ ਹਨ ।

**ਸ੍ਰੀ ਸਪੀਕਰ** : ਉਹ 10 ਤਾਰੀਖ਼ ਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਐਡਮਿਟ ਕਰ ਲੈਣੀ ਹੈ । ਹੁਣ ਤੁਸੀਂ ਤਸ਼ਰੀਫ਼ ਰਖੋ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਜੇ 9 ਤਾਰੀਖ ਨੂੰ ਲੈ ਲੈਂਦੇ ਤਾਂ ਅੱਛਾ ਹੁੰਦਾ ।

**ਸ੍ਰੀ ਸਪੀਕਰ** : ਨਹੀਂ ਜੀ ਦੋ ਦਿਨ ਤਾਂ ਚਾਹੀਦੇ ਹਨ । ਤਸ਼ਰੀਫ਼ ਰਖੋ ।

---

## PRESENTATION OF SUPPLEMENTARY ESTIMATES (FIRST INSTALMENT) FOR THE YEAR 1976-77.

**Finance Minister** (Shri Hans Raj Sharma) : Sir, I beg to present the Supplementary Estimates (First Instalment) for the year 1976-77.

**Chairman Estimates Committee** (Shri Sardari Lal Kapur) : Sir, I beg to present the Report of the Committee on the Supplementary Estimates (First Instalment) for the year 1976-77.

## PAPERS LAID ON THE TABLE OF THE HOUSE

**Revenue and Elections Minister** (Sardar Umrao Singh) : Sir, I beg to lay on the Table—

(i) the Punjab Land Reforms (First Amendment) Rules, 1976; and

(ii) the Punjab Land Reforms (Second Amendment) Rules, 1976 as required under section 26(2) of the Punjab Land Reforms Act, 1972.

Original with;
Punjab Vidhan Sabha
Digitized by;
Panjab Digital Library

## LEGISLATIVE BUSINESS

## THE PUNJAB PREVENTION OF ANTI-SOCIAL AND HAZARDOUS ACTIVITIES BILL, 1976.

**Revenue and Elections Minister** (Sardar Umrao Singh) : Sir, I beg to introduce the Punjab Prevention of Anti-Social and Hazardous Activities Bill.

Sir, I also beg to move—

> That the Punjab Prevention of Anti-Social and Hazardous Activities Bill be taken into consideration at once.

ਸਪੀਕਰ ਸਾਹਿਬ, ਇਸ ਬਿਲ ਰਾਹੀਂ ਪੰਜਾਬ ਵਿਚ ਕੁਝ ਐਸਾ ਐਂਟੀ ਸੋਸ਼ਲ ਐਲੀਮੈਂਟ ਹੈ ਜਿਹੜਾ ਕਿ ਸੋਸਾਇਟੀ ਦੇ ਵਾਸਤੇ ਅਤੇ ਆਲੇ ਦੁਆਲੇ ਦੇ ਇਲਾਕੇ ਲਈ ਇਕ ਨਿਊਸੈਂਸ ਹੈ। ਉਥੇ ਜਿਹੜੀ ਇਹ ਐਕਟਿਵਿਟੀਜ਼ ਕਰਦੇ ਹਨ ਹੈਬੀਚੁਅੱਲ ਟਾਈਪ ਦੀਆਂ ਅਤੇ ਕੁਝ ਐਸੇ ਓਫੈਂਸ ਕਰਦੇ ਹਨ ਜਿਹੜੇ ਨਾ ਸਿਰਫ ਕਾਨੂੰਨੀ ਤੌਰ ਤੇ ਬਲਕਿ ਸੋਸ਼ਲੀ ਵੀ ਜੁਰਮ ਹਨ। ਐਸੇ ਜੁਰਮ ਜਿਸ ਤਰ੍ਹਾਂ ਖਾਣ ਪੀਣ ਦੀਆਂ ਚੀਜ਼ਾਂ ਹਨ ਉਨ੍ਹਾਂ ਵਿਚ ਮਿਲਾਵਟ ਜਾਂ ਹੋਰ ਇਸ ਤਰ੍ਹਾਂ ਦੇ ਜਿਹੜੇ ਅੱਛੇ ਟਰੇਡ ਹਨ ਉਨ੍ਹਾਂ ਨੂੰ ਗਲਤ ਢੰਗ ਨਾਲ ਰੰਗ ਦੇ ਦਿੰਦੇ ਹਨ, ਉਨ੍ਹਾਂ ਸੋਸ਼ਲ ਅਤੇ ਐਕਨਾਮਿਕ ਜੁਰਮਾਂ ਨੂੰ ਰੋਕਣ ਵਾਸਤੇ ਇਹ ਬੜਾ ਸਾਧਾਰਣ ਜਿਹਾ ਬਿਲ ਲਿਆਂਦਾ ਹੈ, ਇਸ ਵਿਚ ਕੋਈ ਸਜ਼ਾ ਨਿਸਚਿਤ ਨਹੀਂ ਕੀਤੀ ਗਈ। ਕੋਸ਼ਿਸ਼ ਇਹ ਹੈ ਕਿ ਉਨ੍ਹਾਂ ਨੂੰ ਸੁਧਾਰਿਆ ਜਾਏ ਔਰ ਇਸ ਸੁਧਾਰ ਵਿਚ ਕਈ ਇਹੋ ਜਿਹੇ ਸ਼ਖਸ, ਜਿਨ੍ਹਾਂ ਦੀਆਂ ਐਕਟਿਵਿਟੀਜ਼ ਅੱਨਸੋਸ਼ਲ ਹੋਣਗੀਆਂ ਮੁਹੱਲੇ ਵਾਸਤੇ ਜਾਂ ਇਲਾਕੇ ਵਾਸਤੇ ਉਹ ਖ਼ਤਰਨਾਕ ਵੀ ਹੋ ਸਕਦੀਆਂ ਹਨ ਅਤੇ ਉਹ ਆਪਣੇ ਬੁਰੇ ਕੰਮਾਂ ਤੋਂ ਨਾ ਰੁਕੇ ਅਤੇ ਇਕ ਦਫਾ ਸਜ਼ਾ ਹੋਣ ਤੋਂ ਬਾਅਦ ਵੀ ਨਾ ਰੁਕੇ ਤਾਂ ਡਿਸਟ੍ਰਿਕਟ ਮੈਜਿਸਟਰੇਟ 6 ਮਹੀਨੇ ਜਾਂ ਸਾਲ ਵਾਸਤੇ ਉਸ ਨੂੰ ਉਸ ਇਲਾਕੇ ਜਾਂ ਜ਼ਿਲ੍ਹੇ ਵਿਚੋਂ ਬਾਹਰ ਰਹਿਣ ਲਈ ਹੁਕਮ ਦੇ ਸਕਦਾ ਹੈ। ਇਸ ਦਾ ਚੰਗਾ ਅਸਰ ਪੈਣਾ ਹੈ ਅਤੇ ਉਹ ਆਪਣੇ ਆਪ ਨੂੰ ਚੰਗਾ ਬਣਾਉਣ ਦਾ ਯਤਨ ਕਰਨਗੇ। ਅਗਰ ਕੋਈ ਸ਼ਖਸ ਆਪਣੀ ਐਕਟਿਵਿਟੀਜ਼ ਨੂੰ ਨਹੀਂ ਰੋਕੇਗਾ ਤਾਂ ਇਹ ਸਮਾਂ ਦੋ ਸਾਲਾਂ ਤਕ ਵੀ ਵਧਾਇਆ ਜਾ ਸਕਦਾ ਹੈ। ਇਹ ਕਾਨੂੰਨ ਆਰਡੀਨੈਂਸ ਦੇ ਤੌਰ ਤੇ ਆ ਚੁਕਾ ਹੈ। ਮੈਨੂੰ ਆਸ ਹੈ ਕਿ ਇਹ ਇਕ ਸਮਾਜ ਸੁਧਾਰ ਕਾਨੂੰਨ ਹੈ ਇਸ ਲਈ ਇਸ ਬਿਲ ਨੂੰ ਹਾਊਸ ਸਰਬਸੰਮਤੀ ਨਾਲ ਪਾਸ ਕਰੇਗਾ।

**Mr. Speaker** : Motion moved—

> That the Punjab Prevention of Anti-Social and Hazardous Activities Bill be taken into consideration at once

**ਕਾਮਰੇਡ ਸੱਤ ਪਾਲ ਡਾਂਗ** (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਮੈਂ ਇਕ ਹੀ ਬੇਨਤੀ ਕਰਨੀ ਹੈ ਕਿ ਇਸ ਦੇ ਵਿਚ ਜਿਹੜੀ ਗੁੰਡੇ ਦੀ ਡੈਫੀਨੀਸ਼ਨ ਹੈ ਉਹ ਇੰਡੀਅਨ ਪੈਨਲ ਕਡ, 1860 ਦੀ ਧਾਰਾ 294 ਦੇ ਹੇਠ ਇਹ ਹੈ ਕਿ ਜੋ ਲਗਾਤਾਰ ਜੁਰਮ ਕਰਦਾ ਹੈ ਜਾਂ ਜੁਰਮ ਕਰਨ ਵਿਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਇਸ ਵਿਚ ਬਹੁਤ ਸਾਰੇ ਐਕਟਾਂ ਦਾ ਜ਼ਿਕਰ ਕੀਤਾ ਹੋਇਆ ਹੈ। ਉਨ੍ਹਾਂ ਕਾਨੂੰਨਾਂ ਦੇ ਹੇਠਾਂ ਅਗਰ ਕਿਸੇ ਨੂੰ ਇਕ ਵਾਰੀ ਸਜ਼ਾ ਹੋ

Original with;
Punjab Vidhan Sabha
Digitized by;
Panjab Digital Library

ਜਾਏ ਅਤੇ ਮੁੜ ਕੇ ਦੂਜੀ ਵਾਰ ਵੀ ਹੋ ਜਾਏ, ਉਹ ਵੀ ਗੁੰਡਾ ਗਿਣਿਆ ਜਾਏਗਾ। ਮੈਂ ਕਹਿੰਦਾ ਹਾਂ ਕਿ ਇਸ ਦੇ ਬਾਰੇ ਜ਼ਰੂਰ ਖਿਆਲ ਰਖਿਆ ਜਾਏ। ਕਿਉਂਕਿ ਮਿਸਾਲ ਦੇ ਤੌਰ ਤੇ ਜਦੋਂ ਕਦੇ ਕੀਮਤਾਂ ਚੜ੍ਹਦੀਆਂ ਹਨ, ਸਰਕਾਰ ਕਹਿੰਦੀ ਹੈ ਕਿ ਛਾਪੇ ਮਾਰੋ। ਐਡਮਨਿਸ-ਟਰੇਸ਼ਨ ਤੱਕੜੇ ਹੱਥਾਂ ਨਾਲ ਇਸ ਪਾਸ ਵੱਲ ਪੈਂਦੀ ਹੈ ਤਾਂ ਨਿੱਕੇ ਨਿੱਕੇ ਦੁਕਾਨਦਾਰ ਅਸੈਂਸ਼ੀਅੱਲ ਕਮੋਡਿਟੀਜ਼ ਐਕਟ ਹੇਠਾਂ ਕੋਈ ਗਲਤੀ ਕਰ ਬੈਠਦੇ ਹਨ ਜਿਵੇਂ ਕਿ ਪ੍ਰਾਈਸ ਲਿਸਟ ਨਹੀਂ ਲਮਕਾਈ ਹੁੰਦੀ ਜਿਸ ਦੇ ਨਾਲ ਕੋਈ ਬੁਨਿਆਦੀ ਫ਼ਰਕ ਨਹੀਂ ਪੈਂਦਾ ਕੀਮਤਾਂ ਤੇ, ਅਗਰ ਉਸ ਦੇ ਹੇਠ ਉਸ ਛੋਟੇ ਦੁਕਾਨਦਾਰ ਨੂੰ ਸਜ਼ਾ ਹੋ ਜਾਂਦੀ ਹੈ ਤਾਂ ਉਹ ਵੀ ਇਸ ਐਕਟ ਦੇ ਥਲੇ ਆ ਸਕਦਾ ਹੈ। ਇਸ ਤੋਂ ਇਲਾਵਾ ਹੋਰ ਵੀ ਟੈਕਨੀਕਲੀ ਕਈ ਗਲਤੀਆਂ ਹੋ ਸਕਦੀਆਂ ਹਨ ਛੋਟੇ ਦੁਕਾਨਦਾਰ ਤੋਂ ਜਾਂ ਕਿਸੇ ਅਨਪੜ੍ਹ ਤੋਂ ਤਾਂ ਇਸ ਐਕਟ ਦਾ ਉਸ ਦੇ ਲਈ ਮਿਸਯੂਜ਼ ਨਾ ਹੋਵੇ, ਉਸ ਨੂੰ ਇਹ ਗਾਰਡ ਕਰਨ। ਮੈਂ ਸਿਰਫ਼ ਇਤਨਾ ਹੀ ਕਹਿਣਾ ਚਾਹੁੰਦਾ ਹਾਂ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ. ਸੀ.) : ਸਪੀਕਰ ਸਾਹਿਬ, ਸਰਦਾਰ ਉਮਰਾਓ ਸਿੰਘ ਜੀ ਨੇ ਇਹ ਬਿਲ ਲਿਆਂਦਾ ਹੈ ਜਿਸ ਵਿਚ ਗੁੰਡਿਆਂ ਨੂੰ ਦਬਾਉਣ ਲਈ ਜਾਂ ਜਿਹੜੇ ਦੋਸ਼ੀ ਕਰਾਰ ਦਿਤੇ ਹੋਏ ਨੇ ਉਨ੍ਹਾਂ ਨੂੰ ਜ਼ਿਲ੍ਹੇ ਤੋਂ ਬਾਹਰ ਕਢਣ ਲਈ ਲਿਆਂਦਾ ਗਿਆ ਹੈ। ਮੈਂ ਸਮਝਦਾ ਹਾਂ ਕਿ ਜਿਵੇਂ ਕੋਈ ਸਮੱਗਲਰ ਹੈ ਜਾਂ ਮਿਲਾਵਟ ਖੋਰ ਹੈ ਜਾਂ ਵਿਦੇਸ਼ੀ ਸਿੱਕੇ ਦਾ ਸਮਗਲਰ ਹੈ ਉਨ੍ਹਾਂ ਤੇ ਇਹ ਪਾਬੰਦੀ ਜ਼ਰੂਰੀ ਹੈ ਅਤੇ ਇਸ ਦੇ ਲਈ ਇਨ੍ਹਾਂ ਕੋਲ ਅਗੇ ਹੀ ਡੀ. ਆਈ. ਆਰ. ਜਾਂ ਮੀਸਾ ਲਾਉਣ ਲਈ ਹੈ। ਪਰ ਮੈਨੂੰ ਇਸ ਤੇ ਐਸਾ ਸ਼ਕ ਹੁੰਦਾ ਹੈ ਕਿਉਂਕਿ ਜਿਹੜੀ ਇਸ ਬਿਲ ਦੀ ਪਰੀਭਾਸ਼ਾ ਹੈ ਉਸ ਦੇ ਵਿਚ ਉਨ੍ਹਾਂ ਦੀ ਇਹ ਮਦਦ ਕਰਨ ਦੀ ਕੋਸ਼ਿਸ਼ ਹੈ, ਜੋ ਕਿ ਖ਼ਤਰਨਾਕ ਹੈ। ਉਸ ਦੇ ਵਿਚ ਇਸ ਤਰ੍ਹਾਂ ਜਿਹੜੇ ਲਫ਼ਜ਼ ਹਨ ਉਹ ਪੁਲੀਸ ਨੂੰ ਅਧਿਕਾਰ ਦਿੰਦੇ ਹਨ ਕਿ ਜਿਸ ਨੂੰ ਮਰਜ਼ੀ ਫੜ ਕੇ ਅੰਦਰ ਕਰ ਦਿਓ। ਮੈਨੂੰ ਇਹ ਲਗਦਾ ਹੈ ਕਿ ਇਹ ਪੁਲੀਟੀਕਲ ਪਾਰਟੀਆਂ ਅਤੇ ਜਮਹੂਰੀ ਤੱਤਾਂ ਨੂੰ ਦਬਾਉਣ ਲਈ ਹੀ ਹੋਣਗੇ। ਇਸ ਦੀ ਗਾਰੰਟੀ ਹੋਣੀ ਚਾਹੀਦੀ ਹੈ ਕਿ ਇਹ ਚੀਜ਼ ਜਮਹੂਰੀਅਤ ਦੇ ਖਿਲਾਫ਼ ਨਹੀਂ ਵਰਤੀ ਜਾਏਗੀ। ਫਿਰ ਤਾਂ ਇਸ ਦੀ ਸੋਚ ਠੀਕ ਹੋ ਸਕਦੀ ਹੈ। ਪਰ ਮੈਨੂੰ ਇਸ ਸਰਕਾਰ ਦੀ ਨਿਗਾਹ ਅਤੇ ਨੀਅਤ ਵਿਚ ਫਰਕ ਲਗਦਾ ਹੈ। ਇਹ ਬਿਲ ਐਸੀ ਜਗ੍ਹਾ ਤੇ ਨਹੀਂ ਵਰਤਿਆ ਜਾਣਾ ਚਾਹੀਦਾ।

**ਚੌਧਰੀ ਦਰਸ਼ਨ ਸਿੰਘ** (ਨੂਰਮਹਿਲ) : ਸਪੀਕਰ ਸਾਹਿਬ, ਸਰਕਾਰ ਦਾ ਮੁੱਦਾ ਤੇ ਮਨਸ਼ਾ ਹੈ ਅਨਸੋਸ਼ਲ ਐਲੀਮੈਂਟ ਨੂੰ ਖਤਮ ਕਰਨਾ। ਐਮਰਜੈਂਸੀ ਲਗੀ ਹੈ ਇਸ ਦੇ ਆਫ਼ਟਰ ਇਫ਼ੈਕਟਸ ਅਸੀਂ ਵੇਖੇ ਹਨ ਜਿਹੜਾ ਅੱਨਸੋਸ਼ਲ ਐਲੀਮੈਂਟ ਸੀਗਾ ਉਹ ਦਬਾਇਆ ਗਿਆ ਹੈ। ਵਾਇਲੈਂਟ ਟਾਈਪ ਦੇ ਲੋਕ ਵਾਇਲੈਂਟ ਦਾ ਰਸਤਾ ਛੱਡ ਕੇ ਨਾਨ-ਵਾਇਲੈਂਟ ਵੱਲ ਆ ਗਏ। ਉਸ ਦਾ ਇਫ਼ੈਕਟ ਅੱਛਾ ਹੀ ਹੋਇਆ। ਜਿਹੜਾ ਬਿਲ ਲਿਆਂਦਾ ਹੈ ਇਸ ਦੇ ਵਿਚ ਕਈ ਮੈਂਬਰ ਸਾਹਿਬਾਨ ਨੇ ਖ਼ਦਸ਼ਾ ਜ਼ਾਹਰ ਕੀਤਾ ਹੈ ਕਿ ਕਿਤੇ ਮਿਸਯੂਜ਼ ਨਾ ਕੀਤਾ ਜਾਵੇ। ਫਰਜ਼ ਕਰੋ ਕਿ ਕਿਸੇ ਡਿਸਟ੍ਰਿਕਟ ਮੈਜਿਸਟ੍ਰੇਟ ਨੂੰ ਪਤਾ ਲਗਦਾ ਹੈ ਕਿ ਇਹ ਬੰਦਾ ਐਂਟੀਸੋਸ਼ਲ ਹੈ, ਐਂਟੀ ਸੋਸ਼ਲ ਐਲੀਮੈਂਟ ਨੂੰ ਡੀਲ ਕਰਨ ਵਾਸਤੇ ਅਲਹਿਦਾ ਐਕਟ ਬਣਿਆ ਹੋਇਆ ਹੈ। ਪਰ ਜੇ ਕੋਈ ਜ਼ਿਮੀਂਦਾਰ ਸ਼ਰਾਬ ਦੇ ਕੇਸ ਵਿਚ ਇਕ ਦਫ਼ਾ ਕੈਦ ਹੋ ਗਿਆ ਤਾਂ ਡਿਸਟ੍ਰਿਕਟ ਮੈਜਿਸਟਰੇਟ ਇਸ ਐਕਟ ਨੂੰ ਮਿਸਯੂਜ਼ ਕਰਦੇ ਹੋਏ ਉਸ ਨੂੰ ਇਸ ਐਕਟ ਦੀ

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਆੜ ਵਿਚ ਛੇ ਮਹੀਨੇ ਵਾਸਤੇ ਉਸ ਜ਼ਿਲ੍ਹੇ ਤੋਂ ਬਾਹਰ ਭੇਜ ਸਕਦਾ ਹੈ। ਇਹ ਸਿਟੀਜ਼ਨ ਨੂੰ ਰਿਫਾਰਮ ਕਰਨ ਦਾ ਕੋਈ ਠੀਕ ਤਰੀਕਾ ਨਹੀਂ ਕਿ ਇਕ ਜ਼ਿਲ੍ਹਾ ਛੱਡ ਕੇ ਦੂਸਰੇ ਜ਼ਿਲ੍ਹੇ ਚਲਾ ਜਾਵੇ। ਜੇ ਉਹ ਦੂਸਰੇ ਜ਼ਿਲ੍ਹੇ ਵਿਚ ਚਲਾ ਜਾਂਦਾ ਹੈ ਤਾਂ ਕੀ ਉਹ ਉਥੇ ਜਾ ਕੇ ਗੁੰਡਾਗਰਦੀ ਨਹੀਂ ਕਰੇਗਾ ? ਇਸ ਦੇ ਵਿਚ ਇਹ ਵੀ ਹੈ ਕਿ ਛੇ ਮਹੀਨੇ ਦਾ ਪੀਰੀਅਡ ਐਕਸਟੈਂਡ ਕਰਕੇ ਦੋ ਸਾਲ ਕੀਤਾ ਜਾ ਸਕਦਾ ਹੈ। ਸਿਟੀਜ਼ਨਜ਼ ਨੂੰ ਰਿਫਾਰਮ ਕਰਨ ਦਾ ਇਹ ਕੋਈ ਠੀਕ ਤਰੀਕਾ ਨਹੀਂ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜੇ ਐਂਟੀ ਸੋਸ਼ਲ ਲੋਕ ਹਨ ਅਤੇ ਉਹ ਰਿਫਾਰਮ ਕੀਤੇ ਜਾ ਸਕਦੇ ਹਨ ਉਨ੍ਹਾਂ ਨੂੰ ਰਿਫਾਰਮੇਟਰੀ ਵਿਚ ਭੇਜ ਦਿੱਤਾ ਜਾਵੇ ਜਾਂ ਕਿਸੇ ਸਬ ਜੇਲ੍ਹ ਜਾਂ ਕਿਸੇ ਸਕੂਲ ਵਿਚ ਭੇਜ ਦਿੱਤਾ ਜਾਵੇ। ਇਹ ਨਹੀਂ ਚਾਹੀਦਾ ਕਿ ਆਪਣੇ ਜ਼ਿਲ੍ਹੇ ਵਿਚੋਂ ਕੱਢ ਕੇ ਦੂਸਰੇ ਜ਼ਿਲ੍ਹੇ ਵਿਚ ਭੇਜ ਦਿੱਤਾ ਜਾਵੇ ਕਿ ਜਾ ਭਾਵੇਂ ਉਥੇ ਜਾ ਕੇ ਕਰੰਸੀ ਦੀ ਸਮਗਲਿੰਗ ਕਰੇ ਜਾਂ ਹੋਰ ਗਲਤ ਕੰਮ ਕਰ।

I do not think that this is the aim of the Government and it should not be. If the District Magistrate is satisfied that he is a hazardous criminal, he should be put behind the bars. Change of activity from one place to another place is absolutely meaningless and uncalled for.

ਜਾਂ ਤਾਂ ਉਸਨੂੰ ਅਸੀਂ ਰਿਫਾਰਮ ਕਰ ਦਈਏ ਨਹੀਂ ਤਾਂ ਉਸਨੂੰ ਫੜ ਕੇ ਅੰਦਰ ਦੇ ਦੇਣਾ ਚਾਹੀਦਾ ਹੈ। ਬਾਕੀ ਜ਼ਿਮੀਂਦਾਰ ਤਾਂ ਕਿਸੇ ਨਾ ਕਿਸੇ ਬਹਾਨੇ ਜ਼ਰੂਰ ਫੜਿਆ ਜਾਵੇਗਾ। ਝੂਠੇ ਕੇਸ ਵੀ ਬਣਦੇ ਹਨ, ਜਾਂ ਫਿਰ ਜ਼ਿਮੀਂਦਾਰ ਲਾਹਣ ਦੇ ਕੇਸ ਵਿਚ ਜਾਂ ਇਕ ਦੋ ਸ਼ਰਾਬ ਦੀਆ ਬੋਤਲਾਂ ਦੇ ਕੇਸ ਵਿਚ ਫੜਿਆ ਜਾਵੇਗਾ। ਫਿਰ ਜੇ ਉਸ ਨੂੰ ਕਿਹਾ ਜਾਵੇ ਕਿ ਤੂੰ ਭਾਈ ਇਹ ਜ਼ਿਲ੍ਹਾ ਛੱਡ ਦੇ ਤਾਂ ਠੀਕ ਨਹੀਂ। ਉਹ ਆਪਣਾ ਜ਼ਿਲ੍ਹਾ ਛੱਡ ਕੇ ਵੀ ਨਹੀਂ ਜਾ ਸਕਦਾ। ਮੈਂ ਤਾਂ ਇਹ ਕਹਿੰਦਾ ਹਾਂ ਕਿ ਜਿਹੜਾ ਐਂਟੀ ਸੋਸ਼ਲ ਐਲੀਮੈਂਟ ਹੈ ਜਾਂ ਤਾਂ ਇਸਨੂੰ ਕਿਸੇ ਰਿਫਾਰਮੇਟਰੀ ਵਿਚ ਭੇਜੋ ਨਹੀਂ ਤਾਂ ਉਸਨੂੰ ਜੇਲ੍ਹ ਦੇ ਅੰਦਰ ਕਰ ਦੇਣਾ ਚਾਹੀਦਾ ਹੈ। ਇਸ ਨਾਲ ਸੋਸਾਇਟੀ ਤੇ ਬੁਰਾ ਅਸਰ ਵੀ ਨਹੀਂ ਪਵੇਗਾ।

**ਸ਼੍ਰੀ ਸਰਦਾਰੀ ਲਾਲ ਕਪੂਰ** (ਲੁਧਿਆਣਾ-ਉਤਰ) : ਸਪੀਕਰ ਸਾਹਿਬ, ਬਿਲ ਪੇਸ਼ ਕਰਦਿਆਂ ਹੋਇਆਂ ਮਨਿਸਟਰ ਸਾਹਿਬ ਨੇ ਬਹੁਤ ਕਝ ਦਸਿਆ ਹੈ। ਪਰ ਮੈਂ ਵੀ ਇਨ੍ਹਾਂ ਦੀ ਵਾਕਫੀਅਤ ਵਾਸਤੇ ਇਕ ਦੋ ਗੱਲਾਂ ਦਸਣਾ ਚਾਹੁੰਦਾ ਹਾਂ। ਇਕ ਚੀਜ਼ ਤਾਂ ਇਹ ਹੈ ਕਿ ਕਿਸੇ 14, 15 ਸਾਲ ਦੇ ਜਵਾਨ ਮੁੰਡੇ ਨੂੰ ਇਸ ਲਈ ਨਹੀਂ ਫੜਿਆ ਜਾਂਦਾ ਕਿ ਉਸਨੇ ਕੋਈ ਜੁਰਮ ਕੀਤਾ ਹੈ ਬਲਕਿ ਇਸ ਲਈ ਫੜਿਆ ਜਾਂਦਾ ਹੈ ਕਿਉਂਕਿ ਥਾਣੇ ਵਾਲਿਆਂ ਨੇ ਆਪਣਾ ਕੋਟਾ ਪੂਰਾ ਕਰਨਾ ਹੁੰਦਾ ਹੈ। ਉਸ ਜਵਾਨ ਬੱਚੇ ਨੂੰ ਜੇਲ੍ਹ ਵਿਚ ਰੱਖ ਕੇ ਚੰਗਾ ਡਾਕੂ ਬਣਾ ਦਿੱਤਾ ਜਾਂਦਾ ਹੈ। ਚੌਧਰੀ ਦਰਸ਼ਨ ਸਿੰਘ ਜੀ ਨੇ ਦਸਿਆ ਹੈ ਕਿ ਉਸ ਨੂੰ ਰਿਫਾਰਮੇਟਰੀ ਵਿਚ ਭੇਜੋ ਤਾਂ ਕਿ ਉਸਦਾ ਜੀਵਨ ਬਣ ਜਾਵੇ। ਅਫੀਮ ਵੇਚਣ ਵਾਲੇ ਸਿਰ ਕੱਢ ਆਦਮੀ ਤਾਂ ਲੱਖਾਂ ਰੁਪਏ ਦੀ ਅਫੀਮ ਵੇਚਦੇ ਹਨ ਪਰ ਉਹ ਛੋਟੇ ਬੱਚਿਆਂ ਨੂੰ ਆਪਣੇ ਨਾਲ ਲੈ ਲੈਂਦੇ ਹਨ ਅਤੇ ਉਨ੍ਹਾਂ ਨੂੰ ਬਾਅਦ ਵਿਚ ਪਕੜਾ ਦਿੰਦੇ ਹਨ। ਉਹ ਆਪ ਤਾਂ ਅਫਸਰਾਂ ਨੂੰ ਪੈਸੇ ਦੇ ਕੇ ਬੱਚ ਜਾਂਦੇ ਹਨ। ਇਹ ਨਹੀਂ ਹੋਣਾ ਚਾਹੀਦਾ ਕਿ ਇਸਦੀ ਆੜ ਵਿਚ ਚੰਗੇ ਸਿਟੀਜ਼ਨਾਂ ਦਾ ਜੀਵਨ ਹੀ ਤਬਾਹ ਕਰ ਦਿੱਤਾ ਜਾਵੇ। ਲੁਧਿਆਣਾ ਦਾ ਇਕ ਵਾਕਿਆ ਹੈ। ਇਕ ਵਿਚਾਰੀ ਹਰੀਜਨ ਲੜਕੀ ਨੂੰ ਜ਼ਬਰਦਸਤੀ ਆਪਣੇ ਕੋਠੇ ਤੋਂ ਚੁਕ ਕੇ ਲੈ ਗਏ।

Original with;
Punjab Vidhan Sabha
Digitized by;
Panjab Digital Library

ਡਿਪਟੀ ਕਮਿਸ਼ਨਰ ਕੋਲ ਉਸਦੇ ਮਾਂ ਬਾਪ ਜਾ ਕੇ ਰੋਏ। ਬੜੀ ਮਿਹਨਤ ਨਾਲ ਡਿਪਟੀ ਕਮਿਸ਼ਨਰ ਨੇ ਉਹ ਲੜਕੀ ਲਭ ਕੇ ਦਿੱਤੀ। ਉਸ ਲੜਕੀ ਨੇ ਗਰੀਵੈਂਸਿਜ਼ ਅਫ਼ਸਰ ਦੇ ਸਾਹਮਣੇ ਬਿਆਨ ਦਿੱਤਾ ਕਿ ਜਿਸ ਜਿਸ ਥਾਣੇ ਵਿਚ ਉਸ ਨੂੰ ਰੱਖਿਆ ਗਿਆ, ਉਥੋਂ ਦੇ ਹਰ ਆਦਮੀ ਨੇ ਉਸਨੂੰ ਰੇਪ ਕੀਤਾ। ਡੀ.ਸੀ. ਨੇ ਐਸ. ਐਸ.ਪੀ. ਨੂੰ ਇਸਦੀ ਰਿਪੋਰਟ ਭੇਜਣ ਲਈ ਕਿਹਾ ਅਤੇ ਆਰਡਰ ਦਿੱਤੇ ਕਿ ਉਨ੍ਹਾਂ ਆਦਮੀਆਂ ਦੇ ਖਿਲਾਫ਼ ਐਕਸ਼ਨ ਲਿਆ ਜਾਵੇ। ਪਰ ਬਜਾਏ ਉਨ੍ਹਾਂ ਦੇ ਖਿਲਾਫ਼ ਐਕਸ਼ਨ ਲੈਣ ਦੇ, ਉਸ ਲੜਕੀ ਨੂੰ ਮੁੜ ਅੰਦਰ ਕਰ ਦਿੱਤਾ ਗਿਆ ਅਤੇ ਹਾਲੇ ਤਕ ਅੰਦਰ ਰਖਿਆ ਹੈ ਕਿਉਂਕਿ ਉਸ ਨੇ ਪੁਲਿਸ ਦੇ ਆਦਮੀਆਂ ਦੇ ਖਿਲਾਫ਼ ਬਿਆਨ ਦਿੱਤਾ ਹੈ। ਇਨ੍ਹਾਂ ਚੀਜ਼ਾਂ ਨਾਲ ਜ਼ਿਆਦਾ ਖਰਾਬੀ ਫੈਲੇਗੀ। ਮੇਰੀ ਗੁਜ਼ਾਰਿਸ਼ ਹੈ ਕਿ ਇਸ ਬਿਲ ਦਾ ਗਲਤ ਇਸਤੇਮਾਲ ਨਾ ਹੋਵੇ।

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਜਿਹੜੇ ਸ਼ੰਕੇ ਮੇਰੇ ਦੋਸਤਾਂ ਨੇ ਇਸ ਬਿਲ ਦੇ ਉਤੇ ਜ਼ਾਹਿਰ ਕੀਤੇ ਹਨ ਮੈਂ ਸਮਝਦਾ ਹਾਂ ਕਿ ਇਹ ਠੀਕ ਨਹੀਂ। ਉਨ੍ਹਾਂ ਨੇ ਇਹ ਐਕਟ ਠੀਕ ਤਰੀਕੇ ਨਾਲ ਪੜ੍ਹਿਆ ਨਹੀਂ। ਜੇ ਪੜ੍ਹ ਲੈਂਦੇ ਤਾਂ ਉਨ੍ਹਾਂ ਦੇ ਸ਼ੰਕੇ ਕਲੀਅਰ ਹੋ ਜਾਂਦੇ। ਇਸ ਤੋਂ ਪਹਿਲਾਂ ਕਿ ਮੈਂ ਡਾਂਗ ਸਾਹਿਬ, ਕਪੂਰ ਸਾਹਿਬ ਜਾਂ ਚੌਧਰੀ ਦਰਸ਼ਨ ਸਿੰਘ ਨੇ ਜੋ ਕੁਝ ਕਿਹਾ ਹੈ ਉਸ ਦੇ ਬਾਰੇ ਕੁਝ ਕਹਾਂ, ਮੈਂ ਚੋਪੜਾ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਹਰ ਇਕ ਗਲ ਉਨ੍ਹਾਂ ਨੂੰ ਪੁਲੀਟੀਕਲ ਵਿੰਡਿਕਟਿਵਨੈਸ ਨਾਲ ਨਹੀਂ ਲੈਣੀ ਚਾਹੀਦੀ। ਇਸ ਤਰ੍ਹਾਂ ਨਹੀਂ ਸੋਚਣਾ ਚਾਹੀਦਾ ਕਿ ਇਸ ਬਿਲ ਦੀ ਆੜ ਵਿਚ ਪੁਲੀਟੀਕਲ ਆਪੋਨੈਂਟਸ ਨੂੰ ਫੜਿਆ ਜਾਵੇਗਾ। ਇਸ ਵਿਚ ਗੁੰਡੇ ਦੀ ਡੈਫੀਨੀਸ਼ਨ ਦਿੱਤੀ ਹੈ। ਜੇ ਕੋਈ ਬਦਮਾਸ਼ ਕਿਸੇ ਪੁਲੀਟੀਕਲ ਪਾਰਟੀ ਦਾ ਮੈਂਬਰ ਹੈ ਤਾਂ ਉਹ ਇਸ ਐਕਟ ਥੱਲੇ ਆ ਜਾਵੇਗਾ। ਅਸੀਂ ਪੁਲਿਸ ਨੂੰ ਵੀ ਇਸ ਸਬੰਧ ਵਿਚ ਲਿਮਟਿਡ ਅਖਤਿਆਰ ਦਿੱਤੇ ਹਨ। ਇਸ ਦਾ ਫੈਸਲਾ ਪੁਲਿਸ ਨੇ ਨਹੀਂ ਕਰਨਾ ਸਗੋਂ ਮੈਜਿਸਟਰੇਟ ਨੇ ਕਰਨਾ ਹੈ। ਮੈਂ ਹਾਊਸ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਬਿਲ ਦਾ ਮਨਸ਼ਾ ਕਿਸੇ ਪੁਲੀਟੀਕਲ ਪਾਰਟੀ ਦੀ ਐਕਟਿਵਿਟੀਜ਼ ਨੂੰ ਰੋਕਣ ਵਾਸਤੇ ਨਹੀਂ। ਜੇ ਕੋਈ ਗੁੰਡਾ ਜਿਹੜਾ ਕਿ ਇਸ ਬਿਲ ਦੀ ਡੈਫੀਨੀਸ਼ਨ ਵਿਚ ਆਉਂਦਾ ਹੈ ਉਸ ਨੂੰ ਕਿਸੇ ਵੀ ਪਾਰਟੀ ਨੂੰ ਮੈਂਬਰ ਨਹੀਂ ਰੱਖਣਾ ਚਾਹੀਦਾ। ਐਸਾ ਆਦਮੀ ਕਿਸੇ ਪੁਲੀਟੀਕਲ ਪਾਰਟੀ ਦੇ ਫਿਟ ਨਹੀਂ।

**ਸ਼੍ਰੀ ਸਰਦਾਰੀ ਲਾਲ ਕਪੂਰ** : ਸਾਡੀ ਪਾਰਟੀ ਵਿਚ ਕੋਈ ਗੁੰਡਾ ਸ਼ਾਮਿਲ ਨਹੀਂ ਹੋ ਸਕਦਾ।

**ਮਾਲ ਅਤੇ ਚੋਣ ਮੰਤਰੀ** : ਮੈਂ ਕਹਿੰਦਾ ਹਾਂ ਕਿ ਨਹੀਂ ਰੱਖਣਾ ਚਾਹੀਦਾ। ਮੇਰੀ ਗੁਜ਼ਾਰਿਸ਼ ਇਹ ਹੈ ਕਿ ਮੈਂ ਕਿਸੇ ਵੀ ਪਾਰਟੀ ਦਾ ਨਾਂ ਨਹੀਂ ਲਿਆ। ਮੈਂ ਤਾਂ ਸਭ ਲਈ ਕਿਹਾ ਹੈ।

**ਸ਼੍ਰੀ ਸਪੀਕਰ** : ਆਪਣੇ ਆਪ ਤੇ ਸ਼ਕ ਨਾ ਕਰੋ।

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਇਥੇ ਸਾਰੇ ਆਨਰੇਬਲ ਮੈਂਬਰਜ਼ ਬੈਠੇ ਹਨ ਇਨ੍ਹਾਂ ਤੇ ਇਹ ਡੈਫੀਨੀਸ਼ਨ ਨਹੀਂ ਲਗ ਸਕਦੀ। ਮੈਂ ਕਪੂਰ ਸਾਹਿਬ ਨਾਲ ਬਿਲਕੁਲ ਸਹਿਮਤ ਨਹੀਂ। ਇਸ ਦੇ ਇਲਾਵਾ ਮੈਂ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਜੋ ਐਮਰਜੰਸੀ

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਦੇ ਗੋਨਜ਼ ਹਨ ਉਹ ਜ਼ਰੂਰ ਪਤੀਜ਼ਰਵ ਕਰਨੇ ਹਨ । ਉਨ੍ਹਾਂ ਨੂੰ ਪਰੀਜ਼ਰਵ ਕਰਨ ਵਾਸਤੇ ਇਹ ਬਿਲ ਬੜਾ ਮੁਫੀਦ ਹੋ ਸਕਦਾ ਹੈ। ਐਮਰਜੰਸੀ ਨਾਲ ਦੇਸ਼ ਨੂੰ ਬਹੁਤ ਲਾਭ ਹੋਏ ਹਨ । ਇਨ੍ਹਾਂ ਨੂੰ ਅਸੀਂ ਕਾਇਮ ਰੱਖਣਾ ਹੈ। ਇਨ੍ਹਾਂ ਦਾ ਸਾਡੇ ਵਾਸਤੇ ਆਉਣ ਵਾਲੇ ਸਮੇਂ ਵਿਚ ਹੋਰ ਵੀ ਬਹੁਤ ਜ਼ਿਆਦਾ ਮੁਫਾਦ ਹੋ ਸਕਦਾ ਹੈ । ਮੈਂ ਡਾਂਗ ਸਾਹਿਬ ਅਤੇ ਚੌਧਰੀ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਐਕਟ ਦੀਆਂ ਦੋ ਕੰਡੀਸ਼ਨਜ਼ ਹਨ । ਜਿਸ ਤੇ ਇਹ ਦੋ ਕੰਡੀਸ਼ਨਜ਼ ਪੂਰੀਆਂ ਹੋਣਗੀਆਂ ਉਨ੍ਹਾਂ ਤੇ ਇਹ ਐਕਟ ਲਾਗੂ ਹੋਵੇਗਾ। ਜਿਸਦੇ ਖਿਲਾਫ ਇਹ ਐਕਟ ਇਸਤੇਮਾਲ ਕੀਤਾ ਜਾਵੇਗਾ ਉਹ ਗੁੰਡੇ ਦੀ ਡੈਫੀਨੀਸ਼ਨ ਥੱਲੇ ਆਉਂਦਾ ਹੋਵੇ ਅਤੇ ਇਕ ਓਫੈਂਸ ਨਹੀਂ ਬਲਕਿ ਦੋ ਓਫੈਂਸ ਉਸ ਨੇ ਕੀਤੇ ਹੋਣ ਤਾਂ ਕਿ ਪਤਾ ਲਗੇ ਕਿ ਉਹ ਹੈਬੀਚੂਅਲ ਗੁੰਡਾ ਹੈ ।

**Chaudhri Darshan Singh** : Please read the Clause, 'who has been once convicted. The man who is nuisance to the society.' It means without conviction a man can be a goonda.

**Revenue and Elections Minister** : "Who has been once convicted of an offence under or one more of the following Acts is again convicted."

ਮੇਰੀ ਗੁਜ਼ਾਇਸ਼ ਇਹ ਹੈ ਕਿ ਜਿਹੜਾ ਇਹ ਕਹਿੰਦੇ ਹਨ ਕਿ ਕਨਵਿਕਸ਼ਨ ਤੋਂ ਬਿਨਾਂ ਵੀ ਕੋਈ ਗੁੰਡਾ ਹੋ ਸਕਦਾ ਹੈ, ਉਸਦੇ ਲਈ 294 ਦੀ ਧਾਰਾ ਹੈ । ਉਹ ਇਨ੍ਹਾਂ ਨੂੰ ਵੀ ਪਤਾ ਹੈ ਕਿ ਉਹ ਓਫੈਂਸ ਕੀ ਹੁੰਦਾ ਹੈ, ਉਹ ਕਿਸ ਤਰ੍ਹਾਂ ਦੇ ਆਦਮੀਆਂ ਤੇ ਲੱਗਦਾ ਹੈ । ਇਹ ਇਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਹੈ। ਮੇਰੀ ਗੁਜ਼ਾਰਿਸ਼ ਇਹ ਹੈ ਕਿ ਗੁੰਡੇ ਦੀ ਡੈਫੀਨੀਸ਼ਨ ਜਾਣਨ ਲਈ ਇਹ ਸੈਕਸ਼ਨ 103 ਪੜ੍ਹ ਲੈਣ ।

"Where a district Magistrate receives information from the District Superintendent of Police or any department of State Government or the Central Govern ment that any person is a Goonda and that his movements or acts in the district or any part thereof are causing or are calculated or likely to cause alarm. danger or harm to persons or property, the district Magistrate may, in the manner, hereinafter provided, require such person to show cause why he should not be ordered to remove himself outside the area or any part thereof within the local limits of his jurisdiction."

ਤੇ ਮੇਰੀ ਗੁਜ਼ਾਰਿਸ਼ ਇਹ ਹੈ ਕਿ ਪਰਸਨ ਔਰ ਪਰਾਪਰਟੀ ਦੋਨਾਂ ਚੀਜ਼ਾਂ ਜਿਹੜੀਆਂ ਕਿ ਸਾਡੇ ਵਾਸਤੇ ਬੜੀਆਂ ਭਾਰੀਆਂ ਸੇਕਰਿਡ ਹਨ, ਜਿਨ੍ਹਾਂ ਨੂੰ ਸੇਵ ਕਰਨ ਵਾਸਤੇ .......

**ਸਰਦਾਰ ਬੇਅੰਤ ਸਿੰਘ** : ਮੈਂ ਮਨਿਸਟਰ ਸਾਹਿਬ ਤੋਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਕ ਗੁੰਡਾ ਇਕ ਜ਼ਿਲ੍ਹੇ ਵਿਚੋਂ ਰਿਮੂਵ ਹੋ ਜਾਵੇਗਾ ਤਾਂ ਕੀ ਉਹ ਆਪਣਾ ਗੁੰਡਾਪਨ ਦੂਜੇ ਜ਼ਿਲ੍ਹੇ ਵਿਚ ਜਾ ਕੇ ਛੱਡ ਦੇਵੇਗਾ ?

**ਸ੍ਰੀ ਸਪੀਕਰ** : ਮਨਿਸਟਰ ਸਾਹਿਬ, ਜਵਾਬ ਦੇ ਰਹੇ ਹਨ ।

Original with;
Punjab Vidhan Sabha
Digitized by;
Panjab Digital Library

ਮਾਲ ਅਤੇ ਚੋਣ ਮੰਤਰੀ : ਜੋ ਕੰਡੀਸ਼ਨਜ਼ ਇਸ ਓਫੈਂਸ ਦੇ ਅੰਦਰ ਆਉਣ ਵਾਸਤੇ ਜ਼ਰੂਰੀ ਹਨ । ਜਿਥੋਂ ਤਕ ਰਿਮੂਵ ਕਰਨ ਦਾ ਤਾਅਲੁਕ ਹੈ, ਕਿਉਂਕਿ ਇਹ ਜਿਹੜਾ ਓਫੈਂਸ ਸੈਕਸ਼ਨ 3 ਵਿਚ ਦੱਸਿਆ ਗਿਆ ਹੈ ਕਿ ਉਸ ਦੀਆਂ ਐਕਟਿਵਿਟੀਜ਼ ਕੀ ਹੋਣ ਤਾਂ *ਉਸ ਨੂੰ ਉਸ ਏਰੀਆ ਵਿਚੋਂ ਰਿਮੂਵ ਕੀਤਾ ਜਾਵੇਗਾ। ਜਿਹੜੀਆਂ ਐਕਟਿਵਿਟੀਜ਼ ਇਸ ਸੈਕਸ਼ਨ ਵਿਚ ਦਿਤੀਆਂ ਹੋਈਆਂ ਹਨ ਉਹ ਕੋਈ ਕਰਦਾ ਹੋਵੇ ਤਾਂ ਉਸ ਨੂੰ ਬਾਹਰ ਭੇਜ ਦਿੱਤਾ ਜਾਵੇ ਅਤੇ ਉਹ ਆਦਮੀ ਉਥੇ ਜਾ ਕੇ ਕੁਝ ਨਾ ਕਰ ਸਕੇ ਕਿਉਂਕਿ ਇਹ ਐਸੇ ਓਫੈਂਸ ਹਨ ਕਿ ਕੋਈ ਅਗਰ ਇਨ੍ਹਾਂ ਨੂੰ ਲੋਕਲੀ ਕਰਦਾ ਹੋਵੇ, ਆਪਣੇ ਦੋਸਤਾਂ ਦੇ ਨਾਲ ਮਿਲਕੇ ਕਰਦਾ ਹੋਵੇ, ਹੋਰਨਾਂ ਆਦਮੀਆਂ ਦੀ ਕਨਾਈਵੈਂਸ ਨਾਲ ਕੋਈ ਗੁੰਡਾ ਗਰਦੀ ਕਰਦਾ ਹੋਵੇ, ਇਸ ਬਿਲ ਵਿਚ ਸਭ ਕੁਝ ਲਿਖਿਆ ਹੋਇਆ ਹੈ ਤਾਂ ਇਹ ਹੋਵੇਗਾ ਕਿ ਜੋ ਉਸ ਆਦਮੀ ਦਾ ਏਰੀਆ ਆਫ ਉਪਰੇਸ਼ਨ ਹੈ, ਉਹ ਬਦਲ ਜਾਵੇਗਾ ਅਤੇ ਉਹ ਬਾਹਰ ਜਾ ਕੇ ਇਸ ਤਰ੍ਹਾਂ ਦੀਆਂ ਕੋਈ ਐਕਟਿਵਿਟੀਜ਼ ਨਹੀਂ ਕਰ ਸਕੇਗਾ । ਜਿਹੜਾ ਇਕ ਆਦਮੀ ਇਕ ਜਗ੍ਹਾ, ਲੋਕਲੀ ਕੋਈ ਓਫੈਂਸ ਕਰਦਾ ਹੈ, ਉਹ ਬਾਹਰ ਜਾ ਕੇ ਨਹੀਂ ਕਰ ਸਕੇਗਾ । ਫਿਰ ਜਿਹੜਾ ਕੋਈ ਸਮਗਲਿੰਗ ਵਗੈਰਾ ਕਰਦਾ ਹੋਵੇ, ਜਿਸ ਤਰ੍ਹਾਂ ਚੌਧਰੀ ਦਰਸ਼ਨ ਸਿੰਘ ਜੀ ਨੇ ਕਿਹਾ ਹੈ, ਕੋਈ ਅਡੱਲਟਰੇਸ਼ਨ ਕਰਦਾ ਹੈ, ਅਸੈਂਸ਼ਲ ਕਾਮੋਡਿਟੀਜ਼ ਵਿਚ ਹੇਰਾ ਫੇਰੀ ਕਰਦਾ ਹੈ ਜਾਂ ਫਾਰੇਨ ਐਕਸਚੇਂਜ ਦਾ ਕਾਰੋਬਾਰ ਕਰਦਾ ਹੈ ਤਾਂ ਉਸ ਤੇ ਕੰਸਰਨਡ ਐਕਟ ਦੇ ਥੱਲੇ ਉਸ ਦੇ ਖਿਲਾਫ ਕਾਰਵਾਈ ਹੋ ਸਕਦੀ ਹੈ । ਸੋ ਇਸ ਐਕਟ ਦਾ ਮੰਤਵ ਤਾਂ ਇਹ ਹੈ ਕਿ ਅਗਰ ਕਿਸੇ ਇਲਾਕੇ ਵਿਚ ਕਿਸੇ ਆਦਮੀ ਦੀਆਂ ਐਕਟਿਵਿਟੀਜ਼ ਠੀਕ ਨਹੀਂ ਹਨ ਅਤੇ ਲੋਕਾਂ ਵਾਸਤੇ ਖਤਰਨਾਕ ਹੋ ਸਕਦੀਆਂ ਹਨ ਤਾਂ ਉਸ ਆਦਮੀ ਨੂੰ ਉਸ ਇਲਾਕੇ ਵਿਚੋਂ ਰਿਮੂਵ ਕਰਨਾ ਹੈ ।

ਮਾਸਟਰ ਚੰਦ ਸਿੰਘ : ਆਨ-ਏ-ਪੁਆਇੰਟ ਆਫ ਆਰਡਰ, ਸਰ ।** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਮਾਲ ਅਤੇ ਚੋਣ ਮੰਤਰੀ : ਜੇ ਕੋਈ ਇਸ ਤਰ੍ਹਾਂ ਦੀ ਕਾਰਵਾਈ ਕਰਦਾ ਹੈ ਤਾਂ ਉਸ ਤੇ ਕੰਸਰਨਡ ਐਕਟ ਲਾਗੂ ਹੋਵੇਗਾ । ਇਸ ਬਿਲ ਦਾ ਇਹ ਮਤਲਬ ਹੈ ਕਿ ਜੇ ਕੋਈ ਆਪਣੇ ਇਲਾਕੇ ਵਿਚ ਜੁਰਮ ਕਰਦਾ ਹੈ ਅਗਰ ਆਪਣੇ ਇਲਾਕੇ ਵਿਚ ਗੁੰਡਾ ਗਰਦੀ ਕਰਦਾ ਹੈ, ਇਲਾਕੇ ਦੇ ਲੋਕਾਂ ਨੂੰ ਤੰਗ ਕਰਦਾ ਹੈ, ਪਰਾਪਰਲੀ ਡਿਸਟਰਬ ਕਰਦਾ ਹੈ, ਉਸ ਤੇ ਲਾਗੂ ਹੋਵੇਗਾ ।

Mr. Speaker : Question is—

That the Punjab Prevention of Anti-social and Hazardous Activities Bill be taken into consideration at once.

*The motion was carried*

Mr. Speaker : Now the House will proceed to consider the Bill clause by clause.

Sub-clause (2) of Clause 1, Clauses 2, 3, 4, 5, 6, 7, 8, 9, 10, 11, 12 and Sub-clause (1) of Clause 1.

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker**: Question is—

That Sub-clause (2) of Clause 1, Clauses 2, 3, 4, 5, 6, 7, 8, 9, 10, 11, 12 and Sub-clause (1) of Clause 1 stand part of the Bill.

*The motion was carried.*

TITLE

**Mr. Speaker** : Question is—

That Title be the Title of the Bill.

*The motion was carried.*

**Revenue and Elections Minister (Sardar Umrao Singh)** : Sir, I beg to move—

That the Punjab Prevention of Anti-social and Hazardous Activities Bill be passed.

**Mr. Speaker**: Motion moved—

That the Punjab Prevention of Anti—social and Hazardous Activities Bill be passed.

**Mr. Speaker** Question is—

That the Punjab Prevention of Anti-social and Hazardous Activities Bill be passed.

*The motion was carried.*

THE PUNJAB AGRICULTURAL PRODUCE MARKETS (AMENDMENT AND VALIDATION) BILL, 1976.

**Agriculture and Forest Minister (Master Gurbanta Singh)** : Sir, I beg to introduce the Punjab Agricultural Produce Markets (Amendment and Validation) Bill.

Sir, I also beg to move—

That the Punjab Agricultural Produce Markets (Amendment and Validation) Bill, be taken into consideration at once.

**Mr. Speaker** : Motion moved—

That the Punjab Agricultural Produce Markets (Amendment and Validation) Bill, be taken into consideration at once.

**Mr. Speaker** : Question is—

That the Punjab Agricultural Produce Markets (Amendment and Validation ) Bill, be taken into consideration at once.

*The motion was carried.*

Original with;
Punjab Vidhan Sabha
Digitized by;
Panjab Digital Library

**Mr. Speaker :** Now the House will proceed to consider the Bill clause by clause. There is a printing mistake in sub-clause (1) of clause 6.

In line 8, the words "principal Act by this Act" will read as "principal Act by sections 2 and 3 of this Act."

CLAUSES 2, 3, 4, 5, 6 7, 8 and 1

**Mr. Speaker :** Question is—

> That Clauses 2, 3, 4, 5, 6, 7, 8 and 1 stand part of the Bill.

*The motion was carried.*

TITLE

**Mr. Speaker :** Question is—

> That Title be the Title of the Bill.

*The motion was carried.*

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਤੁਸੀਂ ਕਲਾਜ਼ਾਂ ਬਿਲਾਂ ਦੀਆਂ ਇਕੱਠੀਆਂ ਪਾਸ ਕਰ ਲਈਆਂ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੀ ਅਸੀਂ ਇਸ ਤਰ੍ਹਾਂ ਇਕੱਠੀਆਂ ਕਲਾਜ਼ਾਂ ਪਾਸ ਕਰ ਸਕਦੇ ਹਾਂ ? ਇਸ ਬਾਰੇ ਹਾਊਸ ਨੂੰ ਪੁਛ ਲਿਆ ਜਾਵੇ ਤਾਂ ਠੀਕ ਹੈ, ਬਗੈਰ ਹਾਊਸ ਦੀ ਮਰਜ਼ੀ ਤੋਂ ਅਸੀਂ ਇਸ ਤਰ੍ਹਾਂ ਨਹੀਂ ਕਰ ਸਕਦੇ।

**ਸ਼੍ਰੀ ਸਪੀਕਰ :** ਕਿਸੇ ਨੇ ਕੋਈ ਆਬਜੈਕਸ਼ਨ ਨਹੀਂ ਕੀਤਾ। **Mr. Speaker :**

Is it the pleasure of the House ?

Voices : Yes, yes.

**Agriculture and Forest Minister (Master Gurbanta Singh) :** Sir, I beg to move—

> That the Punjab Agricultural Produce Markets (Amendment and Validation) Bill, be passed.

**Mr. Speaker :** Motion moved—

> That the Punjab Agricultural Produce Markets (Amendment and Validation) Bill, be passed.

**Mr. Speaker :** Question is—

> That the Punjab Agricultural Produce Markets (Amendment and Validation) Bill, be passed.

*The motion was carried.*

Original with;
Punjab Vidhan Sabha
Digitized by;
Panjab Digital Library

## THE PUNJAB MUNICIPAL CORPORATION BILL, 1976

**Finance Minister** (Shri Hans Raj Sharma): Sir, I beg to introduce the Punjab Municipal Corporation Bill.

Sir, I also beg to move—

> That the Punjab Municipal Corporation Bill, be taken into consideration at once.

**Mr. Speaker** : Motion Moved—

> That the Punjab Municipal Corporation Bill, be take into consideration at once.

**ਕਾਮਰੇਡ ਸੱਤ ਪਾਲ ਡਾਂਗ** (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਮੈਂ ਇਕ ਬੇਨਤੀ ਕੱਲ ਕੀਤੀ ਸੀ, ਮੈਂ ਪਹਿਲਾਂ ਉਸ ਨੂੰ ਹੀ ਦੁਹਰਾਉਣਾ ਚਾਹੁੰਦਾ ਹਾਂ। ਇਹ ਬਿਲ ਪਹਿਲਾਂ ਵੀ ਇਕ ਦਫਾ ਅੰਮ੍ਰਿਤਸਰ ਅਤੇ ਲੁਧਿਆਣਾ ਵਿਚ ਕਾਰਪੋਰੇਸ਼ਨ ਬਣਾਉਣ ਲਈ ਔਰ ਹੋਰ ਸ਼ਹਿਰਾਂ ਦੇ ਵਿਚ ਜਿਹੜੇ ਕਿ ਘੱਟ ਤੋਂ ਘੱਟ ਸ਼ਰਤਾਂ ਪੂਰੀਆਂ ਕਰਨ, ਉਨ੍ਹਾਂ ਵਿਚ ਕਾਰਪੋਰੇਸ਼ਨ ਬਣਾਉਣ ਲਈ ਅਖਤਿਆਰ ਲੈਣ ਲਈ ਬਣਾਇਆ ਗਿਆ ਸੀ। ਇਕ ਡਰਾਫਟ ਪਹਿਲਾਂ ਅਸੈਂਬਲੀ ਵਿਚ ਸਰਕੁਲੇਟ ਹੋਇਆ ਸੀ ਤੇ ਸਰਕਾਰ ਨੇ ਉਸ ਨੂੰ ਵਾਪਸ ਲੈ ਲਿਆ ਸੀ।

**ਵਿੱਤ ਮੰਤਰੀ** (ਸ਼੍ਰੀ ਹੰਸ ਰਾਜ ਸ਼ਰਮਾ) : ਮੂਵ ਹੀ ਨਹੀਂ ਕੀਤਾ ਗਿਆ ਸੀ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਹਾਊਸ ਦੇ ਮੈਂਬਰਾਂ ਦੇ ਕਹਿਣ ਤੇ ਉਥੇ ਮੰਨਿਆ ਗਿਆ ਕਿ ਇਕ ਕਮੇਟੀ ਬਣਾਈ ਜਾਵੇ ਅਤੇ ਉਸ ਕਮੇਟੀ ਦੇ ਵਿਚ, ਜਿਹੜਾ ਬਿਲ ਦਾ ਮਸੌਦਾ ਬਣਾਇਆ ਗਿਆ ਸੀ, ਉਸ ਤੇ ਕੁਝ ਘੋਖ ਕੀਤੀ ਜਾਵੇ ਅਤੇ ਉਸ ਦੇ ਵਿਚ ਜਿਹੜੀਆਂ ਤਜਵੀਜ਼ਾਂ ਆਉਣ, ਸਰਕਾਰ ਜਿਨ੍ਹਾਂ ਨਾਲ ਸਹਿਮਤ ਹੋਵੇ, ਉਹ ਸਰਕਾਰ ਮੰਨ ਲਵੇ ਅਤੇ ਨਵੇਂ ਸਿਰਿਉਂ ਇਕ ਡਰਾਫਟ ਬਣਾ ਕੇ ਇਕ ਨਵਾਂ ਬਿਲ ਪੇਸ਼ ਕੀਤਾ ਜਾਵੇ। ਉਹ ਕਮੇਟੀ ਬਣੀ, ਮੈਂ ਵੀ ਉਸ ਦਾ ਮੈਂਬਰ ਸੀ। ਉਸ ਕਮੇਟੀ ਦੀਆਂ ਦੋ ਮੀਟਿੰਗਜ਼ ਹੋਈਆਂ। ਇਨ੍ਹਾਂ ਮੀਟਿੰਗਜ਼ ਦੇ ਵਿਚ ਜਿਹੜੀਆਂ ਅਸੀਂ ਕੁਝ ਤਰਮੀਮਾਂ ਪਹਿਲੇ ਡਰਾਫਟ ਦੇ ਵਿਚੋਂ ਪੜ੍ਹ ਕੇ ਦਿਤੀਆਂ ਸਨ, ਉਨ੍ਹਾਂ ਉਤੇ ਵਿਚਾਰ ਹੋਇਆ ਅਤੇ ਸਰਕਾਰ ਨੇ ਕਿਹਾ ਕੁਝ ਮੰਨ ਲਵਾਂਗੇ ਅਤੇ ਕੁਝ ਨਹੀਂ ਮੰਨਾਂਗੇ। ਇਹ ਪਹਿਲਾਂ ਡਰਾਫਟ ਵੀ ਇਥੇ ਦਿਤਾ ਗਿਆ ਸੀ ਔਰ ਬਾਅਦ ਵਿਚ ਵਾਪਸ ਲੈ ਲਿਆ ਗਿਆ ਸੀ। ਸਪੀਕਰ ਸਾਹਿਬ, ਇਹ ਬਿਲ ਇਕ ਐਡੀ ਵਡੀ ਕਿਤਾਬ ਦੀ ਸ਼ਕਲ ਵਿਚ ਹੈ ਅਤੇ ਇਸ ਨੂੰ ਪੜ੍ਹਨ ਦਾ ਸਮਾਂ ਨਹੀਂ ਮਿਲਿਆ ਅਤੇ ਮੈਂ ਇਹ ਕਹਿ ਸਕਦਾ ਹਾਂ ਕਿ ਕਿਸੇ ਇਕ ਮੈਂਬਰ ਨੇ ਇਹ ਸਾਰਾ ਪੜ੍ਹ ਕੇ ਇਸ ਤੇ ਤਰਮੀਮਾਂ ਦਿਤੀਆਂ ਹੋਣ, ਐਸੀ ਗਲ ਨਹੀਂ ਸੀ।

ਕਮੇਟੀ ਦੇ ਵਿਚ ਇਹ ਗਲ ਨਹੀਂ ਮੰਨੀ ਗਈ ਕਿ ਕਲਾਜ਼ ਬਾਈ ਕਲਾਜ਼ ਬਹਿਸ ਕਰਾਂਗ। ਪਰ ਜਿਹੜੀਆਂ ਇਥੇ ਤਰਮੀਮਾਂ ਰਖੀਆਂ ਗਈਆਂ ਸਨ ਉਸ ਦੇ ਅਧਾਰ ਤੇ ਡਿਸਕਸ਼ਨ ਕੀਤੀ ਗਈ। ਉਸ ਵਿਚੋਂ ਸਰਕਾਰ ਨੇ ਕੁਝ ਤਰਮੀਮਾਂ ਮੰਨ ਲਈਆਂ ਅਤੇ ਕੁਝ ਨਹੀਂ ਮੰਨੀਆਂ ਗਈਆਂ ਜਾਂ ਸਰਕਾਰ ਨੇ ਆਪਣੇ ਤੌਰ ਤੇ ਉਸ ਵਿਚ ਕੁਝ ਤਬਦੀਲੀਆਂ ਕੀਤੀਆਂ। ਜਿਸ ਲਈ ਅਸੀਂ ਸ਼ਰਮਾ ਜੀ ਦਾ ਧੰਨਵਾਦ ਕਰਦੇ ਹਾਂ।

Original with;
Punjab Vidhan Sabha
Digitized by;
Panjab Digital Library

ਪਰ, ਸਪੀਕਰ ਸਾਹਿਬ, ਜਿਹੜੀ ਗਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਇਹ ਬਿਲ ਅੱਜ ਸਵੇਰੇ 7 ਵਜੇ ਅੰਗ੍ਰੇਜ਼ੀ ਵਿਚ, ਹੋਸਟਲ ਵਿਚ; ਮੈਂਬਰਾਂ ਨੂੰ ਵੰਡਿਆ ਗਿਆ ਅਤੇ ਇਸ ਦਾ ਪੰਜਾਬੀ ਵਿਚ ਅੱਜ ਹੁਣ ਤੋਂ 45 ਮਿੰਟ ਪਹਿਲਾ ਹਾਊਸ ਵਿਚ ਹੀ ਮੈਂਬਰਾਂ ਨੂੰ ਵੰਡਿਆ ਗਿਆ। ਇਹ ਠੀਕ ਹੈ ਕਿ ਕੱਲ ਜਦੋਂ ਸੈਸ਼ਨ ਉਠਿਆ ਤਾਂ ਕੁਝ ਮੈਂਬਰਾਂ ਨੂੰ ਕਿਹਾ ਗਿਆ ਕਿ ਇਸ ਬਿਲ ਦੀਆਂ ਕਾਪੀਆਂ ਪ੍ਰੈਸ ਵਿਚੋਂ ਆ ਗਈਆਂ ਹਨ ਅਤੇ ਜੇ ਉਹ ਚਾਹੁਣ ਤਾਂ ਲੈ ਜਾਣ। ਪਰ ਜਿਹੜੀਆਂ ਕਾਪੀਆਂ ਲੈ ਗਏ ਉਸ ਦੇ ਵਿਚ ਜਿਹੜੀਆਂ ਛਾਪੇ ਵਿਚ 200 ਜਾਂ 300 ਗਲਤੀਆਂ ਰਹਿ ਗਈਆਂ ਸਨ ਉਨ੍ਹਾਂ ਦੀ ਕਾਪੀ ਅੱਜ ਸਵੇਰੇ ਸੱਤ ਵਜੇ ਮਿਲੀ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਲੈਜਿਸਲੇਸ਼ਨ ਨੂੰ ਰਸ਼ ਥਰੂ ਨਹੀਂ ਕਰਨਾ ਚਾਹੀਦਾ। ਰੂਲ ਤਾਂ ਇਹ ਹੈ ਕਿ ਕੋਈ ਲੈਜਿਸਲੇਸ਼ਨ ਲਿਆਉਣ ਤੋਂ ਪਹਿਲਾਂ 3 ਦਿਨ ਦਾ ਵਕਫ਼ਾ ਚਾਹੀਦਾ ਹੈ। ਉਹ ਬਿਲ 3 ਦਿਨ ਪਹਿਲਾਂ ਮੈਂਬਰਾਂ ਦੇ ਹੱਥਾਂ ਵਿਚ ਹੋਣਾ ਚਾਹੀਦਾ ਹੈ ਤਾਕਿ ਮੈਂਬਰਾਂ ਕੋਲ ਸਮਾਂ ਹੋਵੇ ਕਿ ਉਹ ਉਸ ਨੂੰ ਪੜ੍ਹ ਸਕਣ ਅਤੇ ਉਸ ਤੇ ਵਿਚਾਰ ਕਰ ਸਕਣ ਅਤੇ ਜੋ ਵੀ ਤਰਮੀਮਾਂ ਵਗੈਰਾ ਦੇਣਾ ਚਾਹੁਣ ਉਹ ਸਮੇਂ ਸਿਰ ਦੇ ਸਕਣ। ਸਪੀਕਰ ਸਾਹਿਬ, ਇਹੀ ਤਾਂ ਸਮਾਂ ਹੈ ਜਿਹੜਾ ਕਿ ਅਸੈਂਬਲੀ ਦੀ ਆਮ ਲੈਜਿਸਲੇਸ਼ਨ ਹੋਵੇ ਪਰ ਇਹੋ ਜਿਹੇ ਲੰਬੇ ਬਿਲ ਲਈ ਤਾਂ 3 ਦਿਨ ਤੋਂ ਵੀ ਵੱਧ ਸਮਾਂ ਹੋਣਾ ਚਾਹੀਦਾ ਹੈ ਅਤੇ ਜੇ ਸਮਾਂ ਨਹੀਂ ਦੇਣਾ ਤਾਂ ਕੋਈ ਸਿਲੈਕਟ ਕਮੇਟੀ ਬਣਾ ਦੇਣੀ ਚਾਹੀਦੀ ਹੈ ਜਿਸ ਨੂੰ 15 ਦਿਨਾਂ ਦਾ ਵਕਫ਼ਾ ਦਿੱਤਾ ਜਾਵੇ। ਉਹ ਕਮੇਟੀ ਉਸ ਤੇ ਗੌਰ ਕਰੇ ਅਤੇ ਫਿਰ ਉਸ ਬਿਲ ਨੂੰ ਅਸੈਂਬਲੀ ਵਿਚ ਲਿਆਂਦਾ ਜਾਵੇ ਤਾਂ ਉਹ ਲੈਜਿਸਲੇਸ਼ਨ ਚੰਗੀ ਹੋਵੇਗੀ ਨਹੀਂ ਤਾਂ ਜਿਸ ਤਰ੍ਹਾਂ ਪਹਿਲੇ ਇਥੇ ਪੰਜਾਬ ਐਗਰੀਕਲਚਰਲ ਬਿਲ ਪੇਸ਼ ਹੋਇਆ ਹੈ, ਮੈਂ ਕੈਪਟਨ ਸਾਹਿਬ ਨੂੰ ਪੁਛਿਆ ਕਿ ਤੁਸੀਂ ਇਸ ਬਿਲ ਤੇ ਕਿਉਂ ਨਹੀਂ ਬੋਲਦੇ ਇਹ ਤਾਂ ਤੁਹਾਡੇ ਨਾਲ ਸਬੰਧ ਰਖਦਾ ਹੈ ਤਾਂ ਉਹ ਕਹਿਣ ਲਗੇ ਕਿ ਅੱਜ ਸਵੇਰੇ 7 ਵਜੇ ਇਹ ਬਿਲ ਮਿਲਿਆ ਹੈ ਹਾਲੇ ਇਸ ਨੂੰ ਪੜ੍ਹਿਆ ਹੀ ਨਹੀਂ ਤਾਂ ਬੋਲਾਂਗਾ ਕੀ। ਇਸੇ ਤਰ੍ਹਾਂ ਹੀ ਇਸ ਬਿਲ ਦਾ ਹਾਲ ਹੋਵੇਗਾ। ਜੋ ਬਿਲ ਇਹ ਸਰਕਾਰ ਲੈ ਆਈ ਹੈ, ਮੈਂ ਇਸ ਦੇ ਵਾਸਤੇ ਆਪਣੇ ਮੈਂਬਰ ਸਾਹਿਬਾਨ ਤੋਂ ਪੁੱਛਦਾ ਹਾਂ ਕਿ ਕੀ ਕੋਈ ਮੈਂਬਰ ਇਸ ਦੇ ਉਤੇ ਬਹਿਸ ਕਰਨ ਨੂੰ ਤਿਆਰ ਹੈ? ਮੇਰੇ ਖਿਆਲ ਵਿਚ ਸ਼ਾਇਦ ਕੋਈ ਤਿਆਰ ਨਹੀਂ ਹੋਵੇਗਾ। ਠੀਕ ਹੈ ਮੈਂ ਕੋਈ ਫਾਰਮਲ ਮੋਸ਼ਨ ਤਾਂ ਨਹੀਂ ਦਿੱਤੀ ਸਿਲੈਕਟ ਕਮੇਟੀ ਬਣਾਉਣ ਵਾਸਤੇ ਪਰ ਜੇ ਤੁਸੀਂ ਇਸ ਨਾਲ ਇਨਸਾਫ਼ ਕਰਨਾ ਹੈ ਤਾਂ ਇਹ ਤਰੀਕਾ ਠੀਕ ਨਹੀਂ ਹੈ।

ਦੂਜੀ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਕਮੇਟੀ ਦੀ ਜਗ੍ਹਾ ਤੇ ਕਾਰਪੋਰੇਸ਼ਨ ਬਣਾਉਣਾ ਇਹ ਇੱਕ ਬੜੀ ਵੱਡੀ ਗਲ ਹੈ, ਇਸ ਨਾਲ ਹਰ ਆਦਮੀ ਖੁਸ਼ ਹੁੰਦਾ ਹੈ ਅਤੇ ਮੈਂ ਵੀ ਖੁਸ਼ ਹਾਂ। ਲੁਧਿਆਣੇ ਅਤੇ ਅੰਮ੍ਰਿਤਸਰ ਵਿਚ ਜਿਸ ਦਿਨ ਸਰਕਾਰ ਨੋਟੀਫਿਕੇਸ਼ਨ ਕਰ ਦੇਵੇਗੀ, ਕਾਰਪੋਰੇਸ਼ਨਾਂ ਬਣ ਜਾਣਗੀਆਂ। ਪਰ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸ਼ਰਤਾਂ ਇਨ੍ਹਾਂ ਨੇ ਕਾਰਪੋਰੇਸ਼ਨ ਬਣਾਉਣ ਵਾਸਤੇ ਰਖੀਆਂ ਹਨ, ਪਟਿਆਲੇ ਦੀ ਗਲ ਤਾਂ ਮੈਂ ਨਹੀਂ ਕਰਦਾ ਪਰ ਜਲੰਧਰ ਉਸ ਨੂੰ ਜ਼ਰੂਰ ਪੂਰੀਆਂ ਕਰਦਾ ਹੈ ਤਾਂ ਫਿਰ ਜਲੰਧਰ ਨੂੰ ਕਿਉਂ ਨਹੀਂ ਇਸ ਵਿਚ ਲਿਆ ਗਿਆ ? ਲੁਧਿਆਣੇ ਵਿਚ ਕਮੇਟੀ ਸਸਪੈਂਡਿਡ ਹੈ ਅਤੇ ਐਡਮਨਿਸਟਰੇਟਰ ਸਾਹਿਬ ਲਗੇ ਹੋਏ ਹਨ। ਅੰਮ੍ਰਿਤਸਰ ਵਿਚ ਕਮੇਟੀ ਸਸਪੈਂਡਿਡ ਹੈ ਅਤੇ ਐਡਮਨਿਸਟਰੇਟਰ ਸਾਹਿਬ ਲਗੇ ਹੋਏ ਹਨ। ਪਰ ਜਲੰਧਰ ਵਿਚ ਕਮੇਟੀ ਹੈ, ਇਹ ਚਾਹੁੰਦੇ ਹਨ ਕਿ ਉਥੇ ਕਮੇਟੀ ਰਹੇ ਕਾਰਪੋਰੇਸ਼ਨ ਨਾ ਬਣੇ। ਪਤਾ ਨਹੀਂ ਇਹ ਗਲ ਹੈ ਕਿ ਜਿਹੜੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਹੁਣ ਕਮੇਟੀ ਦੇ ਮੈਂਬਰ ਹਨ ਉਹ ਸ਼ਾਇਦ ਕਾਰਪੋਰੇਸ਼ਨ ਵਿਚ ਨਾ ਆਉਣ । ਪਰ ਮੈਂ ਇਹ ਕਹਿੰਦਾ ਹਾਂ ਕਿ ਕਾਰਪੋਰੇਸ਼ਨ ਬਣਾਉਣ ਵਾਸਤੇ ਇਕ ਕਰਾਈਟੇਰੀਆ ਹੋਣਾ ਚਾਹੀਦਾ ਹੈ । ਸਪੀਕਰ ਸਾਹਿਬ, ਜਿਹੜੇ ਵੀ ਸ਼ਹਿਰ ਕਾਰਪੋਰੇਸ਼ਨ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਉਥੇ ਕਾਰਪੋਰੇਸ਼ਨ ਕਿਉਂ ਨਾ ਬਣਾਈ ਜਾਵੇ ? ਮੇਰੀ ਸਮਝ ਵਿਚ ਇਹ ਗਲ ਨਹੀਂ ਆਈ ਕਿ ਜਲੰਧਰ ਵਿਚ ਇਹ ਕਾਰਪੋਰੇਸ਼ਨ ਕਿਉਂ ਨਹੀਂ ਬਣਾਈ ਜਾ ਰਹੀ ? ਇਹ ਜਿਹੜੀ ਡਿਸਕਰੀਮੀਨੇਸ਼ਨ ਹੈ ਇਹ ਕਿਉਂ ਹੈ, ਜਲੰਧਰ ਦਾ ਕੀ ਕਸੂਰ ਹੈ ? ਇਸ ਦਾ ਸਾਨੂੰ ਜਵਾਬ ਨਹੀਂ ਮਿਲਿਆ ਔਰ ਜੇ ਕਾਰਪੋਰੇਸ਼ਨ ਬਣਨ ਨਾਲ ਕੋਈ ਹੋਰ ਡਰ ਹੈ ਤਾਂ ਫਿਰ ਲੁਧਿਆਣੇ ਅਤੇ ਅੰਮ੍ਰਿਤਸਰ ਦਾ ਕੀ ਕਸੂਰ ਹੈ ? ਇਹ ਸਭ ਵਾਸਤੇ ਇਕੋ ਜਿਹਾ ਹੋਣਾ ਚਾਹੀਦਾ ਹੈ । ਇਸ ਬਾਰੇ ਬਹੁਤ ਚਰਚਾ ਹੋ ਰਹੀ ਹੈ । ਇਹ ਚਰਚਾ ਕਈ ਕਿਸਮ ਦੀ ਹੈ । ਕਈ ਸੋਚਦੇ ਹਨ ਕਿ ਅਗਰ ਕਾਰਪੋਰੇਸ਼ਨ ਬਣ ਜਾਵੇ ਤਾਂ ਫਿਰ ਹੱਦ ਵੀ ਵੱਧ ਜਾਵੇਗੀ ਅਤੇ ਇਸ ਦੇ ਨਾਲ ਕਈ ਫਰਮਾਂ ਉਸ ਹੱਦ ਵਿਚ ਆ ਜਾਣਗੀਆਂ ਅਤੇ ਕਈ ਫਰਮਾਂ ਨਹੀਂ ਆਉਣਗੀਆਂ । ਇਕ ਕਮੇਟੀ ਜਿਹੜੀ ਕੰਮ ਕਰ ਰਹੀ ਹੈ ਉਸ ਬਾਰੇ ਲੋਕਾਂ ਵਿਚ ਖ਼ਿਆਲ ਹੋਵੇਗਾ ਕਿ ਇਹ ਰੂਲਿੰਗ ਪਾਰਟੀ ਦੀ ਕਮੇਟੀ ਹੈ ਤਾਂ ਹੀ ਇਹ ਕਮੇਟੀ ਕੰਮ ਕਰ ਰਹੀ ਹੈ ਇਹ ਲੋਕਾਂ ਵਿਚ ਕਾਨਫੀਡੈਂਸ ਹੋਵੇਗਾ । ਇਸ ਲਈ ਮੈਂ ਇਹ ਚਾਹੁੰਦਾ ਹਾਂ ਕਿ ਸਭ ਨਾਲ ਇਕੋ ਜਿਹਾ ਸਲੂਕ ਹੋਵੇ ਤਾਂ ਜੋ ਕੋਈ ਫਰਕ ਨਾ ਰਹੇ ।

ਇਸ ਬਿਲ ਤੇ ਬਹਿਸ ਵੇਲੇ ਕੁਝ ਅਸੀਂ ਤਰਮੀਮਾਂ ਦਿੱਤੀਆਂ ਸਨ, ਉਨ੍ਹਾਂ ਵਿਚੋਂ ਕੁਝ ਤਜਵੀਜ਼ਾਂ ਸ਼ਰਮਾਂ ਜੀ ਨੇ ਮੰਨ ਲਈਆਂ ਇਸ ਦੀ ਸਾਨੂੰ ਖੁਸ਼ੀ ਹੈ । ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਮਿਊਂਸਪਲ ਐਕਟ ਵਿਚ ਇਕ ਚੰਗੀ ਗਲ ਪਾਈ ਸੀ ਕਿ ਜਿਹੜੀ ਕਮੇਟੀ ਵਿਚ ਕੋਈ ਲੇਡੀ ਮੈਂਬਰ ਚੁਣ ਕੇ ਨਾ ਆਵੇ ਉਥੇ 2 ਔਰਤਾਂ ਕੋਆਪਟ ਕੀਤੀਆਂ ਜਾਣ, ਇਹ ਅਧਿਕਾਰ ਕਮੇਟੀ ਨੂੰ ਦਿੱਤਾ ਗਿਆ ਸੀ । ਇਹ ਬੜੀ ਅੱਛੀ ਗਲ ਕੀਤੀ ਸੀ । ਪਰ ਇਸ ਕਾਰਪੋਰੇਸ਼ਨ ਬਿਲ ਤੇ ਵੀ ਬਹਿਸ ਵੇਲੇ ਅਸੀਂ ਸ਼ਰਮਾ ਜੀ ਨੂੰ ਇਹ ਰਿਕੁਐਸਟ ਕੀਤੀ ਸੀ ਕਿ ਇਸ ਕਾਰਪੋਰੇਸ਼ਨ ਵਿਚ ਵੀ ਔਰਤਾਂ ਦੀ ਨੁਮਾਇੰਦਗੀ 2 ਤੋਂ ਵਧਾ ਕੇ 4 ਔਰਤਾਂ ਘੱਟੋ ਘੱਟ ਜ਼ਰੂਰ ਰਖੀਆਂ ਜਾਣ । ਜੇ ਤਾਂ ਚੋਣਾਂ ਦੇ ਵਿਚ 4 ਔਰਤਾਂ ਆ ਜਾਣ ਤਾਂ ਠੀਕ ਹੈ ਜੇ ਨਾ ਆਉਣ ਜਾਂ ਘੱਟ ਆਉਣ ਤਾਂ ਉਹ ਕਾਰਪੋਰੇਸ਼ਨ 4 ਔਰਤਾਂ ਨੂੰ ਜ਼ਰੂਰ ਉਸ ਵਿਚ ਕੋਆਪਟ ਕਰੇ । ਸ਼ਰਮਾ ਜੀ ਨੇ ਸਾਡੀ ਇਹ ਰਿਕੁਐਸਟ ਮੰਨ ਲਈ ਸੀ । ਇਹ ਇਕ ਅੱਛੀ ਗਲ ਹੈ ਅਤੇ ਅਸੀਂ ਇਸ ਲਈ ਸ਼ਰਮਾ ਸਾਹਿਬ ਦੇ ਮਸ਼ਕੂਰ ਹਾਂ । ਹੋਰ ਵੀ ਕਈ ਅੱਛੀਆਂ ਗਲਾਂ ਹਨ ਜਿਹੜੀਆਂ ਕਿ ਸ਼ਰਮਾ ਜੀ ਨੇ ਮੰਨ ਲਈਆਂ ਹਨ । ਮਿਸਾਲ ਦੇ ਤੌਰ ਤੇ ਪਿਛੇ ਇਕ ਫੈਸਲਾ ਹੋਇਆ ਸੀ ਕਿ ਇਕ ਕਮੇਟੀ ਜਿਸ ਨੇ ਲੋਕਾਂ ਤੋਂ ਹਾਊਸ ਟੈਕਸ ਲੈਣਾ ਹੈ ਉਹ ਕਿਸ ਢੰਗ ਨਾਲ ਲਿਆ ਜਾਵੇ । ਇਹ ਝਗੜਾ ਚਲ ਪਿਆ । ਇਹ ਕੇਸ ਸੁਪ੍ਰੀਮ ਕੋਰਟ ਵਿਚ ਚਲਾ ਗਿਆ ਅਤੇ ਸੁਪ੍ਰੀਮ ਕੋਰਟ ਨੇ ਇਸ ਤੇ ਫੈਸਲਾ ਦਿਤਾ ਜਿਸ ਨਾਲ ਕਮੇਟੀ ਨੂੰ ਬਹੁਤ ਨੁਕਸਾਨ ਹੋਇਆ । ਉਹ ਇਹ ਸੀ ਕਿ ਅਗਰ ਇਕ ਲੈਂਡ ਲਾਰਡ ਜਿਸ ਦੀਆਂ ਬਿਲਡਿੰਗਾਂ ਹੋਣ ਅਤੇ ਉਹ ਇਸ ਦਾ ਲਗਾਤਾਰ ਕਰਾਇਆ ਲੈਂਦਾ ਰਿਹਾ ਹੋਵੇ ਅਤੇ ਉਸ ਨੂੰ 10,000 ਰੁਪਏ ਕਰਾਇਆ ਆਉਂਦਾ ਹੋਵੇ ਤਾਂ ਸੁਪ੍ਰੀਮ ਕੋਰਟ ਨੇ ਕਹਿ ਦਿੱਤਾ ਕਿ ਉਸ ਤੇ ਟੈਕਸ ਨਹੀਂ ਲਗ ਸਕਦਾ, ਜੇ ਉਹ ਉਸ ਬਿਲਡਿੰਗ ਵਿਚ ਆਪ ਰਹਿੰਦਾ ਹੋਵੇ । ਅਤੇ ਜੇ ਉਹ ਨਾ ਰਹਿੰਦਾ ਹੋਵੇ ਤਾਂ ਉਸ ਤੋਂ ਫੇਅਰ ਰੈਂਟ ਦੇ ਅਨੁਸਾਰ ਟੈਕਸ ਲਿਆ

Original with;
Punjab Vidhan Sabha
Digitized by;
Panjab Digital Library

ਜਾ ਸਕਦਾ ਹੈ। ਮੈਂ ਇਹ ਕਹਿੰਦਾ ਹਾਂ ਕਿ ਇਕ ਆਦਮੀ ਜਿਸ ਨੇ ਬਿਲਡਿੰਗ ਬਣਾ ਕੇ ਕਰਾਏ ਤੇ ਦਿੱਤੀ ਹੋਵੇ ਅੌਰ ਉਸ ਨੂੰ ਮਾਰਕਿਟ ਰੈਂਟ ਨਾਲੋਂ 10 ਗੁਣਾ ਕਰਾਇਆ ਜ਼ਿਆਦਾ ਆਉਂਦਾ ਹੋਵੇ ਤਾਂ ਉਸ ਕੋਲੋਂ ਉਸ ਕਿਰਾਏ ਦੇ ਉਤੇ ਟੈਕਸ ਲਿਆ ਜਾਣਾ ਚਾਹੀਦਾ ਹੈ ਜੋ ਕਿ ਉਹ ਅਸਲ ਵਿਚ ਵਸੂਲ ਕਰਦਾ ਹੋਵੇ। ਇਸ ਗਲ ਦੇ ਉਤੇ ਸਾਡੀ ਬਹਿਸ ਹੋਈ ਅਤੇ ਸ਼ਰਮਾ ਜੀ ਨੇ ਮੰਨ ਲਿਆ ਕਿ ਇਸ ਬਿਲ ਵਿਚ ਇਹ ਸ਼ਾਮਲ ਕਰ ਲਿਆ ਜਾਵੇਗਾ। ਇਹ ਇਕ ਚੰਗੀ ਗਲ ਹੈ ਅਤੇ ਸਾਨੂੰ ਇਸ ਤੇ ਕੋਈ ਇਤਰਾਜ਼ ਨਹੀਂ। ਇਕ ਮਾਲਕ ਜਿਹੜਾ ਕਿ ਉਸ ਬਿਲਡਿੰਗ ਵਿਚ ਰਹਿੰਦਾ ਹੈ ਉਸ ਤੋਂ ਮਾਰਕਿਟ ਰੈਂਟ ਨਾਲੋਂ ਅੱਧਾ ਜਾਂ ਫੇਅਰ ਰੈਂਟ ਦੇ ਹਿਸਾਬ ਦੇ ਨਾਲ ਜੋ ਟੈਕਸ ਬਣਦਾ ਹੈ ਉਹ ਲਿਆ ਜਾਵੇਗਾ ਅਤੇ ਜੇ ਕੋਈ ਮਕਾਨ ਮਾਲਕ ਉਸ ਬਿਲਡਿੰਗ ਵਿਚ ਨਹੀਂ ਰਹਿੰਦਾ ਅਤੇ ਮਾਰਕਿਟ ਰੈਂਟ ਨਾਲੋਂ ਜ਼ਿਆਦਾ ਕਰਾਇਆ ਵਸੂਲ ਕਰਦਾ ਹੈ ਤਾਂ ਉਸ ਕੋਲੋਂ ਟੈਕਸ ਉਸ ਉਤੇ ਲਿਆ ਜਾਵੇਗਾ ਜਿਹੜਾ ਕਿ ਉਹ ਅਸਲ ਕਰਾਇਆ ਵਸੂਲ ਕਰਦਾ ਹੈ। ਇਹ ਚੀਜ਼ ਇਸ ਬਿਲ ਵਿਚ ਪਾ ਦਿੱਤੀ ਹੈ। ਇਹ ਇਕ ਅੱਛੀ ਗਲ ਹੈ ਅਤੇ ਸੁਪ੍ਰੀਮ ਕੋਰਟ ਨੇ ਜਿਹੜੀ ਕੰਪਲੀਕੇਸ਼ਨ ਪਾ ਦਿੱਤੀ ਸੀ ਉਹ ਹੁਣ ਇਸ ਕਾਰਪੋਰੇਸ਼ਨ ਵਿਚ ਨਹੀਂ ਹੋਵੇਗੀ ਅਤੇ ਮਿਊਂਸਪਲ ਐਕਟ ਵਿਚ ਵੀ ਇਹ ਚੀਜ਼ ਪਾ ਦਿੱਤੀ ਜਾਵੇਗੀ। ਇਹ ਜਿਹੜੀ ਤਜਵੀਜ਼ ਸ਼ਰਮਾ ਜੀ ਨੇ ਮੰਨ ਲਈ ਹੈ ਇਸ ਲਈ ਵੀ ਅਸੀਂ ਇਨ੍ਹਾਂ ਦੇ ਮਸ਼ਕੂਰ ਹਾਂ।

ਇਕ ਬੇਨਤੀ ਮੈਂ ਹੋਰ ਕਰਨੀ ਚਾਹੁੰਦਾ ਹਾਂ ਕਿ ਜੋ ਇਹ ਕਾਰਪੋਰੇਸ਼ਨ ਬਣਾਈ ਜਾ ਰਹੀ ਹੈ, ਇਸ ਦੇ ਨਾਲ, ਲਾਜ਼ਮੀ ਤੌਰ ਤੇ ਜਿਹੜੇ ਇਸ ਦੇ ਮੈਂਬਰ ਹੋਣਗੇ ਉਨ੍ਹਾਂ ਨੂੰ ਅਖਤਿਆਰ ਪਹਿਲੇ ਨਾਲੋਂ ਵੱਧ ਹੋਣੇ ਚਾਹੀਦੇ ਹਨ। ਕਾਰਪੋਰੇਸ਼ਨ ਇਕ ਕਿਸਮ ਦੀ ਮਿਨੀ ਲੈਜਿਸਲੇਚਰ ਹੋਵੇਗੀ। ਪਰ ਇਸ ਬਿਲ ਦੇ ਰਾਹੀਂ ਇਹ ਗਲ ਇਸ ਦੇ ਉਲਟ ਹੋ ਗਈ ਹੈ। ਅੰਮ੍ਰਿਤਸਰ ਅਤੇ ਲੁਧਿਆਣੇ ਦੇ ਕਮੇਟੀ ਦੇ ਨੁਮਾਇੰਦਿਆਂ ਨੂੰ ਜੋ ਪਹਿਲੇ ਅਖਤਿਆਰ ਸਨ, ਉਸ ਨਾਲੋਂ ਇਸ ਕਾਰਪੋਰੇਸ਼ਨ ਦੇ ਨੁਮਾਇੰਦਿਆਂ ਨੂੰ ਘੱਟ ਅਖ਼ਤਿਆਰ ਹੋਣਗੇ। ਇਹ ਚੀਜ਼ ਵੇਖਣ ਵਾਲੀ ਹੈ। ਸਪੀਕਰ ਸਾਹਿਬ, ਅੱਗੇ ਇਕ ਮਿਊਂਸਪਲ ਐਕਟ ਹੁੰਦਾ ਸੀ ਅਤੇ ਇਕ ਐਗਜ਼ੈਕਟਿਵ ਅਫ਼ਸਰ ਐਕਟ ਹੁੰਦਾ ਸੀ। ਕਮੇਟੀਆਂ ਦੇ ਨੁਮਾਇੰਦਿਆਂ ਦੀ ਇਕ ਕਾਨਫਰੰਸ ਹੁੰਦੀ ਸੀ ਅਤੇ ਉਸ ਵਿਚ ਰਿਕੁਮੈਂਡੇਸ਼ਨਾਂ ਹੁੰਦੀਆਂ ਸਨ। ਪਹਿਲਾਂ ਉਥੇ ਐਗਜ਼ੈਕਟਿਵ ਪਾਵਰ ਜਿਹੜੀ ਸੀ ਉਹ ਮਿਊਂਸਪਲ ਕਮੇਟੀ ਦੇ ਚੁਣੇ ਹੋਏ ਪ੍ਰੈਜ਼ੀਡੈਂਟ ਪਾਸ ਹੁੰਦੀ ਸੀ। ਪਰ ਸ਼ਰਮਾਂ ਸਾਹਿਬ ਨੇ ਨੋਟੀਫੀਕੇਸ਼ਨ ਜਾਰੀ ਕਰਕੇ ਐਮਰਜੈਂਸੀ ਤੋਂ ਬਾਅਦ ਪੰਜਾਬ ਦੀਆਂ ਸਾਰੀਆਂ ਕਮੇਟੀਆਂ ਉਤੇ ਐਗਜ਼ੈਕਟਿਵ ਆਫੀਸਰਜ਼ ਐਕਟ ਲਾਗੂ ਕਰ ਦਿੱਤਾ ਹੈ, ਭਾਵੇਂ ਉਹ ਕਮੇਟੀਆਂ ਚਾਹੁੰਦੀਆਂ ਸਨ ਅਤੇ ਭਾਵੇਂ ਨਹੀਂ ਸਨ ਚਾਹੁੰਦੀਆਂ। ਉਹ ਭਾਵੇਂ ਚੁਣੇ ਹੋਏ ਪ੍ਰੈਜ਼ੀਡੈਂਟ ਹੇਠ ਚੰਗਾ ਕੰਮ ਕਰਦੀਆਂ ਸਨ ਤੇ ਭਾਵੇਂ ਚੰਗਾ ਨਹੀਂ ਸਨ ਕਰਦੀਆਂ। ਸਪੀਕਰ ਸਾਹਿਬ, ਜਿਸ ਤਰ੍ਹਾਂ ਐਗਜ਼ੈਕਟਿਵ ਆਫੀਸਰਜ਼ ਐਕਟ ਨੂੰ ਪੰਜਾਬ ਵਿਚ ਲਾਗੂ ਕੀਤਾ ਗਿਆ ਹੈ, ਉਹ ਤੁਹਾਡੇ ਸਾਹਮਣੇ ਹੀ ਹੈ। ਸਪੀਕਰ ਸਾਹਿਬ, ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀਆਂ ਕਮੇਟੀਆਂ ਨੇ ਸਰਵ-ਸੰਮਤੀ ਨਾਲ, ਕਾਨਫਰੰਸ ਵਿਚ ਇਕ ਵਾਰੀ ਨਹੀਂ ਤਿੰਨ ਵਾਰੀ ਰੈਜ਼ੋਲਿਊਸ਼ਨ ਕੀਤਾ। ਜਦੋਂ ਪਹਿਲੀ ਵਾਰੀ ਰੈਜ਼ੋਲਿਊਸ਼ਨ ਕੀਤਾ ਤਾਂ ਪੰਡਿਤ ਮੋਹਨ ਲਾਲ ਜੀ ਪ੍ਰੈਜ਼ੀਡੈਂਟ ਸਨ। ਉਸ ਰੈਜ਼ੋਲਿਊਸ਼ਨ ਹੇਠਾਂ ਐਗਜ਼ੈਕਟਿਵ ਅਫਸਰਾਂ ਨੂੰ ਜਿਹੜੀਆਂ ਪਾਵਰਜ਼ ਸਨ, ਪ੍ਰੈਜ਼ੀਡੈਂਟ ਨੂੰ ਉਹ ਪਹਿਲਾਂ ਪਾਵਰਜ਼

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਸਨ । ਪਰ ਉਸਦੇ ਮੁਕਾਬਲੇ ਵਿਚ ਕਾਰਪੋਰੇਸ਼ਨ ਵਿਚ ਕਮਿਸ਼ਨਰ ਨੂੰ ਕੀ ਪਾਵਰਜ਼ ਹਨ, ਇਹ ਵੀ ਤੁਹਾਡੇ ਸਾਹਮਣੇ ਹਨ । ਮੇਅਰ ਨੂੰ ਕਿਤੇ ਘੱਟ ਪਾਵਰਜ਼ ਹਨ, ਕਾਰਪੋਰੇਟਰ ਨੂੰ ਕਿਤੇ ਘੱਟ ਪਾਵਰਜ਼ ਹਨ । ਸਾਰੀ ਐਗਜ਼ੈਕਟਿਵ ਪਾਵਰ ਜਿਹੜੀ ਹੈ ਉਹ ਕਮਿਸ਼ਨਰ ਕੋਲ ਹੋਵੇਗੀ । ਮੇਅਰ ਸਾਹਿਬ ਫਿੱਗਰ ਹੈਡ ਹੋਣਗੇ । ਸਪੀਕਰ ਸਾਹਿਬ, ਮੈਂ ਤੁਹਾਡੇ ਆਫਿਸ ਬਾਰੇ ਕੁਝ ਨਹੀਂ ਕਹਿਣਾ ਚਾਹੁੰਦਾ । ਤੁਹਾਡੀ ਜਿਤਨੀ ਪਾਵਰ ਹੈ, ਮੇਅਰ ਸਾਹਿਬ ਨੂੰ ਨਹੀਂ ਹੋਵੇਗੀ । ਉਹ ਤਾਂ ਐਗਜ਼ੈਕਟਿਵ ਹੈਡ ਦੇ ਤੌਰ ਤੇ ਹੀ ਹੋਵੇਗਾ । ਇਸ ਲਈ ਜੇਕਰ ਤੁਸੀਂ ਕਮਿਸ਼ਨਰ ਨੂੰ ਪਾਵਰ ਦੇਣੀ ਹੈ ਤਾਂ ਸੋਚ ਸਮਝਕੇ ਦਿਓ । ਕੋਈ ਪੀ. ਸੀ. ਐਸ. ਅਫਸਰ ਜਿਸ ਨੇ ਦਸ ਸਾਲ ਸਰਵਿਸ ਕੀਤੀ ਹੋਵੇ ਉਹ ਐਗਜ਼ੈਕਟਿਵ ਅਫਸਰ ਹੋਵੇ । ਪੀ. ਸੀ ਐਸ. ਅਫਸਰ ਚੰਗੇ ਵੀ ਹੁੰਦੇ ਹਨ ਅਤੇ ਮਾੜੇ ਵੀ ਹੁੰਦੇ ਹਨ । ਇਸ ਤਰ੍ਹਾਂ ਹੀ ਆਈ. ਏ. ਐਸ. ਅਫਸਰ ਚੰਗੇ ਵੀ ਹਨ ਔਰ ਕਈ ਮਾੜੇ ਵੀ ਹੋਣਗੇ । ਪਰ ਆਈ. ਏ. ਅਸ. ਦਾ ਇਕ ਸਟੈਂਡਰਡ ਹੈ । ਭਾਵੇਂ ਉਹ ਡਾਇਰੈਕਟ ਭਰਤੀ ਰਾਹੀਂ ਆਇਆ ਹੋਵੇ ਤੇ ਭਾਵੇਂ ਪ੍ਰੋਮੋਟ ਹੋਇਆ ਹੋਵੇ ਪਰ ਉਨ੍ਹਾਂ ਦਾ ਇਕ ਮਿਆਰ ਹੈ । ਇਸ ਲਈ ਕਾਰਪੋਰੇਸ਼ਨ ਵਿਚ ਜੇਕਰ ਤੁਸੀਂ ਮੇਅਰ ਨੂੰ ਮੀਅਰ ਹੈਡ ਹੀ ਰੱਖਣਾ ਹੈ ਤਾਂ ਤੁਸੀ ਵੇਖ ਲੈਣਾ ਕਦੀ ਡੈਡ-ਲਾਕ ਹੋਣਗੇ । ਪਹਿਲਾਂ ਜਿੱਥੇ ਵੀ ਇਸ ਤਰ੍ਹਾਂ ਹੈ, ਉਥੇ ਡੈਡਲਾਕ ਹੁੰਦੇ ਹਨ । ਉਥੋਂ ਸਬਕ ਕੋਈ ਨਹੀਂ ਸਿੱਖਿਆ । ਇਸ ਲਈ ਜੇਕਰ ਕਮਿਸ਼ਨਰ ਨੂੰ ਪਾਵਰਾਂ ਦੇਣੀਆਂ ਹੀ ਹਨ ਤਾਂ ਉਸ ਨੂੰ ਰਿਸਟਰਿਕਟ ਕਰਨ ਲਈ ਮੈਂ ਆਪਣੀਆਂ ਅਮੈਂਡਮੈਂਟਸ ਦੇਵਾਂਗਾ । ਇਸ ਲਈ ਜੇਕਰ ਪਾਵਰਜ਼ ਉਸ ਨੂੰ ਦੇ ਹੀ ਦੇਣੀਆਂ ਹਨ ਤਾਂ ਘੱਟੋ ਘੱਟ ਇਹ ਤਾਂ ਕਰ ਦਿਓ ਕਿ ਉਥੇ ਕਮਿਸ਼ਨਰ ਆਈ. ਏ. ਐਸ. ਅਫਸਰ ਜਿਸ ਦੀ ਪੰਜ ਸਾਲ ਦੀ ਸਰਵਿਸ ਹੋਵੇ, ਕਲਾਸ ਵਨ ਦਾ ਹੋਵੇ, ਉਹ ਲਗਾਇਆ ਜਾਵੇ । ਪਰ ਜੇਕਰ ਇਹ ਵੀ ਗੱਲ ਨਹੀਂ ਮੰਨਣੀ ਤਾਂ ਮੈਂ ਵਾਰਨਿੰਗ ਦੇਣਾ ਚਾਹੁੰਦਾ ਹਾਂ ਕਿ ਕਾਰਪੋਰੇਸ਼ਨਾਂ ਚੰਗੇ ਪਾਸੇ ਦੀ ਬਜਾਏ ਮਾੜੇ ਪਾਸੇ ਜਾਣਗੀਆਂ । ਮੈਂ ਮਿਸਾਲਾਂ ਨਹੀਂ ਦਿੰਦਾ ਤਾਕਿ ਜ਼ਿਆਦਾ ਟਾਈਮ ਨਾ ਲਵਾਂ । ਲੋਕਲ ਗੌਰਮਿੰਟ ਹੈ, ਇਹ ਮੁਕਾਮੀ ਸਰਕਾਰ ਹੈ । ਪਰ ਮੁਕਾਮੀ ਇਖਤਿਆਰ ਜਿਹੜੇ ਹਨ ਉਹ ਸਾਰੇ ਸਰਕਾਰ ਪਾਸ ਹੋਣੇ ਹਨ । ਦੂਸਰੇ ਇਹ ਕਿ ਕਾਰਪੋਰੇਸ਼ਨ ਜਾਂ ਮਿਉਂਸਪਲ ਕਮੇਟੀ ਦੇ ਕੰਮ ਵੇਖ ਲਵੋ । ਹਾਊਸ ਟੈਕਸ ਲਗਾਉਣਾ ਹੈ ਜਾਂ ਨਹੀਂ ਲਗਾਉਣਾ, ਕਮੇਟੀ ਨੂੰ ਇਖਤਿਆਰ ਸੀ ਪਰ ਸਰਕਾਰ ਦੀ ਮਨਜ਼ੂਰੀ ਨਾਲ ਹੀ ਲਗਾਇਆ ਜਾ ਸਕਦਾ ਹੈ । ਪਰ ਲਗਾਉਣਾ ਹੈ ਜਾਂ ਨਹੀਂ ਲਗਾਉਣਾ, ਇਹ ਕੰਮ ਕਮੇਟੀ ਕਰਦੀ ਸੀ । ਹੁਣ ਹਾਊਸ ਟੈਕਸ, ਵਾਟਰ ਟੈਕਸ ਜਾਂ ਹੋਰ ਜਿਹੜੇ ਚਾਰ ਪੰਜ ਟੈਕਸ ਹਨ ਉਹ ਹਰ ਕਾਰਪੋਰੇਸ਼ਨ ਨੂੰ ਲਗਾਉਣੇ ਪੈਣਗੇ । ਇਹ ਗੱਲ ਨਹੀਂ ਹੈ ਕਿ ਕਾਰਪੋਰੇਸ਼ਨ ਖੁਦ ਵੇਖੇਗੀ ਕਿ ਟੈਕਸ ਲਗਾਉਣਾ ਚਾਹੀਦਾ ਹੈ ਜਾਂ ਨਹੀਂ । ਉਨ੍ਹਾਂ ਵਿਚੋਂ ਕਿਤਨੀ ਆਮਦਨੀ ਆਉਣੀ ਚਾਹੀਦੀ ਹੈ, ਉਨ੍ਹਾਂ ਵਿਚੋਂ ਕੋਈ ਟੈਕਸ ਮੁਕਾਮੀ ਹਾਲਾਤ ਵਿਚ ਮਹਿਕਮਾ ਲਗਾਏ, ਜਾਂ ਨਾ ਲਗਾਏ, ਇਹ ਗਲ ਨਹੀਂ ਹੈ । ਇਹ ਕਹਿੰਦੇ ਹਨ ਕਿ ਨਹੀਂ ਇਹ ਟੈਕਸ ਲਗਾਉਣੇ ਪੈਣਗੇ । ਇਹ ਕਹਿੰਦੇ ਹਨ ਕਿ ਕੁਝ ਲੋਕ ਡਰਦੇ ਹਨ ਕਿ ਸਾਡੀਆਂ ਵੋਟਾਂ ਖਰਾਬ ਨਾ ਹੋ ਜਾਣ ਇਸ ਲਈ ਉਹ ਟੈਕਸ ਨਹੀਂ ਲਗਾਉਂਦੇ । ਪਰ ਪ੍ਰਾਗਰੈਸਿਵ ਟੈਕਸ ਅਮੀਰਾਂ ਉਤੇ ਲਗਦੇ ਹਨ ਅਤੇ ਉਨ੍ਹਾਂ ਦਾ ਬੋਝ ਗਰੀਬਾਂ ਤੇ ਨਹੀਂ ਪੈਂਦਾ, ਇਸ ਲਈ ਉਹ ਨਿਡਰ ਹੋ ਕੇ ਲਗਾਏ ਜਾਣੇ ਚਾਹੀਦੇ ਹਨ । ਚੁਣੇ ਹੋਏ ਨੁਮਾਇੰਦਿਆਂ ਨੂੰ ਡਰਨਾ ਨਹੀਂ ਚਾਹੀਦਾ। ਫਿਰ ਇਹ ਗਲ ਵੇਖਣੀ ਕਿ ਟੈਕਸ ਕੀ ਹੋਵੇਗਾ, ਉਸ ਦਾ ਰੇਟ ਕੀ ਹੋਵੇਗਾ? ਹਾਊਸ

Original with;
Punjab Vidhan Sabha
Digitized by;
Panjab Digital Library

ਟੈਕਸ ਵੱਧ ਤੋਂ ਵੱਧ 15%ਹੋਵੇ ਜਾਂ 12 % ਹੋਵੇ, ਇਹ ਵੀ ਇਖ਼ਤਿਆਰ ਲੁਧਿਆਣਾ ਜਾਂ ਅੰਮ੍ਰਿਤਸਰ ਦੀਆਂ ਕਾਰਪੋਰੇਸ਼ਨਾਂ ਨੂੰ ਨਹੀਂ । ਉਹ ਰੇਟ ਵੀ ਸਰਕਾਰ ਹੀ ਫਿਕਸ ਕਰੇਗੀ। ਇਹ ਕਮਲੀ ਗੱਲ ਹੈ । ਇਕ ਤਾਂ ਟੈਕਸ ਕੰਪਲਸਰੀ ਐਂਰ ਦੂਜੇ ਰੇਟ ਵੀ ਸਰਕਾਰ ਹੀ ਫਿਕਸ ਕਰੇਗੀ ।

ਸਪੀਕਰ ਸਾਹਿਬ, ਪੁਰਾਣੀ ਕਾਂਗਰਸ ਸਰਕਾਰ ਨੇ ਮਿਊਂਸਪਲ ਐਕਟ ਨੂੰ ਅਮੈਂਡ ਕਰਕੇ ਇਕ ਸੈਕਸ਼ਨ ਪਾਇਆ ਸੀ ਕਿ ਸ਼ਹਿਰ ਦੀ ਬਹਿਬੂਦੀ ਲਈ ਅਗਰ ਕਾਰਪੋਰੇਸ਼ਨ ਆਪ ਨਾ ਟੈਕਸ ਲਗਾਏ ਤਾਂ ਸਰਕਾਰ ਲਗਾ ਸਕਦੀ ਹੈ । ਇਹ ਸੈਕਸ਼ਨ ਕਾਰਪੋਰੇਸ਼ਨ ਬਿੱਲ ਦੇ ਵਿਚ ਵੀ ਪਾਇਆ ਹੈ ਐਂਰ ਮੈਂ ਸਮਝਦਾ ਹਾਂ ਕਿ ਉਹ ਹੀ ਕਾਫ਼ੀ ਹੈ । ਲੇਕਿਨ ਇਹ ਕਹਿ ਦਿਓ ਕਿ ਇਹ ਟੈਕਸ ਵੀ ਲਗੇਗਾ ਐਂਰ ਉਸ ਦਾ ਰੇਟ ਵੀ ਫਿਕਸ ਸਰਕਾਰ ਕਰੇਗੀ। ਫਿਰ ਮੈਂ ਸਮਝਦਾ ਹਾਂ ਕਿ ਇਕ ਕਮਿਸ਼ਨਰ ਸਰਕਾਰ ਨੇ ਫਿਕਸ ਕਰ ਦਿਤਾ ਹੈ, ਹੇਠਾਂ ਕਾਰਪੋਰੇਟਰਜ਼ ਹਨ, ਇਸ ਨੂੰ ਲੋਕਲ ਗੌਰਮਿੰਟ ਕਿਵੇਂ ਕਿਹਾ ਜਾ ਸਕਦਾ ਹੈ । ਇਸ ਦੀਆਂ ਤਿੰਨ ਗੱਲਾਂ ਲੈ ਲਓ। ਮੈਂ ਮਿਉਂਸਪਲ ਬਿੱਲ ਤੇ ਬੋਲਦਾ ਪਿਆ ਹਾਂ ਇਸ ਕਰਕੇ ਵੇਰਵੇ ਵਿਚ ਨਹੀਂ ਜਾਂਦਾ। ਇਕ ਤਾਂ ਪ੍ਰੋਵਿੰਸ਼ੇਲਾਈਜ਼ੇਸ਼ਨ ਦੇ ਬਾਰੇ ਲੈ ਲਓ । ਲੋਕਲ ਬਾਡੀਜ਼ ਕਾਨਫਰੰਸ ਦੇ ਵਿਚ ਉਥੇ ਇਸ ਗੱਲ ਦੇ ਬਾਰੇ ਬੜੀ ਚਰਚਾ ਹੋਈ, ਬੜੀ ਕਨਟਰੋਵਰਸੀ ਹੋਈ । ਅਸੀਂ ਕਹਿੰਦੇ ਸਾਂ ਕਿ ਅਗਰ ਮੈਜਾਰਿਟੀ ਸਰਵਿਸ ਪ੍ਰੋਵਿੰਸ਼ੇਲਾਈਜ਼ ਕਰ ਦਿੱਤੀ ਤਾਂ ਕੀ ਗਰੰਟੀ ਹੈ ਕਿ ਜਿਹੜੀ ਚੁਣੇ ਹੋਏ ਨੁਮਾਂਇੰਦਿਆਂ ਦੀ ਕਮੇਟੀ ਹੈ ਉਹ ਚੰਗੇ ਢੰਗ ਨਾਲ ਚਲਦੀ ਹੈ । ਫਰਜ਼ ਕਰੋ ਕਿ ਉਥੇ ਕਮੇਟੀ ਦੇ ਅਫਸਰ ਸਰਕਾਰ ਦਾ ਕਹਿਣਾ ਨਹੀਂ ਮੰਨਦੇ ਗਲਤ ਕੰਮ ਕਰਨ ਨੂੰ, ਜਾਂ ਰੂਲਿੰਗ ਪਾਰਟੀ ਦੇ ਬੰਦਿਆਂ ਦੇ ਨਜਾਇਜ਼ ਕੰਮ ਕਰਨ ਨੂੰ ਨਹੀਂ ਮੰਨਦੇ ਤਾਂ ਜੇਕਰ ਪ੍ਰੋਵਿੰਸ਼ੇਲਾਈਜ਼ਡ ਸਰਵਿਸ ਹੋਵੇਗੀ ਤਾਂ ਉਹ ਲੋਕ ਕਮੇਟੀ ਵਿਚ ਆਪਣੇ ਆਦਮੀ ਘੱਲ ਕੇ ਆਪਣੇ ਗਲਤ ਕੰਮ ਕਰਾਉਣਗੇ ਐਂਰ ਕਮੇਟੀ ਨੂੰ ਨਹੀਂ ਚਲਣ ਦੇਣਗੇ। ਕਾਫੀ ਡਿਸਕਸ਼ਨ ਤੋਂ ਬਾਅਦ ਇਹ ਕਨਸੈਂਸਿਜ਼ ਉਥੇ ਬਣੀ ਕਿ ਪਹਿਲਾਂ ਤਜਰਬਾ ਕੀਤਾ ਜਾਵੇ, ਚਾਰ ਪੰਜ ਸਰਵਿਸਿਜ਼ ਪ੍ਰੋਵਿੰਸ਼ੇਲਾਈਜ਼ ਕਰ ਦਿੱਤੀਆਂ ਜਾਣ, ਇਕ ਦੋ ਸਾਲ ਤਜਰਬੇ ਦੇ ਤੌਰ ਤੇ ਇਸ ਨੂੰ ਵੇਖਿਆ ਜਾਵੇ । ਫਿਰ ਵੇਖਿਆ ਜਾਵੇ ਕਿ ਇਹ ਚੰਗਾ ਹੈ ਜਾਂ ਮਾੜਾ ਹੈ । ਹੁਣ ਕਾਰਪੋਰੇਸ਼ਨ ਵਿਚ ਕੁਝ ਸਰਵਿਸਿਜ਼ ਪ੍ਰੋਵਿੰਸ਼ੇਲਾਈਜ਼ ਕਰ ਦਿੱਤੀਆਂ ਹਨ । ਹੁਣ ਕਰ ਦਿੱਤਾ ਹੈ ਕਿ ਜਿੱਥੇ ਮਰਜ਼ੀ ਹੈ ਸਰਕਾਰ ਦੀ ਜਿਹੜੀ ਸਰਵਿਸ ਮਰਜ਼ੀ ਹੋਵੇ, ਸਵੀਪਰਾਂ ਨੂੰ ਕਲਰਕਾਂ ਨੂੰ ਚੁੰਗੀ ਮੁਹੱਰਰਾਂ ਨੂੰ, ਪ੍ਰੋਵਿੰਸ਼ੇਲਾਈਜ਼ ਕਰ ਦੇਵੇ । ਇਸ ਲਈ ਮੈਂ ਇਸ ਦੇ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਬਿੱਲ ਵਿੱਚ ਕੁਝ ਅਹਿਮ ਤਰਮੀਮਾਂ ਮੰਨਣ ਦੀ ਲੋੜ ਹੈ। ਸਾਨੂੰ ਲੋਕਾਂ ਦੁਆਰਾ ਚੁਣੇ ਨੁਮਾਇੰਦਿਆਂ ਉਤੇ ਇਤਬਾਰ ਕਰਨਾ ਚਾਹੀਦਾ ਹੈ। ਇਹ ਗੱਲ ਮੈਂ ਅੱਛੀ ਤਰ੍ਹਾਂ ਜਾਣਦਾ ਹਾਂ ਕਿ ਜਿੱਥੇ ਵੀ ਐਡਮਨਿਸਟਰੇਟਰ ਲਗਾਏ ਹੋਏ ਹਨ, ਉਨ੍ਹਾਂ ਨੇ ਉਥੇ ਦੀ ਹਾਲਤ ਬਹੁਤ ਭੈੜੀ ਕਰ ਦਿੱਤੀ ਹੈ । ਇਹ ਠੀਕ ਹੈ ਕਿ ਚੰਗਾ ਐਡਮਨਿਸਟਰੇਟਰ ਹੋਵੇਗਾ ਤਾਂ ਕਮੇਟੀ ਚੰਗੀ ਚਲੇਗੀ ਤੇ ਜੇਕਰ ਮਾੜਾ ਹੋਵੇਗਾ ਤਾਂ ਉਹ ਕਮੇਟੀ ਚਲੇਗੀ ਨਹੀਂ, ਉਥੇ ਮਾੜਾ ਕੰਮ ਹੋਵੇਗਾ । ਪਰ ਜੇਕਰ ਨੁਮਾਇੰਦੇ ਮਾੜੇ ਹੋਣਗੇ ਤਾਂ ਅਗਲੀ ਵਾਰ ਚੰਗੇ ਆ ਜਾਣਗੇ । ਪਰ ਜੇਕਰ ਅਫਸਰ ਕੁਰੱਪਟ ਹੋਵੇਗਾ ਤਾਂ ਉਥੇ ਦੀ ਕਮੇਟੀ ਦੀ ਹਾਲਤ ਮਾੜੀ ਤੋਂ ਮਾੜੀ ਹੋਵੇਗੀ ਐਂਰ ਚੁਣੇ ਹੋਏ ਨੁਮਾਇੰਦਿਆਂ ਨਾਲੋਂ ਵੀ, ਭਾਵੇਂ ਉਹ ਭੈੜੇ ਆਦਮੀ ਹੋਣ ਕੰਮ ਮਾੜਾ ਹੋਵੇਗਾ । ਇਸ ਕਰਕੇ, ਸਪੀਕਰ ਸਾਹਿਬ, ਕਮੇਟੀ ਚੰਗੀ ਚਲਦੀ ਹੈ ਜਾਂ ਮਾੜੀ ਚਲਦੀ ਹੈ, ਕਮੇਟੀ ਚੁਣੀ ਹੋਈ ਹੈ ਚੰਗੇ ਲੋਕਾਂ ਦੀ ਜਾਂ ਮਾੜੇ ਲੋਕਾਂ ਦੀ, ਪਰ ਇਹ

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਤ ਪਾਲ ਡਾਂਗ]

ਡੈਮੋਕਰੇਸੀ ਹੈ। ਜੇਕਰ ਮਾੜੇ ਬੰਦੇ ਵੀ ਚੁਣੇ ਜਾਣਗੇ ਤਾਂ ਅਗਲੀ ਵਾਰ ਲੋਕ ਉਨ੍ਹਾਂ ਨੂੰ ਬਦਲ ਦੇਣਗੇ।

ਸਪੀਕਰ ਸਾਹਿਬ, ਜੇਕਰ ਅਗਲੀ ਇਲੈਕਸ਼ਨ 12 ਸਾਲ ਤਕ ਨਾ ਹੋਈ ਤਾਂ ਚੰਗੇ ਮੈਂਬਰ ਵੀ ਮਾੜੇ ਹੋ ਜਾਣਗੇ। ਇਸ ਲਈ ਅਗਲੀ ਗੱਲ ਇਹ ਹੈ ਕਿ ਲੋਕਲ ਗੌਰਮਿੰਟ ਦੇ ਸੰਵਾਲ ਤੇ ਕਮੇਟੀ ਵਿਚ ਬੜ੍ਹਤ ਡਿਸਕਸ਼ਨ ਹੋਈ ਸੀ, ਬੜੀਆਂ ਕਮੇਟੀਆਂ ਬਣਾਈਆਂ ਪੰਜਾਬ ਸਰਕਾਰ ਨੇ। ਪਰ ਇਨ੍ਹਾਂ ਦੇ ਫਾਈਨੈਂਸਿਜ਼ ਦੀ ਕੀ ਪੁਜ਼ੀਸ਼ਨ ਹੈ। ਇਨ੍ਹਾਂ ਲੋਕਲ ਗੌਰਮਿੰਟ ਦੇ ਅਦਾਰੇ ਦੇ ਵਿਚ ਕੁਝ ਇਨ੍ਹਾਂ ਦੀਆਂ ਜ਼ਿੰਮੇਵਾਰੀਆਂ ਹਨ। ਇਸ ਬਿਲ ਦੇ ਵਿਚ ਦੋ ਕਿਸਮ ਦੀਆਂ ਜ਼ਿੰਮੇਵਾਰੀਆਂ ਰੱਖੀਆਂ ਗਈਆਂ ਹਨ। ਇਨ੍ਹਾਂ ਵਿਚ ਲਾਜ਼ਮੀ ਜ਼ਿੰਮੇਵਾਰੀਆਂ ਜਿਹੜੀਆਂ ਕਾਰਪੋਰੇਸ਼ਨ ਨੂੰ ਦਿੱਤੀਆਂ ਗਈਆਂ ਹਨ ਉਹ ਹਨ ਸਫ਼ਾਈ, ਪਾਣੀ ਅਤੇ ਸੀਵੇਰੇਜ ਦੀਆਂ। ਕੁਝ ਜ਼ਿੰਮੇਵਾਰੀ ਜਿਹੜੀ ਲਾਜ਼ਮੀ ਨਹੀਂ ਪਰ ਜੇ ਕਾਰਪੋਰੇਸ਼ਨ ਚਾਹੇ ਜਾਂ ਉਸ ਦੇ ਫੰਡਜ਼ ਇਜਾਜ਼ਤ ਦੇਣ ਤਾਂ ਇਹ ਵੀ ਕੰਮ ਕਰ ਸਕਦੀ ਹੈ। ਹੁਣ ਇਹ ਜਿਹੜੀਆਂ ਜ਼ਿੰਮੇਵਾ-ਰੀਆਂ ਹਨ ਇਹ ਸਰਕਾਰ ਦੀ ਮਰਜ਼ੀ ਤੇ ਹਨ। ਫੰਡਜ਼ ਦੀ ਕਮੀ ਕਰਕੇ ਛੋਟੀਆਂ ਛੋਟੀਆਂ ਕਮੇਟੀਆਂ ਬਣੀਆਂ ਹੋਈਆਂ ਹਨ। ਇਸ ਫੰਡਜ਼ ਦੇ ਬਾਰੇ ਇਕ ਵਾਜਬ ਸ਼ਕਾਇਤ ਰਹੀ ਹੈ। ਪਰ ਇਨ੍ਹਾਂ ਕਮੇਟੀ ਦੀਆਂ ਬਣੀਆਂ ਰਿਪੋਰਟਾਂ ਤੇ ਅਮਲ ਨਹੀਂ ਹੋਇਆ ਹੈ। ਸਪੀਕਰ ਸਾਹਿਬ, ਜਿਹੜੇ ਟੈਕਸਿਜ਼ ਲਾਜ਼ਮੀ ਤੌਰ ਤੇ ਲੋਕਲੀ ਹਨ, ਇਹ ਲੋਕਲ ਕਮੇਟੀਆਂ ਕੋਲ ਹੋਣੇ ਚਾਹੀਦੇ ਹਨ, ਸੰਮਤੀਆਂ ਕੋਲ ਅਤੇ ਕਾਰਪੋਰੇਸ਼ਨ ਦੇ ਕੋਲ ਹੋਣੇ ਚਾਹੀਦੇ ਹਨ। ਇਹ ਟੈਕਸ ਸਰਕਾਰ ਨੇ ਆਪਣੇ ਕੋਲ ਰਖਿਆ ਹੈ ਅਤੇ ਥੋੜ੍ਹਾ ਬਹੁਤ ਹਿੱਸਾ ਟੈਕਸਾਂ ਦਾ ਕਮੇਟੀਆਂ ਨੂੰ ਦੇਣ ਲਗੇ ਹਨ ਕਿਉਂਕਿ ਕਮੇਟੀਆਂ ਦੀ ਪੁਜ਼ੀਸ਼ਨ ਫੰਡਜ਼ ਦੇ ਮਾਮਲੇ ਵਿਚ ਹਲਕੀ ਹੈ। ਇਹ ਜਿਹੜਾ ਕਾਰਪੋਰੇਸ਼ਨ ਬਣਾਉਣ ਦਾ ਕੰਮ ਹੈ ਇਹ ਬਹੁਤ ਅੱਛਾ ਹੈ। ਇਸ ਦੇ ਵਿਚ ਇਕ ਬਹੁਤ ਚੰਗਾ ਕਦਮ ਸਰਕਾਰ ਨੇ ਉਠਾਇਆ ਹੈ। ਸ਼ਰਮਾ ਜੀ ਨੇ ਇਸ ਬਿਲ ਦੇ ਵਿਚ 5-6 ਟੈਕਸ ਲਿਖੇ ਹਨ ਜਿਹੜੇ ਲੋਕਲ ਗੌਰਮਿੰਟ ਨੂੰ ਦੇਣੇ ਹਨ। ਇਹ ਗੱਲ ਲਿਖੀ ਹੈ ਕਿ ਸਾਲ ਦੇ ਆਖਿਰ ਵਿਚ ਸਰਕਾਰ ਇਹ ਸਮਝੇ ਤਾਂ ਇਨ੍ਹਾਂ ਟੈਕਸਾਂ ਤੋਂ ਜਿੰਨੀ ਆਮਦਨ ਸਰਕਾਰ ਨੂੰ ਹੋਵੇ, ਉਹਦੇ ਵਿਚੋਂ ਕੁਝ ਹਿੱਸਾ ਇਨ੍ਹਾਂ ਕਾਰਪੋਰੇਸ਼ਨਾਂ ਨੂੰ ਦਿੱਤਾ ਜਾਵੇਗਾ। ਹਰ ਸਾਲ ਦੇ ਅਖਿਰ ਵਿਚ ਸਰਕਾਰ ਫੈਸਲਾ ਕਰੇਗੀ ਕਿ ਸਾਰੀ ਆਮਦਨੀ ਦੇ ਵਿਚੋਂ ਕੁਝ ਹਿੱਸਾ ਅੰਮ੍ਰਿਤਸਰ ਦੀ ਕਾਰਪੋਰੇਸ਼ਨ ਨੂੰ ਦੇ ਦਿੱਤਾ ਜਾਵੇ। ਇਹ ਮਿਉਂਸਪਲ ਐਕਟ ਦੇ ਮੁਕਾਬਲੇ ਵਿਚ ਇਕ ਚੰਗਾ ਕਦਮ ਹੈ। ਪਰ, ਸਪੀਕਰ ਸਾਹਿਬ, ਮੈਂ ਇਹ ਕਹਾਂਗਾ ਕਿ ਇਹ ਬੜਾ ਹਾਲਟਿੰਗ ਕਦਮ ਹੈ। ਮਿਉਂਸਪਲ ਕਾਰਪੋਰੇਸ਼ਨ ਜੋ ਬਣ ਰਹੀ ਹੈ ਇਸ ਦਾ ਨਾਂ ਬਹੁਤ ਵੱਡਾ ਹੈ, ਥੋੜ੍ਹਾ ਹੋਰ ਕਦਮ ਚੁਕਣਾ ਚਾਹੀਦਾ ਹੈ। ਇਹ ਟੈਕਸ ਕਾਰਪੋਰੇਸ਼ਨ ਨੂੰ ਦੇਣ, ਚਾਹੇ ਨਾ ਦੇਣ ਪਰ 'ਮੇ' ਦੀ ਥਾਂ 'ਸ਼ੈਲ' ਕਰ ਦਿੱਤਾ ਜਾਵੇ। ਸਾਰੀ ਆਮਦਨੀ ਅੰਮ੍ਰਿਤਸਰ ਅਤੇ ਲੁਧਿਆਣਾ ਜ਼ਿਲ੍ਹਿਆਂ ਨੇ ਦੇਣੀ ਹੈ। ਫਿਰ ਵੀ ਸਰਕਾਰ ਫੈਸਲਾ ਕਰੇਗੀ ਕਿ ਜਿੰਨੀ ਆਮਦਨੀ ਅੰਮ੍ਰਿਤਸਰ ਅਤੇ ਲੁਧਿਆਣੇ ਵਿਚ ਹੋਵੇ, ਭਾਵੇਂ ਉਹ ਸਾਰੀ ਦੇ ਦੇਣ ਜਾਂ ਉਸ ਦਾ ਕੁਝ ਹਿੱਸਾ ਦੇਣ, ਪਰ ਮੈਂ ਕਹਾਂਗਾ ਕਿ ਥੋੜ੍ਹਾ ਜਿਹਾ ਹੋਰ ਕਦਮ ਚੁਕਣ ਦੀ ਲੋੜ ਹੈ। ਇਨ੍ਹਾਂ ਨੇ ਥੋੜਾ ਜਿਹਾ ਹਿੱਸਾ ਦੇਣਾ ਹੈ। ਇਸ ਵਿਚ ਲਿਖਿਆ ਹੈ 'ਮੇ' ਪਰ 'ਸ਼ੈਲ' ਚਾਹੀਦਾ ਹੈ। ਪਰ ਇਸ ਦੇ ਨਾਲ ਸਰਕਾਰ ਦੀ ਮਰਜ਼ੀ ਹੋਵੇਗੀ ਸ਼ਾਇਦ ਕੁਝ ਵੀ ਨਾ ਦੇਣ। ਇਸ ਲਈ, ਸਪੀਕਰ ਸਾਹਿਬ, ਇਹ ਜਿਹੜਾ

Original with;
Punjab Vidhan Sabha
Digitized by;
Panjab Digital Library

ਫਾਈਨੈਂਸ਼ਲ ਰੀਸੋਰਸਿਜ਼ ਦਾ ਸਵਾਲ ਹੈ, ਇਸ ਦੇ ਵਿਚ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਐਡਵਾਂਸ ਹੈ, ਇਹ ਥੋੜ੍ਹਾ ਜਿਹਾ ਹਾਲਟਿੰਗ ਐਡਵਾਂਸ ਹੈ। ਇਹ ਐਡਵਾਂਸ ਜ਼ਿਆਦਾ ਹੋਣਾ ਚਾਹੀਦਾ ਹੈ ਜਾਂ ਕੁਝ ਟੈਕਸ ਕਾਰਪੋਰੇਸ਼ਨ ਨੂੰ ਦਿੱਤੇ ਜਾਣੇ ਚਾਹੀਦੇ ਹਨ। ਜੇ ਸਰਕਾਰ ਆਪਣੇ ਕੋਲ ਰਖੇ ਅਤੇ ਬਾਅਦ ਵਿਚ ਫੈਸਲਾ ਕਰੇ ਕਿ ਇਸ ਦਾ ਕਿੰਨਾ ਹਿੱਸਾ ਦੇਣਾ ਹੈ, ਇਸ ਦੇ ਵਿਚ ਹੋਣਾ ਚਾਹੀਦਾ ਹੈ ਕਿ ਅੱਧਾ ਹਿੱਸਾ ਦਿੱਤਾ ਜਾਵੇਗਾ, ਜੇ ਇਹ ਵੀ ਨਹੀਂ ਕਰਨਾ ਫਿਰ ਕੁਝ ਨਾ ਕੁਝ ਹਿੱਸਾ ਜਾਂ ਸਾਰੀ ਆਮਦਨੀ ਕਾਰਪੋਰੇਸ਼ਨ ਨੂੰ ਦਿੱਤੀ ਜਾਵੇ। ਇਸ ਤੇ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਹੁਣ ਜਿਹੜੇ ਇਸ ਦੇ ਵਿਚ ਨੁਕਸ ਹਨ, ਮੈਂ ਉਨ ਦੇ ਬਾਰੇ ਜ਼ਿਕਰ ਕਰਾਂਗਾ। ਕਾਰਪੋਰੇਸ਼ਨ ਨੂੰ ਅਖ਼ਤਿਆਰ ਬਹੁਤ-ਘੱਟ ਹੈ ਪਰ ਕਮਿਸ਼ਨਰ ਨੂੰ ਬਹੁਤ ਜ਼ਿਆਦਾ ਪਾਵਰਜ਼ ਹਨ। ਇਸ ਢੰਗ ਨਾਲ ਜਿੱਥੋਂ ਤਕ ਬਾਕੀਆਂ ਦੇ ਅਖਤਿਆਰ ਦਾ ਸਵਾਲ ਹੈ, ਲੋਕਲ ਗੌਰਮਿੰਟ ਦਾ ਸਵਾਲ ਹੈ, ਮਿਊਂਸਪਲ ਐਕਟ ਦੇ ਵਿਚ ਇਕ ਮੱਦ ਹੈ, ਅਗਰ ਕਿਸੇ ਕਮੇਟੀ ਦੀ ਹੱਦ ਵਧਾ ਦਿੱਤੀ ਜਾਵੇ, ਮਿਸਾਲ ਦੇ ਤੌਰ ਤੇ ਲੁਧਿਆਣਾ ਅਤੇ ਜਲੰਧਰ ਦੀ ਹੱਦ ਵਧਾਉਣੀ ਹੋਵੇ ਅਤੇ ਆਲੇ ਦੁਆਲੇ ਦੀਆਂ 10 ਪੰਚਾਇਤਾਂ ਉਸ ਵਿਚ ਲੈ ਲੈਣ ਅਤੇ ਲੋਕਾਂ ਕੋਲੋਂ ਇਤਰਾਜ਼ ਲਏ ਜਾਣ, ਉਨ੍ਹਾਂ ਇਤਰਾਜ਼ਾਂ ਤੇ ਗੌਰ ਕਰਕੇ ਫੈਸਲਾ ਕਰ ਦਿਤਾ ਜਾਵੇ ਕਿ ਇਤਰਾਜ਼ ਠੀਕ ਨਹੀਂ, ਇਹਦੇ ਵਿਚ ਹੀ ਪਿੰਡਾਂ ਅਤੇ ਜਨਤਾ ਦੀ ਭਲਾਈ ਹੈ। 10-12 ਪਿੰਡ ਜਲੰਧਰ ਦੇ ਮਿਊਂਸਪਲ ਕਮੇਟੀ ਵਿਚ ਸ਼ਾਮਲ ਹੋ ਜਾਣ ਤਾਂ ਸਰਕਾਰ ਆਰਡਰ ਕਰ ਸਕਦੀ ਹੈ। ਪਰ ਇਸ ਦੇ ਵਿਚ ਇਕ ਹੋਰ ਮੱਦ ਸੀ ਕਿ ਲੋਕਾਂ ਦੇ ਚੁਣੇ ਹੋਏ ਜਿਹੜੇ ਨੁਮਾਇੰਦੇ ਹਨ ਜਲੰਧਰ ਦੀ ਕਮੇਟੀ ਦੇ ਵਿਚ ਲਾਜ਼ਮੀ ਤੌਰ ਤੇ ਉਨ੍ਹਾਂ ਨੂੰ ਨੁਮਾਇੰਦਗੀ ਦਿਤੀ ਜਾਵੇ। ਇਸ ਦਾ ਮਿਊਂਸਪਲ ਐਕਟ ਦੇ ਵਿਚ ਪਰੋਵੀਜ਼ਨ ਸੀ। ਸਰਕਾਰ ਨੇ ਉਸ ਦਾ ਡਾਇਰੈਕਟ ਤਰੀਕਾ ਅਖਤਿਆਰ ਕਰਨਾ ਸੀ, ਜਿਹੜੀਆਂ ਸਬ-ਕਮੇਟੀਆਂ ਕਮੇਟੀ ਨੇ ਚੁਣ ਲਈਆਂ ਉਹ ਮੁੜਕੇ ਚੁਣੀਆਂ ਜਾਣਗੀਆਂ। ਨਵੇਂ ਲੋਕਾਂ ਦੇ ਨੁਮਾਇੰਦੇ ਵਿਚ ਲਏ ਜਾਣਗੇ ਤਾਂਕਿ ਨਵੇਂ ਲੋਕ ਵੀ ਵਿਚ ਸ਼ਾਮਲ ਕੀਤੇ ਜਾਣ। ਉਨ੍ਹਾਂ ਨੂੰ ਵੀ ਨੁਮਾਇੰਦਗੀ ਮਿਲ ਜਾਵੇਗੀ। ਪਰ ਕਾਰਪੋਰੇਸ਼ਨ ਦੇ ਵਿਚ ਇਹ ਜਿਹੜੀ ਮੱਦ ਹੈ ਇਹ ਖ਼ਤਮ ਕਰ ਦਿਤੀ ਹੈ। ਅੰਮ੍ਰਿਤਸਰ ਅਤੇ ਜਲੰਧਰ ਦੀਆਂ ਕਮੇਟੀਆਂ ਵਿਚ ਐਡਮਨਿਸਟਰੇਟਰਜ਼ ਮੁਕੱਰਰ ਹਨ। ਇਸ ਬਾਰੇ ਸਰਕਾਰ ਨੇ ਅਖਤਿਆਰ ਲੈ ਲਿਆ ਹੈ ਅਤੇ ਨੋਟੀਫੀਕੇਸ਼ਨ ਕਰ ਲਈ। ਇਲੈਕਸ਼ਨ ਪਤਾ ਨਹੀਂ ਕਦੋਂ ਹੋਣੇ ਹਨ। ਹੁਣ ਇਹ ਕਾਰਪੋਰੇਸ਼ਨ ਬਣਾਉਣ ਲੱਗੇ ਹਨ ਅਤੇ ਫਿਰ ਕਮਿਸ਼ਨਰ ਆਪਣੇ ਅਖਤਿਆਰ ਨੂੰ ਵਰਤੇਗਾ, ਉਹ ਕਾਰਪੋਰੇਸ਼ਨ ਦੇ ਸਾਰੇ ਅਖਤਿਆਰ ਵਰਤੇਗਾ। ਪਹਿਲੇ ਉਥੇ ਦਾ ਸਾਰਾ ਕੰਮ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਕਰਦੇ ਸੀ ਅਤੇ ਹੁਣ ਕਮਿਸ਼ਨਰ ਸਾਹਿਬ ਸਾਰਾ ਕੰਮ ਚਲਾਉਣਗੇ। ਹੁਣ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਕੋਈ ਅਖਤਿਆਰ ਨਹੀਂ ਹੋਵੇਗਾ। ਉਸ ਵਿਚ ਉਨ੍ਹਾਂ ਦੇ ਨੁਮਾਇੰਦਿਆਂ ਨੂੰ ਸ਼ਾਮਿਲ ਕਰੋ। ਕਮੇਟੀਆਂ ਤੁਸੀਂ ਸੁਪਰਸੀਡ ਕਰ ਦਿੱਤੀਆਂ ਅਤੇ ਉਨ੍ਹਾਂ ਦੇ ਚੁਣਾਉ ਨਹੀਂ ਕਰਾਏ। ਇਹ ਵੀ ਇਕ ਅਨਡੈਮੋ-ਕਰੈਟਿਕ ਤਰੀਕਾ ਹੈ। ਮੈਂ ਹੋਰ ਦੱਸਦਾ ਹਾਂ ਕਿ ਅੰਮ੍ਰਿਤਸਰ ਅਤੇ ਲੁਧਿਆਣਾ ਨੂੰ ਸਿਟੀ ਡਿਕਲੇਅਰ ਕਰ ਦਿਤਾ ਹੈ। ਇਥੋਂ ਦੀਆਂ ਕਮੇਟੀਆਂ ਅੱਗੇ ਹੀ ਸੁਪਰਸੀਡਡ ਹਨ। ਜੇ ਉਹ ਕਮੇਟੀਆਂ ਰਹਿਣ ਤਾਂ ਇਨ੍ਹਾਂ ਨੂੰ ਦਸੰਬਰ ਤੋਂ ਪਹਿਲਾਂ ਪਹਿਲਾਂ ਜਾਂ ਦਸੰਬਰ ਤੱਕ ਉਹ ਪੁਰਾਣੇ ਮੈਂਬਰ ਬਹਾਲ ਕਰਨੇ ਪੈਣਗੇ ਜਾਂ ਕਮੇਟੀ ਨੂੰ ਸੁਪਰਸੀਡ ਕਰਕੇ ਨਵੇਂ ਚੁਣਾਉ ਕਰਾਉਣੇ ਪੈਣਗੇ। ਡੈਮੋਕਰੇਸੀ ਤਾਂ ਹੀ ਫੰਕਸ਼ਨ ਕਰੇਗੀ ਜੇ ਨਵੇਂ ਮੈਂਬਰ ਚੁਣਕੇ ਆ ਜਾਣ ਜਾਂ ਪੁਰਾਣੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਮੈਂਬਰ ਆ ਜਾਣ । ਮੈਂ ਕਿਸੇ ਦੇ ਹੱਕ ਵਿਚ ਨਹੀਂ ਹਾਂ, ਮਗਰ ਸਵਾਲ ਇਹ ਹੈ ਕਿ ਜਾਂ ਪੁਰਾਣੇ ਮੈਂਬਰ ਲੈ ਲੈਣ ਅਤੇ ਜਾਂ ਫਿਰ ਇਲੈਕਸ਼ਨ ਕਰਾਉਣ । ਇਨ੍ਹਾਂ ਨੇ ਹੁਣ ਇਹ ਕੀਤਾ ਹੈ ਕਿ ਇਹ ਬਿੱਲ ਪਾਸ ਹੋਣ ਤੋਂ ਬਾਅਦ ਨੋਟੀਫੀਕੇਸ਼ਨ ਕਰਾਂਗੇ, ਉਨ੍ਹਾਂ ਨੂੰ ਸਿਟੀ ਕਰਾਰ ਦੇਣਗੇ ਅਤੇ ਚੋਣਾਂ ਐਜ਼ ਸੂਨ ਐਜ਼ ਮੇ ਬੀ, ਜਦੋਂ ਇਹ ਸੰਭਵ ਸਮਝਣਗੇ ਉਦੋਂ ਕਰਾਉਣਗੇ । ਇਸ ਦੀ ਮਿਆਦ, ਸਪੀਕਰ ਸਾਹਿਬ, ਦੋ ਸਾਲ, ਤਿੰਨ ਸਾਲ ਜਾਂ ਚਾਰ ਸਾਲ ਵੀ ਹੋ ਸਕਦੀ ਹੈ। ਉਸ ਸਮੇਂ ਵਿਚ ਕਲਾਸ 1 ਦਾ ਅਫਸਰ ਜਿਹੜਾ ਕਮਿਸ਼ਨਰ ਰੱਖਣਗੇ ਉਹ ਉਸ ਸਮੇਂ ਤਕ ਕਾਰਪੋਰੇਸ਼ਨ ਦੇ ਅਖਤਿਆਰ ਵਰਤੇਗਾ । ਸਪੀਕਰ ਸਾਹਿਬ, ਇਹ ਬੜੀ ਅਨਡੈਮੋਕਰੇਟਿਕ ਚੀਜ਼ ਹੈ । ਮੈਂ ਬੇਨਤੀ ਕਰਾਂਗਾ ਕਿ ਇਹ ਚੀਜ਼ ਨਹੀਂ ਹੋਣੀ ਚਾਹੀਦੀ । ਐਜ਼ ਸੂਨ ਐਜ਼ ਮੇ ਬੀ ਦਾ ਮਤਲਬ ਇਹ ਹੈ ਕਿ ਜਦ ਵੀ ਇਹ ਸੰਭਵ ਸਮਝਣਗੇ ਇਲੈਕਸ਼ਨ ਕਰਾ ਦੇਣਗੇ। ਮੈਂ ਕਹਾਂਗਾ ਕਿ ਨਾਟ ਲੇਟਰ ਦੈਨ ਵਨਈਅਰ, ਇਕ ਸਾਲ ਦੇ ਅੰਦਰ ਅੰਦਰ ਅੰਮ੍ਰਿਤਸਰ ਅਤੇ ਲੁਧਿਆਣਾ ਨੂੰ ਸਿਟੀ ਡਿਕਲੇਅਰ ਕਰ ਦਿਤਾ ਜਾਵੇ, ਉਥੇ ਕਮਿਸ਼ਨਰ ਮੁਕੱਰਰ ਕਰ ਦਿਤੇ ਜਾਣ ਅਤੇ ਇਕ ਸਾਲ ਦੇ ਅੰਦਰ ਅੰਦਰ ਵੋਟਰ ਲਿਸਟਾਂ ਬਣਾ ਕੇ ਉਥੇ ਇਲੈਕਸ਼ਨ ਕਰਵਾ ਦਿਤੇ ਜਾਣ। ਇਕ ਸਾਲ ਦਾ ਸਮਾਂ ਬਹੁਤ ਵੱਡਾ ਅਰਸਾ ਹੋਵੇਗਾ । ਮੇਰੀ ਬੇਨਤੀ ਹੈ ਕਿ ਮੈਂ ਪ੍ਰਧਾਨ ਮੰਤਰੀ ਦੀ ਇਸ ਗੱਲ ਨਾਲ ਸਹਿਮਤ ਹਾਂ ਕਿ ਡੈਮੋਕਰੇਸੀ ਦਾ ਮਤਲਬ ਨਿਰਾ ਇਲੈਕਸ਼ਨ ਹੀ ਨਹੀਂ। ਡੈਮੋਕਰੇਸੀ ਦਾ ਮਤਲਬ ਹੋਰ ਵੀ ਬਹੁਤ ਸਾਰੀਆਂ ਚੀਜ਼ਾਂ ਹਨ । ਕਈ ਚੀਜ਼ਾਂ ਇਲੈਕਸ਼ਨ ਨਾਲੋਂ ਵੀ ਅਹਿਮ ਹੋ ਸਕਦੀਆਂ ਹਨ । ਡੇ ਟੂ ਡੇ ਐਡਮਨਿਸਟਰੇਸ਼ਨ ਵਿਚ ਲੋਕਾਂ ਦਾ ਹਿੱਸਾ ਪਾਉਣਾ, ਹਰ ਮਹਿਕਮੇ ਵਿਚ ਕਮੇਟੀਆਂ ਬਣਾ ਕੇ, ਅਫਸਰਾਂ ਨੂੰ ਨਾਲ ਲੈ ਕੇ ਕੰਮ ਚਲਾਉਣਾ, ਡੈਮੋਕਰੇਸੀ ਦਾ ਵੱਧ ਹਿੱਸਾ ਹੈ । ਮੈਂ ਬੇਨਤੀ ਕਰਦਾ ਹਾਂ ਕਿ ਇਲੈਕਸ਼ਨ ਵੀ ਡੈਮੋਕਰੇਸੀ ਦਾ ਇਕ ਅਸੈਂਸ਼ੀਅਲ ਹਿੱਸਾ ਹੈ । ਨੈਸ਼ਨਲ ਐਮਰਜੈਂਸੀ ਹੋਵੇ, ਹਾਲਾਤ ਇਹੋ ਜਿਹੇ ਹੋਣ ਤਾਂ ਇਲੈਕਸ਼ਨ ਅੱਗੇ ਪਾਉਣ ਦਾ ਅਖਤਿਆਰ ਸਰਕਾਰ ਨੂੰ ਹੋਣਾ ਚਾਹੀਦਾ ਹੈ । ਜਦ ਪਾਰਲੀਮੈਂਟ ਦੀ ਇਕ ਸਾਲ ਦੀ ਮਿਆਦ ਵਧਾਈ ਤਾਂ ਸਾਨੂੰ ਇਸ ਵਿਚ ਕੋਈ ਇਤਰਾਜ਼ ਨਹੀਂ, ਪਰ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦੀ ਕਮੇਟੀ ਨੂੰ ਸਸਪੈਂਡ ਹੋਇਆਂ ਦੋ ਸਾਲ ਹੋ ਗਏ ਹਨ । ਲੁਧਿਆਣਾ ਦੀ ਕਮੇਟੀ ਨੂੰ ਸਸਪੈਂਡ ਹੋਇਆਂ ਦੋ ਸਾਲ ਨਾਲੋਂ ਵੱਧ ਸਮਾਂ ਹੋ ਗਿਆ ਹੈ ਅਤੇ ਹੁਣ ਇਹ ਕਾਰਪੋਰੇਸ਼ਨ ਦੇ ਨਾਮ ਉਤੇ ਕਮਿਸ਼ਨਰ ਸਾਹਿਬ ਮੁਕੱਰਰ ਦੇ ਕਰਣਗੇ ਅਤੇ ਚੁਣਾਓ ਕਦੋਂ ਕਰਾਉਣਗੇ-ਐਜ਼ ਸੂਨ ਐਜ਼ ਮੇ ਬੀ । ਸਪੀਕਰ ਸਾਹਿਬ, ਇਹ ਬੜੀ ਜ਼ਿਆਦਤੀ ਹੈ, ਇਹ ਚੀਜ਼ ਨਹੀਂ ਹੋਣੀ ਚਾਹੀਦੀ । ਇਸ ਦੇ ਵਿਚ ਡੈਫੀਨਿਟ ਟਾਈਮ ਲਿਮਿਟ ਹੋਣੀ ਚਾਹੀਦੀ ਹੈ । (ਘੰਟੀ) ਲੋਕ ਸਭਾ ਵਿਚ ਇਹ ਐਸ਼ੋਰੈਂਸ ਦਿਤੀ ਗਈ ਕਿ ਪਾਰਲੀਮੈਂਟ ਦੇ ਇਲੈਕਸ਼ਨ ਡਿਊ ਡੇਟ ਤੇ ਹੋਣਗੇ, ਸਾਡੀ ਮਿਆਦ ਵਧਾਉਣ ਲਗੇ ਹਨ ਜਾਂ ਨਹੀਂ, ਮੈਂ ਇਨ੍ਹਾਂ ਚੀਜ਼ਾਂ ਵਿਚ ਨਹੀਂ ਜਾਣਾ ਚਾਹੁੰਦਾ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਾਰਪੋਰੇਸ਼ਨ ਅਤੇ ਕਮੇਟੀਆਂ ਦੇ ਇਲੈਕਸ਼ਨ ਉਸ ਪੱਧਰ ਤੇ ਨਹੀਂ ਆਉਂਦੇ । ਇਸ ਬਿੱਲ ਦੁਆਰਾ ਸਰਕਾਰ ਨੂੰ ਇਹ ਅਖਤਿਆਰ ਨਹੀਂ ਲੈਣਾ ਚਾਹੀਦਾ ਕਿ ਜਦੋਂ ਮਰਜ਼ੀ ਹੋਵੇ ਸਰਕਾਰ ਇਲੈਕਸ਼ਨ ਕਰਾਏ । ਇਸ ਬਾਰੇ ਟਾਈਮ ਲਿਮਿਟ ਹੋਣੀ ਚਾਹੀਦੀ ਹੈ । ਸਪੀਕਰ ਸਾਹਿਬ, ਜੇ ਇਸ ਕਾਰਪੋਰੇਸ਼ਨ ਦੇ ਬਿੱਲ ਤੇ ਬੋਲਿਆ ਜਾਵੇ ਤਾਂ ਬਹੁਤ ਸਮਾਂ ਲਗੇਗਾ । ਦੂਸਰੀ ਗਲ ਇਹ ਹੈ ਕਿ ਮੈਂ ਇਸ ਸਾਰੇ ਬਿਲ ਨੂੰ ਪੜ੍ਹ ਨਹੀਂ ਸਕਿਆ, ਸਾਰੀ ਰਾਤ ਲੱਗਾ ਰਿਹਾ ਹਾਂ ਪਰ ਨਹੀਂ ਪੜ੍ਹ ਸਕਿਆ । ਸਾਰੀ ਰਾਤ ਲੱਗੇ ਰਹੇ ਤਾਂ ਇਹ ਨਹੀਂ ਪੜ੍ਹਿਆ

Original with;
Punjab Vidhan Sabha
Digitized by;
Panjab Digital Library

ਜਾ ਸਕਦਾ । ਬਾਕੀ ਮੈਂ ਅਤੇ ਕਪੂਰ ਸਾਹਿਬ ਨੇ 15-20-25 ਤਰਮੀਮਾਂ ਦਿੱਤੀਆਂ ਹਨ ਅਤੇ ਬਾਕੀ ਜੋ ਹੁਣ ਦੇਣੀਆਂ ਹਨ ਉਹ ਸਵੇਰ ਤਕ ਦੇਣ ਦਾ ਯਤਨ ਕਰਾਂਗੇ। ਮੈਂ ਬੇਨਤੀ ਕਰਾਂਗਾ ਕਿ ਇਹ ਬਿਲ ਹੋਰ ਬਹੁਤ ਚੰਗਾ ਬਣ ਸਕਦਾ ਹੈ ਅਤੇ ਇਸ ਦੀਆਂ ਖਾਮੀਆਂ ਦੂਰ ਹੋ ਸਕਦੀਆਂ ਹਨ ਅਗਰ ਲੈਜਿਸਲੇਟਰਜ਼ ਨੂੰ ਪੂਰਾ ਮੌਕਾ ਦਿਤਾ ਜਾਵੇ ਅਤੇ ਉਨ੍ਹਾਂ ਦੀਆਂ ਤਜਵੀਜ਼ਾਂ ਪੂਰੇ ਧਿਆਨ ਨਾਲ ਸੁਣਕੇ ਉਨ੍ਹਾਂ ਨੂੰ ਮੰਨਿਆ ਜਾਵੇ।

ਕੈਪਟਨ ਰਤਨ ਸਿੰਘ (ਕੁੰਮ ਕਲਾਂ): ਸਪੀਕਰ ਸਾਹਿਬ, ਇਹ ਜਿਹੜਾ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਬਿੱਲ ਸਦਨ ਦੇ ਵਿਚ ਸ਼ਰਮਾ ਜੀ ਨੇ ਪੇਸ਼ ਕੀਤਾ ਹੈ, ਮੈਂ ਸਮਝਦਾ ਹਾਂ ਕਿ ਇਸ ਬਾਰੇ ਡਾਂਗ ਸਾਹਿਬ ਨੇ ਕਾਫੀ ਕੁਝ ਕਿਹਾ ਹੈ। ਲੇਕਿਨ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਤੁਸੀਂ ਇਹ ਵੀ ਤਾਂ ਤਾਰੀਫ ਕਰੋ ਕਿ 20 ਸਾਲ ਤੋਂ ਅਸੀਂ ਕਹਿ ਰਹੇ ਸੀ ਕਿ ਅਸੀਂ ਕਾਰਪੋਰੇਸ਼ਨ ਬਿੱਲ ਬਣਾਵਾਂਗੇ, ਨਵਾਂ ਐਕਟ ਬਣਾਵਾਂਗੇ ਅਤੇ ਅਖੀਰ ਇਸ ਨਤੀਜੇ ਤੇ ਪਹੁੰਚਦੇ ਸੀ ਕਿ ਸਰਕਾਰ ਨੇ ਜਦ ਇਲੈਕਸ਼ਨ ਲੜਨੇ ਹੁੰਦੇ ਹਨ ਤਾਂ ਉਸ ਵੇਲੇ ਕਹਿੰਦੀ ਕੁਝ ਹੈ ਮਗਰ ਬਾਅਦ ਵਿਚ ਕਰਦੀ ਕੁਝ ਹੈ। ਇਹ ਕਿੰਨਾ ਚੰਗਾ ਬਿੱਲ ਹੈ, ਇਸ ਤੇ ਮੈਂ ਮਗਰੋਂ ਆਵਾਂਗਾ ਲੇਕਿਨ ਮੁੱਢਲੀ ਗੱਲ ਮੈਂ ਇਹ ਕਹਿੰਦਾ ਹਾਂ ਕਿ ਸਰਕਾਰ ਨੇ ਇਸ ਕੰਮ ਨੂੰ ਸਿਰੇ ਚਾੜ੍ਹਿਆ ਹੈ, ਇਸ ਦੀ ਮੈਂ ਸਰਕਾਰ ਨੂੰ, ਸ੍ਰੀ ਹੰਸ ਰਾਜ ਸ਼ਰਮਾ ਜੋ ਕਿ ਇਸ ਦੇ ਆਨਰੇਬਲ ਮਨਿਸਟਰ ਇੰਚਾਰਜ ਹਨ, ਨੂੰ ਵਧਾਈ ਦਿੰਦਾ ਹਾਂ। ਇਹ ਠੀਕ ਹੈ ਕਿ ਇਸ ਵਿਚ 431 ਸੈਕਸ਼ਨਜ਼ (ਕਲਾਜ਼ਾਂ) ਹਨ। ਡਾਂਗ ਸਾਹਿਬ ਦੀ ਬਿਲਕੁਲ ਵਾਜਬ ਗੱਲ ਹੈ, ਉਨ੍ਹਾਂ ਨੇ ਬੜੀ ਮਿਹਨਤ ਕੀਤੀ ਸੀ। ਮੈਂ ਦਸਦਾ ਹਾਂ ਕਿ 25 ਮਈ ਨੂੰ ਸਾਡੀ ਨੰਗਲ ਵਿਖੇ ਫਾਈਨਲ ਮੀਟਿੰਗ ਹੋਈ ਸੀ ਜਿਸ ਦੇ ਵਿਚ ਅਸੀਂ ਸਾਰੀਆਂ ਪਾਰਟੀਆਂ ਦੇ ਐਮ.ਐਲ.ਏ. ਸਾਹਿਬਾਨ ਸ਼ਾਮਿਲ ਹੋਏ ਸੀ। ਅਕਾਲੀ ਮੈਂਬਰ ਗੈਰ-ਹਾਜ਼ਰ ਸਨ ਪਰ ਉਹ ਮੈਂਬਰ ਜ਼ਰੂਰ ਸਨ ਅਤੇ ਉਹ ਮੀਟਿੰਗ ਵਿਚ ਨਹੀਂ ਆਏ ਸਨ। ਅਸੀਂ ਸਾਰਾ ਜ਼ੋਰ ਲਗਾਕੇ ਕਾਫੀ ਡਿਟੇਲ ਵਿਚ ਇਸ ਤੇ ਡਿਸਕਸ਼ਨ ਕੀਤੀ। ਸਾਡੀਆਂ ਤਰਮੀਮਾਂ ਬੜੇ ਹੌਂਸਲੇ ਦੇ ਨਾਲ ਇਨ੍ਹਾਂ ਨੇ ਮੰਨੀਆਂ ਹਨ। ਇਕ ਗੱਲ ਵਿਚ ਮੈਂ ਡਾਂਗ ਸਾਹਿਬ ਨਾਲ ਬਿਲਕੁਲ ਇਖਤਲਾਫ ਰੱਖਦਾ ਹਾਂ, ਅਤੇ ਉਹ ਇਹ ਕਿ ਲੋਕਲ ਗੌਰਮਿਂਟ ਸਿਰਫ ਸ਼ਹਿਰ ਦੇ ਰਹਿਣ ਵਾਲੇ ਹੀ ਨਹੀਂ, ਲੋਕਲ ਗੌਰਮਿੰਟ ਪੰਚਾਇਤ ਸੰਮਤੀਆਂ, ਜ਼ਿਲ੍ਹਾ ਪਰੀਸ਼ਦ ਵੀ ਹਨ। ਅਗਰ ਸ਼ਹਿਰ ਵਾਲਿਆਂ ਨੂੰ ਹੀ ਫਾਈਨੈਂਸ਼ਲ ਪਾਵਰਜ਼ ਦਿਤੀਆਂ ਜਾਣ ਅਤੇ ਪਿੰਡਾਂ ਵਾਲਿਆਂ ਨੂੰ ਫਾਈਨੈਂਸ਼ਲ ਪਾਵਰਜ਼ ਨਾ ਦਿਤੀਆਂ ਜਾਣ ਤਾਂ ਫਿਰ ਇਸ ਤਰ੍ਹਾਂ ਨਾਲ ਪਿੰਡਾਂ ਵਾਲਿਆਂ ਨਾਲ ਡਿਸਕਰੀਮੀਨੇਸ਼ਨ ਹੋ ਸਕਦੀ ਹੈ। ਡਾਂਗ ਸਾਹਿਬ ਨੇ ਇਕ ਇਹ ਵੀ ਤਜਵੀਜ਼ ਰੱਖੀ ਹੈ ਕਿ ਲੁਧਿਆਣਾ ਵਿਚੋਂ ਕੋਈ ਵੈਹੀਕਲ ਟੈਕਸ ਆਉਂਦਾ ਹੈ ਜਾਂ ਕੋਈ ਹੋਰ ਟੈਕਸ ਆਉਂਦਾ ਹੈ ਉਸ ਦਾ ਐਨਾ ਹਿੱਸਾ ਸਰਕਾਰ ਲਾਜ਼ਮੀ ਤੌਰ ਤੇ ਕਾਰਪੋਰੇਸ਼ਨ ਨੂੰ ਦੇਵੇ। ਸਾਰੇ ਜ਼ਿਲ੍ਹੇ ਦੀ ਰਜਿਸਟਰੇਸ਼ਨ ਸ਼ਹਿਰਾਂ ਦੇ ਵਿਚ ਹੁੰਦੀ ਹੈ। ਜ਼ਿਲ੍ਹਾ ਪੱਧਰ ਤੇ ਕੋਈ ਮੋਟਰ, ਵਹੀਕਲ ਫੀਸ ਜਮ੍ਹਾਂ ਕਰਾਉਣੀ ਪੈਂਦੀ ਹੈ, ਤਾਂ ਇਸ ਦੇ ਵਿਚ ਤਕਸੀਮ ਕਰਨਾ ਔਖਾ ਹੈ। ਮੈਂ ਸ੍ਰੀ ਹੰਸ ਰਾਜ ਸ਼ਰਮਾ ਜੀ ਨੂੰ, ਗਿਆਨੀ ਜੀ ਦੀ ਸਰਕਾਰ ਨੂੰ ਇਹ ਬੇਨਤੀ ਕਰਦਾ ਹਾਂ ਕਿ ਕਾਰਪੋਰੇਸ਼ਨ ਬਣਾਈ, ਤੁਸੀਂ ਬਹੁਤ ਅੱਛਾ ਕੰਮ ਕੀਤਾ ਹੈ, ਜਿਹੜਾ ਤੁਸੀਂ ਵਾਇਦਾ ਕੀਤਾ ਸੀ ਉਹ ਪੂਰਾ ਕੀਤਾ ਹੈ ਲੇਕਿਨ ਜੋ ਕੁਝ ਲੋਕਾਂ ਦੀਆਂ ਤਕਲੀਫਾਂ ਹਨ ਉਹ ਮੈਂ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਹਾਂ। ਕਾਰਪੋਰੇਸ਼ਨ ਦਾ ਏਰੀਆ ਬਹੁਤ ਵਧਾ ਲਿਆ ਗਿਆ ਹੈ ਔਰ ਬੜੇ ਚਾਅ ਨਾਲ ਵੱਡਾ ਕੀਤਾ ਗਿਆ ਹੈ। ਪਰ ਉਸ ਨੂੰ ਡਿਵੈਲਪ ਕਰਨ ਲਈ

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਸਰਕਾਰ ਕੋਲ ਔਰ ਕਾਰਪੋਰੇਸ਼ਨ ਕੋਲ 10 ਸਾਲ, 15 ਸਾਲ ਫੰਡਜ਼ ਨਹੀਂ ਆ ਸਕਦੇ। ਜਿਹੜਾ ਪੰਚਾਇਤਾਂ ਕੰਮ ਕਰਦੀਆਂ ਸਨ ਉਹ ਵੀ ਕੰਮ ਰੁਕ ਗਿਆ, ਕਿਉਂਕਿ ਉਹ ਵਿਚ ਆ ਗਈਆਂ ਹਨ। ਪੰਚਾਇਤ ਦਾ ਕੰਮ ਉਸ ਦਿਨ ਤੋਂ ਖਤਮ ਹੋ ਜਾਂਦਾ ਹੈ ਜਿਸ ਦਿਨ ਉਹ ਕਾਰਪੋਰੇਸ਼ਨ ਦੀ ਲਿਮਿਟ ਵਿਚ ਆ ਜਾਂਦੀ ਹੈ। ਸਰਕਾਰ ਕੋਲ ਫੰਡਜ਼ ਨਹੀਂ ਹਨ। ਇਸ ਲਈ ਮੈਂ ਕਹਾਂਗਾ ਕਿ ਕਾਰਪੋਰੇਸ਼ਨ ਦਾ ਏਰੀਆ, ਉਸ ਦੀ ਲਿਮਿਟ ਠੀਕ ਢੰਗ ਨਾਲ ਵਧਾਉਣੀ ਚਾਹੀਦੀ ਹੈ। ਦੂਸਰੀ ਗੱਲ ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ, ਸ੍ਰੀ ਹੰਸ ਰਾਜ ਸ਼ਰਮਾ ਨੂੰ ਵੀ ਕਹਾਂਗਾ ਕਿ ਇਹ ਗੱਲ ਤੁਹਾਡੇ ਦਿਮਾਗ ਵਿਚ ਨਹੀਂ ਆਉਣੀ ਚਾਹੀਦੀ ਕਿ ਜਿੰਨੀ ਅਕਲ ਸਾਡੇ ਕੋਲ ਹੈ ਇਤਨੀ ਅਕਲ ਹੋਰ ਕਿਸੇ ਕੋਲ ਨਹੀਂ ਹੈ। ਇਹ ਨਾ ਸੋਚੋ ਕਿ ਸਿਰਫ ਇਨ੍ਹਾਂ 104 ਚੁਣੇ ਹੋਏ ਮੈਂਬਰਾਂ ਕੋਲ ਹੀ ਅਕਲ ਹੈ ਅਤੇ ਇਹ ਵੀ ਨਾ ਸੋਚੋ ਕਿ ਸਾਡੀ ਸੋਚਣੀ ਜਿਹੜੀ ਹੈ ਇਹ ਫਾਈਨਲ ਹੈ। ਸਾਡੇ ਵਾਂਗਰ ਲੋਕੀਂ ਮਿਊਂਸਪੈਲਟੀਆਂ ਵਿਚ, ਬਲਾਕ ਸੰਮਤੀਆਂ ਅਤੇ ਪੰਚਾਇਤਾਂ ਵਿਚ ਮੈਂਬਰ ਚੁਣੇ ਜਾਂਦੇ ਹਨ। ਉਨ੍ਹਾਂ ਦੀ ਅਕਲ ਅਤੇ ਉਨ੍ਹਾਂ ਦੀ ਦਿਆਨਤਦਾਰੀ ਤੇ ਸਾਨੂੰ ਸ਼ੱਕ ਨਹੀਂ ਹੋਣਾ ਚਾਹੀਦਾ। ਉਹ ਟਰੇਨਿੰਗ ਗਰਾਊਂਡਜ਼ ਹਨ। ਜਿਹੜੇ ਮਿਊਂਸਪੈਲਟੀ ਵਿਚ ਚੁਣਕੇ ਆਉਂਦੇ ਅਤੇ ਕੰਮ ਕਰਦੇ ਹਨ ਉਨ੍ਹਾਂ ਵਿਚੋਂ ਫਿਰ ਐਮ.ਐਲ.ਏ. ਵੀ ਬਣਦੇ ਹਨ। ਜਿਹੜੇ ਬਲਾਕ ਸੰਮਤੀਆਂ ਦੇ ਮੈਂਬਰ, ਬਲਾਕ ਸੰਮਤੀਆਂ ਦੇ ਚੇਅਰਮੈਨ, ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਅਤੇ ਚੇਅਰਮੈਨ ਬਣਦੇ ਹਨ ਉਹ ਚੰਗਾ ਕੰਮ ਕਰਕੇ, ਤਜਰਬੇਕਾਰ ਐਮ.ਐਲ.ਏ. ਬਣਦੇ ਹਨ। ਇਹ ਜਿਹੜਾ ਕਹਿੰਦੇ ਹਨ ਕਿ ਪਾਵਰ ਸੈਂਟਰੇਲਾਈਜ਼ ਕਰ ਲੈਣੀ ਹੈ ਅਤੇ ਅਸੀਂ ਹੀ ਸਿਰਫ ਅੱਛਾ ਕਰ ਸਕਦੇ ਹਾਂ, ਇਹ ਗੱਲ ਠੀਕ ਨਹੀਂ ਹੈ। ਇਹ ਇਕ ਹਵਾ ਜਿਹੀ ਚਲ ਰਹੀ ਹੈ ਕਿ ਸੈਂਟਰੇਲਾਈਜ਼ ਕਰ ਲਈਏ ਅਤੇ ਅਸੀਂ ਕੰਟਰੋਲ ਚੰਗਾ ਕਰ ਲਵਾਂਗੇ, ਇਹ ਠੀਕ ਨਹੀਂ ਹੈ। ਇਹ ਮੈਂ ਮੰਨ ਸਕਦਾ ਹਾਂ ਕਿ ਗਿਆਨੀ ਜੀ ਚੰਗੇ ਚੀਫ ਮਨਿਸਟਰ ਹਨ, ਉਹ ਇਸ ਚੀਜ਼ ਨੂੰ ਦੇਖ ਲੈਣਗੇ। ਸ਼ਰਮਾ ਜੀ ਕਾਬਲ ਹਨ, ਉਹ ਦੇਖ ਲੈਣਗੇ, ਕੰਟਰੋਲ ਕਰ ਲੈਣਗੇ ਪਰ ਕੱਲ ਨੂੰ ਪਤਾ ਨਹੀਂ ਕੌਣ ਆ ਜਾਵੇ। ਸੋ ਇਹ ਰਿਸਕ ਕਿਉਂ ਲਈਏ। ਵਾਜਬ ਗੱਲ ਹੀ ਹੋਣੀ ਚਾਹੀਦੀ ਹੈ। ਅੱਜ ਰੰਧਾਵਾ ਸਾਹਿਬ ਸਾਰੀਆਂ ਪਾਵਰਜ਼ ਲੈਣਾ ਚਾਹੁਣ ਤਾਂ ਫਿਰ ਪੰਚਾਇਤਾਂ ਦੀ ਕੀ ਲੋੜ ਹੈ। ਲੇਕਿਨ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਜਿੰਨਾ ਪੋਰਸ਼ਨ ਪਾਵਰ ਦਾ ਉਨ੍ਹਾਂ ਦਾ ਬਣਦਾ ਹੈ ਉਨ੍ਹਾਂ ਨੂੰ ਮਿਲਣਾ ਚਾਹੀਦੀ ਹੈ। ਇਹ ਜਿਹੜੀ ਡੈਮੋਕਰੇਸੀ ਹੈ ਇਸ ਡੈਮੋਕਰੇਸੀ ਵਿਚ ਇਸ ਨੂੰ ਡੀਸੈਂਟਰੇਲਾਈਜ਼ ਕਰਕੇ ਪਾਵਰ ਚੁਣੇ ਹੋਏ ਨੁਮਾਇੰਦਿਆਂ ਕੋਲ ਹੋਣੀ ਚਾਹੀਦੀ ਹੈ। ਇਸ ਬਿੱਲ ਵਿਚ ਬਹੁਤ ਪਰੋਗਰੈਸਿਵ ਕਦਮ ਉਠਾਏ ਗਏ ਹਨ। ਸਰਕਾਰ ਨੇ, ਇਸ ਬਿੱਲ ਦੇ ਇੰਚਾਰਜ ਸ੍ਰੀ ਸ਼ਰਮਾ ਜੀ ਨੇ ਕੁਝ ਮਜਬੂਰੀ ਜ਼ਾਹਿਰ ਕੀਤੀ ਸੀ ਪਰ ਅਸੀਂ ਕਿਹਾ ਕਿ ਅਸੀਂ ਤੁਹਾਡੇ ਨਾਲ ਹਾਂ, ਬੰਦਾ ਤਜਰਬੇ ਤੋਂ ਹੀ ਸਿੱਖਦਾ ਹੈ, ਅਸੀਂ ਕਿਹਾ ਕਿ ਤੁਸੀਂ ਬਿੱਲ ਲਿਆਓ। ਤਜ਼ਰਬਾ ਹੋਣ ਤੋਂ ਬਾਅਦ ਅਗਰ ਕੋਈ ਖਾਮੀ ਰਹਿ ਗਈ ਹੋਵੇ ਤਾਂ ਬਾਅਦ ਵਿਚ ਠੀਕ ਹੋ ਸਕਦੀ ਹੈ, ਇਸ ਕਰਕੇ ਅਸੀਂ ਕਿਹਾ ਕਿ ਇਸ ਬਿੱਲ ਨੂੰ ਹੁਣ ਹੋਰ ਦੇਰ ਨਾ ਰੱਖੀ ਰੱਖੋ ਅਤੇ ਲੈ ਆਓ। ਇਸ ਦੇ ਵਿਚ ਖਾਮੀਆਂ ਹਨ। ਮਗਰ ਇਨਸਾਨ ਡਿਵੈਲਪਮੈਂਟ ਦੇ ਕੰਮ ਤੋਂ ਕਦੀ ਵੀ ਸੈਟਿਸਫਾਈ ਨਹੀਂ ਹੋ ਸਕਦਾ ਹੈ। ਅੱਜ ਡਿਮਾਂਡ ਕੁਝ ਹੁੰਦੀ ਹੈ ਅਤੇ ਕੱਲ ਨੂੰ ਡਿਮਾਂਡ ਕੁਝ ਹੋਰ ਹੁੰਦੀ ਹੈ। ਡੀਸੈਂਟਰੇਲਾਈਜ਼ ਕਰਨ ਦੀ ਤਰਫ ਧਿਆਨ ਦੇਣਾ ਚਾਹੀਦਾ ਹੈ। ਮੈਂ ਇਹ ਬਿਨਾ ਝਿਜਕ ਦੇ ਕਹਿ ਰਿਹਾ ਹਾਂ ਕਿ ਸੈਂਟਰੇਲਾਈਜ਼ ਕਰਨ ਦੀ ਬਿਮਾਰੀ ਵੱਧ ਰਹੀ ਹੈ, ਹਰ ਜਗ੍ਹਾ ਪਾਵਰ ਸੈਂਟਰਲਾਈਜ਼ ਕੀਤੀ

Original with;
Punjab Vidhan Sabha
Digitized by;
Panjab Digital Library

ਜਾਂਦੀ ਹੈ । ਇਸ ਤਰ੍ਹਾਂ ਲੋਕਾਂ ਨੂੰ ਕੰਮ ਕਰਨ ਦੀ ਜਾਂਚ ਕਿਸ ਤਰ੍ਹਾਂ ਆਵੇਗੀ ? ਜੇ ਲੋਕਾਂ ਨੂੰ ਕੰਮ ਕਰਨ ਦੀ ਜਾਂਚ ਨਹੀਂ ਆਵੇਗੀ ਤਾਂ ਵੱਡੇ ਕੰਮ ਕਿਸ ਤਰ੍ਹਾਂ ਕਰਨਗੇ ? ਦੂਸਰੀ ਗਲ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਜ਼ਰੂਰ ਕਹਾਂਗਾ ਕਿ ਕਿਤੇ ਇਹ ਐਡੀ ਵੱਡੀ ਐਡਮਨਿਸਟ੍ਰੇਸ਼ਨ ਸੈਟ ਅੱਪ ਨਾ ਕਰ ਦੇਣ ਜਿਸ ਨਾਲ ਜਿਹੜੀ ਟੋਟਲ ਇਨਕਮ ਹੈ ਉਹਦਾ ਵੱਡਾ ਹਿੱਸਾ ਤਨਖਾਹਾਂ ਵਿਚ ਚਲਾ ਜਾਵੇ । ਮੈਨੂੰ ਕੁਝ ਪਤਾ ਲਗਿਆ ਹੈ ਕਿ ਕੁਝ ਮਿਊਂਸਪਲ ਕਮੇਟੀਆਂ ਵਿਚ ਅਜਿਹੀ ਹਾਲਤ ਹੈ ਕਿ ਉਨ੍ਹਾਂ ਦੀ ਆਮਦਨ ਦਾ 60% ਹਿੱਸਾ ਤਨਖਾਹਾਂ ਵਿਚ ਹੀ ਚਲਾ ਜਾਂਦਾ ਹੈ । ਇਸ ਬਾਰੇ ਇਸ ਵਿਚ ਕੋਈ ਪ੍ਰੋਵੀਜ਼ਨ ਨਹੀਂ ਕੀਤੀ ਗਈ । ਇਸਦੇ ਵਿਚ ਇਹ ਕੋਈ ਪ੍ਰੋਵੀਜ਼ਨ ਨਹੀਂ ਕੀਤੀ ਗਈ ਹੈ ਕਿ ਜਿਹੜੀ ਮਿਊਂਸਪਲ ਕਮੇਟੀ ਹੋਵੇ ਜਾਂ ਮਿਊਨਸਪਲ ਕਾਰਪੋਰੇਸ਼ਨ ਹੋਵੇ ਉਹਦੀ ਆਮਦਨ ਦਾ ਐਨੇ ਪਰਸੈਂਟ ਹੀ ਸਿਰਫ ਤਨਖਾਹਾਂ ਤੇ ਖਰਚ ਹੋ ਸਕਦਾ ਹੈ । ਇਸ ਬਾਰੇ ਇਸ ਵਿਚ ਕੋਈ ਪ੍ਰੋਵੀਜ਼ਨ ਹੋਣੀ ਚਾਹੀਦੀ ਹੈ । ਇਸ ਚੀਜ਼ ਤੇ ਜ਼ਰੂਰ ਰੋਕ ਲਾਉਣੀ ਚਾਹੀਦੀ ਹੈ ਕਿ ਐਨੇ ਪਰਸੈਂਟ ਤੋਂ ਵੱਧ ਆਮਦਨ ਦਾ ਸਟਾਫ ਦੀਆਂ ਤਨਖਾਹਾਂ ਤੇ ਖਰਚ ਨਹੀਂ ਹੋ ਸਕਦਾ ਹੈ । ਅਤੇ ਬਾਕੀ ਦੀ ਰਕਮ ਡਿਵੈਲਪਮੈਂਟ ਤੇ ਖਰਚ ਕੀਤੀ ਜਾਵੇ । ਟੈਕਸਿਜ਼ ਕਿਉਂ ਲਗਾਉਂਦੇ ਹਨ ਤਾਂ ਕਿ ਸੀਵਰੇਜ, ਡਰੇਨੇਜ ਤੇ ਖਰਚ ਕੀਤਾ ਜਾ ਸਕੇ । ਜਦੋਂ ਕੋਈ ਨਕਸ਼ਾ ਬਣਦਾ ਹੈ ਤਾਂ ਉਸ ਵੇਲੇ ਅਸੀਂ ਅਮਰੀਕਾ ਵਲ, ਜਰਮਨੀ ਵਲ ਜਾਂ ਰਸ਼ੀਆ ਵਲ ਦੇਖ ਕੇ ਨਕਸ਼ਾ ਬਣਾਉਂਦੇ ਹਾਂ । ਇਹ ਨਹੀਂ ਖਿਆਲ ਕਰਦੇ ਕਿ ਫਾਈਨੈਂਸ ਕਿਥੋਂ ਆਉਣਗੇ । ਇਹ ਠੀਕ ਹੈ ਕਿ ਇੰਡੀਆ ਗਰੀਬ ਨਹੀਂ ਰਹੇਗਾ । ਫੂਡ ਵਿਚ ਇੰਡੀਆ ਸੈਲਫ ਸਫੀਸ਼ੈਂਟ ਹੋ ਗਿਆ ਹੈ ਔਰ ਜੇ ਚਾਹੇ ਤਾਂ ਇਸ ਵੇਲੇ ਇੰਡੀਆ 5-10 ਲਖ ਟਨ ਗੰਦਮ ਬਾਹਰ ਵੀ ਵੇਚ ਸਕਦਾ ਹੈ । We should cut our coat according to the cloth.

ਜੋ ਡਾਇਰੈਕਟਰ, ਲੋਕਲ ਬਾਡੀਜ਼ ਹੈ ਜਾਂ ਕਮਿਸ਼ਨਰ, ਲੋਕਲ ਬਾਡੀਜ਼ ਹੈ, ਮੈਂ ਉਨ੍ਹਾਂ ਦੀ ਨੀਤੀ ਤੇ ਬਿਲਕੁਲ ਸ਼ਕ ਨਹੀਂ ਕਰਦਾ । ਉਹ ਬਹੁਤ ਆਹਲਾ ਅਫਸਰ ਹਨ, ਡੈਡੀਕੇਟਿਡ ਹਨ ਪਰ ਉਹ ਥੋੜ੍ਹਾ ਜਿਹਾ ਖਰਚ ਜ਼ਿਆਦਾ ਨਾ ਕਰਨ । ਉਹ ਆਮਦਨੀ ਬੜੀ ਤੇਜ਼ੀ ਨਾਲ ਕਰਦੇ ਹਨ ਤਾਂਕਿ ਉਨ੍ਹਾਂ ਨੂੰ ਆਪਣੀਆਂ ਤਨਖਾਹਾਂ ਮਿਲ ਜਾਣ । ਪਰ ਜਦੋਂ ਸਾਨੂੰ ਲੋਕਾਂ ਕੋਲ ਵੋਟਾਂ ਲਈ ਜਾਣਾ ਪਿਆ ਤਾਂ ਉਸ ਵੇਲੇ ਲੋਕਾਂ ਨੇ ਸਾਨੂੰ ਵੋਟਾਂ ਨਹੀਂ ਦੇਣੀਆਂ । ਟੈਕਸਿਜ਼ ਬਹੁਤ ਜ਼ਿਆਦਾ ਲਗ ਰਹੇ ਹਨ, ਜਿਸ ਦਾ ਕਿ ਉਹ ਲੋਕ ਬੋਝ ਨਹੀਂ ਉਠਾ ਸਕਦੇ । ਲੁਧਿਆਣਾ ਵਿਚ ਅਤੇ ਹੋਰ ਵੀ ਕਈ ਸ਼ਹਿਰਾਂ ਵਿਚ ਅੱਠ ਅੱਠ ਗੁਣਾਂ, ਦਸ ਦਸ ਗੁਣਾਂ ਹਾਊਸ ਟੈਕਸ ਵਧਾ ਦਿੱਤਾ ਗਿਆ ਹੈ । ਉਥੇ ਇਕ ਸੀਨੀਅਰ ਅਫਸਰ ਨੇ ਮੈਨੂੰ ਦਸਿਆ ਸੀ ਕਿ ਜੇ ਉਥੇ ਸਫਾਈ ਨਾ ਹੋਈ ਤਾਂ ਉਥੇ ਪਲੇਗ ਪੈ ਜਾਏਗੀ । ਇਸ ਬਾਰੇ ਹੁਣੇ ਹੀ ਸਰਟੀਫਿਕੇਟ ਦਿੱਤਾ ਗਿਆ ਹੈ ਕਿ ਇਥੇ ਪਲੇਗ ਪੈ ਨਹੀਂ ਸਕਦੀ । ਗੰਦ ਨੂੰ ਸਾਫ ਕਰਾਉਣ ਲਈ ਕੋਈ ਅਜਿਹਾ ਪਰਬੰਧ ਕਰਨਾ ਚਾਹੀਦਾ ਹੈ ਜਿਸ ਨਾਲ ਕਿ ਜ਼ਿਆਦਾ ਖਰਚ ਨਾ ਆਵੇ । ਸੀਵਰੇਜ ਅਰੇਂਜਮੈਂਟ ਕਰਨ ਲਈ ਪਹਿਲਾਂ 40 /- ਫੁਟ ਸੀ ਅਤੇ ਅੱਜ ਇਹ 100/- ਫੁਟ ਹੋ ਗਿਆ ਹੈ । ਇਸ ਤਰ੍ਹਾਂ ਨਾਲ ਖਰਚ ਕਾਫੀ ਬੜ੍ਹ ਗਿਆ ਹੈ । ਕਿਉਂ ਨਹੀਂ ਇੰਜਨੀਅਰਜ਼ ਨੂੰ ਕਿਹਾ ਜਾਂਦਾ ਕਿ ਸੀਵਰੇਜ ਸਿਸਟਮ ਲਈ ਕੋਈ ਸਸਤਾ ਕੰਮ ਲਭਿਆ ਜਾਵੇ । ਇਸ ਪਾਸੇ ਜੋ ਰਿਸਰਚ ਹੋਣੀ ਚਾਹੀਦੀ ਹੈ, ਉਸ ਵਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ । ਮਿਉਂਸਪਲ ਕਮੇਟੀਆਂ ਜਾਂ ਹੋਰ ਲੋਕਲ ਬਾਡੀਜ਼ ਵਿਚ ਜੋ ਇਸ ਪਾਸੇ ਖਰਚਾ ਹੁੰਦਾ ਹੈ ਉਸ ਬਾਰੇ ਜੋ ਇੰਜਨੀਅਰਜ਼

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਕਹਿ ਦਿੰਦੇ ਹਨ ਉਹ ਹੀ ਕਰ ਲਿਆ ਜਾਂਦਾ ਹੈ। ਪਰ ਹੁੰਦਾ ਕੀ ਹੈ ਜਿਥੇ ਕੋਈ ਨਾਲੀ ਬਣਨੀ ਹੁੰਦੀ ਹੈ ਉਥੇ ਬਜਾਏ ਸੀਮਿੰਟ ਲਗਾਉਣ ਦੇ ਰੇਤਾ ਹੀ ਰੇਤਾ ਲਗਾ ਦਿੱਤਾ ਜਾਂਦਾ ਹੈ। ਇਸ ਨਾਲ ਕੰਮ ਅੱਗੇ ਨਾਲੋਂ ਵੀ ਹੋਰ ਖਰਾਬ ਹੋ ਜਾਂਦਾ ਹੈ। ਇਸ ਨਾਲ ਬਜਾਏ ਸਫਾਈ ਵਲ ਧਿਆਨ ਦੇਣ ਦੇ ਹੋਰ ਵੀ ਗੰਦ ਪੈ ਜਾਂਦਾ ਹੈ। ਮਿਉਂਸਪਲ ਕਮੇਟੀਆਂ ਕੋਲ ਬਹੁਤ ਜਾਇਦਾਦਾਂ ਹਨ। ਇੱਕ ਨੇਕ ਕੰਮ ਕੀਤਾ ਗਿਆ ਹੈ, ਸਪੀਕਰ ਸਾਹਿਬ, ਜਿਹੜੇ ਲੋਕਾਂ ਨੇ ਖਾਹ ਮਖਾਹ ਕਬਜ਼ੇ ਕੀਤੇ ਹੋਏ ਸੀ ਉਨ੍ਹਾਂ ਤੋਂ ਉਹ ਛੁੜਾ ਕੇ ਕਰੋੜਾਂ ਰੁਪਏ ਦੀ ਜਾਇਦਾਦ ਇਨ੍ਹਾਂ ਨੂੰ ਮਿਲ ਗਈ ਹੈ। ਉਸ ਨੂੰ ਚੰਗੀ ਤਰ੍ਹਾਂ ਨਾਲ ਵਰਤਣਾ ਚਾਹੀਦਾ ਹੈ। ਪਾਰਕਸ ਬਣ ਰਹੇ ਹਨ। ਇਹ ਚੰਗੀ ਗੱਲ ਹੈ। ਸ਼ਰਮਾ ਸਾਹਿਬ ਸਾਡੇ ਆਨਰੇਬਲ ਮਨਿਸਟਰ ਸਾਹਿਬ ਇਸ ਪਾਸੇ ਜ਼ਰੂਰ ਧਿਆਨ ਦੇਣ ਔਰ ਇਸ ਤੇ ਲਿਮਿਟ ਲਗਾਉਣ।

ਇਸ ਐਕਟ ਵਿਚ ਜੇ ਮੈਂ ਕਹਾਂ ਕਿ ਕੋਈ ਗਲਤੀ ਨਹੀਂ ਤਾਂ ਇਹ ਸੋਚਿਆ ਵੀ ਨਹੀਂ ਜਾ ਸਕਦਾ। ਇਸ ਵਿਚ ਕਈ ਗਲਤੀਆਂ ਹਨ। ਇਹ ਜਿਹੜੀ ਇਸ ਬਾਰੇ ਕਿਤਾਬ ਸਾਡੇ ਕੋਲ ਹੈ ਇਸਦੇ ਵਿਚ ਜਿਹੜੀ ਕਲਾਜ਼ ਕੱਲ ਸਾਡੀ ਮੰਨੀ ਸੀ ਉਹ ਇਹਦੇ ਵਿਚ ਹੈ। ਇਹ ਅੱਛੀ ਗੱਲ ਹੈ। ਪਰ ਇਕ ਗੱਲ ਹੈ ਕਿ 7/8 ਘੰਟੇ ਲਗਾਕੇ ਕੰਮ ਕੀਤਾ ਸੀ ਪਰ ਇੱਕ ਗਲਤੀ ਹੋ ਗਈ ਹੈ। ਇਹ ਪਹਿਲੀ ਤਰੀਖ ਨੂੰ ਨੋਟੀਫਾਈ ਹੋਈ ਔਰ ਅਗਰ ਇਹ 2 ਸਤੰਬਰ, 1976 ਨੂੰ ਸਾਨੂੰ ਦੇ ਦਿੰਦੇ ਤਾਂ ਡਾਂਗ ਸਾਹਿਬ ਇਸ ਤਰ੍ਹਾਂ ਨਹੀਂ ਕਹਿ ਸਕਦੇ ਸੀ ਜਿਸ ਤਰ੍ਹਾਂ ਉਨ੍ਹਾਂ ਨੇ ਕਿਹਾ ਹੈ। ਅੱਜ 7-0 ਵਜੇ ਆ ਕੇ ਇਹ ਪੜ੍ਹ ਲਈਏ ਇਹ ਨਾਮੁਮਕਿਨ ਗੱਲ ਹੈ। ਇਸ ਦੇ ਵਿਚ ਪਤਾ ਨਹੀਂ ਕੀ ਗੱਲ ਹੈ। ਜਿਹੜੀਆਂ ਜਿਹੜੀਆਂ ਤਰਮੀਮਾਂ ਅਸੀਂ ਦਿੱਤੀਆਂ ਸਨ ਉਹ ਮੰਨ ਲਈਆਂ ਗਈਆਂ ਹਨ। ਸਪੀਕਰ ਸਾਹਿਬ, ਇਹ ਐਕਟ ਪੇਸ਼ ਹੋ ਗਿਆ, ਅਸੀਂ ਇਸ ਚੀਜ਼ ਦੇ ਹੱਕ ਵਿਚ ਹਾਂ ਕਿ ਇਹ ਪਾਸ ਹੋਵੇ। ਲੇਕਿਨ ਇਸਦੇ ਵਿਚ ਜਿਹੜੀਆਂ ਤਰਮੀਮਾਂ ਹਨ ਉਸ ਬਾਰੇ ਸਾਨੂੰ ਅਗਲੇ ਸੈਸ਼ਨ ਵਿਚ ਤਿਆਰੀ ਕਰਕੇ ਆਉਣਾ ਚਾਹੀਦਾ ਹੈ। ਜਿਹੜੇ ਜਿਹੜੇ ਨੁਕਸ ਇਸਦੇ ਵਿਚ ਰਹਿ ਗਏ ਹਨ ਉਸਦੇ ਬਾਰੇ ਸ਼ਰਮਾ ਸਾਹਿਬ ਸਾਨੂੰ ਵਿਸ਼ਵਾਸ ਦਿਵਾਉਣ ਕਿ ਇਹ ਉਸ ਵੇਲੇ ਸਾਡੀਆਂ ਸੁਜੈਸ਼ਨਜ਼ ਤੇ ਖੁਲ ਦਿਲੀ ਨਾਲ ਵਿਚਾਰ ਕਰਨਗੇ। ਇਸ ਚੀਜ਼ ਦਾ ਜ਼ਰੂਰ ਧਿਆਨ ਰਖਣਾ ਚਾਹੀਦਾ ਹੈ ਕਿ ਇਲੈਕਸ਼ਨਜ਼ ਹੋਣੇ ਹਨ। ਕਿਉਂਕਿ ਸ੍ਰੀਮਤੀ ਇੰਦਰਾ ਗਾਂਧੀ ਜੀ ਇੱਕ ਗਰੇਟ ਡਮੋਕ੍ਰੇਟ ਹਨ। ਉਹ ਲੋਕਾਂ ਦੀ ਰਾਏ ਲੈਂਦੇ ਹਨ। ਇਹ ਬਹੁਤ ਵੱਡਾ ਕਦਮ ਹੈ। ਪਰ ਇਸ ਵਿਚ ਸਰਕਾਰ ਨੇ ਉਪਨ ਕ੍ਰਿਟੇਸਿਜ਼ਮ ਰਖਿਆ ਹੈ। ਇਸਦੇ ਵਿਚ ਜਲੰਧਰ ਕਿਉਂ ਨਹੀਂ ਪਾਇਆ ਗਿਆ ਹੈ। ਜੇ ਲੁਧਿਆਣਾ ਮਿਉਂਸਪਲ ਕਮੇਟੀ ਨੂੰ ਸੁਪਰਸੀਡ ਕਰ ਸਕਦੇ ਸੀ ਤਾਂ ਜਲੰਧਰ ਨੂੰ ਵੀ ਸੁਪਰਸੀਡ ਕਰਨਾ ਚਾਹੀਦਾ ਸੀ। ਉਸਦੇ ਵਿਚ ਕੀ ਹਰਜ ਵਾਲੀ ਗੱਲ ਸੀ। ਜੇ ਜਲੰਧਰ ਇਸਦੇ ਵਿਚ ਲਿਆ ਜਾਂਦਾ ਤਾਂ ਡਾਂਗ ਸਾਹਿਬ ਇਸ ਦੀ ਕ੍ਰਿਟੇਸਿਜ਼ਮ ਨਾ ਕਰਦੇ। ਮੈਂ ਇਸ ਬਾਰੇ ਹੋਰ ਕੁਝ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ ਪਰ ਸਰਕਾਰ ਕਮ-ਅਜ਼-ਕਮ ਇਹ ਜ਼ਰੂਰ ਕਹਿ ਸਕਦੀ ਹੈ ਕਿ ਮਿਉਂਸਪਲ ਕਾਰਪੋਰੇਸ਼ਨ ਦਾ ਬਿਲ ਲਿਆਂਦਾ ਹੈ। ਡਾਂਗ ਸਾਹਿਬ ਨੇ ਕਿਹਾ ਹੈ ਨਾਲ ਦੀ ਨਾਲ ਇਲੈਕਸ਼ਨਜ਼ ਕਰਾ ਦਿਉ। ਸਾਰਿਆਂ ਨੂੰ ਵੋਟਿੰਗ ਕਰਨ ਦਾ ਹੱਕ ਮਿਲ ਜਾਏ। ਪਰ ਉਨ੍ਹਾਂ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਜਦ ਤਕ ਵਾਰਡ

Original with;
Punjab Vidhan Sabha
Digitized by;
Panjab Digital Library

ਨਹੀਂ ਬਣਦੇ ਉਦੋਂ ਤਕ ਇਲੈਕਸ਼ਨਜ਼ ਕਿਸ ਤਰ੍ਹਾਂ ਹੋ ਸਕਦੇ ਹਨ । ਵਾਰਡ ਲਈ ਨੋਟੀਫੀਕੇਸ਼ਨ ਹੋਣ ਤੇ ਸਮਾਂ ਲਗੇਗਾ । ਬਾਕੀ ਸਰਕਾਰ ਆਪਣੀ ਪਾਵਰਜ਼ ਰਖ਼ ਲੈਂਦੀ ਹੈ । ਹਰ ਸਰਕਾਰਾਂ ਇਸ ਤਰ੍ਹਾਂ ਹੀ ਡਿਸਕ੍ਰੀਸ਼ਨਰੀ ਪਾਵਰਜ਼ ਰੱਖ ਲੈਂਦੀਆਂ ਹਨ । ਸਾਨੂੰ ਐਸੇ ਕਾਨੂੰਨਦਾਨ ਮਿਲੇ ਹੋਏ ਹਨ ਜਿਸ ਤਰ੍ਹਾਂ ਕਿ ਚੌਧਰੀ ਦਰਸ਼ਨ ਸਿੰਘ ਜੀ ਵਰਗੇ (ਵਿਘਨ) ਇਹ ਕਾਨੂੰਨ ਨੂੰ ਕਦੇ ਕਿਸੇ ਪਾਸੇ ਅਤੇ ਕਦੇ ਕਿਸੇ ਪਾਸੇ ਲੈ ਜਾਂਦੇ ਹਨ । (ਵਿਘਨ) ਮੈਂ ਚੌਧਰੀ ਦਰਸ਼ਨ ਸਿੰਘ ਬਾਰੇ ਕੋਈ ਗੱਲ ਅਜਿਹੀ ਨਹੀਂ ਕਹੀ ਹੈ ਜਿਹੜੀ ਕਿ ਮਾੜੀ ਹੋਵੇ । ਇਹ ਮੈਂ ਇਸ ਲਈ ਕਹਿ ਰਿਹਾ ਹਾਂ ਕਿ ਕਿਤੇ ਉਨ੍ਹਾਂ ਨੂੰ ਕੋਈ ਚੁਕ ਨਾ ਦੇਵੇ । ਕਾਨੂੰਨ ਨੂੰ ਹਰ ਨੁਕਤੇ ਨਾਲ ਪੇਸ਼ ਕੀਤਾ ਜਾ ਸਕਦਾ ਹੈ । ਮੈਨੂੰ ਖੁਸ਼ੀ ਹੈ, ਮੈਂ ਗਿਆਨੀ ਜੀ ਦੀ ਸਰਕਾਰ ਤੇ ਗੌਰਵ ਕਰਦਾ ਹਾਂ ਕਿ ਜੋ 20 ਸਾਲਾਂ ਤੋਂ ਧੱਬਾ ਚਲਿਆ ਆ ਰਿਹਾ ਸੀ ਕਿ ਕਾਰਪੋਰੇਸ਼ਨ ਬਣਦੀ ਨਹੀਂ ਉਹ ਧੱਬਾ ਦੂਰ ਕਰ ਦਿੱਤਾ ਹੈ ।

ਸਪੀਕਰ ਸਾਹਿਬ, ਇੱਕ ਗਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਲੋਕਾਂ ਨੂੰ ਇਨਸਾਫ ਮਿਲੇ ਇਸ ਸਪਿਰਟ ਨਾਲ ਇਸ ਐਕਟ ਨੂੰ ਮੱਦੇ ਨਜ਼ਰ ਰਖਦੇ ਹੋਏ ਲਾਗੂ ਕਰਨਾ ਚਾਹੀਦਾ ਹੈ । ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਸ੍ਰੀ ਪ੍ਰਤਾਪ ਚੰਦ ਭੰਡਾਰੀ** (ਅੰਮ੍ਰਿਤਸਰ ਸੈਂਟ੍ਰਲ) : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਗਿਆਨੀ ਜੀ ਦੀ ਸਰਕਾਰ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਐਡਾ ਪ੍ਰੋਗਰੈਸਿਵ ਬਿਲ ਸਾਡੇ ਸਾਹਮਣੇ ਲਿਆਂਦਾ ਗਿਆ ਹੈ । ਜਿਸ ਤਰ੍ਹਾਂ ਕਿ ਕੈਪਟਨ ਸਾਹਿਬ ਨੇ ਕਿਹਾ ਹੈ ਕਿ 20 ਸਾਲਾਂ ਤੋਂ ਇਹ ਗੱਲ ਚਲ ਰਹੀ ਸੀ ਕਿ ਇਹ ਬਿਲ ਆਏਗਾ, ਇਹ ਬਿਲ ਆਏਗਾ, ਇਹ ਗੱਲ ਨੂੰ ਸੱਚ ਕਰਕੇ ਦਿਖਾ ਦਿੱਤਾ ਹੈ । ਇਸ ਬਾਰੇ ਜੋ ਅਸੀਂ ਸੁਝਾਓ ਦਿੱਤੇ ਸੀ ਡਾਂਗ ਸਾਹਿਬ ਨੂੰ ਯਾਦ ਹੋਵੇਗਾ ਕਿ ਦੋ ਦਿਨ ਵਾਸਤੇ ਮੀਟਿੰਗਜ਼ ਰਖੀਆਂ ਗਈਆਂ ਹਨ । ਇੱਕ ਦਿਨ ਮੀਟਿੰਗ ਕਰਨ ਦੇ ਬਾਅਦ ਕਲਾਜ਼-ਬਾਈ-ਕਲਾਜ਼ ਡਿਸਕਸ ਕਰਕੇ ਜਿਹੜੀਆਂ ਅਮੈਂਡਮੈਂਟਸ ਦਿੱਤੀਆਂ ਉਹ ਸਾਰੀਆਂ ਇਸ ਵਿਚ ਲਿਆਂਦੀਆਂ ਹਨ । ਮੈਂ ਸਮਝਦਾ ਹਾਂ ਕਿ ਦੋ ਦਿਨ ਦੀ ਮੀਟਿੰਗ ਇਕ ਦਿਨ ਵਿਚ ਹੀ ਹੋ ਗਈ ਸੀ ਔਰ ਫਿਰ ਜੇ ਇਹ ਕਿਹਾ ਜਾਵੇ ਕਿ ਕੁਝ ਚੀਜ਼ਾਂ ਇਸ ਬਿਲ ਦੇ ਵਿਚ ਰਹਿ ਗਈਆਂ ਹਨ ਤਾਂ ਮੇਰਾ ਖਿਆਲ ਹੈ ਕਿ ਇਹ ਗਲ ਠੀਕ ਨਹੀਂ । 1911 ਦੇ ਵਿਚ ਮਿਉਂਸਪਲ ਐਕਟ ਬਣਿਆ ਔਰ ਅੱਜ ਤਕ ਉਸ ਦੇ ਵਿਚ ਅਮੈਂਡਮੈਂਟਸ ਹੋ ਰਹੀਆਂ ਹਨ । ਐਕਸਪੀਰੀਐਂਸ ਦੇ ਨਾਲ, ਵਕਤ ਦੇ ਬਦਲਣ ਨਾਲ ਜਿਹੜੀਆਂ ਚੀਜ਼ਾਂ ਦੀ ਜ਼ਰੂਰਤ ਹੈ ਉਹ ਇਸਦੇ ਵਿਚ ਹੁਣ ਲਿਆਂਦੀਆਂ ਜਾ ਰਹੀਆਂ ਹਨ । ਮੇਰੀ ਬੇਨਤੀ ਹੈ ਕਿ ਅਗਰ ਇਸ ਦੇ ਵਿਚ ਕੋਈ ਚੀਜ਼ ਰਹਿ ਗਈ ਹੈ ਔਰ ਗਲਤੀ ਕੋਈ ਰਹਿ ਗਈ ਹੈ ਤਾਂ ਉਹ ਗਲਤੀ ਹਰ ਵਕਤ ਕਢੀ ਜਾ ਸਕਦੀ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਇਸ ਬਿਲ ਨੂੰ ਜੇ ਹੁਣ ਅਸੀਂ ਪੋਸਟਪੋਨ ਕਰੀਏ ਜਾਂ ਇਹੀ ਕਹੀ ਜਾਈਏ ਕਿ ਇਸ ਦੇ ਲਈ ਕੋਈ ਸਿਲੈਕਟ ਕਮੇਟੀ ਬਣਨੀ ਚਾਹੀਦੀ ਹੈ ਤਾਂ ਇਹ ਸਾਡੇ ਲੋਕਾਂ ਨਾਲ ਕੀਤੇ ਹੋਏ ਵਾਇਦੇ ਨਾਲ ਧੱਕਾ ਹੋਵੇਗਾ ਅਤੇ ਲੋਕਾਂ ਨੂੰ ਅਸੀਂ ਫੇਸ ਨਹੀਂ ਕਰ ਸਕਾਂਗੇ ।

ਸਪੀਕਰ ਸਾਹਿਬ, ਜਿਥੋਂ ਤਕ ਤਲੱਕ ਹੈ ਰਾਈਟਸ ਦਾ, ਮੈਂ ਡਾਂਗ ਸਾਹਿਬ ਨਾਲ ਇਸ ਗਲ ਤੇ ਮੁਤਫ਼ਿਕ ਹਾਂ ਕਿ ਕਮਿਸ਼ਨਰ ਨੂੰ ਬਹੁਤ ਜ਼ਿਆਦਾ ਰਾਈਟਸ ਹਨ । ਮਗਰ

Original with;
Punjab Vidhan Sabha
Digitized by;
Panjab Digital Library

[ਸ਼੍ਰੀ [illegible] ਚੰਦ ਭੰਡਾਰੀ]

ਮੈਂ [illegible] ਕਰਦਾ ਹਾਂ ਕਿ ਵਕਤ ਨਾਲ ਜਿਸ ਤਰ੍ਹਾਂ ਵੀ ਮੁਨਾਸਿਬ ਟਾਈਮ ਤੇ ਜ਼ਰੂਰਤ ਹੋਵੇਗੀ [illegible] ਅਮੈਂਡਮੈਂਟ ਲਿਆ ਕੇ ਉਸ ਨੂੰ ਕੁਰੈਕਟ ਕੀਤਾ ਜਾਵੇਗਾ। ਨੰਗਲ [illegible] ਡਿਸਕਸ਼ਨ ਹੋਈ ਸੀ ਤਾਂ ਉਸ ਵੇਲੇ ਜਿਹੜੀਆਂ ਦੂਸਰੀਆਂ ਕਾਰਪੋਰੇਸ਼ਨਾਂ ਦੇ ਬਿਲ, ਹਿੰਦੁਸਤਾਨ ਦੀਆਂ ਹੋਰ ਕਾਰਪੋਰੇਸ਼ਨਾਂ ਦੇ ਬਿਲ ਉਸ ਵੇਲੇ ਸਾਡੇ ਕੋਲ [illegible] ਨੂੰ ਇਕ ਦੂਸਰੇ ਨਾਲ ਡਿਸਕਸ ਕਰਕੇ ਅਸੀਂ ਇਸ ਨੂੰ ਫਾਈਨਲ ਸ਼ਕਲ ਦਿੱਤੀ ਸੀ।

ਸਪੀਕਰ ਸਾਹਿਬ, ਜਿਥੋਂ ਤਕ ਇਸ ਬਿਲ ਦਾ ਤਅੱਲਕ ਹੈ ਇਸ ਦੇ ਵਿਚ ਇਹ [illegible] ਕੀਤਾ ਗਿਆ ਹੈ ਕਿ ਜਿਹੜੇ ਟੈਕਸਿਜ਼ ਸ਼ਹਿਰ ਵਿਚੋਂ ਉਗਰਾਉਣੇ ਹਨ ਉਸ ਦਾ ਕੁਝ ਪਰਸੈਂਟ ਕਾਰਪੋਰੇਸ਼ਨ ਨੂੰ ਦਿੱਤਾ ਜਾਵੇਗਾ। ਮੈਂ ਸ਼ਰਮਾਂ ਜੀ ਨੂੰ ਇਹ ਬੇਨਤੀ ਕਰਾਂਗਾ ਕਿ ਜਿਥੇ ਇਹ ਫੈਸਲਾ ਕੀਤਾ ਗਿਆ ਹੈ ਕਿ ਅਸੀਂ ਕੁਝ ਪਰਸੈਂਟ ਦੇਣਾ ਹੈ ਇਹ [illegible] ਕੀਤਾ ਜਾਵੇ ਅਤੇ 'ਮੇ' ਵਰਡ ਜਿਹੜਾ ਹੈ ਉਹ 'ਸ਼ੈਲ' ਕੀਤਾ ਜਾਵੇ [illegible] ਕਿ [illegible] ਕਾਰਪੋਰੇਸ਼ਨ [illegible] ਦਾ ਬਹੁਤ ਖਰਚ ਪੈ ਜਾਣਾ ਹੈ, ਜਿਸ ਨੇ ਆਪਣੇ ਏਰੀਏ ਦੀ ਡਿਵੈਲਪਮੈਂਟ ਕਰਨੀ ਹੈ ਉਸ ਦੇ ਖਰਚੇ ਵਾਸਤੇ ਉਸ ਨੂੰ ਚੀਜ਼ਾਂ ਮਿਲਦੀਆਂ ਰਹਿਣ। ਮੈਂ ਫਿਰ ਬੇਨਤੀ ਕਰਾਂਗਾ ਕਿ ਇਹ ਜਿਹੜੀ ਅਮੈਂਡਮੈਂਟ ਹੈ, ਇਹ ਜ਼ਰੂਰ ਮੰਨ ਲੈਣੀ ਚਾਹੀਦੀ ਹੈ।

[illegible] ਜਿਥੋਂ ਤਕ ਇਸ ਦੀ ਇਲੈਕਸ਼ਨ ਦਾ ਤਅੱਲਕ ਹੈ ਗੌਰਮਿੰਟ ਨੇ [illegible] ਜਲਦੀ ਤੋਂ ਜਲਦੀ ਇਲੈਕਸ਼ਨ ਕਰਵਾ ਲਵਾਂਗੇ, ਜਲਦੀ [illegible] ਹੈ ਕਿ ਅਗਰ ਇਸ ਨੂੰ ਟਾਈਮ ਬਾਊਂਡ [illegible] ਅਸੀਂ ਇਲੈਕਸ਼ਨ ਕਰਵਾ ਦਿਆਂਗੇ ਤਾਂ ਉਸ [illegible] ਲੋਕ ਸਮਝਣਗੇ ਕਿ ਅਲਟੀਮੇਟਲੀ ਗੌਰਮਿੰਟ [illegible]। ਵੋਟਾਂ ਦੀਆਂ ਲਿਸਟਾਂ ਇਤਰਾਜ਼ ਵਗੈਰਾ ਹੋ [illegible] ਡੀਲਿਮੀਟੇਸ਼ਨ ਹੋਣੀ ਹੈ ਉਸ ਦੇ ਲਈ ਮੈਂ ਸਮਝਦਾ [illegible]। ਮੇਰਾ ਖਿਆਲ ਹੈ ਕਿ ਇਸ ਦੇ ਉਤੇ ਗੌਰ [illegible] ਕਰਨਗੇ। (ਵਿਘਨ) ਇਕ ਸ਼ਰਮਾਂ ਜੀ ਨੂੰ [illegible] ਨੂੰ ਮੱਦੇ ਨਜ਼ਰ ਰਖਦੇ ਹੋਏ, ਅੰਮ੍ਰਿਤਸਰ ਅਤੇ [illegible] ਹੋਈਆਂ ਹਨ, ਕਾਰਪੋਰੇਸ਼ਨ ਦੇ ਨਾਲ [illegible] ਦੇ ਨਾਲ ਡੈਮੋਕਰੈਟਿਕ ਵੇ ਨੂੰ ਉਪਰ [illegible] ਮਿਲਦੀ ਰਹੇਗੀ ਅਤੇ ਡੈਮੋਕਰੈਟਿਕ ਢੰਗ [illegible]

ਸਪੀਕਰ ਸਾਹਿਬ, ਮੈਂ ਇਸ ਗੱਲ ਨਾਲ ਮੁਤਫਿਕ ਹਾਂ ਕਿ ਸਾਨੂੰ ਪੂਰਾ ਮੌਕਾ ਨਹੀਂ ਮਿਲਿਆ ਬਿਲ ਪੜ੍ਹਨ ਦਾ ਮਗਰ ਇਤਨੇ ਪਰੋਗਰੈਸਿਵ ਬਿਲ ਨੂੰ ਅਸੀਂ ਅਗਰ ਅਗੇ ਪੋਸਟਪੋਨ ਕਰ ਦੇਈਏ ਤਾਂ ਅਸੀਂ ਲੋਕਾਂ ਨੂੰ ਫੇਸ ਨਹੀਂ ਕਰ ਸਕਾਂਗੇ। ਸਾਡੇ ਲਈ ਵੀ ਮੌਕਾ [illegible] ਅਮੈਂਡਮੈਂਟਸ ਲਿਆਂਦੇ ਰਹੀਏ। ਅੰਤ ਵਿਚ ਫਿਰ ਮੈਂ [illegible] ਇਹ [illegible] ਨੂੰ [illegible] ਤੋਂ ਜਲਦੀ ਪਾਸ ਕਰ ਦਿਤਾ ਜਾਵੇ।

ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਰਦਾਰੀ ਲਾਲ ਕਪੂਰ** (ਲੁਧਿਆਣਾ ਉਤਰ) ਸਪੀਕਰ ਸਾਹਿਬ, ਮੈਂ ਕੋਈ ਬਹੁਤ ਲੰਮੀ ਚੌੜੀ ਗੱਲ ਨਹੀਂ ਕਰਨੀ। ਬਹੁਤ ਸਾਰੇ ਮੈਂਬਰਜ਼ ਨੇ ਕਾਫੀ ਗੱਲਾਂ ਕਹਿ ਲਈਆਂ ਹਨ। ਮੈਂ ਤਾਂ ਵਿੱਤ ਮੰਤਰੀ ਜੀ ਨੂੰ ਇਸ ਬਿਲ ਦੇ ਲਈ ਮੁਬਾਰਕਬਾਦ ਦਿੰਦਾ ਹਾਂ। ਅੰਮ੍ਰਿਤਸਰ ਔਰ ਲੁਧਿਆਣਾ ਵਾਲਿਆਂ ਦੀ ਬੜੀ ਦੇਰ ਦੀ ਖਾਹਸ਼ ਸੀ ਕਿ ਜਲਦੀ ਤੋਂ ਜਲਦੀ ਕਾਰਪੋਰੇਸ਼ਨ ਬਣਨੀ ਚਾਹੀਦੀ ਹੈ ਔਰ ਹੁਣ ਉਨ੍ਹਾਂ ਦੀ ਇਹ ਖਾਹਸ਼ ਪੂਰੀ ਹੋ ਰਹੀ ਹੈ। ਕਾਰਪੋਰੇਸ਼ਨ ਬਣਨ ਦੇ ਨਾਲ ਐਡਮਨਿਸਟਰੇਸ਼ਨ ਵਿਚ ਚੰਗੀਆਂ ਗੱਲਾਂ ਹੋਣਗੀਆਂ ਅਤੇ ਜਿਹੜੀਆਂ ਗੱਲਾਂ ਵਿਚ ਅਗੇ ਦੇਰ ਲਗ ਜਾਂਦੀ ਸੀ ਉਹ ਹੁਣ ਜਲਦੀ ਹੋਇਆ ਕਰਨਗੀਆਂ। ਫਰਜ਼ ਕਰੋ ਲੁਧਿਆਣੇ ਵਿਚ ਕਾਰਪੋਰੇਸ਼ਨ ਬਣਾ ਦਿਤੀ ਹੈ ਔਰ ਇਸ ਦੇ 4 ਜ਼ੋਨ ਬਣਨਗੇ ਤਾਂ ਇਸ ਦੇ ਨਾਲ ਸਾਰਾ ਕੰਮ ਜਲਦੀ ਤੋਂ ਜਲਦੀ ਹੋ ਸਕਦਾ ਹੈ। ਇਸ ਤੋਂ ਇਲਾਵਾ ਇਕ ਗੱਲ ਮੈਂ ਇਹ ਜ਼ਰੂਰ ਕਹਾਂਗਾ ਕਿ ਕਾਰਪੋਰੇਸ਼ਨ ਬਣਨ ਦੇ ਨਾਲ ਇਸ ਦਾ ਖਰਚ ਮਿਊਂਸਪਲ ਕਮੇਟੀਆਂ ਦੇ ਖਰਚ ਨਾਲੋਂ ਜ਼ਿਆਦਾ ਹੋਵੇਗਾ। ਸਾਨੂੰ ਜ਼ਿਆਦਾ ਤੋਂ ਜ਼ਿਆਦਾ ਇਹੀ ਕੋਸ਼ਿਸ਼ ਕਰਨੀ ਚਾਹੀਦਾ ਹੈ ਕਿ ਕਾਰਪੋਰੇਸ਼ਨ ਦੇ ਖਰਚ ਨੂੰ ਪੂਰਾ ਕੀਤਾ ਜਾਵੇ ਪਰ ਮੈਂ ਵਜ਼ੀਰ ਸਾਹਿਬ ਨੂੰ ਇਹ ਬੇਨਤੀ ਕਰਾਂਗਾ ਕਿ ਜਿਹੜਾ ਸਾਡਾ ਗਰੀਬ ਅਨਸਰ ਹੈ ਜੇ ਉਨ੍ਹਾਂ ਕੋਲੋਂ ਪੈਸੇ ਲੈ ਕੇ ਹੀ ਕਾਰਪੋਰੇਸ਼ਨ ਵਿਚ ਖਰਚ ਕਰਨਾ ਹੈ ਤਾਂ ਇਹ ਕੋਈ ਗੱਲ ਠੀਕ ਨਹੀਂ ਹੈ। ਜੇ ਅਮੀਰ ਤਬਕੇ ਤੋਂ ਪੈਸੇ ਲੈ ਕੇ ਇਸ ਦਾ ਖਰਚ ਕੀਤਾ ਜਾਵੇ ਤਾਂ ਇਸ ਦੇ ਵਿਚ ਕੋਈ ਹਰਜ ਵਾਲੀ ਗੱਲ ਨਹੀਂ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਲੁਧਿਆਣੇ ਦੇ ਵਿਚ ਜਾਂ ਹੋਰ ਕਿਧਰੇ ਵੀ ਜਿਹੜਾ ਹਾਊਸ ਟੈਕਸ ਲਗਿਆ ਹੈ ਉਹ ਇਤਨਾ ਜ਼ਿਆਦਾ ਲਗ ਗਿਆ ਹੈ ਕਿ ਗਰੀਬ ਆਦਮੀ ਜਿਹੜਾ ਹੈ ਉਸ ਦੇ ਲਈ ਇਹ ਨਾ-ਕਾਬਲੇ ਬਰਦਾਸ਼ਤ ਹੈ। ਫਰਜ਼ ਕੀਤਾ ਜੇ ਕੋਈ ਗਰੀਬ ਆਦਮੀ ਪਹਿਲਾਂ 40 ਰੁਪਏ ਹਾਊਸ ਟੈਕਸ ਦੇ ਦਿੰਦਾ ਸੀ ਤਾਂ ਹੁਣ ਉਸ ਤੇ 300 ਰੁਪਏ ਜਾਂ 400 ਰੁਪਏ ਹਾਊਸ ਟੈਕਸ ਦੇ ਲਗ ਗਏ ਹਨ। ਇਹ ਜਿਹੜੀ ਤਰਕੀਬ ਬਣਾਈ ਗਈ ਹੈ ਜਿਸ ਦੇ ਨਾਲ 10 ਗੁਣਾਂ ਤਕਰੀਬਨ ਟੈਕਸ ਵੱਧ ਗਿਆ ਹੈ ਇਹ ਗਰੀਬ ਆਦਮੀ ਦੇ ਲਈ ਅਨਬੇਅਰੇਬਲ ਹੈ। ਫਿਰ ਇਸ ਦੇ ਵਿਚ ਜਿਹੜੀ ਛੋਟ ਦਿਤੀ ਗਈ ਹੈ ਉਹ ਪਹਿਲਾਂ 20% ਸੀ ਅਤੇ ਹੁਣ ਉਹ 20% ਤੋਂ 10% ਕਰ ਦਿਤੀ ਗਈ ਹੈ, ਇਸ ਦੇ ਨਾਲ ਵੀ ਟੈਕਸ ਗਰੀਬ ਆਦਮੀ ਤੇ ਵਧਿਆ ਹੈ। ਮੈਂ ਸਮਝਦਾ ਹਾਂ ਕਿ ਗਰੀਬ ਆਦਮੀ ਤੋਂ ਇਹ ਟੈਕਸ ਜ਼ਿਆਦਾ ਲੈ ਕੇ ਕੋਈ ਚੰਗਾ ਕੰਮ ਨਹੀਂ ਕੀਤਾ ਗਿਆ। ਜਿਹੜੇ ਲੋਕ ਅਮੀਰ ਹਨ, ਜਿਨ੍ਹਾਂ ਕੋਲ ਵੱਡੀਆਂ ਵੱਡੀਆਂ ਕੋਠੀਆਂ ਹਨ ਅਗਰ ਉਨ੍ਹਾਂ ਤੋਂ ਇਹ ਟੈਕਸ ਜ਼ਿਆਦਾ ਲਿਆ ਜਾਵੇ ਤਾਂ ਇਸ ਦੇ ਵਿਚ ਕੋਈ ਹਰਜ ਵਾਲੀ ਗੱਲ ਨਹੀਂ ਹੈ। ਡਾਂਗ ਸਾਹਿਬ ਨੇ ਵੀ ਕਿਹਾ ਹੈ ਅਤੇ ਮੈਂ ਵੀ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਆਦਮੀ ਨੇ ਕੋਈ ਕਮਰਾ ਕਿਰਾਏ ਤੇ ਨਹੀਂ ਚੜ੍ਹਾਇਆ ਉਸ ਆਦਮੀ ਤੇ ਮਾਮੂਲੀ ਜਿਹਾ ਟੈਕਸ ਲਗਾਇਆ ਜਾਣਾ ਚਾਹੀਦਾ ਹੈ ਅਤੇ ਜਿਹੜਾ ਅਗੇ ਲਗਿਆ ਹੋਇਆ ਹੈ ਸਗੋਂ ਉਹ ਵੀ ਘਟਾਉਣਾ ਚਾਹੀਦਾ ਹੈ। ਪਰ ਜਿਨ੍ਹਾਂ ਨੇ ਅਗੇ ਮਕਾਨ ਕਿਰਾਏ ਤੇ ਚੜ੍ਹਾਏ ਹੋਏ ਹਨ ਅਤੇ ਉਸ ਆਦਮੀ ਦੇ ਕਈ ਕਈ ਮਕਾਨ ਅਤੇ ਦੁਕਾਨਾਂ ਹਨ, ਜਿਨ੍ਹਾਂ ਦਾ ਕਾਰੋਬਾਰ ਹੀ ਮਕਾਨ ਕਿਰਾਏ ਤੇ ਚੜ੍ਹਾਉਣ ਦਾ ਹੈ ਜਾਂ ਜਿਨ੍ਹਾਂ ਦਾ ਪੇਸ਼ਾ ਹੀ ਇਹੀ ਹੈ ਉਨ੍ਹਾਂ ਲੋਕਾਂ ਤੇ ਜ਼ਿਆਦਾ ਟੈਕਸ ਲਗਾਉਣਾ ਚਾਹੀਦਾ ਹੈ। ਜਿਹੜੇ ਲੋਕ ਕਿਰਾਏਨਾਮਾ ਜਾਂ ਕੁਝ ਹੋਰ ਲਿਖਾਉਂਦੇ ਹਨ ਅਤੇ ਕਿਰਾਇਆ ਕੁਝ ਹੋਰ ਲੈਂਦੇ ਹਨ ਉਨ੍ਹਾਂ ਲੋਕਾਂ ਤੇ ਟੈਕਸ ਲਗਣਾ ਚਾਹੀਦਾ ਹੈ। ਉਹ ਲੋਕ ਕਿਰਾਇਆ ਤਾਂ

Original with;
Punjab Vidhan Sabha
Digitized by;
Panjab Digital Library

ਸ੍ਰੀ ਸਰਦਾਰੀ ਲਾਲ ਕਪੂਰ]

ਫਰਜ਼ ਕਰੋ 800 ਰੁਪਏ ਲੈਂਦੇ ਹਨ ਪਰ ਲਿਖਾਂਦੇ 400 ਰੁਪਏ ਹਨ ਜਾਂ ਇਸ ਤੋਂ ਵੀ ਘੱਟ। ਪਰ ਟੈਕਸ ਜਿਹੜਾ ਹੈ ਉਹ ਕਿਰਾਏਨਾਮੇ ਦੇ ਹਿਸਾਬ ਨਾਲ ਲਿਆ ਜਾਂਦਾ ਹੈ। ਇਸ ਦੇ ਲਈ ਮੇਰੀ ਬੇਨਤੀ ਹੈ ਕਿ ਵੈਲਿਯੂ ਦੇ ਹਿਸਾਬ ਨਾਲ ਉਨ੍ਹਾਂ ਤੋਂ ਟਕਸ ਲੈਣਾ ਚਾਹੀਦਾ ਹੈ। (ਵਿਘਨ)

ਫ਼ਿਰ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਲੁਧਿਆਣੇ ਦੀ ਹਦੂਦ ਵੱਧ ਗਈ ਹੈ ਔਰ ਉਸ ਦੇ ਨਾਲ ਹੋਰ ਪਿੰਡ ਆ ਗਏ ਹਨ। ਜਿਸ ਹਿਸਾਬ ਨਾਲ ਸਾਡੇ ਕੋਲ ਪੈਸਾ ਹੈ, ਜਿਸ ਹਿਸਾਬ ਨਾਲ ਸਾਡੀ ਆਮਦਨੀ ਹੈ ਉਸ ਦੇ ਮੁਤਾਬਿਕ ਤਾਂ ਪਿੰਡਾਂ ਦੀ ਡਿਵੈਲਪਮੈਂਟ ਬੜੀ ਜਲਦੀ ਨਹੀਂ ਹੋ ਸਕੇਗੀ। ਹਾਲੇ ਤਕ ਤਾਂ ਲੁਧਿਆਣਾ ਸ਼ਹਿਰ ਦੇ ਵਿਚ ਜਿਹੜੀਆਂ ਬਸਤੀਆਂ ਹਨ, ਜਿਹੜੇ ਸਲੱਮ ਏਰੀਆਜ਼ ਹਨ ਜਿਥੇ ਲੋਕਾਂ ਨੇ ਸਵੇਰੇ ਤੋਂ ਲੈ ਕੇ ਸ਼ਾਮ ਤਕ ਕਦੇ ਸੂਰਜ ਨਹੀਂ ਦੇਖਿਆ ਉਨ੍ਹਾਂ ਨੂੰ ਠੀਕ ਕਰਨ ਦੀ ਲੋੜ ਹੈ। ਲੁਧਿਆਣੇ ਦੀ ਡਿਵੈਲਪਮੈਂਟ ਕਰਨ ਵਾਸਤੇ ਜੋ ਮੌਜੂਦਾ ਹਾਲਤ ਹੈ ਉਸ ਦੇ ਲਈ ਤਕਰੀਬਨ ਤਕਰੀਬਨ 70—80 ਕਰੋੜ ਰੁਪਿਆ ਦਰਕਾਰ ਹੈ ਡਿਵੈਲਪਮੈਂਟ ਵਾਸਤੇ ਤਾਂ ਜਾ ਕੇ ਮੌਜੂਦਾ ਡਿਵੈਲਪਮੈਂਟ ਹੋਵੇਗੀ। ਹੁਣ ਜਿਹੜੀਆਂ ਬਸਤੀਆਂ ਨਾਲ ਹੋਰ ਲੈ ਲਈਆਂ ਹਨ ਉਸ ਦੀ ਡਿਵੈਲਪਮੈਂਟ ਕਰਨ ਵਾਸਤੇ ਲਾਜ਼ਮੀ ਤੌਰ ਤੇ ਹੋਰ ਜ਼ਿਆਦਾ ਪੈਸਾ ਦਰਕਾਰ ਹੈ। (ਘੰਟੀ) (ਵਿਘਨ)

ਅੰਤ ਵਿਚ ਸਪੀਕਰ ਸਾਹਿਬ, ਮੈਂ ਇਹੀ ਪ੍ਰਾਰਥਨਾ ਕਰਾਂਗਾ ਕਿ ਕਿਉਂਕਿ ਡੈਮੋਕਰੇਸੀ ਹੈ ਅਤੇ ਡੈਮੋਕਰੇਸੀ ਦੇ ਵਿਚ ਉਨ੍ਹਾਂ ਕੋਲੋਂ ਅਖਤਿਆਰ ਨਹੀਂ ਖੋਹਣਾ ਚਾਹੀਦਾ। (ਘੰਟੀ) (ਵਿਘਨ) ਇਹ ਤਾਂ ਜ਼ਰੂਰ ਕਰਨਾ ਚਾਹੀਦਾ ਹੈ ਕਿ ਕੋਈ ਸ਼ਰਾਰਤ ਨਾ ਹੋਵੇ, ਕੋਈ ਖਰਾਬੀ ਨਾ ਹੋਵੇ ਜਿਸ ਦੇ ਨਾਲ ਲੁਧਿਆਣੇ ਦਾ ਜਾਂ ਪੰਜਾਬ ਦਾ ਨੁਕਸਾਨ ਹੋਵੇ ਪਰ ਅਖਤਿਆਰਾਤ ਨਹੀਂ ਖੋਹਣੇ ਚਾਹੀਦੇ।

ਇਕ ਮੈਂ ਇਹ ਪ੍ਰਾਰਥਨਾ ਕਰਾਂਗਾ ਕਿ ਉਸ ਦੇ ਸਿਰ ਤੇ ਜਿਹੜਾ ਕਮਿਸ਼ਨਰ ਬਿਠਾਣਾ ਹੈ ਉਸ ਦੀ ਕੋਈ ਕਾਬਲੀਅਤ ਹੋਣੀ ਚਾਹੀਦੀ ਹੈ। ਉਥੇ ਡਿਪਟੀ ਕਮਿਸ਼ਨਰ ਵੀ ਬੈਠਾ ਹੈ, ਉਥੇ ਹੋਰ ਵੀ ਕਾਬਲ ਅਫ਼ਸਰ ਹਨ ਮੇਰੀ ਪ੍ਰਾਰਥਨਾ ਹੈ ਕਿ ਇਸ ਦਾ ਵੀ ਕੋਈ ਕਾਬਲੀਅਤ ਵਾਲਾ ਬੰਦਾ ਹੋਣਾ ਚਾਹੀਦਾ ਹੈ। ਮੇਰੀ ਰਾਇ ਹੈ ਕਿ ਇਥੇ ਵੀ ਆਈ.ਏ.ਐਸ. ਤੋਂ ਘੱਟ ਨਹੀਂ ਹੋਣਾ ਚਾਹੀਦਾ ਔਰ ਆਈ.ਏ.ਐਸ. ਉਹ ਹੋਵੇ ਜਿਹੜਾ ਤਜਰਬਾਕਾਰ ਅਤੇ ਕਾਬਲ ਹੋਵੇ, ਜਿਹੜਾ ਕਾਰਪੋਰੇਸ਼ਨ ਨੂੰ ਚੰਗੀ ਤਰ੍ਹਾਂ ਚਲਾ ਸਕੇ। ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਇਸ ਬਿਲ ਦੀ ਤਾਰੀਫ਼ ਕਰਦਾ ਹਾਂ ਅਤੇ ਕਹਿਣਾ ਚਾਹੁੰਦਾ ਹਾਂ ਕਿ ਇਹ ਬਿਲ ਪਾਸ ਕਰਨਾ ਚਾਹੀਦਾ ਹੈ।

**ਵਿੱਤ ਮੰਤਰੀ** (ਸ੍ਰੀ ਹੰਸ ਰਾਜ ਸ਼ਰਮਾ) : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾਨ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਔਰ ਇਸ ਕਾਂਗਰਸ ਸਰਕਾਰ ਦਾ ਧੰਨਵਾਦ ਕੀਤਾ ਹੈ, ਇਸ ਕਾਰਪੋਰੇਸ਼ਨ ਬਿਲ ਨੂੰ ਇਸ ਸਦਨ ਵਿਚ ਲਿਆਉਣ ਵਾਸਤੇ। ਇਨ੍ਹਾਂ ਨੇ ਵਚਨ ਦਿੱਤਾ ਸੀ ਅਤੇ ਉਸ ਨੂੰ ਅਸੀਂ ਪੂਰਾ ਕੀਤਾ ਹੈ। ਇਸ ਵਿਚ ਇਹ ਠੀਕ ਹੈ, ਸਪੀਕਰ ਸਾਹਿਬ, ਕਿ ਕੋਈ ਵੀ ਬਿਲ ਆਈਡੀਅੱਲ ਬਿਲ ਨਹੀਂ ਹੁੰਦਾ ਜਿਸ

Original with;
Punjab Vidhan Sabha
Digitized by;
Panjab Digital Library

ਤਰ੍ਹਾਂ ਸਮਾਜ ਬਦਲਦਾ ਰਹਿੰਦਾ ਹੈ, ਨਵੇਂ ਨਵੇਂ ਮਸਲੇ ਆਉਂਦੇ ਰਹਿੰਦੇ ਹਨ, ਉਸੇ ਤਰ੍ਹਾਂ ਹੀ ਕਾਨੂੰਨ ਵਿਚ ਤਪਦੀਲੀਆਂ ਆਉਂਦੀਆਂ ਰਹਿੰਦੀਆਂ ਹਨ । ਇਸ ਲਿਹਾਜ਼ ਨਾਲ ਅਸੀਂ ਕੋਸ਼ਿਸ਼ ਕੀਤੀ ਹੈ ਪਿਛਲੇ ਸੈਸ਼ਨ ਵਿਚ ਇਸ ਦਾ ਖਰੜਾ ਵੰਡਿਆ ਗਿਆ ਸੀ ਜਿਸ ਦਾ ਕਿ ਡਾਂਗ ਸਾਹਿਬ ਨੇ ਹੁਣ ਜ਼ਿਕਰ ਕੀਤਾ ਹੈ ਲੇਕਿਨ ਇਹ ਬਿਲ ਪਾਸ ਨਹੀਂ ਸੀ ਕੀਤਾ ਕਿਉਂਕਿ ਐਮ. ਐਲ. ਏ. ਸਾਹਿਬਾਨ ਦੀ ਇਕ ਕਮੇਟੀ ਬਣਾ ਦਿਤੀ ਸੀ ਅਤੇ ਸਪੀਕਰ ਸਾਹਿਬ ਤੁਹਾਡੀ ਵੀ ਇਹ ਰਾਏ ਸੀ । ਅਸੀਂ ਵਿਚਾਰ ਕੀਤਾ ਅਤੇ 18 ਐਮ. ਐਲ. ਏ. ਸਾਹਿਬਾਨ ਜਿਨ੍ਹਾਂ ਵਿਚ ਸ਼੍ਰੀ ਸਰਦਾਰੀ ਲਾਲ ਕਪੂਰ, ਕੈਪਟਨ ਰਤਨ ਸਿੰਘ, ਡਾਂਗ ਸਾਹਿਬ ਅਤੇ ਭੰਡਾਰੀ ਸਾਹਿਬ ਵੀ ਸਨ । ਉਨ੍ਹਾਂ 18 ਐਮ. ਐਲ. ਏ. ਸਾਹਿਬਾਨ ਨੇ ਦੋ ਦਫਾ ਮੀਟਿੰਗਾਂ ਕੀਤੀਆਂ ਅਤੇ ਇਸ ਤੇ ਵਿਚਾਰ ਕੀਤਾ । ਗੌਰਮਿੰਟ ਆਫ ਇੰਡੀਆਂ ਨੇ ਜਿਹੜਾ ਮਾਡਲ ਬਿਲ ਤਿਆਰ ਕੀਤਾ ਸੀ ਉਸ ਤੇ ਵੀ ਵਿਚਾਰ ਕੀਤਾ ਗਿਆ ਅਤੇ ਮੁਖਤਲਿਫ ਕਾਰਪੋਰੇਸ਼ਨਾਂ ਤੋਂ, ਜਿਨੀਆਂ ਕਾਰ-ਪੋਰੇਸ਼ਨਾਂ ਇੰਡੀਆਂ ਵਿਚ ਬਣੀਆਂ ਹੋਈਆਂ ਹਨ, ਉਨ੍ਹਾਂ ਦਾ ਵੀ ਢਾਂਚਾ ਸੀ ਉਨ੍ਹਾਂ ਕੋਲ ਅਤੇ ਉਸ ਤੇ ਵੀ ਵਿਚਾਰ ਕੀਤਾ ਗਿਆ । ਸਪੀਕਰ ਸਾਹਿਬ, 2-3 ਮਸਲੇ ਬੜੇ ਮੁਸ਼ਕਿਲ ਸਨ । ਇਕ ਤਾਂ ਮੇਅੱਰਜ਼ ਕਾਨਫਰੰਸ ਜਿਹੜੀ ਕਿ ਆਲ ਇੰਡੀਆ ਲੈਵਲ ਤੇ ਹੁੰਦੀ ਹੈ, ਉਨ੍ਹਾਂ ਦੇ ਵਿਚਾਰ ਹੋਰ ਹਨ ਜਿਹੜੀਆਂ ਚੀਫ ਮਨਿਸਟਰਾਂ ਦੀ ਕਾਨਫਰੰਸ ਹੁੰਦੀ ਹੈ ਉਨ੍ਹਾਂ ਦੇ ਵਿਚਾਰ ਹੋਰ ਸਨ ਅਤੇ ਜਿਹੜੀ ਸਟੇਟ ਗੌਰਮਿੰਟਸ ਦੀ ਕਾਨਫਰੰਸ ਹੁੰਦੀ ਹੈ, ਉਨ੍ਹਾਂ ਦੇ ਵਿਚਾਰ ਹੋਰ ਸਨ । ਜਿਥੇ ਜਿਥੇ ਅਤੇ ਜਿਹੜੇ ਜਿਹੜੇ ਮਸਲੇ ਤੇ ਉਨ੍ਹਾਂ ਦੇ ਝਗੜੇ ਹੋਏ ਅਸੀਂ ਉਨ੍ਹਾਂ ਦਾ ਫਾਇਦਾ ਉਠਾਇਆ । ਅਸੀਂ ਇਕ ਐਸਾ ਢਾਂਚਾ ਬਣਾਇਆ ਹੈ ਜਿਸ ਦੇ ਨਾਲ ਕੰਮ ਬੜੀ ਤੇਜ਼ੀ ਨਾਲ ਚਲੇ । ਇਸ ਦੇ ਵਿਚ ਕਮੱਰਸ਼ੀਅਲ ਟਾਊਨ ਰਖੇ ਹਨ । ਉਨ੍ਹਾਂ ਦੀ ਜਿਹੜੀ ਡਿਵੈਲਪਮੈਂਟ ਹੈ, ਵਾਟਰ ਸਪਲਾਈ, ਸੀਵਰੇਜ ਦੀ ਮੇਂਟੀਨੈਂਸ ਹੈ ਉਨ੍ਹਾਂ ਦਾ ਕੰਮ ਵੀ ਠੀਕ ਚਲੇ । ਇਸ ਦੇ ਵਿਚ ਇਕ ਮੇਅਰ ਅਤੇ ਦੋ ਡਿਪਟੀ ਮੇਅਰਜ਼ ਰਖੇ ਹਨ । ਉਨ੍ਹਾਂ ਦਾ ਝਗੜਾ ਘੱਟ ਹੋਵੇਗਾ । ਪਾਲਿਸੀ ਮੇਕਰਜ਼ ਕੌਂਸਲਰਜ਼ ਹੋਣਗੇ ਉਨ੍ਹਾਂ ਦੀ ਤਾਦਾਦ 40-50 ਰਖੀ ਹੈ । ਉਨ੍ਹਾਂ ਦੇ ਹੱਥਾਂ ਵਿਚ ਹੀ ਸਾਰੀ ਤਾਕਤ ਹੋਵੇਗੀ । ਲੇਕਿਨ ਰੋਜ਼ ਮੱਰਾ ਦੇ ਜਿਹੜੇ ਕਾਰੋਬਾਰ ਹਨ ਉਨ੍ਹਾਂ ਨੂੰ ਚਲਾਉਣ ਵਾਸਤੇ ਕਮਿਸ਼ਨਰ ਰਖਿਆ ਹੈ । ਇਹ ਇਸ ਕਰਕੇ ਰਖਿਆ ਗਿਆ ਹੈ ਕਿ ਜਿਹੜੇ ਰੋਜ਼ ਮੱਰਾ ਦੇ ਕੰਮ ਵਿਚ ਝਗੜੇ ਪੈਂਦੇ ਹਨ ਅਤੇ ਆਮ ਮੈਂਬਰ ਆ ਕੇ ਦਖਲ ਦਿੰਦੇ ਹਨ ਅਤੇ ਕੰਮ ਵਿਚ ਰੁਕਾਵਟ ਪੈਂਦੀ ਹੈ । ਇਸ ਦੇ ਅੰਦਰ ਅਸੀਂ ਔਮਨੀਬੱਸ ਕਲਾਜ਼ ਬਣਾ ਦਿਤੀ ਹੈ ਕਿ ਜਿਥੇ ਇਨਕਮ ਦੋ ਕਰੋੜ ਰੁਪਏ ਹੋਵੇ ਅਤੇ ਪਾਪੂਲੇਸ਼ਨ ਤਿੰਨ ਲੱਖ ਹੋਵੇ ਅਸੀਂ ਉਥੇ ਕਾਰਪੋਰੇਸ਼ਨ ਬਣਾ ਦਿਆਂਗੇ । ਇਸ ਵਿਚ ਹੁਣ ਕੇਵਲ ਲੁਧਿਆਣਾ ਅਤੇ ਅੰਮ੍ਰਿਤਸਰ ਲਿਆ ਹੈ । ਇਥੇ ਜ਼ਿਕਰ ਕੀਤਾ ਗਿਆ ਹੈ ਜਲੰਧਰ ਵਾਸਤੇ । ਉਥੇ 1971 ਦੀ ਸੈਂਸਿਜ਼ ਦੇ ਮੁਤਾਬਕ 3 ਲੱਖ ਦੀ ਆਬਾਦੀ ਨਹੀਂ ਬਣਦੀ । ਉਥੇ ਦੀ ਆਬਾਦੀ ਕੋਈ 2.70 ਲੱਖ ਹੈ । ਜਿਸ ਵੇਲੇ ਵੀ ਜਲੰਧਰ ਇਹ ਸ਼ਰਤ ਪੂਰੀ ਕਰ ਦੇਵੇਗਾ ਉਸ ਵੇਲੇ ਜਲੰਧਰ ਵੀ ਕਾਰਪੋਰੇਸ਼ਨ ਬਣਾ ਦਿਆਂਗੇ । ਇਸੇ ਤਰ੍ਹਾਂ, ਸਪੀਕਰ ਸਾਹਿਬ, ਅਸੀਂ ਇਸ ਦੇ ਵਿਚ ਕੁਝ ਹੋਰ ਵਿਸ਼ੇਸ਼ ਚੀਜ਼ਾਂ ਰੱਖੀਆਂ ਹਨ ਜਿਨ੍ਹਾਂ ਦਾ ਮੈਂ ਜ਼ਿਕਰ ਕਰਨਾ ਚਾਹਵਾਂਗਾ । ਇਨ੍ਹਾਂ ਕਾਰਪੋਰੇਸ਼ਨਾਂ ਦੇ ਕੌਂਸਲਰਜ਼ 50 ਹੋਣਗੇ ਅਤੇ ਛੋਟੀ ਕਾਰਪੋਰੇਸ਼ਨ ਵਿਚ 40 ਵੀ ਹੋ ਸਕਦੇ ਹਨ । ਸ਼ਡਿਊਲਡ ਕਾਸਟਸ ਆਬਾਦੀ ਦੇ ਮੁਤਾਬਕ ਕੌਂਸਲਰ ਹੋਣਗੇ, ਉਸ ਦਾ ਪ੍ਰੋਵੀਜ਼ਨ ਵੀ ਕਰ ਦਿਤਾ ਹੈ । ਇਸ ਤੋਂ ਇਲਾਵਾ 4 ਔਰਤਾਂ ਲਈ ਪ੍ਰੋਵੀਜ਼ਨ ਕੀਤਾ ਹੈ । ਇਨ੍ਹਾਂ ਦੇ ਵਿਚ ਇਕ ਬਾਲਮੀਕ ਔਰਤ ਜ਼ਰੂਰ ਹੋਵੇਗੀ । ਅਗਰ ਇਲੈ-ਕਸ਼ਨਾਂ ਵਿਚ ਜਿੱਤ ਕੇ ਆ ਜਾਣ ਤਾਂ ਠੀਕ ਹੈ ਨਹੀਂ ਤਾਂ ਫਿਰ ਕੋਆਪਸ਼ਨ ਹੋ ਸਕੇਗੀ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਬੈਕਵਰਡ ਕਲਾਸਾਂ ਦੇ ਨੁਮਾਇੰਦੇ ਵੀ ਅਸੀਂ ਇਸ ਵਿਚ ਰਖੇ ਹਨ ਜਿਸ ਤਰ੍ਹਾਂ ਮਿਉਂਸਪਲ ਕਮੇਟੀਆਂ ਵਿਚ ਇਹ ਪ੍ਰੋਵੀਜ਼ਨ ਰਖਿਆ ਸੀ, ਇਸ ਦੇ ਵਿਚ ਇਹ ਪ੍ਰੋਵੀਜ਼ਨ ਅਸੀਂ ਪਹਿਲੋਂ ਹੀ ਕਰ ਦਿਤਾ ਹੈ। ਇਸ ਦੇ ਵਿਚ ਕਮਿਸ਼ਨਰ ਕਲਾਸ ਵੱਨ ਅਫਸਰ ਰਖਿਆ ਹੈ। ਉਹ ਆਈ. ਏ. ਐਸ. ਜਾਂ ਪੀ. ਸੀ. ਐਸ. ਦੋਹਾਂ ਵਿਚੋਂ ਕੋਈ ਹੋ ਸਕਦਾ ਹੈ, ਜਿਸ ਦਾ ਦੱਸ ਸਾਲ ਦਾ ਤਜਰਬਾ ਹੋਵੇ ਉਹ ਰਖਿਆ ਗਿਆ ਹੈ। ਜਿਹੜਾ ਵੀ ਮੰਜ਼ੂ ਅਫਸਰ ਹੋਵੇਗਾ ਜਾਂ ਸਰਕਾਰ ਸਮਝੇਗੀ, ਲਾਵੇਗੀ। ਇਸ ਦੇ ਵਿਚ ਸਾਰਿਆਂ ਨਾਲੋਂ ਵੱਡੀ ਚੀਜ਼ ਇਹ ਕੀਤੀ ਗਈ ਹੈ, ਜਿਸ ਦਾ ਡਾਂਗ ਸਾਹਿਬ ਨੇ ਵੀ ਜ਼ਿਕਰ ਕੀਤਾ ਸੀ, ਪਰ ਹੁਣ ਛੱਡ ਗਏ, ਉਹ ਇਹ ਹੈ ਕਿ ਜਿੰਨੀਆਂ ਵੀ ਮੌਜੂਦਾ ਹਿੰਦੁਸਤਾਨ ਦੀਆਂ ਕਾਰਪੋਰੇਸ਼ਨਾਂ ਹਨ ਉਨ੍ਹਾਂ ਤੋਂ ਇਕ ਨਵੀਂ ਚੀਜ਼ ਅਸੀਂ ਇਸ ਬਿਲ ਵਿਚ ਪਾਈ ਹੈ ਜਿਹੜੀ ਪਰਚੇਜ਼ ਕਮੇਟੀ ਹੋਵੇਗੀ ਉਸ ਦੇ ਲਈ ਇਕ "ਫਾਈਨਾਂਸ਼ਲ ਐਂਡ ਕੰਟਰੋਲ ਸੱਬ ਕਮੇਟੀ ਹੋਵੇਗੀ। ਉਸ ਦੇ ਵਿਚ ਮੇਅੱਰ, ਡਿਪਟੀ ਮੇਅੱਰਜ਼ ਔਰ ਉਹ ਦੋ ਕੌਂਸਲਰਜ਼ ਹੋਣਗੇ ਜਿਹੜੇ ਕਿ ਬਾਕੀ ਕੌਂਸਲਰਜ਼ ਤੋਂ ਸਿਲੈਕਟ ਹੋਣਗੇ ਔਰ ਇਕ ਕਮਿਸ਼ਨਰ ਹੋਵੇਗਾ। ਜਿਹੜੀਆਂ ਵੀ ਪਰਚੇਜ਼ਿਜ਼ ਹੋਣਗੀਆਂ ਉਹ ਇਹ ਸੱਬ ਕਮੇਟੀ ਕਰੇਗੀ। ਇਹ ਚੀਜ਼ ਜਿਹੜੀਆਂ ਪਹਿਲੀਆਂ ਕਾਰਪੋਰੇਸ਼ਨਾਂ ਹਨ ਉਨ੍ਹਾਂ ਵਿਚ ਨਹੀਂ ਹੈ। ਇਸ ਦੇ ਨਾਲ ਅਸੀਂ ਬਾਕੀ ਸਾਰੀ ਤਾਕਤ ਮੇਅੱਰਜ਼ ਅਤੇ ਕੌਂਸਲਰਜ਼ ਨੂੰ ਦਿਤੀ ਹੈ।

ਇਕ ਚੀਜ਼ ਇਥੇ ਹੋਰ ਕਹੀ ਗਈ ਹੈ ਕਿ 'ਗੌਰਮਿੰਟ ਮੇ' ਦੀ ਥਾਂ ਤੇ 'ਗੌਰਮਿੰਟ ਸ਼ੈਲ' ਕਿਉਂ ਨਹੀਂ ਰਖਿਆ ਗਿਆ। ਇਸ ਬਾਰੇ ਕਪਤਾਨ ਸਾਹਿਬ ਨੇ ਇਸ਼ਾਰਾ ਕੀਤਾ ਸੀ। ਮੈਂ ਦਸਣਾ ਚਾਹੁੰਦਾ ਹਾਂ ਕਿ 1972 ਵਿਚ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਬਣਨ ਤੋਂ ਬਾਅਦ ਅਸੀਂ ਦੋ ਕਰੋੜ ਰੁਪਏ ਸਾਰੀਆਂ ਮਿਉਂਸਪਲ ਕਮੇਟੀਆਂ ਨੂੰ ਦਿਤੇ ਹਨ ਭਾਵੇਂ ਉਸ ਵੇਲੇ ਕੋਈ ਇਸ਼ਾਰਾ ਤਕ ਨਹੀਂ ਸੀ। ਰੂਲਜ਼ ਵਿਚ ਨਾ ਲਫਜ਼ 'ਮੇ' ਸੀ ਅਤੇ ਨਾ 'ਸ਼ੈਲ' ਸੀ। ਸਾਡੀ ਮਨਸ਼ਾ ਹੈ ਕਿ ਲੋਕਲ ਰਿਸੋਰਸਿਜ਼ ਪੈਦਾ ਹੋਣ ਔਰ ਸਰਕਾਰ ਵੀ ਕੁਝ ਮਦਦ ਕਰੇ ਔਰ ਹਰ ਸਾਲ ਮਦਦ ਕਰਦੀ ਰਹੇ ਤਾਂ ਕਿ ਇਨ੍ਹਾਂ ਸ਼ਹਿਰਾਂ ਦੀ ਕਾਇਆ ਕਲਪ ਬਦਲੀ ਜਾ ਸਕੇ। ਜਿਹੜੇ ਲੋਕ ਪਿੰਡਾਂ ਵਿਚੋਂ ਆ ਕੇ ਸ਼ਹਿਰਾਂ ਵਿਚ ਵਸਦੇ ਹਨ ਉਨ੍ਹਾਂ ਨੂੰ ਕੁਝ ਰਾਹਤ ਦਿਤੀ ਜਾ ਸਕੇ।

ਇਕ ਇਥੇ ਛੇਹਰਟਾ ਦਾ ਜ਼ਿਕਰ ਕੀਤਾ ਗਿਆ ਹੈ। ਮੈਂਬਰ ਸਾਹਿਬ ਨੂੰ ਕੁਝ ਤੌਖਲਾ ਛੇਹਰਟਾ ਅਤੇ ਜੰਡਿਆਲਾ ਦਾ ਪੈਦਾ ਹੋਇਆ ਹੈ ਕਿਤੇ ਸ਼ਾਇਦ ਅਸੀਂ ਉਨ੍ਹਾਂ ਨੂੰ ਨਾਲ ਸ਼ਾਮਲ ਨਹੀਂ ਕਰ ਰਹੇ। ਇਸ ਦੇ ਲਈ ਬਾਕਾਇਦਾ ਪ੍ਰੋਸੀਜਰ ਹੈ। ਜਦੋਂ ਵੀ ਕਾਰਪੋਰੇਸ਼ਨ ਦੀ ਲਿਮਿਟ ਐਕਸਟੈਂਡ ਕਰਨੀ ਹੋਵੇ ਉਥੇ ਦੇ ਨੁਮਾਇੰਦਿਆਂ ਨੂੰ ਕਾਨਫੀਡੈਂਸ ਵਿਚ ਲੈਣਾ ਹੁੰਦਾ ਹੈ। ਉਸ ਦਾ ਸਾਰਾ ਪ੍ਰੋਸੀਜਰ ਬਣਾ ਦਿਤਾ ਗਿਆ ਹੈ ਕਿ ਕਿਸੇ ਕਾਰਪੋਰੇਸ਼ਨ ਦੀ ਲਿਮਿਟ ਕਿਸ ਤਰ੍ਹਾਂ ਐਕਸਟੈਂਡ ਕਰਨੀ ਹੈ।

ਜਿਹੜਾ ਇਲੈਕਸ਼ਨ ਦਾ ਪ੍ਰੋਸੀਜਰ ਰਖਿਆ ਹੈ ਉਸ ਦੇ ਮੁਤਲਿਕ ਜਲਦੀ ਤੋਂ ਜਲਦੀ ਇਲੈਕਸ਼ਨਜ਼ ਕਰਾ ਦਿਤੀਆਂ ਜਾਣਗੀਆਂ। ਉਸ ਦੇ ਲਈ ਮੇਰਾ ਖਿਆਲ ਹੈ ਕਿ ਭੰਡਾਰੀ ਸਾਹਿਬ ਔਰ ਕਪੂਰ ਸਾਹਿਬ ਵੀ ਮੁਤਫਿਕ ਹੋਣਗੇ ਕਿ ਵਾਰਡ ਬਣਾਉਣੇ ਹੁੰਦੇ ਹਨ ਅਤੇ ਹੋਰ ਵੀ ਸਾਰੇ ਪਰੋਸੀਜਰ ਪੂਰੇ ਕਰਨੇ ਹੁੰਦੇ ਹਨ। ਟਾਈਮ ਲਗ ਜਾਂਦਾ ਹੈ। 'ਐਜ਼ ਫਾਰ ਐਜ਼' ਦਾ ਮਤਲਬ ਇਹ ਨਹੀਂ ਕਿ ਅਸੀਂ ਇਲੈਕਸ਼ਨਾਂ ਨਹੀਂ ਕਰਾਵਾਂਗੇ। ਇਲੈਕਸ਼ਨਾਂ ਜਲਦੀ ਤੋਂ ਜਲਦੀ ਕਰਾਉਣ ਦਾ ਵਿਚਾਰ ਹੈ।

Original with;
Punjab Vidhan Sabha
Digitized by;
Panjab Digital Library

ਡੀਸੈਂਟਰਾਲਾਈਜ਼ੇਸ਼ਨ ਦਾ ਹਵਾਲਾ ਕੈਪਟਨ ਸਾਹਿਬ ਨੇ ਦਿਤਾ ਹੈ । ਇਹ ਜਾਣਦੇ ਹਨ ਕਿ ਮਿਉਂਸਪਲ ਕਮੇਟੀਆਂ ਵਿਚ ਅਸੀਂ ਕਾਫੀ ਤਾਕਤਾਂ ਲੋਕਲ ਨੁਮਾਇੰਦਿਆਂ ਨੂੰ ਦਿਤੀਆਂ ਹਨ । ਉਨ੍ਹਾਂ ਨੇ ਜਿਥੇ ਇਸ ਬਿਲ ਦੀ ਤਾਰੀਫ ਕੀਤੀ ਹੈ ਉਥੇ ਇਹ ਵੀ ਕਿਹਾ ਹੈ ਕਿ ਕੌਂਸਲਰਜ਼ ਨੂੰ ਹੋਰ ਤਾਕਤਾਂ ਦੇਣੀਆਂ ਚਾਹੀਦੀਆਂ ਹਨ । ਉਹ ਉਸ ਕਮੇਟੀ ਵਿਚ ਸੀਗੇ ਅਤੇ ਸਾਰਾ ਕੰਮ ਸੋਚ ਵਿਚਾਰ ਕੇ ਕੀਤਾ ਗਿਆ ਹੈ । ਜਿੰਨੀਆਂ ਤਾਕਤਾਂ ਦਿੱਤੀਆਂ ਹਨ ਉਹ ਸਾਰੀਆਂ ਸੋਚ ਵਿਚਾਰ ਕੇ ਦਿੱਤੀਆਂ ਹਨ ।

ਜਿਥੋਂ ਤਕ ਸੀਵਰੇਜ ਦੀਆਂ, ਸੜਕਾਂ ਦੀਆਂ, ਡਰੇਨੇਜ ਦੀਆਂ ਕੀਮਤਾਂ ਦਾ ਸੁਆਲ ਹੈ ਉਸ ਦੇ ਬਾਰੇ ਅਰਜ਼ ਹੈ ਕਿ ਸਾਡੀ ਹਮੇਸ਼ਾਂ ਇਹ ਕੋਸ਼ਿਸ਼ ਹੁੰਦੀ ਹੈ ਕਿ ਜਿਹੜੇ ਚੀਫ ਇੰਜੀਨੀਅਰਜ਼ ਹਨ ਭਾਵੇਂ ਪੀ. ਡਬਲਿਊ.ਡੀ. ਦੇ ਹਨ ਭਾਵੇਂ ਦੂਸਰੇ ਹਨ ਉਹ ਘੱਟ ਤੋਂ ਘੱਟ ਕਾਸਟ ਲਾਉਣ । ਅਸੀਂ ਕਾਫੀ ਸਸਤੇ ਡਿਜ਼ਾਈਨ ਲਿਆਂਦੇ ਹਨ ਮਕਾਨ ਬਣਾਉਣ ਵਾਸਤੇ, ਲੇਕਿਨ ਜੋ ਇੰਜੀਨੀਅਰਜ਼ ਦੇ ਵਿਚਾਰ ਹਨ, ਉਹ ਆਹਿਸਤਾ ਆਹਿਸਤਾ ਬਦਲਦੇ ਹਨ । ਉਹ ਆਦਮੀ ਸਾਡੇ ਮੁਤਾਬਕ ਨਹੀਂ ਮੁੜ ਸਕਦੇ ।

ਕਪੂਰ ਸਾਹਿਬ ਨੇ ਕਿਹਾ ਹੈ ਕਿ ਅਮੀਰਾਂ ਤੇ ਜ਼ਿਆਦਾ ਟੈਕਸ ਲਗਾਉਣਾ ਚਾਹੀਦਾ ਹੈ ਜਿਹੜਾ ਸ਼ਹਿਰਾਂ ਵਿਚ ਹਾਊਸ ਟੈਕਸ ਹੈ ਉਸਦੀ ਸ਼ਰ੍ਹਾ ਇਹ ਹੈ ਕਿ 840 ਰੁਪਏ ਸਾਲਾਨਾ ਦੇ ਕਿਰਾਏ ਤਕ ਮੁਆਫ ਕੀਤਾ ਹੈ, ਵਿਡੋਜ਼ ਅਤੇ ਐਕਸ ਸਰਵਿਸਮੈਨਾਂ ਨੂੰ 1500 ਰੁਪਏ ਤਕ ਛੋਟ ਦਿਤੀ ਹੈ ਅਤੇ ਇਸ ਤਰ੍ਹਾਂ ਅਗੇ ਇਸ ਦਾ ਸਕੇਲ ਵੱਧਦਾ ਜਾਂਦਾ ਹੈ । ਮਕਾਨ ਦੇ ਜਿੰਨੇ ਹਿੱਸੇ ਵਿਚ ਕੋਈ ਆਪ ਰਹਿੰਦਾ ਹੈ ਅਤੇ ਜਿੰਨਾ ਹਿੱਸਾ ਕਿਰਾਏ ਤੇ ਦਿੱਤਾ ਹੋਇਆ ਹੈ ਉਸ ਦੀ ਸਾਰੀ ਅਸੈਸਮੈਂਟ ਕਰਕੇ ਉਸ ਕਿਰਾਏ ਦੇ ਮੁਤਾਬਕ ਹੀ ਟੈਕਸ ਲਗਾ ਦਿਆਂਗੇ । ਇਹ ਇਕ ਪ੍ਰੋਗਰੈਸਿਵ ਮਯੀਅਰ ਹੈ । ਮਿਉਂਸਪਲ ਐਕਟ ਦੇ ਬਾਰੇ ਜਿਹੜਾ ਇਸ਼ਾਰਾ ਕਪੂਰ ਸਾਹਿਬ ਨੇ ਕੀਤਾ ਹੈ ਉਹ ਅਸੀਂ ਵਿਚਾਰ ਰਹੇ ਹਾਂ । ਜਿਹੜੇ ਲੋਕ ਆਪ ਆਪਣੇ ਮਕਾਨ ਵਿਚ ਰਹਿੰਦੇ ਹਨ ਉਨ੍ਹਾਂ ਤੋਂ ਹਾਊਸ ਟੈਕਸ ਇਸ ਰੇਸ਼ੋ ਨਾਲ ਨਾ ਲਿਆ ਜਾਵੇ ਜਿਸ ਤੇ ਕਿ ਉਨ੍ਹਾਂ ਤੋਂ ਲਿਆ ਜਾਂਦਾ ਹੈ ਜਿਹੜੇ ਆਪਣੇ ਮਕਾਨ ਕਿਰਾਏ ਤੇ ਦਿੰਦੇ ਹਨ । ਇਸ ਤੇ ਵਿਚਾਰ ਹੋ ਰਿਹਾ ਹੈ । ਜਲਦੀ ਹੀ ਕੋਈ ਸੋਲਿਊਸ਼ਨ ਨਿਕਲ ਆਵੇਗਾ ਤਾਂ ਕਿ ਉਨ੍ਹਾਂ ਨੂੰ ਰਿਆਇਤ ਮਿਲੇ । ਇਤਨਾ ਕਹਿ ਕੇ ਮੈਂ ਉਮੀਦ ਕਰਦਾ ਹਾਂ ਕਿ ਡਾਂਗ ਸਾਹਿਬ ਅਤੇ ਕਪੂਰ ਸਾਹਿਬ, ਜਿਹੜੇ ਕਿ 18 ਮੈਂਬਰੀ ਐਮ. ਐਲ. ਏਜ਼. ਦੀ ਕਮੇਟੀ ਵਿੱਚ ਸ਼ਾਮਲ ਸਨ, ਉਹ ਆਪਣੀਆਂ ਅਮੈਂਡਮੈਂਟਾਂ ਵਾਪਸ ਲੈਣਗੇ ਅਤੇ ਇਹ ਬਿਲ ਪਾਸ ਕੀਤਾ ਜਾਵੇਗਾ ।

**ਸ੍ਰੀ ਸਪੀਕਰ :** ਕੁਝ ਅਮੈਂਡਮੈਂਟਾਂ ਆਈਆਂ ਹਨ ਇਸ ਬਿਲ ਤੇ ।

**ਕਾਮਰੇਡ ਸੱਤ ਪਾਲ ਡਾਂਗ :** ਮੈਂ ਤਾਂ, ਸਪੀਕਰ ਸਾਹਿਬ, ਇਹ ਕਹਾਂਗਾ ਕਿ ਇਹ ਅਮੈਂਡਮੈਂਟਾਂ ਕੱਲ ਲਈਆਂ ਜਾਣ । ਸਵੇਰੇ ਸੱਤ ਵਜੇ ਇਹ ਬਿਲ ਮਿਲਿਆ ਹੈ । ਅਸੀਂ ਤਾਂ ਪੜ੍ਹ ਵੀ ਨਹੀਂ ਸਕੇ ।

**Mr. Speaker :** Question is—

That the Punjab Municipal Corporation Bill be taken into consideration at once.

*The motion was carried.*

Original with;
Punjab Vidhan Sabha
Digitized by;
Panjab Digital Library

**Mr. Speaker** : Now the House will proceed to consider the Bill clause by clause.

SUB CLAUSE (2) OF CLAUSE 1

**Mr. Speaker** : Question is—

That sub-clause (2) of clause I stand part of the Bill.

*The motion was carried.*

SUB-CLAUSE (3) OF CLAUSE 1

**Mr. Speaker** : Question is—

That sub-clause (3) of Clause 1 stand part of the Bill.

*The motion was carried.*

CLAUSE 2

**Mr. Speaker** : Question is—

That clause 2 stand part of the Bill.

*The motion was carried*

CLAUSE 3

**Mr. Speaker** : Now clause 3 is before the House. There are certain notices of amendments to this Clause from Comrade Satya Pal Dang and Shri Sardari Lal Kapur.

**Comrade Satya Pal Dang** : Sir, I beg to move—

(i) After sub clause (5) add the following—

"Also, the areas included in the City, shall be given representation in the Corporation and its various Standing Committees and Sub-Committees in accordance with a manner as thc Government may by notification direct."

(ii) After sub-clause (5) add the following—

"(6) Notwithstanding anything contained in the preceding sub-sections no action will be taken to alter the limits specified for any city during the period when powersand duties of the Corporation are being exercised by the Commissioner and when a Corporation consisting of elected councillors, associate councillors and co-opted councillors, if any, is not in existence."

**Mr Speaker** : Motion moved—

(i) After sub-clause (5) add the following—

"Also, the areas included in the City, shall be given representation in the Corporation and its various Standing Committees and Sub-Committees in accordance with a manner as the Government may by notification direct."

Original with;
Punjab Vidhan Sabha
Digitized by;
Panjab Digital Library

(ii) After sub-clause (5) add the following—

Notwithstanding anything contained in the preceding sub-sections no action will be taken to alter the limits specified for any city during the period when powers and duties of the Corporation are being exercised by the Commissioner and when a Corporation consisting of elected councillors, associate councillors and co-opted councillors, if any, is not in existence."

**Mr. Speaker** : Question is—

After sub clause (5) add the following—

"Also, the areas included in the City, shall be given representation in the Corporation and its various Standing Committees and sub-committes in accordance with a manner as the Government may by notification direct."

*The motion was lost*

**Mr. Speaker** : Question is—

After sub-clause (5) add the following—

"(6) Notwithstanding anything contained in the preceding sub-sections, no action will be taken to alter the limits specified for any city during the period when powers and duties of the Corporation are being exercised by the Commissioner and when a Corporation consisting of elected councillors, associate councillors and coopted councillors, if any, is not in existence."

*The motion was lost*

**Mr. Speaker** : Question is—

That clause 3 stand part of the Bill.

*The motion was carried*

CLAUSE 4

**Mr. Speaker** : Now clause 4 is before the House. There is a notice of amendment to this clause by Comrade Satya Pal Dang and Shri Sardari Lal Kapur.

**Comrade Satya Pal Dang** : Sir, I beg to move—

In sub-clause (3), line I after the words "appointed day" add "but not later than one year."

ਸਪੀਕਰ ਸਾਹਿਬ, ਅੰਮ੍ਰਿਤਸਰ ਅਤੇ ਲੁਧਿਆਣੇ ਦੀਆਂ ਚੋਣਾਂ ਸਿਟੀ ਡਿਕਲੇਅਰ ਕਰਨ ਤੋਂ ਬਾਅਦ ਇਕ ਸਾਲ ਦੇ ਵਿਚ ਵਿਚ ਕਰ ਦੇਣ ।

**Mr. Speaker** : Motion moved—

In sub-clause (3), line 1 *after* the words "appointed day" *add* "but not later than one year."

**Mr. Speaker** : Question is—

In sub-clause (3), line 1 *after* the words "appointed day" *add* "but not later than one year".

*The motion was lost.*

Original with;
Punjab Vidhan Sabha
Digitized by;
Panjab Digital Library

**Mr. Speaker :** Question is—

That clause 4 stand part of the Bill.

*The motion was carried.*

CLAUSE 5

**Mr. Speaker :** Question is—

That Clause 5 stand part of the Bill.

*The motion was carried.*

CLAUSE 6

**Mr. Speaker :** Now clause 6 is before the House. There is a notice of amendment to this clause by Comrade Satya Pal Dang and Shri Sardari Lal Kapur.

**Comrade Satya Pal Dang :** Sir, I beg to move—

After sub-clause (3) add the following—

"Notwithstanding anything contained in this Act or in any other Act, no person whose annual income is more than Rs. 10,000 or who is dependent upon a person whose annual income exceeds Rs. 10,000 shall be considered socially and educationally backward."

ਸਪੀਕਰ ਸਾਹਿਬ, ਮੈਂ ਤਾਂ ਕੱਲ ਵੀ ਇਹ ਗੱਲ ਕਹੀ ਸੀ ਕਿ ਜਿਸ ਕਿਸੇ ਦੀ ਆਮਦਨ 10,000 ਰੁਪਏ ਤੋਂ ਵੱਧ ਹੋਵੇ ਉਹ ਬੈਕਵਰਡ ਨਹੀਂ ਗਿਣਿਆ ਜਾਣਾ ਚਾਹੀਦਾ, ਰੇਆਪਸ਼ਨ ਦੇ ਪਰਪਜ਼ ਲਈ ।

**Mr. Speaker :** Motion moved—

After sub-clause (3) add the following—

"Notwithstanding anything contained in this Act or in any other Act, no person whose annual income is more than Rs. 10,000 or who is dependent upon a person whose annnal income exceeds Rs. 10,000 shall be considered socially and educationally backward"

**Mr. Speaker :** Question is—

After sub-clause (3) add the following—

"Notwithstanding anything contained in this Act or in any other Act, no person whose annual income is more than Rs. 10,000 or who is dependent upon a person whose anuual income exceeds Rs. 10,000 shall be considered socially and educationally backward."

*The Motion was lost.*

**Mr. Speaker :** Question is—

That clause 6, stand part of the Bill.

*The Motion was carried.*

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਕਲਾਜ਼ 7 ਤੋਂ ਕਲਾਜ਼ 46 ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਸਾਰੀਆਂ ਕਲਾਜ਼ਾਂ ਇਕੱਠੀਆਂ ਨਹੀਂ ਪੁੱਟ ਹੋ ਸਕਦੀਆਂ । ਕੁਝ ਕਲਾਜ਼ਾਂ ਵਾਸਤੇ ਹੋ ਸਕਦਾ ਹੈ ਕਿ ਅਪੋਜ਼ ਕਰਨੀਆਂ ਹੋਣ । ਜਾਂ ਤਾਂ ਤੁਸੀਂ ਰੂਲ ਸਸਪੈਂਡ ਕਰ ਦਿਓ । ਅਮੈਂਡਮੈਂਟਾਂ ਕਰਨ ਲਈ ਟਾਈਮ ਨਹੀਂ ਮਿਲਿਆ ਅਤੇ ਕਲਾਜ਼ਾਂ ਨੂੰ ਅਪੋਜ਼ ਕਰਨ ਲਈ ਤੁਸੀਂ ਵਕਤ ਨਹੀਂ ਦੇ ਰਹੇ ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਕਿਹਾ ਹੈ ਕਿ ਮੈਂ ਕੋਈ ਕਲਾਜ਼ ਅਪੋਜ਼ ਕਰਨੀ ਹੈ । ਇਕ ਨੰਬਰ ਕਲਾਜ਼ ਤੋਂ ਲੈ ਕੇ 11 ਨੰਬਰ ਕਲਾਜ਼ ਤਕ ਪੁੱਟ ਕਰ ਦਿਤੀਆਂ ਗਈਆਂ ਹਨ । You get a right to oppose any clause during that number from 1 to 11 or from 11 to 50 when those have been put before the House....

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਤਾਂ ਕਹਿੰਦਾ ਹਾਂ ਕਿ ਮੈਨੂੰ ਬਿਲ ਪੜ੍ਹਨ ਦਾ ਟਾਈਮ ਹੀ ਨਹੀਂ ਮਿਲਿਆ । ਹੁਣ ਨਾਲ ਦੀ ਨਾਲ ਕਲਾਜ਼ਾਂ ਪੜ੍ਹੀਆਂ ਜਾਣ ਤਾਂ ਫੈਸਲਾ ਕਰ ਸਕਦੇ ਹਾਂ ਕਿ ਅਪੋਜ਼ ਕਰਨੀ ਹੈ ਜਾਂ ਨਹੀਂ ।

## CLAUSES 7 TO 46

**Mr. Speaker** : Since there are no notices of amendments to these Clauses. I will put these Clauses together.

**Mr. Speaker** : Question is—

> That Clauses 7, 8, 9, 10, 11, 12, 13, 14, 15, 16, 17, 18, 19, 20, 21, 22, 23, 24, 25, 26, 27, 28, 29, 30, 31, 32, 33, 34, 35, 36, 37, 38, 39, 40, 41, 42, 43. 44, 45 and 46 stand part of the Bill.

*The motion was carried.*

## CLAUSE 47

**Mr. Speaker** : Now Clause 47 is before the House. There are some notices of amendments to this Clause by Comrade Satya Pal Dang and Shri Sardari Lal Kapur.

**Comrade Satya Pal Dang** : Sir, I beg to move—

(i) In sub-clause (1), line 2, *for* "a Class I Officer" substitute "an I.A.S. Officer."

(ii) In sub-clause (1), line 3, *for* "ten years" *substitute* "five years"

ਸਪੀਕਰ ਸਾਹਿਬ, ਸ਼ਰਮਾ ਸਾਹਿਬ ਨੇ ਜੋ ਕਿਹਾ ਹੈ ਉਹ ਬਿਲਕੁਲ ਕਨਵਿਨਸਿੰਗ ਨਹੀਂ ਹੈ । ਕਾਰਪੋਰੇਸ਼ਨ ਦੇ ਨਾਂ ਉਤੇ ਹੀ ਖ਼ੁਸ਼ੀ ਚੜ੍ਹ ਜਾਂਦੀ ਹੈ । ਇਥੇ ਆਈ.ਏ.ਐਸ. ਅਫ਼ਸਰ ਜ਼ਰੂਰ ਹੋਣਾ ਚਾਹੀਦਾ । ਇਥੇ ਆਈ. ਏ. ਐਸ. ਅਫ਼ਸਰ ਤੋਂ ਘੱਟ ਸਟੇਟਸ ਦਾ ਅਫ਼ਸਰ ਨਹੀਂ ਹੋਣਾ ਚਾਹੀਦਾ । ਜਿਸ ਤਰ੍ਹਾਂ ਬਹੁਤ ਸਾਰੇ ਅਫ਼ਸਰਾਂ ਵਿਚ ਪਾਰਟੀਬਾਜ਼ੀ ਚਲਦੀ ਹੈ,

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਪੁਲੀਟੀਕਲ ਪਰੈਸ਼ਰ ਚਲਦਾ ਹੈ, ਇਨਫਲੂਐਂਸ ਹੁੰਦੇ ਹਨ। ਕਮਿਸ਼ਨਰਜ਼ ਨੂੰ ਪਾਵਰਜ਼ ਹੋਣ। ਆਈ. ਏ. ਐਸ. ਅਫਸਰ ਘੱਟ ਤੋਂ ਘੱਟ ਪੰਜ ਸਾਲ ਦੀ ਸਰਵਿਸ ਵਾਲਾ ਹੋਣਾ ਚਾਹੀਦਾ ਹੈ।

**Mr. Speaker :** Motion moved—

(i) In sub-clause (1) line 2 *for* "a Class I Officer" *substitute* "an I.A.S. Officer."

(ii) In sub-clause (1) line 3 *for* "ten years" *substitute* "five years".

**Mr. Speaker :** Question is—

In sub-clause (1) line 2 *for* "a Class I Officer" *substitute* "an I.A.S. Officer."

*The motion was lost*

**Mr. Speaker :** Question is—

In sub-clause (1) line 3 *for* "ten years" *substitute* "five years".

*The motion was lost.*

**Mr. Speaker :** Question is—

That Clause 47 stand part of the Bill.

*The motion was carried.*

CLAUSES 48 TO 89

**Mr. Speaker** : Since there are no notices of amendments to these Clauses, I will put these Clauses together.

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਇਹ ਨਹੀਂ ਹੋ ਸਕਦਾ ਕਿ ਵਿਦ ਦੀ ਪਲੇਜ਼ਰ ਆਫ ਦੀ ਹਾਊਸ ਸਾਰਾ ਹੀ ਬਿਲ ਇਕੱਠਾ ਹੀ ਪਾਸ ਕਰ ਲਵੋ।

**ਸ੍ਰੀ ਸਪੀਕਰ :** ਰੂਲ 134 ਦੀ ਸਬ-ਕਲਾਜ਼ (2) ਹੈ ਡਾਂਗ ਸਾਹਿਬ।

**ਕਾਮਰੇਡ ਸੱਤ ਪਾਲ ਡਾਂਗ :** ਮੈਂ ਤਾਂ ਪਹਿਲਾਂ ਹੀ ਕਿਹਾ ਹੈ ਜੀ।

**Mr. Speaker** : Rule 134, Sub-Clause (2) says, "The Speaker may, if he thinks fit, put as one question a group of clauses to which no amendments have been moved."

Question is :

That Clauses, 48, 49, 50, 51, 52, 53, 54, 55, 56, 57, 58, 59, 60, 61, 62, 63, 64, 65, 66, 67, 68, 69, 70, 71, 72, 73, 74, 75, 76, 77, 78, 79, 80, 81, 82, 83, 84, 85, 86, 87, 88 and 89 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

CLAUSE 90

**Mr. Speaker** : Clause 90 is before the House. There are certain notices of amendments to this clause.

**Comrade Satya Pal Dang** : Sir, I beg to move—

In the proviso to sub-clause (2)(b) *after* the words "residents of the City" *add* "and others likely to be affected."

ਮੈਂ ਇਹ ਗੱਲ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਟੈਕਸ ਕੋਈ ਲਗਾਉਣਾ ਹੋਵੇ ਤਾਂ ਜਿਹੜਾ ਡਿਸਕ੍ਰੀਸ਼ਨਰੀ ਟੈਕਸ ਇਥੇ ਕਾਰਪੋਰੇਸ਼ਨ ਦਾ ਕਿਹਾ ਗਿਆ ਹੈ ਕਿ ਆਬਜੈਕਸ਼ਨ ਕੌਣ ਕਰ ਸਕਦਾ ਹੈ, ਜਿਹੜਾ ਰੇਜ਼ੀਡੈਂਟ ਆਫ ਦੀ ਸਟੇਟ ਕਿਸੇ ਤਾਰੀਖ ਤੋਂ ਹੋਵੇ, ਉਹ ਕਰ ਸਕਦਾ ਹੈ। ਪੁਜ਼ੀਸ਼ਨ ਇਹ ਹੈ ਕਿ ਟੈਕਸ ਜਿਹੜਾ ਲਗਣਾ ਹੈ, ਕੋਈ ਸਿਟੀਜ਼ਨ ਜਿਹੜਾ ਕਿ ਕਲਕੱਤੇ ਰਹਿੰਦਾ ਹੈ ਤਾਂ ਉਸ ਨੂੰ ਹੱਕ ਹੁੰਦਾ ਹੈ ਕਿ ਅੰਮ੍ਰਿਤਸਰ ਵਿਚ ਵੀ ਪਰਾਪਰਟੀ ਹੋ ਸਕਦੀ ਹੈ, ਭਾਵੇਂ ਉਹ ਉਥੇ ਨਹੀਂ ਰਹਿੰਦਾ ਤਾਂ ਵੀ ਉਸ ਨੂੰ ਆਬਜੈਕਸ਼ਨ ਕਰਨ ਦਾ ਹੱਕ ਹੋਵੇ। ਕਨਸਟੀਚਿਉਸ਼ਨ ਵਿਚ ਅੱਜ ਆਈ ਅੰਡਰਮਲੈਂਡ ਆਬਜੈਕਸ਼ਨ ਕਰਨ ਦਾ ਹੱਕ ਹੋਵੇ ਤਾਂ ਮੈਂ ਸਮਝਦਾ ਹਾਂ ਕਿ ਇਹ ਪ੍ਰੋਵੀਜ਼ਨ ਡਿਫੈਕਟਿਵ ਹੈ ਇਸ ਬਿਲ ਵਿਚ, ਅਤੇ ਜਿਹੜਾ ਉਥੇ ਰਹਿੰਦਾ ਨਾ ਹੋਵੇ ਉਸ ਨੂੰ ਆਬਜੈਕਸ਼ਨ ਕਰਨ ਦਾ ਹੱਕ ਦਿੱਤਾ ਜਾਣਾ ਚਾਹੀਦਾ ਹੈ। ਅਗਰ ਉਸ ਨੂੰ ਆਬਜੈਕਸ਼ਨ ਕਰਨ ਦਾ ਰਾਈਟ ਨਾ ਹੋਵੇ ਤਾਂ ਗੱਲ ਠੀਕ ਨਹੀਂ ਹੈ।

**ਸ੍ਰੀ ਸਪੀਕਰ** : ਡਾਂਗ ਸਾਹਿਬ, ਅਮੈਂਡਮੈਂਟਸ 15, 16 ਅਤੇ 17 ਇਕੱਠੀਆਂ ਹੀ ਕਰ ਲਵੋ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਸਬਜੈਕਟ ਮੈਟਰ ਵੱਖਰਾ ਵੱਖਰਾ ਹੈ।

**ਸ੍ਰੀ ਸਪੀਕਰ** : ਕਲਾਜ਼ ਤਾਂ ਇਕੋ ਹੀ ਹੈ।

**ਕਾਮਰੇਡ ਸੱਤ ਪਾਲ ਡਾਂਗ** : ਇਕ ਕਲਾਜ਼ ਦੇ ਬਿਲਕੁਲ ਅੱਡ ਕਿਸਮ ਦੀਆਂ ਚੀਜ਼ਾਂ ਹਨ।

**ਸ੍ਰੀ ਸਪੀਕਰ** : ਉਹ ਵੀ ਮੂਵ ਕਰ ਲਵੋ, ਕਲਾਜ਼ ਇਕੋ ਹੀ ਹੈ।

**ਕਾਮਰੇਡ ਸੱਤ ਪਾਲ ਡਾਂਗ** : ਇਹ ਕਿਹੜਾ ਰੂਲ ਹੈ, ਸਪੀਕਰ ਸਾਹਿਬ, ਕਿ ਇਕੱਠੀਆਂ ਮੂਵ ਕੀਤੀਆਂ ਜਾ ਸਕਦੀਆਂ ਹਨ। Is it in order?

**ਸ੍ਰੀ ਸਪੀਕਰ** : ਯੇਸ, ਤੁਸੀਂ ਮੂਵ ਕਰ ਦੇਵੋ।

**ਕਾਮਰੇਡ ਸੱਤ ਪਾਲ ਡਾਂਗ** : ਕਿਹੜੇ ਰੂਲ ਦੇ ਥੱਲੇ ਤੁਸੀਂ, ਸਪੀਕਰ ਸਾਹਿਬ, ਕਹਿ ਰਹੇ ਹੋ।

**ਸ੍ਰੀ ਸਪੀਕਰ** : ਡਾਂਗ ਸਾਹਿਬ, ਕਲਾਜ਼ ਇਕੋ ਹੀ ਹੈ।

**ਕਾਮਰੇਡ ਸੱਤ ਪਾਲ ਡਾਂਗ** : ਅਮੈਂਡਮੈਂਟਸ, ਸਪੀਕਰ ਸਾਹਿਬ, ਅੱਡ ਅੱਡ ਹਨ। ਹਾਊਸ ਦਾ ਟਾਈਮ ਡੇਢ ਵਜੇ ਤਕ ਹੈ ਅਤੇ ਉਸ ਵੇਲੇ ਤਕ ਬੈਠਣਾ ਹੈ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ: ਤੁਸੀਂ ਅਗਲੀਆਂ ਅਮੈਂਡਮੈਂਟਾਂ ਵੀ ਮੂਵ ਕਰ ਦੇਵੋ ।

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਤੁਸੀਂ ਰੂਲ ਤਾਂ ਦੱਸ ਦੇਵੋ ।

ਸ੍ਰੀ ਸਪੀਕਰ : ਅਮੈਂਡਮੈਂਟਸ ਨੰ: 15-16 ਅਤੇ 17-18 ਤੁਸੀਂ ਮੂਵ ਕਰ ਲਵੋ ।

ਕਾਮਰੇਡ ਸੱਤ ਪਾਲ ਡਾਂਗ: ਤੁਸੀਂ ਅਲਹਿਦਾ ਅਲਹਿਦਾ ਕਰੋ ਜੀ, ਤੁਸੀਂ ਵੋਟਿੰਗ ਵੀ ਕਰਾਉਣੀ ਹੈ ਅਤੇ ਇਕ ਮੈਂਬਰ ਇਕ ਅਮੈਂਡਮੈਂਟ ਤੇ ਮੇਰੇ ਹੱਕ ਵਿਚ ਵੀ ਵੋਟ ਦੇ ਸਕਦਾ ਹੈ ਤੇ ਦੂਜੀ ਅਮੈਂਡਮੈਂਟ ਤੇ ਨਹੀਂ ਵੀ ਦੇ ਸਕਦਾ ਹੈ । ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ 4 ਅਮੈਂਡਮੈਂਟਸ ਇਕੱਠੀਆਂ ਹੀ ਮੂਵ ਕਰ ਦਿੱਤੀਆਂ ਜਾਣ ।

ਸ੍ਰੀ ਸਪੀਕਰ : ਤੁਸੀਂ ਅਮੈਂਡਮੈਂਟਸ ਨੰ: 13-14, 15-16 ਅਤੇ 17-18 ਮੂਵ ਕਰ ਦੇਵੋ ਜੀ ।

ਕਾਮਰੇਡ ਸੱਤ ਪਾਲ ਡਾਂਗ: ਮੈਂ ਇਸ ਤਰ੍ਹਾਂ ਨਹੀਂ ਕਰਾਂਗਾ ਜੀ, ਇਹ ਰੂਲਜ਼ ਦੀ ਵਾਇਓਲੇਸ਼ਨ ਹੈ ਅਤੇ ਮੈਂ ਐਜ਼-ਏ-ਪ੍ਰੋਟੈਸਟ ਮੂਵ ਨਹੀਂ ਕਰਦਾ ।

ਸ੍ਰੀ ਸਪੀਕਰ: ਵੈਸੇ ਰੂਲ ਤਾਂ ਹਨ, ਮਗਰ, ਤੁਸੀਂ ਕਹਿਣਾ ਚਾਹੁੰਦੇ ਹੋ ਤਾਂ ਠੀਕ ਹੈ । 13-14 ਕਰ ਦਿੰਦੇ ਹਾਂ ਜੀ ।

**Mr. Speaker**: Motion moved:

In the proviso to sub-clause (2)(b) *after* the words "residents of the City" *add* "and others likely to be affected".

**Mr. Speaker** : Question is—

In the proviso to sub-clause (2)(b) *after* the words "residents of the City" "*add* others likely to be affected".

*The motion was lost.*

**Comrade Satya Pal Dang** : Sir, I beg to move—

In sub-clause (3) lines 2-3 *for* "levied at such rates as may, from time to time, be specified by the Government by notification" *substitute* "levied at such rates as may, from time to time, be determined by the Corporation after inviting and taking into consideration objections, if any, from the residents of the City and others likely to be affected".

ਜਿਹੜੇ ਟੈਕਸ ਆਬਲੀਗੇਟਰੀ ਹਨ ਉਨ੍ਹਾਂ ਦਾ ਰੇਟ ਮੁਕੱਰਰ ਕਰਨ ਵੇਲੇ ਲੋਕਾਂ ਕੋਲੋਂ ਇਤਰਾਜ਼ ਲੈ ਕੇ ਉਨ੍ਹਾਂ ਨੂੰ ਕੰਸਿਡਰ ਕਰਕੇ ਕਾਰਪੋਰੇਸ਼ਨ ਡਿਸਾਈਡ ਕਰੇ ਕਿ ਉਨ੍ਹਾਂ ਟੈਕਸਾਂ ਦਾ ਰੇਟ ਕੀ ਹੋਣਾ ਚਾਹੀਦਾ ਹੈ ।

**Mr. Speaker** : Motion moved.

In sub-clause (3) lines 2-3 *for* "levied at such rates as may, from time to time, be specified by the Government by notification" *substitute* "levied at such rates as may, from time to time, be determined by the Corporation after inviting and taking into consideration objections, if any, from the residents of the City and others likely to be affected."

Original with;
Punjab Vidhan Sabha
Digitized by;
Panjab Digital Library

**Mr. Speaker** : Question is—

In sub-clause (3) lines 2-3 *for* "levied at such rates as may from time to time, be specified by the Government by notification" substitute "levied at such rates as may, from time to time, be determined by the Corporation after inviting and taking into consideration objections, if any, from the residents of the City and others likely to be affected."

*The motion was lost*

**Comrade Satya Pal Dang** : Sir, I beg to move—

In sub-clause (6), line 1 for the word "may" *substitute* "shall".

**Mr. Speaker** : Motion moved—

In sub-clause (6), line 1, for the word "may" substitute "shall".

**Mr. Speaker** : Question is—

In sub-clause (6) line 1 for the word "may" substitute "shall".

*The motion was lost*

**Mr. Speaker** : Question is—

That Clause 90 stand part of the Bill.

*The moton was carried*

**ਸ੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, ਮੇਰੀ ਅਮੈਂਡਮੈਂਟ ਹੈ ।

**ਸ੍ਰੀ ਸਪੀਕਰ** : ਕਲਾਜ਼ 90 ਤਾਂ ਪਾਸ ਹੋ ਗਈ, 91 ਤੇ ਬੋਲ ਲਵੋ ਜੀ । ਕਲਾਜ਼ 90 ਤੇ ਪਹਿਲਾਂ ਤਾਂ ਤੁਸੀਂ ਕੋਈ ਬੋਲੇ ਨਹੀਂ । ਤੁਸੀਂ ਵੈਸੇ ਬੋਲ ਲਵੋ, ਲੇਕਿਨ ਇਹ ਪਾਸ ਹੋ ਗਈ ਹੈ ।

CLAUSE 91

**Mr. Speaker** : Now Clause 91 is before the House. There are certain notices of amendments to this clause.

**Shri Sardari Lal Kapur** : Sir, I beg to move—

In the proviso to sub-clause 1 (c), line 2 *for* the words "Government determines" substitute "Corporation so determines."

**Mr. Speaker** : Motion moved—

In the proviso to sub-clause 1 (c), line 2, *for* the words "Government determines" substitute "Corporation so determines."

Original with;
Punjab Vidhan Sabha
Digitized by;
Panjab Digital Library

**Mr. Speaker** : Question is—

In the proviso to sub-clause 1 (c), line 2 *for* the words "Government determines" substitute "Corporation so determines."

*The motion was lost.*

**Comrade Satya Pal Dang** : Sir, I beg to move—

Delete sub-clause 1 (b).

ਮੈਂ ਹਾਊਸ ਨੂੰ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਕ ਚੀਜ਼ ਮਿਊਂਸਪਲ ਐਕਟ ਵਿਚ ਲਿਖੀ ਸੀ ਕਿ ਹਾਊਸ ਟੈਕਸ ਲਗੇਗਾ ਅਤੇ ਟੈਕਸ ਲੈਂਡਜ਼ ਅਤੇ ਬਿਲਡਿੰਗਜ਼ ਉਤੇ ਲਗੇਗਾ, ਸਿਰਫ ਇੰਨਾ ਹੀ ਸੀ। ਇਸ ਦਫਾ ਹੋਰ ਕਰ ਦਿਤਾ ਹੈ ਕਿ ਕਾਰਪੋਰੇਸ਼ਨ ਨੂੰ ਟੈਕਸ ਲਗਾਉਣਾ ਪਵੇਗਾ, ਕੰਪਲਸਰੀ ਟੈਕਸ ਆਨ ਲੈਂਡ ਐਂਡ ਬਿਲਡਿੰਗਜ਼ ਅਤੇ ਅਗੇ ਇਸ ਟੈਕਸ ਦੀ ਡੈਫੀਨੀਸ਼ਨ ਕੀਤੀ ਹੋਈ ਹੈ ਕਿ ਤਿੰਨ ਕਿਸਮ ਦੇ ਟੈਕਸ ਇਕੋ ਹੀ ਟੈਕਸ ਦਾ ਨਾਂ ਹੈ, ਇਹ ਤਿੰਨ ਕੰਪਲਸਰੀ ਟੈਕਸ ਲਗਣਗੇ। ਜਿਹੜੇ ਕਿ ਇਸ ਵਿਚ ਲਿਖੇ ਹਨ। ਇਨ੍ਹਾਂ ਵਿਚ ਇਕ ਪੁਆਇੰਟ 'ਸੀ' ਹੈ, ਉਹ ਮੈਂ ਪੜ੍ਹਦਾ ਹਾਂ—

(c) a general tax of not more than fifteen per cent of the rateable value of lands and building within the City.

ਇਹ ਜਿਹੜਾ 15% ਜਨਰਲ ਟੈਕਸ ਇਸ ਵਿਚ ਸ਼ਾਮਲ ਕੀਤਾ ਗਿਆ ਹੈ ਇਹ ਹੀ ਬਹੁਤ ਹੈ। ਪਰ ਇਨ੍ਹਾਂ ਨੇ ਤਾਂ ਇਸ ਦੇ ਨਾਲ ਦੋ ਟੈਕਸ ਹੋਰ ਵੀ ਸ਼ਾਮਲ ਕਰ ਦਿਤੇ ਹਨ ਇਕ ਵਾਟਰ ਟੈਕਸ ਅਤੇ ਦੂਜਾ ਫਾਇਰ ਟੈਕਸ। ਇਹ ਜਿਹੜਾ ਜਨਰਲ ਟੈਕਸ ਹੈ ਇਹ ਕੰਪਲਸਰੀ ਹੈ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਇਹ ਜਿਹੜਾ ਵਾਟਰ ਟੈਕਸ ਹੈ ਉਹ ਤਾਂ ਬੇਸ਼ਕ ਕੰਪਲਸਰੀ ਕਰ ਦਿਉ ਪਰ ਜਿਹੜਾ ਇਹ ਫਾਇਰ ਟੈਕਸ ਹੈ ਇਸ ਦਾ ਖਰਚ ਜਨਰਲ ਫੰਡ ਵਿਚੋਂ ਨਿਕਲਣਾ ਚਾਹੀਦਾ ਹੈ। ਇਸ ਦਾ ਭਾਰ ਲੋਕਾਂ ਤੇ ਨਹੀਂ ਪਾਉਣਾ ਚਾਹੀਦਾ। ਫਾਇਰ ਕੋਈ ਰੋਜ਼ ਤਾਂ ਹੁੰਦੀ ਨਹੀਂ। ਕਦੇ ਕੋਈ ਇਸ ਦਾ ਕੇਸ ਇਸ ਤਰ੍ਹਾਂ ਦਾ ਹੁੰਦਾ ਹੈ, ਇਸ ਲਈ ਇਸ ਨੂੰ ਕੰਪਲਸਰੀ ਨਹੀਂ ਕਰਨਾ ਚਾਹੀਦਾ ਅਤੇ ਇਹ ਟੈਕਸ ਹਟਾ ਦੇਣਾ ਚਾਹੀਦਾ ਹੈ।

**Mr. Speaker** : Motion moved—

Delete sub-clause 1 (b)

**Mr. Speaker** : Question is—

Delete sub-clause 1 (b)

*The motion was lost.*

**Mr. Speaker** : Question is—

That clause 91 stand part of the Bill.

*The Motion was carried.*

Original with;
Punjab Vidhan Sabha
Digitized by;
Panjab Digital Library

CLAUSE 92

**Mr. Speaker**: Now Clause 92 is before the House. There is a notice of amendment to this Clause in the names of Shri Sardari Lal Kapur and Comrade Satya Pal Dang.

**Shri Sardari Lal Kapur**: Sir, I beg to move—

Delete sub-clause (2)

**Mr. Speaker**: Motion moved—

Delete sub-clause (2)

**Mr. Speaker**: Question is—

Delete sub-clause (2)

*The motion was lost.*

**Mr. Speaker**: Question is—

That Clause 92 stand part of the Bill.

*The motion was carried.*

CLAUSE 93

**Mr. Speaker**: Now Clause 93 is before the House. There are notices of amendments to this Clause in the names of Shri Sardari Lal Kapur and Comrade Saty Pal Dang.

**Shri Sardari Lal Kapur**: Sir, I beg to move—

In sub-clause (b) (i), line 1, *for* '20' substitute '10'

**Mr. Speaker**: Motion moved —

In sub-clause (b) (i), line 1, *for* '20' substitute '10'.

**Mr. Speaker**: Question is—

In sub-clause (b) (i), line 1, *for* '20' substitute '10'.

*The motion was lost.*

**Shri Sardari Lal Kapur**: Sir, I beg to move my another amendment—

In sub-clause (b) (iii), line 2, *for* "20 percent" substitute "10 percent".

**Mr. Speaker**: Motion moved—

In sub-clause (b) (iii), line 2, *for* "20 per cent" *substitute* "10 percent"

**Mr. Speaker**: Question is—

In sub-clause (b) (iii), line 2, *for* "20 percent" *substitute* "10 percent"

*The motion was lost.*

Original with;
Punjab Vidhan Sabha
Digitized by;
Panjab Digital Library

**Mr. Speaker :** Question is—

That Clause 93 stand part of the Bill.

*The motion was carried.*

**Comrade Satya pal Dang:** I want to go on record that we have not been able to give notices of amendments because we have not been allowed the necessary time to do so.

**Mr. Speaker :** I have received so many notices of amendments.

CLAUSES 94 TO 431

**Mr. Speaker:** Since there are no notices of amendments to these clauses I will put these clauses together.

Mr. Speaker: Question is—

That Clauses 94 to 431 stand part of the Bill.

*The Motion was carried.*

SCHEDULE I

**Mr. Speaker :** Now Schedule I is before the House.

**Finance Minister** (Shri Hans Raj Sharma) : Sir, there is a very little printing error. So I beg to move an amendment which reads as under: —

For the words and figures "See section 6 (2)" *substitute*" "See section 6 (3)"

**Mr. Speaker:** Motion moved.

For the words and figures "See section 6 (2)" *substitute* 'See section" 6 (3)"

**Mr. Speaker :** Question is—

For the words and figures "See section 6 (2)" *substitute* "See section 6 (3)"

*The motion was carried.*

**Mr. Speaker :** Question is—

That Schedule I, as amended, stand part of the Bill.

*The Motion was carried.*

SCHEDULE II

**Mr. Speaker:** Question is—

That Schedule II stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

SCHEDULE III

**Mr. Speaker**: Question is—

That Schedule III stand part of the Bill.

*The motion was carried.*

SUB CLAUSE (I) OF CLAUSE 1

**Mr. Speaker** : Question is—

That Sub-clause (I) of Clause 1 stand part of the Bill.

*The motion was carried.*

TITLE

**Mr. Speaker**: Question is—

That Title be the Title of the Bill.

*The motion was carried.*

**Finance Minister** (Shri Hans Raj Sharma): Sir, I beg to move—

That the Punjab Municipal Corporation Bill as amended, be passed.

**Mr. Speaker**: Motion moved—

That the Punjab Municipal Corporation Bill, as amended, be passed.

**Mr. Speaker**: Question is—

That the Punjab Municipal Corporation Bill, as amended, be passed.

*The motion was carried.*

**Mr. Speaker**: Now the House stands adjourned till 9.00 A. M. on Wednesday, the 8th September, 1976.

12.08 p.m.

*(The Sabha then adjourned till 9.00 A.M. on Wednesday, the 8th September, 1976.)*

2072 — 13-11-76 —285 —ਸਾਜੀਆਂ ਪੰਜਾਬ ਸਰਕਾਰ ਪਰੈਸ, ਪਟਿਆਲਾ।

Original with;
Punjab Vidhan Sabha
Digitized by;
Panjab Digital Library

Originally with:
Punjab Vidhan Sabha
Digitized by:
Panjab Digital Library

*Original with;*
Punjab Vidhan Sabha
*Digitized by;*
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*8th September, 1976*

Vol. II—No. 3

OFFICIAL REPORT

CONTENTS

*Wednesday, the 8th September, 1976*


| | | PAGE |
|---|---|---|
| Obituary References | .. | (3) 1 |
| Starred Questions and Answers | .. | (3) 3 |
| Written Answers to Starred Questions laid on the Table of the House Under Rule 38. | .. | (3)48 |
| Unstarred Questions and Answers | .. | (3)53 |
| Question of Privilege | .. | (3)56 |
| Call Attention Notice under Rule 66 | .. | (3)56 |
| Supplementary Estimates (First Instalment) 1976-77 | .. | (3)59 |
| Discussion on the Estimates of the Expenditure charged on the revenues of the State | .. | (3)59 |
| Discussion and Voting of Demands for Supplementary Grants | .. | (3)59 |



Punjab Vidhan Sabha Secretariat, Chandigarh.

Price : Rs. 35-20



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Wednesday, the 8th September, 1976**

*The Vidhan Sabha met in the Punjab Vidhan Sabha Hall. Vidhan Bhavan, Chandigarh, at 9-00 a. m. of the clock. Mr. Speaker (Dr. Kewal Krishan) in the Chair.*

## OBITUARY REFERENCES

**ਸ਼੍ਰੀ ਸਪੀਕਰ** : ਪਹਿਲਾਂ ਚੀਫ ਮਨਿਸਟਰ ਸਾਹਿਬ, ਸ਼੍ਰੀ ਸੁਰਿੰਦਰਾ ਮੋਹਨ ਘੋਸ਼ ਜੀ ਦੇ ਨਿਧਨ ਤੇ ਸ਼ੋਕ ਪ੍ਰਸਤਾਵ ਪੇਸ਼ ਕਰਨਗੇ ।

**ਮੁੱਖ ਮੰਤਰੀ** (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ, ਸ਼੍ਰੀ ਸੁਰਿੰਦਰਾ ਮੋਹਨ ਘੋਸ਼ ਮਸ਼ਹੂਰ ਇਨਕਲਾਬੀ ਅਤੇ ਸੁਤੰਤਰਤਾ ਸੰਗਰਾਮੀਏ ਕਲ ਦਿੱਲੀ ਵਿਖੇ 83 ਸਾਲਾਂ ਦੀ ਉਮਰ ਭੋਗ ਕੇ ਸੁਰਗਵਾਸ ਹੋ ਗਏ ਹਨ । ਇਹ 1962 ਤੋਂ 1967 ਤੱਕ ਕਾਂਗਰਸ ਪਾਰਲੀਮੈਂਟਰੀ ਪਾਰਟੀ ਦੇ ਡਿਪਟੀ ਲੀਡਰ ਰਹੇ ਹਨ ਅਤੇ ਆਜ਼ਾਦੀ ਦੀ ਪ੍ਰਾਪਤੀ ਕਰਨ ਮਗਰੋਂ ਵੈਸਟ ਬੰਗਾਲ ਕਾਂਗਰਸ ਪਾਰਟੀ ਦੇ ਪਹਿਲੇ ਪ੍ਰਧਾਨ ਸਨ । ਆਜ਼ਾਦੀ ਤੋਂ ਪਹਿਲਾਂ ਉਹ ਸੁਤੰਤਰ ਪਾਰਟੀ ਦੇ ਪ੍ਰਧਾਨ ਸਨ ਜਿਹੜੀ ਉਸ ਵੇਲੇ ਦੀ ਅੰਗਰੇਜ਼ ਸਰਕਾਰ ਦੇ ਨਾਲ ਲੜ ਰਹੀ ਸੀ। ਇਨ੍ਹਾਂ ਦਾ ਜਨਮ 1893 ਵਿਚ ਮੈਮਨ ਸਿੰਘ ਵਿਚ, ਜੋ ਇਸ ਵੇਲੇ ਬੰਗਲਾ ਦੇਸ਼ ਵਿਚ ਹੈ, ਹੋਇਆ ਸੀ । 18 ਸਾਲ ਦੀ ਉਮਰ ਵਿਚ ਹੀ ਇਹ ਪੁਲੀਟੀਕਲ ਲਹਿਰ ਵਿਚ ਸ਼ਾਮਲ ਹੋ ਗਏ ਸਨ ਅਤੇ 'ਸਾਧਨਾ ਸਮਾਜ' ਵਾਸਤੇ ਭਰਤੀ ਸ਼ੁਰੂ ਕੀਤੀ । ਦੁਨੀਆਂ ਦੀ ਪਹਿਲੀ ਜੰਗ ਵੇਲੇ ਉਨ੍ਹਾਂ ਨੇ ਆਜ਼ਾਦ ਗੌਰਮਿੰਟਾਂ ਅਤੇ ਵਿਦੇਸ਼ ਸਰਕਾਰਾਂ ਤੋਂ ਮੱਦਦ ਲੈਣ ਵਾਸਤੇ ਕੋਸ਼ਿਸ਼ ਕੀਤੀ ਤਾਂਕਿ ਉਹ ਹਿੰਦੁਸਤਾਨ ਨੂੰ ਆਜ਼ਾਦ ਕਰਵਾ ਸਕਣ । ਜਦੋਂ ਇਨ੍ਹਾਂ ਦੀ ਸਾਰੀ ਪਲਾਨ ਦਾ ਪਤਾ ਲਗਿਆ ਤਾਂ ਉਨ੍ਹਾਂ ਨੂੰ 5 ਸਾਲ ਦੀ ਕੈਦ ਕੱਟਣੀ ਪਈ ਅਤੇ 1920 ਵਿਚ ਉਨ੍ਹਾਂ ਨੇ ਇੰਡੀਅਨ ਨੈਸ਼ਨਲ ਕਾਂਗਰਸ ਦਾ ਇਜਲਾਸ ਅਟੈਂਡ ਕੀਤਾ ਜਿਥੇ ਉਹ ਮਹਾਤਮਾ ਗਾਂਧੀ ਅਤੇ ਉਨ੍ਹਾਂ ਦੀ ਨਾਨ-ਵਾਇਲੈਂਸ ਲਹਿਰ ਦੇ ਪੈਰੋਕਾਰ ਹੋ ਗਏ ਅਤੇ ਵਾਇਲੈਂਸ ਛੱਡ ਦਿਤੀ । 1923 ਵਿਚ ਉਹ ਸਵਰਾਜ ਪਾਰਟੀ ਵਿਚ ਸ਼ਾਮਲ ਹੋ ਗਏ ਅਤੇ ਉਸ ਤੋਂ ਬਾਅਦ ਉਨ੍ਹਾਂ ਨੂੰ ਨੇਤਾ ਜੀ ਅਤੇ ਸ਼੍ਰੀ ਭੁਪਿੰਦਰਾ ਕੁਮਾਰ ਦੱਤਾ ਨਾਲ ਦੇਸ਼ ਬਦਰ ਕਰਕੇ ਮਾਂਡਲੇ ਬਰਮਾਂ ਵਿਚ ਭੇਜ ਦਿੱਤਾ । ਉਹ 1946 ਵਿਚ ਵਿਧਾਨ ਸਭਾ ਦੇ ਮੈਂਬਰ ਬਣੇ ਅਤੇ ਇਕ ਸਾਲ ਪਿਛੋਂ ਪ੍ਰੋਵੀਜ਼ਨਲ ਪਾਰਲੀਮੈਂਟ ਦੇ ਮੈਂਬਰ ਰਹੇ । 1952 ਵਿਚ ਲੋਕ ਸਭਾ ਦੇ ਮੈਂਬਰ ਬਣੇ ਅਤੇ ਉਸ ਤੋਂ ਪਿਛੋਂ ਦੋ ਵਾਰੀ ਰਾਜ ਸਭਾ ਦੇ ਮੈਂਬਰ ਬਣੇ ।

ਉਨ੍ਹਾਂ ਦਾ ਸਾਰਾ ਜੀਵਨ ਦੇਸ਼ ਦੀ ਸੇਵਾ ਕਰਦਿਆਂ ਹੋਇਆਂ ਗੁਜ਼ਰਿਆ । ਗੁਲਾਮੀ ਦੇ ਦਿਨਾਂ ਵਿਚ ਆਜ਼ਾਦੀ ਲਈ ਲੜਦੇ ਰਹੇ ਅਤੇ ਆਜ਼ਾਦੀ ਤੋਂ ਬਾਅਦ ਹਿੰਦਸਤਾਨ ਦੀ ਤਾਮੀਰ ਕਰਨ ਵਾਸਤੇ ਸਹਾਇਤਾ ਕਰਦੇ ਰਹੇ । ਉਹ ਐਸੇ ਮਹਾਨ ਦੇਸ਼ ਭਗਤ ਸਨ ਜਿਨ੍ਹਾਂ ਨੂੰ ਅਸੀਂ ਸਾਰੇ ਦੇਸ਼ ਦੇ ਸਾਂਝੇ ਦੇਸ਼ ਭਗਤ, ਜੰਗੇ ਆਜ਼ਾਦੀ ਦੇ ਪਰਵਾਨੇ ਸਮਝਦੇ ਹਾਂ । ਘੋਸ਼ ਜੀ ਬੰਗਾਲ ਪਰਾਂਤ ਦੇ ਸਨ ਲੇਕਿਨ ਇਸ ਵੇਲੇ ਉਨ੍ਹਾਂ ਦਾ ਸੰਸਾਰ ਤੋਂ ਚਲੇ ਜਾਣਾ ਸਾਡੇ ਦੇਸ਼ ਲਈ ਘਾਟੇ ਦੀ ਗੱਲ ਹੈ ਔਰ ਸਾਡਾ ਦੇਸ਼ ਮਹਾਨ ਇਨਕਲਾਬੀ, ਦੇਸ਼ ਭਗਤ ਤੋਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਵਾਂਝਿਆ ਹੋ ਗਿਆ ਹੈ। ਮੈਂ ਸ਼ੋਕ ਪ੍ਰਸਤਾਵ ਰੱਖਦਿਆਂ ਤੁਹਾਡੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਹਾਊਸ ਦੀ ਸਿੰਪਤੀ, ਉਨ੍ਹਾਂ ਦੇ ਪਰਵਾਰ ਨੂੰ ਭੇਜੀ ਜਾਵੇ ਅਤੇ ਦੋ ਮਿੰਟਾਂ ਵਾਸਤੇ ਮੋਨ ਧਾਰਨ ਕੀਤਾ ਜਾਵੇ ।

**ਕਾਮਰੇਡ ਜੰਗੀਰ ਸਿੰਘ ਜੋਗਾ** (ਮਾਨਸਾ) : ਸਪੀਕਰ ਸਾਹਿਬ, ਜਿਹੜਾ ਮਤਾ ਚੀਫ ਮਨਿਸਟਰ ਸਾਹਿਬ ਨੇ ਰਖਿਆ ਹੈ ਸਾਡੀ ਪਾਰਟੀ ਉਸ ਮਤੇ ਦੇ ਨਾਲ ਸ਼ਾਮਲ ਹੁੰਦੀ ਹੈ । ਸ੍ਰੀ ਸੁਰਿੰਦਰਾ ਮੋਹਨ ਘੋਸ਼ ਬੜੇ ਪੁਰਾਣੇ ਇਨਕਲਾਬੀ ਸਨ ਜਿਨ੍ਹਾਂ ਨੇ ਸ਼ੁਰੂ ਵਿਚ ਆਰਬਿੰਦੂ ਘੋਸ਼ ਦੀ ਰਹਿਨੁਮਾਈ ਵਿਚ ਕੰਮ ਕਰਨਾ ਸ਼ੁਰੂ ਕੀਤਾ । ਬਾਅਦ ਦੇ ਵਿਚ ਸ੍ਰੀ ਸੁਭਾਸ਼ ਚੰਦਰ ਬੋਸ ਨਾਲ ਮਿਲ ਕੇ ਹਿੰਦੁਸਤਾਨ ਦੀ ਆਜ਼ਾਦੀ ਦੀ ਤਹਿਰੀਕ ਵਿਚ ਲਗਾਤਾਰ ਹਿੱਸਾ ਲੈਂਦੇ ਰਹੇ । ਆਪਣੀ ਜ਼ਿੰਦਗੀ ਦੇ ਬੇਹਤਰੀਨ ਕਈ ਸਾਲ ਉਨ੍ਹਾਂ ਨੇ ਜੇਲ੍ਹਾਂ ਵਿਚ ਬਿਤਾਏ । ਉਹ ਵਿਧਾਨ ਸਭਾ ਅਤੇ ਪਾਰਲੀਮੈਂਟ ਦੇ ਲਗਾਤਾਰ ਮੈਂਬਰ ਰਹੇ ਅਤੇ ਹਿੰਦੁਸਤਾਨ ਦੀ ਹਰ ਤਹਿਰੀਕ ਦੇ ਵਿਚ ਉਹ, ਜਿਹੜੀ ਵੀ ਜੰਗੇ ਆਜ਼ਾਦੀ ਦੀ ਲਹਿਰ ਚਲੀ, ਉਸ ਵਿਚ ਉਨ੍ਹਾਂ ਨੇ ਮੋਹਰੀਆਂ ਦਾ ਰੋਲ ਅਦਾ ਕੀਤਾ । ਅੱਜ ਉਨ੍ਹਾਂ ਦੇ ਸਾਡੇ ਵਿਚੋਂ ਚਲੇ ਜਾਣ ਨਾਲ ਇਨ-ਕਲਾਬੀਆਂ ਦਾ ਪੁਰਾਣਾ ਵਿਰਸਾ ਖਤਮ ਹੋ ਗਿਆ ਹੈ ਔਰ ਇਸ ਦੇ ਨਾਲ ਅਸੀਂ ਸਮਝਦੇ ਹਾਂ ਕਿ ਹਿੰਦੁਸਤਾਨ ਦੇ ਲੋਕਾਂ ਨੂੰ ਉਨ੍ਹਾਂ ਦੇ ਕੰਮ ਕਰਨ ਦੇ ਚਗੇ ਢੰਗਾਂ ਤੋਂ ਰੋਸ਼ਨੀ ਮਿਲਦੀ ਰਹੇਗੀ । ਉਨ੍ਹਾਂ ਦੇ ਕੰਮਾਂ ਤੋਂ ਅਸੀਂ ਸਦਾ ਸਬਕ ਸਿਖਦੇ ਰਹਾਂਗੇ । ਮੈਂ ਅਤੇ ਇਸ ਪਾਰਟੀ ਦੇ ਸਾਰੇ ਮੈਂਬਰ ਸਾਹਿਬਾਨ ਸ਼ੋਕ ਪ੍ਰਸਤਾਵ ਜਿਹੜਾ ਕਿ ਸੀ. ਐਮ. ਸਾਹਿਬ ਨੇ ਰੱਖਿਆ ਹੈ ਉਸ ਵਿਚ ਸ਼ਾਮਲ ਹੁੰਦੇ ਹਾਂ ਔਰ ਘੋਸ਼ ਜੀ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ ।

**ਸ੍ਰੀ ਸਪੀਕਰ** : ਮੌਤ ਉਸੀ ਕੀ ਹੈ ਜਿਸ ਕਾ ਜ਼ਮਾਨਾ ਕਰੇ ਅਫ਼ਸੋਸ,
ਯੂੰ ਤੋ ਬਹੁਤ ਆਤੇ ਹੈਂ ਦੁਨੀਆ ਮੇਂ ਮਰਨੇ ਵਾਲੇ ।

ਘੋਸ਼ ਜੀ ਹਿੰਦੁਸਤਾਨ ਦੇ ਬਹੁਤ ਵੱਡੇ ਕ੍ਰਾਂਤੀਕਾਰੀ ਸਨ ਜਿਨ੍ਹਾਂ ਦਾ ਯੋਗਦਾਨ ਦੇਸ਼ ਵਾਸਤੇ ਹਮੇਸ਼ਾ ਹੀ ਰਿਹਾ ਹੈ ਔਰ ਉਨ੍ਹਾਂ ਦੀ ਕੁਰਬਾਨੀ ਨੂੰ ਦੇਸ਼ ਭੁਲਾ ਨਹੀ ਸਕਦਾ । 18 ਸਾਲ ਦੀ ਉਮਰ ਦੇ ਵਿਚ ਉਨ੍ਹਾਂ ਨੇ 'ਸਾਧਨਾਂ ਸਮਾਜ' ਦੀ ਭਰਤੀ ਸ਼ੁਰੂ ਕੀਤੀ ਅਤੇ ਕ੍ਰਾਂਤੀ-ਕਾਰੀ ਯੁਗ ਵਿਚ ਹਥਿਆਰ ਇਕੱਠੇ ਕਰਨੇ ਸ਼ੁਰੂ ਕੀਤੇ ਅਤੇ ਸਮਾਜ ਦੀ ਹਮਦਰਦੀ ਦੀ ਤਹਿਰੀਕ ਵਿਚ ਸ਼ਾਮਲ ਹੋ ਗਏ ।

ਆਜ਼ਾਦੀ ਤੋਂ ਬਾਅਦ ਵੀ ਕਾਂਗਰਸ ਦੀ, ਦੇਸ਼ ਦੀ ਅਤੇ ਪਾਰਲੀਮੈਂਟ ਵਾਸਤੇ ਸੇਵਾ ਕੀਤੀ ਹੈ । ਉਨ੍ਹਾਂ ਨੂੰ ਦੇਸ਼ ਹਮੇਸ਼ਾ ਯਾਦ ਕਰਦਾ ਰਹੇਗਾ । ਮੁੱਖ ਮੰਤਰੀ ਜੀ ਨੇ ਜਿਹੜਾ ਸ਼ੋਕ ਪ੍ਰਸਤਾਵ ਰੱਖਿਆ ਹੈ ਅਤੇ ਕਮਿਊਨਿਸਟ ਪਾਰਟੀ ਦੇ ਮਾਨਯੋਗ ਸਦੱਸਯ ਨੇ ਜਿਹੜੇ ਭਾਵ ਪ੍ਰਗਟ ਕੀਤੇ ਹਨ, ਮੈਂ ਸਮਝਦਾ ਹਾਂ ਕਿ ਸਦਨ ਦੇ ਸਾਰੇ ਹੀ ਦੁਖਿਤ ਜਜ਼ਬਾਤ ਪ੍ਰਗਟ ਕੀਤੇ ਗਏ ਹਨ ਅਤੇ ਮੈਂ ਆਪਣੇ ਆਪ ਨੂੰ ਉਸ ਸ਼ੋਕ ਪ੍ਰਸਤਾਵ ਦੇ ਨਾਲ, ਉਨ੍ਹਾਂ ਜਜ਼ਬਾਤਾਂ ਦੇ ਨਾਲ ਸ਼ਾਮਲ ਕਰਦਾ ਹਾਂ ।

ਇਹ ਸ਼ੋਕ ਪ੍ਰਸਤਾਵ ਉਨ੍ਹਾਂ ਦੇ ਪਰਵਾਰ ਨੂੰ ਭੇਜਿਆ ਜਾਵੇਗਾ । ਹੁਣ ਉਨ੍ਹਾਂ ਦੀ ਰੂਹ ਦੀ ਸ਼ਾਂਤੀ ਲਈ ਮੈਂ ਬੇਨਤੀ ਕਰਾਂਗਾ ਕਿ ਹਾਊਸ ਦੋ ਮਿੰਟ ਲਈ ਮੌਨ ਧਾਰਨ ਕਰੇ ।

(ਇਸ ਸਮੇਂ ਸਾਰੇ ਮਾਨਯੋਗ ਮੈਂਬਰਾਂ ਨੇ ਖੜ੍ਹੇ ਹੋ ਕੇ ਦੋ ਮਿੰਟ ਲਈ ਮੌਨ ਧਾਰਨ ਕੀਤਾ)

Original with;
Punjab Vidhan Sabha
Digitized by;
Panjab Digital Library

# STARRED QUESTIONS AND ANSWERS

## DEMANDS OF CLASS IV EMPLOYEES UNION, TALWARA

*3710. 1. **Comrade Dana Ram** )
) Will the Minister for
2. **Comrade Satya Pal Dang** )

Finance be pleased to state whether the Government received a representation No. 149—50/IG dated 12th June, 1976 from Class IV Government Employees Union, Punjab, Talwara Branch, addressed to the Chief Minister containing their demands relating to Dearness Allowance, Conveyance Allowance, uniforms etc; if so, the details thereof together with the details of the action taken on the demand be laid on the Table of the House ?

**ਸ੍ਰੀ ਹੰਸ ਰਾਜ ਸ਼ਰਮਾ** : ਨਹੀਂ ਜੀ ।

(ਅ) ਭਾਗ (ੳ) ਦੇ ਜਵਾਬ ਨੂੰ ਮੁੱਖ ਰੱਖਦਿਆਂ ਹੋਇਆਂ ਸਵਾਲ ਹੀ ਪੈਦਾ ਨਹੀਂ ਹੁੰਦਾ ।

## RETRENCHMENT/LAY OFF OR STRIKE IN THE INDUSTRIES IN THE PRIVATE SECTOR IN THE STATE

*3786. **Chaudhri Ram Singh** : Will the Minister for Finance be pleased to state whether any retrenchment/Lay off or strike took place in any of the Industries in the State in the Private Sector during the period from 1st July, 1975 to 30th June, 1976, if so, the reasons therefor ?

**ਸ੍ਰੀ ਹੰਸ ਰਾਜ ਸ਼ਰਮਾ** : ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

| | | |
|---|---|---|
| (1) | ਛਾਂਟੀ ਦੇ ਕੇਸਾਂ ਦੀ ਗਿਣਤੀ | 27 |
| (2) | ਲੇ-ਆਫ ਦੇ ਕੇਸਾਂ ਦੀ ਗਿਣਤੀ | 349 |
| (3) | ਹੜਤਾਲਾਂ ਦੀ ਗਿਣਤੀ | 24 |

ਇਨ੍ਹਾਂ ਤਿੰਨਾਂ ਕੇਸਾਂ ਦੇ ਹੇਠ ਲਿਖੇ ਕਾਰਣ ਸਨ :—

(1) ਛਾਂਟੀ ਦੇ ਕਾਰਣ :— (ੳ) ਕੰਮਾਂ ਦੀ ਘਾਟ (ਅ) ਮਾਲੀ ਹਾਲਤ ਕਮਜ਼ੋਰ ਹੋਣਾ ਅਤੇ ਮਾਲੀ ਨੁਕਸਾਨ (ੲ) ਮਾਲ ਦਾ ਜਮ੍ਹਾਂ ਹੋਣਾ ਅਤੇ ਮਾਰਕੀਟ ਵਿਚ ਮੰਦਵਾੜਾ (ਸ) ਕੱਚੇ ਮਾਲ ਦੀ ਕਮੀ ।

(2) ਲੇ-ਆਫ ਦੇ ਕਾਰਣ :— (ੳ) ਕੱਚੇ ਮਾਲ ਦੀ ਕਮੀ (ਅ) ਮਸ਼ੀਨਰੀ ਦੀ ਮੁਰੰਮਤ ਅਤੇ ਟੁਟ ਭੱਜ (ੲ) ਮਾਲ ਦਾ ਜਮ੍ਹਾਂ ਹੋਣਾ (ਸ) ਮਾਰਕੀਟ ਵਿਚ ਮੰਦਵਾੜਾ (ਹ) ਸਟੀਮ ਕੋਲ ਦੀ ਘਾਟ (ਕ) ਬਿਜਲੀ ਦਾ ਬੰਦ ਹੋਣਾ (ਖ) ਵਿੱਤ ਸੰਕਟ ਆਦਿ ।

(3) ਹੜਤਾਲਾਂ ਦੇ ਕਾਰਣ :— (ੳ) ਕੁਝ ਕਾਮਿਆਂ ਨੂੰ ਸੇਵਾ ਮੁਕਤ ਕਰਨ ਕਰਕੇ (ਅ) ਕੁਝ ਕਾਮਿਆਂ ਨੂੰ ਮੁਅਤਲ ਕਰਨ ਕਰਕੇ (ੲ) ਜਬਰੀ ਛੁੱਟੀ ਦੇ ਰੋਸ ਵਜੋਂ (ਸ) ਛਾਂਟੀ ਦੇ ਰੋਸ ਵਜੋਂ (ਹ) ਤਨਖਾਹਾਂ ਵਿਚ ਵਾਧਾ (ਕ) ਬੋਨਸ (ਖ) ਕਾਮਿਆਂ ਦਾ ਆਪਸੀ ਝਗੜਾ ।

Original with;
Punjab Vidhan Sabha
Digitized by;
Panjab Digital Library

**ਚੌਧਰੀ ਰਾਮ ਸਿੰਘ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਜਵਾਬ ਦੇ ਵਿਚ ਕਿਹਾ ਹੈ ਕਿ 349 ਲੇ-ਆਫ ਹੋਈਆਂ ਹਨ। ਇਹ ਕੱਚੇ ਮਾਲ ਦੀ ਕਮੀ, ਮਸ਼ੀਨਰੀ ਦੀ ਕਮੀ, ਬਿਜਲੀ, ਸਟੀਮ ਕੋਲ ਦੀ ਕਮੀ ਕਰਕੇ ਹੋਈਆਂ ਹਨ । ਪਰ ਸਰਕਾਰ ਨੇ ਕੀ ਕਦਮ ਚੁਕੇ ਹਨ, ਕੀ ਇਹ ਦੱਸ ਸਕਦੇ ਹਨ ?

**ਮੰਤਰੀ :** ਸਪੀਕਰ ਸਾਹਿਬ, ਮੈਂ ਕਾਰਨ ਤਾਂ ਪਹਿਲੇ ਹੀ ਦੱਸ ਦਿੱਤੇ ਹਨ । ਪਰ ਜਿਥੋਂ ਤਕ ਛਾਂਟੀ, ਲੇ-ਆਫ ਅਤੇ ਹੜਤਾਲਾਂ ਦਾ ਸਵਾਲ ਹੈ, ਇਹ ਪਿਛਲੇ ਸਾਲ ਨਾਲੋਂ ਕਾਫੀ ਘੱਟ ਹੋਈਆਂ ਹਨ ਅਤੇ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਇਨ੍ਹਾਂ ਨੂੰ ਹੋਰ ਘਟਾ ਦਿੱਤਾ ਜਾਵੇ। ਸਪੀਕਰ ਸਾਹਿਬ, ਇਸ ਤੋਂ ਪਿਛਲੇ ਸਾਲ 92,824 ਮੈਨ ਡੇਜ਼ ਦਾ ਲਾਸ ਹੋਇਆ ਸੀ ਜਦ ਕਿ ਇਸ ਸਾਲ 41,356 ਮੈਨ ਡੇਜ਼ ਦਾ ਨੁਕਸਾਨ ਹੋਇਆ । ਇਸ ਤੋਂ ਇਲਾਵਾ ਸਟਰਾਈਕ ਦਾ ਜਿਹੜਾ ਪੀਰਿਅਡ ਹੈ, ਇਸ ਤੋਂ ਪਿਛਲੇ ਸਾਲ ਜੇ ਅਸੀਂ ਵੇਖੀਏ ਤਾਂ ਇਸ ਸਾਲ ਨਾਲੋਂ ਦੁਗਣਾ ਸੀ। ਜਿਹੜੇ ਮੈਨ ਡੇਜ਼ 98,897 ਲਾਸ ਹੋਏ ਸਨ, ਇਹ ਵੀ ਹੁਣ ਬਹੁਤ ਘੱਟ ਹੋਏ ਹਨ । ਅਸੀਂ ਕੋਸ਼ਿਸ਼ ਕੀਤੀ ਹੈ ਕਿ ਇਨ੍ਹਾਂ ਦੇ ਜਲਦੀ ਤੋਂ ਜਲਦੀ ਫੈਸਲੇ ਹੋ ਜਾਣ ਜਾਂ ਇਨ੍ਹਾਂ ਦੇ ਕੇਸਿਜ਼ ਡਿਸਪਿਊਟ ਦੇ ਰੈਫਰ ਹੋ ਜਾਣ ਅਤੇ ਪ੍ਰੋਡਕਸ਼ਨ ਵੀ ਨਾ ਸਫ਼ਰ ਕਰੇ । ਮੈਂ ਜਿਹੜਾ ਜਵਾਬ ਰਖਿਆ ਹੈ ਉਹ ਇਹ ਹੈ ਕਿ ਪਿਛਲੇ ਸਾਲ ਨਾਲੋਂ ਕਾਫੀ ਇੰਪਰੂਵਮੈਂਟ ਹੋਈ ਹੈ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਪਿਛਲੇ ਸਾਲ ਦਾ ਜ਼ਿਕਰ ਕੀਤਾ ਹੈ ਪਰ ਪਿਛਲੇ ਸਾਲ ਤਾਂ ਐਮਰਜੈਂਸੀ ਨਹੀਂ ਸੀ ਐਮਰਜੈਂਸੀ ਦੇ ਵਿਚ 925 ਸਟਰਾਈਕਾਂ ਹੋਈਆਂ, ਕੀ ਇਹ ਦੱਸਣਗੇ ਕਿ ਕਿਹੜੀ ਯੂਨੀਅਨ ਦੇ ਮੈਂਬਰਾਨ ਐਮਰਜੈਂਸੀ ਦੇ ਦੌਰਾਨ ਐਂਟੀ-ਨੈਸ਼ਨਲ ਕਾਰਵਾਈਆਂ ਕਰਨ ਦੀ ਕੋਸ਼ਿਸ਼ ਕਰਦੇ ਰਹੇ ਹਨ ?

**ਮੰਤਰੀ :** ਸਪੀਕਰ ਸਾਹਿਬ, ਇਸ ਸਮੇਂ ਮੈਂ ਯੂਨੀਅਨਜ਼ ਦੇ ਨਾਮ ਤਾਂ ਨਹੀਂ ਦੱਸ ਸਕਦਾ । ਲੇਕਿਨ ਕਈ ਜਗ੍ਹਾਂ ਇਨ੍ਹਾਂ ਦੀ ਯੂਨੀਅਨ ਦੇ ਆਪਸੀ ਝਗੜੇ, ਕੱਚੇ ਮਾਲ ਦੀ ਕਮੀ, ਸਟੀਮ ਕੋਲ ਦੀ ਕਮੀ ਅਤੇ ਬਿਜਲੀ ਦੀ ਕਮੀ ਕਰਕੇ ਸਟਰਾਈਕਾਂ ਹੋਈਆਂ। ਫਾਈਨੈਨਸਿਜ਼ ਦੀ ਡਿਫੀਕਲਟੀ ਕਰਕੇ ਇੰਡਸਟਰੀ ਦੇ ਵਿਚ ਸਲੱਮ ਆ ਗਿਆ । ਇਹ ਹੀ ਇਸ ਦੇ ਕਾਰਨ ਹਨ । ਹੁਣ ਤਾਂ ਇਹ ਕੇਸਿਜ਼ ਨੂੰ ਸੈਟਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਪਿਛਲੇ 4 ਸਾਲ ਇਹ 11 ਲੱਖ ਮੈਨਡੇਜ਼ ਲਾਸ ਸੀ ਪਰ ਹੁਣ ਇਸ ਸਾਲ ਉਮੀਦ ਹੈ ਕਿ 11 ਹਜ਼ਾਰ ਤਕ ਆ ਜਾਣਗੇ ਅਤੇ ਕੰਪਲੀਟ ਇੰਡਸਟਰੀਅਲ ਪੀਸ ਹੋਵੇਗਾ । ਕਿਧਰੇ ਕਿਧਰੇ ਝਗੜਾ ਹੋਣਾ ਸੁਭਾਵਿਕ ਹੁੰਦਾ ਹੈ । ਜਿਥੇ ਮਾਲਕਾਂ ਅਤੇ ਮਜ਼ਦੂਰਾਂ ਦੇ ਆਪਸੀ ਸਬੰਧ ਹਨ, ਇਹ ਵਿਗੜ ਵੀ ਜਾਂਦੇ ਹਨ ਅਤੇ ਸੁਧਰ ਵੀ ਜਾਂਦੇ ਹਨ । ਇਹ ਚਲਦੇ ਰਹਿੰਦੇ ਹਨ ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਹ ਹਕੀਕਤ ਨਹੀਂ ਕਿ ਬਹੁਤ ਸਾਰੇ ਮਾਲਕ ਅਤੇ ਐਡਮਨਿਸਟਰੇਸ਼ਨ ਦਾ ਇਕ ਹਿੱਸਾ ਐਮਰਜੈਂਸੀ ਦੀ ਦੁਰਵਰਤੋਂ ਕਰਕੇ ਵਰਕਮੈਨਜ਼ ਨੂੰ ਨਾਜਾਇਜ਼ ਤੰਗ ਕਰ ਰਹੇ ਹਨ, ਕੀ ਇਹ ਮਨਿਸਟਰ ਸਾਹਿਬ ਦੇ ਇਲਮ ਵਿਚ ਹੈ ? ਜਿਸ ਤਰ੍ਹਾਂ ਹੁਸ਼ਿਆਰਪੁਰ ਵਿਚ ਡੋਲ ਮੇਕਿੰਗ ਇੰਡਸਟਰੀ ਦੇ ਵਰਕਮੈਨਾਂ ਨੇ ਛੁਟੀ ਅਤੇ ਹੋਰ ਕਾਨੂੰਨੀ ਹੱਕ ਬਾਰੇ ਮੰਗ ਕੀਤੀ ਤਾਂ ਉਨ੍ਹਾਂ ਨੂੰ ਤੰਗ ਕੀਤਾ ਗਿਆ ਅਤੇ ਛਾਂਟੀ ਕਰ ਦਿੱਤੀ ਹੈ ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਹੁਸ਼ਿਆਰਪੁਰ ਦੀ ਇੰਡਸਟਰੀ ਦੀ ਇਨਫਰਮੇਸ਼ਨ ਲਈ ਇਹ ਮੈਨੂੰ ਨੋਟਿਸ ਦੇ ਦੇਣ, ਮੈਂ ਦੱਸ ਦੇਵਾਂਗਾ । ਬਾਕੀ ਜਿਥੇ ਮਾਲਕ ਮਜ਼ਦੂਰਾਂ ਨਾਲ ਬੇਇਨਸਾਫੀ ਕਰਦੇ ਹਨ ਜਾਂ ਸਾਡਾ ਕੋਈ ਅਫ਼ਸਰ ਮਜ਼ਦੂਰਾਂ ਦੇ ਖਿਲਾਫ ਕੋਈ ਕੰਮ ਕਰਦਾ ਹੈ ਤਾਂ ਉਨ੍ਹਾਂ ਦੇ ਖਿਲਾਫ ਕਾਨੂੰਨੀ ਤੌਰ ਤੇ ਸਖਤੀ ਨਾਲ ਕਾਰਵਾਈ ਕੀਤੀ ਜਾਵੇਗੀ । ਜਿਸ ਤਰ੍ਹਾਂ ਡਾਂਗ ਸਾਹਿਬ ਮਜ਼ਦੂਰਾਂ ਦੀ ਰਾਖੀ ਦੇ ਹੱਕ ਵਿਚ ਹਨ ਅਤੇ ਇਨ੍ਹਾਂ ਦੀ ਪਾਰਟੀ ਵਿਸ਼ਵਾਸ਼ ਰੱਖਦੀ ਹੈ, ਸਾਡੀ ਪਾਰਟੀ ਵੀ ਵਿਸ਼ਵਾਸ ਰੱਖਦੀ ਹੈ ।

**ਸ਼੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, ਇਹ ਗਲ ਮਨਿਸਟਰ ਸਾਹਿਬ ਦੀ ਠੀਕ ਹੈ ਕਿ ਅੱਗੇ ਨਾਲੋਂ ਹੜਤਾਲਾਂ ਕਾਫੀ ਘੱਟ ਗਈਆਂ ਹਨ । ਮਗਰ ਮਨਿਸਟਰ ਸਾਹਿਬ ਨੂੰ ਵੀ ਪਤਾ ਹੈ ਕਿ ਲੁਧਿਆਣੇ ਦੇ ਮਿਲ ਮਾਲਕਾਂ ਅਤੇ ਲੇਬਰਰਜ਼ ਦੇ ਵਿਚਕਾਰ ਆਪਸ ਵਿਚ ਮੇਲ ਜੋਲ ਨਹੀਂ ਰਿਹਾ । ਇਸ ਵਿਚ ਬੜੀ ਖਰਾਬੀ ਹੋ ਗਈ ਹੈ । ਇਸ ਨੂੰ ਰੋਕਣ ਵਾਸਤੇ ਸਰਕਾਰ ਇਕ ਕਮੇਟੀ ਬਣਾ ਦੇਵੇ, ਜਿਸ ਦੇ ਵਿਚ ਮਿਲ ਮਾਲਕ, ਮਜ਼ਦੂਰ ਅਤੇ ਨਾਲ ਹੀ ਸਰਕਾਰੀ ਅਫ਼ਸਰ ਹੋਣ ਤਾਂਕਿ ਪੀਸਫੁਲੀ ਕੰਮ ਹੋ ਸਕੇ, ਕਿਉਂਕਿ ਲੁਧਿਆਣਾ ਇਕ ਇੰਡਸ-ਟਰੀਅਲ ਟਾਊਨ ਹੈ ।

**ਮੰਤਰੀ** : ਸਪੀਕਰ ਸਾਹਿਬ, ਇਸ ਸਵਾਲ ਦੇ ਜਵਾਬ ਵਿਚ ਬਹੁਤ ਸਾਰਾ ਹਿੱਸਾ ਲੁਧਿਆਣੇ ਜ਼ਿਲ੍ਹੇ ਨਾਲ ਸਬੰਧ ਰਖਦਾ ਹੈ । ਅਸੀਂ ਲੁਧਿਆਣੇ ਸ਼ਹਿਰ ਦਾ ਬਹੁਤ ਧਿਆਨ ਰੱਖ ਰਹੇ ਹਾਂ । ਕਾਂਗਰਸ ਅਤੇ ਸੀ· ਪੀ. ਆਈ. ਦੀਆਂ ਪਾਰਟੀਆਂ 20 ਨੁਕਾਤੀ ਪ੍ਰੋਗਰਾਮ ਤੇ ਵਿਸ਼ਵਾਸ ਰਖਦੀਆਂ ਹਨ । ਕਈ ਕੇਸਿਜ਼ ਵਿਚ ਅਸੀਂ ਕਪੂਰ ਸਾਹਿਬ ਨੂੰ ਸਾਲਿਸ ਬਣਾਇਆ ਹੈ ਤਾਂਕਿ ਝਗੜੇ ਜਿਹੜੇ ਹਨ ਉਨ੍ਹਾਂ ਨੂੰ ਨਿਪਟਾਇਆ ਜਾ ਸਕੇ ।

**ਕਾਮਰੇਡ ਸੱਤ ਪਾਲ ਡਾਂਗ** : ਕੀ ਮਨਿਸਟਰ ਸਾਹਿਬ ਨੂੰ ਇਹ ਇਲਮ ਹੈ ਔਰ ਇਹ ਹਕੀਕਤ ਨਹੀਂ ਕਿ ਬਹੁਤ ਸਾਰੇ ਮਿਲ ਮਾਲਕਾਂ ਨੇ ਮਜ਼ਦੂਰਾਂ ਦੀ ਮਹਿੰਗਾਈ ਭੱਤੇ ਦੀ ਪਹਿਲੀ ਕਿਸ਼ਤ ਜਿਹੜੀ ਰੀਲੀਜ਼ ਹੋ ਗਈ ਹੈ ਉਸ ਦਾ ਬਕਾਇਆ ਅਜੇ ਤੱਕ ਨਹੀਂ ਦਿੱਤਾ ਹੈ । ਇਹ ਕੰਪਲਸਰੀ ਡਿਪਾਜ਼ਿਟ ਸਕੀਮ ਅਧੀਨ ਹੋਇਆ ਸੀ, ਕੀ ਮਨਿਸਟਰ ਸਾਹਿਬ ਇਸ ਬਾਰੇ ਕੋਈ ਕਾਰਵਾਈ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਅਰਜ਼ ਕਰ ਦਿੱਤੀ ਹੈ ਕਿ ਕੋਈ ਐਸਾ ਕੇਸ ਮੇਰੇ ਨੋਟਿਸ ਵਿਚ ਲੈ ਆਉਣ, ਮੈਂ ਫੌਰੀ ਐਕਸ਼ਨ ਲਵਾਂਗਾ । ਇਹ ਕੰਪਲਸਰੀ ਡਿਪਾਜ਼ਿਟ ਸਕੀਮ ਦੇ ਅਧੀਨ ਹੋਵੇ । ਮਜ਼ਦੂਰਾਂ ਨੂੰ ਕਿਹਾ ਹੈ ਕਿ ਉਹ ਕੰਪਲਸਰੀ ਡਿਪਾਜ਼ਿਟ ਸਕੀਮ ਅਧੀਨ ਕੱਟੇ ਪੈਸਿਆਂ ਵਿਚੋਂ ਪਹਿਲੀ ਕਿਸ਼ਤ ਦੇ ਵਿਚੋਂ 25% ਹਿੱਸਾ ਸਮਾਲ ਸੇਵਿੰਗਜ਼ ਵਿਚ ਜਮ੍ਹਾਂ ਕਰਵਾਉਣ । ਇਸ ਮਾਮਲੇ ਤੇ ਅਸੀਂ ਕਾਰਵਾਈ ਸਖਤੀ ਨਾਲ ਕਰਾਂਗੇ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਕੀ ਇਹ ਮਨਿਸਟਰ ਸਾਹਿਬ ਦੇ ਧਿਆਨ ਵਿਚ ਹੈ ਕਿ ਚੰਡੀਗੜ੍ਹ ਦੇ ਪਾਸ ਖਰੜ ਵਿਚ ਪਾਨੀਪਤ ਵੂਲਨ ਮਿਲ, ਜਿਹੜੀ ਹੁਣ ਗੌਰਮਿੰਟ ਅੰਡਰਟੇਕਿੰਗ ਹੈ, ਇਸ ਦੇ ਵਿਚ 250 ਦੇ ਕਰੀਬ ਲੇ-ਆਫਸ ਹੋਈਆਂ ਹਨ । ਪਰ ਲੇਬਰ ਡਿਪਾਰਟਮੈਂਟ ਨੇ ਹੁਣ ਤਕ ਇਸ ਸਬੰਧ ਵਿਚ ਕੋਈ ਕਾਰਵਾਈ ਨਹੀਂ ਕੀਤੀ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਪ੍ਰਾਈਵੇਟ ਮਿੱਲਾਂ ਦੇ ਬਾਰੇ ਪੁਛਿਆ ਗਿਆ ਸੀ, ਉਸ ਬਾਰੇ ਦੱਸ ਦਿੱਤਾ ਗਿਆ ਹੈ। ਸਰਕਾਰ ਨੇ ਸਿਰਫ ਦੋ ਮਿਲਾਂ ਲਈਆਂ ਹਨ ਉਹ ਵੀ ਸਿੱਕ ਮਿੱਲਾਂ ਸਨ। ਬਾਕੀ ਮਹਿਕਮਾ ਇਹ ਵੀ ਕੋਸ਼ਿਸ਼ ਕਰਦਾ ਹੈ ਕਿ ਜਿਥੇ ਵੀ ਜ਼ਿਆਦਾ ਤੋਂ ਜ਼ਿਆਦਾ ਵਰਕਰ ਸਮਾ ਸਕਣ ਉਥੇ ਉਨਾਂ ਨੂੰ ਲੈਣ ਲਈ ਮਜ਼ਬੂਰ ਕਰੀਏ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਲੁਧਿਆਣੇ ਵਿਚ ਸਟਰਾਈਕਾਂ ਵੱਧ ਹੋਈਆਂ ਹਨ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਦੇ ਨੋਟਿਸ ਵਿਚ ਇਹ ਗੱਲ ਆਈ ਹੈ ਕਿ ਉਥੇ ਸਟਰਾਈਕਾਂ ਕਰਾਉਣ ਦਾ ਕੰਮ ਨਾ ਇੰਟਕ ਅਤੇ ਨਾ ਐਟਕ ਵਾਲੇ ਕਰਦੇ ਹਨ ਬਲਕਿ ਇਕ ਨਵਾਂ ਲੀਡਰ ਜੰਮਿਆ ਹੈ, ਉਹ ਸਟਰਾਈਕਾਂ ਕਰਵਾ ਰਿਹਾ ਹੈ। ਕੀ ਸਰਕਾਰ ਨੇ ਇਸ ਦੀ ਜਾਂਚ ਕੀਤੀ ਹੈ ਜਾਂ ਕਰੇਗੀ ?

**ਮੰਤਰੀ :** ਕੋਈ ਵੀ ਲੀਡਰ ਹੋਵੇ ਜਿਹੜਾ ਸਟਰਾਈਕ ਨਾਜਾਇਜ਼ ਕਰਾਉਂਦਾ ਹੈ, ਉਸ ਦੇ ਖਿਲਾਫ ਐਕਸ਼ਨ ਹੋਵੇਗਾ।

**ਸਰਦਾਰ ਦਰਬਾਰਾ ਸਿੰਘ :** ਮੈਂ ਵਜ਼ੀਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਨਹੀਂ ਕਿ 20 ਜੁਲਾਈ, 1975 ਤੋਂ ਬਾਅਦ ਸਾਰੇ ਪ੍ਰਦੇਸ਼ ਵਿਚ ਸਟਰਾਈਕਸ, ਲਾਕ ਆਊਟਸ ਆਦਿ ਦੀ ਇੰਡਸਟਰੀਜ਼ ਵਿਚ ਬਹੁਤ ਕਮੀ ਆਈ ਹੈ ?

**ਮੰਤਰੀ :** ਮੈਂ ਤਾਂ ਪਹਿਲਾਂ ਹੀ ਇਸ ਬਾਰੇ ਕਾਫੀ ਕੁਝ ਦੱਸ ਦਿੱਤਾ ਹੈ। ਮੈਂ ਤਾਂ ਪਹਿਲਾਂ ਹੀ ਦਸਿਆ ਹੈ ਕਿ ਮੈਨ ਡੇਜ਼ ਲਾਸਟ ਵਿਚ ਵੀ ਕਾਫੀ ਕਮੀ ਆਈ ਹੈ। ਮੈਨ ਡੇਜ਼ ਲਾਸਟ ਵਿਚ ਅੱਗੇ ਨਾਲੋਂ 60% ਕਮੀ ਆ ਗਈ ਹੈ। ਕਾਫੀ ਝਗੜੇ ਇਨ੍ਹਾਂ ਦੀ ਪਾਰਟੀ ਦੇ ਤੁਆਵਨ ਨਾਲ, ਮਾਲਕਾਂ ਵਲੋਂ ਜਿਥੇ ਜ਼ਿਆਦਤੀ ਹੁੰਦੀ ਸੀ ਜਾਂ ਹੋਰ ਕੋਈ ਅਜਿਹੀ ਗੱਲ ਹੁੰਦੀ ਸੀ, ਸੈਟਲ ਕੀਤੇ ਹਨ।

**ਕਾਮਰੇਡ ਸੱਤ ਪਾਲ ਡਾਂਗ :** ਕੀ ਮਨਿਸਟਰ ਸਾਹਿਬ ਨੂੰ ਇਲਮ ਹੈ ਅਤੇ ਕੀ ਉਹ ਇਸ ਵਿਚ ਇਨਕੁਆਇਰੀ ਕਰਾਉਣ ਵਾਸਤੇ ਤਿਆਰ ਹਨ ਕਿ ਮਲੋਟ ਵਿਚ ਇਕ ਸਰਕਾਰੀ ਟੈਕਸਟਾਈਲ ਮਿੱਲ ਹੈ, ਉਸ ਦੇ ਵਿਚ ਪਿਛਲੇ ਤਿੰਨ ਚਾਰ ਹਫਤੇ ਦੇ ਦੌਰਾਨ 20-25 ਵਰਕਰਜ਼ ਜੋ ਕਿ ਪਰਮਾਨੈਂਟ ਵਰਕਰਜ਼ ਹਨ ਉਹ ਹਰ ਰੋਜ਼ ਕੰਮ ਤੇ ਜਾਂਦੇ ਹਨ ਅਤੇ ਉਹ ਬੜੇ ਪੁਰਾਣੇ ਵਰਕਰ ਹਨ ਪਰ ਮਿੱਲ ਵਾਲੇ ਉਨ੍ਹਾਂ ਨੂੰ ਕੰਮ ਤੇ ਨਹੀਂ ਲਗਾਉਂਦੇ। ਨਾ ਤਾਂ ਮਿੱਲ ਵਾਲੇ ਉਨ੍ਹਾਂ ਨੂੰ ਲਿਖ ਕੇ ਦਿੰਦੇ ਹਨ ਕਿ ਤੁਹਾਨੂੰ ਲੇ-ਆਫ਼ ਕੀਤਾ ਹੈ ਜਾਂ ਤੁਹਾਨੂੰ ਕੱਢ ਦਿੱਤਾ ਹੈ। ਪਰ ਕੰਮ ਤੇ ਵੀ ਨਹੀਂ ਰੱਖਦੇ। ਇਸ ਲਈ ਕੀ ਸਰਕਾਰ ਇਸ ਚੀਜ਼ ਦੀ ਇਨਕੁਆਇਰੀ ਕਰਕੇ ਉਸ ਦੇ ਖਿਲਾਫ ਐਕਸ਼ਨ ਲਵੇਗੀ ?

**ਮੰਤਰੀ :** ਸਪੀਕਰ ਸਾਹਿਬ, ਇਹ ਸਵਾਲ ਤਾਂ ਪ੍ਰਾਈਵੇਟ ਮਿੱਲਾਂ ਬਾਰੇ ਸੀ। ਇਕੋ ਹੀ ਮਿੱਲ ਸਰਕਾਰ ਨੇ ਲਈ ਹੈ ਜਿਹੜੀ ਕਿ ਸਿੱਕ ਮਿੱਲ ਸੀ। ਬਾਕੀ ਇਸ ਬਾਰੇ ਇਹ ਵੱਖਰਾ ਨੋਟਿਸ ਦੇ ਦੇਣ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 3702**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ।)

Original with;
Punjab Vidhan Sabha
Digitized by;
Panjab Digital Library

## ਸਿਵਲ ਹਸਪਤਾਲ, ਬਲਾਚੌਰ ਦੀ ਇਮਾਰਤ ਦੀ ਉਸਾਰੀ

*3742. **ਮਾਸਟਰ ਦਲੀਪ ਚੰਦ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਲਾਚੌਰ ਵਿਖੇ ਸਿਵਲ ਹਸਪਤਾਲ ਦੀ ਇਮਾਰਤ, ਜਿਹੜੀ ਕਿ ਦੋ ਸਾਲਾਂ ਤੋਂ ਪਹਿਲਾਂ ਮਨਜ਼ੂਰ ਹੋਈ ਸੀ, ਦੀ ਉਸਾਰੀ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਜੋਗਿੰਦਰ ਪਾਲ ਪਾਂਡੇ** : ਭੋਂ ਖ਼ਰੀਦਣ ਅਤੇ ਸਿਹਤ ਵਿਭਾਗ ਦੀ ਪ੍ਰਸ਼ਾਸਕੀ ਪਰਵਾਨਗੀ ਆਉਣ ਤੋਂ ਬਾਅਦ ਕੰਮ ਸ਼ੁਰੂ ਕੀਤਾ ਜਾਵੇਗਾ ।

**ਮਾਸਟਰ ਦਲੀਪ ਚਦ** : ਦੋ ਸਾਲ ਤੋਂ ਬਲਾਚੌਰ ਹਸਪਤਾਲ ਮਨਜ਼ੂਰ ਹੋ ਚੱਕਾ ਹੈ ਲੋਕਾਂ ਨੂੰ ਆਪਣਾ ਇਲਾਜ ਕਰਾਉਣ ਲਈ ਚੰਡੀਗੜ੍ਹ ਆਉਣਾ ਪੈਂਦਾ ਹੈ ਅਤੇ ਉਨ੍ਹਾਂ ਦਾ 200-250 ਰੁਪਿਆ ਖ਼ਰਚ ਆ ਜਾਂਦਾ ਹੈ । ਉਥੇ ਹਸਪਤਾਲ ਨਾ ਹੋਣ ਕਰਕੇ ਲੋਕਾਂ ਨੂੰ ਬੜੀ ਤਕਲੀਫ ਹੈ ਉਥੇ ਖਾਲਸਾ ਹਾਈ ਸਕੂਲ ਦੇ ਪਾਸ 5 ਏਕੜ ਜ਼ਮੀਨ ਨੈਸ਼ਨਲ ਹਾਈ ਵੇ ਦੇ ਉਤੇ ਹੈ ਅਤੇ ਉਹ ਜ਼ਮੀਨ ਜਨਰਲ ਬਿਕਰਮ ਸਿੰਘ ਦੇ ਲੜਕਿਆਂ ਦੀ ਹੈ ਜੋ ਕਿ ਉਹ ਜ਼ਮੀਨ ਹਸਪਤਾਲ ਬਣਾਉਣ ਵਾਸਤੇ ਫਰੀ ਦੇਣ ਵਾਸਤੇ ਤਿਆਰ ਹਨ । ਇਸ ਲਈ ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਜਨਰਲ ਬਿਕਰਮ ਸਿੰਘ ਦੇ ਨਾਮ ਤੇ ਉਥੇ ਹਸਪਤਾਲ ਬਣਾਉਣ ਦਾ ਪ੍ਰਬੰਧ ਕਰਨਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਹੈਲਥ ਡਿਪਾਰਟਮੈਂਟ ਨੂੰ 49 ਕਨਾਲ 7 ਮਰਲੇ ਜ਼ਮੀਨ ਲੈਣ ਵਾਸਤੇ, ਜ਼ਮੀਨ ਐਕੁਆਇਰ ਕਰਨ ਵਾਸਤੇ ਕਿਹਾ ਗਿਆ ਹੈ । ਜਿਹੜੀ ਵੀ ਜ਼ਮੀਨ ਐਕੁਆਇਰ ਕਰਨੀ ਹੈ ਉਹ ਐਕੁਈਜ਼ੀਸ਼ਨ ਐਕਟ ਦੀ ਧਾਰਾ 4 ਦੇ ਅਧੀਨ ਆਉਂਦੀ ਹੈ । ਇਸ ਵੇਲੇ ਨੋਟੀਫੀਕੇਸ਼ਨ ਹੋ ਚੁੱਕਾ ਹੈ । ਇਹ ਐਮ. ਐਲ. ਏ. ਸਾਹਿਬ ਨੇ ਇਕ ਨਵੀਂ ਤਜਵੀਜ਼ ਦਿੱਤੀ ਹੈ ਜਿਹੜੀ ਕਿ ਦੇਖਣ ਨੂੰ ਬਹੁਤ ਅੱਛੀ ਲਗਦੀ ਹੈ । ਪਰ ਸਵਾਲ ਇਹ ਹੈ ਕਿ ਇਹ ਮਹਿਕਮਾ ਸਰਦਾਰ ਬਲਬੀਰ ਸਿੰਘ ਹੋਰਾਂ ਦਾ ਹੈ, ਮੈਂ ਉਨ੍ਹਾਂ ਨੂੰ ਕਹਾਂਗਾ ਕਿ ਉਨ੍ਹਾਂ ਨੇ ਇਸ ਬਾਰੇ ਜੋ ਕੁਝ ਕਹਿਣਾ ਹੈ ਤਾਂ ਕਹਿ ਲੈਣ ।

**ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ** (ਸਰਦਾਰ ਬਲਬੀਰ ਸਿੰਘ) : ਸਪੀਕਰ ਸਾਹਿਬ, ਮਾਸਟਰ ਦਲੀਪ ਚੰਦ ਜੀ ਨੇ ਕਿਹਾ ਹੈ ਕਿ ਜਨਰਲ ਬਿਕਰਮ ਸਿੰਘ ਦੇ ਲੜਕੇ ਕੁਝ ਜ਼ਮੀਨ ਹਸਪਤਾਲ ਬਣਾਉਣ ਵਾਸਤੇ ਫਰੀ ਦੇਣ ਵਾਸਤੇ ਤਿਆਰ ਹਨ । ਅਸੀਂ ਵੇਖ ਲਵਾਂਗੇ ਜੇ ਹਸਪਤਾਲ ਲਈ ਸੂਟੇਬਲ ਹੋਈ ਅਤੇ ਜ਼ਮੀਨ ਫਰੀ ਦੇਣਗੇ ਤਾਂ ਅਸੀਂ ਇਸ ਨੂੰ ਵੈਲਕਮ ਕਰਾਂਗੇ । ਚੀਫ ਮਨਿਸਟਰ ਸਾਹਿਬ ਨੇ ਇਸ ਗੱਲ ਦੀ ਪ੍ਰਵਾਨਗੀ ਦੇ ਦਿੱਤੀ ਹੈ ਕਿ ਜ਼ਮੀਨ ਸੂਟੇਬਲ ਹੋਵੇ ਅਤੇ ਉਹ ਸਾਨੂੰ ਫਰੀ ਦੇਣ ਤਾਂ ਅਸੀਂ ਉਸ ਹਸਪਤਾਲ ਦਾ ਨਾਮ ਜਨਰਲ ਬਿਕਰਮ ਸਿੰਘ ਦੇ ਨਾਮ ਤੇ ਰੱਖ ਦੇਵਾਂਗੇ ।

---

ਨਿਸ਼ਾਨ ਵਾਲੇ ਪ੍ਰਸ਼ਨ ਨੰ: 3762 ਅਤੇ 3761

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਕੀਤੇ ਗਏ ।)

Original with;
Punjab Vidhan Sabha
Digitized by;
Panjab Digital Library

## REPRESENTATION REGARDING EMBEZZLEMENT OF FUNDS OF GRAM PANCHAYAT PLOKE, BLOCK MOGA, DISTRICT FARIDKOT.

*3716 1. **Comrade Saghar Singh**
2. **Comrade Satya Pal Dang** : Will the Minister of State for Development be pleased to state :—

(a) whether he received any representation regarding embezzlement of funds of Gram Panchayat Ploke, Block Moga, District Faridkot from any legislator with his letter dated 7th April, 1975; if so, the contents of the representation;

(b) the dates on which reminders for enquiry and necessary action were sent by the said legislator to the Minister concerned or the Director of Panchayats;

(c) whether the allegations have been enquired into; if so, a copy of the enquiry report be laid on the Table of the House indicating the action, if any, taken thereon;

(d) if the allegations have not been enquired into, the reasons for the delay in holding the enquiry?

**ਸਰਦਾਰ ਸੰਤੋਖ ਸਿੰਘ ਰੰਧਾਵਾ** : (ੳ) ਹਾਂ ਜੀ। ਸਰਪੰਚ ਗਰਾਮ ਪੰਚਾਇਤ ਪਲੋਕੇ, ਬਲਾਕ ਮੋਗਾ, ਜ਼ਿਲ੍ਹਾ ਫ਼ਰੀਦਕੋਟ ਵਿਰੁਧ ਸ਼ਕਾਇਤ ਬਾਰੇ ।

(ਅ) ਚਿਤਾਵਨੀ ਪੱਤਰ 31-5-75, 27-9-75,6-12-75, ਨਿੱਲ ਅਤੇ 27-5-76 ।

(ੲ) ਹਾਂ ਜੀ । ਸਰਪੰਚ ਵਿਰੁੱਧ ਦੋਸ਼ ਸਿੱਧ ਹੋਇਆ ਅਤੇ 'ਕਾਰਣ ਦਸੋ' ਨੋਟਿਸ ਜਾਰੀ ਕੀਤਾ ਗਿਆ ਅਤੇ ਸਰਪੰਚ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ । ਪੜਤਾਲ ਰਿਪੋਟ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਸ) :......

ਪੜਤਾਲੀਆ ਰਿਪੋਰਟ ਜੋ ਸ੍ਰੀ ਸੂਰਜਾ ਸਿੰਘ ਐਕਟਿੰਗ ਸਰਪੰਚ ਗਰਾਮ ਪੰਚਾਇਤ ਪਲੋਕੇ ਬਲਾਕ ਮੋਗਾ-2 ਵਿਰੁੱਧ ਪੜਤਾਲ ਕਰਨ ਉਪਰੰਤ ਮੇਜਰ ਗੁਰਦੇਵ ਸਿੰਘ, ਡਵੀਜ਼ਨਲ ਡਿਪਟੀ ਡਾਇਰੈਕਟਰ ਪੰਚਾਇਤੀ ਰਾਜ ਅਤੇ ਸਮੂਹਿਕ ਵਿਕਾਸ, ਫਿਰੋਜ਼ਪੁਰ ਵਲੋਂ ਤਿਆਰ ਕੀਤੀ ਗਈ।

.. .. .. ..

ਸ੍ਰੀ ਸੂਰਜਾ ਸਿੰਘ,, ਸਰਪੰਚ, ਗਰਾਮ ਪੰਚਾਇਤ ਪਲੋਕੇ ਦੇ ਵਿਰੁੱਧ ਹੇਠ ਲਿਖੇ ਦੋਸ਼ ਲਾਏ ਗਏ ਹਨ :—

1, ਇਹ ਕਿ ਸਰਪੰਚ ਗਰਾਮ ਪੰਚਾਇਤ ਪਲੋਕੇ ਨੇ 1,005/- ਰੁਪਏ ਦਾ ਪੰਚਾਇਤ ਨੂੰ ਸ਼ਾਮਲਾਤ ਜ਼ਮੀਨ ਦੀ ਬੋਲੀ ਘੱਟ ਕਰਕੇ ਨੁਕਸਾਨ ਪਹੁੰਚਾਇਆ ਹੈ ।

2. ਇਹ ਕਿ ਇਸ ਸਰਪੰਚ ਨੇ ਸਾਲ 1974-75 ਲਈ ਸ਼ਾਮਲਾਤ ਜ਼ਮੀਨ ਦੀ ਬੋਲੀ ਨਿਯਮਾਂ ਅਨੁਸਾਰ ਨਹੀਂ ਕੀਤੀ ਹੈ ।

Original with;
Punjab Vidhan Sabha
Digitized by;
Panjab Digital Library

ਇਸ ਪੜਤਾਲ ਨੂੰ ਨੇਪਰੇ ਚਾੜ੍ਹਨ ਲਈ ਹੇਠ ਲਿਖੇ ਵਿਅਕਤੀਆਂ ਦੇ ਬਿਆਨ ਲਏ ਗਏ :—

1. ਕੇਹਰ ਸਿੰਘ ਪੁਤਰ ਲਾਲ ਸਿੰਘ, ਪਿੰਡ ਪਲੋਕੇ
2. ਪ੍ਰੀਤਮ ਸਿੰਘ ਪੁਤਰ ਮਾਨ ਸਿੰਘ, ਪ੍ਰਧਾਨ ਭਲਾਈ ਸਭਾ, ਪਲੋਕੇ
3. ਮਹਿੰਦਰ ਸਿੰਘ, ਪੰਚਾਇਤ ਸਕੱਤਰ, ਮੋਗਾ-2
4. ਭਾਨ ਸਿੰਘ ਸਮਾਜ਼ਿਕ ਸਿਖਿਆ ਅਤੇ ਪੰਚਾਇਤ ਅਫਸਰ, ਮੋਗਾ-2
5. ਤੀਰਥ ਰਾਮ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਮੋਗਾ-2
6. ਸੁਰਜਾ ਸਿੰਘ, ਸਰਪੰਚ ਗਰਾਮ ਪੰਚਾਇਤ, ਪਲੋਕੇ
7. ਗੁਰਨਾਮ ਸਿੰਘ, ਮਾਲ ਪਟਵਾਰੀ, ਪਲੋਕੇ
8. ਈਸ਼ਰ ਸਿੰਘ, ਪੁਤਰ ਮਹਿੰਗਾ ਸਿੰਘ, ਪਿੰਡ ਪਲੋਕੇ
9. ਜੀਤ ਸਿੰਘ ਦਰਪਤ, ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਕੋਟ ਈਸੇ ਖਾਂ (ਪਹਿਲਾ ਬਲਾਕ ਮੋਗਾ -2) ।

ਉਪਰੋਕਤ ਵਿਅਕਤੀਆਂ ਦੇ ਬਿਆਨਾਂ ਨੂੰ ਵਾਚਨ ਅਤੇ ਪੰਚਾਇਤ ਦਾ ਰਿਕਾਰਡ ਪੜਤਾਲ ਕਰਨ ਤੋਂ ਬਾਅਦ ਜੋ ਸਿੱਟਾ ਕੱਢਿਆ ਗਿਆ ਹੈ ਉਹ ਇਸ ਤਰ੍ਹਾਂ ਹੈ :—

ਦੋਸ਼ ਨੰ: 1

ਗਰਾਮ ਪੰਚਇਤ ਪਲੋਕੇ ਦੀ ਸ਼ਾਮਲਾਤ ਜ਼ਮੀਨ ਜੋ ਇਸ ਪੜਤਾਲ ਨਾਲ ਸਬੰਧਤ ਹੈ ਉਹ 49 ਕਨਾਲ ਚਾਰ ਮਰਲੇ ਹੈ । ਇਹ ਜ਼ਮੀਨ ਰੀਕਾਰਡ ਮੁਤਾਬਕ ਸਾਲ 1971-72 ਤੋਂ ਲੈ ਕੇ ਸਾਲ 1973-74 ਤਕ ਜੁਆਲਾ ਸਿੰਘ ਪੁੱਤਰ ਅਨੋਖ ਸਿੰਘ ਹੀ ਚਕੋਤੇ ਤੇ ਲੈਂਦਾ ਆ ਰਿਹਾ ਹੈ । ਇਸ ਜ਼ਮੀਨ ਨੂੰ 1971-72 ਵਿਚ 1400-00 ਰੁਪਏ, 1972-74 ਵਿਚ 1410-00 ਰੁਪਏ ਅਤੇ 1973—74 ਵਿਚ 1415 ਰੁਪਏ ਵਿਚ ਮਾਮੂਲੀ ਜਿਹੇ ਫ਼ਰਕ ਨਾਲ ਉਸੇ ਵਿਅਕਤੀ ਨੂੰ ਦਿੱਤੀ ਜਾਂਦੀ ਰਹੀ ਹੈ । ਸਾਲ 1974-75 ਵਿਚ ਇਹ ਜ਼ਮੀਨ 1495/-ਰੁਪਏ ਵਿਚ ਲਾਲ ਸਿੰਘ ਪੁਤਰ ਸੁੰਦਰ ਸਿੰਘ ਨੂੰ ਚਕੋਤੇ ਤੇ ਦਿਤੀ ਹੈ । ਪਰ ਇਸ ਦੀ ਕਾਸ਼ਤ ਖਸਰਾ ਗਰਦਾਵਰੀ 1975 (ਅੰਤਿਕਾ ੳ) ਅਨੁਸਾਰ ਸ੍ਰੀ ਜੁਆਲਾ ਸਿੰਘ ਪੁੱਤਰ ਅਨੋਖ ਸਿੰਘ ਨੇ ਹੀ ਕੀਤੀ ਹੈ । ਕਾਗਜ਼ੀ ਤੌਰ ਤੇ ਭਾਵੇਂ ਇਹ ਸ਼ਾਮਲਾਤ ਜਮੀਨ ਸਾਲ 1974-75 ਵਿੱਚ ਸ੍ਰੀ ਲਾਲ ਸਿੰਘ ਨੂੰ ਬੋਲੀ ਤੇ ਦਿੱਤੀ ਹੈ ਪਰੰਤੂ ਇਸ ਤੇ ਖੇਤੀ ਪਹਿਲਾਂ ਤੋਂ ਹੀ ਆ ਰਹੇ ਕਾਬਜ਼ ਸ੍ਰੀ ਜੁਆਲਾ ਸਿੰਘ ਪੁੱਤਰ ਅਨੋਖ ਸਿੰਘ ਨੇ ਹੀ ਕੀਤੀ ਹੈ । ਸਮਾਜਿਕ ਸਿਖਿਆ ਅਤੇ ਪੰਚਾਇਤ ਅਫਸਰ, ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਸ੍ਰੀ ਤੀਰਥ ਰਾਮ ਅਤੇ ਮਹਿੰਦਰ ਸਿੰਘ, ਪੰਚਾਇਤ ਸਕੱਤਰ ਦੇ ਬਿਆਨਾਂ ਤੋਂ ਭੀ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਸ੍ਰੀ ਸੁਰਜਾ ਸਿੰਘ, ਸਰਪੰਚ ਨੇ ਸ਼ਾਮ-ਲਾਤ ਜ਼ਮੀਨ ਦੀ ਬੋਲੀ ਘੱਟ ਰਕਮ ਤੇ ਦਿੱਤੀ ਹੈ । ਸਵਾਲਾਂ ਦੇ ਜਵਾਬ ਵਿਚ ਮਹਿੰਦਰ ਸਿੰਘ, ਪੰਚਾਇਤ ਸਕੱਤਰ ਇਸ ਗਲ ਦੀ ਤਸਦੀਕ ਕਰਦਾ ਹੈ ਕਿ ਜੇਕਰ ਬੋਲੀ ਉਸ ਦੀ ਹਾਜ਼ਰੀ ਵਿਚ ਹੁੰਦੀ ਤਾਂ 500-700 ਰੁਪਏ ਜ਼ਰੂਰ ਹੋਰ ਵੱਧ ਜਾਂਦੀ ਜਿਵੇਂ ਕਿ ਦੂਸਰੇ ਪਿੰਡਾਂ ਵਿਚ ਵੱਧ ਹੋਈ ਸੀ । ਅਗਲ ਸਾਲ 1975-76 ਵਿਚ ਇਹੀ ਜਮੀਨ ਦੀ ਬੋਲੀ, 125/ਰੁਪਏ ਵਿੱਚ ਸ੍ਰੀ ਰਣ-ਜੀਤ ਸਿੰਘ ਪੁੱਤਰ ਲਾਲ ਸਿੰਘ ਨੇ ਭਾਰੀ ਵਾਧਾ ਕਰਕੇ ਪ੍ਰਾਪਤ ਕੀਤੀ ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ]

ਉਪਰੋਕਤ ਤਥਾਂ ਤੋਂ ਇਹ ਗੱਲ ਸਾਫ ਸਪਸ਼ਟ ਹੁੰਦੀ ਹੈ ਕਿ ਜੇਕਰ ਸ਼ਕਾਇਤ ਕਰਤਾ ਸ਼੍ਰੀ ਕੇਹਰ ਸਿੰਘ 2500/-ਰੁਪਏ ਅਡਵਾਂਸ ਦੇ ਤੌਰ ਤੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਮੋਗਾ-2 ( ਸ਼੍ਰੀ ਜੀਤ ਸਿੰਘ ਦਰਪਤ) ਦੀ ਹਾਜ਼ਰੀ ਵਿੱਚ ਪੰਚਾਇਤ ਨੂੰ ਦੇ ਦਿੱਤੇ ਅਤੇ ਸਰਪੰਚ ਦੇ ਸਬੰਧਤ ਰਸੀਦ ਉਪਰ ਦਸਖਤ ਕਰਨ ਤੋਂ ਇਨਕਾਰ ਕਰਨ ਤੇ, ਅਤੇ ਇਸ ਜ਼ਮੀਨ ਦੀ ਦੋਬਾਰਾ ਬੋਲੀ ਨਾਂ ਕਰਾਉਣ ਕਰਕੇ 1005/ ਰੁਪਏ ਪੰਚਾਇਤ ਨੂੰ ਘਾਟਾ ਪਿਆ ਹੈ ਇਥੇ ਇਹ ਗੱਲ ਸਾਹਮਣੇ ਰੱਖਣੀ ਜ਼ਰੂਰੀ ਹੋਵੇਗੀ ਕਿ ਇਸ ਸ਼ਾਮਲਾਤ ਜ਼ਮੀਨ ਦੀ ਆਮਦਨ ਵਿੱਚ ਘਾਟਾ ਪਾਉਣ ਦੀ ਜ਼ਿੰਮੇਵਾਰੀ ਜਿੰਨੀ ਸਰਪੰਚ ਉਪਰ ਹੈ ਉਤਨੀ ਹੀ ਉਨ੍ਹਾਂ ਪੰਚਾਇਤ ਦੇ ਮੈਂਬਰਾਂ ਉਪਰ ਜਿਨ੍ਹਾਂ ਨੇ ਕਿ ਇਸ ਜ਼ਮੀਨ ਨੂੰ ਬੋਲੀ ਦੇਣ ਸਮੇਂ ਕਾਰਵਾਈ ਵਿਚ ਹਿੱਸਾ ਲਿਆ ਅਤੇ ਦਸਖਤ ਕੀਤੇ, ਅੰਗੂਠੇ ਲਗਾਏ ਹਨ। ਇਸ ਤਰਾਂ ਇਹ ਦੋਸ਼ ਸਰਪੰਚ ਸ਼੍ਰੀ ਸੁਰਜਾ ਸਿੰਘ ਅਤੇ ਮੈਂਬਰਾਨ ਪੰਚਾਇਤ ਸ਼੍ਰੀ ਗੁਰਬਖਸ਼ ਸਿੰਘ, ਸ਼੍ਰੀ ਜੀਤ ਸਿੰਘ ਅਤੇ ਕਰਨੈਲ ਸਿੰਘ ਦੇ ਵਿਰੁੱਧ 1005/-ਰੁਪਏ ਦਾ ਪੰਚਾਇਤ ਨੂੰ, ਸ਼ਾਮਲਾਤ ਜ਼ਮੀਨ ਦੀ ਬੋਲੀ ਘੱਟ ਕਰਕੇ ਨੁਕਸਾਨ ਪਹੁੰਚਾਉਣ ਸਬੰਧੀ ਸਾਬਤ ਹੁੰਦਾ ਹੈ।

ਦੋਸ਼ ਨੰ : 2

ਸ਼ਾਮਲਾਤ ਜ਼ਮੀਨ ਦੀ ਬੋਲੀ ਮਿਤੀ 5 ਮਈ, 1974 ਨੂੰ ਠੀਕ 12 ਵਜੇ ਕਰਨ ਦਾ ਸਮਾਂ ਨਿਸ਼ਚਤ ਕੀਤਾ ਗਿਆ ਸੀ ਪਰੰਤੂ ਪੰਚਾਇਤ ਸਕੱਤਰ ਸ਼੍ਰੀ ਮਹਿੰਦਰ ਸਿੰਘ (ਸਬੰਧਤ) ਦੇ ਬਿਆਨ ਤੋਂ ਪਤਾ ਲਗਦਾ ਹੈ ਕਿ ਸਰਪੰਚ ਨੇ ਇਸ ਜ਼ਮੀਨ ਦੀ ਬੋਲੀ ਉਸ ਦੇ ਪਹੁੰਚਣ ਤੋਂ ਪਹਿਲਾਂ ਹੀ ਕਰ ਦਿੱਤੀ ਸੀ। ਜਦੋਂ ਉਹ 12 ਵਜੇ ਬੋਲੀ ਵਾਲੀ ਥਾਂ ਤੇ ਮੌਕੇ ਤੇ ਪੁਜਿਆ ਤਾਂ ਉਥੇ ਸਿਰਫ 5-7 ਵਿਅਕਤੀ ਹੀ ਹਾਜ਼ਰ ਸਨ। ਇਹ ਗੱਲ ਦੀ ਤਸਦੀਕ ਚੌਕੀਦਾਰ ਦੇ ਬਿਆਨ ਤੋਂ ਵੀ ਹੁੰਦੀ ਹੈ ਕਿ ਬੋਲੀ ਵੇਲੇ ਸਿਰਫ 7—8 ਬੰਦੇ ਹੀ ਹਾਜ਼ਰ ਸਨ। ਭਾਵੇਂ ਸਰਪੰਚ ਨੇ ਜ਼ਮੀਨ ਦੀ ਬੋਲੀ ਕਰਨ ਸਬੰਧੀ ਹੋਰ ਲੋੜੀਂਦੀਆਂ ਸ਼ਰਤਾਂ ਕਾਇਦੇ ਅਨੁਸਾਰ ਪੂਰੀਆਂ ਕੀਤੀਆਂ ਹਨ ਪਰੰਤੂ ਇਤਨੇ ਘੱਟ ਬੰਦਿਆਂ ਦਾ ਬੋਲੀ ਸਮੇਂ ਹਾਜ਼ਰ ਹੋਣਾ ਅਤੇ ਪੰਚਾਇਤ ਸਕੱਤਰ ਦੇ ਆਉਣ ਤੋਂ ਪਹਿਲਾਂ ਹੀ ਬੋਲੀ ਦਾ ਕਰ ਦੇਣਾ, ਸਾਬਤ ਕਰਦਾ ਹੈ ਕਿ ਸ਼ਾਮਲਾਤ ਜ਼ਮੀਨ ਦੀ ਬੋਲੀ ਫਰਜ਼ੀ ਕੀਤੀ ਗਈ ਹੈ ਅਤੇ ਆਪਣੇ ਖਾਸ ਬੰਦੇ ਨੂੰ ਸ਼ਾਮਲਾਤ ਜ਼ਮੀਨ ਦੇ ਕੇ ਪੰਚਾਇਤ ਦੇ ਹਿਤਾਂ ਨੂੰ ਨੁਕਸਾਨ ਪਹੁੰਚਾਇਆ ਹੈ। ਇਹ ਦੋਸ਼ ਸਰਪੰਚ ਦੇ ਵਿਰੁੱਧ ਜੁਜ਼ਵੀ ਤੌਰ ਤੇ ਸਾਬਤ ਹੁੰਦਾ ਹੈ।

ਇਹ ਕੇਸ ਵਿੱਚ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਸ਼੍ਰੀ ਜੀਤ ਸਿੰਘ ਦਰਪਤ ਅਤੇ ਸ਼੍ਰੀ ਤੀਰਥ ਰਾਮ, ਅਣਗਹਿਲੀ ਨਾ ਕਰਦੇ ਅਤੇ ਯੋਗ ਢੰਗ ਨਾਲ ਕਾਇਦੇ ਅਨੁਸਾਰ "ਵਿਲੇਜ਼ ਕਾਮਨ ਲੈਂਡਜ ਰੈਗੂਲੇਸ਼ਨ ਐਕਟ" 1961 ਦੀ ਧਾਰਾ 10 ਦੇ ਅਧੀਨ ਇਸ ਜ਼ਮੀਨ ਦੀ ਬੋਲੀ ਕੁਲੈਕਟਰ ਪਾਸੋਂ ਕੈਂਸਲ ਕਰਵਾਂ ਲਈ ਜਾਂਦੀ ਅਤੇ ਦੋਬਾਰਾ ਬੋਲੀ ਕੀਤੀ ਜਾਂਦੀ। ਜੇ ਅਜਿਹਾ ਹੋਣਾ ਅਸੰਭਵ ਸੀ ਤਾਂ ਪੰਜਾਬ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 97 ਅਧੀਨ ਕਾਰਵਾਈ ਕੀਤੀ ਜਾਣੀ ਜ਼ਰੂਰੀ ਸੀ। ਇਸ ਦੀ ਪੜਤਾਲ ਕਰਨ ਵਾਸਤੇ ਏਨਾ ਸਮਾਂ ਨਾ ਲਗਦਾ, ਜੇਕਰ ਬੀ. ਡੀ. ਪੀ. ਓਜ਼. ਮੋਗਾ –2 ਵੱਲੋਂ ਸਮੇਂ ਸਿਰ ਯੋਗ ਅਤੇ ਕਾਇਦੇ ਅਨੁਸਾਰ ਠੀਕ ਕਾਰਵਾਈ ਕੀਤੀ ਗਈ ਹੁੰਦੀ ਤਾਂ ਇਸ ਪੰਚਾਇਤ ਨੂੰ 1005 ਰੁਪਏ ਦਾ ਘਾਟਾ ਨਹੀਂ ਪੈਂਦਾ ਸੀ।

ਸਹੀ/—

ਡਵੀਜ਼ਨਲ ਡਿਪਟੀ ਡਾਇਰੈਕਟਰ,

ਪੰਚਾਇਤੀ ਰਾਜ ਅਤੇ ਮਨੁਹਿਕ ਵਿਕਾਸ, ਫਿਰੋਜ਼ਪੁਰ ਡਵੀਜ਼ਨ, ਫਿਰੋਜ਼ਪਰ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕਿਸ ਤਾਰੀਖ ਨੂੰ ਉਸ ਨੂੰ ਸ਼ੋ ਕਾਜ਼ ਨੋਟਿਸ ਜਾਰੀ ਕੀਤਾ ਗਿਆ ਅਤੇ ਕਿਹੜੀ ਤਾਰੀਖ ਨੂੰ ਉਸ ਨੂੰ ਮੁਅੱਤਲ ਕੀਤਾ ਗਿਆ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਜਿਸ ਤਰ੍ਹਾਂ ਤੁਹਾਨੂੰ ਦਸਿਆ ਹੈ, ਅਸੀਂ ਡਿਪਟੀ ਕਮਿਸ਼ਨਰ ਨੂੰ, ਜਿਹੜੀਆਂ ਵੀ ਐਪਲੀਕੇਸ਼ਨਜ਼ ਆਉਂਦੀਆਂ ਰਹੀਆਂ ਉਹ ਮਿਤੀ 21 ਮਈ, 1975, 3 ਜੁਲਾਈ, 1975, 1 ਅਗਸਤ, 1975 ਅਤੇ 18 ਸਤੰਬਰ, 1975 ਨੂੰ ਭੇਜੀਆਂ ਅਤੇ ਚਿਤਾਵਨੀ ਪੱਤਰ ਵੀ ਭੇਜਦੇ ਰਹੇ ਹਾਂ । ਲੇਕਿਨ ਉਸ ਨੇ ਮਿਤੀ 25 ਸਤੰਬਰ, 1975 ਨੂੰ ਸਾਨੂੰ ਇਤਲਾਹ ਦਿੱਤੀ ਕਿ ਮੈਂ ਰਿਪੋਰਟ ਤੁਹਾਨੂੰ ਭੇਜ ਦਿੱਤੀ ਸੀ । ਵੈਸੇ ਉਹ ਰਿਪੋਰਟ ਆਫਿਸ ਵਿਚ ਨਹੀਂ ਸੀ ਪਹੁੰਚੀ । ਫਿਰ ਡਵੀਜ਼ਨਲ ਡਿਪਟੀ ਡਾਇ—ਰੈਕਟਰ ਨੂੰ ਐਪੁਆਇੰਟ ਕੀਤਾ ਗਿਆ ਕਿ ਉਹ ਇਨਕੁਆਇਰੀ ਕਰੇ । ਉਸ ਨੇ ਇਨਕੁਆਇਰੀ ਕੀਤੀ ਅਤੇ ਉਸ ਦੀ ਰਿਪੋਰਟ ਮਿਤੀ 19 ਅਗਸਤ, 1976 ਨੂੰ ਮਿਲੀ । ਉਸ ਦੀ ਰਿਪੋਰਟ ਤੋਂ ਬਾਅਦ ਹੁਣ ਅਸੀਂ ਪੰਚਾਇਤ ਐਕਟ ਦੀ ਧਾਰਾ 102 (1) ਅਤੇ (2) ਅਧੀਨ ਉਸ ਨੂੰ ਸਸਪੈਂਡ ਕਰ ਦਿੱਤਾ ਹੈ ਅਤੇ ਮੁਕੰਮਲ ਤੌਰ ਤੇ ਉਸ ਦੀ ਹੁਣ ਅਖੀਰੀ ਸੁਣਵਾਈ ਡਾਇਰੈਕਟਰ ਕੋਲ ਉਸ ਦੀ ਰਿਮੂਵਲ ਵਾਸਤੇ ਹੋਵੇਗੀ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੱਛਣਾ ਚਾਹੁੰਦਾ ਹਾਂ ਕਿ ਇਸ ਕੇਸ ਦੇ ਵਾਕਿਆਤ ਸਾਹਮਣੇ ਰੱਖੇ ਜਾਣ ਕਿ ਮੈਂ ਅਪ੍ਰੈਲ, 1975 ਤੋਂ ਲੈ ਕੇ ਪੰਜ-ਛੇ ਚਿੱਠੀਆਂ ਲਿਖ ਚੁੱਕਾ ਹਾਂ ਅਤੇ ਪਿੰਡ ਦੇ ਲੋਕੀਂ 1974 ਤੋਂ ਲੈ ਕੇ ਚਿੱਠੀਆਂ ਲਿਖ ਰਹੇ ਹਨ ਕਿ ਉਹ ਸਰਪੰਚ ਪੈਸੇ ਖਾਈ ਜਾਂਦਾ ਹੈ ਅਤੇ ਪਿੰਡ ਨੂੰ ਬਚਾਓ, ਪਰ ਐਨੀ ਦੇਰ ਦਾ ਕੁਝ ਨਹੀਂ ਕੀਤਾ ਗਿਆ । ਇਹ ਕੀ ਕਰਦੇ ਹਨ ਕਿ ਫਿਰ ਇਨਕੁਆਇਰੀ ਵਾਸਤੇ ਡਿਪਟੀ ਡਾਇਰੈਕਟਰ ਭੇਜ ਦਿੰਦੇ ਹਨ ਅਤੇ ਉਸ ਨੂੰ ਇਨ—ਕੁਆਇਰੀ ਕਰਦੇ ਕਰਦੇ 9—10 ਮਹੀਨੇ ਲੱਗ ਜਾਂਦੇ ਹਨ । ਇਸ ਲਈ ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਕੋਈ ਕਦਮ ਚੁੱਕਣਗੇ ਤਾਕਿ ਜਦ ਇਹੋ ਜਿਹੇ ਐਲੀਗੇਸ਼ਨਜ਼ ਲੋਕਾਂ ਦੇ ਆਉਣ ਤਾਂ 2—3 ਮਹੀਨਿਆਂ ਦੇ ਅੰਦਰ ਅੰਦਰ ਇਨ—ਕੁਆਇਰੀ ਕਰਕੇ, ਜੇ ਉਹ ਗੁਨਾਹਗਾਰ ਹੋਵੇ, ਤਾਂ ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇ ਅਤੇ ਜੇ ਉਹ ਬੇਗੁਨਾਹ ਹੋਵੇ ਤਾਂ ਫਿਰ ਤਾਂ ਗੱਲ ਵੱਖਰੀ ਹੈ ? ਇਹ ਜਿਹੜੇ ਦੋ ਦੋ ਸਾਲ ਲੱਗ ਜਾਂਦੇ ਹਨ ਐਨਾ ਸਮਾਂ ਨਹੀਂ ਲੱਗਣਾ ਚਾਹੀਦਾ ।

**ਰਾਜ ਮੰਤਰੀ** : ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਅਸੀਂ ਫੈਸਲਾ ਕਰ ਲਿਆ ਹੈ ਕਿ ਹਾੜੀ ਅਤੇ ਸਾਉਣੀ ਦੀਆਂ ਦੋ ਮੀਟਿੰਗਾਂ ਗਰਾਮ ਸਭਾ ਦੀਆਂ ਸਰਪੰਚ ਲਾਜ਼ਮੀ ਕਰਾਏਗਾ । ਉਨ੍ਹਾਂ ਮੀਟਿੰਗਾਂ ਵਿਚ ਸਰਪੰਚ ਹਿਸਾਬ ਕਿਤਾਬ ਦੇਵੇਗਾ । ਜਿਸ ਤਰ੍ਹਾਂ ਇਸ ਸਰਪੰਚ ਦੇ ਖਿਲਾਫ ਐਲੀਗੇਸ਼ਨ ਲੱਗੇ ਕਿ ਇਕ ਆਦਮੀ ਨੂੰ ਕਈ ਸਾਲ ਜ਼ਮੀਨ ਦਿੱਤੀ ਗਈ । ਹੁਣ ਅਸੀਂ ਫੈਸਲਾ ਕੀਤਾ ਹੈ ਅਤੇ ਗਿਆਨੀ ਜੀ ਦੀ ਸਰਕਾਰ ਨੇ 37 ਅਮੈਂਡਮੈਂਟਸ ਲਿਆਂਦੀਆਂ ਹਨ ਅਤੇ ਤੁਸੀਂ ਪਾਸ ਕੀਤੀਆਂ ਹਨ । ਅਸੀਂ ਇਹ ਫੈਸਲਾ ਕੀਤਾ ਹੈ ਕਿ ਸਾਡੇ ਜਿਹੜੇ ਐਕਸਟੈਨਸ਼ਨ ਅਫਸਰ ਹਨ ਉਹ ਜਾਣਗੇ ਅਤੇ ਉਨ੍ਹਾਂ ਦੀ ਮੌਜੂਦਗੀ ਵਿਚ ਹੁਣ ਪੰਚਾਇਤ ਦੀ ਜ਼ਮੀਨ ਨਿਲਾਮ ਹੋਇਆ ਕਰੇਗੀ । ਇਸ ਕੇਸ ਵਿਚ ਜ਼ਮੀਨ ਪਹਿਲੇ 1 ਹਜ਼ਾਰ ਰੁਪਏ ਨੂੰ ਚੜ੍ਹਦੀ ਸੀ ਅਤੇ ਹੁਣ ਇਹ ਜ਼ਮੀਨ 45 ਸੌ ਰੁਪਏ ਵਿਚ ਗਈ ਹੈ । ਉਸ ਦੇ ਬਾਅਦ ਅਸੀਂ ਇਨਕੁਆਇਰੀ ਡਵੀਜ਼ਨਲ ਡਿਪਟੀ ਡਾਇਰੈਕਟਰ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ]

ਤੋਂ ਸ਼ੁਰੂ ਕਰਵਾਈ । ਹੁਣ ਫੈਸਲਾ ਇਹ ਕੀਤਾ ਹੈ ਕਿ ਅਗਰ 6 ਮਹੀਨੇ ਬਾਅਦ ਸਰਪੰਚ ਗਰਾਮ ਸਭਾ ਦੀ ਇਕ ਮੀਟਿੰਗ ਨਹੀਂ ਬੁਲਾਉਂਦਾ ਅਤੇ ਹਿਸਾਬ ਕਿਤਾਬ ਨਹੀਂ ਦਿੰਦਾ ਤਾਂ ਉਸ ਨੂੰ ਸਰਪੰਚ ਨਹੀਂ ਰਹਿਣ ਦਿਆਂਗੇ ਅਤੇ ਉਸ ਨੂੰ ਹਟਾ ਕੇ ਨਵਾਂ ਸਰਪੰਚ ਲਗਾ ਦਿਆਂਗੇ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਵਜ਼ੀਰ ਸਾਹਿਬ ਤੇਜ਼ ਹਨ ਪਰ ਜਿਹੜਾ ਇਨ੍ਹਾਂ ਦਾ ਮਹਿਕਮਾ ਹੈ ਉਹ ਬੇ-ਤੇਜ਼ ਹੈ । ਇਨਕੁਆਇਰੀ ਦਾ ਸਿਸਟਮ ਐਨਾ ਔਖਾ ਹੈ ਕਿ ਦੋ ਢਾਈ ਸਾਲ ਤਕ ਇਨਕੁਆਇਰੀ ਦਾ ਪ੍ਰੋਸੀਜਰ, ਰਿਕੁਆਇਰਮੈਂਟਸ ਪੂਰੀਆਂ ਨਹੀਂ ਹੁੰਦੀਆਂ । ਮੈਂ ਪੁੱਛਣਾ ਚਾਹੁੰਦਾ ਹਾਂ ਇਸ ਗੱਲ ਦੇ ਪੇਸ਼ੇ ਨਜ਼ਰ ਕਿ ਸੈਂਕੜੇ ਸਰਪੰਚਾਂ ਦੇ ਖਿਲਾਫ ਕੇਸਿਜ਼ ਹਨ, ਉਨ੍ਹਾਂ ਵਿਚੋਂ ਕਈ ਹੱਟ ਗਏ ਕਈ ਮਰ ਮੁੱਕ ਗਏ ਜਿਨ੍ਹਾਂ ਦੇ ਖਿਲਾਫ ਕਿ ਸ਼ਿਕਾਇਤਾਂ ਆਈਆਂ ਸਨ । ਇਸ ਲਈ ਕੀ ਵਜ਼ੀਰ ਸਾਹਿਬ ਇਸ ਇਨਕੁਆਇਰੀ ਦੇ ਸਿਸਟਮ ਨੂੰ ਸਿੰਪਲੀਫਾਈ ਕਰਨ ਵਾਸਤੇ ਸੋਚਣਗੇ ਤਾਕਿ ਇਨਕੁਆਇਰੀ ਛੇਤੀ ਹੋ ਸਕੇ ?

**ਰਾਜ ਮੰਤਰੀ :** ਇਸ ਕਿਸਮ ਦੇ ਮਾਮਲੇ ਲਮਕਦੇ ਨਾ ਰਹਿਣ, ਇਸ ਬਾਰੇ ਅਸੀਂ ਜ਼ਰੂਰ ਸੋਚਾਂਗੇ ਹੀ ਨਹੀਂ ਬਲਕਿ ਫੈਸਲਾ ਕਰ ਦਿੱਤਾ ਹੈ ਕਿ ਕਿਸੇ ਵੀ ਸਰਪੰਚ ਦੀ ਇਨਕੁਆਇਰੀ ਜਦ ਅਸੀਂ ਮਾਰਕ ਕਰ ਦਿੱਤੀ ਤਾਂ ਉਸ ਦੇ ਤਿੰਨ ਮਹੀਨਿਆਂ ਦੇ ਵਿਚ ਵਿਚ ਉਸ ਦੀ ਰਿਪੋਰਟ ਹੋਵੇ ਅਤੇ ਹੈਡ ਆਫ਼ਿਸ ਵਿਚ ਪਹੁੰਚਕੇ ਉਸ ਦੇ ਖਿਲਾਫ ਕੋਈ ਨਾ ਕੋਈ ਐਕਸ਼ਨ ਹੋ ਜਾਣਾ ਚਾਹੀਦਾ ਹੈ । ਇਹ ਅਸੀਂ ਫੈਸਲਾ ਕਰ ਲਿਆ ਹੈ ।

**ਚੌਧਰੀ ਦਰਸ਼ਨ ਸਿੰਘ :** ਕੀ ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨਗੇ ਕਿ 1975 ਵਿਚ ਐਂਬੈਜ਼ਲਮੈਂਟ ਦੀ ਸ਼ਿਕਾਇਤ ਆਈ ਅਤੇ ਉਸ ਬਾਰੇ 1976 ਵਿਚ ਇਨ-ਕੁਆਇਰੀ ਹੋਈ । ਇਹ ਇਨਕੁਆਇਰੀ ਡਵੀਜ਼ਨਲ ਇਨਸਪੈਕਟਰ ਨੇ ਕੀਤੀ, ਪ੍ਰਾਈਮਾ-ਫੈਸਾਈ ਕੇਸ ਐਸਟੈਬਲਿਸ਼ ਹੋ ਗਿਆ । ਤੁਸੀਂ ਉਸ ਨੂੰ ਸਸਪੈਂਡ ਕਰ ਦਿੱਤਾ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਕੇਸ ਵਿਚ ਫੌਜਦਾਰੀ ਕੇਸ ਦਰਜ ਕਰਾਉਣ ਵਿਚ ਕੀ ਦਿੱਕਤ ਸੀ ? ਦੂਜੇ ਪਿੰਡ ਬਡਾਲਾ ਵਿਚ ਚਾਰ ਸਾਲ ਹੋ ਗਏ ਹਨ, ਨਵੇਂ ਸਰਪੰਚ ਨੂੰ ਚੁਣੇ ਹੋਏ ਨੂੰ ਉਸ ਨੂੰ ਹਾਲੇ ਤਕ ਪੁਰਾਣੇ ਸਰਪੰਚ ਵਲੋਂ ਰਿਕਾਰਡ ਨਹੀਂ ਦਿੱਤਾ ਗਿਆ ਹੈ । ਉਸ ਨੂੰ ਇਹ ਰਿਕਾਰਡ ਦਿਵਾਉਣਾ ਚਾਹੀਦਾ ਹੈ । ਇਹ ਕੰਮ ਤੇਜ਼ੀ ਨਾਲ ਕਿਸ ਤਰ੍ਹਾਂ ਹੋ ਰਿਹਾ ਹੈ । ਇਸ ਦੇ ਬਾਰੇ ਦਸਿਆ ਜਾਵੇ ?

**ਰਾਜ ਮੰਤਰੀ :** ਜਿਹੜਾ ਕੇਸ ਚੌਧਰੀ ਸਾਹਿਬ ਨੇ ਕਿਹਾ ਹੈ ਉਹ ਕੇਸ ਕੋਰਟ ਵਿਚ ਚਲਾ ਗਿਆ ਸੀ । ਇਹ ਸਾਡੇ ਡਿਪਾਰਟਮੈਂਟ ਦੇ ਬੀ. ਡੀ. ਓ. ਦੀ ਲਾਪਰਵਾਹੀ ਨਾਲ ਕੇਸ ਦਾ ਫੈਸਲਾ ਪਹਿਲੇ ਸਰਪੰਚ ਦੇ ਹੱਕ ਵਿਚ ਹੋਇਆ । ਅਸੀਂ ਦੁਬਾਰਾ ਕੇਸ ਲੜ ਰਹੇ ਹਾਂ ।

**ਚੌਧਰੀ ਦਰਸ਼ਨ ਸਿੰਘ :** ਇਹ ਤਾਂ ਨਵੇਂ ਇਲੈਕਟਿਡ ਸਰਪੰਚ ਨੂੰ ਚਾਰਜ ਦਿਵਾਉਣ ਦਾ ਕੰਮ ਹੈ । ਚਾਰ ਸਾਲ ਹੋ ਗਏ ਹਨ ਉਸ ਨੂੰ ਹੁਣ ਤਾਈ ਚਾਰਜ ਕਿਉਂ ਨਹੀਂ ਦਿਵਾਇਆ ਗਿਆ ਹੈ ?

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਅਰਜ਼ ਕਰਦਾ ਹੋਇਆ ਪੁਛਦਾ ਹਾਂ ਕਿ ਪਹਿਲਾਂ ਤਾਂ ਇਨਕੁਆਇਰੀ ਦੇ ਪ੍ਰੋਸੀਜ਼ਰ ਨੂੰ ਬਹੁਤ ਦੇਰ ਲਗਦੀ ਹੈ। ਬਾਕੀ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਐਂਬੈਜ਼ਲਮੈਂਟ ਹੋ ਜਾਏ ਜਾਂ ਹੋਰ ਕੋਈ ਬੇ—ਕਾਨੂੰਨੀ ਸਾਬਤ ਹੋ ਜਾਏ ਤਾਂ ਕਈ ਦਫਾ ਪੈਸੇ ਤਾਂ ਉਗਰਾਹ ਲਏ ਜਾਂਦੇ ਹਨ ਪਰ ਉਨ੍ਹਾਂ ਦੇ ਖਿਲਾਫ ਕੋਈ ਕੇਸ ਦਰਜ ਕਰਨਾ ਜਾਂ ਡਿਸਕੁਆਲੀਫਾਈ ਕਰਨ ਬਾਰੇ ਕੋਈ ਕਾਰਵਾਈ ਨਹੀਂ ਹੁੰਦੀ। ਉਹੀ ਦੁਬਾਰਾ ਫਿਰ ਚੌਧਰੀ ਬਣ ਜਾਂਦੇ ਹਨ। ਉਨ੍ਹਾਂ ਨੂੰ ਪ੍ਰਾਸੀਕਿਊਟ ਕਰਨਾ ਚਾਹੀਦਾ ਹੈ ਜਾਂ ਡਿਸਕੁਆਲੀਫਾਈ ਕਰਨਾ ਚਾਹੀਦਾ ਹੈ, ਜਿਹੜਾ ਕਿ ਹੁਣ ਨਹੀਂ ਹੁੰਦਾ ਹੈ।

**ਰਾਜ ਮੰਤਰੀ** : ਇਸ ਬਾਰੇ ਫੈਸਲਾ ਹੋਇਆ ਹੋਇਆ ਹੈ ਕਿ ਜਿਹੜੇ ਸਰਪੰਚ ਸਾਹਿਬਾਨ ਫਿਕਸਡ ਰਕਮ ਤੋਂ ਜ਼ਿਆਦਾ ਰਕਮ ਆਪਣੇ ਪਾਸ ਰਖਣਗੇ ਜਾਂ ਇਨਸਪੈਕਸ਼ਨ ਅਫਸਰ ਨੂੰ ਜਿਵੇਂ ਕਿ ਪੰਚਾਇਤ ਅਫਸਰ, ਬੀ. ਡੀ. ਓ. ਔਰ ਡੀ. ਡੀ. ਪੀ. ਓ. ਨੂੰ ਆਪਣਾ ਰਿਕਾਰਡ ਦਿਖਾਉਣ ਵਿਚ ਇਨਕਾਰੀ ਕਰਨਗੇ ਤਾਂ ਉਨ੍ਹਾਂ ਸਰਪੰਚਾਂ ਨੂੰ ਡਿਸਕੁਆਲੀ-ਫਾਈ ਕਰ ਦਿੱਤਾ ਜਾਵੇਗਾ।

**ਚੌਧਰੀ ਦਰਸ਼ਨ ਸਿੰਘ** : ਨਵੇਂ ਸਰਪੰਚ ਨੂੰ ਪੁਰਾਣੇ ਸਰਪੰਚ ਤੋਂ ਰਿਕਾਰਡ ਲੈ ਕੇ ਦਿਵਾਉਣ ਵਾਸਤੇ ਕੀ ਕੋਰਟ ਵਿਚ ਕੋਈ ਦਰਖਾਸਤ ਦਿੱਤੀ ? ਨਵੇਂ ਸਰਪੰਚ ਨੂੰ ਹਾਲੇ ਤਕ ਰਿਕਾਰਡ ਕਿਉਂ ਨਹੀਂ ਦਿਵਾਇਆ ਗਿਆ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਕੋਰਟ ਵਾਲਾ ਕੇਸ ਅਲਹਿਦਾ ਹੈ। ਪਰ ਹੁਣ ਜਿਹੜਾ ਸਰਪੰਚ ਰਿਕਾਰਡ ਨਹੀਂ ਦੇਵੇਗਾ ਉਸ ਸਰਪੰਚ ਨੂੰ ਤਿੰਨ ਸਾਲ ਕੈਦ ਔਰ ਇਕ ਹਜ਼ਾਰ ਰੁਪਿਆ ਜੁਰਮਾਨਾ ਕਰਾਂਗੇ।

**ਕਾਮਰੇਡ ਦਾਨਾ ਰਾਮ** : ਸਪੀਕਰ ਸਾਹਿਬ, ਸਵਾਲ ਜ਼ਿਲ੍ਹਾ ਫਰੀਦਕੋਟ ਹਲਕਾ ਲੰਬੀ ਦਾ ਹੈ। ਘੁਮਿਆਰੇ ਦਾ ਮੌਜੂਦਾ ਸਰਪੰਚ ਹਿਸਾਬ ਕਿਤਾਬ ਨਹੀਂ ਦੇ ਰਿਹਾ ਹੈ। ਦੂਜੇ ਮਹੀਨੇ ਦਾ ਸਾਬਕਾ ਸਰਪੰਚ ਹਿਸਾਬ ਕਿਤਾਬ ਨਹੀਂ ਦੇ ਰਿਹਾ ਹੈ। ਇਸ ਨੇ ਗਬਨ ਕੀਤਾ ਹੋਇਆ ਹੈ। ਉਹ ਦੋਨੋਂ ਹੀ ਅਕਾਲੀ ਹਨ। ਇਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਕੀ ਇਨ੍ਹਾਂ ਦੋਨਾਂ ਦੇ ਖਿਲਾਫ ਕੋਈ ਕਾਰਵਾਈ ਜਲਦੀ ਕੀਤੀ ਜਾਵੇਗੀ ?

**ਰਾਜ ਮੰਤਰੀ** : ਮੈਂ ਪੜਤਾਲ ਕਰ ਲਵਾਂਗਾ। ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਦੱਸਣਾ ਚਾਹੁੰਦਾ ਹਾਂ ਕਿ ਪੰਚ ਔਰ ਸਰਪੰਚ ਕੋਈ ਕ੍ਰਿਮਿਨਲ ਟਾਈਪ ਬੰਦੇ ਨਹੀਂ ਬਲਕਿ ਇਹ ਤਾਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਨ। ਐਵੇਂ ਹੀ ਨਾ ਇਨ੍ਹਾਂ ਨੂੰ ਡਰਾਈ ਜਾਓ ਨਹੀਂ ਤਾਂ ਅਗੇ ਤੋਂ ਕਿਸੇ ਨੇ ਆਉਣਾ ਹੀ ਨਹੀਂ ਹੈ।

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਬਾਰੇ ਸੋਚ ਰਹੇ ਹਾਂ। ਗਿਆਨੀ ਜੀ ਨੇ ਕੇਬਨਿਟ ਸਬ—ਕਮੇਟੀ ਬਣਾਈ ਹੈ ਇਸ ਗੱਲ ਤੇ ਵਿਚਾਰਨ ਲਈ ਕਿ ਰਿਕਾਰਡ ਪੰਚਾਇਤ ਸੈਕਟਰੀ ਕੋਲ ਰੱਖਿਆ ਜਾਏ ਜਿਵੇਂ ਕਿ ਮਿਉਂਸਪਲ ਕਮੇਟੀ ਦੇ ਰਿਕਾਰਡ ਰੱਖਣ ਦੀ ਜ਼ਿਮੇਂਵਾਰੀ ਸੈਕਟਰੀ ਜਾਂ ਈ. ਓ. ਦੀ ਹੁੰਦੀ ਹੈ। ਸਰਪੰਚ ਕੋਈ ਵੀ ਆਵੇ ਕੋਈ ਹਟੇ ਪਰ ਉਥੇ ਦਾ ਰਿਕਾਰਡ ਸੈਕਟਰੀ ਹੀ ਰੱਖੇ। ਇਹ ਸੋਚ ਰਹੇ ਹਾਂ।

---

Original with;
Punjab Vidhan Sabha
Digitized by;
Panjab Digital Library

**ਰਾਜ ਵਿਚ ਉਦਯੋਗਿਕ ਸਕੂਲਾਂ ਵਿਚ ਭਾਸ਼ਾ ਅਧਿਆਪਕਾਂ ਦੀਆਂ ਅਸਾਮੀਆਂ**

* 3713. **ਕਾਮਰੇਡ ਸੱਤ ਪਾਲ ਡਾਂਗ** : ਕੀ ਲੋਕ ਸਿਹਤ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ :—

(ੳ) 1 ਅਪ੍ਰੈਲ, 1976 ਨੂੰ ਰਾਜ ਵਿਚ ਉਦਯੋਗਿਕ ਸਿਖਲਾਈ ਸਕੂਲਾਂ ਵਿਚ ਭਾਸ਼ਾ ਅਧਿਆਪਕਾਂ ਦੀਆਂ ਮਨਜ਼ੂਰ ਹੋਈਆਂ ਆਸਾਮੀਆਂ ਦੀ ਗਿਣਤੀ ਕਿੰਨੀ ਸੀ ;

(ਅ) 1 ਅਪ੍ਰੈਲ, 1976 ਨੂੰ ਉਕਤ ਆਸਾਮੀਆਂ ਤੇ ਕਿੰਨੇ ਅਧਿਆਪਕ ਕੰਮ ਕਰ ਰਹੇ ਸਨ ;

(ੲ) ਉਕਤ ਅਧਿਆਪਕਾਂ ਦੇ ਤਨਖਾਹ ਦੇ ਸਕੇਲ ਕੀ ਹਨ ਅਤੇ ਇਹ ਪਿਛੇ ਕਿਸ ਤਰੀਕ ਨੂੰ ਸੋਧੇ ਗਏ ਸਨ ?

**ਸ੍ਰੀ ਖੁਸ਼ਹਾਲ ਬਹਿਲ** (ਉਪ ਮੰਤਰੀ ਘਰੇਲੂ ਉਦਯੋਗ) : (ੳ) 4 ।

(ੲ) ਗਰੇਡ ਰੁ: 125-5-250/10-300. ਇਹ ਮਿਤੀ 1 ਫਰਵਰੀ, 1968 ਤੋਂ ਸੋਧੇ ਗਏ ਸਨ ।

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਪਿਛਲੀ ਵਾਰੀ ਇਹ ਗਰੇਡ 1968 ਵਿਚ ਮੁਕਰੱਰ ਹੋਏ (ਵਿਘਨ)

**ਸ੍ਰੀ ਸਪੀਕਰ**: ਆਰਡਰ, ਆਰਡਰ ਪਲੀਜ਼ ।

**ਕਾਮਰੇਡ ਸੱਤ ਪਾਲ ਡਾਂਗ** : ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਦੋਂ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਅਤੇ ਲਗ ਭਗ ਹੋਰ ਸਾਰੀਆਂ ਕੈਟੇਗਰੀਆਂ ਦੇ ਗਰੇਡ 1968 ਵਿਚ 1967 ਵਿਚ ਬੈਠੇ ਪੇ-ਕਮਿਸ਼ਨ ਦੀ ਰਿਪੋਰਟ ਤੇ ਰਿਵਾਈਜ਼ ਹੋ ਗਏ ਤਾਂ ਫਿਰ ਇਨ੍ਹਾਂ ਚਾਰ ਅਧਿਆਪਕਾਂ ਨੇ ਕੀ ਕਸੂਰ ਕੀਤਾ ਹੈ ਕਿ ਇਨ੍ਹਾਂ ਦੇ ਗਰੇਡ ਨਹੀਂ ਰਿਵਾਈਜ਼ ਹੋਏ, ਇਸ ਦੇ ਕੀ ਕਾਰਣ ਹਨ ?

ਇਹ ਜਿਹੜੇ ਲੈਂਗੁਏਜ ਟੀਚਰ ਉਦਯੋਗਿਕ ਸਿਖਲਾਈ ਸਕੂਲਾਂ ਵਿਚ ਹਨ ਇਨ੍ਹਾਂ ਦੇ ਗਰੇਡ ਆਮ ਸਕੂਲਾਂ ਵਿਚ ਲੈਂਗੁਏਜ ਟੀਚਰਾਂ ਦੇ ਬਰਾਬਰ ਕਿਉਂ ਨਹੀਂ ਹਨ? ਜੇ ਘਟ ਹਨ, ਤਾਂ ਕਿਉਂ ਘਟ ਹਨ?

**ਉਪ ਮੰਤਰੀ**: ~~ਪੇ-ਕਮਿਸ਼ਨ ਦੀ ਰਿਪੋਰਟ ਤੇ~~ 1968 ਵਿਚ ਇਹ ਗਰੇਡ ਰਿਵਾਈਜ ਹੋਏ ਸੀ । ਗੌਰਮਿੰਟ ਇਨ੍ਹਾਂ ਦੇ ਗਰੇਡ ਰਿਵਾਈਜ਼ ਕਰਨ ਬਾਰੇ ਸੋਚ ਰਹੀ ਹੈ । ਇਸਦੇ ਮੁਤੱਲਕ ਜ਼ਰੂਰ ਕੁਝ ਕਰਾਂਗੇ ।

**ਕਾਮਰੇਡ ਸੱਤ ਪਾਲ ਡਾਂਗ**: ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਕ੍ਰਿਪਾ ਕਰਨਗੇ ਕਿ ਇਨ੍ਹਾਂ ਲੈਂਗੁਏਜ ਟੀਚਰਾਂ ਦੇ ਗਰੇਡ ਆਮ ਸਕੂਲਾਂ ਦੇ ਲੈਂਗੁਏਜ ਟੀਚਰਾਂ ਦੇ ਗਰੇਡਾਂ ਨਾਲੋਂ

Original with; Punjab Vidhan Sabha Digitized by; Panjab Digital Library

ਕਿਉਂ ਘਟ ਹਨ ਜਦ ਕਿ ਦੋਨਾਂ ਕਿਸਮ ਦੇ ਲੈਂਗੂਏਜ ਟੀਚਰਾਂ ਦੀ ਕੁਆਲੀਫਿਕੇਸ਼ਨ ਇੱਕੋ ਹੀ ਹੈ। ਕੀ ਮਨਿਸਟਰ ਸਾਹਿਬ ਇਨ੍ਹਾਂ ਦੋਨਾਂ ਲੈਂਗੂਏਜ ਟੀਚਰਾਂ ਦੇ ਗਰੇਡ ਬਰਾਬਰ ਕਰਨ ਬਾਰੇ ਯਕੀਨ ਦਿਵਾਉਣਗੇ ?

**ਉਪ ਮੰਤਰੀ**: ਇਹ ਮਾਮਲਾ ਵਿਚਾਰ ਅਧੀਨ ਹੈ। ਇਸ ਬਾਰੇ ਜ਼ਰੂਰ ਕੁਝ ਕਰਾਂਗੇ। ਪੇ-ਕਮਿਸ਼ਨ ਦੀ ਰਿਪੋਰਟ ਅਨੁਸਾਰ ਪਹਿਲਾਂ ਇਨ੍ਹਾਂ ਦੇ ਗਰੇਡ ਜੇ. ਬੀ. ਟੀ. ਟੀਚਰਾਂ ਦੇ ਬਰਾਬਰ ਕਰ ਦਿੱਤੇ ਸੀ। ਫਰਦਰ ਇਨਾਂ ਦਾ ਕੇਸ ਅੰਡਰ ਕੰਸਿਡਰੇਸ਼ਨ ਹੈ।

**ਸ੍ਰੀ ਪ੍ਰੇਮ ਗੁਪਤਾ**: ਮਨਿਸਟਰ ਸਾਹਿਬ ਨੇ ਦਸਿਆ ਕਿ ਇਨ੍ਹਾਂ ਲੈਂਗੂਏਜ ਟੀਚਰਾਂ ਦੇ ਗਰੇਡ 1 ਫਰਵਰੀ, 1968 ਤੋਂ ਰਿਵਾਈਜ਼ ਹੋਏ ਜਦ ਕਿ ਆਮ ਸਕੂਲਾਂ ਦੇ ਟੀਚਰਾਂ ਦੇ ਗਰੇਡ ਮਿਤੀ 1 ਨਵੰਬਰ, 1966 ਤੋਂ ਰਿਵਾਈਜ਼ ਹੋਏ ਸਨ। ਕੀ ਮਨਿਸਟਰ ਸਾਹਿਬ ਇਸ ਬਾਰੇ ਦੱਸਣ ਦੀ ਕਿਰਪਾ ਕਰਨਗੇ ਕਿ ਜਿਹੜਾ ਗੈਪ ਰਹਿ ਗਿਆ ਹੈ ਇਸ ਨੂੰ ਪੂਰਾ ਕਰਨ ਵਾਸਤੇ ਕੀ ਇਨ੍ਹਾਂ ਲੈਂਗੂਏਜ ਟੀਚਰਜ਼ ਨੂੰ ਵੀ ਮਿਤੀ 1 ਨਵੰਬਰ, 1966 ਤੋਂ ਪੈਸੇ ਦਿਲਾਏ ਜਾਣਗੇ ?

**ਉਪ ਮੰਤਰੀ**: ਪਹਿਲਾਂ ਜੇ. ਬੀ. ਟੀ. ਟੀਚਰਾਂ ਦੀ ਗਰੇਡ ਰਵੀਜ਼ਨ 1968 ਵਿਚ ਹੋਈ। ਇਨ੍ਹਾਂ ਲੈਂਗੂਏਜ ਟੀਚਰਾਂ ਦੀ ਵੀ ਉਸੇ ਅਧਾਰ ਤੇ ਗਰੇਡ ਰਵੀਜ਼ਨ ਕਰ ਦਿੱਤੀ ਗਈ ਸੀ। ਫਿਰ ਬਾਅਦ ਵਿਚ ਜੇ. ਬੀ. ਟੀ. ਟੀਚਰਾਂ ਦੀ ਗਰੇਡ ਰਵੀਜ਼ਨ 1974 ਵਿਚ ਹੋਈ। ਉਸ ਅਧਾਰ ਤੇ ਇਨ੍ਹਾਂ ਲੈਂਗੂਏਜ ਟੀਚਰਾਂ ਦੀ ਗਰੇਡ ਰਵੀਜ਼ਨ ਵਿਚਾਰ ਅਧੀਨ ਹੈ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 3787

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ।)

---

## SALINE WATER IN SOME VILLAGES OF TEHSIL SUNAM DISTT. SANGRUR

*3739. **Comrade Achhra Singh**: Will the Minister of State for Irrigation and Power be pleased to state whether it is a fact that water in some villages of Tehsil Sunam, District Sangrur, is saline and harmful for irrigation purposes; if so, the remedial measures adopted or proposed to be adopted by the Government?

**ਸ੍ਰੀ ਬਲ ਰਾਮ** (ਉਪ ਮੰਤਰੀ, ਸਿੰਜਾਈ ਅਤੇ ਬਿਜਲੀ): ਹਾਂ ਜੀ। ਕੁਝ ਗਹਿਰਾਈ ਤਕ ਪਾਣੀ ਖਾਰਾ ਹੈ। ਪੰਜਾਬ ਖੇਤੀ-ਬਾੜੀ ਵਿਭਾਗ ਨੇ ਡੂੰਘੇ ਨਲਕੂਪ ਲਗਾਉਣ ਬਾਰੇ ਕੁਝ ਸਕੀਮਾਂ ਬਣਾਈਆਂ ਹਨ।

**ਕਾਮਰੇਡ ਅੱਛਰਾ ਸਿੰਘ**: ਸਪੀਕਰ ਸਾਹਿਬ, ਉਸ ਏਰੀਆ ਵਿਚ ਡੂੰਘੇ ਟਿਊਬਵੈੱਲ ਲਗਾਉਣ ਵਿਚ ਬਹੁਤ ਜ਼ਿਆਦਾ ਖਰਚ ਆਉਂਦਾ ਹੈ। ਲੈਹਰਾ ਪਿੰਡ ਵਿਚ ਡੀਪ ਬੋਰ ਕਰਨ ਵਿਚ ਕਿਸਾਨ ਦਾ 12 ਹਜ਼ਾਰ ਰੁਪਿਆ ਲੱਗ ਗਿਆ ਹੈ। ਪਰ ਫਿਰ ਵੀ ਖਾਰਾ ਪਾਣੀ ਹੀ ਨਿਕਲਿਆ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕਿੰਨੀ ਦੇਰ ਵਿਚ ਸਰਕਾਰ ਉਥੇ ਡੂੰਘੇ ਨਲ-ਕੂਪ ਲਗਾ ਦੇਵੇਗੀ?

Original with;
Punjab Vidhan Sabha
Digitized by;
Panjab Digital Library

उप मंत्री, सिंचाई तथा बिजली : स्पीकर साहिब, इस बारे में Agriculture Department possibility explore कर रहा है । वहां पर 4 नल कूप लगाए हैं जिन में से तीन कामयाब हुए हैं । बाकी वहां पर सर्वे हो रहा है कि कहां कहां यह लगाए जाने चाहिए । Agriculture Department इस काम के लिए 50 प्रतिशत subsidy भी देता है, gypsem डालने के लिए ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਇਸ ਗਲ ਦੇ ਪੇਸ਼ੇ ਨਜ਼ਰ ਕਿ ਪੰਜਾਬ ਦੇ ਬਹੁਤ ਸਾਰੇ ਜ਼ਿਲ੍ਹਿਆਂ ਵਿਚ ਅਰਥਾਤ ਅੰਮ੍ਰਿਤਸਰ, ਬਠਿੰਡਾ, ਫਿਰੋਜ਼ਪੁਰ ਔਰ ਸੰਗਰੂਰ ਦੇ ਸਾਰੇ ਇਲਾਕਿਆਂ ਦਾ ਬਹੁਤ ਵੱਡਾ ਰਕਬਾ, ਲੱਖਾਂ ਏਕੜ ਰਕਬਾ ਹੈ ਜਿਹੜਾ ਖੇਤੀ ਬਾੜੀ ਦੇ ਲਈ ਇਸਤੇਮਾਲ ਨਹੀਂ ਹੋ ਸਕਦਾ । ਕੀ ਡਿਪਟੀ ਮਨਿਸਟਰ, ਇਰੀਗੇਸ਼ਨ ਕੋਈ ਕਰੈਸ਼ ਪ੍ਰੋਗਰਾਮ ਬਣਾਉਣ ਵਾਸਤੇ ਵਿਚਾਰ ਕਰਨਗੇ ਅਤੇ ਪੰਜਾਬ ਦੇ ਸਾਰੇ ਇਲਾਕਿਆਂ ਨੂੰ ਪਾਣੀ ਦੇਣ ਲਈ ਕੋਈ ਵਿਸ਼ੇਸ਼ ਪ੍ਰਬੰਧ ਕਰਨਗੇ?

**उप मंत्री** : स्पीकर साहिब, रिक्लेमेशन स्कीम के अंदर हम temporary Shoots देते हैं । सरकार ने यह आगे ही प्रोग्राम बनाया हुआ है । Irrigation Department इस के लिये काफी काम कर रहा है ।

**ਕਾਮਰੇਡ ਅੱਛਰਾ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਸਰਕਾਰ ਇਸ ਦੇ ਲਈ ਕਾਫੀ ਕੰਮ ਕਰ ਰਹੀ ਹੈ । ਕੀ ਵਜ਼ੀਰ ਸਾਹਿਬ ਕਿਸਾਨਾਂ ਦੀ ਤਕਲੀਫ ਨੂੰ ਸੋਚਦੇ ਹੋਏ ਕਿ ਲੱਖਾਂ ਏਕੜ ਜ਼ਮੀਨ ਐਸੀ ਹੈ ਜਿਥੇ ਅੱਧੀ ਫਸਲ ਹੁੰਦੀ ਹੈ, ਕੀ ਉਥੇ ਨਹਿਰੀ ਪਾਣੀ ਦਾ ਪੈਮਾਨਾ ਵਧਾਉਣ ਵਾਸਤੇ ਤਿਆਰ ਹਨ?

**उप मंत्री** : स्पीकर साहिब, यह तो पानी की availability पर है । अगर पानी हमारे पास होगा तो जरूर देंगे ।

**ਸਰਦਾਰ ਗੁਰਦੇਵ ਸਿੰਘ ਬਖਸ਼ੀਵਾਲਾ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਫਰਮਾਇਆ ਹੈ ਕਿ ਰਿਕਲੇਮੇਸ਼ਨ ਸਕੀਮ ਦੇ ਤਹਿਤ ਸਰਕਾਰ ਟੈਮਪ੍ਰੇਰੀ ਸੂਟ ਦਿੰਦੀ ਹੈ, ਕੀ ਸਰਹੰਦ ਕੈਨਾਲ ਜਿਹੜੀ ਬਠਿੰਡੇ ਜ਼ਿਲ੍ਹੇ ਵਿਚ ਪੈਂਦੀ ਹੈ ਉਥੇ ਕੋਈ ਟੈਮਪ੍ਰੇਰੀ ਸੂਟ ਦਿਤੇ ਗਏ ਹਨ?

**उप मंत्री** : स्पीकर साहिब, यह सवाल दुबारा कर दें हम इस का जवाब दे देंगे । (विघ्न)

**ਕਾਮਰੇਡ ਜੰਗੀਰ ਸਿੰਘ ਜੋਗਾ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਿਹੜਾ ਜਵਾਬ ਦਿਤਾ ਹੈ ਕਿ ਪਾਣੀ ਦੀ ਬਹੁਤਾਤ ਹੋਵੇਗੀ ਤਾਂ ਜ਼ਰੂਰ ਦੇਵਾਂਗੇ । ਜਾਖਲ ਤੋਂ ਫਿਰੋਜ਼ਪੁਰ ਤਕ ਇਕ ਲਾਈਨ ਖਿਚੀ ਗਈ ਹੈ ਔਰ ਜਿਥੇ ਖਾਰਾ ਪਾਣੀ ਹੈ ਉਥੇ ਤਾਂ 2.4 ਪਾਣੀ ਮਿਲਦਾ ਹੈ ਅਤੇ ਜਿਥੇ ਪਾਣੀ ਚੰਗਾ ਹੈ ਉਥੇ 3.4 ਮਿਲਦਾ ਹੈ । ਕੀ ਇਸ ਤੇ ਵਿਚਾਰ ਕਰਨ ਵਾਸਤੇ ਤਿਆਰ ਹਨ ਕਿ ਜਿਹੜੀ ਇਰੀਗੇਸ਼ਨ ਵਾਸਤੇ ਉਨ੍ਹਾਂ ਨੇ ਲਾਈਨ ਖਿਚੀ ਹੈ ਜਿਹੜਾ ਖਾਰਾ ਇਲਾਕਾ ਹੈ ਉਥੇ ਪਾਣੀ ਜ਼ਿਆਦਾ ਦੇਣਗੇ ਅਤੇ ਉਧਰੋਂ ਇਹ ਲਾਈਨ ਉਠਾ ਲੈਣਗੇ?

**उप-मन्त्री** : स्पीकर साहिब, माननीय मैंबर साहिब को मालूम ही है कि ऊपर वाली लाईन का पानी जो है वह भाखड़ा से आता है । यह स्टोर वाटर

Original with;
Punjab Vidhan Sabha
Digitized by;
Panjab Digital Library

सप्लाई का होता है । जो नीचे का पानी है वह पोंग डैम और रावी का पानी आता है । जब यह पोंग डैम पूरा हो गया तो उस के बाद इस की भी यही पौजीशन हो जाएगी ।

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਪਹਿਲਾਂ 20 ਹਜ਼ਾਰ ਕਿਊਸਿਕ ਪਾਣੀ ਰਾਵੀ ਦਾ ਜਾਂਦਾ ਰਿਹਾ ਹੈ ਅਤੇ ਅਜ ਤਕ ਵੀ ਜਾ ਰਿਹਾ ਹੈ । ਜਿਹੜਾ ਤਾਂ ਵਜ਼ੀਰ ਸਾਹਿਬ ਦਾ ਇਲਾਕਾ ਹੈ ਉਥੇ 3.5 ਕਿਊਸਿਕ ਪਾਣੀ ਇਕ ਹਜ਼ਾਰ ਹੈਕਟੇਅਰ ਨੂੰ ਜਾਂਦਾ ਹੈ ਅਤੇ ਜਿਹੜਾ ਇਸ ਤੋਂ ਉਪਰਲਾ ਇਲਾਕਾ ਹੈ ਉਥੇ 2.5 ਕਿਊਸਿਕ ਜਾਂਦਾ ਹੈ । ਪਾਣੀ ਤਾਂ ਵਜ਼ੀਰ ਸਾਹਿਬ ਨੇ ਹਰਿਆਣੇ ਨੂੰ ਦੇ ਦਿੱਤਾ ਹੈ ਪੰਜਾਬ ਨੂੰ ਇਹ ਕਿਥੋਂ ਪੂਰਾ ਕਰਨਗੇ? ਜਿਹੜਾ ਪਾਣੀ ਹਰਿਆਣੇ ਨੂੰ ਉਨ੍ਹਾਂ ਨੇ ਦਿਤਾ ਹੈ ਉਸ ਦਾ ਕੋਈ ਉਪਾ ਕਰਨਗੇ?

उप-मन्त्री : स्पीकर सहिब, यह सवाल तो परसों हो चुका है ।

---

WHEAT PROCURED THROUGH VARIOUS AGENCIES IN THE STATE

*3774. **Comrade Shamsher Singh Josh :** Will the Minister of State for Food and Supplies be pleased to state—

(a) the total quantity of wheat procured through various agencies by the Government during the year 1976;

(b) whether any bonus is proposed to be given for the procured wheat; if not, the reasons therefor ?

**Sardar Gurdarshan Singh :** (a) Total procurement of wheat through various agencies in the State upto 1st September, 1976 is as follows :—

| Sr. No. | Agency | | Wheat procured (In Tonnes) |
|---|---|---|---|
| 1 | 2 | | 3 |
| 1. | Food and Supplies Department | .. | 10,63,387 |
| 2. | Food Corporation of India | .. | 4,21,660 |
| 3. | Markfed | .. | 8,73,456 |
| 4. | Punjab State Civil Supplies Corporation. | .. | 5,62,194 |
| | Total | .. | 29,20,697 |

(b) The issue is under the active consideration of the Government.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਸਾਡੇ ਪ੍ਰਦੇਸ਼ ਵਿਚ ਕੁਲ 29 ਲੱਖ 20 ਹਜ਼ਾਰ 697 ਟਨ ਕਣਕ ਪ੍ਰੋਕਿਉਰ ਕੀਤੀ ਗਈ ਹੈ । ਸਾਡੇ ਪ੍ਰਦੇਸ਼ ਦੇ ਮਿਹਨਤੀ ਕਿਸਾਨ ਨੇ ਬੜੀ ਮਿਹਨਤ ਕਰਕੇ ਇਤਨੀ ਵੱਡੀ ਮਾਤਰਾ ਵਿਚ ਕਣਕ ਪੈਦਾ ਕੀਤੀ ਹੈ ਪਰ ਉਨ੍ਹਾਂ ਨੂੰ ਉਤਸ਼ਾਹ ਦੇਣ ਲਈ, ਬੋਨਸ ਦੇਣ ਲਈ ਇਸ ਮਾਮਲੇ ਤੇ ਸਰਕਾਰ ਕਿਉਂ ਢਿਲ ਕਰ ਰਹੀ ਹੈ ? ਕੁਝ ਦਿਨ ਹੋਏ ਇਹ ਬਿਆਨ ਛਪਿਆ ਸੀ ਕਿ 26 ਕਰੋੜ ਰੁਪਿਆ ਬੋਨਸ ਦੇ ਤੌਰ ਤੇ ਕਿਸਾਨਾਂ ਨੂੰ ਦਿਤਾ ਜਾਵੇਗਾ । ਇਸ 26 ਕਰੋੜ ਰੁਪਏ ਵਿਚੋਂ 14 ਕਰੋੜ ਰੁਪਿਆ ਕਣਕ ਵਾਲਿਆਂ ਨੂੰ ਅਤੇ 12 ਕਰੋੜ ਰੁਪਿਆ ਚੌਲਾਂ ਵਾਲਿਆਂ ਨੂੰ ਦਿਤਾ ਜਾਵੇਗਾ । ਮੈਂ ਵਜ਼ੀਰ ਸਾਹਿਬ ਤੋਂ ਇਹ ਪਤਾ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਕਿਸਾਨਾਂ ਨੂੰ ਇਨਸੈਂਟਿਵ ਦੇਣ ਲਈ ਸਰਕਾਰ ਉਨ੍ਹਾਂ ਨੂੰ ਬੋਨਸ ਕਿੰਨਾ ਦੇਵੇਗੀ, ਕਦੋਂ ਤਕ ਦੇ ਦੇਵੇਗੀ ਅਤੇ ਕਿਸ ਮਾਤਰਾ ਵਿਚ ਦੇਵੇਗੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਖਸ਼ਾ ਕਰਦੀ ਆਈ ਹੈ । ਗਿਆਨੀ ਜ਼ੈਲ ਸਿੰਘ ਜੀ ਦੀ ਪ੍ਰਧਾਨਗੀ ਹੇਠ ਇਕ ਹਾਈ ਪਾਵਰਡ ਕਮੇਟੀ ਦੀ ਮੀਟਿੰਗ ਮਿਤੀ 23 ਜੂਨ, 1976 ਨੂੰ ਹੋਈ ਸੀ ਅਤੇ ਉਸ ਦੇ ਵਿਚ ਇਕ ਸਬ-ਕਮੇਟੀ ਬਣਾਈ ਗਈ ਹੈ ਜਿਸ ਦੇ ਐਗਰੀਕਲਚਰ ਮਨਿਸਟਰ, ਫਾਈਨਾਂਸ ਮਨਿਸਟਰ, ਡਿਵੈਲਪਮੈਂਟ ਮਨਿਸਟਰ ਅਤੇ ਫੂਡ ਐਂਡ ਸਪਲਾਈ ਮਨਿਸਟਰ ਮੈਂਬਰ ਹਨ । ਉਨ੍ਹਾਂ ਦੀ ਇਕ ਮੀਟਿੰਗ ਮਿਤੀ 20 ਜੁਲਾਈ, 1976 ਨੂੰ ਕਿਸਾਨਾਂ ਨੂੰ ਬੋਨਸ ਦੇਣ ਦੇ ਸਿਲਸਿਲੇ ਵਿਚ ਹੋਈ ਹੈ । ਉਸ ਦੇ ਬਾਅਦ ਪਲੈਨਿੰਗ ਗਰੁਪ ਦੀ ਜਿਸ ਦੇ ਮੈਂਬਰ ਫਾਈਨਾਂਸ ਸੈਕਟਰੀ, ਡਿਵੈਲਪਮੈਂਟ ਸੈਕਟਰੀ ਅਤੇ ਪਲੈਨਿੰਗ ਸੈਕਟਰੀ ਹਨ, ਉਨ੍ਹਾਂ ਦੀ ਮੀਟਿੰਗ ਅੱਜ ਹੋਣੀ ਹੈ । ਇਹ ਸਿਲਸਿਲਾ ਜ਼ੇਰੇ ਗੌਰ ਹੈ । ਕੇਂਦਰੀ ਸਰਕਾਰ ਨੇ ਲਿਖਿਆ ਹੈ ਕਿ ਇਹ ਜਿਹੜਾ ਬੋਨਸ ਮਿਲਦਾ ਹੈ ਇਹ ਖਾਦ ਵਾਸਤੇ ਵੀ ਅਤੇ ਐਗਰੀਕਲਚਰ ਦੇ ਸਾਧਨ ਜਿਹੜੇ ਹਨ ਜਿਵੇਂ ਕਿ ਪੰਪਿੰਗ ਸੈਟ, ਐਨਰਜਾਈਜ਼ਿੰਗ ਆਫ ਟਿਊਬਵੈਲਜ਼ ਆਦਿ ਵਾਸਤੇ ਹੀ ਦੇ ਸਕਦੇ ਹਾਂ, ਇਹ ਪਲੈਨਡ ਸਕੀਮ ਦੇ ਅਗੇਂਸਟ ਇਸਤੇਮਾਲ ਨਹੀਂ ਹੋ ਸਕਦਾ । ਪਲੈਨਿੰਗ ਕਮਿਸ਼ਨ, ਗੌਰਮਿੰਟ ਆਫ ਇੰਡੀਆ ਨੇ ਇਕ ਚਿੱਠੀ ਲਿਖੀ ਹੈ ਕਿ ਜਿਹੜੀ ਪਲੈਨਡ ਸਕੀਮ ਹੈ ਉਨ੍ਹਾਂ ਦੇ ਅਗੇਂਸਟ ਵੀ ਬੋਨਸ ਦਾ ਪੈਸਾ ਇਸਤੇਮਾਲ ਹੋ ਸਕਦਾ ਹੈ । ਸੋ ਇਹ ਸਾਰਾ ਸਿਲਸਿਲਾ ਜ਼ੇਰੇ ਗੌਰ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਇਸ ਗੱਲ ਦਾ ਇਲਮ ਹੋਵੇਗਾ ਕਿ ਕਣਕ ਔਰ ਝੋਨੇ ਦੇ ਬੋਨਸ ਵੰਡਣ ਦੇ ਲਈ ਅਗੇ ਦੋ ਸਿਸਟਮ ਇਸਤੇਮਾਲ ਕੀਤੇ ਗਏ । ਇਕ ਤਾਂ ਕੂਪਨਾਂ ਰਾਹੀਂ ਦਿਤਾ ਗਿਆ ਜਿਸ ਨਾਲ ਕਿ ਕਿਸ਼ਾਨਾਂ ਨੇ ਖਾਦ ਲਈ ਅਤੇ ਪਿਛਲੇ ਵਾਰੀ ਦੂਸਰਾ ਸਿਸਟਮ ਕਰਕੇ ਖਾਦ ਵਿਚ ਸਬਸਿਡੀ ਦਿਤੀ ਗਈ ਅਤੇ ਕਿਹਾ ਗਿਆ ਕਿ ਬੋਨਸ ਖਾਦ ਵਿਚ ਸਬਸਿਡੀ ਦੀ ਸ਼ਕਲ ਵਿਚ ਆ ਜਾਵੇਗਾ । ਮਨਿਸਟਰ ਸਾਹਿਬ ਨੂੰ ਇਸ ਗੱਲ ਦਾ ਵੀ ਇਲਮ ਹੋਵੇਗਾ ਕਿ ਸਬਸਿਡੀ ਵਾਲੀ ਖਾਦ ਕਿਸਾਨਾਂ ਨੂੰ ਮਿਲਦੀ ਨਹੀਂ ਸੀ ਅਤੇ ਉਸ ਦੇ ਨਾਲ ਕਿਸਾਨਾਂ ਵਿਚ ਬੜੀ ਬੇਚੈਨੀ ਹੋਈ ਸੀ ਔਰ ਇਸ ਤਰ੍ਹਾਂ ਕਈਆਂ ਦਾ ਬੋਨਸ ਮਾਰਿਆ ਗਿਆ ਸੀ । ਕੀ ਮਨਿਸਟਰ ਸਾਹਿਬ ਦੱਸਣਗੇ ਕਿ ਹੁਣ ਜਿਹੜਾ ਫੈਸਲਾ ਛੇਤੀ ਕਰਨ ਦਾ ਇਨ੍ਹਾਂ ਨੇ ਵਾਇਦਾ ਕੀਤਾ ਹੈ ਕੀ ਪਿਛਲੇ ਤਜਰਬੇ ਨੂੰ ਸਾਹਮਣੇ ਰਖ ਕੇ ਬੋਨਸ ਦੇਣ ਦਾ ਕੋਈ ਫੈਸਲਾ ਕੀਤਾ ਜਾਵੇਗਾ ਅਤੇ ਐਸੀ ਸ਼ਕਲ ਵਿਚ ਦੇਣਗੇ ਜਿਸ ਦੇ ਨਾਲ ਕਿਸਾਨਾਂ ਨੂੰ ਪਤਾ ਲਗੇ ਕਿ ਬੋਨਸ ਠੀਕ ਰੂਪ ਵਿਚ ਉਨ੍ਹਾਂ ਨੂੰ ਮਿਲ ਰਿਹਾ

Original with;
Punjab Vidhan Sabha
Digitized by;
Panjab Digital Library

ਹੈ । ਜੋ ਪਿਛਲਾ ਤਜਰਬਾ ਹੋਇਆ ਹੈ ਕਿਸਾਨਾਂ ਦੀ ਬੇਹਤਰੀ ਵਾਸਤੇ ਮੇਰਾ ਖਿਆਲ ਹੈ ਕਿ ਸਬਸਿਡੀ ਨਾਲੋਂ ਕੂਪਨ ਬੇਹਤਰ ਸਨ । ਕੀ ਇਸ ਤਜਰਬੇ ਨੂੰ ਸਾਹਮਣੇ ਰਖ ਕੇ ਬੋਨਸ ਕੂਪਨਾਂ ਰਾਹੀਂ ਹੀ ਦਿਤਾ ਜਾਵੇਗਾ ?

**ਰਾਜ ਮੰਤਰੀ :** ਸਪੀਕਰ ਸਾਹਿਬ, ਡਾਂਗ ਸਾਹਿਬ ਦੀ ਇਹ ਸੁਜੈਸ਼ਨ ਹੈ । ਇਹ ਹਾਈ ਪਾਵਰਡ ਕਮੇਟੀ ਦੇ ਸਾਹਮਣੇ ਰੱਖ ਦੇਵਾਂਗੇ ਔਰ ਉਸ ਤੇ ਪੂਰਾ ਵਿਚਾਰ ਕੀਤਾ ਜਾਵੇਗਾ ।

**ਚੌਧਰੀ ਦਰਸ਼ਨ ਸਿੰਘ :** ਸਪੀਕਰ ਸਾਹਿਬ, ਜਿਹੜੀ ਸਬਸਿਡੀ ਹੈ ਉਹ ਖਾਦ ਦੀ ਸ਼ਕਲ ਵਿਚ ਨਾ ਦਿਉ ਕਿਉਂਕਿ ਮਾਰਕਫੈਡ ਵਿਚ 7 ਕਰੋੜ ਰੁਪਏ ਦੀ ਖਾਦ ਮਿਟੀ ਹੋਈ ਪਈ ਹੈ, ਉਹ ਸਬਸਿਡੀ ਵਿਚ ਉਹੀ ਚੁਕਾ ਦੇਣਗੇ । ਸਰਕਾਰ ਉਨ੍ਹਾਂ ਨੂੰ ਕੂਪਨ ਦੇਵੇ ਤਾਂ ਕਿ ਜਿਹੜੀ ਖਾਦ ਦੀ ਉਨ੍ਹਾਂ ਨੂੰ ਲੋੜ ਹੈ ਅਤੇ ਜਿਥੋਂ ਲੋੜ ਹੈ ਉਥੋਂ ਚੁਕਣ, ਉਨ੍ਹਾਂ ਨੂੰ ਫੋਰਸ ਨਾ ਕੀਤਾ ਜਾਵੇ ।

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਤਾਂ ਮੈਂ ਹਾਲੇ ਕੁਝ ਨਹੀਂ ਦਸਿਆ ਕਿ ਕੀ ਫੈਸਲਾ ਹੋਇਆ ਹੈ । ਇਹ ਸੁਜੈਸ਼ਨਜ਼ ਕਮੇਟੀ ਦੇ ਸਾਹਮਣੇ ਰੱਖੀਆਂ ਜਾਣਗੀਆਂ ।

**ਸਰਦਾਰ ਗੁਰਦੇਵ ਸਿੰਘ ਬਖ਼ਸ਼ੀਵਾਲਾ :** ਸਪੀਕਰ ਸਾਹਿਬ, ਬਾਬੂ ਜਗਜੀਵਨ ਰਾਮ ਦਾ ਬਿਆਨ ਕਣਕ ਦੇ ਬਾਰੇ ਵਿਚ ਅਉਂਦਾ ਰਹਿੰਦਾ ਹੈ । ਕੀ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਆਇਆ ਹੈ ਕਿ ਸਾਡੀਆਂ ਪੰਜਾਬ ਦੀਆਂ ਮੰਡੀਆਂ ਵਿਚ ਕਣਕ ਬਹੁਤ ਆ ਰਹੀ ਹੈ ਔਰ ਸਰਕਾਰ ਖਰੀਦ ਨਹੀਂ ਰਹੀ । ਕੀ ਇਸ ਦੀ ਕੋਈ ਪੜਤਾਲ ਕਰਵਾਈ ਹੈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਬਖ਼ਸ਼ੀਵਾਲਾ ਜੀ ਦੀ ਟੈਲੀਗ੍ਰਾਮ ਆਈ ਸੀ, ਇਨਕੁਆਇਰੀ ਕੀਤੀ ਗਈ ਅਤੇ ਵੇਖਿਆ ਗਿਆ ਕਿ ਕਣਕ ਗਿਲੀ ਸੀ ਅਤੇ ਰੇਨ-ਅਫੈਕਟਿਡ ਸੀ। 29.71 ਲੱਖ ਟਨ ਵਿਚੋਂ 29.20 ਲੱਖ ਟਨ ਪੰਜਾਬ ਸਰਕਾਰ ਨੇ ਮੰਡੀਆਂ ਵਿਚੋਂ ਖ਼ਰੀਦੀ ਹੈ । ਸਰਕਾਰ ਖਰੀਦ ਕਰ ਰਹੀ ਹੈ । ਜਿਹੜੀ ਸੱਬ ਸਟੈਂਡਰਡ ਹੈ ਉਸ ਦੇ ਲਈ ਅੱਡ ਤਰੀਕਾਕਾਰ ਹੈ ।

**ਚੌਧਰੀ ਕਾਂਸ਼ੀ ਰਾਮ :** ਸਪੀਕਰ ਸਾਹਿਬ, ਉਥੇ ਮਨਾਪਲੀ ਬਣਾ ਰਖੀ ਹੈ । ਕਦੇ ਕਹਿ ਦਿੰਦੇ ਹਨ ਕਿ ਰੇਨ ਅਫੈਕਟਿਡ ਹੈ, ਕਦੇ ਸੱਬ ਸਟੈਂਡਰਡ ਦਸ ਦਿੰਦੇ ਹਨ । ਜੋ ਮਾਲ ਕਿਸਾਨ ਦੇ ਕੋਲ ਹੈ ਉਹ ਮੰਡੀ ਵਿਚ ਲੈ ਆਉਂਦਾ ਹੈ ਪਰ ਉਥੇ ਕੋਈ ਖਰੀਦਦਾ ਨਹੀਂ । ਇਨ੍ਹਾਂ ਨੇ ਕੋਈ ਚਿੱਠੀ ਮਹਿਕਮੇ ਨੂੰ ਇਸ਼ੂ ਕੀਤੀ ਹੈ । ਮੈਂ ਕਹਿੰਦਾ ਹਾਂ ਕਿ ਮਹਿਕਮੇ ਵਾਲਿਆਂ ਨੇ ਪਰਚੇਜ਼ ਤੇ ਮਨਾਪਲੀ ਬਣਾਈ ਹੋਈ ਹੈ । ਉਨ੍ਹਾਂ ਦੀ ਹਰ ਜਿਨਸ ਨੂੰ ਖਰੀਦਣ ਦੀ ਡਿਊਟੀ ਹੈ ਫਿਰ ਖਰੀਦੀ ਕਿਉਂ ਨਹੀਂ ਜਾਂਦੀ ?

**ਰਾਜ ਮੰਤਰੀ :** ਜਿਹੜੀ ਰੇਨ ਅਫੈਕਟਿਡ ਹੈ ਉਸ ਤੇ ਕਟ ਲਗਾ ਕੇ ਖ਼ਰੀਦਾਂਗੇ, ਜਿਹੜੀ ਗਿਲੀ ਹੈ ਉਹ ਸੁਕਾ ਕੇ ਲੈ ਆਉਣ, ਜ਼ਰੂਰ ਖਰੀਦੀ ਜਾਏਗੀ ।

**ਸਰਦਾਰ ਦਰਬਾਰਾ ਸਿੰਘ :** ਸਪੀਕਰ ਸਾਹਿਬ, ਜਿਹੜੀ ਕਣਕ ਹੁਣ ਮੰਡੀਆਂ ਵਿਚ ਆਉਂਦੀ ਹੈ ਇਹ ਉਨ੍ਹਾਂ ਕਿਸਾਨਾਂ ਦੀ ਹੈ ਜਿਹੜੇ ਕੁਝ ਚਿਰ ਕਣਕ ਆਪਣੇ ਕੋਲ ਰੱਖ ਸਕਦੇ ਸਨ । ਇਸ ਲਈ ਇਨਵੇਰੀਏਬਲੀ ਉਹ ਚੰਗੀ ਕੁਆਲਿਟੀ ਦੀ ਕਣਕ ਹੈ । ਜਿਹੜੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਬਾਰਾ ਸਿੰਘ]

ਛੋਟੇ ਛੋਟੇ ਅਫਸਰ ਉਥੇ ਹਨ ਉਹ ਕੁਝ ਵੱਧ ਪੈਸੇ ਲੈਣ ਦੀ ਖਾਤਰ ਕਣਕ ਨੂੰ ਕਦੇ ਗਿਲੀ ਕਹਿ ਦਿੰਦੇ ਹਨ, ਕਦੇ ਰੇਨ ਅਫੈਕਟਿਡ ਕਹਿ ਦਿੰਦੇ ਹਨ। ਕੀ ਵਜ਼ੀਰ ਸਾਹਿਬ ਕੋਈ ਉਚੇਚਾ ਸਕੁਐਡ ਬਣਾ ਕੇ ਇਸ ਦੀ ਰੋਕਥਾਮ ਵਾਸਤੇ ਕੋਈ ਕਦਮ ਉਠਾਉਣ ਨੂੰ ਤਿਆਰ ਹਨ ?

**ਰਾਜ ਮੰਤਰੀ :** ਜਿਹੜਾ ਆਮ ਛੋਟਾ ਕਿਸਾਨ ਹੈ ਉਹ ਤਾਂ ਆਪਣੇ ਭੰਡਾਰ ਵਿਚ ਕਣਕ ਰਖ ਹੀ ਨਹੀਂ ਸਕਦਾ, ਉਹ ਤਾਂ ਕਣਕ ਉਸੇ ਵੇਲੇ ਮੰਡੀ ਵਿਚ ਲਿਆ ਕੇ ਵੇਚ ਦਿੰਦਾ ਹੈ। ਇਸ ਵਾਰੀ ਦਾ ਤਾਂ ਇਹ ਰਿਕਾਰਡ ਹੈ ਕਿ ਦਸ ਦਸ ਲੱਖ ਟਨ ਕਣਕ ਰੋਜ਼ ਮੰਡੀਆਂ ਵਿਚ ਆਉਂਦੀ ਰਹੀ ਹੈ ਅਤੇ ਗੌਰਮਿੰਟ ਖ਼ਰੀਦ ਕਰਦੀ ਰਹੀ ਹੈ। ਜਿਹੜੀ ਹੁਣ ਵੱਡੇ ਕਿਸਾਨ ਦੀ ਆ ਰਹੀ ਹੈ ਜੇ ਖਰਾਬ ਨਾ ਹੋਵੇ ਤਾਂ ਅਸੀਂ ਖਰੀਦ ਲੈਂਦੇ ਹਾਂ।

**ਕਾਮਰੇਡ ਅਰਜਨ ਸਿੰਘ ਮਸਤਾਨਾ :** ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਸਾਡਾ ਜਿਹੜਾ ਹੜ੍ਹ ਦਾ ਮਾਰਿਆ ਇਲਾਕਾ ਹੈ ਤਰਨ ਤਾਰਨ ਅਤੇ ਪੱਟੀ ਦਾ ਉਨ੍ਹਾਂ ਨੇ ਜਿਹੜੇ ਥੋੜ੍ਹੇ ਬਹੁਤੇ ਦਾਣੇ ਰਖੇ ਸੀ ਉਹ ਹੁਣ ਵੇਚਣ ਲਈ ਮਜਬੂਰ ਹੋ ਗਏ ਹਨ ਪਰ ਮੰਡੀਆਂ ਵਿਚ ਕੋਈ ਖਰੀਦਦਾ ਨਹੀਂ, ਉਨ੍ਹਾਂ ਦੀ ਹਾਲਤ ਬੜੀ ਖਰਾਬ ਹੈ। ਕੀ ਵਜ਼ੀਰ ਸਾਹਿਬ ਕੋਈ ਹੁਕਮ ਭੇਜ ਕੇ ਉਨ੍ਹਾਂ ਦੀ ਜਿਨਸ ਖ਼ਰੀਦਣ ਦਾ ਪ੍ਰਬੰਧ ਕਰਨਗੇ ?

**ਰਾਜ ਮੰਤਰੀ :** ਸਾਡੀਆਂ ਹਦਾਇਤਾਂ ਆਲਰੇਡੀ ਹਨ। ਅਗਰ ਕੋਈ ਖ਼ਾਸ ਕੇਸ ਮੈਂਬਰ ਸਾਹਿਬ ਨੋਟਿਸ ਵਿਚ ਲਿਆਉਣਗੇ ਤਾਂ ਜ਼ਰੂਰ ਪੜਤਾਲ ਕਰਾਵਾਂਗੇ।

**ਸ਼੍ਰੀ ਪਰਤਾਪ ਚੰਦ ਭੰਡਾਰੀ :** ਇਹ ਜਿਹੜੇ ਤਿੰਨ ਜ਼ਿਲ੍ਹੇ ਫਲੱਡ ਅਫ਼ੈਕਟਿਡ ਹਨ ਕੀ ਇਨ੍ਹਾਂ ਨੂੰ ਵਜ਼ੀਰ ਸਾਹਿਬ ਕੋਈ ਖ਼ਾਸ ਸਹੂਲਤ ਇਸ ਬਾਰੇ ਵਿਚ ਦੇਣਗੇ ?

**ਰਾਜ ਮੰਤਰੀ :** ਇਸ ਬਾਰੇ ਅਸੀਂ ਗੌਰ ਕਰ ਰਹੇ ਹਾਂ ਅਤੇ ਜਲਦੀ ਫ਼ੈਸਲਾ ਕਰਾਂਗੇ।

**ਸ਼੍ਰੀ ਸਰਦਾਰੀ ਲਾਲ ਕਪੂਰ :** ਕੀ ਮਨਿਸਟਰ ਸਾਹਿਬ ਨੂੰ ਵਾਕਫ਼ੀਅਤ ਹੈ ਕਿ ਜਿਹੜੀਆਂ ਮੰਡੀਆਂ ਵਿਚ ਬੋਰੀਆਂ ਭਰੀਆਂ ਜਾਂਦੀਆਂ ਹਨ, ਅਗੇ ਜਾ ਕੇ ਉਨ੍ਹਾਂ ਬੋਰੀਆਂ ਦੇ ਵਜ਼ਨ ਘੱਟ ਹੋ ਜਾਂਦੇ ਹਨ ਅਤੇ ਜਿਹੜੀਆਂ ਬੋਰੀਆਂ ਹੁੰਦੀਆਂ ਹਨ ਉਹ ਵੀ ਦੂਸਰਿਆਂ ਨਾਲੋਂ ਨਾਕਸ ਹੁੰਦੀਆਂ ਹਨ। ਇਸ ਦੇ ਨਾਲ ਇਹ ਵੀ ਹੁੰਦਾ ਹੈ ਕਿ ਜਿਹੜੀ ਕਣਕ ਕਿਸਾਨ ਤੋਂ ਖਰੀਦੀ ਜਾਂਦੀ ਹੈ ਉਹ ਬੋਰੀ ਦੇ ਵਜ਼ਨ ਤੋਂ ਇਲਾਵਾ ਹੁੰਦੀ ਹੈ ਫਿਰ ਜਿਹੜਾ ਵਜ਼ਨ ਹੈ ਉਹ ਕਿਉਂ ਘੱਟ ਨਿਕਲਦਾ ਹੈ। ਕੀ ਇਸ ਬਾਰੇ ਕੋਈ ਇਨਕੁਆਇਰੀ ਕੀਤੀ ਹੈ ਕਿ ਇਸ ਤਰ੍ਹਾਂ ਕਿਉਂ ਹੋਇਆ ਹੈ ?

**ਰਾਜ ਮੰਤਰੀ :** ਇਸ ਬਾਰੇ, ਸਪੀਕਰ ਸਾਹਿਬ, ਇਹ ਸੈਪਰੇਟ ਨੋਟਿਸ ਦੇ ਦੇਣ ਮੈਂ ਜਵਾਬ ਦੇ ਦਿਆਂਗਾ।

**ਸਰਦਾਰ ਸਾਧੂ ਸਿੰਘ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਕਣਕ ਪਿਛਲੇ ਦਿਨਾਂ ਦੀ ਵਿਕੀ ਹੈ ਉਸ ਤੇ ਬੋਨਸ ਕਿੰਨਾ ਮਿਲਿਆ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ**: ਇਸ ਸਾਲ ਦੇ ਬੋਨਸ ਦਾ ਹਿਸਾਬ ਇਹ ਹੈ ਕਿ ਜਿਹੜੀ ਪਹਿਲੀ 14 ਲੱਖ ਟਨ ਹੈ ਉਸ ਤੇ ਦੋ ਰੁਪਏ, ਅਗਲੇ 7 ਲਖ ਤੇ 5 ਰੁਪਏ ਅਤੇ ਉਸ ਤੋਂ ਅਗਲੇ ਸੱਤ ਲੱਖ ਟਨ ਤੇ 7 ਰੁਪਏ ਹੈ। ਉਸ ਤੋਂ ਵੱਧ ਜਿਹੜੀ ਹੈ ਉਸ ਤੇ ਦਸ ਰੁਪਏ। ਇਸ ਤਰ੍ਹਾਂ ਕੁਲ 12 ਕਰੋੜ 48 ਲੱਖ ਰੁਪਏ ਬਣਦੇ ਹਨ।

**ਚੌਧਰੀ ਕਾਂਸ਼ੀ ਰਾਮ**: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਮਸਤਾਨਾ ਜੀ ਦੇ ਸਵਾਲ ਦੇ ਜਵਾਬ ਵਿਚ ਕਿਹਾ ਹੈ ਕਿ ਨੋਟਿਸ ਵਿਚ ਲਿਆਉਣਗੇ ਤਾਂ ਜ਼ਰੂਰ ਪੜਤਾਲ ਕਰਾਂਗੇ। ਮੈਂ ਕਹਿੰਦਾ ਹਾਂ ਕਿ ਹੜ੍ਹਾਂ ਦੇ ਮਾਰੇ ਲੋਕਾਂ ਦੇ ਪਿਛੇ ਵਸੂਲੀ ਕਰਨ ਲਈ ਬੈਂਕਾਂ ਵਾਲੇ ਆਪਣੀਆਂ ਜੀਪਾਂ ਲਈ ਫਿਰਦੇ ਹਨ। ਜ਼ਿਮੀਂਦਾਰਾਂ ਦੀ ਕਣਕ ਮੰਡੀ ਵਿਚੋਂ ਕੋਈ ਖਰੀਦ ਨਹੀਂ ਕਰਦਾ। ਹੋਰ ਕਿਹੜਾ ਤਰੀਕਾ ਨੋਟਿਸ ਵਿਚ ਲਿਆਉਣ ਦਾ ਹੈ ਜਿਹੜਾ ਸਰਕਾਰ ਕਹਿ ਰਹੀ ਹੈ ?

**ਰਾਜ ਮੰਤਰੀ**: ਸਪੀਕਰ ਸਾਹਿਬ, ਹੜ੍ਹ ਪੀੜਤ ਇਲਾਕੇ ਬਾਰੇ ਮੈਂ ਪਹਿਲਾਂ ਕਿਹਾ ਸੀ ਕਿ ਜਲਦੀ ਪ੍ਰਬੰਧ ਕਰ ਦਿਆਂਗੇ।

**ਸ਼੍ਰੀ ਸਪੀਕਰ** : ਜੋ ਕੁਝ ਵੀ ਸੈਣੀ ਸਾਹਿਬ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । ਸੈਣੀ ਸਾਹਿਬ, ਤੁਸੀਂ ਬੈਠ ਜਾਉ । ਸਰਦਾਰ ਪ੍ਰੇਮ ਸਿੰਘ ਪ੍ਰੇਮ ਤੋਂ ਬਾਅਦ ਬੋਲ ਲੈਣਾ ।

**ਸ਼੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਉਥੇ 150 ਘਰ ਹਰੀਜਨਾਂ ਦੇ ਉਜਾੜੇ ਜਾ ਰਹੇ ਹਨ, ਤੁਸੀਂ ਕਹਿੰਦੇ ਹੋ ਬੋਲੋ ਨਾ । ਉਨ੍ਹਾਂ ਨੂੰ ਜਗ੍ਹਾ ਦਿੱਤੀ ਜਾਣੀ ਚਾਹੀਦੀ ਹੈ ।

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਸੈਣੀ ਸਾਹਿਬ, ਤੁਸੀਂ ਬੈਠ ਜਾਉ ।

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਉਥੇ 200 ਬੰਦੇ ਪੁਲਿਸ ਦੇ ਨਾਲ ਗਏ ।

**ਸ੍ਰੀ ਸਪੀਕਰ** : ਤੁਸੀਂ ਗਰਾਂਟਸ ਤੇ ਬੋਲ ਲੈਣਾ । ਇਹ ਤਰੀਕਾ ਬੋਲਣ ਦਾ ਠੀਕ ਨਹੀਂ ।

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਇਹ ਕੁਝ ਐਸੇ ਕੇਸਿਜ਼ ਹਨ ਜਿਹੜੇ ਕਿ ਨਜਾਇਜ਼ ਲੋਕ ਉਥੇ ਬੈਠੇ ਹਨ । ਮੈਂ ਵੇਖ ਰਿਹਾ ਹਾਂ ਜੇ ਰੂਲਜ਼ ਦੇ ਮੁਤਾਬਿਕ ਉਨ੍ਹਾਂ ਦੀ ਇਲੀਜੀਬਿਲਟੀ ਬਣਦੀ ਹੋਈ ਤਾਂ ਉਨ੍ਹਾਂ ਨੂੰ ਜ਼ਰੂਰ ਬਿਠਾਇਆ ਜਾਵੇਗਾ ।

**ਸ੍ਰੀ ਗੁਰਦਿਆਲ ਸੈਣੀ** : ਫਿਲਹਾਲ ਤਾਂ ਉਨ੍ਹਾਂ ਨੂੰ ਰੋਕ ਦਿੱਤਾ ਜਾਵੇ ।

**Mr. Speaker** : This is not according to the Rules. You should not obstruct the proceedings.

(*At this stage some Members rose to speak*)

**Mr. Speaker** : Please help me to maintain the decorum and dignity of the House. I would like to request you......

**Comrade Raj Kumar** : I was first to rise, please listen to me.

**Mr. Speaker** : Is it a point of order ?

**Comrade Raj Kumar** : No, Sir, I want to speak on Demand No. 38.

**Mr. Speaker** : You may speak after Sardar Prem Singh Prem.

**ਸਰਦਾਰ ਪ੍ਰੇਮ ਸਿੰਘ ਪ੍ਰੇਮ** ; (ਰਾਏਪੁਰ) ਸਪੀਕਰ ਸਾਹਿਬ, ਮੈਂ ਡੀਮਾਂਡ ਨੰ: 5 ਤੇ ਬੋਲਣਾ ਹੈ ਜਿਸ ਦੇ ਲਈ ਮੈਂ ਇੰਡੀਕੇਟ ਕਰ ਰਿਹਾ ਹਾਂ ।

ਸਪੀਕਰ ਸਾਹਿਬ, ਇਹ ਤਾਂ ਲੋਕਾਂ ਨੂੰ ਪਤਾ ਹੀ ਹੈ ਕਿ ਪੰਜਾਬ ਵਿਚ ਲੋਕਾਂ ਦਾ ਫਲੱਡਾਂ ਦੇ ਨਾਲ ਬਹੁਤ ਭਾਰੀ ਨੁਕਸਾਨ ਹੋਇਆ ਹੈ ਅਤੇ ਉਸ ਵਾਸਤੇ ਸਰਕਾਰ ਨੇ 10 ਕਰੋੜ ਰੁਪਿਆ ਮੰਗਿਆ ਹੈ ਜਿਸ ਨੂੰ ਕਿ ਹਾਊਸ ਨੇ ਮਨਜ਼ੂਰੀ ਦੇਣੀ ਹੈ ਅਤੇ ਅਸੀਂ ਇਹ ਦੇਵਾਂਗੇ । ਪਿਛੇ ਹੇਲ ਸਟਾਰਮ ਨਾਲ ਲੋਕਾਂ ਦੀਆਂ ਫਸਲਾਂ ਬਰਬਾਦ ਹੋ ਗਈਆਂ ਸਨ, ਇਸ ਬਾਰੇ ਮੈਂ ਇਕ ਅਰਜ਼ ਸਰਕਾਰ ਨੂੰ ਕਰਨੀ ਚਾਹੁੰਦਾ ਹਾਂ । ਜਿਹੜਾ ਰੁਪਿਆ ਸਰਕਾਰ ਨੇ ਉਨ੍ਹਾਂ ਲਈ ਦਿਤਾ ਉਹ ਰੁਪਿਆ ਉਨ੍ਹਾਂ ਨੂੰ ਛੇਤੀ ਛੇਤੀ ਡਿਪਟੀ ਕਮਿਸ਼ਨਰਾਂ ਨੇ ਵੰਡਿਆ । ਹੁਣੇ ਹੀ ਇਕ ਸਵਾਲ ਦੇ ਜਵਾਬ ਵਿਚ ਮੈਂ ਸਪਲੀਮੈਂਟਰੀ ਕਰਨਾ ਚਾਹੁੰਦਾ ਸੀ ਪਰ ਮੈਨੂੰ ਮੌਕਾ ਨਹੀਂ ਮਿਲਿਆ । ਪਰ ਉਸ ਸਵਾਲ ਦੇ ਜਵਾਬ ਵਿਚ ਵਜ਼ੀਰ ਸਾਹਿਬ ਨੇ ਮੰਨਿਆ ਹੈ ਕਿ ਉਨ੍ਹਾਂ ਪੀੜ੍ਹਤਾਂ ਲਈ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਅਤੇ ਉਹ ਰੁਪਿਆ ਛੇਤੀ ਹੀ ਹੇਲ ਸਟਾਰਮ ਅਫੈਕਟਡ ਲੋਕਾਂ ਵਿਚ ਵੰਡਿਆ ਜਾਵੇਗਾ ਅਤੇ ਕੁਝ ਵੰਡਿਆ ਗਿਆ

Original with;
Punjab Vidhan Sabha
Digitized by;
Panjab Digital Library

ਹੈ । ਇਹ ਰੁਪਿਆ ਜੋ ਉਨ੍ਹਾਂ ਦਾ ਨਾਰਮ ਸੀ 300 ਰੁਪਏ ਏਕੜ ਦੇ ਹਿਸਾਬ ਨਾਲ, ਉਹ ਦਿਤਾ ਗਿਆ ਹੈ । ਇਸ ਸਿਲਸਿਲੇ ਵਿਚ ਮੈਂ ਇਕ ਅਰਜ਼ ਕਰਨੀ ਹੈ ਕਿ ਡਿਪਟੀ ਕਮਿਸ਼ਨਰਾਂ ਨੇ ਹਦਾਇਤਾਂ ਤਾਂ ਨਹੀਂ ਵੰਡਣੀਆਂ ਉਨ੍ਹਾਂ ਨੇ ਤਾਂ ਰੁਪਿਆ ਵੰਡਣਾ ਹੈ । ਜਿਹੜਾ ਰੁਪਿਆ ਸਰਕਾਰ ਨੇ ਉਨ੍ਹਾਂ ਨੂੰ ਦਿੱਤਾ ਸੀ ਉਹ ਤਾਂ ਉਨ੍ਹਾਂ ਨੇ ਵੰਡ ਦਿੱਤਾ ਹੈ । ਹੁਣ ਜਦੋਂ ਤਕ ਉਨ੍ਹਾਂ ਕੋਲ੍ਹ ਹੋਰ ਰੁਪਿਆ ਨਾ ਆ ਜਾਵੇ ਉਹ ਵੰਡ ਨਹੀਂ ਸਕਦੇ । ਮੈਨੂੰ ਫ਼ਾਈਨਾਂਸ ਦੇ ਮਾਮਲੇ ਵਿਚ ਸਰਕਾਰ ਦੀਆਂ ਮੁਸ਼ਕਲਾਂ ਦਾ ਵੀ ਪਤਾ ਹੈ । ਪਰ ਮੇਰੀ ਅਰਜ਼ ਇਹ ਹੈ ਕਿ ਜੋ ਗਿਰਦਾਵਰੀਆਂ ਕਰਨ ਤੋਂ ਬਾਅਦ ਫੈਸਲਾ ਹੋਇਆ ਹੈ ਉਸ ਦੇ ਮੁਤਾਬਿਕ ਕੁਝ ਪਿੰਡਾਂ ਨੂੰ ਤਾਂ ਰੁਪਿਆ ਵੰਡਿਆ ਗਿਆ ਹੈ ਪਰ ਹਾਲੇ ਬਾਕੀ ਕਈ ਪਿੰਡ ਰਹਿੰਦੇ ਹਨ ਜਿਥੇ ਕਿ ਇਹ ਰੁਪਿਆ ਨਹੀਂ ਵੰਡਿਆ ਗਿਆ ਅਤੇ ਜਿੰਨੇ ਤੱਕ ਉਨ੍ਹਾਂ ਨੂੰ ਇਹ ਰੁਪਿਆ ਦਿੱਤਾ ਨਹੀਂ ਜਾਂਦਾ ਉਹ ਵਿਚਾਰੇ ਆਉਣ ਵਾਲੀ ਫਸਲ ਦੀ ਬਿਜਾਈ ਨਹੀਂ ਕਰ ਸਕਦੇ । ਜਦੋਂ ਅਸੀਂ ਉਥੇ ਜਾਂਦੇ ਹਾਂ ਤਾਂ ਉਹ ਸਾਨੂੰ ਪੁਛਦੇ ਹਨ ਪਰ ਅਸੀਂ ਉਨ੍ਹਾਂ ਨੂੰ ਕੋਈ ਜਵਾਬ ਨਹੀਂ ਦੇ ਸਕਦੇ ।

(ਇਸ ਵੇਲੇ ਕਈ ਮੈਂਬਰ ਸਾਹਿਬਾਨ ਆਪਸ ਵਿਚ ਬੈਠੇ ਬੈਠੇ ਗੱਲਾਂ ਕਰ ਰਹੇ ਸਨ)

**ਸ੍ਰੀ ਸਪੀਕਰ** : ਜੇ ਆਨਰੇਬਲ ਮੈਂਬਰਜ਼ ਨੇ ਕੋਈ ਗਲ ਬਾਤ ਕਰਨੀ ਹੈ ਤਾਂ ਉਹ ਲਾਬੀ ਵਿਚ ਤਸ਼ਰੀਫ ਲੈ ਜਾਣ । ਹਾਉਸ ਦੇ ਡੈਕੋਰਮ ਨੂੰ ਮੇਨਟੇਨ ਕੀਤਾ ਜਾਵੇ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿਨ੍ਹਾਂ ਪਿੰਡਾਂ ਵਿਚ ਪੈਸੇ ਨਹੀਂ ਵੰਡੇ ਗਏ ਉਨ੍ਹਾਂ ਨੂੰ ਜਲਦੀ ਹੀ ਪੈਸੇ ਦੇਣੇ ਚਾਹੀਦੇ ਹਨ ਤਾਕਿ ਇਹ ਡਿਸਕਰੀਮੀਨੇਸ਼ਨ ਨਾ ਹੋ ਜਾਵੇ । ਇਸ ਲਈ ਰੈਵਨਿਊ ਮਨਿਸਟਰ ਸਾਹਿਬ ਤੋਂ ਇਹ ਆਸ ਕਰਦਾ ਹਾਂ ਕਿ ਉਹ ਇਹ ਰੁਪਿਆ ਡਿਪਟੀ ਕਮਿਸ਼ਨਰਾਂ ਨੂੰ 2 ਹਫਤੇ ਦੇ ਅੰਦਰ ਅੰਦਰ ਜ਼ਰੂਰ ਭੇਜ ਦੇਣਗੇ ਤਾਂਕਿ ਇਹ ਰੁਪਿਆ ਉਨ੍ਹਾਂ ਪਿੰਡਾਂ ਵਿਚ, ਜਿਹੜੇ ਕਿ ਰਹਿ ਗਏ ਹਨ, ਵੰਡਿਆ ਜਾ ਸਕੇ । ਨਹੀਂ ਤਾਂ ਉਨ੍ਹਾਂ ਦੇ ਦਿਲਾਂ ਵਿਚ ਬੜੀ ਬੇਚੈਨੀ ਵੱਧੇਗੀ ਜਿਹੜੀ ਕਿ ਇਸ ਵੇਲੇ ਹੈ ।

ਨੰਬਰ ਦੋ-ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਫਲੱਡਜ਼ ਦੇ ਨਾਲ ਇਸ ਵਾਰ ਅੰਮ੍ਰਿਤਸਰ, ਗੁਰਦਾਸਪੁਰ, ਫ਼ਿਰੋਜ਼ਪੁਰ ਵਿਚ ਤਾਂ ਨੁਕਸਾਨ ਹੋਇਆ ਹੈ ਪਰ ਪਟਿਆਲੇ ਵਿਚ ਵੀ ਫਲੱਡਾਂ ਨੇ ਬਹੁਤ ਨੁਕਸਾਨ ਕੀਤਾ ਹੈ । ਅੰਮ੍ਰਿਤਸਰ ਅਤੇ ਹੋਰ ਜ਼ਿਲ੍ਹਿਆਂ ਦੇ ਬਾਰੇ ਤਾਂ ਉਥੋਂ ਦੇ ਮੈਂਬਰ ਸਾਹਿਬਾਨ ਦਸੱਣਗੇ ਪਰ ਪਟਿਆਲੇ ਦੇ ਮੁਤਾਲਿਕ ਮੈਂ ਅਰਜ਼ ਕਰਨੀ ਚਾਹੁੰਦਾ ਹਾਂ । ਪਟਿਆਲੇ ਜ਼ਿਲ੍ਹੇ ਵਿਚ ਦਰਿਆ ਘੱਗਰ, ਦਰਿਆ ਟਾਂਗਰੀ ਅਤੇ ਦਰਿਆ ਮਾਰਕੰਡਾ ਨੇ ਬਹੁਤ ਭਾਰੀ ਨੁਕਸਾਨ ਕੀਤਾ ਹੈ ਔਰ ਸਭ ਤੋਂ ਵੱਧ ਉਨ੍ਹਾਂ ਲੋਕਾਂ ਨੂੰ ਨੁਕਸਾਨ ਹੋਇਆ ਹੈ ਜੋ ਟਾਂਗਰੀ ਅਤੇ ਮਾਰਕੰਡੇ ਦੇ ਨਾਲ ਲਗਦੇ ਪਿੰਡਾਂ ਦੇ ਵਿਚ ਰਹਿਣ ਵਾਲੇ ਹਨ । ਉਹ ਪਿੰਡ ਹਰਿਆਣੇ ਦੇ ਬਾਰਡਰ ਤੇ ਪੈਂਦੇ ਹਨ । ਪਿਛਲੇ ਸਾਲ ਰੈਵਨਿਊ ਮਨਿਸਟਰ ਸਾਹਿਬ ਨੇ ਇਹ ਇਲਾਕਾ ਵੇਖਿਆ ਸੀ ਜਿਸ ਵੇਲੇ ਇਥੇ ਫਲੱਡ ਆਇਆ ਹੋਇਆ ਸੀ ਜਿਸ ਵੇਲੇ ਹੜ੍ਹ ਆਉਂਦੇ ਹਨ ਤਾਂ ਇਨ੍ਹਾਂ ਪਿੰਡਾਂ ਦੇ ਲੋਕਾਂ ਕੋਲ ਕੋਈ ਰਸਤਾ ਨਹੀਂ ਹੁੰਦਾ ਕਿ ਉਹ ਇਧਰ ਪਟਿਆਲੇ ਆ ਸਕਣ । ਜੇ ਕਿਸੇ ਔਰਤ ਦੀ ਡਿਲੀਵਰੀ ਹੋਣੀ ਹੁੰਦੀ ਹੈ ਜਾਂ ਕਿਸੇ ਨੂੰ ਕੋਈ ਹੋਰ ਮਜ਼ਬੂਰੀ ਨਾਲ ਇਧਰ ਆਉਣਾ ਹੋਵੇ ਤਾਂ ਉਹ ਇਧਰ ਨਹੀਂ ਆ ਸਕਦੇ ਸਿਵਾਏ ਕਿਸ਼ਤੀ ਦੇ । ਇਕ ਕਿਸ਼ਤੀ ਹੈ 25, 30 ਪਿੰਡਾਂ ਵਾਸਤੇ, ਜਿਸ ਨਾਲ ਉਨ੍ਹਾਂ ਨੂੰ ਬੜੀ ਮੁਸ਼ਕਲ ਆਉਂਦੀ ਹੈ । ਜੇ ਕਿਸੇ ਨੂੰ ਪੈਸੇ ਦੀ ਲੋੜ ਹੋਵੇ ਅਤੇ ਉਸ ਦੇ ਘਰ ਕੋਈ ਦਾਣੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰੇਮ ਸਿੰਘ ਪ੍ਰੇਮ]

ਬਚੇ ਪਏ ਹੋਣ ਅਤੇ ਉਹ ਉਨ੍ਹਾਂ ਨੂੰ ਵੇਚਣਾ ਚਾਹੇ ਤਾਂ ਉਸ ਕੋਲ ਰਸਤਾ ਨਹੀਂ ਹੁੰਦਾ ਕਿ ਉਹ ਮੰਡੀ ਤਕ ਆਕੇ ਦਾਣੇ ਨੂੰ ਵੇਚ ਸਕੇ ਜੇ ਉਹ ਉਧਰ ਹਰਿਆਣੇ ਵਲ ਜਾਣ ਤਾਂ ਹਰਿਆਣੇ ਦੀ ਪੁਲਿਸ ਉਨ੍ਹਾਂ ਨੂੰ ਵੇਖਦੀ ਹੈ ਤਾਂ ਗਿਰਫਤਾਰ ਕਰ ਲੈਂਦੀ ਹੈ। ਇਸ ਤਰ੍ਹਾਂ ਉਨ੍ਹਾਂ ਦੀ ਹਾਲਤ ਬੜੀ ਦਿਗਰਗੂੰ ਹੈ।

ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਚੀਫ ਮਨਿਸਟਰ ਦੀ ਮੇਹਰਬਾਨੀ ਨਾਲ ਫਲੱਡ ਕੰਟਰੋਲ ਦੀ ਮੀਟਿੰਗ ਵਿਚ ਪਟਿਆਲੇ ਜ਼ਿਲ੍ਹੇ ਵਿਚ ਕੁਝ ਪੁਲ ਬਣਾਉਣ ਦਾ ਫੈਸਲਾ ਹੋਇਆ ਸੀ। ਪਰ ਮੈਨੂੰ ਅਫਸੋਸ ਹੈ ਕਿ ਜਿਹੜੇ ਪੁਲ ਬਣਾਉਣ ਦਾ ਫੈਸਲਾ ਹੋਇਆ ਸੀ ਉਹ 2 ਸਾਲ ਤੋਂ ਪੈਂਡਿੰਗ ਪਏ ਹਨ ਪਰ ਉਸ ਤੇ ਕੋਈ ਅਮਲ ਨਹੀਂ ਹੋਇਆ।

ਅਗਰ ਉਹ ਬਣਾਏ ਜਾਂਦੇ ਤਾਂ ਇਹ ਫਲੱਡ ਵੀ ਰੁਕ ਜਾਂਦੇ। ਦਰਿਆ ਆਪੋ ਆਪਣੇ ਰਸਤੇ ਜਾਂਦੇ। ਇਕ ਟਾਂਗਰੀ ਤੇ ਬੰਧ ਸੀ ਅਤੇ ਇਕ ਮਾਰਕੰਡਾ ਤੇ ਬੰਧ ਸੀ। ਅਗਰ ਦੋਨੋ ਬੰਧ ਬੰਧੇ ਜਾਂਦੇ ਤਾਂ ਇਸ ਵੇਗਰੀ ਤੋਂ ਪੰਜਾਬ ਬਚ ਸਕਦਾ ਸੀ। ਹੁਣ ਹਾਲਤ ਇਹ ਹੈ ਕਿ ਜਿਸ ਰਾਹ ਤੋਂ ਇਧਰ ਲੋਕ ਆ ਸਕਦੇ ਹਨ ਉਥੇ ਪੁਲ ਨਹੀਂ ਹੈ, ਉਹ ਆ ਨਹੀਂ ਸਕਦੇ, ਦਰਿਆ ਨੂੰ ਕਰਾਸ ਕਰਨਾ ਪੈਂਦਾ ਹੈ ਔਰ ਹਰਿਆਣੇ ਵਾਲੇ ਪਾਸੇ ਨੂੰ ਉਹ ਜਾ ਨਹੀਂ ਸਕਦੇ। ਐਤਕੀਂ ਘੱਗਰ ਦਰਿਆ ਨੇ ਬਹੁਤ ਜ਼ਿਆਦਾ ਨੁਕਸਾਨ ਕੀਤਾ ਹੈ ਔਰ ਮੈਨੂੰ ਮੌਕਾ ਮਿਲਿਆ ਹੈ ਇਨ੍ਹਾਂ ਪਿੰਡਾਂ ਨੂੰ ਵੇਖਣ ਦਾ। ਜਿਤਨੇ ਵੀ ਪਿੰਡ ਘੱਗਰ ਦੇ ਕੰਢੇ ਉਤੇ ਹਨ, ਸਪੱਰਜ਼ ਹੋਣ ਦੇ ਬਾਵਜੂਦ ਵੀ ਉਨ੍ਹਾਂ ਪਿੰਡਾਂ ਦਾ ਬੜਾ ਹੀ ਭਾਰੀ ਨੁਕਸਾਨ ਹੋਇਆ ਹੈ ਔਰ ਉਹ ਆਬਾਦੀ ਖ਼ਤਰੇ ਵਿਚ ਹੈ। ਇਸ ਲਈ ਹਰ ਤਰ੍ਹਾਂ ਦੇ ਰੀਲੀਫ ਮਯਅਰਜ਼ ਉਥੇ ਇਮੀਜੀਏਟਲੀ ਦੇਣੇ ਚਾਹੀਦੇ ਹਨ। ਜਿਥੇ ਤਕ ਉਨ੍ਹਾਂ ਪਿੰਡਾਂ ਦਾ ਸਵਾਲ ਹੈ ਉਨ੍ਹਾਂ ਨੂੰ ਕੋਈ ਚੀਜ਼ ਨਹੀਂ ਪੁੱਜ ਸਕਦੀ। ਨਾ ਉਹ ਇਧਰ ਆ ਸਕਦੇ ਹਨ ਔਰ ਨਾ ਹੀ ਉਧਰ ਹਰਿਆਣੇ ਵਲ ਜਾ ਸਕਦੇ ਹਨ। ਇਸ ਲਈ ਮੈਂ ਦੋ ਅਰਜ਼ਾਂ ਕਰਾਂਗਾ। ਇਕ ਤਾਂ ਇਹ ਹੈ ਕਿ ਫੌਰੀ ਤੌਰ ਤੇ ਜੋ ਵੀ ਗੌਰਮਿੰਟ ਨੇ ਨਾਰਮ ਰੱਖਿਆ ਹੈ ਰੀਲੀਫ ਦੇਣ ਦਾ ਭਾਵੇਂ ਬਹੁਤ ਹੀ ਥੋੜ੍ਹਾ ਹੈ ਪਰ ਉਹ ਛੇਤੀ ਉਨ੍ਹਾਂ ਤਕ ਪਹੁੰਚਾਇਆ ਜਾਵੇ। ਦੋ ਕਰੋੜ ਰੁਪਿਆ ਇਨ੍ਹਾਂ ਨੇ ਰੱਖਿਆ ਹੈ ਮੌਜੂਦਾ ਹਾਲਤ ਨੂੰ ਮੀਟ ਕਰਨ ਵਾਸਤੇ ਲੇਕਿਨ ਹੁਣ ਤਕ ਸਿਰਫ ਦੋ ਲੱਖ 30 ਹਜ਼ਾਰ ਹੀ ਡਿਸਟਰੀਬਿਊਟ ਕੀਤਾ ਗਿਆ ਹੈ ਔਰ ਜੇਕਰ ਇਸ ਰਫਤਾਰ ਨਾਲ ਹੀ ਡਿਸਟਰੀਬਿਊਟ ਕੀਤਾ ਜਾਵੇ ਤਾਂ ਉਹ ਲੋਕ ਨਾ ਤਾਂ ਡੰਗਰਾਂ ਨੂੰ ਚਾਰਾ ਪਾ ਸਕਣਗੇ ਔਰ ਨਾ ਹੀ ਆਪ ਕੁਝ ਖਾ ਸਕਣਗੇ। ਉਨ੍ਹਾਂ ਲੋਕਾਂ ਨੇ ਤੰਬੂ ਲਗਾਏ ਹੋਏ ਹਨ ਔਰ ਉਨ੍ਹਾਂ ਦੀ ਬੁਰੀ ਹਾਲਤ ਹੈ। ਇਸ ਵਾਸਤੇ ਅਰਜ਼ ਕਰਾਂਗਾ ਕਿ ਫੌਰੀ ਤੌਰ ਤੇ ਰੀਲੀਫ ਭੇਜਿਆ ਜਾਵੇ ਔਰ ਨਾਲ ਹੀ ਨਾਲ ਉਨ੍ਹਾਂ ਪਾਸ ਰਾਸ਼ਨ ਪਹੁੰਚਾਉਣ ਵਾਸਤੇ ਫੌਰੀ ਕਦਮ ਚੁੱਕਣੇ ਚਾਹੀਦੇ ਹਨ ਤਾਕਿ ਉਨ੍ਹਾਂ ਨੂੰ ਰਾਸ਼ਨ ਮਿਲ ਸਕੇ ਕਿਉਂਕਿ ਉਹ ਲੋਕ, ਜਿਸ ਤਰ੍ਹਾਂ ਕਿ ਮੈਂ ਪਹਿਲਾਂ ਅਰਜ਼ ਕੀਤੀ ਹੈ, ਨਾ ਤਾਂ ਇਧਰ ਆ ਜਾ ਸਕਦੇ ਹਨ ਅਤੇ ਨਾ ਹੀ ਉਧਰ ਜਾ ਸਕਦੇ ਹਨ। ਉਥੇ ਰਾਸ਼ਨ ਦੀ ਬੜੀ ਲੋੜ ਹੈ। ਉਨ੍ਹਾਂ ਦੀ ਬਹੁਤ ਭੈੜੀ ਹਾਲਤ ਹੈ। ਮੈਨੂੰ ਆਸ ਹੈ ਕਿ ਸਰਕਾਰ ਉਨ੍ਹਾਂ ਦੀ ਮੱਦਦ ਕਰਨ ਵਾਸਤੇ ਛੇਤੀ ਤੋਂ ਛੇਤੀ ਕਾਰਵਾਈ ਕਰੇਗੀ।

**ਕਾਮਰੇਡ ਰਾਜ ਕੁਮਾਰ (ਧਾਰੀਵਾਲ) :** ਸਪੀਕਰ ਸਾਹਿਬ, ਮੈਂ ਡਿਮਾਂਡ ਨੰ: 38 ਤੇ ਬੋਲਣਾ ਹੈ। ਤੁਸੀਂ ਜਾਣਦੇ ਹੋ ਕਿ ਜਿਹੜੀ ਕੁਦਰਤੀ ਆਫਤ ਨੇ ਪੰਜਾਬ ਦੇ ਦੋ ਸੌ ਸਾਲ ਦੀ ਪਿਛਲੀ ਤਰੀਖ ਵਿਚ ਅਤੇ ਇਸ ਸਾਲ ਜੋ ਤਬਾਹੀ ਮਚਾਈ ਹੈ ਉਹ ਇਸ

Original with;
Punjab Vidhan Sabha
Digitized by;
Panjab Digital Library

ਵਾਰ ਇਸ ਕਰਕੇ ਨਹੀਂ ਮਚੀ ਕਿ ਦਰਿਆਵਾਂ ਵਿਚ ਪਾਣੀ ਬਹੁਤ ਆਇਆ ਹੈ। ਸਪੀਕਰ ਸਾਹਿਬ, ਪਿਛਲੇ ਸਾਲ ਸਾਢੇ ਪੰਜ ਲੱਖ ਕਿਊਸਿਕ ਦੇ ਕਰੀਬ ਮਾਧੋਪੁਰ ਤੋਂ ਰਾਵੀ ਦਾ ਪਾਣੀ ਲੰਘਿਆ ਔਰ ਹੁਣ ਉਸ ਦੇ ਮੁਕਾਬਲੇ ਵਿਚ ਲੱਖ ਡੇਢ ਲੱਖ ਕਿਊਸਿਕ ਪਾਣੀ ਵੀ ਰਾਵੀ ਤੋਂ ਨਹੀਂ ਗੁਜ਼ਰਿਆ ਲੇਕਿਨ ਜੋ ਤਬਾਹੀ ਦਾ ਨਜ਼ਾਰਾ ਪੰਜਾਬ ਵਿਚ ਵੇਖਣ ਵਿਚ ਆਇਆ ਹੈ ਔਰ ਜੋ ਪੰਜਾਬ ਵਿਚ ਹਾਹਾਕਾਰ ਮਚੀ ਹੈ ਉਹ ਅਗੇ ਕਦੇ ਨਹੀਂ ਸੀ ਮਚੀ। ਪੰਜਾਬ ਗੌਰਮਿੰਟ ਨੇ ਸਟੇਟਮੈਂਟ ਵੀ ਦਿੱਤਾ ਹੈ। ਅੱਜ ਸਾਡੇ ਸਾਹਮਣੇ ਕੁਝ ਚੀਜ਼ਾਂ ਉਭਰ ਕੇ ਆ ਗਈਆਂ ਹਨ। ਅਸੀਂ ਪਿਛਲੇ ਵੀਹ ਸਾਲ ਵਿਚ ਕੋਈ ਲੱਗ ਭਗ 52 ਕਰੋੜ ਰੁਪਿਆ ਖਰਚਣ ਤੋਂ ਬਾਅਦ ਵੀ ਨਾ ਤਾਂ ਪੰਜਾਬ ਨੂੰ ਫਲੱਡ ਦੀ ਮਾਰ ਤੋਂ ਬਚਾ ਸਕਦੇ ਹਾਂ ਔਰ ਨਾ ਹੀ ਅਸੀਂ ਇਥੋਂ ਤਕ ਪਹੁੰਚ ਸਕੇ ਹਾਂ ਕਿ ਫਲੱਡ ਪਰੋਨ ਹੋ ਜਾਈਏ। ਸਪੀਕਰ ਸਾਹਿਬ, ਪਿਛਲੇ ਦਿਨਾਂ ਵਿਚ ਸਾਡੀ ਵਿਧਾਨ ਸਭਾ ਦੀ ਪਬਲਿਕ ਅਕਾਊਂਟਸ ਕਮੇਟੀ ਦੀ 25ਵੀਂ ਰਿਪੋਰਟ ਦਾ ਜਾਇਜ਼ਾ ਲੈਂਦੇ ਹੋਏ ਹਿੰਦੁਸਤਾਨ ਦੇ ਮਸ਼ਹੂਰ ਅਖਬਾਰ 'ਬਲਿਟਜ਼' ਨੇ ਇਹ ਗੱਲ ਕਹੀ ਹੈ ਕਿ ਸਨ 1950-55 ਦੇ ਵਿਚ ਪੰਜਾਬ ਵਿਚ 36.66 ਲੱਖ ਏਕੜ ਏਰੀਆ ਫਲੱਡ ਪਰੋਨ ਸੀ ਔਰ 52 ਕਰੋੜ ਰੁਪਿਆ ਖਰਚਣ ਤੋਂ ਬਾਅਦ ਵੀ ਉਹ ਏਰੀਆ ਉਤਨੇ ਦਾ ਉਤਨਾ ਹੀ ਰਿਹਾ ਹੈ। ਹੁਣ ਪੰਜਾਬ ਵਿਚ ਇਹ ਸਵਾਲ ਉਠ ਰਿਹਾ ਹੈ ਕਿ ਰੁਪਿਆ ਖਰਚ ਹੋਇਆ ਸੀ, ਠੀਕ ਹੋਇਆ ਸੀ ਜਾਂ ਗਲਤ ਹੋਇਆ ਸੀ ? ਇਸ ਦੇ ਨਾਲ ਹੀ ਇਹ ਵੀ ਸਵਾਲ ਉਠ ਰਿਹਾ ਹੈ ਕਿ ਇਤਨਾ ਰੁਪਿਆ ਖਰਚ ਕਰਨ ਤੋਂ ਬਾਅਦ ਅਗਰ ਪੰਜਾਬ ਨੂੰ ਫਲੱਡਜ਼ ਤੋਂ ਨਹੀਂ ਬਚਾਇਆ ਜਾ ਸਕਦਾ ਤਾਂ ਜਿਹੜਾ ਸਟਰਕਚਰ ਹੈ, ਜਿਹੜਾ ਕਿ ਇਸ ਨੂੰ ਡੀਲ ਕਰਦਾ ਹੈ ਉਹ ਮੁਨਾਸਿਬ ਵੀ ਹੈ ਜਾਂ ਨਹੀਂ। ਸਪੀਕਰ ਸਾਹਿਬ, ਇਹ ਇਨ੍ਹਾਂ ਦੀ ਪੀ.ਏ. ਸੀ. ਦੀ 25ਵੀਂ ਰਿਪੋਰਟ ਹੈ। ਇਸ ਵਿਚ ਤਿੰਨ ਚਾਰ ਚੀਜ਼ਾਂ ਬੜੀਆਂ ਉਭਰ ਕੇ ਕਹੀਆਂ ਗਈਆਂ ਹਨ ਔਰ ਮੈਂ ਉਨ੍ਹਾਂ ਦਾ ਜ਼ਿਕਰ ਕਰਨਾ ਚਾਹਵਾਂਗਾ। ਸਪੀਕਰ ਸਾਹਿਬ, ਮੈਂ ਡੀਟੇਲ ਵਿਚ ਇਸ ਕਰਕੇ ਜਾ ਰਿਹਾ ਹਾਂ ਕਿਉਂਕਿ ਮੈਂ ਖੁਦ ਵੀ ਫਲੱਡਜ਼ ਦਾ ਸਤਾਇਆ ਹੋਇਆ ਐਮ. ਐਲ. ਏ. ਹਾਂ ਜਿਸ ਦਾ ਇਲਾਕਾ ਦਰਿਆਵਾਂ ਦੇ ਪਾਣੀ ਦੀ ਮਾਰ ਹੇਠ ਆਇਆ ਹੈ ਔਰ ਮੈਨ-ਮੇਡ ਡਰੇਨਜ਼ ਜਿਹੜੀਆਂ ਹਨ ਉਨ੍ਹਾਂ ਦੇ ਪਾਣੀ ਨਾਲ ਬਹੁਤ ਤਬਾਹੀ ਹੋਈ ਹੈ। ਇਹ ਅਨਪ੍ਰੈਸੀਡੈਂਟਿਡ ਤਬਾਹੀ ਸੀ। ਇਸ ਕਰਕੇ ਤੁਸੀਂ ਮੁਆਫ ਕਰੋਗੇ ਜੇਕਰ ਮੈਂ ਕੁਝ ਤਲਖੀ ਤੋਂ ਵੀ ਕੰਮ ਲਵਾਂ ਔਰ ਕੋਈ ਕੋੜਾ ਸ਼ਬਦ ਵੀ ਕਹਿ ਜਾਵਾਂ। ਲੇਕਿਨ ਮੈਂ ਕੜਵੀ ਹਕੀਕਤ ਰੱਖਣ ਤੋਂ ਸੰਕੋਚ ਨਹੀਂ ਕਰ ਸਕਦਾ। ਸਪੀਕਰ ਸਾਹਿਬ, ਅਸੀਂ ਥੀਨ ਡੈਮ ਦਾ ਬੜਾ ਜ਼ਿਕਰ ਕਰਦੇ ਰਹੇ ਹਾਂ ਲੇਕਿਨ ਜਿਸ ਤਰ੍ਹਾਂ ਹੁਣ ਤਬਾਹੀ ਹੋਈ ਹੈ, ਥੀਨ ਡੈਮ ਬਣਨ ਤੋਂ ਬਾਅਦ ਵੀ ਰਵੱਈਆ ਇਹੀ ਰਿਹਾ ਤਾਂ ਪੰਜਾਬ ਦਾ ਕੀ ਬਣੇਗਾ ? ਅੱਜ ਸੋਚਣਾ ਪੈ ਰਿਹਾ ਹੈ ਕਿ ਥੀਨ ਡੈਮ ਬਣਨ ਤੋਂ ਬਾਅਦ ਵੀ ਆਇਆ ਪੰਜਾਬ ਨੂੰ ਹੜ੍ਹਾਂ ਤੋਂ ਬਚਾਇਆ ਜਾ ਸਕੱਦਾ ਹੈ ਜਾਂ ਨਹੀਂ। ਪੀ. ਏ. ਸੀ. ਦੀ ਰਿਪੋਰਟ ਹੈ। ਇਸ ਵਿਚ ਚਾਰ ਪੰਜ ਗੱਲਾਂ ਉਭਰ ਕੇ ਕਹੀਆਂ ਗਈਆਂ ਹਨ। ਇਨ੍ਹਾਂ ਗੱਲਾਂ ਵਿਚੋਂ ਪਹਿਲੀ ਗੱਲ ਇਹ ਹੈ ਕਿ ਜਿਤਨੀਆਂ ਵੀ ਸਕੀਮਾਂ ਬਣਾਈਆਂ ਜਾਂਦੀਆਂ ਹਨ ਉਹ ਸਕੀਮਾਂ ਇਨਵੇਰੀਏਬਲੀ ਅਨਸਾਊਂਡ ਹੁੰਦੀਆਂ ਹਨ। ਅਨਸਾਊਂਡ ਕਿਸ ਤਰ੍ਹਾਂ ? ਨਾ ਤਾਂ ਉਨ੍ਹਾਂ ਦੀ ਟੈਕਨੀਕਲ ਅਪਰੂਵਲ ਸੈਂਟਰ ਤੋਂ ਔਰ ਨਾ ਹੀ ਟੈਕਨੀਕਲ ਅਪਰੂਵਲ ਪੰਜਾਬ ਦੇ ਫਲੱਡ ਕੰਟਰੋਲ ਬੋਰਡ ਤੋਂ ਲਈ ਜਾਂਦੀ ਹੈ। ਇਹ ਸਕੀਮਾਂ ਹੀ ਅਨਸਾਊਂਡ ਨਹੀਂ ਹੁੰਦੀਆਂ ਬਲਕਿ ਜਿਹੜੇ ਕੰਮ ਹੁੰਦੇ ਹਨ ਉਹ ਠੀਕ ਨਹੀਂ ਹੁੰਦੇ, ਕਾਂਟਰੈਕਟ ਬ੍ਰੀਚ ਹੁੰਦਾ ਹੈ ਔਰ ਇਸ ਰਿਪੋਰਟ ਵਿਚ ਇਹ ਚੀਜ਼ ਬੜੀ ਉਭਰ ਕੇ ਸਾਹਮਣੇ ਆਈ ਹੈ ਕਿ ਕਾਂਟਰੈਕਟਰ ਕੰਮ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਲੈਂਦੇ ਹਨ ਔਰ ਅੱਧ ਵਿਚ ਕੰਮ ਛੱਡ ਕੇ ਤੁਰ ਜਾਂਦੇ ਹਨ ਔਰ ਨਾ ਕੀਤੇ ਹੋਏ ਕੰਮਾਂ ਦੀਆਂ ਪੇਮੈਂਟਾਂ ਲੈ ਜਾਂਦੇ ਹਨ । 31 ਲੱਖ ਸੀ. ਐਫ. ਟੀ. ਮਿੱਟੀ ਦਾ ਕੰਮ ਕੀਤਾ ਔਰ ਜਦੋਂ ਚੈਕ ਕੀਤਾ ਗਿਆ ਤਾਂ ਪਤਾ ਲਗਿਆ ਕਿ ਕੰਮ ਸਿਰਫ 16 ਲੱਖ ਸੀ. ਐਫ. ਟੀ. ਹੋਇਆ ਹੈ । ਸੋ ਕਾਂਟਰੈਕਟਰ ਇਹ ਵੀ ਕੰਮ ਕਰਦੇ ਹਨ । ਫਿਰ ਲਥਾਰਜੀ ਦੀ ਇਨਤਹਾ ਹੋ ਚੁਕੀ ਹੈ । ਫਲੱਡਜ਼ ਨੂੰ ਵੇਖਣ ਵਾਸਤੇ ਕੋਈ ਛੇ ਦੇ ਕਰੀਬ ਸੰਨ 61 ਵਿਚ ਇਨਸਟਰੂਮੈਂਟਸ ਮੰਗਵਾਏ ਗਏ । ਜਨਵਰੀ ਵਿਚ ਇਹ ਇੰਸਟਰੂਮੈਂਟਸ ਆਏ । ਮੁਆਫ ਕਰਨਾ ਜੀ, ਇਹ ਅਪ੍ਰੈਲ ਵਿਚ ਆਏ । ਸਤੰਬਰ ਵਿਚ ਪੇਪਰਜ਼ ਉਨ੍ਹਾਂ ਦੇ ਪਹੁੰਚੇ ਔਰ ਸੰਨ 1967 ਵਿਚ ਉਨ੍ਹਾਂ ਨੂੰ ਰੀਲੀਜ਼ ਕਰਵਾਇਆ ਗਿਆ ਔਰ ਡੈਮਰੇਜ ਪੇ ਕੀਤਾ ਗਿਆ ਔਰ ਜਦੋਂ ਵੇਖਿਆ ਗਿਆ ਤਾਂ ਅੱਧੇ ਅਫਸਰਾਂ ਨੇ ਕਿਹਾ ਕਿ ਇਹ ਕੰਮ ਨਹੀਂ ਕਰ ਸਕਦੇ ਔਰ ਅਧਿਆਂ ਨੇ ਕਿਹਾ ਕਿ ਕਰ ਸਕਦੇ ਹਨ । ਹੁਣ ਹਾਲਤ ਇਹ ਹੈ ਕਿ ਕਰੋੜਾਂ ਰੁਪਏ ਖਰਚ ਕਰਕੇ ਵੀ ਇਹ ਇਨਸਟਰੂਮੈਂਟਸ ਬੇਕਾਰ ਪਏ ਹਨ । ਇਸ ਤਰ੍ਹਾਂ ਵੇਸਟੇਜ ਔਫ ਮਨੀ ਹੁੰਦੀ ਹੈ । ਲਥਾਰਜੀ ਦੀ ਇਨਤਹਾ ਹੋ ਗਈ ਹੈ ਅਤੇ 25ਵੀਂ ਰਿਪੋਰਟ ਇਨ੍ਹਾਂ ਵਲ ਉਭਰ ਪਈ ਹੈ ਕਿ ਮਹਿਕਮੇਂ ਵਿਚ ਇੰਮਬੈਜ਼ਲਮੈਂਟ ਔਰ ਫਰਾਡ ਹੁੰਦੇ ਹਨ ਔਰ ਉਹ ਹਜ਼ਾਰਾਂ ਨਹੀਂ ਲੱਖਾਂ ਵੀ ਨਹੀਂ ਬਲਕਿ ਕਰੋੜਾਂ ਰੁਪਏ ਦਾ ਹੁੰਦਾ ਹੈ । ਅਗਰ ਇਹ ਸਿਲਸਲਾ ਜਾਰੀ ਰਹੇ, ਕੰਮ ਕਰਨ ਦੇ ਢੰਗ ਇਹੀ ਹੋਣ ਤਾਂ ਅਸੀਂ ਕਿਵੇਂ ਇਸ ਗੱਲ ਦਾ ਯਕੀਨ ਕਰ ਸਕਦੇ ਹਾਂ ਕਿ ਆਉਣ ਵਾਲੇ ਸਮੇਂ ਦੇ ਵਿਚ ਪੰਜਾਬ ਦਾ ਵਾਟਰ ਲਾਗਡ ਏਰੀਆ ਜ਼ਿਆਦਾ ਨਹੀਂ ਬਣੇਗਾ ਔਰ ਫਲੱਡਜ਼ ਨਹੀਂ ਆਉਣਗੇ ਔਰ ਲੋਕ ਸੇਫ ਹੋਣਗੇ । ਸਪੀਕਰ ਸਾਹਿਬ, ਮੈਂ ਤੁਹਾਡਾ ਇਸ ਗੱਲ ਵਲ ਧਿਆਨ ਦਿਵਾਉਣਾਂ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦਾ ਲਗਭਗ ਅੱਧਾ ਜ਼ਿਲ੍ਹਾ, ਗੁਰਦਾਸਪੁਰ ਦਾ ਤੀਸਰਾ ਹਿੱਸਾ, ਫੀਰੋਜ਼ਪੁਰ ਅਤੇ ਫਰੀਦਕੋਟ ਦਾ ਕਾਫ਼ੀ ਨੁਕਸਾਨ ਇਸ ਫਲੱਡ ਕਰਕੇ ਹੋਇਆ ਹੈ ਅਤੇ ਪਾਣੀ ਨਾਲ ਘਿਰਿਆ ਹੋਇਆ ਹੈ । ਇਸ ਦੇ ਨਾਲ ਬੜੀ ਬੁਰੀ ਤਰ੍ਹਾਂ ਤਬਾਹੀ ਹੋਈ ਹੈ । ਇਹ ਤਬਾਹੀ ਮੇਰੇ ਖ਼ਿਆਲ ਦੇ ਮੁਤਾਬਿਕ ਇਸ ਕਰਕੇ ਹੋਈ ਹੈ ਕਿਉਂਕਿ ਜਿਨ੍ਹਾਂ ਡਰੇਨਜ਼ ਦਾ ਇਹ ਜ਼ਿਕਰ ਕਰਦੇ ਹਨ ਇਹ ਹਨ ਜ਼ਰੂਰ, ਸਪੀਕਰ ਸਾਹਿਬ, ਪਰ ਇਹ ਸਿਰਫ ਕਾਗਜ਼ਾਂ ਦੇ ਵਿਚ ਹਨ । ਉਥੇ ਜਾਕੇ ਵੇਖੋ ਤਾਂ ਹੀ ਪਤਾ ਲਗ ਸਕਦਾ ਹੈ । ਇਨ੍ਹਾਂ ਨੇ ਦੋ ਤਰ੍ਹਾਂ ਦੇ ਸੈਕਟਰ ਰੱਖੇ ਹੋਏ ਹਨ । ਇਕ ਤਾਂ ਪਬਲਿਕ ਸੈਕਟਰ ਦਾ ਹੈ ਅਤੇ ਦੂਜਾ ਪ੍ਰਾਈਵੇਟ ਸਕਟਰ ਦਾ ਹੈ । ਹੁਣ ਪ੍ਰਾਈਵੇਟ ਸੈਕਟਰ ਅਤੇ ਪਬਲਿਕ ਸੈਕਟਰ ਦੀ ਇਕਨਾਮੀਕਲੀ ਤਾਂ ਗੱਲ ਸਾਡੇ ਸਮਝ ਆਉਂਦੀ ਹੈ ਪਰ ਇਸ ਦੇ ਕੀ ਅਵਗੁਣ ਅਤੇ ਗੁਣ ਹਨ ਇਹ ਤੁਹਾਨੂੰ ਵੀ ਪਤਾ ਹੈ । ਪਰ ਜਿਹੜੀਆਂ ਸਟੈਚੂਟਰੀ ਅਤੇ ਵਲੰਟੈਰਿਲੀ ਡਰੇਨਜ਼ ਲੋਕਾਂ ਨੇ ਫਲੱਡਜ਼ ਤੋਂ ਜ਼ਮੀਨਾਂ ਬਚਾਉਣ ਲਈ ਬਣਾਈਆਂ ਹਨ ਉਨ੍ਹਾਂ ਡਰੇਨਾਂ ਤੋਂ ਪਾਣੀ ਬਾਹਰ ਚਲਾ ਗਿਆ । ਸਪੀਕਰ ਸਾਹਿਬ, ਸਾਰੇ ਪੰਜਾਬ ਦੇ ਵਿਚ ਵਲੰਟੈਰਿਲੀ ਡਰੇਨਜ਼ ਨੂੰ ਬਣਾਉਣ ਲਈ ਇਨ੍ਹਾਂ ਨੇ ਲੋਕਾਂ ਨੂੰ ਕਿਹਾ ਅਤੇ ਲੋਕਾਂ ਨੇ ਕਾਫੀ ਆਪਣਾ ਯੋਗਦਾਨ ਪਾਇਆ ਹੈ । ਪਰ ਮਹਿਕਮੇ ਵਾਲੇ ਵੀ ਤਾਂ ਕੁਝ ਕਰਨ । ਬਾਕੀ ਜਿਹੜੀਆਂ ਸਟੈਚੂਟਰੀ ਡਰੇਨਜ਼ ਬਣਾਈਆਂ ਹਨ ਇਨ੍ਹਾਂ ਵਿਚ ਸਪੀਕਰ ਸਾਹਿਬ ਡਿਪਾਰਟਮੈਂਟ ਨੇ ਬੜੀ ਇਨਐਫੀਸ਼ੈਂਸੀ, ਲਾਪਰਵਾਹੀ ਦਾ ਸਬੂਤ ਦਿੱਤਾ ਹੈ । ਉਹ ਡਰੇਨਜ਼ ਪਾਣੀ ਨੂੰ ਪੂਰੀ ਤਰ੍ਹਾਂ ਖਿਚ ਹੀ ਨਹੀਂ ਸਕਦੀਆਂ । ਉਨ੍ਹਾਂ ਦਾ ਆਊਟ ਫਾਲ ਜਿਹੜਾ ਹੈ ਭਾਵੇਂ ਅਗਲੀ ਡਰੇਨ ਵਿਚ ਪੈਂਦਾ ਹੈ ਭਾਵੇਂ ਦਰਿਆ ਵਿਚ ਜਾਂ ਕਿਸੇ ਵੱਡੀ ਡੇਰਨ ਵਿਚ ਜਾਂ ਛੋਟੀ ਡਰੇਨ ਵਿਚ

Original with;
Punjab Vidhan Sabha
Digitized by;
Panjab Digital Library

ਜਾਂਦਾ ਹੈ । ਪਿਛਲੇ 20-25 ਸਾਲਾਂ ਦੇ ਵਿਚ ਇਨ੍ਹਾਂ ਡਰੇਨਜ਼ ਦਾ ਨੈਚੁਰਲ ਸੁਆਇਲ ਦਾ ਲੈਵਲ ਉਥੇ ਤਕ ਚਲਾ ਗਿਆ ਹੈ ਕਿ ਇਹ ਹੁਣ ਪੂਰੀ ਤਰ੍ਹਾਂ ਠੀਕ ਕੰਮ ਨਹੀਂ ਕਰਦੀਆਂ । ਜਦ ਪੁੱਟ ਕੇ ਵੇਖੀਏ ਤਾਂ ਪਤਾ ਲਗਦਾ ਹੈ । ਜਦੋਂ ਤਕ ਇਹ ਡਰੇਨਜ਼ ਪਾਣੀ ਨਹੀਂ ਖਿਚ ਸਕਦੀਆਂ ਇਸ ਦੇ ਨਾਲ, ਸਪੀਕਰ ਸਾਹਿਬ, ਮੇਰੇ ਇਲਾਕੇ ਵਿਚ 1.50 ਲੱਖ ਰੁਪਏ ਲਗਾ ਕੇ ਡਰੇਨੇਜ਼ ਡੀਪਾਰਟਮੈਂਟ ਨੇ ਪੁਲ ਬਣਾਇਆ । ਇਹ ਪੁਲ ਪਹਿਲੇ ਇਕ ਡਰੇਨ ਦੇ ਪਾਣੀ ਨੂੰ ਕਵਰ ਕਰਦਾ ਸੀ ਪਰ ਹੁਣ ਇਹ ਤਿੰਨ ਡਰੇਨਜ਼ ਦੇ ਪਾਣੀ ਨੂੰ ਕਵਰ ਕਰਦਾ ਹੈ । ਪਿਛਲੀ ਵਾਰੀ ਇਹ ਪਾਣੀ ਡੇਢ ਮੀਲ ਲੰਬਾਈ ਵਲ ਅਤੇ ਡੇਢ ਮੀਲ ਚੜਾਈ ਵਲ ਬਾਹਰ ਗਿਆ ਸੀ ਅਤੇ ਹੁਣ ਇਸ ਵਾਰ ਫਲੱਡ ਦਾ ਪਾਣੀ 3 ਮੀਲ ਲੰਬਾਈ ਵਲ ਅਤੇ 3 ਮੀਲ ਚੌੜਾਈ ਵਲ ਬਾਹਰ ਗਿਆ ਹੈ । ਸਪੀਕਰ ਸਾਹਿਬ, ਇਸੇ ਤਰ੍ਹਾਂ ਇਕ ਡਰੇਨ ਹੀ ਨਹੀਂ, ਬਲਕਿ ਬਹੁਤ ਸਾਰੀਆਂ ਡਰੇਨਜ਼ ਦੇ ਬਾਰੇ ਕੋਈ ਉਚੇਚੇ ਕਦਮ ਨਹੀਂ ਚੁਕੇ ਹਨ ਭਾਵੇਂ ਅਖਬਾਰਾਂ ਦੇ ਵਿਚ ਖਬਰਾਂ ਦੱਸਦੀਆਂ ਹਨ ਕਿ ਪੰਜਾਬ ਸਰਕਾਰ ਨੇ ਫਲੱਡਜ਼ ਨੂੰ ਬੜੀ ਅੱਛੀ ਤਰ੍ਹਾਂ ਕੰਟਰਲ ਕਰ ਲਿਆ ਹੈ । ਫਲੱਡਜ਼ ਦੀ ਜ਼ਿੰਮੇਵਾਰੀ ਮਹਿਕਮਾ ਡਰੇਨੇਜ ਤੇ ਆਉਂਦੀ ਹੈ । ਫਲੱਡ ਦੇ ਨਾਲ ਜਿਹੜਾ ਨੁਕਸਾਨ ਹੋਇਆ ਹੈ ਇਹ ਜੋ ਤਬਾਹੀ ਹੋਈ ਹੈ ਇਸ ਦੀ ਜ਼ਿੰਮੇਵਾਰੀ ਮਹਿਕਮੇ ਵਾਲਿਆਂ ਦੀ ਹੈ । ਉਨ੍ਹਾਂ ਦੀ ਅਣਗਹਿਲੀ ਕਰਕੇ ਲੋਕਾਂ ਨੂੰ ਤਕਲੀਫ ਉਠਾਣੀ ਪੈ ਰਹੀ ਹੈ ।

ਸਪੀਕਰ ਸਾਹਿਬ, ਇਕ ਹੋਰ ਚੀਜ਼ ਮੈਂ ਦਸਦਾ ਹਾਂ ਕਿ ਮੇਰੇ ਜ਼ਿਲ੍ਹੇ ਵਿਚ ਤਿੰਨ ਡਰੇਗ ਲਾਈਨਾਂ ਲਗਣੀਆਂ ਸਨ । ਪਰ ਇਕ ਡਰੇਗ ਲਾਈਨ ਡੇਢ ਸਾਲ ਤੋਂ ਪੁਲੀਟਿਕਲ ਚਿਕੜ ਵਿਚ ਫਸੀ ਰਹੀ ਹੈ । ਪੁਲੀਟਿਕਲ ਚਿਕੜ ਇਸ ਕਰਕੇ ਕਹਿ ਰਿਹਾ ਹਾਂ ਕਿ ਇਕ ਪੋਲੀਟਿਸ਼ਨ ਕਹਿੰਦਾ ਸੀ ਕਿ ਮੇਰੇ ਫਲਾਣੇ ਵੋਟਰ ਦੀ ਜ਼ਮੀਨ ਦੇ ਵਿਚੋਂ ਡਰੇਗ ਲਾਈਨ ਨਹੀਂ ਲੰਘਣੀ ਚਾਹੀਦੀ ਹੈ ਅਤੇ ਦੂਸਰਾ ਕਹਿੰਦਾ ਸੀ ਕਿ ਫਲਾਣੇ ਦੀ ਜ਼ਮੀਨ ਦੇ ਵਿੱਚੋਂ ਲੰਘਣੀ ਚਾਹੀਦੀ ਹੈ । ਨਤੀਜਾ ਇਹ ਹੋਇਆ ਕਿ ਜ਼ਿਲ੍ਹੇ ਵਿਚ ਤਿੰਨ ਡਰੇਗ ਲਾਈਨਾਂ ਦੇ ਵਿਚੋਂ ਇਕ ਡਰੇਗ ਲਾਈਨ ਦਿਨ ਦੇ ਵਿੱਚ 8 ਘੰਟੇ ਤੋਂ ਵੱਧ ਕੰਮ ਨਹੀਂ ਕਰ ਸਕਦੀ ਹੈ । ਇਤਨੇ ਮੈਨ ਡੇਜ਼ ਲਾਸਟ ਹੋਏ ਹਨ ਪਰ ਕਿਸੇ ਦੀ ਜ਼ਿੰਮੇਵਾਰੀ ਫਿਕਸ ਨਹੀਂ ਕੀਤੀ ਗਈ । ਔਰ ਡਰੇਗ ਲਾਈਨ ਡੇਢ ਸਾਲ ਤਕ ਵੈਸੇ ਹੀ ਰਹੀ ਹੈ । ਡਰੇਗ ਲਾਈਨ ਇਕ ਦਿਨ ਵਿਚ 10 ਫੁੱਟ ਤੋਂ ਅੱਗੇ ਨਹੀਂ ਜਾ ਸਕਦੀ । ਸਪੀਕਰ ਸਾਹਿਬ, ਇਨ੍ਹਾਂ ਨੇ ਇਸ ਪਾਸੇ ਚੰਗੀ ਤਰ੍ਹਾਂ ਧਿਆਨ ਨਹੀਂ ਕੀਤਾ ਜਿਸ ਕਰਕੇ ਐਨਾ ਪਾਣੀ ਆ ਗਿਆ ਹੈ ਅਤੇ ਐਨੀ ਤਬਾਹੀ ਹੋਈ ਹੈ ।

**ਸ਼੍ਰੀ ਸਪੀਕਰ** : ਤੁਸੀਂ ਕਿੰਨਾ ਸਮਾਂ ਹੋਰ ਲਵੋਗੇ ।

**ਕਾਮਰੇਡ ਰਾਜ ਕੁਮਾਰ** : ਮੈਂ 10 ਮਿੰਟ ਹੋਰ ਲਵਾਂਗਾ ਜੀ, ਮੈਂ ਆਪਣੀ ਪਾਰਟੀ ਦੀ ਤਰਫੋਂ ਬੋਲਣਾ ਹੈ । ਇਹ ਜਿਹੜੀਆਂ 3 ਡਰੇਗ ਲਾਈਨਜ਼ ਹਨ ਇਨ੍ਹਾਂ ਦੀ ਮੁਰੰਮਤ ਨਹੀਂ ਹੋ ਸਕਦੀ । ਜੇ ਇਹ ਖਰਾਬ ਹੋ ਜਾਣ ਇਨ੍ਹਾਂ ਦੀ ਮੁਰੰਮਤ ਅੰਬਾਲੇ ਹੋ ਸਕਦੀ ਹੈ ਕਿਉਂਕਿ ਉਸ ਕੰਪਨੀ ਦਾ ਦਫ਼ਤਰ ਉਥੇ ਹੈ । ਇਸ ਲਈ ਮੈਂ ਕਹਿੰਦਾ ਹਾਂ ਕਿ ਇਸ ਪਾਸੇ ਕੁਝ ਵਿਚਾਰ ਕੀਤਾ ਜਾਵੇ ਕਿ ਆਇਆ ਉਹ ਕੰਮ ਕਰਨ ਵਿਚ ਇੰਟਰੈਸਟਡ ਹਨ ਜਾਂ ਨਹੀਂ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਪਹਿਲੀ ਗੱਲ ਇਹ ਕੀਤੀ ਜਾਵੇ ਕਿ ਪੰਜਾਬ ਵਿਚ ਡਰੇਨਾਂ ਨਾ ਸਟੈਚੂਟਰੀ ਅਤੇ ਨਾ ਵਾਲੰਟਰੀ ਬਣਨ, ਡਰੇਨਾਂ ਸਰਕਾਰੀ ਕਰੋ ਔਰ ਇਨ੍ਹਾਂ ਨੂੰ ਮੇਨਟੇਨ ਕਰਨ ਦੀ ਜ਼ਿੰਮੇਵਾਰੀ

Original with;
Punjab Vidhan Sabha
Digitized by;
Panjab Digital Library

[ਕਮਰੇਡ ਰਾਜ ਕੁਮਾਰ]

ਪਾਓ, ਰਿਸਪਾਂਸੀਬਿਲਟੀ ਫਿਕਸ ਕਰੋ । ਉਨ੍ਹਾਂ ਦੀ ਇਨਸਪੈਕਸ਼ਨ ਹੋਵੇ ਅਤੇ ਪਤਾ ਕਰੋ ਕਿ ਉਨ੍ਹਾਂ ਦੀ ਕੀ ਹਾਲਤ ਹੈ । ਆਫਟਰ ਫਲੱਡ ਅਤੇ ਬਿਫੋਰ ਫਲੱਡ ਉਨ੍ਹਾਂ ਦੀ ਕੀ ਹਾਲਤ ਹੈ, ਇਸ ਬਾਰੇ ਪਤਾ ਕਰੋ । ਪਰ ਇਹ ਉਥੇ ਜਾਂਦੇ ਹੀ ਨਹੀਂ ਹਨ । ਉਨ੍ਹਾਂ ਨੂੰ ਇਨਸਪੈਕਟ ਨਹੀਂ ਕਰਦੇ । ਹੁਣ ਇੰਦਰ ਦੇਵਤਾ ਦੀ ਮਿਹਰਬਾਨੀ ਨਾਲ ਇਨ੍ਹਾਂ ਦਾ ਕੰਮ ਸ਼ੁਰੂ ਹੋਇਆ ਹੈ । ਜਦੋਂ ਫਲੱਡ ਆ ਕੇ ਹੱਟ ਜਾਂਦੇ ਹਨ ਫਿਰ ਇਹ ਪੈਸੇ ਖਾਣ ਵਾਸਤੇ ਜਾਂਦੇ ਹਨ । ਪੇਮੈਂਟ ਵੀ ਉਸ ਵੇਲੇ ਹੀ ਸ਼ੁਰੂ ਕਰਦੇ ਹਨ ਜਿਸ ਵੇਲੇ ਫਲੱਡ ਆ ਜਾਂਦੇ ਹਨ ਤਾਕਿ ਕੋਈ ਐਵੀਡੈਂਸ ਨਾ ਰਹੇ । ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜਿਹੜੀਆਂ ਜ਼ਮੀਨਾਂ ਨੂੰ ਡਰੇਨਾਂ ਵਾਸਤੇ ਐਕੁਆਇਰ ਕਰਨ ਦਾ ਸਵਾਲ ਹੈ ਇਹ ਬਹੁਤ ਵੱਡਾ ਮਸਲਾ ਹੈ । ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਹੁਣ ਤਕ ਜਿੰਨਾ ਰੁਪਿਆ ਇਸ ਤੇ ਖਰਚ ਕੀਤਾ ਗਿਆ ਹੈ ਅਤੇ ਜਿੰਨਾ ਨੁਕਸਾਨ ਹੋਇਆ ਹੈ, ਇਹ ਮੈਂ ਸਮਝਦਾ ਹਾਂ ਕਿ ਕਾਫ਼ੀ ਵੱਡੀ ਰਕਮ ਹੈ । 131 ਕਰੋੜ ਰੁਪਏ ਦੀ ਸਾਰੇ ਪੰਜਾਬ ਦੀ ਪ੍ਰਾਪਰਟੀ ਇਸ ਵਿਚ ਜ਼ਾਇਆ ਹੋਈ ਹੈ ।

10-50 ਸਵੇਰ | (ਇਸ ਸਮੇਂ ਸ਼੍ਰੀ ਵਿਸ਼ਵਾ ਮਿੱਤਰ ਸੇਖੜੀ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਚੇਅਰਮੈਨ ਸਾਹਿਬ, ਅਗਰ ਇਸੇ ਰਕਮ ਨੂੰ ਉਨ੍ਹਾਂ ਨੂੰ ਮੁਆਵਜ਼ਾ ਦੇਣ ਵਾਸਤੇ ਇਸਤੇਮਾਲ ਕੀਤਾ ਜਾਂਦਾ ਤੇ ਜ਼ਮੀਨ ਐਕੁਆਇਰ ਕਰ ਲੈਂਦੇ ਤਾਂ ਇਹ ਪ੍ਰਾਬਲਮ ਨਾ ਹੁੰਦੀ । ਮੈਂ ਸੁਜੈਸ਼ਨ ਦਿਆਂਗਾ ਕਿ ਜੇ ਤੁਸੀਂ ਇਹ ਨਹੀਂ ਕਰਨਾ ਚਾਹੁੰਦੇ ਤਾਂ ਜਿਵੇਂ ਨਹਿਰਾਂ ਕੱਢੀਆਂ ਹਨ ਉਸ ਤਰ੍ਹਾਂ ਕਰੋ । ਉਨ੍ਹਾਂ ਨੂੰ ਉਨ੍ਹਾਂ ਦਾ ਪੂਰਾ ਮੁਆਵਜ਼ਾ ਦਿਤਾ ਜਾਵੇ ਅਤੇ ਉਨ੍ਹਾਂ ਦਾ ਕਿਸੇ ਕਿਸਮ ਦਾ ਨੁਕਸਾਨ ਨਾ ਹੋਣ ਦਿੱਤਾ ਜਾਵੇ । ਇਸ ਪਾਸੇ ਸਰਕਾਰ ਨੂੰ ਉਚੇਚੇ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ ।ਚੇਅਰਮੈਨ ਸਾਹਿਬ, ਇਕ ਮੈਂ ਹੋਰ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਕਿਰਨ ਅਤੇ ਸੱਕੀ ਨਾਲੇ ਹਨ, ਇਹ ਸਦੀਆਂ ਤੋਂ ਚਲੇ ਆਉਂਦੇ ਹਨ । ਇਹ ਡੂੰਘੀਆਂ ਨਹੀਂ ਕੀਤੀਆਂ ਗਈਆਂ । ਜੇ ਇਹ ਡੂੰਘੀਆਂ ਅਤੇ ਚੌੜੀਆਂ ਨਾ ਕੀਤੀਆਂ ਗਈਆਂ ਤਾਂ ਪਾਣੀ ਨੇ ਤਾਂ ਬਾਹਰ ਨੂੰ ਹੀ ਆਉਣਾ ਹੈ । ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਡਰੇਨਾਂ (ਨਾਲਿਆਂ) ਨੂੰ ਡੀਪ ਅਤੇ ਚੌੜਾ ਕੀਤਾ ਜਾਵੇ । ਤੁਸੀਂ, ਚੇਅਰਮੈਨ ਸਾਹਿਬ, ਜਾਣਦੇ ਹੀ ਹੋ ਕਿ ਬਟਾਲਾ ਵਿਚ ਹੰਸਲੀ ਡਰੇਨ ਹੈ । ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਵੇਲੇ ਉਸ ਨੂੰ ਚੈਨੇਲਾਈਜ਼ ਕੀਤਾ ਗਿਆ ਸੀ । ਪਰ ਉਹ ਹੁਣ ਜ਼ਿਲ੍ਹੇ ਵਿਚ ਉਤਨੀ ਤਬਾਹੀ ਨਹੀਂ ਕਰਦੀ ਜਿੰਨੀ ਕਿ ਪਹਿਲੇ ਕਰਦੀ ਸੀ । ਹੁਣ ਤਬਾਹੀ ਅੰਮ੍ਰਿਤਸਰ ਵਿਚ ਹੋ ਰਹੀ ਹੈ । ਇਸ ਲਈ ਇਸ ਬਾਰੇ ਸੋਚਿਆ ਜਾਣਾ ਚਾਹੀਦਾ ਹੈ । ਇਸ ਵਾਸਤੇ ਜ਼ਰੂਰੀ ਸੀ ਕਿ ਇਸ ਦੀ ਪਲਾਨਿੰਗ ਠੀਕ ਹੁੰਦੀ ਅਤੇ ਇਸ ਦੇ ਪਾਣੀ ਦੇ ਆਊਟ ਫਾਲ ਲਈ ਠੀਕ ਜਗ੍ਹਾ ਲੱਭੀ ਜਾਂਦੀ । ਜਿਸ ਤਰ੍ਹਾਂ ਮੈਂ ਪਹਿਲੇ ਦੱਸਿਆ ਹੈ ਕਿ ਜਦ ਇਸ ਨੂੰ ਚੈਨੇਲਾਈਜ਼ ਕੀਤਾ ਸੀ ਤਾਂ ਉਸ ਦਾ ਆਊਟ ਫਾਲ ਰਾਵੀ ਵਿਚ ਨਹੀਂ ਸੀ ਹੋ ਸਕਦਾ, ਬਿਆਸ ਵਿਚ ਕੀਤਾ ਜਾਂਦਾ । ਚੇਅਰਮੈਨ ਸਾਹਿਬ, ਪੀ. ਏ. ਸੀ. ਦੀ ਰਿਪੋਰਟ ਦੱਸਦੀ ਹੈ ਕਿ ਕਈ ਪ੍ਰਾਜੈਕਟ ਬਣਦੇ ਹਨ ਅਤੇ ਉਹ ਆਮ ਤੌਰ ਤੇ ਵਿਚਕਾਰ ਹੀ ਛੱਡ ਦਿੱਤੇ ਜਾਂਦੇ ਹਨ । ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਚੀਜ਼ਾਂ

Original with;
Punjab Vidhan Sabha
Digitized by;
Panjab Digital Library

ਵੱਲ ਦੇਖਿਆ ਜਾਵੇ ਅਤੇ ਜਿਹੜਾ ਕੰਮ ਸ਼ੁਰੂ ਕੀਤਾ ਜਾਵੇ ਉਸ ਨੂੰ ਕੰਪਲੀਟ ਕੀਤਾ ਜਾਵੇ ।

ਚੇਅਰਮੈਨ ਸਾਹਿਬ, ਇੰਡਸਟਰੀ ਦੀ ਡਿਵੈਲਪਮੈਂਟ ਵਾਸਤੇ ਅਸੀਂ ਫੋਕਲ ਪੁਆਇੰਟ ਬਣਾਏ ਹਨ ਅਤੇ ਇਸ ਉਤੇ ਅਸੀਂ ਖਰਚ ਕਰਨਾ ਹੈ । ਅਸੀਂ ਉਚੇਚੀਆਂ ਰਿਆਇਤਾਂ ਦੇਣੀਆਂ ਹਨ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਐਗਰੀ-ਕਲਚਰ ਪਿੰਡਾਂ ਦੀ ਇੰਡਸਟਰੀ ਹੈ । ਜਿਥੇ ਦੂਸਰੀ ਇੰਡਸਟਰੀ ਵਾਸਤੇ ਫੋਕਲ ਪੁਆਇੰਟ ਡਿਟਰਮਿਨ ਕਰਦੇ ਹੋ, ਜਿਸ ਤਰ੍ਹਾਂ ਡਰੇਨੇਜ ਨੂੰ ਪਰਾਪਰ ਕਰਨਾ ਹੈ, ਡਰੇਨਾਂ ਨਾਲ ਤਬਾਹ ਹੋਣ ਵਾਲੇ ਇਲਾਕਿਆਂ ਨੂੰ ਤਬਾਹੀ ਤੋਂ ਬਚਾਉਣ ਲਈ ਉਚੇਚੇ ਤੌਰ ਤੇ ਸੋਚਣਾ ਹੈ, ਉਥੇ ਮੈਂ ਕਹਾਂਗਾ ਕਿ ਉਨ੍ਹਾਂ ਸਬੰਧੀ ਵੀ ਫੋਕਲ ਪੁਆਇੰਟ ਸਮਝਕੇ ਉਨ੍ਹਾਂ ਕਿਸਾਨਾਂ ਨੂੰ ਸਹੂਲਤਾਂ ਦਿੱਤੀਆਂ ਜਾਣ, ਉਨ੍ਹਾਂ ਨੂੰ ਕਰਜ਼ੇ ਦਿੱਤੇ ਜਾਣ, ਗਰਾਂਟਾਂ ਦਿੱਤੀਆਂ ਜਾਣ, ਮਾਮਲੇ ਦੀ ਵਸੂਲੀ ਵਿਚ ਮੁਆਫ਼ੀ ਦਿੱਤੀ ਜਾਵੇ, ਇਸ ਕਿਸਮ ਦੀਆਂ ਸਹੂਲਤਾਂ ਦਿੱਤੀਆਂ ਜਾਣ । ਉਨ੍ਹਾਂ ਵਾਸਤੇ ਡਿਵੈਲਪਮੈਂਟ ਫੰਡ ਐਲੋਕੇਟ ਕੀਤੇ ਜਾਣ ਤਾਂ ਕਿ ਜਿਹੜੀਆਂ ਮੈਂ ਉਪਰ ਗੱਲਾਂ ਕਹੀਆਂ ਹਨ, ਉਨ੍ਹਾਂ ਨੂੰ ਪੂਰਾ ਕੀਤਾ ਜਾਵੇ ।

**ਸ਼੍ਰੀ ਸਭਾ ਪਤੀ:** ਕਾਮਰੇਡ ਰਾਜ ਕੁਮਾਰ ਜੀ, ਤੁਹਾਡਾ ਸਮਾਂ ਹੋ ਗਿਆ ਹੈ ।

**ਕਾਮਰੇਡ ਰਾਜ ਕੁਮਾਰ:** ਬੱਸ ਜੀ, ਮੈਂ ਦੋ ਮਿੰਟ ਹੋਰ ਲੈ ਕੇ ਖ਼ਤਮ ਕਰਾਂਗਾ ਜੀ। ਚੇਅਰਮੈਨ ਸਾਹਿਬ, ਇਕ ਹੋਰ ਗੱਲ ਮੈਂ ਕਹਿਣਾ ਚਾਹੁੰਦਾ ਹਾਂ । ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਕੰਮ ਦਾ ਠੇਕਾ ਕਿਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ । ਚੇਅਰਮੈਨ ਸਾਹਿਬ, ਕੋਈ ਵਕਤ ਸੀ ਜਿਸ ਕਿਸੇ ਨੂੰ ਠੇਕਾ ਦਿੱਤਾ ਜਾਂਦਾ ਸੀ ਤਾਂ ਉਸ ਵਕਤ ਉਹ ਠੇਕੇਦਾਰ 15—20% ਕੰਮ ਕਰ ਦਿੰਦਾ ਸੀ ਅਤੇ ਇਸ ਤਰ੍ਹਾਂ ਕੁਝ ਪੱਲੇ ਪੈ ਜਾਂਦਾ ਸੀ ਅਤੇ ਇਸ ਦੇ ਵਿਚ ਕੁਝ ਰੇਸ਼ੋ ਹੁੰਦੀ ਸੀ ਆਮਦਨ ਦੀ । ਪਰ ਚੇਅਰਮੈਨ ਸਾਹਿਬ, ਹੁਣ ਪੁਜ਼ੀਸ਼ਨ ਇਹ ਹੈ ਕਿ ਠੇਕੇਦਾਰ ਸਿਰਫ ਕਾਗਜ਼ਾਂ ਤੇ ਹੈ ਅਤੇ ਬੇਨਾਮ ਕੰਮ ਚਲਦਾ ਹੈ । ਠੇਕੇਦਾਰ ਕੌਣ ਹਨ ? ਕਿਸੇ ਵਕਤ ਦੇ ਕੱਢੇ ਹੋਏ ਬੇਲਦਾਰ, ਇਸ ਮਹਿਕਮੇ ਦੇ ਕੱਢੇ ਹੋਏ ਚਪੜਾਸੀ। ਉਨ੍ਹਾਂ ਨੂੰ ਇਨ੍ਹਾਂ ਨੇ ਠੇਕੇਦਾਰ ਬਣਾ ਦਿੱਤਾ ਹੈ । ਪਰ ਹਕੀਕਤ ਇਹ ਹੈ ਕਿ ਉਨ੍ਹਾਂ ਨੂੰ ਯੂਜ਼ ਕੀਤਾ ਜਾਂਦਾ ਹੈ to commit fraud with the Government treausry by systematically drawing money from that treausry. ਨਤੀਜਾ ਇਹ ਹੁੰਦਾ ਹੈ ਕਿ ਉਸ ਨੂੰ 20% ਦੇ ਦਿੰਦੇ ਹਨ ਅਤੇ ਬਾਕੀ 80% ਰਕਮ ਇਨ੍ਹਾਂ ਦੀ ਜੇਬ ਵਿਚ ਜਾਂਦੀ ਹੈ । ਚੇਅਰਮੈਨ ਸਾਹਿਬ, ਇਹ ਮੈਂ ਐਵੇਂ ਨਹੀਂ ਕਹਿ ਰਿਹਾ । ਮੇਰੀ ਨਜ਼ਰ ਵਿਚ ਇਕ ਐਸ. ਡੀ. ਓ. ਹੈ ਜਿਸ ਦਾ ਮੈਂ ਇਥੇ ਹਾਊਸ ਵਿਚ ਨਾਮ ਨਹੀਂ ਲੈਣਾ ਚਾਹੁੰਦਾ । ਜੇ ਗੌਰਮਿੰਟ ਕਹੇਗੀ ਤਾਂ ਉਸ ਦਾ ਨਾਮ ਲਵਾਂਗਾ, ਉਹ ਵੀ ਜੇ ਇਹ ਆਸ਼ਵਾਸਨ ਦੇਣ ਕਿ ਉਸ ਦੇ ਮੁਤੱਲਕ ਇਨਕੁਆਇਰੀ ਹੋਵੇਗੀ ਅਤੇ ਸਖ਼ਤ ਸਜ਼ਾ ਦਿੱਤੀ ਜਾਵੇਗੀ । ਚੇਅਰਮੈਨ ਸਾਹਿਬ, ਉਸ ਐਸ. ਡੀ. ਓ. ਦੀਆਂ ਦੋ ਕੋਠੀਆਂ ਡੇਹਰਾਦੂਨ ਵਿਚ ਸੰਗਮਰਮਰ ਦੀਆਂ ਹਨ । ਉਸ ਦਾ 50 ਕਿਲੇ ਦਾ ਲੀਚੀਆਂ ਦਾ ਬਾਗ ਹੈ । ਉਸ ਦੇ ਮੁੰਡੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ ਹਨ । ਜਿਥੇ ਉਹ ਰਹਿੰਦਾ ਹੈ ਉਥੇ ਵੀ ਉਸ ਦੀ ਕੋਠੀ ਹੈ ।

**ਸ਼੍ਰੀ ਸਭਾਪਤੀ:** ਤੁਹਾਡਾ ਟਾਇਮ ਹੋ ਗਿਆ ਹੈ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਰਾਜ ਕੁਮਾਰ: ਮੈਂ ਖ਼ਤਮ ਹੀ ਕਰਨ ਲੱਗਾ ਹਾਂ ਜੀ। ਇਹ ਮੈਂ ਇਸ ਲਈ ਕਿਹਾ ਹੈ ਕਿ ਇਸ ਕਿਸਮ ਦੀ ਆਮਦਨ ਹੈ। ਜਿੰਨਾ ਚਿਰ ਕੋਈ ਗ਼ਲਤ ਕੰਮ, ਕੋਈ ਅਜਿਹਾ ਕੰਮ ਨਾ ਕੀਤਾ ਜਾਵੇ ਇਤਨੀ ਮਾਇਆ ਨਹੀਂ ਆ ਸਕਦੀ। ਚੇਅਰਮੈਨ ਸਾਹਿਬ, ਹੁਣ ਮੈਂ ਕਿੱਕ ਐਂਡ ਰਨ ਦੀ ਪਾਲਿਸੀ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਹੁਸ਼ਿਆਰਪੁਰ ਵਿਚ ਪਾਣੀ ਆ ਗਿਆ। ਉਥੇ ਦੇ ਪਬਲਿਕਮੈਨ ਦਾ ਨਾਮ ਵਰਤਕੇ ਪਾਣੀ ਗੁਰਦਾਸਪੁਰ ਭੇਜ ਦਿਤਾ। ਜਦ ਗੁਰਦਾਸਪੁਰ ਚਲਾ ਗਿਆ ਤਾਂ ਉਥੋਂ ਵੀ ਕਿੱਕ ਮਾਰਕੇ ਕਪੂਰਥਲੇ ਨੂੰ ਪਾਣੀ ਭੇਜ ਦਿੱਤਾ ਗਿਆ। ਉਥੇ ਪਾਣੀ ਨੇ ਬਹੁਤ ਤਬਾਹੀ ਕੀਤੀ ਹੈ। ਸੋ, ਚੇਅਰਮੈਨ ਸਾਹਿਬ, ਇਸ ਚੀਜ਼ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ। ਇਹ ਕਿੱਕ ਐਂਡ ਰਨ ਦੀ ਪਾਲਿਸੀ ਠੀਕ ਨਹੀਂ ਹੈ। ਚੇਅਰਮੈਨ ਸਾਹਿਬ, ਮੈਂ ਕਹਾਂਗਾ ਕਿ ਇਕ ਪੁਲਿਟੀਕਲ ਸਰਵੇ ਹੋਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਜਦ ਡਰੇਨਾਂ ਕੱਢੀਆਂ ਜਾਂਦੀਆਂ ਹਨ ਜਾਂ ਕੋਈ ਅਜਿਹਾ ਕੰਮ ਕੀਤਾ ਜਾਂਦਾ ਹੈ ਤਾਂ ਉਸ ਦੀ ਟੈਕਨੀਕਲ ਫਿਜ਼ੀਬਿਲਟੀ ਨਹੀਂ ਦੇਖੀ ਜਾਂਦੀ, ਉਸ ਦੀ ਟੈਕਨੀਕਲ ਅਪਰੂਵਲ ਨਹੀਂ ਲਈ ਜਾਂਦੀ, ਸੈਂਕਸ਼ਨ ਨਹੀਂ ਲਈ ਜਾਂਦੀ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਹੜ੍ਹ ਆਉਂਦੇ ਹਨ। ਇਸ ਵਾਸਤੇ, ਚੇਅਰਮੈਨ ਸਾਹਿਬ, ਮੈਂ ਕਹਿੰਦਾ ਹਾਂ ਕਿ ਇਸ ਸਬੰਧੀ ਇਕ ਪੁਲਿਟੀਕਲ ਸਰਵੇ ਹੋਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਮੈਂ ਗਿਆਨੀ ਜੀ ਨੂੰ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਗੁਰਦਾਸਪੁਰ, ਅਮ੍ਰਿਤਸਰ, ਕਪੂਰਥਲਾ ਅਤੇ ਜਲੰਧਰ ਚਾਰ ਜ਼ਿਲ੍ਹਿਆਂ ਦੇ ਇੰਜੀਨੀਅਰਜ਼, ਐਮ. ਐਲ. ਏਜ਼. ਅਤੇ ਹੋਰ ਟੈਕਨੀਕਲ ਐਕਸਪਰਟਸ ਨੂੰ ਬਿਠਾਓ, ਉਨ੍ਹਾਂ ਨੂੰ ਬਿਠਾਕੇ ਇਹ ਜਿਹੜੀਆਂ ਡਰੇਨਜ਼ ਆਊਟ ਫਾਲ ਕਰਦੀਆਂ ਹਨ ਇਨ੍ਹਾਂ ਦੀ ਆਊਟ ਫਾਲ ਬਾਰੇ ਰਾਵੀ ਅਤੇ ਬਿਆਸ ਵਿਚ ਪਲਾਨਿੰਗ ਕੀਤੀ ਜਾਵੇ। ਪਰ ਹੁਣ ਤੱਕ ਕੀ ਕੀਤਾ ਹੈ। ਅਗਰ ਇਹ ਕੀਤਾ ਜਾਵੇ ਤਾਂ ਪਾਸੀਬਿਲਿਟੀ ਹੈ ਕਿ ਡਰੇਨਜ ਅੱਗੇ ਨਾਲੋਂ ਬ੍ਰੈਟਰ ਹੋ ਜਾਵੇਗੀ ਅਤੇ ਫਲੱਡ ਕੰਟਰੋਲ ਹੋ ਜਾਵੇਗਾ। ਤੁਹਾਡਾ ਬਹੁਤ ਬਹੁਤ ਧੰਨਵਾਦ।

ਸ੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ ਉੱਤਰ): ਚੇਅਰਮੈਨ ਸਾਹਿਬ, ਮੈਂ ਡਿਮਾਂਡ ਨੰ: 5 ਦੇ ਮੁਤੱਲਕ ਪਹਿਲਾਂ ਗੱਲ ਕਹਿਣੀ ਚਾਹੁੰਦਾ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਸਰਕਾਰ ਨੇ ਜਿੱਥੇ ਗੜੇ ਪਏ ਹਨ ਉਨ੍ਹਾਂ ਲੋਕਾਂ ਦੀ ਕਾਫੀ ਸਹਾਇਤਾ ਕੀਤੀ ਹੈ। ਪੈਸੇ ਪੂਰੇ ਤਾਂ ਨਹੀਂ ਦਿੱਤੇ ਜਿੰਨਾ ਕਿ ਉਨ੍ਹਾਂ ਵਿਚਾਰਿਆਂ ਦਾ ਨੁਕਸਾਨ ਹੋਇਆ ਹੈ। ਮਗਰ 4 ਕਰੋੜ ਰੁਪਿਆ ਇਸ ਲਈ ਮੰਨਜ਼ੂਰ ਕੀਤਾ ਸੀ। ਪਰ ਹਾਲਾਂ ਤੱਕ ਕਈ ਜਗ੍ਹਾਂ ਐਸੀਆਂ ਹਨ ਜਿਥੇ ਕਿ ਉਨ੍ਹਾਂ ਲਈ ਪੈਸੇ ਨਹੀਂ ਪਹੁੰਚ ਸਕੇ। ਟੋਟਲ ਇਸ ਵਾਸਤੇ 8 ਕਰੋੜ ਰੁਪਿਆ ਪਹਿਲਾਂ ਰੱਖਿਆ ਸੀ ਪਰ ਮੰਨਜ਼ੂਰ ਕੀਤਾ ਗਿਆ 4 ਕਰੋੜ ਰੁਪਿਆ। ਉਹ 4 ਕਰੋੜ ਰੁਪਿਆ ਵੀ ਵੰਡਿਆ ਨਹੀਂ ਜਾ ਸਕਿਆ। ਸਾਡੇ ਜ਼ਿਲ੍ਹੇ ਲੁਧਿਆਣਾ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ ਅਤੇ ਉਹ ਨੰਬਰ ਇਕ ਤੇ ਹੈ ਜਿਸ ਦਾ ਕਿ 50% ਤੋਂ ਵੀ ਵੱਧ ਨੁਕਸਾਨ ਹੋਇਆ। ਹਾਲਾਂ ਵੀ ਇਸ ਕਿਸਮ ਦੇ ਇਲਾਕੇ ਹਨ ਜਿਥੇ ਦੇ ਲੋਕ ਸਾਰਾ ਦਿਨ ਕਚਹਿਰੀਆਂ ਵਿਚ ਧੱਕੇ ਖਾਂਦੇ ਫਿਰਦੇ ਹਨ ਪਰ ਉਨ੍ਹਾਂ ਨੂੰ ਪੈਸੇ ਨਹੀਂ ਮਿਲ। ਪੈਸੇ ਨਾ ਹੋਣ ਕਰਕੇ, ਉਹ ਅਗਲੀ ਬਿਜਾਈ ਲਈ ਖਾਦ ਨਹੀਂ ਲੈ ਸਕਦੇ, ਬੀਜ ਨਹੀਂ ਲੈ ਸਕਦੇ। ਜਦ ਐਨਾ ਰੁਪਿਆ ਮੰਨਜ਼ੂਰ ਕੀਤਾ ਗਿਆ ਹੈ ਤਾਂ ਇਹ ਰੁਪਿਆ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਦਿੱਤਾ ਜਾਵੇ ਅਤੇ ਉਨ੍ਹਾਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

ਜਿਨਾ ਮਿਲ ਸਕਦਾ ਹੈ ਉਤਨਾ ਪੈਸਾ ਉਨ੍ਹਾਂ ਨੂੰ ਦੇਣਾ ਚਾਹੀਦਾ ਹੈ । ਚੇਅਰਮੈਨ ਸਾਹਿਬ, ਇਕ ਗੱਲ ਮੈਂ ਹੋਰ ਇਨ੍ਹਾਂ ਪਟਵਾਰੀਆਂ ਦੇ ਬਾਰੇ ਵਿਚ ਕਹਾਂਗਾ । ਫ਼ਰਜ਼ ਕਰੋ ਇਕ ਪਿੰਡ ਵਿਚ ਗੜ੍ਹਿਆਂ ਨਾਲ ਨੁਕਸਾਨ ਹੋਇਆ ਹੈ, ਇਹ ਪਟਵਾਰੀ ਹਿਸਾਬ ਇਸ ਤਰ੍ਹਾਂ ਲਗਾਉਂਦੇ ਹਨ ਕਿ ਜਿਥੇ ਫਸਲ ਦਾ ਅੱਧਾ ਨੁਕਸਾਨ ਹੋਇਆ ਹੈ ਉਸ ਨੂੰ ਪੈਸੇ ਨਹੀਂ ਮਿਲਦੇ । ਜਿਸ਼ ਦੀ ਸਾਰੀ ਫਸਲ ਮਾਰੀ ਗਈ ਉਸ ਨੂੰ ਪੈਸੇ ਮਿਲਦੇ ਹਨ । ਇਹ ਤਰੀਕਾ ਠੀਕ ਨਹੀਂ ਹੈ । ਇਸ ਤਰ੍ਹਾਂ ਜਿਨ੍ਹਾਂ ਲੋਕਾਂ ਦਾ ਜ਼ਿਆਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਕੁਝ ਨਹੀਂ ਮਿਲ ਸਕਿਆ । ਮੈਂ ਇਹ ਕਹਾਂਗਾ ਕਿ ਜਿਹੜਾ ਰੁਪਿਆ ਮੰਨਜ਼ੂਰ ਕੀਤਾ ਹੈ ਕਮ-ਅਜ਼-ਕਮ ਉਹ ਤਾਂ ਦੇਣਾ ਚਾਹੀਦਾ ਹੈ । ਹੁਣ ਹੜ੍ਹਾਂ ਨਾਲ ਜਿਹੜਾ ਨੁਕਸਾਨ ਹੋਇਆ ਹੈ, ਇਸ ਵਾਸਤੇ 2 ਕਰੋੜ ਰੁਪਿਆ ਰੱਖਿਆ ਗਿਆ ਹੈ । ਤਕਰੀਬਨ 35-40 ਕਰੋੜ ਰੁਪਏ ਦਾ ਨੁਕਸਾਨ ਹੋਇਆ ਪਰ ਰੱਖਿਆ ਸਿਰਫ 2 ਕਰੋੜ ਰੁਪਿਆ ਹੈ । ਇਸ ਨਾਲ ਤਾਂ ਕੁਝ ਨਹੀਂ ਬਣਨਾ । ਪੰਜਾਬ ਸਰਕਾਰ ਨੂੰ ਇਸ ਪਾਸੇ ਹੋਰ ਪੈਸਾ ਰੱਖਣਾ ਚਾਹੀਦਾ ਹੈ । ਇਸ ਬਾਰੇ ਸੈਂਟਰਲ ਗੌਰਮਿੰਟ ਨਾਲ ਗੱਲ ਬਾਤ ਕਰਨੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਲੋਕਾਂ ਦੀ, ਜਿਹੜੇ ਕਿ ਹਿੰਦੁਸਤਾਨ ਨੂੰ ਐਨੀ ਖੁਰਾਕ ਦਿੰਦੇ ਹਨ, 60% ਹਿੰਦੁਸਤਾਨ ਦੇ ਅਨਾਜ ਦੇ ਪੂਲ ਵਿਚ ਹਿੱਸਾ ਪਾਉਂਦੇ ਹਨ, ਉਨ੍ਹਾਂ ਲੋਕਾਂ ਦੀ ਜ਼ਿਆਦਾ ਮੱਦਦ ਹੋ ਸਕੇ । ਪੰਜਾਬ ਸਰਕਾਰ ਨੂੰ ਇਸ ਬਾਰੇ ਕੇਂਦਰੀ ਸਰਕਾਰ ਨੂੰ ਕਹਿਣਾ ਚਾਹੀਦਾ ਹੈ ।

ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ । ਜਿਹੜਾ ਰੁਪਿਆ ਮਿਲਿਆ ਸੀ ਉਸ ਵਿਚ ਬੜੀ ਬੇਈਮਾਨੀ ਹੋਈ ਹੈ । ਇਸ ਬਾਰੇ ਮੈਂ ਪਹਿਲਾਂ ਵੀ ਆਪਣੀ ਸਟੇਟਮੈਂਟ ਵਿਚ ਕਿਹਾ ਸੀ । ਜਿਸ ਵਕਤ ਇਹ ਰੁਪਿਆ ਮੰਨਜ਼ੂਰ ਹੋਇਆ ਤਾਂ ਕੁਝ ਸਰਕਾਰੀ ਕਰਮਚਾਰੀਆਂ ਦੇ ਚਿਹਰਿਆਂ ਤੇ ਲਾਲੀ ਆ ਗਈ ਸੀ । ਉਨ੍ਹਾਂ ਨੇ ਕਿਹਾ ਕਿ ਪੈਸਾ ਸਾਡੇ ਹੱਥ ਵਿਚ ਹੈ ਅਤੇ ਇਸ ਨੂੰ ਆਪਣੀ ਮਰਜ਼ੀ ਨਾਲ ਵਰਤਾਂਗੇ । ਜਿਥੇ ਕਿਧਰੇ ਪੈਸਾ ਦਿੱਤਾ ਉਸ ਕੋਲੋਂ 600 ਰੁਪਏ ਲਿਖਵਾ ਲਏ ਅਤੇ ਦਿੱਤੇ 300 ਰੁਪਏ । ਚੇਅਰਮੈਨ ਸਾਹਿਬ, ਮੈਂ ਕਹਾਂਗਾ ਕਿ ਸਾਡੇ ਜ਼ਿਲ੍ਹੇ ਲੁਧਿਆਣਾ ਵਿਚ ਇਸ ਸਬੰਧੀ ਇਨਕੁਆਇਰੀ ਕਰਵਾਈ ਜਾਵੇ ਅਤੇ ਇਸ ਕਿਸਮ ਦੇ ਅਨੇਕਾਂ ਆਦਮੀ ਨਿਕਲਣਗੇ ਜਿਹੜੇ ਕਿ ਵਿਚਾਰੇ ਬੋਲਣਗੇ ਕੁਝ ਨਹੀਂ ਪਰ ਉਨ੍ਹਾਂ ਨਾਲ ਹੋਇਆ ਇਸ ਤਰ੍ਹਾਂ ਜ਼ਰੂਰ ਹੈ । ਉਹ ਵਿਚਾਰੇ ਇਹ ਸੋਚਕੇ ਕੁਝ ਨਹੀਂ ਬੋਲਣਗੇ ਕਿ 2000 ਰੁਪਏ ਵਿਚ 1000 ਰੁਪਿਆ ਤਾਂ ਮਿਲ ਗਿਆ ਅਤੇ ਜੇ ਰੌਲਾ ਪਾਇਆ ਤਾਂ ਇਹ 1000 ਰੁਪਿਆ ਵੀ ਮਾਰਿਆ ਜਾਵੇਗਾ ।

ਐਨੇ ਡਰਦੇ ਹਨ ਕਿਸਾਨ । ਮੈਂ ਸਮਝਦਾ ਹਾਂ ਕਿ ਇਸ ਸਿਲਸਿਲੇ ਵਿਚ ਇਨਕੁ-ਆਇਰੀ ਕਰਨ ਦੀ ਲੋੜ ਹੈ । ਹੁਣ ਜਿਹੜਾ ਹੜ੍ਹਾਂ ਲਈ ਰੁਪਿਆ ਰੱਖਣਾ ਹੈ, ਇਸ ਰੁਪਏ ਨੂੰ ਵੰਡਣ ਲਈ ਪਟਵਾਰੀਆਂ ਜਾਂ ਨਾਇਬ ਤਹਿਸੀਲਦਾਰਾਂ ਦੇ ਨਾਮ ਨਾਨ-ਆਫੀਸ਼ਲ ਮੈਂਬਰ ਜਿਵੇਂ ਕਿ ਐਮ. ਐਲ. ਏ. ਵਗੈਰਾ ਵੀ ਨਾਲ ਹੋਣੇ ਚਾਹੀਦੇ ਹਨ । ਇਸ ਤਰ੍ਹਾਂ ਕਰਨ ਨਾਲ ਜਿਹੜੇ ਆਫੀਸ਼ਲ ਹਨ ਉਹ ਰੁਪਏ ਨੂੰ ਖੁਰਦ ਬੁਰਦ ਨਹੀਂ ਕਰ ਸਕਣਗੇ । ਪਿਛਲਾ ਰੁਪਿਆ ਜਿਹੜਾ ਇਸ ਕੰਮ ਤੇ ਲਾਇਆ ਗਿਆ ਹੈ ਉਹ ਜ਼ਾਇਆ ਹੋ ਗਿਆ ਹੈ । ਉਨ੍ਹਾਂ ਲੋਕਾਂ ਨੇ ਆਪਣੀ ਜੇਬ ਵਿਚ ਹੀ ਪਾ ਲਿਆ ਹੈ । ਜਿਨ੍ਹਾਂ ਗ਼ਰੀਬਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਨਹੀਂ ਮਿਲਿਆ ਹੈ ।

ਅੱਗੇ ਡਿਮਾਂਡ ਨੰ: 25 ਤੇ ਮੈਂ ਬੋਲਣਾ ਚਾਹੁੰਦਾ ਹਾਂ । ਜਿਹੜੀਆਂ ਸ਼ੂਗਰ ਮਿਲਜ਼ ਹਨ ਉਨ੍ਹਾਂ ਤੇ ਕੇਨ ਸੈਸ ਲਗਿਆ ਸੀ । ਉਹ ਕੇਨ ਸੈਸ ਕੁਝ ਮਿੱਲਾਂ ਨੇ ਪੇ ਕੀਤਾ ਸੀ ਔਰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਰਦਾਰੀ ਲਾਲ ਕਪੂਰ]

ਕੁਝ ਮਿੱਲਾਂ ਨੇ ਪੇ ਨਹੀਂ ਕੀਤਾ ਸੀ। ਜਿਨ੍ਹਾਂ ਨੇ ਪੇ ਕਰ ਦਿਤਾ ਸੀ ਉਨ੍ਹਾਂ ਨੇ ਬਾਅਦ ਵਿਚ ਰਿਪਰੈਜ਼ੈਂਟੇਸ਼ਨ ਕਰ ਦਿੱਤੀ ਸੀ ਕਿ ਕਿਉਂਕਿ ਉਹ ਮਿੱਲਾਂ ਘਾਟੇ ਵਿਚ ਜਾ ਰਹੀਆਂ ਹਨ ਇਸ ਲਈ ਉਨ੍ਹਾਂ ਨੂੰ ਉਸ ਰਕਮ ਦਾ ਰਿਫੰਡ ਮਿਲਣਾ ਚਾਹੀਦਾ ਹੈ। ਇਹ ਨਿਰਾਲੀ ਚੀਜ਼ ਹੈ ਅਤੇ ਮੈਂ ਸਮਝਦਾ ਹਾਂ ਕਿ ਇਹ ਕੁਰੱਪਸ਼ਨ ਦੀ ਗੱਲ ਬਣਦੀ ਹੈ। ਐਨੀਆਂ ਮਿਲਾਂ ਜਿਹੜੀਆਂ ਚਲਦੀਆਂ ਹਨ ਕੀ ਉਹ ਘਾਟੇ ਵਿਚ ਚਲਦੀਆਂ ਹਨ ? ਜਦੋਂ ਕੇਨ ਸੈਸ ਲਗਿਆ ਸੀ ਉਦੋਂ ਖੰਡ ਦਾ ਭਾਅ 8 ਰੁਪਏ ਕਿੱਲੋ ਸੀ। ਇਹ ਜਿਹੜੀ ਘਾਟੇ ਦੀ ਗੱਲ ਦਿਖਾਈ ਗਈ ਹੈ, ਜਿਨ੍ਹਾਂ ਨੇ ਪੇਮੈਂਟ ਕਰ ਦਿੱਤੀ ਸੀ ਉਨ੍ਹਾਂ ਨੂੰ ਪੇਮੈਂਟ ਵਾਪਸ ਹੋਈ। ਮਾਲਵੇ ਦੀ ਸ਼ੂਗਰ ਮਿਲ ਹੈ ਜੋ ਕਿ ਕਰੋੜਾਂ ਰੁਪਏ ਵਿਚ ਖੇਲਦੇ ਹਨ। ਥਾਪਰ ਵਾਲੇ ਹਨ ਉਨ੍ਹਾਂ ਨੇ ਪੇਮੈਂਟ ਨਹੀਂ ਕੀਤੀ ਸੈਸ ਦੀ। ਜਗਜੀਤ ਵਾਲਿਆਂ ਨੇ ਪੇਮੈਂਟ ਕਰ ਦਿੱਤੀ ਪਰ ਬਾਅਦ ਵਿਚ ਉਨ੍ਹਾਂ ਨੂੰ ਇਹ ਪੈਸੇ ਵਾਪਸ ਕੀਤੇ ਗਏ। ਇਹ ਜਿਹੜਾ ਰੁਪਿਆ ਛੱਡਿਆ ਗਿਆ ਹੈ ਇਹ ਬਿਲਕੁਲ ਨਹੀਂ ਛੱਡਣਾ ਚਾਹੀਦਾ ਸੀ। ਇਸ ਮਾਮਲੇ ਨੂੰ ਜਾਂਚਣ ਦੀ ਲੋੜ ਹੈ। ਗਰਾਂਟ ਭਾਵੇਂ ਇਨ੍ਹਾਂ ਨੂੰ ਦੇ ਦੇਵੋ ਪਰ ਇਹ ਜਿਹੜਾ ਕੇਨ ਸੈਸ ਲਗਿਆ ਹੈ ਇਹ ਜ਼ਰੂਰ ਇਨ੍ਹਾਂ ਮਿਲਾਂ ਵਾਲਿਆਂ ਤੋਂ ਲੈਣਾ ਚਾਹੀਦਾ ਹੈ। ਇਹ ਕੇਨ ਸੈਸ ਇਸ ਵਾਸਤੇ ਲਗਾਇਆ ਗਿਆ ਸੀ ਤਾਂ ਕਿ ਜਿਹੜੇ ਕੇਨ ਪੈਦਾ ਕਰਦੇ ਹਨ ਉਹ ਚੰਗੀ ਤਰ੍ਹਾਂ ਦਾ ਕੇਨ ਪੈਦਾ ਕਰ ਸਕਣ। ਇਸ ਤੋਂ ਉਪਰੰਤ ਕਈ ਮਿਲ ਵਾਲੇ ਫਰਜ਼ ਕਰੋ 4 ਲੱਖ ਰੁਪਿਆ ਖ਼ਰਚ ਕਰਦੇ ਹਨ ਪਰ ਇਸ ਚੀਜ਼ ਬਾਰੇ ਉਹ ਕੋਈ ਹਿਸਾਬ ਕਿਤਾਬ ਨਹੀਂ ਰਖਦੇ ਸਨ। ਇਹ ਕਹਿੰਦੇ ਹਨ ਕਿ ਚਾਰ ਲੱਖ ਰੁਪਿਆ ਖਰਚ ਹੋ ਗਿਆ। ਇਹ ਕਦੇ ਕਿਸੇ ਨੇ ਜਾਂਚਿਆ ਹੈ ਕਿ ਖਰਚ ਕਿਸ ਤਰ੍ਹਾਂ ਹੋਇਆ ਹੈ ? ਇਹ ਕਿਸ ਕਿਸਮ ਦੀ ਕੁਰੱਪਸ਼ਨ ਹੈ ? ਇਸ ਨੂੰ ਜਾਂਚਣ ਦੀ ਲੋੜ ਹੈ। ਐਗਰੀਕਲਚਰਲ ਮਨਿਸਟਰ ਸਾਹਿਬ ਇਸ ਵੇਲੇ ਇਥੇ ਮੌਜੂਦ ਨਹੀਂ ਹਨ। ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਸੀ, ਚੇਅਰਮੈਨ ਸਾਹਿਬ, ਕਿ ਇਸ ਮਾਮਲੇ ਵਿਚ ਜਾਂਚ ਕਰਨ ਦੀ ਲੋੜ ਹੈ। ਜਗਜੀਤ ਮਿੱਲ ਵਾਲਿਆਂ ਨੂੰ 14,21,502/—ਰੁਪਏ ਰਿਫੰਡ ਕੀਤੇ ਗਏ।

**ਇਕ ਆਵਾਜ਼ :** ਕਿਉਂਕਿ ਉਹ ਗ਼ਰੀਬ ਸਨ।

**ਸ਼੍ਰੀ ਸਰਦਾਰੀ ਲਾਲ ਕਪੂਰ :** ਇਹ ਠੀਕ ਹੈ ਕਿ ਥਾਪਰ ਵਾਲੇ, ਮਾਲਵਾ ਵਾਲੇ ਇਹ ਬਹੁਤ ਗ਼ਰੀਬ ਹਨ ਕਿਉਂਕਿ ਇਨ੍ਹਾਂ ਦੇ ਹਿੰਦੁਸਤਾਨ ਵਿਚ ਹੋਰ ਕੋਈ ਅਦਾਰੇ ਨਹੀਂ ਹਨ। ਮੈਂ ਪ੍ਰਾਥਨਾ ਕਰਦਾ ਹਾਂ, ਚੇਅਰਮੈਨ ਸਾਹਿਬ, ਕਿ ਇਸ ਮਾਮਲੇ ਵਿਚ ਜਾਂਚ ਕਰਨ ਦੀ ਜ਼ਰੂਰਤ ਹੈ। ਚੇਅਰਮੈਨ ਸਾਹਬ, ਮੈਂ ਐਗਰੀਕਲਚਰ ਡਿਮਾਂਡ ਦੇ ਸਿਲਸਿਲੇ ਵਿਚ ਅਰਜ਼ ਕਰਾਂਗਾ ਕਿ ਇਕ ਐਗਰੀਕਲਚਰ ਡਿਪਾਰਟਮੈਂਟ ਦੇ ਐਂਪਲਾਈ ਦੀ ਬਾਂਹ ਕੱਟ ਗਈ (ਵਿਘਨ)

**ਸ਼੍ਰੀ ਸਭਾਪਤੀ :** ਕਪੂਰ ਸਾਹਿਬ, ਕਿੰਨਾ ਕੁ ਹੋਰ ਟਾਈਮ ਲਉਗੇ ?

**ਸ਼੍ਰੀ ਸਰਦਾਰੀ ਲਾਲ ਕਪੂਰ :** ਮੈਂ ਕਮੇਟੀ ਦਾ ਚੇਅਰਮੈਨ ਹਾਂ। ਮੈਂ ਦਸ ਮਿੰਟ ਹੋਰ ਲਵਾਂਗਾ। ਮੈਨੂੰ ਬੋਲਣ ਦਿਓ। ਮੈਂ ਅਰਜ਼ ਕਰ ਰਿਹਾ ਸੀ ਕਿ ਇਕ ਵਿਚਾਰੇ ਦੀ 1974 ਵਿਚ ਬਾਂਹ ਕੱਟੀ ਗਈ ਜਿਸ ਵੇਲੇ ਕਿ ਉਹ ਡਿਊਟੀ ਤੇ ਕੰਮ ਕਰ ਰਿਹਾ ਸੀ। ਉਸਦੀ ਬਾਂਹ ਕੱਟਣ ਤੋਂ ਬਾਅਦ ਉਸ ਨੂੰ ਪੈਸਾ ਮਿਲਣਾ ਚਾਹੀਦਾ ਸੀ। ਉਹ ਵਿਚਾਰਾ ਦਰਖਾਸਤਾਂ ਕਰਦਾ ਰਿਹਾ ਪਰ ਦੋ ਸਾਲ ਬਾਅਦ ਜਾਕੇ ਕਿਤੇ ਉਸ ਨੂੰ ਪੈਸੇ ਮਿਲੇ।

**ਸ਼੍ਰੀ ਸਭਾਪਤੀ :** ਕੀ ਇਹ ਸਪਲੀਮੈਂਟਰੀ ਡਿਮਾਂਡ ਵਿਚ ਪ੍ਰੋਵਾਈਡਿਡ ਹੈ ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਰਦਾਰੀ ਲਾਲ ਕਪੂਰ** : ਹਾਂ ਜੀ। ਮੈਂ ਤੁਹਾਨੂੰ ਡਿਮਾਂਡ ਦਸਦਾ ਹਾਂ। ਇਹ ਡਿਮਾਂਡ ਨੰ. 32 ਹੈ। ਜਿਸ ਦੀ ਬਾਂਹ ਕੱਟੀ ਗਈ ਸੀ ਉਸਦਾ ਨਾਂ ਸ਼੍ਰੀ ਅਮਰ ਸਿੰਘ ਹੈ। ਪ੍ਰਾਈਵੇਟ ਅਦਾਰੇ ਵਿਚ ਜੇ ਕਿਸੇ ਦੀ ਬਾਂਹ ਕੱਟੀ ਜਾਂਦੀ ਹੈ ਤਾਂ ਤੇ ਪੈਸੇ ਜਲਦੀ ਮਿਲ ਜਾਂਦੇ ਹਨ ਪਰ ਇਹ ਤਾਂ ਸਰਕਾਰੀ ਅਦਾਰਾ ਸੀ। ਇਥੇ ਪੈਸੇ ਇੰਨੀ ਦੇਰ ਨਾਲ ਕਿਉਂ ਦਿੱਤੇ ਗਏ, ਇਸ ਚੀਜ਼ ਵਲ ਵੀ ਵੇਖਣਾ ਚਾਹੀਦਾ ਹੈ ?

ਟਿਊਬਵੈੱਲ ਦੇ ਸਿਲਸਿਲੇ ਵਿਚ ਮੈਂ ਅਰਜ਼ ਕਰਨਾ ਚਾਹੁੰਦਾ ਹਾਂ। ਇਹ ਡਿਮਾਂਡ ਨੰ: 38 ਹੈ। ਇਸ ਦੇ ਵਿਚ ਜਿਹੜਾ ਰੁਪਿਆ ਰੱਖਿਆ ਗਿਆ ਹੈ, ਇਸ ਨੂੰ ਜਾਂਚਣ ਦੀ ਲੋੜ ਹੈ। ਡਿਮਾਂਡ ਨੰ: 38 ਵਿਚ (ਪੇਜ-26) ਤੇ ਫਲੱਡ ਕੰਟਰੋਲ ਜਿਥੇ ਲਿਖਿਆ ਹੋਇਆ ਹੈ ਉਸਦੇ ਵਿਚ ਸਰਹੰਦ ਕੈਨਾਲ ਸਿਸਟਮ, ਰੂਪ ਨਗਰ, ਵਗ਼ੈਰਾ ਵਗ਼ੈਰਾ 1975-76 ਬਾਰੇ ਲਿਖਿਆ ਹੋਇਆ ਹੈ। ਇਸਦੇ ਵਿਚ ਰੁਪਿਆ ਵਸੂਲ ਕਰਨ ਬਾਰੇ ਕਿਹਾ ਗਿਆ ਹੈ। ਡਿਮਾਂਡ ਕੀਤੀ ਗਈ ਹੈ ਕਿ ਟਿਊਬਵੈਲਾਂ ਲਈ ਬਿਜਲੀ ਦੇ ਬਿਲਾਂ ਦੀ ਪੇਮੈਂਟ ਬਾਅਦ ਵਿਚ ਕੀਤੀ ਗਈ ਜਿਸ ਵੇਲੇ ਕਿ ਟੈਰਿਫ ਦੇ ਰੇਟ ਵੱਧ ਗਏ ਸੀ। ਜੇ ਪੇਮੈਂਟ ਪਹਿਲਾਂ ਕਰ ਦਿੱਤੀ ਜਾਂਦੀ ਤਾਂ ਐਨੀ ਰਕਮ ਨਹੀਂ ਦੇਣੀ ਪੈਣੀ ਸੀ। ਇਸ ਸਿਲਸਿਲੇ ਵਿਚ ਕੋਈ 10 ਲੱਖ 99 ਹਜ਼ਾਰ ਰੁਪਿਆ ਜ਼ਿਆਦਾ ਦੇਣਾ ਪਿਆ। ਜੇ ਪਹਿਲਾਂ ਪਮੈਂਟ ਕਰ ਦਿੱਤੀ ਜਾਦੀ ਤਾਂ ਇਹ ਓਵਰ ਪੇਮੈਂਟ ਕਰਨੋਂ ਬੱਚ ਸਕਦੇ ਸੀ। ਇਹ ਕਿਸ ਦਾ ਕਸੂਰ ਹੈ, ਇਹ ਜਾਂਚਣ ਦੀ ਲੋੜ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਸ ਸਿਲਸਿਲੇ ਵਿਚ ਦੇਖਣ ਦੀ ਲੋੜ ਹੈ ਕਿ ਇਹ ਜ਼ਿਆਦਾ ਰੁਪਿਆ ਦੇਣ ਲਈ ਕੌਣ ਜ਼ਿਮੇਵਾਰ ਹੈ।

ਮੈਂ ਇਕ ਹੋਰ ਅਰਜ਼ ਕਰਾਂਗਾ, ਚੇਅਰਮੈਨ ਸਾਹਿਬ, ਤੁਹਾਡੀ ਖਿਦਮਤ ਵਿਚ। ਮੈਂ ਕਿਸੇ ਡਿਮਾਂਡ ਤੇ ਤਾਂ ਨਹੀਂ ਗਲ ਕਰ ਰਿਹਾ ਪਰ ਡਿਮਾਂਡ ਵਾਲੀ ਗਲ ਜ਼ਰੂਰ ਹੈ। ਇਸ ਬਾਰੇ ਮੈਂ ਸਵੇਰੇ ਵੀ ਪ੍ਰਾਰਥਨਾ ਕੀਤੀ ਸੀ। ਮੈਨੂੰ ਬੋਲਣ ਦਾ ਅਧਿਕਾਰ ਹੈ। ਲੁਧਿਆਣੇ ਜ਼ਿਲ੍ਹੇ ਵਿਚ ਇਕ ਹਰੀਜਨ ਲੜਕੀ ਰਾਤ ਨੂੰ ਕੋਠੇ ਤੋਂ ਚੁਕ ਲਈ ਗਈ ਅਤੇ ਜੀਪ ਵਿਚ ਸੁਟ ਕੇ ਚਾਰ ਪੰਜ ਦਿਨ ਬਦਮਾਸ਼ਾਂ ਨੇ ਆਪਣੇ ਕੋਲ ਰੱਖੀ। ਲੋਕਾਂ ਨੇ ਇਸ ਗੱਲ ਬਾਰੇ ਡਿਪਟੀ ਕਮਿਸ਼ਨਰ ਸਾਹਿਬ ਨੂੰ ਇਤਲਾਹ ਦਿੱਤੀ। ਡੀ. ਸੀ. ਨੇ ਕੋਸ਼ਿਸ਼ ਕੀਤੀ ਅਤੇ ਲੜਕੀ ਨੂੰ ਲੱਭਿਆ ਗਿਆ ਅਤੇ ਪੁਲਿਸ ਵਾਲੇ ਥਾਣੇ ਲੈ ਗਏ। ਉਥੇ ਦੇ ਥਾਣੇ ਬਾਰੇ ਜੋ ਲੜਕੀ ਨੇ ਬਿਆਨ ਦਿੱਤਾ ਹੈ ਉਸ ਤੋਂ ਪਤਾ ਲਗਦਾ ਹੈ ਕਿ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤਕ ਸਾਰਿਆਂ ਨੇ ਉਸਦੇ ਨਾਲ ਰੇਪ ਕੀਤਾ। (ਸ਼ੇਮ ਸ਼ੇਮ) ਕਿਤਨੀ ਘਟੀਆ ਦਰੋਜੇ ਦੀ ਇਹ ਗੱਲ ਸੀ। ਡਿਪਟੀ ਕਮਿਸ਼ਨਰ ਨੂੰ ਕਿਸੇ ਨਾ ਕਿਸੇ ਢੰਗ ਨਾਲ ਬਾਹਰ ਬੁਲਾ ਕੇ ਇਹ ਸਟੇਟਮੈਂਟ ਉਸ ਲੜਕੀ ਦੀ ਰਿਕਾਰਡ ਕਰਵਾਈ ਗਈ। ਗਰੀਵੈਂਸ ਅਫ਼ਸਰ ਜੋ ਕਿ ਲੇਡੀ ਹੈ ਅਤੇ ਜਿਹੜੀ ਬਹੁਤ ਹੀ ਇਮਾਨਦਾਰ ਅਫ਼ਸਰ ਹੈ ਅਤੇ ਆਲਾ ਦਰਜੇ ਦੀ ਸ਼ਰੀਫ ਅਫਸਰ ਹੈ ਉਸ ਨੂੰ ਉਸ ਲੜਕੀ ਨੇ ਇਹ ਸਟੇਟਮੈਂਟ ਦਿੱਤੀ ਕਿ ਮੇਰੇ ਨਾਲ ਇਹ ਕੁਝ ਕੀਤਾ ਗਿਆ ਹੈ। ਬਾਅਦ ਵਿਚ ਪੁਲਿਸ ਨੇ ਉਸ ਲੜਕੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਲੜਕੀ ਨੂੰ ਕਿਹਾ ਕਿ ਤੂੰ ਕਹਿ ਦੇ ਕਿ ਇਹ ਬਿਆਨ ਮੈਂ ਗਲਤ ਦਿੱਤਾ ਹੈ ਅਤੇ ਮੇਰੇ ਤੋਂ ਇਹ ਕੁਹਾਇਆ ਗਿਆ ਹੈ। ਮੇਰੀ ਬੇਨਤੀ ਹੈ ਕਿ ਇਸ ਚੀਜ਼ ਨੂੰ ਜਾਂਚਣ ਦੀ ਲੋੜ ਹੈ। ਇਸ ਗੱਲ ਤੋਂ ਲੁਧਿਆਣੇ ਦੇ ਸਾਰੇ ਦੇ ਸਾਰੇ ਹਰੀਜਨ ਦੁੱਖੀ ਹਨ। (ਵਿਘਨ)

**ਸ਼੍ਰੀ ਸਭਾਪਤੀ** : ਕਪੂਰ ਸਾਹਿਬ, ਇਹ ਕੋਈ ਡਿਮਾਂਡ ਨਹੀਂ ਹੈ, ਤੁਸੀਂ ਬਰੀਫ ਕਰੋ ਹੁਣ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਰਦਾਰੀ ਲਾਲ ਕਪੂਰ**: ਚੇਅਰਮੈਨ ਸਾਹਿਬ, 8 ਡਿਮਾਂਡ ਹੈ ਲਾਅ ਐਂਡ ਆਰਡਰ ਦੀ ਔਰ ਉਸ ਦੇ ਨਾਲ ਇਹ ਤਲੱਕ ਰਖਦੀ ਹੈ। ਸੋ ਇਹ ਮੈਂ ਕਹਿ ਸਕਦਾ ਹਾਂ। (ਵਿਘਨ) ਤੁਸੀਂ ਵੀ ਚੇਅਰਮੈਨ ਹੋ ਅਤੇ ਮੈਂ ਵੀ ਚੇਅਰਮੈਨ ਹਾਂ।

**Mr. Chairman** : This is a very serious matter. Sardar Umrao Singh is in the House. He is taking notes.

**ਸ਼੍ਰੀ ਸਰਦਾਰੀ ਲਾਲ ਕਪੂਰ** : ਮੈਂ ਤਾਂ ਹੀ ਇਹ ਨੋਟ ਕਰਵਾਇਆ ਹੈ ਜੀ।

**ਸ਼੍ਰੀ ਸਭਾਪਤੀ** : ਵਾਈਂਡ ਅੱਪ ਕਰ ਦਿਉ ਜੀ।

**ਸ਼੍ਰੀ ਸਰਦਾਰੀ ਲਾਲ ਕਪੂਰ** : ਮੈਂ ਇਕ ਮਿੰਟ ਵਿਚ ਹੀ ਵਾਈਂਡ ਅੱਪ ਕਰ ਦਿੰਦਾ ਹਾਂ ਜੀ। ਚੇਅਰਮੈਨ ਸਾਹਿਬ, ਅੰਤ ਵਿਚ ਮੈਂ ਇਹ ਪ੍ਰਾਰਥਨਾ ਕਰਾਂਗਾ ਕਿ ਸਾਡਾ ਕਿਸਾਨ ਬੜਾ ਮਿਹਨਤੀ ਹੈ ਅਤੇ ਉਸ ਦੀ ਮਦਦ ਕਰਨੀ ਚਾਹੀਦੀ ਹੈ। ਇਕ ਰਿਲੀਫ ਫੰਡ ਜਿਹੜਾ ਹੈ ਉਹ ਚੀਫ ਮਨਿਸਟਰ ਵਲੋਂ ਜਾਰੀ ਹੋਣਾ ਚਾਹੀਦਾ ਹੈ। ਉਨ੍ਹਾਂ ਲੋਕਾਂ ਦੀ ਮਦਦ ਕਰਨ ਵਾਸਤੇ ਅਤੇ ਜਿਹੜੇ ਇੰਡਸਟਰੀਆਲਿਸਟਸ ਹਨ ਉਨ੍ਹਾਂ ਤੋਂ ਪੈਸਾ ਲੈਣਾ ਚਾਹੀਦਾ ਹੈ। ਬਲਕਿ ਮੈਂ ਤਾਂ ਕਹਿੰਦਾ ਹਾਂ ਕਿ ਕੋਈ ਉਨ੍ਹਾਂ ਤੇ ਸੈਸ ਲਗਾ ਦੇਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਲੋਕਾਂ ਦੀ ਕੁਝ ਮਦਦ ਹੋਵੇ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸ਼੍ਰੀ ਸਭਾਪਤੀ** : ਆਚਾਰਿਆ ਸਾਹਿਬ। ਆਚਾਰਿਆ ਸਾਹਿਬ 10 ਮਿੰਟ ਵਿਚ ਆਪਣੀ ਸਪੀਚ ਖ਼ਤਮ ਕਰ ਲੈਣਾ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** (ਖੰਨਾ, ਐਸ. ਸੀ.) : ਚੇਅਰਮੈਨ ਸਾਹਿਬ, ਜਿਨ੍ਹਾਂ ਡੀਮਾਂਡਜ਼ ਦੇ ਉਤੇ ਮੇਰੇ ਫਾਜ਼ਲ ਦੋਸਤਾਂ ਨੇ ਆਪਣੇ ਵਿਚਾਰ ਪ੍ਰਗਟ ਕਰ ਦਿੱਤੇ ਹਨ ਮੈਂ ਉਨ੍ਹਾਂ ਬਾਰੇ ਕੁਝ ਨਾ ਕਹਿੰਦਾ ਹੋਇਆ ਕੇਵਲ ਇਤਨਾ ਹੀ ਕਹਾਂਗਾ ਕਿ ਜੋ ਉਨ੍ਹਾਂ ਨੇ ਕਨਸਟ੍ਰਕਟਿਵ ਸੁਝਾਵ ਦਿਤੇ ਹਨ ਉਨ੍ਹਾਂ ਨੂੰ ਮੱਦੇ ਨਜ਼ਰ ਰਖਦੇ ਹੋਏ ਸਰਕਾਰ ਉਨ੍ਹਾਂ ਤੇ ਅਮਲ ਕਰੇ। ਚੇਅਰਮੈਨ ਸਾਹਿਬ, ਮੈਂ ਡਿਮਾਂਡ ਨੰਬਰ 24 ਉਪਰ ਕੁਝ ਵਿਚਾਰ ਪਹਿਲਾਂ ਰਖਣਾ ਚਾਹੁੰਦਾ ਹਾਂ। ਡਿਮਾਂਡ ਨੰਬਰ 24 ਥੱਲੇ ਜਿਹੜੀਆਂ ਸਕੀਮਾਂ ਹਨ ਇਹ ਇਕ ਤਰ੍ਹਾਂ ਸੋਸ਼ਿਓ-ਇਕਨਾਮਿਕ ਪ੍ਰੋਗਰਾਮ ਵਿਚ ਜਿਹੜਾ ਰੈਵੋਲਿਊਸ਼ਨ ਪ੍ਰਧਾਨ ਮੰਤਰੀ ਜੀ ਲਿਆਉਣਾ ਚਾਹੁੰਦੇ ਹਨ ਇਹ ਸਕੀਮਾਂ ਉਸ ਦੇ ਅਨੁਸਾਰ ਹਨ। ਔਰ ਜਿਹੜਾ ਪ੍ਰਧਾਨ ਮੰਤਰੀ ਜੀ ਦਾ 20 ਸੂਤਰੀ ਪ੍ਰੋਗਰਾਮ ਹੈ ਉਸ ਦੀ ਪਹਿਲੀ ਕੜੀ ਦਾ ਇਹ ਇਕ ਹਿੱਸਾ ਹਨ। ਉਸ ਕੜੀ ਵਿਚ ਆਦੇਸ਼ ਹੈ ਕਿ—

Continuous steps to bring down prices of essential commodities. etc.

ਇਹ ਆਦੇਸ਼ ਬੜਾ ਲੰਮਾ ਹੈ ਅਤੇ ਮੈਂ ਇਹ ਸਾਰਾ ਨਹੀਂ ਪੜ੍ਹਦਾ। ਇਹ ਪ੍ਰਾਈਸਿਜ਼ ਨੂੰ ਥੱਲੇ ਲਿਆਉਣ ਵਾਸਤੇ ਅਤੇ ਆਵਾਮ ਨੂੰ ਜ਼ਰੂਰੀਆਤੇ ਜ਼ਿੰਦਗੀ ਸਸਤੇ ਦਾਮਾਂ ਤੇ ਮੁਹੱਈਆ ਕਰਨ ਵਾਸਤੇ ਗੌਰਮਿੰਟ ਨੇ ਕੋਆਪਰੇਟਿਵ ਅਦਾਰੇ ਥੱਲੇ ਇਹ ਸਕੀਮਾਂ ਲਿਆ ਕੇ ਜਿਹੜਾ ਕੰਮ ਕੀਤਾ ਹੈ ਮੈਂ ਸਮਝਦਾ ਹਾਂ ਕਿ ਇਹ ਕੰਮ ਬੜਾ ਸ਼ਲਾਘਾਯੋਗ ਹੈ। ਪਰ ਸਰਕਾਰ ਨੇ ਉਸ ਕੜੀ ਥੱਲੇ ਹਾਲੇ ਉਤਨਾ ਕੰਮ ਨਹੀਂ ਕੀਤਾ ਜਿਤਨਾ ਕਿ ਕਰਨਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਜੇ ਤੁਸੀਂ ਦੇਖੋਗੇ ਤ ਤੁਹਾਨੂੰ ਪਤਾ ਲਗੇਗਾ ਕਿ 3 ਅਜਿਹੇ ਕੋਆਪਰੇਟਿਵ ਅਦਾਰੇ ਹਨ ਜਿਹੜੇ ਇਹ ਕੰਮ ਕਰਨ ਵਾਸਤੇ ਕਾਇਮ ਕੀਤੇ ਹਨ। ਤੁਹਾਡੀ

Original with;
Punjab Vidhan Sabha
Digitized by;
Panjab Digital Library

ਰਾਹੀਂ ਮੈਂ ਸਰਕਾਰ ਨੂੰ ਕਹਾਂਗਾ ਕਿ ਅਜਿਹੇ ਅਦਾਰੇ ਜਿਹੜੇ ਆਵਾਮ ਨੂੰ ਸਸਤੀਆਂ ਚੀਜ਼ਾਂ ਮੁਹੱਈਆ ਕਰਨ ਵਾਸਤੇ ਹਨ ਇਹ ਹਰ ਪਿੰਡ ਵਿਚ ਅਤੇ ਹਰ ਸ਼ਹਿਰ ਵਿਚ ਕੋਆਪਰੇਟਿਵ ਬੇਸਿਜ਼ ਤੇ ਚਲਾਣੇ ਚਾਹੀਦੇ ਹਨ । ਚੇਅਰਮੈਨ ਸਾਹਿਬ, ਜਿਸ 20 ਸੂਤਰੀ ਪ੍ਰੋਗਰਾਮ ਦੀ ਇਹ ਕੜੀ ਹੈ ਉਸੇ 20 ਸੂਤਰੀ ਪ੍ਰੋਗਰਾਮ ਵਿਚ ਪ੍ਰਧਾਨ ਮੰਤਰੀ ਜੀ ਨੇ ਇਹ ਵੀ ਆਦੇਸ਼ ਦਿੱਤਾ ਹੈ ਕਿ ਸਰਕਾਰ ਆਪਣੇ ਖਰਚਾਂ ਨੂੰ ਘਟਾਵੇਗੀ ਪਰ ਜੇਕਰ ਤੁਸੀਂ ਜਿਹੜੀ ਪਰਸੋਂ ਇਸ ਸਦਨ ਵਿਚ ਕੰਪਟਰੋਲਰ ਐਂਡ ਆਡੀਟਰ-ਜਨਰਲ ਦੀ ਰਿਪੋਰਟ ਰਖੀ ਗਈ ਹੈ ਉਹ ਦੇਖੋ, ਜਿਹੜੀ ਕਿ ਤੁਸੀਂ ਜ਼ਰੂਰ ਦੇਖੀ ਹੋਣੀ ਹੈ, ਤਾਂ ਇਹ ਮਹਿਸੂਸ ਹੁੰਦਾ ਹੈ ਕਿ ਸਰਕਾਰ 20 ਸੂਤਰੀ ਪ੍ਰੋਗਰਾਮ ਦੇ ਆਰਥਿਕ ਪ੍ਰੋਗਰਾਮ ਨੂੰ ਲਾਗੂ ਕਰਨ ਵਾਸਤੇ ਤਾਂ ਪ੍ਰਯਤਨਸ਼ੀਲ ਹੈ, ਪਰ ਉਸ ਪ੍ਰੋਗਰਾਮ ਦੀ ਪਹਿਲੀ ਕੜੀ ਕਿ ਸਰਕਾਰ ਆਪਣੇ ਖਰਚਾਂ ਨੂੰ ਘਟਾਵੇ, ਉਸ ਵਲ ਸਰਕਾਰ ਦਾ ਹਾਲੇ ਧਿਆਨ ਨਹੀਂ ਗਿਆ । ਮੈਂ ਤੁਹਾਡਾ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਇਹੀ ਪ੍ਰਾਰਥਨਾ ਕਰਾਂਗਾ ਕਿ ਆਡੀਟਰ ਜਨਰਲ ਦੀ ਉਸ ਰਿਪੋਰਟ ਨੂੰ ਪੜ੍ਹਿਆ ਜਾਵੇ। ਜਿਹੜੀ ਇਹ ਰਿਪੋਰਟ ਰਖੀ ਗਈ ਹੈ ਉਸ ਤੋਂ ਇਹ ਤੁਹਾਨੂੰ ਸਪਸ਼ਟ ਹੋਵੇਗਾ ਕਿ 1972-73 ਵਿਚ ਇਕ ਸਿਰਫ਼ ਲੈਂਡ ਰੈਵਨਿਯੂ ਇੱਕਠਾ ਕਰਨ ਵਾਸਤੇ 1.35 ਕਰੋੜ ਰੁਪਿਆ ਖਰਚ ਹੋਇਆ ਹੈ ਅਤੇ ਅੱਗੇ ਵਧਾ ਕੇ ਇਹ 2.05 ਕਰੋੜ ਰੁਪਿਆ ਹੋ ਗਿਆ ਅਤੇ ਅਗਲੇ ਸਾਲ 2.06 ਕਰੋੜ ਰੁਪਿਆ ਹੋ ਗਿਆ । 1974-75 ਦੀ ਆਮਦਨੀ 1.83 ਕਰੋੜ ਰੁਪਏ ਹੋਈ ਹੈ ਜਦ ਕਿ ਖ਼ਰਚਾ 2.8 ਕਰੋੜ ਹੋ ਗਿਆ ਹੈ । ਮੇਰੇ ਦਸਣ ਦਾ ਮਤਲਬ ਇਹ ਹੈ ਕਿ ਸਰਕਾਰ ਪ੍ਰਾਈਮ ਮਨਿਸਟਰ ਸਾਹਿਬਾ ਦੇ ਪ੍ਰੋਗਰਾਮ ਨੂੰ ਅਮਲੀ ਜਾਮਾ ਪਹਿਨਾਉਣ ਵਾਸਤੇ ਪ੍ਰਯਤਨਸ਼ੀਲ ਤਾਂ ਹੈ ਪਰ ਇਸ ਪਿਛਲੀ ਲਾਈਨ ਵਲ ਕਿ ਸਰਕਾਰੀ ਖ਼ਰਚਾਂ ਨੂੰ ਘਟਾਇਆ ਜਾਵੇ ਉਸ ਵਲ ਧਿਆਨ ਨਹੀਂ ਦਿੱਤਾ ਜਾਂਦਾ । ਬਹੁਤ ਸਾਰੇ ਕੰਮ ਹਨ ਜਿਨ੍ਹਾਂ ਤੇ ਸਰਕਾਰ ਤਰੱਕੀ ਵਾਸਤੇ ਖ਼ਰਚ ਕਰਦੀ ਹੈ ਪਰ ਜਿਹੜਾ ਖਰਚ ਕਰਨ ਦਾ ਤਰੀਕਾ ਹੈ ਉਹ ਨਾਕਸ ਹੈ । ਉਸ ਵਲ ਧਿਆਨ ਦੇਣਾ ਚਾਹੀਦਾ ਹੈ ।

ਚੇਅਰਮੈਨ ਸਾਹਿਬ, ਹੁਣ ਮੈਂ ਤੁਹਾਡਾ ਧਿਆਨ ਡੀਮਾਂਡ ਨੰਬਰ 19, 20 ਔਰ 39 ਵਲ ਲਿਜਾਣਾ ਚਾਹੁੰਦਾ ਹਾਂ । ਇਹ ਜਿਹੜੀਆਂ ਡੀਮਾਂਡਜ਼ ਨੰਬਰ 19, 20 ਅਤੇ 39 ਹਨ ਹਨ ਇਨ੍ਹਾਂ ਦਾ ਸਬੰਧ ਇਕ ਅਜਿਹੇ ਕੰਮ ਦੇ ਨਾਲ ਹੈ ਜਿਹੜਾ ਕਿ ਬਹੁਤ ਪਵਿੱਤਰ ਕੰਮ ਹੈ ਅਤੇ ਜਿਸ ਕੰਮ ਦੇ ਕਰਨ ਵਿਚ ਸਮਾਜਿਕ ਏਕਤਾ, ਦੇਸ਼ ਦੀ ਭਾਵਨਾਤਮਿਕ ਏਕਤਾ ਔਰ ਭਾਈਚਾਰਕ ਜੀਵਨ ਨੂੰ ਬੜ੍ਹਾਵਾ ਮਿਲਦਾ ਹੈ ਅਤੇ ਸਭ ਤੋਂ ਵੱਧ ਕੇ ਦੇਸ਼ ਦੇ ਵਾਸਤੇ ਕੁਰਬਾਨੀ ਕਰਨ ਵਾਸਤੇ ਭਾਵਨਾ ਅੱਜ ਦੀ ਜਿਹੜੀ ਨਵੀਂ ਪੀੜ੍ਹੀ ਹੈ ਉਸ ਦੇ ਦਿਲ ਵਿਚ ਮੁੜ ਜਾਗਰਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਚੇਅਰਮੈਨ ਸਾਹਿਬ, ਇਸ ਪ੍ਰੋਗਰਾਮ ਥੱਲੇ ਜਿਸ ਢੰਗ ਨਾਲ ਸਰਕਾਰ ਕੰਮ ਕਰ ਰਹੀ ਹੈ ਮੈਂ ਸਮਝਦਾ ਹਾਂ ਕਿ ਉਸ ਦੇ ਨਾਲ ਨੇਸ਼ਨ ਦਾ ਕੈਰੇਕਟਰ ਬਿਲਡ ਹੁੰਦਾ ਹੈ। ਅੱਜ ਦੇ ਜ਼ਮਾਨੇ ਵਿਚ ਇਹ ਜਿਹੜਾ 20 ਸੂਤਰੀ ਪ੍ਰੋਗਰਾਮ ਹੈ ਇਹ ਮੁਖ ਰੂਪ ਵਿਚ ਕੈਰੇਕਟਰ ਨੂੰ ਬਣਾਉਣ ਵਾਸਤੇ ਹੈ ।

**ਸ੍ਰੀ ਸਭਾਪਤੀ :** ਆਚਾਰਿਆ ਸਾਹਿਬ, ਹੁਣ ਵਾਈਂਡ ਅੱਪ ਕਰ ਦਿਓ । ਤੁਸੀਂ 8 ਮਿੰਟ ਬੋਲ ਚੁਕੇ ਹੋ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ :** ਚੇਅਰਮੈਨ ਸਾਹਿਬ, ਹਾਲੇ ਤਾਂ 5 ਮਿੰਟ ਹੀ ਹੋਏ ਹਨ । ਮੈਂ ਸਮਝਦਾ ਹਾਂ ਕਿ ਤੁਹਾਡੀ ਘੜੀ ਬਹੁਤ ਤੇਜ਼ ਚਲਦੀ ਹੈ ।

ਤੋ, ਚੇਅਰਮੈਨ ਸਾਹਿਬ, ਉਸ ਪ੍ਰੋਗਰਾਮ ਥੱਲੇ ਕੈਰੇਕਟਰ ਬਿਲਡਿੰਗ ਜਿਹੜਾ ਹੈ ਉਹ ਅਤਿਅੰਤ ਜ਼ਰੂਰੀ ਹੈ ।

Original with;
Punjab Vidhan Sabha
Digitized by;
Panjab Digital Library

[ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ]

ਕਿਉਂਕਿ ਇਕ ਮੰਨਿਆ ਹੋਇਆ ਸਿਧਾਂਤ ਹੈ ਕਿ—

चारित्रस्य बलं स्वराज्यं

ਅਰਥਾਤ ਚਰਿਤ੍ਰ ਹੀ ਸਵਰਾਜ ਦੀ ਰਖਿਆ ਕਰਨ ਵਾਲੀ ਸ਼ਕਤੀ ਹੈ । ਜਿਹੜਾ ਮਨੁਸ਼ਾਂ ਦਾ ਚਰਿੱਤਰ ਹੈ, ਉਸ ਨੂੰ ਬਣਾਉਣ ਲਈ ਮੈਂ ਸਮਝਦਾ ਹਾਂ ਕਿ ਸਰਕਾਰ ਨੇ ਇਹ ਸਕੀਮ ਰੱਖ ਕੇ ਕਿ ਸ਼ਹੀਦ ਬਾਬਾ ਜੀਵਨ ਸਿੰਘ ਮੈਮੋਰੀਅਲ ਟਰੱਸਟ, ਗੁਰੂ ਤੇਗ ਬਹਾਦਰ ਜੀ ਦੀ ਤਿੰਨ ਸੌ ਸਾਲਾ ਸ਼ਤਾਬਦੀ, ਭਾਈ ਮਤੀ ਦਾਸ ਮੈਮੋਰੀਅੱਲ ਅਤੇ ਸ਼ਹੀਦ ਲਾਲਾ ਲਾਜਪਤ ਰਾਏ ਦਾ ਮਕਾਨ ਖਰੀਦਣ ਵਾਸਤੇ ਮੈਂ ਸਮਝਦਾ ਹਾਂ ਕਿ ਸਮਾਜ ਦੇ ਵਾਸਤੇ, ਦੇਸ਼ ਦੇ ਵਾਸਤੇ ਉਨ੍ਹਾਂ ਮਹਾਂ ਪੁਰਸ਼ਾਂ ਵਾਸਤੇ ਜਿਨ੍ਹਾਂ ਨੇ ਦੇਸ਼ ਨੂੰ ਨਵੀਂ ਜ਼ਿੰਦਗੀ ਦਿਤੀ ਹੈ, ਇਸ ਡਿਮਾਂਡ ਵਿਚ ਪੈਸੇ ਰਖੇ ਹਨ । ਮੈਂ ਸਰਕਾਰ ਅਗੇ ਅਰਜ਼ ਕਰਾਂਗਾ ਕਿ ਜਿਸ ਤਰ੍ਹਾਂ ਸਰਕਾਰ ਨੇ ਇਹ ਕੰਮ ਕਰਕੇ ਸਾਰੇ ਦੇਸ਼ ਵਿਚ ਨਾਂ ਖਟਿਆ ਹੈ ਉਸੇ ਤਰ੍ਹਾਂ ਦਸੰਬਰ ਦੇ ਮਹੀਨੇ ਵਿਚ ਦੇਸ਼ ਦੇ ਸ਼ਹੀਦ ਸਵਾਮੀ ਸ਼ਰਧਾ ਨੰਦ ਜੀ ਦਾ ਪਰੋਗਰਾਮ ਹੋਣ ਵਾਲਾ ਹੈ, ਸਰਕਾਰ ਨੇ ਇਸ ਬਾਰੇ ਫ਼ੈਸਲਾ ਕੀਤਾ ਹੈ । ਦੇਸ਼ ਵਿਚ ਛੂਆ ਛਾਤ ਦੇ ਖ਼ਿਲਾਫ਼ ਕੰਮ ਕਰਨ ਵਾਲੇ ਗੁਰੂ ਰਵੀ ਦਾਸ ਜੀ ਦਾ ਅਗਲੇ ਸਾਲ ਛੇ ਸੌਵਾਂ ਵਰ੍ਹਿਆ ਰਿਹਾ ਹੈ । ਮੈਂ ਚਾਹਾਂਗਾ ਕਿ ਸਰਕਾਰ ਉਸ ਦੇ ਲਈ ਵੀ ਕਦਮ ਉਠਾਏ । ਸਵਾਮੀ ਸ਼ਰਧਾ ਨੰਦ ਜੀ ਨੇ ਜੋ ਕੰਮ ਕੀਤੇ ਹਨ ਇਸ ਸਾਲ ਉਨ੍ਹਾਂ ਦੇ ਕੰਮਾਂ ਨੂੰ ਸਰਕਾਰ ਉਜਾਗਰ ਕਰੇ ਔਰ 1977 ਦਾ ਸਾਰੇ ਦਾ ਸਾਰਾ ਸਾਲ ਗੁਰੂ ਰਵੀ ਦਾਸ ਜੀ ਦੇ ਕੰਮਾਂ ਨੂੰ ਉਜਾਗਰ ਕਰਨ ਵਾਸਤੇ ਲੋਕਾਂ ਵਿਚ ਪ੍ਰਚਾਰ ਕਰੇ । ਮੈਂ ਸਮਝਦਾ ਹਾਂ ਕਿ ਜੋ ਸਰਕਾਰ ਨੇ ਸੈਕੂਲਰਿਜ਼ਮ ਦਾ ਕੰਮ ਕੀਤਾ ਹੈ ਜਿਸ ਦੀ ਬੁਨਿਆਦ ਗੁਰੂ ਰਵੀ ਦਾਸ, ਗੁਰੂ ਨਾਨਕ ਦੇਵ ਅਤੇ ਮਹਾਤਮਾ ਗਾਂਧੀ ਜੀ ਨੇ ਰਖੀ ਸੀ ਉਸ ਨੂੰ ਮੁੜ ਜੀਵਤ ਕਰਦੀ ਹੋਈ ਉਜਾਗਰ ਕਰੇਗੀ ।

**ਸ੍ਰੀ ਕੇਸ਼ੋ ਰਾਮ ਗੋਇਲ** (ਬਠਿੰਡਾ) : ਚੇਅਰਮੈਨ ਸਾਹਿਬ, ਮੈਂ ਡਿਮਾਂਡ ਨੰ. 5 ਅਤੇ 36 ਤੇ ਬੋਲਣ ਲਈ ਖੜਾ ਹੋਇਆ ਹਾਂ । ਚੇਅਰਮੈਨ ਸਾਹਿਬ, ਪੰਜਾਬ ਵਿਚ ਪਹਿਲਾਂ ਗੜ੍ਹਿਆਂ ਨਾਲ ਤਬਾਹੀ ਹੋਈ ਔਰ ਉਸ ਤੋਂ ਬਾਅਦ ਫ਼ਲੱਡ ਆ ਗਏ ਔਰ ਸਾਰੇ ਪੰਜਾਬ ਦੀ ਅਕਾਨੋਮੀ ਸ਼ੈਟਰ ਹੋ ਗਈ । ਇਸ ਗਲ ਬਾਰੇ ਸ੍ਰੀ ਰਾਜ ਕੁਮਾਰ ਜੀ ਨੇ ਡਿਟੇਲ ਵਿਚ ਦਸਿਆ ਹੈ । ਮੈਂ ਜ਼ਿਆਦਾ ਡਿਟੇਲ ਵਿਚ ਨਹੀਂ ਜਾਵਾਂਗਾ । ਮੈਂ ਅਰਜ਼ ਕਰਦਾ ਹਾਂ ਕਿ ਫ਼ਰੀਦਕੋਟ ਫਲੱਡਜ਼ ਕਰਕੇ ਬਿਲਕੁਲ ਤਬਾਹ ਹੋ ਗਿਆ ਹੈ । ਉਥੇ ਇਸ ਦਾ ਕਾਰਨ ਸੀ ਕਿ ਜਿਹੜੀਆਂ ਡਰੇਨਜ਼ ਬਣਾਈਆਂ ਸਨ ਉਨ੍ਹਾਂ ਨੂੰ ਸਾਫ਼ ਨਹੀਂ ਸੀ ਕੀਤਾ ਗਿਆ ਜਿਸ ਕਰਕੇ ਉਨ੍ਹਾਂ ਦੇ ਵਿਚ ਪਾਣੀ ਨਹੀਂ ਸੀ ਚਲ ਸਕਦਾ । ਉਨ੍ਹਾਂ ਵਿਚ ਦਰਖਤ ਔਰ ਪੌਦੇ ਉਗੇ ਹੋਏ ਸੀ ਜਿਸ ਕਰਕੇ ਬੜੀ ਤਬਾਹੀ ਹੋਈ । ਫ਼ਰੀਦਕੋਟ ਦੀ ਹਾਲਤ ਇਹ ਹੈ ਕਿ ਇਸ ਵਕਤ ਲੈਵਲ ਤੋਂ ਪਾਣੀ ਤਿੰਨ ਫੁਟ ਉਪਰ ਫਿਰ ਰਿਹਾ ਹੈ । ਕੋਈ ਮਕਾਨ ਐਸਾ ਨਹੀਂ ਜਿਸ ਵਿਚ ਦਰਾੜਾਂ ਨਾ ਪਈਆਂ ਹੋਣ । ਅਨੇਕਾਂ ਮਕਾਨ ਡਿਗ ਗਏ ਹਨ ਅਤੇ ਕਈਆਂ ਥਲੇ ਥੰਮੀਆਂ ਲਗਾਈਆਂ ਹੋਈਆਂ ਹਨ । ਇਥੋਂ ਤਕ ਕਿ ਡੀ.ਸੀ. ਸਾਹਿਬ ਦੀ ਕੋਠੀ ਵਿਚ ਵੀ ਇੰਨੀਆਂ ਦਰਾੜਾਂ ਪੈ ਗਈਆਂ ਕਿ ਉਨ੍ਹਾਂ ਨੂੰ ਕੈਂਪ ਵਿਚ ਜਾਣਾ ਪਿਆ । ਸਾਰੀਆਂ ਸਰਕਾਰੀ ਅਤੇ ਪ੍ਰਾਈਵੇਟ ਬਿਲਡਿੰਗਾਂ ਦਾ ਬੁਰਾ ਹਾਲ ਹੋ ਚੁਕਾ ਹੈ । ਪਸ਼ੂਆਂ ਵਾਸਤੇ ਕੋਈ ਚਾਰਾ ਨਹੀਂ । ਲੋਕ ਦਰ-ਬ-ਦਰ ਫਿਰਦੇ ਹਨ । ਇਸ ਦਾ ਵੱਡਾ ਕਾਰਨ ਇਹ ਹੈ ਕਿ ਜਿਹੜੀ ਸਾਡੀ ਪਲੈਨਿੰਗ ਸੀ ਉਹ ਡਿਫੈਕਟਿਵ ਸੀ । ਜਿਹੜਾ

Original with;
Punjab Vidhan Sabha
Digitized by;
Panjab Digital Library

ਨਾਲਾ ਕਢਿਆ ਗਿਆ ਉਹ ਡਿਫੈਕਟਿਵ ਕਢਿਆ ਗਿਆ। ਇਸ ਦੇ ਬਾਰੇ ਮੈਂ ਬੜੇ ਅਦਬ ਨਾਲ ਅਰਜ਼ ਕਰਾਂਗਾ ਕਿ ਇਸ ਦੇ ਬਾਰੇ ਮਾਹਰੀਨ ਦਾ ਇਕ ਬੋਰਡ ਬਣਾਇਆ ਜਾਵੇ ਤਾਂ ਕਿ ਉਸ ਇਲਾਕੇ ਨੂੰ ਬਚਾਇਆ ਜਾ ਸਕੇ ਕਿਉਂਕਿ ਉਹ ਇਲਾਕਾ ਇਸ ਤਰ੍ਹਾਂ ਜਲਦੀ ਖੁਸ਼ਕ ਨਹੀਂ ਹੋਵੇਗਾ ਅਤੇ ਅਗਲੀ ਜਿਹੜੀ ਕਣਕ ਦੀ ਫ਼ਸਲ ਹੈ ਉਹ ਨਹੀਂ ਬੀਜੀ ਜਾ ਸਕੇਗੀ। ਇਹ 70-80 ਪਿੰਡਾਂ ਦਾ ਸੁਆਲ ਹੈ ਜਿਥੇ ਕਿ ਪਾਣੀ ਹੀ ਪਾਣੀ ਹੈ। ਫਰੀਦਕੋਟ ਸ਼ਹਿਰ ਦੀਆਂ ਸੜਕਾਂ ਸਾਰੀਆਂ ਟੁਟ ਗਈਆਂ ਹਨ। ਉਥੇ ਕੋਈ ਘਰ ਨਹੀਂ ਬਚਿਆ, ਕੋਈ ਇਮਾਰਤ ਨਹੀਂ ਬਚੀ। ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਥੇ ਰਿਲੀਫ਼ ਡਿਪੂ ਖੋਲ੍ਹੇ ਜਾਣ ਅਤੇ ਹੋਰ ਵੀ ਜਿਹੜਾ ਪ੍ਰਬੰਧ ਕਰਨਾ ਹੈ ਉਹ ਜਲਦੀ ਕਰੋ ਅਤੇ ਉਸ ਨੂੰ ਅਗੇ ਵਾਸਤੇ ਬਚਾਉ। ਉਥੇ ਪਿਛਲੇ ਤਿੰਨ ਸਾਲਾਂ ਤੋਂ ਹਾਲਤ ਇਹ ਹੈ ਕਿ ਮਾਮੂਲੀ ਜਿਹੀ ਬਾਰਸ਼ ਹੋ ਜਾਵੇ ਤਾਂ ਫਲੱਡ ਆ ਜਾਂਦਾ ਹੈ। ਲੋਕਾਂ ਨੂੰ ਰਿਲੀਫ ਦਿਤਾ ਜਾਵੇ ਅਤੇ ਪੂਰੀਆਂ ਸਹੂਲਤਾਂ ਮੁਹਈਆਂ ਕੀਤੀਆਂ ਜਾਣ।

**ਸਰਦਾਰ ਸਾਧੂ ਸਿੰਘ** (ਸੁਲਤਾਨਪੁਰ) **:** ਚੇਅਰਮੈਨ ਸਾਹਿਬ, ਮੈਂ ਡਿਮਾਂਡ ਨੰ. 5 ਉਤੇ ਬੋਲਣ ਲਗਾ ਹਾਂ। ਸਿਰਫ ਦੋ ਕਰੋੜ ਰੁਪਿਆ ਫ਼ਲੱਡ ਅਫੈਕਟਿਡ ਏਰੀਆਜ਼ ਵਾਸਤੇ ਰਖਿਆ ਗਿਆ ਹੈ ਜਿਹੜਾ ਕਿ ਬਹੁਤ ਥੋੜ੍ਹਾ ਹੈ। ਮੈਂ ਤੁਹਾਨੂੰ ਆਪਣੇ ਇਲਾਕੇ ਦੀ ਗਲ ਦਸਦਾ ਹਾਂ। ਕਪੂਰਥਲਾ ਬਲਾਕ ਅਤੇ ਸੁਲਤਾਨਪੁਰ ਬਲਾਕ ਵਿਚ ਬਾਰਸ਼ਾਂ ਨੇ ਇਤਨੀ ਤਬਾਹੀ ਮਚਾਈ ਹੈ ਕਿ ਪਿਛਲੇ 25-30 ਸਾਲਾਂ ਵਿਚ ਇਤਨੀ ਤਬਾਹੀ ਨਹੀਂ ਹੋਈ। 40 ਪਿੰਡਾਂ ਵਿਚ ਤਾਂ ਬਿਲਕੁਲ ਦਲਦਲ ਬਣੀ ਹੋਈ ਹੈ। ਲੋਕ ਕਿਸ਼ਤੀਆਂ ਇਸਤੇਮਾਲ ਕਰ ਰਹੇ ਹਨ। ਸ਼ਹਿਰਾਂ ਨੂੰ ਜਾਣ ਵਾਸਤੇ ਤਾਂ ਕੋਈ ਰਾਹ ਹੀ ਨਹੀਂ ਹੈ। ਜਿਹੜੇ ਉਥੇ ਮਵੇਸ਼ੀ ਹਨ ਉਨ੍ਹਾਂ ਵਾਸਤੇ ਕੋਈ ਚਾਰਾ ਨਹੀਂ ਅਤੇ ਫ਼ਸਲਾਂ ਦੀ ਤਬਾਹੀ ਹੋ ਗਈ ਹੈ। ਜਿਹੜੇ ਲੋਕਾਂ ਦੇ ਕੱਚੇ ਕੋਠੇ ਹਨ ਖਾਸ ਕਰਕੇ ਹਰੀਜਨਾਂ ਔਰ ਰਾਏ ਸਿਖਾਂ ਦੇ ਉਹ ਸਾਰੇ ਡਿੱਗ ਚੁਕੇ ਹਨ ਅਤੇ ਉਹ ਕੁਦਰਤ ਦੀ ਛੱਤ ਹੇਠ ਗੁਜ਼ਾਰਾ ਕਰ ਰਹੇ ਹਨ। ਮੈਂ ਗੌਰਮਿੰਟ ਨੂੰ ਬੇਨਤੀ ਕਰਾਂਗਾ ਕਿ, ਉਹ ਅੱਜ ਤਕ ਉਨ੍ਹਾਂ ਲੋਕਾਂ ਨੂੰ ਨਾ ਕੋਈ ਸੱਬਸਿਡੀ ਦੇ ਸਕੀ ਹੈ ਔਰ ਨਾ ਹੀ ਕੋਈ ਹੋਰ ਸਹਾਇਤਾ ਉਨ੍ਹਾਂ ਦੀ ਕਰ ਸਕੀ ਹੈ। ਜਿਤਨਾਂ ਰੁਪਈਆ ਦੇਣਾ ਹੈ ਉਹ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਦਿਤਾ ਜਾਵੇ। ਉਨ੍ਹਾਂ ਨੂੰ ਕੋਈ ਡੇਢ ਦੋ ਮਹੀਨੇ ਹੋ ਗਏ ਹਨਇਸ ਤਰ੍ਹਾਂ ਰਹਿੰਦਿਆਂ ਨੂੰ ਔਰ ਉਨ੍ਹਾਂ ਦੀ ਹਾਲਤ ਤਰਸ ਯੋਗ ਹੈ। ਇਸ ਲਈ ਜਿਤਨੀ ਜਲਦੀ ਹੋ ਸਕੇ ਉਨ੍ਹਾਂ ਨੂੰ ਸਹਾਇਤਾ ਪਹੁੰਚਾਈ ਜਾਵੇ ਤਾਂ ਕਿ ਉਹ ਆਪਣਾ ਗੁਜ਼ਾਰਾ ਕਰ ਸਕਣ। ਚੇਅਰਮੈਨ ਸਾਹਿਬ, ਮੈਂ ਦਸਦਾ ਹਾਂ ਕਿ ਉਥੇ ਦਰਿਆ ਬਿਆਸ ਔਰ ਬਈਂ ਹੈ ਉਥੇ ਬਾਰਸ਼ ਦਾ ਪਾਣੀ ਜਾਂਦਾ ਹੈ। ਪਰ ਬਦ-ਕਿਸਮਤੀ ਨਾਲ ਉਹ ਪਾਣੀ ਉਲਟਾ ਪਿੰਡਾਂ ਵਿਚ ਆਣ ਲਗ ਪਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਡਰੇਨੇਜ ਡਿਪਾਰਟਮੈਂਟ ਵਾਲਿਆਂ ਨੇ ਬਹੁਤ ਕੰਮ ਕੀਤਾ ਹੈ ਪਰ ਉਥੇ ਦੇ ਸਿਆਣੇ ਦਸਦੇ ਹਨ ਕਿ ਇਤਨੀ ਬਾਰਸ਼ ਕਦੇ ਨਹੀਂ ਵੇਖੀ ਔਰ ਕਦੇ ਇਤਨਾ ਪਾਣੀ ਨਹੀਂ ਸੀ ਵੇਖਿਆ। ਜਿਹੜਾ ਪਾਣੀ ਬਾਰਸ਼ ਦਾ ਹੁੰਦਾ ਸੀ ਉਹ ਦਰਿਆ ਵਿਚ ਚਲਾ ਜਾਂਦਾ ਸੀ ਪਰ ਹੁਣ ਪਾਣੀ ਜ਼ਿਆਦਾ ਹੋਣ ਕਰਕੇ ਦਰਿਆ ਦਾ ਪਾਣੀ ਵੱਧ ਗਿਆ ਹੈ ਅਤੇ ਵਾਟਰਗੇਟ ਬੰਦ ਕਰ ਦਿਤੇ ਗਏ ਹਨ। ਲੋਕਾਂ ਦੇ ਮਕਾਨ ਡਿਗ ਪਏ ਹਨ। ਗੌਰਮਿੰਟ ਨੂੰ ਚਾਹੀਦਾ ਹੈ ਕਿ ਉਨ੍ਹਾਂ ਲੋਕਾਂ ਦੇ ਪੱਕੇ ਮਕਾਨ ਬਣਾਉਣ ਵਾਸਤੇ ਬੈਂਕਾਂ ਤੋਂ ਜਾ ਫ਼ਾਇਨਾਂਸ਼ਲ ਕਾਰਪੋਰੇਸ਼ਨ ਤੋਂ ਕਰਜ਼ੇ ਲੈ ਕੇ ਉਨ੍ਹਾਂ ਦੇ ਮਕਾਨ ਬਣਾਉਣ ਦਾ ਪ੍ਰਬੰਧ ਕਰੇ ਤਾ ਕਿ ਉਨ੍ਹਾਂ ਲੋਕਾਂ ਦੀ ਰਿਹਾਇਸ਼ ਦਾ ਪ੍ਰਬੰਧ ਹੋ ਸਕੇ। ਉਨ੍ਹਾਂ ਨੂੰ ਇੱਟਾਂ ਕੰਟਰੋਲ ਰੇਟ ਤੇ ਦੇਣੀਆਂ ਚਾਹੀਦੀਆਂ ਹਨ ਕਿਉਂਕਿ ਜਿਹੜੀ ਸਹਾਇਤਾ ਗੌਰਮਿੰਟ ਨੇ ਦੇਣੀ ਹੈ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਾਧੂ ਸਿੰਘ]
ਉਹ ਤਾਂ ਦੋ ਚਾਰ ਸੌ ਰੁਪਏ ਹੀ ਦੇਣੀ ਹੈ ਇਸ ਦੇ ਨਾਲ ਕੋਈ ਮਕਾਨ ਨਹੀਂ ਬਣ ਸਕਦਾ। ਮੇਰੇ ਇਲਾਕੇ ਵਿਚ ਜਿਹੜਾ ਬੇਟ ਦਾ ਏਰੀਆ ਹੈ ਉਨ੍ਹਾਂ ਨੂੰ ਹਰ ਵਕਤ ਪਾਣੀ ਦਾ ਸਾਹਮਣਾ ਕਰਨਾ ਪੈਂਦਾ ਹੈ । ਉਥੇ ਜ਼ਰੂਰ ਕੋਈ ਸਕੀਮ ਬਣਾਈ ਜਾਵੇ ।

ਇਕ ਬੇਨਤੀ ਮੈਂ ਇਹ ਕਰਾਂਗਾ ਕਿ ਰਾਮਤੀਰਥ ਮੰਦਰ ਵਾਸਤੇ ਇਕ ਕਰੋੜ ਰੁਪਏ ਰਖੇ ਗਏ ਹਨ । ਸ਼ਹੀਦ ਬਾਬਾ ਜੀਵਨ ਸਿੰਘ ਦੇ ਟਰੱਸਟ ਵਾਸਤੇ, ਭਾਈ ਮੱਤੀ ਦਾਸ ਮੈਮੋਰੀਅਲ ਵਾਸਤੇ ਫ਼ੰਡਜ਼ ਰੱਖੇ ਹਨ । ਇਹ ਬੜਾ ਪ੍ਰਸ਼ੰਸਨੀਯ ਹੈ ਔਰ ਇਸ ਦੀ ਜਿੰਨੀ ਪ੍ਰਸ਼ੰਸਾ ਕੀਤੀ ਜਾਵੇ ਥੋੜ੍ਹੀ ਹੈ । ਇਸ ਤਰ੍ਹਾਂ ਸਾਡੇ ਸ਼ਹੀਦ ਉਧਮ ਸਿੰਘ ਜੀ ਜਿਨ੍ਹਾਂ ਨੇ ਹਿੰਦੁਸਤਾਨ ਦੀ ਆਨ ਰਖੀ ਸੀ, ਜਲਿਆਂ ਵਾਲੇ ਬਾਗ਼ ਵਿਚ ਜਿਹੜੀ ਜ਼ਿਆਦਤੀ ਕੀਤੀ ਗਈ ਸੀ, ਉਸ ਦਾ ਬਦਲਿਆ ਸੀ, ਉਸ ਦਾ ਇਕ ਟਰਸਟ ਬਣਾਉਣ ਲਈ ਵੀ ਖ਼ਿਆਲ ਰਖਿਆ ਜਾਵੇ ।

**ਕਾਮਰੇਡ ਅਰਜਨ ਸਿੰਘ ਮਸਤਾਨਾ** (ਵਲਟੋਹਾ) : ਚੇਅਰਮੈਨ ਸਾਹਿਬ, ਜੋ ਸਪਲੀਮੈਂਟਰੀ ਡਿਮਾਂਡਜ਼ ਹਾਊਸ ਵਿਚ ਪੇਸ਼ ਕੀਤੇ ਗਏ ਹਨ ਮੈਂ ਉਨ੍ਹਾਂ ਤੇ ਆਪਣੇ ਵਿਚਾਰ ਰਖਣ ਲਈ ਖੜਾ ਹੋਇਆ ਹਾਂ । ਜਿਸ ਤਰ੍ਹਾਂ ਮੇਰੇ ਤੋਂ ਪਹਿਲਾਂ ਬੋਲਣ ਵਾਲੇ ਦੋਸਤਾਂ ਨੇ ਕਿਹਾ ਹੈ ਕਿ ਐਤਕੀਂ ਪੰਜਾਬ ਵਿਚ ਬੜੀ ਤਬਾਹੀ ਹੋਈ ਹੈ, ਇਸ ਦੌਰਾਨ ਅੰਮ੍ਰਿਤਸਰ ਔਰ ਗੁਰਦਾਸਪੁਰ ਵਿਚ ਜ਼ਿਆਦਾ ਤਬਾਹੀ ਹੋਈ ਹੈ । ਅੰਮ੍ਰਿਤਸਰ ਦੇ ਜ਼ਿਲ੍ਹੇ ਵਿਚ ਪੱਟੀ ਸੱਬ-ਡਵੀਜ਼ਨ ਜਿਹੜਾ ਹੈ ਜਿਸ ਦੇ ਨਾਲ ਦਰਿਆ ਔਰ ਇਕ ਨਾਲਾ ਹੈ। ਉਸ ਨਾਲੇ ਦੀ ਲੰਬਾਈ 76 ਮੀਲ ਹੈ । ਉਹ ਗੁਰਦਾਸਪੁਰ ਤੋਂ ਚਲਦਾ ਹੈ । ਇਕ ਕਸੂਰ ਨਾਲਾ ਹੈ ਜਿਸ ਦੀ ਲੰਬਾਈ 167 ਮੀਲ ਹੈ । ਇਸੇ ਤਰ੍ਹਾਂ ਦੋ ਦਰਿਆਵਾਂ ਸਤਲੁਜ ਔਰ ਬਿਆਸ ਨੇ ਉਥੇ ਬੜੀ ਤਬਾਹੀ ਕੀਤੀ ਹੈ । ਉਥੇ ਮੇਰੇ ਬਹੁਤ ਸਾਰੇ ਦੋਸਤ ਜਾ ਕੇ ਆਏ ਹਨ । ਚੀਫ਼ ਮਨਿਸਟਰ ਸਾਹਿਬ ਵੀ ਹੈਲੀ-ਕੌਪਟਰ ਤੇ ਜਾਕੇ ਆਏ ਹਨ । ਅਸੀਂ ਹਵਾਈ ਅੱਡੇ ਤੇ ਜਾ ਕੇ ਆਪਣੀ ਤਕਲੀਫ਼ ਉਨ੍ਹਾਂ ਨੂੰ ਦਸੀ ਅਤੇ ਹੋਰ ਵੀ ਕਈ ਅਫ਼ਸਰ ਸਾਹਿਬਾਨ ਜਾ ਕੇ ਆਏ ਹਨ । ਹੁਣ ਐਤਕੀਂ ਜਿਹੜੀ ਪਿਛਲੀ ਬਾਰਸ਼ ਪਈ ਹੈ ਇਸ ਦੇ ਨਾਲ ਕੋਈ ਤਕਰੀਬਨ 95% ਮਕਾਨ ਮਿਸਮਾਰ ਹੋ ਗਏ ਹਨ । ਇਹ ਜਿਹੜੇ 5% ਰਹਿ ਗਏ ਹਨ ਉਨ੍ਹਾਂ ਦੇ ਥੱਲੇ ਥੰਮੀਆਂ ਲਗੀਆਂ ਹੋਈਆਂ ਹਨ । ਸਰਦਾਰ ਗੁਰਦਿਆਲ ਸਿੰਘ ਢਿਲੋਂ ਜੋ ਸੈਂਟਰਲ ਮਨਿਸਟਰ ਹਨ ਉਹ ਵੀ 36 ਪਿੰਡ ਜਿਹੜੇ ਕਿ ਦਰਿਆ ਦੇ ਪਾਣੀ ਨਾਲ ਘਿਰੇ ਹੋਏ ਹਨ ਆਪਣੇ ਅੱਖੀਂ ਦੇਖ ਕੇ ਆਏ ਹਨ ਉਹ ਮੇਰੇ ਪਿੰਡ ਵੀ ਗਏ । ਉਥੇ ਲੋਕ ਹਾਈ ਸਕੂਲ ਦੇ ਵਿਚ ਬੈਠੇ ਹਨ ਜਾਂ ਉਥੇ ਇਕ ਬਹੁਤ ਵਡਾ ਮਕਬਰਾ ਹੈ, ਰੇਲਵੇ ਲਾਈਨ ਦੇ ਉਤੇ, ਲੋਕ ਬੈਠੇ ਹਨ । ਇਹ ਇਲਾਕਾ ਉਹ ਹੈ ਜਿਹੜਾ ਸਭ ਤੋਂ ਉਚਾ ਹੈ ਅਤੇ ਜਿਥੇ ਕਦੇ ਤਬਾਹੀ ਹੋਣ ਦਾ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਜਾ ਸਕਦਾ ਪਰ ਅਜ ਉਥੇ ਤਬਾਹੀ ਹੋ ਰਹੀ ਹੈ। ਅਜ ਵੀ ਲੋਕ ਉਥੋਂ ਆਏ ਹਨ । ਉਥੇ ਬਾਰਸ਼ ਪੈ ਰਹੀ ਹੈ । ਇਹ ਤਬਾਹੀ ਘਟਣ ਦੀ ਥਾਂ ਦਿਨ ਬਦਿਨ ਵੱਧਦੀ ਜਾ ਰਹੀ ਹੈ । ਚੇਅਰਮੈਨ ਸਾਹਿਬ, ਜੋ ਇਸ ਵੇਲੇ ਸਹਾਇਤਾ ਉਸ ਇਲਾਕੇ ਦੇ ਲੋਕਾਂ ਨੂੰ ਮਿਲ ਰਹੀ ਹੈ, ਮੈਂ ਇਸ ਬਾਰੇ ਕਹਾਂਗਾ । ਜਿਸ ਤਰ੍ਹਾਂ ਉਥੇ ਚੀਫ਼ ਮਨਿਸਟਰ ਸਾਹਿਬ, ਗਏ ਜਾਂ ਹੋਰ ਦੋਸਤ ਗਏ ਹਨ ਜਾਂ ਜਿਤਨੀਆਂ ਰਿਪੋਰਟਾਂ ਉਥੋਂ ਆਈਆਂ, ਇਨ੍ਹਾਂ ਨੂੰ ਵੇਖ ਕੇ ਪੰਜਾਬ ਸਰਕਾਰ ਨੇ ਕੋਈ ਸੰਜੀਦਗੀ ਨਾਲ ਇਸ ਮਸਲੇ ਨੂੰ ਨਹੀਂ ਲਿਆ । ਜਿਸ ਤਰ੍ਹਾਂ ਪਿਛੇ ਗੜ੍ਹੇ ਪਏ ਸਨ ਜਿਹੜੇ ਕਿ ਬਹੁਤ ਥੋੜੇ ਪਿੰਡਾਂ ਤਕ ਹੀ ਮਹਿਦੂਦ ਸਨ, ਉਸ ਦੇ ਲਈ ਤਾਂ 8 ਕਰੋੜ ਰੁਪਿਆ ਸਰਕਾਰ ਨੇ

Original with;
Punjab Vidhan Sabha
Digitized by;
Panjab Digital Library

ਰੱਖਿਆ। ਲੇਕਿਨ ਹੁਣ ਸਿਰਫ ਦੋ ਕਰੋੜ ਰੁਪਿਆ ਸਰਕਾਰ ਨੇ ਕੱਢਿਆ ਹੈ। ਮੈਂ ਉਸ ਇਲਾਕੇ ਵਿਚੋਂ 6 ਤਰੀਕ ਸਵੇਰੇ ਆਇਆ ਹਾਂ। ਉਥੇ ਬਹੁਤ ਤਬਾਹੀ ਹੋ ਰਹੀ ਹੈ। ਡਿਪਟੀ ਕਮਿਸ਼ਨਰ ਦਾ ਬਿਆਨ ਕੱਲ ਆਇਆ ਸੀ ਉਹ ਸਾਰਿਆਂ ਨੇ ਅਖਬਾਰ ਵਿਚ ਪੜ੍ਹਿਆ ਹੋਣਾ ਹੈ। 188 ਪਿੰਡ ਮੇਰੇ ਪੱਟੀ ਡਵੀਜ਼ਨ ਦੇ ਹਨ ਜਿਹੜੇ ਕਿ ਬਿਲਕੁਲ ਤਬਾਹ ਹੋ ਗਏ ਹਨ। ਲੇਕਿਨ ਉਥੇ ਪੰਜ ਤਰੀਕ ਸ਼ਾਮ ਤਕ ਜਿਹੜੀ ਮਦਦ ਦਿੱਤੀ ਗਈ ਉਹ ਸਿਰਫ 4 ਲੱਖ 20 ਹਜ਼ਾਰ ਹੈ ਜਿਹੜੀ ਕਿ ਸਿਰਫ 10 ਪਿੰਡਾਂ ਤੋਂ ਵੱਧ ਨਹੀਂ ਦਿੱਤੀ ਗਈ। ਇਸ ਤੋਂ ਤੁਸੀਂ ਅਨੁਮਾਨ ਲਾ ਸਕਦੇ ਹੋ ਕਿ 188 ਪਿੰਡਾਂ ਦਾ ਕੀ ਬਣ ਰਿਹਾ ਹੈ ? ਢਿੱਲੋਂ ਸਾਹਿਬ ਨੇ ਵੀ ਦਿੱਲੀ ਵਿਚ ਜਾ ਕੇ ਬਿਆਨ ਦਿੱਤਾ ਹੈ ਕਿ ਫੌਰੀ ਤੌਰ ਤੇ ਫੌਜੀਆਂ ਵਾਲੇ ਤੰਬੂ ਉਨ੍ਹਾਂ ਨੂੰ ਦਿੱਤੇ ਜਾਣ। 256 ਤੰਬੂ ਉਨ੍ਹਾਂ ਨੂੰ ਹੁਣ ਤਕ ਦਿੱਤੇ ਹਨ ਜਿਹੜੇ ਕਿ ਢਾਈ ਤੰਬੂ ਇਕ ਪਿੰਡ ਦੇ ਹਿਸਾਬ ਨਾਲ ਬਣਦੇ ਹਨ। ਉਥੇ 94 ਬੋਰੀ ਆਟੇ ਦੀ ਦਿੱਤੀ ਗਈ ਹੈ ਜਿਹੜੀ ਕਿ ਅੱਧੀ ਬੋਰੀ ਇਕ ਪਿੰਡ ਦੇ ਹਿੱਸੇ ਆਉਂਦੀ ਹੈ। ਇਸ ਮਸਲੇ ਤੇ ਸਰਕਾਰ ਦਾ ਮੈਂ ਧਿਆਨ ਦਿਵਾਉਂਦਾ ਹਾਂ ਕਿ ਇਹ ਉਹ ਇਲਾਕਾ ਹੈ ਜਿਥੇ 2 ਜੰਗਾਂ ਲੜੀਆਂ ਗਈਆਂ, ਉਥੇ ਬਹੁਤ ਤਬਾਹੀ ਹੋਈ ਲੇਕਿਨ ਲੋਕ ਹਾਰੇ ਨਹੀਂ। ਪਰ ਹੁਣ ਉਨ੍ਹਾਂ ਦੇ ਹੌਸਲੇ ਬਿਲਕੁਲ ਪਸਤ ਹੋ ਗਏ। ਜਿਸ ਤਰ੍ਹਾਂ ਦੀ ਮਦਦ ਸਰਕਾਰ ਵਲੋਂ ਉਨ੍ਹਾਂ ਨੂੰ ਦਿੱਤੀ ਜਾ ਰਹੀ ਹੈ ਇਹ ਬਹੁਤ ਥੋੜ੍ਹੀ ਹੈ। ਜਿਸ ਹਿਸਾਬ ਨਾਲ ਇਹ ਪੱਟੀ ਡਿਵੀਜ਼ਨ ਵਿਚ ਮਦਦ ਦੇ ਰਹੇ ਹਨ ਇਸ ਹਿਸਾਬ ਨਾਲ ਤਾਂ ਛੇ ਮਹੀਨੇ ਤਕ ਇਹ ਸਾਰੇ ਪਿੰਡਾਂ ਵਿਚ ਮਦਦ ਨਹੀਂ ਪਹੁੰਚਾ ਸਕਦੇ ਕਿਉਂਕਿ ਹੁਣ ਤਕ ਇਨ੍ਹਾਂ ਨੇ ਸਿਰਫ 12, 13 ਪਿੰਡਾਂ ਵਿਚ ਹੀ ਮਦਦ ਦਿੱਤੀ ਹੈ। ਪਿੰਡ ਸੜਕਾਂ ਨਾਲੋਂ ਕੱਟੇ ਗਏ ਹਨ। ਚਾਰ ਚਾਰ ਫੁਟ ਉਥੇ ਪਾਣੀ ਫਿਰ ਰਿਹਾ ਹੈ। ਮੈਂ ਇਹ ਅਰਜ਼ ਕਰਾਂਗਾ ਕਿ ਉਨ੍ਹਾਂ ਨੂੰ ਜਿਹੜੀ ਮਦਦ ਦਿੱਤੀ ਜਾ ਰਹੀ ਹੈ, ਜਿਹੜੇ ਹਰੀਜਨਾਂ ਦੇ ਮਕਾਨ ਢਹਿ ਗਏ ਹਨ ਉਨ੍ਹਾਂ ਨੂੰ 150 ਰੁਪਏ ਮਕਾਨ ਦੇ ਦਿੱਤੇ ਜਾ ਰਹੇ ਹਨ ਅਤੇ 50 ਰੁਪਏ ਡੰਗਰਾਂ ਦੇ ਚਾਰੇ ਲਈ ਦਿੱਤੇ ਜਾ ਰਹੇ ਹਨ। ਚੇਅਰਮੈਨ ਸਾਹਿਬ ਤੁਹਾਨੂੰ ਪਤਾ ਹੈ ਕਿ ਮੇਰੀ ਡਿਵੀਜ਼ਨ ਵਿਚ ਸਾਰੇ ਹਿੰਦੁਸਤਾਨ ਵਿਚੋਂ ਚੰਗਾ ਮਾਲ ਹੈ। ਉਥੇ ਮਵੇਸ਼ੀ ਵੱਧ ਤੋਂ ਵੱਧ ਦੁੱਧ ਦੇਣ ਵਾਲੇ ਹਨ। ਪਿਛੇ ਜਿਹੜੀ ਲੁਧਿਆਣੇ ਵਿਚ ਮਵੇਸ਼ੀਆਂ ਦੀ ਨੁਮਾਇਸ਼ ਹੋਈ ਹੈ ਉਸ ਵਿਚ ਮੇਰੇ ਇਲਾਕੇ ਦੀਆਂ ਮੱਝਾਂ ਫਸਟ ਆਈਆਂ ਹਨ। ਅੱਜ ਉਹ ਪਸ਼ੂ ਮਰ ਰਹੇ ਹਨ ਉਨ੍ਹਾਂ ਵਾਸਤੇ ਸਿਰਫ 50 ਰੁਪਏ ਚਾਰੇ ਦੇ ਦਿੱਤੇ ਜਾ ਰਹੇ ਹਨ। ਪਿੰਡਾਂ ਵਿਚ ਉਥੇ ਕੋਈ ਚਾਰਾ ਨਹੀਂ ਰਹਿ ਗਿਆ। ਉਥ ਨਰਮੇ ਅਤੇ ਮਿਰਚਾਂ ਦੀ ਫਸਲ ਹੁੰਦੀ ਹੈ, ਉਹ ਬਿਲਕੁਲ ਤਬਾਹ ਹੋ ਗਈ ਹੈ। ਛੋਨਾ ਉਥੇ ਹੁੰਦਾ ਨਹੀਂ। ਤੋਰੀਆ ਅਤੇ ਮਕਈ ਦੀ ਫਸਲ ਬੀਜੀ ਨਹੀਂ ਜਾ ਸਕੀ। ਮੈਂ ਪਰਸੋਂ ਢਿੱਲੋਂ ਸਾਹਿਬ ਨੂੰ ਦਸਿਆ ਸੀ ਕਿ ਹਰੀਜਨਾਂ ਦੇ ਮਕਾਨ ਢਹਿ ਗਏ ਹਨ, ਉਨ੍ਹਾਂ ਨੂੰ ਦਿਹਾੜੀ ਦਾ ਕੋਈ ਕੰਮ ਮਿਲ ਨਹੀਂ ਰਿਹਾ, ਕੋਈ ਆਸਰਾ ਉਨ੍ਹਾਂ ਕੋਲ ਜੀਣ ਦਾ ਨਹੀਂ ਰਿਹਾ। ਅਜੇ ਤਾਂ ਗੌਰਮਿੰਟ ਸਿਰਫ 12, 13 ਪਿੰਡਾਂ ਵਿਚ ਹੀ ਮਦਦ ਪਹੁੰਚਾ ਸਕੀ ਹੈ। ਉਹ ਲੋਕ ਅੱਜ ਖੁਲੇ ਆਸਮਾਨ ਥੱਲੇ ਬੈਠੇ ਹਨ। ਕੋਈ ਤੰਬੂ ਉਨ੍ਹਾਂ ਕੋਲ ਨਹੀਂ। ਮਲੇਰੀਆ ਘਰ ਘਰ ਵਿਚ ਫੈਲਿਆ ਹੋਇਆ ਹੈ। ਮੈਂ ਸਰਕਾਰ ਨੂੰ ਤੁਹਾਡੇ ਰਾਹੀਂ ਕਹਾਂਗਾ ਕਿ ਉਥੇ ਦਵਾਈਆਂ ਨਾ ਮਿਲਣ ਕਰਕੇ ਜਿਤਨੀਆਂ ਵੀ ਮੌਤਾਂ ਹੋ ਗਈਆਂ ਉਸ ਦੀ ਜ਼ਿਮੇਂਵਾਰੀ ਸਰਕਾਰ ਤੇ ਪਵੇਗੀ। ਬਿਮਾਰੀਆਂ ਨੂੰ ਰੋਕਣ ਲਈ ਕੁਝ ਪਿੰਡਾਂ ਵਿਚ ਥੋੜ੍ਹੀ ਬਹੁਤ ਦਵਾਈ ਜ਼ਰੂਰ ਪਹੁੰਚੀ ਹੈ। ਲੇਕਿਨ ਉਥੇ ਤਬਾਹੀ ਬਹੁਤ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅਰਜਨ ਸਿੰਘ ਮਸਤਾਨਾ]

ਜ਼ਿਆਦਾ ਹੈ ਅਤੇ ਲੋਕਾਂ ਨੂੰ ਪੂਰੀ ਮਦਦ ਪਹੁੰਚ ਨਹੀਂ ਰਹੀ । ਉਨ੍ਹਾਂ ਦੇ ਖਾਣ ਪੀਣ ਦਾ ਕੋਈ ਇੰਤਜ਼ਾਮ ਨਹੀਂ । ਜਿਹੜੇ ਬੇਜ਼ਮੀਨੇ ਗਰੀਬ ਲੋਕ ਹਨ ਉਨ੍ਹਾਂ ਨੂੰ ਫੌਰੀ ਤੌਰ ਤੇ ਤੰਬੂ ਅਤੇ ਆਟਾ ਦਿੱਤਾ ਜਾਵੇ । ਉਥੇ ਡਿਪੂ ਖੋਲ੍ਹੇ ਜਾਣ । ਅੱਗੋਂ ਸਿਆਲ ਆ ਰਿਹਾ ਹੈ । ਨਾਲ ਹੀ ਬਿਮਾਰੀ ਦਾ ਡਰ ਹੈ । ਉਨ੍ਹਾਂ ਦੇ ਰਹਿਣ ਲਈ ਕੋਈ ਥਾਂ ਨਹੀਂ । ਉਸ ਸਾਰੇ ਏਰੀਏ ਵਿਚ ਜਿਤਨੇ ਪੱਕੇ ਮਕਾਨ ਸਨ ਉਹ ਸਾਰੇ ਢਹਿ ਗਏ ਹਨ । ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਮਸਲੇ ਲਈ ਘੱਟ ਤੋਂ ਘੱਟ ਜੇ ਸਰਕਾਰ ਦੇਵੇ ਤਾਂ 20, 25 ਕਰੋੜ ਰੁਪਿਆ ਜ਼ਰੂਰ ਮਦਦ ਦੇ ਤੌਰ ਤੇ ਉਨ੍ਹਾਂ ਲੋਕਾਂ ਨੂੰ ਦੇਣਾ ਚਾਹੀਦਾ ਹੈ । ਅਸੀਂ ਦਿੱਲੋਂ ਸਾਹਿਬ ਨੂੰ ਵੀ ਕਿਹਾ ਸੀ । ਉਨ੍ਹਾਂ ਨੇ ਯਕੀਨ ਦਿਵਾਇਆ ਸੀ ਕਿ ਉਹ ਸੈਂਟਰ ਤੇ ਜ਼ੋਰ ਪਾਉਣਗੇ ਕਿ ਮਦਦ ਦਿੱਤੀ ਜਾਵੇ । ਸਰਕਾਰ ਦਾ ਵੀ ਬਿਆਨ ਆਇਆ ਹੈ ।

**ਸ਼੍ਰੀ ਸਭਾਪਤੀ** : ਵਾਈਂਡ ਅਪ ਕਰੋ ਜੀ ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ਚੇਅਰਮੈਨ ਸਾਹਿਬ, ਜਿਥੇ ਹੜ੍ਹਾਂ ਨੇ ਸਭ ਤੋਂ ਜ਼ਿਆਦਾ ਮਾਰ ਕੀਤੀ ਹੈ, ਮੈਂ ਸਿਰਫ ਇਕ ਦੋ ਮਿੰਟ ਹੋਰ ਬੋਲਾਂਗਾ । ਮੈਂ ਤਾਂ ਸਰਕਾਰ ਕੋਲ ਇਹ ਅਰਜ਼ ਕਰਾਂਗਾ ਕਿ ਘੱਟ ਤੋਂ ਘੱਟ 25 ਕਰੋੜ ਰੁਪਿਆ ਉਸ ਇਲਾਕੇ ਦੀ ਮਦਦ ਵਾਸਤੇ ਦੇਣਾ ਚਾਹੀਦਾ ਹੈ । ਜਦੋਂ ਪਹਿਲਾਂ ਗੜ੍ਹਿਆਂ ਦੇ ਕਾਰਣ ਮਾਰ ਹੋਈ ਤਾਂ 300 ਰੁਪਏ ਏਕੜ ਦੇ ਹਿਸਾਬ ਨਾਲ ਕਿਸਾਨਾਂ ਦੀ ਮਦਦ ਕੀਤੀ ਗਈ । ਜੋ ਇਨ੍ਹਾਂ ਨੇ ਕੀਤਾ ਹੈ, ਇਸ ਲਈ ਇਨ੍ਹਾਂ ਦੀ ਸ਼ਲਾਘਾ ਹੋਈ ਹੈ । ਮਨਿਸਟਰ ਸਾਹਿਬ ਨੇ ਯਕੀਨ ਦਿਵਾਇਆ ਹੈ ਕਿ ਜਿਹੜੀਆਂ ਫਸਲਾਂ ਰੁੜ੍ਹ ਗਈਆਂ ਹਨ ਉਨ੍ਹਾਂ ਦਾ ਵੀ ਮੁਆਵਜ਼ਾ ਦਿੱਤਾ ਜਾਵੇਗਾ । ਦੂਜਾ ਲੋਕਾਂ ਨੇ ਡਰੇਨਾਂ ਬਾਰੇ ਖਦਸਾ ਜ਼ਾਹਿਰ ਕੀਤਾ ਹੈ । 42 ਪਿੰਡ ਐਸੇ ਹਨ ਜਿਹੜੇ ਕਿ ਡਰੇਨ ਟੁੱਟਣ ਨਾਲ ਤਬਾਹ ਹੋ ਗਏ ਹਨ । ਇਕ ਮਿਸਟਰ ਸਿੱਧੂ ਐਕਸ. ਈ. ਐਨ, ਹੈ, ਉਸ ਨੇ ਉਸ ਡਰੇਨ ਵਿਚ ਪੈਸੇ ਖਾਦੇ ਹਨ । ਕੈਰੋਂ ਡਰੇਨ ਅਤੇ ਹੋਰਨਾਂ ਡਰੇਨਾਂ ਵਿਚ ਵੀ ਉਸ ਨੇ ਪੈਸੇ ਖਾਦੇ ਹਨ । ਸਾਨੂੰ ਪੂਰਾ ਯਕੀਨ ਸੀ, ਕਿਉਂਕਿ ਇਹ ਸਾਬਤ ਹੋ ਚੁਕਿਆ ਹੈ ਕਿ ਉਸ ਨੇ ਪੈਸੇ ਖਾਦੇ ਹਨ, ਉਸ ਦੇ ਖਿਲਾਫ ਕੋਈ ਐਕਸ਼ਨ ਹੋਵੇਗਾ, ਲੇਕਿਨ ਸਾਨੂੰ ਪਤਾ ਲਗਾ ਹੈ ਕਿ ਉਸ ਨੂੰ ਪੰਜਾਬ ਸਰਕਾਰ ਨੇ ਬਹਾਲ ਕਰ ਦਿੱਤਾ ਹੈ ਅਤੇ ਉਸ ਨੂੰ ਨੌਕਰੀ ਤੇ ਲਾ ਦਿੱਤਾ ਹੈ । ਜੇ ਸਿੱਧੂ ਵਰਗੇ ਅਫਸਰ, ਜਿਨ੍ਹਾਂ ਨੇ ਡਰੇਨਾਂ ਗਲਤ ਬਣਾਈਆਂ ਅਤੇ ਜਿਸ ਨਾਲ ਪੱਟੀ ਡਿਵੀਜ਼ਨ ਵਿਚ 42 ਪਿੰਡ ਤਬਾਹ ਹੋ ਗਏ, ਨੂੰ ਸਰਕਾਰ ਨੇ ਬਹਾਲ ਕਰ ਦਿੱਤਾ ਹੈ, ਤਾਂ ਇਹ ਕੋਈ ਚੰਗੀ ਗੱਲ ਨਹੀਂ ।

11.37 ਸਵੇਰੇ | (ਇਸ ਸਮੇਂ ਸ਼੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਸਪੀਕਰ ਸਾਹਿਬ, ਕਪੂਰ ਸਾਹਿਬ ਅਤੇ ਰਾਜ ਕੁਮਾਰ ਜੀ ਨੇ ਕਿਹਾ ਹੈ ਕਿ ਉਸ ਐਸ. ਡੀ. ਓ. ਦੀ ਪੜਤਾਲ ਸਰਕਾਰ ਕਰੇ । ਮੈਂ ਵੀ ਇਕ ਐਕਸ. ਈ. ਐਨ. ਦਾ ਨਾਂ ਲਿਆ ਹੈ । ਇਨ੍ਹਾਂ ਅਫਸਰਾਂ ਦੀ ਇਨਕੁਆਇਰੀ ਸਰਕਾਰ ਕਰੇ । ਇਹ ਅਫਸਰ ਭਾਵੇਂ ਪੀ. ਡਬਲਯੂ. ਡੀ. ਦੇ ਮਹਿਕਮੇ ਦੇ ਹਨ ਅਤੇ ਭਾਵੇਂ ਇਰੀਗੇਸ਼ਨ ਦੇ ਹਨ, ਇਨ੍ਹਾਂ ਨੇ ਕਿਸ ਤਰ੍ਹਾਂ ਦੀਆਂ ਬਿਲਡਿੰਗਾਂ ਬਣਾਈਆਂ ਹਨ । ਇਨ੍ਹਾਂ ਦੀਆਂ ਕੋਠੀਆਂ ਕਿਥੋਂ ਆ ਗਈਆਂ । ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ । ਇਨ੍ਹਾਂ ਦੀਆਂ

Original with;
Punjab Vidhan Sabha
Digitized by;
Panjab Digital Library

ਬਣਾਈਆਂ ਹੋਈਆਂ ਸੜਕਾਂ ਟੁੱਟ ਗਈਆਂ ਹਨ । ਹਰੀਕੇ—ਅੰਮ੍ਰਿਤਸਰ ਦਾ ਰੂਟ ਬੰਦ ਹੋ ਗਿਆ ਹੈ । ਇਕ ਪੁਲ ਹੈ ਜਿਸ ਤੇ ਕਿ 33 ਲੱਖ ਰੁਪਿਆ ਲੱਗਿਆ ਹੈ । ਉਸ ਪੁਲ ਤੇ ਅੱਜ ਤੋਂ ਦੋ ਤਿੰਨ ਦਿਨ ਪਹਿਲੇ ਜਦੋਂ ਪਾਣੀ ਦਾ ਦਬਾਅ ਪਿਆ ਤਾਂ ਪੁਲ ਟੁੱਟ ਗਿਆ । ਉਹ ਪੁਲ ਬਚਾਇਆ ਜਾ ਸਕਦਾ ਸੀ । ਪਰ ਪੀ. ਡਬਲਯੂ. ਡੀ. ਵਾਲਾ ਉਥੇ ਕੋਈ ਨਹੀਂ ਆਇਆ। ਉਹ ਪੁੱਲ ਟੁੱਟਣ ਕਾਰਣ ਉਥੇ ਸਾਰੀ ਆਵਾਜਾਈ ਰੁਕ ਗਈ ਹੈ । ਮੈਂ ਤਾਂ ਇਹ ਮੰਗ ਕਰਾਂਗਾ ਕਿ ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਉਥੇ ਡਰੇਨਾਂ ਟੁੱਟ ਗਈਆਂ ਹਨ ਅਤੇ ਪਿੰਡ ਦੇ ਪਿੰਡ ਤਬਾਹ ਹੋ ਗਏ ਹਨ । ਮੈਂ ਇਹ ਮੰਗ ਕਰਾਂਗਾ ਕਿ ਜਿਨ੍ਹਾਂ ਅਫਸਰਾਂ ਨੇ ਇਥੇ ਕੰਮ ਕੀਤਾ ਹੈ, ਇਨ੍ਹਾਂ ਦੀ ਪੜਤਾਲ ਕੀਤੀ ਜਾਵੇ ਕਿ ਕਿਥੇ ਕਿਥੇ ਕਿਉਂ ਨੁਕਸ ਪਿਆ ? ਜਿਤਨਾ ਚਿਰ ਉਨ੍ਹਾਂ ਨੂੰ ਸਜ਼ਾ ਨਹੀਂ ਮਿਲਦੀ, ਜਿਤਨਾ ਚਿਰ ਉਨ੍ਹਾਂ ਦੀ ਸੰਘੀ ਨੂੰ ਹੱਥ ਨਹੀਂ ਪਵੇਗਾ, ਤੁਸੀਂ ਭਾਵੇਂ ਜਿਤਨੀ ਮਰਜ਼ੀ ਸਰਵੇ ਕਰਾ ਲਓ, ਹੋਰ ਪੈਸਾ ਇਸ ਕੰਮ ਵਾਸਤੇ ਦੇ ਦਿਓ, ਇਹ ਡਰੇਨਾਂ ਦਾ ਮਸਲਾ ਹੱਲ ਨਹੀਂ ਹੋਵੇਗਾ । ਮੈਂ ਇਹ ਬੇਨਤੀ ਕਰਾਂਗਾ ਕਿ ਫੌਰੀ ਤੌਰ ਤੇ ਜਿਹੜੇ ਬੇਜ਼ਮੀਨੇ ਲੋਕ ਹਨ ਉਨ੍ਹਾਂ ਦੇ ਵਾਸਤੇ ਲੰਗਰ ਖੋਲ੍ਹਿਆ ਜਾਵੇ । ਜਿਸ ਤਰ੍ਹਾਂ ਅੰਮ੍ਰਿਤਸਰ ਅਤੇ ਅਜਨਾਲੇ ਵਿਚ ਤੰਬੂ ਦਿਤੇ ਗਏ ਹਨ ਉਸੇ ਤਰ੍ਹਾਂ ਪੱਟੀ ਸਬ—ਡਵੀਜਨ ਵਿਚ ਵੀ ਤੰਬੂ ਦਿੱਤੇ ਜਾਣ ।

ਮੈਂ ਇਕ ਵਾਰੀ ਫਿਰ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜੇ ਘੱਟ ਤੋਂ ਘੱਟ ਮਦਦ ਲੋਕਾਂ ਦੀ ਕਰਨੀ ਹੈ ਤਾਂ 25 ਕਰੋੜ ਰੁਪਿਆ ਜ਼ਰੂਰ ਲੋਕਾਂ ਵਿਚ ਵੰਡੋ ਤਾਂ ਕਿ ਉਹ ਮੁੜ ਆਪਣੇ ਪੈਰਾਂ ਤੇ ਖੜ੍ਹੇ ਸਕਣ । (ਘੰਟੀ) ਜਿਹੜੇ ਲੋਕ ਬਾਹਰ ਬੈਠੇ ਹਨ ਉਨ੍ਹਾਂ ਦੇ ਲਈ ਦਵਾਈਆਂ ਦਾ ਇੰਤਜ਼ਾਮ ਕੀਤਾ ਜਾਵੇ, ਡਾਕਟਰ ਉਥੇ ਭੇਜੇ ਜਾਣ । ਇਹ ਕਿਉਂਕਿ ਬਾਰਡਰ ਦਾ ਇਲਾਕਾ ਹੈ, ਇਹ ਦੁੱਧ ਵੇਚ ਕੇ ਗੁਜ਼ਾਰਾ ਕਰਦੇ ਹਨ । ਉਨ੍ਹਾਂ ਲੋਕਾਂ ਕੋਲ ਨਾ ਚਰ੍ਹੀ ਰਹਿ ਗਈ ਹੈ ਨਾ ਤੂੜੀ ਰਹਿ ਗਈ ਹੈ......

**ਸ਼੍ਰੀ ਸਪੀਕਰ :** ਤੁਸੀਂ ਵਾਈਂਡ ਅਪ ਕਰੋ ਜੀ ਹੁਣ ।

**ਕਾਮਰੇਡ ਅਰਜਨ ਸਿੰਘ ਮਸਤਾਨਾ :** ਸਪੀਕਰ ਸਾਹਿਬ, ਇਹ ਤਿੰਨ—ਚਾਰ ਸੁਝਾਓ ਮੈਂ ਸਰਕਾਰ ਨੂੰ ਦੇਣੇ ਸਨ । ਮੈਂ ਕਹਾਂਗਾ ਕਿ ਪਹਿਲਾਂ ਨਾਲੋਂ 3-4 ਗੁਣਾਂ ਵੱਧ ਤਬਾਹੀ ਹੋਈ ਹੈ ਅਤੇ ਲੋਕਾਂ ਦੀ ਬੁਰੀ ਹਾਲਤ ਹੈ, ਲੋਕ ਬੀਮਾਰ ਪਏ ਹੋਏ ਹਨ, ਬੀਮਾਰੀਆਂ ਫੈਲ ਰਹੀਆਂ ਹਨ, ਇਸ ਕਰਕੇ ਸਰਕਾਰ ਨੂੰ ਕੁਝ ਕਰਨਾ ਚਾਹੀਦਾ ਹੈ ।

**ਸਰਦਾਰ ਹਰਚਰਨ ਸਿੰਘ (ਅਜਨਾਲਾ)** : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਸਾਰੇ ਪੰਜਾਬ ਲਈ ਸਮੁੱਚੇ ਤੌਰ ਤੇ ਔਰ ਅੰਮ੍ਰਿਤਸਰ, ਫਿਰੋਜ਼ਪੁਰ ਔਰ ਗੁਰਦਾਸਪੁਰ ਤੇ ਕਪੂਰਥਲੇ ਲਈ, ਖਾਸ ਤੌਰ ਜੁਲਾਈ ਦੇ ਆਖਰੀ ਹਫਤੇ ਵਿਚ ਔਰ ਅਗਸਤ ਦੇ ਸਾਰੇ ਮਹੀਨੇ ਵਿਚ ਇਕ ਬੜਾ ਭਿਆਨਕ ਸਮਾਂ ਸੀ । ਇਸ ਅਰਸੇ ਦੇ ਵਿਚ ਪੰਜਾਬ ਵਿਚ ਇੰਨੀਆਂ ਬਾਰਸ਼ਾਂ ਹੋਈਆਂ ਇਨ੍ਹਾਂ ਜ਼ਿਲ੍ਹਿਆਂ ਵਿਚ ਕਿ ਜਿਸ ਦੀ ਮਿਸਾਲ ਪੁਰਾਣੇ ਇਤਿਹਾਸ ਵਿਚ ਨਹੀਂ ਮਿਲਦੀ । ਸਪੀਕਰ ਸਾਹਿਬ, ਅਗਰ ਮੈਂ ਤੁਹਾਨੂੰ ਦੱਸਾਂ ਕਿ ਇਨ੍ਹਾਂ ਦਿਨਾਂ ਦੇ ਵਿਚ ਅੰਮ੍ਰਿਤਸਰ ਜ਼ਿਲੇ ਦੇ ਵਿਚ 40 ਇੰਚ ਬਾਰਿਸ਼ ਹੋਈ ਜਦੋਂ ਕਿ ਸਾਰੇ ਸਾਲ ਵਿਚ ਅੰਮ੍ਰਿਤਸਰ ਦੀ ਰੇਨਫਾਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚਰਨ ਸਿੰਘ]

25-30 ਇੰਚ ਤਕ ਹੁੰਦੀ ਹੈ ਤਾਂ ਇਹ ਮੈਂ ਬਿਲਕੁਲ ਹਕੀਕਤਪਸੰਦੀ ਦੀ ਗੱਲ ਕਹਿ ਰਿਹਾ ਹਾਂ। ਨਤੀਜਾ ਇਹ ਹੋਇਆ ਕਿ ਇਨ੍ਹਾਂ ਲਾਮਿਸਾਲ ਬਾਰਿਸ਼ਾਂ ਨੇ ਬਹੁਤ ਤਬਾਹੀ ਕੀਤੀ ਹੈ। ਕੁਝ ਸਾਡੀਆਂ ਜਿਹੜੀਆਂ ਡ੍ਰੇਨਾਂ ਸਨ, ਉਨ੍ਹਾਂ ਦਾ ਠੀਕ ਕੰਮ ਨਾ ਕਰਨਾ ਔਰ ਜਿਹੜੇ ਸਾਡੇ ਮਹਿਕਮੇ ਹਨ, ਪੀ. ਡਬਲਯੂ. ਡੀ. ਔਰ ਡ੍ਰੇਨੇਜ ਔਰ ਇਰੀਗੇਸ਼ਨ, ਇਨ੍ਹਾਂ ਵਿਚ ਕੋਆਰਡੀਨੇਸ਼ਨ ਅਤੇ ਤਾਲਮੇਲ ਨਹੀਂ ਹੈ। ਕੁਝ ਐਸੇ ਕਾਰਨ ਬਣ ਗਏ ਜਿਨ੍ਹਾਂ ਕਰਕੇ ਅਜਨਾਲਾ ਦੀ ਤਹਿਸੀਲ ਵਿਚ ਤਾਂ ਖਾਸ ਤੌਰ ਤੇ ਬਹੁਤ ਹੀ ਤਬਾਹੀ ਹੋਈ।

**ਸ੍ਰੀ ਸਪੀਕਰ** : ਕੁਝ ਹੋਰ ਮਾਨਯੋਗ ਮੈਂਬਰ ਵੀ ਬੋਲਣਾ ਚਾਹੁੰਦੇ ਹਨ ਅਤੇ ਡਿਬੇਟ ਵਿਚ ਹਿੱਸਾ ਲੈਣਾ ਚਾਹੁੰਦੇ ਹਨ, ਇਸ ਕਰਕੇ ਗਿਲੋਟੀਨ 12-30 ਵਜੇ ਲਗੇਗੀ !

Is it the pleasure of the House ?

(Voices : Yes, yes)

**ਸਰਦਾਰ ਹਰਚਰਨ ਸਿੰਘ** : ਸਾਰੀ ਅਜਨਾਲਾ ਤਹਿਸੀਲ ਵਿਚ 347 ਪਿੰਡ ਹਨ ਅਤੇ ਇਨ੍ਹਾਂ ਵਿਚੋਂ ਪੌਣੇ ਤਿੰਨ ਸੌ ਪਿੰਡਾਂ ਵਿਚ 50 ਤੋਂ ਲੈਕੇ 75% ਤਕ ਡੈਮੇਜ਼ ਹੋਇਆ ਹੈ ਅਤੇ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਲੋਕਾਂ ਦਾ ਕੀ ਹਾਲ ਹੋਵੇਗਾ। ਮੈਂ ਇਨ੍ਹਾਂ ਪਿੰਡਾਂ ਦਾ ਮੁਆਇਨਾ ਕੀਤਾ ਹੈ, ਭਾਵੇਂ ਮੈਨੂੰ ਕਿਸੇ ਬੇੜੀ ਵਿਚ ਜਾਣਾ ਪਿਆ, ਭਾਵੇਂ ਪੈਦਲ ਜਾਣਾ ਪਿਆ, ਭਾਵੇਂ ਜੀਪ ਵਿਚ ਜਾਣਾ ਪਿਆ, ਮੈਂ ਸਾਰੀ ਤਹਿਸੀਲ ਵਿਚ 250 ਪਿੰਡਾਂ ਦਾ ਆਪਣੀਆਂ ਅੱਖਾਂ ਨਾਲ ਹਾਲ ਵੇਖਿਆ ਹੈ। ਸਪੀਕਰ ਸਾਹਿਬ, ਲੋਕਾਂ ਦੀ ਹਾਲਤ ਬਹੁਤ ਹੀ ਭੈੜੀ ਹੈ ਅਤੇ ਤੁਸੀਂ ਯਕੀਨ ਜਾਣੋ ਕਿ ਰਾਮਦਾਸ ਤੋਂ ਰਾਣੀਆਂ ਤਕ ਧੁਸੀ ਬੰਧ ਤੇ ਲੋਕਾਂ ਨੇ ਆਪਣੇ ਜਾਨਵਰ ਬਨ੍ਹੇ ਹੋਏ ਹਨ ਅਤੇ ਲੋਕੀਂ ਆਪ ਬਾਹਰ ਬੈਠੇ ਹਨ। ਇਹ ਹਾਲ ਅਜਨਾਲਾ ਤਹਿਸੀਲ ਦਾ ਹੈ। ਅੰਮ੍ਰਿਤਸਰ ਦੀ ਪੱਟੀ ਅਤੇ ਤਰਨ ਤਾਰਨ ਤਹਿਸੀਲਾਂ ਵਿਚ ਵੀ ਬਹੁਤ ਬਾਰਿਸ਼ ਹੋਈ ਹੈ। ਹੋ ਸਕਦਾ ਹੈ ਗੁਰਦਾਸਪੁਰ ਅਤੇ ਫਿਰੋਜ਼ਪੁਰ ਵਿਚ ਵੀ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੋਵੇ, ਕਿਉਂਕਿ ਮੈਂ ਉਥੇ ਜਾ ਨਹੀਂ ਸਕਿਆ। ਲੇਕਿਨ ਮੈਂ ਸਮਝਦਾ ਹਾਂ ਇਸ ਸਾਲ ਜੋ ਤਬਾਹੀ ਬਾਰਿਸ਼ਾਂ ਨਾਲ ਹੋਈ ਹੈ, ਉਸ ਦੀ ਮਿਸਾਲ ਇਤਿਹਾਸ ਵਿਚ ਨਹੀਂ ਮਿਲਦੀ। ਮੈਂ ਸਿਰਫ ਜੋ ਡਿਮਾਂਡ ਹਾਊਸ ਦੇ ਸਾਹਮਣੇ ਹੈ, ਉਸ ਤੇ ਹੀ ਬੋਲਣਾ ਹੈ ਅਤੇ ਮੋਹਤਰਮ ਖਜ਼ਾਨਾ ਮੰਤਰੀ ਨੇ ਜਿਹੜਾ ਰੁਪਿਆ ਇਸ ਵਿਚ ਰਖਿਆ ਹੈ, ਉਹ 10 ਕਰੋੜ ਹੈ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਅਤੇ ਮੈਂ ਸਮਝਦਾ ਹਾਂ ਕਿ ਜਿਥੋਂ ਤਕ ਸਾਰੀਆਂ ਮੁਸੀਬਤਾਂ ਦਾ ਤਾਅਲੁਕ ਹੈ ਸਮੁਚੇ ਤੌਰ ਤੇ, ਉਨ੍ਹਾਂ ਦੇ ਮੁਤਾਬਿਕ 10 ਕਰੋੜ ਰੁਪਏ ਵਿਚੋਂ ਕਾਫੀ ਸਾਰਾ ਤਾਂ ਹੇਲਸਟਾਰਮਜ਼ ਦੇ ਮਸਲੇ ਵਿਚ ਲਗ ਜਾਣਾ ਹੈ ਅਤੇ ਸਿਰਫ ਦੋ ਕਰੋੜ ਰੁਪਿਆ ਫਲੱਡ ਰਿਲੀਫ ਵਾਸਤੇ ਰਹਿ ਜਾਵੇਗਾ ਜਿਹੜਾ ਕਿ ਬਿਲਕੁਲ ਨਾਕਾਫੀ ਹੋਵੇਗਾ। ਇਸ ਨਾਲ ਮੁਆਵਜ਼ਾ ਕੀ ਦੇਣਾ ਹੈ ਇਸ ਨਾਲ ਤਾਂ ਆਈ ਵਾਸ਼ ਵੀ ਨਹੀਂ ਹੋ ਸਕਦਾ ਅਤੇ ਲੋਕਾਂ ਨੂੰ ਲੰਮਾਂ ਚੌੜਾ ਫਾਇਦਾ ਨਹੀਂ ਹੋਣਾ। ਸਪੀਕਰ ਸਾਹਿਬ, ਜਿਥੋਂ ਤਕ ਰਿਲੀਫ਼ ਦੇਣ ਦਾ ਮਸਲਾ ਹੈ ਉਹ ਤਾਂ ਠੀਕ ਹੈ ਅਤੇ ਮੈਂ ਆਪਣੀ ਗੌਰਮਿੰਟ ਦੀ ਤਾਰੀਫ ਨਾ ਕਰਾਂ ਤਾਂ ਠੀਕ ਨਹੀਂ ਹੈ। ਮੇਰੇ ਸਾਥੀ ਰਾਜ ਕੁਮਾਰ ਜੀ ਨੇ ਸਾਰੀ ਗਲ ਡਿਟੇਲ ਵਿਚ ਕਹੀ ਸੀ, ਪਰ ਇਕੋ ਹੀ ਪੱਖ ਉਨ੍ਹਾਂ ਨੇ ਪੇਸ਼ ਕੀਤਾ, ਇਹ ਠੀਕ ਨਹੀਂ। ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਫਲੱਡ ਰਿਲੀਫ ਦੇ ਜਿਹੜੇ ਰੂਲਜ਼ ਹਨ ਅੰਗ੍ਰੇਜ਼ਾਂ ਦੇ ਵੇਲੇ ਦੇ, ਉਹ ਆਜ਼ਾਦੀ ਤੋਂ ਬਾਅਦ ਵੀ ਕਾਇਮ ਰਹੇ ਅਤੇ ਕਿਸੇ ਵੀ ਸਰਕਾਰ ਨੇ ਇਹ ਰੂਲ

Original with;
Punjab Vidhan Sabha
Digitized by;
Panjab Digital Library

ਨਹੀਂ ਬਦਲੇ । ਭਾਵੇਂ ਸਭ ਕਿਸਮ ਦੀਆਂ ਸਰਕਾਰਾਂ ਇਥੇ ਬਣੀਆਂ, ਪਰ ਰੂਲ ਤਬਦੀਲ ਨਹੀਂ ਕੀਤੇ ਗਏ । ਪਰ ਹੁਣ ਮੈਂ ਕਹਿ ਸਕਦਾ ਹਾਂ ਅਤੇ ਬੜੇ ਫ਼ਖਰ ਨਾਲ ਕਹਿ ਸਕਦਾ ਹਾਂ ਕਿ ਲੋਕਾਂ ਦੇ ਹਿਤਾਂ ਵਾਸਤੇ ਸਾਡੇ ਮੁੱਖ ਮੰਤਰੀ, ਗਿਆਨੀ ਜ਼ੈਲ ਸਿੰਘ ਜੀ ਨੇ ਇਨ੍ਹਾਂ ਰੂਲਜ਼ ਵਿਚ ਤਬਦੀਲੀ ਲਿਆਂਦੀ ਅਤੇ ਲੋਕਾਂ ਦਾ ਬਹੁਤ ਹੀ ਭਲਾ ਕੀਤਾ, ਇਸ ਚੀਜ਼ ਦਾ ਕਰੈਡਿਟ ਗਿਆਨੀ ਜ਼ੈਲ ਸਿੰਘ ਅਤੇ ਸਾਰੀ ਕੈਬਿਨਟ ਨੂੰ ਜਾਂਦਾ ਹੈ ਅਤੇ ਇਸ ਤਰ੍ਹਾਂ ਦਾ ਕੰਮ ਕਰਨ ਦੀ ਪਹਿਲਾਂ ਕੋਈ ਮਿਸਾਲ ਨਹੀਂ ਮਿਲਦੀ । ਇਕ ਬਹੁਤ ਵੱਡੀ ਚੀਜ਼ ਇਸ ਸਰਕਾਰ ਨੇ ਕੀਤੀ ਹੈ । ਪਹਿਲਾਂ ਮੁਆਮਲੇ ਦੇ ਰਿਲੀਫ਼ ਤੋਂ ਸਿਵਾ ਲੋਕਾਂ ਨੂੰ ਕੋਈ ਹੋਰ ਸਹੂਲਤ ਨਹੀਂ ਸੀ ਦਿੱਤੀ ਜਾਂਦੀ, ਪਰ ਇਸ ਸਰਕਾਰ ਨੇ ਤਾਂ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ । ਜਿਥੇ ਪਿੰਡਾਂ ਵਿਚ ਤਬਾਹੀ ਹੋਈ ਹੈ, ਉਥੇ ਪਸ਼ੂਆਂ ਲਈ ਚਾਰੇ ਦਾ ਵੀ ਰਿਲੀਫ ਦਿਤਾ ਜਾਂਦਾ ਹੈ । ਤਕਾਵੀ ਦੀ ਸ਼ਕਲ ਵਿਚ ਇਹ ਨਾ ਦਿਤਾ ਜਾਵੇ ਪਰ ਇਹ ਰਿਲੀਫ ਗਰਾਂਟ ਦੀ ਸ਼ਕਲ ਵਿਚ ਦਿਤਾ ਜਾਵੇ । ਇਹ ਗਰਾਂਟ 30 ਰੁਪਏ ਪ੍ਰਤੀ ਡੰਗਰ ਦੇ ਹਿਸਾਬ ਨਾਲ ਦੇਣੀ ਚਾਹੀਦੀ ਹੈ ।

ਦੂਜੀ ਗੱਲ ਮਕਾਨਾਂ ਬਾਰੇ ਹੈ। ਇਸ ਬਾਰੇ ਮੈਂ ਕਹਿ ਸਕਦਾ ਹਾਂ ਕਿ ਇਤਿਹਾਸ ਵਿਚ ਪਹਿਲਾਂ ਕੋਈ ਗੌਰਮਿੰਟ ਐਸੀ ਪੈਦਾ ਨਹੀਂ ਹੋਈ ਜਿਸ ਨੇ ਮਕਾਨਾਂ ਦਾ ਵੀ ਇਸ ਤਰ੍ਹਾਂ ਰਿਲੀਫ ਦਿਤਾ ਹੋਵੇ । ਜਿਥੇ ਕਿਸੇ ਦਾ ਮਕਾਨ ਕੱਚਾ ਢਹਿ ਗਿਆ ਹੋਵੇ, ਉਥੇ 400 ਰੁਪਿਆ ਅਤੇ ਜੇ ਉਹ ਕੱਚਾ ਮਕਾਨ ਪਾਰਟਲੀ ਡੈਮੇਜ ਹੋਇਆ ਹੋਵੇ ਤਾਂ 200 ਰੁਪਿਆ ਦਿਤਾ ਜਾਵੇਗਾ ਅਤੇ ਇਸੇ ਤਰ੍ਹਾਂ ਹੀ ਪੱਕੇ ਮਕਾਨ ਦਾ, ਢਹਿ ਗਿਆ ਹੋਵੇ ਤਾਂ 1000 ਰੁਪਿਆ ਅਤੇ ਜੇ ਪਾਰਟਲੀ ਡੈਮੇਜ ਹੋਇਆ ਹੋਵੇ ਤਾਂ 500 ਰੁਪਿਆ ਦਿਤਾ ਜਾਵੇਗਾ। ਇਸ ਤਰ੍ਹਾਂ ਦੀ ਬਹੁਤ ਹੀ ਚੰਗੀ ਤੇ ਲੋਕਾਂ ਦੇ ਫਾਇਦੇ ਦੀ ਪਰੰਪਰਾ ਇਸ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਹੀ ਪਾਈ ਹੈ, ਹੋਰ ਕਦੇ ਕਿਸੇ ਨੇ ਕੁਝ ਨਹੀਂ ਕੀਤਾ । ਇਸ ਦੇ ਨਾਲ ਹੀ ਸਰਕਾਰ ਨੇ ਇਹ ਵੀ ਕੀਤਾ ਹੈ ਕਿ ਜਿਨ੍ਹਾਂ ਪਿੰਡਾਂ ਦੀ ਫਸਲ 25% ਤਬਾਹ ਹੋ ਗਈ ਹੈ ਤਾਂ 20 ਰੁਪਏ ਪ੍ਰਤੀ ਜੀਅ ਪ੍ਰਤੀ ਪਰਿਵਾਰ, ਜੇ 50% ਤਬਾਹ ਹੋ ਗਈ ਹੋਵੇ ਤਾਂ 40 ਰੁਪਏ ਪ੍ਰਤੀ ਜੀਅ ਪ੍ਰਤੀ ਪਰਿਵਾਰ ਅਤੇ ਜੇ 75% ਤਬਾਹ ਹੋ ਗਈ ਹੋਵੇ ਤਾਂ 80 ਰੁਪਏ ਪ੍ਰਤੀ ਜੀਅ ਪ੍ਰਤੀ ਪਰਿਵਾਰ ਰਿਲੀਫ ਦਿਤਾ ਜਾਵੇਗਾ । ਇਹ ਬੜਾ ਸ਼ਲਾਘਾਯੋਗ ਕਦਮ ਹੈ ਅਤੇ ਇਸ ਤਰ੍ਹਾਂ ਨਾਲ ਲੋਕ ਕੁਝ ਕੰਪੈਨਸੇਟ ਹੋ ਜਾਣਗੇ, ਕਿਉਂਕਿ ਕਿੰਨਾ ਪੈਸਾ ਤਾਂ ਲੋਕਾਂ ਦਾ ਬੀਜ ਅਤੇ ਖਾਦ ਵਗੈਰਾ ਤੇ ਹੀ ਖਰਚ ਹੋ ਜਾਂਦਾ ਹੈ । ਇਸ ਦੇ ਨਾਲ ਹੀ, ਸਪੀਕਰ ਸਾਹਿਬ, ਸਰਕਾਰ ਨੇ ਹੇਲਸਟਾਰਮਜ਼ ਦੇ ਲਈ 300 ਰੁਪਿਆ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਫੈਸਲਾ ਕੀਤਾ ਹੈ, ਇਸ ਚੀਜ਼ ਨੂੰ ਸਾਰੇ ਪਸੰਦ ਕਰਦੇ ਹਨ । ਖਜ਼ਾਨਾ ਮੰਤਰੀ ਜੀ ਬੈਠੇ ਹਨ ਅਤੇ ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਹੇਲਸਟਾਰਮਜ਼ ਵਾਸਤੇ ਕੀਤਾ ਹੈ ਉਸੇ ਤਰ੍ਹਾਂ ਸੈਲਾਬ ਦੇ ਮਸਲੇ ਵਿਚ ਵੀ ਕਰਨਾ ਚਾਹੀਦਾ ਹੈ ਕਿਉਂਕਿ ਪਿੰਡਾਂ ਵਿਚ ਲੋਕਾਂ ਦੀਆਂ ਫ਼ਸਲਾਂ ਦਾ ਫਲੱਡ ਨਾਲ ਵੀ ਬੜਾ ਨੁਕਸਾਨ ਹੋਇਆ ਹੈ । ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਝੋਨੇ ਦੀ ਫਸਲ ਲਗਾਉਣ ਵਾਸਤੇ ਕਿੰਨੀ ਲੇਬਰ ਕਰਨੀ ਪੈਂਦੀ ਹੈ ਅਤੇ ਕਿੰਨਾ ਖਰਚ ਆਉਂਦਾ ਹੈ, ਕਿੰਨੀ ਖਾਦ ਪੈਂਦੀ ਹੈ ਅਤੇ ਜੇ ਸਾਰਾ ਹਿਸਾਬ ਲਗਾਇਆ ਜਾਵੇ ਤਾਂ 1000 ਰੁਪਿਆ ਪ੍ਰਤੀ ਏਕੜ ਖਰਚ ਬੈਠ ਜਾਂਦਾ ਹੈ । ਇਸ ਕਰਕੇ, ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਹੜ੍ਹਾਂ ਨਾਲ ਵੀ ਲੋਕਾਂ ਦੀਆਂ ਝੋਨੇ ਦੀਆਂ ਫਸਲਾਂ ਨੂੰ ਬਹੁਤ ਨੁਕਸਾਨ ਹੋਇਆ ਹੈ ਅਤੇ ਜਿਸ ਤਰ੍ਹਾਂ ਹੇਲਸਟਾਰਮਜ਼ ਵਾਸਤੇ ਗੌਰਮਿੰਟ ਨੇ ਪ੍ਰਤੀ ਏਕੜ ਰਿਲੀਫ ਦੇਣ ਦਾ ਫੈਸਲਾ ਕੀਤਾ ਉਸੇ ਤਰ੍ਹਾਂ ਹੜ੍ਹਾਂ ਨਾਲ ਤਬਾਹ ਹੋਈਆਂ ਫਸਲਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚਰਨ ਸਿੰਘ]

ਵਾਸਤੇ ਵੀ ਕੰਪੇਨਸੇਸ਼ਨ ਦੇਣਾ ਚਾਹੀਦਾ ਹੈ, ਅਗਰ ਇਸ ਤਰ੍ਹਾਂ ਕਰ ਦਿੱਤਾ ਜਾਵੇ ਤਾਂ ਠੀਕ ਹੈ।

ਮੈਂ ਸਮਝਦਾ ਹਾਂ ਕਿ ਫੰਡਜ਼ ਦੀ ਲਿਮੀਟੇਸ਼ਨ ਜ਼ਰੂਰ ਹੁੰਦੀ ਹੈ ਪਰ ਜਿਹੜਾ ਨੁਕਸਾਨ ਹੋਇਆ ਹੈ, ਇਸ ਦੇ ਲਈ ਮੈਂ ਸਮਝਦਾ ਹਾਂ ਕਿ, ਇਹ ਕੇਸ ਸੈਂਟਰ ਦੇ ਨਾਲ ਟੇਕ ਅੱਪ ਕਰਨਾ ਚਾਹੀਦਾ ਹੈ ਔਰ ਸੈਂਟਰਲ ਗੌਰਮਿੰਟ ਨੂੰ ਇਸ ਮਾਮਲੇ ਵਿਚ ਸਾਡੀ ਸਰਕਾਰ ਦੀ ਮਦਦ ਜ਼ਰੂਰ ਕਰਨੀ ਚਾਹੀਦੀ ਹੈ। ਪਿਛੇ ਜਦ ਸਰਦਾਰ ਗੁਰਦਿਆਲ ਸਿੰਘ ਢਿਲੋਂ ਜੀ ਅੰਮ੍ਰਿਤਸਰ ਆਏ ਸਨ ਤਾਂ ਉਨ੍ਹਾਂ ਨੇ ਉਹ ਸਾਰਾ ਇਲਾਕਾ ਵੇਖਿਆ ਸੀ ਔਰ ਉਨ੍ਹਾਂ ਦੇ ਨਾਲ ਮੈਂ ਵੀ ਫਲੱਡ ਏਰੀਆ ਦਾ ਦੌਰਾ ਕੀਤਾ ਸੀ। ਮੈਨੂੰ ਖੁਸ਼ੀ ਹੈ ਕਿ ਸਾਡੇ ਚੀਫ ਮਨਿਸਟਰ ਸਾਹਿਬ ਵੀ ਇਸ ਬਾਰੇ ਪ੍ਰਾਈਮ ਮਨਿਸਟਰ ਸਾਹਿਬ ਨੂੰ ਮਿਲ ਆਏ ਹਨ। ਜੇ ਸਾਡੀ ਮਦਦ ਇਸ ਵੇਲੇ ਸੈਂਟਰ ਵਾਲੇ ਨਹੀਂ ਕਰਨਗੇ ਤਾਂ ਪੰਜਾਬ ਆਪਣੇ ਪੈਰਾਂ ਤੇ ਖੜ੍ਹਾ ਨਹੀਂ ਹੋ ਸਕੇਗਾ ਅਤੇ ਸੈਂਟਰ ਦਾ ਫਰਜ਼ ਹੈ ਉਹ ਸਾਡੀ ਮਦਦ ਕਰਨ।

ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਪਿਛਲੇ ਸਾਲ ਹੜ੍ਹਾਂ ਨਾਲ ਨੁਕਸਾਨ ਹੋਇਆ ਸੀ ਤਾਂ ਸਾਡੇ ਸੀ. ਐਮ. ਸਾਹਿਬ ਨੇ ਲੋਕਾਂ ਨੂੰ ਫਲੱਡ ਰਿਲੀਫ ਫੰਡ ਵਾਸਤੇ ਅਪੀਲ ਕੀਤੀ ਸੀ। ਖਿਆਲ ਤਾਂ ਇਹ ਸੀ ਕਿ ਸ਼ਾਇਦ ਇਸ ਦਾ ਲੋਕਾਂ ਵਲੋਂ ਐਨਾ ਜ਼ਿਆਦਾ ਰਿਸਪਾਂਸ ਨਾ ਆਵੇ ਪਰ ਮੇਰਾ ਖਿਆਲ ਹੈ ਕਿ ਲੋਕਾਂ ਨੇ ਉਸ ਦਾ ਜ਼ਿਆਦਾ ਰਿਸਪਾਂਸ ਦਿਤਾ ਅਤੇ ਤਕਰੀਬਨ 2 ਕਰੋੜ ਰੁਪਿਆ ਇਸ ਫਲੱਡ ਰਿਲੀਫ ਫੰਡ ਵਿਚ ਲੋਕਾਂ ਨੇ ਦਿਲ ਖੋਲ੍ਹ ਕੇ ਦਿਤਾ ਅਤੇ ਉਹ ਰੁਪਿਆ ਫਿਰ ਜਦ ਵੀ ਲੋਕਾਂ ਤੇ ਮੁਸੀਬਤ ਪਈ ਉਸ ਵੇਲੇ ਉਨ੍ਹਾਂ ਲੋਕਾਂ ਨੂੰ ਦਿਤਾ ਗਿਆ। ਇਸ ਲਈ ਮੈਂ ਹੁਣ ਇਹ ਕਹਿੰਦਾ ਹਾਂ ਕਿ ਹੁਣ ਫਿਰ ਉਹੀ ਔਕਈਅਨ ਹੈ ਅਤੇ ਇਸ ਬਾਰੇ ਸਾਡੇ ਸੀ. ਐਮ. ਸਾਹਿਬ ਨੂੰ ਫਿਰ ਲੋਕਾਂ ਨੂੰ ਫਲੱਡ ਰਿਲੀਫ ਫੰਡ ਵਾਸਤੇ ਅਪੀਲ ਕਰਨੀ ਚਾਹੀਦੀ ਹੈ ਤਾਕਿ ਫਲੱਡ ਰਿਲੀਫ ਫੰਡ ਵਾਸਤੇ ਇਹ ਐਡੀਸ਼ਨਲ ਆਮਦਨੀ ਹੋ ਸਕੇ। ਮੈਂ ਖਜ਼ਾਨਾ ਮੰਤਰੀ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ......

**ਸ਼੍ਰੀ ਸਪੀਕਰ:** ਮੇਰਾ ਖਿਆਲ ਹੈ ਕਿ ਹੋਰ ਵੀ ਬਹੁਤ ਸਾਰੇ ਮੈਂਬਰ ਬੋਲਣ ਲਈ ਖੜੇ ਹੋ ਰਹੇ ਹਨ।

**ਸਰਦਾਰ ਹਰਚਰਨ ਸਿੰਘ:** ਸਪੀਕਰ ਸਾਹਿਬ, ਮੈਂ ਐਸੇ ਇਲਾਕੇ ਵਿਚੋਂ ਆਇਆਂ ਹਾਂ ਜਿਸ ਇਲਾਕੇ ਵਿਚ 75% ਤੋਂ ਵੀ ਜ਼ਿਆਦਾ ਨੁਕਸਾਨ ਹੋਇਆ ਹੈ। ਮੈਂ 15 ਦਿਨ ਉਸ ਇਲਾਕੇ ਵਿਚ ਰਿਹਾ ਹਾਂ।

**ਸ਼੍ਰੀ ਸਪੀਕਰ:** ਕਿੰਨਾ ਟਾਈਮ ਹੋਰ ਲਵੋਗੇ?

**ਸਰਦਾਰ ਹਰਚਰਨ ਸਿੰਘ:** ਮੈਂ 10 ਮਿੰਟ ਹੋਰ ਲਵਾਂਗਾ।

**ਸ਼੍ਰੀ ਸਪੀਕਰ:** 12.30 ਵਜੇ ਗਿਲੋਟਿਨ ਐਪਲਾਈ ਹੋਣਾ ਹੈ। ਅੱਧਾ ਘੰਟਾ ਸ਼ਰਮਾ ਜੀ ਵੀ ਬੋਲਣਗੇ। ਫਿਰ ਤਾਂ ਡਵੀਜ਼ਨ ਆਫ ਟਾਈਮ ਜਿਹੜੀ ਹੈ ਇਹ ਠੀਕ ਨਹੀਂ ਹੋਵੇਗੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚਰਨ ਸਿੰਘ**: ਹਾਊਸ ਦਾ ਟਾਇਮ ਐਕਸਟੈਂਡ ਕਰ ਦਿਓ ।

**ਸ਼੍ਰੀ ਸਪੀਕਰ**: ਇਹ ਤਾਂ ਹਾਊਸ ਦੀ ਮਰਜ਼ੀ ਹੈ ।

**ਵਿੱਤ ਮੰਤਰੀ**: ਸਪੀਕਰ ਸਾਹਿਬ, ਕਲ ਫਲੱਡ ਤੇ ਡਿਸਕਸ਼ਨ ਹੋਣੀ ਹੈ 2 ਘੰਟੇ ਇਸ ਵਾਸਤੇ ਰਖੇ ਹਨ ।

**ਸ਼੍ਰੀ ਸਪੀਕਰ**: ਅਜਨਾਲਾ ਜੀ, 5 ਮਿੰਟ ਹੋਰ ਲੈ ਲਵੋ

**ਸਰਦਾਰ ਹਰਚਰਨ ਸਿੰਘ**: ਸਪੀਕਰ ਸਾਹਿਬ, ਤੁਸੀਂ ਟਾਈਮ ਦੀ ਬੰਦਸ਼ ਲਾ ਦਿਤੀ ਹੈ । ਚਲੋ ਮੇਹਰਬਾਨੀ ਹੈ ਤੁਹਾਡੀ । ਹੁਣ ਮੈਂ ਇਕ ਦੋ ਸੁਝਾਵ ਗੌਰਮਿੰਟ ਨੂੰ ਦੇਣਾ ਚਾਹੁੰਦਾ ਹਾਂ । ਅਗਰ ਇਨ੍ਹਾਂ ਤੇ ਅਮਲ ਕੀਤਾ ਗਿਆ ਤਾਂ ਇਸ ਨਾਲ ਲੋਕਾਂ ਨੂੰ ਕਾਫੀ ਰਿਲੀਫ ਮਿਲੇਗੀ ।

ਇਕ ਤਾਂ ਮੇਰਾ ਸੁਝਾਵ ਇਹ ਹੈ ਕਿ ਕੰਪੈਨਸੇਸ਼ਨ ਹਰ ਸੂਰਤ ਵਿਚ ਫਲੱਡਡ ਏਰੀਆਜ਼ ਵਿਚ ਲੋਕਾਂ ਨੂੰ ਦੇਣੀ ਚਾਹੀਦੀ ਹੈ ।

ਦੂਜਾ ਮੇਰਾ ਸੁਝਾਵ ਇਹ ਹੈ ਕਿ ਜਿਹੜੇ ਪਿਛਲੇ 2 ਮਹੀਨਿਆਂ ਦੇ ਬਿਜਲੀ ਦੇ ਬਿਲ ਟਿਊਬਵੈਲਾਂ ਦੇ ਪਏ ਹਨ ਅਤੇ ਉਨ੍ਹਾਂ ਟਿਊਬਵੈਲਾਂ ਦੇ ਕੋਠੇ ਹੀ ਗਿਰ ਗਏ ਹਨ ਅਤੇ ਉਹ ਬਿਜਲੀ ਯੂਜ਼ ਹੀ ਨਹੀਂ ਕਰ ਸਕੇ, ਇਹ ਮਾਫ ਕਰ ਦੇਣੇ ਚਾਹੀਦੇ ਹਨ, ਪੋਸਟਪੋਨ ਨਹੀਂ ਕਰਨੇ ਚਾਹੀਦੇ । ਇਸ ਨਾਲ ਉਨ੍ਹਾਂ ਲੋਕਾਂ ਦੀ ਹਾਲਤ ਬੇਹਤਰ ਹੋਵੇਗੀ ।

ਤੀਜਾ ਮੇਰਾ ਸੁਝਾਵ ਇਹ ਹੈ ਕਿ ਕੈਨਾਲ ਡਿਪਾਰਟਮੈਂਟ ਦੇ ਜਿਹੜੇ ਪਾਣੀ ਦੇ ਚਾਰਜਿਜ਼ ਹਨ ਉਨ੍ਹਾਂ ਨੂੰ ਸਸਪੈਂਡ ਹੀ ਨਾ ਕੀਤਾ ਜਾਵੇ ਅਲਟੀਮੇਟਲੀ ਉਨ੍ਹਾਂ ਦੀ ਰਿਮਿਸ਼ਨ ਹੀ ਹੋਣੀ ਚਾਹੀਦੀ ਹੈ ।

ਇਕ ਅਰਜ਼ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਆਉਣ ਵਾਲੀ ਰੱਬੀ ਦੀ ਫਸਲ ਹੈ, ਸਪੀਕਰ ਸਾਹਿਬ, ਤੁਸੀਂ ਵੀ ਉਨ੍ਹਾਂ ਲੋਕਾਂ ਨਾਲ ਤਾਅਲੁਕ ਰਖਦੇ ਹੋ ਤੁਹਾਨੂੰ ਵੀ ਪਤਾ ਹੋਣਾ ਹੈ ਕਿ ਜਿਹੜੇ ਉਨ੍ਹਾਂ ਕੋਲ ਇਸ ਵੇਲੇ ਦਾਣੇ ਪਏ ਹਨ ਉਹ ਬਾਰਸ਼ਾਂ ਨਾਲ ਗਿਲੇ ਹੋ ਗਏ ਹਨ ਅਤੇ ਉਹ ਲੋਕ ਉਨ੍ਹਾਂ ਦਾਣਿਆਂ ਨੂੰ ਸੁਕਾ ਸੁਕਾ ਕੇ ਉਸ ਦੀ ਰੋਟੀ ਖਾ ਰਹੇ ਹਨ । ਇਸ ਲਈ ਮੈਂ ਚਾਹੁੰਦਾ ਹਾਂ ਕਿ ਆਉਣ ਵਾਲੀ ਫਸਲ ਲਈ ਵੇਲੇ ਸਿਰ ਉਨ੍ਹਾਂ ਲਈ ਬੀਜ ਦਾ ਇੰਤਜ਼ਾਮ ਕੀਤਾ ਜਾਵੇ ਔਰ ਇਹ ਬਹੁਤ ਹੀ ਸਬਸੀਡਾਈਜ਼ਡ ਰੇਟ ਤੇ ਦਿਤਾ ਜਾਵੇ । ਇਹ ਜ਼ਰੂਰ ਕਰਨਾ ਚਾਹੀਦਾ ਹੈ । ਇਸ ਨਾਲ ਉਨ੍ਹਾਂ ਦੀ ਹਾਲਤ ਬੇਹਤਰ ਹੋਵੇਗੀ ।

ਇਕ ਅਰਜ਼ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਜਿਥੇ ਹਰ ਸਾਲ ਫਲੱਡ ਆਉਂਦੇ ਹਨ ਅਤੇ ਫਸਲਾਂ ਤਬਾਹ ਹੋ ਜਾਂਦੀਆਂ ਹਨ, ਇਸ ਲਈ ਮੈਂ ਇਹ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਕਰਾਪ ਦੀ ਇਨਸ਼ਿਊਰੈਂਸ ਗੌਰਮਿੰਟ ਦੇ ਖਰਚੇ ਤੇ ਕੀਤੀ ਜਾਵੇ । ਉਹ ਬਾਰਡਰ ਦਾ ਏਰੀਆ ਵੀ ਹੈ ਅਤੇ ਫਲੱਡ ਵੀ ਉਥੇ ਬਹੁਤ ਨੁਕਸਾਨ ਕਰਦੇ ਹਨ ਅਤੇ ਹੋਰ ਵੀ ਉਨ੍ਹਾਂ ਨੂੰ ਬੜੀਆਂ ਮੁਸ਼ਕਲਾਂ ਆਉਂਦੀਆਂ ਹਨ । ਇਸ ਲਈ ਮੈਂ ਚਾਹੁੰਦਾ ਹਾਂ ਕਿ ਇਹ ਰਿਲੀਫ ਉਨ੍ਹਾਂ ਨੂੰ ਜ਼ਰੂਰ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਜਿਹੜੀ ਕਰਾਪ ਦੀ ਇਨਸ਼ਿਊਰੈਂਸ ਹੈ ਉਹ ਗੌਰਮਿਟ ਦੇ ਖਰਚੇ ਤੇ ਕੀਤੀ ਜਾਣੀ ਚਾਹੀਦੀ ਹੈ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚਰਨ ਸਿੰਘ]

ਜਿਹੜੇ ਮਕਾਨ ਕੱਚੇ ਹਨ, ਮੇਰੇ ਇਲਾਕੇ ਵਿਚ, ਉਹ ਤਾਂ 90% ਢਹਿ ਗਏ ਹਨ, ਸਿਰਫ ਪਿੰਡਾਂ ਵਿਚ ਹੀ ਨਹੀਂ ਬਲਕਿ ਸ਼ਹਿਰਾਂ ਵਿਚ ਵੀ ਕਈ ਗਿਰ ਗਏ ਹਨ। ਉਨ੍ਹਾਂ ਕਚਿਆਂ ਮਕਾਨਾਂ ਵਾਲਿਆਂ ਨੂੰ ਤੁਸੀਂ ਉਸ ਤਰ੍ਹਾਂ ਵੀ ਰਿਲੀਫ ਦੇਣਾ ਹੈ ਜੇ ਤੁਸੀਂ ਉਨ੍ਹਾਂ ਨੂੰ ਹੁਣ ਕੁਝ ਕੰਪੈਨਸੇਸ਼ਨ ਦੇਵੋ ਤਾਂ ਉਹ ਆਪਣੇ ਮਕਾਨ ਰਿਪੇਅਰ ਕਰਵਾ ਸਕਣਗੇ। ਮੈਂ ਤਾਂ ਇਹ ਚਾਹੁੰਦਾ ਹਾਂ ਕਿ ਕੱਚੇ ਮਕਾਨਾਂ ਦੀ ਰਿਪੇਅਰ ਵਾਸਤੇ ਉਨ੍ਹਾਂ ਨੂੰ ਕੰਟਰੋਲ ਰੇਟ ਤੇ ਇਟਾਂ ਅਤੇ ਸੀਮਿੰਟ ਜਿੰਨਾ ਉਹ ਚਾਹੁੰਣ, ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਅਲਟੀਮੇਟਲੀ ਗੌਰਮਿੰਟ ਨੂੰ ਕੋਈ ਐਸੀ ਸਕੀਮ ਬਣਾਉਣੀ ਚਾਹੀਦੀ ਹੈ ਜਿਸ ਨਾਲ ਜਿਹੜੇ ਕੱਚੇ ਮਕਾਨ ਹਨ ਉਹ ਪੱਕੇ ਬਣਾਏ ਜਾਣ। (ਘੰਟੀ)

ਇਕ ਬੇਨਤੀ ਮੈਂ ਹੋਰ ਕਰਾਂਗਾ ਜਿਸ ਕਰਕੇ ਜ਼ਿਆਦਾ ਨੁਕਸਾਨ ਹੋਇਆ ਹੈ। ਉਹ ਇਹ ਹੈ ਕਿ ਡਿਪਾਰਟਮੈਂਟਸ ਦੀ ਆਪਸ ਵਿਚ ਕੋਆਰਡੀਨੇਸ਼ਨ ਨਹੀਂ ਹੈ। ਕਿਤੇ ਸਾਈਫਨ ਨਹੀਂ ਹਨ, ਕਿਤੇ ਬਰਿਜ ਛੱਡ ਦਿਤੇ ਹਨ, ਕਿਤੇ ਸੜਕਾਂ ਦਾ ਲੈਵਲ ਠੀਕ ਨਹੀਂ, ਜਿਸ ਕਰਕੇ ਇਹ ਨੁਕਸਾਨ ਹੋ ਜਾਂਦਾ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਮੈਨਟੇਨੈਂਸ ਵਾਸਤੇ ਜ਼ਿਆਦਾ ਫੰਡ ਦੇਣੇ ਚਾਹੀਦੇ ਹਨ। ਇਸ ਕੰਮ ਨੂੰ ਪ੍ਰਾਇਰਟੀ ਬੇਸਿਜ਼ ਤੇ ਲੈਣਾ ਚਾਹੀਦਾ ਹੈ ਤਾਕਿ ਆਉਣ ਵਾਲੇ ਸਮੇਂ ਤੇ ਜਿਸ ਵੇਲੇ ਬਰਸਾਤਾਂ ਆਉਣ ਤਾਂ ਉਸ ਵੇਲੇ ਇਹ ਤਕਲੀਫ ਨਾ ਹੋਵੇ ਅਤੇ ਜਿਹੜੀ ਵੀ ਕੋਈ ਰੀਪਲੇਸਮੈਂਟ ਹੋਣੀ ਹੈ ਜਾਂ ਕੋਈ ਵਾਈਡਨਿੰਗ ਹੋਣੀ ਹੈ ਉਹ ਵੇਲੇ ਸਿਰ ਕੀਤੀ ਜਾ ਸਕੇ। (ਘੰਟੀ)

ਮੈਂ ਇਕ ਸੁਝਾਵ ਧੁਸੀ ਬੰਧ ਬਾਰੇ ਹੋਰ ਦੇਣਾ ਚਾਹੁੰਦਾ ਹਾਂ ਕਿ ਇਸ ਦਰਿਆ ਦੀ ਵਾਈਡਨਿੰਗ ਅਤੇ ਸਟਰੈਂਗਥ ਕਾਫੀ ਹੈ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਬੰਧ ਦੀ ਟਾਪ ਮੈਟਲਿੰਗ ਜਲਦੀ ਹੀ ਕਰਨੀ ਚਾਹੀਦੀ ਹੈ। ਇਸ ਦੇ ਨਾਲ ਵੀ ਕਾਫੀ ਫਾਇਦਾ ਹੋ ਸਕਦਾ ਹੈ। (ਘੰਟੀ)

**ਸ਼੍ਰੀ ਸਪੀਕਰ**: ਹੁਣ ਤਾਂ 5 ਦੇ ਵੀ 10 ਮਿੰਟ ਹੋ ਗਏ ਹਨ।

**ਸਰਦਾਰ ਹਰਚਰਨ ਸਿੰਘ**: ਇਕ ਮੈਂ ਬੇਨਤੀ ਹੋਰ ਕਰਾਂਗਾ ਕਿ ਡਿਸਟ੍ਰਿਕਟ ਹੈਡ ਕੁਆਰਟਰਜ਼ ਤੇ ਜਿਨ੍ਹਾਂ ਵਿਚ ਜੈਟ ਬੋਟਸ ਅਤੇ ਮੋਟਰ ਬੋਟਸ ਸ਼ਾਮਲ ਹਨ, ਬਾਕੀ ਜ਼ਿਲ੍ਹਿਆਂ ਦਾ ਤਾਂ ਮੈਨੂੰ ਨਹੀਂ ਪਤਾ ਪਰ ਅੰਮ੍ਰਿਤਸਰ ਜ਼ਿਲ੍ਹੇ ਦਾ ਮੈਨੂੰ ਪਤਾ ਹੈ ਕਿ ਉਥੇ ਡਰੇਨਾਂ ਐਸੀਆਂ ਹਨ ਜਿਥੇ ਕਿ ਇਹ ਜੈਟ ਬੋਟਸ ਜਾ ਨਹੀਂ ਸਕਦੀਆਂ। ਇਸ ਲਈ ਉਥੇ ਕੋਈ ਐਸੇ ਇਕੁਇਪਮੈਂਟ ਪਰੋਵਾਇਡ ਕਰਨੇ ਚਾਹੀਦੇ ਹਨ ਜਿਸ ਨਾਲ ਕਿ ਉਹ ਬੋਟਸ ਉਨ੍ਹਾਂ ਡਰੇਨਾਂ ਵਿਚ ਵੀ ਜਾ ਸਕਣ। ਇਸ ਨਾਲ ਵੀ ਲੋਕਾਂ ਨੂੰ ਕਾਫੀ ਫਾਇਦਾ ਹੋਵੇਗਾ। (ਘੰਟੀ)

ਮੈਂ, ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ਅੌਰ ਨਾਲ ਹੀ ਜਿਹੜੀਆਂ ਡੀਮਾਂਡਜ਼ ਸ਼ਰਮਾ ਸਾਹਿਬ ਨੇ ਰਖੀਆਂ ਹਨ ਉਨ੍ਹਾਂ ਦੀ ਤਾਈਦ ਕਰਦਾ ਹਾਂ ਅਤੇ ਨਾਲ ਹੀ ਇਹ ਵੀ ਰਿਪੀਟ ਕਰਦਾ ਹਾਂ ਕਿ ਇਹ ਜਿਹੜਾ 2 ਕਰੋੜ ਰੁਪਿਆ ਰਖਿਆ ਹੈ ਇਹ ਬਹੁਤ ਥੋੜਾ ਹੈ, ਇਹ ਪੂਰਾ ਨਹੀਂ। ਇਸ ਵਾਸਤੇ ਕਮ-ਅਜ਼-ਕਮ 25 ਕਰੋੜ ਰੁਪਿਆ ਰਖਿਆ ਜਾਣਾ ਚਾਹੀਦਾ ਹੈ ਤਾਕਿ ਉਹ ਲੋਕ ਆਪਣੇ ਪੈਰਾਂ ਤੇ ਖੜੇ ਹੋ ਸਕਣ।

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਕਈ ਮਾਨਯੋਗ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋਏ । ਸ੍ਰੀ ਸਪੀਕਰ ਨੇ ਸਰਦਾਰ ਸੁਰਿੰਦਰ ਸਿੰਘ ਕੈਰੋਂ ਨੂੰ ਬੋਲਣ ਲਈ ਆਗਿਆ ਦਿਤੀ ।)

**ਸ੍ਰੀ ਸਪੀਕਰ** : ਕੈਰੋਂ ਸਾਹਿਬ, ਤੁਸੀਂ ਕਿਹੜੀ ਡਿਮਾਂਡ ਉਤੇ ਬੋਲਣ ਲਗੇ ਹੋ ?

**ਸਰਦਾਰ ਸੁਰਿੰਦਰ ਸਿੰਘ ਕੈਰੋਂ** (ਪੱਟੀ): ਡਿਮਾਂਡ ਨੰ : 5 ਉਤੇ ਬੋਲਾਂਗਾ ਜੀ । ਸਪੀਕਰ ਸਾਹਿਬ, ਇਸ ਡਿਮਾਂਡ ਬਾਰੇ ਬਹੁਤ ਕੁਝ ਕਿਹਾ ਗਿਆ ਹੈ । ਬਾਰਸ਼ ਬਾਰੇ ਦਸਿਆ ਗਿਆ ਹੈ ਕਿ ਇਤਨੀ ਪਈ ਹੈ, ਗੜ੍ਹੇਮਾਰ ਕਿਤਨੀ ਹੋਈ ਹੈ, ਫਲੱਡਜ਼ ਕਿਤਨੇ ਆਏ ਹਨ । ਸਪੀਕਰ ਸਾਹਿਬ, ਅਖਬਾਰਾਂ ਪੜ੍ਹ ਕੇ ਤਾਂ ਕੁਝ ਇਸ ਤਰ੍ਹਾਂ ਜਾਪਦਾ ਹੈ ਕਿ ਗਲ ਥੋੜ੍ਹੀ ਹੀ ਹੈ ਮਗਰ ਉਥੇ ਜਾ ਕੇ ਵੇਖੋ ਤਾਂ ਪਤਾ ਲਗਦਾ ਹੈ ਕਿ 90% ਔਰ 95% ਮਕਾਨ ਡਿਗ ਗਏ ਹਨ ਔਰ ਕੋਈ ਉਨ੍ਹਾਂ ਲੋਕਾਂ ਲਈ ਸ਼ੈਲਟਰ ਨਹੀਂ ਹੈ, ਡੰਗਰਾਂ ਲਈ ਚਾਰਾ ਨਹੀਂ ਹੈ, ਖਾਦ ਮੀਂਹ ਨਾਲ ਰੁੜ੍ਹ ਗਈ ਹੈ । ਮੈਂ ਸਮਝਦਾ ਹਾਂ ਕਿ ਜ਼ਿਲ੍ਹਾ ਅੰਮ੍ਰਿਤਸਰ, ਗੁਰਦਾਸਪੁਰ and some part of Ferozepur Division ਵਿਚ ਇਸ ਤਰ੍ਹਾਂ ਹੋਇਆ ਹੈ, ਜਿਸ ਤਰ੍ਹਾਂ ਪਾਕਿਸਤਾਨ ਫਿਰ ਬਣਿਆ ਹੈ । ਜਿਸ ਤਰ੍ਹਾਂ ਪਾਕਿਸਤਾਨ ਬਨਣ ਵੇਲੇ ਉਜਾੜਾ ਹੋਇਆ ਸੀ ਮੈਂ ਸਮਝਦਾ ਹਾਂ ਕਿ ਇਸ ਵੇਲੇ ਉਨ੍ਹਾਂ ਦੀ ਵੀ ਉਹ ਹੀ ਹਾਲਤ ਹੋਈ ਹੋਈ ਹੈ ।

ਸਪੀਕਰ ਸਾਹਿਬ, ਹੁਣ ਰਹੀ ਗਲ ਕਿ ਉਨ੍ਹਾਂ ਦੀ ਮਦਦ ਕਿਵੇਂ ਹੋ ਸਕਦੀ ਹੈ ? ਸਪੀਕਰ ਸਾਹਿਬ, ਸਰਕਾਰ ਦੇ ਖਜ਼ਾਨੇ ਵਿਚੋਂ ਪੈਸੇ ਖਰਚ ਕੇ ਵੱਧ ਤੋਂ ਵੱਧ ਮੱਦਦ ਹੋ ਸਕਦੀ ਹੈ । ਠੀਕ ਹੈ, ਗਿਆਨੀ ਜ਼ੈਲ ਸਿੰਘ ਜੀ ਨੇ ਲੋਕਾਂ ਨੂੰ ਵੀ ਪੈਸੇ ਇਕੱਠੇ ਕਰਕੇ ਹੜ੍ਹਮਾਰੇ ਲੋਕਾਂ ਦੀ ਮਦਦ ਕਰਨ ਲਈ ਕਿਹਾ ਹੈ । ਠੀਕ ਹੈ, ਜਿਹੜੇ ਲੋਕ ਬਾਹਰ ਵੀ ਬੈਠੇ ਹਨ, ਔਰ ਜਿਹੜੇ ਇਥ ਵੀ ਹਨ ਉਹ ਵੀ ਮੱਦਦ ਕਰਨਗੇ । ਮਗਰ ਸਰਕਾਰੀ ਖਜ਼ਾਨੇ ਵਿਚੋਂ ਵੱਧ ਤੋਂ ਵੱਧ ਮਦਦ ਹੋਣੀ ਚਾਹੀਦੀ ਹੈ । ਦੋ ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ, ਚੰਗੀ ਗਲ ਹੈ ਪਰ ਇਸ ਨੂੰ 20 ਨਾਲ ਜ਼ਰਬ ਦੇਣੀ ਚਾਹੀਦੀ ਹੈ । ਠੀਕ ਹੈ ਕਿ ਇਤਨੇ ਪੈਸੇ ਦੇਣੇ ਮੁਸ਼ਕਲ ਸਮਝਦੇ ਹੋ । ਮਗਰ ਜੇ ਕਰ ਇਹ ਕਹੋ ਕਿ ਸਾਡੀ ਸਟੇਟ ਐਗਰੀਕਲਚਰਲ ਸਟੇਟ ਹੈ ਔਰ ਐਗਰੀਕਲਚਰ ਦਾ ਨੁਕਸਾਨ ਹੋਇਆ ਹੈ ਅਤੇ ਉਸ ਨੂੰ ਪੂਰਾ ਕਰਨਾ ਹੈ ਤਾਂ ਮੈਂ ਸਮਝਦਾ ਹਾਂ ਕਿ ਇਹ ਗਲ ਵੱਡੀ ਨਹੀਂ ਹੈ । ਜਿਸ ਤਰ੍ਹਾਂ ਕਿ ਸਰਦਾਰ ਹਰਚਰਨ ਸਿੰਘ ਜੀ ਨੇ ਕਿਹਾ ਹੈ ਇਸ ਕਲੈਮਿਟੀ ਨੂੰ ਸਾਨੂੰ ਮੀਟ ਕਰਨਾ ਚਾਹੀਦਾ ਹੈ । ਜਿਸ ਫਸਲ ਉਪਰ ਦੀ ਪਾਣੀ ਲੰਘ ਗਿਆ ਹੈ ਜਾਂ ਤਬਾਹ ਹੋ ਗਈ ਹੈ, ਉਸ ਬੇਸਿਜ਼ ਤੇ ਕੰਪੈਨਸੇਸ਼ਨ ਦੇਣੀ ਚਾਹੀਦੀ ਹੈ ਨਾ ਕਿ ਵੱਧ ਘੱਟ ਦੇਣੀ ਚਾਹੀਦੀ ਹੈ । ਇਸ ਦੇ ਨਾਲ ਹੀ ਨਹਿਰੀ ਮਾਮਲਾ ਵੀ ਮੁਆਫ ਕਰਨਾ ਚਾਹੀਦਾ ਹੈ । ਜਦੋਂ ਫਸਲ ਹੀ ਨਾ ਰਹੀ ਤਾਂ ਨਹਿਰੀ ਮਾਮਲਾ ਕਾਹਦਾ ? ਬਿਜਲੀ ਦੇ ਬਿਲ ਚਾਰਜ ਨਹੀਂ ਕਰਨੇ ਚਾਹੀਦੇ ਔਰ ਡੈਫੀਨੇਟਲੀ ਪਰ ਏਕੜ ਬੇਸਿਜ਼ ਤੇ ਜਿਥੇ ਪਾਣੀ ਲੰਘ ਗਿਆ ਹੈ ਜਾਂ ਬਿਲਕੁਲ ਹੀ ਫਸਲ ਤਬਾਹ ਹੋ ਗਈ ਹੈ, ਉਨ੍ਹਾਂ ਲੋਕਾਂ ਨੂੰ ਉਸ ਹਿਸਾਬ ਨਾਲ ਰੀਲੀਫ ਦੇਣਾ ਚਾਹੀਦਾ ਹੈ ।

ਮੈਂ ਸਮਝਦਾ ਹਾਂ ਕਿ ਜਿਨ੍ਹਾਂ ਲੋਕਾਂ ਦੇ ਕੋਠੇ ਢਹਿ ਗਏ ਹਨ ਜੇਕਰ ਉਨ੍ਹਾਂ ਨੂੰ ਕੰਟਰੋਲ ਰੇਟ ਉਤੇ ਇੱਟਾਂ, ਸੀਮਿੰਟ ਵਗੈਰਾ ਦੇ ਦੇਈਏ ਤਾਂ ਕੀ ਉਹ ਮਕਾਨ ਦੁਬਾਰਾ ਲੈਣਗੇ ? ਇਹ ਨਹੀਂ ਹੋ ਸਕੇਗਾ, ਕਿਉਂਕਿ ਉਨ੍ਹਾਂ ਪਾਸ ਪੈਸੇ ਨਹੀਂ ਹਨ । ਇਸ ਲਈ ਉਹ ਮਕਾਨ ਬਣਾਉਣਗੇ ਕਿੱਥੋਂ ? ਮੈਂ ਜ਼ਿਆਦਾ ਨਹੀਂ ਕਹਿੰਦਾ ਮਗਰ ਇਹ ਦਸਦਾ ਹਾਂ ਕਿ ਸੰਨ 1962-63 ਵਿਚ ਸਾਡੇ ਜ਼ਿਲੇ ਵਿਚ ਅਗੇ ਵੀ ਫਲੱਡਜ਼ ਆਏ ਸਨ । ਉਸ ਸਮੇਂ ਜਿਸ ਤਰ੍ਹਾਂ ਲੋਕਾ ਨੂੰ ਰੀਲੀਫ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਿੰਦਰ ਸਿੰਘ ਕੈਰੋਂ]

ਦਿੱਤਾ ਗਿਆ ਸੀ ਜਿਸ ਹਿਸਾਬ ਨਾਲ ਦਿੱਤਾ ਗਿਆ ਸੀ, ਅੱਜ ਵੀ ਉਸੇ ਤਰ੍ਹਾਂ ਹੀ ਦੇਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਕੁਅੰਟਮ ਜੋ ਉਸ ਵੇਲੇ ਰੱਖਿਆ ਗਿਆ ਸੀ ਹੁਣ ਵੀ ਉਹ ਹੀ ਅਪਲਾਈ ਕਰਨਾ ਚਾਹੀਦਾ ਹੈ।

ਦੂਸਰਾ ਰੀਜ਼ਨ ਤਬਾਹੀ ਦਾ ਇਹ ਹੈ ਕਿ ਹਾਊਸ ਡਰੇਨਾਂ ਦੀ ਮੇਨਟੇਨੈਂਸ ਵਾਸਤੇ ਪੈਸਾ ਦਿੰਦਾ ਰਿਹਾ ਹੈ ਪਰ ਪਤਾ ਨਹੀਂ ਹੈ ਕਿ ਡਰੇਨਜ਼ ਦੀ ਮੇਨਟੇਨੈਂਸ ਕਿਉਂ ਨਹੀਂ ਹੁੰਦੀ ਰਹੀ? ਉਨ੍ਹਾਂ ਦਾ ਕਿਉਂ ਧਿਆਨ ਨਹੀਂ ਕੀਤਾ ਗਿਆ? ਇਸ ਲਈ ਮੈਂ ਸਮਝਦਾ ਹਾਂ ਕਿ ਪਿਛੇ ਜੋ ਹੋ ਗਿਆ ਹੈ, ਉਹ ਹੋ ਗਿਆ ਹੈ ਅਗੇ ਤੋਂ ਉਨ੍ਹਾਂ ਉਪਰ ਪੈਸੇ ਲਗਾਉਣੇ ਚਾਹੀਦੇ ਹਨ, ਉਨ੍ਹਾਂ ਦੀ ਮੇਨਟੇਨੈਂਸ ਪੂਰੀ ਕਰਨੀ ਚਾਹੀਦੀ ਹੈ। ਜੇਕਰ ਫਲੱਡਜ਼ ਨੂੰ ਰੋਕਣਾ ਹੈ ਤਾਂ ਮੈਂ ਸਮਝਦਾ ਹਾਂ ਕਿ ਇਸ ਪਾਸੇ ਵਲ ਪੂਰਾ ਪੂਰਾ ਧਿਆਨ ਦੇਣਾ ਪਵੇਗਾ। ਸਾਡਾ ਜ਼ਿਲ੍ਹਾ ਅਤੇ ਗੁਰਦਾਸਪੁਰ ਦਾ ਜ਼ਿਲ੍ਹਾ ਇਹ ਦੋ ਜ਼ਿਲੇ ਤਾਂ ਫਲੱਡ ਅਫ਼ੈਕਟਿਡ ਹਨ ਔਰ ਇਨ੍ਹਾਂ ਜ਼ਿਲ੍ਹਿਆਂ ਦੀ ਮੱਦਦ ਵਾਸਤੇ ਇਕ ਡਰੇਨੇਜ ਸੈਲ ਬਣਾ ਕੇ ਕੰਮ ਕਰਨਾ ਚਾਹੀਦਾ ਹੈ। ਮੈਂ ਇਹ ਵੀ ਕਹਾਂਗਾ ਕਿ ਸਰਕਾਰ ਨੇ ਜੋ ਇਹ ਰੁਪਿਆ ਰੱਖਿਆ ਹੈ, ਚੰਗੀ ਗਲ ਹੈ ਪਰ ਇਸ ਨੂੰ 20 ਟਾਈਮਜ਼ ਹੋਰ ਕਰੋ, ਇਹ ਥੋੜਾ ਹੈ। ਬਾਕੀ ਮੈਂ ਗਿਆਨੀ ਜੀ ਦਾ ਧੰਨਵਾਦ ਕਰਦਾ ਹਾਂ। ਉਨ੍ਹਾਂ ਨੇ ਕੰਮ ਬੜੇ ਚੰਗੇ ਢੰਗ ਨਾਲ ਚਲਾਇਆ ਹੈ। ਚੰਗਾ ਕੰਮ ਚਲ ਰਿਹਾ ਹੈ।

**Mr. Speaker** : I think demand No. 5 has already been discussed very much. Anybody who wants to discuss any other demand ?

**Chaudhri Kanshi Ram** : I am personally involved.

**ਸ੍ਰੀ ਸਪੀਕਰ** : ਚੌਧਰੀ ਕਾਂਸ਼ੀ ਰਾਮ ਜੀ, ਤੁਸੀਂ ਕਿਸ ਡਿਮਾਂਡ ਤੇ ਬੋਲੋਗੇ ?

**ਚੌਧਰੀ ਕਾਂਸ਼ੀ ਰਾਮ** : ਮੈਂ ਪੰਜ ਨੰਬਰ ਡਿਮਾਂਡ ਤੇ ਬੋਲਾਂਗਾ ਜੀ।

(ਇਸ ਸਮੇਂ ਕਈ ਮੈਂਬਰ ਸਹਿਬਾਨ ਬੋਲਣ ਲਈ ਖੜ੍ਹੇ ਸਨ।

**ਸ੍ਰੀ ਸਪੀਕਰ** : ਜਿਨ੍ਹਾਂ ਨੇ ਪੰਜ ਨੰਬਰ ਡਿਮਾਂਡ ਤੇ ਬੋਲਣਾ ਹੈ, ਉਹ ਤਸ਼ਰੀਫ਼ ਰੱਖਣ।

ਜਿਨ੍ਹਾਂ ਨੇ ਕਿਸੇ ਹੋਰ ਡਿਮਾਂਡ ਤੇ ਬੋਲਣਾ ਹੈ, ਉਹ ਬੋਲ ਲੈਣ। (ਵਿਘਨ) ਜਿਹੜੇ ਮਾਨਯੋਗ ਮੈਂਬਰ ਪੰਜ ਨੰਬਰ ਡਿਮਾਂਡ ਤੇ ਬੋਲਣਾ ਚਾਹੁੰਦੇ ਹਨ, ਉਹ ਇਸ ਵਿਸ਼ੇ ਤੇ ਕਲ ਬੋਲ ਲੈਣ।

**ਸ੍ਰੀ ਪਿਆਰਾ ਰਾਮ ਧੰਨੋਵਾਲੀ** (ਫਗਵਾੜਾ, ਐਸ. ਸੀ.) : ਸਪੀਕਰ ਸਾਹਿਬ, 12 ਕਰੋੜ 34 ਲੱਖ 36 ਹਜ਼ਾਰ ਰੁਪਏ ਦੀਆਂ ਡਿਮਾਂਡਾਂ ਹਾਊਸ ਦੇ ਸਾਹਮਣੇ ਹਨ ਜਿਸ ਵਿਚੋਂ 10 ਕਰੋੜ ਰੁਪਿਆ ਡਿਮਾਂਡ ਨੰ: 5 ਦਾ ਹੈ। ਇਸ ਉਤੇ ਕਾਫ਼ੀ ਸੁਝਾਓ ਵੀ ਆ ਚੁਕੇ ਹਨ। ਕਾਫ਼ੀ ਮੈਂਬਰ ਸਾਹਿਬਾਨ ਨੇ ਇਸ ਦੇ ਬਾਰੇ ਵਿਚ ਕਹਿ ਦਿੱਤਾ ਹੈ। ਇਸ ਲਈ ਮੈਂ ਇਸ ਦੇ ਬਾਰੇ ਹੋਰ ਜ਼ਿਆਦਾ ਨਹੀਂ ਕਹਿੰਦਾ। ਮੈਂ ਡਿਮਾਂਡ ਨੰਬਰ ਇਕ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਇਸ ਹਾਊਸ ਦੇ ਮਾਨਯੋਗ ਮੈਂਬਰਾਂ ਨੂੰ ਜੋ ਸਹੂਲਤ ਦਿੱਤੀ ਗਈ ਹੈ ਡਾਕ ਖਰਚ ਵਗੈਰਾ ਦੀ, ਉਸ ਦੇ ਬਾਰੇ 2 ਲੱਖ 46 ਹਜ਼ਾਰ ਰੁਪਏ ਮੰਗਿਆਂ ਹੈ।

Original with;
Punjab Vidhan Sabha
Digitized by;
Panjab Digital Library

ਇਹ ਬਹੁਤ ਅੱਛੀ ਗਲ ਕੀਤੀ ਹੈ । ਇਕ ਸਹੂਲਤ, ਸਪੀਕਰ ਸਾਹਿਬ, ਮੈਂਬਰਾਂ ਨੂੰ ਟੈਲੀਫੂਨ ਦੀ ਵੀ ਦਿੱਤੀ ਹੋਈ ਹੈ । ਸਰਕਾਰ ਵਲੋਂ 100 ਰੁਪਏ ਮਹੀਨਾ ਟੈਲੀਫੂਨ ਦਾ ਖਰਚਾ ਦਿੱਤਾ ਜਾਂਦਾ ਹੈ ਪਰ ਟੈਲੀਫੂਨ ਦਾ ਬਿੱਲ ਮੈਂਬਰਾਂ ਦਾ ਕੋਈ ਸੱਤ ਅੱਠ ਸੌ ਰੁਪਏ ਜਾਂ ਇਕ ਹਜ਼ਾਰ ਰੁਪਏ ਤੋਂ ਘੱਟ ਦਾ ਨਹੀਂ ਹੁੰਦਾ । ਇਸ ਲਈ ਮੇਰਾ ਸੁਝਾਓ ਹੈ ਕਿ ਜਿੱਥੇ ਡਿਮਾਂਡ ਨੰਬਰ ਇਕ ਵਿਚ ਕਾਨਸਟੀਚੁਐਂਸੀ, ਸੈਕਰੇਟੇਰੀਅਲ ਐਂਡ ਪੋਸਟਲ ਫੈਸਿਲਿਟੀ 225 ਰੁਪਏ ਮਹੀਨੇ ਦੇ ਹਿਸਾਬ ਨਾਲ ਦੇਣ ਦਾ ਪ੍ਰੋਵੀਜ਼ਨ ਹੈ, ਉਥੇ ਨਾਲ ਹੀ ਟੈਲੀਫੂਨ ਦਾ ਖਰਚ 100 ਰੁਪਏ ਤੋਂ ਵਧਾ ਕੇ 200 ਰੁਪਏ ਮਹੀਨਾ ਕਰਨਾ ਚਾਹੀਦਾ ਹੈ । ਇਹ ਮੇਰੀ ਡਿਮਾਂਡ ਹੈ ।

ਜਿੱਥੋਂ ਤਕ ਡਿਮਾਂਡ ਨੰਬਰ 13 ਦਾ ਸਵਾਲ ਹੈ, ਮੈਂ ਇਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਸ੍ਰੀ ਰਾਮ ਤੀਰਥ ਟੈਂਪਲ, ਅੰਮ੍ਰਿਤਸਰ ਦੀ ਡਿਵੈਲਪਮੈਂਟ ਲਈ 13.22 ਲੱਖ ਰੁਪਏ ਜੋ ਰੱਖੇ ਗਏ ਹਨ, ਇਹ ਬੜੀ ਚੰਗੀ ਗਲ ਕੀਤੀ ਗਈ ਹੈ । ਇਸ ਤਰ੍ਹਾਂ ਹੀ ਡਿਮਾਂਡ ਨੰਬਰ 19 ਵਿਚ ਸੱਤ ਲੱਖ ਰੁਪਿਆ ਰੱਖਿਆ ਗਿਆ ਹੈ ।

**ਸ੍ਰੀ ਸਪੀਕਰ** : ਇਹ ਤਾਂ ਸੱਭ ਮੈਂਬਰ ਸਾਹਿਬਾਨ ਨੂੰ ਪਤਾ ਹੀ ਹੈ ਕਿ ਕਿਤਨਾ ਕਿਤਨਾਂ ਰੁਪਿਆ ਰੱਖਿਆ ਗਿਆ ਹੈ, ਤੁਸੀਂ ਕੋਈ ਸੁਝਾਓ ਦੇਣਾ ਹੈ ਤਾਂ ਦਿਓ ।

**ਸ੍ਰੀ ਪਿਆਰਾ ਰਾਮ ਧੰਨੋਵਾਲੀ** : ਇਹ ਚੰਗੀ ਗਲ ਕੀਤੀ ਹੈ । ਸਪੀਕਰ ਸਾਹਿਬ, ਇਹ ਸ਼ਲਾਘਾਯੋਗ ਗਲ ਹੈ । ਗਿਆਨੀ ਜੀ ਦੀ ਸਰਕਾਰ ਨੇ ਬਹਾਦਰ ਲੋਕਾਂ ਨੂੰ, ਸ਼ਹੀਦਾਂ ਨੂੰ, ਲਿਖਾਰੀਆਂ ਨੂੰ, ਭਾਰਤ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਦੀਵਾਨਿਆਂ ਨੂੰ ਇਸ ਤਰ੍ਹਾਂ ਨਾਲ ਯਾਦ ਕੀਤਾ ਹੈ । ਦੇਸ਼ ਦੀ ਖਾਤਰ ਜਿਨ੍ਹਾਂ ਨੇ ਕੁਰਬਾਨੀਆਂ ਦਿੱਤੀਆਂ ਹਨ ਉਨ੍ਹਾਂ ਦੀਆਂ ਯਾਦਗਾਰਾਂ ਬਨਾਉਣ ਦਾ ਇਹ ਬਹੁਤ ਅੱਛਾ ਕੰਮ ਕੀਤਾ ਹੈ । ਡਿਮਾਂਡ ਨੰਬਰ 19 ਵਿਚ ਸ਼ਹੀਦ ਬਾਬਾ ਜੀਵਨ ਸਿੰਘ ਮੈਮੋਰੀਅਲ ਟਰੱਸਟ ਨੂੰ ਇਕ ਲੱਖ ਰੁਪਿਆ ਦਿੱਤਾ ਹੈ । ਇਸੇ ਤਰ੍ਹਾਂ ਡਿਮਾਂਡ ਨੰਬਰ 20, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤਿੰਨ ਸੌ ਸਾਲਾ ਸ਼ਤਾਬਦੀ ਜਿਹੜੀ ਮਨਾਈ ਹੈ, ਉਸ ਵਾਸਤੇ ਹੈ । ਫਿਰ ਭਾਈ ਮੱਤੀ ਦਾਸ ਜਿਹੜੇ ਗੁਰੂ ਤੇਗ ਬਹਾਦਰ ਜੀ ਨਾਲ ਰਹੇ ਔਰ ਆਰਿਆਂ ਨਾਲ ਚਿਰਾਏ ਗਏ ਸਨ ਉਨ੍ਹਾਂ ਦੀ ਯਾਦਗਾਰ ਵਾਸਤੇ ਪੈਸੇ ਰੱਖੇ ਹਨ । (ਵਿਘਨ) ਮੈਂ ਬੇਨਤੀ ਕਰਾਂਗਾ ਕਿ ਇਸ ਸਰਕਾਰ ਨੇ ਇਨ੍ਹਾਂ ਮਹਾਨ ਪੁਰਸ਼ਾਂ ਦੀ ਯਾਦਗਾਰ ਲਈ ਪੈਸਾ ਰਖਿਆ ਹੈ । ਇਸ ਤਰ੍ਹਾਂ ਹੀ ਗੁਰੂ ਰਵੀ ਦਾਸ ਜੀ ਦੀ 600 ਸਾਲਾ ਜਨਮ ਸ਼ਤਾਬਦੀ ਕਮੇਟੀ ਬਣਾਈ ਹੈ । ਸੰਨ 1977-78 ਵਿਚ ਉਹ ਉਨ੍ਹਾਂ ਦਾ ਜਨਮ ਦਿਨ ਮਨਾਏਗੀ । ਅੱਜ ਫਗਵਾੜੇ ਵਿੱਚ ਗੁਰੂ ਰਵੀ ਦਾਸ ਟਰੱਸਟ ਦੇ ਤਹਿਤ ਕਾਲਜ ਬਣ ਰਿਹਾ ਹੈ । ਇਸ ਟਰੱਸਟ ਨੂੰ ਵੀ ਮੈਂ ਸਮਝਦਾ ਹਾਂ ਕਿ ਕਾਫੀ ਤੋਂ ਜ਼ਿਆਦਾ ਮੱਦਦ ਦੇਣੀ ਚਾਹੀਦੀ ਹੈ । ਇਸ ਲਈ ਮੱਦਦ ਦੇਣੀ ਚਾਹੀਦੀ ਹੈ ਕਿ ਉਨ੍ਹਾਂ ਦੀ ਯਾਦਗਾਰ ਨੂੰ ਕਾਇਮ ਰੱਖਿਆ ਜਾਵੇ । ਜਿੱਥੋਂ ਤਕ ਡਿਮਾਂਡ ਨੰਬਰ 25 ਦਾ ਤੁਅੱਲਕ ਹੈ ਮੈਂ ਕਹਿਣਾ ਚਾਹੁੰਦਾ ਹਾਂ ਕਿ ਚੰਗਾ ਕੰਮ ਕੀਤਾ ਹੈ, ਠੀਕ ਹੈ । ਕੇਨ ਸੈਸ ਸਰਕਾਰ ਨੇ ਮੁਆਫ ਕਰਨ ਦਾ ਫੈਸਲਾ ਕੀਤਾ ਹੈ । ਸਾਡੇ ਪੰਜਾਬ ਵਿਚ, ਸਪੀਕਰ ਸਾਹਿਬ, 6 ਸ਼ੂਗਰ ਮਿੱਲਾਂ ਹਨ, ਇਨ੍ਹਾਂ ਤੇ ਸੈਸ ਲਗਾ ਸੀ । ਕਿਉਂਕਿ ਕਪੂਰ ਸਾਹਿਬ ਇਸ ਡਿਮਾਂਡ ਤੇ ਕਾਫੀ ਕੁਝ ਬੋਲ ਚੁਕੇ ਹਨ ਇਸ ਲਈ ਮੈਂ ਜ਼ਿਆਦਾ ਡੀਟੇਲਜ਼ ਵਿਚ ਨਹੀਂ ਜਾਵਾਂਗਾ । ਮਿੱਲਜ਼ ਵਾਲਿਆਂ ਨੇ ਰਿਪ੍ਰੈਜ਼ੈਂਟੇਸ਼ਨ ਕੀਤੀ ਕਿ ਸਾਨੂੰ ਘਾਟਾ ਪੈ ਗਿਆ ਹੈ ਅਤੇ ਅਸੀਂ ਕਿਉਂਕਿ ਸਾਰਾ ਸੈਸ ਜਮ੍ਹਾਂ ਕਰਵਾ ਦਿੱਤਾ ਹੋਇਆ ਹੈ ਇਸ ਲਈ ਹੁਣ

Original with;
Punjab Vidhan Sabha
Digitized by;
Panjab Digital Library

ਸ਼੍ਰੀ ਪਿਆਰਾ ਰਾਮ ਧੰਨੋਵਾਲੀ]

ਸ਼ਾਨੂੰ ਇਹ ਵਾਪਿਸ ਮਿਲਣਾ ਚਾਹੀਦਾ ਹੈ । ਇਸ ਦੀ ਰਕਮ 25.46 ਲੱਖ ਬਣਦੀ ਹੈ । ਜਗਜੀਤ ਸ਼ੂਗਰ ਮਿੱਲ, ਫਗਵਾੜਾ ਨੇ 14.21 ਲਖ ਰੁਪਏ, ਕੋਆਪਰੇਟਿਵ ਸ਼ੂਗਰ ਮਿੱਲ, ਭੋਗਪੁਰ, 4.14 ਲੱਖ, ਰੁਪਏ, ਕੋਆਪਰੇਟਿਵ ਸ਼ੂਗਰ ਮਿੱਲ, ਬਟਾਲਾ ਨੇ 271548 ਰੁਪਏ ਅਤੇ ਇਸ ਤਰ੍ਹਾਂ ਕੋਆਪਰੇਟਿਵ ਸ਼ੂਗਰ ਮਿੱਲ, ਮੋਰਿੰਡਾ ਦੇ 3 ਲੱਖ 96 ਹਜ਼ਾਰ 955 ਰੁਪਏ, ਕੋਆਪਰੇਟਿਵ ਸ਼ੂਗਰ ਮਿੱਲ, ਨਵਾਂ ਸ਼ਹਿਰ ਨੇ 41 ਹਜ਼ਾਰ 755 ਰੁਪਏ ਜਮ੍ਹਾਂ ਕਰਾਏ ਸਨ । ਇਨ੍ਹਾਂ ਨੂੰ ਸੈਸ ਮਾਫ ਕਰ ਦਿੱਤਾ ਹੈ । ਪਰ, ਸਪੀਕਰ ਸਾਹਿਬ, ਜ਼ਿਮੀਂਦਾਰਾਂ ਨੂੰ 13.25 ਰੁਪਏ ਦੇ ਹਿਸਾਬ ਨਾਲ ਇਨ੍ਹਾਂ ਮਿੱਲ ਵਾਲਿਆਂ ਨੇ ਪੈਸੇ ਦਿੱਤੇ ਹਨ । ਪਰ ਮੈਨੂੰ ਪਤਾ ਹੈ ਕਿ ਜਿਹੜੀ ਇਹ ਧੂਰੀ ਦੀ ਮਿੱਲ ਹੈ ਉਹ ਹੜਤਾਲਾਂ ਕਰਕੇ ਬੰਦ ਰਹੀ ਹੈ । ਬਾਕੀ 14 ਲੱਖ 21 ਹਜ਼ਾਰ ਰੁਪਏ ਦੀ ਛੋਟ ਜਗਜੀਤ ਸ਼ੂਗਰ ਮਿੱਲ ਨੂੰ ਦਿੱਤੀ ਗਈ ਹੈ । ਪਰ ਜ਼ਿਮੀਂਦਾਰਾਂ ਨੂੰ 13 ਰੁਪਏ 25 ਪੈਸੇ ਦੇ ਹਿਸਾਬ ਨਾਲ ਵੀ ਪੈਸੇ ਨਹੀਂ ਦਿੱਤੇ ਗਏ ਹਨ । ਇਹ ਕੋਈ 15-20 ਲੱਖ ਰੁਪਏ ਬਣਦੇ ਹਨ, ਲੋਕਾਂ ਦੇ ਮਨ ਵਿਚ ਇਸ ਗੱਲ ਬਾਰੇ ਬੜਾ ਰੋਸ ਹੈ । ਇਹ ਪੈਸੇ ਅਜੇ ਤੱਕ ਨਹੀਂ ਮਿਲੇ, ਇਹ ਜਲਦੀ ਤੋਂ ਜਲਦੀ ਮਿਲਣੇ ਚਾਹੀਦੇ ਹਨ । ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

**ਸ਼੍ਰੀ ਪ੍ਰੇਮ ਗੁਪਤਾ** (ਪਟਿਆਲਾ) : ਸਪੀਕਰ ਸਾਹਿਬ, ਡੀਮਾਂਡ ਨੰਬਰ 5 ਤੇ ਬਹੁਤ ਕੁਝ ਕਿਹਾ ਜਾ ਚੁਕਾ ਹੈ । ਮੈਂ ਇਸ ਦੇ ਵਿਚ ਇਕ ਐਡੀਸ਼ਨ ਕਰਨੀ ਹੈ । ਕਿਉਂਕਿ ਬਾਰਸ਼ਾਂ ਅਤੇ ਹੜ੍ਹਾਂ ਨੇ ਫਸਲਾਂ ਅਤੇ ਮਕਾਨਾਂ ਦਾ ਬਹੁਤ ਭਾਰੀ ਨੁਕਸਾਨ ਕੀਤਾ ਹੈ, ਮੈਂ ਸਰਕਾਰ ਨੂੰ ਕਹਾਂਗਾ ਕਿ ਉਹ ਮਿਉਂਸਪਲ ਕਮੇਟੀਆਂ ਨੂੰ ਹੁਕਮ ਦੇ ਦੇਣ ਕਿ ਜਿਥੇ ਸਲੱਮ ਹੋ ਗਿਆ ਹੈ ਅਤੇ ਮਕਾਨਾਂ ਦੀ ਹਾਲਤ ਬੜੀ ਨਾਜ਼ੁਕ ਹੋ ਗਈ ਹੈ ਉਥੇ ਫੌਰੀ ਕੋਈ ਕਾਰਵਾਈ ਕਰਨ ਤਾਕਿ ਉਥੇ ਕੋਈ ਬੀਮਾਰੀ ਵਗੈਰਾ ਨਾ ਫੈਲ ਜਾਵੇ । ਉਥੇ ਪੂਰੀ ਤਰ੍ਹਾਂ ਸਫਾਈ ਕਰਵਾਉਣ ਦੀ ਲੋੜ ਹੈ । ਬਾਕੀ ਡੀਮਾਂਡਾਂ ਤੇ ਕੱਲ ਵਿਚਾਰ ਕਰ ਲਵਾਂਗੇ । ਹੁਣ ਮੈਂ, ਸਪੀਕਰ ਸਾਹਿਬ, ਡੀਮਾਂਡ ਨੰਬਰ ਇਕ ਤੇ ਆਉਂਦਾ ਹਾਂ, ਜਿਹੜੀ ਲੈਜਿਸਲੇਟਰਾਂ ਨਾਲ ਸਬੰਧ ਰੱਖਦੀ ਹੈ । ਪੰਜਾਬ ਸਰਕਾਰ ਨੇ ਮੈਂਬਰਾਂ ਨੂੰ ਬਹੁਤ ਸਹੂਲਤਾਂ ਦਿੱਤੀਆਂ ਹਨ । ਪਰ ਸਮੇਂ ਦੀ ਤਬਦੀਲੀ ਦੇ ਨਾਲ ਨਾਲ ਸਹੂਲਤਾਂ ਵੀ ਵੱਧ ਜਾਂਦੀਆਂ ਹਨ । ਨਵੀਆਂ ਸਹੂਲਤਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ । ਮੈਂ ਸਭ ਤੋਂ ਪਹਿਲਾਂ ਐਮ. ਐਲ. ਏਜ਼. ਹੋਸਟਲ ਤੋਂ ਸ਼ੁਰੂ ਕਰਦਾ ਹਾਂ । ਇਥੇ ਕਿਰਾਇਆ ਪਹਿਲੇ 3 ਰੁਪਏ ਅਤੇ 7 ਰੁਪਏ ਲਿਆ ਜਾਂਦਾ ਸੀ ਪਰ ਹੁਣ 3 ਰੁਪਏ ਅਤੇ 15 ਰੁਪਏ ਕਰ ਦਿੱਤਾ ਹੈ । ਜਿਹੜਾ 7 ਰੁਪਏ ਦਾ ਪੈਟਰਨ ਸੀ ਉਹ ਬਿਲਕੁਲ ਹੀ ਖ਼ਤਮ ਕਰ ਦਿੱਤਾ ਹੈ । ਇਸ ਤੋਂ ਬਾਦ ਜਦ ਕਿ ਪੰਜਾਬ ਸਰਕਾਰ ਨੇ ਅਨੁਮਾਨ ਕਮੇਟੀ ਦੀ ਰਿਪੋਰਟ ਤੋਂ ਬਾਅਦ ਸਾਰੇ ਰੈਸਟ ਹਾਊਸਿਜ਼ ਦਾ ਕਿਰਾਇਆ ਐਮ. ਐਲ. ਏਜ਼. ਵਾਸਤੇ ਘੱਟਾ ਦਿੱਤਾ ਹੈ ਚਾਹੇ ਏਅਰ ਕੰਡੀਸ਼ਨ ਹੋਵੇ ਜਾਂ ਦੂਜਾ ਹੋਵੇ, 6 ਰੁਪਏ ਵਸੂਲ ਕੀਤੇ ਜਾਂਦੇ ਹਨ.... ।

**ਸ਼੍ਰੀ ਸਪੀਕਰ** : ਗੁਪਤਾ ਜੀ, ਇਹ ਤੁਸੀਂ ਡਿਸਕਸ ਨਹੀਂ ਕਰ ਸਕਦੇ । ਕਿਉਂਕਿ ਇਹ ਵਿਧਾਨ ਸਭਾ ਦੇ ਸਕੱਤਰੇਤ ਦੇ ਬਾਰੇ ਵਿਚ ਹੈ ।

**ਸ਼੍ਰੀ ਪ੍ਰੇਮ ਗੁਪਤਾ** : ਠੀਕ ਹੈ ਜੀ । ਇਹ ਮੈਂ ਛੱਡ ਦਿੰਦਾ ਹਾਂ । ਹੁਣ ਮੈਂ ਸ਼ਰਮਾਂ ਜੀ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸਾਡੀ ਪਾਰਲੀਮੈਂਟ ਨੇ ਐਕਸ-ਮੈਂਬਰਾਂ ਲਈ ਪੈਨਸ਼ਨ ਦਾ ਬਿਲ ਪਾਸ ਕਰ ਦਿੱਤਾ ਹੈ—ਮੇਰਾ ਖਿਆਲ ਹੈ ਕਿ ਸ਼ਰਮਾ ਸਾਹਿਬ ਨੇ

Original with;
Punjab Vidhan Sabha
Digitized by;
Panjab Digital Library

ਵੀ ਨੋਟ ਕੀਤਾ ਹੋਵੇਗਾ । ਮੈਂ ਇਹ ਪਿਛਲੇ ਸੈਸ਼ਨ ਦੇ ਵਿਚ ਵੀ ਕਿਹਾ ਸੀ । ਮੈਂ ਇਸ ਦੀ ਤਾਈਦ ਕਰਾਂਗਾ ਤਾਕਿ ਜਿਹੜੇ ਮੈਂਬਰ ਨਾ ਰਹਿਣ, ਉਨ੍ਹਾਂ ਦੀ ਵਿੱਤੀ ਮਦਦ ਕੀਤੀ ਜਾ ਸਕੇ । ਉਨ੍ਹਾਂ ਨੂੰ ਵਿੱਤੀ ਔਕੜਾਂ ਦਾ ਸਾਹਮਣਾ ਨਾ ਕਰਨਾ ਪਵੇ । ਮੈਂ ਇਹ ਦਰਖਾਸਤ ਚੀਫ ਮਨਿਸਟਰ ਸਾਹਿਬ, ਖ਼ਜ਼ਾਨਾ ਮੰਤਰੀ ਅਤੇ ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਕੋਲ ਕੀਤੀ ਹੈ । ਇਸ ਬਿਲ ਨੂੰ ਇਸੇ ਸੈਸ਼ਨ ਵਿਚ ਲਿਆ ਕੇ ਪਾਸ ਕਰ ਦੇਣਾ ਚਾਹੀਦਾ ਹੈ । ਇਕ ਹੋਰ ਤਕਲੀਫ ਹੈ ਰੇਲਵੇ ਬਾਰੇ । ਮੇਰਾ ਖਿਆਲ ਹੈ ਕਿ ਇਹ ਡਿਸਕਸ ਹੋ ਸਕਦੀ ਹੈ ।

**ਸ਼੍ਰੀ ਸਪੀਕਰ** : ਗੁਪਤਾ ਜੀ, ਇਹ ਵੀ ਨਹੀਂ ਹੋ ਸਕਦੀ ।

**ਸ਼੍ਰੀ ਪ੍ਰੇਮ ਗੁਪਤਾ** : ਠੀਕ ਹੈ ਜੀ । ਫੇਰ ਤੁਸੀਂ ਸਰਕਾਰ ਦੇ ਨੋਟਿਸ ਵਿਚ ਇਹ ਗੱਲ ਲਿਆ ਦਿਉ ।

**ਸਰਦਾਰ ਬੇਅੰਤ ਸਿੰਘ (ਪਾਇਲ)** : ਸਪੀਕਰ ਸਾਹਿਬ, ਮੈਂ ਡੀਮਾਂਡ ਨੰਬਰ 40 ਅਤੇ ਹੋਰ ਡੀਮਾਂਡਜ਼ ਤੇ ਬੋਲਣਾ ਚਾਹੁੰਦਾ ਹਾਂ । ਸੈਂਟਰਲ ਗੌਰਮਿੰਟ ਨੇ ਲੁਧਿਆਣਾ ਸ਼ਹਿਰ ਦੀ ਡਿਵੈਲਪਮੈਂਟ ਕਰਨ ਲਈ ਪੰਜਾਬ ਸਰਕਾਰ ਨੂੰ 75 ਲੱਖ ਰੁਪਏ ਦਿੱਤੇ ਹਨ। ਇਹ ਮਾਰਚ, 1977 ਤਕ ਚਲਣਾ ਹੈ । ਲੇਕਿਨ ਜਿਹੜੀ ਲੁਧਿਆਣੇ ਸ਼ਹਿਰ ਦੀ ਹਾਲਤ ਹੈ ਉਹ ਬੜੀ ਤਰਸਯੋਗ ਹੈ । ਅਗਰ ਇਸ ਦੇ ਬਾਰੇ ਇਹ ਕਿਹਾ ਜਾਵੇ ਕਿ It is the dirtiest of the dirty cities ਤਾਂ ਗਲਤ ਨਹੀਂ ਹੋਵੇਗਾ। ਉਥੇ ਇੰਡਸਟਰੀ ਵੀ ਜ਼ਿਆਦਾ ਹੈ ਅਤੇ ਸਲੱਮ ਬਹੁਤ ਹਨ ਤੇ ਬੀਮਾਰੀਆਂ ਫੈਲਣ ਦਾ ਡਰ ਹੈ । ਇਸ ਦਾ ਕੋਈ ਇਲਾਜ ਕਰਨਾ ਚਾਹੀਦਾ ਹੈ। ਲੁਧਿਆਣੇ ਦੇ ਆਲੇ ਦੁਆਲੇ ਏਰੀਆਜ਼ ਵਿਚ 22 ਹਜ਼ਾਰ ਝੌਂਪੜੀਆਂ ਹਨ । ਇਨ੍ਹਾਂ ਝੌਂਪੜੀਆਂ ਵਿਚ ਲੋਕ ਰਹਿੰਦੇ ਹਨ ਅਤੇ ਸਲੱਮ ਏਰੀਆਜ਼ ਵਿਚ ਵੀ ਲੋਕ ਰਹਿੰਦੇ ਹਨ। ਇਨ੍ਹਾਂ ਦੀ ਆਬਾਦੀ 88 ਹਜ਼ਾਰ ਦੇ ਕਰੀਬ ਹੈ । ਇਹ ਚੀਜ਼ ਵੀ 20 ਨੁਕਾਤੀ ਪ੍ਰੋਗਰਾਮ ਦੇ ਅਧੀਨ ਆਉਂਦੀ ਹੈ । ਜੇਕਰ ਇਨ੍ਹਾਂ ਨੂੰ ਮਕਾਨ ਨਹੀਂ ਦੇ ਸਕਦੇ ਤਾਂ ਉਨ੍ਹਾਂ ਨੂੰ ਸਲੱਮਜ਼ ਵਿਚੋਂ ਤਾਂ ਕੱਢ ਸਕਦੇ ਹੋ। ਉਥੋਂ ਹੀ ਉਨ੍ਹਾਂ ਨੂੰ ਕੱਢ ਦਿੱਤਾ ਜਾਵੇ। ਮੈਂ ਤਾਂ ਕਹਾਂਗਾ ਕਿ ਇਨ੍ਹਾਂ ਨੂੰ ਛੋਟੇ ਛੋਟੇ ਮਕਾਨ ਬਣਾ ਕੇ ਦਿੱਤੇ ਜਾਣ। ਹਾਊਸਿੰਗ ਬੋਰਡ ਨੂੰ ਇਸ ਤਰ੍ਹਾਂ ਦੇ ਮਕਾਨ ਬਣਾਉਣੇ ਚਾਹੀਦੇ ਹਨ। ਪਰ ਮੈਂ ਤੇ ਰੋਜ਼ ਵੇਖਦਾ ਹਾਂ ਕਿ ਜਿਸ ਤਰ੍ਹਾਂ ਘਟੀਆ ਕਿਸਮ ਦਾ ਮੈਟੀਰੀਅਲ ਲਗਾਇਆ ਗਿਆ ਹੈ ਉਹ ਬਹੁਤ ਜਲਦੀ ਢਹਿ ਜਾਣਗੇ । ਇਕ ਵਾਰੀ ਪੰਡਿਤ ਨਹਿਰੂ ਪੰਜਾਬ ਆਏ ਸਨ । ਜਦੋਂ 1955 ਦੇ ਵਿਚ ਫਲੱਡਜ਼ ਆਏ ਸੀ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਪੰਜਾਬੀਆਂ ਨੂੰ ਮਕਾਨ ਨਹੀਂ ਬਣਾਉਣੇ ਆਉਂਦੇ । ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਲੁਧਿਆਣਾ ਸ਼ਹਿਰ ਦੇ ਵਿਚ ਇੰਡਸਟਰੀ ਬਹੁਤ ਜ਼ਿਆਦਾ ਹੈ, ਹੌਜ਼ਰੀ ਦਾ ਕੰਮ ਹੋਣ ਕਰਕੇ ਉਨ੍ਹ ਦਾ ਕੰਮ ਜ਼ਿਆਦਾ ਹੈ ਅਤੇ ਇਸ ਦੇ ਧਾਗੇ ਦੀ ਗਰਦ ਉਡਦੀ ਰਹਿੰਦੀ ਹੈ । ਇਸ ਕਰਕੇ ਟੀ.ਬੀ. ਦੇ 3 ਹਜ਼ਾਰ ਦੇ ਕਰੀਬ ਮਰੀਜ਼ ਹਨ । ਸਿਵਲ ਹਸਪਤਾਲ ਅਤੇ ਬਰਾਊਨ ਹਸਪਤਾਲ ਇਹ ਸਾਡੇ ਲੋਕਾਂ ਦੀ ਬੜੀ ਸੇਵਾ ਕਰ ਰਹੇ ਹਨ । ਬਰਾਊਨਿੰਗ ਹਸਪਤਾਲ ਬਾਹਰਲੇ ਮੁਲਕਾਂ ਤੋਂ ਪੈਸੇ ਲੈ ਕੇ ਸਾਡੇ ਲੋਕਾਂ ਦੀ ਸੇਵਾ ਕਰਦਾ ਹੈ । ਮੈਂ ਦੱਸਦਾ ਹਾਂ ਕਿ ਸਿਵਲ ਹਸਪਤਾਲ ਨਾਲੋਂ ਬਰਾਊਨ ਹਸਪਤਾਲ ਦਾ ਕੰਮ ਬਹੁਤਾ ਅੱਛਾ ਹੈ । ਸਾਡੇ ਇਕ ਨੌਜਵਾਨ ਦਾ ਐਕਸੀਡੈਂਟ ਹੋ ਗਿਆ ਅਤੇ ਸਿਵਲ ਹਸਪਤਾਲ ਲੈ ਗਏ ਪਰ ਉਸ ਨੂੰ ਕਿਸੇ ਡਾਕਟਰ ਨੇ ਧਿਆਨ ਨਾਲ ਅਟੈਂਡ ਨਹੀਂ ਕੀਤਾ ਪਰ ਬਾਅਦ ਵਿਚ ਇਕ ਘੰਟੇ ਮਗਰੋਂ ਬਰਾਊਨ ਹਸਪਤਾਲ ਲੈ ਗਏ, ਫਿਰ ਇਲਾਜ ਸ਼ੁਰੂ ਹੋਇਆ । ਹੁਣ ਤਾਂ ਤੁਸੀਂ ਕਾਰਪੋਰੇਸ਼ਨ ਲੁਧਿਆਣੇ ਵਿਚ ਬਣਾ ਦਿੱਤੀ ਹੈ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿੰਘ]

ਲੁਧਿਆਣੇ ਸ਼ਹਿਰ ਨੂੰ ਵੱਧ ਤੋਂ ਵੱਧ ਪੈਸੇ ਦਿੱਤੇ ਜਾਣ । ਇਸ ਦੇ ਵਿਚ ਕਾਫ਼ੀ ਪਿੰਡ ਆਏ ਹਨ ਅਤੇ ਇਨ੍ਹਾਂ ਦੀ ਡਿਵੈਲਪਮੈਂਟ ਹੋਣੀ ਚਾਹੀਦੀ ਹੈ । ਪਿੰਡਾਂ ਦੀ ਹਾਲਤ ਇਹੋ ਜਿਹੀ ਹੈ ਕਿ ਜਿਸ ਤਰ੍ਹਾਂ ਝੌਂਪੜੀ ਵਰਗੀ ਹੁੰਦੀ ਹੈ। ਇਸ ਦਾ ਸੁਧਾਰ ਹੋਣਾ ਚਾਹੀਦਾ ਹੈ । (ਘੰਟੀ) ਮੈਂ ਬੇਨਤੀ ਕਰਾਂਗਾ ਕਿ ਸ਼ਹਿਰ ਦੇ ਆਸ ਪਾਸ ਜਿਹੜੇ ਲੋਕ ਵਸਦੇ ਹਨ, ਜਿਹੜੇ ਉਥੋਂ ਸਬਜ਼ੀਆਂ ਲਿਆ ਕੇ ਤਾਜ਼ੀਆਂ ਸਬਜ਼ੀਆਂ ਦਿੰਦੇ ਹਨ, ਉਹ ਲੋਕ ਰੇਹੜੀਆਂ ਵੀ ਰੱਖਦੇ ਹਨ ਅਤੇ ਡੰਗਰ ਵੀ ਰਖਦੇ ਹਨ, ਉਨ੍ਹਾਂ ਕੋਲੋਂ ਦੁੱਧ ਵੀ ਆ ਸਕਦਾ ਹੈ ਇਸ ਲਈ ਉਨ੍ਹਾਂ ਲੋਕਾਂ ਨੂੰ ਵੀ ਮਕਾਨ ਦੇਣੇ ਚਾਹੀਦੇ ਹਨ ।

ਹੁਣ ਮੈਂ ਤੁਹਾਡਾ ਧਿਆਨ ਡਿਮਾਂਡ ਨੰ. 38 ਵੱਲ ਦਿਵਾਉਣਾ ਚਾਹੁੰਦਾ ਹਾਂ । ਉਥੇ ਸਰਹਿੰਦ ਕੈਨਾਲ ਲਾਗੇ ਡੀਪ ਟਿਊਬਵੈਲ ਲੱਗੇ ਹਨ । ਇਹ ਠੀਕ ਹੈ ਉਥੇ ਦਾ ਪਾਣੀ ਨਹਿਰਾਂ ਵਿਚ ਪਾਇਆ ਗਿਆ ਹੈ । ਅਤੇ ਉਸ ਦਾ ਅੱਗੇ ਜਾ ਕੇ ਲੋਕਾਂ ਨੂੰ ਫਾਇਦਾ ਪਹੁੰਚਿਆ ਹੈ । ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਇਲਾਕੇ ਨੂੰ ਉਸ ਨੇ ਨੁਕਸਾਨ ਪਹੁੰਚਾਇਆ ਹੈ । ਸਾਡੇ ਜਿਹੜਾ ਪਾਣੀ ਸੀ ਉਸ ਦਾ ਲੈਵਲ ਬਹੁਤ ਨੀਵਾਂ ਚਲਾ ਗਿਆ, ਕਿਉਂਕਿ ਉਹ ਪਾਣੀ ਤਾਂ ਨਹਿਰਾਂ ਵਿਚ ਚਲਾ ਜਾਂਦਾ ਹੈ । ਇਸ ਤਰ੍ਹਾਂ ਸਾਡੇ ਪਾਣੀ ਦਾ ਲੈਵਲ ਬਹੁਤ ਥੱਲੇ ਚਲਾ ਗਿਆ ਹੈ । ਉਥੇ ਲੋਕਾਂ ਨੂੰ ਬਹੁਤ ਤਕਲੀਫ ਹੋਈ ਹੈ । ਉਨ੍ਹਾਂ ਨੂੰ ਦੁਬਾਰਾ ਮੋਟਰਾਂ ਵਾਸਤੇ ਬੋਰ ਕਰਨੇ ਪਏ ਹਨ । ਇਸ ਲਈ ਅਗਰ ਉਹ ਦੂਸਰੇ ਥਾਵਾਂ ਤੋਂ ਰੇਟ ਬੋ ਵੀ ਪਾਣੀ ਲੈ ਲੈਣ ਤਾਂ ਮੈਂ ਸਮਝਦਾ ਹਾਂ ਕਿ ਮਾੜੀ ਗੱਲ ਨਹੀਂ ਹੋਵੇਗੀ । ਇਸ ਪਾਸੇ ਵੱਲ ਧਿਆਨ ਕਰਨਾ ਚਾਹੀਦਾ ਹੈ । ਮੈਂ ਇਕ ਦੋ ਗੱਲਾਂ ਹੋਰ ਕਹਿਣੀਆਂ ਚਾਹੁੰਦਾ ਹਾਂ । 9-10 ਅਪ੍ਰੈਲ ਨੂੰ ਬਹੁਤ ਭਾਰੀ ਗੜੇ ਪਏ ਹਨ ਹਾਲਾਂ ਕਿ 13 ਅਪ੍ਰੈਲ ਨੂੰ ਵਿਸਾਖੀ ਵਾਲੇ ਦਿਨ ਜ਼ਿਮੀਂਦਾਰ ਕਣਕ ਦੀ ਵਾਢੀ ਕਰ ਲੈਂਦੇ ਸੀ । ਉਸ ਸਮੇਂ ਗਿਆਨੀ ਜੀ ਟਾਈਮ ਕੱਢਕੇ ਸਾਡੇ ਹਲਕੇ ਵਿਚ ਗਏ । ਸਾਡੇ ਹਲਕੇ ਦੇ 207 ਪਿੰਡ ਗੜਿਆਂ ਦੇ ਨਾਲ ਅਫੈਕਟ ਹੋਏ ਹਨ । ਲੋਕਾਂ ਦੀ ਹਾਲਤ ਬਹੁਤ ਮਾੜੀ ਹੋ ਗਈ ਸੀ । ਲੋਕ ਇਹ ਕਹਿੰਦੇ ਸਨ ਕਿ ਸਾਡਾ ਕੁਝ ਨਹੀਂ ਰਿਹਾ । ਸੋ ਗਿਆਨੀ ਜੀ ਨੇ ਉਥੇ ਜਾ ਕੇ ਇਕ ਬਹੁਤ ਅੱਛਾ ਪ੍ਰੈਸੀਡੈਂਟ ਕਾਇਮ ਕੀਤਾ ਅਤੇ ਅਜਿਹੀ ਗੱਲ ਹਿੰਦੁਸਤਾਨ ਵਿਚ ਪਹਿਲੀ ਵਾਰ ਹੋਈ ਹੈ । ਇਨ੍ਹਾਂ ਨੇ ਜਿਸ ਦਾ ਨੁਕਸਾਨ ਹੋਇਆ ਉਸਨੂੰ 300 ਰੁਪਿਆ ਏਕੜ ਦਾ ਦਿੱਤਾ, ਜਦ ਉਨ੍ਹਾਂ ਨੂੰ ਇਹ ਸਹਾਇਤਾ ਦਿੱਤੀ ਗਈ ਤਾਂ ਉਨ੍ਹਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ । ਜਿਵੇਂ ਕਹਿੰਦੇ ਹਨ ਕਿ: Justice delayed is justice denied ਥੋੜ੍ਹਾ ਬਹੁਤ ਉਸ ਵਿਚ ਫਰਕ ਪਿਆ । (ਘੰਟੀ) ਮੈਂ ਤੁਹਾਡੇ ਰਾਹੀਂ ਰੈਵੇਨਿਊ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ 4 ਕਰੋੜ ਰੁਪਿਆ ਸਾਡਾ ਮਨਜ਼ੂਰ ਹੋਇਆ ਸੀ । ਇਸ ਵਿਚੋਂ 1,91,64,700 ਰੁਪਿਆ ਡਿਸਬਰਸ ਹੋਣ ਤੋਂ ਰਹਿੰਦਾ ਹੈ । ਡੀ.ਐਮ. ਨੇ ਐਫ.ਸੀ.ਆਰ. ਨੂੰ ਲਿਖਿਆ ਕਿ 60 ਲੱਖ ਰੁਪਿਆ ਹੋਰ ਭੇਜੋ । ਇਸ ਤਰ੍ਹਾਂ ਸਵਾ ਕਰੋੜ ਰੁਪਿਆ ਹੋਰ ਰਹਿੰਦਾ ਹੈ । ਮੈਂ ਅਰਜ਼ ਕਰਾਂਗਾ ਕਿ ਉਹ ਸਵਾ ਕਰੋੜ ਰੁਪਿਆ ਜਲਦੀ ਦੇਣਾ ਚਾਹੀਦਾ ਹੈ । ਅਤੇ ਕਿਤੇ ਇਹ ਨਾ ਹੋਵੇ ਕਿ ਕੱਲ ਨੂੰ ਕੋਈ ਹੋਰ ਅਜਿਹੀ ਮਜਬੂਰੀ ਆ ਜਾਵੇ ਅਤੇ ਹੋਰ ਦੇਣਾ ਪੈ ਜਾਵੇ । ਇਸ ਤਰ੍ਹਾਂ ਪੈਸਾ ਦੇਣ ਨਾਲ ਲੋਕਾਂ ਵਿਚ ਜਿਹੜਾ ਕੰਨਫੀਡੈਂਸ ਪੈਦਾ ਹੋਇਆ ਹੈ ਉਹ ਕਾਇਮ ਰਹੇਗਾ ।

ਹੁਣ ਮੈਂ ਆਖਰੀ ਗੱਲ ਕਹਿੰਦਾ ਹਾਂ । ਮੈਂ ਸੀ.ਐਮ. ਸਾਹਿਬ ਨੂੰ ਅਰਜ਼ ਕਰਾਂਗਾ ਕਿ ਜ਼ਿਮੀਂਦਾਰ ਕੋਆਪ੍ਰੇਟਿਵ ਦੇ ਲੋਨ ਥੱਲੇ ਦੱਬੇ ਪਏ ਹਨ । ਉਨ੍ਹਾਂ ਨੇ ਕਰਜ਼ੇ ਲਏ ਹੋਏ ਹਨ ਅਤੇ ਉਧਰ ਉਨ੍ਹਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ । ਗੁਰਦਾਸਪੁਰ, ਅੰਮ੍ਰਿਤਸਰ ਅਤੇ ਫਿਰੋਜ਼ਪੁਰ

Original with;
Punjab Vidhan Sabha
Digitized by;
Panjab Digital Library

ਜ਼ਿਲ੍ਹਿਆਂ ਵਿਚ ਹੜ੍ਹ ਆਏ । ਉਨ੍ਹਾਂ ਨੇ ਬਹੁਤ ਜ਼ਿਆਦਾ ਤਬਾਹੀ ਕੀਤੀ ਹੈ । ਇਹ ਬਾਰਸ਼ਾਂ ਤਾਂ ਹਰ ਜਗ੍ਹਾ ਹੀ ਹੋਈਆਂ ਹਨ । ਇਨ੍ਹਾਂ ਬਾਰਸ਼ਾਂ ਨਾਲ ਲੁਧਿਆਣੇ ਜ਼ਿਲ੍ਹੇ ਦੀ ਮੱਕਈ ਦੀ ਫਸਲ ਮਾਰੀ ਗਈ ਹੈ । ਬਾਰਿਸ਼ਾਂ ਤੋਂ ਪਹਿਲਾਂ ਮੱਕਈ ਦੀ ਕੀਮਤ 60-70 ਰੁਪਏ ਕੁਇੰਟਲ ਸੀ ਅਤੇ ਬਾਰਿਸ਼ਾਂ ਤੋਂ ਬਾਅਦ ਇਸ ਦੀ ਕੀਮਤ 100 ਰੁਪਿਆ ਹੋ ਗਈ ਹੈ। ਉਨ੍ਹਾਂ ਦੀ ਮੱਕਈ ਦੀ ਫਸਲ ਹੀ ਮਾਰੀ ਗਈ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜਿਹੜਾ ਜ਼ਿਮੀਂਦਾਰਾਂ ਨੇ ਬੈਂਕਾਂ ਤੋਂ ਲੋਨ ਲਿਆ ਹੈ ਅਤੇ ਜਿਨ੍ਹਾਂ ਜ਼ਿਮੀਂਦਾਰਾਂ ਦੀਆਂ ਫਸਲਾਂ ਇਨ੍ਹਾਂ ਬਾਰਸ਼ਾਂ ਅਤੇ ਗੜਿਆਂ ਨਾਲ ਅਫੈਕਟ ਹੋਈਆਂ ਹਨ, ਉਨ੍ਹਾਂ ਜ਼ਿਲ੍ਹਿਆਂ ਵਿਚ ਉਨ੍ਹਾਂ ਜ਼ਿਮੀਂਦਾਰਾਂ ਦੇ ਉਹ ਲੋਨ ਦੋ ਤਿੰਨ ਸਾਲ ਤੱਕ ਡੇਫਰ ਕਰ ਦੇਣੇ ਚਾਹੀਦੇ ਹਨ । ਜਿਨ੍ਹਾਂ ਜ਼ਿਮੀਂਦਾਰਾਂ ਦੀਆਂ ਲਗਾਤਾਰ ਦੋ ਫਸਲਾਂ ਤਬਾਹ ਹੋ ਜਾਂਦੀਆਂ ਹਨ, ਮਾਰੀਆਂ ਜਾਂਦੀਆਂ ਹਨ ਉਹ ਕਈ ਸਾਲਾਂ ਤੱਕ ਉਠ ਨਹੀਂ ਸਕਦੇ । ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**उप मन्त्री, सिंचाई और बिजली** (श्री बलराम) : **अध्यक्ष महोदय, डिमांड नं. 38 पर** कुछ बहस हुई है और कामरेड राज कुमार ने कुछ सुझाव दिये हैं और काफी बातें की हैं।

**ਸ੍ਰੀ ਸਪੀਕਰ**: ਗਿਲੋਟੀਨ ਦਾ ਟਾਈਮ ਇਕ ਵਜੇ ਹੋਵੇਗਾ। Is it the pleasure of the House ?

Voices : Yes, Yes.

**उप मन्त्री:** अध्यक्ष महोदय, जब हम बात करते हैं तो दोनों बातों का ध्यान रखना चाहिए क्योंकि हो सकता है कि उसमें कमी भी हो या अच्छाई हो । सवाल यह है कि drains के बारे में हमें ध्यान करना चाहिए कि किस तरीका से इनकी planning हुई, estimate क्या था और इनकी average क्या निकलती है, और यह कितना समय चलती हैं। इन तमाम बातों का technically हिसाब हमारे engineers ने लगाया और इनकी planning की। drains बहुत ज़्यादा बनी हैं। मैं आपको बतलाता हूँ कि हमने पंजाब में drains के बारे में क्या किया है ? हमने dranis के लिये पंजाब में 145 करोड़ रुपया का मास्टर प्लान बनाया है । जिसमें से 51 करोड़ मार्च, 1976 तक खर्च किया है और रिवर वर्कस और embankments 1160 किलो मीटर लम्बे बनते हैं जिसमें से 770 किलो मीटर बनाए गए हैं । 11270 किलो मीटर हमने दूसरी drains बनाई हैं। जिनमें से 5325 किलो मीटर बन चुकी है । इन dranis को बनाने का क्या मतलब था, क्या तरीका था ? सोचा कि कितना पानी आयेगा, flood का पानी इतना निकल सकता है, कितनी बारिश होती है, यह तमाम हिसाब लगा कर यह काम किया गया था । मगर यह मालूम नहीं था कि इस तरीके का कहर आ जाएगा जिससे हमारे सारे आंकड़े गलत हों जायेंगे । आम तौर पर ज्यादा बारिशें पहाड़ों पर होती हैं और rivers में पानी आता है । ज्यादा पानी आने से rivers के embankments टूट जाते हैं मगर इस दफा क्या होना था, इस बारे में किसी ने सोचा न था । यह कहना गलत न होगा कि इस दफा सारे का सारा फ्लड का पानी पैराशूट करके एकदम आकाश से सीधा जमीन पर आ गया । मैं आपको बताता हूँ कि फाजिल्का और

Original with;
Punjab Vidhan Sabha
Digitized by;
Panjab Digital Library

[उप मन्त्री, सिंचाई तथा बिजली]

अबोहर का वह इलाका है जहां कभी लोग पानी के लिये तरसते थे और सोचते थे कि कब आसमान में बादल आएगा और कब वर्षा होगी। ऐसा भी होता था कि किसान को जब पसीना आता था तो वह सोचता था कि पानी आ गया है। हमारे फिरोज़पुर ज़िला में 16" से 20" तक वर्षा होती थी मगर पिछले जून से अब तक 40" वर्षा हुई है। खवासपुर में जो तरनतारन के नज़दीक है, एक दिन में 21" (525 mm) वर्षा हुई। फाजि़लका में दो दिन में 12" वर्षा हुई। किसी के दिमाग में यह बात नहीं आ सकी। कोई Engineer यह नहीं सोच सका कि इस तरह भी होगा जो अमृतसर और गुरदासपुर और फिरोज़पुर में हुआ है। यह flood नहीं था, यह एक कहर था जो कि आसमान से सीधा ज़मीन पर आया। अब भी हर रोज़ खबरें आती हैं, telephone आते हैं कि वर्षा अब भी हो रही है, बूंदाबांदी हो रही है। मकान बहुत गिर गए। मैं जानता हूँ कि drains की maintenance में गड़बड़ है। पैसे कम हैं। पिछले साल flood Control Board की मीटिंग हुई थी। उस में हमारे Engineers भी थे। एक कमेटी बनी थी। हमने जायज़ा लिया था और उसके बाद हमने बहुत कुछ किया। जो Ravi का embankment है उसको चौड़ा किया। सक्की नाले को भी ठीक किया। मगर यह मालूम नहीं था कि इतनी वर्षा होगी। यहां पर कामरेड राज कुमार ने एक S.D.O. का ज़िक्र किया है। इस किसम की गड़बड़ होती है, यह ठीक है मगर सवाल यह है कि हिन्दुस्तान के लोग हमारे भाई हैं। हम बाहर से तो import करके ला नहीं सकते। हम सब को मिल कर इस किसम की बातों को दूर करना चाहिए तब ही काम ठीक हो सकता है। हम तैयार हैं इस बात के लिए, बिल्कुल नहीं छोड़ेंगे, लटका कर छोड़ेंगे। पर सवाल यह है कि सबूत मिलना चाहिए।

बाकी मुझे कहा गया है कि कल को loods के बारे में discussion होने वाली है। तो कल को मैं आंकड़े देकर अपनी बात पेश करूँगा।

ਵਿੱਤ ਮੰਤਰੀ (ਸ਼੍ਰੀ ਹੰਸ ਰਾਜ ਸ਼ਰਮਾ) : ਸਪੀਕਰ ਸਾਹਿਬ, ਜਿਥੋਂ ਤਕ ਇਨ੍ਹਾਂ ਡਿਮਾਂਡਜ਼ ਦਾ ਤਾਲੁਕ ਹੈ ਇਹ ਸਾਰੀਆਂ ਡਿਮਾਂਡਾਂ ਦਾ ਕੋਈ 10 ਕਰੋੜ ਰੁਪਏ ਦਾ ਸਾਡੇ ਤੇ ਬੋਝ ਹੈ ; ਇਹ ਮੰਗ ਉਸ ਖੁਦਾਈ ਆਫਤ ਲਈ ਕੀਤੀ ਗਈ ਹੈ। ਇਸ ਨੂੰ ਮੀਟ ਵਿਦ ਕਰਨ ਲਈ ਸਰਕਾਰ ਨੇ ਕੁਝ ਯਤਨ ਕੀਤੇ ਹਨ, ਕੁਝ ਤਜਵੀਜ਼ਾਂ ਜ਼ੇਰੇ ਗੌਰ ਹਨ। ਫਲੱਡਜ਼ ਵਾਸਤੇ ਰੁਪਿਆ ਮੰਗਿਆ ਗਿਆ ਹੈ। ਸਪੀਕਰ ਸਾਹਿਬ, ਪਿਛਲੇ ਸਾਲਾਂ ਵਿਚ ਕਦੇ ਵੀ ਹੇਲ ਸਟਾਰਮ ਨਾਲ ਇਤਨੀਆਂ ਫਸਲਾਂ ਤਬਾਹ ਨਹੀਂ ਹੋਈਆਂ ਸਨ ਜਿੰਨੀਆਂ ਕਿ ਇਸ ਸਾਲ ਹੇਲ ਸਟਾਰਮ ਨਾਲ ਇਹ ਤਬਾਹ ਹੋਈਆਂ ਹਨ। ਹੇਲ ਸਟਾਰਮ ਲਈ ਬਜਟ ਵਿਚ ਪਹਿਲਾਂ ਕੋਈ ਪੈਸਾ ਵੀ ਨਹੀਂ ਰਖਿਆ ਗਿਆ ਸੀ। ਫਿਰ ਵੀ ਕਾਂਗਰਸ ਦੀ ਇਸ ਸਰਕਾਰ ਨੇ, ਮੁੱਖ ਮੰਤਰੀ ਜੀ ਦੀ ਰਹਿਨੁਮਾਈ ਹੇਠ ਇਤਨਾ ਰਿਲੀਫ ਦਿੱਤਾ ਹੈ, ਜ਼ਿਮੀਂਦਾਰਾਂ ਨੂੰ ਜਿਹੜਾ ਕਿ ਅਜੇ ਤਕ ਕਦੇ ਵੀ ਨਹੀਂ ਦਿੱਤਾ ਗਿਆ। ਇਹ ਰਿਲੀਫ ਹੇਲ ਸਟਾਰਮ ਨਾਲ ਜਿਨ੍ਹਾਂ ਕਿਸਾਨਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਇਸ ਵਾਸਤੇ ਦਿੱਤਾ ਗਿਆ ਹੈ ਤਾਂ ਕਿ ਉਹ ਆਪਣੇ ਪੈਰਾਂ ਤੇ ਖੜ੍ਹ ਸਕਣ ਅਤੇ ਦੁਬਾਰਾ ਖੇਤੀ ਬਾੜੀ ਵਿਚ ਤਰੱਕੀ ਕਰ

Original with;
Punjab Vidhan Sabha
Digitized by;
Panjab Digital Library

ਸਕਣ । 4 ਕਰੋੜ ਰੁਪਏ ਕੰਟਿਨਜੰਸੀ ਫੰਡ ਵਿਚੋਂ ਦਿੱਤੇ ਸੀ । 4 ਕਰੋੜ ਰੁਪਏ ਹੋਰ ਭੇਜੇ ਗਏ ਹਨ । ਇਸ ਤੋਂ ਪਹਿਲਾਂ ਕਿਸੇ ਪਿੰਡ ਵਾਸਤੇ ਕੋਈ ਅਜਿਹਾ ਫੰਡ ਨਹੀਂ ਸੀ, ਜਿਸ ਵਿਚੋਂ ਉਨ੍ਹਾਂ ਨੂੰ ਇਸ ਲਈ ਰੁਪਏ ਦਿੱਤੇ ਜਾ ਸਕਦੇ । ਇਸ ਮੁਸੀਬਤ ਵਿਚੋਂ ਨਿਕਲੇ ਹੀ ਸੀ ਕਿ ਬਾਰਸ਼ਾਂ ਨਾਲ ਬਹੁਤ ਜ਼ਿਆਦਾ ਫਲੱਡਜ਼ ਆਏ ਹਨ ! ਪਿਛਲੇ ਦੋ ਸਾਲਾਂ ਵਿਚ ਐਨੀਆਂ ਬਾਰਸ਼ਾਂ ਨਹੀਂ ਹੋਈਆਂ ਜਿਨੀਆਂ ਕਿ ਇਸ ਸਾਲ ਹੋਈਆਂ ਹਨ । ਸਾਰੇ ਪੰਜਾਬ ਵਿਚ ਹੀ ਅਤੇ ਖਸੂਸਨ ਅੰਮ੍ਰਿਤਸਰ, ਫਿਰੋਜ਼ਪੁਰ ਔਰ ਗੁਰਦਾਸਪੁਰ ਜ਼ਿਲ੍ਹਿਆਂ ਵਿਚ ਜ਼ਿਆਦਾ ਬਾਰਸ਼ਾਂ ਹੋਈਆਂ ਹਨ ਅਤੇ ਉਥੇ ਜ਼ਿਆਦਾ ਨੁਕਸਾਨ ਹੋਇਆ ਹੈ । ਪੰਜਾਬ ਸਰਕਾਰ ਨੇ ਇਹ ਫੈਸਲਾ ਕੀਤਾ ਕਿ ਉਥੇ ਫੌਰੀ ਰਿਲੀਫ ਦਿੱਤਾ ਜਾਏ । ਚੀਫ ਮਨਿਸਟਰ ਸਾਹਿਬ ਦੇ ਰਿਲੀਫ ਫੰਡ ਦੀ ਵੀ ਵਰਤੋਂ ਕੀਤੀ ਗਈ । ਬਜਟ ਵਿਚ 66 ਲੱਖ ਰੁਪਏ ਪਏ ਸੀ ਉਹ ਵੀ ਫੌਰੀ ਉਥੇ ਭੇਜੇ ਗਏ । 2 ਕਰੋੜ ਰੁਪਏ ਦੀ ਇਨ੍ਹਾਂ ਡਿਮਾਂਡਜ਼ ਵਿਚ ਡਿਮਾਂਡ ਹੈ ਤਾਂ ਕਿ ਉਥੇ ਫੌਰੀ ਰਿਲੀਫ ਦਾ ਕੰਮ ਕੀਤਾ ਜਾਏ। ਇਸ ਵਾਸਤੇ ਜਿੰਨਾ ਰੁਪਿਆ ਚਾਹੀਦਾ ਹੈ ਅਗਰ ਅਸੀਂ ਆਪਣੀ ਪਲੈਨ ਜੋ ਕਿ 219 ਕਰੋੜ ਰੁਪਏ ਦੀ ਹੈ ਉਸ ਤੇ ਮੁਕੰਮਲ ਤੌਰ ਦੇ ਅਮਲ ਕਰਨਾ ਹੈ ਔਰ ਟੈਕਸ ਹੋਰ ਨਹੀਂ ਲਗਾਉਣੇ ਤਾਂ ਫਿਰ ਇਕ ਤਾਂ ਸੈਂਟਰਲ ਸਰਕਾਰ ਨੂੰ ਮੁੱਖ ਮੰਤਰੀ ਜੀ ਨੇ ਅਪੀਲ ਕੀਤੀ ਹੈ, ਇਹ ਆਪ ਵੀ ਉਥੇ ਜਾਕੇ ਮਿਲੇ ਹਨ ਕਿ ਸੈਂਟਰ ਵਲੋਂ ਸਾਡੀ ਮਦਦ ਕੀਤੀ ਜਾਏ ਕਿਉਂਕਿ ਹੇਲ ਸਟਾਰਮ ਲਈ 8 ਕਰੋੜ ਰੁਪਏ ਦੇ ਬੈਠੇ ਹਾਂ । ਬਜਟ ਵਿਚ ਇਸ ਮਦ ਲਈ ਕੋਈ ਪੈਸੇ ਨਹੀਂ ਹਨ । ਐਨੀਆਂ ਬਾਰਸ਼ਾਂ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਸੀ । ਸਾਨੂੰ ਆਸ ਹੈ ਕਿ ਸੈਂਟਰ ਤੋਂ ਕੁਝ ਮਦਦ ਮਿਲੇਗੀ । ਮੁੱਖ ਮੰਤਰੀ ਜੀ ਪ੍ਰਾਈਮ-ਮਨਿਸਟਰ ਸਾਹਿਬਾ ਨੂੰ ਵੀ ਮਿਲ ਕੇ ਆਏ ਹਨ । ਪੰਜਾਬ ਦੇ ਐਮ. ਪੀਜ਼ ਨੂੰ ਵੀ ਇਸ ਬਾਰੇ ਲਿਖ ਰਹੇ ਹਾਂ ਕਿ ਉਹ ਵੀ ਇਸ ਕੰਮ ਵਿਚ ਸਾਡੀ ਮਦਦ ਕਰਾਉਣ ।

ਦੂਸਰੇ ਕਰਾਪ ਇਨਸ਼ੋਰੈਂਸ ਸਕੀਮ ਬਾਰੇ ਸੈਂਟਰ ਨਾਲ ਡਿਸਕਸ਼ਨ ਹੋਈ ਸੀ । ਐਲ. ਆਈ. ਸੀ. ਇਸ ਬਾਰੇ ਨਹੀਂ ਮੰਨੀ । ਲੇਕਿਨ ਜੀ. ਆਈ. ਸੀ. ਵਾਲੇ ਇਸ ਨੂੰ ਮੰਨ ਜਾਣਗੇ । ਕੁਝ ਪੈਸਾ ਮਾਰਕਿਟ ਕਮੇਟੀਆਂ ਤੋਂ ਮੰਗਿਆ ਹੈ । ਕੁਝ ਥੋੜ੍ਹਾ ਜਿਹਾ ਜ਼ਿਮੀਂਦਾਰਾਂ ਤੇ ਬੋਝ ਪਵੇਗਾ, ਕੁਝ ਜੀ. ਆਈ. ਸੀ. ਵਾਲੇ ਇਸ ਚੀਜ਼ ਨੂੰ ਅਪਣਾ ਲੈਣਗੇ । ਇਹ ਦੋ ਤਿੰਨ ਕਦਮ ਉਠਾਏ ਹਨ । ਮੈਂ ਹਾਊਸ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਜਿੰਨੀ ਸ਼ਕਤੀ ਸਰਕਾਰ ਕੋਲ ਹੈ, ਜਿੰਨੇ ਪੈਸੇ ਸਰਕਾਰ ਕੋਲ ਹਨ, ਉਸ ਨਾਲ ਕੋਈ ਕਸਰ ਨਹੀਂ ਛਡੀ ਜਾਏਗੀ ਔਰ ਫਲੱਡ ਨਾਲ ਜਿਨ੍ਹਾਂ ਨੂੰ ਨੁਕਸਾਨ ਹੋਇਆ ਹੈ ਉਨ੍ਹਾਂ ਦੀ ਮਦਦ ਕੀਤੀ ਜਾਏਗੀ । (ਥੰਪਿੰਗ)

ਕਈ ਆਨਰੇਬਲ ਮੈਂਬਰਾਂ ਨੇ ਇਥੇ ਕਿਹਾ ਜਿਵੇਂ ਕਿ ਸ੍ਰੀ ਐਸ. ਐਲ. ਕਪੂਰ, ਸ੍ਰੀ ਕੇਸ਼ੋ ਰਾਮ ਗੋਇਲ, ਸ੍ਰੀ ਪ੍ਰੇਮ ਗੁਪਤਾ, ਇਨ੍ਹਾਂ ਮੈਂਬਰਾਂ ਨੇ ਕਿਹਾ ਕਿ ਸ਼ਹਿਰਾਂ ਨਾਲ ਇਸ ਮਾਮਲੇ ਵਿਚ ਵਿਤਕਰਾ ਕੀਤਾ ਗਿਆ ਹੈ । ਇਸ ਬਾਰੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਮਿਉਂਸਪਲ ਕਮੇਟੀਆਂ ਨੂੰ ਅਸੀਂ ਮੁਕੰਮਲ ਤੌਰ ਤੇ ਹਦਾਇਤਾਂ ਕਰ ਦਿੱਤੀਆਂ ਹਨ ਕਿ ਜਿਨ੍ਹਾਂ ਦੇ ਮਕਾਨ ਡਿਗੇ ਹਨ ਉਨ੍ਹਾਂ ਨੂੰ ਰਿਲੀਫ ਦਿੱਤੀ ਜਾਏ । ਪੱਕੇ ਮਕਾਨਾਂ ਵਾਲਿਆਂ ਨੂੰ ਪ੍ਰਤੀ ਮਕਾਨ 100/- ਔਰ ਕੱਚੇ ਮਕਾਨ ਵਾਲਿਆਂ ਨੂੰ 50/- ਦੀ ਮਦਦ ਦਿੱਤੀ ਜਾਏਗੀ । ਸਰਕਾਰ ਨੇ ਉਨ੍ਹਾਂ ਨੂੰ ਕਿਹਾ ਹੈ ਕਿ ਜਿੰਨਾ ਰੁਪਿਆ ਇਸ ਕੰਮ ਤੇ ਖਰਚ ਕਰਨਾ ਹੈ, ਉਸਦਾ 10% ਅਸੀਂ ਦਿਆਂਗੇ । ਇਕ ਕਮੇਟੀ ਵੀ ਬਣਾਈ ਹੈ ਅਤੇ ਕੁਝ ਹੋਰ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਪੈਸੇ ਵੀ ਦਿੱਤੇ ਜਾਣਗੇ । ਸਮੁਚੇ ਤੌਰ ਤੇ ਚਾਹੇ ਪਿੰਡ ਹੋਣ ਜਾਂ ਸ਼ਹਿਰ ਹੋਣ ਉਨ੍ਹਾਂ ਨੂੰ ਮਕਾਨਾਂ ਬਾਰੇ, ਚਾਰੇ ਬਾਰੇ ਜਿੰਨੀਆਂ ਵੀ ਫ਼ੈਸਿਲਟੀਜ਼ ਦਿੱਤੀਆਂ ਜਾ ਸਕਦੀਆਂ ਸਨ, ਉਹ ਦੇ ਰਹੇ ਹਾਂ ।

ਸਪੀਕਰ ਸਾਹਿਬ, ਜਿਹੜੀਆਂ ਦੂਜੀਆਂ ਡਿਮਾਂਡਜ਼ ਹਨ ਉਹ ਮੇਨਲੀ 25 ਪੁਆਇੰਟ ਪ੍ਰੋਗਰਾਮ ਨਾਲ ਸਬੰਧਤ ਹਨ (ਵਿਘਨ) ਜੋ ਕਿ ਸਾਡੇ ਪ੍ਰਾਈਮ-ਮਨਿਸਟਰ ਸਾਹਿਬਾ ਅੌਰ ਸ਼੍ਰੀ ਸੰਜੇ ਗਾਂਧੀ ਜੀ ਦੇ ਹਨ । ਮੁੱਖ ਮੰਤਰੀ ਜੀ ਨੇ ਜਿਸ ਤਰ੍ਹਾਂ ਕਿਹਾ ਸੀ ਅਸੀਂ ਡੇਢ ਕਰੋੜ ਦਰਖਤ ਲਗਾਵਾਂਗੇ । ਉਸਦੇ ਵਾਸਤੇ 36 ਲੱਖ ਰੁਪਏ ਇਸ ਵਿਚ ਰਖੇ ਗਏ ਹਨ । ਕਨਜ਼ਿਊਮਰ ਕੋਆਪ੍ਰੇਟਿਵ ਸਟੋਰਜ਼ ਲਈ ਪੈਸੇ ਦੇਣ ਵਾਸਤੇ, ਜਿਸ ਨਾਲ ਕਿ ਅਸੈਂਸ਼ਿਅਲ ਕਮੋਡਿਟੀਜ਼ ਗਰੀਬਾਂ ਨੂੰ ਠੀਕ ਮੁਲ ਤੇ ਮਿਲਦੀਆਂ ਰਹਿਣ, ਵੀ ਕੁਝ ਪੈਸੇ ਰਖੇ ਗਏ ਹਨ । ਹਾਊਸਿੰਗ ਬੋਰਡ ਲਈ 25 ਲੱਖ ਰੁਪਏ ਰਖੇ ਗਏ ਹਨ । ਹਾਊਸਿੰਗ ਬੋਰਡ ਨੂੰ ਮਜ਼ਬੂਤ ਬਣਾਉਣਾ ਹੈ । ਬਾਕੀ ਬੈਂਕਾਂ ਤੋਂ ਲੋਨਜ਼ ਲਿੱਤੇ ਜਾਣ ਤਾਂ ਕਿ ਵੀਕਰ ਸੈਕਸ਼ਨਜ਼ ਲਈ ਮਕਾਨ ਬਣਾਏ ਜਾ ਸਕਣ । ਹਾਊਸਿੰਗ ਬੋਰਡ ਕੋਲ ਪਹਿਲਾਂ ਕੋਈ ਸਰਮਾਇਆ ਨਹੀਂ ਸੀ । ਉਨ੍ਹਾਂ ਦਾ ਸਰਮਾਇਆ ਖੜਾ ਕਰ ਦਿਆਂਗੇ । ਹੁਡਕੋ ਤੋਂ ਲੋਨ ਲੈਕੇ, ਬੈਂਕਾਂ ਤੋਂ ਲੋਨਜ਼ ਲੈਕੇ ਵੀਕਰ ਸੈਕਸ਼ਨਜ਼ ਲਈ ਮਕਾਨ ਬਣਾਏ ਜਾਣਗੇ । ਪ੍ਰਧਾਨ ਮੰਤਰੀ ਜੀ ਦੇ ਪ੍ਰੋਗਰਾਮ ਅਧੀਨ ਗਰੀਬ ਲੋਕਾਂ ਦੀ ਮਦਦ ਕਰਨ ਲਈ ਜਿਹੜੇ ਕਿ ਬੈਕਵਰਡ ਏਰੀਆ, ਫਾਰ ਫਲੰਗ ਏਰੀਆ ਵਿਚ ਟਰਾਂਸਪੋਰਟ ਚਾਰਜਿਜ਼ ਕਰਕੇ ਸ਼ੂਗਰ ਮਹਿੰਗੀ ਮਿਲਦੀ ਸੀ, ਉਸਦੇ ਲਈ ਵੀ ਇਸ ਵਿਚ ਪ੍ਰਬੰਧ ਕੀਤਾ ਗਿਆ ਹੈ । ਉਸਨੂੰ ਸਬਸਿਡਾਈਜ਼ ਕਰਕੇ ਸ਼ੂਗਰ ਇਕੋ ਰੇਟ ਤੇ ਦੂਰ ਦਰਾਜ਼ ਇਲਾਕਿਆਂ ਵਿਚ, ਬੈਕਵਰਡ ਏਰੀਆ ਵਿਚ ਹੁਣ ਮਿਲ ਸਕਿਆ ਕਰੇਗੀ ।

ਇੰਟੇਗਰੇਟਿਡ ਟਾਊਨ ਪ੍ਰੋਗਰਾਮ ਬਾਰੇ ਜੋ ਬੇਸਿਕ ਫੈਸਿਲਟੀਜ਼ ਚਾਹੀਦੀਆਂ ਹਨ, ਜਿਸ ਬਾਰੇ ਕਿ ਸਰਦਾਰ ਬੇਅੰਤ ਸਿੰਘ ਜੀ ਨੇ ਜ਼ਿਕਰ ਕੀਤਾ ਸੀ, ਲੁਧਿਆਣੇ ਦੀ ਡਿਵੈਲਪਮੈਂਟ ਲਈ ਜਿੰਨਾ ਪੈਸਾ ਹਿੰਦ ਸਰਕਾਰ ਨੇ ਸਾਨੂੰ ਦੇਣਾ ਹੈ, ਉਨ੍ਹਾਂ ਪੈਸਾ ਹੀ ਸਾਨੂੰ ਦੇਣਾ ਪੈਣਾ ਹੈ ।

ਇਹ 12,34,36,000/— ਰੁਪਏ ਵਿਚੋਂ ਗੌਰਮਿੰਟ ਆਫ ਇੰਡੀਆ ਤੋਂ ਰੁਪਏ ਮਿਲਕੇ ਸਾਡੇ 10,97,67,000/— ਰੁਪਏ ਰਹਿ ਜਾਣਗੇ ਜਿਸ ਦਾ ਕਿ ਪੰਜਾਬ ਸਰਕਾਰ ਤੇ ਬੋਝ ਪਏਗਾ । ਮੈਂ ਸਮਝਦਾ ਹਾਂ ਕਿ ਇਨ੍ਹਾਂ ਤੋਂ ਇਲਾਵਾ ਵੀ ਰੈਸਟੋਰੇਸ਼ਨ ਆਫ ਦੀ ਇੰਪਾਰਟੈਂਸ ਆਫ ਹਿਸਟਾਰੀਕਲ ਪਲੇਸਿਜ਼ ਵਾਸਤੇ ਵੀ ਅਸੀਂ ਰੁਪਿਆ ਰਖਿਆ ਹੈ । ਹਿਸਟਾਰੀਕਲ ਜਿੰਨੀਆਂ ਜਗ੍ਹਾ ਹਨ ਉਨ੍ਹਾਂ ਦੀ ਇੰਪਾਰਟੈਂਸ ਨੂੰ ਰੈਸਟੋਰ ਕਰਨ ਵਾਸਤੇ ਰੁਪਿਆ ਰਖਿਆ ਹੈ । ਜਿਵੇਂ ਕਿ ਰਾਮ ਤੀਰਥ ਮੰਦਰ ਦੇ ਇਰਦ-ਗਿਰਦ ਦੀ ਡਿਵੈਲਪਮੈਂਟ ਕਰਨੀ ਹੈ, ਗੁਰੂ ਤੇਗ ਬਹਾਦਰ, ਭਾਈ ਮਤੀ ਦਾਸ, ਬਾਬਾ ਜੀਵਨ ਸਿੰਘ, ਇਨ੍ਹਾਂ ਦੀਆਂ ਯਾਦਗਾਰਾਂ ਬਣਾਉਣ ਵਾਸਤੇ, ਮੈਮੋਰੀਅਲ ਬਣਾਉਣ ਵਾਸਤੇ ਪੈਸੇ ਰਖੇ ਗਏ ਹਨ । ਮੁੱਖ ਮੰਤਰੀ ਜੀ ਨੇ ਸ਼ਹੀਦ ਊਧਮ ਸਿੰਘ ਦਾ ਬੁੱਤ ਲਗਾਉਣ ਵਾਸਤੇ ਅੰਮ੍ਰਿਤਸਰ ਵਿਖੇ ਕਿਹਾ ਸੀ, ਉਸਦਾ ਵੀ ਪਰਬੰਧ ਕਰਾਂਗੇ । ਲਾਲਾ ਲਾਜਪਤ ਰਾਏ ਜੀ ਦਾ ਜਗਰਾਉਂ ਮਕਾਨ ਸੀ ਉਹ ਪੰਜਾਬ ਸਰਕਾਰ ਨੇ ਖਰੀਦ ਲਿਆ ਹੈ । (ਥੰਪਿੰਗ) ਉਸਦੇ ਵਾਸਤੇ ਵੀ ਪੈਸੇ ਰਖੇ

Original with;
Punjab Vidhan Sabha
Digitized by;
Panjab Digital Library

ਗਏ ਹਨ । ਕਲਚਰਲ, ਹਿਸਟਾਰੀਕਲ ਵੈਲੀਉ ਦੀਆਂ ਜਿੰਨੀਆਂ ਜਗ੍ਹਾ ਹਨ ਉਨ੍ਹਾਂ ਨੂੰ ਰੈਸਟੋਰ ਕਰਨ ਵਾਸਤੇ, ਪ੍ਰਾਈਮ-ਮਨਿਸਟਰ ਔਰ ਸੰਜੇ ਗਾਂਧੀ ਜੀ ਦੇ ਪ੍ਰੋਗਰਾਮ ਵਾਸਤੇ, ਸਭ ਤੋਂ ਜ਼ਿਆਦਾ ਫਲੱਡ ਵਾਸਤੇ, ਸ਼ਹਿਰ ਹੋਣ ਜਾਂ ਪਿੰਡ ਹੋਣ, ਹੇਲ ਸਟਾਰਮ ਲਈ, ਇਹ ਮੇਨ ਮੰਗਾਂ ਹਨ ਜਿਨ੍ਹਾਂ ਬਾਰੇ ਰੁਪਿਆ ਮੰਗਿਆ ਗਿਆ ਹੈ ।

ਇਕ ਸ੍ਰੀ ਸਰਦਾਰੀ ਲਾਲ ਕਪੂਰ ਨੇ ਸ਼ੂਗਰ ਮਿੱਲਾਂ ਬਾਰੇ ਜ਼ਿਕਰ ਕੀਤਾ ਸੀ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਚਾਰ ਕੋਆਪ੍ਰੇਟਿਵ ਸ਼ੂਗਰ ਮਿੱਲਾਂ ਹਨ ਜਿਨ੍ਹਾਂ ਸ਼ੂਗਰ ਮਿੱਲਾਂ ਨੇ ਸੈਸ ਨਹੀਂ ਦਿੱਤਾ ਸੀ । ਉਹ ਉਸ ਸਾਲ ਘਾਟੇ ਵਿਚ ਸਨ । ਕੈਬਨਿਟ ਨੇ ਫੈਸਲਾ ਕੀਤਾ ਕਿ ਕਿਉਂਕਿ ਉਹ ਮਿੱਲਾਂ ਸੈਸ ਨਹੀਂ ਦੇ ਸਕੀਆਂ ਇਸ ਲਈ ਜਿਹੜੀ ਇਕ ਮਿਲ ਬਾਕੀ ਬਚ ਗਈ ਸੀ ਉਸ ਦੇ ਨਾਲ ਵਿਤਕਰਾ ਨਾ ਕੀਤਾ ਜਾਏ । ਜੇ ਮੁਆਫੀ ਦੇਣੀ ਹੈ ਤਾਂ ਸਾਰੀਆਂ ਮਿਲਾਂ ਨੂੰ ਦਿੱਤੀ ਜਾਏ ।

ਸਪੀਕਰ ਸਾਹਿਬ, ਜਿਥੋਂ ਤਕ ਗੰਨੇ ਦੇ ਰੇਟ ਦਾ ਸਵਾਲ ਹੈ ਉਸ ਦੇ ਲਈ ਐਗਰੀਕਲਚਰ ਡਿਪਾਰਟਮੈਂਟ ਲਗਾ ਹੋਇਆ ਹੈ ਕਿ ਜੋ ਗੰਨੇ ਦੇ ਰੇਟ ਮੁਕੱਰਰ ਹੋਏ ਸੀ ਉਹ ਰੇਟ ਹੀ ਜ਼ਿਮੀਂਦਾਰ ਨੂੰ ਦਿਵਾਇਆ ਜਾਵੇ । ਅਗਰ ਕਨਸੈਸ਼ਨ ਉਨ੍ਹਾਂ ਨੂੰ ਅਸੀਂ ਦੇ ਰਹੇ ਹਾਂ ਤਾਂ ਕੋਈ ਵਜ੍ਹਾ ਨਹੀਂ ਕਿ ਜੋ ਸਰਕਾਰ ਨੇ ਰੇਟ ਮੁਕੱਰਰ ਕੀਤਾ ਹੈ ਮਿੱਲ ਵਾਲੇ ਜ਼ਿਮੀਂਦਾਰ ਨੂੰ ਗੰਨੇ ਦਾ ਰੇਟ ਉਹ ਨਾ ਦੇਣ ਅਤੇ ਉਸ ਨੂੰ ਉਹ ਰੇਟ ਘੱਟ ਮਿਲੇ । ਚਾਹੇ ਮਿਲ ਧੂਰੀ ਦੀ ਹੈ ਜਾਂ ਫਗਵਾੜੇ ਦੀ ਹੈ ਜਾਂ ਕੋਈ ਹੋਰ ਹੈ ਉਸ ਦੇ ਲਈ ਐਗਰੀਕਲਚਰ ਦਾ ਮਹਿਕਮਾ ਯਤਨ ਕਰ ਰਿਹਾ ਹੈ।

ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਜੀ ਨੂੰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਜੀ ਨੇ ਇਕ ਮੀਟਿੰਗ ਬੁਲਾਈ ਸੀ, ਜਿਸ ਦੇ ਵਿਚ 52 ਕਰੋੜ ਰੁਪਿਆ ਫਲੱਡ ਪ੍ਰੋਟੈਕਸ਼ਨ ਮਯੀਅਰ ਤੇ ਖਰਚ ਕੀਤਾ ਗਿਆ ਸੀ ਤੇ ਉਸ ਦੇ ਬਾਰੇ ਨਿਰਣਾ ਕੀਤਾ ਹੈ । ਇਸ ਤੇ ਵਿਚਾਰ ਕਰਨ ਲਈ ਇਕ ਕਮੇਟੀ ਵੀ ਗੌਰਮਿੰਟ ਨੇ ਬਣਾਈ ਹੈ । ਇਕ ਗਲ, ਸਪੀਕਰ ਸਾਹਿਬ, ਮੈਨੂੰ ਹਾਊਸ ਨੂੰ ਦਸ ਕੇ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਅਸੀਂ ਦਰਿਆਵਾਂ ਤੇ ਜਿੰਨਾ ਕੰਮ ਕੀਤਾ ਸੀ ਉਸ ਦੇ ਨਾਲ ਦਰਿਆਵਾਂ ਦੇ ਰਾਹੀਂ ਐਤਕੀ ਨੁਕਸਾਨ ਘੱਟ ਹੋਇਆ ਹੈ । ਜਿਹੜੀਆਂ ਪੁਰਾਣੀਆਂ ਡਰੇਨਾਂ ਸੀ ਅਤੇ ਜਿਨ੍ਹਾਂ ਨੂੰ ਬਣਿਆਂ 10—10 ਸਾਲ ਹੋ ਗਏ ਸਨ, ਜਿਹੜੀਆਂ ਡਿਪਟੀ ਕਮਿਸ਼ਨਰ ਨੇ ਲੋਕਾਂ ਦੀ ਸੈਲਫ ਹੈਲਪ ਨਾਲ ਪੁਟਵਾਈਆਂ ਸਨ ਉਨ੍ਹਾਂ ਦੀ ਸਫਾਈ ਦੀ ਜ਼ਰੂਰਤ ਸੀ । ਉਨ੍ਹਾਂ ਦੇ ਨਾਲ ਨੁਕਸਾਨ ਹੋਇਆ ਹੈ । ਡਿਪਟੀ ਕਮਿਸ਼ਨਰਜ਼ ਨੂੰ ਕਿਹਾ ਗਿਆ ਹੈ ਕਿ ਲੋਕਾਂ ਦੀ ਸੈਲਫ ਹੈਲਪ ਨਾਲ ਉਹ ਡਰੇਨਜ਼ ਸਾਫ ਕਰਵਾਈਆਂ ਜਾਣ । ਦੂਸਰੀਆਂ ਜਿਹੜੀਆਂ ਸਟੈਚੂਟਰੀ ਡਰੇਨਜ਼ ਸਨ ਉਨਾਂ ਨੂੰ ਵੀ ਸਾਫ ਕਰਨ ਦਾ ਇੰਤਜ਼ਾਮ ਕੀਤਾ ਜਾਵੇਗਾ । ਅਸੀਂ ਆਪਣਾ ਸਾਰਾ ਧਿਆਨ ਦਰਿਆਵਾਂ ਵਲ ਦਿਤਾ ਹੈ ਔਰ ਜਿਥੇ ਜਿਥੇ ਦਰਿਆਵਾਂ ਨੂੰ ਅਸੀਂ ਬੰਨਿਆ ਹੈ ਉਥੇ ਉਥੇ ਨੁਕਸਾਨ ਬਹੁਤ ਘੱਟ ਹੋਇਆ ਹੈ । ਡਰੇਨਜ ਵਲ ਸਾਡਾ ਪੂਰਾ ਧਿਆਨ ਨਹੀਂ ਗਿਆ ਸੀ ਔਰ ਹੁਣ ਉਸ ਵਲ ਵੀ ਧਿਆਨ ਦੇਣਾ ਪਵੇਗਾ । ਬਾਕੀ ਚੌਧਰੀ ਬਲਰਾਮ ਜੀ ਨੇ ਵੀ ਕੁਝ ਕਿਹਾ ਹੈ ਅਤੇ ਕੱਲ ਵੀ ਉਹ ਫਲੱਡ ਸਿਚੂਏਸ਼ਨ ਦੇ ਬਾਰੇ ਦਸਣਗੇ ।

ਸਪੀਕਰ ਸਾਹਿਬ, ਇਥੇ ਸਰਦਾਰ ਹਰਚਰਨ ਸਿੰਘ (ਅਜਨਾਲਾ) ਜੀ ਨੇ ਵੀ ਕੁਝ ਕਿਹਾ ਸੀ ਅਤੇ ਇਹ ਬਿਲਕੁਲ ਠੀਕ ਹੈ ਕਿ ਨੁਕਸਾਨ ਅਜਨਾਲੇ ਵੀ ਬਹੁਤ ਹੋਇਆ ਹੈ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]
ਮੈਂ ਸਮਝਦਾ ਹਾਂ ਕਿ ਜੋ ਸੁਜੈਸ਼ਨਜ਼ ਉਨ੍ਹਾਂ ਨੇ ਦਿਤੇ ਹਨ ਉਨ੍ਹਾਂ ਤੇ ਅਸੀਂ ਜ਼ਰੂਰ ਵਿਚਾਰ ਕਰਾਂਗੇ। ਜਿਤਨਾ ਪੈਸਾ ਅਸੀਂ ਸਪੇਅਰ ਕਰ ਸਕਦੇ ਹਾਂ ਕਿਉਂਕਿ ਸੈਂਟਰ ਤੋਂ ਵੀ ਰੁਪਿਆ ਲੈਣਾ ਹੈ ਅਤੇ ਦੂਸਰਿਆਂ ਤੋਂ ਵੀ ਲੈਣਾ ਹੈ ਉਹ ਅਸੀਂ ਕੋਸ਼ਿਸ਼ ਕਰਾਂਗੇ ਕਿ ਪੈਸਾ ਹਾਸਲ ਕਰੀਏ ਤਾਂਕਿ ਗਰੀਬ ਲੋਕਾਂ ਦੀ ਤਕਲੀਫ ਜ਼ਰੂਰ ਦੂਰ ਕੀਤੀ ਜਾਵੇ। ਇਕ ਗੱਲ ਮੈਂ ਜ਼ਰੂਰ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਚੀਫ਼ ਮਨਿਸਟਰ ਸਾਹਿਬ ਦੇ ਰਿਲੀਫ ਫੰਡ, ਸਾਡੇ ਆਪਣੇ ਰੁਪਏ ਜਾਂ ਸੈਂਟਰ ਦੇ ਰੁਪਏ ਦੇ ਨਾਲ ਜੇ ਅਸੀਂ ਕਹੀਏ ਕਿ ਖੁਦਾਈ ਆਫਤ ਦਾ ਮੁਕਾਬਲਾ ਕਰ ਲਵਾਂਗੇ ਤਾਂ ਇਹ ਗਲਤ ਹੈ। ਖੁਦਾਈ ਆਫਤ ਦਾ ਮੁਕਾਬਲਾ ਕੋਈ ਸਰਕਾਰ ਨਹੀਂ ਕਰ ਸਕਦੀ। ਲੋਕਾਂ ਨੂੰ ਵੀ ਅਸੀਂ ਇਸ ਚੀਜ਼ ਲਈ ਤਿਆਰ ਕਰਨਾ ਹੈ ਕਿ ਇਤਨਾ ਪੈਸਾ ਅਸੀਂ ਨਹੀਂ ਦੇ ਸਕਦੇ। ਰਿਲੀਫ਼ ਦੇਣਾ ਸਾਡਾ ਫਰਜ਼ ਹੈ ਔਰ ਅਸੀਂ ਵੱਧ ਤੋਂ ਵੱਧ ਰਿਲੀਫ਼ ਦਿੰਦੇ ਰਹਾਂਗੇ ਤਾਂ ਕਿ ਜਿਹੜੇ ਗਰੀਬ ਆਦਮੀਆਂ ਦੇ ਮਕਾਨ ਵਗੈਰਾ ਗਿਰ ਗਏ ਹਨ ਉਨ੍ਹਾਂ ਦੇ ਲਈ ਪ੍ਰਬੰਧ ਕੀਤਾ ਜਾਵੇ।

ਇਨ੍ਹਾਂ ਸ਼ਬਦਾਂ ਨਾਲ ਮੈਂ ਸਮਝਦਾ ਹਾਂ ਕਿ ਮੈਂਬਰ ਸਾਹਿਬਾਨ ਇਨ੍ਹਾਂ ਡਿਮਾਂਡਜ਼ ਨੂੰ ਪਾਸ ਕਰਨਗੇ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ਪੁਆਇੰਟ ਆਫ ਇਨਫ਼ਰਮੇਸ਼ਨ, ਸਰ। ਸਪੀਕਰ ਸਾਹਿਬ, ਮੈਂ ਸਰਕਾਰ ਅਗੇ ਬੇਨਤੀ ਕਰਾਂਗਾ ਕਿ ਖੇਮਕਰਨ ਦਾ ਸ਼ਹਿਰ ਅੱਧਾ ਢਹਿ ਗਿਆ ਹੈ ਅਤੇ ਮਿਉਂਸਪਲ ਕਮੇਟੀ ਉਥੇ ਅਗੇ ਹੀ ਦਿਵਾਲੀਆ ਹੈ, ਸਰਕਾਰ ਨੂੰ ਜਿਹੜੇ ਇਸ ਤਰ੍ਹਾਂ ਦੇ ਸ਼ਹਿਰ ਗਿਰੇ ਹਨ ਉਨ੍ਹਾਂ ਨੂੰ ਮਦਦ ਦੇਣੀ ਚਾਹੀਦੀ ਹੈ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਕਾਮਰੇਡ ਜੀ ਨੇ ਜੋ ਕਿਹਾ ਹੈ ਉਸ ਦੇ ਲਈ ਅਰਜ਼ ਹੈ ਕਿ ਸ਼ਹਿਰਾਂ ਨੂੰ ਬਕਾਇਦਾ ਤੌਰ ਤੇ ਮੱਦਦ ਦਿੰਦੇ ਹਾਂ। 3 ਜ਼ਿਲ੍ਹਿਆਂ ਵਿਚ ਅਸੀਂ ਮਿਉਂਸਪਲ ਕਮੇਟੀਆਂ ਨੂੰ ਲਿਖ ਦਿਤਾ ਹੈ ਅਤੇ ਬਾਕੀ ਜ਼ਿਲ੍ਹਿਆਂ ਵਿਚ ਵੀ ਲਿਖ ਦੇਵਾਂਗੇ। ਬਾਰਡਰ ਦੇ ਇਲਾਕਿਆਂ ਵਿਚ ਮਿਉਂਸਪਲ ਕਮੇਟੀਆਂ ਦੀ ਹਾਲਤ ਵੀ ਕੋਈ ਚੰਗੀ ਨਹੀਂ ਹੈ, ਇਸ ਲਈ ਸਰਕਾਰ ਵਲੋਂ ਅਸੀਂ ਮਦਦ ਕਰਾਂਗੇ ਤਾਂਕਿ ਗਰੀਬਾਂ ਦੇ ਮਕਾਨ ਜਿਹੜੇ ਕਚੇ ਜਾਂ ਪੱਕੇ ਗਿਰ ਗਏ ਹਨ ਉਨ੍ਹਾਂ ਨੂੰ ਰਾਹਤ ਮਿਲ ਸਕੇ ਔਰ ਉਨ੍ਹਾਂ ਦੀ ਮੁਸੀਬਤ ਵਿਚ ਅਸੀਂ ਸ਼ਾਮਲ ਹੋ ਸਕੀਏ।

**ਸ੍ਰੀ ਪਰਤਾਪ ਚੰਦ ਭੰਡਾਰੀ** : ਪੁਆਇੰਟ ਆਫ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਥੇ ਸੈਂਟਰ ਦੀ ਸਕੀਮ ਹੈ ਕਿ 75% ਰੁਪਿਆ ਗਰੀਬ ਆਦਮੀਆਂ ਨੂੰ ਪਲਾਟ ਦੇਣ ਵਾਸਤੇ ਅਸੀਂ ਦਿੰਦੇ ਹਾਂ ਤਾਂ ਮੈਂ ਸਮਝਦਾ ਹਾਂ ਕਿ ਇਸ ਸਕੀਮ ਦੇ ਥੱਲੇ 2 ਕਰੋੜ ਰੁਪਿਆ ਸਰਕਾਰ ਵਲੋਂ ਰਖ ਦਿਤਾ ਜਾਵੇ ਤਾਂ 6 ਕਰੋੜ ਰੁਪਿਆ ਸੈਂਟਰ ਤੋਂ ਆ ਜਾਵੇਗਾ। (ਵਿਘਨ) ਸ਼ਹਿਰਾਂ ਲਈ 100 ਰੁਪਿਆ ਨਾਕਾਫੀ ਹੈ....(ਵਿਘਨ)

**ਸ੍ਰੀ ਸਪੀਕਰ** : ਸਿਰਫ ਇਨਫਰਮੇਸ਼ਨ ਹੀ ਲਓ, ਸਪੀਚ ਨਾ ਕਰੋ।

**ਵਿੱਤ ਮੰਤਰੀ** : ਸਰ, ਇਹ ਚੀਜ਼ ਤਾਂ ਕੱਲ ਨੂੰ ਕਹੀ ਜਾ ਸਕਦੀ ਹੈ। (ਵਿਘਨ)

Original with;
Punjab Vidhan Sabha
Digitized by;
Panjab Digital Library

**ਸ੍ਰੀ ਵਿਸ਼ਵਾ ਮਿੱਤਰ ਸੇਖੜੀ :** ਪੁਆਇੰਟ ਆਫ਼ ਇਨਫਰਮੇਸ਼ਨ, ਸਰ । ਸਪੀਕਰ ਸਾਹਿਬ, ਬਟਾਲਾ ਦੇ ਨਾਲ ਰਿਫ਼ਿਊਜੀ ਕੈਂਪ ਸੀ ਔਰ ਉਥੇ 100 ਪਰਸੈਂਟ ਹਰੀਜਨਾਂ ਦੀ ਆਬਾਦੀ ਹੈ । ਉਹ ਏਰੀਆ ਹੁਣ ਮਿਉਂਸਪਲ ਕਮੇਟੀ ਦੇ ਏਰੀਏ ਵਿਚ ਆ ਗਿਆ ਹੈ । ਉਥੇ ਸਾਰੇ ਕਚੇ ਮਕਾਨ ਹਨ, ਉਥੇ ਦੀ ਹਾਲਤ ਬਹੁਤ ਖਰਾਬ ਹੈ । (ਵਿਘਨ) 1,00 ਰੁਪਏ ਨਾਲ ਕੋਈ ਗਲ ਨਹੀਂ ਬਣਦੀ । ਉਨ੍ਹਾਂ ਨੂੰ ਕਿਧਰੇ ਹੋਰ ਜਗ੍ਹਾ ਹੀ ਦੇ ਦਿਤੀ ਜਾਵੇ । (ਵਿਘਨ)

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਇਨਫਰਮੇਸ਼ਨ ਨਹੀਂ ਹੈ ।

**ਸ੍ਰੀ ਸਰਦਾਰੀ ਲਾਲ ਕਪੂਰ :** ਸਪੀਕਰ ਸਾਹਿਬ, ਡਿਮਾਂਡ ਨੰਬਰ 25 ਤੇ ਬੋਲਦਿਆਂ ਮੈਂ ਕਿਹਾ ਸੀ ਕਿ ਇਕ ਆਦਮੀ ਵਿਚਾਰੇ ਦੀ ਬਾਂਹ ਕੱਟੀ ਗਈ ਸੀ ਉਸ ਨੂੰ 6000 ਰੁਪਿਆ ਦੋ ਸਾਲ ਬਾਅਦ ਮਿਲਿਆ ਹੈ । ਇਸ ਦੇ ਮੁਤੱਲਕ ਦਸ ਦੇਣ ਕਿ ਇਤਨੀ ਦੇਰ ਕਿਉਂ ਲਗੀ ਹੈ ?

**ਵਿੱਤ ਮੰਤਰੀ :** ਮੇਰਾ ਖਿਆਲ ਹੈ ਕਿ ਇਸ ਤਰ੍ਹਾਂ ਦੀ ਵੀ ਇਕ ਡਿਮਾਂਡ ਹੈ ਪਰ ਅਸੀਂ ਤਾਂ, ਸਪੀਕਰ ਸਾਹਿਬ, 6000 ਰੁਪਿਆ ਕੰਪੈਨਸੇਸ਼ਨ ਐਕਟ ਦੇ ਥਲੇ ਉਸ ਨੂੰ ਦਿਵਾਇਆ ਹੈ । ਇਸ ਦੇ ਲਈ ਕੋਰਟ ਵਗੈਰਾ ਵਿਚ ਜਾਣਾ ਪੈਂਦਾ ਹੈ । ਉਹ ਰੁਪਿਆ ਤਾਂ ਸਰਕਾਰ ਨੇ ਮਗਰ ਲਗ ਕੇ ਉਸ ਨੂੰ ਦਿਵਾਇਆ ਹੈ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਪੁਆਇੰਟ ਆਫ ਇਨਫਰਮੇਸ਼ਨ, ਸਰ । ਸਪੀਕਰ ਸਾਹਿਬ, ਜਿਹੜਾ ਫਸਲਾਂ ਦਾ ਨੁਕਸਾਨ ਹੋਇਆ ਹੈ ਕੀ ਉਸ ਦੇ ਲਈ ਵੀ ਸਰਕਾਰ ਨੇ ਕੋਈ ਮੁਆਵਜ਼ਾ ਦੇਣ ਦਾ ਨਿਰਣਾ ਕੀਤਾ ਹੈ ?

**ਵਿੱਤ ਮੰਤਰੀ :** ਸਪੀਕਰ ਸਾਹਿਬ, ਇਸ ਦੇ ਬਾਰੇ ਮੈਂ ਜਵਾਬ ਦੇ ਚੁਕਾ ਹਾਂ । ਜਿੰਨੇ ਸਾਡੇ ਕੋਲ ਸਾਧਨ ਹਨ, ਜਿੰਨਾ ਪੈਸਾ ਅਸੀਂ ਸਪੇਅਰ ਕਰ ਸਕਦੇ ਹਾਂ ਉਹ ਅਸੀਂ ਲੋਕਾਂ ਨੂੰ ਜ਼ਰੂਰ ਦੇਵਾਂਗੇ । ਜੋ ਪਲੈਨ ਇਸ ਹਾਊਸ ਨੇ ਬਣਾਇਆ ਹੈ, ਉਸ ਪਲੈਨ ਨੂੰ ਅਸੀਂ ਘੱਟ ਨਹੀਂ ਕਰਨਾ ਚਾਹੁੰਦੇ ਔਰ ਕੋਈ ਨਵਾਂ ਟੈਕਸ ਨਹੀਂ ਲਾਉਣਾ ਚਾਹੁੰਦੇ । ਸੈਂਟਰ ਦੀ ਸਰਕਾਰ ਤੋਂ ਅਤੇ ਕ੍ਰਾਪਸ ਇਨਸ਼ੋਰੇਂਸ ਨਾਲ ਜਿਤਨਾ ਪੈਸਾ ਅਸੀਂ ਕਰ ਸਕਦੇ ਹਾਂ ਉਹ ਅਸੀ ਇਨ੍ਹਾਂ ਨੂੰ ਦੇਵਾਂਗੇ ।

## Demand No. 1

**Mr. Speaker :** Question is—

That a Supplementary sum not exceeding Rs. 2,46,000 be granted to the Governor to defray the charges that will come in course of payment for the year ending 31st March, 1977, in respect of State Legislature.

*The Motion was carried.*

## Demand No. 5

**Mr. Speaker :** Question is—

That a Supplementary sum not exceeding Rs. 10,00,00,000 be granted to the Governor to defray the charges that will come in course of payment for the year ending 31st March, 1977, in respect of Revenue.

*The motion was carried.*

Original with;
Punjab Vidhan Sabha
Digitized by;
Panjab Digital Library

## Demand No. 8

**Mr. Speaker :** Question is—

That a Supplementary sum not exceeding Rs. 4,00,000 be granted to the Governor to defray the charges that will come in course of payment for the year ending 31st March, 1977 in respect of Civil Secretariat.

*The motion was carried.*

## Demand No. 9

**Mr. Speaker :** Question is—

That a Supplementary sum not exceeding Rs. 17,000 be granted to the Governor to defray the charges that will come in course of payment for the year ending 31st March, 1977, in respect of District Administration.

*The motion was carried.*

## Demand No. 13

**Mr. Speaker :** Question is—

That a Supplementary sum not exceeding Rs. 13,22,000 be granted to the Governor to defray the charges that will come in course of payment for the year ending 31st March, 1977, in respect of Miscellaneous Services.

*The motion was carried.*

## Demand No. 18

**Mr. Speaker :** Question is—

That a Supplementary sum not exceeding Rs. 25,00,000 be granted to the Governor to defray the charges that will come in course of payment for the year ending 31st March, 1977, in respect of Housing and Urban Development.

*The motion was carried.*

## Demand No. 19

**Mr. Speaker:** Question is—

That a Supplementary sum not exceeding Rs. 7,09,000 be granted to the Governor to defray the charges that will come in course of payment for the year ending 31st March, 1977 in respect of Information and Publicity.

*The motion was carried.*

## Demand No. 20

**Mr. Speaker :** Question is—

That a Supplementary sum not exceeding Rs. 3,00,000 be granted to the Governor to defray the charges that will come in course of payment for the year ending 31st March, 1977, in respect of Tourism and Cultural Affairs.

*The motion was carried.*

Original with;
Punjab Vidhan Sabha
Digitized by;
Panjab Digital Library

**Demand No. 22**

**Mr. Speaker:** Question is—

That a Supplementary sum not exceeding Rs. 10,000 be granted to the Governor to defray the charges that will come in course of payment for the year ending 31st March, 1977, in respect of Social Security and Welfare.

*The motion was carried.*

**Demand No. 24**

**Mr. Speaker:** Question is—

That a Supplementary sum not exceeding Rs. 6,30,000 be granted to the Governor to defray the charges that will come in course of payment for the year ending 31st March, 1977, in respect of Co-operation.

*The motion was carried.*

**Demand No. 25**

**Mr. Speaker:** Question is—

That a Supplementary sum not exceeding Rs. 25,46,000 be granted to the Governor to defray the charges that will come in course of payment for the year ending 31st March, 1977, in respect of Agriculture.

*The motion was carried.*

**Demand No. 27**

**Mr. Speaker:** Question is—

That a Supplementary sum not exceeding Rs. 11,87,000 be granted to the Governor to defrav the charges that will come in course of payment for the year ending 31st March, 1977, in respect of Food.

*The motion was carried.*

**Demand No. 31**

**Mr. Speaker:** Question is—

That a Supplementary sum not exceeding Rs. 36,40,000 be granted to the Governor to defray the charges that will come in course of payment for the year ending 31st March, 1977, in respect of Forests.

*The motion was carried.*

**Demand No. 36**

**Mr. Speaker:** Question is—

That a Supplementary sum not exceeding Rs. 25,000 be granted to the Governor to defray the charges that will come in course of payment for the year ending 31st March, 1977, in respect of Road Transport.

*The Motion was carried.*

Original with;
Punjab Vidhan Sabha
Digitized by;
Panjab Digital Library

**Demand No. 38**

**Mr. Speaker**: Question is—

That a Supplementary sum not exceeding Rs. 10,99,000 be granted to the Governor to defray the charges that will come in course of payment for the year ending 31st March, 1977, in respect of Irrigation, Drainage and Flood Control.

*The Motion was carried.*

**Demand No. 39**

**Mr. Speaker**: Question is—

That a Supplementary sum not exceeding Rs. 20,000 be granted to the Governor to defray the charges that will come in course of payment for the year ending 31st March, 1977, in respect of Buildings.

*The motion was carried.*

**Demand No. 40**

**Mr. Speaker**: Question is—

That a Supplementary sum not exceeding Rs. 76,44,000 be granted to the Governor to defray the charges that will come in course of payment for the year ending 31st March, 1977, in respect of Loans and Advances by State Government.

*The motion was carried.*

**Mr. Speaker**: The House stands adjourned till 9.00 A.M. on Thursday, the 9th September, 1976.

*12.53 P.M.

*(The Sabha then adjourned *till 9.00 a.m. on Thursday, the 9th September, 1976.*

2131—1-1-77—236 Copies—Punjab Govt. Press, Patiala.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*9th September, 1976*

*Vol. II—No.* 4

## OFFICIAL REPORT

CONTENTS

*Thursday, the 9th September, 1976*


| | | PAGE |
|---|---|---|
| Starred Questions and Answers | .. | (4)1 |
| Written Answers to Starred Questions laid on the Table of the House Under Rule 38 | | (4)32 |
| Unstarred Questions and Answers | | (4)44 |
| Questions of Privilege | .. | (4)45 |
| Call-Attention Notices Under Rule 66 | .. | (4)47 |
| Personal Explanation by Captain Rattan Singh | .. | (4)54 |
| Call Attention Notices Under Rule 66 (*Resumption*) | .. | (4)54 |
| Papers laid on the Table | .. | (4)56 |
| Motion Under Rule 77 | .. | (4)56 |
| Extension of time of the Sitting | .. | (4)101 |
| Motion Under Rule 77 (*Resumption*) | .. | (4)102 |
| Resolution for the Creation of a Natural Calamities Relief Fund | .. | (4)106 |
| Resolution (non-official) Regarding altering the conditions of work and service for attracting the ablest students and preventing their migration to other countries | .. | (4)110 |
| Question of Privilege | .. | (4)111 |
| Appendix | .. | (i) |



Punjab Vidhan Sabha Secretariat, Chandigarh.

Price : Rs. 40-00



Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

## PUNJAB VIDHAN SABHA

THURSDAY, THE 9TH SEPTEMBER, 1976

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 a.m. of the Clock. Mr. Speaker (Dr. Kewal Krishan) in the Chair.*

---

### STARRED QUESTIONS AND ANSWERS

**ਬਲਾਚੌਰ ਤਹਿਸੀਲ ਦੀ ਇਮਾਰਤ ਦਾ ਬਣਾਉਣਾ**

*3741. **ਮਾਸਟਰ ਦਲੀਪ ਚੰਦ :** ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਬਲਾਚੌਰ ਤਹਿਸੀਲ ਲਈ ਦਫਤਰ ਦੀ ਇਮਾਰਤ ਦੇ ਕਦੋਂ ਤਕ ਬਣਾਏ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਉਮਰਾਓ ਸਿੰਘ** (ਮਾਲ ਅਤੇ ਚੋਣ ਮੰਤਰੀ) : ਬਲਾਚੌਰ ਤਹਿਸੀਲ ਦੀ ਬਿਲਡਿੰਗ ਬਨਾਉਣ ਦੀ ਸੰਭਾਵਨਾ ਅਣਉਪਜਾਊ ਬਿਲਡਿੰਗਾਂ ਦੀ ਉਸਾਰੀ ਤੇ ਲਾਏ ਗਏ ਪ੍ਰਤੀਬੰਧ ਨੂੰ ਹਟਾਉਣ ਉਪਰੰਤ ਹੀ ਹੋ ਸਕਦੀ ਹੈ ।

**ਮਾਸਟਰ ਦਲੀਪ ਚੰਦ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਬਲਾਚੌਰ ਤਹਿਸੀਲ ਵਿਚ ਸਿਰਫ ਦੋ ਕਮਰੇ ਹਨ, ਤਹਿਸੀਲਦਾਰ ਵਾਸਤੇ, ਕਰਮਚਾਰੀਆਂ ਵਾਸਤੇ, ਖਜ਼ਾਨੇ ਵਾਸਤੇ ਕੋਈ ਜਗ੍ਹਾ ਨਹੀਂ । ਚਾਰ ਦਿਵਾਰੀ ਦਾ ਕੋਈ ਪ੍ਰਬੰਧ ਨਹੀਂ । ਇਸ ਮੁਸ਼ਕਲ ਨੂੰ ਮੁਖ ਰਖਦੇ ਹੋਏ ਕੀ ਸਪੈਸ਼ਲ ਤੌਰ ਤੇ ਉਸ ਬਿਲਡਿੰਗ ਨੂੰ ਬਣਾਉਣ ਦਾ ਕੋਈ ਪ੍ਰਬੰਧ ਕਰਨਗੇ ਜਾਂ ਫਿਰ ਕਿਰਾਏ ਤੇ ਕੋਈ ਦੂਜੀ ਬਿਲਡਿੰਗ ਲੈਣ ਦਾ ਕੋਈ ਪ੍ਰਬੰਧ ਕਰਨਗੇ ?

**ਮੰਤਰੀ :** ਜਿਤਨੀਆਂ ਵੀ ਵੱਡੀਆਂ ਬਿਲਡਿੰਗਾਂ ਹਨ ਜਿਨ੍ਹਾਂ ਨੂੰ ਕਿ ਅਨਪ੍ਰੋਡਕਟਿਵ ਬਿਲਡਿੰਗਜ਼ ਕਿਹਾ ਜਾਂਦਾ ਹੈ, ਉਸ ਤੇ ਜਨਰਲ ਪਾਬੰਦੀ ਲਗੀ ਹੋਈ ਹੈ, ਜਿਤਨਾ ਚਿਰ ਤਕ ਉਹ ਨਹੀਂ ਖੁਲ੍ਹਦੀ ਕੋਈ ਨਵੀਂ ਬਿਲਡਿੰਗ ਬਣਾਉਣਾ ਸੰਭਵ ਨਹੀਂ । ਜਿਥੋਂ ਤਕ ਤਹਿਸੀਲ ਦੀਆਂ ਬਿਲਡਿੰਗਾਂ ਬਣਾਉਣ ਦਾ ਸਬੰਧ ਹੈ, ਦਸੂਏ, ਹੁਸ਼ਿਆਰਪੁਰ ਅਤੇ ਇਸੇ ਤਰ੍ਹਾਂ ਹੋਰ ਬਹੁਤ ਸਾਰੀਆਂ ਬਿਲਡਿੰਗਾਂ ਅਸੀਂ ਬਣਾਈਆਂ ਹਨ : ਇਸੇ ਤਰ੍ਹਾਂ ਨਕੋਦਰ ਅਤੇ ਫਿਲੌਰ ਦੀਆਂ ਤਹਿਸੀਲਾਂ ਦੀਆਂ ਬਿਲਡਿੰਗਾਂ ਵੀ ਬਣਾਈਆਂ ਹਨ ਜਿਹੜੀਆਂ ਕਿ 70,80 ਸਾਲ ਪੁਰਾਣੀਆਂ ਬਿਲਡਿੰਗਾਂ ਸਨ । ਨਵੀਆਂ ਤਹਿਸੀਲਾਂ ਦੀਆਂ ਬਿਲਡਿੰਗਾਂ ਬਣਾਉਣ ਤੇ ਉਸ ਵਕਤ ਗੌਰ ਕਰਾਂਗੇ ਜਿਸ ਵਕਤ ਇਹ ਬੈਨ ਹਟ ਜਾਵੇਗਾ । ਜਿਥੋਂ ਤਕ ਬਲਾਚੌਰ ਦੀ ਮੌਜੂਦਾ ਬਿਲਡਿੰਗ ਦਾ ਤੁਅਲਕ ਹੈ, ਜੇ ਇਹ ਇਨਸਫੀਸ਼ੈਂਟ ਹੈ ਤਾਂ ਮਾਸਟਰ ਦਲੀਪ ਚੰਦ ਜੀ ਹੋਰ ਬਿਲਡਿੰਗ ਦਾ ਪ੍ਰਬੰਧ ਕਰ ਦੇਣ, ਅਸੀਂ ਉਸ ਨੂੰ ਕਿਰਾਏ ਤੇ ਲੈਣ ਬਾਰੇ ਸੋਚ ਲਵਾਂਗੇ ।

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਤ ਰਾਮ** : ਸਪੀਕਰ ਸਾਹਿਬ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਨਕੋਦਰ ਅਤੇ ਦਸੂਹੇ ਵਿਚ ਤਹਿਸੀਲ ਦੀਆਂ ਬਿਲਡਿੰਗਾਂ ਬਣਾ ਦਿੱਤੀਆਂ ਹਨ ਕਿਉਂਕਿ ਉਹ ਮਨਿਸਟਰਾਂ ਦੇ ਇਲਾਕੇ ਹਨ । ਮੈਂ ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਨਵਾਂ ਸ਼ਹਿਰ ਦੀ ਤਹਿਸੀਲ ਦੀ ਬਿੱਲਡਿੰਗ ਬਾਰੇ ਇਨ੍ਹਾਂ ਨੂੰ ਪਤਾ ਹੈ । ਉਥੋਂ ਜਦੋਂ ਵੀ ਮਾੜੀ ਮੋਟੀ ਬਾਰਸ਼ ਆਉਂਦੀ ਹੈ ਤਾਂ ਅਫ਼ਸਰ ਅਤੇ ਕਰਮਚਾਰੀ ਬਾਹਰ ਨਿਕਲ ਆਉਂਦੇ ਹਨ ਕਿਉਂਕਿ ਇਹ ਡਰ ਹੈ ਕਿ ਉਹ ਬਿਲਡਿੰਗ ਡਿਗ ਹੀ ਨਾ ਪਵੇ ।

**ਮੰਤਰੀ** : ਨਵਾਂ ਸ਼ਹਿਰ ਦੀ ਤਹਿਸੀਲ ਦੀ ਬਿਲਡਿੰਗ ਦੀ ਸਕੀਮ ਅਪਰੂਵ ਹੋ ਚੁਕੀ ਹੈ । ਜਿਹੜੀ ਜਗ੍ਹਾ ਤੇ ਬਣਨੀ ਹੈ ਉਥੇ ਮਿਲਟਰੀ ਦਾ ਗਰਾਊਂਡ ਹੈ । ਮਿਲਟਰੀ ਵਾਲਿਆਂ ਨਾਲ ਗਲ ਬਾਤ ਚਲ ਰਹੀ ਹੈ । ਉਹ ਕਾਫੀ ਜ਼ਿਆਦਾ ਕੀਮਤ ਮੰਗਦੇ ਹਨ । ਜਿਸ ਵੇਲੇ ਵਾਜਬ ਕੀਮਤ ਮੰਗਣਗੇ ਤਾਂ ਬਿਲਡਿੰਗ ਬਣਾ ਦੇਵਾਂਗੇ ।

**ਸਰਦਾਰ ਹਰਚੰਦ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਸਵਾਲ ਦੇ ਜਵਾਬ ਵਿਚ ਦਸਿਆ ਹੈ ਕਿ ਕੈਬਨਿਟ ਨੇ ਵੱਡੀਆਂ ਬਿਲਡਿੰਗਾਂ ਬਣਾਉਣ ਤੇ ਪਾਬੰਦੀ ਲਾਈ ਹੋਈ ਹੈ । ਜਦੋਂ ਤਕ ਪਾਬੰਦੀ ਨਹੀਂ ਖੁਲ੍ਹਦੀ, ਇਹ ਨਵੀਆਂ ਬਿਲਡਿੰਗਾਂ ਨਹੀਂ ਬਣਾਈਆਂ ਜਾ ਸਕਦੀਆਂ । ਮੈਂ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਮਾਣੇ ਵਿਚ ਤਹਿਸੀਲ ਵੀ ਬਣੀ ਹੈ ਅਤੇ ਐਸ. ਡੀ. ਐਮ. ਦਾ ਦਫਤਰ ਵੀ ਬਣਿਆ ਹੈ, ਬਲਾਚੌਰ ਵਿਚ ਇਹ ਕਿਉਂ ਨਹੀਂ ਬਣਾਉਂਦੇ ?

**ਮੰਤਰੀ** : ਪਹਿਲਾਂ ਜਿਹੜੀਆਂ ਬਿਲਡਿੰਗਾਂ ਬਣਾਉਣੀਆਂ ਸ਼ੁਰੂ ਹੋਈਆਂ ਹਨ, ਉਹ ਮੁਕੰਮਲ ਹੋ ਸਕਦੀਆਂ ਹਨ । ਨਵੀਆਂ ਬਿਲਡਿੰਗਾਂ ਅਜੇ ਨਹੀਂ ਬਣਾਈਆਂ ਜਾ ਸਕਦੀਆਂ ।

**ਸ਼੍ਰੀ ਕੇਸ਼ੋ ਰਾਮ** : ਜਿਥੇ ਅਕਾਮੋਡੇਸ਼ਨ ਬੜੀ ਘੱਟ ਹੈ, ਦਫਤਰ ਵਿਚ ਬੈਠਣ ਲਈ ਕੋਈ ਜਗ੍ਹਾ ਨਹੀਂ, ਆਲਟਰਨੇਟਿਵ ਅਕਾਮੋਡੇਸ਼ਨ ਮਿਲਦੀ ਨਹੀਂ, ਅਫਸਰਾਂ ਅਤੇ ਕਲਰਕਾਂ ਦੇ ਬੈਠਣ ਲਈ ਜਗ੍ਹਾ ਨਹੀਂ । ਕੀ ਇਹ ਫਰੀਦਕੋਟ ਦੇ ਡਿਸਟ੍ਰਿਕਟ ਵਾਸਤੇ ਬਿਲਡਿੰਗ ਬਣਾਉਣ ਬਾਰੇ ਸੋਚਣਗੇ ?

**ਮੰਤਰੀ** : ਮੇਰੀ ਗੁਜ਼ਾਰਿਸ਼ ਇਹ ਹੈ ਕਿ ਫਰੀਦਕੋਟ ਵਿੱਚ ਵੀ ਜਗ੍ਹਾ ਦੀ ਦਿਕਤ ਹੈ ਪਰ ਕਿਉਂਕਿ ਇਹ ਬੈਨ ਸੈਂਟਰ ਦੇ ਮਸ਼ਵਰੇ ਨਾਲ ਐਮਰਜੰਸੀ ਦੇ ਹਾਲਾਤ ਨੂੰ ਮੁਖ ਰਖਕੇ ਲਾਇਆ ਗਿਆ ਸੀ ਇਸ ਕਰਕੇ ਨਵੀਂ ਬਿਲਡਿੰਗ ਉਥੇ ਨਹੀਂ ਬਣਾਈ ਜਾ ਸਕਦੀ । ਜਦੋਂ ਇਹ ਬੈਨ ਹਟ ਗਿਆ ਤਾ ਇਨ੍ਹਾਂ ਬਿਲਡਿੰਗਾਂ ਨੂੰ ਪ੍ਰਾਇਰਟੀ ਤੇ ਬਣਾਇਆ ਜਾਵੇਗਾ ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਨਕੋਦਰ ਤਹਿਸੀਲ ਦੀ ਬਿਲਡਿੰਗ ਵੀ ਬਣਾਈ ਗਈ ਹੈ ਅਤੇ ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੀਆਂ ਬਿਲਡਿੰਗਾਂ ਬਣਾਈਆਂ ਗਈਆਂ ਹਨ । ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਇਹ ਪੁਛਣਾ ਚਾਹੁੰਦਾ ਹਾਂ ਕਿ ਜਲੰਧਰ ਡਿਸਟ੍ਰਿਕਟ ਦੀ ਬਿਲਡਿੰਗ ਕਦੋਂ ਤਕ ਬਣਾਈ ਜਾਵੇਗੀ ?

**ਮੰਤਰੀ** : ਜਦੋਂ ਇਹ ਬੈਨ ਹਟ ਗਿਆ ਤਾਂ ਸਭ ਨਾਲੋਂ ਪਹਿਲਾਂ ਜਲੰਧਰ ਤਹਿਸੀਲ ਦੀ ਬਿਲਡਿੰਗ ਬਣਾਵਾਂਗੇ ।

Original with;
Punjab Vidhan Sabha
Digitized by;
Panjab Digital Library

RESTRICTIONS ON THE SUPPLY OF COWS AND BUFFALOES TO OTHER STATES

*3768. **Chaudhri Ram Singh** : Will the Minister of State for Development be pleased to state whether there is any proposal under the consideration of the Government to impose restrictions on the export of cows and buffaloes from the State to other States; if so the details thereof ?

**ਸਰਦਾਰ ਸੰਤੋਖ ਸਿੰਘ ਰੰਧਾਵਾ** : ਹਾਂ ਜੀ; ਇਸ ਸਮੇਂ ਇਸ ਤਜਵੀਜ਼ ਦਾ ਵੇਰਵਾ ਦਸਣਾ ਲੋਕ ਹਿੱਤ ਵਿਚ ਨਹੀਂ ਹੈ ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਇਥੇ ਦੁਧ ਦਾ ਇਨਕਲਾਬ ਲਿਆਉਣਾ ਚਾਹੁੰਦੇ ਹਨ । ਮੇਰੇ ਸਵਾਲ ਦੇ ਜਵਾਬ ਵਿਚ ਇਨ੍ਹਾਂ ਨੇ 'ਹਾਂ ਜੀ' ਕਿਹਾ ਹੈ । ਮੈਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕਿੰਨ੍ਹਾ ਸੂਬਿਆਂ ਵਿਚ ਇਹ ਜਾਣਗੀਆਂ ਅਤੇ ਕਿੰਨ੍ਹਾਂ ਵਿੱਚ ਨਹੀਂ ਜਾਣਗੀਆਂ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਜਵਾਬ ਦਿਤਾ ਹੈ 'ਹਾਂ ਜੀ' । ਅਗਲੀ ਗਲ ਦਾ ਦਸਣਾ ਲੋਕ ਹਿਤ ਵਿੱਚ ਨਹੀਂ ਹੈ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਗਲ ਦੇ ਪੇਸ਼ੇਨਜ਼ਰ ਕਿ ਹਜ਼ਾਰਾਂ ਪਸ਼ੂ ਬਾਹਰ ਬੰਬਈ, ਕਲਕੱਤੇ ਜਾ ਕੇ ਕਤਲ ਹੁੰਦੇ ਹਨ ਚੰਗੇ ਪਸ਼ੂ ਵੀ ਜਾਂਦੇ ਹਨ । ਇਸ ਮਸਲੇ ਤੇ ਫੈਸਲਾ ਲੈਣ ਲਈ ਇਤਨੀ ਦੇਰ ਕਿਉਂ ਹੋਈ ?

**ਰਾਜ ਮੰਤਰੀ** : ਮੈਂ ਪਹਿਲਾਂ ਹੀ ਇਸ ਦਾ ਜਵਾਬ ਦੇ ਚੁਕਾ ਹਾਂ । ਇਸ ਦਾ ਮਤਲਬ ਹੈ ਕਿ ਹੁਣ ਦੇਰੀ ਕੋਈ ਨਹੀਂ । ਜੇ ਅਗਲੀ ਗਲ ਦਸਾਂਗਾ ਤਾਂ ਪਸ਼ੂ ਬਹੁਤ ਜਲਦੀ ਇਥੋਂ ਚਲੇ ਜਾਣਗੇ । ਬਿਲ ਵੀ ਬਣ ਗਿਆ ਹੈ, ਸਭ ਕੁਝ ਹੋ ਗਿਆ ਹੈ । ਜੇ ਮੈਂ ਇਸ ਤੋਂ ਅਗਲੀ ਗਲ ਵੀ ਦੱਸ ਦਿਆਂ ਤਾਂ ਕੋਈ ਫਾਇਦਾ ਨਹੀਂ ਰਹਿਣਾ ।

**ਸਰਦਾਰ ਹਰਚੰਦ ਸਿੰਘ** : ਸਪੀਕਰ ਸਾਹਿਬ, ਚੌਧਰੀ ਰਾਮ ਸਿੰਘ ਦਾ ਸਵਾਲ ਸੀ ਕਿ ਕੀ ਸੂਬੇ ਵਿਚੋਂ ਪਸ਼ੂ ਬਾਹਰ ਜਾਂਦੇ ਹਨ ? ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ 'ਹਾਂ ਜੀ' । ਕੀ ਵਜ਼ੀਰ ਸਾਹਿਬ ਦਸਣਗੇ ਕਿ ਸਾਡੇ ਸੂਬੇ ਵਿਚ ਬਾਹਰੋਂ ਵੀ ਪਸ਼ੂ ਆਉਂਦੇ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਚੌਧਰੀ ਰਾਮ ਸਿੰਘ ਜੀ ਦਾ ਸਵਾਲ ਹੈ ਕਿ ਕੀ ਰਾਜ ਵਿਚੋਂ ਦੂਜੇ ਰਾਜਾਂ ਨੂੰ ਗਊਆਂ ਅਤੇ ਮੱਝਾਂ ਦਾ ਨਿਰਯਾਤ ਕਰਨ ਤੇ ਪਾਬੰਦੀਆਂ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇ ਅਜਿਹਾ ਹੋਵੇ ਤਾਂ ਇਸ ਦਾ ਵੇਰਵਾ ਦਸਿਆ ਜਾਵੇ । ਮੈਂ ਇਸ ਦਾ ਜਵਾਬ ਦਿੱਤਾ ਹੈ ਕਿ ਪਾਬੰਦੀਆਂ ਲਾਉਣ ਲਈ ਤਜਵੀਜ਼ ਹੈ ।

**ਸ਼੍ਰੀ ਸਪੀਕਰ** : ਰੰਧਾਵਾ ਸਾਹਿਬ, ਆਨਰੇਬਲ ਮੈਂਬਰ ਨੇ ਸਵਾਲ ਕੀਤਾ ਹੈ ਕਿ ਦਰਾਮਦ ਵੀ ਕੀਤੇ ਜਾ ਸਕਦੇ ਹਨ । ਕੀ ਬਾਹਰਲੇ ਸੂਬਿਆਂ ਤੋਂ ਆਪਣੇ ਸੂਬੇ ਵਿਚ ਪਸ਼ੂ ਲਿਆਉਣ ਤੇ ਕੋਈ ਪਾਬੰਦੀ ਤਾਂ ਨਹੀਂ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਨਹੀਂ ਜੀ, ਇਹ ਪਸ਼ੂ ਲਿਆ ਸਕਦੇ ਹਨ ।

**ਸਰਦਾਰ ਦਰਬਾਰਾ ਸਿੰਘ** : ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਕੋਲੋਂ ਪੁਛਣਾ ਚਾਹਾਂਗਾ ਕਿ ਕੀ ਉਹ ਚੰਗੀਆਂ ਨਸਲ ਦੀਆਂ ਗਾਵਾਂ ਤੇ ਮੱਝਾਂ ਪੰਜ ਸੂਇਆਂ ਤੋਂ ਪਹਿਲਾਂ ਬਾਹਰ ਨਹੀਂ ਜਾਣ ਦੇਣਗੇ ?

**ਰਾਜ ਮੰਤਰੀ** : ਤੁਸੀਂ ਵੇਰਵਾ ਨਾ ਪੁਛੋ । ਹੋ ਸਕਦਾ ਹੈ ਕਿ ਮੈਂ ਤੁਹਾਡੇ ਤੋਂ ਵੀ ਅੱਗੇ ਗਿਆ ਹੋਵਾਂ ।

**ਸ੍ਰੀ ਸਪੀਕਰ** : ਨੈਕਸ਼ਟ ਕੁਐਸ਼ਚਨ । ਕੀ ਇਸ ਸੁਆਲ ਦਾ ਜਵਾਬ ਦੇਣ ਲਈ ਕੋਈ ਮਨਿਸਟਰ ਨਹੀਂ ?

**ਰਾਜ ਮੰਤਰੀ** : ਇਹ ਕੁਆਪ੍ਰੇਟਿਵ ਮਹਿਕਮੇ ਦਾ ਹੋਣਾ ਹੈ ਜੀ ।

**Comrade Satya Pal Dang**: It is a matter of privilege, Sir.

**Mr. Speaker**: Any Minister can answer it.

**Comrade Satya Pal Dang**: I move a privilege motion against the entire Cabinet.

**Mr. Speaker**: I do not give my consent. The Minister is already on his legs and he is replying.

---

MILK PLANT IN COOPERATIVE SECTOR NEAR SANGRUR

*3796. **Comrade Achhra Singh**: Will the Minister of State for Development be pleased to state whether it is a fact that the foundation stone of the milk plant in the Co-operative Sector near Sangrur has been laid during 1976; if so, the time by which it is likely to be commissioned ?

**ਸਰਦਾਰ ਉਮਰਾਓ ਸਿੰਘ** (ਮਾਲ ਅਤੇ ਚੋਣ ਮੰਤਰੀ) : ਪਲਾਂਟ ਦਾ ਨੀਂਹ ਪੱਥਰ 1974 ਵਿਚ ਰਖਿਆ ਗਿਆ ਸੀ ਅਤੇ ਅਗਲੇ ਤਿੰਨ/ਚਾਰ ਸਾਲਾਂ ਵਿਚ ਇਹ ਚਾਲੂ ਹੋ ਜਾਵੇਗਾ ।

**ਕਾਮਰੇਡ ਅੱਛਰਾ ਸਿੰਘ** : ਮੰਤਰੀ ਜੀ ਨੇ ਕਿਹਾ ਹੈ ਕਿ ਮਿਲਕ ਪਲਾਂਟ ਦਾ ਨੀਂਹ ਪੱਥਰ ਸੰਗਰੂਰ ਵਿਚ ਰਖਿਆ ਗਿਆ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਨੂੰ ਪੂਰਾ ਹੋਣ ਵਿਚ ਕਿੰਨਾ ਸਮਾਂ ਲਗ ਜਾਵੇਗਾ ? ਸਰਕਾਰ ਨੇ ਅਨਾਂਉਸ ਕੀਤਾ ਸੀ ਕਿ ਸਾਰਿਆਂ ਜ਼ਿਲ੍ਹਿਆਂ ਵਿਚ ਮਿਲਕ ਪਲਾਂਟ ਲਗਣੇ ਹਨ । ਇਸ ਤਰ੍ਹਾਂ ਸੰਗਰੂਰ ਜ਼ਿਲ੍ਹੇ ਵਾਸਤੇ 3-4 ਸਾਲ ਹੋਰ ਲਗਣਗੇ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਇਕ ਸਾਲ ਦੇ ਅੰਦਰ ਅੰਦਰ ਪੂਰਾ ਹੋ ਜਾਣਾ ਚਾਹੀਦਾ ਹੈ ।

**ਮੰਤਰੀ** : ਬਿਲਡਿੰਗ ਬਣਨੀ ਹੈ ਅਤੇ ਮਸ਼ੀਨਰੀ ਫਿਟ ਹੋਣੀ ਹੈ ਇਹ ਦੋ ਪਰਾਸੈਸ ਹਨ ਅਤੇ ਇਸ ਦੇ ਵਿਚ ਟਾਈਮ ਲਗਣਾ ਜ਼ਰੂਰੀ ਹੈ ।

Original with;
Punjab Vidhan Sabha
Digitized by;
Panjab Digital Library

**ਚੌਧਰੀ ਦਰਸ਼ਨ ਸਿੰਘ** : ਕੀ ਮਿਲਕ ਪਲਾਂਟ ਨੂੰ ਇਨਸਟਾਲ ਕਰਨ ਵਾਸਤੇ 8 ਸਾਲ ਚਾਹੀਦੇ ਹਨ, ਇਸ ਦੀ ਫਾਉਂਡੇਸ਼ਨ 1974 ਵਿਚ ਰਖੀ ਗਈ ਸੀ ?

**ਮੰਤਰੀ** : ਮੈਂ ਤਾਂ 3-4 ਸਾਲ ਕਿਹਾ ਹੈ, ਤੁਸੀਂ 3 ਅਤੇ 4 ਨੂੰ ਮਿਲਾ ਕੇ ਭਾਵੇਂ 7 ਜਾਂ 8 ਸਾਲ ਕਰ ਲਵੋ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਲਗ ਭਗ ਸਾਰੇ ਜ਼ਿਲ੍ਹਿਆਂ ਵਿਚ ਮਿਲਕ ਪਲਾਂਟ ਲਗਾਉਣ ਲਈ ਪਲੈਨ ਹੈ । ਲੇਕਿਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਸਾਡੀ ਦੁਧ ਦੀ ਸਪਲਾਈ ਹੈ, ਉਸ ਦਾ ਜਾਇਜ਼ਾ ਲੈ ਕੇ ਇਸ ਕੰਮ ਨੂੰ ਕੀਤਾ ਜਾਣਾ ਚਾਹੀਦਾ ਹੈ । ਇਹ ਤਾਂ ਧੱਕੋ ਧੱਕੀ ਕਰੀ ਜਾ ਰਹੇ ਹਨ । ਹੁਸ਼ਿਆਰਪੁਰ ਦੇ ਮਿਲਕ ਪਲਾਂਟ ਦੀ ਕਪੈਸਟੀ 60 ਹਜ਼ਾਰ ਲਿਟਰ ਦੁਧ ਦੀ ਹੈ ਪਰ ਉਸ ਨੂੰ 2 ਹਜ਼ਾਰ ਤੋਂ 6 ਹਜ਼ਾਰ ਲਿਟਰ ਤਕ ਦੁਧ ਮਿਲਦਾ ਹੈ । ਇਸ ਕਰਕੇ ਇਸ ਦੁਧ ਦੀ ਸਪਲਾਈ ਦਾ ਪਹਿਲਾਂ ਪ੍ਰਬੰਧ ਕਰਕੇ ਹੀ ਇਸ ਕੰਮ ਨੂੰ ਕੀਤਾ ਜਾਣਾ ਚਾਹੀਦਾ ਹੈ ।

**ਰਾਜ ਮੰਤਰੀ ਵਿਕਾਸ** : ਇਹ ਜਿਹੜੇ ਮਿਲਕ ਪਲਾਂਟ ਲਗ ਰਹੇ ਹਨ, ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ 66 ਲੱਖ ਲਿਟਰ ਦੁੱਧ ਪੈਦਾ ਹੋ ਰਿਹਾ ਹੈ । ਪਬਲਿਕ ਸੈਕਟਰ ਵਿਚ 4 ਪਲਾਂਟ ਹਨ । ਹੁਸ਼ਿਆਰਪੁਰ ਦਾ ਪਲਾਂਟ ਸਾਢੇ ਸੱਤ ਲੱਖ ਲਿਟਰ ਦੁਧ ਖਰੀਦ ਰਿਹਾ ਹੈ ਅਤੇ ਮੈਂ ਸਮਝਦਾ ਹਾਂ ਕਿ ਦੁੱਧ ਬਹੁਤ ਜ਼ਿਆਦਾ ਹੈ । ਹੁਣ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿੰਨੇ ਮਿਲਕ ਪਲਾਂਟ ਲਗਣਗੇ ਉਨ੍ਹਾਂ ਦੇ ਲਈ ਇਕ ਮਿਲਕ ਸ਼ੈਡ ਏਰੀਆ ਮੁਕੱਰਰ ਕੀਤਾ ਜਾਵੇਗਾ । ਜਿਥੋਂ ਕਿ ਉਨ੍ਹਾਂ ਨੂੰ ਦੁਧ ਲਾਜ਼ਮੀ ਤੌਰ ਤੇ ਚੁਕਣਾ ਪਵੇਗਾ । ਹੁਸ਼ਿਆਰਪੁਰ ਵਿਚ ਮਿਲਕ ਪਲਾਂਟ ਲਗ ਰਿਹਾ ਹੈ, ਉਥੇ ਦੁਧ ਥੋੜਾ ਸੀ ਪਰ ਕੋਆਪਰੇਟਿਵ ਡਿਪਾਰਟਮੈਂਟ ਨੇ ਇਹ ਮਿਲਕ ਚਿਲਿੰਗ ਸੈਂਟਰ ਦਸੂਹਾ ਵਿਚ ਬਣਾ ਦਿਤਾ ਹੈ ਅਤੇ ਹੁਣ ਬਾਕਾਇਦਾ ਮਿਲਕ ਸ਼ੈਡ ਏਰੀਆ ਉਸ ਵਿਚ ਆ ਜਾਵੇਗਾ । ਚਿਲਿੰਗ ਸੈਂਟਰ ਨੂੰ ਫੀਡ ਕਰਨ ਵਾਸਤੇ 8000 ਲਿਟਰ ਦੁਧ ਰੋਜ਼ ਦਾ ਆ ਰਿਹਾ ਹੈ । 12 ਪਲਾਂਟ ਕੋਆਪਰੇਟਿਵ, ਪਬਲਿਕ ਸੈਕਟਰ ਅਤੇ ਪ੍ਰਾਈਵੇਟ ਸੈਕਟਰ ਵਿਚ ਲਗਾਏ ਜਾਣੇ ਹਨ ।

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਸੰਗਰੂਰ ਦੇ ਮਿਲਕ ਪਲਾਂਟ ਦਾ ਨੀਂਹ ਪੱਥਰ 1974 ਵਿਚ ਰਖਿਆ ਗਿਆ, ਪਰ ਵਜ਼ੀਰ ਸਾਹਿਬ ਨੇ ਸਵਾਲ ਦੇ ਜਵਾਬ ਵਿਚ ਕਿਹਾ ਹੈ ਕਿ 4 ਸਾਲ ਹੋਰ ਲਗ ਜਾਣਗੇ । ਇਸ ਤਰ੍ਹਾਂ ਤਾਂ 8 ਸਾਲ ਦਾ ਸਮਾਂ ਹੋ ਗਿਆ ਅਤੇ ਇਹ ਇਕ ਜੈਨਰੇਸ਼ਨ, ਇਕ ਪੀੜ੍ਹੀ ਦਾ ਸਮਾਂ ਹੋ ਗਿਆ ।

ਮਾਲ ਅਤੇ ਚੋਣ ਮੰਤਰੀ : 8 ਸਾਲ ਤਾਂ ਨਹੀਂ ਹੋਏ, ਪੰਜਾਬ ਵਿਚ ਹੋਸ਼ਿਆਰਪੁਰ, ਜਲੰਧਰ ਅਤੇ ਸੰਗਰੂਰ ਵਿਚ ਕੋਆਪਰੇਟਿਵ ਪਲਾਂਟ ਗਵਰਨਮੈਂਟ ਆਫ਼ ਇੰਡੀਆ ਦੀ ਇਕ ਆਰਗੇਨਾਈਜ਼ੇਸ਼ਨ, ਐਨ. ਸੀ. ਡੀ. ਸੀ. ਦੀ ਸਹਾਇਤਾ ਨਾਲ ਲਗਣੇ ਸਨ । ਇਕ ਸਕੀਮ ਪਹਿਲਾਂ ਉਨ੍ਹਾਂ ਨੂੰ ਭੇਜੀ ਗਈ ਜਿਹੜੀ ਕਿ ਉਨ੍ਹਾਂ ਨੇ ਰਿਟਰਨ ਕਰ ਦਿਤੀ । ਫਿਰ 90 ਲੱਖ ਦੀ ਦੁਬਾਰਾ ਸਕੀਮ ਭੇਜੀ ਅਤੇ ਉਨ੍ਹਾਂ ਨੇ ਕਿਹਾ ਕਿ ਇਹ ਸਕੀਮ ਸਫੀਸ਼ੈਂਟ ਨਹੀਂ । ਤੀਜੀ ਬਾਰ ਇਕ ਕਰੋੜ ਰੁਪਏ ਦੀ ਸਕੀਮ ਉਨ੍ਹਾਂ ਨੂੰ ਭੇਜੀ ਗਈ, ਜਿਹੜੀ ਕਿ 20 ਮਈ 1976 ਨੂੰ ਐਪਰੂਵ ਹੋ ਗਈ ਹੈ । ਇਸ ਕਰਕੇ ਹੁਣ ਕੰਮ ਜਲਦੀ ਚਾਲੂ ਕਰ ਦਿਤਾ ਜਾਵੇਗਾ । ਲੋਨ ਐਨ. ਸੀ. ਡੀ. ਸੀ. ਨੇ ਦੇਣਾ ਹੈ ਅਤੇ ਉਨ੍ਹਾਂ ਦੀ ਅਸਿਸਟੈਂਸ ਨਾਲ ਇਹ ਕੰਮ ਚਾਲੂ ਹੋਣਾ ਹੈ, ਇਸ ਕਰਕੇ ਡਿਲੇ ਹੋ ਗਈ ਹੈ ।

Original with;
Punjab Vidhan Sabha
Digitized by;
Panjab Digital Library

**ਚੌਧਰੀ ਦਰਸ਼ਨ ਸਿੰਘ** : ਮੈਂ ਇਹ ਪੁੱਛਣਾ ਚਾਹੁਦਾ ਹਾਂ ਕਿ ਆਇਆ ਰੀਸੈਂਟਲੀ ਪੰਜਾਬ ਡੇਰੀ ਡਿਵੈਲਪਮੈਂਟ ਕਾਰਪੋਰੇਸ਼ਨ ਨੇ ਢਾਈ ਲੱਖ ਰੁਪਏ ਦੀ ਮਿਲਕ ਪਲਾਂਟ ਲਈ ਮਸ਼ੀਨਰੀ ਕੈਨੇਡਾ ਗਵਰਨਮੈਂਟ ਤੋਂ ਇੰਪੋਰਟ ਕੀਤੀ ? Whether it is a fact ? Is it a fact that ਅਨਲਾਈਸੈਂਸਡ ਅਤੇ ਅਨਅਥੋਰਾਈਜ਼ਡ ਚੀਜ਼ਾਂ ਵੀ ਇੰਪੋਰਟ ਕੀਤੀਆਂ ਗਈਆਂ ?

**ਮੰਤਰੀ** : ਨੋਟਿਸ ਦੇ ਦੇਵੋ।

**Sardar Harchand Singh** : There is no need of any notice.

**Mr. Speaker** : Order please. (*interruption*)

**ਮੰਤਰੀ** : ਕੋਆਪਰੇਟਿਵ ਡਿਪਾਰਟਮੈਂਟ ਦਾ ਸਵਾਲ ਹੈ ਅਤੇ ਸਾਡੇ ਨਾਲ ਇਸ ਦਾ ਸਬੰਧ ਨਹੀਂ ਹੈ। (ਵਿਘਨ)

**ਸ੍ਰੀ ਸਪੀਕਰ** : ਆਰਡਰ ਪਲੀਜ਼ ।

**आचार्य पृथ्वी सिंह आज़ाद** : क्या मंत्री जी यह बताने की कृपा करेंगे कि संगरूर मिलक पलांट का जो बुनियादी पत्थर 1974 में रखा उस को रखने से पहले N.C.D.C. से स्वीकृति प्राप्त कर ली थी । अगर स्वीकृति मिली थी तो उस के बाद जो मशीनरी का आर्डर पलेस किया था वह हिन्दुस्तान में किया था या बाहर से किसी जगह किया गया ?

**ਮੰਤਰੀ** : ਮਸ਼ੀਨਰੀ ਦੇ ਮੁਤੱਲਕ ਨੋਟਿਸ ਦੇ ਦੇਵੋ, ਦੱਸ ਦਿਤਾ ਜਾਵੇਗਾ ।
(ਵਿਘਨ)

**ਸ੍ਰੀ ਸਪੀਕਰ** : ਮੈਂ ਸਮਝਦਾ ਹਾਂ ਕਿ ਇਨ੍ਹਾਂ ਪਾਸ ਇਸ ਵਕਤ ਡਿਟੇਲ ਨਹੀਂ ਹੈ । He is unable to reply. (*Interruptions*)

**Acharya Prithvi Singh Azad** : Let this question be put tomorrow.

**ਸਰਦਾਰ ਦਰਬਾਰਾ ਸਿੰਘ** : ਕਨੇਡੀਅਨ ਸਾਹਿਬ ਦੇ ਕਹਿਣ ਦੇ ਅਨੁਸਾਰ ਹੁਸ਼ਿਆਰਪੁਰ ਮਿਲਕ ਪਲਾਂਟ ਵਿਚ 58,000 ਲਿਟਰ ਦੁਧ ਵਾਧੂ ਹੈ, ਇਸ ਕਰ ਕੇ ਕੀ ਇਸ ਪਲਾਂਟ ਨੂੰ ਕਿਸੇ ਹੋਰ ਜਗ੍ਹਾ ਸ਼ਿਫਟ ਕਰ ਦਿਤਾ ਜਾਵੇਗਾ । (ਵਿਘਨ)

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਸਾਰੇ ਜ਼ਿਲ੍ਹਿਆਂ ਵਿਚ ਮਿਲਕ ਪਲਾਂਟ ਲਗ ਰਹੇ ਹਨ । ਮੈਂ ਪੁਛਣਾ ਚਾਹੁੰਦਾ ਹਾਂ ਕਿ ਗੁਰਦਾਸਪੁਰ ਮਿਲਕ ਪਲਾਂਟ ਸੈਂਕਸ਼ਨ ਹੋ ਚੁਕਾ ਹੈ, ਉਸ ਦੀ ਫਾਉਂਡੇਸ਼ਨ ਕਦੋਂ ਰਖੀ ਜਾਵੇਗੀ ?
(ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚੰਦ ਸਿੰਘ** : ਸਪੀਕਰ ਸਾਹਿਬ, ਜਿਹੜੇ ਜਾਇਜ਼ ਸਵਾਲ ਹਨ, ਉਨ੍ਹਾਂ ਦਾ ਜਵਾਬ ਕਿਉਂ ਇਥੇ ਨਹੀਂ ਦਿਤਾ ਜਾ ਰਿਹਾ ?

**ਸ੍ਰੀ ਸਪੀਕਰ** : ਮਨਿਸਟਰ ਸਾਹਿਬ ਕਹਿਣ ਕਿ ਮੇਰੇ ਪਾਸ ਇਨਫਰਮੇਸ਼ਨ ਨਹੀਂ ਹੈ ਤਾਂ ਮੈਂ ਕੀ ਕਰ ਸਕਦਾ ਹਾਂ ?

**ਰਾਜ ਮੰਤਰੀ ਵਿਕਾਸ** : ਇਹ ਦੋਨੋ ਸੱਜਣ, ਸਰਦਾਰ ਹਰਚੰਦ ਸਿੰਘ ਅਤੇ ਸਰਦਾਰ ਦਰਸ਼ਨ ਸਿੰਘ ਹੌਸਲੇ ਨਾਲ ਗੱਲ ਕਰਨ, ਮੈਂ ਜਵਾਬ ਦੇ ਦੇਵਾਂਗਾ । ਪਹਿਲਾਂ ਸੇਖੜੀ ਸਾਹਿਬ ਦੇ ਸਵਾਲ ਦਾ ਜਵਾਬ ਦੇ ਲਵਾਂ ।

ਸਪੀਕਰ ਸਾਹਿਬ, ਜਿਹੜੀ ਸੇਖੜੀ ਸਾਹਿਬ ਨੇ ਸਪਲੀਮੈਂਟਰੀ ਕੀਤੀ ਹੈ ਉਸ ਦੇ ਮੁਤਅਲਕ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਸੀਂ ਪਬਲਿਕ ਸੈਕਟਰ ਵਿਚ 2 ਪਲਾਂਟ ਲਾ ਰਹੇ ਹਾਂ । ਇਕ ਮੋਹਾਲੀ ਅਤੇ ਇਕ ਗੁਰਦਾਸਪੁਰ । ਮੋਹਾਲੀ ਦੇ ਪਲਾਂਟ ਲਈ ਬਿਲਡਿੰਗ ਵੀ ਬਣ ਗਈ ਹੈ ਔਰ ਮਸ਼ੀਨਰੀ ਵੀ ਉਸ ਵਿਚ ਇਨਸਟਾਲ ਕਰ ਲਈ ਹੈ । ਜਿਹੜਾ ਗੁਰਦਾਸਪੁਰ ਦਾ ਪਲਾਂਟ ਹੈ ਇਸ ਵਿਚ ਗੌਰਮਿੰਟ ਨੇ ਸਾਢੇ 37 ਲੱਖ ਰੁਪਿਆ ਦਿੱਤਾ ਹੈ । ਇਸ ਦਾ ਫਾਊਂਡੇਸ਼ਨ ਸਟੋਨ ਰੱਖਣ ਲਈ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕੀਤੀ ਸੀ ਅਤੇ ਉਨ੍ਹਾਂ ਨੇ ਇਸ ਲਈ 12 ਤਾਰੀਖ ਦਿਤੀ ਸੀ । ਹੁਣ ਚੂੰ ਕਿ ਸੈਸ਼ਨ ਆ ਗਿਆ ਹੈ ਇਸ ਲਈ ਇਨ੍ਹਾਂ ਕੋਲ ਟਾਈਮ ਨਹੀਂ । ਹੁਣ ਅਸੀਂ ਫਿਰ ਉਨ੍ਹਾਂ ਕੋਲੋਂ ਫਾਊਂਡੇਸ਼ਨ ਸਟੋਨ ਰਖਣ ਲਈ ਟਾਈਮ ਲੈ ਰਹੇ ਹਾਂ । ਇਸ ਵਾਸਤੇ ਜ਼ਮੀਨ ਖਰੀਦ ਲਈ ਗਈ ਹੈ ਅਤੇ ਇਸ ਸਾਲ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪਤਾ ਕਰਨਾ ਚਾਹੁੰਦਾ ਹਾਂ ਕਿ ਮੋਹਾਲੀ ਅਤੇ ਗੁਰਦਾਸਪੁਰ ਵਿਚ ਜਿਹੜੇ ਮਿਲਕ ਪਲਾਂਟਸ ਲਗ ਰਹੇ ਹਨ ਉਨ੍ਹਾਂ ਵਿਚ ਹੰਗਰ ਫਾਊਂਡੇਸ਼ਨ ਕੈਨੇਡਾ ਤੋਂ ਲੱਖਾਂ ਰੁਪਏ ਦੀ ਮਸ਼ੀਨਰੀ ਗਿਫਟ ਦੇ ਤੌਰ ਤੇ ਆਉਣੀ ਸੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਮਸ਼ੀਨਰੀ ਇਥੇ ਪਹੁੰਚ ਗਈ ਹੈ ਜਾਂ ਕਸਟਮ ਵਾਲਿਆਂ ਨੇ ਉਸ ਤੇ ਕਬਜ਼ਾ ਕਰ ਲਿਆ ਹੈ? ਉਸ ਦੀ ਪੁਜ਼ੀਸ਼ਨ ਦੱਸ ਦੇਣ ।

**ਰਾਜ ਮੰਤਰੀ** : ਸਪੀਕਰ ਸਾਹਿਬ, ਨਾਂ ਤਾਂ ਹੰਗਰ ਫਾਊਂਡੇਸ਼ਨ ਕੈਨੇਡਾ ਵਲੋਂ ਮੋਹਾਲੀ ਵਾਸਤੇ ਕੋਈ ਮਸ਼ੀਨਰੀ ਆਉਣੀ ਸੀ ਅਤੇ ਨਾ ਹੀ ਗੁਰਦਾਸਪੁਰ ਵਾਸਤੇ ਆਉਣੀ ਸੀ । ਉਨ੍ਹਾਂ ਨੇ ਕੁਝ ਵੱਛੀਆਂ ਅਤੇ ਕੁਝ ਹੋਰ ਇਕੁਅਪਮੈਂਟ ਭੇਜੇ ਸਨ ਜਿਸ ਵਾਸਤੇ ਅਸੀਂ ਐਗਰੀਕਲਚਰ ਵਿਭਾਗ ਤੋਂ 200 ਏਕੜ ਜ਼ਮੀਨ ਵੀ ਲੈ ਲਈ ਸੀ । ਜਿਹੜੀਆਂ 300 ਵੱਛੀਆਂ ਉਨ੍ਹਾਂ ਨੇ ਭੇਜੀਆਂ ਅਤੇ ਉਨ੍ਹਾਂ ਵਾਸਤੇ ਜਿਹੜੀ ਮਸ਼ੀਨਰੀ ਆਉਣੀ ਸੀ ਉਹ ਇਸ ਪਰਪਜ਼ ਵਾਸਤੇ ਸੀ ਕਿ ਕਿਵੇਂ ਚਾਰਾ ਸੁਕਾਉਣਾ ਹੈ ਜਾਂ ਕਿਵੇਂ ਚਾਰਾ ਬਣਾਉਣਾ ਹੈ । ਜਿਹੜੀ ਇਹ ਮਸ਼ੀਨਰੀ ਆ ਰਹੀ ਸੀ, ਮੈਨੂੰ ਇਸ ਬਾਰੇ ਜਦੋਂ ਇਹ ਪਤਾ ਲਗਿਆ ਕਿ ਇਸ ਮਸ਼ੀਨਰੀ ਵਿਚ ਵਾਧੂ ਮਸ਼ੀਨਰੀ ਆ ਰਹੀ ਹੈ ਤਾਂ ਮੈਂ ਉਸੇ ਵੇਲੇ ਇਮੀਜੇਟਲੀ ਚੀਫ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਇਹ ਗਲ ਲਿਆਂਦੀ ਅਤੇ ਉਨ੍ਹਾਂ ਨੂੰ ਇਹ ਦੱਸਿਆ ਕਿ ਜੇ ਇਸ ਮਸ਼ੀਨਰੀ ਦੀ ਇਤਲਾਹ ਕਸਟਮ ਵਿਭਾਗ ਨੂੰ ਦੇ ਦੇਈਏ ਤਾਂ ਇਸ ਨਾਲ ਸਾਨੂੰ ਇਹ ਪਤਾ ਲਗ ਜਾਵੇਗਾ ਕਿ ਉਹ ਮਸ਼ੀਨਰੀ ਕਿਸ ਤਰ੍ਹਾਂ ਦੀ ਹੈ ? ਇਹ ਸੁਣ ਕੇ ਚੀਫ ਮਨਿਸਟਰ ਸਾਹਿਬ ਨੇ ਉਸੇ ਵੇਲੇ ਇਹ ਕਿਹਾ ਕਿ ਇਸ ਦੀ ਕਸਟਮ ਵਾਲਿਆਂ ਨੂੰ ਇਤਲਾਹ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਵਿਕਾਸ]

ਦਿਤੀ ਜਾਵੇ । ਜਦੋਂ ਮਸ਼ੀਨਰੀ ਇਥੇ ਆ ਗਈ ਤਾਂ ਕਸਟਮ ਵਾਲਿਆਂ ਨੇ ਉਸ ਨੂੰ ਸੀਲ ਕਰ ਲਿਆ । ਪਤਾ ਨਹੀਂ ਕਿੰਨੇ ਦਾ ਮਾਲ ਫੜਿਆ ਗਿਆ ਹੈ । ਇਸ ਦਾ ਹਾਲੇ ਨਹੀਂ ਪਤਾ ਲਗਿਆ ।

(ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰ ਸਪਲੀਮੈਂਟਰੀ ਕਰਨ ਲਈ ਖੜੇ ਹੋ ਗਏ ।)

(ਵਿਘਨ)

ਸ਼੍ਰੀ ਸਪੀਕਰ : ਨੈਕਸਟ ਕੁਐਸ਼ਚਨ ।

---

## ENQUIRY AGAINST THE SARPANCH OF VILLAGE RAMGARH SARDARAN TEHSIL AND DISTRICT LUDHIANA

*3703 1. **Comrade Satya Pal Dang** 2. **Comrade Dana Ram** } Will the Minister of State for Development be pleased to—

(a) state whether in the month of March, 1976, the Deputy Director Panchayats, Patiala Division, conducted any enquiry into certain allegations of embezzlement, misuse of power etc. against the Sarpanch of Village Ramgarh Sardaran, Tehsil and District Ludhiana. If so, the date(s) on which the enquiry was started and completed ;

(b) lay on the table of the House a list of allegations enquired into together with a copy of the enquiry report showing the action taken against the Sarpanch?

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) ਹਾਂ ਜੀ । ਪੜਤਾਲ ਮਿਤੀ 1 ਮਾਰਚ, 1976 ਨੂੰ ਸ਼ੁਰੂ ਕੀਤੀ ਸੀ ਅਤੇ 10 ਮਾਰਚ, 1976 ਨੂੰ ਮੁਕੰਮਲ ਕੀਤੀ ਗਈ ਸੀ ।

(ਅ) ਪੜਤਾਲ ਕੀਤੇ ਗਏ ਦੋਸ਼ਾਂ ਦੀ ਸੂਚੀ ਅਤੇ ਸਰਪੰਚ ਵਿਰੁੱਧ ਕੀਤੀ ਪੜਤਾਲੀਆ ਰਿਪੋਰਟ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ । ਸਰਪੰਚ ਨੂੰ ਮਿਤੀ 22 ਮਾਰਚ, 1976 ਨੂੰ ਬਹਾਲ ਕਰ ਦਿੱਤਾ ਸੀ ਅਤੇ ਹਦਾਇਤ ਕੀਤੀ ਸੀ ਕਿ ਉਹ ਚਕੌਤੇ ਦੀ ਰਕਮ ਵਸੂਲ ਕਰਕੇ ਪੰਚਾਇਤ ਫੰਡ ਵਿੱਚ ਜਮਾਂ ਕਰਵਾਏ ।

ਸਰਪੰਚ ਰਘਬੀਰ ਸਿੰਘ ਨੇ 1972 ਤੋਂ 1974 ਤਕ ਦੀ ਚਕੌਤੇ ਦੀ ਰਕਮ ਵਸੂਲ ਕਰਕੇ ਜਮ੍ਹਾਂ ਕਰਵਾ ਦਿਤੀ ਹੈ । ਸਰਦਾਰ ਪੂਰਨ ਸਿੰਘ ਨੇ ਹਾਲੇ ਇਹ ਰਕਮ ਜਮ੍ਹਾਂ ਕਰਵਾਉਣੀ ਹੈ । ਉਸ ਨੂੰ ਇਕ ਮਹੀਨੇ ਦੀ ਮੋਹਲਤ ਦਿਤੀ ਗਈ ਹੈ ਜਿਹੜੀ ਕਿ ਪੂਰੀ ਹੋਣ ਵਾਲੀ ਹੈ ।

### ਸਰਪੰਚ ਗਰਾਮ ਪੰਚਾਇਤ ਰਾਮਗੜ੍ਹ ਸਰਦਾਰਾਂ ਵਿਰੁਧ ਦੋਸ਼ਾਂ ਦੀ ਸੂਚੀ

(1) ਮਿਤੀ 31 ਮਈ, 1973 ਨੂੰ ਜੋ ਜ਼ਮੀਨ ਸ਼੍ਰੀ ਬਚਨ ਸਿੰਘ ਪੁੱਤਰ ਰਾਮ ਬਖਸ਼ ਪਿੰਡ ਰਾਮ ਗੜ੍ਹ ਸਰਦਾਰਾਂ ਨੂੰ 3 ਸਾਲ ਲਈ 6,300 ਰੁਪਏ ਵਿਚ ਠੇਕੇ ਤੇ ਦਿਤੀ ਗਈ ਸੀ । ਪਰੰਤੂ ਸਾਲ 1976 ਵਿਚ ਜ਼ਮੀਨ 100 ਰੁਪਏ ਠੇਕੇ ਤੇ ਦੇ ਕੇ ਸਭਾ ਫੰਡ ਨੂੰ ਨੁਕਸਾਨ ਪਹੁੰਚਾਇਆ ਹੈ ।

Original with;
Punjab Vidhan Sabha
Digitized by;
Panjab Digital Library

(2) ਸਾਲ 1972-74 ਤਕ ਪੰਚਾਇਤ ਦੇ 6 ਪਲਾਟਾਂ ਦੀ ਬੋਲੀ ਹੁੰਦੀ ਰਹੀ ਹੈ । ਪਰੰਤੂ ਸਾਲ 1975 ਵਿਚ 5 ਪਲਾਟਾਂ ਦੀ ਬੋਲੀ ਕਰਕੇ ਇਕ ਪਲਾਟ ਠੇਕੇ ਤੇ ਨਹੀਂ ਦਿਤਾ ਅਤੇ ਬੇਕਾਇਦਗੀ ਕੀਤੀ ।

(3) ਪਿੰਡ ਵਿਚ ਹਸਪਤਾਲ ਵਾਲਾ ਪਲਾਟ ਸ਼੍ਰੀ ਜੁਗਮੇਲ ਸਿੰਘ ਪੁੱਤਰ ਸੁਰਜਨ ਸਿੰਘ ਨੂੰ ਲਗਾਤਾਰ ਕਈ ਸਾਲਾਂ ਤੋ ਠੇਕੇ ਤੇ ਦਿਤਾ ਗਿਆ, ਜਿਹੜਾ ਗੈਰ-ਕਾਨੂੰਨੀ ਸੀ। ਇਹ ਸਿਰਫ ਆਪਣੇ ਸਾਥੀ ਨੂੰ ਫਾਇਦਾ ਪਹੁੰਚਾਣ ਲਈ ਕੀਤਾ ਗਿਆ ।

(4) ਸ਼੍ਰੀ ਬਾਵਾ ਸਿੰਘ ਪੁੱਤਰ ਸ਼੍ਰੀ ਸੁਰਜਨ ਸਿੰਘ ਵਲ ਚਕੌਤੇ ਦਾ ਪਿਛਲਾ ਬਕਾਇਆ 80 ਰੁਪਏ ਸਾਲ 1972-73 ਦੇ 930 ਰੁਪਏ ਅਤੇ 1974 ਦਾ 400 ਰੁਪਏ ਚਲਿਆ ਆ ਰਿਹਾ ਸੀ । ਫਿਰ ਵੀ ਉਸ ਨੂੰ ਹੀ ਜ਼ਮੀਨ ਚਕੌਤੇ ਤੇ ਦੇ ਕੇ ਪਖ-ਪਾਤ ਨਾਲ ਕੰਮ ਲਿਆ ਗਿਆ ।

(5) ਸ਼੍ਰੀ ਜਗਮੇਲ ਸਿੰਘ ਪੁੱਤਰ ਸੁਰਜਨ ਸਿੰਘ ਕਈ ਸਾਲਾਂ ਤੋਂ ਚਕੌਤੇ ਦੇ 430 ਰੁਪਏ ਅਦਾ ਨਹੀਂ ਕਰਦਾ । ਫਿਰ ਵੀ ਸਾਲ 1975-76 ਵਿਚ ਉਸੇ ਨੂੰ ਹੀ ਜ਼ਮੀਨ ਚਕੌਤੇ ਤੇ ਦਿਤੀ ,ਗਈ ।

(6) ਇਸੇ ਤਰ੍ਹਾਂ ਸ਼੍ਰੀ ਪੂਰਣ ਸਿੰਘ ਪੁੱਤਰ ਸ਼੍ਰੀ ਦਲੀਪ ਸਿੰਘ ਵਲ 4780 ਰੁਪਏ ਦਾ ਬਕਾਇਆ ਹੈ ਫਿਰ ਵੀ ਸਾਲ 1975-76 ਵਿਚ ਉਸ ਨੂੰ ਹੀ ਜ਼ਮੀਨ 1900 ਰੁਪਏ ਤੇ ਠੇਕੇ ਤੇ ਦਿਤੀ ਗਈ । ਹਾਲਾਂ ਕਿ ਸ਼੍ਰੀ ਪੂਰਣ ਸਿੰਘ ਪੰਚ ਦਾ ਪੁੱਤਰ ਹੈ ।

(7) ਮਿਤੀ 31 ਮਾਰਚ, 1974 ਨੂੰ ਸ਼੍ਰੀ ਦਲੀਪ ਸਿੰਘ ਪੁੱਤਰ ਪਾਖਰ ਸਿੰਘ ਨੇ 1,800 ਰੁਪਏ ਚਕੌਤੇ ਤੇ ਪਲਾਟ ਲਿਆ ਪਰ ਉਹ ਮੈਂਬਰ ਹੋਣ ਦੇ ਨਾਤੇ ਪਲਾਟ ਚਕੌਤੇ ਤੇ ਨਹੀਂ ਲੈ ਸਕਦਾ ਸੀ ।

(8) ਸ਼੍ਰੀ ਗੁਰਦਿਆਲ ਸਿੰਘ ਪੁੱਤਰ ਗੁਲਜਾਰੀ ਹਰੀਜਨ ਤੋਂ ਮਿਤੀ 21 ਮਈ, 1974 ਨੂੰ 300 ਰੁਪਏ ਵਸੂਲ ਕੀਤੇ ਜਦ ਕਿ ਬੋਲੀ 26 ਮਈ, 1976 ਨੂੰ ਹੋਈ । ਪਹਿਲੇ ਪੈਸੇ ਵਸੂਲ ਕਰ ਕੇ ਨਿਲਾਮੀ ਵਿਚ ਹੇਰਾ ਫੇਰੀ ਕੀਤੀ ਜਾਪਦੀ ਹੈ ।

(9) ਸ਼੍ਰੀ ਮੇਲਾ ਸਿੰਘ ਪੁਤਰ ਸ਼੍ਰੀ ਮਲਣ ਸਿੰਘ ਤੋਂ ਮਿਤੀ 21 ਮਈ, 1974 ਨੂੰ 200 ਰੁਪਏ ਵਸੂਲ ਕੀਤੇ ਗਏ ਪਰੰਤੂ ਜ਼ਮੀਨ 220 ਰੁਪਏ ਚਕੌਤੇ ਤੇ ਦਿਤੀ ਗਈ ਸ਼੍ਰੀ ਅਤੇ ਇਸ ਤਰ੍ਹਾਂ 20 ਰੁਪਏ ਦੀ ਹੇਰਾ ਫੇਰੀ ਕੀਤੀ ਜਾਪਦੀ ਹੈ ।

(10) ਗੁਰਦਿਆਲ ਸਿੰਘ ਪੁੱਤਰ ਗੁਲਜ਼ਾਰੀ ਹਰੀਜਨ ਨੂੰ ਮਿਤੀ 26 ਮਈ, 1974 ਨੂੰ ਜ਼ਮੀਨ 1120 ਰੁਪਏ ਚਕੌਤੇ ਤੇ ਦਿਤੀ ਗਈ ਉਸ ਨੇ 600 ਰੁਪਏ ਅਦਾ ਕੀਤੇ ਅਤੇ ਬਕਾਇਆ ਰਕਮ 520 ਰੁਪਏ ਦਾ ਗਬਨ ਲਗਦਾ ਹੈ ।

(11) ਸ਼੍ਰੀ ਜਗਮੇਲ ਸਿੰਘ ਪੁਤਰ ਸੁਰਜਨ ਸਿੰਘ ਨੂੰ ਸਾਲ 1973-74 ਵਿੱਚ 215 ਰੁਪਏ ਤੇ ਸਾਲ 1974-75 ਵਿਚ 225 ਰੁਪਏ ਵਿਚ ਜ਼ਮੀਨ ਚਕੌਤੇ ਤੇ ਦਿਤੀ ਗਈ । ਕੈਸ਼ ਬੁਕ ਅਨੁਸਾਰ 430 ਰੁਪਏ ਵਸੂਲ ਕੀਤੇ ਗਏ ਜਦੋਂ 440 ਰੁਪਏ ਬਣਦੇ ਸੀ । ਇਸ ਤਰ੍ਹਾਂ 10 ਰੁਪਏ ਦਾ ਗਬਨ ਕੀਤਾ ਗਿਆ ਹੈ ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਵਿਕਾਸ]

(12) ਪੰਚਾਇਤ ਰੂਲਜ਼ ਅਨੁਸਾਰ 25% ਚਕੌਤੇ ਦੀ ਰਕਮ ਮੌਕੇ ਤੇ ਵਸੂਲ ਕੀਤੀ ਜਾਂਦੀ ਹੈ। ਪਰੰਤੂ ਪੰਚਾਇਤ ਨੇ ਮੌਕੇ ਤੇ ਕੋਈ ਵੀ ਰਕਮ ਵਸੂਲ ਨਹੀਂ ਕੀਤੀ।

(13) ਜਿਹਨਾਂ ਵੱਲ ਪਹਿਲਾਂ ਹੀ ਚਕੌਤੇ ਦਾ ਬਕਾਇਆ ਹੈ ਉਨ੍ਹਾਂ ਨੂੰ ਹੀ ਹਰ ਸਾਲ ਜ਼ਮੀਨ ਚਕੌਤੇ ਤੇ ਦਿਤੀ ਜਾਂਦੀ ਹੈ ਅਤੇ ਬਕਾਇਆ ਵਸੂਲ ਨਹੀਂ ਕੀਤਾ ਜਾਂਦਾ।

(14) ਪਿੰਡ ਵਿਚੋਂ ਚੁਲਾ ਟੈਕਲ ਵਸੂਲ ਕੀਤਾ ਗਿਆ। ਪਰੰਤੂ ਸਭਾ ਫੰਡ ਵਿਚ ਜ਼ਮ੍ਹਾ ਨਹੀਂ ਕਰਵਾਇਆ।

(15) ਪਿੰਡ ਨੂੰ 17,000 ਰੁਪਏ ਦੀਆਂ ਗਰਾਂਟਾਂ ਮਿਲੀਆਂ ਹਨ ਜੋ ਸਰਪੰਚ ਨੇ ਹਾਲਾਂ ਤਕ ਖਰਚ ਨਹੀਂ ਕੀਤੀਆਂ।

ਵਲੋਂ

ਡਵਿਜ਼ਨਲ ਡਿਪਟੀ ਡਾਇਰੈਕਟਰ, ਪੰਚਾਇਤੀ ਰਾਜ ਅਤੇ
ਸਮੂਹਿਕ ਵਿਕਾਸ, ਪਟਿਆਲਾ।

ਸੇਵਾ ਵਿਖੇ

ਡਾਇਰੈਕਟਰ ਪੰਚਾਇਤੀ ਰਾਜ ਅਤੇ ਸਮੂਹਿਕ ਵਿਕਾਸ, ਪੰਜਾਬ
ਚੰਡੀਗੜ੍ਹ।

ਯਾਦ ਪੱਤਰ ਨੰ: ਡ: ਡ: ਪ: ਸਟੈਨੋ-/67/1500

ਵਿਸ਼ਾ :— ਸਰਪੰਚ ਗਰਮ ਪੰਚਾਇਤ ਰਾਮਗੜ੍ਹ ਸਰਦਾਰਾਂ ਵਿਰੁੱਧ ਸ਼ਕਾਇਤ ਦੀ ਪੜਤਾਲ।

---

ਉਪਰੋਕਤ ਵਿਸ਼ੇ ਸਬੰਧੀ ਆਪ ਦਾ ਪਿੱਠ ਅੰਕਣ ਨੰ: ਡੀ.ਪੀ.ਸੀ. 4-76/6606 ਮਿਤੀ 8 ਫਰਵਰੀ. 1976 ਅਤੇ ਟੈਲੀਗਰਾਮ ਪਿੱਠ ਅੰਕਣ ਨੰ: ਡੀ.ਪੀ.ਸੀ. 4-76/9488 ਮਿਤੀ 23 ਫਰਵਰੀ, 1976 ਦੇ ਹਵਾਲੇ ਵਿਚ। ਇਸ ਸਬੰਧੀ ਪੜਤਾਲ ਮਿਤੀ 1 ਮਰਾਚ, 1976 ਨੂੰ ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ ਲੁਧਿਆਣਾ ਦੇ ਦਫਤਰ ਵਿਚ ਰਖੀ ਗਈ: ਇਸ ਮਿਤੀ ਤੇ ਸਰਪੰਚ ਦੇ ਨਾਂ ਆਉਣ ਤੇ ਮੈਡੀਕਲ ਸਰਟੀਫੀਕੇਟ ਜਿਹੜਾ ਕਿ ਡਾਕਟਰ ਐਸ.ਬੀ ਖੁਰਾਣਾ, ਐਮ ਡੀ (ਮੈਡ) ਕਨਸਲਟੈਂਟ ਫਿਜੀਸ਼ਨ ਪਰੋਫੈਸਰ ਆਫ ਮੈਡੀਸ਼ਨ. ਦਿਆਨੰਦ ਮੈਡੀਕਲ ਕਾਲਾਜ ਐਂਡ ਹਾਸਪੀਟਲ ਲੁਧਿਆਣਾ ਪੇਸ਼ ਕੀਤਾ ਗਿਆ, ਜਿਸ ਵਿੱਚ ਲਿਖਿਆ ਗਿਆ ਹੈ ਕਿ ਉਹ ਬਿਮਾਰ ਹੈ ਫਿਰ ਇਹ ਕੇਸ ਮਿਤੀ 9 ਮਈ, 1976 ਨੂੰ ਪਟਿਆਲਾ ਵਿਖੇ ਰੱਖਿਆ ਗਿਆ ਹੈ। ਇਸ ਮਿਤੀ ਤੇ ਸਵਰਗੀ ਜਸਵੰਤ ਸਿੰਘ. ਚੌਹਾਨ ਮੈਂਬਰ, ਸੂਬਾ

Original with;
Punjab Vidhan Sabha
Digitized by;
Panjab Digital Library

ਕੌਂਸਲ ਕੌਮਨਿਸ਼ਟ ਪਾਰਟੀ ਆਫ ਇੰਡੀਆ, ਪਿੰਡ ਰਾਮਗੜ੍ਹ ਸਰਦਾਰਾਂ ਧਰਮ ਸਿੰਘ, ਮਹਿੰਦਰ ਸਿੰਘ, ਛੱਜੂ ਸਿੰਘ, ਤੇ ਮਲਕੀਅਤ ਸਿੰਘ ਸ਼ਕਾਇਤੀਆਂ ਤੇ ਸਰਪੰਚ ਗਰਾਮ ਪੰਚਾਇਤ ਰਾਮਗੜ੍ਹ ਸਰਦਾਰਾਂ ਦੇ ਬਿਆਨਾਤ ਲਿਤੇ ਗਏ। ਇਸ ਪੜਤਾਲ ਦੇ ਸਬੰਧ ਵਿਚ ਮੇਰੀ ਟਿਪਣੀ ਨਿਮਨ ਲਿਖਤ ਅਨੁਸਾਰ ਹੈ :—

ਸ਼ਕਾਇਤੀਆਂ ਨੇ ਆਪਣੇ ਬਿਆਨਾਂ ਵਿਚ ਕਿਹਾ ਹੈ ਕਿ ਮਿਤੀ 31 ਮਈ, 1973 ਨੂੰ ਜੋ ਜ਼ਮੀਨ ਸ੍ਰੀ ਬਚਨ ਸਿੰਘ ਪੁੱਤਰ ਰਾਮਬਖਸ਼ ਪਿੰਡ ਰਾਮਗੜ੍ਹ ਸਰਦਾਰਾਂ ਨੂੰ ਤਿੰਨ ਸਾਲ ਲਈ 6300/- ਵਿੱਚ ਠੇਕੇ ਤੇ ਦਿਤੀ ਗਈ ਸੀ, ਪਰੰਤੂ ਹੁਣ ਇਹ ਜ਼ਮੀਨ 100/- ਰੁਪਏ ਵਿਚ ਠੇਕੇ ਤੇ ਦਿੱਤੀ ਗਈ ਹੈ। ਇਸ ਬਾਰੇ ਪੰਚਾਇਤ ਨੇ ਕੋਈ ਮਤਾ ਤੇ ਮੁਨਾਦੀ ਨਹੀਂ ਕਰਵਾਈ। ਇਸ ਬਾਰੇ ਸਰਪੰਚ ਨੇ ਆਪਣੇ ਬਿਆਨ ਵਿੱਚ ਦਸਿਆ ਹੈ ਕਿ ਇਹ ਗੱਲ ਠੀਕ ਹੈ ਕਿ ਸ੍ਰੀ ਬਚਨ ਸਿੰਘ ਪੁੱਤਰ ਰਾਮਬਖਸ਼ ਨੂੰ ਇਹ ਪਲਾਟ 6300/- ਰੁਪਏ ਵਿੱਚ 3 ਸਾਲ ਲਈ ਦਿਤਾ ਗਿਆ ਸੀ। ਇਹ ਪਿੰਡ ਵਿੱਚ ਪਾਰਟੀ ਬਾਜ਼ੀ ਕਾਰਨ ਇੰਨੀ ਰਕਮ ਤੇ ਚੜ੍ਹਿਆ ਸੀ। ਇਸ ਬੋਲੀ ਸਮੇਂ ਸ਼ਕਾਇਤੀ ਮਲਕੀਅਤ ਸਿੰਘ ਮੌਜੂਦ ਸੀ ਜੋ ਕਿ ਬੋਲੀ ਚੜ੍ਹਾਉਣ ਵਿਚ ਇਕ ਪਾਰਟੀ ਸੀ ਕਿਉਂਕਿ ਬਚਨ ਸਿੰਘ ਦੀ ਜ਼ਮੀਨ ਇਸ ਪਲਾਟਾਂ ਦੇ ਨਾਲ ਲਗਦੀ ਸੀ ਤਾਂ ਇਹ ਪਲਾਟ ਇੰਨੀ ਰਕਮ ਵਿਚ ਚੜ੍ਹਿਆ। ਸਾਲ 1967 ਵਿਚ ਇਹੋ ਪਲਾਟ ਸ੍ਰੀ ਬਚਨ ਸਿੰਘ ਪੁੱਤਰ ਰਾਮ ਬਖਸ਼ ਨੂੰ ਸ੍ਰੀ ਸੰਤੋਖ ਸਿੰਘ ਪੰਚਾਇਤ ਅਫਸਰ ਡੇਹਲੋਂ ਦੀ ਹਾਜ਼ਰੀ ਵਿਚ 20 ਰੁਪਏ ਵਿੱਚ ਦਿੱਤਾ ਗਿਆ ਸੀ ਕਿਉਂਕਿ ਇਹ ਨਾਕਸ ਤੇ ਕੱਲਰ ਵਾਲੀ ਜ਼ਮੀਨ ਹੈ। ਬਚਨ ਸਿੰਘ ਇਹ ਜ਼ਮੀਨ ਇਸ ਕਰਕੇ ਲੈਂਦਾ ਹੈ ਕਿ ਉਸਦੀ ਆਪਣੀ ਜ਼ਮੀਨ ਦਾ ਉਜਾੜਾ ਨਾ ਹੋਵੇ। ਸਾਲ 1975-76 ਵਿੱਚ ਵੀ ਉਹੀ ਵਿਅਕਤੀ ਨੂੰ 100 ਰੁਪਏ ਵਿਚ ਇਹ ਪਲਾਟ ਦਿਤਾ ਗਿਆ। ਇਸ ਬਾਰੇ ਬੀ.ਡੀ.ਪੀ.ਓ. ਨੂੰ ਲਿਖਿਆ ਗਿਆ ਸੀ ਕਿ ਇਸ ਪਲਾਟ ਦੀ ਬੋਲੀ ਘਟ ਹੋ ਰਹੀ ਹੈ ਕਿ ਉਹ ਆਪਣੀ ਮੌਜੂਦਗੀ ਵਿੱਚ ਆ ਕੇ ਕਰਾਉਣ। ਪਰੰਤੂ ਉਨ੍ਹਾਂ ਵਲੋਂ ਕੋਈ ਮਿਤੀ ਨਿਯਤ ਨਾ ਕੀਤੀ ਗਈ ਤਾਂ ਇਹ ਬੋਲੀ ਮਿਤੀ 15 ਅਪਰੈਲ, 1975 ਨੂੰ ਕੀਤੀ ਗਈ, ਜਿਸਦੀ ਸੂਚਨਾ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਡੇਹਲੋਂ ਨੂੰ ਭੇਜੀ ਗਈ। ਇਸ ਸਬੰਧੀ ਪੰਚਾਇਤ ਦਾ ਰਿਕਾਰਡ ਦੇਖਿਆ ਗਿਆ ਇਹ ਗੱਲ ਠੀਕ ਹੈ ਕਿ ਪਹਿਲਾਂ ਇਹ ਪਲਾਟ 6300 ਰੁਪਏ ਵਿਚ ਚੜ੍ਹਿਆ ਸੀ ਤੇ ਹੁਣ 100 ਰੁਪਏ ਵਿੱਚ। ਇਸ ਬਾਰੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਡੇਹਲੋਂ ਨੂੰ ਲਿਖਿਆ ਗਿਆ ਸੀ ਪਰੰਤੂ ਉਨ੍ਹਾਂ ਵਲੋਂ ਕੋਈ ਤਰੀਕ ਨਿਯਤ ਨਹੀਂ ਕੀਤੀ ਗਈ ਤੇ ਫਿਰ ਪੰਚਾਇਤ ਨੇ ਇਹ ਪਲਾਟ ਸ਼ਰੇਆਮ ਨਿਲਾਮ ਕੀਤਾ ਜਿਸ ਵਿੱਚ ਸਰਪੰਚ ਦੀ ਅਣਗਹਿਲੀ ਜ਼ਾਹਿਰ ਨਹੀਂ ਹੁੰਦੀ। ਪਹਿਲਾਂ ਇਹੋ ਪਲਾਟ 20 ਰੁਪਏ ਵਿੱਚ ਚੜ੍ਹਿਆ ਸੀ ਕਿਉਂਕਿ ਇਹ ਜ਼ਮੀਨ ਨਾਕਸ ਤੇ ਕੱਲਰ ਹੈ।

2. ਸ਼ਕਾਇਤੀਆਂ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਸਾਲ 1972 ਤੋਂ 1974 ਤੱਕ ਪੰਚਾਇਤ ਦੇ ਛੇ ਪਲਾਟਾਂ ਦੀ ਬੋਲੀ ਹੁੰਦੀ ਰਹੀ ਹੈ। ਪਰੰਤੂ ਸਾਲ 1975 ਵਿਚ ਪੰਜ ਪਲਾਟਾਂ ਦੀ ਬੋਲੀ ਹੋਈ ਇਕ ਪਲਾਟ ਦੀ ਕਿਉਂ ਬੋਲੀ ਨਹੀਂ ਹੋਈ। ਸਰਪੰਚ ਨੇ ਆਪਣੇ ਬਿਆਨ ਵਿੱਚ ਦਸਿਆ ਕਿ ਗਰਾਮ ਰਾਮਗੜ੍ਹ ਸਰਦਾਰਾਂ ਕੋਲ ਕੁਲ 14 ਏਕੜ ਸ਼ਾਮਲਾਤ ਜ਼ਮੀਨ ਹੈ ਜੋ ਚਕੋਤੇ ਤੇ ਦੇਣ ਲਈ ਛੇ ਪਲਾਟਾਂ ਵਿੱਚ ਵੰਡੀ ਗਈ ਹੈ। ਇਨ੍ਹਾਂ ਵਿੱਚੋਂ ਇਕ ਪਲਾਟ ਵੱਖਰਾ ਹੈ ਤੇ ਬਾਕੀ ਪਲਾਟ ਵੱਖਰੇ ਹਨ। ਪੰਜ ਪਲਾਟਾਂ ਦੀ ਬੋਲੀ ਇਸ-

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਵਿਕਾਸ]

ਦਿਨ ਕੀਤੀ ਗਈ ਤੇ ਛੇਵੇਂ ਪਲਾਟ ਦੀ ਬੋਲੀ ਘੱਟ ਹੁੰਦੀ ਸੀ ਇਸ ਬਾਰੇ ਬੋਲੀ ਦੇਣ ਵਾਲਿਆਂ ਨੂੰ ਹੋਰ ਸਮਾਂ ਦਿੱਤਾ ਗਿਆ ਤੇ ਇਸ ਪਲਾਟ ਦੀ ਬੋਲੀ ਤਿੰਨ ਦਿਨ ਬਾਦ ਕੀਤੀ ਗਈ। ਇਸ ਪਲਾਟ ਦੀ ਬੋਲੀ ਸਮੇਂ ਸਰਦਾਰ ਅਜੀਤ ਸਿੰਘ ਐਸ.ਈ.ਪੀ.ਓ. ਡੇਹਲੋਂ ਹਾਜ਼ਰ ਸਨ। ਇਸ ਸਬੰਧੀ ਪਟਵਾਰੀ ਦਾ ਰਿਕਾਰਡ ਤੇ ਪੰਚਾਇਤ ਰਿਕਾਰਡ ਵੇਖਿਆ ਗਿਆ। ਇਹ ਦੋਸ਼ ਸਰਪੰਚ ਵਿਰੁਧ ਸਾਬਤ ਨਹੀਂ ਹੋ ਸਕਿਆ।

3. ਸ਼ਕਾਇਤੀਆਂ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਪਿੰਡ ਵਿੱਚ ਹਸਪਤਾਲ ਵਾਲਾ ਪਲਾਟ ਸ੍ਰੀ ਜਗਮੇਲ ਸਿੰਘ ਪੁੱਤਰ ਸੁਰਜਨ ਸਿੰਘ ਨੂੰ ਲਗਾਤਾਰ ਕਈ ਸਾਲ ਤੋਂ ਠੇਕੇ ਤੇ ਦਿੱਤਾ ਹੋਇਆ ਹੈ। ਉਹ ਸਾਰਾ ਗੈਰ ਕਾਨੂੰਨੀ ਹੈ। ਸਿਰਫ਼ ਆਪਣੇ ਆਪਣੇ ਸਾਥੀ ਨੂੰ ਫਾਇਦਾ ਪਹੁੰਚਾਣ ਲਈ ਕੀਤਾ ਗਿਆ ਹੈ। ਸਰਪੰਚ ਨੇ ਇਸ ਬਾਰੇ ਦਸਿਆ ਕਿ ਇਹ ਪਲਾਟ ਸਕੂਲ ਦਾ ਹੈ ਹਸਪਤਾਲ ਦਾ ਨਹੀਂ। ਇਕ ਪਲਾਟ ਤਕਰੀਬਨ ਪੌਣੇ ਚਾਰ ਵਿਘੇ ਦੇ ਕਰੀਬ ਹੈ ਕਿਉਂਕਿ ਸਕੂਲ ਪਿੰਡ ਵਿੱਚ ਹੋਰ ਜਗ੍ਹਾਂ ਚਲ ਰਿਹਾ ਹੈ। ਇਸ ਲਈ ਪੰਚਾਇਤ ਇਹ ਪਲਾਟ ਬੋਲੀ ਤੇ ਦਿੰਦੀ ਹੈ। ਸ੍ਰੀ ਜਗਮੇਲ ਸਿੰਘ ਪੁੱਤਰ ਸੁਰਜਨ ਸਿੰਘ ਪਿੰਡ ਦਾ ਵਾਸੀ ਹੈ ਤੇ ਸ਼ਰੇਆਮ ਬੋਲੀ ਦੇ ਕੇ ਪਲਾਟ ਲਿੰਦਾ ਹੈ। ਦੋਹੀਂ ਧਿਰਾਂ ਦੇ ਬਿਆਨਾਂ ਨੂੰ ਮੁੱਖ ਰਖਦੇ ਹੋਏ ਮੈਂ ਇਹ ਸਮਝਦਾ ਹਾਂ ਕਿ ਸਰਪੰਚ ਨੇ ਪੰਚਾਇਤ ਦੇ ਫਾਇਦੇ ਲਈ ਇਹ ਪਲਾਟ ਦੀ ਬੋਲੀ ਕੀਤੀ ਹੈ ਜੇਕਰ ਇਹ ਪਲਾਟ ਖਾਲੀ ਰਹਿੰਦਾ ਤਾਂ ਪੰਚਾਇਤ ਨੂੰ ਇਸ ਦਾ ਕੋਈ ਫਾਇਦਾ ਨਹੀਂ ਸੀ ਪਹੁੰਚਦਾ। ਇਸ ਲਈ ਇਹ ਦੋਸ਼ ਸਰਪੰਚ ਵਿਰੁੱਧ ਸਾਬਤ ਨਹੀਂ ਹੁੰਦਾ।

4. ਸ਼ਕਾਇਤੀਆਂ ਨੇ ਆਪਣੇ ਬਿਆਨਾਂ ਵਿਚ ਕਿਹਾ ਹੈ ਕਿ ਜੋ ਜ਼ਮੀਨ ਬਾਬਾ ਸਿੰਘ ਪੁੱਤਰ ਸੁਰਜਨ ਸਿੰਘ ਨੂੰ ਦਿੱਤੀ ਜਿਸਦਾ ਪਹਿਲਾ ਬਕਾਇਆ 80 ਰੁਪਏ ਸੀ ਤੇ ਸਾਲ 1972-73 ਵਿੱਚ 930 ਰੁਪਏ ਤੇ 1974 ਵਿੱਚ 400 ਰੁਪਏ ਚਲਿਆ ਆ ਰਿਹਾ ਸੀ ਤੇ ਹੁਣ ਵੀ ਉਹੀ ਕਾਬਜ਼ ਹੈ। ਬਾਵਜੂਦ ਡੀਫਾਲਟਰ ਹੋਣ ਤੇ ਉਸਨੂੰ ਇਹ ਜ਼ਮੀਨ ਚਕੋਤੇ ਤੇ ਦਿੱਤੀ ਗਈ। ਇਸ ਬਾਰੇ ਸਰਪੰਚ ਨੇ ਦਸਿਆ ਕਿ ਬਾਬਾ ਸਿੰਘ ਪੁਤਰ ਸੁਰਜਨ ਸਿੰਘ ਬਕਾਇਦਾ ਸ਼ਰੇਆਮ ਬੋਲੀ ਦੇ ਕੇ ਜ਼ਮੀਨ ਲੈਂਦਾ ਰਿਹਾ ਹੈ। ਜੋ ਚਕੋਤੇ ਤੇ ਜ਼ਮੀਨ ਲੈਣ ਵਾਲੇ ਵਿਅਕਤੀ ਹਨ ਉਹ ਆਮ ਤੌਰ ਤੇ ਆਪਣੇ ਨਾਲ ਲਗਦੇ ਪਲਾਟਾਂ ਨੂੰ ਲੈਂਦੇ ਹਨ ਦੂਜੇ ਵਿਅਕਤੀ ਉਨ੍ਹਾਂ ਬਰਾਬਰ ਬੋਲੀ ਨਹੀਂ ਦੇਂਦੇ। ਇਨ੍ਹਾਂ ਪਲਾਟਾਂ ਵਿਚ ਪਾਣੀ ਦਾ ਕੋਈ ਇੰਤਜ਼ਾਮ ਨਹੀਂ ਹੈ। ਇਸ ਮਜਬੂਰੀ ਨੂੰ ਮੁਖ ਰਖਦੇ ਹੋਏ ਇਹ ਜ਼ਮੀਨ ਦਿੱਤੀ ਜਾਂਦੀ ਹੈ ਭਾਵੇਂ ਉਹ ਡਿਫਾਲਟਰ ਹੋਵੇ। ਬਕਾਇਆਂ ਦੀ ਵਸੂਲੀ ਬਾਰੇ ਪੰਚਾਇਤ ਬਕਾਇਦਾ ਕਾਰਵਾਈ ਕਰਦੀ ਹੈ। ਪੰਚਾਇਤ ਦਾ ਰਿਕਾਰਡ ਵੇਖਿਆ ਗਿਆ ਮਿਤੀ 10 ਅਪਰੈਲ, 1974 ਅਤੇ ਮਿਤੀ 15 ਜੂਨ, 1974 ਦੇ ਮਤੇ ਵੇਖੇ ਜਿਸ ਵਿੱਚ ਬੀ.ਡੀ.ਪੀ.ਉ. ਡੇਹਲੋਂ ਤੇ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਬੇਨਤੀ ਕੀਤੀ ਗਈ ਕਿ ਡੀਫਾਲਟਰਾਂ ਦਾ ਬਕਾਇਆ ਵਸੂਲ ਕਰਵਾਇਆ ਜਾਵੇ। ਇਸ ਸਬੰਧ ਵਿੱਚ ਮੈਂ ਸਮਝਦਾ ਹਾਂ ਕਿ ਸਰਪੰਚ ਦਾ ਕੋਈ ਦੋਸ਼ ਨਹੀਂ ਹੈ ਕਿਉਂਕਿ ਉਹ ਡੀਫਾਲਟਰਾਂ ਤੋਂ ਬਕਾਇਆ ਵਸੂਲਣ ਲਈ ਉਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਰਿਹਾ ਹੈ।

5. ਸ਼ਕਾਇਤੀਆਂ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਸ੍ਰੀ ਜਗਮੇਲ ਸਿੰਘ ਪੁੱਤਰ ਸੁਰਜਨ ਸਿੰਘ ਕਈ ਸਾਲ ਤੋਂ ਡੀਫਾਲਟਰ ਹੈ। ਉਸ ਵੱਲ 430/- ਰੁਪਏ ਦਾ ਬਕਾਇਆ ਹੈ। ਸਾਲ 1975-76 ਵਿੱਚ ਵੀ ਉਹੀ ਕਾਬਜ਼ ਹੈ। ਸਰਪੰਚ ਨੇ ਆਪਣੇ ਬਿਆਨ ਵਿੱਚ

Original with;
Punjab Vidhan Sabha
Digitized by;
Panjab Digital Library

ਦਸ਼ਿਆ ਹੈ ਕਿ ਇਹ ਗੱਲ ਠੀਕ ਹੈ ਕਿ ਪਿੰਡ ਵਿੱਚ ਸ਼ਰੇਆਮ ਬੋਲੀ ਸਮੇਂ ਨਾਲ ਲਗਦੇ ਪਲਾਟਾਂ ਵਾਲੇ ਹੀ ਬੋਲੀ ਵਧ ਦਿੰਦੇ ਹਨ। ਹੋਰ ਵਿਅਕਤੀ ਇਹ ਜ਼ਮੀਨ ਨਹੀਂ ਲੈਂਦੇ । ਇਸ ਵਿਅਕਤੀ ਤੋਂ ਪਿਛਲਾ ਬਕਾਇਆ ਵਸੂਲਣ ਲਈ ਪੰਚਾਇਤ ਯਤਨ ਕਰ ਰਹੀ ਹੈ । ਇਸ ਬਾਰੇ ਰਿਕਾਰਡ ਵੇਖਿਆ ਗਿਆ ਇਹ ਗੱਲ ਠੀਕ ਹੈ ਕਿ ਪਿੰਡ ਵਿੱਚ ਡੀਫਾਲਟਰ ਹੀ ਸ਼ਰੇਆਮ ਬੋਲੀ ਵਧ ਦੇ ਕੇ ਜ਼ਮੀਨ ਲੈਂਦੇ ਆ ਰਹੇ ਹਨ । ਡੀਫਾਲਟਰਾਂ ਦੀ ਵਸੂਲੀ ਲਈ ਉਚ ਅਧਿਕਾਰੀਆਂ ਨੂੰ ਲਿਖਿਆ ਗਿਆ ਹੈ ਪਰੰਤੂ ਉਨ੍ਹਾਂ ਵੱਲੋਂ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ । ਇਹ ਦੋਸ਼ ਵੀ ਸਰਪੰਚ ਵਿਰੁਧ ਸਾਬਤ ਨਹੀਂ ਹੁੰਦਾ ।

6. ਸ਼ਕਾਇਤੀਆਂ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਸ੍ਰੀ ਪੂਰਨ ਸਿੰਘ ਪੁੱਤਰ ਸ੍ਰੀ ਦਲੀਪ ਸਿੰਘ 4780/- ਰੁਪਏ ਦਾ ਡੀਫਾਲਟਰ ਹੈ ਪਰੰਤੂ ਸਾਲ 1975-76 ਵਿੱਚ ਵੀ ਉਸਨੂੰ 1900/- ਰੁਪਏ ਵਿਚ ਜ਼ਮੀਨ ਦਿੱਤੀ ਗਈ । ਪੂਰਨ ਸਿੰਘ, ਦਲੀਪ ਸਿੰਘ ਪੰਚ ਦਾ ਪੁਤਰ ਹੈ ਜੋ ਪੰਚਾਇਤ ਐਕਟ ਅਨੁਸਾਰ ਜ਼ਮੀਨ ਨਹੀਂ ਲੈ ਸਕਦਾ ਸੀ । ਇਸ ਬਾਰੇ ਸਰਪੰਚ ਨੇ ਆਪਣੇ ਬਿਆਨ ਵਿੱਚ ਦਸਿਆ ਕਿ ਪੂਰਨ ਸਿੰਘ ਪੁਤਰ ਦਲੀਪ ਸਿੰਘ ਨੇ ਇਹ ਜ਼ਮੀਨ ਚਕੋਤੇ ਤੇ ਲਿਤੀ ਪਰੰਤੂ ਉਹ ਦਲੀਪ ਸਿੰਘ ਤੋਂ ਵਖ਼ਰਾ ਰਹਿੰਦਾ ਹੈ । ਉਸ ਕੋਲੋਂ ਕੁਝ ਪੁਰਾਣਾ ਬਕਾਇਆ ਵਸੂਲ ਕੀਤਾ ਜਾ ਚੁਕਿਆ ਹੈ । ਇਸ ਬਾਰੇ ਮੌਕੇ ਤੇ ਰਿਕਾਰਡ ਵੇਖਿਆ ਗਿਆ । ਪੂਰਨ ਸਿੰਘ ਕੋਲੋਂ 1000/- ਰੁਪਏ ਦੇ ਕਰੀਬ ਵਸੂਲ ਕੀਤੇ ਜਾ ਚੁਕੇ ਹਨ ਤੇ ਬਾਕੀ ਰਕਮ ਵਸੂਲਣ ਲਈ ਕਾਰਵਾਈ ਕੀਤੀ ਜਾ ਰਹੀ ਹੈ । ਜਿਥੋਂ ਤੱਕ ਮੈਂਬਰ ਪੰਚਾਇਤ ਦੇ ਲੜਕੇ ਦਾ ਸਵਾਲ ਹੈ ਉਹ ਅਲਗ ਰਹਿੰਦਾ ਹੈ ਪਰ ਫਿਰ ਵੀ ਸਰਪੰਚ ਨੇ ਵਿਲੇਜ਼ ਕਾਮਨ ਲੈਂਡਜ਼ ਐਕਟ ਦੀ ਧਾਰਾ 6(1) (ਬੀ) ਦੀ ਉਲੰਘਣਾ ਕੀਤੀ ਹੈ ।

7. ਸ਼ਕਾਇਤੀਆਂ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਮਿਤੀ 31 ਮਾਰਚ, 1974 ਨੂੰ ਸ੍ਰੀ ਦਲੀਪ ਸਿੰਘ ਪੁੱਤਰ ਪਾਖਰ ਸਿੰਘ ਨੇ 1800/- ਰੁਪਏ ਚਕੋਤਾ ਦਿੱਤਾ ਉਹ ਪਲਾਟ ਦਸਿਆ ਜਾਵੇ । ਇਸ ਬਾਰੇ ਸਰਪੰਚ ਨੇ ਆਪਣੇ ਬਿਆਨ ਵਿੱਚ ਦਸਿਆ ਹੈ ਕਿ ਇਹ ਗੱਲ ਠੀਕ ਹੈ ਕਿ ਦਲੀਪ ਸਿੰਘ ਪੁਤਰ ਪਾਖਰ ਸਿੰਘ ਨੂੰ ਸਾਲ 1971 ਵਿੱਚ ਜ਼ਮੀਨ ਠੇਕੇ ਤੇ ਦਿੱਤੀ ਗਈ ਉਸ ਸਮੇਂ ਇਹ ਮੈਂਬਰ ਪੰਚਾਇਤ ਨਹੀਂ ਸੀ । ਉਸ ਤੋਂ ਇਹ ਰਕਮ ਵਸੂਲ ਕੀਤੀ ਜਾ ਚੁਕੀ ਹੈ । ਇਸ ਸਬੰਧ ਵਿੱਚ ਪੰਚਾਇਤ ਦੀ ਕੈਸ਼ ਬੁਕ ਦੇਖੀ ਗਈ । ਮਿਤੀ 31 ਮਾਰਚ, 1974 ਨੂੰ ਇਹ ਰਕਮ ਵਸੂਲ ਹੋ ਚੁਕੀ ਹੈ । ਇਸ ਲਈ ਇਹ ਦੋਸ਼ ਵੀ ਸਰਪੰਚ ਵਿਰੁਧ ਸਾਬਤ ਨਹੀਂ ਹੁੰਦਾ ।

8. ਸ਼ਕਾਇਤੀਆਂ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਸ੍ਰੀ ਗੁਰਦਿਆਲ ਸਿੰਘ ਪੁਤਰ ਗੁਲਜਾਰੀ ਹਰੀਜਨ ਤੋਂ ਮਿਤੀ 21 ਮਈ, 1974 ਨੂੰ 300/- ਰੁਪਏ ਵਸੂਲ ਕੀਤੇ ਗਏ। ਇਹ ਦਸਿਆ ਜਾਵੇ ਕਿ ਇਹ ਕਿਹੜਾ ਪਲਾਟ ਹੈ ਅਤੇ ਜਦੋਂ ਬੋਲੀ ਮਿਤੀ 26 ਮਈ, 1974 ਨੂੰ ਹੋਈ ਤਾਂ ਪੈਸੇ ਪਹਿਲਾਂ ਵਸੂਲ ਕੀਤੇ ਗਏ । ਸਰਪੰਚ ਨੇ ਆਪਣੇ ਬਿਆਨ ਵਿੱਚ ਦਸਿਆ ਕਿ ਇਹ ਗੱਲ ਗਲਤ ਹੈ ਕਿ ਗੁਰਦਿਆਲ ਸਿੰਘ ਤੋਂ ਮਿਤੀ 21 ਮਈ, 1974 ਨੂੰ ਰਕਮ ਵਸੂਲ ਕੀਤੀ ਗਈ । ਇਹ ਰਕਮ ਰਸੀਦ ਬੁਕ ਨੰ: 834 ਰਾਹੀਂ ਮਿਤੀ 26 ਮਈ, 1974 ਨੂੰ ਵਸੂਲ ਕੀਤੀ ਹੈ ਤੇ ਇਸ ਤਰੀਖ ਨੂੰ ਕੈਸ਼ ਬੁਕ ਵਿੱਚ ਇੰਦਰਾਜ ਕੀਤਾ ਗਿਆ । ਇਸ ਸਬੰਧ ਵਿੱਚ ਰਸੀਦ ਬੁਕ ਤੇ ਕੈਸ਼ ਬੁਕ ਵੇਖੀ ਗਈ ਇਹ ਗੱਲ ਠੀਕ ਹੈ ਕਿ ਰਕਮ ਮਿਤੀ 26 ਮਈ, 1974 ਨੂੰ ਹੀ ਵਸੂਲ ਕੀਤੀ ਗਈ ਤੇ ਉਸ ਦਾ ਇੰਦਰਾਜ ਵੀ ਕੈਸ਼ ਬੁਕ ਵਿੱਚ ਇਸ ਮਿਤੀ ਨੂੰ ਹੀ ਕੀਤਾ ਗਿਆ । ਇਸ ਲਈ ਇਹ ਦੋਸ਼ ਵੀ ਸਰਪੰਚ ਵਿਰੁਧ ਸਾਬਤ ਨਹੀਂ ਹੁੰਦਾ ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਵਿਕਾਸ]

9, ਸ਼ਕਾਇਤੀਆਂ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਸ੍ਰੀ ਮੇਲਾ ਸਿੰਘ ਪੁੱਤਰ ਮਲਣ ਸਿੰਘ ਤੋਂ ਮਿਤੀ 21 ਮਈ, 1974 ਨੂੰ 200/- ਰੁਪਏ ਵਸੂਲ ਕੀਤੇ ਗਏ, ਪਰੰਤੂ ਜ਼ਮੀਨ 220/- ਰੁਪਏ ਚਕੌਤੇ ਤੇ ਦਿੱਤੀ ਗਈ ਸੀ । ਸਰਪੰਚ ਨੇ ਆਪਣੇ ਬਿਆਨ ਵਿੱਚ ਦਸਿਆ ਕਿ ਮੇਲਾ ਸਿੰਘ ਪੁਤਰ ਮਲਣ ਸਿੰਘ ਤੋਂ 200/- ਰੁਪਏ ਵਸੂਲ ਹੋ ਚੁਕੇ ਹਨ ਤੇ 20/- ਰੁਪਏ ਉਸ ਵੱਲ ਬਕਾਇਆ ਹਨ । ਇਸ ਲਈ ਦੋਸ਼ ਸਰਪੰਚ ਵਿਰੁਧ ਸਾਬਤ ਨਹੀਂ ਹੁੰਦਾ ।

10. ਸ਼ਕਾਇਤੀਆਂ ਨੇ ਆਪਣੇ ਬਿਆਨਾਂ ਵਿੱਚ ਕਿਹਾ ਹੈ ਕਿ ਗੁਰਦਿਆਲ ਸਿੰਘ ਪੁਤਰ ਗੁਲਜ਼ਾਰੀ ਹਰੀਜਨ ਨੂੰ ਮਿਤੀ 26 ਮਈ, 1974 ਨੂੰ ਜ਼ਮੀਨ 1120/— ਰੁਪਏ ਵਿੱਚ ਚਕੌਤੇ ਤੇ ਦਿੱਤੀ ਗਈ, ਉਸ ਨੇ 21 ਮਈ, 1974 ਤੋਂ 20 ਅਕਤੂਬਰ, 1975 ਤੱਕ ਕੈਸ਼ ਬੁਕ ਅਨੁਸਾਰ 600/- ਰੁਪਏ ਅਦਾ ਕੀਤੇ ਜੋ ਬਕਾਇਆ ਰਕਮ 530/— ਰੁਪਏ ਹੈ ਉਸ ਦਾ ਗਬਨ ਹੈ । ਸਰਪੰਚ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਗੁਰਦਿਆਲ ਸਿੰਘ ਪੁਤਰ ਗੁਲਜ਼ਾਰੀ ਤੋਂ ਮਿਤੀ 26 ਮਈ, 1974 ਨੂੰ 300/- ਰੁਪਏ ਤੇ 1 ਜਨਵਰੀ, 1975 ਨੂੰ 300/- ਰੁਪਏ ਦੀ ਵਸੂਲੀ ਕੀਤੀ ਅਤੇ 530/-ਰੁਪਏ ਵਸੂਲਣ ਬਾਰੇ ਉਚ ਅਧਿਕਾਰੀਆਂ ਦੇ ਨੋਟਿਸ ਵਿੱਚ ਲਿਆਂਦਾ ਜਾ ਚੁਕਿਆ ਹੈ । ਗਬਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਇਸ ਬਾਰੇ ਰਿਕਾਰਡ ਵੇਖਿਆ ਗਿਆ । ਇਹ ਠੀਕ ਹੈ ਕਿ ਮਿਤੀ 26 ਮਈ, 1974 ਨੂੰ ਰਸੀਟ ਨੰ: 834 ਰਾਹੀਂ 300/-ਰੁਪਏ ਤੇ ਰਸੀਟ ਨੰ: 843 ਰਾਹੀਂ ਮਿਤੀ 1 ਜਨਵਰੀ, 1975 ਨੂੰ 300/-ਰੁਪਏ ਤੇ ਕੁਲ 600/-ਰੁਪਏ ਵਸੂਲ ਹੋ ਚੁਕੇ ਹਨ । ਇਸ ਲਈ ਸਰਪੰਚ ਵਿਰੁਧ ਇਹ ਦੋਸ਼ ਸਾਬਤ ਨਹੀਂ ਹੁੰਦਾ ।

11. ਸ਼ਕਾਇਤੀਆਂ ਨੇ ਆਪਣੇ ਬਿਆਨਾਂ ਵਿੱਚ ਕਿਹਾ ਹੈ ਕਿ ਜਗਮੇਲ ਸਿੰਘ ਪੁਤਰ ਸੁਰਜਨ ਸਿੰਘ ਨੂੰ ਸਾਲ 1973- 74 ਵਿੱਚ 215/-ਰੁਪਏ ਤੇ ਸਾਲ 1974-75 ਵਿੱਚ 225/- ਰੁਪਏ ਵਿੱਚ ਜ਼ਮੀਨ ਚਕੌਤੇ ਤੇ ਦਿੱਤੀ ਗਈ । ਕੈਸ਼ ਬੁਕ ਅਨੁਸਾਰ ਉਸ ਤੋਂ 430/- ਰੁਪਏ ਵਸੂਲੇ ਗਏ ਜਦੋਂ ਕਿ 440/– ਰੁਪਏ ਬਣਦੇ ਸੀ 10/— ਰੁਪਏ ਦਾ ਗਬਨ ਹੈ । ਸਰਪੰਚ ਨੇ ਆਪਣੇ ਬਿਆਨ ਵਿਚ ਦਸਿਆ ਕਿ ਸਾਲ 1973-74 ਵਿੱਚ 215/- ਰੁਪਏ ਸਾਲ 1975-76 ਵਿੱਚ 225/- ਰੁਪਏ ਵਿੱਚ ਜ਼ਮੀਨ ਚਕੌਤੇ ਤੇ ਦਿੱਤੀ ਗਈ ਸੀ ਪਰੰਤੂ ਉਸ ਕੋਲੋਂ ਹਾਲੇ ਤੱਕ ਵਸੂਲੀ ਨਹੀਂ ਹੋਈ । ਇਸ ਸਬੰਧੀ ਰਿਕਾਰਡ ਵੇਖਿਆ ਗਿਆ ਸੀ । ਇਹ ਗੱਲ ਠੀਕ ਹੈ ਕਿ ਚਕੌਤੇਦਾਰ ਕੋਲੋਂ ਕੋਈ ਵਸੂਲੀ ਨਹੀਂ ਹੋਈ । 10/–ਰੁਪਏ ਦੇ ਗਬਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਜਦੋਂ ਕਿ ਉਸ ਕੋਲੋਂ ਕੋਈ ਵਸੂਲੀ ਨਹੀਂ ਹੋਈ ਇਸ ਲਈ ਇਹ ਦੋਸ਼ ਵੀ ਸਰਪੰਚ ਵਿਰੁੱਧ ਸਾਬਤ ਨਹੀਂ ਹੋਇਆ ਹੈ ।

12. ਸ਼ਕਾਇਤੀਆਂ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਪੰਚਾਇਤ ਰੂਲਜ਼ ਅਨੁਸਾਰ 25 %ਚਕੌਤੇ ਦੀ ਰਕਮ ਮੌਕੇ ਤੇ ਵਸੂਲੀ ਜਾਣੀ ਹੈ ਪਰੰਤੂ ਪੰਚਾਇਤ ਨੇ ਕੋਈ ਰਕਮ ਮੌਕੇ ਤੇ ਨਹੀਂ ਵਸੂਲੀ । ਸਰਪੰਚ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਜਦੋਂ ਜ਼ਮੀਨ ਚਕੌਤੇ ਤੇ ਨਹੀਂ ਚੜ੍ਹਦੀ ਕਿਉਂਕਿ ਬੋਲੀ ਦੇਣ ਵਾਲੇ ਕੋਈ ਦਿਲਚਸਪੀ ਨਹੀਂ ਲੈਂਦੇ ਤਾਂ ਹਾਲਾਤ ਅਨੁਸਾਰ ਵਸੂਲੀ ਕਰਦੇ ਰਹੇ ਹਾਂ । ਮਿਤੀ 26 ਮਈ, 1974 ਨੂੰ ਮੌਕੇ ਤੇ ਚੋਖਾ ਹਿੱਸਾ ਵਸੂਲ ਕੀਤਾ ਗਿਆ ਤੇ ਜਿਨ੍ਹਾਂ ਪਟੇਦਾਰਾਂ ਵੱਲ ਬਕਾਇਆ ਹੈ ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਨੂੰ ਪੰਚਾਇਤ ਦੇ ਮਤੇ ਪਾਸ ਕਰਕੇ ਪੁਰਾਣੇ ਬਕਾਏ ਦੇਣ ਬਾਰੇ ਨੋਟਿਸ ਦਿੱਤੇ ਗਏ ਹਨ । ਉਪਰੋਕਤ ਬਿਆਨਾਂ ਨੂੰ ਮੁੱਖ ਰਖਦੇ ਹੋਏ ਮੈਂ ਸਮਝਦਾ ਹਾਂ ਕਿ ਇਸ ਵਿਚ ਸਰਪੰਚ ਦਾ ਕੋਈ ਦੋਸ਼ ਨਹੀਂ ।

13. ਸ਼ਕਾਇਤੀਆਂ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਡੀਫਾਲਟਰਾਂ ਨੂੰ ਲਗਾਤਾਰ ਜ਼ਮੀਨ ਦਿੱਤੀ ਜਾਂਦੀ ਰਹੀ ਹੈ ਜੋ ਕਿ ਕਈ ਸਾਲਾਂ ਤੋਂ ਡੀਫਾਲਟਰ ਹਨ ਇਹ ਕੁਨਬਾਪਰਵਰੀ ਹੈ । ਸਰਪੰਚ ਇਨ੍ਹਾਂ ਲੋਕਾਂ ਤੋਂ ਜਾਣ ਬੁਝ ਕੇ ਚਕੋਤਾ ਨਹੀਂ ਲੈਂਦਾ ਜੋ ਸਾਰੀ ਰਕਮ ਵਸੂਲਣ ਯੋਗ ਹੈ । ਸਰਪੰਚ ਨੇ ਆਪਣੇ ਬਿਆਨ ਵਿਚ ਦਸਿਆ ਕਿ ਜਿਨ੍ਹਾਂ ਪਟੇਦਾਰਾਂ ਵਲ ਬਕਾਇਆ ਰਹਿੰਦਾ ਹੈ ਉਨ੍ਹਾਂ ਨੂੰ ਪੰਚਾਇਤ ਦੇ ਮਤੇ ਪਾਸ ਕਰਕੇ ਨੋਟਿਸ ਦਿੱਤੇ ਗਏ ਹਨ, ਤੇ ਉਚ ਅਧਿਕਾਰੀਆਂ ਨੂੰ ਵੀ ਲਿਖਦੇ ਰਹੇ ਹਨ । ਸਮੇਂ ਸਮੇਂ ਸਿਰ ਵਸੂਲੀ ਹੁੰਦੀ ਰਹਿੰਦੀ ਹੈ ਅਤੇ ਅੱਜੇ ਵੀ ਕਾਫੀ ਪਟੇਦਾਰ ਡਿਫਾਲਟਰ ਹਨ । ਉਪਰੋਕਤ ਬਿਆਨਾਂ ਨੂੰ ਮੁੱਖ ਰਖਦੇ ਹੋਏ ਮੈਂ ਸਮਝਦਾ ਹਾ ਕਿ ਇਸ ਵਿੱਚ ਸਰਪਚ ਦੀ ਕੋਈ ਅਣਗਹਿਲੀ ਨਹੀਂ ।

14. ਸ਼ਕਾਇਤੀਆਂ ਨੇ ਆਪਣੇ ਬਿਆਨਾਂ ਵਿਚ ਕਿਹਾ ਹੈ ਕਿ ਸਰਪੰਚ ਨੇ ਪਿੰਡ ਵਿਚੋਂ ਚੁਲ੍ਹਾ ਟੈਕਸ ਵਸੂਲ ਕੀਤਾ ਹੈ ਪਰੰਤੂ ਜਮ੍ਹਾਂ ਨਹੀਂ ਕਰਵਾਇਆ । ਇਸ ਬਾਰੇ ਸਰਪੰਚ ਨੇ ਆਪਣੇ ਬਿਆਨਾਂ ਵਿਚ ਕਿਹਾ ਹੈ ਕਿ ਸਾਲ 1973 ਤੋਂ ਲੈ ਕੇ ਜੁਲਾਈ, 1975 ਤਕ ਚੁਲ੍ਹਾ ਟੈਕਸ ਦੇ 181 ਰੁਪਏ ਵਸੂਲੇ ਗਏ ਹਨ ਜੋ ਕਿ ਕੈਸ਼ ਬੁੱਕ ਵਿਚ ਦਰਜ ਹਨ । ਜਿਨ੍ਹਾਂ ਵਲ ਚੁਲ੍ਹਾ ਟੈਕਸ ਬਕਾਇਆ ਹੈ ਉਹ ਦੇਣ ਲਈ ਤਿਆਰ ਨਹੀਂ ਹਨ ਕਿਉਂ ਕਿ ਪਿੰਡ ਵਿਚ ਪਾਰਟੀਬਾਜ਼ੀ ਹੈ । ਇਸ ਬਾਰੇ ਬੀ.ਡੀ.ਪੀ.ਓ. ਸਾਹਿਬ ਨੂੰ ਲਿਖਿਆ ਗਿਆ ਹੈ ਕਿ ਉਹ ਆਪਣੇ ਅਖਤਿਆਰ ਵਰਤ ਕੇ ਵਸੂਲੀ ਕਰਵਾਉਣ । ਚੁਲ੍ਹਾ ਟੈਕਸ ਦੀ ਕੋਈ ਐਸੀ ਰਕਮ ਨਹੀਂ ਜੋ ਹਿਸਾਬ ਕਿਤਾਬ ਵਿਚ ਨਾ ਆਈ ਹੋਵੇ । ਇਸ ਸਬੰਧੀ ਰਿਕਾਰਡ ਵੇਖਿਆ ਗਿਆ ਹੈ । ਜੋ ਚੂਲ੍ਹਾ ਟੈਕਸ ਦੀ ਵਸੂਲੀ ਹੋਈ ਹੈ ਉਹ ਕੈਸ਼ ਬੁਕ ਵਿਚ ਦਰਜ਼ ਹੈ । ਇਹ ਦੋਸ਼ ਵੀ ਸਰਪੰਚ ਵਿਰੁਧ ਸਾਬਤ ਨਹੀਂ ਹੁੰਦਾ ।

15. ਸ਼ਕਾਇਤੀਆਂ ਨੇ ਆਪਣੇ ਬਿਆਨਾਂ ਵਿਚ ਕਿਹਾ ਹੈ ਕਿ ਸਾਡੇ ਪਿੰਡ ਨੂੰ 17,000 ਰੁਪਏ ਦੀਆਂ ਗਰਾਂਟਾਂ ਮਿਲੀਆਂ ਹਨ ਜੋ ਹਾਲੇ ਤਕ ਖ਼ਰਚ ਨਹੀਂ ਕੀਤੀਆਂ ਗਈਆਂ । ਸਰਪੰਚ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਜੂਨ, 1972 ਦੀਆਂ ਚੋਣਾਂ ਬਾਅਦ 31 ਮਾਰਚ, 1975 ਨੂੰ ਬਲਾਕ ਵਲੋਂ 1,000 ਰੁਪਏ ਦੀ ਗਰਾਂਟ ਸਕੂਲ ਦੀ ਮੁਰੰਮਤ ਲਈ ਆਈ ਜੋ ਕਿ ਅਜੇ ਤਕ ਖਰਚ ਨਹੀਂ ਹੋਈ । ਇਸ ਦਾ ਕਾਰਨ ਸੀਮਿੰਟ ਤੇ ਇੱਟਾਂ ਦਾ ਨਾ ਮਿਲਣਾ ਹੈ । ਹੁਣ ਇਹ ਗਰਾਂਟ ਖ਼ਰਚ ਕਰ ਦਿੱਤੀ ਜਾਵੇਗੀ । ਦੋਹਾਂ ਧਿਰਾਂ ਦੇ ਬਿਆਨਾਂ ਨੂੰ ਮੁੱਖ ਰੱਖਦੇ ਹੋਏ ਮੈ ਸਮਝਦਾ ਹਾਂ ਕਿ ਜੇ ਕਰ ਸਰਪਚ ਦਿਲਚਸਪੀ ਲੈਂਦਾ ਤਾਂ ਸਕੂਲ ਦਾ ਕੰਮ ਚਾਲੂ ਹੋ ਸਕਦਾ ਸੀ ।

ਪੜਤਾਲ ਸਮੇਂ ਦੋਹਾਂ ਧਿਰਾਂ ਦੇ ਬਿਆਨਾਂ ਤੋਂ ਅਤੇ ਰਿਕਾਰਡ ਵੇਖਣ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸ਼ਕਾਇਤ ਕਰਤਿਆਂ ਵਲੋਂ ਲਾਏ ਗਏ ਦੋਸ਼ ਆਮ ਤੌਰ ਤੇ ਪਿੰਡ ਵਿਚ ਬੜੀ ਸਖ਼ਤ ਪਾਰਟੀ ਬਾਜ਼ੀ ਦਾ ਹੀ ਨਤੀਜਾ ਹੈ । ਸਰਪੰਚ ਨਾਲ ਸਵਾਏ ਮਲਕੀਤ ਸਿੰਘ ਪੰਚ ਸ਼ਕਾਇਤੀ ਤੋਂ ਬਿਨਾਂ ਬਾਕੀ ਸਾਰੇ ਪੰਚ ਸਹਿਮਤ ਹਨ । ਜ਼ਿਆਦਾ ਮੱਤਭੇਦ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਵਿਕਾਸ]

ਤਾਂ ਪੰਚਾਇਤ ਦੀ ਚੋਣਾਂ ਸਮੇਂ ਹੋਇਆ ਜਾਪਦਾ ਹੈ। ਹਾਲਾਂ ਕਿ ਮੌਜੂਦਾ ਸਰਪੰਚ ਪਿਛਲੇ 10 ਜਾਂ 15 ਸਾਲਾਂ ਤੋਂ ਹੀ ਪਿੰਡ ਦਾ ਸਰਪੰਚ ਚਲਿਆ ਆ ਰਿਹਾ ਹੈ। ਪਿੰਡ ਵਿਚ ਜੋ ਸ਼ਾਮਲਾਤ ਜ਼ਮੀਨ ਹੈ ਉਸ ਨੂੰ ਚਕੋਤੇ ਤੇ ਦੇਣ ਦੇ ਢੰਗ ਅਤੇ ਚਕੋਤੇ ਦੀ ਰਕਮ ਵਸੂਲਣ ਲਈ ਪੰਚਾਇਤ ਦੀ ਪੋਜੀਸ਼ਨ ਬੜੀ ਮੁਸ਼ਕਲ ਵਿਚ ਹੈ। ਪੰਚਾਇਤ ਦੀ ਜ਼ਮੀਨ ਚਕੋਤੇ ਵਿਚ ਲੈਣ ਵਿਚ ਸਿਰਫ ਉਹੀ ਲੋਕ ਹੀ ਦਿਲਚਸਪੀ ਲੈਂਦੇ ਹਨ ਜਿਨ੍ਹਾਂ ਦੀ ਆਪਣੀ ਜ਼ਮੀਨ ਨਾਲ ਲਗਦੀ ਹੈ। ਇਸ ਲਿਹਾਜ ਨਾਲ ਹਲਾਤ ਅਨੁਸਾਰ ਉਨ੍ਹਾਂ ਦੀ ਮਨਮਾਨੀ ਚਲ ਜਾਂਦੀ ਹੈ ਕਿਉਂਕਿ ਹੋਰ ਕੋਈ ਵਿਅਕਤੀ ਬਾਹਰੋਂ ਆ ਕੇ ਵੱਧ ਬੋਲੀ ਨਹੀਂ ਦੇਣਾ ਚਾਹੁੰਦੇ। ਚਕੋਤੇ ਦੀ ਰਕਮ ਵਸੂਲਣ ਵਿਚ ਵੀ ਇਹ ਹੀ ਅੜਚਨ ਪੈਂਦੀ ਹੈ। ਪੰਚਾਇਤ ਬਾਕੀਦਾਰਾਂ ਨੂੰ ਨੋਟਿਸ ਵੀ ਦੇਂਦੀ ਹੈ ਅਤੇ ਉਚ ਅਧਿਕਾਰੀਆਂ ਨੂੰ ਵੀ ਲਿਖਦੀ ਹੈ, ਪਰੰਤੂ ਹਾਲਾਤ ਵਿਚ ਬਹੁਤਾ ਸੁਧਾਰ ਨਹੀਂ ਜਾਪਦਾ। ਇਹੋ ਕਾਰਨ ਹੈ ਕਿ ਪੰਚਾਇਤ ਨੂੰ ਬਹੁਤ ਦਫਾ ਪੰਚਾਇਤ ਰੂਲਜ਼ ਦੀ ਉਲੰਘਣਾ ਕਰਕੇ ਬਾਕੀਦਾਰਾਂ ਨੂੰ ਹੀ ਜ਼ਮੀਨ ਚਕੋਤੇ ਤੇ ਦੇਣੀ ਪੈਂਦੀ ਹੈ। ਜੇਕਰ ਚਕੋਤੇ ਤੇ ਜਮੀਨ ਨਾ ਚੜ੍ਹੇ, ਤਾਂ ਨਾਲ ਦੇ ਹੀ ਉਹ ਜ਼ਿਮੀਦਾਰ ਅਵਸ਼ ਹੀ ਉਸ ਜਮੀਨ ਤੇ ਨਜਾਇਜ਼ ਕਬਜ਼ਾ ਕਰ ਲੈਂਣਗੇ ਤੇ ਪੰਚਾਇਤ ਵਾਸਤੇ ਇਕ ਨਵੀਂ ਉਲਝਣ ਪੈਦਾ ਹੋ ਜਾਵੇਗੀ।

ਪੰਚਾਇਤ ਦਾ ਰਿਕਾਰਡ ਵੇਖਣ ਤੇ ਪਤਾ ਲਗਾ ਹੈ ਕਿ ਹੁਣ ਪੰਚਾਇਤ ਦੇ ਫੰਡ ਵਿਚ ਸੈਂਟਰਲ ਕੋਆਪਰੇਟਿਵ ਬੈਂਕ ਮਲੋਦ ਦੇ ਹਿਸਾਬ ਵਿਚ 5,318.33 ਪੈਸੇ ਜਮ੍ਹਾਂ ਹਨ ਤੇ ਸਰਪੰਚ ਦੇ ਹੱਥ ਵਿਚ ਆਗਿਆ ਤੋਂ ਵਧ ਰਕਮ ਨਹੀਂ ਰਹੀ। ਜਿਥੋਂ ਤਕ ਸਭਾ ਦਾ ਆਮ ਇਜਲਾਸ ਕਰਕੇ ਹਿਸਾਬ ਕਿਤਾਬ ਸੁਣਾਉਣ ਦੀ ਗਲ ਹੈ ਉਸ ਬਾਰੇ ਰਿਕਾਰਡ ਅਨੁਸਾਰ ਪੰਚਾਇਤ ਆਮ ਇਜਲਾਸ ਕਰਦੀ ਰਹੀ ਹੈ। ਹਾਲਾਂ ਕਿ ਸ਼ਕਾਇਤ ਵਿਚ ਹਿਸਾਬ ਕਿਤਾਬ ਬਾਰੇ ਜ਼ਿਕਰ ਹੈ ਪਰੰਤੂ ਸ਼ਕਾਇਤੀਆਂ ਨੇ ਆਪਣੇ ਬਿਆਨਾਂ ਵਿਚ ਕੁਝ ਨਹੀਂ ਦਸਿਆ।

ਉਪਰੋਕਤ ਦਸੀ ਰਪੋਟ ਅਨੁਸਾਰ ਮੈਂ ਮਹਿਸੂਸ ਕਰਦਾ ਹਾਂ ਕਿ ਸਰਪੰਚ ਦੇ ਖਿਲਾਫ਼ ਕੋਈ ਵੀ ਦੋਸ਼ ਸਿਧ ਨਹੀਂ ਹੁੰਦਾ ਇਸ ਲਈ ਇਹ ਸ਼ਕਾਇਤ ਦਾਖ਼ਲ ਦਫ਼ਤਰ ਕਰ ਦਿਤੀ ਜਾਵੇ।

ਆਪ ਵਲੋਂ ਆਏ ਕਾਗਜ਼ ਬਿਆਨਾਤ ਮੂਲ ਰੂਪ ਵਿਚ ਨੱਥੀ ਕੀਤੇ ਜਾਂਦੇ ਹਨ।

ਸਹੀ/—

ਡਵੀਜ਼ਨਲ ਡਿਪਟੀ ਡਾਇਰੈਕਟਰ ਪੰਚਾਇਤੀ ਰਾਜ
ਅਤੇ ਸਮੂਹਿਕ ਵਿਕਾਸ, ਪਟਿਆਲਾ।

**ਕਾਮਰੇਡ ਸੱਤ ਪਾਲ ਡਾਂਗ :** ਕੀ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਜਿਹੜੀ ਚਕੋਤੇ ਦੀ ਰਕਮ ਸਰਪੰਚ ਨੇ ਪਹਿਲੇ ਵਸੂਲ ਕੀਤੀ ਸੀ ਉਹ ਰਕਮ ਉਸ ਨੇ ਆਪਣੀ ਜੇਬ ਵਿਚ ਰਖ ਲਈ ਸੀ ਅਤੇ ਜਿਸ ਨੂੰ ਜ਼ਮੀਨ ਦਿੱਤੀ ਉਹ ਉਸ ਦੇ ਆਪਣੇ ਆਦਮੀ ਸਨ। ਇਸ ਤੇ ਉਸ ਨੂੰ ਸਸਪੈਂਡ ਕੀਤਾ ਗਿਆ ਸੀ ਪਰ 10 ਦਿਨਾਂ ਮਗਰੋਂ ਫਿਰ ਬਹਾਲ ਕਰ ਦਿੱਤਾ ਸੀ। ਫਿਰ ਉਸ ਨੇ 4,000 ਰੁਪਏ ਨਵੇਂ ਅਗਲੇ ਸਾਲ ਲਈ ਚਕੋਤੇ ਤੇ ਵਸੂਲ ਕੀਤੇ। ਉਸ ਦੀ ਕਾਊਂਟਿੰਗ ਵਾਸਤੇ ਇਕ ਆਡੀਟਰ ਘਲਿਆ ਗਿਆ।

Original with;
Punjab Vidhan Sabha
Digitized by;
Panjab Digital Library

ਜਦੋਂ ਉਹ ਆਡਿਟ ਕਰਨ ਲਗਿਆ ਤਾਂ ਉਥੇ ਜਿਹੜੇ ਸ਼ਿਕਾਇਤ ਕਰਨ ਵਾਲੇ ਆਏ ਸਨ ਉਨ੍ਹਾਂ ਨੂੰ ਉਥੋਂ ਨਹੀਂ ਬੈਠਣ ਦਿੱਤਾ ਗਿਆ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਰਾਮਗੜ੍ਹ ਸਰਪੰਚ ਦੀ ਕੀ ਤਾਕਤ ਹੈ ਕਿ ਚਾਹੇ ਅਕਾਲੀਆਂ ਦੀ ਸਰਕਾਰ ਆਉਂਦੀ ਹੈ ਤਾਂ ਉਹ ਵੀ ਉਸ ਦੀ ਲਿਹਾਜ਼ ਕਰਦੀ ਹੈ, ਹੁਣ ਕਾਂਗ੍ਰਸ ਦੀ ਸਰਕਾਰ ਹੈ ਤਾਂ ਇਹ ਵੀ ਉਸ ਦਾ ਲਿਹਾਜ਼ ਕਰਦੀ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਕੋਈ ਸਰਪੰਚ ਦੀ ਤਾਕਤ ਨਹੀਂ ਚਲਾਈ ਜਾਂਦੀ। ਜੋ ਪੜਤਾਲੀਆ ਰਿਪੋਰਟ ਹੈ ਉਹ ਸਦਨ ਦੀ ਮੇਜ਼ ਤੇ ਰੱਖੀ ਗਈ ਹੈ। ਮੈਂ ਹਾਊਸ ਦਾ ਵਕਤ ਜ਼ਾਇਆ ਨਹੀਂ ਕਰਨਾ ਚਾਹੁੰਦਾ ਉਹ ਇਨ੍ਹਾਂ ਨੇ ਆਪ ਪੜ੍ਹ ਲਈ ਹੋਣੀ ਹੈ। ਕਿਸੇ ਨਾਲ ਕੋਈ ਲਿਹਾਜ਼ ਨਹੀਂ ਕੀਤਾ ਜਾਂਦਾ।।

ਸਪੀਕਰ ਸਾਹਿਬ, ਇਕ ਗੱਲ ਹੋਰ ਹੈ ਕਿ ਉਥੇ ਬਹੁਤ ਵਡੀ ਧੜੇ-ਬੰਦੀ ਹੈ। ਇਕ ਪੰਚ ਉਸ ਦੇ ਖ਼ਿਲਾਫ ਹੈ ਅਤੇ ਬਾਕੀ ਪੰਚ ਉਸ ਦੇ ਹੱਕ ਵਿਚ ਹਨ। ਡਾਂਗ ਸਾਹਿਬ ਨੇ ਉਸ ਦੇ ਖ਼ਿਲਾਫ ਦੋਸ਼ ਲਾਕੇ 10 ਜੁਲਾਈ, 1976 ਨੂੰ ਇਕ ਚਿੱਠੀ ਭੇਜੀ ਸੀ। ਉਸ ਤੇ ਅਸੀਂ ਇਥੋਂ ਹੈਡ ਕੁਆਰਟਰ ਤੋਂ ਡਿਪਟੀ ਡਾਇਰੈਕਟਰ ਇਨਕੁਆਇਰੀ ਕਰਨ ਲਈ ਮੁਕਰੱਰ ਕਰ ਦਿੱਤਾ ਹੈ ਅਤੇ ਉਸ ਨੇ ਇਕ ਮਹੀਨੇ ਵਿਚ ਬਕਾਇਦਾ ਪੂਰੀ ਇਨਕੁਆਇਰੀ ਕਰਕੇ ਆਪਣੀ ਰਿਪੋਰਟ ਦੇਣੀ ਹੈ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਸ ਸਰਪੰਚ ਨੂੰ ਬਚਾਉਣ ਵਾਸਤੇ ਇਕ ਬੜਾ ਵਡਾ ਅਕਾਲੀ ਉਸ ਦੀ ਸਹਾਇਤਾ ਕਰ ਰਿਹਾ ਹੈ ਅਤੇ ਉਸ ਨੂੰ ਬਚਾਉਣ ਵਾਸਤੇ ਇਕ ਵੱਡਾ ਸਰਦਾਰ ਜੋ ਪਿਛੇ ਬੈਠਾ ਹੈ ਉਹ ਲਗਿਆ ਹੋਇਆ ਹੈ। ਕੀ ਇਹ ਇਨ੍ਹਾਂ ਦੇ ਨੋਟਿਸ ਵਿਚ ਹੈ ?

**ਰਾਜ ਮੰਤਰੀ** : ਇਸ ਦਾ ਮੈਨੂੰ ਤਾਂ ਪਤਾ ਨਹੀਂ। ਇਹ ਦਸ ਦੇਣ ਕਿ ਉਹ ਕੌਣ ਹੈ ?

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਦੋਸ਼ਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰਖੀ ਹੈ, ਉਹ ਵੇਖਣ ਤੇ ਪਤਾ ਲਗਦਾ ਹੈ ਕਿ ਇਸ ਦੇ ਨੰਬਰ 2 ਅਤੇ ਨੰਬਰ 4 ਉਸ ਸਰਪੰਚ ਦੇ ਵਿਰੁਧ ਸਾਬਤ ਹੋ ਗਏ ਹਨ ਅਤੇ ਉਸ ਨੇ 3,000 ਰੁਪਿਆ ਇਕ ਅਤੇ ਫਿਰ 400 ਰੁਪਿਆ ਬਣਾਇਆ। ਐਨਾ ਪੈਸਾ ਡੀਫਾਲਟਰ ਲੈ ਗਏ ਅਤੇ ਉਹ ਪੈਸਾ ਟਾਇਮ ਸਿਰ ਜਮ੍ਹਾਂ ਨਹੀਂ ਕਰਵਾਇਆ। ਇਸ ਤੇ ਸਿਰਫ ਉਸ ਦੀ 10 ਦਿਨ ਦੀ ਸਸਪੈਨਸ਼ਨ ਹੋਈ। ਮੈਂ ਇਹ ਪੁਛਦਾ ਹਾਂ ਕਿ ਇਸ ਦੋਸ਼ ਦੀ ਇਹੀ ਸਜ਼ਾ ਹੈ ਕਿ 10 ਦਿਨ ਦੀ ਸਸਪੈਨਸ਼ਨ ਅਤੇ ਫਿਰ ਬਹਾਲ ਕਰ ਦੇਣਾ ?

**ਰਾਜ ਮੰਤਰੀ** : ਸਪੀਕਰ ਸਾਹਿਬ, ਨੰਬਰ 2 ਤੇ ਇਹ ਲਿਖਿਆ ਹੈ :—

> "ਸਾਲ 1972-74 ਤਕ ਪੰਚਾਇਤ ਦੇ 6 ਪਲਾਟਾਂ ਦੀ ਬੋਲੀ ਹੁੰਦੀ ਰਹੀ ਹੈ ਪਰੰਤੂ ਸਾਲ 1975 ਵਿਚ 5 ਪਲਾਟਾਂ ਦੀ ਬੋਲੀ ਕਰਕੇ ਇਹ ਪਲਾਟ ਠੇਕੇ ਤੇ ਨਹੀਂ ਦਿੱਤਾ ਅਤੇ ਬੇਕਾਇਦਗੀ ਕੀਤੀ। ਨੰਬਰ 4 ਤੇ ਇਹ ਲਿਖਿਆ ਹੈ :—
>
> "ਸ੍ਰੀ ਬਾਵਾ ਸਿੰਘ ਪੁਤਰ ਸ੍ਰੀ ਸੁਰਜਨ ਸਿੰਘ ਵਲ ਚਕੋਤੇ ਦਾ ਪਿਛਲਾ ਬਕਾਇਆ 80 ਰੁਪਏ ਸਾਲ 1972-73 ਦਾ 930 ਰੁਪਏ ਅਤੇ 1974 ਦਾ 400 ਰੁਪਏ ਚਲਿਆ ਆ ਰਿਹਾ ਸੀ ਫਿਰ ਵੀ ਉਸ ਨੂੰ ਹੀ ਜ਼ਮੀਨ ਚਕੋਤੇ ਤੇ ਦੇ ਕੇ ਪੱਖ-ਪਾਤ ਨਾਲ ਕੰਮ ਲਿਆ ਗਿਆ।"

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਵਿਕਾਸ]

ਸਪੀਕਰ ਸਾਹਿਬ, ਇਸ ਤੋਂ ਅੱਗੇ ਨੰਬਰ 6 ਤੇ ਲਿਖਿਆ ਹੈ :—

" ਇਸੇ ਤਰ੍ਹਾਂ ਸ੍ਰੀ ਪੂਰਨ ਸਿੰਘ ਪੁਤਰ ਸ੍ਰੀ ਦਲੀਪ ਸਿੰਘ ਵਲ 4,780 ਰੁਪਏ ਦਾ ਬਕਾਇਆ ਹੈ ਫਿਰ ਵੀ ਸਾਲ 1975-76 ਵਿਚ ਉਸ ਨੂੰ ਜ਼ਮੀਨ 1,900 ਰੁਪਏ ਦੇ ਠੇਕੇ ਤੇ ਦਿੱਤੀ ਗਈ ਹਾਲਾਂਕਿ ਸ੍ਰੀ ਪੂਰਨ ਸਿੰਘ ਪੰਚ ਦਾ ਪੁਤਰ ਹੈ ।"

ਲੇਕਿਨ ਇਸ ਦੇ ਬਾਵਜੂਦ ਵੀ ਮੈਂ ਇਤਨੀ ਬੇਨਤੀ ਕੀਤੀ ਹੈ ਕਿ ਜਿਹੜੀਆਂ 3 ਨਵੀਆਂ ਕੰਪਲੇਟਾਂ ਆਈਆਂ ਸਨ, ਉਸ ਦੀ ਇਨਕੁਆਇਰੀ ਲਈ ਅਸੀਂ ਹੈਡਕੁਆਟਰ ਤੋਂ ਡਿਪਟੀ ਡਾਇਰੈਕਟਰ, ਸਰਦਾਰ ਜੁਗਿੰਦਰ ਸਿੰਘ ਨੂੰ ਮੁਕਰੱਰ ਕਰ ਦਿੱਤਾ ਹੈ । ਇਨਕੁਆਇਰੀ ਕਰਨ ਤੋਂ ਬਾਅਦ ਇਕ ਮਹੀਨੇ ਦੇ ਵਿਚ ਰਿਪੋਰਟ ਆ ਜਾਵੇਗੀ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਸਜਨ ਨੂੰ ਉਥੇ ਮੁਕਰੱਰ ਕੀਤਾ ਗਿਆ ਸੀ ਅਕਾਊਂਟਸ ਦੀ ਆਡਿਟ ਕਰਨ ਲਈ ਜਦੋਂ ਉਹ ਆਡਿਟ ਕਰਨ ਲਗਿਆ ਤਾਂ ਕਾਮਰੇਡ ਜਸਵੰਤ ਸਿੰਘ ਮੈਂਬਰ ਆਲ ਇੰਡੀਆਂ ਕਮਿਊਨਿਸਟ ਪਾਰਟੀ ਨੇ ਇਹ ਕਿਹਾ ਕਿ ਇਹ ਜਿਹੜੀਆਂ ਰਸੀਦਾਂ ਹਨ ਇਹ ਜਾਹਲੀ ਹਨ ਇਨ੍ਹਾਂ ਤੇ ਦਸਖਤ ਕਰਵਾ ਲਓ ਤਾਂ ਕਿ ਇਹ ਬਾਅਦ ਵਿਚ ਬਦਲੀਆਂ ਨਾਂ ਜਾਣ । ਪਰ ਉਨ੍ਹਾਂ ਨੇ ਉਸ ਨੂੰ ਤਾਂ ਬਾਹਰ ਕੱਢ ਦਿੱਤਾ ਅਤੇ ਸਰਪੰਚ ਨੂੰ ਅੰਦਰ ਬੈਠਾ ਲਿਆ । ਪਤਾ ਨਹੀਂ ਅੰਦਰ ਕੀ ਕਰਦੇ ਰਹੇ । ਇਸ ਲਈ ਮੈਂ ਹੁਣ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਹੁਣ ਉਸ ਦੀ ਪਰਾਪਰ ਇਨਕੁਆਇਰੀ ਕਰਵਾਈ ਜਾਵੇਗੀ ਅਤੇ ਕਿਸੇ ਕਿਸਮ ਦੀ ਲਿਹਾਜ਼ ਨਹੀਂ ਕੀਤੀ ਜਾਵੇਗੀ ?

**ਰਾਜ ਮੰਤਰੀ** : ਮੇਰੇ ਨੋਟਿਸ ਵਿਚ ਇਹ ਨਹੀਂ ਆਇਆ ਕਿ ਜਿਸ ਵੇਲੇ ਸਾਡਾ ਕੋਈ ਆਡਿਟ ਵਾਲਾ ਆਦਮੀ ਗਿਆ ਹੈ ਤਾਂ ਕਿਸੇ ਸ਼ਿਕਾਇਤ ਕੁਨਿੰਦਾ ਨੂੰ ਬਾਹਰ ਕਢਿਆ ਹੈ । ਅਗਰ ਕੋਈ ਐਸੀ ਗਲ ਨੋਟਿਸ ਵਿਚ ਲਿਆਂਦੀ ਜਾਵੇਗੀ ਤਾਂ ਪੜਤਾਲ ਕਰ ਲਈ ਜਾਵੇਗੀ ਔਰ ਇਹ ਵੀ ਪੜਤਾਲ ਕਰ ਲਈ ਜਾਵੇਗੀ ਕਿ ਕੋਈ ਮੁਤੱਲਕਾ ਆਦਮੀ ਸੀ ਜਾਂ ਕਿ ਆਲ ਇੰਡੀਆ ਦਾ ਆਦਮੀ ਸੀ ਜਿਸ ਦਾ ਪਿੰਡ ਨਾਲ ਕੋਈ ਤੁਅਲਕ ਹੀ ਨਹੀਂ ਸੀ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ , ਜਿਸ ਨੂੰ ਕੱਢਿਆ ਗਿਆ ਹੈ ਉਹ ਪੰਚਾਇਤ ਦਾ ਮੈਂਬਰ ਸੀ । (ਵਿਘਨ)

**ਸ੍ਰੀ ਸਪੀਕਰ** : ਆਰਡਰ, ਆਰਡਰ ।

(ਇਸ ਸਮੇਂ ਕਈ ਮਾਨਯੋਗ ਮੈਂਬਰ ਸਾਹਿਬਾਨ ਸਪਲੀਮੈਂਟਰੀ ਕਰਨ ਲਈ ਖੜੇ ਹੋ ਗਏ ।)

**ਸ੍ਰੀ ਸਪੀਕਰ** : ਹਾਂ ਜੀ, ਸਰਦਾਰ ਗੁਰਬਚਨ ਸਿੰਘ (ਰੂਪ ਨਗਰ)।

**ਇੱਕ ਆਵਾਜ਼** : ਇਹ ਹੁਣ ਰੂਪਨਗਰ ਬਣ ਗਏ । (ਹਾਸਾ)

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਬਚਨ ਸਿੰਘ** (ਰੋਪੜ) : ਸਪੀਕਰ ਸਾਹਿਬ, ਬਹੁਤ ਸਾਰੇ ਅੰਬੈਜ਼ਲਮੈਂਟ ਦੇ ਕੇਸ ਹੋਂਦੇ ਹਨ, ਗਰੀਵੈਂਸਿਜ਼ ਕਮੇਟੀਆਂ ਪਾਸ ਆਉਂਦੇ ਹਨ । ਉਥੇ ਆ ਕੇ ਉਹ ਕੇਸ ਸਾਬਤ ਵੀ ਹੁੰਦੇ ਹਨ । ਉਨ੍ਹਾਂ ਦੀ ਇਨਕੁਆਇਰੀ ਜਦੋਂ ਡੀ.ਡੀ.ਪੀ.ਓ., ਮੈਜਿਸਟਰੇਟ ਜਾਂ ਹੋਰ ਕੋਈ ਅਫਸਰ ਕਰ ਲੈਂਦਾ ਹੈ ਤਾਂ ਉਸ ਦੀ ਰਿਪੋਰਟ ਗਰੀਵੈਂਸਿਜ਼ ਕਮੇਟੀ ਪਾਸ ਆ ਜਾਂਦੀ ਹੈ । ਲੇਕਿਨ ਜਦੋਂ ਉਹ ਹੀ ਰਿਪੋਰਟ ਡਾਇਰੈਕਟੋਰੇਟ ਵਿਚ ਆ ਜਾਂਦੀ ਹੈ ਤਾਂ ਸਿਫਾਰਸ਼ਾਂ ਨਾਲ ਉਸ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਔਰ ਸਾਲ ਦੋ ਸਾਲ ਕੇਸ ਇਸ ਤਰ੍ਹਾਂ ਹੀ ਘੁੰਮਦੇ ਫਿਰਦੇ ਹਨ । ਇਸ ਲਈ ਮਨਿਸਟਰ ਸਾਹਿਬ ਇਸ ਕਿਸਮ ਦੇ ਹੁਕਮ ਕਰਨ ਨੂੰ ਤਿਆਰ ਹਨ ਕਿ ਜਦੋਂ ਕੋਈ ਇਸ ਤਰ੍ਹਾਂ ਦੀ ਰਿਪੋਰਟ ਗਰੀਵੈਂਸਿਜ਼ ਕਮੇਟੀ ਪਾਸ ਜਾਵੇ ਤਾਂ ਉਥੇ ਹੀ ਜਿਸ ਦਾ ਕਸੂਰ ਹੋਵੇ ਉਸ ਦੇ ਖ਼ਿਲਾਫ ਸਖ਼ਤ ਐਕਸ਼ਨ ਲਿਆ ਜਾਵੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਕਲ੍ਹ ਵੀ ਇਕ ਸਵਾਲ ਆਇਆ ਸੀ । ਉਸ ਤੇ ਵੀ ਕਈ ਰਾਵਾਂ ਆਈਆਂ ਸਨ । ਕੁਝ ਸੱਜਣ ਕਹਿੰਦੇ ਸਨ ਕਿ ਸਰਪੰਚਾਂ ਨੂੰ ਹਰਾਸ ਕੀਤਾ ਜਾ ਰਿਹਾ ਹੈ । ਕੈਪਟਨ ਰਤਨ ਸਿੰਘ ਜੀ ਨੇ ਕਿਹਾ ਸੀ ਕਿ ਕੀ ਉਹ ਕਰਾਇਮ ਪੇਸ਼ਾ ਲੋਕ ਹਨ ਜਿਨ੍ਹਾਂ ਨੂੰ ਤੰਗ ਕੀਤਾ ਜਾ ਰਿਹਾ ਹੈ ? ਸਪੀਕਰ ਸਾਹਿਬ, ਇਕ ਪ੍ਰੋਸੀਜਰ ਹੁੰਦਾ ਹੈ, ਔਰ ਇਨਕੁਆਇਰੀ ਹੁੰਦੀ ਹੈ । ਪਹਿਲਾਂ ਦਫਾ 102 ਦੇ ਤਹਿਤ ਅਸੀਂ ਇਨਕੁਆਇਰੀ ਕਰਾਉਂਦੇ ਹਾਂ ਔਰ ਉਸ ਤੋਂ ਬਾਅਦ ਉਹ ਸੱਸਪੈਂਡ ਹੋ ਜਾਂਦਾ ਹੈ । ਉਸ ਦੇ ਖ਼ਿਲਾਫ ਫਿਰ ਇਨਕੁਆਇਰੀ ਹੁੰਦੀ ਹੈ, ਦੋਸ਼ ਸਾਬਤ ਹੁੰਦੇ ਹਨ । ਫਿਰ ਰਿਮੂਵ ਕਰਨ ਲਈ ਡਾਇਰੈਕਟਰ ਵਲੋਂ 15 ਦਿਨਾਂ ਦਾ ਬਾਕਾਇਦਾ ਨੋਟਿਸ ਦਿੱਤਾ ਜਾਂਦਾ ਹੈ ਕਿ ਤੂੰ ਜਵਾਬ ਦੇ । ਫਿਰ ਉਹ ਜਵਾਬ ਦਿੰਦਾ ਹੈ । ਇਸ ਤੋਂ ਬਾਅਦ ਡਾਇਰੈਕਟਰ ਹੀਅਰਿੰਗ ਦਿੰਦਾ ਹੈ । ਫਿਰ ਹੀਅਰਿੰਗ ਤੋਂ ਬਾਅਦ ਰੀਮੂਵ ਕੀਤਾ ਜਾਂਦਾ ਹੈ । ਜੇਕਰ ਇਹ ਕਹਿਣ ਕਿ ਗਰੀਵੈਂਸਿਜ਼ ਕਮੇਟੀ ਦੇ ਲੈਵਲ ਤੇ ਹੀ ਰੀਮੂਵ ਕਰ ਦਿੱਤਾ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਉਨ੍ਹਾਂ ਚੁਣੇ ਹੋਏ ਆਦਮੀਆਂ ਨਾਲ ਧੱਕਾ ਹੋਵੇਗਾ ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਜਵਾਬ ਦਿੰਦਿਆਂ ਆਨਰੇਬਲ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਮੁੜ ਕੇ ਉਨ੍ਹਾਂ ਆਦਮੀਆਂ ਨੂੰ ਹੀ ਜ਼ਮੀਨ ਚਕੋਤੇ ਤੇ ਦੇ ਦਿੱਤੀ ਜਿਨ੍ਹਾਂ ਵਲੋਂ ਪਿਛਲੇ ਸਾਲ ਦਾ ਬਕਾਇਆ ਨਹੀਂ ਸੀ ਆਇਆ । ਇਸ ਦਾ ਮਤਲਬ ਹੈ ਕਿ ਸਰਪੰਚ ਇਨਟਰੱਸਟਿਡ ਹੈ ਉਨ੍ਹਾਂ ਆਦਮੀਆਂ ਵਿਚ ਨਹੀਂ ਤਾਂ ਪਿਛਲੇ ਸਾਲ ਦਾ ਜਿਨ੍ਹਾਂ ਵਲ ਬਕਾਇਆ ਹੋਵੇ ਉਸ ਨੂੰ ਚਕੋਤੇ ਤੇ ਜ਼ਮੀਨ ਨਹੀਂ ਦਿੱਤੀ ਜਾਂਦੀ । ਇਹ ਗਲਤ ਗੱਲ ਕੀਤੀ ਗਈ ਹੈ । ਮੈਂ ਸਮਝਦਾ ਹਾਂ ਕਿ 10 ਦਿਨ ਹੀ ਸੱਸਪੈਂਡ ਕਰਕੇ ਬਹਾਲ ਕਰ ਦੇਣਾ ਮੁਨਾਸਿਬ ਨਹੀਂ ਸੀ । ਉਸ ਨੂੰ ਸੱਸਪੈਂਡ ਰਖਣਾ ਚਾਹੀਦਾ ਸੀ ਕਿਉਂਕਿ ਇਹ ਕਲੀਅਰ ਕੱਟ ਗੱਲ ਹੈ ।

**ਸ੍ਰੀ ਸਪੀਕਰ** : ਉਨ੍ਹਾਂ ਨੇ ਤਾਂ ਕੇਸ ਦੀ ਬੈਕਗਰਾਊਂਡ ਦੱਸੀ ਹੈ । ਤੁਸੀਂ ਸਵਾਲ ਪੁੱਛੋ ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿੱਥੇ ਕਲੀਅਰ ਕੱਟ ਦੋਸ਼ ਸਾਬਤ ਹੋ ਗਿਆ ਹੈ, ਉਸ ਵਿਚ ਰਿਆਇਤ ਕੀਤੀ ਹੈ। ਕਿਉਂ ਸੱਸਪੈਨਸ਼ਨ ਤੋਂ ਉਸ ਨੂੰ ਬਰੀ ਕੀਤਾ ਗਿਆ ਹੈ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਇਹ ਪੜਤਾਲੀਆ ਰਿਪੋਰਟ ਹੈ। ਇਸ ਵਿਚ ਲਿਖਿਆ ਹੋਇਆ ਹੈ ਕਿ ਜ਼ਮੀਨਾਂ ਦੇ ਪਲਾਟ ਇਸ ਤਰ੍ਹਾਂ ਦੇ ਹਨ ਕਿ ਕੁਝ ਆਦਮੀਆਂ ਦੀਆਂ ਜ਼ਮੀਨਾਂ ਦੇ ਉਹ ਵਿਚਕਾਰ ਆਉਂਦੇ ਹਨ। ਜਦੋਂ ਬੋਲੀ ਹੁੰਦੀ ਹੈ ਤਾਂ ਉਹ ਆਦਮੀ ਹੀ ਜ਼ਿਆਦਾ ਬੋਲੀ ਦਿੰਦੇ ਹਨ ਦੂਸਰੇ ਨਹੀਂ ਦਿੰਦੇ। (ਵਿਘਨ) ਇਹ ਇਸ ਰਿਪੋਰਟ ਵਿਚ ਲਿਖਿਆ ਹੋਇਆ ਹੈ। ਇਹ ਤੁਹਾਡੇ ਸਾਹਮਣੇ ਹੈ।

(ਵਿਘਨ)

**Mr. Speaker** : Please do not interrupt. ਮਨਿਸਟਰ ਸਾਹਿਬ ਨੂੰ ਬੋਲਣ ਦਿਓ।

**ਕਾਮਰੇਡ ਸੱਤ ਪਾਲ ਡਾਂਗ** : ਤੁਸੀਂ ਉਸ ਅਫਸਰ ਨੂੰ ਸੱਸਪੈਂਡ ਕਰੋ ਜਿਹੜਾ ਇਹ ਕਹਿੰਦਾ ਹੈ ਕਿ ਸਰਪੰਚ ਦਾ ਇਸ ਵਿਚ ਕਸੂਰ ਨਹੀਂ ਹੈ।......(ਵਿਘਨ)

**Mr. Speaker** : Please do not interrupt.

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਅੱਗੇ ਵੀ ਕਹਿ ਦਿੱਤਾ ਹੈ ਕਿ ਰਾਮਗੜ੍ਹ ਦੇ ਸਰਦਾਰ ਵਿਧਾਨ ਸਭਾ ਦੇ ਮੈਂਬਰ ਦੇ ਨਾਲ ਆਉਂਦੇ ਰਹੇ। ਮੈਂ ਡਵੀਜ਼ਨਲ ਡਿਪਟੀ ਡਾਇਰੈਕਟਰ ਦੀ ਰਿਪੋਰਟ ਤੇ ਨਾਤਸੱਲੀ ਪਰਗਟ ਕਰਦੇ ਹੋਏ ਇਥੋਂ ਦਾ ਡਿਪਟੀ ਡਾਇਰੈਕਟਰ ਲਗਾਇਆ ਹੈ। ਜੇਕਰ ਹੁਣ ਉਸ ਦੀ ਰਿਪੋਰਟ ਵਿਚ ਸਬੂਤ ਹੋ ਗਿਆ ਕਿ ਪਿਛਲੇ ਡਵੀਜ਼ਨਲ ਡਿਪਟੀ ਡਾਇਰੈਕਟਰ ਜਾਂ ਬੀ.ਡੀ.ਪੀ.ਓ. ਨੇ ਕੋਈ ਗਲਤ ਇਨਫਰਮੇਸ਼ਨ ਦਿੱਤੀ ਹੈ, ਜ਼ਰੂਰ ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ ਔਰ ਸਰਪੰਚ ਦੇ ਖਿਲਾਫ ਵੀ ਜੇਕਰ ਦੋਸ਼ ਸਾਬਤ ਹੋ ਗਏ ਤਾਂ ਮਹੀਨੇ ਦੇ ਵਿਚ ਵਿਚ ਹੀ ਐਕਸ਼ਨ ਲਿਆ ਜਾਵੇਗਾ।

---

**ਸਟਾਰਡ ਸਵਾਲ ਨੰਬਰ 3743***

(ਇਸ ਸਮੇਂ ਮਾਸਟਰ ਦਲੀਪ ਚੰਦ ਜੀ ਬੋਲਣ ਲਈ ਖੜ੍ਹੇ ਹੋਏ)

**ਸ੍ਰੀ ਸਪੀਕਰ** : ਸਵਾਲ ਨੰ: 3743 ਬਾਰੇ ਐਕਸਟੈਨਸ਼ਨ ਮੰਗੀ ਗਈ ਹੈ। ਵਜ਼ੀਰ ਸਾਹਿਬ, ਇਹ ਮਾਮੂਲੀ ਜਿਹਾ ਮਾਮਲਾ ਸੀ ਪਰ ਐਕਸਟੈਨਸ਼ਨ ਮੰਗ ਲਈ ਗਈ ਹੈ। ਅਗਰ ਵਜ਼ੀਰ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ ਤਾਂ ਠੀਕ ਹੈ। ਵੈਸੇ ਤਾਂ ਇਹ ਬੱਸ ਚਲਾਉਣ ਦੀ ਗੱਲ ਹੀ ਹੈ।

**ਰਾਜ ਮੰਤਰੀ, ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ** : ਸਪੀਕਰ ਸਾਹਿਬ, ਜਿੱਥੇ ਲਈ ਬੱਸ ਸਰਵਿਸ ਮੰਗ ਰਹੇ ਹਨ ਉਥੇ ਬੱਸ ਲਗਾ ਦੇਵਾਂਗੇ। (ਥੰਪਿੰਗ)

---

*For Starred Question No. 3743 and reply thereto please see Appendix to this Debate.

Original with;
Punjab Vidhan Sabha
Digitized by;
Panjab Digital Library

**ਸਟਾਰਡ ਸਵਾਲ ਨੰਬਰ 3791**

(ਸਬੰਧਤ ਮਾਨਯੋਗ ਮੈਂਬਰ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ)

**ਸ਼੍ਰੀ ਸਪੀਕਰ** : ਹਾਂ ਜੀ, ਅਗਲਾ ਸਵਾਲ । ਕਾਮਰੇਡ ਦਾਨਾ ਰਾਮ ਜੀ ਨਹੀਂ ਹਨ ।

**ਕਾਮਰੇਡ ਸੱਤ ਪਾਲ ਡਾਂਗ** : ਮੇਰਾ ਵੀ ਇਸ ਵਿਚ ਨਾਉਂ ਹੈ ਜੀ ।

**ਸ਼੍ਰੀ ਸਪੀਕਰ** : ਠੀਕ ਹੈ, ਤੁਸੀਂ ਪੁੱਟ ਕਰੋ ।

---

**ਪੰਜਾਬ ਪੁਨਰਗਠਨ ਐਕਟ 1966 ਅਧੀਨ ਕੈਨਾਲ ਹਸਪਤਾਲ ਤਲਵਾੜਾ ਦੇ ਅਮਲੇ ਦੀ ਵੰਡ**

*3709 1. ਕਾਮਰੇਡ ਦਾਨਾ ਰਾਮ
2. ਕਾਮਰੇਡ ਸੱਤ ਪਾਲ ਡਾਂਗ : ਕੀ ਸਿਹਤ ਅਤੇ ਸੰਤਾਨ ਸੰਜਮ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੈਨਾਲ ਹਸਪਤਾਲ, ਤਲਵਾੜਾ ਵਿਚ 1 ਜੂਨ, 1976 ਨੂੰ ਸ਼੍ਰੇਣੀਵਾਰ ਕਿੰਨਾ ਕਿੰਨਾ ਅਮਲਾ ਸੀ ;

(ਅ) ਉਪਰੋਕਤ ਭਾਗ (ੳ) ਵਿਚ ਦੱਸੇ ਗਏ ਕਿੰਨੇ ਵਿਅਕਤੀਆਂ ਦੀ ਵੰਡ ਪੰਜਾਬ ਪੁਨਰਗਠਨ ਐਕਟ, 1966 ਅਧੀਨ ਅਜੇ ਪੰਜਾਬ ਅਤੇ ਹਰਿਆਣਾ ਨੂੰ ਹੋਣੀ ਰਹਿੰਦੀ ਹੈ ;

(ੲ) ਉਪਰੋਕਤ ਹਸਪਤਾਲ ਵਿਚ ਅਮਲੇ ਦਾ ਸ਼੍ਰੇਣੀਵਾਰ ਵਿਵਰਣ ਸਦਨ ਦੀ ਮੇਜ਼ ਤੇ ਰਖਣਗੇ ;

(ਸ) ਕੀ ਜੂਨ, 1976 ਵਿਚ ਕਿਸੇ ਵਿਧਾਇਕ ਨੇ ਮੁੱਖ ਮੰਤਰੀ ਨੂੰ ਇਸ ਬਾਰੇ ਲਿਖਿਆ ; ਜੇਕਰ ਅਜਿਹਾ ਹੋਵੇ ਤਾਂ ਉਸਦਾ ਵੇਰਵਾ ਕੀ ਹੈ ;

(ਹ) ਉਪਰੋਕਤ ਭਾਗ (ਅ) ਵਿਚ ਦੱਸੀ ਗਈ ਵੰਡ ਕਦੋਂ ਤਕ ਹੋ ਜਾਣ ਦੀ ਸੰਭਾਵਨਾ ਹੈ ਅਤੇ ਦੇਰੀ ਦੇ ਕੀ ਕਾਰਨ ਹਨ ?

**ਸਰਦਾਰ ਬਲਬੀਰ ਸਿੰਘ** :

(ੳ) ਤੇ (ੲ) ਕਨਾਲ ਹਸਪਤਾਲ, ਤਲਵਾੜਾ ਦਾ ਮੰਜ਼ੂਰ ਸ਼ੁਦਾ ਸਟਾਫ ਅਤੇ ਜੋ ਸਟਾਫ ਸ਼੍ਰੇਣੀਵਾਰ 1 ਜੂਨ, 1976 ਨੂੰ ਇਸ ਵਿਰੁੱਧ ਲਗਿਆ ਹੋਇਆ ਸੀ, ਦਾ ਵੇਰਵਾ ਪ੍ਰਗਟਾਉਂਦਾ ਵਿਵਰਨ ਪੱਤਰ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ ।

(ਅ) ਨਿੱਲ

(ਸ) ਹਾਂ ਜੀ, ਇਸ ਬਾਰੇ ਇਕ ਚਿੱਠੀ ਸ਼੍ਰੀ ਸੱਤਪਾਲ ਡਾਂਗ, ਐਮ.ਐਲ.ਏ. ਤੋਂ ਪ੍ਰਾਪਤ ਹੋਈ ਸੀ, ਜਿਸ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਹ) ਸਵਾਲ ਹੀ ਪੈਦਾ ਨਹੀਂ ਹੁੰਦਾ ।

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਸੰਤਾਨ ਸੰਜਮ ਦੇ ਰਾਜ ਮੰਤਰੀ]

(ੳ) ਕਨਾਲ ਹਸਪਤਾਲ, ਤਲਵਾੜਾ ਵਿਚ ਜੋ ਅਮਲਾ 1 ਜੂਨ, 1976 ਨੂੰ ਮਨਜ਼ੂਰ ਸ਼ੁਦਾ ਕੰਮ ਕਰ ਰਿਹਾ ਸੀ, ਹੇਠ ਦਸਿਆ ਜਾਂਦਾ ਹੈ :—

| ਲੜੀ ਨੰ: | ਅਹੁਦਾ | ਮਨਜ਼ੂਰ ਸ਼ੁਦਾ ਅਸਾਮੀਆਂ ਦੀ ਗਿਣਤੀ | ਭਰੀਆਂ ਹੋਈਆਂ ਅਸਾਮੀਆਂ ਦੀ ਗਿਣਤੀ |
|---|---|---|---|
| 1 | 2 | 3 | 4 |
| 1. | ਪ੍ਰਿੰਸੀਪਲ ਮੈਡੀਕਲ ਅਫਸਰ | 1 | 1 |
| 2. | ਮੈਡੀਕਲ ਅਫਸਰ (ਮੇਲ) | 6 | 5 |
| 3. | ਮੈਡੀਕਲ ਅਫਸਰ (ਫੀਮੇਲ) | 2 | 2 |
| 4. | ਰੇਡੇਆਲੋਜਿਸਟ-ਕਮ-ਅਨੈਥਿਸਟ | 1 | 1 |
| 5. | ਡੈਂਟਿਸਟ | 1 | 1 |
| 6. | ਮੈਟਰਨ | 1 | 1 |
| 7. | ਫਾਰਮਿਸਟ (ਮੇਲ) | 10 | 10 |
| 8. | ਫਾਰਮਿਸਟ (ਫੀਮੇਲ) | 1 | 1 |
| 9. | ਰੇਡੀਓਗਰਾਫਰ | 1 | 1 |
| 10. | ਹੈਡ ਕਲਰੱਕ | 1 | 1 |
| 11. | ਅਕਾਊਂਟੈਂਟ | 1 | 1 |
| 12. | ਸਟੈਨੋ-ਟਾਈਪਿਸਟ | 1 | 1 |
| 13. | ਕਲਰਕ | 3 | 3 |
| 14. | ਕੰਪੂਟਰ | 1 | 1 |
| 15. | ਸਟੋਰ-ਕੀਪਰ | 1 | — |
| 16. | ਨਰਸਿੰਗ ਸਿਸਟਰ | 3 | 3 |
| 17. | ਸਟਾਫ ਨਰਸ | 20 | 18 |
| 18. | ਲੇਡੀ ਹੈਲਥ ਵਿਜ਼ੀਟਰ | 1 | 1 |
| 19. | ਲਬਾਟਰੀ ਐਸਿਸਟੈਂਟ ਗਰੇਡ (1) | 1 | 1 |
| 20. | ਲਬਾਟਰੀ ਐਸਿਸਟੈਂਟ ਗਰੇਡ (2) | 2 | — |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| 21. | ਨਰਸ ਦਾਈ | 1 | 1 |
| 22. | ਆਪਰੇਸ਼ਨ ਥੀਏਟਰ ਐਸਿਸਟੈਂਟ | 1 | 1 |
| 23. | ਐਸਿਸਟੈਂਟ ਡੈਂਟਿਲ ਮਕੈਨਿਕ | 1 | 1 |
| 24. | ਏ.ਐਨ.ਐਮ. | 5 | 5 |
| 25. | ਵੈਕਸੀਨੇਟਰ | 1 | 1 |
| 26. | ਲਬਾਟਰੀ ਅਟੈਂਡੈਂਟ | 1 | 1 |
| 27. | ਸੈਨੇਟਰੀ ਪੈਟ-ਰੋਲ | 3 | 3 |
| 28. | ਵਾਰਡ ਸਰਵੈਂਟ (ਮੇਲ) | 13 | 13 |
| 29. | ਵਾਰਡ ਸਰਵੈਂਟ (ਫੀਮੇਲ) | 6 | 6 |
| 30. | ਸਫਾਈ ਸੇਵਕ (ਮੇਲ) | 14 | 14 |
| 31. | ਸਫਾਈ ਸੇਵਕ (ਫੀਮੇਲ) | 8 | 8 |
| 32. | ਵਾਰਡ ਅਟੈਂਡੈਂਟ | 6 | 6 |
| 33. | ਵਿਸਟੀਜ਼ | 2 | 2 |
| 34. | ਚਪੜਾਸੀ | 4 | 4 |
| 35. | ਹੈਡ ਕੁੱਕ | 1 | 1 |
| 36. | ਕੁੱਕ | 1 | 1 |
| 37. | ਕੀਚਨ ਸਰਵੈਂਟ | 2 | 2 |
| 38. | ਚੌਕੀਦਾਰ-ਕਮ-ਮਾਲੀ | 2 | 2 |
| 39. | ਮਾਲੀ | 1 | 1 |
| 40. | ਧੋਬੀ | 2 | 2 |

Ekta Bhawan,
Chheharta
23.6.76

My dear Giani Ji,

I am writing this to draw your urgent personal attention to the following :—

I understand that the Canal Hospital Talwara has a number of class four employees. These, and possibly others have not yet been allocated to Public or Haryana under reorganisation act. This means that they remain uncertain about their future even after a large number of years after the reorganisation of Punjab.

I would request to please look into the matter and to ensure that the allocation of these employees is done in accordance with rules without further delay.

Early action and reply are requested.

With regards.

Yours sincerely,
Satya Pal Dang,
M.L.A.

Shri Giani Zail Singh,
Chief Minister of Punjab,
Chandigarh.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਉਥੇ ਤਲਵਾੜਾ ਹਸਪਤਾਲ ਵਿਚ ਕੋਈ ਮੁਲਾਜ਼ਮ ਨਹੀਂ ਹੈ ਜਿਸ ਦੀ ਪੰਜਾਬ ਔਰ ਹਰਿਆਣਾ ਵਿਚ ਐਲੋਕੇਸ਼ਨ ਨਾ ਹੋਈ ਹੋਵੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਆਖੀਰ ਵਿਚ ਜਿਸ ਵੇਲੇ ਐਲੋਕੇਸ਼ਨ ਹੋਈ ਹੈ ਉਹ ਕਿਹੜੀ ਡੇਟ ਨੂੰ ਹੋਈ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਉਥੇ 49 ਇੰਪਲਾਈਜ਼ 1 ਨਵੰਬਰ, 1966 ਤੋਂ ਪਹਿਲਾਂ ਲਗੇ ਹੋਏ ਸਨ ਜਿਨ੍ਹਾਂ ਦੀ ਐਲੋਕੇਸ਼ਨ ਨਹੀਂ ਸੀ ਹੋਈ ਪਰ ਰੀਆਰਗੇਨਾਈਜ਼ੇਸ਼ਨ ਐਕਟ ਦੇ ਥਲੇ ਇਹ ਕੇਸ ਆਟੋਮੈਟੀਕਲੀ ਹੋ ਜਾਣੇ ਸਨ। ਇਹ ਮੈਂ ਧਾਰਾ ਪੜ੍ਹ ਦਿੰਦਾ ਹਾਂ :—

The employees who are not allocated before the appointed day the Ist November, 1966 as having been allocated to the reorganised State of Punjab.

ਸੋ ਇਸ ਧਾਰਾ ਦੇ ਅਨੁਸਾਰ ਉਨ੍ਹਾਂ ਦੀ ਐਲੋਕੇਸ਼ਨ ਆਪਣੇ ਆਪ ਹੀ ਹੋ ਜਾਣੀ ਸੀ। 20 ਇੰਪਲਾਈਜ਼ ਜਿਹੜੇ ਬਾਅਦ ਵਿਚ ਰਖੇ ਹਨ ਉਨ੍ਹਾਂ ਤੋਂ ਇਲਾਵਾ ਬਾਕੀ ਕੇਸਾਂ ਵਿਚ ਆਟੋਮੈਟੀਕਲੀ ਐਲੋਕੇਸ਼ਨ ਹੋ ਗਈ ਹੈ ਜਾਂ ਹੋ ਜਾਵੇਗੀ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਕਾਗਜ਼ਾਂ ਵਿਚ ਤਾਂ ਲਿਖਿਆ ਹੈ ਕਿ ਆਪਣੇ ਆਪ ਐਲੋਕੇਸ਼ਨਾਂ ਹੋ ਗਈਆਂ ਹਨ....(ਵਿਘਨ)

**ਰਾਜ ਮੰਤਰੀ** : ਮੇਰਾ ਖਿਆਲ ਹੈ ਕਿ ਡਾਂਗ ਸਾਹਿਬ ਨੇ ਸੁਣਿਆ ਨਹੀਂ ਹੈ। ਇਹ ਬਿਆਸ ਪ੍ਰਾਜੈਕਟ ਦੇ ਇੰਪਲਾਈਜ਼ ਹਨ, ਉਨ੍ਹਾਂ ਨੇ ਉਨ੍ਹਾਂ ਦੇ ਕੇਸਿਜ਼ ਜ਼ਰੂਰ ਕਰ ਲਏ ਹੋਣਗੇ ਜਾਂ ਹੋ ਜਾਣਗੇ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਨ੍ਹਾਂ ਨੇ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਹੈ 'ਨਿੱਲ' ਔਰ ਹੁਣ ਕਹਿੰਦੇ ਹਨ ਕਿ ਹੋ ਗਏ ਹੋਣਗੇ ਜਾਂ ਹੋ ਜਾਣਗੇ। ਸਪੀਕਰ ਸਾਹਿਬ, ਇਨ੍ਹਾਂ ਨੇ ਹਾਊਸ ਨੂੰ ਮਿਸਲੀਡ ਕੀਤਾ ਹੈ।

**ਸ਼੍ਰੀ ਸਪੀਕਰ** : ਉਹ ਕਹਿੰਦੇ ਹਨ ਕਿ ਬਿਆਸ ਪ੍ਰਾਜੈਕਟ ਵਾਲਿਆਂ ਨੇ ਕਰ ਦਿੱਤੇ ਹੋਣਗੇ।

---

## CONSTRUCTION OF BANDHS ON RIVER TANGRI AND MARKANDA

***3783. Sardar Prem Singh Prem** : Will the Minister of State for Irrigation & Power be pleased to state —

(a) whether the construction of Bandhs on River Tangri and Markanda in District Patiala was sanctioned by the Government, if so, the dates of the sanction ;

(b) the present stage of the construction of these Bandhs ;

(c) if the construction of the said Bandhs has not so far been started, the reasons of the delay in each case ?

Original with;
Punjab Vidhan Sabha
Digitized by;
Panjab Digital Library

**Shri Bal Ram** (Deputy Minister, Irrigation and Power) : (a) Yes, the Project Estimate for the construction of Bands on river Tangri and Markanda in Bhuner Heri Block were sanctioned in January, 1976 ;

(b)&(c) The work of raising and strengthening of existing Bandh on left side of river Tangri was taken up during February, 1976. The preliminaries to take up the work of constructing bandh in the loop to be cut between RD 3000 to RD 5000 on the left side of river Tangri and on right side of Markanda have been completed and further work would start after rainy season is over.

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਸਪੀਕਰ ਸਾਹਿਬ, ਪਹਿਲੇ ਸਵਾਲ ਵਿਚ ਮੈਂ ਪੁੱਛਿਆ ਸੀ ਕਿ ਕਨਸਟਰੱਕਸ਼ਨ ਆਫ ਬੰਧ ਜਿਹੜਾ ਹੈ ਉਹ ਸਰਕਾਰ ਨੇ ਕਦੋਂ ਮਨਜ਼ੂਰ ਕੀਤਾ ਸੀ। ਇਸ ਵਿਚ ਮੈਂ ਵਜ਼ੀਰ ਸਾਹਿਬ ਦਾ ਕਸੂਰ ਨਹੀਂ ਸਮਝਦਾ ਕਿਉਂਕਿ ਦਫਤਰ ਵਾਲਿਆਂ ਨੇ ਜਵਾਬ ਲਿਖ ਦਿੱਤਾ ਹੈ ਔਰ ਇਨ੍ਹਾਂ ਨੇ ਬਿਨਾ ਧਿਆਨ ਕੀਤਿਆਂ ਹੀ ਪੜ੍ਹ ਦਿੱਤਾ ਹੈ ਕਿ ਪ੍ਰਾਜੈਕਟ ਐਸਟੀਮੇਟ ਜਨਵਰੀ, 1976 ਵਿਚ ਮਨਜ਼ੂਰ ਹੋਇਆ। ਸਪੀਕਰ ਸਾਹਿਬ, ਤੁਹਾਡੀ ਪ੍ਰੋਟੈਕਸ਼ਨ ਚਾਹੀਦੀ ਹੈ। ਇਸ ਤਰ੍ਹਾਂ ਨਾਲ ਜੇਕਰ ਸਿੱਧਾ ਹੀ ਜਵਾਬ ਗਲਤ ਹੋਵੇ ਤਾਂ ਉਸ ਨੂੰ ਗਲਤ ਕਹੋ। ਕੀ ਪ੍ਰਾਜੈਕਟ ਐਸਟੀਮੇਟ ਬੰਧ ਮਨਜ਼ੂਰ ਕਰਨ ਤੋਂ ਦੋ ਸਾਲ ਬਾਅਦ ਨਹੀਂ ਬਣਿਆ ?

**उप-मंत्री** : बात यह होती है कि सारा प्रोग्राम करना पड़ता है। मैं इस नोटीफिकेशन की तारीख बता सकता हूं।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਸਪੀਕਰ ਸਾਹਿਬ, ਮੈਂ ਪੁਛਿਆ ਹੈ ਕਿ ਉਨ੍ਹਾਂ ਨੇ ਇਸ ਦੀ ਮਨਜ਼ੂਰੀ ਫਲੱਡ ਕੰਟਰੋਲ ਬੋਰਡ ਤੋਂ ਕਦੋਂ ਲਈ ਸੀ ?

उप-मंत्री : मैं तो इस से भी आगे जाना चाहता हूं। जो **नोटीफिकेशन** है, 5 जनवरी, 1975 की है और 1 अप्रैल, 1975 को acquire करने का नोटिस दिया है। हम ने कितना ही प्रोग्राम बना लिया है नोटिस दे चुके हैं। और इस ओर कितना काम हो चुका है यह भी आप देख लो।

(ਇਸ ਸਮੇਂ ਸਰਦਾਰ ਪ੍ਰੇਮ ਸਿੰਘ ਪ੍ਰੇਮ ਜੀ ਸਪਲੀਮੈਂਟਰੀ ਕਰਨ ਲਈ ਖੜੇ ਹੋਏ।)

**ਸ੍ਰੀ ਸਪੀਕਰ** : ਵਜ਼ੀਰ ਸਾਹਿਬ ਨੇ ਕਾਫੀ ਕੁਝ ਦੱਸ ਦਿੱਤਾ ਹੈ, ਹੁਣ ਬੱਸ ਕਰੋ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਨਹੀਂ ਜੀ, ਕੁਝ ਨਹੀਂ ਦੱਸਿਆ। ਸਪੀਕਰ ਸਾਹਿਬ, ਇਨ੍ਹਾਂ ਨੇ ਹੁਣ ਦੀ ਸਥਿਤੀ ਜ਼ਰੂਰ ਦੱਸੀ ਹੈ ਲੇਕਿਨ ਵਜ਼ੀਰ ਸਾਹਿਬ ਨੇ ਇਹ ਨਹੀਂ ਦਸਿਆ ਕਿ ਸੰਨ 1975 ਦੀ ਕਿਸ ਤਾਰੀਖ ਨੂੰ ਨੋਟਿਸ ਇਸ਼ੂ ਕੀਤਾ ਸੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸੰਨ 1975 ਤੋਂ ਕਿਤਨੇ ਮਹੀਨੇ ਜਾਂ ਸਾਲ ਪਹਿਲਾਂ ਸਰਕਾਰ ਨੇ ਇਹ ਮਨਜ਼ੂਰ ਕੀਤਾ ਸੀ ? ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਜੇਕਰ ਇਹ ਕੰਮ ਉਸ ਵੇਲੇ ਹੋ ਜਾਂਦਾ ਤਾਂ ਹੁਣ ਇਹ ਵੱਡੀ ਰਕਮ ਫਲੱਡ ਰੀਲੀਫ ਦੇ ਤੌਰ ਤੇ ਨਾ ਦੇਣੀ ਪੈਂਦੀ। ਹਰ ਸਾਲ ਅਸੀਂ ਰੁਪਿਆ ਦਿੰਦੇ ਹਾਂ। (ਵਿਘਨ)

Original with;
Punjab Vidhan Sabha
Digitized by;
Panjab Digital Library

**Deputy Minister** : Sir, the construction of embankment of right wing of Tangri was sanctioned vide order of P. W. D. (Irrigation) No. 32852 dated 5th January, 1975.

---

**ਸਟਾਰਡ ਸਵਾਲ ਨੰਬਰ 3792**

(ਸਬੰਧਤ ਮਾਨਯੋਗ ਮੈਂਬਰ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ ।)

---

DECLARATION OF RAI SIKH COMMUNITY AS A SCHEDULED TRIBE

*3793. **Comrade Shamsher Singh Josh** : Will the Chief Minister be pleased to state whether he received any represenation from a legislator of the Rai Sikh Community during the year 1975 requesting for declaring that Community as a Scheduled Tribe, if so, the details thereof and the action taken thereon ?

**Miss Sarla Parashar** (Minister of State for Social Welfare) : Yes, a representation was received from Shri Mehtab Singh, M. L. A. requesting for declaring Rai Sikh Community as a Scheduled Tribe. The case was referred to the Director General, Welfare of Scheduled Castes and Scheduled Tribes, Government of India on 14th June, 1976 for declaring Rai Sikh Community as Scheduled Tribe. The Government of India after due consideration of the case expressed their inability to accede to this request, on the ground that Rai Sikh Community did not satisfy the criteria in full which is adopted for treating any Community as a Scheduled Tribe.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਸਾਰੇ ਮਾਮਲੇ ਨੂੰ ਘੋਖਿਆ ਹੈ, ਇਹ ਰਾਏ ਸਿਖ ਬਰਾਦਰੀ ਪਜਾਬ ਵਿਚ ਡੇਢ ਲੱਖ ਦੇ ਕਰੀਬ ਵਸਦੀ ਹੈ, ਇਹ ਇਤਨੇ ਪਛੜੇ ਹੋਏ ਹਨ ਕਿ ਇਨ੍ਹਾਂ ਦੀ ਬਰਾਦਰੀ ਦਾ ਨਾ ਤਾਂ ਕੋਈ ਏ. ਐਸ. ਆਈ. ਹੈ ਅਤੇ ਨਾ ਕੋਈ ਤਹਿਸੀਲਦਾਰ ਹੈ । ਜਿਸ ਤਰ੍ਹਾਂ ਇਨ੍ਹਾਂ ਨੇ ਦਸਿਆ ਹੈ ਕਿ ਕੇਸ ਨੂੰ ਸੈਂਟਰਲ ਗੌਰਮਿੰਟ ਕੋਲ ਭੇਜਿਆ ਗਿਆ ਸੀ ਪਰ, ਸ਼ਰਤਾਂ ਪੂਰੀਆਂ ਨਾ ਹੋਣ ਕਰਕੇ ਅਨੁਸੂਚਿਤ ਕਬੀਲਾ ਕਰਾਰ ਨਹੀਂ ਦਿਤਾ ਗਿਆ ਹੈ ਪਰ, ਸਪੀਕਰ ਸਾਹਿਬ, ਇਹ ਕਬੀਲਾ ਬਹੁਤ ਪਛੜਿਆ ਹੋਇਆ ਹੈ । ਕੀ ਸਰਕਾਰ ਫਿਰ ਕੋਸ਼ਿਸ਼ ਕਰਕੇ ਇਸ ਨੂੰ ਅਨੁਸੂਚਿਤ ਕਬੀਲਾ ਕਰਵਾਉਣ ਦੀ ਖੇਚਲ ਕਰੇਗੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਦੇ ਲਈ ਇਹ ਚਾਰ ਕਰਾਈਟੇਰੀਆਜ਼ ਹਨ:—

1. Indications for permitive traits.

2. Distinctive culture.

3. Geographical isolation.

4, Shyness of contact with the community at large and backwardness.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼:** ਸਪੀਕਰ ਸਾਹਿਬ, ਇਹ ਜਿਹੜੀਆਂ 4-5 ਸ਼ਰਤਾਂ ਹਨ, ਇਹ ਕਬੀਲਾ ਪੂਰੀਆਂ ਕਰਦਾ ਹੈ । ਇਨ੍ਹਾਂ ਦਾ ਕਲਚਰ ਵੀ ਹੈ । ਥੋੜ੍ਹੀ ਬਹੁਤ ਸ਼ਰਾਬ ਹੀ ਕੱਢਦੇ ਹਨ । ਇਹ ਬਹੁਤ ਪਛੜੇ ਹੋਏ ਹਨ । ਉਨ੍ਹਾਂ ਨੂੰ ਉਪਰ ਉਠਾਉਣ ਦੀ ਲੋੜ ਹੈ । ਇਸ ਕਰਕੇ ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਕੀ ਇਸ ਨੂੰ ਪੇਸ਼ੇ-ਨਜ਼ਰ ਰੱਖਦੇ ਹੋਏ ਦੁਬਾਰਾ ਕੇਸ ਗੌਰਮਿੰਟ ਆਫ ਇੰਡੀਆ ਨੂੰ ਭੇਜਣਗੇ ? ਕੀ ਪੰਜਾਬ ਸਰਕਾਰ ਇਨ੍ਹਾਂ ਦਾ ਪੱਧਰ ਉਪਰ ਉਠਾਉਣ ਲਈ ਕੋਈ ਉਚੇਚੇ ਕਦਮ ਉਠਾਏਗੀ ਤਾਂਕਿ ਇਨ੍ਹਾਂ ਦਾ ਮਿਆਰ ਉਚਾ ਹੋ ਸਕੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਜਿਹੜੀ ਚਿੱਠੀ ਪੰਜਾਬ ਗੌਰਮਿੰਟ ਨੇ ਗੌਰਮਿੰਟ ਆਫ ਇੰਡੀਆ ਨੂੰ ਸਿਫਾਰਸ਼ ਦੇ ਤੌਰ ਤੇ ਲਿਖੀ ਸੀ ਇਹ ਬੜੀ ਤਕੜੀ ਲਿਖੀ ਸੀ । ਇਸ ਚਿੱਠੀ ਰਾਹੀਂ ਸਾਰੇ ਪੁਆਇੰਟਸ ਨੂੰ ਕਵਰ ਕੀਤਾ ਹੈ । ਲੇਕਿਨ ਦੇਖਣਾ ਪਵੇਗਾ ਕਿ ਪਰਮਿਟਿਵ ਟਰੇਡਜ਼ ਕਿਆ ਹਨ ਅਤੇ ਇਸ ਵਿਚ ਕੌਣ ਕੌਣ ਆ ਸਕਦੇ ਹਨ । ਇਸ ਤਰ੍ਹਾਂ ਡਿਸਟਿੰਕਟਿਵ ਕਲਚਰ ਯਾਨੀ ਉਨ੍ਹਾਂ ਬ੍ਰਾਦਰੀਆਂ ਦੇ ਰਸਮੋ-ਰਿਵਾਜ਼, ਸ਼ਾਦੀ-ਵਿਆਹ ਆਦਿ ਦੂਸਰੀ ਬ੍ਰਾਦਰੀਆਂ ਦੇ ਨਾਲ ਜਿਹੜੀਆਂ ਕਿ ਉਨ੍ਹਾਂ ਦੇ ਨਾਲ ਵਸਦੀਆਂ ਹਨ ਮਿਲਦੇ ਹਨ ਕਿ ਨਹੀਂ । ਇਸ ਤੋਂ ਇਲਾਵਾ ਜੀਓਗਰਾਫੀਕਲ ਆਈਸੋਲੇਸ਼ਨ ਯਾਨੀ ਉਹ ਬਰਾਦਰੀ ਪਹਾੜੀ ਇਲਾਕੇ ਯਾ ਜੰਗਲਾਂ ਵਿਚ ਰਹਿੰਦੀ ਹੋਵੇ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ :** ਸਪੀਕਰ ਸਾਹਿਬ, ਕਾਂਸਟੀਚਿਊਸ਼ਨ ਦੇ ਅਨੁਸਾਰ ਸ਼ਡਿਊਲਡ ਏਰੀਆਜ਼ ਭਾਰਤ ਸਰਕਾਰ ਨੇ ਡਿਕਲੇਅਰ ਕੀਤੇ ਹੋਏ ਹਨ । ਕੀ ਮਨਿਸਟਰ ਸਾਹਿਬ ਦਸਣਗੇ ਕਿ ਕੀ ਵਰਤਮਾਨ ਪੰਜਾਬ ਵਿਚ ਕੋਈ ਅਜਿਹਾ ਏਰੀਆ ਹੈ ਜਿਹੜਾ ਸ਼ਡਿਊਲਡ ਏਰੀਆ ਭਾਰਤ ਸਰਕਾਰ ਨੇ ਕਾਂਸਟੀਚਿਊਸ਼ਨ ਵਿਚ ਰੱਖੀਆਂ ਸ਼ਰਤਾਂ ਦੇ ਅਨੁਸਾਰ ਡਿਕਲੇਅਰ ਕੀਤਾ ਹੋਵੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਪੰਜਾਬ ਵਿਚ ਅਜਿਹਾ ਕੋਈ ਏਰੀਆ ਨਹੀਂ ਹੈ ।

**ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਰਾਏ ਸਿਖ ਬਰਾਦਰੀ ਇਤਨੀ ਪਛੜੀ ਹੋਈ ਹੈ ਕਿ ਉਹ ਲੋਕ ਦਰਿਆ ਦੇ ਕੰਢੇ ਤੇ ਰਹਿੰਦੇ ਹਨ ਅਤੇ ਸ਼ਿਕਾਰ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ ਜਾਂ ਹੋਰ ਕੋਈ ਛੋਟਾ ਮੋਟਾ ਕੰਮ ਕਰਕੇ ਗੁਜ਼ਾਰਾ ਕਰਦੇ ਹਨ । ਪਰ ਮਨਿਸਟਰ ਸਾਹਿਬ ਨੇ ਕਹਿ ਦਿੱਤਾ ਹੈ ਕਿ ਉਹ ਸ਼ਰਤਾਂ ਪੂਰੀਆਂ ਨਹੀਂ ਕਰਦੇ, ਇਤਨਾ ਪਛੜਾਪਨ ਹੋਣ ਦੇ ਬਾਵਜੂਦ ਵੀ ਇਹ ਕਹਿ ਦੇਣਾ ਕਿ ਉਹ ਸ਼ਰਤਾਂ ਪੂਰੀਆਂ ਨਹੀਂ ਕਰਦੇ, ਠੀਕ ਨਹੀਂ ਹੈ । ਜਿਸ ਤਰ੍ਹਾਂ ਹਿਮਾਚਲ ਪ੍ਰਦੇਸ਼ ਸਰਕਾਰ ਨੇ ਇਕ ਸੈਂਟਰਲ ਗੌਰਮਿੰਟ ਨੂੰ ਸ਼ਿਫਾਰਸ ਕੀਤੀ ਹੈ ਉਸੇ ਤਰ੍ਹਾਂ ਪੰਜਾਬ ਸਰਕਾਰ ਨੂੰ ਵੀ ਕਰਨੀ ਚਾਹੀਦੀ ਹੈ । ਇਹ ਬਿਲਕੁਲ ਪਛੜੀਆਂ ਸ਼੍ਰੇਣੀਆਂ ਵਾਂਗ ਹਨ । ਕੀ ਸਰਕਾਰ ਇਨ੍ਹਾਂ ਨੂੰ ਹੱਕ ਦੇਣ ਲਈ ਤਿਆਰ ਹੈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਸੈਂਟਰਲ ਗੌਰਮਿੰਟ ਨਹੀਂ ਮੰਨੀ ਪਰ ਪੰਜਾਬ ਸਰਕਾਰ ਨੇ ਤਾਂ ਸਿਫਾਰਸ਼ ਕੀਤੀ ਸੀ ।

**ਸਰਦਾਰ ਦਰਬਾਰਾ ਸਿੰਘ :** ਸਪੀਕਰ ਸਾਹਿਬ, ਸਾਡੇ ਵਜ਼ੀਰ ਸਾਹਿਬਾ ਨੇ ਜਿਹੜੀਆਂ ਸ਼ਰਤਾਂ ਸਦਨ ਦੇ ਵਿਚ ਪੜ੍ਹ ਕੇ ਦਸੀਆਂ ਹਨ, ਇਹ ਸ਼ਰਤਾਂ ਰਾਏ ਸਿੱਖ ਬਰਾਦਰੀ ਵਾਲੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਬਾਰਾ ਸਿੰਘ]

ਪੂਰੀਆਂ ਕਰਦੇ ਹਨ । ਇਸ ਲਈ ਮੈਂ ਕਹਾਂਗਾ ਕਿ ਇਸ ਹਾਊਸ ਦੀ ਇਕ ਕਮੇਟੀ ਬਣਾ ਦਿੱਤੀ ਜਾਵੇ ਜਿਹੜੀ ਇਸ ਗੱਲ ਉਤੇ ਵਿਚਾਰ ਕਰਕੇ ਆਪਣੀ ਰਿਪੋਰਟ ਦੇਵੇ ਕਿ ਉਹ ਸ਼ਰਤਾਂ ਪੂਰੀਆਂ ਕਰਦੇ ਹਨ ਜਾਂ ਨਹੀਂ । ਕਿਉਂਕਿ ਇਨ੍ਹਾਂ ਲੋਕਾਂ ਦਾ ਇਕ ਆਪਣਾ ਹੀ ਸਮਾਜ ਹੈ ਅਤੇ ਜਿਹੜਾ ਪਛੜਿਆ ਹੋਇਆ ਹੈ । ਕੀ ਵਜ਼ੀਰ ਸਾਹਿਬ ਇਨ੍ਹਾਂ ਨੂੰ ਸ਼ਡਿਊਲਡ ਟਰਾਈਬਜ਼ ਕਰਾਰ ਦੇਣ ਲਈ ਤਿਆਰ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਜਿਹੜਾ ਕਰਾਈਟੇਰੀਆ ਹੈ, ਇਹ ਬੜਾ ਕਲੀਅਰ ਹੈ । ਇਸ ਬਾਰੇ ਕੋਈ ਮੈਂਬਰ ਸਾਹਿਬ ਆ ਕੇ ਗੱਲ ਬਾਤ ਕਰ ਸਕਦਾ ਹੈ । ਇਹ ਕਰਾਈਟੇਰੀਆ ਬਿਲਕੁਲ ਲਾਗੂ ਨਹੀਂ ਹੁੰਦਾ । ਜੇਕਰ ਉਹ ਮੈਨੂੰ ਕਨਵਿੰਸ ਕਰਾ ਦੇਣ ਤਾਂ ਅਗਲੇਰੀ ਕਾਰਵਾਈ ਬਾਰੇ ਸੋਚਿਆ ਜਾ ਸਕਦਾ ਹੈ ।

---

## CONSTRUCTION OF MONUMENT OF SHRI RAM SINGH PATHANIA IN VILLAGE DALLA, BLOCK DHAR, TEHSIL PATHANKOT

*3767. **Chaudhri Ram Singh** : Will the Chief Minister be pleased to state whether the Government have any proposal under its consideration to build a monument to commemorate the memory of Shri Ram Singh Pathania in vill. Dalla Dhar Block, Tehsil Pathankot, if so, the details thereof ?

**ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ** (ਮੁੱਖ ਸੰਸਦੀ ਸਕੱਤਰ): ਨਹੀਂ ਜੀ । ਪਰ ਅਜਿਹੀ ਇਕ ਯਾਦ ਇਲਾਕੇ ਦੇ ਵਸਨੀਕ ਆਪ ਬਣਾ ਰਹੇ ਹਨ ।

**ਚੌਧਰੀ ਰਾਮ ਸਿੰਘ** : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸ੍ਰੀ ਰਾਮ ਸਿੰਘ ਪਠਾਨੀਆਂ ਜਿਹੜਾ ਕਿ 1857 ਦੇ ਗਦਰ ਦਾ ਹੀਰੋ ਸੀ, ਉਸ ਨੂੰ ਅੰਗਰੇਜ਼ਾਂ ਨੇ ਬਰਮਾਂ ਵਿਚ ਕੈਦ ਰੱਖਿਆ ਸੀ ਅਤੇ ਅੰਗਰੇਜ਼ ਪ੍ਰਾਈਮ ਮਨਿਸਟਰ ਨੇ ਉਸ ਨੂੰ (ਆਪਣੇ ਜਵਾਈ ਨੂੰ) ਮਾਰਿਆ ਸੀ । ਸਪੀਕਰ ਸਹਿਬ, ਤੁਸੀਂ ਵੀ ਉਥੇ ਮੇਲੇ ਵਿਚ ਗਏ ਹੋਏ ਸੀ । ਤੁਹਾਨੂੰ ਪਤਾ ਹੈ ਕਿ ਲੋਕਾਂ ਵਿਚ ਇਸ ਬਾਰੇ ਕਿੰਨਾ ਉਤਸ਼ਾਹ ਹੈ । ਲੇਕਿਨ ਪੰਜਾਬ ਸਰਕਾਰ ਉਸ ਨੂੰ ਰਿਕੁਗਨਾਇਜ਼ ਨਹੀਂ ਕਰ ਰਹੀ । ਲੋਕਾਂ ਦੀ ਉਨ੍ਹਾਂ ਪ੍ਰਤੀ ਬੜੀ ਸ਼ਰਧਾ ਹੈ । ਇਸ ਲਈ ਮੈਂ ਪੁਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਨ ਲਈ ਉਥੇ ਸਮਾਰਕ ਕਿਉਂ ਨਹੀਂ ਬਣਾ ਰਹੀ ?

**ਮੁੱਖ ਸੰਸਦੀ ਸਕੱਤਰ** : ਸਪੀਕਰ ਸਾਹਿਬ, ਸਵਾਲ ਦਾ ਜਵਾਬ ਬੜੀ ਚੰਗੀ ਤਰ੍ਹਾਂ ਦਿੱਤਾ ਗਿਆ ਹੈ । ਜੋ ਕੁਝ ਇਨ੍ਹਾਂ ਨੇ ਕਿਹਾ ਹੈ ਉਹ ਬੜਾ ਵਾਜਬ ਹੈ ਪਰ ਮੈਂ ਦਸਦਾ ਹਾਂ ਕਿ ਇਸ ਵੇਲੇ ਤੱਕ ਇਹ ਸਰਕਾਰ ਦੇ ਜ਼ੇਰੇ ਗੌਰ ਨਹੀਂ ਹੈ । ਬਾਕੀ ਜੇ ਕੋਈ ਐਸੀ ਗੱਲ ਹੋਈ ਤਾਂ ਇਨ੍ਹਾਂ ਦੀ ਰਾਏ ਲਵਾਂਗੇ ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਤੁਸੀਂ ਵੀ ਉਥੇ ਉਸ ਮੇਲੇ ਵਿਚ ਗਏ ਸੀ, ਤੁਸੀਂ ਉਥੇ ਸ਼ਹੀਦੀ ਜੋੜ ਮੇਲੇ ਵਿਚ ਦੇਖਿਆ ਸੀ ਕਿ ਲੋਕਾਂ ਵਿਚ ਇਸ ਬਾਰੇ ਕਿੰਨਾਂ ਉਤਸ਼ਾਹ ਹੈ ।

**ਮੁੱਖ ਸੰਸਦੀ ਸਕੱਤਰ**: ਸਪੀਕਰ ਸਾਹਿਬ, ਇਸ ਸਵਾਲ ਨਾਲ ਇਸ ਗਲ ਦੀ ਕੋਈ ਰੈਲੇਵੈਂਸੀ ਨਹੀਂ ਹੈ। ਇਸ ਵੇਲੇ ਤੱਕ ਸਰਕਾਰ ਦੇ ਜ਼ੇਰੇ ਗੌਰ ਕੋਈ ਅਜਿਹੀ ਗਲ ਨਹੀਂ ਹੈ ਪਰ ਮੈਂ ਤਾਂ ਪਹਿਲਾਂ ਹੀ ਕਿਹਾ ਹੈ ਕਿ ਉਥੇ ਦੇ ਲੋਕ ਆਪ ਇਸ ਨੂੰ ਬਣਾ ਰਹੇ ਹਨ । ਜੇ ਤੁਸੀਂ ਸੱਚਮੁਚ ਚਾਹੁੰਦੇ ਹੋ ਤਾਂ ਸਰਕਾਰ ਨੂੰ ਐਪਰੋਚ ਕਰੋ ।

Original with;
Punjab Vidhan Sabha
Digitized by;
Panjab Digital Library

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ**: ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਜਾਂ ਚੀਫ਼ ਪਾਰਲੀਮੈਂਟਰੀ ਸੈਕਟਰੀ ਇਸ ਬਾਤ ਤੋਂ ਅਣਜਾਣ ਨਹੀਂ ਕਿ ਇਸ ਸ਼ਹੀਦ ਦੀ ਦੇਸ਼ ਭਗਤੀ ਅਤੇ ਦੇਸ਼ ਲਈ ਕੁਰਬਾਨੀ ਇਤਿਹਾਸ ਵਿਚ ਮੰਨੀ ਹੋਈ ਹੈ । ਜੇ ਇਤਿਹਾਸ ਵਿਚ ਮੰਨੀ ਹੋਈ ਹੈ ਤਾਂ ਫਿਰ ਸਰਕਾਰ ਆਪ ਕਿਉਂ ਇਹ ਕੰਮ ਨਹੀਂ ਕਰਦੀ ਅਤੇ ਕਿਉਂ ਕਹਿੰਦੇ ਹਨ ਕਿ ਐਮ: ਐਲ. ਏ. ਸਾਹਿਬਾਨ ਸਰਕਾਰ ਨੂੰ ਐਪਰੋਚ ਕਰਨ ?

**ਮੁੱਖ ਸੰਸਦੀ ਸਕੱਤਰ**: ਮੈਂ ਬਿਲਕੁਲ ਅਣਜਾਣ ਨਹੀਂ ਹਾਂ । ਮੈਂ ਸਵਾਲ ਦਾ ਜਵਾਬ ਬੜਾ ਵਾਜਬ ਦਿਤਾ ਹੈ । ਜੋ ਕੁਝ ਉਨ੍ਹਾਂ ਨੇ ਪੁੱਛਿਆ ਸੀ ਉਸ ਦਾ ਬੜਾ ਵਾਜਬ ਜਵਾਬ ਦਿਤਾ ਗਿਆ ਹੈ । ਮੈਂ ਇਸ ਗਲ ਤੋਂ ਮੁਨਕਰ ਨਹੀਂ ਕਿ ਉਹ ਦੇਸ਼ ਭਗਤ ਨਹੀਂ ਸੀ । ਉਹ ਦੇਸ਼ ਭਗਤ ਸੀ ਅਤੇ ਹੋਰ ਵੀ ਹਜ਼ਾਰਾਂ ਹੀ ਹਿੰਦੁਸਤਾਨ ਵਿਚ ਦੇਸ਼ ਭਗਤ ਹੋਏ ਹਨ । ਪਰ ਯਕਲਖਤ ਸਾਰੇ ਦੇਸ਼ ਭਗਤਾਂ ਦੀਆਂ ਯਾਦਗਾਰਾਂ ਨਹੀਂ ਬਣਾਈਆਂ ਜਾ ਸਕਦੀਆਂ ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇ ਕੋਈ ਮਸਲਾ ਹਾਉਸ ਵਿਚ ਆ ਜਾਵੇ ਤਾਂ ਫਿਰ ਕੀ ਇਸ ਨੂੰ ਐਪਰੋਚ ਨਹੀਂ ਸਮਝਿਆ ਜਾਂਦਾ ?

**ਮੁੱਖ ਸੰਸਦੀ ਸਕੱਤਰ** : ਹਾਉਸ ਵਿਚ ਵਾਕਫੀਅਤ ਲੈਣ ਲਈ ਸਵਾਲ ਕੀਤਾ ਜਾਂਦਾ ਹੈ । ਇਸ ਨੂੰ ਐਪਰੋਚ ਨਹੀਂ ਕਿਹਾ ਜਾਂਦਾ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਜਿਸ ਵੇਲੇ ਕੋਈ ਮੈਂਬਰ ਸਵਾਲ ਕਰਦਾ ਹੈ ਤਾਂ ਉਸ ਵਿਚ ਵਾਕਫੀਅਤ ਵੀ ਲੈਣੀ ਅਤੇ ਦੇਣੀ ਹੁੰਦੀ ਹੈ ਅਤੇ ਸਰਕਾਰ ਦੀ ਨੀਤੀ ਬਾਰੇ ਵੀ ਪੁੱਛਣਾ ਹੁੰਦਾ ਹੈ । ਐਸ਼ੋਰੈਂਸ ਵੀ ਦਿਤੀ ਜਾਂਦੀ ਹੈ ਅਤੇ ਉਸ ਐਸ਼ੋਰੈਂਸ ਨੂੰ ਪੂਰਾ ਵੀ ਕਰਨਾ ਹੁੰਦਾ ਹੈ । ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਦਾ ਇਹ ਖਿਆਲ ਹੈ ਕਿ ਮੈਂਬਰ ਪਹਿਲਾਂ ਇਥੇ ਆਉਂਦੇ ਹੋਏ ਡੰਡੌਤ ਬੰਦਨਾ ਕਰਨ ਤਾਂ ਫਿਰ ਇਹ ਵਿਚਾਰ ਕਰਨਗੇ?

**ਮੁੱਖ ਸੰਸਦੀ ਸਕੱਤਰ** : ਮੇਰਾ ਇਹ ਖਿਆਲ ਬਿਲਕੁਲ ਨਹੀਂ ਹੈ । ਮੈਂ ਤਾਂ ਅਰਜ਼ ਕੀਤੀ ਹੈ ਕਿ ਸਰਕਾਰ ਨੇ ਬਹੁਤ ਸਾਰੇ ਸ਼ਹੀਦਾਂ ਦੀਆਂ ਯਾਦਗਾਰਾਂ ਬਣਾਈਆਂ ਹਨ ਅਤੇ ਪਹਿਲਾਂ ਕਿਸੇ ਵੀ ਸਰਕਾਰ ਨੇ ਇਹ ਯਾਦਗਾਰਾਂ ਨਹੀਂ ਬਣਾਈਆਂ । ਤੁਸੀਂ ਵੀ ਸਰਕਾਰ ਵਿਚ ਰਹੇ ਸੀ ਪਰ ਕਿਸੇ ਨੇ ਵੀ ਇਸ ਪਾਸੇ ਨਹੀਂ ਸੋਚਿਆ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ**: ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਇਹ ਦੱਸਣਗੇ ਕਿ 1857 ਦੇ ਜੰਗੇ ਆਜ਼ਾਦੀ ਦੇ ਕਿਤਨੇ ਸ਼ਹੀਦਾਂ ਦੀਆਂ ਯਾਦਗਾਰਾਂ ਪੰਜਾਬ ਸਰਕਾਰ ਨੇ ਪੰਜਾਬ ਵਿਚ ਬਣਾਈਆਂ ਹਨ ?

**ਮੁੱਖ ਸੰਸਦੀ ਸਕੱਤਰ** : ਸਪੀਕਰ ਸਾਹਿਬ, ਮੈਂ ਉਮਰ ਵਿਚ ਇਨ੍ਹਾਂ ਨਾਲੋਂ ਛੋਟਾ ਹਾਂ ਪਰ ਇਹ ਸਵਾਲ ਕਰ ਦੇਣ ਅਤੇ ਮੈਂ ਇਨ੍ਹਾਂ ਨੂੰ ਇਕ ਇਕ ਕਰਕੇ ਗਿਣਕੇ ਦੱਸ ਦਿਆਂਗਾ ।

---

## SPECIAL COMPENSATORY ALLOWANCE TO PUNJAB GOVT. WORK CHARGED EMPLOYEES AT DELHI

*3771. **Comrade Shamsher Singh Josh**: Will the Finance Minister be pleasad to state :—

(a) whether it is a fact that a Special Compensatory Allowance at the rate of 25 percent of the pay is being given to class III and IV employees working in the Punjab Government offices at Delhi,

Original with;
Punjab Vidhan Sabha
Digitized by;
Panjab Digital Library

[Comrade Shamsher Singh Josh]

(b) if the reply to part (a) above be in the affirmative the work-charged employees of the Punjab Government offices posted at Delhi are also being given the said allowance, if not, the reasons therefor ?

**ਸ਼੍ਰੀ ਹੰਸ ਰਾਜ ਸ਼ਰਮਾ:** ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ੳ) ਵਿਸ਼ੇਸ਼ ਮੁਆਵਜ਼ਾ ਭੱਤਾ 25% ਦੀ ਦਰ ਤੇ ਬਸ਼ਰਤੇ ਕਿ 150/- ਰੁਪਏ ਪ੍ਰਤੀ ਮਾਸਕ ਤੋਂ ਵੱਧ ਨਾ ਹੋਵੇ ਦਿੱਲੀ ਵਿਚ ਵੱਖ ਵੱਖ ਦਫ਼ਤਰਾਂ ਵਿਚ ਕੰਮ ਕਰ ਰਹੇ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਨਿਮਨ ਲਿਖਤ ਸ਼ਰਤਾਂ ਤੇ ਦਿੱਤਾ ਜਾਂਦਾ ਹੈ :—

(1) ਉਨ੍ਹਾਂ ਸਰਕਾਰੀ ਕਰਮਚਾਰੀਆਂ ਨੂੰ ਜਿਵੇਂ ਕਿ ਪ੍ਰਾਹੁਣਚਾਰੀ ਵਿਭਾਗ ਦੇ ਕਰਮਚਾਰੀਆਂ ਅਤੇ ਡਰਾਈਵਰਾਂ ਨੂੰ ਜਿਨ੍ਹਾਂ ਦੀ ਰਿਹਾਇਸ਼ ਪੰਜਾਬ/ਕਪੂਰਥਲਾ/ ਨਾਭਾ ਐਸਟੇਟਸ ਵਿਚ ਜ਼ਰੂਰੀ ਹੈ ਉਨ੍ਹਾਂ ਨੂੰ ਬਿਨਾਂ ਕਿਰਾਏ ਮਕਾਨ ਰਿਹਾਇਸ਼ ਦੀ ਸਹੂਲੀਅਤ ਦਿੱਤੀ ਜਾਂਦੀ ਹੈ ਅਤੇ ਵਾਧੂ ਮੁਆਵਜ਼ਾ ਭੱਤਾ ਨਹੀਂ ਦਿੱਤਾ ਜਾਂਦਾ ।

(2) ਉਨ੍ਹਾਂ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਵਿਸ਼ੇਸ਼ ਮੁਆਵਜ਼ਾ ਭੱਤਾ ਨਹੀਂ ਦਿੱਤਾ ਜਾਂਦਾ ਜਿਹੜੇ ਦਿੱਲੀ ਵਿਖੇ ਕਿਸੇ ਵੀ ਸਰਕਾਰੀ ਮਕਾਨ ਵਿਚ ਆਪਣੀ ਮਰਜ਼ੀ ਨਾਲ ਰਹਿੰਦੇ ਹਨ ਅਤੇ ਆਪਣੀ ਤਨਖਾਹ ਦਾ 10% ਮਕਾਨ ਦੇ ਕਿਰਾਏ ਵਜੋਂ ਕਟਾਉਂਦੇ ਹਨ ।

(3) ਉਹ ਕਰਮਚਾਰੀ ਜਿਹੜੇ ਤਨਖਾਹ ਦਾ 10% ਦੇ ਕੇ ਸਰਕਾਰੀ ਰਿਹਾਇਸ਼ੀ ਮਕਾਨ ਦਾ ਲਾਭ ਉਠਾਉਂਦੇ ਹਨ ਉਨ੍ਹਾਂ ਨੂੰ ਸਪੈਸ਼ਲ ਮੁਆਵਜ਼ਾ ਭੱਤਾ ਨਹੀਂ ਦਿੱਤਾ ਜਾਂਦਾ ।

(ਅ) ਵਰਕਚਾਰਜਡ ਕਰਮਚਾਰੀਆਂ ਨੂੰ ਜਿਹੜੇ ਕਿ ਲੋਕ ਨਿਰਮਾਣ ਵਿਭਾਗ ਦੇ ਪਬਲਿਕ ਹੈਲਥ ਵਿੰਗ ਵਿਚ ਕੰਮ ਕਰ ਰਹੇ ਹਨ ਅਤੇ ਇਹ ਭੱਤਾ ਲੈਣ ਬਾਰੇ ਸ਼ਰਤਾਂ ਪੂਰੀਆਂ ਕਰਦੇ ਹਨ ਉਨ੍ਹਾਂ ਨੂੰ ਇਹ ਭੱਤਾ ਦਿਤਾ ਜਾਂਦਾ ਹੈ ।

(2) ਲੋਕ ਨਿਰਮਾਣ ਵਿਭਾਗ ਦੇ ਬਿਜਲੀ ਸ਼ਾਖਾ ਵਿਚ ਕੰਮ ਕਰ ਰਿਹਾ ਵਰਕਚਾਰਜਡ ਕੋਈ ਵੀ ਕਰਮਚਾਰੀ ਇਹ ਭੱਤਾ ਲੈਣ ਦੀ ਸ਼ਰਤ ਪੂਰੀ ਨਹੀਂ ਕਰਦਾ ।

(3) ਲੋਕ ਨਿਰਮਾਣ ਵਿਭਾਗ ਦੇ ਇਮਾਰਤਾਂ ਅਤੇ ਸੜਕਾਂ ਸ਼ਾਖਾ ਵਿਚ ਕੰਮ ਕਰ ਰਹੇ ਵਰਕਚਾਰਜਡ ਕਰਮਚਾਰੀਆਂ ਨੂੰ ਹਾਲੀ ਤੱਕ ਇਸ ਕਾਰਣ ਇਹ ਭੱਤਾ ਨਹੀਂ ਦਿੱਤਾ ਗਿਆ ਕਿਉਂਕਿ ਇਸ ਮਾਮਲੇ ਬਾਰੇ ਲੋਕਲ ਅਧਿਕਾਰੀਆਂ ਨੇ ਸਪਸ਼ਟੀਕਰਣ ਮੰਗਿਆ ਹੋਇਆ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ, ਇਸ ਸਵਾਲ ਵਿਚ ਪੁੱਛਿਆ ਗਿਆ ਸੀ ਕਿ ਦਿੱਲੀ ਵਿਚ ਪੰਜਾਬ ਸਰਕਾਰ ਦੇ ਜਿਹੜੇ ਸੜਕਾਂ ਅਤੇ ਇਮਾਰਤੀ ਸ਼ਾਖਾ ਦੇ ਕਰਮਚਾਰੀ ਹਨ ਉਨ੍ਹਾਂ ਨੂੰ ਸਪੈਸ਼ਲ ਕੰਪੈਨਸੇਟਰੀ ਅਲਾਊਂਸ ਕਿਉਂ ਨਹੀਂ ਦਿੱਤਾ ਜਾ ਰਿਹਾ

Original with;
Punjab Vidhan Sabha
Digitized by;
Panjab Digital Library

ਜਦ ਕਿ ਪੰਜਾਬ ਸਰਕਾਰ ਦੇ ਦੂਜੇ ਕਰਮਚਾਰੀਆਂ ਨੂੰ ਉਥੇ ਦਿਤਾ ਜਾ ਰਿਹਾ ਹੈ ? ਸਰਕਾਰ ਨੇ ਇਹ ਜਵਾਬ ਦਿਤਾ ਹੈ ਕਿ ਇਹ ਗੱਲ ਠੀਕ ਹੈ ਕਿ ਵਰਕਚਾਰਜਡ ਜਿਹੜੇ ਪੀ. ਡਬਲਿਊ.ਡੀ. ਅਤੇ ਬੀ. ਐਂਡ ਆਰ. ਦੇ ਹਨ,

'This allowance has not yet been paid to any work-charged employee working in the P.W.D., B and R Branch Delhi on the ground that a clarification in the matter is reported to have been sought from the higher authorities regarding its eligibility to this category of employees.'

ਪਰ ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਪੰਜਾਬ ਵਿਚ ਵਰਕ ਚਾਰਜਡ ਤੇ ਜਿਹੜੇ ਰੈਗੂਲਰ ਕਰਮਚਾਰੀ ਹਨ ਉਨ੍ਹਾਂ ਨੂੰ ਇਕੋ ਜਿਹੀਆਂ ਰਿਆਇਤਾਂ ਮਿਲਦੀਆਂ ਹਨ । ਉਥੇ ਵੀ ਇਹ ਮਿਲਣ ਲੱਗਾ ਸੀ ਪਰ ਉਸ ਦੀ ਕਲੈਰੀਫੀਕੇਸ਼ਨ ਲਈ ਚੀਫ਼ ਇੰਜੀਨੀਅਰ ਨੂੰ ਲਿਖ ਦਿੱਤਾ ਗਿਆ । ਇਸ ਗੱਲ ਨੂੰ ਇਕ ਸਾਲ ਹੋ ਗਿਆ ਅਤੇ ਚਿੱਠੀ ਚੀਫ ਇੰਜੀਨੀਅਰ ਦੇ ਦਫਤਰ ਵਿਚ ਪਈ ਹੈ । ਕੋਈ 150-200 ਵਰਕ ਚਾਰਜਡ ਮੁਲਾਜ਼ਮ ਪੰਜਾਬ/ਕਪੂਰਥਲਾ/ਨਾਭਾ ਹਾਊਸਿਜ਼ ਵਿਚ ਕੰਮ ਕਰਦੇ ਹਨ, ਇਨ੍ਹਾਂ ਦੀ ਕਲੈਰੀਫੀਕੇਸ਼ਨ ਮੰਗਣ ਕਾਰਨ ਉਨ੍ਹਾਂ ਨੂੰ ਇਹ ਅਲਾਊਂਸ ਨਹੀਂ ਮਿਲ ਰਿਹਾ । ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਕਲੈਰੀਫੀਕੇਸ਼ਨ ਜਿਹੜੀ ਚੀਫ਼ ਇੰਜੀਨੀਅਰ ਕੋਲੋਂ ਮੰਗੀ ਗਈ ਹੈ, ਉਸ ਨੂੰ ਕਦੋਂ ਤੱਕ ਭਿਜਵਾ ਦੇਣਗੇ ਤਾਕਿ ਉਨ੍ਹਾਂ ਨੂੰ ਭੱਤਾ ਮਿਲ ਜਾਏ ?

**ਵਿੱਤ ਮੰਤਰੀ:** ਸਪੀਕਰ ਸਾਹਿਬ, ਇਹ ਅਲਾਊਂਸ ਬਾਕੀ ਸਾਰੇ ਮੁਲਾਜ਼ਮਾਂ ਨੂੰ ਮਿਲ ਰਿਹਾ ਹੈ ਅਤੇ ਸਿਰਫ ਉਨ੍ਹਾਂ ਨੂੰ ਹੀ ਨਹੀਂ ਮਿਲ ਰਿਹਾ । ਜਿਹੜੀ ਕਲੈਰੀਫੀਕੇਸ਼ਨ ਦਾ ਜ਼ਿਕਰ ਇਨ੍ਹਾਂ ਨੇ ਕੀਤਾ ਹੈ ਉਹ ਕਲੈਰੀਫ਼ੀਕੇਸ਼ਨ ਉਸ ਮਹਿਕਮੇ ਵਿਚੋਂ ਜਲਦੀ ਭਿਜਵਾ ਦਿਆਂਗੇ । ਰਾਜ ਸਰਕਾਰ ਨੇ ਅੱਗੇ ਹੀ ਇਕ ਡਿਸੀਜ਼ਨ ਲਿਆ ਹੈ ਕਿ ਜਿਹੜੇ ਵਰਕ ਚਾਰਜਡ ਇੰਪਲਾਈਜ਼ ਹਨ ਅਤੇ ਉਨ੍ਹਾਂ ਨੂੰ ਪੰਜ ਸਾਲ ਕੰਮ ਕਰਦਿਆਂ ਨੂੰ ਹੋ ਗਿਆ ਹੈ, ਉਨ੍ਹਾਂ ਨੂੰ 1 ਅਪ੍ਰੈਲ, 1974 ਤੋਂ ਰੈਗੂਲਰ ਕਰ ਦਿਆਂਗੇ । ਬਾਕੀ ਜਿਹੜੀ ਕਲੈਰੀਫੀਕੇਸ਼ਨ ਦੀ ਜੋਸ਼ ਜੀ ਨੇ ਗੱਲ ਕੀਤੀ ਹੈ, ਉਸ ਬਾਰੇ ਕਲੈਰੀਫੀਕੇਸ਼ਨ ਕਿਸੇ ਵੀ ਚੀਫ਼ ਇੰਜੀਨੀਅਰ ਕੋਲੋਂ ਮੰਗੀ ਗਈ ਹੋਵੇ ਉਹ ਕਲੈਰੀਫੀਕੇਸ਼ਨ ਅਸੀਂ ਭਿਜਵਾ ਦਿਆਂਗੇ ।

**ਕਾਮਰੇਡ ਸੱਤ ਪਾਲ ਡਾਂਗ:** ਸਪੀਕਰ ਸਾਹਿਬ, ਇਨ੍ਹਾਂ ਨੇ ਲਿਖਿਆ ਹੈ :

'Service staff like that of the Hospitality Department and the drivers required to reside on the Punjab/Kapurthala/Nabha Estates are given rent free accommodation without the additional compensatory allowance.'

ਮੈਂ ਪੁਛਣਾ ਚਾਹੁੰਦਾ ਹਾਂ ਕਿ ਐਡੀਸ਼ਨਲ ਕੰਪਨਸੇਟਰੀ ਅਲਾਊਂਸ ਦਾ ਰੇਟ ਕੀ ਹੈ ? ਦੂਸਰਾ ਇਹ ਕਿ ਇਹ ਜਿਹੜੇ ਹਾਸਪੀਟੈਲਿਟੀ ਡਿਪਾਰਟਮੈਂਟ ਵਾਲੇ ਅਤੇ ਡਰਾਈਵਰਜ਼ ਹਨ ਇਨ੍ਹਾਂ ਨੂੰ ਇਸ ਕਰਕੇ ਉਥੇ ਰੱਖਿਆ ਜਾਂਦਾ ਹੈ ਕਿ ਕਿਸੇ ਵੇਲੇ ਵੀ ਉਨ੍ਹਾਂ ਦੀ ਸਰਵਿਸ ਦੀ ਲੋੜ ਪੈ ਸਕਦੀ ਹੈ, ਇਸ ਲਈ ਰੈਂਟ ਫਰੀ ਅਕਾਮੋਡੇਸ਼ਨ ਤਾਂ ਉਨ੍ਹਾਂ ਨੂੰ ਇਸ ਦੇ ਇਵਜ਼ ਵਿਚ ਮਿਲਦੀ ਹੈ । ਪਰ ਦਿੱਲੀ ਵਿਚ ਉਨ੍ਹਾਂ ਨੂੰ ਇਹ ਕੰਪੇਨਸੇਟਰੀ ਅਲਾਊਂਸ ਕਿਉਂ ਨਹੀਂ ਦਿੰਦੇ ਜਦ ਕਿ ਬਾਕੀਆਂ ਨੂੰ ਮਿਲਦਾ ਹੈ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਵਿਸ਼ੇਸ਼ ਮੁਆਵਜ਼ਾ ਭੱਤਾ 25% ਦੀ ਦਰ ਤੇ ਦਿੱਲੀ ਵਿਚ ਵੱਖ ਵੱਖ ਦਫਤਰਾਂ ਵਿਚ ਕੰਮ ਕਰ ਰਹੇ ਕਰਮਚਾਰੀਆਂ ਨੂੰ ਦੇਣ ਦਾ ਪਹਿਲੇ ਫੈਸਲਾ ਕੀਤਾ ਸੀ ਬਸ਼ਰਤੇ ਕਿ 150 ਰੁਪਏ ਪ੍ਰਤੀ ਮਾਸਕ ਤੋਂ ਵੱਧ ਨਾ ਹੋਵੇ । ਇਹ ਅਸੀਂ ਕਰ ਦਿਤਾ ਸੀ, ਪਰ ਕਿਉਂਕਿ ਦਿੱਲੀ ਵਿਚ ਮਹਿੰਗਾਈ ਜ਼ਿਆਦਾ ਸੀ ਅਤੇ ਬੜੇ ਬੜੇ ਡਿਸਟੈਂਸ ਤੇ ਰਹਿਣਾ ਪੈਂਦਾ ਹੈ ਇਸ ਕਰਕੇ ਉਨ੍ਹਾਂ ਨੂੰ ਅਕਾਮੋਡੇਸ਼ਨ ਦਿਤੀ ਸੀ 10% of their pay ਦੇ ਕੇ ਜਿਨ੍ਹਾਂ ਨੇ ਅਕਾਮੋਡੇਸ਼ਨ ਨੂੰ ਅਵੇਲ ਕਰ ਲਿਆ ਉਨ੍ਹਾਂ ਨੂੰ ਅਸੀਂ ਦੇ ਰਹੇ ਹਾਂ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਉਥੇ ਜਿਹੜੇ ਹਾਸਪੀਟੈਲਿਟੀ ਵਾਲੇ ਅਤੇ ਡਰਾਈਵਰਜ਼ ਹਨ ਉਨ੍ਹਾਂ ਦੀ ਨੌਕਰੀ ਦੀ ਕਿਸੇ ਵੇਲੇ ਵੀ ਲੋੜ ਪੈ ਸਕਦੀ ਹੈ ਇਸ ਕਰਕੇ ਉਨ੍ਹਾਂ ਨੂੰ ਵਿਸ਼ੇਸ਼ ਕੇਟੇਗਰੀ ਵਿਚ ਮੰਨਕੇ ਉਨ੍ਹਾਂ ਨੂੰ ਵਿਸ਼ੇਸ਼ ਮੁਆਵਜ਼ਾ ਭੱਤਾ 25% ਤੋਂ ਵੰਚਿਤ ਨਹੀਂ ਕਰਨਾ ਚਾਹੀਦਾ । ਵਜ਼ੀਰ ਸਾਹਿਬ ਨੇ ਇਹ ਗੱਲ ਤਾਂ ਠੀਕ ਕਹੀ ਹੈ ਕਿ ਸਰਕਾਰ ਨੇ ਫੈਸਲਾ ਕਰ ਲਿਆ ਹੈ ਕਿ ਜਿਹੜੇ ਵਰਕ ਚਾਰਜ ਪੀ. ਡਬਲਿਉ. ਡੀ., ਬੀ. ਐਂਡ. ਆਰ ਅਤੇ ਪਬਲਿਕ ਹੈਲਥ ਵਿਚ ਕੰਮ ਕਰਦੇ ਹਨ ਅਤੇ ਜਿਨ੍ਹਾਂ ਦੀ ਪੰਜ ਸਾਲ ਦੀ ਸਰਵਿਸ ਹ ਗਈ ਹੈ ਉਨ੍ਹਾਂ ਨੂੰ 1 ਅਪ੍ਰੈਲ, 1974 ਤੋਂ ਰੈਗੂਲਰ ਕਰਨ ਦਾ ਫੈਸਲਾ ਕਰ ਲਿਆ ਹੈ । ਸਪੀਕਰ ਸਾਹਿਬ, ਪਬਲਿਕ ਹੈਲਥ ਅਤੇ ਇਰੀਗੇਸ਼ਨ ਦੇ ਰੈਗੂਲਰ ਹੋ ਗਏ ਹਨ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਪੀ. ਡਬਲਿਉ. ਡੀ. ਵਾਲੇ ਅੰਕੜੇ ਨਹੀਂ ਦੇ ਰਹੇ । ਪੀ. ਡਬਲਿਉ. ਡੀ. ਵਾਲੇ ਜਿਨ੍ਹਾਂ ਦੀ 1 ਅਪ੍ਰੈਲ 1974 ਤੱਕ ਪਜ ਸਾਲ ਦੀ ਸਰਵਿਸ ਹੋ ਗਈ ਹੈ ਉਨ੍ਹਾਂ ਨੂੰ ਕਦੋਂ ਤੱਕ ਰੈਗੂਲਰ ਕਰ ਦੇਣਗੇ ?

ਮੰਤਰੀ : ਉਹ ਜਲਦੀ ਤੋਂ ਜਲਦੀ ਹੋ ਜਾਣਗੇ ਕਿਉਂਕਿ ਸਰਕਾਰ ਨੇ ਫੈਸਲਾ ਕਰ ਲਿਆ ਹੈ ।

ਸਰਦਾਰ ਗੁਰਬਚਨ ਸਿੰਘ (ਰੋਪੜ) : ਸਪੀਕਰ ਸਾਹਿਬ, ਦੋ ਦਫਾ ਵਜ਼ੀਰ ਸਾਹਿਬ ਨੇ ਕਿਹਾ ਕਿ ਅਸੀਂ ਇਹ ਕਰ ਦਿਆਂਗੇ ਪਰ ਉਨ੍ਹਾਂ ਨੇ ਕੋਈ ਤਾਰੀਖ ਮੁਕੱਰਰ ਨਹੀਂ ਕੀਤੀ । ਕੀ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਉਨ੍ਹਾਂ ਨਾਲ ਇਸੇ ਤਰ੍ਹਾਂ ਹੀ ਡਿਸਕਰੀਮੀਨੇਸ਼ਨ ਹੁੰਦਾ ਰਹੇਗਾ ?

ਮੰਤਰੀ : ਪੀ. ਡਬਲਿਉ. ਡੀ. ਨੂੰ ਫਿਰ ਦੁਬਾਰਾ ਲਿਖਾਂਗੇ ਕਿ ਉਹ ਇਸ ਤੇ ਜਲਦੀ ਤੋਂ ਜਲਦੀ ਅਮਲ ਕਰਨ ।

**Mr Speaker**: Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਪਿੰਡਾਂ ਵਿਚ ਚੌਕੀਦਾਰਾਂ ਨੂੰ ਦਿਤੀ ਜਾ ਰਹੀ ਉਜਰਤ

*3708. 1. ਕਾਮਰੇਡ ਸੱਘੜ ਸਿੰਘ
2. ਕਾਮਰੇਡ ਸੱਤ ਪਾਲ ਡਾਂਗ } ਕੀ ਮਾਲ ਅਤੇ ਚੋਣ ਮੰਤਰੀ ਕਿਰਪਾ

Original with;
Punjab Vidhan Sabha
Digitized by;
Panjab Digital Library

ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਪਿੰਡਾਂ ਵਿਚ ਚੌਂਕੀਦਾਰਾਂ ਨੂੰ ਕਿਸ ਦਰ ਤੇ ਉਜਰਤ ਦਿੱਤੀ ਜਾ ਰਹੀ ਹੈ ;

(ਅ) ਕੀ ਚੌਂਕੀਦਾਰਾਂ ਨੂੰ ਚੌਥੇ ਦਰਜੇ ਦੇ ਨਿਯਮਿਤ ਕਰਮਚਾਰੀ ਬਨਾਉਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ ?

**ਗਿਆਨੀ ਜ਼ੈਲ ਸਿੰਘ** (ਮੁੱਖ ਮੰਤਰੀ): (ੳ) 60 ਰੁਪਏ ਪ੍ਰਤੀ ਮਹੀਨਾ ।

(ਅ) ਨਹੀਂ ਜੀ ।

---

EVACUEE PROPERTY DISPOSED OF DURING THE YEARS 1975-76 AND 1976-77

*3720. (1) **Comrade Saghar Singh**
(2) **Comrade Satya Pal Dang**
} Will the Minister for

Revenue and Elections be pleased to lay down on the Table of the House —

(a) a town-wise statement in regard to urban evacuee property disposed of in the State during the years 1975-76 and 1976-77 (to-date) which was obtained by the Government as a result of the Package Deal with the Government of India;

(b) a town-wise statement of such urban evacuee property which still remains with the Government ?

**ਸਰਦਾਰ ਉਮਰਾਓ ਸਿੰਘ** :(ੳ) ਸਾਲ 1975-76 ਅਤੇ 1976–77 (ਅਜ ਤਕ) ਮੁੜ ਵਸਾਉ ਵਿਭਾਗ ਵਲੋਂ ਕਿਸੇ ਵੀ ਸ਼ਹਿਰੀ ਨਿਕਾਸੀ ਮਕਾਨ ਆਦਿ ਦਾ ਨਿਪਟਾਰਾ ਨਹੀਂ ਕੀਤਾ ਗਿਆ ।

(ਅ) ਸ਼ਹਿਰੀ ਨਿਕਾਸੀ ਮਕਾਨ ਆਦਿ ਜਿਨ੍ਹਾਂ ਦਾ ਕਿ ਨਿਪਟਾਰਾ ਹੋਣਾ ਬਕਾਇਆ ਹੈ, ਉਸ ਬਾਰੇ ਕਸਬੇ-ਵਾਰ ਵਿਵਰਣ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

[Minister for Revenue and Elections]

Town-wise details of urban evacuee properties awaiting disposal

| District | Town | | Total Number of properties |
|---|---|---|---|
| 1 | 2 | | 3 |
| Jullundur | Jullundur | .. | 360 |
| | Kartarpur | .. | 6 |
| | Adampur | .. | 11 |
| | Alawalpur | .. | 6 |
| | Nakodar | .. | 94 |
| | Nawanshehar | .. | 5 |
| | Rahon | .. | 71 |
| | Banga | .. | 2 |
| | Phillaur | .. | 56 |
| | Nurmahal | .. | 51 |
| | Total | .. | 662 |
| Kapurthala | Kapurthala | .. | 7 |
| | Phagwara | .. | 4 |
| | Hadiabad | .. | 4 |
| | Sultanpur | .. | 16 |
| | Total | .. | 31 |
| Rupar | Rupar | .. | 49 |
| | Kharar | .. | 25 |
| | Total | .. | 74 |
| Gurdaspur | Gurdaspur | .. | 23 |
| | Dehrababa Nanak | .. | 3 |
| | Qadian | .. | 38 |
| | Narot Jaimal Khan | .. | 27 |
| | Batala | .. | 42 |
| | Fatehgarh Churian | .. | 19 |
| | Shri Hargobindpur | .. | 31 |

Original with;
Punjab Vidhan Sabha
Digitized by;
Panjab Digital Library

| District | Town | | Total Number of properties |
|---|---|---|---|
| 1 | 2 | | 3 |
| | Pathankot | .. | 103 |
| | Sujanpur | .. | 15 |
| | Dhariwal | .. | 8 |
| | Dina Nagar | .. | 9 |
| | Total | .. | 318 |
| Ludhiana | Ludhiana | .. | 485 |
| | Khanna | .. | 10 |
| | Samrala | .. | 4 |
| | Payal | .. | 130 |
| | Jagraon | .. | 162 |
| | Raikot | .. | 50 |
| | Total | .. | 841 |
| Ferozepur | Ferozepur | .. | 90 |
| | Malout | .. | 4 |
| | Jaiton | .. | 127 |
| | Jalalabad | .. | 14 |
| | Abohar | .. | 197 |
| | Kot Kapura | .. | 290 |
| | Fazilka | .. | 29 |
| | Zira | .. | 24 |
| | Dharamkot | .. | 42 |
| | Total | .. | 817 |
| Faridkot | Faridkot | .. | 37 |
| | Mukatsar | .. | 20 |
| | Moga | .. | 36 |
| | Total | .. | 93 |

Original with;
Punjab Vidhan Sabha
Digitized by;
Panjab Digital Library

[Minister for Revenue of Elections]

| District | Town | | Total Number of properties |
|---|---|---|---|
| 1 | 2 | | 3 |
| Bhatinda | Bhatinda | .. | 59 |
| | Maur | .. | 24 |
| | Kot Fateh | .. | 35 |
| | Sangat | .. | 4 |
| | Rampura Phool | .. | 11 |
| | Goniana | .. | 3 |
| | Mansa | .. | 20 |
| | Budhlada | .. | 7 |
| | Baretta | .. | 12 |
| | Total | .. | 175 |
| Amritsar | Amritsar | .. | 440 |
| | Jandiala Guru | .. | 22 |
| | Patti | .. | 403 |
| | Taran Taran | .. | 35 |
| | Khem Karan | .. | 277 |
| | Majitha | .. | 31 |
| | Ramdas | .. | 280 |
| | Ajnala | .. | 5 |
| | Total | .. | 1,493 |
| Patiala | Patiala | .. | 171 |
| | Sirhand | .. | 32 |
| | Samana | .. | 839 |
| | Bassi Pathana | .. | 334 |
| | Sanaur | .. | 175 |
| | Banaur | .. | 76 |

Original with;
Punjab Vidhan Sabha
Digitized by;
Panjab Digital Library

| District | Town | | Total Number of properties |
|---|---|---|---|
| 1 | 2 | | 3 |
| | Dera Bassi | .. | 7 |
| | Amloh | .. | 23 |
| | Rajpura | .. | 10 |
| | Nabha | .. | 50 |
| | Total | .. | 1.717 |
| Sangrur | Sangrur | .. | 44 |
| | Sunam | .. | 316 |
| | Malerkotla | .. | 26 |
| | Dhuri | .. | 3 |
| | Ahmedgarh | .. | 7 |
| | Lehara Gaga | .. | 39 |
| | Rengewal | .. | 29 |
| | Bhawanigarh | .. | 2 |
| | Tappa | .. | 17 |
| | Dhanaula Kalan | .. | 41 |
| | Barnala | .. | 524 |
| | Bhadaur | .. | 125 |
| | Total | .. | 1,173 |
| Hoshiarpur | Hoshiarpur | .. | 35 |
| | Dasuya | .. | 17 |
| | Urmur | .. | 24 |
| | Darapur | .. | 5 |
| | Ayapur | .. | 8 |
| | Tanda | .. | 11 |
| | Sham Churasi | .. | 23 |
| | Haryana | .. | 38 |
| | Gardiwala | .. | 12 |
| | Garshankar | .. | 11 |
| | Total | .. | 184 |

Original with;
Punjab Vidhan Sabha
Digitized by;
Panjab Digital Library

## CHANGES MADE IN THE RATE OF SHOW TAX BY THE MUNICIPAL COMMITTEE, JULLUNDUR ON CINEMA OWNERS

*3696. 1. **Comrade Satya Pal Dang**
2. **Comrade Dana Ram**
} Will the Minister for Finance be pleased to state—

(a) whether the rate of show tax imposed on Cinema-owners by the Municipal Committee, Jullundur has been changed during the years 1974-75 and 1975-76; if so, the details of the changes made therein;

(b) whether the initiative for the above mentioned changes came from the Municipal Committee or from the Government;

(c) whether the Municipal Committee, Jullundur received any instructions/advice from the Government in the month of April, 1976 for further reducing the show tax; if so, a copy of the said instructions/advice be laid on the Table of the House ?

**ਸ਼੍ਰੀ ਹੰਸ ਰਾਜ ਸ਼ਰਮਾ :** (ੳ) ਨਗਰਪਾਲਕਾ ਜਲੰਧਰ ਦੇ ਸਿਨੇਮਾ ਮਾਲਕਾਂ ਦੇ ਸ਼ੋ-ਟੈਕਸ 10/-ਰੁਪਏ ਤੋਂ 30/-ਰੁਪਏ ਫੀ ਸ਼ੋ 1 ਮਾਰਚ, 1976 ਤੋਂ ਵਧਾਇਆ ਤੇ ਇਹ ਪੰਜਾਬ ਸਰਕਾਰ ਦੀ ਅਧਿਸੂਚਨਾ ਨੰ: 582-6 ਸੀ 1 11-76-3621, ਮਿਤੀ 30 ਜਨਵਰੀ, 1976 ਨੂੰ ਪ੍ਰਵਾਨ ਹੋਇਆ। 1974-75 ਵਿਚ ਸ਼ੋ-ਟੈਕਸ ਵਿਚ ਕੋਈ ਤਬਦੀਲੀ ਨਹੀਂ ਹੋਈ।

(ਅ) ਸ਼ੋ-ਟੈਕਸ ਵਧਾਉਣ ਦੀ ਤਜਵੀਜ਼ ਨਗਰਪਾਲਕਾ ਜਲੰਧਰ ਵਲੋਂ ਆਈ ਸੀ।

(ੲ) ਸ਼ੋ-ਟੈਕਸ ਦੇ ਦਰਾਂ ਨੂੰ ਪੰਜਾਬ ਰਾਜ ਵਿਚ ਇਕ ਸਾਰ ਕਰਨ ਲਈ ਪੰਜਾਬ ਸਰਕਾਰ ਦੇ ਮੀਮੋ ਨੰ: 2351-6 ਸੀ 111-76, ਮਿਤੀ 26 ਮਾਰਚ, 1976 ਰਾਹੀਂ ਰੌਹਬਰੀ ਦਿੱਤੀ, ਜਿਸ ਦੀ ਇਕ ਕਾਪੀ ਸਦਨ ਦੇ ਮੇਜ਼ ਤੇ ਰੱਖੀ ਜਾਂਦੀ ਹੈ।

*(Copy of the Memo)*

**From**

**The Secretary to Government, Punjab,**
**Local Government Department.**

**To**

Presidents/Administrators/Executive Officers/Secretaries of all the Municipal Committees/Notified Area Committees in the State of Punjab.

Memo. No. 2351-6CIII -76/

Dated Chandigarh, the 26th March, 1976.

Subject:—Show Tax.

Punjab Government has decided that rate of show tax to be imposed by Municipal Committees/Notified Area Committees should be as under irrespective

Original with;
Punjab Vidhan Sabha
Digitized by;
Panjab Digital Library

of classes of Municipalities in which they are situated.

| Sr. No. | Description of Cinema Halls | Rate of show tax per show |
|---|---|---|
| 1. | Air conditioned cinema halls or cinema halls where this facility is available. | Rs. 15/- |
| 2. | Cinema halls where facility of air cooling is available. | Rs. 10/- |
| 3. | Cinema halls where neither of the above facility is available. | Rs. 5/- |

All the Municipal Committees are advised to take action accordingly and forward proposals to Government for approval after observing procedure under law/rules.

Sd/-
Deputy Secretary, Local Government,
for Secretary to Government, Punjab.
Local Government Department.

No. 2351-6CIII-76/ Dated Chandigarh, the 26th March, 1976.

A copy is forwarded to:—

(1) All the Deputy Commissioners in Punjab;

(2) Deputy Director Local Government, Patiala, Ludhiana, Jullundur, Amritsar and Ferozepore;

(3) All the Sub-Divisional Officers (Civil), in Punjab, for information and necessary action.

Sd/-
Deputy Secretary, Local Government,
for Secretary to Government, Punjab.
Local Government Department.

No. 2351-6CIII-76/ Dated Chandigarh, the 26th March, 1976.

A copy is forwarded to the President, East Punjab Motion Pictures Association, Post Box No. 79, 48, Partap Road, Jullundur City for information.

Sd/-
Deputy Secretary Local Government,
for Secretary to Government Punjab
Local Government Department.

Original with;
Punjab Vidhan Sabha
Digitized by;
Panjab Digital Library

## RETRENCHMENT OF PERMANENT EMPLOYEES OF THE MUNICIPAL COMMITTEE, ABOHAR

*3722. (1) **Comrade Dana Ram**
(2) **Comrade Satya Pal Dang** } Will the Minister for Finance

be pleased to state whether any permanent employee of the Municipal Committee, Abohar, have been retrenched at the instance of the Local Government Department after the declaration of Emergency till date, if so, a list showing the names of such retrenched employees together with the post held by each at the time of retrenchment, the length of his service and the reasons for his retrenchment, be laid on the Table of the House ?

**ਸ੍ਰੀ ਹੰਸ ਰਾਜ ਸ਼ਰਮਾ**: ਹਾਂ ਜੀ। ਛਾਂਟੀ ਕੀਤੇ ਗਏ ਕਰਮਚਾਰੀਆਂ ਦੇ ਨਾਂ, ਛਾਂਟੀ ਸਮੇਂ ਉਨ੍ਹਾਂ ਹਰ ਇੱਕ ਦੀ ਅਸਾਮੀ, ਜਿਸ ਤੇ ਉਹ ਲੱਗਿਆ ਹੋਇਆ ਸੀ, ਉਸ ਦਾ ਸੇਵਾਕਾਲ ਅਤੇ ਉਸ ਨੂੰ ਛਾਂਟੀ ਕਰਨ ਦੇ ਕਾਰਨ ਦਰਸਾਉਂਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ (ਅਨੁਲਗ) ਛਾਂਟੀ ਕੀਤੇ ਗਏ ਹਰ ਕਰਮਚਾਰੀਆਂ ਨੂੰ ਉਨ੍ਹਾਂ ਦੀ ਆਸਾਮੀਆਂ, ਜਿਨ੍ਹਾਂ ਤੋਂ ਉਹ ਛਾਂਟੀ ਕੀਤੇ ਗਏ ਸਨ, ਉਨ੍ਹਾਂ ਅਸਾਮੀਆਂ ਤੇ ਜਾਂ ਦੂਜੀਆਂ ਅਸਾਮੀਆਂ, ਜਿਹੜੀਆਂ ਉਪਲਬੱਧ ਸਨ, ਉਨ੍ਹਾਂ ਤੇ ਨਗਰਪਾਲਕਾ ਅਬੋਹਰ ਵਿਖੇ ਖਪਾ ਦਿਤਾ ਗਿਆ ਹੈ ਜੀ।

Original with;
Punjab Vidhan Sabha
Digitized by;
Panjab Digital Library

ਨਗਰਪਾਲਕਾ ਅਬੋਹਰ ਦੇ ਛਾਂਟੀ ਕੀਤੇ ਕਰਮਚਾਰੀਆਂ ਦੀ ਸੂਚੀ (ਤਾਰਾ ਅੰਕਤ ਪ੍ਰਸ਼ਨ ਨੰ: 3722)

| ਲੜੀ ਨੰ: | ਛਾਂਟੀ ਹੋਏ ਕਰਮਚਾਰੀਆਂ ਦਾ ਨਾਂ | ਆਸਾਮੀ | ਸੇਵਾਕਾਲ | ਛਾਂਟੀ ਕਰਨ ਦੇ ਕਾਰਨ | ਵਿਸ਼ੇਸ਼ ਕਥਨ |
|---|---|---|---|---|---|
| 1 | 2 | 3 | 4 | 5 | 6 |
| 1 | ਸ਼੍ਰੀ ਇਸ਼ਵਰ ਚੰਦ | ਸੈਕਸ਼ਨਲ ਅਫਸਰ (ਗਾਰਡਨਜ਼) | 12 ਸਾਲ | ਸਾਲ 1976-77 ਦੇ ਬਜਟ ਵਿਚ ਆਸਾਮੀ ਫਾਲਤੂ ਸੀ । ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਫਿਰੋਜ਼ਪੁਰ ਨੇ ਆਪਣੇ ਹੁਕਮ ਨੰ: ੳਸਸਸ/ਸ1/ਸਪੈਸ਼ਲ 1, ਮਿਤੀ 31 ਮਾਰਚ, 1976 ਰਾਹੀਂ ਪੰਜਾਬ ਮਿਊਂਸਪਲ ਐਕਟ 1911 ਦੀ ਧਾਰਾ 42 ਅਧੀਨ ਇਹ ਆਸਾਮੀ ਤੇ ਮਸੀਕਰ ਦਿੱਤੀ ਸੀ । | ਇਸ ਕਰਮਚਾਰੀ ਨੂੰ ਉਸ ਦੀ ਆਸਾਮੀ ਤੇ ਮਿਤੀ 30 ਅਪਰੈਲ, 1976 ਨੂੰ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ਦੇ ਆਦੇਸ਼ ਜੋ ਯਾਦ ਪੱਤਰ ਨੰ: 12625, ਮਿਤੀ 29 ਅਪਰੈਲ, 1976 ਰਾਹੀਂ ਜਾਰੀ ਕੀਤੇ ਗਏ, ਦੇ ਅਨੁਸਾਰ ਮੁੜ-ਐਡਜੈਸਟ (adjust) ਕਰ ਦਿੱਤਾ ਗਿਆ ਅਤੇ ਮਿਤੀ 1 ਅਪਰੈਲ, 1976 ਤੋਂ 29 ਅਪਰੈਲ, 1976 ਦਾ ਸਮਾਂ ਡਿਊਟੀ ਤੇ ਤਸੱਵਰ ਕੀਤਾ ਗਿਆ। |

Original with; Punjab Vidhan Sabha Digitized by; Panjab Digital Library

| | | | | | |
|---|---|---|---|---|---|
| 2 | ਸ੍ਰੀ ਜਗਦੀਸ਼ ਚੰਦਰ | ਵੈਕਸੀਨੇਟਰ | 5 ਸਾਲ | ਉਹੀ | ਇਸ ਕਰਮਚਾਰੀ ਨੂੰ ਉਸ ਦੀ ਆਸਾਮੀ ਤੇ ਮਿਤੀ 6 ਮਈ, 1976 ਤੋਂ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ਤੋਂ ਸਪਸ਼ਟੀਕਰਨ ਲੈ ਕੇ ਮੁੜ ਐਡਜੈਸਟ (adjust) ਕਰ ਲਿਆ ਗਿਆ ਹੈ। |
| 3 | ਸ੍ਰੀ ਗੁਗਨ ਰਾਮ | ਮੇਟ | 19 ਸਾਲ | ਉਹੀ | ਇਸ ਕਰਮਚਾਰੀ ਨੂੰ ਮਿਤੀ 1 ਅਪਰੈਲ, 1976 ਤੋਂ ਬੇਲਦਾਰ ਦੀ ਪੱਕੀ ਆਸਾਮੀ ਤੇ ਐਡਜੈਸਟ (adjust) ਕਰ ਦਿੱਤਾ ਗਿਆ ਹੈ। |
| 4 | ਸ੍ਰੀ ਸੁੰਦਰ ਦਾਸ | ਬੇਲਦਾਰ | 8 ਸਾਲ | ਉਹੀ | ਨਗਰਪਾਲਕਾ ਅਬੋਹਰ ਵਲੋਂ ਜਿਹੜੀ ਅਪੀਲ ਪੰਜਾਬ ਮਿਊਂਸਪਲ ਐਕਟ, 1911 ਦੀ ਧਾਰਾ 42 ਅਧੀਨ ਰਿਜ਼ਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਫਿਰੋਜ਼ਪੁਰ ਵਲੋਂ ਪੰਜਾਬ ਮਿਊਂਸਪਲ ਐਕਟ 1911 ਦੀ ਧਾਰਾ 42 ਅਧੀਨ ਜਾਰੀ ਕੀਤੇ ਹੁਕਮਾਂ ਵਿਰੁਧ ਕੀਤੀ ਗਈ ਸੀ, ਤੇ ਵਿਚਾਰ ਕਰਨ ਉਪਰੰਤ ਸਰਕਾਰ ਵਲੋਂ ਪਿੱਠ ਅੰਕਨ ਨੰ: 9347– |
| 5 | ਸ੍ਰੀ ਰਾਮ ਭਰੋਸੇ | ਬੇਲਦਾਰ | $2\frac{1}{2}$ ਸਾਲ | ਉਹੀ | |
| 6 | ਸ੍ਰੀ ਰਾਮ ਛਬੀਲੇ | ਬੇਲਦਾਰ | $3\frac{1}{2}$ ਸਾਲ | ਉਹੀ | |
| 7 | ਸ੍ਰੀ ਰਾਮ ਦੁਲਾਰੇ | ਬੇਲਦਾਰ | $5\frac{1}{2}$ ਸਾਲ | ਉਹੀ | |
| 8 | ਸ੍ਰੀ ਨੇਕ ਰਾਮ | ਬੇਲਦਾਰ | 5 ਸਾਲ | ਉਹੀ | |
| 9 | ਸ੍ਰੀ ਰਘਬੀਰ | ਬੇਲਦਾਰ | $7\frac{3}{4}$ ਸਾਲ | ਉਹੀ | |

Original with; Punjab Vidhan Sabha
Digitized by; Panjab Digital Library

| 1 | 2 | 3 | 4 | 5 | 6 |
|---|---|---|---|---|---|
| 10 | ਸ਼੍ਰੀ ਬਾਘ ਸਿੰਘ | ਬੇਲਦਾਰ | 4 ਸਾਲ | ਉਹੀ | 6ਡਸਸ-76/14663, ਮਿਤੀ 27 ਮਈ, 1976, ਰਾਹੀਂ ਨਗਰਪਾਲਕਾ ਅਬੋਹਰ ਨੂੰ ਬੇਲਦਾਰਾਂ ਦੀਆਂ ਆਸਾਮੀਆਂ ਵਰਕਚਾਰਜ ਬੇਸਿਜ (work charge basis) ਤੇ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ਸੀ । |
| 11 | ਸ਼੍ਰੀ ਲੀਲੂ ਰਾਮ | ਬੇਲਦਾਰ | 6 ਸਾਲ | ਉਹੀ | ਨਗਰਪਾਲਕਾ ਅਬੋਹਰ ਵਲੋਂ ਮੁੜ ਬੇਨਤੀ ਕਰਨ ਤੇ ਇਸ ਮਾਮਲੇ ਤੇ ਵਿਚਾਰ ਕਰਨ ਉਪਰੰਤ ਉਕਤ ਬੇਲਦਾਰਾਂ ਦੀਆਂ ਅ ਸਾਮੀਆਂ ਵਰਕਚਾਰਜ (work-charge) ਦੀ ਬਜਾਏ ਰੈਗੂਲਰ (regular) ਤੌਰ ਤੇ ਭਰਨ ਲਈ ਮਿਤੀ 31 ਮਾਰਚ, 1977 ਤਕ ਪ੍ਰਵਾਨਗੀ ਦੇ ਦਿੱਤੀ ਗਈ ਹੈ । |
| 12 | ਸ਼੍ਰੀ ਰਾਮ ਸੇਵਕ | ਬੇਲਦਾਰ | 3 ਸਾਲ | ਉਹੀ | |
| 13 | ਸ਼੍ਰੀ ਜੀਤ ਰਾਮ | ਡਿਸਟ੍ਰੀਬਿਊਸ਼ਨ ਮਿਸਤਰੀ | $4\frac{3}{4}$ ਸਾਲ | ਉਹੀ | ਇਸ ਕਰਮਚਾਰੀ ਨੂੰ ਆਇਲ ਮੈਨ (Oilman) ਦੀ ਖਾਲੀ ਪੱਕੀ ਆਸਾਮੀ ਦੇ ਵਿਰੁਧ ਮਿਤੀ 20 ਮਈ, 1976 ਤੋਂ ਐਡਜਸ਼ਟ (adjust) ਕਰ ਦਿੱਤਾ ਗਿਆ ਹੈ। |

Original with; Punjab Vidhan Sabha Digitized by; Panjab Digital Library

## UNSTARRED QUESTIONS AND ANSWERS

### UNSTARRED QUESTION No. 1140

Extension has been asked for in respect of Unstarred Question No. 1140

ਵਿਸ਼ਾ :— ਅਨਸਟਾਰਡ ਸੁਆਲ ਨੰ: 1140 ਵਲੋਂ ਕਾਮਰੇਡ ਸੱਤ ਪਾਲ ਡਾਂਗ ਐਮ. ਐਲ. ਏ., ਬਾਬਤ ਪੁਰਾਣੇ ਪੰਜਾਬ ਅਤੇ ਪੈਪਸੂ ਜ਼ਮੀਨ ਸੁਧਾਰ ਕਾਨੂੰਨਾਂ ਅਧੀਨ ਵਾਧੂ ਜ਼ਮੀਨ ।

———

ਸਭਾ ਦੇ ਸੁਆਲ ਨੰ: 1140 ਜੋ ਮਿਤੀ 9 ਸਤੰਬਰ, 1976 ਲਈ ਅਨਸਟਾਰਡ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਸੱਤ ਪਾਲ ਡਾਂਗ, ਦੇ ਵਲੋਂ ਦਰਜ ਹੈ, ਦਾ ਜਵਾਬ ਅੱਜੇ ਤਿਆਰ ਨਹੀਂ ਹੋਇਆ ਹੈ ।

ਸਬੰਧਤ ਸੂਚਨਾ ਇੱਕਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ ।

ਸਹੀ/-

ਮਾਲ ਮੰਤਰੀ, ਪੰਜਾਬ ।

ਸਕੱਤਰ,

ਪੰਜਾਬ ਵਿਧਾਨ ਸਭਾ,

ਚੰਡੀਗੜ੍ਹ ।

ਗੋ: ਸ: ਪੱਤਰ ਨੰ: 5506-ਭ ਸ (5)-76/30932,

ਚੰਡੀਗੜ੍ਹ, ਮਿਤੀ 8 ਸਤੰਬਰ, 1976 ।

### UNSTARRED QUESTION No. 1141**

(Extension has been asked for in respect of Unstarred Question No. 1141.)

### ਕਣਕ ਕੀ ਖ਼ਰੀਦ

1142. **ਕਾਮਰੇਡ ਸੱਤ ਪਾਲ ਡਾਂਗ :** ਕੀ ਖੁਰਾਕ ਅਤੇ ਸ਼ਪਲਾਈਜ਼ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਕਣਕ ਦੀ ਸਰਕਾਰੀ ਖ਼ਰੀਦ ਪੂਰੀ ਹੋਣ ਤੋਂ ਬਾਅਦ ਇਹ ਸਪੋਰਟਸ ਪਰਾਈਜ਼ 105 ਰੁਪਏ ਪ੍ਰਤਿ ਕੁਇੰਟਲ ਤੋਂ ਘੱਟ ਵਿਕ ਰਹੀ ਸੀ,

(ਅ) ਕਿਸਾਨਾਂ ਨੂੰ ਘੱਟ ਤੋਂ ਘੱਟ ਸਪੋਰਟਸ ਪਰਾਈਸ ਦਿਵਾਉਣ ਨੂੰ ਯਕੀਨੀ ਬਣਾਉਣ ਲਈ ਕੀ ਕਾਰਵਾਈ ਕੀਤੀ ਗਈ ?

**For Unstarred Question No. 1141 and reply thereto, please see Appendin to this Debate.

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਰਦਰਸ਼ਨ ਸਿੰਘ : (ੳ) ਨਹੀਂ ਜੀ ।

105 ਰੁਪਏ ਪ੍ਰਤਿ ਕੁਇੰਟਲ ਦੀ ਸਪੋਰਟਸ ਪਰਾਈਸ ਗਰੇਡ—1—ਕਣਕ ਦੀ ਨਿਸ਼ਚਿਤ ਕੀਤੀ ਗਈ ਹੈ ਅਤੇ ਸਾਰੇ ਰਾਜ ਵਿਚ ਕਿਤੇ ਵੀ ਗਰੇਡ—1 ਕੁਆਲਿਟੀ ਵਾਲੀ ਕਣਕ ਦੀ ਕੀਮਤ 105 ਰੁਪਏ ਤੋਂ ਹੇਠਾਂ ਨਹੀਂ ਡਿਗੀ ।

(ਅ) ਪ੍ਰੋਕਿਉਰਮੈਂਟ ਏਜੰਸੀਆਂ 105 ਰੁਪਏ ਸਪੋਰਟਸ ਪਰਾਈਸ ਤੇ ਗਰੇਡ —1 ਕੁਆਲਿਟੀ ਦੀ ਕਣਕ ਸਾਰਾ ਸਾਲ ਹੀ ਖ਼ਰੀਦਦੀਆਂ ਰਹਿਣਗੀਆਂ ।

---

KOTLI CHOES IN BHUNGA, TEHSIL HOSHIARPUR

1143. **Comrade Satya Pal Dang**: Will the Minister of State for Irrigation and Power be pleased to state :—

(a) whether it is a fact that the Kotli Choes in Bhunga area of Tehsil Hoshiarpur plays havoc in that area from year to year;

(b) the steps being taken to channelise the said choe ?

ਸਰਦਾਰ ਗੁਰਬਖਸ਼ ਸਿੰਘ ਸਿਬੀਆ : (ੳ) ਹਾਂ ਜੀ ।

(ਅ) ਕੋਟਲੀ ਚੋ ਢੋਲਬਾਹਾ ਜਨੌਰੀ ਚੋਆਂ ਨੂੰ ਨਹਿਰੀ ਸ਼ਕਲ ਦੇਣ ਦੀ ਸਕੀਮ ਦਾ ਇਕ ਹਿੱਸਾ ਹੈ । ਇਸ ਬਾਰੇ ਸਕੀਮ ਸਟੇਟ ਟੈਕਨੀਕਲ ਕਮੇਟੀ/ਸਟੇਟ ਫਲਡ ਕੰਟਰੋਲ ਬੋਰਡ ਵਿੱਚ ਪਾਸ ਹੋ ਚੁੱਕੀ ਹੈ ਅਤੇ ਭਾਰਤ ਸਰਕਾਰ ਦੇ ਜਾਂਚ ਅਧੀਨ ਹੈ । ਹੋਰ ਵੀ ਦੋ ਮੁਤਬਦਲ ਤੱਜਵੀਜ਼ਾਂ ਹਨ, ਜਿਵੇਂ ਕਿ :—

1. ਢੋਲਬਾਹਾਂ-ਜਨੌਰੀ ਚੋਆਂ ਤੇ ਚੈਕ ਡੈਮ ਬਨਾਉਣੇ

2. ਢੋਲਬਾਹਾ ਅਤੇ ਜਨੌਰੀ ਚੋਆਂ ਦੇ ਕੈਚਮੈਂਟ ਏਰੀਏ ਦੇ ਹੜ੍ਹ ਦੇ ਪਾਣੀ ਨੂੰ ਦਸੂਹਾ ਅਤੇ ਨੰਗਰਪੁਰ ਗਰੁੱਪ ਜਾਂ ਮਹਿੰਗਰਵਾਲ ਚੋਆਂ ਦੇ ਗਰੁੱਪਾਂ ਵਿਚ ਮੋੜਨਾ ਹੈ ।

ਇਹ ਦੋਵੇਂ ਮੁਤਬਾਦਲ ਸਕੀਮਾਂ ਅਜੇ ਵੀ ਜਾਂਚ ਅਧੀਨ ਹਨ ।

---

## QUESTIONS OF PRIVILEGE

**Mr. Speaker** : I have received notice of a Privilege Motion from Comrade Satya Pal Dang, M.L.A., wherein it is alleged that pre-censorship of the Assembly proceedings is being deliberately done in such a manner as to make impossible objective and fair reporting of the proceedings.

A similar privilege motion was received in the Budget Session, 1976 and, as I held then, I am only responsible for the proper recording of the proceedings which take place in the House by the official reporters and the publication thereof by the Sabha Secretariat. My jurisdiction is limited to this extent and does not go beyond that. The Press is subject to the law of the land. Due to the Emergency, censorship has been imposed and I cannot intervene in the matter,

Original with;
Punjab Vidhan Sabha
Digitized by;
Panjab Digital Library

[ Mr. Speaker ]

If, however, there is any instance of distortion it can be brought to my notice and I will examine the matter. In view of what I have stated, I do not give my consent to the question of privilege being raised.

Mr. Speaker : Then I have received another notice of a privilege motion from Comrade Satya Pal Dang, M.L.A., and Comrade Darshan Singh Canadian, M. L. A., wherein they have alleged that today for replying to starred question No. 3796 no Minister was ready to reply and none had been deputed and that Sardar Umrao Singh, Minister for Revenue and Elections at the instance of the Chair obtained the reply from the Table of the House and tried to reply to supplementaries. It is further alleged in the motion that much time of the House was wasted.

I may point out that at the proper time the Minister for Revenue and Elections replied to the question and supplementaries thereon and no time of the House was wasted, as alleged. Comrade Dang sought to raise this question of privilege orally and I gave my ruling then and there that no question of privilege was involved.

All the Ministers are collectively responsible to the Legislative Assembly of the State. Of course, as far as possible, the Ministers concerned are expected to be present in the House.

I, therefore, do not give my consent to the question of privilege being raised.

**ਸ੍ਰੀ ਸਪੀਕਰ** : ਕਾਲ ਅਟੈਨਸ਼ਨ ਮੋਸ਼ਨ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਕ ਮਿੰਟ ।

(ਵਿਘਨ)

Mr. Speaker. No further discussion please.

**ਕਾਮਰੇਡ ਸੱਤ ਪਾਲ ਡਾਂਗ**: ਸਿਰਫ ਤੁਹਾਨੂੰ ਬੇਨਤੀ ਕਰਨੀ ਹੈ ਕਿ ਲਾਅ ਆਫ ਦੀ ਲੈਂਡ ਦੇ ਮੁਤਾਬਿਕ ਸੈਂਸਰਸ਼ਿਪ ਸਾਰੇ ਹਿੰਦੁਸਤਾਨ ਵਿਚ ਹੈ । ਪਰ ਰਾਜ ਸਭਾ ਵਿਚ ਜੇ ਜ਼ਰੂਰਤ ਪਵੇ, ਤਾਂ ਇਸ ਵਿਚ ਇੰਟਰਵੀਨ ਕੀਤਾ ਜਾਂਦਾ ਹੈ । (ਵਿਘਨ)

Mr. Speaker: I can't intervene.

**ਕਾਮਰੇਡ ਸੱਤ ਪਾਲ ਡਾਂਗ**: ਤੁਸੀਂ ਕਿਉਂ ਐਨੇ ਕਮਜ਼ੋਰ ਹੋ । ਤੁਸੀਂ ਵੀ ਤਕੜੇ ਹੋਵੋ ! (ਵਿਘਨ)

**ਸ੍ਰੀ ਸਰਦਾਰੀ ਲਾਲ ਕਪੂਰ**: ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਕੈਪਟਨ ਰਤਨ ਸਿੰਘ:** ਆਨ ਏ ਪੁਆਇੰਟ ਆਫ ਆਰਡਰ, ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਸ ਹਾਊਸ ਵਿਚ ਜਿੰਨੇ ਵੀ ਆਨਰੇਬਲ ਮੈਂਬਰਜ਼ ਹਨ ਤੁਹਾਡੀ ਨਜ਼ਰ ਵਿਚ ਉਨ੍ਹਾਂ ਦੀ ਪਦਵੀ ਇੱਕੋ ਹੈ। ਜੇ ਕਿਸੇ ਇੱਕ ਮੈਂਬਰ ਨਾਲ ਡਿਸਕ੍ਰੀਮੀਨੇਸ਼ਨ ਹੋਵੇ ਅਤੇ ਤੁਹਾਡੀ ਪਾਵਰਜ਼ ਵਿਚ ਉਸ ਡਿਸਕ੍ਰੀਮੀਨੇਸ਼ਨ ਨੂੰ ਰੋਕਣ ਦੀ ਤਾਕਤ ਹੋਵੇ ਤਾਂ ਕੀ ਤੁਸੀਂ ਉਸ ਨੂੰ ਰੋਕੋਗੇ ਜਾਂ ਨਹੀਂ ?

**ਸ੍ਰੀ ਸਪੀਕਰ :** ਇਸ ਬਾਰੇ ਤੁਸੀਂ ਮੇਰੇ ਨੋਟਿਸ ਵਿਚ ਲਿਖ ਕੇ ਲਿਆ ਦਿਉ । ਮੈਨੂੰ ਚੈਂਬਰ ਵਿਚ ਆ ਕੇ ਮਿਲ ਲਉ ਅਤੇ ਸਾਰੀ ਗੱਲ ਦਸ ਦਿਉ, ਫਿਰ ਦੇਖਿਆ ਜਾਵੇਗਾ ।

**ਕੈਪਟਨ ਰਤਨ ਸਿੰਘ:** ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜੇ ਕਿਸੇ ਨਾਲ ਡਿਸਕ੍ਰੀਮੀਨੇਸ਼ਨ ਹੋਣ ਬਾਰੇ ਤੁਹਾਡੇ ਕੋਲ ਬੇਨਤੀ ਕੀਤੀ ਜਾਵੇ ਤਾਂ ਕੀ ਤੁਸੀਂ ਉਹ ਡਿਸਕ੍ਰੀਮੀਨੇਸ਼ਨ ਨੂੰ ਦੂਰ ਕਰੋਗੇ ਜਾਂ ਨਹੀਂ ?

**Mr. Speaker:** I will certainly examine the matter.

**Captain Rattan Singh :** If my Point of Order is not Point of Order, then I will take my seat. If there is a Point of Order then you say it is a Point of Order. (Interruption) (Noise)

ਮਾਸਟਰ ਚੰਦ ਸਿੰਘ: ਆਨ ਏ ਪੁਆਇੰਟ ਆਫ ਆਰਡਰ, ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਇਕ ਕਾਲ ਅਟੈਨਸ਼ਨ ਦਿੱਤੀ ਸੀ, ਪਿੰਡ ਮੁੰਧ, ਤਹਿਸੀਲ ਨਕੋਦਰ ਜ਼ਿਲ੍ਹਾ ਜਲੰਧਰ ਦੇ ਜ਼ਿਮੀਦਾਰਾਂ ਨੇ ਬਾਈਕਾਟ ਕੀਤਾ ਹੋਇਆ ਹੈ । ਉਨ੍ਹਾਂ ਨੂੰ ਬਾਹਰ ਨਹੀਂ ਜਾਣ ਦਿੱਤਾ ਜਾਂਦਾ ਹੈ । (ਵਿਘਨ)

**ਸ੍ਰੀ ਸਪੀਕਰ:** ਹਰ ਇਕ ਇਸ਼ੂ ਕਾਲ ਅਟੈਨਸ਼ਨ ਮੋਸ਼ਨ ਦਾ ਵਿਸ਼ਾ ਨਹੀਂ ਬਣ ਸਕਦਾ ।

---

## CALL ATTENTION NOTICES UNDER RULE 66

(*Serial No. 15*)

**Shri. Sardari Lal Kapur :** Sir, I beg to draw the attention of the Minister concerned towards a matter of urgent public importance, namely, the nuisance created in cities and villages in the State by louds speakers day and night. The songs relayed on the loudspeakers are mostly of obscene and great nuisance value in as much as College and

Original with;
Punjab Vidhan Sabha
Digitized by;
Panjab Digital Library

[Shri Sardari Lal Kapoor]

School going students cannot concentrate on their studies. At night the patients in the hospitals are very much disturbed. The lottery Ticket Sellers make announcements loudly to sell their tickets. All these things need to be checked with a strong measure. The Government is requested to make a statement in the House in respect of action taken in the matter.

**Mr. Speaker**: Shri Umrao Singh Ji.

**ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ)** : ਸਪੀਕਰ ਸਾਹਿਬ, ਲਾਊਡ-ਸਪੀਕਰ ਦੇ ਸ਼ੋਰ ਨੂੰ ਰੋਕਣ ਵਾਸਤੇ ਕਾਨੂੰਨ ਬਣਿਆ ਹੋਇਆ ਹੈ ਔਰ ਸਰਕਾਰ ਵਲੋਂ ਉਸ ਦੀ ਉਲੰਘਣਾ ਕਰਨ ਵਾਲੇ ਦੇ ਖਿਲਾਫ ਸਖ਼ਤ ਹਦਾਇਤਾਂ ਕੀਤੀਆਂ ਹੋਈਆਂ ਹਨ ਕਿ ਉਨ੍ਹਾਂ ਦੇ ਖ਼ਿਲਾਫ ਕਾਰਵਾਈ ਕੀਤੀ ਜਾਵੇ। ਪਹਿਲਾਂ ਇਸ ਬਾਰੇ ਹਦਾਇਤਾਂ ਮਿਤੀ 23 ਫਰਵਰੀ, 1976 ਨੂੰ ਕੀਤੀਆਂ ਗਈਆਂ ਸਨ। ਫਿਰ ਹੁਣ ਰੀਸੈਂਟਲੀ 26 ਅਗਸਤ, 1976 ਨੂੰ ਪੁਲਿਸ ਨੂੰ ਕਿਹਾ ਗਿਆ ਹੈ। ਇਸ ਐਕਟ ਥਲੇ ਜੁਰਮ ਕੋਗਨੀਜ਼ੇਬਲ ਓਫੈਂਸ ਹੈ। ਇਸ ਦੇ ਬਾਵਜੂਦ ਕੋਈ ਤਿਉਹਾਰ ਹੋਵੇ, ਜਗਰਾਤਾ ਹੋਵੇ, ਰਿਲੀਜੀਅਸ ਸੈਂਟੀਮੈਂਟਸ ਲਈ ਡਿਸਟ੍ਰਿਕਟ ਮੈਜਿਸਟਰੇਟ ਨੂੰ ਲੋਕਲ ਹਾਲਾਤ ਦੇ ਮੁਤਾਬਿਕ ਇਜਾਜ਼ਤ ਦੇਣੀ ਪੈਂਦੀ ਹੈ। ਅਗਰ ਕੋਈ ਆਨਰੇਬਲ ਮੈਂਬਰ ਇਸ ਐਕਟ ਨੂੰ ਹੋਰ ਸੋਧਨ ਵਾਸਤੇ ਕੋਈ ਹੋਰ ਸਲਾਹ ਮਸ਼ਵਰਾ ਦਿੰਦਾ ਹੈ ਤਾਂ ਉਸ ਤੇ ਸਰਕਾਰ ਹਮਦਰਦੀ ਨਾਲ ਗੌਰ ਕਰੇਗੀ। ਸਰਕਾਰ ਮਹਿਸੂਸ ਕਰਦੀ ਹੈ ਕਿ ਇਹ ਜਿਹੜੀ ਲਾਊਡਸਪੀਕਰ ਦੀ ਨਿਊਸੈਂਸ ਹੈ, ਜਿਸ ਨਾਲ ਕਿ ਬਚਿਆਂ ਦੀ ਪੜ੍ਹਾਈ ਔਰ ਲੋਕਾਂ ਦੀ ਨੀਂਦ ਵਿਚ ਵਿਘਨ ਪੈਂਦਾ ਹੈ ਇਸ ਤੇ ਸਖ਼ਤੀ ਨਾਲ ਕਾਰਵਾਈ ਹੋਣੀ ਚਾਹੀਦੀ ਹੈ ਔਰ ਇਸ ਲਈ ਲੋਕਾਂ ਦੀ ਕੋਆਪ੍ਰੇਸ਼ਨ ਔਰ ਮੈਂਬਰ ਸਾਹਿਬਾਨ ਦੀ ਕੋਆਪ੍ਰੇਸ਼ਨ ਦੀ ਜ਼ਰੂਰਤ ਹੈ। ਮੈਂ ਚਾਹਾਂਗਾ ਕਿ ਸਾਰੇ ਮੈਂਬਰ ਸਾਹਿਬਾਨ ਆਪਣੇ ਆਪਣੇ ਡਿਸਟ੍ਰਿਕਟਸ ਵਿਚ ਜਿਥੇ ਜਿਥੇ ਜ਼ਿਲ੍ਹਾ ਗਰੀਵੇਂਸਿਜ਼ ਕਮੇਟੀਆਂ ਬਣੀਆਂ ਹੋਈਆਂ ਹਨ ਉਥੇ ਉਥੇ ਜੇ ਇਹੋ ਜਿਹੀ ਚੀਜ਼ ਹੁੰਦੀ ਹੈ ਤਾਂ ਉਹਦੇ ਬਾਰੇ ਉਥੇ ਦੇ ਅਫਸਰਾਂ ਦੇ ਨੋਟਿਸ ਵਿਚ ਲਿਆਉਣ ਤਾਂ ਕਿ ਇਹ ਨਿਊਸੈਂਸ ਉਥੇ ਰੁਕ ਸਕੇ। ਇਸੇ ਤਰ੍ਹਾਂ ਹੀ ਪਿੰਡਾਂ ਵਿਚ ਲੋਕਾਂ ਨੂੰ ਪੁਲਿਸ ਦੇ ਨੋਟਿਸ ਵਿਚ ਇਸ ਬਾਰੇ ਲਿਆਉਣਾ ਚਾਹੀਦਾ ਹੈ। ਜਿੰਨਾ ਚਿਰ ਇਸ ਬਾਰੇ ਪੁਲਿਸ ਨੂੰ ਕੋਈ ਸ਼ਿਕਾਇਤ ਨਹੀਂ ਕੀਤੀ ਜਾਂਦੀ ਉਨੀ ਦੇਰ ਤਕ ਉਹ ਕਾਰਵਾਈ ਨਹੀਂ ਕਰ ਸਕਦੇ। ਅੱਗੇ ਵੀ ਇਸ ਬਾਰੇ ਪੁਲਿਸ ਨੂੰ ਹਦਾਇਤਾਂ ਕੀਤੀਆਂ ਹੋਈਆਂ ਹਨ ਅਤੇ ਹੁਣ ਫਿਰ ਕਹਿ ਦਿਆਂਗੇ। ਪਰ ਇਕ ਗੱਲ, ਸਪੀਕਰ ਸਾਹਿਬ, ਮੈਂ ਕਹਿਣੀ ਚਾਹੁੰਦਾ ਹਾਂ ਕਿ ਹਰ ਵਾਰੀ ਕਪੂਰ ਸਾਹਿਬ ਇਹ ਮਸਲਾ ਉਠਾਉਂਦੇ ਹਨ ਪਰ ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੂੰ ਇਸ ਬਾਰੇ ਕੋਈ ਤਜਵੀਜ਼ ਦੇਣੀ ਚਾਹੀਦੀ ਹੈ ਅਸੀਂ ਉਸਨੂੰ ਵੈਲਕਮ ਕਰਾਂਗੇ।

**ਕੈਪਟਨ ਰਤਨ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਆਨਰੇਬਲ ਰੈਵੇਨਿਊ ਐਂਡ ਇਲੈਕਸ਼ਨਜ਼ ਮਨਿਸਟਰ (ਵਿਘਨ) ਮਾਲ ਔਰ ਚੋਣ ਮੰਤਰੀ। ਇਹ ਮੈਂ ਟਰਾਂਸਲੇਸ਼ਨ ਕਰਕੇ ਦਸਿਆ ਹੈ। (ਵਿਘਨ)

**ਮਾਲ ਅਤੇ ਚੋਣ ਮੰਤਰੀ** : ਇਹ ਇਲੈਕਸ਼ਨਜ਼ ਦੇ ਮੰਤਰੀ ਆਪ ਰਹੇ ਹਨ। ਇਨ੍ਹਾਂ ਨੂੰ ਪਤਾ ਹੋਵੇਗਾ ਕਿ ਇਸ ਦਾ ਟਰਾਂਸਲੇਸ਼ਨ ਕੀ ਹੁੰਦਾ ਹੈ।

Original with;
Punjab Vidhan Sabha
Digitized by;
Panjab Digital Library

**Captain Rattan Singh** : Sir, my Point of Order is this that the Hon'ble Minister for Revenue and Elections, while answering the Call Attention Notice of Hon'ble Member, Shri Sardari Lal Kapur Ji, has imposed restriction on the Speaker. He cannot impose restriction on the Speaker. I strongly object to this.

**ਮਾਲ ਅਤੇ ਚੋਣ ਮੰਤਰੀ** : ਲਾਊਡ ਸਪੀਕਰਜ਼ ਵਾਸਤੇ ਕਿਹਾ ਹੈ ਜੀ ।

**ਸਰਦਾਰ ਦਰਬਾਰਾ ਸਿੰਘ** : ਆਨ ਏ ਪੁਆਇੰਟ ਆਫ਼ ਆਰਡਰ, ਸਰ ।

**ਮਾਲ ਅਤੇ ਚੋਣ ਮੰਤਰੀ** : ** ** **

**ਸ੍ਰੀ ਸਪੀਕਰ** : ਇਹ ਜੋ ਕੁਝ ਮਨਿਸਟਰ ਸਾਹਿਬ ਨੇ ਕਿਹਾ ਹੈ It is an aspersion on the Chair. It should not be recorded.

**ਕੁਝ ਆਵਾਜ਼ਾਂ** : ਸਪੀਕਰ ਸਾਹਿਬ, ਇਹ ਇਨ੍ਹਾਂ ਨੂੰ ਲਫ਼ਜ਼ ਵਾਪਸ ਲੈਣੇ ਚਾਹੀਦੇ ਹਨ (ਵਿਘਨ) ।

**ਸ੍ਰੀ ਸਪੀਕਰ** : ਇਹ ਮੈਂ ਐਕਸਪੰਜ ਕਰਵਾ ਦਿਤੇ ਹਨ । (ਵਿਘਨ)

**ਸਰਦਾਰ ਦਰਬਾਰਾ ਸਿੰਘ** : ** ** ** (ਵਿਘਨ)

**ਸ੍ਰੀ ਸਪੀਕਰ** : ਇਹ ਤਾਂ ਕੋਈ ਪੁਆਇੰਟ ਆਫ਼ ਆਰਡਰ ਨਹੀਂ । ਤੁਸੀਂ ਤਾਂ ਆਪ ਸਪੀਕਰ ਰਹੇ ਹੋ । (ਵਿਘਨ) Sorry, this is not a Point of Order.

**ਸਰਦਾਰ ਦਰਬਾਰਾ ਸਿੰਘ** : ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਕੁਝ ਮੈਂਬਰਜ਼ ਹਾਊਸ ਵਿਚ ਜ਼ਿਆਦਾ ਸਮਾਂ ਮੰਗਦੇ ਹਨ । ਤੁਹਾਡੀ ਵੀ ਅਸੀਂ ਪ੍ਰੋਟੈਕਸ਼ਨ ਮੰਗਦੇ ਹਾਂ ਕਿ ਪ੍ਰੈਸ ਵਿਚ ਹੈਡ ਲਾਈਨਜ਼ ਲਗਣ । ਜੇ ਅਗੇ ਨਹੀਂ ਲਗੀਆਂ ਤਾਂ ਹੁਣ ਜ਼ਰੂਰ ਤੁਸੀਂ ਪ੍ਰੈਸ ਨੂੰ ਰਿਕੁਮੈਂਡ ਕਰ ਦਿਉ ਕਿ ਇਹ ਪਬਲਿਸਿਟੀ ਮਾਈਂਡਿਡ ਹਨ ਅਤੇ ਇਨ੍ਹਾਂ ਦੀਆਂ ਹੈਡ ਲਾਈਨਜ਼ ਕੱਲ ਨੂੰ ਜ਼ਰੂਰ ਆਉਣੀਆਂ ਚਾਹੀਦੀਆਂ ਹਨ । (ਵਿਘਨ) (ਸ਼ੋਰ)

**ਸ੍ਰੀ ਵਿਸ਼ਵਾ ਮਿਤਰ ਸੇਖੜੀ** : ਸਪੀਕਰ ਸਾਹਿਬ, ਸਰਦਾਰ ਉਮਰਾਓ ਸਿੰਘ ਜੀ ਨੇ ਜੋ ਸਪੀਕਰ ਸਾਹਿਬ ਦੇ ਮੁਤਅੱਲਕ ਕਿਹਾ ਹੈ ਉਹ ਵਿਦਡਰਾ ਕਰਾਉਣਾ ਚਾਹੀਦਾ ਹੈ ।

**ਸ੍ਰੀ ਸਪੀਕਰ** : ਉਹ ਲਫਜ਼ ਮੈਂ ਐਕਸਪੰਜ ਕਰਵਾ ਦਿਤੇ ਹਨ ।

**ਸ੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ,ਜਿਹੜਾ ਮਨਿਸਟਰ ਸਾਹਿਬ ਨੇ ਜਵਾਬ ਦਿਤਾ ਹੈ ਉਸ ਤੋਂ ਪਤਾ ਲਗਦਾ ਹੈ ਕਿ ਉਹ ਮਹਿਸੂਸ ਕਰਦੇ ਹਨ ਕਿ ਲਾਊਡ ਸਪੀਕਰ ਨਿਊਸੈਂਸ ਹੈ । ਇਨ੍ਹਾਂ ਨੇ ਕਿਹਾ ਹੈ ਕਿ ਮੈਂ ਕੋਈ ਇਸ ਦੇ ਲਈ ਤਰਕੀਬ ਦਸਾਂ । ਉਸ ਦੇ ਲਈ ਮੈਂ ਇਹ ਤਰਕੀਬ ਦੇਣਾ ਚਾਹੁੰਦਾ ਹਾਂ ਕਿ ਇਸ ਦੇ ਲਈ ਲਾਅ ਸਖ਼ਤ ਬਣਾਉ । ਜਿਥੇ ਬਿਨਾਂ ਇਜਾਜ਼ਤ ਦੇ ਲਾਊਡ ਸਪੀਕਰ ਵਜਦੇ ਹਨ, ਫਾਸ਼ ਰਿਕਾਰਡ ਚਲਦੇ ਹਨ ਇਨ੍ਹਾਂ ਨੂੰ ਚਾਹੀਦਾ ਹੈ ਕਿ ਉਥੋਂ ਲਾਊਡ ਸਪੀਕਰ ਹੀ ਚੁਕ ਕੇ ਲੈ ਜਾਣ (ਵਿਘਨ)

** Not recorded expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਕਪੂਰ ਸਾਹਿਬ, ਸਵਾਲ ਕਰੋ । (ਵਿਘਨ) Please put a specific question.

**ਸ੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਮਹਿਸੂਸ ਕਰਦੇ ਹਨ ਕਿ ਇਹ ਨਿਊਸੈਂਸ ਹੈ ਤਾਂ ਕੀ ਇਸ ਦੇ ਲਈ ਕੋਈ ਸਖਤ ਕਾਨੂੰਨ ਬਣਾਉਣ ਲਈ ਤਿਆਰ ਹਨ ?

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਮੈਂ ਅਗੇ ਹੀ ਕਹਿ ਚੁਕਾ ਹਾਂ ਕਿ ਇਹ ਕੋਗਨੀਜ਼ੇਬਲ ਓਫੈਂਸ ਹੈ ਔਰ ਕੋਗਨੀਜ਼ੇਬਲ ਓਫੈਂਸ ਦਾ ਮਤਲਬ ਹੈ ਕਿ ਬਗੈਰ ਵਾਰੰਟ ਦੇ ਕੋਈ ਫੜਿਆ ਜਾ ਸਕਦਾ ਹੈ । ਮੈਂ ਕਪੂਰ ਸਾਹਿਬ ਨੂੰ ਕਹਾਂਗਾ ਕਿ ਜੇ ਕੋਈ ਇਹੋ ਜਿਹਾ ਕੇਸ ਨੋਟਿਸ ਵਿਚ ਆਵੇ ਤਾਂ ਇਹ ਪੁਲਿਸ ਦੇ ਨੋਟਿਸ ਵਿਚ ਲਿਆਉਣ ।

(Serial No. 23)

**Comrade Shamsher Singh Josh** : Sir, I beg to draw the attention of the House to a matter of urgent public importance, namely, wide-spread resentment amongst a large number of landowners in the periphery areas of Amritsar, Ludhiana and Jullundur Cities because of steps being taken by the State Government to implement the Urban Ceiling Act in these towns. These landowners have met the Chief Minister and various Ministers who have assured them that they would recommend to Government to make necessary amendments in meeting the genuine difficulties of these landowners. The last date for filing returns under this Act is 15th September, 1976 but it is very difficult for the affected landowners to submit their returns before the 15th September, 1976 as the Patwaris are busy in flood relief work. Hence they are demanding relaxation of this date limit. In view of the obvious importance of the matter, the Government may be asked to make a statement in the House. (*interruptions-Noise*)

**Mr. Speaker** : Order, Order. Please co-operate to maintain the dignity and decorum of the House.

**ਵਿੱਤ ਮੰਤਰੀ (ਸ੍ਰੀ ਹੰਸ ਰਾਜ ਸ਼ਰਮਾ)** : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪ੍ਰਧਾਨ ਮੰਤਰੀ ਜੀ ਦੇ 20 ਨੁਕਾਤੀ ਪ੍ਰੋਗਰਾਮ ਦੇ ਮੁਤਾਬਕ Socialisation of urban and urbanisable land, ceiling on ownership and possession of vacant land and on plinth area of new dwelling units. ਇਹ ਹੈ ਉਮੀਦ ਪ੍ਰਧਾਨ-ਮੰਤਰੀ ਜੀ ਦੇ ਪ੍ਰੋਗਰਾਮ ਦੀ ਔਰ ਉਸ ਦੇ ਮੁਤਾਬਕ ਸੈਂਟਰਲ ਗੌਰਮਿੰਟ ਨੇ ਪਾਰਲੀਮੈਂਟ ਵਿਚ ਐਕਟ ਪਾਸ ਕੀਤਾ ਔਰ ਪੰਜਾਬ ਦੇ ਵਿਚ ਵੀ ਉਹ ਲਾਗੂ ਹੋ ਗਿਆ ਹੈ । ਸਾਰੇ ਹਿੰਦੁਸਤਾਨ ਵਿਚ ਲਾਗੂ ਹੋ ਗਿਆ ਹੈ । ਉਸ ਦੇ ਮੁਤਾਬਕ ਪੰਜਾਬ ਦੇ ਵਿਚ ਜਲੰਧਰ, ਅੰਮ੍ਰਿਤਸਰ ਔਰ ਲੁਧਿਆਣਾ ਦੇ ਜਿਹੜੇ 3 ਜ਼ਿਲ੍ਹੇ ਹਨ, ਉਨ੍ਹਾਂ ਤੇ ਵੀ ਲਾਗੂ ਹੋ ਗਿਆ ਹੈ ਔਰ ਉਸ ਦੇ ਬਾਅਦ ਕੰਪੀਟੈਂਟ ਅਥਾਰਟੀ ਮੁਕੱਰਰ ਕਰ ਦਿਤੀਆਂ ਹਨ । ਐਪੀਲੈਂਟ ਅਥਾਰਟੀਜ਼ ਵੀ ਮੁਕੱਰਰ ਕਰ ਦਿਤੀਆਂ ਹਨ ਔਰ ਇਹ ਰੋਕ ਦਿਤਾ ਹੈ ਤਾਂ ਕਿ ਸੇਲ ਡੀਡਜ਼ ਜਾਂ ਜਿਹੜੇ ਰੇਵਨਿਊ ਦੇ ਰਿਕਾਰਡ ਹਨ ਉਹ ਬਦਲੇ ਨਾ ਜਾ ਸਕਣ । ਇਸ ਐਕਟ ਦੀ ਇਹ ਮਨਸ਼ਾ ਹੈ ਕਿ ਕੋਈ ਖਸਰਾ ਗਿਰਦਾਵਰੀ ਜਾਂ ਕੁਝ ਹੋਰ ਬਦਲਿਆ ਨਾ ਜਾ

Original with;
Punjab Vidhan Sabha
Digitized by;
Panjab Digital Library

ਸਕੇ । ਕੁਝ ਐਗਰੀਕਲਚਰਿਸਟਸ ਚੀਫ਼ ਮਨਿਸਟਰ ਸਾਹਿਬ ਨੂੰ ਅਤੇ ਮੈਨੂੰ ਵੀ ਮਿਲੇ ਔਰ ਉਨ੍ਹਾਂ ਐਗਰੀਕਲਚਰਿਸਟਸ ਨੇ ਕਿਹਾ ਹੈ ਕਿ ਅਸੀਂ ਜਿਹੜੇ ਖੇਤੀ ਬਾੜੀ ਕਰਦੇ ਹਾਂ ਸਾਨੂੰ ਇਸ ਦੇ ਵਿਚ ਛੋਟ ਦਿਤੀ ਜਾਵੇ । ਜੋਸ਼ ਸਾਹਿਬ ਨੇ ਹੈਰਾਸਮੈਂਟ ਦਾ ਇਥੇ ਜ਼ਿਕਰ ਕੀਤਾ ਹੈ । ਉਨ੍ਹਾਂ ਨੇ ਸਾਨੂੰ ਕਿਹਾ ਹੈ ਕਿ ਛੋਟ ਦਿਤੀ ਜਾਵੇ । ਅਸੀਂ ਇਹ ਕਿਹਾ ਕਿ ਐਗਰੀਕਲਚਰ ਨੂੰ ਇਸ ਦੇ ਵਿਚ ਛੋਟ ਹੈ ਲੇਕਿਨ ਕੁਝ ਹੋਰ ਕੰਪਲੀਕੇਸ਼ਨਜ਼ ਹਨ, ਕੁਝ ਤੁਹਾਡੇ ਬੰਦੇ ਫਸਦੇ ਹਨ ਉਨ੍ਹਾਂ ਦੇ ਲਈ ਅਸੀਂ ਗਲ ਬਾਤ ਸੋਚ ਰਹੇ ਹਾਂ । ਫਿਰ ਕੈਬਨਿਟ ਸਬ-ਕਮੇਟੀ ਬਣ ਗਈ ਹੈ । (ਵਿਘਨ) ਡਾਂਗ ਸਾਹਿਬ ਨੋਟ ਕਰੋ ਮੈਂ ਪ੍ਰੋਗਰੈਸਿਵ ਔਰ ਰੀਐਕਸ਼ਨਰੀ ਨੂੰ ਸਮਝਦਾ ਹਾਂ। ਸਪੀਕਰ ਸਾਹਿਬ, ਕੈਬਨਿਟ ਸਬ-ਕਮੇਟੀ ਬਣ ਗਈ ਹੈ ਔਰ ਕੈਬਨਿਟ ਸਬ-ਕਮੇਟੀ ਨੇ ਕੁਝ ਫੈਸਲੇ ਕੀਤੇ ਹਨ, ਉਹ ਅਸੀਂ ਗੌਰਮਿੰਟ ਆਫ਼ ਇੰਡੀਆ ਨੂੰ ਭੇਜੇ ਹਨ । ਇਸ ਦੇ ਵਿਚ ਅਮੈਂਡਮੈਂਟ ਕਰ ਸਕਦੀ ਹੈ ਤਾਂ ਗੌਰਮਿੰਟ ਆਫ਼ ਇੰਡੀਆ ਹੀ ਕਰ ਸਕਦੀ ਹੈ । ਅਸੀਂ ਗੌਰਮਿੰਟ ਆਫ਼ ਇੰਡੀਆ ਦੀ ਰਾਇ ਲੈਣ ਵਾਸਤੇ ਆਪਣੇ ਫੈਸਲੇ ਉਨ੍ਹਾਂ ਨੂੰ ਭੇਜ ਦਿਤੇ ਹਨ । ਹੁਣ ਅਸੀਂ ਫੈਸਲਾ ਕੀਤਾ ਹੈ ਕਿ ਮੇਰੇ ਨਾਲ ਤਿੰਨ ਮਨਿਸਟਰ ਸਾਹਿਬਾਨ ਚਲ ਕੇ ਸ਼੍ਰੀ ਰਘੂ ਰਮੱਈਆ ਜੋ ਕਿ ਮਨਿਸਟਰ ਫਾਰ ਹਾਉਸਿੰਗ ਹਨ (ਇਕ ਆਵਾਜ਼: ਤਿੰਨ ਨਹੀਂ ਚਾਰ ਮਨਿਸਟਰ) ਚਾਰ ਹੀ ਮੈਂ ਕਿਹਾ ਹੈ ਇਨਕਲੂਡਿੰਗ ਮਾਈ ਸੈਲਫ । ਇਹੀ ਮੈਂ ਕਿਹਾ ਹੈ । ਅਸੀਂ 4 ਮਨਿਸਟਰਜ਼ ਦਾ ਡੈਲੀਗੇਸ਼ਨ 13 ਤਾਰੀਖ ਨੂੰ ਉਨ੍ਹਾਂ ਨੂੰ ਮਿਲ ਰਹੇ ਹਾਂ । ਕਿਉਂਕਿ ਇਸ ਦੇ ਵਿਚ ਇਨਟਰਪ੍ਰੇਟੇਸ਼ਨਜ਼ ਇਨਵਾਲਵਡ ਹਨ, ਕੁਝ ਮਾਸਟਰ ਪਲੈਨ ਦੀ ਅਤੇ ਕੁਝ ਦੂਸਰਿਆਂ ਦੀ । ਸੋ ਮੈਂ ਜੋਸ਼ ਸਾਹਿਬ ਨੂੰ ਵੀ ਅਪੀਲ ਕਰਾਂਗਾ ਕਿ ਉਹ ਦਿੱਲੀ ਵਿਚ ਆਪਣੀ ਹਾਈ ਕਮਾਂਡ ਨੂੰ ਕਹਿ ਦੇਣ, ਪਾਰਲੀਮੈਂਟ ਵਿਚ ਅਮੈਂਡਮੈਂਟ ਲਿਆਉਣੀ ਹੈ ਤਾਂ ਇਹ ਵੀ ਕਹਿ ਦੇਣ । ਜਿਥੋਂ ਤਕ ਪੰਜਾਬ ਸਰਕਾਰ ਦਾ ਸਬੰਧ ਹੈ ਸਾਡਾ ਸਟੈਂਡ ਕਲੀਅਰ ਹੈ ਕਿ ਅਸੀਂ ਉਸ ਦੀ ਹਿਫਾਜ਼ਤ ਕਰਨੀ ਹੈ ਜਿਹੜਾ ਜੈਨੂਅਨ ਖੇਤੀ ਕਰ ਰਿਹਾ ਹੈ ਅਤੇ ਜਿਹੜਾ ਜੈਨੂਅਨ ਖੇਤੀ ਨਹੀਂ ਕਰ ਰਿਹਾ ਉਸ ਦਾ ਅਸੀਂ ਐਸਾ ਕੋਈ ਕੰਮ ਨਹੀਂ ਕਰਨਾ ਚਾਹੁੰਦੇ ਜਿਸ ਨਾਲ ਸੈਬੋਟੇਜ ਕਰਨ ਦਾ ਕੋਈ ਇਨਸਟਰੂਮੈਂਟ ਬਣੀਏ । ਜੋ ਪ੍ਰਧਾਨ ਮੰਤਰੀ ਜੀ ਦਾ ਪ੍ਰੋਗਰਾਮ ਹੈ That is to be protected. This is my position. I hope they will realise that. ਇਹ ਪ੍ਰਧਾਨ ਮੰਤਰੀ ਜੀ ਦੇ ਪ੍ਰੋਗਰਾਮ ਦਾ ਹਿਸਾ ਹੈ । ਅਸੀਂ ਖੇਤੀ ਬਾੜੀ ਵਾਲਿਆਂ ਨੂੰ ਵੀ ਅਪਨਾਉਣਾ ਹੈ ਅਤੇ ਦੂਸਰਿਆਂ ਨੂੰ ਵੀ । ਖੇਤੀ ਬਾੜੀ ਦੇ ਪ੍ਰੋਗਰਾਮ ਤੇ ਵੀ ਅਮਲ ਕਰਨਾ ਹੈ ।

**ਮਾਲ ਅਤੇ ਚੋਣ ਮੰਤਰੀ:** ਦੂਸਰੇ ਕੌਣ ?

**ਵਿੱਤ ਮੰਤਰੀ:** ਇਹ ਮੈਂ ਕਲੀਅਰ ਕਰ ਦੇਵਾਂ ਕਿ ਦੂਸਰੇ ਪ੍ਰਧਾਨ ਮੰਤਰੀ ਜੀ ਦੇ ਪ੍ਰੋਗਰਾਮ ਨੂੰ, ਉਸ ਨੂੰ ਵੀ ਅਸੀਂ ਅਮਲੀ ਜਾਮਾ ਪਹਿਨਾਉਣਾ ਹੈ । ਇਹ ਸਾਡਾ ਸਟੈਂਡ ਹੈ । ਬਹੁਤ ਸਾਰੀਆਂ ਉਲਝਣਾਂ ਹਨ । ਸ਼ਾਇਦ ਇਨ੍ਹਾਂ ਨੇ ਆਪਣੀ ਪਾਰਟੀ ਵਿਚ ਇਤਨਾ ਡਿਸਕਸ ਨਾ ਕੀਤਾ ਹੋਵੇ ਜਿਤਨਾ ਅਸੀਂ ਕੈਬਨਿਟ ਵਿਚ ਡਿਸਕਸ ਕੀਤਾ ਹੈ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਸਪੀਕਰ ਸਾਹਿਬ, ਮੇਰਾ ਸੁਆਲ ਇਹ ਹੈ ਕਿ ਪਹਿਲਾਂ ਤਾਂ ਅਸੀਂ ਜੈਨੂਅੱਨ ਖੇਤੀਬਾੜੀ ਕਰਨ ਵਾਲਿਆਂ ਦੀ ਹੀ ਵਕਾਲਤ ਕਰਦੇ ਹਾਂ ਅਤੇ ਜਿਹੜੇ ਖੇਤੀਬਾੜੀ ਕਰਨ ਦੀ ਸਪੈਕੂਲੇਸ਼ਨ ਕਰਦੇ ਹਨ ਉਹਨਾਂ ਦੀ ਨਹੀਂ ਕਰਦੇ । ਦੂਜੀ ਗੱਲ ਇਹ ਹੈ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਕਿ ਜੋ ਕਾਨੂੰਨ ਕੇਂਦਰ ਵਿਚੋਂ ਇਥੇ ਲਿਆਂਦਾ ਜਾਏਗਾ ਉਸਦੀ ਸਾਡੀ ਪਾਰਟੀ ਹਮਾਇਤ ਕਰੇਗੀ; ਇਥੇ ਵੀ ਔਰ ਪਾਰਲੀਮੈਂਟ ਵਿਚ ਵੀ। ਵਜ਼ੀਰ ਸਾਹਿਬ ਨੇ ਗੱਲ ਮੰਨ ਲਈ ਹੈ ਜੈਨੂਅਨ ਖੇਤੀਬਾੜੀ ਕਰਨ ਵਾਲਿਆਂ ਬਾਰੇ। ਮੈਂ ਜੋ ਸੁਆਲ ਉਠਾਇਆ ਸੀ ਕਾਲ ਅਟੈਨਸ਼ਨ ਮੋਸ਼ਨ ਰਾਹੀਂ ਉਹ ਵਾਜਬ ਹੈ ਅਤੇ ਕਿੰਨਾਂ ਰਿਲੀਫ ਦੇਣਾ ਹੈ ਇਹ ਇਨ੍ਹਾਂ ਨੇ ਵਿਚਾਰ ਕਰਨਾ ਹੈ। ਇਹ ਅੱਛੀ ਗੱਲ ਹੈ ਇਨ੍ਹਾਂ ਨੇ ਇਨੀਸ਼ੀਏਟਿਵ ਲਿਆ ਹੈ। ਅਖੀਰ ਵਿਚ ਜੈਨੂਅਨ ਖੇਤੀ ਬਾੜੀ ਵਾਲਿਆਂ ਦੀ ਜ਼ਮੀਨ ਨਿਕਲ ਜਾਣੀ ਹੈ। ਜਿਹੜੀ ਰਿਟਰਨ ਹੈ ਉਹ 15 ਸਤੰਬਰ ਤਕ ਫਾਈਲ ਕਰਨੀ ਹੈ। ਸੈਂਕੜੇ ਰੁਪਏ ਵਕੀਲਾਂ ਨੇ ਫੀਸ ਲੈ ਲੈਣੀ ਹੈ। ਲੱਖਾਂ ਰੁਪਿਆ ਲੋਕਾਂ ਦਾ ਚਲਾ ਜਾਣਾ ਹੈ। ਇਹ ਰਿਟਰਨਾਂ ਜਿਹੜੀਆਂ ਹਨ ਇਹ ਤਦ ਤਕ ਨਾ ਲਈਆਂ ਜਾਣ ਜਦ ਤਕ ਫੈਸਲਾ ਨਾ ਹੋ ਜਾਵੇ।

**ਵਿੱਤ ਮੰਤਰੀ** : ਇਹ ਗੌਰਮਿੰਟ ਆਫ ਇੰਡੀਆ ਦਾ ਐਕਟ ਹੈ, ਰਿਟਰਨਾਂ ਫਾਈਲ ਕਰਨੀਆਂ ਜ਼ਰੂਰੀ ਹਨ। ਉਨ੍ਹਾਂ ਨੇ 15 ਸਤੰਬਰ ਤਕ ਕਿਹਾ ਸੀ ਅਸੀਂ ਕੰਪੀਟੈਂਟ ਅਥਾਰਟੀ ਨੂੰ ਐਡਵਾਈਜ਼ ਕੀਤਾ ਹੈ ਕਿ ਇਹ ਤਾਰੀਖ਼ 30 ਸਤੰਬਰ ਤਕ ਵਧਾ ਦੇਣ ਕਿਉਂਕਿ ਲੋਕ ਹੜ੍ਹਾਂ ਕਾਰਨ ਮੁਸ਼ਕਿਲ ਵਿਚ ਹਨ। ਅਸੀਂ ਐਡਵਾਈਜ਼ ਕਰ ਸਕਦੇ ਹਾਂ, ਆਰਡਰ ਨਹੀਂ ਕਰ ਸਕਦੇ। I will advise Mr. Josh to please read the Act also.

**ਕੈਪਟਨ ਰਤਨ ਸਿੰਘ:** : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ।

**ਸ਼੍ਰੀ ਸਪੀਕਰ**: ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ ?

**ਕੈਪਟਨ ਰਤਨ ਸਿੰਘ**: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਅਗਰ ਕੋਈ ਆਨਰੇਬਲ ਮਨਿਸਟਰ ਸਾਹਿਬ ਹਾਊਸ ਨੂੰ ਮਿਸਲੀਡ ਕਰਨ ਦੀ ਕੋਸ਼ਿਸ਼ ਕਰੇ ਕੀ ਮੈਂ ਤੁਹਾਡੇ ਕੋਲ ਹਾਊਸ ਵਿਚ ਉਸ ਬਾਰੇ ਜ਼ਿਕਰ ਕਰ ਸਕਦਾ ਹਾਂ ?

**ਸ਼੍ਰੀ ਸਪੀਕਰ**: ਤੁਸੀਂ ਪ੍ਰਿਵਿਲਜ ਮੋਸ਼ਨ ਮੂਵ ਕਰ ਸਕਦੇ ਹੋ।

**ਕੈਪਟਨ ਰਤਨ ਸਿੰਘ**: ਸਪੀਕਰ ਸਾਹਿਬ, ਹੁਣੇ ਹੁਣੇ ਸਟੇਟਮੈਂਟ ਦਿੰਦਿਆਂ ਫਾਈਨਾਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਹ ਬਿਲ ਸੈਂਟਰ ਦਾ ਹੈ। ਮੈਂ ਕਹਿੰਦਾ ਹਾਂ ਕਿ ਇਸ ਵਿਚ ਜਿਹੜੀਆਂ ਪਾਵਰਜ਼ ਹਨ ਉਹ ਪੰਜਾਬ ਗੌਰਮਿੰਟ ਦੀਆਂ ਹਨ। ਅਗਰ ਉਨ੍ਹਾਂ ਪਾਵਰਜ਼ ਰਾਹੀਂ ਐਗਰੀਕਲਚਰਿਸਟਸ ਨੂੰ ਰਾਹਤ ਦਿਤੀ ਜਾ ਸਕਦੀ ਹੈ ਤਾਂ ਕਿਉਂ ਨਹੀਂ ਦਿੰਦੇ। ਮੈਂ ਉਹ ਐਕਟ ਪੜ੍ਹਿਆ ਹੈ।

**ਸ਼੍ਰੀ ਸਪੀਕਰ**: ਤੁਸੀਂ ਤਾਂ ਡਿਬੇਟ ਸ਼ੁਰੂ ਕਰ ਦਿਤੀ ਹੈ, ਮੈਂ ਅਲਾਓ ਨਹੀਂ ਕਰ ਸਕਦਾ। ਅਗਰ ਤੁਸੀਂ ਮਹਿਸੂਸ ਕਰਦੇ ਹੋ ਤਾਂ ਲਿਖ ਕੇ ਭੇਜ ਦਿਓ, ਮੈਂ ਵੇਖ ਲਵਾਂਗਾ।

**Finance Minister** : It cannot be a debate. I made a reply on a Call Attention Notice. Even Mr. Josh did not accuse the Government that we are not trying to safeguard the interest of agriculturists. I am sorry, Captain Rattan Singh's statement will be misconstrued that this Government is not trying to do its best. We are doing our level best in safeguarding the interest of agriculturists.

**Captain Rattan Singh** : This is a very serious matter. I want to make my submission in this respect.

Original with;
Punjab Vidhan Sabha
Digitized by;
Panjab Digital Library

**Mr. Speaker** : I cannot allow debate. (Addressing Captain Rattan Singh). You are making a speech.

**Captain Rattan Singh** : I rose on a point of order and there is nothing personal about it. I have another Point of Order which I want to raise.

**Mr. Speaker** : What is your another Point of Order.

**Captain Rattan Singh** : ** ** **

**Mr. Speaker** : This is no Point of Order.

**ਕੈਪਟਨ ਰਤਨ ਸਿੰਘ** ** ** **

**Mr. Speaker** : This is no Point of Order. Please resume your seat now. ਤੁਸੀਂ ਤਾਂ ਚੰਗੀ ਤਰ੍ਹਾਂ ਪ੍ਰੋਸੀਜਰ ਜਾਣਦੇ ਹੋ, ਪੁਰਾਣੇ ਪਾਰਲੀਮੈਂਟੇਰੀਅਨ ਹੋ।

(At this stage some hon. Members rose on Points of Order and the hon. Speaker called upon Chaudhri Darshan Singh to speak.)

**Comrade Raj Kumar** : I am on my legs, Sir.

**Chaudhri Darshan Singh** : Point of Order, Sir.

**Mr. Speaker** : (*addressing Comrade Raj Kumar*) Chaudhri Darshah Singh caught my eye. He should speak first.

**Chaudhri Darshan Singh** : The matter is very serious, Sir.

**Mr. Speaker** : This serious matter is not for debate.

**Chaudhri Darshan Singh** : I know the Rules.

**Mr. Speaker** : What is your Point of Order ?

**Chaudhri Darshan Singh** : Sir, the matter is very serious. ਸਪੀਕਰ ਸਾਹਿਬ, ਤੁਸੀਂ ਮੰਨੋ ਜਾਂ ਨਾ ਮੰਨੋ ਮੈਂ ਡਿਬੇਟ ਤਾਂ ਨਹੀਂ ਕਰਨ ਲਗਾ, ਮੈਂ ਪੁਆਇੰਟ ਆਫ ਆਰਡਰ ਹੀ ਰੇਜ਼ ਕਰਨ ਲਗਾ ਹਾਂ। ਇਹ ਮੈਟਰ ਬੜਾ ਸੀਰੀਅਸ ਹੈ। ਕਈ ਪਾਵਰਜ਼ ਇਸ ਐਕਟ ਥਲੇ ਪੰਜਾਬ-ਗੌਰਮਿੰਟ ਦੀਆਂ ਹਨ। ਉਹ ਗੌਰਮਿੰਟ ਐਕਸਰਸਾਈਜ਼ ਕਰ ਸਕਦੀ ਹੈ। ਇਹ ਮਾਮਲਾ ਪੰਜਾਬ ਦੇ ਸਾਰੇ ਐਗਰੀਕਲਚਰਿਸਟਸ ਨਾਲ ਸੰਬੰਧ ਰਖਦਾ ਹੈ The House has the power to suspend the Rules. Therefore, half-an-hour discussion may be allowed.

**Mr. Speaker** : You can bring a motion for suspension of Rules. Please take your seat and do not raise debate.

** Expunged as ordered by the Chair.

Original with;
Punjab Vidhan Sabha
Digitized by;
Panjab Digital Library

## PERSONAL EXPLANATION BY CAPTAIN RATTAN SINGH

**Captain Rattan Singh :** On a point of personal explanation, Sir.

**Mr. Speaker :** What is your personal explanation ?

**ਕੈਪਟਨ ਰਤਨ ਸਿੰਘ :** ਮੇਰੀ ਪਰਸਨਲ ਐਕਸਪਲੇਨੇਸ਼ਨ ਇਹ ਹੈ ਕਿ ਹੁਣੇ ਹੁਣੇ ਵਿੱਤ ਮੰਤਰੀ ਸਾਹਿਬ ਨੇ ਮੇਰੇ ਮੁਤਅੱਲਕ ਕੁਝ ਸ਼ਬਦ ਵਰਤੇ ਹਨ । ਤੁਸੀਂ ਹਾਊਸ ਦੀ ਟੇਬਲ ਤੋਂ ਰਿਪੋਰਟ ਮੰਗਵਾ ਲਵੋ, ਮੈਂ ਇਕ ਸ਼ਬਦ ਐਸਾ ਨਹੀਂ ਕਿਹਾ ਜਿਸਦੇ ਨਾਲ ਮੈਂ ਗੌਰਮਿੰਟ ਤੇ ਕੋਈ ਐਸਪਰਸ਼ਨ ਕੀਤੀ ਹੋਵੇ । ਮੈਂ ਤਾਂ ਸਿਰਫ਼ ਇਹ ਕਿਹਾ ਹੈ ਕਿ ਉਸ ਐਕਟ ਵਿਚ ਪੰਜਾਬ ਗੌਰਮਿੰਟ ਨੂੰ ਪਾਵਰਜ਼ ਦਿਤੀਆਂ ਹਨ । ਉਸ ਐਕਟ ਨੇ ਸਾਰੀਆਂ ਪਾਵਰਜ਼ ਸਾਰੀਆਂ ਸਟੇਟਾਂ ਨੂੰ ਦਿਤੀਆਂ ਹਨ । ਇਸ ਲਈ ਉਹ ਪਾਵਰਜ਼ ਪੰਜਾਬ ਸਰਕਾਰ ਨੂੰ ਵਰਤਣੀਆਂ ਚਾਹੀਦੀਆਂ ਹਨ । ਜੇ ਮੈਂ ਗਲਤ ਹੋਵਾਂ ਤਾਂ ਮੈਂ ਤੁਹਾਡੇ ਕੋਲ ਆ ਸਕਦਾ ਹਾਂ । ਪਰ ਮੈਂ ਕੋਈ ਐਸਪਰਸ਼ਨ ਨਹੀਂ ਕੀਤੀ ਅਤੇ ਨਾ ਹੀ ਇਸ ਤਰ੍ਹਾਂ ਦਾ ਮੇਰਾ ਕੋਈ ਮਨਸ਼ਾ ਹੈ ।

**ਸ੍ਰੀ ਸਪੀਕਰ :** ਤੁਸੀਂ ਆਪਣੇ ਆਪ ਨੂੰ ਕੁਰੈਕਟ ਕਰ ਲਿਆ ਹੈ । ਹੁਣ ਤਸ਼ਰੀਫ਼ ਰਖੋ ।

## CALL ATTENTION NOTICES UNDER RULE 66
*(Resumption)*

**ਕਾਮਰੇਡ ਸੱਤ ਪਾਲ ਡਾਂਗ:** ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਜਿਹੜਾ ਮਾਮਲਾ ਹੈ ਇਹ ਬੜਾ ਅਹਿਮ ਹੈ ਅਸੀਂ ਇਸ ਬਾਰੇ ਮੋਸ਼ਨ ਦੇ ਰਹੇ ਹਾਂ । ਅਗਰ ਇਸ ਦੇ ਰਸਤੇ ਵਿਚ ਕੋਈ ਰੂਲਜ਼ ਆਉਂਦੇ ਹਨ ਤਾਂ ਉਨ੍ਹਾਂ ਨੂੰ ਸਸਪੈਂਡ ਕਰ ਦਿਉ । ਕਲ ਨੂੰ ਇਸ ਤੇ ਅੱਧਾ ਘੰਟਾ ਡਿਸਕਸ਼ਨ ਹੋ ਜਾਏ ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਮੈਂ ਨਿਹਾਇਤ ਅਦਬ ਨਾਲ ਅਰਜ਼ ਕਰਦਾ ਹਾਂ ਕਿ ਮੈਂ ਆਪਣੇ ਜਵਾਬ ਵਿਚ ਸਾਫ਼ ਕਰ ਦਿਤਾ ਸੀ ਕਿ ਇਹ ਬੜਾ ਡੈਲੀਕੇਟ ਮਾਮਲਾ ਹੈ । ਕੁਝ ਚੀਜ਼ਾਂ ਸਾਡੀ ਆਪਣੀ ਪਾਵਰਜ਼ ਵਿਚ ਹਨ, ਪੰਜਾਬ ਗੌਰਮਿੰਟ ਦੀ ਪਾਵਰਜ਼ ਵਿਚ ਹਨ । ਕੈਪਟਨ ਸਾਹਿਬ ਨੇ ਕਿਹਾ ਹੈ ਕਿ ਸਾਡੇ ਕੋਲ ਪਾਵਰਜ਼ ਆਫ਼ ਐਗਜ਼ੈਂਪਸ਼ਨ ਹੈ । ਮੈਂ ਕਹਿੰਦਾ ਹਾਂ ਕਿ ਉਸ ਐਗਜ਼ੈਂਪਸ਼ਨ ਦਾ ਮਤਲਬ ਇਹ ਨਹੀਂ ਕਿ ਅਸੀਂ ਸਾਰੇ ਦੇ ਸਾਰੇ ਬਲੈਂਕਟ ਕਰ ਦੇਈਏ । ਅਸੀਂ ਇੰਡੀਵਿਜੂਅਲ ਕੇਸ ਵਿਚ ਕਰ ਸਕਦੇ ਹਾਂ ਅਤੇ ਉਹ ਵੀ ਜੇ ਜੈਨੂਅਨ ਹੋਵੇ । ਐਜ਼ ਏ ਕਲਾਸ ਨਹੀਂ ਕਰ ਸਕਦੇ । ਇਹ ਗੌਰਮਿੰਟ ਆਫ ਇੰਡੀਆ ਦਾ ਐਕਟ ਹੈ, ਪ੍ਰਾਈਮ ਮਨਿਸਟਰ ਦਾ ਪ੍ਰੋਗਰਾਮ ਨਾਲ ਹੈ । ਜੋਸ਼ ਜੀ ਨੇ ਕਿਹਾ ਸੀ ਕਿ ਗੌਰਮਿੰਟ ਨਹੀਂ ਕਰਦੀ । ਮੈਂ ਦਸਦਾ ਹਾਂ ਕਿ ਅਸੀਂ ਗੌਰਮਿੰਟ ਨਾਲ ਕੌਰਸਪੌਂਡੈਂਸ ਕਰ ਰਹੇ ਹਾਂ । ਜੇ ਅਸੀਂ ਸੈਂਟਰਲ ਗੌਰਮਿੰਟ ਕੋਲ ਜਾ ਰਹੇ ਹਾਂ ਤਾਂ ਇਸ ਦਾ ਮਤਲਬ ਇਹ ਹੈ ਕਿ ਸਾਨੂੰ ਐਕਟ ਦਾ ਪਤਾ ਹੈ । ਅਸੀਂ ਕੈਬਨਿਟ ਸਬ-ਕਮੇਟੀ ਵੀ ਬਣਾਈ ਹੈ । ਅਸੀਂ ਆਪਣੇ ਵਿਚਾਰ ਵੀ ਸੈਂਟਰ ਨੂੰ ਭੇਜ ਦਿੱਤੇ ਹਨ । ਸਾਡੀ ਜਿਹੜੀ ਪਾਵਰ ਹੈ ਅਸੀਂ ਉਸ ਦੇ ਮੁਤਾਬਿਕ ਜੈਨੂਅਨ ਐਗਰੀਕਲਚਰਿਸਟ ਨੂੰ ਬਚਾਉਣਾ ਹੈ । ਅਸੀਂ ਇਸ ਪਾਵਰ ਨੂੰ ਇਸ ਲਈ ਵਰਤਣਾ ਹੈ ਕਿ ਜਿਹੜੀ ਸ਼ਹਿਰਾਂ ਵਿਚ ਵੇਕੈਂਟ ਲੈਂਡ ਹੈ ਉਹ ਮਿਲ ਜਾਏ ਤਾਂ ਕਿ ਅਸੀਂ ਗਰੀਬਾਂ ਲਈ ਮਕਾਨ ਬਣਾ ਦੇਈਏ । ਇਸ ਪਾਵਰਜ਼ ਨਾਹੀਂ ਅੱਨ-ਸੋਸ਼ਲ ਐਲੀਮੈਂਟ ਨੂੰ ਫ਼ਾਇਦਾ ਨਹੀਂ ਉਠਾਉਣ ਦੇਣਾ ।

Original with;
Punjab Vidhan Sabha
Digitized by;
Panjab Digital Library

**Chaudhri Darshan Singh** : My submission is that the Rule may please be suspended for allowing half-an-hour discussion on the matter.

**Mr. Speaker** : I cannot allow discussion on this matter.

**Chaudhri Darshan Singh** : Sir, I am refering to Rule 50 of the Rules of Procedure and Conduct of Business in the Punjab Legislative Assembly and half-an hour discussion can be allowed under it.

**Mr. Speaker** : This Rule relates to questions only.

**Chaudhri Darshan Singh** : Sir, You can allow half-an-hour discussion on this matter because the word is "may" in the Rule.

**Mr. Speaker** : The word is "may". I do not allow discussion.

**Comrade Raj Kumar** : Speaker Sahib, on this, the Minister of State stated in this House that he will make a statement about the suspension of buses of the Punjab Roadways. He has fixed it for to-day. Let him make a statement if he wants to make.

**Mr. Speaker** : If the Minister wants to reply, I won't object.

**ਰਾਜ ਮੰਤਰੀ, ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ (ਸਰਦਾਰ ਦਿਲਬਾਗ ਸਿੰਘ ਡਾਲੇਕੇ)**: ਸਪੀਕਰ ਸਾਹਿਬ, ਉਸ ਦਿਨ ਮੈਂ ਕਾਲ ਅਟੈਨਸ਼ਨ ਨੰ. 4 ਬਾਰੇ ਕਿਹਾ ਸੀ ਕਿ ਅਸੀਂ ਮੀਟਿੰਗ ਕਰਨ ਜਾ ਰਹੇ ਹਾਂ । ਅਸੀਂ 7 ਤਰੀਕ ਨੂੰ 3.00 ਵਜੇ ਦਿਲੀ ਵਿੱਚ ਯੂਨੀਅਨ ਮਨਿਸਟਰ ਫਾਰ ਸ਼ਿਪਿੰਗ ਐਂਡ ਟਰਾਂਸਪੋਰਟ ਦੀ ਪ੍ਰਧਾਨਗੀ ਹੇਠ ਮੀਟਿੰਗ ਅਟੈਂਡ ਕਰਨ ਗਏ । ਦੋਨਾਂ ਸਟੇਟਾਂ ਦੇ ਚੀਫ ਮਨਿਸਟਰ ਉਥੇ ਮੌਜੂਦ ਸਨ । ਮੈਂ ਵੀ ਉਥੇ ਚੀਫ ਮਨਿਸਟਰ ਸਾਹਿਬ ਦੇ ਨਾਲ ਸੀ । ਸਟੇਟੱਸ ਕੋ ਬਹਾਲ ਕਰ ਦਿਤਾ ਗਿਆ ਹੈ । ਬਸਾਂ ਚਾਲੂ ਹੋ ਗਈਆਂ ਹਨ । ਹਰਿਆਣੇ ਦੀਆਂ ਬਸਾਂ ਸਾਡੇ ਵਲ ਆ ਰਹੀਆਂ ਹਨ ਅਤੇ ਸਾਡੀਆਂ ਉਨ੍ਹਾਂ ਵੱਲ ਜਾ ਰਹੀਆਂ ਹਨ । ਇਹ ਫੈਸਲਾ ਹੋ ਗਿਆ ਹੈ ਕਿ 20,000 ਕਿਲੋਮੀਟਰ ਅਸੀਂ ਚਲਾਂਗੇ ਅਤੇ 20,000 ਕਿਲੋਮੀਟਰ ਉਹ ਚਲਣਗੇ, ਬਰਾਬਰ ਦੀ ਮਾਈਲੇਜ ਗਿਣੀ ਜਾਵੇਗੀ । ਇਸ ਤੋਂ ਬਾਅਦ ਸਤੰਬਰ ਦੀ 15 ਤਰੀਕ ਨੂੰ ਦੁਬਾਰਾ ਉਥੇ ਫਿਰ ਮੀਟਿੰਗ ਹੋਵੇਗੀ । ਅਗਰ ਜ਼ਰੂਰਤ ਹੋਈ ਹੋਰ ਟਾਈਮ ਵੀ ਵਧਾਏ ਜਾਣਗੇ । ਲੇਕਿਨ ਫੈਸਲਾ ਬਰਾਬਰ ਦੀ ਮਾਈਲੇਜ ਤੇ ਹੋਇਆ ਹੈ । ਜਿਸ ਦਿਨ ਬੱਸਾਂ ਬੰਦ ਹੋਈਆਂ ਸਨ ਉਸ ਹਿਸਾਬ ਨਾਲ ਸਾਰੀਆਂ ਚਾਲੂ ਹੋ ਗਈਆਂ ਹਨ । ਇਸ ਲਈ ਪਬਲਿਕ ਨੂੰ ਕੋਈ ਤਕਲੀਫ ਨਹੀਂ । ਬੱਸਾਂ ਅੱਜ ਸਵੇਰ ਤੋਂ ਆਪਣੇ ਆਪਣੇ ਰੂਟਾਂ ਤੇ ਚਲ ਰਹੀਆਂ ਹਨ ।

**ਕਾਮਰੇਡ ਰਾਜ ਕੁਮਾਰ**: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ 20,000 ਕਿਲੋਮੀਟਰ ਅਸੀਂ ਚਲਾਵਾਂਗੇ ਅਤੇ 20,000 ਕਿਲੋਮੀਟਰ ਉਹ ਚਲਾਣਗੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ 20,000 ਕਿਲੋ ਮੀਟਰ ਦਾ ਨਵਾਂ ਐਗਰੀਮੈਂਟ ਹੈ ਜਾਂ ਇਹ ਪਹਿਲਾਂ ਦੋਨਾਂ ਸਟੇਟਾਂ ਦੇ ਦਰਮਿਆਨ ਐਗਰੀਡ ਪੈਰਿਟੀ ਸੀ । ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹਰਿਆਣੇ ਦੀ ਤਰਫੋਂ ਪੰਜਾਬ ਕੋਲੋਂ ਕਾਰੀਡੋਰ ਦੀ ਮੰਗ ਸੀ । ਆਇਆ ਕੱਲ ਜਿਹੜੀ ਸੈਂਟਰ ਦੇ ਮਨਿਸਟਰ ਦੀ ਵਸਾਤਤ ਨਾਲ ਮੀਟਿੰਗ ਹੋਈ ਹੈ ਉਸ ਦੇ ਵਿਚ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਇਹ ਫੈਸਲਾ ਹੋਇਆ ਹੈ ਕਿ ਉਹ ਅੰਤਿਮ ਤੌਰ ਤੇ ਆਪਣੀ ਕਾਰੀਡੋਰ ਦੀ ਮੰਗ ਛੱਡਣਗੇ। ਅਗਰ ਇਹ ਮੰਗ ਮੰਨ ਲਈ ਗਈ ਤਾਂ ਫਿਰ ਇਕ ਪੰਡੋਰਾ ਬਾਕਸ ਖੁਲ੍ਹ ਜਾਵੇਗਾ। ਇਸ ਨਾਲ ਪੰਜਾਬ ਨੂੰ ਬਹੁਤ ਨੁਕਸਾਨ ਹੋਵੇਗਾ। ਕੀ ਕਾਰੀਡੋਰ ਦੀ ਮੰਗ ਤੇ ਅੰਤਮ ਫੈਸਲਾ ਹੋ ਗਿਆ ਹੈ ?

**ਰਾਜ ਮੰਤਰੀ**: ਜਿਹੜਾ ਸਾਡਾ ਆਖਰੀ ਐਗਰੀਮੈਂਟ 1975 ਵਿਚ ਹੋਇਆ ਸੀ ਉਸ ਦੇ ਮੁਤਾਬਿਕ 20,000 ਕਿਲੋਂ ਮੀਟਰ ਦੋਨੋਂ ਸਟੇਟਾਂ ਦੀਆਂ ਬੱਸਾਂ ਚਲਦੀਆਂ ਸਨ। ਉਸੇ ਹਿਸਾਬ ਨਾਲ ਹੁਣ ਬੱਸਾਂ ਸ਼ੁਰੂ ਕਰ ਦਿੱਤੀਆਂ ਹਨ। ਕਾਰੀਡੋਰ ਦਾ ਕੋਈ ਮਤਲਬ ਨਹੀਂ, ਨਾ ਦਿੱਤਾ ਗਿਆ ਹੈ ਨਾ ਕੋਈ ਦੇਣ ਦਾ ਇਰਾਦਾ ਹੈ। ਕਾਰੀਡੋਰ ਬਿਲਕੁਲ ਨਹੀਂ ਦਿੱਤਾ ਜਾਵੇਗਾ। ਦੋਨੋਂ ਸਟੇਟਾਂ ਦੇ ਬੜੇ ਅੱਛੇ ਸਬੰਧ ਹਨ ਅਤੇ ਦੋਨਾਂ ਨੇ ਭਰਾਵਾਂ ਵਾਂਗ ਬੈਠ ਕੇ ਫੈਸਲਾ ਕੀਤਾ ਹੈ ਅਤੇ ਕੋਈ ਝਗੜੇ ਵਾਲੀ ਗੱਲ ਨਹੀਂ ਅਤੇ ਅਸੀਂ ਸੰਬੰਧ ਹੋਰ ਵੀ ਅੱਛੇ ਕਰਨਾ ਚਾਹੁੰਦੇ ਹਾਂ।

---

## PAPERS LAID ON THE TABLE

**Minister of State for Health and Family Planning (Sardar Balbir Singh)**: Sir, I beg to lay on the Table the Board of Ayurvedic and Unani Systems of Medicine (Employees conditions of Service) Rules, 1976, as required under Section 54(3) of the Punjab Ayurvedic and Unani Practitioners Act, 1963.

## MOTION UNDER RULE 77

**Comrade Satya Pal Dang**: (Amritsar West) Sir, I beg to move—

That the situation arising out of unprecedented heavy rains in August, 1976 leading to floods in the State and heavy loss of life and property be taken into consideration.

ਸਪੀਕਰ ਸਾਹਿਬ, ਮੈਂ ਆਪਣੀ ਸਪੀਚ ਸ਼ੁਰੂ ਕਰਨ ਤੋਂ ਪਹਿਲਾਂ ਇਸ ਗਲ ਤੇ ਅਫ਼ਸੋਸ ਦਾ ਇਜ਼ਹਾਰ ਕਰਾਂਗਾ ਕਿ ਜਿਸ ਵੇਲੇ ਫਲੱਡਜ਼ ਦੇ ਮਸਲੇ ਤੇ ਡਿਸਕਸ਼ਨ ਹੋ ਰਹੀ ਹੋਵੇ ਇਥੇ ਸਾਰੇ ਮਨਿਸਟਰ ਹਾਜ਼ਰ ਹੋਣੇ ਚਾਹੀਦੇ ਹਨ। ਇਸ ਵੇਲੇ ਬਹੁਤ ਸਾਰੇ ਸੀਨੀਅਰ ਮਨਿਸਟਰ ਮੌਜੂਦ ਨਹੀਂ ਹਨ। ਸਪੀਕਰ ਸਾਹਿਬ, ਬਹੁਤ ਬਾਰਸ਼ਾਂ ਹੋਈਆ। ਬਹੁਤ ਨੁਕਸਾਨ ਹੋਇਆ। ਬਲਰਾਮ ਜੀ ਨੇ ਕਿਹਾ ਹੈ ਕਿ ਪੰਜਾਬ ਤੇ ਕਹਿਰ ਟੁੱਟ ਪਿਆ। ਇਹ ਨੁਕਸਾਨ ਕਿਤਨਾ ਹੋਇਆ, ਮੈਂ ਇਸ ਦੀ ਤਫਸੀਲ ਵਿਚ ਨਹੀਂ ਜਾਣਾ ਚਾਹੁੰਦਾ। ਪੰਜਾਬ ਦੇ ਚੀਫ਼ ਮਨਿਸਟਰ ਨੇ 25 ਅਗਸਤ, 1976 ਨੂੰ ਸਰਕਾਰ ਦੀ ਤਰਫੋਂ ਜਿਹੜਾ ਜਾਇਜ਼ਾ ਹੋਇਆ ਉਹ ਦਸਿਆ ਹੈ। ਉਸ ਅਨੁਸਾਰ 2500 ਪਿੰਡਾਂ ਦਾ ਬੁਰੀ ਤਰ੍ਹਾਂ ਨੁਕਸਾਨ ਹੋਇਆ ਹੈ। 85 ਬੰਦੇ ਮਰੇ ਹਨ ਅਤੇ 425 ਡੰਗਰ ਮਰੇ ਹਨ। ਫਸਲਾਂ ਦਾ ਬਹੁਤ ਵੱਡੇ ਏਰੀਏ ਵਿੱਚ ਨੁਕਸਾਨ ਹੋਇਆ ਹੈ। ਉਸ ਤਰੀਕ ਨੂੰ ਇਸ ਨੁਕਸਾਨ ਦਾ ਅੰਦਾਜ਼ਾ ਚੀਫ ਮਨਿਸਟਰ ਸਾਹਿਬ ਦੇ ਅਨੁਸਾਰ 35 ਕਰੋੜ ਰੁਪਏ ਦਾ ਸੀ। ਉਸ ਤੋਂ

Original with; Punjab Vidhan Sabha Digitized by; Panjab Digital Library

ਬਾਅਦ ਇਕ-ਇਕ, ਦੋ-ਦੋ ਦਿਨ ਹੱਦ ਤੋਂ ਵੱਧ, 12", 16" ਕੁਝ ਜ਼ਿਲ੍ਹਿਆਂ ਵਿਚ ਬਾਰਸ਼ ਹੋਈ। ਇਸ ਦੇ ਨਾਲ ਹੋਰ ਕਿਤਨਾ ਨੁਕਸਾਨ ਹੋਇਆ, ਸਪੀਕਰ ਸਾਹਿਬ, ਤੁਸੀਂ ਇਸ ਦਾ ਅੰਦਾਜ਼ਾ ਲਗਾ ਸਕਦੇ ਹੋ। 7 ਸਤੰਬਰ, ਨੂੰ ਡਿਪਟੀ ਕਮਿਸ਼ਨਰ ਨੇ ਜਿਹੜਾ ਬਿਆਨ ਦਿੱਤਾ ਹੈ........

**ਸ੍ਰੀ ਸਪੀਕਰ**: ਦੋ ਘੰਟੇ ਦੀ ਸਾਰੀ ਡਿਸਕਸ਼ਨ ਹੈ। ਤੁਸੀਂ ਕਿਤਨਾ ਸਮਾਂ ਲਵੋਗੇ।

ਕਾਮਰੇਡ ਸੱਤ ਪਾਲ ਡਾਂਗ: ਮੈਂ 20,25 ਮਿੰਟ ਲਵਾਂਗਾ ਜੀ।

ਸ੍ਰੀ ਸਪੀਕਰ: ਤੁਸੀਂ 20 ਮਿੰਟ ਬੋਲ ਲੈਣਾ। ਬਾਕੀ ਸਾਰੇ ਮੈਂਬਰ 10, 10 ਮਿੰਟ ਬੋਲਣਗੇ ਅਤੇ ਮਨਿਸਟਰ ਸਾਹਿਬ ਅੱਧਾ ਘੰਟਾ ਬੋਲਣਗੇ।

ਕਾਮਰੇਡ ਸੱਤ ਪਾਲ ਡਾਂਗ: ਮੈਂ 25 ਮਿੰਟ ਬੋਲਾਂਗਾ ਜੀ। ਹੋਰ ਟਾਈਮ ਵਧਾ ਲੈਣਾ।

ਸ੍ਰੀ ਸਪੀਕਰ: ਇਸ ਮੋਸ਼ਨ ਤੇ ਦੋ ਘੰਟੇ ਤੋਂ ਵੱਧ ਡਿਸਕਸ਼ਨ ਨਹੀਂ ਹੋ ਸਕਦੀ।

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ 7 ਸਤੰਬਰ, ਨੂੰ ਜਿਹੜਾ ਅਖ਼ਬਾਰਾਂ ਵਿਚ ਬਿਆਨ ਦਿੱਤਾ ਹੈ, ਉਸ ਅਨੁਸਾਰ ਇਕੱਲੇ ਅੰਮ੍ਰਿਤਸਰ ਵਿਚ 65,000 ਮਕਾਨ ਢਹਿ ਗਏ ਹਨ। 1 ਲੱਖ 34 ਹਜ਼ਾਰ ਏਕੜ ਜ਼ਮੀਨ ਉਤੇ ਫਸਲਾਂ ਤਬਾਹ ਹੋ ਗਈਆਂ ਹਨ ਕੋਈ 10 ਕਰੋੜ ਦੇ ਨੁਕਸਾਨ ਦਾ ਉਨ੍ਹਾਂ ਦਾ ਅੰਦਾਜ਼ਾ ਹੈ ਇਕਲੇ ਅੰਮ੍ਰਿਤਸਰ ਜ਼ਿਲ੍ਹੇ ਦਾ। ਸਪੀਕਰ ਸਾਹਿਬ, ਇਥੇ ਕੱਲ ਡਰੇਨੇਜ ਬਾਰੇ ਬਹਿਸ ਹੋਈ ਹੈ। ਅਗਰ ਕੋਈ ਇਹ ਕਹੇ ਕਿ ਪੰਜਾਬ ਸਰਕਾਰ ਨੇ ਨੁਕਸਾਨ ਕਰਾ ਦਿੱਤਾ, ਤਾਂ ਮੈਂ ਸਮਝਾਂਗਾ ਕਿ ਇਹ ਬੇਹੂਦਾ ਗੱਲ ਹੈ। ਕੁਦਰਤ ਵਲੋਂ ਕਹਿਰ ਪਿਆ ਹੈ। ਬਹੁਤ ਜ਼ਬਰਦਸਤ ਬਾਰਸ਼ਾਂ ਹੋਇਆ, ਜਿਸ ਦਾ ਕੋਈ ਅੰਦਾਜ਼ਾ ਨਹੀਂ ਡਰੇਨੇਜ ਵਾਲੇ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ 1955 ਦੇ ਵਿਚ ਜਦੋਂ ਹੜ੍ਹ ਆਏ ਸਨ ਤਾਂ ਉਸਦੇ ਬਾਅਦ ਡਰੇਨਾਂ ਬਣੀਆਂ। ਅਗਰ ਇਹ ਨਾ ਬਣੀਆਂ ਹੁੰਦੀਆਂ ਤਾਂ ਨੁਕਸਾਨ ਇਸ ਨਾਲੋਂ ਵੀ ਵੱਧ ਹੁੰਦਾ। ਇਸ ਗੱਲ ਨਾਲ ਵੀ ਮੇਰਾ ਕੋਈ ਝਗੜਾ ਨਹੀਂ। ਸਵਾਲ ਇਹ ਹੈ ਕਿ ਇਨ੍ਹਾਂ ਸਾਲਾਂ ਦੇ ਦੌਰਾਨ ਵਿੱਚ ਜਿਹੜਾ ਪੈਸਾ ਡਰੇਨੇਜ ਦੇ ਮਹਿਕਮੇ ਨੂੰ ਦਿੱਤਾ ਗਿਆ ਉਸਦੇ ਨਾਲ ਜਿਹੜੀਆਂ ਡਰੇਨਾਂ ਬਣੀਆਂ ਕੀ ਉਹ ਪੈਸਾ ਠੀਕ ਖਰਚ ਕੀਤਾ ਗਿਆ ਅਤੇ ਜਿਹੜੀਆਂ ਡਰੇਨਾਂ ਬਣਾਈਆਂ ਗਈਆਂ, ਉਹ ਠੀਕ ਕੰਮ ਕਰਦੀਆਂ ਸਨ ਜਾਂ ਫਿਰ ਪੈਸੇ ਦੇ ਵਿਚ ਹੇਰਾ ਫੇਰੀ ਹੋਈ। ਬਲਰਾਮ ਜੀ ਨੇ ਕਿਹਾ ਹੈ ਕਿ ਕੌਣ ਅੰਦਾਜ਼ਾ ਲਗਾ ਸਕਦਾ ਸੀ ਕਿ ਇਤਨੀਂ ਬਾਰਸ਼ ਹੋਵੇਗੀ। ਮੈਂ ਬੇਨਤੀ ਕਰਦਾ ਹਾਂ ਕਿ ਸਵਾਲ ਇਹ ਨਹੀਂ ਸਵਾਲ ਇਹ ਹੈ ਕਿ ਜਿਤਨਾ ਪੈਸਾ ਖਰਚਿਆ ਗਿਆ ਕੀ ਉਸ ਦਾ ਠੀਕ ਇਸਤੇਮਾਲ ਹੋਇਆ? ਜਿਹੜੀਆਂ ਡਰੇਨਾਂ ਬਣਾਈਆਂ ਗਈਆਂ, ਉਹ ਠੀਕ ਆਰਡਰ ਵਿਚ ਬਣੀਆਂ? ਕੀ ਇਹ ਹਕੀਕਤ ਨਹੀਂ ਕਿ ਨੁਕਸਾਨ ਜਿਤਨੇ ਹੋਏ ਹਨ ਇਸ ਦੇ ਨਾਲੋਂ ਘੱਟ ਹੁੰਦੇ, ਜੇ ਇਹ ਠੀਕ ਆਰਡਰ ਵਿਚ ਬਣਾਈਆ ਜਾਂਦੀਆਂ? ਮੈਂ ਆਪਣੀਆਂ ਦਲੀਲਾਂ ਨਹੀਂ ਦੇਣਾ ਚਾਹੁੰਦਾ। ਮੇਰੇ ਕੋਲ ਇਹ ਟ੍ਰਿਬਿਊਨ ਹੈ। ਇਸ ਦੇ ਵਿਚ ਲਿਖਿਆ ਹੈ।

Congress and Communist : M.L.As of Gurdaspur, in a statement issued yesterday, criticised the authority concerned for allowing some drains to remain choked.'

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਜਿਹੜੀਆਂ ਡਰੇਨਜ਼ ਗੁਰਦਾਸਪੁਰ ਵਿਚ ਹਨ ਇਹ ਚੋਕਡ ਹਨ। ਇਹ ਗੁਰਦਾਸਪੁਰ ਦੇ ਜ਼ਿਲ੍ਹੇ ਦੇ ਕਾਂਗਰਸ ਦੇ ਐਮ. ਐਲ. ਏਜ਼. ਨੇ ਕਿਹਾ ਹੈ ਸਿਰਫ, ਕਮਿਊਨਿਸਟਾਂ ਨੇ ਨਹੀਂ ਕਿਹਾ। ਮੈਂ ਬਲਰਾਮ ਜੀ ਨੂੰ ਖੁਦ ਜਵਾਬ ਨਹੀਂ ਦੇਣਾ ਚਾਹੁੰਦਾ। ਜੋ ਇਕ ਮਨਿਸਟਰ ਨੇ ਇਸ ਸਬੰਧ ਵਿਚ ਕਿਹਾ ਹੈ ਉਹ ਮੈਂ ਦਸਦਾ ਹਾਂ। ਮਿਸਿਜ਼ ਗੁਰਬਰਿੰਦਰ ਕੌਰ ਬਰਾੜ ਨੇ ਫਰੀਦਕੋਟ ਜ਼ਿਲ੍ਹੇ ਦਾ ਦੌਰਾ ਕੀਤਾ। ਜੋ ਡਰੇਨਾਂ ਦੇ ਬਾਰੇ ਵਿਚ ਉਨ੍ਹਾਂ ਨੇ ਗੱਲ ਕਹੀ ਹੈ ਉਹ 5 ਸਤੰਬਰ, 1976 ਦੀ ਟ੍ਰਿਬਿਊਨ ਵਿਚ ਛੱਪੀ ਹੈ। ਮੈਂ ਉਹੀ ਪੜ੍ਹ ਕੇ ਸੁਣਾਵਾਂਗਾ।

> 'Mrs. Gurbrinder Kaur Brar, Minister for Housing, said yesterday that the recurrence of floods could, by and large, be avoided if the drains were regularly desilted and cleared of weeds and wild growth and their embankments strengthened. She said heavy rain spread over shorter spells of time too caused floods.'

ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਬਾਰਸ਼ਾਂ ਨਾਲ ਫਲੱਡ ਆਏ ਹਨ। ਪਰ ਜੇ ਡਰੇਨਾਂ ਸਾਫ ਕੀਤੀਆਂ ਗਈਆਂ ਹੁੰਦੀਆਂ, ਡੀਸਿਲਟਿੰਗ ਹੋਈ ਹੁੰਦੀ, ਡੀਵੀਡਿੰਗ ਹੋਈ ਹੁੰਦੀ ਤਾਂ ਬਾਈ ਐਂਡ ਲਾਰਜ ਜਿਹੜਾ ਨੁਕਸਾਨ ਇਨ੍ਹਾਂ ਜ਼ਿਲ੍ਹਿਆਂ ਅਤੇ ਇਨ੍ਹਾਂ ਦੇ ਇਲਾਕੇ ਵਿਚ ਹੋਇਆ ਹੈ ਉਹ ਬਚਾਇਆ ਜਾ ਸਕਦਾ ਸੀ। ਇਸ ਦਾ ਜ਼ਿਮੇਵਾਰ ਕੌਣ ਹੈ ? ਸਪੀਕਰ ਸਾਹਿਬ, ਮੈਂ ਇਨਕੁਆਇਰੀ ਕਹਾਂਗਾ। ਹਾਈ ਪਾਵਰਡ ਇਨਕੁਆਇਰੀ ਹੋਣੀ ਚਾਹੀਦੀ ਹੈ। ਜੇ ਉਸ ਦੇ ਵਿਚ ਵੱਡੇ ਤੋਂ ਵੱਡਾ ਬੰਦਾ ਵੀ ਅਗਰ ਜ਼ਿਮੇਵਾਰ ਨਿਕਲੇ ਤਾਂ ਉਸ ਨੂੰ ਮੁਨਾਸਿਬ ਸਜ਼ਾ ਮਿਲਣੀ ਚਾਹੀਦੀ ਹੈ। ਸਪੀਕਰ ਸਾਹਿਬ, ਜਿਹੜਾ ਨੁਕਸਾਨ ਹੋਇਆ, ਉਸ ਦੇ ਲਈ ਜਿਹੜਾ ਰਿਲੀਫ ਦੇਣਾ ਹੈ, ਜਿਹੜੇ ਲੋਕਾਂ ਦੇ ਮਸਲੇ ਹਨ, ਉਹ ਮੈਂ ਤੁਹਾਡੇ ਰਾਹੀਂ ਸਦਨ ਦੇ ਸਾਮ੍ਹਣੇ ਅਤੇ ਸਰਕਾਰ ਦੇ ਸਾਮ੍ਹਣੇ ਰਖਾਂਗਾ।

ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਰਿਲੀਫ ਦੇ ਮਸਲੇ ਕੀ ਹਨ, ਇਹ ਸਮਝ ਕੇ ਰਿਲੀਫ ਦਿਤਾ ਜਾ ਸਕਦਾ ਹੈ। ਪਿੰਡਾਂ ਵਿਚ ਫਸਲਾਂ ਦਾ ਬੜਾ ਨੁਕਸਾਨ ਹੋਇਆ, ਝੋਨੇ ਨੂੰ ਛੱਡ ਕੇ ਕੋਈ ਫਸਲ ਨਹੀਂ ਬਚੀ, ਬਹੁਤ ਸਾਰੀਆਂ ਜਗ੍ਹਾ ਤੇ ਤਾਂ ਝੋਨੇ ਦਾ ਵੀ ਨੁਕਸਾਨ ਹੋਇਆ ਹੈ। ਗਰੀਬ ਹਰੀਜਨਾਂ ਦੇ ਪਿੰਡਾਂ ਵਿਚ ਅਤੇ ਸ਼ਹਿਰਾਂ ਵਿਚ ਕੱਚੇ ਕੋਠੇ ਇਸ ਤਰ੍ਹਾਂ ਸਾਫ ਹੋ ਗਏ ਹਨ ਕਿ, ਸਪੀਕਰ ਸਾਹਿਬ, ਪਤਾ ਹੀ ਨਹੀਂ ਲਗਦਾ ਕਿ ਉਥੇ ਕੋਠੇ ਸਨ ਵੀ ਜਾਂ ਨਹੀਂ। ਲੋਕਾਂ ਨੇ ਧਰਮਸ਼ਾਲਾ ਵਿਚ ਸ਼ੈਲਟਰ ਲਿਆ ਜਿਹੜੀਆਂ ਕਿ ਭੈਣ ਸਰਲਾ ਜੀ ਨੇ ਆਪਣੇ ਡਿਪਾਰਟਮੈਂਟ ਵਲੋਂ ਬਣਵਾਈਆਂ ਸਨ ਅਤੇ ਐਜੂਕੇਸ਼ਨ ਡਿਪਾਰਟਮੈਂਟ ਦੇ ਸਕੂਲਾਂ ਵਿਚ ਅਨੇਕਾ ਪਿੰਡਾਂ ਦੇ ਲੋਕਾਂ ਨੇ ਸ਼ੈਲਟਰ ਲਿਆ। ਲੇਕਿਨ ਜਦੋਂ ਬਹੁਤ ਬਾਰਿਸ਼ਾਂ ਹੋਈਆਂ ਤਾਂ ਕੀ ਹੋਇਆ ਕਿ ਉਨ੍ਹਾਂ ਧਰਮਸ਼ਾਲਾ ਦੀਆਂ ਅਤੇ ਸਕੂਲਾਂ ਦੀਆਂ ਵੀ ਬਿਲਡਿੰਗਾਂ ਪਾਟ ਗਈਆਂ ਅਤੇ ਛੱਤਾਂ ਚੋਣ ਲਗ ਪਈਆਂ। ਅੱਜ ਵੀ ਅਨੇਕਾਂ ਲੋਕੀਂ ਪਿੰਡਾਂ ਵਿਚ ਸ਼ੈਲਟਰ-ਲੈਸ ਹਨ ਅਤੇ ਦੋ ਦੋ ਮੰਜੀਆਂ ਲਗਾ ਕੇ, ਜੋੜ ਕੇ ਸੌਂਦੇ ਹਨ ਅਤੇ ਜੇ ਬਾਰਿਸ਼ ਹੋ ਜਾਵੇ ਤਾਂ ਉਸ ਦੇ ਅੰਦਰ ਵੀ ਪਾਣੀ ਪੈਣ ਲਗ ਜਾਂਦਾ ਹੈ। ਜਿਥੇ ਅੱਜ ਪਿੰਡਾਂ ਦੇ ਖੇਤ ਮਜ਼ਦੂਰ ਨੂੰ ਫਸਲਾਂ ਦਾ ਨੁਕਸਾਨ ਹੋਣ ਕਾਰਨ ਮੁਸੀਬਤ ਆਈ ਹੈ ਉਥੇ ਸ਼ਹਿਰਾਂ ਦੇ ਮਜ਼ਦੂਰ ਨੂੰ ਵੀ ਤਕਲੀਫ ਵਿਚ ਪੈਣਾ ਪਿਆ ਹੈ, ਕਿਉਂਕਿ ਜਿਸ ਕਾਰਖਾਨੇ ਦੀ ਤਾਣੀ ਗਿਲੀ ਹੋ ਗਈ ਉਹ

Original with;
Punjab Vidhan Sabha
Digitized by;
Panjab Digital Library

10- 15 ਦਿਨ ਚਲ ਨਹੀਂ ਸਕਦਾ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਸਭ ਮਜ਼ਦੂਰ ਬੇਰੋਜ਼ਗਾਰ ਹੋ ਗਏ ਹਨ, ਉਨ੍ਹਾਂ ਦੇ ਕੋਠੇ ਵੀ ਢਹਿ ਗਏ ਅਤੇ ਉਹ ਬੇਰੋਜ਼ਗਾਰ ਵੀ ਹੋ ਗਏ।

10.39A.M. (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਇਨ੍ਹਾਂ ਹਾਲਾਤ ਦੀ ਰੋਸ਼ਨੀ ਵਿਚ, ਬੇਰੋਜ਼ਗਾਰੀ ਦੇ ਮਸਲੇ ਦੀ ਰੋਸ਼ਨੀ ਵਿਚ ਮੈਂ ਇਸ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ 2 ਕਰੋੜ ਰੁਪਏ ਦਾ ਐਸਟੀਮੇਟ ਫਲੱਡ ਰਿਲੀਫ ਵਾਸਤੇ ਰੱਖਿਆ ਸੀ, ਉਹ ਬਿਲਕੁਲ ਨਾਕਾਫੀ ਹੈ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਵਿਧਾਨ ਸਭਾ ਦੇ ਇਤਿਹਾਸ ਵਿਚ ਇਹ ਪਹਿਲੀ ਦਫਾ ਗੱਲ ਹੋਈ ਹੈ ਕਿ ਇਥੇ ਦੀ ਐਸਟੀਮੇਟ ਕਮੇਟੀ ਜਿਸ ਵਿਚ ਮੈਜਾਰਟੀ ਰੂਲਿੰਗ ਪਾਰਟੀ ਦੀ ਹੈ, ਇਹ ਯੂਨੈਨੀਮਸਲੀ ਰਿਪੋਰਟ ਪੇਸ਼ ਕੀਤੀ ਕਿ ਦੋ ਕਰੋੜ ਰੁਪਿਆ ਨਾਕਾਫੀ ਹੈ ਅਤੇ ਰਿਲੀਫ ਦੇਣ ਵਾਸਤੇ ਪੈਸਾ ਜ਼ਿਆਦਾ ਚਾਹੀਦਾ ਹੈ। ਸੋ, ਡਿਪਟੀ ਸਪੀਕਰ ਸਾਹਿਬ, ਲੋਕਾਂ ਦੇ ਬਹੁਤ ਸਾਰੇ ਮਸਲੇ ਇਸ ਵੇਲੇ ਹਨ। ਮੈਨੂੰ ਆਪਣੇ ਜ਼ਿਲ੍ਹੇ ਦਾ ਤਜਰਬਾ ਹੈ। ਇਹ ਮੈਂ ਕਹਿੰਦਾ ਹਾਂ ਕਿ ਡਿਪਟੀ ਕਮਿਸ਼ਨਰ ਅਤੇ ਹੋਰ ਅਫਸਰਾਂ ਨੇ ਬਹੁਤ ਮਿਹਨਤ ਕੀਤੀ ਹੈ ਅਤੇ ਲੋਕਾਂ ਨੂੰ ਥੋੜੀ ਬਹੁਤ ਰਿਲੀਫ ਵੀ ਮਿਲੀ ਹੈ, ਲੇਕਿਨ ਇਸ ਮਸਲੇ ਦੇ ਮੁਕਾਬਲੇ ਵਿਚ ਜਿਹੜੀ ਰਿਲੀਫ ਮਿਲੀ ਹੈ, ਉਹ ਕੁਝ ਨਹੀਂ ਅਤੇ ਨਾਕਾਫੀ ਹੈ। ਅੱਜ ਲੋਕਾਂ ਦੀ ਹਾਲਤ ਬੜੀ ਭੈੜੀ ਹੈ। ਅੰਮ੍ਰਿਤਸਰ ਦੇ ਡੀ. ਸੀ. ਦੇ ਆਪਣੇ ਬਿਆਨ ਦੇ ਮੁਤਾਬਿਕ ਬਹੁਤ ਸਾਰੇ ਤੰਬੂਆਂ ਦੀ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿੰਨੇ ਤੰਬੂ ਚਾਹੀਦੇ ਹੋਣ, ਉਹ ਫੌਰੀ ਤੌਰ ਤੇ, ਚਾਹੇ ਫੌਜ ਕੋਲੋਂ ਜਾਂ ਹੋਰ ਪਾਸਿਓਂ ਹਾਸਲ ਕੀਤੇ ਜਾਣ ਅਤੇ ਇਹ ਕੰਮ ਸਰਕਾਰ ਆਪਣੇ ਲੇਵਲ ਤੇ ਕਰੇ, ਜ਼ਿਲ੍ਹੇ ਦੇ ਅਫਸਰਾਂ ਤੇ ਨਾ ਛਡੇ। ਇਸ ਪਾਸੇ ਸਰਕਾਰ ਨੂੰ ਫੌਰੀ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ ਅਤੇ ਜਿਨ੍ਹਾਂ ਲੋਕਾਂ ਦੇ ਕੋਠੇ ਨਹੀਂ ਰਹੇ, ਸਮਾਨ ਨਹੀਂ ਰਿਹਾ, ਕੋਈ ਜਗ੍ਹਾ ਰਹਿਣ ਨੂੰ ਨਹੀਂ ਹੈ ਉਨ੍ਹਾਂ ਨੂੰ ਦਿਤੇ ਜਾਣੇ ਚਾਹੀਦੇ ਹਨ।

ਪਿੰਡਾਂ ਵਿਚ ਬਿਮਾਰੀਆਂ ਨੂੰ ਰੋਕਣ ਵਾਸਤੇ ਡੰਗਰਾਂ ਨੂੰ ਟੀਕੇ ਵੀ ਲਗ ਰਹੇ ਹਨ। ਅੰਮ੍ਰਿਤਸਰ ਦੀ ਮੈਡੀਕਲ ਟੀਮ ਮਲੇਰੀਆ ਅਤੇ ਹੋਰ ਬਿਮਾਰੀਆਂ ਦੇ ਫੈਲਣ ਨੂੰ ਰੋਕਣ ਵਾਸਤੇ ਟੀਕੇ ਲਗਾ ਰਹੀ ਹੈ। ਇਹ ਤਾਂ ਠੀਕ ਹੈ ਲੇਕਿਨ, ਡਿਪਟੀ ਸਪੀਕਰ ਸਾਹਿਬ, ਅਜੇ ਵੀ ਅਨੇਕਾਂ ਪਿੰਡ ਅਜਿਹੇ ਹਨ ਜਿਥੇ ਅਜੇ ਤਕ ਡੰਗਰਾਂ ਨੂੰ ਟੀਕੇ ਨਹੀਂ ਲਗੇ। ਇਸ ਕਰਕੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਬਿਮਾਰੀਆਂ ਦੀ ਰੋਕ ਥਾਮ ਲਈ ਸਰਕਾਰ ਮੁਨਾਸਿਬ ਕਦਮ ਚੁਕੇ ਅਤੇ ਲੋਕਾਂ ਨੂੰ ਰਿਲੀਫ ਪਹੁੰਚਾਏ, ਇਸ ਪਾਸੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਜਿਥੇ ਬੜੀ ਡਿਸਟਰੈਸ ਹੋਈ ਹੈ, ਉਥੇ ਸਬਸਿਸਟੈਂਸ ਅਲਾਊਂਸ ਦਿਤਾ ਜਾਵੇ। ਇਸ ਵੇਲੇ ਤਾਂ ਇਹ ਹੈ ਜਿਥੇ 25% ਘੱਟ ਤੋਂ ਘੱਟ ਨੁਕਸਾਨ ਹੋਵੇ, ਉਥੇ ਕਿਤੇ 15 ਦਿਨ, ਕਿਤੇ ਇਕ ਮਹੀਨਾ ਅਤੇ ਕਿਤੇ ਦੋ ਮਹੀਨੇ ਦੇ ਹਿਸਾਬ ਨਾਲ ਅਲਾਊਂਸ ਦਿਤਾ ਜਾਵੇ ਇਹ ਤਰੀਕਾ ਠੀਕ ਨਹੀਂ। ਜਿਨ੍ਹਾਂ ਹਰੀਜਨਾਂ ਦਾ 25% ਤੋਂ ਘੱਟ ਫਸਲ ਦਾ ਨੁਕਸਾਨ ਹੈ ਉਨ੍ਹਾਂ ਨੂੰ ਜੇ ਕੁਝ ਨਹੀਂ ਦੇਣਾ ਤਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਦੇ ਸਾਰੇ ਕੱਚੇ ਕੋਠੇ ਹੀ ਢਹਿ ਗਏ ਹਨ, ਕੀ ਉਨ੍ਹਾਂ ਦੀ ਡਿਸਟਰੈਸ ਘੱਟ ਹੈ? ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਹਰੀਜਨਾਂ ਦਾ ਫਸਲਾਂ ਦਾ 25% ਤੋਂ ਘੱਟ ਨੁਕਸਾਨ ਹੈ, ਉਨ੍ਹਾਂ ਹਰੀਜਨਾਂ ਲਈ ਬੜੀ ਡਿਸਟਰੈਸ ਹੈ, ਉਨ੍ਹਾਂ ਨੂੰ ਸਬਸਿਸਟੈਂਸ ਅਲਾਊਂਸ ਮਿਲਣਾ ਚਾਹੀਦਾ ਹੈ ਅਤੇ ਜੋ ਇਹ ਸਬਸਿਸਟੈਂਸ ਅਲਾਊਂਸ ਨੂੰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਅਤੇ ਡਿਸਟਰੈਸ ਅਲਾਊਂਸ ਨੂੰ 25%ਨਾਲ ਜੋੜਿਆ ਗਿਆ ਹੈ, ਇਸ ਨੂੰ ਤਬਦੀਲ ਕੀਤਾ ਜਾਵੇ ।

ਅਗਲੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਕਿਸਾਨਾਂ ਦਾ ਨੁਕਸਾਨ ਹੋਇਆ ਅਤੇ ਕਈ ਜਗ੍ਹਾ ਝੋਨਾ ਸਾਫ ਹੋ ਗਿਆ, ਖਾਸ ਕਰਕੇ ਜਿਹੜੇ ਡ੍ਰੇਨਾਂ ਦੇ ਲਾਗੇ ਪਿੰਡ ਹਨ, ਉਥੇ ਤਾਂ ਇਸ ਫਲੱਡ ਦੇ ਵਿਚ, ਇਨ੍ਹਾਂ ਬਾਰਿਸ਼ਾਂ ਦੇ ਵਿਚ ਸਭ ਤੋਂ ਵੱਧ ਨੁਕਸਾਨ ਹੋਇਆ ਹੈ ।

ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਰਕਾਰ ਨੇ ਪਿੰਡਾਂ ਦੇ ਲੋਕਾਂ ਵਾਸਤੇ ਮਕਾਨ ਢਹਿ ਜਾਣ ਦੀ ਸ਼ਕਲ ਵਿਚ ਰਿਲੀਫ ਦਿਤਾ ਹੈ । ਜੇ ਕਿਸੇ ਦਾ ਕੱਚਾ ਮਕਾਨ ਢਹਿ ਗਿਆ ਹੈ ਤਾਂ 400 ਰੁਪਿਆ ਅਤੇ ਜੇ ਕਿਸੇ ਦਾ ਪੱਕਾ ਮਕਾਨ ਢਹਿ ਗਿਆ ਹੈ ਤਾਂ 800 ਰੁਪਿਆ ਦਿਤਾ ਹੈ । ਮੈਂ ਇਸ ਬਾਰੇ ਕੋਈ ਝਗੜਾ ਨਹੀਂ ਕਰਨਾ ਚਾਹੁੰਦਾ, ਲੇਕਿਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਰਿਲੀਫ ਇਸ ਤਰ੍ਹਾਂ ਦਿਤਾ ਜਾਣਾ ਹੈ ਕਿ ਜੇ 15 %ਜਾਂ ਇਸ ਤੋਂ ਵੱਧ ਮਕਾਨ ਢਹਿ ਗਏ ਹੋਣ ਕਿਸੇ ਪਿੰਡ ਵਿਚ ਤਾਂ ਇਹ ਰਿਲੀਫ ਦੇਣਾ ਹੈ। ਮੈਨੂੰ ਇਸ ਦੇ ਨਾਲ ਵੀ ਬਹੁਤਾ ਝਗੜਾ ਨਹੀਂ, ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦੇ ਹਰ ਇਕ ਪਿੰਡ ਵਿਚ 70%, 75%, 80% ਜਾਂ 99% ਕੱਚੇ ਕੋਠੇ ਢਹਿ ਗਏ ਹਨ ਅਤੇ ਉਨ੍ਹਾਂ ਲੋਕਾਂ ਨੂੰ ਬੜੀ ਡਿਸਟਰੈਸ ਹੈ, ਥੋੜੀ ਰਿਲੀਫ ਨਾਲ ਕੁਝ ਨਹੀਂ ਬਣਨਾ ।

ਇਕ ਗੱਲ ਮੈਂ ਇਥੇ ਹੋਰ ਕਹਿਣੀ ਚਾਹੁੰਦਾ ਹਾਂ ਕਿ ਸਰਕਾਰ ਇਹ ਬੜਾ ਗਲਤ ਕਦਮ ਚਕ ਰਹੀ ਹੈ ਅਤੇ ਮੈਂ ਇਸ ਬਾਰੇ ਵਾਰਨਿੰਗ ਦੇਣਾ ਚਾਹੁੰਦਾ ਹਾਂ । ਸ਼ਹਿਰਾਂ ਦੇ ਵਿਚ ਜਿਹੜੇ ਮਕਾਨ ਢਹਿ ਗਏ ਹਨ, ਉਨ੍ਹਾਂ ਦਾ ਰਿਲੀਫ ਦੇਣ ਬਾਰੇ ਸਰਕਾਰ ਨੇ ਕੁਝ ਨਹੀਂ ਕੀਤਾ । ਮਿਊਂਸਪਲ ਕਮੇਟੀਆਂ ਨੂੰ ਹਿਦਾਇਤ ਕਰ ਦਿਤੀ ਹੈ ਕਿ ਕੱਚੇ ਕੋਠੇ ਦਾ ਵੱਧ ਤੋਂ ਵੱਧ 50 ਰੁਪਏ ਅਤੇ ਪੱਕੇ ਕੋਠੇ ਦਾ 100 ਰੁਪਿਆ ਦਿਤਾ ਜਾਵੇ ਅਤੇ ਕਮੇਟੀਆਂ ਦਾ ਜੋ ਖਰਚ ਹੋਵੇਗਾ ਉਸ ਦਾ 10% ਸਰਕਾਰ ਉਨ੍ਹਾਂ ਨੂੰ ਦੇ ਦੇਵੇਗੀ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦਸਦਾ ਹਾਂ ਕਿ ਅੰਮ੍ਰਿਤਸਰ ਵਿਚ ਕਈ ਸੜਕਾਂ ਰੁੜ੍ਹ ਗਈਆਂ ਹਨ, ਉਨ੍ਹਾਂ ਦੀ ਮੁਰੰਮਤ ਕਰਾਉਣੀ ਹੈ, ਉਹ ਵੀ ਨਹੀਂ ਹੋ ਸਕਣੀ, ਪੈਸੇ ਘੱਟ ਜਾਣੇ ਹਨ । ਇਸ ਕਰਕੇ ਸਰਕਾਰ ਨੂੰ ਸ਼ਹਿਰਾਂ ਅਤੇ ਪਿੰਡਾਂ ਵਿਚ ਵਿਤਕਰਾ ਨਹੀਂ ਕਰਨਾ ਚਾਹੀਦਾ । ਨੁਕਸਾਨ ਦਾ ਰਿਲੀਫ ਹਰ ਜਗ੍ਹਾ ਇਕੋ ਜਿਹਾ ਹੀ ਹੋਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਜੇ ਇਸ ਤਰ੍ਹਾਂ ਕੀਤਾ ਗਿਆ ਅਤੇ ਇਹ ਵਿਤਕਰਾ ਕਾਇਮ ਰਖਿਆ ਗਿਆ ਤਾਂ ਸਾਡੀ ਨੈਸ਼ਨਲ ਇੰਟੇਗਰੇਸ਼ਨ ਨੂੰ ਕੀ ਹੋਵੇਗਾ ? ਡਿਪਟੀ ਸਪੀਕਰ ਸਾਹਿਬ, ਅੰਮ੍ਰਿਤਸਰ ਦੇ ਵਿਚ ਢਬਾਈ ਜੋ ਜਗ੍ਹਾ ਹੈ, ਉਹ ਅੱਧੀ ਮਿਊਂਸਪਲ ਕਮੇਟੀ ਵਿਚ ਆਉਂਦੀ ਹੈ ਅਤੇ ਅੱਧੀ ਪਿੰਡ ਵਿਚ ਆਉਂਦੀ ਹੈ । ਹੋਵੇਗਾ ਕੀ ਕਿ ਪੰਚਾਇਤ ਤਾਂ ਕੱਚੇ ਮਕਾਨ ਦੇ ਢਹਿ ਜਾਣ ਦਾ 400 ਰੁਪਏ ਦੇਵੇਗੀ ਅਤੇ ਮਿਊਂਸਪਲ ਕਮੇਟੀ ਸਿਰਫ 50 ਰੁਪਏ ਦੇਵੇਗੀ । ਮੈਂ ਇਸ ਤਰ੍ਹਾਂ ਦੀਆਂ ਹੋਰ ਮਿਸਾਲਾਂ ਵੀ ਦੇ ਸਕਦਾ ਹਾਂ । ਬਡਾਲੀ ਸਾਡਾ ਪਿੰਡ ਹੈ । ਜਿਹੜੇ ਲੋਕੀਂ ਛਿਹਰਟਾ ਵਿਚ ਆਉਂਦੇ ਹਨ, ਉਨ੍ਹਾਂ ਨੂੰ ਹੋਰ ਰਿਲੀਫ ਮਿਲੇਗਾ ਅਤੇ ਜਿਹੜੇ ਦੂਜੇ ਪਾਸੇ ਆਉਂਦੇ ਹਨ, ਉਨ੍ਹਾਂ ਨੂੰ ਹੋਰ ਰਿਲੀਫ ਮਿਲੇਗਾ ਅਤੇ ਇਹ ਵਿਤਕਰਾ ਰਹਿ ਜਾਵੇਗਾ । ਦੂਜੇ ਪਾਸੇ ਲੁਧਿਆਣਾ ਵਿਚ ਵੀ ਲੁਧਿਆਣਾ ਦੇ ਆਲੇ ਦੁਆਲੇ ਇਸ ਤਰ੍ਹਾਂ ਦੀ ਪੁਜ਼ੀਸ਼ਨ ਹੈ, ਬਟਾਲਾ ਵਿਚ ਇਹੀ ਪੁਜ਼ੀਸ਼ਨ ਹੋ ਸਕਦੀ ਹੈ । ਸੋ, ਇਕੋ ਹੀ

Original with;
Punjab Vidhan Sabha
Digitized by;
Panjab Digital Library

ਸਕੇਲ ਹੋਣਾ ਚਾਹੀਦਾ ਹੈ, ਫਰਕ ਨਹੀਂ ਹੋਣਾ ਚਾਹੀਦਾ । ਇਨ੍ਹਾਂ ਨੇ ਸਮਝਿਆ ਹੋਣਾ ਹੈ ਕਿ ਅਸੀਂ ਪਿੰਡਾਂ ਵਿਚੋਂ ਵੋਟਾਂ ਲੈਣੀਆਂ ਹਨ, ਸ਼ਹਿਰਾਂ ਵਿਚੋਂ ਤਾਂ ਸਾਨੂੰ ਵੋਟਾਂ ਮਿਲਣੀਆਂ ਨਹੀਂ, ਇਸ ਕਰਕੇ ਇਸ ਤਰ੍ਹਾਂ ਵਿਤਕਰਾ ਰਖ ਦਿਤਾ ਹੈ ਇਹ ਠੀਕ ਗੱਲ ਨਹੀਂ ਹੈ ।

ਇਕ ਗੱਲ ਮੈਂ ਹੋਰ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਅਸੈਸਮੈਂਟ ਪਿੰਡਾਂ ਵਿਚ ਨੁਕਸਾਨ ਦੀ ਕੀਤੀ ਜਾਂਦੀ ਹੈ, ਉਹ ਠੀਕ ਨਹੀਂ ਹੁੰਦੀ । ਇਕ ਪਿੰਡ ਵਿਚ ਪਟਵਾਰੀ ਗਿਆ ਤਾਂ ਜਿਸੇ ਨੇ ਕਿਹਾ ਕਿ ਉਸ ਦੇ ਮਕਾਨ ਦੀ ਥੰਮੀ ਡਿਗਣ ਵਾਲੀ ਹੈ, ਪਰ ਪਟਵਾਰੀ ਨੇ ਕਿਹਾ ਕਿ ਇਹ ਤਾਂ ਬਹੁਤ ਪੱਕੀ ਹੈ ਅਤੇ ਨਹੀਂ ਡਿਗਦੀ । ਪਟਵਾਰੀ ਦੂਜੇ ਪਿੰਡ ਵਿਚ ਗਿਆ ਤਾਂ ਪਿਛੋਂ ਥੰਮੀ ਡਿਗ ਪਈ । ਸੋ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਕੰਮ ਧਿਆਨ ਨਾਲ ਕਰਨਾ ਚਾਹੀਦਾ ਹੈ ਅਤੇ ਅਸੈਸਮੈਂਟ ਸਹੀ ਤਰੀਕੇ ਨਾਲ ਹੋਣੀ ਚਾਹੀਦੀ ਹੈ ।

ਅਗਲੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ, ਕਈ ਬਾਰ ਇਸ ਗੱਲ ਨੂੰ ਕਿਹਾ ਗਿਆ, ਸਾਡੇ ਡੀ.ਸੀ. ਨੇ ਵੀ ਕਿਹਾ, ਯੂਨੀਅਨ ਗਵਰਨਮੈਂਟ ਦੇ ਮਨਿਸਟਰ ਸਰਦਾਰ ਗੁਰਦਿਆਲ ਸਿੰਘ ਢਿਲੋਂ ਨੇ ਵੀ ਕਿਹਾ, ਕਿ ਪਿੰਡਾਂ ਵਿਚ ਅਤੇ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਗਰਾਂਟ ਦੇਣੀ ਹੈ ਪਰ ਪਤਾ ਨਹੀਂ ਲਗਦਾ ਕਿ ਕੀ ਕੀਤਾ ਗਿਆ ਹੈ । ਸ਼ਡਿਊਲਡ ਕਾਸਟਸ ਐਂਡ ਬੈਕਵਰਡ ਕਲਾਸਿਜ਼ ਕਾਰਪੋਰੇਸ਼ਨ ਰਿਜ਼ਰਵ ਬੈਂਕ, ਕੋਆਪਰੇਟਿਵ ਬੈਂਕਾਂ ਅਤੇ ਨੈਸ਼ਨੇਲਾਈਜ਼ਡ ਬੈਂਕਾਂ ਤੋਂ ਇਨ੍ਹਾਂ ਗਰੀਬ ਲੋਕਾਂ ਨੂੰ ਲੋਨ ਲੈ ਕੇ ਦੇਵੇ ਜਿਹੜਾ ਕਿ ਇੰਟਰੈਸਟ ਫਰੀ ਹੋਵੇ ਤਾਂ ਜੋ ਇਹ ਲੋਕ ਕੱਚੇ ਕੋਠਿਆਂ ਦੀ ਬਜਾਏ ਪੱਕੇ ਕੋਠੇ ਬਣਾ ਲੈਣ। ਮੈਂ ਕਹਾਂਗਾ ਕਿ ਇਸ ਪਾਸੇ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

** ** ** (ਘੰਟੀ)

**Mr. Deputy Speaker** : This should not form part of the proceedings.

**ਕਾਮਰੇਡ ਸੱਤ ਪਾਲ ਡਾਂਗ** : ਇਸ ਤੋਂ ਬਾਅਦ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਾਊਸਿੰਗ ਬੋਰਡ ਨੂੰ ਕਿਹਾ ਜਾਵੇ ਕਿ ਜਿਸਦੇ ਵੀ ਕੋਠੇ ਢਹਿ ਗਏ ਹਨ ਉਨ੍ਹਾਂ ਨੂੰ ਇਕ ਕਮਰਾ ਜਾਂ ਦੋ ਕਮਰੇ ਪਾ ਕੇ ਦਿੱਤੇ ਜਾਣ ਕਿਉਂਕਿ ਮਾਮਲਾ ਬਹੁਤ ਗੰਭੀਰ ਹੈ । ਕੁਝ ਐਸੇ ਇਲਾਕੇ ਵੀ ਹਨ ਜਿਥੇ ਸਲੱਮ ਆ ਗਈ ਹੈ । ਕੁਝ ਸਲੱਮ ਤਾਂ ਐਸੀ ਹੈ ਜਿਹੜੀ ਕਿ ਇਮਪਰੂਵ ਹੋ ਸਕਦੀ ਹੈ, ਉਸ ਨੂੰ ਤਾਂ ਇਮਪਰੂਵ ਕੀਤਾ ਜਾਵੇ ਅਤੇ ਕੁਝ ਐਸੇ ਇਲਾਕੇ ਵੀ ਹਨ ਜਿਥੋਂ ਕਿ ਸਲੱਮ ਇਮਪਰੂਵ ਨਹੀਂ ਹੋ ਸਕਦੀ ਉਨ੍ਹਾਂ ਲਈ ਮੇਰੀ ਅਰਜ਼ ਇਹ ਹੈ ਕਿ ਉਨ੍ਹਾਂ ਨੂੰ ਕੋਈ ਛੋਟੇ ਛੋਟੇ ਕੁਆਰਟਰ ਬਣਾ ਕੇ ਦਿੱਤੇ ਜਾਣ । ਡਿਪਟੀ ਸਪੀਕਰ ਸਾਹਿਬ, ਕੁਝ ਐਸੇ ਇਲਾਕੇ ਵੀ ਹਨ ਅੰਮ੍ਰਿਤਸਰ ਵਿਚ ਜਿਥੇ ਕਿ ਸਲੱਮ ਇਮਪਰੂਵ ਹੀ ਨਹੀਂ ਹੋ ਸਕਦੀ । ਇਸ ਲਈ ਉਸ ਜਗ੍ਹਾ ਤੇ ਵਸਣ ਵਾਲਿਆਂ ਨੂੰ ਕੁਆਰਟਰ ਬਣਾ ਕੇ ਦਿੱਤੇ ਜਾਣ ਬਸ਼ਰਤੇ ਕਿ ਇਸ ਦੌਰਾਨ ਉਨ੍ਹਾਂ ਨੂੰ ਕੋਈ ਰਹਿਣ ਲਈ ਜਗ੍ਹਾ ਦਿਤੀ ਜਾਵੇ ਭਾਵੇਂ ਤੰਬੂ ਲਾ ਕੇ ਹੀ ਦਿਤੇ ਜਾਣ ।

** Expunged as ordered by the Chair.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਕਹਿਰ ਆਉਂਦਾ ਹੈ ਤਾਂ ਲੋਕਾਂ ਪਾਸ ਕੁਝ ਨਹੀਂ ਹੁੰਦਾ, ਉਹ ਨੰਗੇ ਹੁੰਦੇ ਹਨ। ਹੁਣ ਜਦੋਂ ਲੋਕਾਂ ਦੇ ਘਰਾਂ ਵਿਚ ਪਾਣੀ ਭਰ ਗਿਆ ਤਾਂ ਲੋਕਾਂ ਨੇ 10 ਰੁਪਏ ਦਿਹਾੜੀ ਤੇ ਤੰਬੂ ਲੈ ਕੇ ਲਾਏ, ਖੈਰ ਮੈਂ ਇਸ ਵਿਚ ਨਹੀਂ ਜਾਣਾ ਚਾਹੁੰਦਾ। ਮੈਂ ਬੇਨਤੀ ਕਰਦਾ ਹਾਂ ਕਿ ਜਿਨ੍ਹਾਂ ਦੇ ਕੋਠੇ ਗਿਰ ਗਏ ਹਨ ਉਹ ਸਰਕਾਰ ਤੋਂ ਮੱਦਦ ਮੰਗਦੇ ਹਨ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੀ ਕੋਈ ਸਹਾਇਤਾ ਕੀਤੀ ਜਾਵੇ। ਪਰ ਉਥੇ ਭੱਠਿਆਂ ਵਾਲਿਆਂ ਦਾ ਕੀ ਹਾਲ ਹੈ ਕਿ ਉਹ 152 ਰੁਪਏ ਦੀ ਹਜ਼ਾਰ ਇੱਟਾਂ ਵੇਚ ਰਹੇ ਹਨ। ਕੰਟਰੋਲ ਰੇਟ ਤੇ ਇੱਟਾਂ ਨਹੀਂ ਦੇ ਰਹੇ। ਜਿਹੜੇ ਲੋਕ ਬਣਾਉਣਾ ਚਾਹੁੰਦੇ ਹਨ ਉਹ ਇਹ ਇੱਟਾਂ ਨਹੀਂ ਖਰੀਦ ਸਕਦੇ। ਇਸ ਲਈ ਮੇਰੀ ਬੇਨਤੀ ਹੈ ਕਿ ਉਨ੍ਹਾਂ ਦੀ ਸਹਾਇਤਾ ਲਈ ਕੁਝ ਕੀਤਾ ਜਾਵੇ। ਕਾਨੂੰਨ ਨੂੰ ਸਖੱਤ ਕਰਕੇ ਉਨ੍ਹਾਂ ਲੋਕਾਂ ਨੂੰ ਇੱਟਾਂ ਕੰਟਰੋਲ ਰੇਟ ਤੇ ਦਿੱਤੀਆਂ ਜਾਣ।

ਇਸ ਦੇ ਨਾਲ ਹੀ ਮੈਂ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ। ਇਹ ਬੜਾ ਵੱਡਾ ਮਸਲਾ ਹੈ। ਉਹ ਇਹ ਹੈ ਕਿ ਸ਼ਹਿਰਾਂ ਵਿਚ ਲੈਂਡਲਾਰਡ ਲੋਕ ਖੁਸ਼ ਹਨ ਕਿ ਲੋਕਾਂ ਦੇ ਕੋਠੇ ਢਹਿ ਗਏ ਹਨ। ਇਥੋਂ ਤਕ ਕਿ ਜੇ ਕਿਸੇ ਦੇ ਕੋਠੇ ਨਹੀਂ ਢਠੇ ਅਤੇ ਉਹ ਢਹਿਣ ਵਾਲੇ ਸਨ ਤਾਂ ਉਨ੍ਹਾਂ ਨੇ ਕੁਝ ਆਦਮੀਆਂ ਨੂੰ ਨਾਲ ਲੈ ਜਾਕੇ ਆਪ ਹੀ ਉਨ੍ਹਾਂ ਦੀਆਂ ਛੱਤਾਂ ਨੂੰ ਢਾਹ ਦਿਤਾ ਤਾਕਿ ਉਹ ਕਿਰਾਏਦਾਰ ਮਕਾਨ ਛੱਡ ਜਾਣ ਔਰ ਉਹ ਫਿਰ ਮਕਾਨ 20 ਗੁਣਾ ਜ਼ਿਆਦਾ ਕਿਰਾਏ ਤੇ ਚੜ੍ਹਾ ਸਕੱਣ। ਡਿਪਟੀ ਸਪੀਕਰ ਸਾਹਿਬ, ਕੁਝ ਐਸੇ ਦਰਮਿਆਨੇ ਤਬਕੇ ਦੇ ਵੀ ਕਿਰਾਏਦਾਰ ਸਨ ਜਿਨ੍ਹਾਂ ਨੇ ਕਿਹਾ ਕਿ ਅਸੀਂ ਇਸ ਮਕਾਨ ਦੀ ਆਪ ਹੀ ਮੁਰੰਮਤ ਕਰਵਾ ਲਵਾਂਗੇ ਤਾਂ ਉਨ੍ਹਾਂ ਲੋਕਾਂ ਨੂੰ ਇਨ੍ਹਾਂ ਲੈਂਡ ਲਾਰਡਾਂ ਨੇ ਉਹ ਮੁਰੰਮਤ ਨਾ ਕਰਵਾਉਣ ਦਿੱਤੀ ਅਤੇ ਇਸ ਮਾਮਲੇ ਵਿਚ ਪੁਲਿਸ ਵਾਲਿਆਂ ਨੇ ਵੀ ਲੈਂਡਲਾਰਡ ਦੀ ਮਦਦ ਕੀਤੀ, ਕਿਰਾਏਦਾਰ ਦੀ ਮਦਦ ਨਾ ਕੀਤੀ। ਹਾਲਾਂਕਿ ਉਹ ਕਿਰਾਏਦਾਰ ਰੈਂਟ ਐਕਟ ਦੇ ਥਲੇ ਉਸ ਦੀ ਮੁਰਮੰਤ ਕਰਵਾ ਸਕਦੇ ਹਨ ਅਤੇ ਜੇ ਕੋਈ ਉਹ ਮਕਾਨ ਦੀ ਸ਼ਕਲ ਚੇਂਜ ਕਰੇ ਤਾਂ ਲੈਂਡ ਲਾਰਡ ਸ਼ਿਕਾਇਤ ਕਰ ਸਕਦਾ ਹੈ ਕਿ ਉਸ ਨੇ ਮਕਾਨ ਦੀ ਸ਼ਕਲ ਬਦਲ ਦਿੱਤੀ ਹੈ ਪਰ ਉਨ੍ਹਾਂ ਲੈਂਡ ਲਾਰਡਾਂ ਨੇ ਉਨ੍ਹਾਂ ਨੂੰ ਉਸ ਮਕਾਨ ਦੀ ਮੁਰੰਮਤ ਨਾ ਕਰਵਾਉਣ ਦਿੱਤੀ ਤਾਂਕਿ ਉਹ ਆਪਣਾ ਮਕਾਨ ਫਿਰ ਜ਼ਿਆਦਾ ਕਿਰਾਏ ਤੇ ਚੜ੍ਹਾ ਸਕਣ। ਇਸ ਲਈ ਮੇਰੀ ਇਹ ਬੇਨਤੀ ਹੈ ਕਿ ਜਿਹੜੇ ਕਿਰਾਏਦਾਰ ਮੁਰਮੰਤ ਕਰਵਾ ਸਕਦੇ ਹਨ ਉਨ੍ਹਾਂ ਨੂੰ ਮੁਰਮੰਤ ਕਰਵਾਉਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਰਾਏ ਦੇ ਕਾਨੂੰਨ ਵਿਚ ਤਰਮੀਮ ਕੀਤੀ ਜਾਵੇ ਕਿ ਜਿਨ੍ਹਾਂ ਦੇ ਮਕਾਨਾਂ ਦੀਆਂ ਛੱਤਾਂ ਢਹਿ ਗਈਆਂ ਹਨ ਜਾਂ ਢਾਹ ਦਿੱਤੀਆਂ ਹਨ, ਉਸ ਨੂੰ ਬਣਾਉਣ ਤੋਂ ਬਾਅਦ ਮੁੜ ਕੇ ਉਨ੍ਹਾਂ ਹੀ ਕਿਰਾਏਦਾਰਾਂ ਨੂੰ ਉਸੇ ਹੀ ਕਿਰਾਏ ਤੇ ਦਿੱਤੇ ਜਾਣਗੇ। ਇਸ ਬਾਰੇ ਇਸੇ ਸੈਸ਼ਨ ਵਿਚ ਕੱਲ ਹੀ ਜਾਂ ਤਾਂ ਬਿਲ ਲਿਆਂਦਾ ਜਾਵੇ ਜਾਂ ਬਾਅਦ ਵਿਚ ਆਰਡੀਨੈਂਸ ਲਿਆ ਕੇ ਇਹ ਜ਼ਰੂਰੀ ਕੀਤਾ ਜਾਵੇ ਕਿ ਜਿਨ੍ਹਾਂ ਕਿਰਾਏਦਾਰਾਂ ਦੇ ਮਕਾਨ ਢਹਿ ਗਏ ਹਨ ਉਹ ਮੁਰਮੰਤ ਹੋ ਜਾਣ ਤੋਂ ਪਿਛੋਂ ਉਨ੍ਹਾਂ ਨੂੰ ਹੀ ਦਿੱਤੇ ਜਾਣਗੇ ਹੋਰ ਕਿਸੇ ਨੂੰ ਨਹੀਂ ਦਿੱਤੇ ਜਾਣਗੇ। ਜੇ ਕਿਰਾਇਆ ਵਧਾਉਣਾ ਹੈ ਤਾਂ ਉਸ ਲਈ ਡਿਪਟੀ ਕਮਿਸ਼ਨਰ ਨੂੰ ਇਹ ਅਖਤਿਆਰ ਹੋਵੇ ਕਿ ਉਹ ਉਸ ਦਾ ਕਿਰਾਇਆਂ ਦਸੇ ਤਾਂ ਕਿ ਜਿਹੜੇ ਲੋਕ ਉਜੜ ਰਹੇ ਹਨ ਉਹ ਖਰਾਬ ਨਾ ਹੋਣ ਅਤੇ ਉਨ੍ਹਾਂ ਲੋਕਾਂ ਨੂੰ ਤਬਾਹ ਨਾ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

ਇਸ ਦੇ ਨਾਲ ਹੀ ਮੈਂ ਇਕ ਹੋਰ ਮਸਲੇ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ । ਇਥੇ ਕਿਹਾ ਗਿਆ ਹੈ ਕਿ ਮਿਊਂਸਪਲ ਕਮੇਟੀਆਂ ਜਿਨ੍ਹ ਦੇ ਕੋਠੇ ਢਹਿ ਗਏ ਹਨ ਉਨ੍ਹਾਂ ਦੀ ਮਦਦ ਕਰਨਗੀਆਂ । ਪਰ ਮੈਂ ਬੇਨਤੀ ਕਰਦਾ ਹਾਂ ਕਿ ਇਸ ਵੇਲੇ ਹਾਲਤ ਇਹ ਹੈ ਕਿ ਤੁਹਾਨੂੰ ਮਿਊਂਸਪਲ ਕਮੇਟੀਆਂ ਦੀ ਮਦਦ ਕਰਨੀ ਚਾਹੀਦੀ ਹੈ । ਜਿਹੜੀਆਂ ਸੜਕਾਂ ਰੁੜ੍ਹ ਗਈਆਂ ਹਨ, ਜਿਹੜੇ ਸਾਈਫਨ ਟੁਟ ਗਏ ਹਨ ਅਤੇ ਆਵਾਜਾਈ ਵੀ ਬੰਦ ਹੋ ਗਈ ਹੈ, ਉਸ ਦੇ ਲਈ ਜਿਹੜੀਆਂ ਵੀ ਲੋਕਲ ਬਾਡੀਜ਼ ਹਨ ਚਾਹੇ ਉਹ ਜ਼ਿਲ੍ਹਾ ਪਰੀਸ਼ਦ ਹਨ, ਚਾਹੇ ਉਹ ਮਿਊਂਸਪਲ ਕਮੇਟੀਆਂ ਹਨ, ਉਨ੍ਹਾਂ ਦੀ ਸਰਕਾਰ ਮਦਦ ਕਰੇ ਤਾਂ ਕਿ ਉਹ ਇਸ ਵਲ ਪੂਰਾ ਧਿਆਨ ਦੇ ਸਕਣ ਅਤੇ ਇਸ ਤਬਾਹੀ ਨੂੰ ਰੋਕ ਸਕਣ ।

ਡਿਪਟੀ ਸਪੀਕਰ ਸਾਹਿਬ, 2, 3 ਮਸਲੇ ਹੋਰ ਛੋਟੇ ਛੋਟੇ ਹਨ ਜਿਹੜੇ ਕਿ ਬਾਅਦ ਵਿਚ ਹੋ ਸਕਦੇ ਹਨ ਉਨ੍ਹਾਂ ਵਲ ਵੀ ਮੈਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਉਨ੍ਹਾਂ ਵਿਚ ਇਕ ਤਾਂ ਤਕਾਵੀਆਂ ਦਾ ਮਸਲਾ ਹੈ, ਬਿਜਲੀ ਬੋਰਡ ਦੇ ਬਿਲਾਂ ਦਾ ਮਸਲਾ ਹੈ ਉਹ ਸਿਰਫ਼ ਮੁਲਤਵੀ ਨਾ ਹੋਣ ਬਲਕਿ ਮਾਫ ਹੋਣੇ ਚਾਹੀਦੇ ਹਨ । ਉਨ੍ਹਾਂ ਦੇ ਪਾਣੀ ਨਾਲ ਮੀਟਰ ਹੀ ਸੜ ਗਏ ਹਨ । ਹੁਣ ਬਿਜਲੀ ਬੋਰਡ ਵਾਲੇ ਕਹਿੰਦੇ ਹਨ ਕਿ 65/- ਰੁਪਏ ਪਹਿਲੇ ਰਖੋ ਫਿਰ ਮੁੜ ਕੇ ਕੁਨੈਕਸ਼ਨ ਦੇਵਾਂਗੇ । ਮੇਰੀ ਬੇਨਤੀ ਹੈ ਕਿ ਇਹ ਨਹੀਂ ਹੋਣਾ ਚਾਹੀਦਾ । ਬਿਜਲੀ ਬੋਰਡ ਵਾਲਿਆਂ ਨੂੰ ਐਪਰੋਚ ਕਰਨਾ ਚਾਹੀਦਾ ਹੈ ਕਿ ਜਿਨ੍ਹਾਂ ਦੇ ਮੀਟਰ ਪਾਣੀ ਨਾਲ ਸੜ ਗਏ ਹਨ ਉਹ ਬਿਜਲੀ ਵਰਤ ਹੀ ਨਹੀਂ ਸਕੇ ਉਨ੍ਹਾਂ ਤੋਂ ਹੀ ਇਹ ਬਿਲ ਨਾ ਲਏ ਜਾਣ । ਉਨ੍ਹਾਂ ਨੂੰ ਮਾਫ਼ ਕਰਨਾ ਚਾਹੀਦਾ ਹੈ ।

ਇਕ ਗਲ ਮੈਂ ਹਾਊਸਿੰਗ ਮਨਿਸਟਰ ਸਾਹਿਬਾ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਜਿੰਨਾਂ ਲੋਕਾਂ ਨੂੰ ਮਕਾਨ ਪਾਉਣ ਲਈ ਪਹਿਲੀ ਕਿਸ਼ਤ ਦਿੱਤੀ ਗਈ ਹੈ ਉਨ੍ਹਾਂ ਨੇ ਆਪਣਾ ਮਕਾਨ ਪਾਉਣਾ ਸ਼ੁਰੂ ਕਰ ਲਿਆ । ਜਿਸ ਵੇਲੇ ਪਹਿਲੀ ਕਿਸ਼ਤ ਮੁਕ ਗਈ ਤਾਂ ਉਹ ਦੂਜੀ ਕਿਸ਼ਤ ਦੇ ਪੈਸੇ ਲੈਣ ਲਈ ਗਏ ਤਾਂ ਉਨ੍ਹਾਂ ਨੂੰ ਦੂਜੀ ਕਿਸ਼ਤ ਵੀ ਦਿੱਤੀ ਗਈ । ਹੁਣ ਜਿਸ ਵੇਲੇ ਛੱਤ ਪਾਉਣੀ ਸੀ ਤਾਂ ਉਹ ਤੀਜੀ ਕਿਸ਼ਤ ਲੈਣ ਲਈ ਗਏ । ਫਿਰ ਓਵਰਸੀਅਰ ਉਥੇ ਚਲਾ ਜਾਂਦਾ ਹੈ ਅਤੇ ਉਹ ਕਹਿੰਦਾ ਹੈ ਕਿ ਕਿ ਇਨ੍ਹਾਂ ਮਕਾਨਾਂ ਦਾ ਤਾਂ ਡੀਜ਼ਾਈਨ ਹੀ ਠੀਕ ਨਹੀਂ। ਫਿਰ ਉਨ੍ਹਾਂ ਲੋਕਾਂ ਨੇ ਮਿਨਤਾਂ ਕਰ ਲਈਆਂ ਕਿ ਉਨ੍ਹਾਂ ਨੂੰ ਤੀਜੀ ਕਿਸ਼ਤ ਦਿੱਤੀ ਜਾਵੇ ਪਰ ਉਨ੍ਹਾਂ ਨੂੰ ਤੀਜੀ ਕਿਸ਼ਤ ਨਾ ਮਿਲੀ । ਇਸ ਵਾਸਤੇ ਅਸੀਂ ਮਨਿਸਟਰਾਂ ਤਕ ਭਜਦੇ ਰਹੇ ਪਰ ਉਨ੍ਹਾਂ ਨੂੰ ਤੀਜੀ ਕਿਸ਼ਤ ਨਾ ਮਿਲ ਸਕੀ । ਫਿਰ ਕੀ ਹੋਇਆ ? ਬਾਰਸ਼ਾਂ ਆ ਗਈਆਂ ਅਤੇ ਉਨ੍ਹਾਂ ਨੇ ਜਿਹੜੀਆਂ ਉਹ ਦੀਵਾਰਾਂ ਖੜੀਆਂ ਕੀਤੀਆਂ ਸਨ ਉਹ ਵੀ ਢਹਿ ਗਈਆਂ । ਅਤੇ ਹੁਣ ਜੇ ਉਨ੍ਹਾਂ ਨੂੰ ਤੀਜੀ ਕਿਸ਼ਤ ਮਿਲ ਵੀ ਜਾਵੇ ਤਾਂ ਵੀ ਉਸ ਦਾ ਕੋਈ ਫਾਇਦਾ ਨਹੀਂ ਮੇਰੀ ਬੇਨਤੀ ਹੈ ਕਿ ਓਵਰਸੀਅਰ ਨੇ ਮਕਾਨ ਦਾ ਡੀਜ਼ਾਈਨ ਵੇਖਣਾ ਸੀ ਤਾਂ ਕੀ ਉਹ ਉਸ ਵੇਲੇ ਨਹੀਂ ਵੇਖਿਆ ਜਾ ਸਕਦਾ ਸੀ ਜਿਸ ਵੇਲੇ ਮਕਾਨਾਂ ਦੀ ਨੀਂਹ ਰਖੀ ਸੀ । ਇਸੇ ਤਰ੍ਹਾਂ ਹੀ ਧਰਮਸ਼ਾਲਾਵਾਂ ਦੇ ਬਾਰੇ ਵਿਚ ਅਰਜ਼ ਹੈ । ਸੋਸ਼ਲ ਵੈਲਫੇਅਰ ਵਿਭਾਗ ਵਲੋਂ ਕਈ ਧਰਮਸ਼ਾਲਾਵਾਂ ਬਣਾਈਆਂ ਜਾ ਰਹੀਆਂ ਸਨ ਜਿਹੜੀਆਂ ਕਿ ਬਾਰਸ਼ਾ ਨਾਲ ਢਹਿ ਗਈਆਂ । ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ।

ਇਕ ਗਲ ਮੈਂ ਹੋਰ ਕਹਾਂਗਾ ਕਿ ਜਿਨ੍ਹਾਂ ਦੀਆਂ ਫਸਲਾਂ ਦਾ ਨੁਕਸਾਨ ਬਾਰਸ਼ਾਂ ਨਾਲ ਹੋ ਗਿਆ ਹੈ ਉਨ੍ਹਾਂ ਨੂੰ ਸਰਕਾਰ ਰਿਲੀਫ ਦੇਣ ਤੋਂ ਹਾਲੇ ਇਨਕਾਰ ਕਰ ਰਹੀ ਹੈ । ਉਨ੍ਹਾਂ ਨੇ ਉਸ ਤੇ ਮੇਹਨਤ ਕੀਤੀ ਹੈ ਉਨ੍ਹਾਂ ਦੀ ਮਦਦ ਜ਼ਰੂਰ ਕਰਨੀ ਚਾਹੀਦੀ ਹੈ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਇਕ ਮੈਂ ਅਰਜ਼ ਇਹ ਵੀ ਕਰਾਂਗਾ ਕਿ ਹਰ ਜ਼ਿਲ੍ਹਾ ਪੱਧਰ ਤੇ ਕੋਈ ਨਾ ਕੋਈ ਕਮੇਟੀ ਹੋਣੀ ਚਾਹੀਦੀ ਹੈ ਉਸ ਦੀਆਂ ਮੀਟਿੰਗਾਂ ਹੋਣੀਆਂ ਚਾਹੀਦੀਆਂ ਹਨ । ਉਸ ਦੇ ਵਿਚ ਸਿਰਫ ਐਡਮਨਿਸਟਰੇਟਰ ਜਾਂ ਸਰਕਾਰੀ ਅਫ਼ਸਰ ਹੀ ਨਹੀਂ ਹੋਣੇ ਚਾਹੀਦੇ ਬਲਕਿ ਆਮ ਲੋਕ ਵੀ ਹੋਣੇ ਚਾਹੀਦੇ ਹਨ ਤਾਂ ਕਿ ਉਹ ਆਪਣੀਆਂ ਗਲਾਂ ਦੱਸ ਸਕਣ, ਆਪਣੇ ਸੁਝਾਵ ਦੇ ਸਕਣ । (ਵਿਘਨ) ਇਸ ਲਈ ਜ਼ਿਲ੍ਹਾ ਪੱਧਰ ਤੇ ਲੋਕਲ ਬਾਡੀਜ਼ ਦੀਆਂ ਅਤੇ ਹੋਰ ਪਾਪੂਲਰ ਕਮੇਟੀਜ਼ ਬਣਾ ਕੇ ਉਨ੍ਹਾਂ ਦੀਆਂ ਮੀਟਿੰਗਾਂ ਹੋਣੀਆਂ ਚਾਹੀਦੀਆਂ ਹਨ । ਇਹ ਮੀਟਿੰਗ ਘੱਟੋ ਘੱਟ ਮਹੀਨੇ ਵਿਚ 2 ਵਾਰ ਜ਼ਰੂਰ ਹੋਣੀ ਚਾਹੀਦੀ ਹੈ ਤਾਂਕਿ ਉਨ੍ਹਾਂ ਦੇ ਮਸਲੇ ਉਥੇ ਰਖੇ ਜਾਣ ਅਤੇ ਉਨ੍ਹਾਂ ਨੂੰ ਹੱਲ ਕਰਨ ਲਈ ਸੁਝਾਵ ਆ ਸਕਣ ।

ਅਗਲੀ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਹੁਣ ਨੁਕਸਾਨ ਕਿੰਨਾ ਹੋਇਆ, ਇਸ ਦਾ ਮੈਂ ਕੁਝ ਨਹੀਂ ਕਹਿੰਦਾ ਪਰ ਸਰਕਾਰ ਨੇ ਜੋ ਕੁਝ ਆਪ ਅੰਦਾਜ਼ਾ ਲਾਇਆ ਹੈ ਅੰਮ੍ਰਿਤਸਰ ਜ਼ਿਲ੍ਹੇ ਵਿਚ ਸ਼ਾਇਦ ਉਸ ਨਾਲੋਂ ਕੁਝ ਜ਼ਿਆਦਾ ਹੀ ਹੈ । ਇਹੋ ਜਿਹੇ ਮੌਕੇ ਤੇ ਇੱਕਲੀ ਸਾਡੀ ਸਰਕਾਰ ਮਦਦ ਨਹੀਂ ਕਰ ਸਕਦੀ । ਮੈਂ ਇਸ ਦੇ ਨਾਲ ਸਹਿਮਤ ਹਾਂ । ਇਨ੍ਹਾਂ ਨੂੰ ਇਸ ਵਾਸਤੇ ਸੈਂਟਰ ਦੀ ਸਰਕਾਰ ਨਾਲ ਗਲਬਾਤ ਕਰਕੇ ਉਨ੍ਹਾਂ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਉਹ ਪੰਜਾਬ ਦੀ ਇਸ ਮਾਮਲੇ ਵਿਚ ਮਦਦ ਕਰਨ । ਅਸੀਂ ਵੀ ਇਸ ਕੰਮ ਵਿਚ ਇਨ੍ਹਾਂ ਦੇ ਨਾਲ ਹਾਂ । ਪਰ ਹੁਣ ਜੋ ਸਰਕਾਰ ਉਨ੍ਹਾਂ ਨੂੰ ਰਿਲੀਫ਼ ਦੇ ਰਹੀ ਹੈ ਇਸ ਦੇ ਨਾਲ ਉਨ੍ਹਾਂ ਦਾ ਕੁਝ ਨਹੀਂ ਬਣਨਾ । ਇਹ ਆਮ ਲੋਕਾਂ ਦਾ ਕਹਿਣਾ ਹੈ ਕਿ ਜੇ ਇਹੋ ਕੁਝ ਹੀ ਰਿਲੀਫ ਦੇਣਾ ਹੈ ਤਾਂ ਨਾ ਹੀ ਦੇਵੋ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਕੰਮ ਲਈ ਜਿਹੜੀ 2 ਕਰੋੜ ਰੁਪਏ ਦੀ ਰਕਮ ਹੈ ਇਹ ਬਹੁਤ ਥੋੜੀ ਹੈ । ਇਹ ਤਾਂ ਇਕ ਹਾਸੋ ਹੀਣੀ ਗਲ ਹੈ । ਇਸ ਦੇ ਵਾਸਤੇ ਸੈਂਟਰ ਗੌਰਮਿੰਟ ਨੂੰ ਜ਼ੋਰ ਪਾਉਣਾ ਚਾਹੀਦਾ ਹੈ । ਅਸੀ ਇਸ ਦੇ ਵਾਸਤੇ ਸੈਂਟਰ ਨੂੰ ਜ਼ੋਰ ਪਾਵਾਂਗੇ ਅਤੇ ਅਵਾਜ਼ ਉਠਾਵਾਂਗੇ । ਇਹ ਘੱਟੋ ਘੱਟ 25 ਕਰੋੜ ਰੁਪਿਆ ਜ਼ਰੂਰ ਹੋਣਾ ਚਾਹੀਦਾ ਹੈ ।

ਪਿੰਡਾਂ ਵਿਚ ਜਿਥੇ ਜਿਥੇ ਵੀ ਫਸਲਾਂ ਦਾ ਨੁਕਸਾਨ ਹੋਇਆ ਹੈ ਉਸ ਦਾ ਮੁਆਵਜ਼ਾ ਉਨ੍ਹਾਂ ਨੂੰ ਦੇਣਾ ਚਾਹੀਦਾ ਹੈ । ਸਰਕਾਰ ਨੇ ਇਸ ਵਾਸਤੇ ਹਾਲੇ ਕੁਝ ਨਹੀਂ ਮੁਕਰੱਰ ਕੀਤਾ ਪਰ ਮੇਰੀ ਬੇਨਤੀ ਹੈ ਕਿ ਇਸ ਦਾ ਮੁਆਵਜਾ ਉਨ੍ਹਾਂ ਨੂੰ ਜ਼ਰੂਰ ਮਿਲਣਾ ਚਾਹੀਦਾ ਹੈ । ਜਿਥੇ 25% ਫਸਲ ਦਾ ਨੁਕਸਾਨ ਹੋਇਆ ਹੋਵੇ ਉਥੇ ਫੀਸਦੀ ਵੇਖਣਾ ਸ਼ਾਇਦ ਠੀਕ ਹੋ ਸਕੇ । ਹੁਣ ਇਹ ਸਮੱਸਿਆ ਹੋ ਗਈ । ਡਿਪਟੀ ਸਪੀਕਰ ਸਾਹਿਬ, ਤੁਹਾਡਾ ਪਿੰਡ ਵੀ ਹੈ । ਉਸ ਪਿੰਡ ਵਿਚ ਟੋਟਲ ਨੁਕਸਾਨ 25% ਤੋਂ ਘੱਟ ਜਿਹੜਾ ਹੋਵੇਗਾ ਜਿਸ ਤਰ੍ਹਾਂ ਗਰੀਬ ਕਿਸਾਨ ਹਨ ਜਿਨ੍ਹਾਂ ਦੇ ਦੋ ਚਾਰ ਕਿੱਲੇ ਪੈਲੀ ਹੈ ਉਸ ਦੀ ਤਾਂ ਤਬਾਹੀ ਹੋ ਗਈ । ਤੁਸੀਂ ਵੀ, ਡਿਪਟੀ ਸਪੀਕਰ ਸਾਹਿਬ, ਬਿਆਨ ਦਿੱਤਾ ਸੀ ਕਿ ਕਿਸਾਨ ਦੀ ਫਸਲ ਦਾ ਮੁਆਵਜ਼ਾ ਸਾਰੀ ਫ਼ਸਲ ਦੀ ਫੀਸਦੀ ਹੋਣਾ ਚਾਹੀਦਾ ਹੈ । ਜੇਕਰ ਨੁਕਸਾਨ 25 ਫੀਸਦੀ ਤੋਂ ਘੱਟ ਹੋਵੇ ਤਾਂ ਬਰਦਾਸ਼ਤ ਕਰਨਾ ਚਾਹੀਦਾ ਹੈ । (ਘੰਟੀ) ਜੇਕਰ ਪਿੰਡ ਦੀ ਫਸਲ ਨਾਲ ਤੁਹਾਡੀ ਫਸਲ ਦਾ ਨੁਕਸਾਨ ਲਗਾਇਆ ਜਾਵੇ ਤਾਂ ਜਿਹੜੇ ਛੋਟੇ ਕਿਸਾਨ ਅਨੇਕਾਂ ਪਿੰਡਾਂ ਵਿਚ ਤਬਾਹ ਹੋਏ ਹਨ ਉਨ੍ਹਾਂ ਨੂੰ ਰਿਲੀਫ ਨਹੀਂ ਮਿਲੇਗਾ । (ਘੰਟੀ)

**ਸ੍ਰੀ ਡਿਪਟੀ ਸਪੀਕਰ :** ਬੈਠੋ ਡਾਂਗ ਸਾਹਿਬ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ :** ਡਿਪਟੀ ਸਪੀਕਰ ਸਾਹਿਬ, ਮੈਂ ਖਤਮ ਕਰਨ ਲਗਾ ਹਾਂ ਜੀ। ਮੈਂ ਇਹ ਕਹਿੰਦਾ ਹਾਂ ਕਿ ਜੇਕਰ ਪਿੰਡ ਦੀ ਫੀਸਦੀ ਦੀ ਸ਼ਰਾਹ ਕੱਢੀਏ ਤਾਂ ਛੋਟੇ ਕਿਸਾਨ ਨੂੰ ਨੁਕਸਾਨ ਹੁੰਦਾ ਹੈ। ਇਸ ਲਈ ਸਦਨ ਵਿਚ ਇਹ ਐਲਾਨ ਹੋਵੇ ਕਿ ਇਹ ਪੈਟਰਨ ਅਡਾਪਟ ਕੀਤਾ ਜਾਵੇਗਾ, ਨਹੀਂ ਤਾਂ ਵੇਖਣਾ ਕਿਸਾਨਾਂ ਨਾਲ ਧੱਕਾ ਹੋਵੇਗਾ। ਬਾਕੀ ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਸੀ ਡਰੇਨ ਦੇ ਮਾਮਲੇ ਵਿਚ ਇਨਕੁਆਇਰੀ ਹੋਣੀ ਚਾਹੀਦੀ ਹੈ।

**Mr. Deputy Speaker** : Motion moved—

That the situation arising out of unprecedented heavy rains in August, 1976, leading to floods in the State and heavy loss of life and property be taken into consideration.

**Shri Brij Lal Goel**: ** ** **

**Mr. Deputy Speaker**: That has not formed part of the record.

ਇਸ ਤੋਂ ਇਲਾਵਾ ਤੁਹਾਡਾ ਇਹ ਪੁਆਇੰਟ ਆਫ ਆਰਡਰ ਵੀ ਨਹੀਂ ਬਣਦਾ।

**ਸ਼੍ਰੀ ਬ੍ਰਿਜ ਲਾਲ ਗੋਇਲ :** ਡਿਪਟੀ ਸਪੀਕਰ ਸਾਹਿਬ, ਇਹ ਨੈਸ਼ਨਲ ਪ੍ਰੋਗਰਾਮ ਹੈ। 27 ਸਾਲਾਂ ਤੋਂ ਬਾਅਦ ਇਹ ਪ੍ਰੋਗਰਾਮ ਦਿੱਤਾ ਗਿਆ ਹੈ। ਇਹ ਨੈਸ਼ਨਲ ਪ੍ਰੋਗਰਾਮ ਦਿੱਤਾ ਗਿਆ ਹੈ, ਇਹ ਇੰਪਲੀਮੈਂਟ ਹੋਣਾ ਚਾਹੀਦਾ ਹੈ। (ਘੰਟੀ)

**ਸ਼੍ਰੀ ਡਿਪਟੀ ਸਪੀਕਰ :** ਗੋਇਲ ਸਾਹਿਬ, ਬੈਠੋ, ਬੈਠੋ।

**ਮਕਾਨ ਉਸਾਰੀ ਦੇ ਰਾਜ ਮੰਤਰੀ** (ਸ਼੍ਰੀਮਤੀ ਗੁਰਬਰਿੰਦਰ ਕੌਰ ਬਰਾੜ) : ਡਿਪਟੀ ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਹਾਊਸਿੰਗ ਦੇ ਬਾਰੇ ਗੱਲ ਕੀਤੀ ਹੈ। ਮੈਂ ਹਾਊਸ ਦੇ ਗਿਆਤ ਲਈ ਇਹ ਗੱਲ ਦੱਸਣਾ ਚਾਹੁੰਦੀ ਹਾਂ ਕਿ ਪਿਛਲੇ ਸਾਲ 84 ਲੱਖ ਰੁਪਏ ਕੋਆ-ਪ੍ਰੇਟਿਵ ਹਾਊਸਿੰਗ ਸੋਸਾਇਟੀਜ਼ ਬਣਾਉਣ ਵਾਸਤੇ ਦਿੱਤਾ ਸੀ। ਇਕ ਕਰੋੜ ਰੁਪਿਆ ਸੰਨ 1976-77 ਵਾਸਤੇ ਦੇ ਦਿੱਤਾ ਗਿਆ ਹੈ। ਅਸੀਂ ਕੋਆਪਰੇਸ਼ਨ ਵਾਲਿਆਂ ਨੂੰ ਪਹਿਲਾਂ ਹੀ ਕਿਹਾ ਸੀ ਕਿ ਇਸ ਤਰ੍ਹਾਂ ਦੇ ਡਿਜ਼ਾਈਨਜ਼ ਦੇ ਮਕਾਨ ਬਣਾਏ ਜਾਣ ਔਰ ਕੋਸ਼ਿਸ਼ ਕਰੋ ਕਿ ਲੋਕ ਇਸ ਤਰ੍ਹਾਂ ਦੇ ਡਿਜ਼ਾਈਨਜ਼ ਦੇ ਘਰ ਬਣਾਉਣ। ਜੋ ਡਾਂਗ ਸਾਹਿਬ ਨੇ ਸਵਾਲ ਉਠਾਇਆ ਹੈ, ਜੋ ਇਨ੍ਹਾਂ ਨੇ ਦਸਿਆ ਹੈ, ਇਸ ਬਾਰੇ ਅੱਗੇ ਵੀ ਸ਼ਕਾਇਤਾਂ ਆਈਆ ਹਨ। ਇਹ ਤਾਂ ਪਹਿਲਾਂ ਹੀ ਕੋਆਪ੍ਰੇਟਿਵ ਹਾਊਸਿੰਗ ਵਾਲਿਆਂ ਨੂੰ ਚਾਹੀਦਾ ਸੀ ਕਿ ਲੋਕਾਂ ਨੂੰ ਇਸ ਗੱਲ ਤੇ ਸਟਰੈਸ ਕਰਦੇ ਕਿ ਤੁਸੀਂ ਡਿਜ਼ਾਈਨ ਦੇ ਮੁਤਾਬਿਕ ਮਕਾਨ ਬਣਾਓ। ਲੇਕਿਨ ਇਹ ਤਰੀਕਾ ਨਹੀਂ ਹੈ ਕਿ ਜਦੋਂ ਤੀਸਰੀ ਕਿਸ਼ਤ ਦੇਣ ਦਾ ਵੇਲਾ ਆਵੇ ਤਾਂ ਕਹਿ ਦਿਉ ਕਿ ਤੀਸਰੀ ਕਿਸ਼ਤ ਰਿਲੀਜ਼ ਨਹੀਂ ਕਰਦੇ। ਇਸ ਦੇ ਬਾਰੇ ਮੈਂ ਆਰਡਰ ਕਰ ਚੁਕੀ ਹਾਂ ਕਿ ਜਿੱਥੇ ਜਿੱਥੇ ਲੋਕਾਂ ਨੂੰ ਪਹਿਲਾਂ ਪਰੈਸ ਨਹੀਂ ਕੀਤਾ ਗਿਆ ਕਿ ਤੁਸੀਂ ਇਸ ਤਰ੍ਹਾਂ ਦੇ ਡਿਜ਼ਾਈਨ ਦੇ ਘਰ ਬਣਾਉ ਔਰ ਲੋਕ ਛੱਤ ਤਕ ਮਕਾਨ ਲੈ ਗਏ ਹਨ, ਉਨ੍ਹਾਂ ਨੂੰ ਤੀਸਰੀ ਕਿਸ਼ਤ ਰੀਲੀਜ਼ ਕੀਤੀ ਜਾਵੇ। ਇਸ ਸਬੰਧ ਵਿਚ ਡਾਂਗ ਸਾਹਿਬ ਦੀ ਚਿੱਠੀ ਵੀ ਮਿਲੀ ਸੀ ਔਰ ਮੈਂ ਆਰਡਰ ਕਰ ਦਿੱਤੇ ਹਨ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ :** ਪਰ ਹੁਣ ਤਾਂ ਕੰਧਾਂ ਢਹਿ ਗਈਆਂ ਹਨ । (ਹਾਸਾ)

**ਕੈਪਟਨ ਰਤਨ ਸਿੰਘ** (ਕੁੰਮ ਕਲਾਂ) : ਜਿਹੜੀਆਂ, ਡਿਪਟੀ ਸਪੀਕਰ ਸਾਹਿਬ, ਅਨ-ਪਰੈਸੀਡੈਂਟਿਡ ਬਾਰਸ਼ਾਂ ਪੰਜਾਬ ਦੇ ਵਿਚ ਆਈਆਂ, ਖਾਸ ਤੌਰ ਤੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਦੁਬਾਰਾ ਕਹਿਰ ਪਿਆ ਹੈ, ਇਹ ਸਾਰਿਆਂ ਲਈ ਦੁਖਦਾਈ ਸੀ ਔਰ ਸਾਰਿਆਂ ਦੀ ਸਿੰਪਥੀ ਉਨ੍ਹਾਂ ਦੇ ਨਾਲ ਹੈ । ਮੈਂ ਖਾਸ ਤੌਰ ਤੇ ਅੰਮ੍ਰਿਤਸਰ, ਜ਼ਿਲ੍ਹੇ ਦੇ ਬਾਰੇ ਕਹਾਂਗਾ ਜਿਹੜੀ ਉਸ ਜ਼ਿਲ੍ਹੇ ਵਿਚ ਦੁਬਾਰਾ ਬਾਰਸ਼ ਪਈ ਹੈ । ਗੁਰਦਾਸਪੁਰ, ਅੰਮ੍ਰਿਤਸਰ, ਫਿਰੋਜ਼ਪੁਰ, ਬਠਿੰਡਾ ਇਨ੍ਹਾਂ ਸਾਰੀਆਂ ਜਗ੍ਹਾਂ ਤੇ ਨੁਕਸਾਨ ਹੋਇਆ ਹੈ । ਡਿਪਟੀ ਸਪੀਕਰ ਸਾਹਿਬ, ਬਾਰਸ਼ਾਂ ਅਨਪਰੈਸੀਡੈਂਟਿਡ ਸਨ, ਇਹ ਗਲ ਸਾਰੇ ਹੀ ਮੰਨਦੇ ਹਨ ਔਰ ਹਾਲੇ ਤਕ ਇਨਸਾਨ ਕੋਲ ਕੁਦਰਤ ਨਾਲ ਮੁਕਾਬਲਾ ਕਰਨ ਦੀ ਪੂਰੀ ਸ਼ਕਤੀ ਨਹੀਂ ਆਈ । ਪੀਕਿੰਗ ਦੇ ਨੇੜੇ ਹੁਣੇ ਹੁਣੇ ਅਰਥਕੁਏਕ ਆਇਆ ਹੈ ਪਰ ਕੋਈ ਕੁਝ ਨਹੀਂ ਕਰ ਸਕਿਆ । ਇਸ ਤਰ੍ਹਾਂ ਜਿਹੜੀ ਬਾਰਸ਼ ਆਈ ਹੈ ਅਸੀਂ ਕੁਝ ਨਹੀਂ ਕਰ ਸਕੇ । ਮੈਂ ਸਮਝਦਾ ਹਾਂ ਕਿ ਪਹਿਲਾਂ ਜਦੋਂ ਗੜੇ ਮਾਰ ਹੋਈ ਪੰਜਾਬ ਵਿਚ ਸਾਡੀ ਸਰਕਾਰ ਨੇ ਜੋ ਮਦਦ ਕੀਤੀ ਸੀ ਅਨਪਰੈਸੀਡੈਂਟਿਡ ਕੀਤੀ ਸੀ, ਉਸ ਤਰ੍ਹਾਂ ਹੀ ਹੁਣ ਕੀਤੀ ਜਾਵੇ ਲੇਕਿਨ ਸਰਕਾਰ ਦੀ ਵੀ ਡਿਫੀਕਲਟੀ ਹੈ ਕਿ ਖਰਚਾ ਕਿੱਥੋਂ ਆਵੇਗਾ, ਪੈਸਾ ਕਿਥੋਂ ਆਵੇਗਾ । ਸਾਡੇ ਸਾਰੇ ਹਿੰਦੁਸਤਾਨ ਦੇ ਮੁਕਾਬਲੇ ਵਿਚ ਪੰਜਾਬ ਦਾ ਸਟੈਂਡਰਡ ਉੱਚਾ ਹੈ । ਅਸੀਂ ਕਿਸੇ ਨੂੰ ਪੰਜ ਰੁਪਏ ਦੇਈਏ ਤਾਂ ਉਹ ਠੁਕਰਾ ਦਿੰਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਮੱਦਦ ਮੁਨਾਸਿਬ ਨਹੀਂ ਹੈ ਥੋੜੀ ਹੈ । ਮੈਨੂੰ ਖੁਸ਼ੀ ਹੈ ਕਿ ਜਿਸ ਤਰ੍ਹਾਂ ਡਾਂਗ ਸਾਹਿਬ ਨੇ ਕਿਹਾ ਹੈ ਕਿ ਜ਼ਿਲ੍ਹੇ ਦੇ ਅਫ਼ਸਰ ਜਿਹੜੇ ਹਨ, ਖਾਸ ਤੌਰ ਤੇ ਉਨ੍ਹਾਂ ਨੇ ਡਿਪਟੀ ਕਮਿਸ਼ਨਰ ਦਾ ਨਾਮ ਲਿਆ ਹੈ, ਉਨ੍ਹਾਂ ਨੇ ਲੋਕਾਂ ਦੀ ਬੜੀ ਮੱਦਦ ਕੀਤੀ ਹੈ । ਜਿਥੇ ਜਿਥੇ ਸੀਨੀਅਰ ਅਫਸਰ ਹਨ ਔਰ ਨਾਲ ਉਨ੍ਹਾਂ ਦੇ ਛੋਟੇ ਅਫਸਰ ਹਨ ਉਸ ਜਗ੍ਹਾ ਬੜਾ ਚੰਗਾ ਕੰਮ ਕੀਤਾ ਗਿਆ ਹੈ । ਹੁਣ ਅਸੀਂ ਇਸ ਦਾ ਇਹ ਹੀ ਹੱਲ ਨਾ ਲੱਭੀਏ ਕਿ ਪੈਟਰਨ ਮੱਦਦ ਦਾ ਕੀ ਹੋਵੇ, ਕਿਸ ਤਰ੍ਹਾਂ ਹੋਵੇ, ਕਿਉਂਕਿ ਹੁਣ ਦੀ ਮੱਦਦ ਨਾਲ ਕੰਮ ਨਹੀਂ ਚਲਣਾ। ਕਦੇ ਹੜ੍ਹ ਆ ਗਏ, ਕਦੇ ਅੱਗ ਲਗ ਗਈ । ਹੁਣ ਤਾਂ ਪੰਜਾਬ ਵਾਸਤੇ ਇਕ ਹੀ ਗਲ ਨਜ਼ਰ ਆਉਂਦੀ ਹੈ ਕਿ ਕੋਈ ਸੈਸ ਲਗਾਇਆ ਜਾਵੇ । ਪਰ ਏਕੜ ਦੇ ਹਿਸਾਬ ਨਾਲ ਕਿਸਾਨਾਂ ਤੇ ਵੀ ਲਗਾਇਆ ਜਾਵੇ । ਜੇਕਰ ਨੁਕਸਾਨ ਹੁੰਦਾ ਹੈ ਤਾਂ ਉਸ ਪੈਸੇ ਵਿਚੋਂ ਰਿਲੀਫ ਇਮੀਜੀਏਟਲੀ ਦਿੱਤਾ ਜਾਵੇ । ਮੈਂ ਸਮਝਦਾ ਹਾਂ ਕਿ ਸਰਕਾਰ ਚਾਹੁੰਦੀ ਹੈ ਕਿ ਪੂਰੀ ਤਰ੍ਹਾਂ ਮੱਦਦ ਕਰੀਏ । ਉਸ ਤਰ੍ਹਾਂ ਹੀ ਮੱਦਦ ਕਰੀਏ ਜਿਸ ਤਰ੍ਹਾਂ ਕਿ ਗੜੇ ਮਾਰ ਵੇਲੇ ਕਿਸਾਨਾਂ ਦੀ ਕੀਤੀ ਸੀ । ਮੈਂ ਜਿਥੇ ਇਸ ਗੱਲ ਨਾਲ ਡਾਂਗ ਸਾਹਿਬ ਨਾਲ ਸਹਿਮਤ ਹਾਂ ਕਿ ਰਿਲੀਫ ਇਮੀਜੀਏਟਲੀ ਮਿਲਣਾ ਚਾਹੀਦਾ ਹੈ ਇਸ ਨੂੰ ਵਾਰਫੁਟਿੰਗ ਕਹਿ ਦਿੰਦੇ ਹਾਂ ਪਰ ਕਈ ਵਾਰੀ ਪ੍ਰੋਸੀਜਰ ਵਿਚ ਐਸੀਆਂ ਚੀਜ਼ਾਂ ਫਸ ਜਾਂਦੀਆਂ ਹਨ ਔਰ ਜਿਹੜੇ ਅਫ਼ਸਰ ਮੱਦਦ ਕਰਦੇ ਹਨ ਉਨ੍ਹਾਂ ਨੂੰ ਪਬਲਿਕ ਅਕਾਊਂਟਸ ਕਮੇਟੀ ਸਾਹਮਣੇ ਪੇਸ਼ ਹੋਣਾ ਪੈਂਦਾ ਹੈ, ਜਵਾਬ ਦੇਣਾ ਪੈਂਦਾ ਹੈ, ਜਿਸ ਕਾਰਨ ਉਹ ਕੰਮ ਕਰਨਾ ਅੱਗੋਂ ਤੋਂ ਛੱਡ ਦਿੰਦੇ ਹਨ । ਇਸ ਤਰ੍ਹਾਂ ਐਸੀ ਚੀਜ਼ ਬਣ ਜਾਂਦੀ ਹੈ ਕਿ ਉਹ ਅਫ਼ਸਰ ਡਿਸਹਾਰਟਿਡ ਹੋ ਜਾਂਦੇ ਹਨ । ਇਸ ਲਈ ਕੋਈ ਐਸਾ ਟੈਕਸ ਜਾਂ ਸੈਸ ਲਗਾਇਆ ਜਾਵੇ ਔਰ ਇਸ ਤਰ੍ਹਾਂ ਹੀ ਸੇਲਜ਼ ਟੈਕਸ ਦੀ ਦਰ ਵਧਾ ਦੇਈਏ ਔਰ ਉਨ੍ਹਾਂ ਲੋਕਾਂ ਵਾਸਤੇ ਵਧਾਈਏ ਜਿਨ੍ਹਾਂ ਦਾ ਨੁਕਸਾਨ ਨਹੀਂ ਹੋਇਆ । ਇਸ ਤਰ੍ਹਾਂ ਕਰਨ ਨਾਲ ਮੈਂ ਸਮਝਦਾ ਹਾਂ ਕਿ ਉਹ ਲੋਕ ਸ਼ੇਅਰ ਕਰ ਸਕਣਗੇ ਔਰ ਸਰਕਾਰ

Original with;
Punjab Vidhan Sabha
Digitized by;
Panjab Digital Library

ਨੂੰ ਕਹਿਣਗੇ ਕਿ ਇਤਨਾ ਖਰਚਾ ਡਰੇਨਜ ਤੇ ਕਰੋ, ਸਰਕਾਰ ਪਾਸ ਪੈਸਾ ਹੈ। ਮੇਰਾ ਖਿਆਲ ਹੈ ਕਿ ਦਰਿਆ ਉਤੇ ਜੋ ਬੰਧ ਹਨ ਉਨ੍ਹਾਂ ਵਿਚੋਂ ਕੋਈ ਨਹੀਂ ਟੁਟਿਆ। ਮੈਨੂੰ ਆਨਰੇਬਲ ਮਨਿਸਟਰ ਸਾਹਿਬ ਨੇ ਦੱਸਿਆ ਕਿ ਇਕ ਨਹਿਰ ਬਣਾਈ ਸੀ, ਉਸ ਉਤੇ ਇਕ ਪੁਲ ਬਣਿਆ ਸੀ। ਜਿਸ ਦੀ ਡਿਸਚਾਰਜ ਸਮਰਥਾ 15 ਹਜ਼ਾਰ ਕਿਊਸਿਕਸ ਸੀ ਲੇਕਿਨ 50 ਹਜ਼ਾਰ ਕਿਊਸਿਕਸ ਡਿਸਚਾਰਜ ਹੋਇਆ ਹੈ। ਮੈਂ ਸਮਝਦਾ ਹਾਂ ਕਿ ਐਸੇ ਅਫਸਰ ਜਿਹੜੇ ਹਨ ਜਿਨ੍ਹਾਂ ਨੇ ਇਸ ਤਰ੍ਹਾਂ ਚਗੇ ਕੰਮ ਕੀਤੇ ਹਨ, ਉਨ੍ਹਾਂ ਦੀ ਸ਼ਲਾਘਾ ਕਰਨੀ ਚਾਹੀਦੀ ਹੈ ਪਰ ਜਿਨ੍ਹਾਂ ਨੇ ਮਾੜੇ ਕੰਮ ਕੀਤੇ ਹਨ ਉਨ੍ਹਾਂ ਨੂੰ ਵੀ ਵੱਧ ਤੋਂ ਵੱਧ ਸਜ਼ਾ ਦੇਣੀ ਚਾਹੀਦੀ ਹੈ। ਡਰੇਨਜ਼ ਦਾ ਮਸਲਾ ਹੈ, ਸੜਕਾਂ ਦਾ ਮਸਲਾ ਹੈ। ਸੜਕਾਂ ਟੁਟ ਗਈਆਂ ਹਨ, ਅੰਮ੍ਰਿਤਸਰ ਵਿਚ ਟੁਟ ਗਈਆਂ ਹਨ. ਦਿੱਲੀ ਵਿਚ ਟੁਟ ਗਈਆਂ। ਕੀ ਇਸ ਦਾ ਮਤਲਬ ਇਹ ਹੈ ਕਿ ਸੜਕਾਂ ਬਣਾਉਣ ਵਾਲੇ ਸਾਰੇ ਹੀ ਕਸੂਰਵਾਰ ਹਨ ? ਮੈਂ ਸਮਝਦਾ ਹਾਂ ਕਿ ਕੋਈ ਚੀਜ਼ ਇਸ ਤਰ੍ਹਾਂ ਦੀ ਹੁੰਦੀ ਹੈ ਜਿਹੜੀ ਕਿ ਸਮਰਥਾ ਤੋਂ ਬਾਹਰ ਹੁੰਦੀ ਹੈ। ਅਸਲ ਗਲ ਇਹ ਹੈ ਕਿ ਜਿਨ੍ਹਾਂ ਦੀ ਮੱਦਦ ਕਰਨੀ ਚਾਹੀਦੀ ਹੈ, ਉਨ੍ਹਾਂ ਦੀ ਮੱਦਦ ਕਰੋ। ਸਾਡੀ ਸਰਕਾਰ ਸੈਂਟਰ ਦੀ ਸਰਕਾਰ ਵਲ ਹੀ ਨਾ ਵੇਖੇ ਕਿ ਉਹ ਪੈਸੇ ਦੇਣ ਤਾਂ ਹੀ ਲੋਕਾਂ ਦੀ ਮੱਦਦ ਕਰੀਏ, ਕਿਉਂਕਿ ਸੈਂਟਰ ਵਾਸਤੇ ਤਾਂ ਸਾਰੇ ਇਕੋ ਜਿਹੇ ਹਨ। ਜੇਕਰ ਉਹ ਇਕ ਜਗ੍ਹਾ ਕੋਈ ਚੀਜ਼ ਕਰਦੇ ਹਨ ਤਾਂ ਉਹ ਦੂਸਰਿਆਂ ਵਾਸਤੇ ਪ੍ਰੈਸੀਡੈਂਟ ਬਣ ਜਾਂਦੇ ਹਨ ਔਰ ਉਸ ਤਰ੍ਹਾਂ ਹੀ ਉਸ ਨੂੰ ਹਰ ਜਗ੍ਹਾ ਕਰਨਾ ਪੈਂਦਾ ਹੈ। ਸਾਨੂੰ ਆਪਣਾ ਬੋਝ ਆਪ ਝਲਣਾ ਚਾਹੀਦਾ ਹੈ, ਕੋਈ ਗਲ ਨਹੀਂ ਹੈ। ਦਸ ਪੰਦਰਾਂ ਕਰੋੜ ਦੀ ਗਲ ਹੈ। ਸਾਡੇ ਫਾਈਨਾਂਸ ਮਨਿਸਟਰ ਸਾਹਿਬ ਕਾਬਲ ਹਨ। ਉਹ ਤਰੀਕਾ ਲੱਭ ਸਕਦੇ ਹਨ। ਸਰਕਾਰ ਪਾਸ ਕਈ ਤਰੀਕੇ ਹਨ। ਸੇਲ ਟੈਕਸ ਵੱਧਾ ਦਿੱਤਾ ਜਾਵੇ, ਰੈਵੀਨਿਊ ਵੱਧਾ ਦਿੱਤਾ ਜਾਵੇ ਅਤੇ ਹੋਰ ਕਿਸੇ ਤਰੀਕੇ ਦਾ ਟੈਕਸ ਲਗਾ ਕੇ ਇਸ ਚੀਜ਼ ਵਾਸਤੇ ਪੈਸੇ ਇਕੱਠੇ ਕਰਨੇ ਚਾਹੀਦੇ ਹਨ ਤਾਕਿ ਸਾਨੂੰ ਕਿਸੇ ਕੋਲੋਂ ਮਦਦ ਲੈਣ ਦੀ ਲੋੜ ਨਾ ਪਵੇ। ਮੇਰਾ ਖਿਆਲ ਹੈ ਕਿ ਇਸ ਤਰ੍ਹਾਂ 15-20 ਕਰੋੜ ਰੁਪਿਆ ਇਕੱਠਾ ਕਰਕੇ ਰੱਖਣਾ ਚਾਹੀਦਾ ਹੈ। ਇਸ ਨੂੰ ਕੰਟਿਨਜੈਂਸੀ ਫੰਡ ਕਹਿ ਲਿਆ ਜਾਵੇ। ਇਸ ਨੂੰ ਨੈਚਰਲ ਕਲੈਮਿਟੀਜ਼ ਫੰਡਜ਼ ਦਾ ਨਾਂ ਦੇ ਦਿੱਤਾ ਜਾਵੇ। ਜੇਕਰ 3-4 ਸਾਲ ਇਸ ਤਰ੍ਹਾਂ ਨੁਕਸਾਨ ਨਾਂ ਹੋਵੇ ਅਤੇ ਇਹ ਇਕੱਠਾ ਹੋ ਕੇ ਕਰੀਬ 50-60 ਕਰੋੜ ਹੋ ਜਾਵੇ ਅਤੇ ਇਸ ਤੇ ਵਿਆਜ ਇਕੱਠਾ ਹੁੰਦਾ ਰਹੇ ਤਾਂ ਇਹ ਇਕ ਬਹੁਤ ਵੱਡੇ ਪੈਮਾਨੇ ਤੇ ਮਦਦ ਹੋ ਸਕਦੀ ਹੈ। ਇਸ ਵੇਲੇ, ਇਸ ਫਲੱਡ ਦਾ ਪਾਣੀ 7-7 ਫੁਟ ਤੋਂ ਜ਼ਿਆਦਾ ਹੈ। ਭੱਠੇ ਵਾਲਿਆਂ ਦਾ ਕੀ ਕਸੂਰ ਹੈ। ਜਦੋਂ ਬਾਰਸ਼ਾਂ ਹੁੰਦੀਆਂ ਹਨ ਤਾਂ ਕਹਿੰਦੇ ਹਨ ਕਿ ਭੱਠੇ ਵਾਲੇ ਦਾ ਤਾਂ ਭੱਠਾ ਹੀ ਬੈਠ ਜਾਂਦਾ ਹੈ। ਜਿਥੇ 7-7 ਫੁਟ ਪਾਣੀ ਆ ਜਾਵੇ ਉਥੇ ਕੱਚੇ ਮਕਾਨ ਤਾਂ ਕੀ ਬਚਣੇ ਹਨ, ਉਥੇ ਪੱਕੇ ਮਕਾਨ ਵੀ ਢਹਿ ਜਾਂਦੇ ਹਨ। ਮੈਂ ਡਾਂਗ ਸਾਹਿਬ ਦੀ ਸੁਜੈਸ਼ਨ ਨਾਲ ਬਿਲਕੁਲ ਸਹਿਮਤ ਹਾਂ। ਕੱਚੇ ਮਕਾਨ ਤਾਂ ਬਹੁਤ ਹੀ ਢਹਿ ਗਏ ਹਨ ਅਤੇ ਉਨ੍ਹਾਂ ਲੋਕਾਂ ਦਾ ਬਹੁਤ ਨੁਕਸਾਨ ਹੋਇਆ ਹੈ। ਇਨ੍ਹਾਂ ਨੂੰ ਵਾਰਫੂਟਿੰਗ ਤੇ ਪੱਕੇ ਮਕਾਨ ਬਣਾ ਕੇ ਦੇ ਦਿਉ ਤਾਕਿ ਬਾਰ ਬਾਰ ਇਨ੍ਹਾਂ ਦਾ ਨੁਕਸਾਨ ਨਾ ਹੋਵੇ। ਕਚੇ ਮਕਾਨ ਵਾਲੇ ਨੂੰ 400/- ਰੁਪਏ ਦੇ ਹਿਸਾਬ ਨਾਲ ਅਤੇ 800/- ਰੁਪਏ ਪੱਕੇ ਮਕਾਨ ਵਾਲੇ ਨੂੰ ਜਿਹੜੇ ਦੇਣੇ ਹਨ ਇਸ ਦੇ ਬਜਾਏ ਉਨ੍ਹਾਂ ਨੂੰ ਆਪ ਪੱਕੇ ਮਕਾਨ ਬਣਾ ਕੇ ਦਿਉ। ਠੀਕ ਹੈ ਕਿ ਸਰਕਾਰ ਨੇ ਬੜੀ ਕੋਸ਼ਿਸ਼ ਕੀਤੀ ਹੈ ਅਸੀਂ ਸਾਰੇ ਸਰਕਾਰ ਦੇ ਬਹੁਤ ਸ਼ੁਕਰਗੁਜ਼ਾਰ ਹਾਂ। ਹੁਣੇ ਬੀਬੀ ਗੁਰਬ੍ਰਿੰਦਰ ਕੌਰ ਬਰਾੜ ਜੀ ਨੇ ਦਸਿਆਂ ਹੈ ਕਿ ਉਨ੍ਹਾਂ ਨੇ ਇਸ ਗੱਲ ਦੇ ਆਰਡਰਜ਼ ਦੇ ਦਿੱਤੇ ਹਨ। ਲੇਕਿਨ ਸਵਾਲ ਇਹ ਹੈ ਕਿ ਡਾਂਗ ਸਾਹਿਬ ਨੇ ਕਿਤੇ ਇਹ ਗਲ ਨਹੀਂ ਕਹੀ ਹੈ ਕਿ

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿਘ]

ਟੈਕਸ ਲਗਾ ਦਿਉ ਇਸ ਖਰਚੇ ਨੂੰ ਪੂਰਾ ਕਰਨ ਲਈ, ਜਿਹੜੀ ਗੱਲ ਮੈਂ ਕਹੀ ਹੈ। ਡਾਂਗ ਸਾਹਿਬ ਨੂੰ ਵੀ ਇਸ ਤਰ੍ਹਾਂ ਦੀ ਸੁਜੈਸ਼ਨ ਦੇਣੀ ਚਾਹੀਦੀ ਸੀ ਤਾਂਕਿ ਇਨ੍ਹਾਂ ਲੋਕਾਂ ਦੀ ਬੜੇ ਚੰਗੇ ਤਰੀਕੇ ਨਾਲ ਮਦਦ ਹੋ ਸਕੇ। ਸਾਡਾ ਪੰਜਾਬ ਦਾ ਸੂਬਾ ਅਮੀਰ ਹੈ ਗਰੀਬ ਨਹੀਂ ਹੈ। ਇਹ ਇਸ ਬੋਝ ਨੂੰ ਉਠਾ ਸਕਦੇ ਹਨ। ਹਰ ਸਮੇਂ ਲੋਕਾਂ ਨੂੰ ਕਹਿਣਾ ਕਿ ਮਦਦ ਵਾਸਤੇ ਪੈਸੇ ਦਿਉ, ਮੇਰਾ ਖਿਆਲ ਹੈ ਕਿ ਠੀਕ ਨਹੀਂ ਹੈ। ਪੈਸੇ ਸਰਕਾਰ ਕੋਲ ਜਮ੍ਹਾਂ ਹੋਣੇ ਚਾਹੀਦੇ ਹਨ ਤਾਂਕਿ ਉਸੇ ਸਮੇਂ ਉਨ੍ਹਾਂ ਲੋਕਾਂ ਦੀ ਮਦਦ ਹੋ ਸਕੇ ਅਤੇ ਕਾਰਵਾਈ ਜਲਦੀ ਤੋਂ ਜਲਦੀ ਹੋ ਸਕੇ। ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਤੇ ਜ਼ੋਰ ਪਾਵਾਂਗਾ ਕਿ ਆਉਣ ਵਾਲੇ ਬਜਟ ਵਿਚ 10-15 ਕਰੋੜ ਰੁਪਏ ਇਸ ਕੰਮ ਵਾਸਤੇ ਸਰਕਾਰ ਜਮ੍ਹਾਂ ਕਰਕੇ ਰਖੇ ਸਾਡੇ ਤੇ ਹੋਰ ਟੈਕਸ ਚਾਹੇ ਲਗਾ ਦੇਣ ਅਤੇ 10-15 ਕਰੋੜ ਰੁਪਏ ਜਿਹੜੇ ਇਸ ਤਰ੍ਹਾਂ ਦੇ ਅਦਾਰੇ ਜਿਨ੍ਹਾਂ ਵਿਚ ਮਾਰਕੀਟਿੰਗ ਬੋਰਡ ਅਤੇ ਮਾਰਕਫੈਡ ਹੈ ਇਨ੍ਹਾਂ ਤੋਂ ਇੱਕਠਾ ਕੀਤਾ ਜਾਵੇ। ਹੋਰ ਜਿਹੜੇ ਅਦਾਰੇ ਹਨ ਇਨ੍ਹਾਂ ਤੋਂ ਪੈਸੇ ਪੂਰੀ ਤਰ੍ਹਾਂ ਵਸੂਲ ਕਰਨੇ ਚਾਹੀਦੇ ਹਨ। ਸਾਡੇ ਕੋਲ ਇਹ ਫੰਡਜ਼ ਇਕ ਦੋ ਸਾਲ ਦੇ ਵਿਚ ਆ ਸਕਦੇ ਹਨ। ਇਨ੍ਹਾਂ ਫੰਡਜ਼ ਨਾਲ ਫਲੱਡ ਕੰਟਰੋਲ ਤੇ ਐਕਸ਼ਨ ਜਲਦੀ ਲਿਆ ਜਾ ਸਕਦਾ ਹੈ। ਕਈ ਵਾਰੀ ਅਸੀ ਫਾਈਨੈਂਸ ਮਨਿਸਟਰ ਸਾਹਿਬ, ਨਾਲ ਗੁਸੇ ਹੋ ਜਾਂਦੇ ਹਾਂ ਪਰ ਉਹ ਵੀ ਕਈ ਵਾਰੀ ਮਜਬੂਰ ਹੁੰਦੇ ਹਨ। ਡਿਪਟੀ ਸਪੀਕਰ ਸਾਹਿਬ ਜਿਸ ਵੇਲੇ ਸਾਡੇ ਜ਼ਿਲ੍ਹਾ ਲੁਧਿਆਣੇ ਵਿਚ ਗੜ੍ਹੇ ਪਏ ਸਨ ਅਤੇ ਸਾਡੇ ਜ਼ਿਲ੍ਹੇ ਦਾ ਬਹੁਤ ਨੁਕਸਾਨ ਹੋਇਆ ਸੀ ਉਸ ਵੇਲੇ ਸਰਕਾਰ ਨੇ ਸਾਡੀ ਬੜੀ ਮਦਦ ਕੀਤੀ ਸੀ। ਇਸ ਚੀਜ਼ ਦਾ ਕਰੈਡਿਟ ਸਰਕਾਰ ਨੂੰ ਜਾਂਦਾ ਹੈ। ਇਸ ਜ਼ਿਲ੍ਹੇ ਦੀ ਐਡਮਨਿਸਟ੍ਰੇਸ਼ਨ ਨੇ ਅਤੇ ਰੈਵਨਿਊ ਡਿਪਾਰਟਮੈਂਟ ਨੇ ਬੜੀ ਮਦਦ ਕੀਤੀ ਸੀ। ਇਨ੍ਹਾਂ ਬਾਰੇ ਮੇਰੇ ਕੋਲ ਕੋਈ ਸ਼ਿਕਾਇਤ ਨਹੀਂ ਆਈ ਕਿ ਕਿਸੇ ਪਟਵਾਰੀ ਨੇ ਵੀ ਕੋਈ ਧੱਕਾ ਕੀਤਾ ਹੈ ਇਹ ਗਲ ਸਰਕਾਰ ਦੇ ਕਰੈਡਿਟ ਵਿਚ ਜਾਂਦੀ ਹੈ। ਕਿਉਂਕਿ ਪੁਲਿਸ ਐਕਸ਼ਨ ਨਾਲ ਲੋਕਾਂ ਦੀ ਮੋਰੇਲਟੀ ਉਚੀ ਨਹੀਂ ਹੋ ਸਕਦੀ ਹੈ। ਮਹਿਕਮੇ ਵਾਲਿਆਂ ਨੂੰ ਇਸ ਤਰ੍ਹਾਂ ਦੇ ਕਦਮ ਚੁਕਣੇ ਚਾਹੀਦੇ ਹਨ ਕਿ ਰਿਸ਼ਵਤ ਲੈਣ ਦੀ ਕੋਈ ਗੁੰਜਾਇਸ਼ ਹੀ ਨਾ ਰਹੇ ਅਤੇ ਰਿਸ਼ਵਤ ਦੇਣ ਦੀ ਕੋਈ ਲੋੜ ਵੀ ਨਾ ਪਵੇ। ਇਸ ਤਰ੍ਹਾਂ ਦਾ ਕੋਈ ਸਿਸਟਮ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਕਿ ਸੈਂਟਰ ਗੌਰਮਿੰਟ ਨੇ ਸੀਮਿੰਟ ਨੂੰ ਖੋਲ੍ਹ ਦਿਤਾ ਹੈ ਹੁਣ ਇਸ ਦੀ ਕੋਈ ਰਿਸ਼ਵਤ ਨਹੀਂ ਅਤੇ ਕੋਈ ਬਲੈਕ ਨਹੀਂ ਹੈ। ਇਸ ਲਈ ਇਸ ਹਾਊਸ ਨੂੰ ਯੂਨਾਨੀ ਮਸਲੀ ਇਕ ਮਤਾ ਪਾਸ ਕਰਨਾ ਚਾਹੀਦਾ ਹੈ ਕਿ ਫਲੱਡਜ਼ ਕੰਟਰੋਲ ਲਈ ਸਰਕਾਰ ਵੱਧ ਤੋਂ ਵੱਧ ਜੋ ਅੱਜ ਤਕ ਨਹੀਂ ਕੀਤਾ ਹੈ ਉਹ ਵੀ ਕਰੇ ਅਤੇ ਇਸ ਚੀਜ਼ ਦਾ ਬੋਝ ਸਾਰੇ ਪੰਜਾਬੀਆਂ ਤੇ ਪਵੇ, ਅਸੀਂ ਕਿਸੇ ਕੋਲੋਂ ਮੰਗੀਏ ਨਾ। ਇਤਨਾ ਹੀ ਮੈਂ ਕਹਿਣਾ ਚਾਹੁੰਦਾ ਸੀ।

**ਸਰਦਾਰ ਲਛਮਣ ਸਿੰਘ** (ਗੁਰੂ ਹਰ ਸਹਾਏ) : ਡਿਪਟੀ ਸਪੀਕਰ ਸਾਹਿਬ, ਅੱਜ ਜਿਹੜਾ ਮਤਾ ਫੱਲਡ ਬਾਰੇ ਹਾਊਸ ਦੇ ਸਾਹਮਣੇ ਹੈ ਇਸ ਤੇ ਮੈਂ ਆਪਣੇ ਵਿਚਾਰ ਪ੍ਰਗਟ ਕਰਾਂਗਾ। ਇਸ ਦੇ ਨਾਲ ਪੰਜਾਬ ਦਾ ਬੜਾ ਨੁਕਸਾਨ ਹੋਇਆ ਹੈ ਅਤੇ ਇਹ ਤਾਕਤ ਤੋਂ ਬਾਹਰ ਚਲਾ ਗਿਆ ਹੈ। ਬਾਰਸ਼ਾਂ ਨੇ ਬਹੁਤ ਬੜੀ ਤਬਾਹੀ ਕੀਤੀ ਹੈ। ਇਸ ਦੇ ਵਿਚ ਕੁਝ ਐਸੀਆਂ ਕਮਜ਼ੋਰੀਆਂ ਹਨ, ਜਿਨ੍ਹਾਂ ਨੂੰ ਦੂਰ ਕਰਕੇ ਇਨ੍ਹਾਂ ਫਲੱਡਜ਼ ਨੂੰ ਰੋਕਿਆ ਜਾ ਸਕਦਾ ਹੈ। ਮਿਸਾਲ ਦੇ ਤੌਰ ਤੇ ਸੇਮ ਨਾਲੇ ਸਾਰੇ ਪੰਜਾਬ ਦੇ ਅੰਦਰ ਨਿਕਲਦੇ ਹਨ। ਇਨ੍ਹਾਂ ਸੇਮ ਦੇ ਨਾਲਿਆਂ ਦੀ ਠੀਕ ਢੰਗ ਨਾਲ ਸਫਾਈ ਕਰਕੇ ਫਲੱਡਜ਼ ਤੇ ਕਾਫੀ ਹੱਦ ਤਕ ਕੰਟਰੋਲ ਕੀਤਾ ਜਾ ਸਕਦਾ ਹੈ। ਇਨ੍ਹਾਂ ਦੇ ਵਿਚ ਜੋ ਸਾਈਫਨ ਹਨ ਇਨ੍ਹਾਂ ਦੀ ਸਫਾਈ ਦੀ ਲੋੜ ਹੈ। ਇਸ ਦੇ ਵੱਲ ਧਿਆਨ ਦਿੱਤਾ ਜਾਵੇ ਤਾਂਕਿ ਇਸ ਫਲੱਡ ਦੇ ਪਾਣੀ ਨੂੰ ਠੀਕ ਰਸਤਾ ਮਿਲ

Original with;
Punjab Vidhan Sabha
Digitized by;
Panjab Digital Library

ਸਕੇ । ਪੁਲ ਨਾ ਟੁਟਣ ਅਤੇ ਪਾਣੀ ਨਿਕਲਦਾ ਚਲਾ ਜਾਵੇ । ਫੇਰ ਪੰਜਾਬ ਨੂੰ ਬਚਾਇਆ ਜਾ ਸਕਦਾ ਹੈ । ਫੀਰੋਜ਼ਪੁਰ ਦੇ ਵਿਚ ਇਸ ਪਾਣੀ ਨੇ ਬਹੁਤ ਤਬਾਹੀ ਕੀਤੀ ਹੈ । ਇਹ ਤਕਰੀਬਨ 2-2 ਮੀਲ ਲੰਬੇ ਗਏ ਹਨ । ਜੇਕਰ ਇਨ੍ਹਾਂ ਸਾਈਫਨਾਂ ਦੀ ਸਫਾਈ ਪਹਿਲਾਂ ਕੀਤੀ ਹੁੰਦੀ ਤਾਂ ਇਤਨਾ ਨੁਕਸਾਨ ਨਹੀਂ ਸੀ ਹੋ ਸਕਦਾ । ਨਾਲ ਹੀ ਇਤਨੀ ਤਕਲੀਫ ਵੀ ਨਾ ਹੁੰਦੀ । ਪਰ ਹੁੰਦਾ ਕੀ ਹੈ ? ਕਈ ਵਾਰ ਕੰਮ ਬਹੁਤ ਲੇਟ ਸ਼ੁਰੂ ਕਰਦੇ ਹਨ ਅਤੇ ਦੂਜੇ ਪਾਸੇ ਜਿਥੇ ਸਫਾਈ ਦੀ ਲੋੜ ਹੁੰਦੀ ਹੈ ਉਥੇ ਸਫਾਈ ਨਹੀਂ ਕਰਦੇ, ਫੇਰ ਫਲੱਡਜ਼ ਆ ਜਾਂਦੇ ਹਨ । ਇਕ ਫਿੱਡਾ ਡਰੇਨ ਤੇ ਕਈ ਸਾਈਫਨ ਲੱਗੇ ਹੋਏ ਹਨ । ਇਨ੍ਹਾਂ ਦੀ ਸਫਾਈ ਦੀ ਲੋੜ ਹੁੰਦੀ ਹੈ ਇਸ ਵੱਲ ਸਰਕਾਰ ਨੂੰ ਕੋਈ ਕਾਰਵਾਈ ਕਰਨੀ ਚਾਹੀਦੀ ਹੈ ਤਾਂਕਿ ਘੱਟ ਤੋਂ ਘੱਟ ਨੁਕਸਾਨ ਹੋ ਸਕੇ ਅਤੇ ਲੋਕਾਂ ਦਾ ਬਚਾ ਹੋ ਸਕੇ । ਜਿਤਨਾ ਪਾਣੀ ਇਸ ਡਰੇਨ ਦੇ ਵਿਚੋਂ ਨਿਕਲਣਾ ਚਾਹੀਦਾ ਹੈ ਉਤਨਾ ਨਹੀਂ ਨਿਕਲਦਾ । ਇਸ ਕਰਕੇ ਇਸ ਤੇ ਕਾਰਵਾਈ ਹੋਣੀ ਚਾਹੀਦੀ ਹੈ । ਇਸ ਵਾਰ ਜਿਤਨਾ ਨੁਕਸਾਨ ਹੋਇਆ ਹੈ ਉਤਨਾ ਕਦੇ ਵੀ ਨਹੀਂ ਹੋਇਆ । ਮੇਰੇ ਹਲਕੇ ਦੇ ਵਿਚ ਵੀ ਅਤੇ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਹਲਕੇ ਦੇ ਵਿਚ ਵੀ ਫਲੱਡਜ਼ ਨੇ ਬਹੁਤ ਨੁਕਸਾਨ ਕੀਤਾ ਹੈ । ਇਹ ਸੇਮ ਨਾਲੇ ਟੁਟਣ ਕਰਕੇ 12 ਪਿੰਡਾਂ ਦਾ ਬਹੁਤ ਨੁਕਸਾਨ ਹੋਇਆ ਹੈ । ਨਾ ਤਾਂ ਇਨ੍ਹਾਂ ਪਿੰਡ ਵਾਲਿਆਂ ਦਾ ਕੋਈ ਮਕਾਨ ਬਚਿਆ ਹੈ ਅਤੇ ਨਾ ਕੋਈ ਫਸਲ ਬਚੀ ਹੈ । ਹੁਣ ਇਨ੍ਹਾਂ 12 ਪਿੰਡਾਂ ਨੂੰ ਕਾਫੀ ਮਦਦ ਦੀ ਲੋੜ ਹੈ । ਇਸ ਸਮੇਂ ਇਸ ਸੇਮ ਦੇ ਨਾਲੇ ਦੀ ਸਫਾਈ ਕਰਵਾਉਣ ਦੀ ਲੋੜ ਹੈ ਤਾਕਿ ਪਾਣੀ ਠੀਕ ਤਰੀਕੇ ਨਾਲ ਜਾ ਸਕੇ । ਇਸ ਵੱਲ ਮਹਿਕਮੇ ਨੂੰ ਧਿਆਨ ਦੇਣਾ ਚਾਹੀਦਾ ਹੈ ।

ਇਸ ਦੇ ਉਤੇ ਜਿੰਨਾ ਖਰਚ ਹੋਵੇ, ਉਹ ਸਾਨੂੰ ਪਹਿਲੇ ਕਰਨਾ ਚਾਹੀਦਾ ਹੈ ਤਾਂਕਿ ਇਸ ਟਾਈਮ ਤੇ ਆਕੇ ਸਾਨੂੰ ਜਿਹੜੀ ਤਕਲੀਫ ਹੁੰਦੀ ਹੈ ਇਸ ਤੋਂ ਅਸੀਂ ਬਚ ਸਕੀਏ । ਇਹ ਤਾਂ ਇਨ੍ਹਾਂ ਸੇਮ ਨਾਲਿਆਂ ਦੀ ਸਫਾਈ ਦੀ ਬਾਤ ਹੈ ਕਿ ਇਨ੍ਹਾਂ ਦੀ ਸਫ਼ਾਈ ਹੋਵੇ । ਇਸ ਤੋਂ ਇਲਾਵਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਜਾ ਕੇ ਸੇਮ ਨਾਲਿਆਂ ਦਾ ਪਾਣੀ ਡਿੱਗਦਾ ਹੈ, ਉਥੇ ਸਫਾਈ ਪਹਿਲੇ ਜ਼ਰੂਰ ਹੋਣੀ ਚਾਹੀਦੀ ਹੈ ਤਾਂ ਹੀ ਜਾ ਕੇ ਸਾਡਾ ਬਚਾ ਹੋ ਸਕਦਾ ਹੈ। ਸੌ ਸੌ ਮੀਲ ਲੰਬੇ ਸੇਮ ਨਾਲੇ ਹਨ । ਇਨ੍ਹਾਂ ਨਾਲ ਸਾਡੇ ਫਿਰੋਜ਼ਪੁਰ ਨੂੰ ਬਹੁਤ ਨੁਕਸਾਨ ਹੁੰਦਾ ਹੈ । ਮੋਗਾ, ਜਗਰਾਉਂ ਅਤੇ ਬਠਿੰਡਾ ਆਦਿ ਸਾਰਿਆਂ ਪਾਸਿਆਂ ਤੋਂ ਸੇਮ ਨਾਲੇ ਚੱਲਕੇ ਸਾਡੇ ਫਿਰੋਜ਼ਪੁਰ ਵਾਲੇ ਪਾਸੇ ਜਾਂਦੇ ਹਨ । ਇਹ ਜ਼ਿਆਦਾ ਨੁਕਸਾਨ ਕਰਦੇ ਹਨ । ਇਨ੍ਹਾਂ ਦਾ ਠੀਕ ਇੰਤਜ਼ਾਮ ਨਾ ਹੋਣ ਕਾਰਨ ਫਿਰੋਜ਼ਪੁਰ ਜ਼ਿਲੇ ਵਿਚ ਬਹੁਤ ਨੁਕਸਾਨ ਹੁੰਦਾ ਹੈ ਇਸ ਦੇ ਨਾਲ ਹੀ ਛੋਟੀਆਂ ਸੇਮ ਨਾਲੀਆਂ ਦੀ ਵੀ ਲੋੜ ਹੈ ਜਿਹੜੀਆਂ ਕਿ ਭਾਵੇਂ ਅੱਧੀ ½ ਮੀਲ, ਇਕ ਮੀਲ, ਦੋ ਮੀਲ ਆਦਿ ਤੱਕ ਲੰਬਾਈ ਦੀਆਂ ਹੋਣ, ਪਿੰਡਾਂ ਦੇ ਲਾਗਿਉਂ ਪਾਣੀ ਨੂੰ ਖਿੱਚ ਸਕਣ । ਜੇ ਇਹ ਛੋਟੀਆਂ ਸੇਮ ਨਾਲੀਆਂ ਵੀ ਬਣਾ ਦਿਤੀਆਂ ਜਾਣ ਅਤੇ ਦੂਸਰੇ ਸੇਮ ਨਾਲਿਆਂ ਦੀ ਵੀ ਸਫਾਈ ਦਾ ਖਿਆਲ ਕੀਤਾ ਜਾਵੇ ਤਾਂ ਫਿਰ ਆਉਣ ਵਾਲੇ ਕਿਸੇ ਵੀ ਟਾਈਮ ਦੇ ਵਿਚ ਇਹ ਤਕਲੀਫ ਨਹੀਂ ਹੋਵੇਗੀ । ਇਸ ਪਾਸੇ ਸਾਡੇ ਡਰੇਨੇਜ ਦੇ ਮਹਿਕਮੇ ਨੂੰ, ਸਾਡੇ ਮਨਿਸਟਰ ਸਾਹਿਬ ਨੂੰ ਧਿਆਨ ਦੇਣਾ ਚਾਹੀਦਾ ਹੈ । ਪੰਜਾਬ ਸਰਕਾਰ ਨੂੰ ਇਸ ਪਾਸੇ ਪੈਸੇ ਦੀ ਜ਼ਿਆਦਾ ਸਹਾਇਤਾ ਕਰਨੀ ਚਾਹੀਦੀ ਹੈ । ਤਦ ਜਾ ਕੇ ਸਾਡਾ ਬਚਾ ਹੋ ਸਕੇਗਾ । ਹੁਣ ਸਵਾਲ ਇਹ ਹੈ ਕਿ ਅੱਜ ਨੁਕਸਾਨ ਤਾਂ ਹੋ ਗਿਆ ਹੁਣ ਕੀਤਾ ਕੀ ਜਾਵੇ ? ਸਾਡੇ ਅਫ਼ਸਰਾਂ ਨੇ ਮੌਕੇ ਤੇ ਜਾ ਕੇ ਬੜੀ ਮਿਹਨਤ ਕੀਤੀ ਅਤੇ ਰਾਤ ਦਿਨ ਇਕ ਕਰਕੇ ਉਨ੍ਹਾਂ ਨੇ ਸਾਡੀ ਇਸ ਮੁਸ਼ਕਲ ਦੇ ਵਿਚ ਬੜੀ ਮੱਦਦ ਕੀਤੀ ਹੈ । ਡੀ. ਸੀ.

Original with;
Punjab Vidhan Sabha
Digitized by;
Panjab Digital Library

[ਸਰਦਾਰ ਲਛਮਣ ਸਿੰਘ]

ਫਿਰੋਜ਼ਪੁਰ ਰਾਤ ਦਿਨ ਚਲਦਾ ਰਿਹਾ। ਐਸ. ਡੀ. ਐਮ. ਵੀ ਇਸ ਕੰਮ ਵਿਚ ਜੁਟ ਗਿਆ ਅਤੇ ਹੋਰ ਜਿਹੜੇ ਛੋਟੇ ਅਫ਼ਸਰ ਹਨ ਉਨ੍ਹਾਂ ਸਾਰਿਆ ਨੇ ਬੜਾ ਵੱਧ ਚੜ੍ਹ ਕੇ ਦੁਖੀ, ਪੀੜਤ ਲੋਕਾਂ ਦੀ ਸਹਾਇਤਾ ਕਰਨ ਵਿਚ ਹਿੱਸਾ ਲਿਆ। ਬਾਕੀ ਇਕ ਮੁਸ਼ਕਲ ਇਹ ਹੈ ਕਿ ਜੋ 25%, 50% ਅਤੇ 75% ਦੀ ਗੱਲ ਹੈ, ਉਸ ਦੇ ਵੱਲ ਸਾਡੀ ਸਰਕਾਰ ਦਾ ਜ਼ਿਆਦਾ ਧਿਆਨ ਹੋਣਾ ਚਾਹੀਦਾ ਹੈ ਕਿਉਂਕਿ ਇਕ ਕਿਸਾਨ ਦੇ ਅਗਰ 10 ਕਿਲਿਆਂ ਦੇ 10 ਕਿਲੇ ਹੀ ਮਾਰੇ ਜਾਂਦੇ ਹਨ ਤਾਂ ਉਹ ਤਾਂ ਵਿਚਾਰਾ ਥਾਂ ਤੇ ਹੀ ਮਰ ਗਿਆ। ਉਸ ਦੇ ਵਾਸਤੇ ਮੁਸੀਬਤ ਆ ਜਾਂਦੀ ਹੈ। ਉਸ ਦਾ ਤਾਂ ਸੈਂਟ ਪਰਸੈਂਟ ਹੀ ਨੁਕਸਾਨ ਹੋ ਗਿਆ। ਬਾਕੀ ਜੇ ਕੁਝ ਮਾੜਾ ਮੋਟਾ ਬਚਦਾ ਵੀ ਹੈ ਤਾਂ ਉਸ ਨਾਲ ਕੁਝ ਨਹੀਂ ਬਣ ਸਕਦਾ ਅਤੇ ਪਿੰਡ ਵਾਲੇ ਵੀ ਉਸ ਨੂੰ ਕੀ ਦੇ ਸਕਦੇ ਹਨ। ਇਸ ਲਈ ਅਜਿਹੇ ਕੇਸਿਜ਼ ਦੇਖਣੇ ਚਾਹੀਦੇ ਹਨ ਅਤੇ ਜਿਸ ਦਾ ਜ਼ਿਆਦਾ ਨੁਕਸਾਨ ਹੋਇਆ ਹੈ ਉਸ ਨੂੰ ਵੱਧ ਸਹਾਇਤਾ ਮਿਲਣੀ ਚਾਹੀਦੀ ਹੈ। ਨੁਕਸਾਨ ਦਾ ਹਿਸਾਬ ਲਾ ਕੇ ਉਸ ਦੀ ਮੱਦਦ ਕੀਤੀ ਜਾਣੀ ਚਾਹੀਦੀ ਹੈ। ਜਿਸ ਦੀ 10 ਕਿਲੇ ਦੀ 10 ਕਿਲੇ ਹੀ ਫਸਲ ਮਾਰੀ ਜਾਂਦੀ ਹੈ ਤਾਂ ਉਸ ਨੂੰ ਸਾਰੇ ਪਿੰਡ ਨਾਲ ਨਾ ਜੋੜਿਆ ਜਾਵੇ। ਹੋ ਸਕਦਾ ਹੈ ਕਿ ਪਿੰਡ ਵਿਚ ਕਿਸੇ ਦਾ ਜ਼ਿਆਦਾ ਨੁਕਸਾਨ ਹੋਇਆ ਹੋਵੇ ਅਤੇ ਕਿਸੇ ਦਾ ਘੱਟ ਹੋਇਆ ਹੋਵੇ। ਮੁਆਵਜ਼ਾ ਠੀਕ ਮਿਲਣਾ ਚਾਹੀਦਾ ਹੈ। ਜੇ ਕਿਸੇ ਦਾ ਸਾਰੀ ਫਸਲ ਦਾ ਨੁਕਸਾਨ ਹੋ ਗਿਆ, ਜੇ ਉਸ ਨੂੰ ਪਿੰਡ ਦੇ ਨੁਕਸਾਨ ਨਾਲ ਜੋੜਿਆ ਗਿਆ ਤਾਂ ਫਿਰ ਉਸ ਨੂੰ ਉਸ ਦੀ ਫਸਲ ਦਾ ਪੂਰਾ ਮੁਆਵਜ਼ਾ ਨਹੀਂ ਮਿਲ ਸਕਣਾ। ਦੂਜੇ ਪਾਸੇ ਜਿਹੜਾ ਮਕਾਨਾਂ ਦਾ ਨੁਕਸਾਨ ਹੋਇਆ ਹੈ ਉਸ ਦਾ ਵੱਖਰਾ ਹਿਸਾਬ ਲਗਾਉਣਾ ਚਾਹੀਦਾ ਹੈ। ਮਕਾਨਾਂ ਦੀ ਪਰੈਂਸਟੇਜ ਖੇਤਾਂ ਨਾਲ ਨਹੀਂ ਜੋੜਨੀ ਚਾਹੀਦੀ ਕਿਉਂਕਿ ਫਰਜ਼ ਕਰੋ ਕਿਸੇ ਪਿੰਡ ਵਿਚ ਪਾਣੀ ਆ ਜਾਂਦਾ ਹੈ ਅਤੇ ਪਿੰਡ ਦੇ ਕੁਝ ਘਰਾਂ ਵਿਚ ਨੁਕਸਾਨ ਕਰਦਾ ਹੈ ਅਤੇ ਕੁਝ ਨੂੰ ਨਹੀਂ ਕਰਦਾ ਅਤੇ ਦੂਸਰੇ ਪਾਸੇ ਕੁਝ ਆਦਮੀਆਂ ਦੀਆਂ ਫਸਲਾਂ ਸਾਰੀਆਂ ਮਾਰੀਆਂ ਜਾਂਦੀਆਂ ਹਨ ਅਤੇ ਕੁਝ ਦਾ ਥੋੜ੍ਹਾ ਨੁਕਸਾਨ ਹੁੰਦਾ ਹੈ ਤਾਂ ਇਸ ਤਰ੍ਹਾਂ ਇਹ ਠੀਕ ਨਹੀਂ ਰਹੇਗਾ ਕਿ ਮਕਾਨਾਂ ਅਤੇ ਖੇਤਾਂ ਦੀ ਪਰੈਂਸਟੇਜ ਇਕੱਠੀ ਕੱਢੀ ਜਾਵੇ। ਮਕਾਨਾਂ ਦੀ ਪਰਸੈਂਟੇਜ ਖੇਤਾਂ ਨਾਲ ਨਹੀਂ ਜੋੜਨੀ ਚਾਹੀਦੀ। ਮਕਾਨਾਂ ਦਾ ਹਿਸਾਬ ਵੱਖ ਦੇਖਣਾ ਚਾਹੀਦਾ ਹੈ ਅਤੇ ਖੇਤਾਂ ਨੂੰ ਵੱਖ ਦੇਖਣਾ ਚਾਹੀਦਾ ਹੈ ਤਾਂ ਹੀ ਅਸੀਂ ਉਨ੍ਹਾਂ ਦੀ ਸਹੀ ਸਹਾਇਤਾ ਕਰ ਸਕਦੇ ਹਾਂ। ਜਿਥੋਂ ਤੱਕ ਮਕਾਨਾਂ ਦੀ ਸਹਾਇਤਾ ਵਾਸਤੇ ਰੁਪਿਆ ਰੱਖਿਆ ਹੈ, ਇਹ ਕੁਝ ਘੱਟ ਹੈ। ਤਿੰਨ ਚਾਰ ਸੌ ਰੁਪਏ ਨਾਲ ਤਾਂ ਅੱਜ ਕੱਚਾ ਮਕਾਨ ਵੀ ਨਹੀਂ ਬਣ ਸਕਦਾ। ਇਸੇ ਤਰ੍ਹਾਂ ਹੀ ਪੱਕੇ ਮਕਾਨਾਂ ਦੀ ਗੱਲ ਹੈ। ਮੈਂ ਕਹਾਂਗਾ ਕਿ ਸਾਨੂੰ ਮਕਾਨਾਂ ਦੇ ਸਬੰਧ ਵਿਚ ਉਨ੍ਹਾਂ ਦੀ ਜ਼ਿਆਦਾ ਮੱਦਦ ਕਰਨੀ ਚਾਹੀਦੀ ਹੈ ਅਤੇ ਇਹ ਰਕਮ ਹੋਰ ਵਧਾਉਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਦੀ ਇਹ ਜਿਹੜੀ ਮਕਾਨਾਂ ਦੀ ਮੁਸ਼ਕਲ ਹੈ ਇਹ ਦੂਰ ਹੋ ਸਕੇ ਅਤੇ ਉਹਨਾਂ ਨੂੰ ਕੁਝ ਫਾਇਦਾ ਹੋ ਸਕੇ।

ਹੁਣ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹੁਣ ਨਵੀਆਂ ਸੜਕਾਂ ਬਣੀਆਂ ਹਨ ਜਿਸ ਤਰ੍ਹਾਂ ਫਿਰੋਜ਼ਪੁਰ ਤੋਂ ਫਾਜ਼ਿਲਕਾ ਸੜਕ 4-5 ਫੁੱਟ ਉਚੀ ਬਣ ਰਹੀ ਹੈ ਪਰ ਉਸ ਦੇ ਥੱਲੇ ਪਾਣੀ ਦੇ ਨਿਕਾਸ ਲਈ ਜਗ੍ਹਾ ਨਹੀਂ ਰੱਖੀ। ਬਾਅਦ ਵਿਚ ਜਾ ਕੇ ਇਸ ਵਿਚ ਬੜੀ ਮੁਸ਼ਕਲ ਪੇਸ਼ ਆਵੇਗੀ। ਪਾਣੀ ਦੇ ਲੰਘਣ ਵਾਸਤੇ ਸੜਕ ਦੇ ਥੱਲੇ ਦੀ ਰਸਤਾ ਰੱਖਣਾ ਚਾਹੀਦਾ ਹੈ ਬਾਰਸ਼ਾਂ ਦੇ ਪਾਣੀ ਨੇ, ਫਲੱਡ ਦੇ ਪਾਣੀ ਨੇ ਤਾਂ ਲੰਘਣਾ ਹੀ ਹੈ ਪਰ ਜੇ ਥੱਲੇ ਪਾਣੀ ਦੇ

Original with;
Punjab Vidhan Sabha
Digitized by;
Panjab Digital Library

ਨਿਕਾਸ ਲਈ ਜਗ੍ਹਾ ਨਾ ਹੋਵੇਗੀ ਤਾਂ ਪਾਣੀ ਫਿਰ ਕਿਥੇ ਜਾਵੇਗਾ। ਇਸ ਪਾਸੇ ਸੜਕਾਂ ਦੇ ਮਹਿਕਮੇ ਵਾਲਿਆਂ ਨੂੰ ਵੀ ਧਿਆਨ ਕਰਨਾ ਚਾਹੀਦਾ ਹੈ ਤਾਕਿ ਸੜਕ ਬਣਾਉਣ ਲਗਿਆਂ ਪਹਿਲਾਂ ਪਾਣੀ ਦੇ ਨਿਕਾਸ ਲਈ ਰਸਤਾ ਰੱਖਿਆ ਜਾਵੇ ਅਤੇ ਫਿਰ ਬਾਅਦ ਵਿਚ ਸੜਕ ਬਣਾਈ ਜਾਵੇ ਇਸ ਲਈ ਜੇ ਸੜਕ ਬਣਨ ਤੋਂ ਪਹਿਲਾਂ ਪਾਣੀ ਦੇ ਨਿਕਾਸ ਲਈ ਰਸਤਾ ਰੱਖ ਲਿਆ ਜਾਵੇ ਅਤੇ ਬਾਅਦ ਵਿਚ ਸੜਕ ਬਣਾਈ ਜਾਵੇ ਤਾਂ ਫਿਰ ਆਉਣ ਵਾਲੇ ਟਾਈਮ ਵਿਚ ਕੋਈ ਤਕਲੀਫ ਨਹੀਂ ਹੋਵੇਗੀ। ਇਸ ਲਈ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਪਾਣੀ ਦੇ ਲੰਘਣ ਲਈ ਰਸਤਾ ਪਹਿਲਾਂ ਰੱਖਿਆ ਜਾਵੇ ਅਤੇ ਫਿਰ ਉਸ ਦੇ ਬਾਅਦ ਉਸ ਕੰਮ ਨੂੰ ਕੀਤਾ ਜਾਵੇ। ਮੇਰੇ ਖਿਆਲ ਵਿਚ ਤਕਰੀਬਨ ਹਰ ਥਾਂ ਤੇ ਇਹ ਮੁਸ਼ਕਲ ਹੋਵੇਗੀ ਪਰ ਖਾਸ ਕਰਕੇ ਫਿਰੋਜ਼ਪੁਰ ਵਿਚ ਤਾਂ ਮੈਂ ਇਹ ਚੀਜ਼ ਦੇਖੀ ਹੈ। ਹੁਣ ਐਨਾ ਨੁਕਸਾਨ ਹੋ ਗਿਆ ਹੈ, ਇਕ ਪਾਸੇ ਤਾਂ ਮੱਦਦ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ ਅਤੇ ਦੂਜੇ ਪਾਸੇ ਬਿਜਲੀ ਦੇ ਬਿੱਲ ਉਸੇ ਤਰ੍ਹਾਂ ਚਲ ਰਹੇ ਹਨ। ਅਗਰ ਕੋਈ ਕਿਸਾਨ ਇਕ ਮਹੀਨਾ ਬਿੱਲ ਨਹੀਂ ਦੇ ਸਕਦਾ ਤਾਂ ਉਸ ਕਿਸਾਨ ਦਾ ਕੁਨੈਕਸ਼ਨ ਉਦੋਂ ਹੀ ਕੱਟ ਦਿੰਦੇ ਹਨ। ਇਸ ਵੱਲ ਵੀ ਧਿਆਨ ਕਰਕੇ ਇਸ ਮਹਿਕਮੇ ਨੂੰ ਹਦਾਇਤ ਹੋਣੀ ਚਾਹੀਦੀ ਹੈ ਕਿ ਉਹ ਬਿੱਲ ਨੂੰ ਅੱਗੇ ਪਾ ਲੈਣ। ਪਹਿਲੀ ਤਾਂ ਗੱਲ ਹੈ ਕਿ ਸਾਨੂੰ ਇਸ ਵਿਚ ਰਿਆਇਤ ਦੇਣੀ ਚਾਹੀਦੀ ਹੈ ਪਰ ਜੇ ਰਿਆਇਤ ਨਹੀਂ ਦੇਣੀ ਤਾਂ ਇਸ ਨੂੰ ਅੱਗੇ ਪਾਉਣਾ ਚਾਹੀਦਾ ਹੈ। ਕਿਸਾਨ ਐਨੀ ਮੁਸ਼ਕਲ ਵਿਚ ਹਨ ਕਿ ਇਕ ਪਾਸੇ ਤਾਂ ਅਸੀਂ ਉਨ੍ਹਾਂ ਦੀ ਮੱਦਦ ਕਰ ਰਹੇ ਹਾਂ ਪਰ ਦੂਜੇ ਪਾਸੇ ਉਨ੍ਹਾਂ ਦੇ ਬਿਜਲੀ ਦੇ ਕੁਨੈਕਸ਼ਨ ਕੱਟੇ ਜਾ ਰਹੇ ਹਨ, ਇਸ ਪਾਸੇ ਸਰਕਾਰ ਨੂੰ ਧਿਆਨ ਕਰਨਾ ਚਾਹੀਦਾ ਹੈ। ਇਹ ਬਿਜਲੀ ਦਾ ਮਸਲਾ ਬੜਾ ਭਾਰੀ ਮਸਲਾ ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਖਿਆਲ ਵਿਚ ਕੋਈ ਵੀ ਕਿਸਾਨ ਨਹੀਂ ਬਚਿਆ ਹੋਇਆ ਜਿਸ ਦਾ ਬੈਂਕ ਦੇ ਨਾਲ ਵਾਸਤਾ ਨਾ ਹੋਵੇ, ਚਾਹੇ ਬੈਂਕ ਕੋਆਪ੍ਰੇਟਿਵ ਸੋਸਾਇਟੀ ਦਾ ਹੋਵੇ ਅਤੇ ਚਾਹੇ ਕੋਈ ਹੋਰ ਬੈਂਕ ਹੋਵੇ। ਹਰ ਕਿਸਾਨ ਦਾ ਆਪਣਾ ਕਾਰੋਬਾਰ ਭਾਵੇਂ ਬੀਜ ਦੇ ਸਬੰਧ ਵਿਚ ਹੋਵੇ, ਭਾਵੇਂ ਖਾਦ ਦੇ ਸਬੰਧ ਵਿਚ ਹੋਵੇ, ਉਹ ਬੈਂਕ ਨਾਲ ਹੈ। ਉਨ੍ਹਾਂ ਨੇ ਬੈਂਕਾਂ ਤੋਂ ਲੋਨ ਲਏ ਹੁੰਦੇ ਹਨ।

ਸਵੇਰੇ 11.24 (ਇਸ ਸਮੇਂ ਸਰਦਾਰ ਪ੍ਰੇਮ ਸਿੰਘ ਪ੍ਰੇਮ, ਪੈਨਲ ਆਫ ਚੇਅਰਮੈਨ ਦੇ ਮੈਂਬਰ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਇਸ ਲਈ ਮੈਂ ਕਹਾਂਗਾ ਕਿ ਫਲੱਡਜ਼ ਦੇ ਏਰੀਆਜ਼ ਵਿਚ ਉਨ੍ਹਾਂ ਕਿਸਾਨਾਂ ਦੀਆਂ ਬੈਂਕਾਂ ਦੀਆਂ ਕਿਸ਼ਤਾਂ ਅੱਗੇ ਪਾਉਣੀਆਂ ਚਾਹੀਦੀਆਂ ਹਨ। ਇਸ ਮੌਕੇ ਦੇ ਉਤੇ ਉਹ ਕਿਸ਼ਤਾਂ ਨਹੀਂ ਦਿਤੀਆਂ ਜਾ ਸਕਦੀਆਂ। ਜਿਨ੍ਹਾਂ ਦਾ ਕੋਈ ਘਰ ਦਾ ਸਾਮਾਨ ਨਹੀਂ ਰਿਹਾ, ਉਹ ਹੋਰ ਕੋਈ ਕੰਮ ਵੀ ਨਹੀਂ ਕਰ ਸਕਦੇ ਅਤੇ ਉਹ ਬੈਂਕਾਂ ਦੀਆਂ ਕਿਸ਼ਤਾਂ ਨਹੀਂ ਦੇ ਸਕਦੇ, ਇਸ ਲਈ ਉਨ੍ਹਾਂ ਨੂੰ ਟਾਈਮ ਦੇਣਾ ਚਾਹੀਦਾ ਹੈ ਅਤੇ ਬੈਂਕਾਂ ਦੀਆਂ ਕਿਸ਼ਤਾਂ ਅੱਗੇ ਪਾਉਣੀਆਂ ਚਾਹੀਦੀਆਂ ਹਨ। ਚੇਅਰਮੈਨ ਸਾਹਿਬ, ਇਹ ਸਾਡੇ ਸੇਮ ਮਾਰੇ ਇਲਾਕਿਆਂ ਵਿਚ ਤਕਲੀਫਾਂ ਹਨ। ਇਨ੍ਹਾਂ ਤਕਲੀਫਾਂ ਵਿਚ ਹਮੇਸ਼ਾਂ ਸਾਡੀ ਸਰਕਾਰ ਉਨ੍ਹਾਂ ਦੀ ਮੱਦਦ ਕਰਦੀ ਹੈ ਅਤੇ ਕਰ ਰਹੀ ਹੈ। ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਇਸ ਪਾਸੇ ਧਿਆਨ ਕੀਤਾ ਜਾਵੇ ਅਤੇ ਉਨ੍ਹਾਂ ਦੀਆਂ ਬੈਂਕਾਂ ਦੀਆਂ ਕਿਸ਼ਤਾਂ ਅੱਗੇ ਪਾਈਆਂ ਜਾਣ। ਉਨ੍ਹਾਂ ਦੀ ਮੌਕੇ ਦੀ ਤਕਲੀਫ ਨੂੰ ਮੁਖ ਰੱਖਕੇ ਉਨ੍ਹਾਂ ਦੀਆਂ ਕਿਸ਼ਤਾਂ ਅੱਗੇ ਪਾਈਆਂ ਜਾਣ। ਇਥੇ ਕੈਪਟਨ ਸਾਹਿਬ ਨੇ ਬੜੀ ਅੱਛੀ ਦਲੀਲ ਦਿੱਤੀ ਹੈ, ਬਿਲਕੁਲ ਉਸ ਦਲੀਲ ਦੇ ਮੁਤਾਬਿਕ ਸਾਨੂੰ ਚਲਣਾ ਚਾਹੀਦਾ ਹੈ

Original with;
Punjab Vidhan Sabha
Digitized by;
Panjab Digital Library

[ਸਰਦਾਰ ਲਛਮਣ ਸਿੰਘ]

ਸਾਨੂੰ ਇਸ ਵਾਸਤੇ ਆਪ ਫੰਡ ਇਕੱਠਾ ਕਰਨਾ ਚਾਹੀਦਾ ਹੈ ਤਾਕਿ ਜਿਸ ਵੇਲੇ ਕੋਈ ਅਜਿਹੀ ਔਕੜ ਆਉਂਦੀ ਹੈ ਤਾਂ ਉਸ ਵੇਲੇ ਸਹਾਇਤਾ ਕਰ ਸਕੀਏ । ਅਗਰ ਥੋੜ੍ਹਾ ਥੋੜ੍ਹਾ ਵੀ ਹਿੱਸਾ ਪਾਓ ਤਾਂ ਕਾਫ਼ੀ ਫੰਡ ਇਕੱਠਾ ਹੋ ਸਕਦਾ ਹੈ, ਕਿਉਂਕਿ ਕਈ ਵਾਰੀ ਸਰਕਾਰ ਨੂੰ ਫੌਰੀ ਤੌਰ ਤੇ ਬਚਾ ਕਰਨਾ ਪੈਂਦਾ ਹੈ ਤਾਂ ਉਸ ਵੇਲੇ ਇਹ ਫੰਡ ਕੰਮ ਆ ਸਕਦਾ ਹੈ । ਕਿਸੇ ਥਾਂ ਗੜੇ ਮਾਰ ਹੋ ਜਾਵੇ, ਫਲੱਡ ਆ ਜਾਵੇ, ਅੱਗ ਲੱਗ ਜਾਵੇ ਤਾਂ ਉਸ ਦੇ ਵਾਸਤੇ ਬੜੀ ਆਸਾਨੀ ਨਾਲ ਇਸ ਇਕੱਠੀ ਕੀਤੀ ਰਕਮ ਨਾਲ ਮੱਦਦ ਕੀਤੀ ਜਾ ਸਕਦੀ ਹੈ । ਇਹ ਉਨ੍ਹਾਂ ਦੀ ਤਜਵੀਜ਼ ਬਿਲਕੁਲ ਸਾਨੂੰ ਪਾਸ ਕਰਨੀ ਚਾਹੀਦੀ ਹੈ ਤਾਕਿ ਅਸੀਂ ਥੋੜ੍ਹਾ ਥੋੜ੍ਹਾ ਪੈਸਾ ਇਕੱਠਾ ਕਰਕੇ ਵੱਡਾ ਫੰਡ ਬਣਾ ਸਕੀਏ । ਇਸ ਤਰ੍ਹਾਂ ਕਰੋੜਾਂ ਰੁਪਏ ਦਾ ਫੰਡ ਹੋ ਜਾਵੇਗਾ ਅਤੇ ਫਿਰ ਕਿਸੇ ਵੀ ਆਈ ਮੁਸੀਬਤ ਦਾ ਅਸੀਂ ਮੁਕਾਬਲਾ ਕਰ ਸਕਾਂਗੇ । ਹੁਣ ਨੁਕਸਾਨ ਤਾਂ ਹੋ ਗਿਆ ਹੈ । ਅਗਰ ਹੁਣ ਕਿਸਾਨ ਬੀਜਾਈ ਨਹੀਂ ਕਰੇਗਾ ਤਾਂ ਅਨਾਜ ਕਿਸ ਤਰ੍ਹਾਂ ਪੈਦਾ ਹੋਵੇਗਾ । ਬੀਜ ਦਾ ਇੰਤਜ਼ਾਮ ਹੋਣਾ ਚਾਹੀਦਾ ਹੈ , ਕਿਸਾਨ ਨੂੰ ਬੀਜ ਦੇਣਾ ਚਾਹੀਦਾ ਹੈ । ਜਿਸ ਖੇਤ ਵਿਚ ਬੀਜ ਨਹੀਂ ਪਿਆ ਤਾਂ ਫਿਰ ਫਸਲ ਕਿਸ ਤਰ੍ਹਾਂ ਹੋਵੇਗੀ । ਇਸ ਲਈ ਕਿਸਾਨ ਨੂੰ ਬੀਜ ਦੇ ਕੇ ਉਸਦੀ ਮੱਦਦ ਕੀਤੀ ਜਾਣੀ ਚਾਹੀਦੀ ਹੈ । ਜੇ ਖੇਤਾਂ ਵਿਚ ਫਸਲ ਨਾ ਹੋਵੇਗੀ ਤਾਂ ਇਸ ਨਾਲ ਸਾਡਾ ਵੀ ਨੁਕਸਾਨ ਹੋਵੇਗਾ ਅਤੇ ਦੇਸ਼ ਦਾ ਵੀ ਨੁਕਸਾਨ ਹੋਵੇਗਾ । ਬੀਜ ਔਰ ਖਾਦ ਦਾ ਇੰਤਜ਼ਾਮ ਸਾਨੂੰ ਅੱਜ ਸੋਚਣਾ ਚਾਹੀਦਾ ਹੈ ਤਾਂ ਹੀ ਅਸੀਂ ਉਨ੍ਹਾਂ ਦੀ ਸਹੀ ਮੱਦਦ ਕਰ ਸਕਾਂਗੇ। (ਘੰਟੀ) ਚੇਅਰਮੈਨ ਸਾਹਿਬ, ਇਹ ਮੈਂ ਸਾਰੀਆਂ ਗੱਲਾਂ ਆਪ ਦੇ ਸਾਹਮਣੇ ਰੱਖੀਆਂ ਹਨ । ਮਹਿਕਮਿਆਂ ਦੇ ਅਫ਼ਸਰਾਂ ਨੇ ਅਤੇ ਸਰਕਾਰ ਨੇ ਇਸ ਮਜ਼ਬੂਰੀ ਵਿਚ ਸਾਡੀ ਮੱਦਦ ਕੀਤੀ ਹੈ ਅਤੇ ਹੋਰ ਵੀ ਸਾਡੀ ਮੱਦਦ ਕਰਨੀ ਚਾਹੀਦੀ ਹੈ ।

**ਸ੍ਰੀਮਤੀ ਜਸਵੰਤ ਕੌਰ (ਖਡੂਰ ਸਾਹਿਬ):** ਮਾਨਯੋਗ ਚੇਅਰਮੈਨ ਸਾਹਿਬ, ਇਹ ਜੋ ਪੰਜਾਬ ਵਿਚ ਹੜ੍ਹਾਂ ਦੇ ਨਾਲ ਬੜੀ ਜਬਰਦਸਤ ਤਬਾਹੀ ਹੋਈ ਹੈ ਉਸ ਦੇ ਵਾਸਤੇ ਪੰਜਾਬ ਸਰਕਾਰ ਨੇ ਰਿਲੀਫ ਲਈ 2 ਕਰੋੜ ਰੁਪਿਆ ਰੱਖਿਆ ਹੈ । ਇਹ ਬੜਾ ਥੋੜ੍ਹਾ ਰੁਪਿਆ ਹੈ । ਪੰਜਾਬ ਦੇ ਜੋ ਇਹ ਤਿੰਨ ਬਾਰਡਰ ਦੇ ਜ਼ਿਲ੍ਹੇ ਹਨ—ਜਿਸ ਤਰ੍ਹਾਂ ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਗੁਰਦਾਸਪੁਰ (ਵਿਘਨ) ਫਰੀਦਕੋਟ ਕਿਉਂਕਿ ਨਵਾਂ ਜ਼ਿਲ੍ਹਾ ਬਣਿਆ ਹੈ ਇਸ ਲਈ ਮੂੰਹ ਤੇ ਨਹੀਂ ਚੜ੍ਹਿਆ। ਚੇਅਰਮੈਨ ਸਾਹਿਬ, ਜੇ ਕੋਈ ਸਾਡੇ ਬਾਰਡਰ ਤੇ ਮੁਕਾਬਲਾ ਹੋਵੇ, ਲੜਾਈ ਹੋਵੇ ਅਤੇ ਭਾਵੇਂ ਉਹ 1962 ਦੀ ਲੜਾਈ ਹੋਵੇ, ਭਾਵੇਂ 1965 ਦੀ ਹੋਵੇ ਅਤੇ ਭਾਵੇਂ 1971 ਦੀ ਹੋਵੇ, ਤਾਂ ਵੀ ਇਸ ਲੜਾਈ ਦਾ ਮੁਕਾਬਲਾ ਬਾਰਡਰ ਦੇ ਲੋਕਾਂ ਨੂੰ ਕਰਨਾ ਪੈਂਦਾ ਹੈ । ਕਿਉਂਕਿ ਤੁਹਾਨੂੰ ਪਤਾ ਹੈ, ਚੇਅਰਮੈਨ ਸਾਹਿਬ, ਜੋ ਅੰਮ੍ਰਿਤਸਰ ਜ਼ਿਲ੍ਹਾ ਹੈ ਇਹ ਹਿੰਦੁਸਤਾਨ ਦੇ ਵਿਚ ਇਕ ਬਹੁਤ ਵੱਡਾ ਸ਼ਹਿਰ ਸੀ । ਜਿਸ ਵਿਚ ਪਸ਼ਮੀਨੇ ਦਾ ਵਪਾਰ ਸਾਰੇ ਹਿੰਦੁਸਤਾਨ ਵਿਚੋਂ ਆਹਲਾ ਦਰਜੇ ਦਾ ਸੀ । ਅੰਮ੍ਰਿਤ-ਸਰ ਨੂੰ ਆਜ਼ਾਦੀ ਤੋਂ ਬਾਅਦ ਬਹੁਤ ਵੱਡੀ ਸੱਟ ਵਜੀ ਹੈ । ਅੰਮ੍ਰਿਤਸਰ ਜ਼ਿਲ੍ਹੇ ਵਿਚ ਮੈਂ ਆਪਣੀ ਅੱਖੀਂ ਵੇਖਿਆ ਹੈ ਉਥੇ ਐਡੀ ਵਡੀ ਤਬਾਹੀ ਆਈ ਹੈ ਕਿ ਜਿਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ । ਮੇਰੇ ਆਪਣੇ ਹਲਕੇ ਵਿਚ 57 ਪਿੰਡ ਅਜਿਹੇ ਹਨ ਜਿਹੜੇ ਕਿ ਫਲੱਡਾਂ ਨਾਲ ਬਿਲਕੁਲ ਤਬਾਹ ਹੋ ਗਏ ਹਨ । 12 ਪਿੰਡਾਂ ਵਿਚ ਚਾਰ ਚਾਰ ਫੁਟ ਪਾਣੀ ਖੜ੍ਹਾ ਹੈ । ਉਨ੍ਹਾਂ ਪਿੰਡਾਂ ਵਿਚ ਅਸੀਂ ਦਾਖਲ ਨਹੀਂ ਹੋ ਸਕਦੇ। ਮਗਰ, ਚੇਅਰਮੈਨ ਸਾਹਿਬ, ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਨ੍ਹਾਂ 57 ਪਿੰਡਾਂ ਵਿਚ ਇੱਕ ਟੈਂਟ ਵੀ ਨਹੀਂ ਪਹੁੰਚਿਆ ਹੈ

Original with;
Punjab Vidhan Sabha
Digitized by;
Panjab Digital Library

ਹਾਲਾਂਕਿ ਉਥੇ ਦੇ ਡਿਪਟੀ ਕਮਿਸ਼ਨਰ ਸਾਹਿਬ ਨੇ ਇਲਾਕੇ ਦਾ ਟੂਰ ਕੀਤਾ ਹੈ ਅਤੇ ਉਨ੍ਹਾਂ ਨੂੰ ਲੋਕਾਂ ਨਾਲ ਪੂਰੀ ਹਮਦਰਦੀ ਹੈ। ਇਸ ਸਬੰਧੀ, ਚੇਅਰਮੈਨ ਸਾਹਿਬ, ਮੈਂ ਇਕ ਸੁਝਾਉ ਦੇਣਾ ਚਾਹੁੰਦੀ ਹਾਂ ਕਿ ਜਿਥੇ ਬਾਰਸ਼ਾਂ ਨਹੀਂ ਹੋਈਆਂ ਹਨ ਉਥੋਂ ਟੈਂਟ ਲੈਕੇ ਅੰਮ੍ਰਿਤਸਰ ਦੇ ਜ਼ਿਲ੍ਹੇ ਵਿਚ ਇਨ੍ਹਾਂ ਪਿੰਡਾਂ ਵਿਚ ਇਹ ਟੈਂਟ ਸਪਲਾਈ ਕੀਤੇ ਜਾਣੇ ਚਾਹੀਦੇ ਹਨ। ਤੁਸੀਂ ਅੰਦਾਜ਼ਾ ਲਗਾਉ ਜਿਸ ਕਿਸਾਨ ਦਾ ਇਕ ਕੋਠਾ ਸੀ ਉਹ ਢਹਿ ਗਿਆ ਉਹਦੇ ਵਿਚ ਜੋ ਮੱਝਾਂ ਆਦਿ ਸਨ ਉਹ ਵੀ ਦਬ ਗਈਆਂ ਅਤੇ ਬੰਦੇ ਗਲੀਆਂ ਵਿਚ ਬੈਠੇ ਹਨ, ਕੋਠੇ ਦੀਆਂ ਕੜੀਆਂ ਤਕ ਟੁੱਟ ਗਈਆਂ ਹਨ। ਐਨੀ ਭੈੜੀ ਹਾਲਤ ਹੈ ਉਨ੍ਹਾਂ ਲੋਕਾਂ ਦੀ ਇਸ ਵੇਲੇ। ਮੈਂ ਤਾਂ ਇਹ ਮਹਿਸੂਸ ਕਰਦੀ ਹਾਂ ਕਿ ਜਿੰਨਾ ਚਿਰ ਪੰਜਾਬ ਸਰਕਾਰ 20 ਕਰੋੜ ਰੁਪਏ ਇਸ ਮਸਲੇ ਵਾਸਤੇ ਨਹੀਂ ਰਖਦੀ ਉਨਾਂ ਚਿਰ ਤਕ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਨਹੀਂ ਲਭਿਆ ਜਾ ਸਕਦਾ ਹੈ। ਚੇਅਰਮੈਨ ਸਾਹਿਬ, ਇੱਕ ਗਲ ਮੈਂ ਤੁਹਾਡੇ ਨੋਟਿਸ ਵਿਚ ਲਿਆਉਣੀ ਚਾਹੁੰਦੀ ਹਾਂ, ਮਾਲ ਮੰਤਰੀ, ਸਰਦਾਰ ਉਮਰਾਓ ਸਿੰਘ ਜੀ ਵੀ ਇਥੇ ਬੈਠੇ ਹਨ, ਛੋਟੇ ਛੋਟੇ ਕਰਮਚਾਰੀਆਂ ਜਿਵੇਂ ਕਿ ਪਟਵਾਰੀਆਂ ਦੇ ਹਥੀਂ ਜ਼ਿਮੀਂਦਾਰਾਂ ਨੂੰ ਨਹੀਂ ਪਾਉਣਾ ਚਾਹੀਦਾ ਹੈ। ਹਲਕੇ ਦੇ ਐਮ. ਐਲ. ਏ, ਜਿਸ ਨੇ ਘਰ ਘਰ ਦੀ ਗਿਰਦਾਵਰੀ ਕੀਤੀ ਹੁੰਦੀ ਹੈ ਇਨ੍ਹਾਂ ਦੀ ਰਿਪੋਰਟ ਉਨ੍ਹਾਂ ਪਟਵਾਰੀਆਂ ਨਾਲੋਂ ਬਿਹਤਰ ਹੋ ਸਕਦੀ ਹੈ। ਪਟਵਾਰੀਆਂ ਦੀ ਲਿਖਤ ਤੇ ਭਰੋਸਾ ਨਹੀਂ ਕਰਨਾ ਚਾਹੀਦਾ ਹੈ। ਮੇਰੀ ਰਾਏ ਹੈ ਕਿ ਪਟਵਾਰੀ ਔਰ ਨਾਇਬ ਤਹਿਸੀਲਦਾਰ ਤੋਂ ਉਪਰ ਬਾਕੀ ਸਾਰੇ ਅਫਸਰਾਂ ਦਾ ਕੰਮ ਠੀਕ ਹੈ।

ਬਾਕੀ ਇਹ ਡਰੇਨਾਂ ਦੇ ਸਬੰਧ ਵਿਚ ਮੈਂ ਅਰਜ਼ ਕਰਨਾ ਚਾਹੁੰਦੀ ਹਾਂ ਕਿ ਇਨ੍ਹਾਂ ਡਰੇਨਾਂ ਵਾਲੇ ਮਹਿਕਮੇ ਦੇ ਵਜ਼ੀਰ ਸਾਹਿਬ ਸ਼ਾਇਦ ਰੂਸ ਜਾਂ ਅਮਰੀਕਾ ਗਏ ਹੋਏ ਹਨ। ਡਰੇਨਾਂ ਦਾ ਪਰਬੰਧ ਐਨਾ ਘਟੀਆ ਹੈ ਜਿਸ ਬਾਰੇ ਮੈਂ ਕੁਝ ਕਹਿ ਵੀ ਨਹੀਂ ਸਕਦੀ ਹਾਂ। ਜਿਸ ਤਰ੍ਹਾਂ ਕਿ ਮੇਰੇ ਹਲਕੇ ਵਿਚ ਪੱਟੀ ਔਰ ਨਾਗੋਕੇ ਆਦਿ ਵਿਚ ਕਾਗਜ਼ਾਂ ਵਿਚ ਹੀ ਉਨ੍ਹਾਂ ਦੀ ਖੁਦਾਈ ਦਿਖਾਈ ਗਈ ਹੈ। ਪਰ ਉਥੇ 60, 60 ਫੁਟ ਉਚੀਆਂ ਕਿੱਕਰਾਂ ਖੜੀਆਂ ਹਨ। ਇਸ ਤਰ੍ਹਾਂ ਫਿਰ ਪਾਣੀ ਦਾ ਨਿਕਾਸ ਕਿਸ ਤਰ੍ਹਾਂ ਨਾਲ ਹੋ ਸਕਦਾ ਹੈ। ਇਸੇ ਤਰ੍ਹਾਂ ਖਲਚੀਆਂ ਡਰੇਨ ਜੋ ਹੈ ਉਹ ਉਚੀ ਹੈ ਅਤੇ ਪਿੰਡ ਨੀਵਾਂ ਹੈ ਜਿਸ ਨਾਲ ਕਿ ਪਿੰਡ ਵਿਚ ਛੇ-ਛੇ ਫੁਟ ਪਾਣੀ ਭਰ ਗਿਆ ਹੈ। ਇਕੱਲੇ ਖਡੂਰ ਸਾਹਿਬ ਦੇ 23 ਪਿੰਡ ਅਜਿਹੇ ਹਨ ਜਿਹੜੇ ਕਿ ਬਿਲਕੁਲ ਤਬਾਹ ਹੋ ਗਏ ਹਨ। ਇਸ ਬਾਰੇ, ਚੇਅਰਮੈਨ ਸਾਹਿਬ, ਮੇਰਾ ਸੁਝਾਉ ਹੈ ਕਿ ਜਾਂ ਤਾਂ ਡਰੇਨਾਂ ਦੇ ਅਫਸਰਾਂ ਨੂੰ ਲੰਮੀ ਛੁਟੀ ਤੇ ਭੇਜ ਦੇਣਾ ਚਾਹੀਦਾ ਹੈ ਜਿਹੜੇ ਕਿ ਕੰਮ ਕਰਨ ਦੇ ਕਾਬਲ ਨਹੀਂ ਹਨ ਜਾਂ ਉਨ੍ਹਾਂ ਨੂੰ ਹੋਰ ਥਾਂ ਜਿਵੇਂ ਕਿ ਚੰਡੀਗੜ੍ਹ ਠੰਢੇ ਦਫਤਰਾਂ ਵਿਚ ਬਦਲ ਦੇਣਾ ਚਾਹੀਦਾ ਹੈ। ਇਨ੍ਹਾਂ ਦੀ ਬਜਾਏ ਵਰਕਰ ਟਾਈਪ ਦੇ ਅਫਸਰ ਉਥੇ ਭੇਜਣੇ ਚਾਹੀਦੇ ਹਨ ਜੋ ਕਿ ਲੋਕਾਂ ਦੀਆਂ ਮੁਸ਼ਕਲਾਂ ਨੂੰ ਚੰਗੀ ਤਰ੍ਹਾਂ ਨਾਲ ਸਮਝ ਸਕਣ।

ਇਕ ਮੇਰਾ ਸੁਝਾਉ ਹੈ ਕਿ ਪੰਜਾਬ ਸਰਕਾਰ ਇਨ੍ਹਾਂ ਲੋਕਾਂ ਦਾ ਮਾਲੀਆ ਅਤੇ ਆਬਿਆਨਾ ਜ਼ਰੂਰ ਮਾਫ਼ ਕਰੇ। ਬਿਜਲੀ ਦੇ ਬਿਲਾਂ ਵਾਸਤੇ ਮੇਰੇ ਤੋਂ ਪਹਿਲਾਂ ਵੀ ਕਈ ਮੈਂਬਰ ਸਾਹਿਬਾਨ ਆਪਦੇ ਨੋਟਿਸ ਵਿਚ ਲਿਆ ਚੁਕੇ ਹਨ। ਇਨ੍ਹਾਂ ਬਿਜਲੀ ਦੇ ਬਿਲਾਂ ਦੀ ਪੇਮੈਂਟ ਵੀ ਮੁਆਫ ਹੋਣੀ ਚਾਹੀਦੀ ਹੈ। ਜੇ ਮੁਆਫੀ ਨਹੀਂ ਦੇਣੀ ਤਾਂ ਐਨਾ ਜ਼ਰੂਰ ਕਰਨਾ ਚਾਹੀਦਾ ਹੈ ਕਿ ਇਸ ਦੀ ਪੇਮੈਂਟ ਕਰਨੀ ਅੱਗੇ ਪਾ ਦੇਣੀ ਚਾਹੀਦੀ ਹੈ। ਇਸ ਵੇਲੇ ਲੋਕਾਂ ਕੋਲ ਪੈਸੇ ਨਹੀਂ ਹਨ ਜਿਸ ਨਾਲ ਕਿ ਉਹ ਬਿਜਲੀ ਦੇ ਬਿਲਾਂ ਦੀ ਪੇਮੈਂਟ ਕਰ ਸਕਣ।

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਜਸਵੰਤ ਕੌਰ]

ਇਕ, ਚੇਅਰਮੈਨ ਸਾਹਿਬ, ਮਰੀ ਹੋਰ ਰਾਏ ਹੈ ਕਿ ਖਾਦਾਂ ਲਈ ਤਕਾਵੀਆਂ ਜੋ ਹਨ ਉਹ ਮੁਆਫ ਕਰ ਦੇਣੀਆਂ ਚਾਹੀਦੀਆਂ ਹਨ । ਜੇ ਇਸ ਤਰ੍ਹਾਂ ਹੋ ਜਾਏ ਤਾਂ ਮਾਲ ਮੰਤਰੀ ਸਰਦਾਰ ਉਮਰਾਓ ਸਿੰਘ ਔਰ ਗਿਆਨੀ ਜੀ ਦੀ ਬਹੁਤ ਮਿਹਰਬਾਨੀ ਹੋਵੇਗੀ । ਜੇ ਇਸ ਦੀ ਉਹ ਮੁਆਫੀ ਨਹੀਂ ਕਰ ਸਕਦੇ ਤਾਂ ਫਿਰ ਇਤਨਾ ਜ਼ਰੂਰ ਕਰ ਦੇਣ ਕਿ ਇਹ ਕਰਜ਼ਾ ਸੂਦ ਦਰ ਸੂਦ ਨਹੀਂ ਲੈਣਾ ਚਾਹੀਦਾ । ਇਸ ਤਰ੍ਹਾਂ ਨਾ ਹੋਵੇ ਕਿ ਉਨ੍ਹਾਂ ਨੂੰ 17 ਫੀ ਸਦੀ ਸੂਦ ਪੈ ਜਾਵੇ। ਇਸ ਲਈ ਮੇਰੀ ਰਾਏ ਹੈ ਕਿ ਇਹ ਰਕਮ ਸੂਦ ਦਰ ਸੂਦ ਨਹੀਂ ਲੈਣੀ ਚਾਹੀਦੀ ਹੈ ।

ਛੋਟੇ ਹਰੀਜਨਾਂ ਦੀ ਹਾਲਤ ਬੜੀ ਭੈੜੀ ਹੈ। ਮੇਰੇ ਹਲਕੇ ਵਿਚ ਨਾਗੋਕੇ, ਖਡੂਰ ਸਾਹਿਬ ਔਰ ਫਤਿਹਬਾਦ ਆਦਿ ਵਿਚ ਛੇ, ਛੇ, ਹਰੀਜਨ ਬਸਤੀਆਂ ਅਜਿਹੀਆਂ ਹਨ ਜੋ ਕਿ ਢਹਿ ਢੇਰੀ ਹੋ ਗਈਆਂ ਹਨ । ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਹੈ ਜਾਂ ਫਿਰ ਹਾਊਸਿੰਗ ਬੋਰਡ ਹੈ, ਇਨ੍ਹਾਂ ਤੋਂ ਕਰਜ਼ਾ ਲੈਕੇ ਹਰੀਜਨਾਂ ਲਈ ਬਸਤੀਆਂ ਉਸਾਰੀਆਂ ਜਾਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਨਾ ਹੀ ਇਹ ਮਕਾਨ ਅੱਗੇ ਨੂੰ ਢਹਿਣਗੇ ਅਤੇ ਨਾ ਹੀ ਪੰਜਾਬ ਸਰਕਾਰ ਨੂੰ ਕੋਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਏਗਾ ।

ਚੇਅਰਮੈਨ ਸਾਹਿਬ, ਇਕ ਮੈਂ ਬੇਨਤੀ ਇਹ ਕਰਨਾ ਚਾਹੁੰਦੀ ਹਾਂ ਕਿ ਹੋਰ ਜ਼ਿਲ੍ਹਿਆਂ ਦਾ ਤਾਂ ਮੈਨੂੰ ਪਤਾ ਨਹੀਂ ਪਰ ਅੰਮ੍ਰਿਤਸਰ ਜ਼ਿਲ੍ਹੇ ਵਿਚ ਤਾਂ ਮੈਂ ਗਈ ਹਾਂ ਉਥੇ ਕੋਈ 57 ਪਿੰਡ ਐਸੇ ਹਨ ਜਿਥੇ ਕਿ ਬਹੁਤ ਤਬਾਹੀ ਹੋਈ ਹੈ । ਜੇ ਇਥੇ ਦੇ ਇਲਾਕੇ ਦੇ ਲੋਕਾਂ ਨੂੰ ਉਠਾਇਆ ਨਾ ਗਿਆ ਤਾਂ ਇਹ ਲੋਕ ਕਦੇ ਵੀ ਉਠ ਨਹੀਂ ਸਕਣਗੇ । ਇਸ [illegible] ਮੇਰੀ ਰਾਏ ਹੈ ਕਿ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਸੈਂਟਰ ਦੀ ਸਰਕਾਰ ਪਾਸ [illegible] ਕਰਨ ਕਿ ਪੰਜਾਬ ਵਿਚ ਫਲੱਡਜ਼ ਨਾਲ ਬਹੁਤ ਤਬਾਹੀ ਹੋਈ ਹੈ, ਇਸ ਲਈ ਸੈਂਟਰ ਦੀ ਸਰਕਾਰ ਪੰਜਾਬ ਸਰਕਾਰ ਦੀ ਵੱਧ ਤੋਂ ਵੱਧ ਮਦਦ ਕਰੇ । ਇਹ ਵੀ ਸੈਂਟਰ ਦੀ ਸਰਕਾਰ ਨੂੰ ਕਹਿਣਾ ਚਾਹੀਦਾ ਹੈ ਕਿ ਸੈਂਟਰ ਦੇ ਅੰਨ ਭੰਡਾਰ ਵਿਚ ਪੰਜਾਬ ਨੇ ਕਿੰਨਾ ਵੱਡਾ ਹਿੱਸਾ ਪਾਇਆ ਹੈ, ਇਸ ਲਈ ਪੰਜਾਬ ਦੀ ਮਦਦ ਕਰਨੀ ਸੈਂਟਰ ਲਈ ਬਹੁਤ ਜ਼ਰੂਰੀ ਹੈ ।

ਇਹ ਪੰਜਾਬ ਸਰਕਾਰ ਕੋਲ ਮੇਰੀਆਂ ਬੇਨਤੀਆਂ ਹਨ ਮੈਨੂੰ ਉਮੀਦ ਹੈ ਕਿ ਉਨ੍ਹਾਂ ਨੇ ਇਹ ਸਾਰੀਆਂ ਚੀਜ਼ਾਂ ਨੋਟ ਕਰ ਲਈਆਂ ਹੋਣਗੀਆਂ । ਇਕ ਹੋਰ ਸੁਝਾਉ ਹੈ ਕਿ ਜੋ ਜ਼ਿਮੀਂਦਾਰਾਂ ਦੀ ਫਲੱਡਾਂ ਨਾਲ ਤਬਾਹੀ ਹੋਈ ਹੈ ਉਹਦਾ ਮੁਆਵਜ਼ਾ ਪਰ ਏਕੜ ਦੇਣਾ ਚਾਹੀਦਾ ਹੈ । (ਘੰਟੀ) ਪਿੰਡਾਂ ਦੀ ਮੁਰਬਾਬੰਦੀ ਹੋ ਚੁਕੀ ਹੈ । ਜਿਸ ਜ਼ਿਮੀਂਦਾਰ ਦੀ ਜ਼ਮੀਨ 5 ਏਕੜ ਇਕ ਪਾਸੇ ਹੈ ਔਰ ਬਾਕੀ ਦੂਜੇ ਪਾਸੇ ਹੈ ਉਹਦਾ ਤਾਂ 100 ਫੀ ਸਦੀ ਨੁਕਸਾਨ ਹੋ ਗਿਆ ਸਮਝੋ । ਪਿੰਡਾਂ ਵਿਚ ਕਪਾਹ, ਮੱਕੀ, ਤਿਲ, ਮਿਰਚ, ਡੰਗਰਾਂ ਲਈ ਚਾਰਾ, ਇਹ ਸਭ ਕੁਝ ਖਤਮ ਹੋ ਗਿਆ ਹੈ । ਹਰੀਜਨ ਮਜ਼ਦੂਰੀ ਕਿਥੇ ਜਾਕੇ ਕਰਨ । ਖੇਤਾਂ ਵਿਚ ਕੋਈ ਚੀਜ਼ ਨਹੀਂ ਰਹੀ ਹੈ ।

**ਸ੍ਰੀ ਸਭਾਪਤੀ** : ਹੁਣ ਵਾਈਂਡ ਅਪ ਕਰੋ ਜੀ !

**ਸ਼੍ਰੀਮਤੀ ਜਸਵੰਤ ਕੌਰ** : ਪਿੰਡਾਂ ਦੇ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ । ਐਨਾ ਕਹਿ ਕੇ ਹੁਣ ਮੈਂ ਆਪਣੀ ਸੀਟ ਲੈਂਦੀ ਹਾਂ ।

(ਇਸ ਵੇਲੇ ਕਈ ਆਨਰੇਬਲ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਹੋਕੇ ਬੋਲਣ ਲਈ ਟਾਈਮ ਮੰਗ ਰਹੇ ਸਨ ।)

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਾਪਤੀ** : ਸਰਦਾਰ ਕਰਨੈਲ ਸਿੰਘ ਮਰੜ੍ਹੀ ।

**ਕਈ ਆਵਾਜ਼ਾਂ** : ਸਾਨੂੰ ਫਿਰ ਟਾਈਮ ਕਿਸ ਤਰ੍ਹਾਂ ਨਾਲ ਮਿਲ ਸਕੇਗਾ ?

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਜਾਂ ਤੇ ਹਾਊਸ ਦਾ ਟਾਈਮ ਐਕਸਟੈਂਡ ਕਰ ਦਿਉ ।

**ਸ੍ਰੀ ਸਭਾਪਤੀ** : ਹਾਲੇ ਮਰੜ੍ਹੀ ਸਾਹਿਬ ਨੂੰ ਬੋਲਣ ਦਿਉ ਫਿਰ ਦੇਖਾਂਗੇ ।

**ਸਰਦਾਰ ਕਰਨੈਲ ਸਿੰਘ ਮਰੜ੍ਹੀ** (ਜੰਡਿਆਲਾ ਐਸ.ਸੀ.) : ਚੇਅਰਮੈਨ ਸਾਹਿਬ, ਅੱਜ ਫਲੱਡਜ਼ ਬਾਰੇ ਬਹਿਸ ਚਲ ਰਹੀ ਹੈ । ਇਸ ਬਾਰੇ ਮੈਂ ਕੁਝ ਸਰਕਾਰ ਨੂੰ ਆਪਣੇ ਵਲੋਂ ਸੁਝਾਉ ਦੇਣਾ ਚਾਹੁੰਦਾ ਹਾਂ । ਹੜ੍ਹ ਇਕੋ ਥਾਂ ਤੇ ਨਹੀਂ ਆਏ ਹਨ ਬਲਕਿ ਕਈ ਜ਼ਿਲ੍ਹਿਆਂ ਵਿਚ ਆਏ ਹਨ । ਹਾਂ ਕਈ ਜਗ੍ਹਾ ਤੇ ਬਾਰਸ਼ਾਂ ਘੱਟ ਵੀ ਹੋਈਆਂ ਹਨ । ਇਹ ਫਲੱਡਜ਼ ਆਉਣ ਦੇ ਕਾਰਨ ਜ਼ਿਆਦਾਤਰ ਹਨ, ਮੈਂ ਆਪਣੇ ਹਲਕੇ ਵਿਚ ਗਿਆ ਹਾਂ ਅਤੇ ਵੇਖਿਆ ਹੈ ਕਿ ਡਰੇਨਾਂ ਤੇ ਜੋ ਪੁਲ ਹਨ ਉਹ ਠੀਕ ਤਰ੍ਹਾਂ ਨਾਲ ਨਹੀਂ ਬਣੇ ਹੋਏ । ਉਹ ਨੀਵੇਂ ਬਣੇ ਹੋਏ ਹਨ । ਪਾਣੀ ਬਾਹਰੋਂ ਆ ਜਾਂਦਾ ਹੈ ਔਰ ਉਹ ਪੁਲ ਟੁਟ ਜਾਂਦੇ ਹਨ ਔਰ ਪਾਣੀ ਪੈਲੀਆਂ ਵਿਚ ਚਲਾ ਜਾਂਦਾ ਹੈ । ਮੇਰਾ ਸੁਝਾਉ ਹੈ ਕਿ ਡਰੇਨਾਂ ਦਾ ਪੁਲ ਉਚਾ ਬਣਨਾ ਚਾਹੀਦਾ ਹੈ ਤਾਂਕਿ ਪਾਣੀ ਡਰੇਨਾਂ ਵਿਚੋਂ ਲੰਘ ਸਕੇ । ਇਸ ਕਰਕੇ, ਚੇਅਰਮੈਨ ਸਾਹਿਬ, ਇਹ ਜੋ ਤਰੀਕੇ ਹਨ ਇਸ ਦੇ ਲਈ ਫੈਸਲੇ ਸਰਕਾਰ ਨੂੰ ਕਰ ਲੈਣੇ ਚਾਹੀਦੇ ਹਨ । ਹਰ ਸਾਲ ਡਰੇਨਾਂ ਜਿਹੜੀਆਂ ਹਨ ਉਨ੍ਹਾਂ ਦੀ ਸਫਾਈ ਕਰਨੀ ਚਾਹੀਦੀ ਹੈ ਅਤੇ ਜਿਹੜੇ ਤਕੜੇ ਲੋਕ ਹਨ ਜਿਹੜੇ ਪਾਣੀ ਅਗੇ ਲੰਘਣ ਨਹੀਂ ਦਿੰਦੇ ਉਨ੍ਹਾਂ ਤੇ ਸਖ਼ਤੀ ਕਰਕੇ ਅਤੇ ਜ਼ਬਰਦਸਤੀ ਉਥੇ ਡਰੇਨਾਂ ਪੁਟਵਾਈਆਂ ਜਾਣ ਤਾਂ ਕਿ ਮੀਂਹ ਦਾ ਪਾਣੀ ਉਥੋਂ ਦੀ ਸੌਖਾ ਲੰਘ ਸਕੇ । ਅੱਜ ਜੋ ਪਿੰਡਾਂ ਦੀ ਤਬਾਹੀ ਹੋਈ ਹੈ ਔਰ ਜਿਨ੍ਹਾਂ ਦੇ ਲਈ ਮੈਂਬਰ ਸਾਹਿਬਾਨ ਨੇ ਦਸਿਆ ਹੈ ਕਿ ਗਰੀਬਾਂ ਦੇ ਕੱਚੇ ਮਕਾਨ ਗਿਰ ਗਏ ਹਨ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ । ਬਹੁਤ ਸਾਰੇ ਲੋਕਾਂ ਦੇ ਪੱਕੇ ਮਕਾਨ ਵੀ ਗਿਰ ਗਏ ਹਨ ਅਤੇ ਕਈ ਤਾਂ ਜ਼ਮੀਨ ਵਿਚ ਵੀ ਧਸ ਗਏ ਹਨ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ, ਚੇਅਰਮੈਨ ਸਾਹਿਬ, ਇਕ ਦਿਨ ਮੈਂ ਆਪਣੇ ਹਲਕੇ ਵਿਚ ਗਿਆ ਤਾਂ ਉਥੇ ਦੇਖਿਆ ਕਿ ਪਾਣੀ ਹੀ ਪਾਣੀ ਸੀ ਅਤੇ ਮੈਂ ਦੇਖਿਆ ਕਿ ਕਈ ਗਰੀਬ ਲੋਕਾਂ ਦੇ ਪੱਕੇ ਮਕਾਨ ਵੀ ਜ਼ਮੀਨ ਵਿਚ ਧਸ ਗਏ ਹਨ । ਇਸ ਲਈ ਮੇਰੀ ਬੇਨਤੀ ਹੈ ਕਿ ਉਨ੍ਹਾਂ ਲੋਕਾਂ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ । (ਘੰਟੀ) (ਵਿਘਨ) ਫਿਰ, ਚੇਅਰਮੈਨ ਸਾਹਿਬ, ਜਿਹੜੇ ਨਾਲੇ ਹਨ ਜਾਂ ਡਰੇਨਾਂ ਹਨ ਉਨ੍ਹਾਂ ਦੇ ਨਾਲ ਜਿਨ੍ਹਾਂ ਲੋਕਾਂ ਦੀ ਜ਼ਮੀਨ ਸੀ ਉਨ੍ਹਾਂ ਦੀ ਸਾਰੀ ਦੀ ਸਾਰੀ ਫਸਲ ਮਾਰੀ ਗਈ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਜ਼ਮੀਨ ਦੇ ਹਿਸਾਬ ਨਾਲ, ਕਿਲਿਆਂ ਦੇ ਹਿਸਾਬ ਨਾਲ ਮਾਲੀਆ ਮਿਲਣਾ ਚਾਹੀਦਾ ਹੈ । ਇਕ ਸਰਕਾਰ ਇਹ ਕਹਿੰਦੀ ਹੈ ਕਿ ਸਾਡੇ ਕੋਲ ਪੈਸੇ ਨਹੀਂ । ਮੈਂ ਇਸ ਦੇ ਲਈ ਇਹ ਸੁਝਾਵ ਦੇਣਾ ਚਾਹੁੰਦਾ ਹਾਂ ਕਿ ਸਰਕਾਰ ਤੋਂ ਲੋਕਾਂ ਨੇ ਕਰਜ਼ਾ ਲਿਆ ਹੋਇਆ ਹੈ, ਉਹ ਕਰਜ਼ਾ ਸਾਰੇ ਦਾ ਸਾਰਾ ਉਨ੍ਹਾਂ ਨੂੰ ਮੁਆਫ਼ ਕਰ ਦੇਣਾ ਚਾਹੀਦਾ ਹੈ । ਦੂਸਰਾ ਜਿਨ੍ਹਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ ਉਨ੍ਹਾਂ ਨੂੰ ਖਾਦਾਂ ਵਗੈਰਾ ਦਿਤੀਆਂ ਜਾਣ ਤਾਂ ਕਿ ਜਿਹੜੀਆਂ ਦੂਸਰੀਆਂ ਫਸਲਾਂ ਨਰਮੇ ਵਗੈਰਾ ਦੀਆਂ ਹਨ ਉਹ ਚੰਗੀਆਂ ਹੋ ਸਕਣ । (ਵਿਘਨ) ਚੇਅਰਮੈਨ ਸਾਹਿਬ, ਮੈਂਬਰ ਸਾਹਿਬਾਨ ਮੇਰਾ ਵਕਤ ਜ਼ਾਇਆ ਕਰ ਰਹੇ ਹਨ । ਇਤਨਾ ਸਮਾਂ ਮੈਨੂੰ ਜ਼ਿਆਦਾ ਦੇਣਾ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਕਰਨੈਲ ਸਿੰਘ ਮਰੜ੍ਹੀ]

ਫਿਰ, ਚੇਅਰਮੈਨ ਸਾਹਿਬ, ਹੜ੍ਹਾਂ ਦੇ ਨਾਲ ਜਿਨ੍ਹਾਂ ਪਿੰਡਾਂ ਦੇ ਵਿਚ ਬਿਮਾਰੀਆਂ ਫੈਲ ਗਈਆਂ ਹਨ ਉਨ੍ਹਾਂ ਦੇ ਲਈ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਖੁਦ ਦਵਾਈਆਂ ਲਿਆ ਕੇ ਜਾਂ ਦੂਸਰਿਆਂ ਸੂਬਿਆਂ ਤੋਂ ਲੈ ਕੇ ਦੇਣੀਆਂ ਚਾਹੀਦੀਆਂ ਹਨ । ਜਿਹੜੇ ਸਾਡੇ ਅਫਸਰ ਸਾਹਿਬਾਨ ਹਨ ਉਨ੍ਹਾਂ ਨੇ ਲੋਕਾਂ ਦੀ ਮਦਦ ਕਰਨ ਵਾਸਤੇ ਬੜਾ ਉਤਸ਼ਾਹ ਦਿਖਾਇਆ ਹੈ, ਰਾਤ ਦਿਨ ਕੰਮ ਕਰਕੇ ਆਪ ਮੁਸੀਬਤਾਂ ਝਲ ਕੇ ਉਨ੍ਹਾਂ ਨੇ ਲੋਕਾਂ ਦੀ ਮਦਦ ਕੀਤੀ ਹੈ । ਜਿਥੇ ਉਨ੍ਹਾਂ ਨੇ ਇਤਨਾ ਉਤਸ਼ਾਹ ਦਿਖਾਇਆ ਹੈ ਉਥੇ ਉਨ੍ਹਾਂ ਨੂੰ ਇਹ ਫੈਸਲਾ ਵੀ ਕਰ ਲੈਣਾ ਚਾਹੀਦਾ ਹੈ ਕਿ ਇਨ੍ਹਾਂ ਲੋਕਾਂ ਦੀ ਮਦਦ ਵਾਸਤੇ ਜੋ ਫੰਡ ਇਕੱਠਾ ਕਰਨਾ ਹੈ ਉਹ ਫੰਡ ਉਨ੍ਹਾਂ ਲੋਕਾਂ ਤੋਂ ਇਕੱਠਾ ਕਰਨਾ ਹੈ ਜਿਹੜੇ ਦੇ ਸਕਦੇ ਹਨ ਅਤੇ ਜਿਹੜੇ ਨਹੀਂ ਦੇ ਸਕਦੇ ਉਨ੍ਹਾਂ ਲੋਕਾਂ ਤੇ ਕੋਈ ਐਸਾ ਟੈਕਸ ਨਾਂ ਲਾ ਦੇਣਾ, ਉਨ੍ਹਾਂ ਤੋਂ ਪੈਸਾ ਵਸੂਲ ਨਾ ਕਰਨਾ ਜਿਸ ਨਾਲ ਗਰੀਬ ਆਦਮੀ ਮਾਰੇ ਜਾਣ ਅਤੇ ਉਨ੍ਹਾਂ ਦੀ ਮੌਤ ਹੋ ਜਾਵੇ । ਇਨ੍ਹਾਂ ਸ਼ਬਦਾਂ ਨਾਲ, ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ਹੈ ।

**ਸ੍ਰੀ ਸਭਾਪਤੀ** : ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੇ ਫੈਸਲੇ ਅਨੁਸਾਰ ਇਹ ਡਿਸਕਸ਼ਨ 2 ਘੰਟੇ ਹੋਣੀ ਸੀ ਔਰ ਹਾਊਸ ਨੇ ਵੀ ਇਹੀ ਫੈਸਲਾ ਕੀਤਾ ਹੈ ਕਿ ਡਿਸਕਸ਼ਨ 2 ਘੰਟੇ ਕਰਨੀ ਹੈ (ਵਿਘਨ) ਸਰਦਾਰ ਉਮਰਾਓ ਸਿੰਘ ਜੀ, ਤੁਸੀਂ ਕਿੰਨਾ ਟਾਈਮ ਲਓਗੇ ?

**ਮਾਲ ਅਤੇ ਚੋਣ ਮੰਤਰੀ** : ਮੈ ਅੱਧਾ ਘੰਟਾ ਲਵਾਂਗਾ ਜੀ ।

**ਕੁਝ ਆਵਾਜ਼ਾਂ** : ਟਾਈਮ 2 ਘੰਟੇ ਵਧਾ ਲਓ ।

**ਸ੍ਰੀ ਸਭਾਪਤੀ** : 2 ਘੰਟੇ ਦਾ ਟਾਈਮ ਨਹੀਂ ਵੱਧ ਸਕਦਾ । ਹਾਊਸ ਦਾ ਇਹ ਫੈਸਲਾ ਹੈ ਕਿ 2 ਘੰਟੇ ਡਿਸਕਸ਼ਨ ਹੋਣੀ ਹੈ ਪਰ ਕਿਉਂਕਿ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣਾ ਚਾਹੁੰਦੇ ਹਨ ਜੇ ਹਾਊਸ ਕਹੇ ਤਾਂ 15-20 ਮਿੰਟ ਟਾਈਮ ਹੋਰ ਵਧਾ ਲਈਏ ।

**ਮਾਲ ਅਤੇ ਚੋਣ ਮੰਤਰੀ** : ਜਿਹੜੇ ਕੁਝ ਮੈਂਬਰਜ਼ ਰਹਿ ਗਏ ਹਨ ਉਹ ਐਪਰੋਪ੍ਰੀਏਸ਼ਨ ਬਿਲ ਤੇ ਬੋਲ ਸਕਦੇ ਹਨ ।

(ਇਸ ਵਕਤ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਸਨ)

Mr. Chairman : Please resume your seats. ਜੇ ਹਾਊਸ ਦੀ ਮਰਜ਼ੀ ਹੋਵੇ ਤਾਂ ਅੱਧਾ ਘੰਟਾ ਟਾਈਮ ਵਧਾ ਦੇਈਏ ।

**ਆਵਾਜ਼ਾਂ** : ਵਧਾ ਦਿਉ ਜੀ ।

**Mr. Chairman** : Is it the pleasure of the House ?

**Voices** : Yes, yes.

Mr. Chairman : The time for discussion on this motion is extended by half-an-hour. ਕਿਉਂਕਿ ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹੇ ਵਿਚ ਫਲੱਡਜ਼ ਬਹੁਤ ਆਏ ਹਨ, ਇਸ ਲਈ ਉਨ੍ਹਾਂ ਨੂੰ ਜ਼ਿਆਦਾ ਟਾਈਮ ਦੇਣਾ ਪਵੇਗਾ । (ਵਿਘਨ)

Original with;
Punjab Vidhan Sabha
Digitized by;
Panjab Digital Library

**ਕੁਝ ਆਵਾਜ਼ਾਂ** : ਜਲੰਧਰ ਵਾਲਿਆਂ ਦਾ ਵੀ ਕੁਝ ਨਹੀਂ ਬਚਿਆ, ਉਨ੍ਹਾਂ ਨੂੰ ਵੀ ਟਾਈਮ ਦੇਣਾ ਚਾਹੀਦਾ ਹੈ ।

**ਸ੍ਰੀ ਸਭਾਪਤੀ** : ਤੁਹਾਨੂੰ ਵੀ ਮੌਕਾ ਦੇਵਾਂਗੇ । ਸ੍ਰੀ ਵਿਸ਼ਵਾ ਮਿੱਤਰ ਸੇਖੜੀ ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** (ਬਟਾਲਾ) : ਚੇਅਰਮੈਨ ਸਾਹਿਬ, ਇਹ ਜਿਹੜੀ ਤਬਾਹੀ ਬਾਰਸ਼ਾਂ ਦੇ ਨਾਲ ਹੋਈ ਹੈ ਔਰ ਇਸ ਤਬਾਹੀ ਦੇ ਨਾਲ ਜੋ ਨੁਕਸਾਨ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫਿਰੋਜ਼ਪੁਰ ਦੇ ਜ਼ਿਲ੍ਹਿਆਂ ਵਿਚ ਹੋਇਆ ਹੈ ਜਾਂ ਦੂਸਰਿਆਂ ਡਿਸਟ੍ਰਿਕਟਸ ਦੇ ਵਿਚ ਹੋਇਆ ਹੈ ਉਹ ਹਰ ਪੰਜਾਬੀ ਦੀ ਨਜ਼ਰ ਵਿਚ ਹੈ। ਇਸ ਤਬਾਹੀ ਦੇ ਕੁਝ ਕਾਰਨ ਹਨ । ਮਹਿਕਮਾ ਡਰੇਨੇਜ ਨੇ ਇਹ ਜਿਹੜੇ ਨਾਲੇ ਅਤੇ ਨਦੀਆਂ ਹਨ ਇਨ੍ਹਾਂ ਦੀ ਡੀਸਿਲਟਿੰਗ ਨਹੀਂ ਕਰਵਾਈ । ਇਹ ਜਿਹੜਾ ਕਸੂਰ ਨਾਲਾ ਹੈ ਜਿਹੜਾ ਕਿ 102 ਮੀਲ ਲੰਮਾ ਹੈ ਇਸ ਦੀ ਡੀਸਿਲਟਿੰਗ ਲਈ . . . . (ਵਿਘਨ)

**ਸ੍ਰੀ ਸਭਾਪਤੀ** : ਸੇਖੜੀ ਸਾਹਿਬ, 5-6 ਮਿੰਟ ਵਿਚ ਹੀ ਆਪਣੀ ਸਪੀਚ ਖ਼ਤਮ ਕਰ ਦੇਣਾ ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਮੈ 10 ਮਿੰਟ ਲਵਾਂਗਾ ਜੀ । ਚੇਅਰਮੈਨ ਸਾਹਿਬ, 2 ਦਫਾ ਮਹਿਕਮੇ ਦੇ ਅਫ਼ਸਰਾਂ ਨੂੰ ਲਿਖ ਕੇ ਭੇਜਿਆ ਗਿਆ ਸੀ ਕਿ ਕਸੂਰ ਨਾਲਾ ਡੀਸਿਲਟਿੰਗ ਮੰਗਦਾ ਹੈ । ਇਸ ਦੇ ਲਈ ਹੈਡ ਆਫ ਦੀ ਡੀਪਾਰਟਮੈਂਟ ਨੇ ਐਸ਼ੋਰੈਂਸ ਦਿਤੀ ਲੇਕਿਨ ਸਾਰੇ ਸਾਲ ਵਿਚ ਉਥੇ ਕੋਈ ਕੰਮ ਨਹੀਂ ਹੋਇਆ । ਜੇ ਉਸ ਨਾਲੇ ਤੇ ਡੀਸਿਲਟਿੰਗ ਹੋ ਜਾਂਦੀ ਤਾਂ ਇਤਨੀ ਤਬਾਹੀ ਨਹੀਂ ਸੀ ਹੋਣੀ । ਇਸ ਨਾਲੇ ਦੇ ਉਪਰੋਂ ਪਾਣੀ ਲੰਘ ਕੇ ਸੜਕ ਤੇ ਆਇਆ ਜਿਸ ਦੇ ਨਾਲ ਕਾਫੀ ਨੁਕਸਾਨ ਹੋਇਆ ਹੈ । ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਡਿਸਟ੍ਰਿਕਟ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਨੇ ਜਿਸ ਹਿੰਮਤ ਨਾਲ ਲੋਕਾਂ ਨਾਲ ਮਿਲ ਕੇ, ਡਰੇਨੇਜ ਡੀਪਾਰਟਮੈਂਟ ਨਾਲ ਮਿਲ ਕੇ ਜਿਹੜੀ ਸਕੀਮ ਬਣਾਈ ਹੈ ਉਸ ਦੇ ਮੁਤੱਲਕ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਉਸ ਸਕੀਮ ਨੂੰ ਦੇਖ ਲੈਣ । ਜਿਹੜੀ ਤਬਾਹੀ ਹੁਣ ਉਥੇ ਆਈ ਹੈ ਇਸ ਤਰ੍ਹਾਂ ਦੀ ਤਬਾਹੀ 1955 ਵਿਚ ਅਤੇ 1962 ਵਿਚ ਵੀ ਉਥੇ ਆਈ ਸੀ 1955 ਵਿਚ ਤਾਂ 40 ਇੰਚ ਬਾਰਸ਼ ਹੋਈ ਸੀ ਪਰ ਇਸ ਵਾਰੀ ਕੋਈ 60 ਇੰਚ ਦੇ ਕਰੀਬ ਬਾਰਸ਼ ਹੋਈ । ਇਸ ਅਨਪ੍ਰੇਸੀਡੈਂਟਿਡ ਬਾਰਸ਼ ਦੇ ਨਾਲ ਜ਼ਿਲ੍ਹਾ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫਿਰੋਜ਼ਪੁਰ ਜਾਂ ਦੂਸਰਿਆਂ ਜ਼ਿਲ੍ਹਿਆਂ ਵਿਚ ਜਿਹੜਾ ਨੁਕਸਾਨ ਹੋਇਆ ਹੈ ਉਸ ਦੇ ਲਈ 2 ਕਰੋੜ ਰੁਪਏ ਦੇ ਨਾਲ ਇਹ ਮਸਲਾ ਹੱਲ ਹੋਣ ਵਾਲਾ ਨਹੀਂ ਹੈ । ਇਹ ਜਿਹੜਾ ਸਰਕਾਰ ਨੇ 2 ਕਰੋੜ ਰੁਪਿਆ ਇਸ ਕੰਮ ਦੇ ਲਈ ਰਖਿਆ ਹੈ ਇਹ ਬਹੁਤ ਥੋੜ੍ਹਾ ਹੈ ਅਤੇ ਇਸ ਦੇ ਲਈ ਮੈਂ ਬੇਨਤੀ ਕਰਾਂਗਾ ਕਿ ਇਹ ਰਕਮ 20 ਕਰੋੜ ਰੁਪਿਆ ਰਖਣੀ ਚਾਹੀਦੀ ਹੈ । ਅਗਰ 20 ਕਰੋੜ ਰੁਪਿਆ ਪੈਦਾ ਕਰਨ ਵਾਸਤੇ ਸਾਧਨ ਦੀ ਜ਼ਰੂਰਤ ਹੈ ਤਾਂ ਡਾਂਗ ਸਾਹਿਬ ਅਤੇ ਕੈਪਟਨ ਸਾਹਿਬ ਨੇ ਜਿਸ ਤਰ੍ਹਾਂ ਕਿਹਾ ਹੈ ਕਿ ਜਿਨ੍ਹਾਂ ਜ਼ਿਲ੍ਹਿਆਂ ਵਿਚ ਹੜ੍ਹ ਨਹੀਂ ਆਏ ਅਗਰ ਉਨ੍ਹਾਂ ਜ਼ਿਲ੍ਹਿਆਂ ਵਿੱਚ ਕੋਈ ਟੈਕਸ ਵਗੈਰਾ ਲਾ ਦਿਤਾ ਜਾਵੇ ਤਾਂ ਇਸ ਦੇ ਨਾਲ ਇਨ੍ਹਾਂ ਹੜ੍ਹ ਪੀੜਤ ਲੋਕਾਂ ਦੀ ਮਦਦ ਹੋ ਸਕਦੀ ਹੈ । ਇਸ ਤੇ ਗੌਰ ਕੀਤਾ ਜਾਵੇ ।

ਜਿਥੋਂ ਤਕ, ਚੇਅਰਮੈਨ ਸਾਹਿਬ, ਰਿਲੀਫ ਦੇਣ ਦਾ ਤਲੱਕ ਹੈ ਇਸ ਦੇ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਾਲੀਂ ਤਕ ਸਰਕਾਰ ਨੇ ਜਨਤਾ ਦੇ ਸਾਹਮਣੇ ਕੋਈ ਵਾਜ਼ੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਵਿਸ਼ਵਾ ਮਿੱਤਰ ਸੇਖੜੀ]

ਪਾਲਿਸੀ ਨਹੀਂ ਲਿਆਂਦੀ । ਮੈਂ ਬੇਨਤੀ ਕਰਾਂਗਾ ਕਿ ਜਿਹੜਾ ਲੋਕਾਂ ਦਾ ਫਸਲਾਂ ਦਾ ਨੁਕਸਾਨ ਹੋਇਆ ਹੈ ਇਸ ਦੇ ਲਈ ਕੋਈ ਵਾਜ਼ੇ ਪਾਲਿਸੀ ਬਣਾ ਕੇ ਲੋਕਾਂ ਨੂੰ ਰਿਲੀਫ ਦਿਤਾ ਜਾਵੇ । ਜਿਨ੍ਹਾਂ ਦੇ ਕੱਚੇ ਜਾਂ ਪੱਕੇ ਮਕਾਨ ਗਿਰੇ ਹਨ ਉਨ੍ਹਾਂ ਨੂੰ ਰਿਲੀਫ ਦੇਣ ਵਾਸਤੇ ਜਿਹੜਾ 50 ਜਾਂ 100 ਰੁਪਿਆ ਦੇਣਾ ਹੈ ਇਹ ਤਾਂ ਇਕ ਮਜ਼ਾਕ ਦਾ ਕਾਰਨ ਹੋਵੇਗਾ । ਇਸ ਦੇ ਨਾਲੋਂ ਤਾਂ ਉਨ੍ਹਾਂ ਨੂੰ ਨਾ ਦੇਣਾ ਦਰੁਸਤ ਹੋਵੇਗਾ ।

ਮੈਂ ਸਰਕਾਰ ਨੂੰ ਤੁਹਾਡੇ ਰਾਹੀਂ ਇਹ ਬੇਨਤੀ ਕਰਾਂਗਾ ਕਿ ਇਸ ਫੈਸਲੇ ਨੂੰ ਰਿਵਾਈਜ਼ ਕੀਤਾ ਜਾਵੇ ਔਰ ਕੋਸ਼ਿਸ਼ ਇਹ ਕੀਤੀ ਜਾਏ ਕਿ ਨੈਸ਼ਨੇਲਾਈਜ਼ਡ ਬੈਂਕਾਂ, ਕਮਰਸ਼ਲ ਬੈਂਕਾਂ ਅਤੇ ਫਾਈਨਾਂਸ ਕਾਰਪੋਰੇਸ਼ਨ ਕੋਲੋਂ ਉਨ੍ਹਾਂ ਹਰੀਜਨਾਂ ਦੇ ਮਕਾਨ ਬਣਾਉਣ ਵਾਸਤੇ ਲੋਨ ਲਏ ਜਾਣ ਅਤੇ ਇਕ ਕਮਰਾ ਜਾਂ ਦੋ ਕਮਰੇ ਬਣਾਕੇ ਸਰਕਾਰ ਦੇਵੇ । ਇਹ ਲੋਨ ਬਿਨਾ ਇੰਟਰੈਸਟ ਦੇ ਹੋਵੇ । ਸਰਕਾਰ ਨੇ ਕਿਹਾ ਹੈ ਕਿ ਅਸੀਂ ਮਿਉਂਸਿਪਲ ਕਮੇਟੀਆਂ ਨੂੰ ਲਿਖ ਰਹੇ ਹਾਂ ਜਿਥੋਂ ਤਕ ਮਿਉਂਸਿਪਲ ਕਮੇਟੀਆਂ ਦਾ ਤੁਅੱਲਕ ਹੈ, ਮੈਂ ਅਰਜ਼ ਕਰਦਾ ਹਾਂ ਕਿ ਮਿਉਂਸਿਪਲ ਕਮੇਟੀ, ਫ਼ਤਿਹ ਗੜ੍ਹ, ਡੇਰਾ ਬਾਬਾ ਨਾਨਕ, ਅੰਮ੍ਰਿਤਸਰ ਆਦਿ ਜਿਹੜੀਆਂ ਕਮੇਟੀਆਂ ਹਨ ਉਹ ਤਾਂ ਇਕ ਆਨਾ ਤਕ ਨਹੀਂ ਦੇ ਸਕਦੀਆਂ । ਖੇਮਕਰਨ ਦੇ ਤਾਂ ਸਾਰੇ ਹੀ ਮਕਾਨ ਡਿਗ ਗਏ ਹਨ । ਫਤਿਹਗੜ੍ਹ ਚੂੜੀਆਂ ਦੀ ਕਮੇਟੀ ਵੀ ਇਕ ਪੈਸਾ ਦੇਣ ਦੇ ਕਾਬਲ ਨਹੀਂ ਹੈ । ਸਰਕਾਰ ਨੂੰ ਸਰਕਾਰੀ ਖ਼ਜ਼ਾਨੇ ਵਿਚੋਂ, ਪਿੰਡਾਂ ਔਰ ਸ਼ਹਿਰਾਂ ਦਾ ਇਮਤਿਆਜ਼ ਛੱਡ ਕੇ, ਲੋਕਾਂ ਦੀ ਸਹਾਇਤਾ ਕਰਨੀਂ ਚਾਹੀਦੀ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ, ਚੇਅਰਮੈਨ ਸਾਹਿਬ, ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ.ਸੀ) : ਚੇਅਰਮੈਨ ਸਾਹਿਬ, ਪੰਜਾਬ ਦੇ ਵਿਚ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫਿਰੋਜ਼ਪੁਰ ਵਿਚ ਹੜ੍ਹਾਂ ਨੇ ਬੜਾ ਭਾਰੀ ਨੁਕਸਾਨ ਕੀਤਾ ਹੈ ।

**ਸ਼੍ਰੀ ਸਰਦਾਰੀ ਲਾਲ ਕਪੂਰ** : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਅੱਜ ਨਾਨ-ਆਫ਼ੀਸ਼ਲ ਡੇ ਹੈ ਇਸ ਲਈ ਅੱਜ ਰੈਜ਼ੋਲਿਊਸ਼ਨ ਵੀ ਆਉਣਾ ਹੈ । ਇਹ ਜਿਹੜਾ ਅੱਧਾ ਘੰਟਾ ਟਾਈਮ ਵਧਾਇਆ ਹੈ ਇਹ ਹਾਊਸ ਦਾ ਵਧਾਇਆ ਹੈ ਜਾਂ ਇਸ ਬਹਿਸ ਲਈ ਵਧਾਇਆ ਹੈ ?

**ਸ਼੍ਰੀ ਸਭਾਪਤੀ** : ਇਹ ਬਹਿਸ ਲਈ ਵਧਾਇਆ ਹੈ । ਬਾਕੀ ਹਾਊਸ ਦੇ ਸਮੇਂ ਲਈ ਸਪੀਕਰ ਸਾਹਿਬ ਆ ਜਾਣਗੇ ਤੇ ਵੇਖ ਲੈਣਗੇ ।

**ਮਾਸਟਰ ਚੰਦ ਸਿੰਘ** : ਚੇਅਰਮੈਨ ਸਾਹਿਬ, ਇਨ੍ਹਾਂ ਹੜ੍ਹਾਂ ਵਿਚ ਕੋਈ ਇਕ ਲੱਖ ਦੇ ਕਰੀਬ ਮਕਾਨ ਡਿਗ ਗਏ, ਦਰਜਨਾਂ ਆਦਮੀ ਮਰ ਗਏ ਅਤੇ ਸੈਂਕੜਿਆਂ ਦੀ ਤਾਦਾਦ ਵਿਚ ਪਸ਼ੂ ਮਰ ਗਏ । ਇਨ੍ਹਾਂ ਹੜ੍ਹਾਂ ਕਾਰਨ 50 ਕਰੋੜ ਰੁਪਏ ਤੋਂ ਵੱਧ ਦੇ ਨੁਕਸਾਨ ਦਾ ਅੰਦਾਜ਼ਾ ਹੈ । ਸਾਡੇ ਪੰਜਾਬ ਵਿਚ 1955 ਵਿਚ ਹੜ੍ਹ ਆਏ ਸੀ, 1956 ਵਿਚ ਆਏ ਅਤੇ 1960 ਵਿਚ ਵੀ ਆਏ ਸੀ ਪਰ ਇਹ ਜਿਹੜੇ 1976 ਵਿਚ ਹੜ੍ਹ ਆਏ ਹਨ ਇਹ ਸਭ ਨਾਲੋਂ ਜ਼ਿਆਦਾ ਨੁਕਸਾਨਦੇਹ ਹਨ । 1955 ਵਿਚ ਜਿਹੜੀਆਂ ਬਾਰਸ਼ਾਂ ਹੋਈਆਂ ਸਨ ਉਹ 44 ਇੰਚ ਰਿਕਾਰਡ ਕੀਤੀਆਂ ਗਈਆਂ ਸਨ । ਐਤਕੀ ਇਹ ਬਾਰਸ਼ 46 ਇੰਚ ਰਿਕਾਰਡ ਕੀਤੀ ਜਾ ਚੁਕੀ ਹੈ ਅਤੇ ਅਜੇ ਬਾਰਸ਼ਾਂ ਹੋਰ ਹੋ ਰਹੀਆਂ ਹਨ । ਸਿਬੀਆ ਸਾਹਿਬ ਕਹਿ ਰਹੇ ਹਨ ਕਿ ਸਾਡੀਆਂ ਡਰੇਨਾਂ ਨੇ ਤਬਾਹੀ ਬਚਾ ਲਈ ਹੈ । ਮੈਂ ਕਹਿੰਦਾ ਹਾਂ ਕਿ ਇਸ ਤਬਾਹੀ ਦਾ ਕਾਰਨ ਇਕੱਲਾ ਮੀਂਹ

Original with;
Punjab Vidhan Sabha
Digitized by;
Panjab Digital Library

ਨਹੀਂ ਬਲਕਿ ਇਨ੍ਹਾਂ ਦੀ ਗਲਤ ਪਲੈਨਿੰਗ ਹੈ । ਕੋਈ ਮਾਸਟਰ ਪਲਾਨ ਤਿਆਰ ਨਹੀਂ ਕੀਤਾ, ਇਸ ਦੇ ਲਈ ਸੱਭ ਤੋਂ ਵੱਡਾ ਕਾਰਨ ਹੀ ਇਹ ਹੈ । ਪੰਜਾਬ ਦੇ ਵਿਚ ਨਾਲੇ, ਸੜਕਾਂ ਬਣਾਉਣ ਸਮੇਂ ਸਾਰੇ ਮਹਿਕਮਿਆਂ ਦਾ ਤਾਲਮੇਲ ਨਹੀਂ ਹੁੰਦਾ ਜਿਸ ਕਰਕੇ ਪੰਜਾਬ ਵਿਚ ਬੜਾ ਨੁਕਸਾਨ ਹੋਇਆ ਹੈ, ਜਾਨ ਔਰ ਮਾਲ ਦਾ ਬੜਾ ਨੁਕਸਾਨ ਹੋਇਆ । ਡਰੇਨਾਂ ਦੀ ਇਹ ਹਾਲਤ ਹੈ ਕਿ ਉਨ੍ਹਾਂ ਨੂੰ ਸਮੇਂ ਸਿਰ ਸਾਫ਼ ਨਹੀਂ ਕੀਤਾ ਜਾਂਦਾ ਇਸ ਕਰਕੇ ਪਾਣੀ ਉਨ੍ਹਾਂ ਵਿਚ ਜਮ੍ਹਾ ਹੋ ਜਾਂਦਾ ਹੈ ਜਿਸ ਨੇ ਲੋਕਾਂ ਦੀਆਂ ਫ਼ਸਲਾਂ, ਪਸ਼ੂ ਔਰ ਘਰ ਤਬਾਹ ਕਰ ਦਿਤੇ । ਇਸ ਤਰ੍ਹਾਂ ਸਰਕਾਰ ਆਪਣੀ ਜ਼ਿਮੇਵਾਰੀ ਤੋਂ ਬੱਚ ਨਹੀਂ ਸਕਦੀ ਅਤੇ ਇਹ ਸਰਕਾਰ ਇਸ ਤਬਾਹੀ ਲਈ ਜ਼ਿਮੇਵਾਰ ਹੈ । ਚੇਅਰਮੈਨ ਸਾਹਿਬ, ਆਜ਼ਾਦੀ ਤੋਂ ਬਾਅਦ ਇਥੇ ਜਿਹੜੇ ਸੜਕਾਂ ਔਰ ਡਰੇਨਾਂ ਆਦਿ ਦੇ ਕੰਮ ਹੋਏ ਹਨ ਉਹ ਅੰਗਰੇਜ਼ਾਂ ਦੇ ਵੇਲੇ ਦੇ ਕੰਮ ਨਾਲੋਂ ਵੀ ਘਟੀਆ ਹਨ । ਉਨ੍ਹਾਂ ਮੁਤਾਬਕ ਪਾਣੀ ਦਾ ਨਿਕਾਸ ਡਰੇਨਾਂ ਵਿਚੋਂ ਠੀਕ ਨਹੀਂ ਹੈ । ਸਾਈਫ਼ਨਜ਼ ਦਾ ਕੰਮ ਠੀਕ ਨਹੀਂ ਹੈ ਕਈ ਵੱਡੇ ਬਣਾ ਦਿਤੇ ਅਤੇ ਕਈ ਛੋਟੇ ਰਹਿ ਗਏ । ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਉਹ ਜਿਹੜੇ ਸਾਈਫਨਜ਼ ਹਨ ਉਨ੍ਹਾਂ ਨੂੰ ਠੀਕ ਸਮੇਂ ਸਿਰ ਬਣਾਇਆ ਜਾਵੇ ਅਤੇ ਠੀਕ ਸਮੇਂ ਤੇ ਡਰੇਨਾਂ ਦੀ ਸਫ਼ਾਈ ਕਰਾਈ ਜਾਇਆ ਕਰੇ ਤਾਕਿ ਜਿਹੜੀ ਹੜ੍ਹਾਂ ਦੀ ਪ੍ਰਾਬਲਮ ਹੈ, ਉਹ ਦੂਰ ਹੋ ਸਕੇ ।

11.55 A.M. (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਕਪਾਹ, ਮੱਕੀ, ਝੋਨੇ ਦੀ ਫ਼ਸਲ ਦੀ ਸਾਰੀ ਦੀ ਸਾਰੀ ਤਬਾਹੀ ਹੋ ਗਈ ਹੈ, ਉਸ ਦੇ ਬਚਣ ਦੀ ਕੋਈ ਉਮੀਦ ਨਹੀਂ । ਕਿਤੇ ਕਿਤੇ ਝੋਨੇ ਦੇ ਸਿਟੇ ਪਾਣੀ ਤੋਂ ਬਾਹਰ ਦਿਖਦੇ ਹਨ ਪਰ ਮੀਂਹ ਜ਼ਿਆਦਾ ਪੈਣ ਕਾਰਨ ਪਾਣੀ ਜਮ੍ਹਾ ਹੋ ਗਿਆ ਹੈ ਅਤੇ ਇਸ ਲਈ ਉਨ੍ਹਾਂ ਦੇ ਬਚਣ ਦੀ ਕੋਈ ਉਮੀਦ ਨਹੀਂ । ਉਥੋਂ ਪਾਣੀ ਨੂੰ ਕੱਢਣ ਦਾ ਛੇਤੀ ਤੋਂ ਛੇਤੀ ਪ੍ਰਬੰਧ ਕੀਤਾ ਜਾਵੇ ਤਾਕਿ ਅਗਲੀ ਫ਼ਸਲ ਹੋਣ ਦੀ ਉਮੀਦ ਹੋ ਸਕੇ ਅਤੇ ਇਸ ਦੇ ਲਈ ਤੁਰੰਤ ਕਦਮ ਚੁਕਣੇ ਚਾਹੀਦੇ ਹਨ । ਹੁਣ ਤਾਂ ਅਗਲੀ ਫਸਲ ਹੋਣ ਦੀ ਵੀ ਉਮੀਦ ਨਹੀਂ । ਇਸ ਤੋਂ ਇਲਾਵਾ ਇਹ ਜਿਹੜਾ ਨੁਕਸਾਨ ਹੋਇਆ ਹੈ ਇਸ ਦਾ ਅੰਦਾਜ਼ਾ ਤੁਰੰਤ ਲਾਉਣਾ ਚਾਹੀਦਾ ਹੈ ਤਾਂ ਜੋ ਕਿਸਾਨਾਂ ਨੂੰ, ਮਜ਼ਦੂਰਾਂ ਨੂੰ ਸਮੇਂ ਸਿਰ ਸਹਾਇਤਾ ਦਿਤੀ ਜਾ ਸਕੇ । ਜਦੋਂ ਅੰਦਾਜ਼ਾ ਲਾਇਆ ਜਾਵੇ ਤਾਂ ਪਿੰਡ ਦੀ ਪੰਚਾਇਤ ਨੂੰ ਨਾਲ ਲਿਆ ਜਾਵੇ, ਕਿਉਂਕਿ ਮਾਲ ਮਹਿਕਮੇਂ ਦੇ ਜਿਹੜੇ ਕਰਮਚਾਰੀ ਹਨ ਉਹ ਅੰਦਾਜ਼ਾ ਲਾਉਣ ਵੇਲੇ ਹਜ਼ਾਰਾਂ ਰੁਪਏ ਖਾ ਜਾਂਦੇ ਹਨ ਅਤੇ ਹੁਣ ਵੀ ਖਾ ਰਹੇ ਹਨ । ਮੇਰੇ ਕੋਲ ਇਸ ਬਾਰੇ ਮਿਸਾਲਾਂ ਹਨ । ਉਹ ਕਰਮਚਾਰੀ ਲੋਕਾਂ ਤੋਂ ਪੈਸੇ ਲੈ ਲੈਂਦੇ ਹਨ ਅਤੇ ਉਨ੍ਹਾਂ ਨੂੰ ਕਹਿੰਦੇ ਹਨ ਕਿ ਤੁਹਾਨੂੰ ਗੌਰਮਿੰਟ ਤੋਂ ਜ਼ਿਆਦਾ ਪੈਸੇ ਦਿਵਾਵਾਂਗੇ । ਉਨ੍ਹਾਂ ਨੂੰ ਨੱਥ ਪਾਉ ।

**ਸ੍ਰੀ ਡਿਪਟੀ ਸਪੀਕਰ** : ਚੋਪੜਾ ਜੀ, ਤੁਸੀਂ ਕਿਹੜੇ ਜ਼ਿਲ੍ਹੇ ਵਿਚ ਗਏ ਸੀ ?

**ਮਾਸਟਰ ਚੰਦ ਸਿੰਘ**: ਡਿਪਟੀ ਸਪੀਕਰ ਸਾਹਿਬ, ਮੈਂ ਅੰਮ੍ਰਿਤਸਰ ਔਰ ਗੁਰਦਾਸਪੁਰ ਵਿਚ ਜਾ ਕੇ ਆਇਆ ਹਾਂ । ਮੈਂ ਅਰਜ਼ ਕਰਾਂ ਕਿ ਪਿਛਲੀ ਵਾਰੀ ਜਦੋਂ ਗੜੇ ਪਏ ਤਾਂ ਸਰਕਾਰ ਨੇ 300 ਰੁਪਏ ਫੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿਤਾ । ਸਰਕਾਰ ਨੂੰ ਚਾਹੀਦਾ ਹੈ ਕਿ ਇਲਾਨ ਕਰੇ ਕਿ ਹੜ੍ਹਾਂ ਦੀ ਤਬਾਹੀ ਦੀ ਸਹਾਇਤਾ ਵੀ ਤਿੰਨ ਸੌ ਰੁਪਏ ਫ਼ੀ ਏਕੜ ਦੇ ਹਿਸਾਬ ਨਾਲ ਦਿਤੀ ਜਾਵੇਗੀ । ਇਸ ਤਰ੍ਹਾਂ ਡਬਲ ਸਟੈਂਡਰਡ ਨਹੀਂ ਹੋਣਾ ਚਾਹੀਦਾ । ਸਰਕਾਰ ਕਹਿੰਦੀ ਹੈ ਕਿ ਜਿਸ ਦਾ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਸਾਰਾ ਕੱਚਾ ਮਕਾਨ ਡਿਗਿਆ ਹੈ ਉਸ ਨੂੰ 100 ਰੁਪਏ ਅਤੇ ਜਿਸਦਾ ਅੱਧਾ ਡਿਗਿਆ ਹੈ ਉਸ ਨੂੰ 50 ਰੁਪਏ ਦਿਆਂਗੇ । ਮੈਂ ਕਹਿੰਦਾ ਹਾਂ ਕਿ ਘੱਟ ਤੋਂ ਘੱਟ ਕੱਚੇ ਮਕਾਨ ਵਾਲੇ ਨੂੰ 500 ਰੁਪਏ ਅਤੇ ਜਿਸ ਦਾ ਅੱਧਾ ਡਿਗਿਆ ਹੈ ਉਸ ਨੂੰ 250 ਰੁਪਏ ਦਿਤੇ ਜਾਣ ਤਾਕਿ ਉਹ ਮਾੜੀ ਮੋਟੀ ਆਪਣੀ ਝੁਗੀ ਬਣਾ ਸਕੇ । ਨੁਕਸਾਨ ਵੇਲੇ ਪ੍ਰਵਾਰ ਨੂੰ ਯੂਨਿਟ ਮੰਨਿਆ ਜਾਵੇ । ਕਈ ਪਿੰਡ ਐਸੇ ਹਨ ਜਿਹੜੇ ਕਿ ਚਾਰੋਂ ਪਾਸਿਓਂ ਪਾਣੀ ਨਾਲ ਘਿਰੇ ਹੋਏ ਹਨ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਉਥੋਂ ਕੱਢਿਆ ਜਾਵੇ ਅਤੇ ਉਨ੍ਹਾਂ ਲੋਕਾਂ ਲਈ ਰਾਸ਼ਨ ਦਾ ਪ੍ਰਬੰਧ ਕੀਤਾ ਜਾਵੇ। ਡੰਗਰਾਂ ਦੇ ਚਾਰੇ ਦਾ ਪ੍ਰਬੰਧ ਕੀਤਾ ਜਾਵੇ । ਜੇ ਕਿਸੇ ਜ਼ਿਮੀਦਾਰ ਦਾ ਚਾਰਾ ਹੈ ਤਾਂ ਉਹ 50 ਰੁਪਏ ਕਨਾਲ ਤੋਂ ਵੱਧ ਮੰਗਦਾ ਹੈ । ਜਿਹੜਾ ਚਾਰਾ ਹੈ ਉਹ ਹੋਰ ਕਿਤੋਂ ਲਿਆ ਕੇ ਦਿਤਾ ਜਾਵੇ ਤਾਂ ਕਿ ਉਹ ਲੋਕ ਆਪਣੇ ਡੰਗਰਾਂ ਨੂੰ ਜਿਉਂਦਾ ਰੱਖ ਸਕਣ । ਬਾਕੀ ਜਿਹੜੇ ਮਜ਼ਦੂਰ ਕਿਸਾਨ ਹਨ ਉਨ੍ਹਾਂ ਦੇ ਮਕਾਨ ਡਿਗ ਪਏ ਹਨ । ਸਾਡੇ ਸੈਂਟਰ ਦੇ ਮਨਿਸਟਰ, ਸਰਦਾਰ ਗੁਰਦਿਆਲ ਸਿੰਘ ਜੀ ਢਿਲੋਂ, ਜਾ ਕੇ ਵੇਖ ਆਏ ਹਨ । ਉਨ੍ਹਾਂ ਨੇ ਕਿਹਾ ਸੀ ਕਿ ਇਨ੍ਹਾਂ ਨੂੰ ਪੱਕੇ ਮਕਾਨ ਦਿਤੇ ਜਾਣ । ਮੈਂ ਕਹਿੰਦਾ ਹਾਂ ਕਿ ਅੱਜ ਮੌਕਾ ਹੈ । ਉਨ੍ਹਾਂ ਦੇ ਮਕਾਨ ਤਬਾਹ ਹੋ ਚੁਕੇ ਹਨ ਅਤੇ ਇਸ ਲਈ ਉਨ੍ਹਾਂ ਦੇ ਮਕਾਨ ਪੱਧਰੀ ਜਗ੍ਹਾ ਤੇ ਉਚੀ ਥਾਂ ਤੇ ਪੱਕੇ ਬਣਾ ਦਿਤੇ ਜਾਣ । ਇਸ ਤੋਂ ਇਲਾਵਾ ਜਿਹੜੇ ਮਜ਼ਦੂਰ ਵਿਹਲੇ ਹੋ ਗਏ ਹਨ ਉਨ੍ਹਾਂ ਨੂੰ ਇੰਟੈਰਮ ਰਿਲੀਫ ਦੇਣਾ ਚਾਹੀਦਾ ਹੈ ਤਾਕਿ ਉਹ ਆਪਣਾ ਗੁਜ਼ਾਰਾ ਕਰ ਸਕਣ । ਬੀਮਾਰੀ ਹਰ ਥਾਂ ਤੇ ਫੈਲ ਗਈ ਹੈ । ਖਾਸ ਕਰਕੇ ਮਲੇਰੀਆਂ ਤਾਂ ਸਾਰੇ ਪੰਜਾਬ ਵਿਚ ਫੈਲਿਆ ਹੋਇਆ ਹੈ । ਲੋਕਾਂ ਦਾ ਯੋਗ ਇਲਾਜ ਨਹੀਂ ਹੋ ਰਿਹਾ । ਮਲੇਰੀਏ ਦੀ ਰੋਕ ਥਾਮ ਲਈ ਲੋਕਾਂ ਨੂੰ ਪੂਰੀ ਡੋਜ਼ ਨਹੀਂ ਦਿਤੀ ਜਾਂਦੀ, ਗੋਲੀਆਂ ਦੀ ਬਲੈਕ ਹੋ ਰਹੀ ਹੈ । ਠੀਕ ਤਰ੍ਹਾਂ ਦਾ ਇਲਾਜ ਕੀਤਾ ਜਾਏ ਅਤੇ ਇਸ ਦੇ ਨਾਲ ਹੀ ਪਸ਼ੂਆਂ ਨੂੰ ਟੀਕੇ ਲਾਏ ਜਾਣ । ਡਿਪਟੀ ਸਪੀਕਰ ਸਾਹਿਬ, ਕਾਂਗਰਸ ਪ੍ਰਧਾਨ, ਸਰਦਾਰ ਮਹਿੰਦਰ ਸਿਘ ਗਿੱਲ ਨੇ ਕਿਹਾ ਹੈ ਕਿ ਨੁਕਸਾਨ ਲਈ ਪਿੰਡ ਨੂੰ ਬੇਸ ਨਹੀਂ ਬਣਾਉਣਾ ਚਾਹੀਦਾ, ਪ੍ਰਵਾਰ ਬੇਸ ਹੋਵੇ । ਪਰ ਥੱਲੇ ਇਹ ਆਰਡਰ ਕੋਈ ਨਹੀਂ ਪਹੁੰਚਿਆ । ਇਕ ਪ੍ਰੀਵਾਰ ਨੂੰ ਜਿਹੜਾ ਨੁਕਸਾਨ ਹੋਇਆ ਹੈ ਉਸ ਪ੍ਰਵਾਰ ਨੂੰ ਬੇਸ ਬਣਾਉਣਾ ਚਾਹੀਦਾ ਹੈ ਤਾਕਿ ਕੋਈ ਰਹਿ ਨਾ ਜਾਵੇ । ਸਾਰਿਆਂ ਨੂੰ ਸਹਾਇਤਾ ਮਿਲੇ । (ਘੰਟੀ) ਬਾਕੀ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨੇ ਕਿਹਾ ਹੈ ਕਿ ਜੁਲਾਈ, ਅਗਸਤ ਅਤੇ ਸਤੰਬਰ ਦਾ ਬਿਜਲੀ ਦਾ ਬਿਲ ਰੋਕ ਦੇਣਾ ਚਾਹੀਦਾ ਹੈ। ਮੈਂ ਮੰਗ ਕਰਦਾ ਹਾਂ ਕਿ ਇਨ੍ਹਾਂ ਮਹੀਨਿਆਂ ਦਾ ਬਿਲ ਮੁਆਫ ਕਰ ਦਿਉ ਕਿਉਂਕਿ ਉਨ੍ਹਾਂ ਤੇ ਬਿਪਤਾ ਆਈ ਹੈ । ਉਨ੍ਹਾਂ ਦੀਆਂ ਤਕਾਵੀਆਂ ਮੁਆਫ ਹੋਣੀਆਂ ਚਾਹੀਦੀਆਂ ਹਨ । ਜਿਹੜੀਆਂ ਡਰੇਨਜ਼ ਹਨ ਉਨ੍ਹਾਂ ਦੀ ਸਮੇਂ ਸਿਰ ਮੁਰੰਮਤ ਸਰਕਾਰ ਕਰਾਵੇ । ਕੰਮ ਕਰਨ ਲਈ ਸਾਰੇ ਮਹਿਕਮੇ ਆਪਸ ਵਿਚ ਤਾਲ ਮੇਲ ਰੱਖਣ ਅਤੇ ਰਲਕੇ ਮਾਸਟਰ ਪਲਾਨ ਬਣਾਉਣ । (ਘੰਟੀ) ਬਾਕੀ ਅਬਿਆਨਾ, ਮਾਲੀਆ ਮੁਆਫ਼ ਕੀਤਾ ਜਾਵੇ । ਮੈਂ ਤੁਹਾਡੇ ਰਾਹੀਂ ਪੰਜਾਬ ਦੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਕੇਂਦਰ ਦੀ ਸਰਕਾਰ ਤੋਂ ਵੱਧ ਤੋਂ ਵੱਧ ਸਹਾਇਤਾ ਲਈ ਜਾਵੇ । ਠੀਕ ਜਿਹੜਾ ਫਸਲਾਂ ਦਾ ਨੁਕਸਾਨ ਹੋਇਆ ਹੈ ਉਸ ਦਾ ਮੁਆਵਜ਼ਾ ਕਿਸਾਨਾਂ ਨੂੰ ਦਿਤਾ ਜਾਵੇ । ਸਸਤੀਆਂ ਚੀਜ਼ਾਂ ਦੇ ਡਿਪੂ ਫਲੱਡ ਦੇ ਏਰੀਆਜ਼ ਵਿਚ ਖੋਲ੍ਹੇ ਜਾਣ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਰਦਾਰ ਪ੍ਰੇਮ ਸਿਘ ਪ੍ਰੇਮ ਜੀ ਨੂੰ ਬੋਲਣ ਲਈ ਆਗਿਆ ਦਿਤੀ)

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਤ ਰਾਮ :** ** ** ** **

**ਸ੍ਰੀ ਡਿਪਟੀ ਸਪੀਕਰ :** ਇਹ ਜੋ ਕੁਝ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਬੋਲ ਰਹੇ ਹਨ, ਇਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣੇ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ (ਰਾਏਪੁਰ) :** ਡਿਪਟੀ ਸਪੀਕਰ ਸਾਹਿਬ, ਮੈਂ ਦੋ ਤਿੰਨ ਮਿੰਟਾਂ ਤੋਂ ਵੱਧ ਨਹੀਂ ਬੋਲਾਂਗਾ। ਹਾਊਸ ਦੇ ਬਹੁਤ ਸਾਰੇ ਮੈਂਬਰਾਂ ਨੇ ਅਜੇ ਬੋਲਣਾ ਹੈ, ਇਸ ਲਈ ਮੈਂ ਜ਼ਿਆਦਾ ਟਾਈਮ ਨਹੀਂ ਲਵਾਂਗਾ । ਡਾਂਗ ਸਾਹਿਬ, ਕੈਪਟਨ ਸਾਹਿਬ ਅਤੇ ਹੋਰ ਦੋਸਤਾਂ ਨੇ ਫਲੱਡਾਂ ਦੇ ਹਰ ਇਸ਼ੂ ਤੇ ਗਲ ਕੀਤੀ ਹੈ । ਸਰਕਾਰ ਨੇ ਰਿਲੀਫ ਥੋੜ੍ਹਾ ਰਖਿਆ ਹੈ, ਡੰਗਰਾਂ ਦੇ ਲਈ ਥੋੜ੍ਹੇ ਪੈਸੇ ਦਿੱਤੇ ਹਨ, ਸਬਸਿਸਟੈਂਸ ਅਲਾਊਂਸ ਥੋੜ੍ਹਾ ਹੈ, ਇਨ੍ਹਾਂ ਸਾਰੇ ਪੁਆਇੰਟਸ ਤੇ ਮੈਂਬਰਜ਼ ਬੋਲ ਚੁੱਕੇ ਹਨ ਇਸ ਲਈ ਮੈਂ ਉਨ੍ਹਾਂ ਨੂੰ ਦੁਹਰਾਉਣਾ ਨਹੀਂ ਚਾਹੁੰਦਾ । ਮੈਂ ਤਾਂ, ਡਿਪਟੀ ਸਪੀਕਰ ਸਾਹਿਬ, ਸਿਰਫ ਦੋ ਪੁਆਇੰਟਸ ਹੀ ਅਰਜ਼ ਕਰਨੇ ਹਨ ।

ਡਿਪਟੀ ਸਪੀਕਰ ਸਾਹਿਬ, ਕੀ ਸਰਕਾਰ ਅੱਜ ਵੀ ਇਸ ਗਲ ਵਲ ਧਿਆਨ ਰਖਦੀ ਹੈ ਜਾਂ ਨਹੀਂ ਕਿ ਜਿਹੜੀਆਂ ਚੀਜ਼ਾਂ ਅਵਾਇਡ ਕੀਤੀਆਂ ਜਾ ਸਕਦੀਆਂ ਹਨ ਅਤੇ ਜੇ ਉਹ ਵੇਲੇ ਸਿਰ ਨੋਟਿਸ ਵਿੱਚ ਆ ਜਾਣ ਤਾਂ ਫਿਰ ਉਸਤੇ ਅਮਲ ਕਿਉਂ ਨਹੀਂ ਹੁੰਦਾ । ਇਕ ਤਾਂ ਮੈਂ ਇਹ ਗਲ ਕਹਿਣੀ ਹੈ । ਮਿਸਾਲ ਦੇ ਤੌਰ ਤੇ ਮੇਰੇ ਜ਼ਿਲ੍ਹੇ ਪਟਿਆਲੇ ਵਿੱਚ ਹਰ ਵਾਰ ਫਲਡ ਆਉਂਦੇ ਹਨ । ਕਰੋੜਾਂ ਰੁਪਏ ਦਾ ਨੁਕਸਾਨ ਹੁੰਦਾ ਹੈ ਅਤੇ ਲੱਖਾਂ ਰੁਪਏ ਰਿਲੀਫ ਦੀ ਸ਼ਕਲ ਵਿੱਚ ਲੋਕਾਂ ਨੂੰ ਦਿੱਤੇ ਜਾਂਦੇ ਹਨ । ਉਥੇ ਤਿੰਨ ਚਾਰ ਸਾਲ ਤੋਂ ਜਿਹੜੀਆਂ ਸਕੀਮਾਂ ਮਨਜ਼ੂਰ ਹੋਈਆਂ ਪਈਆਂ ਹਨ, ਉਨ੍ਹਾਂ ਤੇ ਕੰਮ ਅਜੇ ਤਕ ਸ਼ੁਰੂ ਨਹੀਂ ਹੋਇਆ । 1972 ਵਿੱਚ ਜਦੋਂ ਇਹ ਅਸੈਂਬਲੀ ਇਲੈਕਟ ਹੋ ਕੇ ਆਈ ਤਾਂ ਜਦੋਂ ਉਥੇ ਫਲੱਡ ਆਏ ਤਾਂ ਅਸੀਂ ਉਥੇ ਗਏ ਤਾਂ ਲੋਕਾਂ ਨੇ ਕਿਹਾ ਕਿ ਫਾਈਨਾਂਸ਼ਲ ਕਮਿਸ਼ਨਰ, ਰੈਵੇਨਿਊ, ਜਿਹੜਾ ਕਿ ਉਸ ਵੇਲੇ ਮਿਸਟਰ ਗਰੇਵਾਲ ਸੀ, ਉਹ ਕੋਈ ਸਾਲ ਡੇਢ ਸਾਲ ਪਹਿਲਾਂ ਉਥੇ ਗਿਆ ਸੀ ਅਤੇ ਉਹ ਇਹ ਐਲਾਨ ਕਰ ਗਿਆ ਸੀ ਕਿ ਇਹ ਜਿਹੜਾ ਤੁਹਾਡਾ ਹੁਣ ਹਾਲ ਹੋਇਆ ਹੈ, ਇਹ ਫਿਰ ਨਹੀਂ ਹੋਵੇਗਾ । ਫਲੱਡ ਕੰਟਰੋਲ ਬੋਰਡ ਤੋਂ ਪੁੱਲ ਅਤੇ ਬੰਧ ਮਨਜ਼ੂਰ ਹੋ ਗਏ । ਕੈਬਨਿਟ ਨੇ ਵੀ ਮਨਜ਼ੂਰੀ ਦੇ ਦਿੱਤੀ । ਬਜਟ ਪ੍ਰੋਵੀਜ਼ਨ ਵੀ ਹੋ ਗਿਆ । ਅਸੀਂ ਵੀ ਉਥੇ ਉਸ ਇਲਾਕੇ ਵਿੱਚ ਜਾਂਦੇ ਰਹੇ । ਮੇਰੇ ਨਾਲ ਇੱਕ ਵਾਰੀ ਰੈਵੇਨਿਊ ਮਨਿਸਟਰ ਸਾਹਿਬ ਅਤੇ ਐਗਰੀਕਲਚਰ ਮਨਿਸਟਰ ਸਾਹਿਬ ਵੀ ਉਥੇ ਗਏ ਸਨ । ਹੋਰ ਵੀ ਕਈ ਮਨਿਸਟਰ ਮੇਰੇ ਨਾਲ ਗਏ ਹਨ । ਜਿਹੜੇ ਇਸ ਵੇਲੇ ਪਟਿਆਲੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਹਨ, ਉਨ੍ਹਾਂ ਨੇ ਵੀ ਬੜੀ ਦਲੇਰੀ ਨਾਲ ਉਥੇ ਕੰਮ ਕੀਤਾ ਹੈ । ਜਿਹੜਾ ਇਨ੍ਹਾਂ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਸੀ ਉਹ ਵੀ ਉਥੇ ਜਾਂਦਾ ਸੀ । ਜਦੋਂ ਉਥੇ ਲਈ ਸਕੀਮਾਂ ਮਨਜ਼ੂਰ ਹੋ ਗਈਆਂ ਤਾਂ ਅਸੀਂ ਲੋਕਾਂ ਨੂੰ ਯਕੀਨ ਦਿਵਾਉਂਦੇ ਰਹੇ ਕਿ ਐਤਕੀਂ ਜਿਹੜਾ ਹੋਣਾ ਸੀ ਹੋ ਗਿਆ ਅਗਲੇ ਸਾਲ ਇਹ ਨਹੀਂ ਹੋਵੇਗਾ । ਲੇਕਿਨ ਹਰ ਸਾਲ ਸਾਨੂੰ ਸ਼ਰਮਿੰਦਗੀ ਨਾਲ ਸਿਰ ਝੁਕਾਉਣਾ ਪੈਂਦਾ ਹੈ ਕਿ ਇਹ ਕੰਮ ਨਹੀਂ ਹੋ ਸਕੇ । ਫਿਊਰੀ ਆਫ ਘੱਗਰ ਮਸ਼ਹੂਰ ਹੈ । ਕੋਈ ਦਿਨ ਖਾਲੀ ਨਹੀਂ ਜਦੋਂ ਉਸ ਦਾ ਜ਼ਿਕਰ ਅਖਬਾਰਾਂ ਵਿੱਚ ਨਾ ਆਇਆ ਹੋਵੇ । ਇੱਕ ਪੁੱਲ ਜਿਹੜਾ ਇਸ ਦਰਿਆ ਤੇ ਦੇਵੀ ਗੜ੍ਹ ਤੋਂ ਬਣ ਰਿਹਾ ਹੈ, ਉਸਤੇ 4 ਸਾਲ ਤੋਂ ਜ਼ਿਆਦਾ ਮਿਆਦ ਨਹੀਂ ਸੀ ਲਗਣੀ ਲੇਕਿਨ 6 ਸਾਲ ਹੋ ਗਏ ਹਨ ਅਤੇ ਅਜੇ ਪਤਾ ਨਹੀਂ ਹੋਰ ਦੋ ਚਾਰ ਸਾਲਾਂ ਵਿੱਚ ਪੂਰਾ ਹੋਵੇਗਾ ਵੀ ਜਾਂ

** Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰੇਮ ਸਿੰਘ ਪ੍ਰੇਮ]

ਨਹੀਂ । ਇਸੇ ਤਰ੍ਹਾਂ ਟਾਂਗਰੀ ਦਰਿਆ ਦਾ ਪੁਲ ਹੈ ਜਿਸ ਤੇ ਕਿ ਕੰਮ ਇੱਕ ਸਾਲ ਵਿੱਚ ਹੀ ਖਤਮ ਹੋ ਜਾਣਾ ਸੀ ਲੇਕਿਨ ਉਸਨੂੰ ਤੀਸਰਾ ਸਾਲ ਚਲ ਰਿਹਾ ਅਤੇ ਅਜੇ ਵੀ ਅੱਧ ਵਿਚਾਲੇ ਹੈ । ਮਾਰਕੰਡਾ ਅਤੇ ਟਾਂਗਰੀ ਤੇ ਜਿਹੜੇ ਪੁਲ ਹਨ ਉਨ੍ਹਾਂ ਨੂੰ ਪਾਸ ਹੋਏ ਕਈ ਸਾਲ ਹੋ ਗਏ ਹਨ ਪਰ ਅਜੇ ਤਕ ਡਿਜ਼ਾਇਨ ਤੇ ਟੈਂਡਰ ਹੀ ਮੁਕੰਮਲ ਨਹੀਂ ਹੋਏ ।

**ਸ੍ਰੀ ਡਿਪਟੀ ਸਪੀਕਰ :** ਜਿਹੜੇ ਪਹਿਲਾਂ ਬਣੇ ਹਨ ਉਨ੍ਹਾਂ ਦੀ ਗਲ ਨਾ ਕਰੋ, ਜਿਹੜੀ ਹੁਣ ਬਾਰਸ਼ ਹੋਈ ਹੈ, ਉਸਦਾ ਜ਼ਿਕਰ ਕਰੋ ;

**ਸਰਦਾਰ ਪ੍ਰੇਮ ਸਿੰਘ ਪ੍ਰੇਮ :** ਜਿਹੜਾ ਇਨ੍ਹਾਂ ਦਾ ਹੁਣ ਨੁਕਸਾਨ ਹੋਇਆ ਹੈ ਬਾਰਸ਼ਾਂ ਨਾਲ, ਜੇ ਸਰਕਾਰ ਆਪਣੇ ਮਨਜ਼ੂਰ ਕੀਤੇ ਕੰਮਾਂ ਤੇ ਅਮਲ ਕਰਦੀ ਤਾਂ ਇਤਨਾ ਨੁਕਸਾਨ ਨਹੀਂ ਸੀ ਹੋਣਾ । ਮੈਂ ਤਾਂ ਇਹ ਕਹਾਂਗਾ ਕਿ ਮਨਿਸਟਰ ਸਾਹਿਬ ਜਵਾਬ ਦੇਣ ਕਿ ਜਿਹੜੇ ਫੈਸਲੇ ਪਹਿਲਾਂ ਹੋਏ ਸਨ, ਜਿਹੜੇ ਕੰਮ ਪਹਿਲਾਂ ਅੰਡਰਟੇਕ ਕੀਤੇ ਹਨ ਅਤੇ ਜਿਨ੍ਹਾਂ ਦਾ ਬਜਟ ਪ੍ਰੋਵੀਜ਼ਨ ਵੀ ਹੋ ਗਿਆ ਹੈ ਉਹ ਕੰਮ ਕਿਉਂ ਨਹੀਂ ਕੰਪਲੀਟ ਹੋਏ ? ਕੀ ਇਨ੍ਹਾਂ ਨੇ ਕਦੇ ਇਨਕੁਆਇਰੀ ਕੀਤੀ ਹੈ ਕਿ ਇਹ ਇਤਨੇ ਕਿਉਂ ਡਿਲੇ ਹੋਏ ਹਨ ? ਕਿਸ ਲੈਵਲ ਤੇ ਡਿਲੇ ਹੋਈ ਹੈ । ਅਸੀਂ ਕਿਹੜੇ ਮੂੰਹ ਨਾਲ ਲੋਕਾਂ ਕੋਲ ਜਾਈਏ । ਇੱਕ ਗਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਫੈਸਲੇ ਹੋ ਚੁੱਕੇ ਹਨ ਉਨ੍ਹਾਂ ਤੇ ਅਮਲ ਹੋਣਾ ਚਾਹੀਦਾ ਹੈ । ਦੂਸਰਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਗੋਂ ਵਾਸਤੇ ਇਸ ਸਾਰੀ ਚੀਜ਼ ਤੇ ਵਿਚਾਰ ਕਰਕੇ ਦੇਖਣਾ ਚਾਹੀਦਾ ਹੈ । ਜਿਸ ਤਰ੍ਹਾਂ ਡਾਂਗ ਸਾਹਿਬ ਨੇ ਕਿਹਾ ਹੈ ਇਹ ਚੀਜ਼ਾਂ ਅਵਾਇਡ ਕੀਤੀਆਂ ਜਾ ਸਕਦੀਆਂ ਸਨ ਅਗਰ ਡਰੇਨਜ਼ ਠੀਕ ਤਰੀਕੇ ਨਾਲ ਪੁੱਟੀਆਂ ਜਾਂਦੀਆਂ ।

ਡਿਪਟੀ ਸਪੀਕਰ ਸਾਹਿਬ, ਘੱਗਰ ਦਰਿਆ ਉਤੇ ਜਿਹੜੇ ਪਿੰਡ ਹਨ ਉਹ ਹਰ ਵਾਰੀ ਰੁੜ ਜਾਂਦੇ ਹਨ । ਕੁਝ ਘਰ ਢਹਿ ਜਾਂਦੇ ਹਨ । ਉਨ੍ਹਾਂ ਪਿੰਡਾਂ ਦੇ ਨਾਲ ਦਰਿਆ ਵਿੱਚ ਕੁਝ ਸਪੱਰ ਲਗਾਏ ਗਏ ਹਨ ਪਰ ਉਨ੍ਹਾਂ ਦੇ ਬਣਾਉਣ ਤੋਂ ਬਾਅਦ ਵੀ ਹੁਣ ਨੁਕਸਾਨ ਹੁੰਦਾ ਚਲਾ ਜਾ ਰਿਹਾ ਹੈ । ਮੈਂ ਇਹ ਕਹਿੰਦਾ ਹਾਂ ਕਿ ਬਜਾਏ ਇਸਦੇ ਕੋਈ ਪਿੰਡ ਰੁੜ੍ਹਨ ਲੱਗਾ ਹੋਵੇ ਜਾਂ ਇਸ ਵੇਲੇ ਰੁੜ੍ਹ ਜਾਵੇ ਉਸ ਵੇਲੇ ਸਰਕਾਰ ਜਾਗੇ, ਇਨ੍ਹਾਂ ਨੂੰ ਹੁਣ ਸਰਵੇ ਕਰਨਾ ਚਾਹੀਦਾ ਹੈ । ਜਿਥੇ ਜਿਥੇ ਘੱਗਰ ਦਰਿਆ ਲਗਦਾ ਹੈ, ਉਥੇ ਜਿਹੜੇ ਜਿਹੜੇ ਪਿੰਡ ਅਤੇ ਸੜਕਾਂ ਰੁੜ੍ਹ ਗਈਆਂ ਹਨ, ਜਿਹੜੇ ਏਰੀਆਜ਼ ਖਤਰੇ ਵਿੱਚ ਹਨ, ਉਨ੍ਹਾਂ ਦਾ ਹੁਣ ਤੋਂ ਹੀ ਸਰਵੇ ਕੀਤਾ ਜਾਵੇ । ਭਾਗਨਾ ਨਦੀ ਅਤੇ ਘੱਗਰ ਦਰਿਆ ਜੀ. ਟੀ. ਰੋਡ ਅੰਬਾਲੇ ਤੋਂ ਰਾਜਪੁਰੇ ਦੇ ਦਰਮਿਆਨ ਜਿਥੇ ਘੱਗਰ ਦਾ ਪੁੱਲ ਹੈ, ਉਤਲੇ ਪਾਸੇ ਇਸ ਸਾਈਡ ਤੇ ਬੰਧ ਬਣਿਆਂ ਹੋਇਆ ਹੈ । ਉਹ ਬੰਧ ਬਣਵਾ ਲਿਆ । ਇਸ ਦੀ ਬੈਕਗਰਾਊਂਡ ਵਿੱਚ ਮੈਂ ਨਹੀਂ ਜਾਂਦਾ । ਜੀ. ਟੀ. ਰੋਡ ਤੋਂ ਨਨਹੇੜੀ ਤਕ ਜੇ ਉਹ ਨਾਂ ਐਕਸਟੈਂਡ ਕੀਤਾ ਜਾਵੇ ਤਾਕਿ ਉਥੇ ਡਰੇਨ ਨਾ ਬਣਾਈ ਜਾਵੇ ਤਾਂ ਉਹ 15, 20 ਪਿੰਡ ਅਗਲੀ ਵਾਰੀ ਨਜ਼ਰ ਨਹੀਂ ਆਉਣਗੇ । ਮੈਂ ਇਹ ਗਲ ਸਰਕਾਰ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ (ਘੰਟੀ) ਜਿਹੜੇ ਫੈਸਲੇ ਸਰਕਾਰ ਨੇ ਪਹਿਲਾਂ ਕੀਤੇ ਹਨ ਉਨ੍ਹਾਂ ਤੇ ਅਮਲ ਕੀਤਾ ਜਾਵੇ ਤਾਕਿ ਅਗਲੇ ਸਾਲ ਫਿਰ ਇਹ ਖਤਰਾ ਲੋਕਾਂ ਨੂੰ ਨਾ ਹੋਵੇ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

(ਇਸ ਸਮੇਂ ਕਈ ਆਨਰੇਬਲ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋਏ ਪਰ ਸ੍ਰੀ ਡਿਪਟੀ ਸਪੀਕਰ ਨੇ ਚੌਧਰੀ ਕਾਂਸ਼ੀ ਰਾਮ ਨੂੰ ਬੋਲਣ ਦੀ ਆਗਿਆ ਦਿੱਤੀ ।)

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਤ ਰਾਮ** : ਡਿਪਟੀ ਸਪੀਕਰ ਸਾਹਿਬ, ਮੈਨੂੰ ਵੀ ਬੋਲਣ ਲਈ ਟਾਈਮ ਦਿਓ ।

**ਸ੍ਰੀ ਡਿਪਟੀ ਸਪੀਕਰ** : ਤੁਹਾਨੂੰ ਵੀ ਟਾਈਮ ਮਿਲੇਗਾ । ਤੁਹਾਡੇ ਬਾਅਦ ਸਰਦਾਰ ਸਾਧੂ ਸਿੰਘ ਨੂੰ ਵੀ ਟਾਈਮ ਮਿਲੇਗਾ ।

**ਚੌਧਰੀ ਕਾਂਸ਼ੀ ਰਾਮ (ਫਾਜ਼ਿਲਕਾ)** : ਡਿਪਟੀ ਸਪੀਕਰ ਸਾਹਿਬ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਫਿਰੋਜ਼ਪੁਰ ਵਿਚ ਇਨ੍ਹਾਂ ਬਾਰਿਸ਼ਾਂ ਵਿਚ, ਬੜੀ ਜ਼ਬਰਦਸਤ ਬਾਰਿਸ਼ ਹੋਣ ਕਰਕੇ ਇੰਨਾਂ ਨੁਕਸਾਨ ਹੋਇਆ ਹੈ ਕਿ ਇਹ ਇਲਾਕੇ ਪਾਣੀ ਵਿਚ ਡੁਬ ਗਏ ਹਨ । ਜ਼ਿਲ੍ਹਾ ਫਿਰੋਜ਼ਪੁਰ ਵਿਚ ਤਾਂ, ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਰਹਿੰਦੇ ਹੋ, ਉਥੇ ਤਾਂ ਕੰਮ ਪੂਰਾ ਹੀ ਹੋ ਗਿਆ ਹੈ । ਫਿਰੋਜ਼ਪੁਰ ਜ਼ਿਲ੍ਹੇ ਵਿਚ 1,100 ਪਿੰਡ ਹਨ ਜਿਨ੍ਹਾਂ ਵਿਚੋਂ 900 ਪਿੰਡ ਫਲੱਡ ਦੀ ਲਪੇਟ ਵਿਚ ਆ ਗਏ ਹਨ, ਸਿਰਫ 200 ਪਿੰਡ ਬਚੇ ਹਨ ਜਿਹੜੇ ਕਿ ਚੌਧਰੀ ਬਲਰਾਮ ਜੀ ਦੀ ਸਬ-ਤਹਿਸੀਲ ਵਿਚ ਆਉਂਦੇ ਹਨ । ਤਕਰੀਬਨ ਇਕੋ ਹੀ ਸੀਜ਼ਨ ਵਿਚ ਫਿਰੋਜ਼ਪੁਰ ਵਿਚ 40-42 ਇੰਚ ਬਾਰਿਸ਼ ਹੋਈ ਅਤੇ ਇਹ ਅਨਪਰੇਸੀਡੈਂਟਿਡ ਹੈ ।

ਦੂਜੀ ਗੱਲ ਇਹ ਹੈ ਕਿ ਮਝੈਲ ਦੇ ਇਲਾਕੇ ਦੇ ਲੋਕ ਜਿਹੜੇ ਕਿ ਰਾਵੀ ਅਤੇ ਸਤਲੁਜ ਦੇ ਨਾਲ ਨਾਲ ਰਹਿੰਦੇ ਹਨ, ਉਹ ਤਾਂ ਤਰਨਾ ਜਾਣਦੇ ਹਨ, ਪਰ ਅਸੀਂ ਤਾਂ ਬਾਗੜੀ ਹਾਂ ਅਤੇ ਤਰਨਾਂ ਨਹੀਂ ਜਾਣਦੇ, ਅਸੀਂ ਤਾਂ ਊਠ ਦੀ ਪਿੱਠ ਤੇ ਚੜ੍ਹਦੇ ਹਾਂ, ਊਠ ਦਾ ਪੈਰ ਤਿਲਕਿਆ ਤਾਂ ਬਾਗੜੀ ਭੱਜ ਗਿਆ (ਹਾਸਾ) ਸਾਨੂੰ ਬੜੀ ਮੁਸੀਬਤ ਹੈ । ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਫਾਜ਼ਿਲਕਾ ਦੇ 40 ਪਿੰਡਾਂ ਵਿਚ ਪਾਣੀ ਹੀ ਪਾਣੀ ਹੋ ਗਿਆ ਹੈ ਅਤੇ ਝੋਨੇ ਦੀ ਅਤੇ ਕਪਾਹ ਦੀ ਫਸਲਾਂ ਨੂੰ ਬਹੁਤ ਨੁਕਸਾਨ ਹੋਇਆ ਹੈ, ਸਾਰੀ ਫਸਲ ਤਬਾਹ ਹੋ ਚੁਕੀ ਹੈ । ਜੋ ਰਿਲੀਫ ਲੋਕਾਂ ਨੂੰ ਮਿਲਣਾ ਹੈ, ਉਹ ਬਹੁਤ ਨਾਕਾਫੀ ਹੈ, ਇਹ ਜ਼ਿਆਦਾ ਹੋਣਾ ਚਾਹੀਦਾ ਹੈ । ਦੋ ਕਰੋੜ ਰੁਪਿਆ ਫਲੱਡ ਰਿਲੀਫ ਵਾਸਤੇ ਗੌਰਮਿੰਟ ਨੇ ਰਖਿਆ ਹੈ ਜਿਸ ਨੂੰ ਵੇਖਕੇ ਬਹੁਤ ਮਾਯੂਸੀ ਹੁੰਦੀ ਹੈ । ਜਿਥੇ ਕਿਤੇ ਤਾਂ ਗੜੇ ਪਏ ਉਥੇ ਤਾਂ 8 ਕਰੋੜ ਰੁਪਏ ਦੀ ਰਿਲੀਫ ਸਰਕਾਰ ਨੇ ਕਰਾਪ ਕੰਪੈਨਸੇਸ਼ਨ ਵੰਡਣ ਵਾਸਤੇ ਦਿਤੀ ਪਰ ਹੁਣ ਜਿਥੇ ਮੁਕੰਮਲ ਤੌਰ ਤੇ ਜਿਹੜੇ ਇਲਾਕੇ ਪਾਣੀ ਵਿਚ ਡੁਬ ਗਏ ਹਨ, ਉਨ੍ਹਾਂ ਲਈ ਕੰਪੈਨਸੇਸ਼ਨ ਬਹੁਤ ਥੋੜ੍ਹਾ ਰੱਖਿਆ ਗਿਆ ਹੈ । ਮੈਂ ਸਮਝਦਾ ਹਾਂ ਕਿ ਸਰਕਾਰ ਦੀਆਂ ਕੁਝ ਮਜਬੂਰੀਆਂ ਹਨ ਪਰ ਨਾਲ ਹੀ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਤਾਂ ਗੜੇ ਪਏ ਤਾਂ ਤੇ ਸਾਡੇ ਮੁੱਖ ਮੰਤਰੀ ਜੀ ਘੋੜੇ ਤੇ ਚੜ੍ਹ ਕੇ ਗਏ ਸਨ । ਪਰ ਜਦੋਂ ਫਲੱਡ ਆਏ ਹਨ ਤਾਂ ਉਹ ਅੱਜ ਹਵਾ ਵਿਚ ਉੜ ਕੇ ਗਏ ਹਨ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਕਰਾਪ ਕੰਪੈਨਸੇਸ਼ਨ ਦਾ ਰਿਲੀਫ ਨਹੀਂ ਦੇਵੋਗੇ ਤਾਂ ਠੀਕ ਨਹੀਂ ਹੈ । ਇਸ ਤਰ੍ਹਾਂ ਲੋਕਾਂ ਨੂੰ ਸਬਸਿਡਾਈਜ਼ਡ ਆਟੇ ਦੀਆਂ ਰੋਟੀਆਂ ਮੰਗ ਮੰਗ ਕੇ ਖੁਆਉਣ ਨਾਲ ਗਲ ਨਹੀਂ ਬਣਦੀ । ਪਿੰਡਾਂ ਵਿਚ ਬਿਲਕੁਲ ਐਗਰੀਕਲਚਰਲ ਇਕਾਨੋਮੀ ਹੈ ਅਤੇ ਐਗਰੀਕਲਚਰ ਤੇ ਡਿਪੈਂਡ ਕਰਦੀ ਹੈ । ਜੇ ਖੇਤੀ ਕਰਨ ਵਾਲੇ ਦਾ ਕੁਝ ਨਾ ਬਣੇ ਤਾਂ ਜਿਹੜੇ ਉਸਤੇ ਡਿਪੈਂਡ ਕਰਦੇ ਹਨ, ਉਨ੍ਹਾਂ ਨੂੰ ਫੂਡ ਵਗੈਰਾ ਕਿਥੋਂ ਦਿਤਾ ਜਾਵੇਗਾ । (ਘੰਟੀ) ਡਿਪਟੀ ਸਪੀਕਰ ਸਾਹਿਬ, ਸਿਰਫ ਦੋ ਮਿੰਟ ਹੀ ਲਵਾਂਗਾ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਕ ਡ੍ਰੇਨ ਸੀਵਰੇ ਫ਼ਾਜ਼ਿਲਕਾ ਵਿਚ ਹੈ ਅਤੇ ਇਕ ਕੋਰੀਆਵਾਲ ਅਤੇ ਬੀਜ਼ਾਵਾਲੀ ਡ੍ਰੇਨਜ਼ ਹਨ ਅਤੇ ਇਹ ਬੜੀਆਂ ਟੁਟੀਆਂ ਭੱਜੀਆਂ ਹੋਈਆਂ ਹਨ । ਇਨ੍ਹਾਂ ਨੂੰ ਵੇਖਣ ਤੋਂ ਇਰੀਗੇਸ਼ਨ ਡਿਪਾਰਟਮੈਂਟ ਦੀ ਐਫੀਸ਼ੈਂਸੀ

Original with;
Punjab Vidhan Sabha
Digitized by;
Panjab Digital Library

[ਚੌਧਰੀ ਕਾਂਸ਼ੀ ਰਾਮ]

ਦਾ ਪਤਾ ਲਗਦਾ ਹੈ । ਇਰੀਗੇਸ਼ਨ ਮਹਿਕਮੇ ਨੇ ਉਨ੍ਹਾਂ ਸੜਕਾਂ ਤੇ ਕੋਈ ਕਲਵਰਟਸ ਨਹੀਂ ਬਣਾਏ ਅਤੇ ਨਾ ਹੀ ਇਸ ਕੰਮ ਵਿਚ ਪੀ. ਡਬਲਿਊ. ਡੀ. ਅਤੇ ਇਰੀਗੇਸ਼ਨ ਦੇ ਮਹਿਕਮੇ ਦੀ ਕੋਈ ਕੋਆਰਡੀਨੇਸ਼ਨ ਹੈ । ਪਿਛਲੇ ਸਾਲ ਬੜੀਆਂ ਥੋੜ੍ਹੀਆਂ ਜਿਹੀਆਂ ਬਾਰਸ਼ਾਂ ਅਰਥਾਤ 16—18 ਇੰਚ ਹੋਈਆਂ ਸਨ ਤਾਂ ਵੀ ਅਸੀਂ ਡੁਬ ਗਏ ਸੀ । ਉਦੋਂ ਮੈਂ ਬੜਾ ਰੌਲਾ ਪਾਇਆ ਕਿ ਸੜਕਾਂ ਦੇ ਉਤੇ ਕਲਵਰਟਸ ਬਣਾਏ ਜਾਣ ਲੇਕਿਨ ਨਹੀਂ ਬਣੇ । ਇਥੋਂ ਤਕ ਕਿ ਉਨ੍ਹਾਂ ਡ੍ਰੇਨਾਂ ਨੂੰ ਕਦੇ ਸਾਫ ਤਕ ਨਹੀਂ ਕੀਤਾ ਗਿਆ ਅਤੇ ਇਸ ਦਾ ਨਤੀਜਾ ਇਹ ਹੈ ਕਿ ਪਾਨੀ ਹੈਲਡ-ਅਪ ਹੋ ਜਾਂਦਾ ਹੈ ਅਤੇ ਲੋਕਾਂ ਦਾ ਬਹੁਤ ਨੁਕਸਾਨ ਹੁੰਦਾ ਹੈ । ਉਨ੍ਹਾਂ ਡ੍ਰੇਨਜ਼ ਨੂੰ ਟੈਕਨੋਕਰੈਟਸ ਕੰਟੂਰ ਕਹਿੰਦੇ ਹਨ ਜਾਂ ਲੈਵਲ ਕਰਨਾ ਕਹਿ ਲਵੋ, ਉਸ ਕੰਮ ਨੂੰ ਅਜੇ ਤਕ ਨਹੀਂ ਕੀਤਾ ਗਿਆ । ਇਸ ਦੇ ਨਾਲ ਹੀ ਈਸਟਰਨ ਕੈਨਾਲ ਦਾ ਜਿਹੜਾ ਏਰੀਆ ਹੈ, ਜਿਹੜੀ ਕਿ ਜ਼ਿਲ੍ਹਾ ਫਿਰੋਜ਼ਪੁਰ ਨੂੰ ਸੈਰਾਬ ਕਰਦੀ ਹੈ, ਉਸ ਦੇ ਨਾਲ ਉਥੇ ਬੀਕਾਨੇਰ ਜਾਂ ਗੰਗ ਕੈਨਾਲ ਵੀ ਜਾਂਦੀਆਂ ਹਨ । ਗੰਗ ਕੈਨਾਲ ਗੰਗਾ ਨਗਰ ਨੂੰ ਜਾਂਦੀ ਹੈ । ਇਸ ਤਰ੍ਹਾਂ ਨਾਲ ਅਸੀਂ ਡਿਪਰੇਸ਼ਨ ਏਰੀਆ ਵਿਚ ਰਹਿੰਦੇ ਹਾਂ । ਈਸਟਰਨ ਕੈਨਾਲ ਸਾਰੀ ਦੀ ਸਾਰੀ ਕੱਚੀ ਹੈ ਅਤੇ ਪਾਣੀ ਤਕਰੀਬਨ ਇਕ ਫੁਟ ਹੇਠਾਂ ਹੈ ਅਤੇ ਉਥੇ ਦੀ ਮਿੱਟੀ ਦਲਦਲ ਹੈ । ਇਸ ਕਰਕੇ ਇਸ ਦੇ ਉਤੇ ਕਲਵਰਟਸ ਬਣਾਉਣੀਆਂ ਚਾਹੀਦੀਆਂ ਹਨ ਤਾਂ ਜੋ ਸਾਰੇ ਦਿਹਾਤਾਂ ਨੂੰ ਸਹੂਲਤ ਹੋਵੇ । ਪਹਿਲਾਂ ਇਕ ਦਫਾ ਇਹ ਪਲੈਨਿੰਗ ਕੀਤੀ ਅਤੇ ਇਹ ਫੈਸਲਾ ਕੀਤਾ ਕਿ ਪੰਜਾਬ ਦੇ ਪਾਣੀ ਨੂੰ ਯੂਟੇਲਾਈਜ਼ ਕੀਤਾ ਜਾਵੇ ਅਤੇ ਟੈਕਨੋਕ-ਰੈਟਸ ਦਾ ਇਹ ਸਲੋਗਨ ਸੀ ਕਿ ਸਾਰੀਆਂ ਡਿਸਟਰੀਬਿਊਟਰੀਆਂ ਅਤੇ ਖਾਲਾਂ ਨੂੰ ਪੱਕਾ ਕੀਤਾ ਜਾਵੇ । ਇਨ੍ਹਾਂ ਆਰਗੂਮੈਂਟਸ ਦੇ ਨਾਲ ਫਾਈਨੈਂਸ ਮਨਿਸਟਰ ਅਤੇ ਫਾਈਨੈਂਸ ਸੈਕਟਰੀ ਨੂੰ ਕਨਵਿਨਸ ਕਰ ਲਿਆ ਗਿਆ ਕਿ 33% ਸੇਵਿੰਗ ਹੋ ਜਾਵੇਗੀ । ਇਥੇ ਮੈਂ ਗਲ ਸੁਣਾਉਣਾ ਚਾਹੁੰਦਾ ਹਾਂ ਕਿ ਇਕ ਬਾਰੀ ਇਕ ਬਣੀਆ ਘਿਉ ਊਠ ਤੇ ਲੱਦੀ ਜਾ ਰਿਹਾ ਸੀ । ਊਠ ਥੱਕ ਗਿਆ ਤੇ ਉਸ ਨੂੰ ਇਕ ਸੇਠ ਨੇ ਕਿਹਾ ਕਿ ਊਠ ਥੱਕ ਗਿਆ ਹੈ, ਬੈਠ ਜਾ । ਉਸ ਬਣਿਏ ਨੇ ਕਿਹਾ ਕਿ ਤੈਨੂੰ ਊਠ ਦੀ ਪਈ ਹੈ । ਅਤੇ ਮੈਨੂੰ ਘਿਉ ਦੀ ਪਈ ਹੈ । ਇਨ੍ਹਾਂ ਨੇ ਸੋਚਿਆ ਕਿ ਵੱਧ ਤੋਂ ਵੱਧ ਇਰੀਗੇਸ਼ਨ ਵਾਸਤੇ ਪਾਣੀ ਮਿਲ ਜਾਵੇਗਾ ਲੇਕਿਨ ਡਰੇਨਾਂ ਦੀ ਤਰਫ ਧਿਆਨ ਕੋਈ ਨਹੀਂ ਦਿਤਾ ਬਲਕਿ ਉਨ੍ਹਾਂ ਨੂੰ ਕਦੇ ਸਾਫ ਵੀ ਨਹੀਂ ਕੀਤਾ । ਇਕ ਸੁਪਰਡੰਟ ਇੰਜੀਨੀਅਰ, ਮਿਸਟਰ ਮੋਹਿੰਦਰੂ ਸੀ, ਉਸ ਨਾਲ ਇਕ ਮੀਟਿੰਗ ਹੋਈ ਜਿਸ ਵਿਚ ਐਸ.ਡੀ.ਐਮ. ਤੇ ਡੀ.ਸੀ. ਵੀ ਸਨ । ਉਥੇ ਸੁਪਰਡੰਟ ਇੰਜੀਨੀਅਰ ਨੇ ਕਿਹਾ ਕਿ ਸਾਡੇ ਕੋਲ ਫੰਡ ਨਹੀਂ ਹਨ, ਉਹ ਬੜਾ ਭਲਾ ਮਾਣਸ ਆਦਮੀ ਸੀ, ਸਾਫ ਗੱਲ ਦੱਸ ਦਿਤੀ । ਮੈਂ ਸਮਝਦਾ ਹਾਂ ਕਿ ਜਦੋਂ ਤਕ ਫੰਡ ਹੀ ਨਾ ਹੋਣ ਉਦੋਂ ਤਕ ਕਿਸੇ ਸਰਕਲ ਨੂੰ ਐਸਟੈਬਲਿਸ਼ ਹੀ ਨਹੀਂ ਕਰਨਾ ਚਾਹੀਦਾ । ਡਰੇਨਾ ਵਿਚ ਤਾਂ ਕਿਕਰਾਂ ਉੱਗੀਆਂ ਹੋਈਆਂ ਹਨ ਅਤੇ ਸਾਫ ਕਦੇ ਨਹੀਂ ਕੀਤੀਆਂ ਜਾਂਦੀਆਂ ।

**ਚੌਧਰੀ ਦਰਸ਼ਨ ਸਿੰਘ :** ਦਰੱਖਤ ਲਾਏ ਹੋਏ ਹਨ । (ਹਾਸਾ)

**ਚੌਧਰੀ ਕਾਂਸ਼ੀ ਰਾਮ :** ਜਲਾਲਾਬਾਦ, ਚਾਂਦ ਭਾਨ ਡਰੇਨ ਵੀ ਹੈ । ਉਥੇ ਰੇਲਵੇ ਦਾ ਹੇਠਾਂ ਪੁਲ ਬਣਿਆ ਹੋਇਆ ਹੈ ਅਤੇ ਅਗਲੇ ਪਾਸੇ ਫਿਰ ਪੁਲ ਬਣਿਆ ਹੋਇਆ ਹੈ । ਇਹ ਡਰੇਨਾਂ ਚੋਕ ਹੋਈਆਂ ਪਈਆਂ ਹਨ । ਇਨ੍ਹਾਂ ਸ਼ੇਰਾਂ ਨੇ ਕੀ ਲੋਕਾਂ ਨੂੰ ਬਚਾਉਣ ਦਾ ਪ੍ਰਬੰਧ ਕਰਨਾ ਹੈ ? ਡਿਪਟੀ ਸਪੀਕਰ ਸਾਹਿਬ, ਜਿਹੜੀ ਗੰਗ ਕੈਨਾਲ ਹੈ, ਉਹ ਆਊਟ ਆਫ

Original with;
Punjab Vidhan Sabha
Digitized by;
Panjab Digital Library

ਡੇਟ ਹੋ ਚੁਕੀ ਹੈ ਅਤੇ ਉਸ ਦਾ ਡਿਸਚਾਰਜ 2700 ਕਿਊਸਿਕਸ ਹੈ ਅਤੇ ਇਸ ਵਿਚ ਅਗੇ ਹੀ ਪਾਣੀ ਫਾਲਤੂ ਹੈ ਅਤੇ ਹੋਰ ਵਾਧੂ ਇਸ ਵਿਚ ਪਾਣੀ ਚਲਾ ਜਾਂਦਾ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਵਾਟਰਲਾਗਿੰਗ ਹੋ ਜਾਂਦੀ ਹੈ। (ਘੰਟੀ)

**ਚੌਧਰੀ ਸੁੰਦਰ ਸਿੰਘ** : ਇਨ੍ਹਾਂ ਨੇ ਕਿਹਾ ਕਿ ਸ਼ੇਰਾ ਨੇ ਕੁਝ ਨਹੀਂ ਕੀਤਾ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਇਹ ਕਿਉਂ ਨਹੀਂ ਕਿਹਾ ਕਿ ਹਾਏ ਹਾਏ ਸ਼ੇਰਾ।

**ਚੌਧਰੀ ਕਾਂਸ਼ੀ ਰਾਮ** : ਇਨ੍ਹਾਂ ਇਕ ਟਿਊਬਵੈਲ ਕਾਰਪੋਰੇਸ਼ਨ ਬਣਾਈ ਹੈ। ਪਲੈਨ ਬਣ ਜਾਂਦਾ ਹੈ, ਉਸ ਦੀ ਮਨਜ਼ੂਰੀ ਵੀ ਹੋ ਜਾਂਦੀ ਹੈ। ਟਿਊਬਵੈਲ ਕਾਰਪੋਰੇਸ਼ਨ ਦਾ ਕੰਮ ਹੈ ਕਿ ਟਿਊਬਵੈਲ ਸਿੰਕ ਕੀਤੇ ਜਾਣ, ਲੇਕਿਨ ਪੈਸੇ ਬਿਨਾਂ ਇਸ ਕਾਰਪੋਰੇਸ਼ਨ ਦਾ ਕੀ ਫਾਇਦਾ ਜਦੋਂਕਿ ਪੈਸੇ ਦੀ ਕਮੀ ਕਰਕੇ ਇਹ ਟਿਊਬਵੈਲ ਹੀ ਨਾ ਲਗਾ ਸਕੇ। ਮੈਨੂੰ ਸਮਝ ਨਹੀਂ ਆਉਂਦੀ ਕਿ ਐਨੇ ਇੰਟੈਲੀਜੈਂਟ ਅਫ਼ਸਰ ਫਟਾ ਫਟ ਘੇਸ ਕਿਵੇਂ ਪਾ ਦਿੰਦੇ ਹਨ। ਇਹ ਨਹੀਂ ਵੇਖਦੇ ਕਿ ਇਸ ਨਾਲ ਵਾਟਰ ਲੌਗਿੰਗ ਹੋਰ ਵਧੇਗੀ। ਇਸ ਲਈ ਮੈਂ ਤਾਂ ਇਹ ਕਹਿੰਦਾ ਹਾਂ ਕਿ ਸਰਦੀਆਂ ਵਿਚ ਤਾਂ ਉਹ ਨਹਿਰ ਬਿਲਕੁਲ ਨਹੀਂ ਚਲਣੀ ਚਾਹੀਦੀ। ਇਸ ਦੇ ਲਈ ਮੈਂ ਇਕ ਹੋਰ ਸੁਝਾਵ ਦੇਵਾਂਗਾ ਕਿ ਜੇ ਮਨਿਸਟਰ ਸਾਹਿਬ ਥੋੜੀ ਜਿਹੀ ਖੇਚਲ ਕਰਕੇ ਇਸ ਬਾਰੇ ਰਾਜਿਸਥਾਨ ਸਰਕਾਰ ਨਾਲ ਗੱਲਬਾਤ ਕਰਨ ਤਾਂ ਇਹ ਉਨ੍ਹਾਂ ਨਾਲ ਮਿਲਕੇ ਬੀਕਾਨੇਰ ਕੈਨਾਲ ਅਤੇ ਇਸਟਰਨ ਕੈਨਾਲ ਨੂੰ ਇਕੱਠਾ ਕਰਕੇ ਲਾਈਨਿੰਗ ਵੀ ਕਰ ਸਕਦੇ ਹਨ, ਸ਼ਾਇਦ ਉਹ ਇਸ ਵਾਸਤੇ ਤਿਆਰ ਵੀ ਹੋ ਜਾਣ। ਇਸ ਦੇ ਨਾਲ ਅਸੀਂ ਇਸ ਤਬਾਹੀ ਤੋਂ ਬਚ ਸਕਦੇ ਹਾਂ।

ਮੈਂ ਤਾਂ ਸਮਝਦਾ ਹਾਂ ਕਿ ਇਸ ਏਰੀਏ ਨੂੰ ਇਸ ਤਬਾਹੀ ਤੋਂ ਬਚਾਉਣ ਲਈ ਵਾਟਰ ਲੈਵਲ ਨੂੰ ਨੀਵਾਂ ਲਿਆਇਆ ਜਾਵੇ। ਜਿਨ੍ਹਾਂ ਲੋਕਾਂ ਦੇ ਮਕਾਨ ਢਹਿ ਗਏ ਹਨ, ਇਸਦੇ ਬਾਰੇ ਡਾਂਗ ਸਾਹਿਬ ਨੇ ਬਹੁਤ ਕੁਝ ਦਸਿਆ ਹੈ, ਇਸ ਦੇ ਵਾਸਤੇ ਜਿਹੜੇ ਇਹ 50 ਰੁਪਏ ਜਾਂ 100 ਰੁਪਏ ਦੇ ਰਹੇ ਹਨ ਇਸ ਨਾਲ ਉਨ੍ਹਾਂ ਦਾ ਕੁਝ ਨਹੀਂ ਬਣਨਾ। ਇਸ ਦੇ ਨਾਲ ਤਾਂ ਉਨ੍ਹਾਂ ਨੇ ਜਿਹੜੇ ਪਾਣੀ ਕਢਣ ਵਾਸਤੇ ਪੰਪ ਲਾਏ ਹਨ ਉਨ੍ਹਾਂ ਵਾਸਤੇ ਤੇਲ ਦਾ ਖਰਚਾ ਵੀ ਪੂਰਾ ਨਹੀਂ ਹੁੰਦਾ। ਇਸ ਲਈ ਇਹ ਮਦਦ ਉਨ੍ਹਾਂ ਦੀ ਵੱਧਣੀ ਚਾਹੀਦੀ ਹੈ। ਇਕ ਗੱਲ ਇਥੇ ਮੈਂ ਹੋਰ ਕਹਾਂ ਕਿ ਇਹ ਰੀਲੀਫ ਦੇਣ ਵਿਚ ਪਿੰਡਾਂ ਅਤੇ ਸ਼ਹਿਰਾਂ ਵਿਚ ਵਿਤਕਰਾ ਨਹੀਂ ਕਰਨਾ ਚਾਹੀਦਾ।

ਇਥੇ ਕਾਲੋਨਾਈਜ਼ੇਸ਼ਨ ਮਹਿਕਮੇ ਦੇ ਮਨਿਸਟਰ ਸਾਹਿਬ ਵੀ ਬੈਠੇ ਹਨ। ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਮੇਰੇ ਇਲਾਕੇ ਵਿਚ ਇਕ ਗਰੇਨ ਮਾਰਕੀਟ ਬਣਨੀ ਸੀ ਅਤੇ ਉਸ ਵਾਸਤੇ ਪਲਾਟ ਨੀਲਾਮ ਕੀਤੇ ਗਏ। ਜਿਨ੍ਹਾਂ ਨੇ ਪਲਾਟ ਲਏ ਉਹ ਉਥੇ ਕੋਈ ਦੁਕਾਨਾਂ ਨਹੀਂ ਪਾ ਸਕਦੇ। ਉਥੇ ਤਾਂ ਪਾਣੀ ਖੜ੍ਹਾ ਹੈ। ਪਰ ਉਨ੍ਹਾਂ ਨੇ ਜਿਹੜੇ ਇਸ ਦੇ ਪੈਸੇ ਦੇਣੇ ਹਨ ਉਸ ਤੇ ਤਾਂ ਵਿਆਜ ਲਗ ਰਿਹਾ ਹੈ। ਇਸ ਦੇ ਲਈ ਮੈਂ ਇਹ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੂੰ ਇਸ ਤੋਂ ਮਾਫੀ ਦੇਣੀ ਚਾਹੀਦੀ ਹੈ। ਉਨ੍ਹਾਂ ਲੋਕਾਂ ਦੀ ਹਾਲਤ ਤਾਂ ਪਹਿਲੇ ਹੀ ਬਹੁਤ ਖਰਾਬ ਹੈ। ਜੇ ਇਹ ਮਾਫ ਨਾ ਕੀਤਾ ਤਾਂ ਉਨ੍ਹਾਂ ਦੀ ਹਾਲਤ ਬਹੁਤ ਹੀ ਬੁਰੀ ਹੋਵੇਗੀ।

ਇਕ ਗੱਲ ਮੈਂ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਲੋਕਾਂ ਦੀਆਂ ਜਿਨ੍ਹਾਂ ਦੀਆਂ ਫਸਲਾਂ ਹੜ੍ਹਾਂ ਨਾਲ ਮਾਰੀਆਂ ਗਈਆਂ ਹਨ ਉਨ੍ਹਾਂ ਨੂੰ ਕੰਪੈਨਸੇਸ਼ਨ ਜ਼ਰੂਰੀ ਦੇਣੀ ਚਾਹੀਦੀ ਹੈ। ਲੋਕ

Original with;
Punjab Vidhan Sabha
Digitized by;
Panjab Digital Library

[ਚੌਧਰੀ ਕਾਂਸ਼ੀ ਰਾਮ]

ਤਾਂ ਇਹ ਕਹਿੰਦੇ ਹਨ ਕਿ ਜਦੋਂ ਹੇਲ ਸਟਾਰਮ ਹੋਇਆ ਤਾਂ ਜਿਨ੍ਹਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਸੀ ਉਨ੍ਹਾਂ ਨੂੰ 300 ਰੁਪਏ ਏਕੜ ਦੇ ਹਿਸਾਬ ਨਾਲ ਕੰਪਨਸੇਸ਼ਨ ਦਿੱਤਾ ਗਿਆ ਪਰ ਹੁਣ ਜਦੋਂ ਪਾਣੀ ਨਾਲ ਮੌਤ ਆਈ ਹੈ ਤਾਂ ਕੁਝ ਵੀ ਨਹੀਂ ਮਿਲ ਰਿਹਾ। ਪਾਣੀ ਦੀ ਮੌਤ ਮਰਨ ਨਾਲੋਂ ਤਾਂ ਚੰਗਾ ਹੈ ਕਿ ਉਹ ਮੌਤ ਮਰੀ ਜਾਵੇ। ਇਸ ਲਈ ਮੇਰੀ ਸਰਕਾਰ ਨੂੰ ਇਹ ਬਨਤੀ ਹੈ ਕਿ ਉਨ੍ਹਾਂ ਲੋਕਾਂ ਨੂੰ ਕਰਾਪ ਦਾ ਕੰਪਨਸੇਸ਼ਨ ਜ਼ਰੂਰ ਮਿਲਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਲੋਕਾਂ ਦਾ ਕੁਝ ਫਾਇਦਾ ਹੋ ਸਕੇ।

**ਸਰਦਾਰ ਸਾਧੂ ਸਿੰਘ** (ਸੁਲਤਾਨਪੁਰ) : ਡਿਪਟੀ ਸਪੀਕਰ ਸਾਹਿਬ, ਇਸ ਸਾਲ ਬਾਰਸ਼ਾਂ ਨੇ ਪਿਛਲੇ ਸਾਰੇ ਰਿਕਾਰਡ ਮਾਤ ਕਰ ਦਿੱਤੇ ਹਨ।

**ਸ਼੍ਰੀ ਡਿਪਟੀ ਸਪੀਕਰ :** ਸਰਦਾਰ ਗੁਰਮੇਜ ਸਿੰਘ ਜੀ, ਇਸ ਤੋਂ ਬਾਅਦ ਤੁਸੀਂ ਤਿਆਰ ਰਹਿਣਾ।

**ਸਰਦਾਰ ਸਾਧੂ ਸਿੰਘ** : ਮੇਰੇ ਹਲਕੇ ਸੁਲਤਾਨਪੁਰ ਡਵੀਜ਼ਨ ਅਤੇ ਕਪੂਰਥਲੇ ਬਲਾਕ ਦੇ ਪਿੰਡਾਂ ਵਿਚ ਤਕਰੀਬਨ 50 ਪਿੰਡ ਪਾਣੀ ਨਾਲ ਘਿਰੇ ਹੋਏ ਹਨ ਅਤੇ ਉਨ੍ਹਾਂ ਪਿੰਡਾਂ ਵਿਚ ਆਉਣ ਜਾਣ ਲਈ ਕੋਈ ਸਾਧਨ ਨਹੀਂ ਸਿਵਾਏ ਬੇੜੀਆਂ ਦੇ। ਉਥੇ 3,4 ਬੇੜੀਆਂ ਲਗੀਆਂ ਹਨ ਅਤੇ ਉਨ੍ਹਾਂ ਤੇ ਹੀ ਜੇ ਕਿਸੇ ਨੇ ਕੋਈ ਸਮਾਨ ਲੈ ਜਾਣਾ ਹੋਵੇ ਤਾਂ ਉਸ ਤੇ ਹੀ ਲੈ ਜਾਂਦਾ ਹੈ। ਸਾਡੇ ਹਲਕੇ ਦੇ ਡਿਪਟੀ ਕਮਿਸ਼ਨਰ ਅਤੇ ਐਸ.ਡੀ.ਓ. ਨੇ ਫਲੱਡਡ ਏਰੀਏ ਦੇ ਕਈ ਵਾਰ ਦੌਰੇ ਕੀਤੇ ਹਨ ਔਰ ਉਨ੍ਹਾਂ ਨੂੰ ਪਤਾ ਹੈ ਕਿ ਉਥੇ ਲੋਕਾਂ ਦਾ ਕੀ ਹਾਲ ਹੈ। ਸਭ ਤੋਂ ਵਡੀ ਬਦਕਿਸਮਤੀ ਸਾਡੀ ਇਹ ਹੈ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਵੀ ਜਿਹੜੀਆਂ ਬਾਰਸ਼ਾਂ ਹੁੰਦੀਆਂ ਹਨ ਉਸ ਦਾ ਪਾਣੀ ਵੀ ਚੋਆਂ ਦੇ ਰਾਹੀਂ ਸਾਡੇ ਜ਼ਿਲ੍ਹੇ ਵਿਚ ਹੀ ਆ ਜਾਂਦਾ ਹੈ। ਮੇਰੇ ਇਲਾਕੇ ਦੇ ਲੋਕਾਂ ਨੇ ਇਸ ਪਾਣੀ ਤੋਂ ਬੱਚਣ ਵਾਸਤੇ ਕਈ ਬੰਨ ਬੰਨ੍ਹੇ ਹਨ ਪਰ ਫਿਰ ਵੀ ਕਈ ਫਸਲਾਂ ਤਬਾਹ ਹੋ ਗਈਆਂ ਹਨ। ਜਿਹੜੀਆਂ ਫਸਲਾਂ ਬਾਕੀ ਬਚੀਆਂ ਹਨ ਉਨ੍ਹਾਂ ਨੂੰ ਵੀ ਹੁਣ ਖ਼ਤਰਾ ਹੋ ਗਿਆ ਹੈ ਕਿ ਉਹ ਵੀ ਇਸ ਪਾਣੀ ਦੀ ਮਾਰ ਵਿਚ ਆ ਜਾਣਗੀਆਂ।

ਮੇਰੇ ਹਲਕੇ ਵਿਚ ਤਕਰੀਬਨ 125 ਪਿੰਡਾਂ ਦੇ ਵਿਚ ਜਿਤਨੇ ਵੀ ਕੱਚੇ ਕੋਠੇ ਸਨ ਹਰੀਜਨਾਂ ਦੇ ਜਾਂ ਛੋਟੇ ਕਿਸਾਨਾਂ ਦੇ ਉਨ੍ਹਾਂ ਵਿਚੋਂ ਕੋਈ ਵੀ ਨਹੀਂ ਬਚਿਆ ਔਰ ਜੋ ਉਨ੍ਹਾਂ ਨੂੰ ਤੰਬੂ ਮਿਲੇ ਹਨ ਉਹ ਵੀ ਬਹੁਤ ਘੱਟ ਹਨ। ਇਕ ਇਕ ਤੰਬੂ ਵਿਚ 4,4—5,5 ਘਰਾਂ ਨੂੰ ਰਖਿਆ ਗਿਆ ਹੈ। ਲੋਕੀਂ ਤਾਂ ਤੰਬੂਆਂ ਦੇ ਬਾਹਰ ਹੀ ਪੈ ਜਾਂਦੇ ਹਨ। ਮਵੇਸ਼ੀਆਂ ਲਈ ਚਾਰਾ ਬਿਲਕੁਲ ਨਹੀਂ। ਉਹ ਵੀ ਭੁਖੇ ਮਰ ਰਹੇ ਹਨ।

**ਸ਼੍ਰੀ ਡਿਪਟੀ ਸਪੀਕਰ :** ਸਬਸਿਸਟੈਂਸ ਅਲਾਊਂਸ ਤਾਂ ਮਿਲ ਰਿਹਾ ਹੈ।

**ਸਰਦਾਰ ਸਾਧੂ ਸਿੰਘ :** ਮੈਂ ਤਾਂ ਇਹੀ ਬੇਨਤੀ ਕਰ ਰਿਹਾ ਹਾਂ ਕਿ ਮੇਰੇ ਹਲਕੇ ਵਿਚ ਅੱਜੇ ਤਕ ਕੋਈ ਰਿਲੀਫ ਨਹੀਂ ਦਿੱਤਾ ਗਿਆ। ਪਰਸੋਂ ਤਕ ਕਿਸੇ ਨੂੰ ਕੋਈ ਪੈਸਾ ਨਹੀਂ ਮਿਲਿਆ। ਜਿਹੜੇ ਉਨ੍ਹਾਂ ਦੇ ਮਵੇਸ਼ੀ ਹਨ ਉਹ ਵੀ ਭੁਖੇ ਮਰ ਰਹੇ ਹਨ। ਇਹ ਬਹੁਤ ਵੱਡੀ ਤਬਾਹੀ ਹੈ।

ਜਿਹੜੀ ਉਥੇ ਡਰੇਨਜ਼ ਹਨ, ਮਹਿਕਮਿਆਂ ਦੀਆਂ ਬਣੀਆਂ ਹੋਈਆਂ, ਉਨ੍ਹਾਂ ਤੇ ਤਾਂ ਮਹਿਕਮੇ ਨੇ ਕਾਬੂ ਪਾ ਲਿਆ ਹੈ ਪਰ ਜਿਹੜੀਆਂ ਨੈਚਰੁਲ ਡਰੇਨਜ਼ ਹਨ ਉਨ੍ਹਾਂ ਤੇ ਕਾਬੂ ਨਹੀਂ ਪਾਇਆ ਜਾ ਸਕਿਆ। ਇਸ ਨਾਲ ਕਾਫ਼ੀ ਤਬਾਹੀ ਆਈ ਹੈ। ਮੇਰੇ ਹਲਕੇ ਵਿਚ ਤਕਰੀਬਨ

Original with;
Punjab Vidhan Sabha
Digitized by;
Panjab Digital Library

ਕੋਈ ਐਸੀ ਸੜਕ ਨਹੀਂ ਰਹਿ ਗਈ ਜਿਥੇ ਪਾਣੀ ਨਾ ਖੜ੍ਹਾ ਹੋਵੇ । ਸਿਰਫ ਇਕ ਸੁਲਤਾਨਪੁਰ ਵਾਲੀ ਸੜਕ ਹੈ ਜਿਹੜੀ ਕਿ ਇਸ ਵੇਲੇ ਚਲ ਰਹੀ ਹੈ । ਬਾਕੀ ਸਭ ਸੜਕਾਂ ਬੰਦ ਪਈਆਂ ਹਨ । ਇਸ ਦੇ ਲਈ ਮੈਂ ਬੇਨਤੀ ਕਰਦਾ ਹਾਂ ਕਿ ਹੁਣ ਜਿਹੜੀ ਨਵੀਂ ਪਲਾਨਿੰਗ ਡਰੇਨੇਜ ਦੀ ਮਹਿਕਮੇ ਨੇ ਕਰਨੀ ਹੈ ਉਹ ਇਸ ਤਰ੍ਹਾਂ ਕਰਨੀ ਚਾਹੀਦੀ ਹੈ ਕਿ ਇਹ ਪਾਣੀ ਉਥੇ ਸੜਕਾਂ ਤੇ ਨਾ ਪਹੁੰਚ ਸਕੇ ।

ਮੈਂ, ਡਿਪਟੀ ਸਪੀਕਰ ਸਾਹਿਬ, ਇਤਨੀ ਬੇਨਤੀ ਕਰਾਂਗਾ ਕਿ ਸ਼ਹਿਰਾਂ ਅਤੇ ਪਿੰਡਾਂ ਵਿਚ ਵਿਤਕਰਾ ਨਹੀਂ ਕਰਨਾ ਚਾਹੀਦਾ । ਮੇਰਾ ਇਲਾਕਾ ਸੁਲਤਾਨਪੁਰ ਇਕ ਸ਼ਹਿਰ ਹੈ ਪਰ ਇਹ ਬਹੁਤ ਪੁਰਾਣਾ ਹੈ । ਇਹ ਬਹੁਤਾ ਪੁਰਾਣਾ ਹੋਣ ਦੇ ਕਾਰਨ ਉਥੇ ਜਿੰਨੇ ਵੀ ਕੱਚੇ ਮਕਾਨ ਸਨ ਸਭ ਢਹਿ ਗਏ ਹਨ । ਉਨ੍ਹਾਂ ਵਿਚੋਂ ਕੋਈ ਮਕਾਨ ਨਹੀਂ ਬਚਿਆ ਅਤੇ ਉਨ੍ਹਾਂ ਮਕਾਨਾਂ ਦੇ ਢਹਿਣ ਨਾਲ ਜਿਹੜੀਆਂ ਗਲੀਆਂ ਅਤੇ ਸੜਕਾਂ ਹਨ ਉਹ ਵੀ ਭਰੀਆਂ ਪਈਆਂ ਹਨ । ਉਥੋਂ ਦੀ ਜਿਹੜੀ ਮਿਉਂਸਪਲ ਕਮੇਟੀ ਹੈ ਉਹ ਬਹੁਤ ਛੋਟੀ ਜਿਹੀ ਹੈ । ਉਸ ਦੇ ਕੋਲ ਤਾਂ ਆਪਣੇ ਮੁਲਾਜ਼ਮਾਂ ਨੂੰ ਵੀ ਦੇਣ ਲਈ ਪੈਸੇ ਨਹੀਂ ਹਨ ਤਾਂ ਫਿਰ ਉਹ 50 ਰੁਪਏ ਜਾਂ 100 ਰੁਪਏ ਕਿਥੋਂ ਕੱਚੇ ਮਕਾਨਾਂ ਵਾਲਿਆਂ ਨੂੰ ਦੇ ਸਕਦੀ ਹੈ । ਇਹ ਜਿਹੜਾ ਰਿਲੀਫ਼ ਦੇਣਾ ਹੈ ਇਹ ਗੌਰਮਿੰਟ ਨੂੰ ਉਥੇ ਦੇਣਾ ਚਾਹੀਦਾ ਹੈ ਅਤੇ ਸ਼ਹਿਰਾਂ ਅਤੇ ਪਿੰਡਾਂ ਵਿਚ ਕੋਈ ਇਸ ਵਰਤੋਂ ਵਿਚ ਵਿਤਕਰਾ ਨਹੀਂ ਕਰਨਾ ਚਾਹੀਦਾ । ਇਸ ਦੇ ਲਈ ਮੈਂ ਇਕ ਸੁਝਾਵ ਦੇਵਾਂਗਾ ਕਿ ਜਿਹੜਾ ਸਾਡਾ ਮਾਰਕੀਟਿੰਗ ਬੋਰਡ ਹੈ ਉਸ ਦੇ ਕੋਲ ਬਹੁਤ ਪੈਸਾ ਹੈ, ਉਸ ਨੂੰ ਕਾਫੀ ਆਮਦਨ ਹੁੰਦੀ ਹੈ । ਜੇ ਉਸ ਦਾ ਚੌਥਾ ਹਿਸਾ ਵੀ ਹਰ ਸਾਲ ਇਸ ਫੰਡ ਵਾਸਤੇ ਰਖ ਲਿਆ ਜਾਵੇ ਤਾਂ ਜਿਸ ਵੇਲੇ ਕੋਈ ਤਕਲੀਫ਼ ਹੋਵੇ ਉਸ ਵੇਲੇ ਇਹ ਪੈਸਾ ਕੰਮ ਆ ਸਕਦਾ ਹੈ ।

ਮੈਂ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਉਨ੍ਹਾਂ ਕਿਸਾਨਾਂ ਨੂੰ ਜਿਨ੍ਹਾਂ ਦਾ ਹੇਲ ਸਟਾਰਮ ਨਾਲ ਫਸਲਾਂ ਦਾ ਨੁਕਸਾਨ ਹੋਇਆ ਸੀ ਉਨ੍ਹਾਂ ਨੂੰ ਰਿਲੀਫ਼ ਦਿੱਤਾ ਸੀ ਪਰ ਹੁਣ ਜਦੋਂ ਬਾਰਸ਼ਾਂ ਨਾਲ ਉਨ੍ਹਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ ਤਾਂ ਉਨ੍ਹਾਂ ਨੂੰ ਉਸ ਦਾ ਕੰਪਨਸੇਸ਼ਨ ਜ਼ਰੂਰ ਕੁਝ ਨਾ ਕੁਝ ਮਿਲਣਾ ਚਾਹੀਦਾ ਹੈ। ਉਨਾਂ ਦੀ ਮੱਕੀ ਦੀ ਫਸਲ ਅਤੇ ਮਿਰਚਾਂ ਦੀ ਫਸਲ ਤਾਂ ਸਾਰੀ ਤਬਾਹ ਹੋ ਗਈ ਹੈ,ਝੋਨੇ ਦੀ ਜਿਨੀ ਫਸਲ ਸੀ ਉਹ ਵੀ ਖਤਮ ਹੋ ਗਈ ਹੈ । ਹਾਲੇ ਵੀ ਮੇਰਾ ਇਲਾਕਾ ਪਾਣੀ ਦੀ ਮਾਰ ਵਿਚ ਹੈ । ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਦਾਂ ਜਿਹੜਾ 25% ਫਸਲ ਦੀ ਨੁਕਸਾਨ ਦਾ ਕਾਨੂੰਨ ਸੀ ਮੈਂ ਕਹਿੰਦਾ ਹਾਂ ਕਿ ਉਸ ਨੂੰ ਜ਼ਰੂਰ ਬਦਲਣਾ ਚਾਹੀਦਾ ਹੈ । ਹੁਣ ਤਾਂ ਜਿਸ ਆਦਮੀ ਦਾ ਜਿੰਨਾ ਵੀ ਨੁਕਸਾਨ ਹੋਇਆ ਹੈ ਭਾਵੇਂ ਉਸ ਦਾ 15% ਹੋਇਆ ਹੈ ਜਾਂ 10%, ਉਸ ਦਾ ਮੁਆਵਜ਼ਾ ਉਸ ਨੂੰ ਜ਼ਰੂਰ ਮਿਲਣਾ ਚਾਹੀਦਾ ਹੈ । ਇਸ ਦੇ ਨਾਲ ਜਿਹੜੇ ਗ਼ਰੀਬ ਕਿਸਾਨ ਹਨ, ਉਨ੍ਹਾਂ ਨੂੰ ਰਾਹਤ ਮਿਲੇਗੀ ਅਤੇ ਜਿਹੜੇ ਹੋਰ ਵੀ ਗ਼ਰੀਬ ਲੋਕ ਹਨ ਉਨ੍ਹਾਂ ਨੂੰ ਫਾਇਦਾ ਹੋਵੇਗਾ । ਇਸ ਲਈ ਇਹ ਤਰਮੀਮ ਜ਼ਰੂਰ ਕੀਤੀ ਜਾਵੇ ਤਾਕਿ ਉਹ ਵੀ ਆਪਣਾ ਪੇਟ ਭਰ ਸਕਣ। ਇਸੇ ਤਰ੍ਹਾਂ ਹੀ ਮੈਂ ਬੇਨਤੀ ਕਰਾਂਗਾ ਕਿ ਬਿਜਲੀ ਦੇ ਬਿੱਲ, ਤਕਾਵੀ ਕਰਜ਼ੇ ਜਿਹੜੇ ਕਿ ਹੜ੍ਹ ਮਾਰੇ ਲੋਕਾਂ ਵਲ ਬਕਾਇਆ ਹਨ, ਉਨ੍ਹਾਂ ਨੂੰ ਪੋਸਟਪੋਨ ਕਰਕੇ ਉਨ੍ਹਾਂ ਨੂੰ ਫਿਰ ਕਦੇ ਸੂਦ ਤੋਂ ਬਗੈਰ ਲਿਆ ਜਾਵੇ ਨਾ ਕਿ ਸੂਦ ਦਰ ਸੂਦ ਲਗਾਕੇ ਤਕਾਵੀ ਪੈਸ ਦੁੱਗਣੇ ਤਿਗਣੇ ਕਰ ਦਿੱਤੇ ਜਾਣ । ਇਸ ਲਈ ਉਹ ਸੂਦ ਮਆਫ ਕੀਤਾ ਜਾਵੇ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਮੇਜ ਸਿੰਘ (ਵੇਰਕਾ ਐਸ.ਸੀ.)**: ਮੈਂ, ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਵਕਤ ਦਿੱਤਾ ਹੈ ਜਿਸ ਨਾਲ ਮੈਂ ਆਪਣੇ ਬਰਬਾਦ ਹੋਏ ਜ਼ਿਲੇ ਅੰਮ੍ਰਿਤਸਰ ਦੇ ਮੁਤੱਲਿਕ ਹਾਊਸ ਵਿਚ ਰੋਸ਼ਨੀ ਪਾ ਸਕਾਂ। ਬਾਰਸ਼ਾਂ ਪਹਿਲਾਂ ਵੀ ਆਉਂਦੀਆਂ ਰਹੀਆਂ ਹਨ, ਅਸੀਂ ਵੇਖਦੇ ਰਹੇ ਹਾਂ, ਲੇਕਿਨ ਇਹ ਜੋ ਬਾਰਸ਼ਾਂ ਆਈਆਂ ਹਨ ਇਹ ਇਕ ਖੁਦਾਈ ਕਹਿਰ ਸੀ ਔਰ ਖੁਦਾਈ ਕਹਿਰ ਵੇਲੇ ਮੈਂ ਅੰਮ੍ਰਿਤਸਰ ਦੇ ਜ਼ਿਲ੍ਹੇ ਦੀ ਜਨਤਾ ਵਲੋਂ ਪੰਜਾਬ ਸਰਕਾਰ ਅਤੇ ਉਨ੍ਹਾਂ ਦੇ ਕਰਮਚਾਰੀਆਂ ਦਾ ਔਰ ਖਾਸ ਤੌਰ ਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਅਤੇ ਉਨ੍ਹਾਂ ਦੇ ਮਤਾਹਿਤ ਅਮਲੇ ਦਾ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਲੋਕਾਂ ਦੇ ਦੁਖਦੇ ਹੋਏ ਅਥਰੂਆਂ ਨੂੰ ਪੂੰਜਣ ਦਾ ਯਤਨ ਕੀਤਾ ਹੈ। ਪਰ ਡਿਪਟੀ ਸਪੀਕਰ ਸਾਹਿਬ, ਉਹ ਵੇਲਾ ਸੀ ਲੋਕਾਂ ਨੂੰ ਜਾ ਕੇ ਪੁੱਛਣ ਦਾ ਕਿ ਕੁਦਰਤੀ ਪਾਣੀ ਦਾ ਨਿਕਾਸ ਕਿਸ ਤਰ੍ਹਾਂ ਹੋਵੇ, ਜਾਂ ਹੋਰ ਕੋਈ ਸਾਧਨ ਪਰੋਵਾਈਡ ਕੀਤੇ ਜਾਣ, ਕਿਸਾਨਾਂ ਨੂੰ ਆਟਾ ਦੇਣਾ ਜਾਂ ਜਗ੍ਹਾ ਦੇਣੀ, ਜਾਂ ਕੋਈ ਫੌਰੀ ਰਿਲੀਫ ਦੇਣਾ, ਇਹ ਵੇਲਾ ਟੱਪ ਗਿਆ ਹੈ। ਹੁਣ ਲੋਕਾਂ ਦੀ ਅਸਲ ਮਦਦ ਕਰਨ ਦਾ ਵੇਲਾ ਆਇਆ ਹੈ। ਮੈਂ ਤੁਹਾਡੀ ਮਾਰਫਤ ਪੰਜਾਬ ਦੀ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਜੇਕਰ ਮੁਸੀਬਤ-ਜ਼ਦਾ ਲੋਕਾਂ ਦੀ ਫੌਰੀ ਮੱਦਦ ਨਾ ਕੀਤੀ ਗਈ ਤਾਂ ਉਹ ਡਿਸਹਾਰਟਿਡ ਹੋ ਕੇ ਬਰਬਾਦ ਹੋ ਜਾਣਗੇ ਔਰ ਕੋਈ ਇਹ ਗੱਲ ਨਹੀਂ ਦੱਸੇਗਾ ਕਿ ਇਸ ਦਾ ਕੀ ਕਾਰਨ ਹੈ। ਸਾਡੇ ਜ਼ਿਲ੍ਹੇ ਅੰਮ੍ਰਿਤਸਰ ਦੇ ਵਿਚ ਤਿੰਨ ਤਹਿਸੀਲਾਂ ਦਾ ਬਹੁਤ ਨੁਕਸਾਨ ਹੋਇਆ ਹੈ। ਤਹਿਸੀਲ ਅਜਨਾਲਾ ਵਿਚ 90 ਪਿੰਡ ਬਰਬਾਦ ਹੋ ਚੁਕੇ ਹਨ, ਅੰਮ੍ਰਿਤਸਰ ਵਿਚ 95 ਪਿੰਡ ਅਤੇ ਤਰਨਤਾਰਨ ਵਿਚ 100 ਪਿੰਡ ਬੁਰੀ ਤਰ੍ਹਾਂ ਨਾਲ ਬਰਬਾਦ ਹੋ ਚੁਕੇ ਹਨ, ਪੱਟੀ ਦੇ ਵਿਚ 120 ਪਿੰਡ ਬਰਬਾਦ ਹੋ ਚੁਕੇ ਹਨ। ਇਹ ਮੈਂ ਪਹਿਲੀ ਬਾਰਸ਼ ਬਾਰੇ ਦੱਸ ਰਿਹਾ ਹਾਂ। ਲੇਕਿਨ ਉਸ ਤੋਂ ਬਾਅਦ ਜੋ ਬਾਰਸ਼ ਹੋਈ, ਉਸ ਨਾਲ ਜੋ ਤਬਾਹੀ ਹੋਈ ਹੈ; ਉਹ ਵੱਖਰੀ ਹੈ ਔਰ ਉਸ ਦਾ ਅੰਦਾਜ਼ਾ ਕੋਈ 10 ਕਰੋੜ ਰੁਪਏ ਦੇ ਨੁਕਸਾਨ ਦਾ ਹੈ ਜਿਹੜਾ ਕਿ ਬਹੁਤ ਜ਼ਿਆਦਾ ਹੈ। ਔਰ ਉਹ ਲੋਕ ਇਤਨਾ ਨੁਕਸ਼ਾਨ ਬਰਦਾਸ਼ਤ ਨਹੀਂ ਕਰ ਸਕਣਗੇ ਜੇਕਰ ਸਰਕਾਰ ਉਨ੍ਹਾਂ ਦੀ ਮੱਦਦ ਨਾ ਕਰੇ। ਸੋ, ਮੈਂ ਸਰਕਾਰ ਨੂੰ ਦੋ ਤਿੰਨ ਸੁਝਾਓ ਦੇਣਾ ਚਾਹੁੰਦਾ ਹਾਂ। ਜਿੱਥੋਂ ਤਕ ਤਾਂ ਡਰੇਨੇਜ ਸਿਸਟਮ ਦਾ ਸਬੰਧ ਹੈ ਮੈਂ ਸਮਝਦਾ ਹਾਂ ਕਿ ਡਰੇਨੇਜ ਦੀ ਵੇਲੇ ਸਿਰ ਖੁਦਾਈ ਨਹੀਂ ਹੋਈ। (ਵਿਘਨ) ਅਸਲ ਗੱਲ ਇਹ ਹੈ ਕਿ ਜਿਹੜੀਆਂ ਡਰੇਨਾਂ ਬਣਾਈਆਂ ਗਈਆਂ ਸਨ ਜਿਸ ਤਰ੍ਹਾਂ ਉਸ ਵੇਲੇ ਬਾਰਸ਼ਾਂ ਹੁੰਦੀਆਂ ਸਨ ਉਸ ਸਿਸਟਮ ਨੂੰ ਮੱਦੇ ਨਜ਼ਰ ਰੱਖ ਕੇ ਬਣਾਈਆਂ ਸਨ। ਹੁਣ ਜਿਹੜੀ ਬਾਰਸ਼ ਹੋਈ ਹੈ ਜਾਂ ਅੱਗੇ ਨੂੰ ਹੋਣੀ ਹੈ, ਉਸ ਹਿਸਾਬ ਨਾਲ ਨਹੀਂ ਬਣੀਆਂ। ਖੈਰ ਮੈਂ ਤਾਂ ਅਰਦਾਸ ਕਰਾਂਗੇ ਕਿ ਅੱਗੇ ਨੂੰ ਇਤਨੀ ਬਾਰਸ਼ ਨਾ ਆਵੇ। ਲੇਕਿਨ ਇਹ ਡਰੇਨਾਂ ਉਸ ਸਮੇਂ ਦੇ ਸਿਸਟਮ ਨੂੰ, ਨਿਕਾਸ ਦੇ ਸਿਸਟਮ ਨੂੰ ਮੱਦੇਨਜ਼ਰ ਰੱਖ ਕੇ ਬਣਾਈਆਂ ਗਈਆਂ ਸਨ। ਲੇਕਿਨ ਹੁਣ ਇਸ ਸਰਕਾਰ ਨੂੰ ਹੁਣ ਦੀਆਂ ਬਾਰਸ਼ਾਂ ਨੂੰ ਵੇਖ ਕੇ ਨਵਾਂ ਸਿਸਟਮ ਸੈੱਟ-ਅੱਪ ਕਰਨਾ ਚਾਹੀਦਾ ਹੈ, ਪੁਰਾਣੇ ਸਿਸਟਮ ਨੂੰ ਬਦਲ ਦੇਣਾ ਚਾਹੀਦਾ ਹੈ। ਅੱਜ ਤਕਲੀਫ ਇਸ ਕਰਕੇ ਵੀ ਆਈ ਹੈ ਕਿ ਵਾਲੰਟਰੀ ਡਰੇਨਜ਼ ਜਿਹੜੀਆ ਬਣਾਈਆਂ ਗਈਆਂ ਸਨ ਉਹ ਇਕ ਤਾਂ ਸਾਡੇ ਲੋਕਾਂ ਨੇ ਠੀਕ ਬਣਨ ਨਹੀਂ ਦਿੱਤੀਆਂ ਕਿਉਂਕਿ ਡਰੇਨ ਨੇ ਪੈਲੀ ਵਿਚੋਂ ਦੀ ਜਾਣਾ ਹੁੰਦਾ ਹੈ। ਇਕ ਜ਼ਿਮੀਦਾਰ ਕਹਿੰਦਾ ਹੈ ਕਿ ਮੇਰੀ ਪੈਲੀ ਵਿਚੋਂ ਦੀ ਨਾ ਜਾਵੇ ਤੇ ਦੂਸਰਾ ਕਹਿੰਦਾ ਹੈ ਕਿ ਮੇਰੀ ਪੈਲੀ ਵਿਚੋਂ ਦੀ ਨਾ ਜਾਵੇ। ਲੇਕਿਨ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਅਪੀਲ ਕਰਦਾ ਹਾਂ ਕਿ ਚਾਹ ਕਿਸੇ ਨੂੰ ਬਾਦੀ ਤੇ ਕਿਸੇ ਨੂੰ ਭਾਵੇਂ

Original with;
Punjab Vidhan Sabha
Digitized by;
Panjab Digital Library

ਨਿਆਰੇ ਹੋਣ ਤੇ ਭਾਵੇਂ ਕੁਝ ਵੀ ਹੋਣ ਲੇਕਿਨ ਮਾਂਹ ਮਾਂਹ ਹੀ ਹੁੰਦੇ ਹਨ । ਇਸ ਵਾਸਤੇ ਭਲਾ ਤਦ ਹੋ ਸਕਦਾ ਹੈ ਜੇਕਰ ਛੋਟੀਆਂ ਡਰੇਨਾਂ ਹਰ ਪਿੰਡ ਵਿਚੋਂ ਕੱਢ ਕੇ ਵੱਡੀਆਂ ਡਰੇਨਾਂ ਵਿਚ ਸੁੱਟੀਆਂ ਜਾਣ । ਜੋ ਨਾਲੇ ਬਣੇ ਹੋਏ ਹਨ ਉਹ ਪੂਰਾ ਨਿਕਾਸ ਨਹੀਂ ਕਰ ਰਹੇ, ਇਸ ਕਰਕੇ ਉਨ੍ਹਾਂ ਵਲ ਵੀ ਧਿਆਨ ਕਰਨ ਦੀ ਲੋੜ ਹੈ। ਉਨ੍ਹਾਂ ਉਪਰ ਵੱਖਰੇ ਪੁਲ ਬਣਾਏ ਜਾਣ ਔਰ ਡਾਈਵਰਸ਼ਨ ਉਧਰ ਨੂੰ ਕਰ ਦਿੱਤੀ ਜਾਵੇ ਪਾਣੀ ਦੀ, ਜਿਸ ਨਾਲ ਪਾਣੀ ਅੱਗੇ ਜਾ ਸਕੇ। ਮੈਂ ਖਿਲਚੀਆਂ ਪਿੰਡ ਜਦੋਂ ਪਾਣੀ ਆਇਆ ਤਾਂ ਗਿਆ । ਲੋਕ ਕੋਠਿਆਂ ਉਤੇ ਚੜ੍ਹਕੇ ਰੋ ਰਹੇ ਸਨ, ਕਿਉਂਕਿ ਉਥੇ ਪੰਜ ਛੇ ਫੁੱਟ ਪਾਣੀ ਚੜ੍ਹ ਚੁਕਾ ਸੀ। ਅਸੀਂ ਵੇਖਿਆ ਕਿ ਪੁਲ ਤੋਂ ਨਾਲਾ ਪਾਣੀ ਖਿੱਚ ਨਹੀਂ ਸੀ ਰਿਹਾ ਔਰ ਖਿਲਚੀਆਂ ਪੁਲ ਦੇ ਸਾਹਮਣੇ ਪੱਕੀ ਸੜਕ ਉਤੇ ਤਿੰਨ ਛੋਟੀਆਂ ਛੋਟੀਆਂ ਪੁਲੀਆਂ ਬਣਾਈਆਂ ਹੋਈਆਂ ਹਨ ਜਿਨ੍ਹਾਂ ਵਿਚੋਂ ਪਾਣੀ ਜਾਂਦਾ ਹੈ, ਔਰ ਅਗਲੇ ਪਾਸੇ ਡਿਸਟਰੀਬਿਊਟਰੀ ਹੈ । ਉਥੇ ਪਾਣੀ ਨਿਕਲਣ ਦਾ ਕੋਈ ਸਿਸਟਮ ਨਹੀਂ ਜਿਸ ਕਰਕੇ ਖਿਲਚੀਆਂ ਪਿੰਡ ਦਾ ਨੁਕਸਾਨ ਹੋਇਆ ਹੈ । ਮੈਂ ਤੁਹਾਡੀ ਸੇਵਾ ਵਿਚ ਔਰ ਤੁਹਾਡੀ ਮਾਰਫਤ ਸਰਕਾਰ ਪਾਸ ਇਹ ਬੇਨਤੀ ਕਰਾਂਗਾ ਕਿ ਉਥੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਨਾ ਚਾਹੀਦਾ ਹੈ । ਜਿੱਥੇ ਕਿਤੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਠੀਕ ਰਿਹਾ ਹੈ ਉਥੇ ਘੱਟ ਨੁਕਸਾਨ ਹੋਇਆ ।

ਇਕ ਬੇਨਤੀ ਡਿਪਟੀ ਸਪੀਕਰ ਸਾਹਿਬ, ਮੈਂ ਖਾਸ ਤੌਰ ਤੇ ਕਰਨੀ ਚਾਹੁੰਦਾ ਹਾਂ ਕਿ ਹਰੀਜਨਾਂ ਦੇ ਟੋਟਲ ਮਕਾਨ ਡਿੱਗ ਚੁਕੇ ਹਨ । ਛੋਟੇ ਜ਼ਿਮੀਦਾਰਾਂ ਦੇ ਟੋਟਲ ਮਕਾਨ ਡਿੱਗ ਚੁਕੇ ਹਨ ਕਿਉਂਕਿ ਉਨ੍ਹਾਂ ਦੇ ਮਕਾਨ ਕੱਚੇ ਸਨ । ਬੈਕਵਰਡ ਕਲਾਸਾਂ ਦੇ ਲੋਕਾਂ ਦੇ ਟੋਟਲ ਮਕਾਨ ਗਿਰ ਚੁਕੇ ਹਨ ਇਸ ਲਈ ਮੈਂ ਤੁਹਾਡੀ ਸੇਵਾ ਵਿਚ ਅਰਜ਼ ਕਰਾਂਗਾ ਕਿ ਉਨ੍ਹਾਂ ਲਈ ਹਾਊਸਿੰਗ ਕਾਰਪੋਰੇਸ਼ਨ ਨੂੰ ਪੈਸੇ ਦਿਓ, ਉਹ ਸਾਰੇ ਮਕਾਨ ਪੱਕੇ ਬਣਾਏ ਜਾਣ ਔਰ ਫਰੀ ਇੰਟਰੈਸਟ ਲੋਨ ਉਨ੍ਹਾਂ ਨੂੰ ਦਿੱਤਾ ਜਾਵੇ ਜਿਸ ਨਾਲ ਉਹ ਆਉਣ ਵਾਲੀਆਂ ਬਾਰਸ਼ਾਂ ਵਿਚ ਸਿਰ ਲਕੋ ਸਕਣ । ਮੈਂ ਅਰਜ਼ ਕਰਦਾ ਹਾਂ ਕਿ ਜਿਤਨਾਂ ਅਸਰ ਮਾੜਾ ਇਨ੍ਹਾਂ ਬਾਰਸ਼ਾਂ ਦਾ ਗਰੀਬ ਤੇ ਪਿਆ ਹੈ, ਅਮੀਰ ਤੇ ਨਹੀਂ ਪਿਆ ਕਿਉਂਕਿ ਉਨ੍ਹਾਂ ਗਰੀਬਾਂ ਦੇ ਮਕਾਨ ਕੱਚੇ ਸਨ । ਇਸ ਲਈ ਇਸ ਪਾਸੇ ਜਿਤਨੀ ਵੀ ਸਹਾਇਤਾ ਦਿੱਤੀ ਜਾਵੇ ਥੋੜੀ ਹੈ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਟੋਟਲ ਮਕਾਨ ਹਰੀਜਨ ਦੇ ਪੱਕੇ ਬਣਾ ਦੇਣੇ ਚਾਹੀਦੇ ਹਨ, ਬੈਕਵਰਡ ਕਲਾਸਾਂ ਦੇ ਲੋਕਾਂ ਦੇ ਮਕਾਨ ਪੱਕੇ ਬਣਾ ਦੇਣੇ ਚਾਹੀਦੇ ਹਨ ਔਰ ਹੁਣ ਉਨ੍ਹਾਂ ਨੂੰ ਫੌਰੀ ਤੌਰ ਤੇ ਮੱਦਦ ਦੇਣੀ ਚਾਹੀਦੀ ਹੈ ।

ਜੱਟ ਦੀ ਫਸਲ ਤਬਾਹ ਹੋ ਗਈ ਹੈ, ਹਰੀਜਨ ਲਈ ਮਜ਼ਦੂਰੀ ਨਹੀਂ ਹੈ। ਇਸ ਲਈ ਉਨ੍ਹਾਂ ਲੋਕਾਂ ਦੀ ਫੌਰੀ ਮੱਦਦ ਕਰਨੀ ਚਾਹੀਦੀ ਹੈ । ਧੰਨਵਾਦ ।

**ਸਰਦਾਰ ਪ੍ਰਿਥੀਪਾਲ ਸਿੰਘ (ਅੰਮ੍ਰਿਤਸਰ ਦੱਖਣ):** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਅੰਮ੍ਰਿਤਸਰ ਸ਼ਹਿਰ ਵਲ ਦਿਵਾਉਂਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦੇ ਸ਼ਹਿਰ ਵਿਚ ਜਿਹੜੀ ਅਗੱਸਤ ਦੇ ਵਿਚ ਬਾਰਸ਼ ਹੋਈ ਉਹ ਵੀ ਕਾਫੀ ਭਾਰੀ ਬਾਰਸ਼ ਹੋਈ। ਗਰੀਬ ਲੋਕਾਂ ਨੇ ਅਜੇ ਆਪਣਾ ਆਪ ਸੰਭਾਲਿਆ ਨਹੀਂ ਸੀ ਕਿ ਜਦੋਂ ਦੂਸਰੀ ਬਾਰਸ਼ ਹੋ ਗਈ । ਉਸ ਨਾਲ ਬਹੁਤ ਨੁਕਸਾਨ ਹੋਇਆ । ਪਹਿਲੀ ਬਾਰਸ਼ ਨੂੰ ਅਗਰ ਇਕ ਪਰਲੋ ਕਹਿ ਲਵੋ ਤਾਂ ਦੂਸਰੀ ਨੂੰ ਮਹਾਨ ਪਰਲੋ ਕਿਹਾ ਜਾ ਸਕਦਾ ਹੈ ਜਿਸ ਨਾਲ ਬੜਾ ਵੱਡਾ ਨੁਕਸਾਨ ਹੋਇਆ ਹੈ ਜਿਨ੍ਹਾਂ ਵਿਚ ਗੁੱਜਰਪੁਰਾ, ਰਾਜਪੁਰਾ, ਹਰੀਪੁਰਾ ਤੇ ਸ਼ਹਿਰ ਦੀਆਂ ਗਲੀਆਂ ਜੱਟਾਂ ਵਾਲੀ ਗਲੀ, ਮੋਚੀਆਂ ਵਾਲੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਿਥੀਪਾਲ ਸਿੰਘ]

ਗਲੀ ਵਗੈਰਾ ਇਨ੍ਹਾਂ ਦਾ ਬਹੁਤ ਹੀ ਨੁਕਸਾਨ ਹੋਇਆ ਹੈ । ਇਸ ਦਾ ਅੰਦਾਜ਼ਾ ਬਹੁਤ ਜ਼ਿਆਦਾ ਹੈ ਔਰ ਅੰਮ੍ਰਿਤਸਰ ਸ਼ਹਿਰ ਵਿਚ ਜਾਨੀ ਨੁਕਸਾਨ ਵੀ ਹੋਇਆ ਹੈ, ਪਸ਼ੂਆਂ ਦਾ ਨੁਕਸਾਨ ਵੀ ਹੋਇਆ ਹੈ । ਅਤੇ ਮਾਲੀ ਨੁਕਸਾਨ ਵੀ ਹੋਇਆ ਹੈ । ਮੈਂ ਸਮਝਦਾ ਹਾਂ ਕਿ ਦੋ ਕਰੋੜ ਰੁਪਿਆ ਜਿਹੜਾ ਸਰਕਾਰ ਨੇ ਫਲੱਡ ਰਿਲੀਫ ਲਈ ਰਖਿਆ ਹੈ ਔਰ ਪਰਸੋਂ ਭਾਵੇਂ ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਉਹ ਦਸ ਕਰੋੜ ਕਰ ਦਿੱਤਾ ਹੈ ਪਰ ਮੈਂ ਸਮਝਦਾ ਹਾਂ ਕਿ ਜਿਤਨਾ ਨੁਕਸਾਨ ਹੋਇਆ ਹੈ ਉਸ ਦੇ ਮੁਕਾਬਲੇ ਵਿਚ ਇਹ ਬਹੁਤ ਥੋੜਾ ਹੈ । ਦਸ ਕਰੋੜ ਰੁਪਿਆ ਤਾਂ ਮੈਂ ਕਹਿ ਸਕਦਾ ਹਾਂ ਕਿ ਅੰਮ੍ਰਿਤਸਰ ਸ਼ਹਿਰ ਅਤੇ ਬਾਹਰ ਦੀਆਂ ਬਸਤੀਆਂ ਦਾ ਹੀ ਹੋਇਆ ਹੈ । ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਪੈਸਾ ਦੇਣ ਵਾਸਤੇ ਕਰਾਈਟੇਰੀਆ ਰੱਖਿਆ ਹੈ ਕਿ ਕੱਚੇ ਮਕਾਨ ਲਈ 50 ਰੁਪਏ ਔਰ ਪੱਕੇ ਲਈ 100 ਰੁਪਏ ਮਿਊਂਸਪਲ ਕਮੇਟੀਆਂ ਨੂੰ ਕਿਹਾ ਹੈ ਕਿ ਦੇ ਦੇਣ, ਇਹ ਬਹੁਤ ਥੋੜਾ ਹੈ । ਇਸ ਲਈ ਜਿਸ ਤਰ੍ਹਾਂ ਪੰਜਾਬ ਵਿਚ ਕੀਤਾ ਹੈ ਉਸ ਤਰ੍ਹਾਂ ਹੀ ਸ਼ਹਿਰਾਂ ਵਿਚ ਕਰਨਾ ਚਾਹੀਦਾ ਹੈ ਔਰ ਮੈਂ ਸਮਝਦਾ ਹਾਂ ਕਿ 500 ਰੁਪਏ ਕੱਚੇ ਮਕਾਨ ਲਈ ਔਰ 1,000 ਰੁਪਏ ਪੱਕੇ ਮਕਾਨ ਲਈ ਸਰਕਾਰ ਨੂੰ ਦੇਣੇ ਚਾਹੀਦੇ ਹਨ ।

ਡਿਪਟੀ ਸਪੀਕਰ ਸਾਹਿਬ, ਗਰੀਬ ਲੋਕਾਂ ਦਾ ਬਹੁਤ ਨੁਕਸਾਨ ਹੋਇਆ ਹੈ ਅਤੇ ਉਨ੍ਹਾਂ ਦੇ ਮਕਾਨ ਪਾਣੀ ਵਿਚ ਘਿਰੇ ਹੋਏ ਹਨ । ਪਾਣੀ ਦੇ ਨਾਲ ਉਨ੍ਹਾਂ ਦੇ ਮੀਟਰ ਬਿਜਲੀ ਦੇ ਸੜ ਗਏ ਹਨ, ਉਹ ਬਿਲ ਬਿਜਲੀ ਦੇ ਨਹੀਂ ਦੇ ਸਕੇ । ਮਿਊਂਸਪਲ ਕਮੇਟੀ ਨੂੰ ਕਿਹਾ ਜਾਵੇ ਕਿ ਇਹ ਬਿਜਲੀ ਦੇ ਮੀਟਰ ਮੁਫਤ ਲਗਾ ਕੇ ਦਿੱਤੇ ਜਾਣ, ਨਾਲ ਹੀ ਉਨ੍ਹਾਂ ਨੂੰ ਬਿਜਲੀ ਦੇ ਬਿਲ ਵੀ ਮਾਫ ਹੋਣੇ ਚਾਹੀਦੇ ਹਨ । ਮੈਂ ਵੀ ਇਹ ਕਹਾਂਗਾ ਜੋ ਸਰਦਾਰ ਸਾਧੂ ਸਿੰਘ ਜੀ ਨੇ ਕਿਹਾ ਹੈ ਕਿ ਮਾਰਕਿਟ ਕਮੇਟੀਆਂ ਤੋਂ ਪੈਸੇ ਲੈ ਕੇ ਹੜ੍ਹ ਪੀੜਤਾਂ ਦੀ ਮਦਦ ਕਰਨੀ ਚਾਹੀਦੀ ਹੈ ਅਤੇ ਇਸ ਤਰ੍ਹਾਂ ਸ਼ਹਿਰਾਂ ਦੇ ਵਿਚੋਂ ਮਾਰਕੀਟ ਕਮੇਟੀਆਂ ਨੂੰ ਕਾਫੀ ਫੀਸ ਆਉਂਦੀ ਹੈ ਮਾਰਕੀਟ ਕਮੇਟੀ ਨੂੰ ਸ਼ਹਿਰਾਂ ਨੂੰ ਮਦਦ ਦੇਣੀ ਚਾਹੀਦੀ ਹੈ ।

**ਸ਼੍ਰੀ ਡਿਪਟੀ ਸਪੀਕਰ :** ਪ੍ਰਧਾਨ ਜੀ । ਕਾਂਗਰਸ ਪਾਰਟੀ ਵਲੋਂ ਕੀ ਕਰ ਰਹੇ ਹੋ । ਪਾਰਟੀ ਵਾਲੇ ਵੀ ਕੁਝ ਕਰ ਰਹੇ ਹਨ ?

**ਸਰਦਾਰ ਪ੍ਰਿਥੀਪਾਲ ਸਿੰਘ :** ਡਿਪਟੀ ਸਪੀਕਰ ਸਾਹਿਬ, ਅੰਮ੍ਰਿਤਸਰ ਕਾਂਗਰਸ ਪਾਰਟੀ ਵਲੋਂ ਕਾਫੀ ਮਦਦ ਗਰੀਬ ਅਤੇ ਹਰੀਜਨ ਲੋਕਾਂ ਦੀ ਕੀਤੀ ਜਾ ਰਹੀ ਹੈ ਅਤੇ 15-15 ਦਿਨ ਅਸੀਂ ਉਥੇ ਲੰਗਰ ਲਗਾਏ ਸਨ ਅਤੇ ਕੈਂਪ ਦੇ ਵਿਚ ਲੋਕਾਂ ਨੂੰ ਮਦਦ ਦਿੱਤੀ ਹੈ । ਅੰਮ੍ਰਿਤਸਰ ਕਾਂਗਰਸ ਜ਼ਿਲ੍ਹਾ ਪਾਰਟੀ ਨੇ 32-33 ਹਜ਼ਾਰ ਰੁਪਏ ਲੋਕਾਂ ਨੂੰ ਦਿੱਤੇ ਹਨ । ਅਸੀਂ ਹੋਰ ਵੀ ਕਰ ਰਹੇ ਹਾਂ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਅੰਮ੍ਰਿਤਸਰ ਸ਼ਹਿਰ ਦਾ ਬਹੁਤ ਨੁਕਸਾਨ ਹੋਇਆ ਹੈ ਇਸ ਦੇ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ । ਇਸ ਦੀ ਜ਼ਰੂਰਤ ਨੂੰ ਵੇਖਦੇ ਹੋਏ ਲੋਕਾਂ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ । ਲੋਕਾਂ ਨੂੰ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਮੈਂ ਤੁਹਾਡਾ ਬੜਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ।

**ਕਾਮਰੇਡ ਮਹਿਤਾਬ ਸਿੰਘ ਨੋਕੇਰੀਆਂ** (ਜਲਾਲਾਬਾਦ) : ਡਿਪਟੀ ਸਪੀਕਰ ਸਾਹਿਬ, ਇਸ ਵਾਰ ਬਾਰਸ਼ਾਂ ਨੇ ਬਹੁਤ ਤਬਾਹੀ ਕੀਤੀ ਹੈ । ਇਸ ਚੀਜ਼ ਦਾ ਸਾਰਿਆਂ ਨੂੰ ਪਤਾ ਹੈ । ਸਰਕਾਰ ਨੇ ਸ਼ਹਿਰਾਂ ਦੀਆਂ ਮਿਊਂਸਪਲ ਕਮੇਟੀਆਂ ਨੂੰ ਕਿਹਾ ਹੈ ਉਨ੍ਹਾਂ ਲੋਕਾਂ ਨੂੰ ਮਦਦ

Original with;
Punjab Vidhan Sabha
Digitized by;
Panjab Digital Library

ਦਿਤੀ ਜਾਵੇ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ। ਪਰ ਮਿਊਂਸਪਲ ਕਮੇਟੀਆਂ ਸਾਰੀਆਂ ਚੰਗੀਆਂ ਨਹੀਂ ਹਨ। ਜਿਨ੍ਹਾਂ ਦੀ ਆਮਦਨੀ ਚੰਗੀ ਹੈ ਉਹ ਤਾਂ ਕੁਝ ਦੇ ਸਕਦੀਆਂ ਹਨ, ਬਾਕੀ ਦੀਆਂ ਕਮੇਟੀਆਂ ਦੀ ਹਾਲਤ ਬਹੁਤ ਕਮਜ਼ੋਰ ਹੈ। ਇਸ ਲਈ ਉਹ ਮਦਦ ਦੇਣ ਦੇ ਯੋਗ ਨਹੀਂ ਹਨ। ਇਸ ਕਰਕੇ ਸਰਕਾਰ ਨੂੰ ਖੁਲ੍ਹੇ ਦਿਲ ਨਾਲ ਅੱਗੇ ਆਉਣਾ ਚਾਹੀਦਾ ਹੈ ਅਤੇ ਲੋਕਾਂ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਪਿਛਲੇ ਸਾਲ ਕਈ ਵਾਰ ਮੁਤਾਲਿਕਾ ਮਨਿਸਟਰ ਸਾਹਿਬ ਨੂੰ ਲਿਖ ਕੇ ਭੇਜਦਾ ਰਿਹਾ ਹਾਂ ਅਤੇ ਆਪ ਖੁਦ ਵੀ ਮਿਲਿਆ ਹਾਂ ਅਤੇ ਇਹ ਚੀਜ਼ ਉਨ੍ਹਾਂ ਦੇ ਨੋਟਿਸ ਵਿਚ ਲਿਆਂਦੀ ਗਈ ਸੀ ਕਿ ਇਸ ਅਗੱਸਤ ਦੀਆਂ ਬਾਰਸ਼ਾਂ ਨੇ ਜਲਾਲਾਬਾਦ ਦਾ ਬਹੁਤ ਨੁਕਸਾਨ ਕੀਤਾ ਹੈ, ਪਾਣੀ ਕਾਫੀ ਉਥੇ ਖੜਾ ਰਿਹਾ ਹੈ, ਮਕਾਨਾਂ ਅਤੇ ਫਸਲਾਂ ਦਾ ਕਾਫੀ ਨੁਕਸਾਨ ਹੋਇਆ ਹੈ ਕਿਉਂਕਿ ਬਠਿੰਡਾ ਅਤੇ ਮੋਗਾ ਵਗੈਰਾ ਦਾ ਪਾਣੀ ਸਾਰਾ ਜਲਾਲਾਬਾਦ ਵਿਚ ਪੈਂਦਾ ਹੈ। ਇਨ੍ਹਾਂ ਦਾ ਪਾਣੀ ਕਾਫੀ ਮਾਤਰਾ ਵਿਚ ਹੋ ਜਾਂਦਾ ਹੈ। ਉਥੋਂ ਪਾਣੀ ਬਾਹਰ ਨਿਕਲਦਾ ਹੈ। ਮਨਿਸਟਰ ਸਾਹਿਬ ਕਹਿਣ ਲਗੇ ਕਿ ਸੈਂਟਰਲ ਗੌਰਮਿੰਟ ਨਾਲ ਗੱਲ ਬਾਤ ਕੀਤੀ ਜਾਵੇਗੀ ਪਰ ਹੁਣ ਮੈਨੂੰ ਪਤਾ ਲਗਾ ਹੈ ਕਿ ਪਾਕਿਸਤਾਨ ਸਰਕਾਰ ਨੂੰ ਕੁਝ ਪੈਸਾ ਦੇਣਾ ਪੈਂਦਾ ਹੈ ਤਾਂ ਇਸ ਦਾ ਹੱਲ ਹੋ ਸਕਦਾ ਹੈ। ਇਹ ਗੱਲ ਸੈਂਟਰਲ ਗੌਰਮਿੰਟ ਹੀ ਕਰ ਸਕਦੀ ਹੈ ਕਿਉਂਕਿ ਪਾਕਿਸਤਾਨ ਸਰਕਾਰ ਦੀ ਮੰਜ਼ੂਰੀ ਤੋਂ ਬਿਨਾਂ ਇਹ ਕਹਿੰਦੇ ਹਨ ਕਿ ਅਸੀਂ ਕੁਝ ਨਹੀਂ ਕਰ ਸਕਦੇ। ਇਹ ਨੁਕਸਾਨ 1955 ਦੇ ਹੜ੍ਹਾਂ ਤੋਂ ਵੱਧ ਹੋਇਆ ਹੈ। ਕਿਉਂਕਿ ਲੋਕਾਂ ਦੇ ਮਕਾਨ ਢਹਿ ਗਏ ਹਨ ਅਤੇ ਸਾਉਣੀ ਦੀ ਫਸਲ ਵੀ ਬਿਲਕੁਲ ਤਬਾਹ ਹੋ ਗਈ ਹੈ ਅਤੇ ਆਉਣ ਵਾਲੀ ਹਾੜ੍ਹੀ ਦੀ ਫਸਲ ਦੀ ਵੀ ਕੋਈ ਆਸ ਨਹੀਂ ਹੈ ਇਸ ਕਰਕੇ ਸਰਕਾਰ ਨੂੰ ਚੰਗੇ ਝਾੜ ਦੇਣ ਵਾਲੇ ਬੀਜ ਕਿਸਾਨਾਂ ਨੂੰ ਅਤੇ ਖੇਤ ਮਜ਼ਦੂਰਾਂ ਨੂੰ ਦੇਣੇ ਚਾਹੀਦੇ ਹਨ ਤਾਕਿ ਉਹ ਆਪਣਾ ਗੁਜ਼ਾਰਾ ਠੀਕ ਢੰਗ ਨਾਲ ਕਰਕੇ ਜੀਅ ਸਕਣ। ਉਨ੍ਹਾਂ ਲੋਕਾਂ ਦੀਆਂ ਫਸਲਾਂ ਬਿਲਕੁਲ ਤਬਾਹ ਹੋ ਗਈਆਂ ਹਨ ਅਤੇ ਉਨ੍ਹਾਂ ਨੂੰ ਕੰਪਨਸੇਸ਼ਨ ਮਿਲਣੀ ਚਾਹੀਦੀ ਹੈ। ਇਸ ਤਰ੍ਹਾਂ ਜਿਹੜੀਆਂ ਮਹਿਕਮੇ ਦੇ ਵਿਚ ਕਮਜ਼ੋਰੀਆਂ ਹਨ ਇਹ ਦੂਰ ਕਰਨੀਆਂ ਚਾਹੀਦੀਆਂ ਹਨ। ਇਸ ਮਾਮਲੇ ਨੂੰ ਸਾਡੀ ਸਰਕਾਰ ਜਾਂ ਸੈਂਟਰਲ ਗੌਰਮਿੰਟ ਕਿਸੇ ਵੀ ਤਰੀਕੇ ਨਾਲ ਨਿਪਟਾ ਦੇਵੇ। ਫੇਰ ਫਾਜ਼ਿਲਕਾ ਦੇ ਜਿਹੜੇ ਮਾਰਕਫੈਡ ਦੇ ਗੁਦਾਮ ਹਨ ਉਸ ਦੇ ਵਿਚ ਕਾਫੀ ਮਾਤਰਾ ਵਿਚ ਖਾਦ ਪਈ ਸੀ ਜਿਹੜੀ ਕਿਸਾਨਾਂ ਨੂੰ ਵੰਡੀ ਜਾਣੀ ਸੀ। 15 ਅਗੱਸਤ ਤਕ, ਇਹ ਵੰਡੀ ਨਹੀਂ ਗਈ ਔਰ ਹੁਣ ਇਹ ਸਾਰੀ ਦੀ ਸਾਰੀ ਬਾਰਸ਼ਾਂ ਕਰਕੇ ਤਬਾਹ ਹੋ ਗਈ ਹੈ। ਇਹ ਨਹੀਂ ਮਿਲ ਸਕੀ। ਹੁਣ ਹੜ੍ਹਾਂ ਕਰਕੇ ਸੇਮ ਹੋ ਗਈ ਹੈ। ਬਾਕੀ ਦੀਆਂ ਵੀ ਫਸਲਾਂ ਦਾ ਨੁਕਸਾਨ ਹੋ ਗਿਆ ਹੈ। ਹੁਣ ਸਰਕਾਰ ਨੂੰ ਇਨ੍ਹਾਂ ਲੋਕਾਂ ਨੂੰ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਮਾਲੀ ਮਦਦ ਦੇ ਕੇ ਅਤੇ ਚੰਗੀ ਕਿਸਮ ਦੇ ਬੀਜ ਦੇ ਕੇ ਮਦਦ ਕਰਨੀ ਚਾਹੀਦੀ ਹੈ ਤਾਕਿ ਉਹ ਫਿਰ ਆਪਣੇ ਪੈਰਾਂ ਤੇ ਖੜੇ ਹੋ ਸਕਣ। ਇਸ ਹੜ੍ਹ ਦੇ ਕਾਰਨ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ ਅਤੇ ਸੜਕਾਂ ਦੇ ਕਿਨਾਰੇ ਜਾ ਕੇ ਬੈਠਣਾ ਪਿਆ ਹੈ। ਉਹ ਆਪਣੇ ਘਰ ਤੋਂ ਘੱਟੋ ਘੱਟ ਅੱਧਾ ਮੀਲ ਦੂਰ ਚਲੇ ਗਏ ਹਨ। ਇਸ ਲਈ, ਮੈਂ ਸਰਕਾਰ ਨੂੰ ਕਹਾਂਗਾ ਕਿ ਇਨ੍ਹਾਂ ਲੋਕਾਂ ਦੀ ਮਦਦ ਕਰਨ ਲਈ ਉਹ ਕੋਈ ਚੰਗੇ ਉਪਰਾਲੇ ਕਰੇ ਕਿਉਂਕਿ ਆਉਣ ਵਾਲੀ ਫਸਲ ਦਾ ਉਹ ਖੇਤ ਮਜ਼ਦੂਰ ਕੰਮ ਨਹੀਂ ਕਰ ਸਕਣਗੇ, ਇਸ ਲਈ ਉਨ੍ਹਾਂ ਨੂੰ ਆਪਣਾ ਗੁਜ਼ਾਰਾ ਕਰਨ ਲਈ ਕੁਝ ਨਾ ਕੁਝ ਰਾਸ਼ਨ ਅਤੇ ਪਸ਼ੂਆਂ ਵਾਸਤੇ ਚਾਰਾ ਗਰਾਂਟ ਦੀ ਸ਼ਕਲ ਵਿਚ ਮਿਲ ਸਕੇ। ਲੋਕਾਂ ਦੀ ਹਾਲਤ ਬਹੁਤ ਖਰਾਬ ਹੋ ਗਈ ਹੈ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ]

ਇਸ ਤਰ੍ਹਾਂ ਇਨ੍ਹਾਂ ਹੜ੍ਹਾਂ ਦੇ ਦਿਨਾਂ ਵਿਚ ਜਦ ਲੋਕਾਂ ਨੂੰ ਪਤਾ ਲਗਾ ਕਿ 6 ਸਤੰਬਰ ਨੂੰ ਵਿਧਾਨ ਸਭਾ ਦਾ ਸੈਸ਼ਨ ਆ ਰਿਹਾ ਹੈ ਤਾਂ ਉਹ ਲੋਕ ਬੜੀਆਂ ਆਸਾਂ ਉਮੀਦਾਂ ਸਾਡੇ ਉਪਰ ਲਗਾ ਕੇ ਬੈਠੇ ਸਨ ਕਿ ਸਾਡੇ ਲਈ ਕੁਝ ਨਾ ਕੁਝ ਜ਼ਰੂਰ ਕਰਕੇ ਆਉਣਗੇ । ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਇਸ ਚੀਜ਼ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਕਿਉਂਕਿ ਜਦ ਅਸੀਂ ਵਾਪਸ ਜਾਵਾਂਗੇ ਤਾਂ ਉਨ੍ਹਾਂ ਲੋਕਾਂ ਨੇ ਸਾਨੂੰ ਪੁਛਣਾ ਹੈ ਕਿ ਸਾਡੇ ਲਈ ਕੀ ਕਰਕੇ ਆਏ ਹੋ । ਸਾਡੇ ਉਥੇ ਪਾਣੀ ਬਹੁਤ ਜ਼ਿਆਦਾ ਸੀ ਅਤੇ 10-10 ਟਿਊਬਵੈਲਜ਼ ਨੂੰ ਲਗਾ ਕੇ ਪਾਣੀ ਕਢੱਦੇ ਰਹੇ ਹਨ ਪਰ ਪਾਣੀ ਪੂਰਾ ਨਹੀਂ ਨਿਕਲਿਆ ਔਰ ਬਾਰਸ਼ਾਂ ਅਜੇ ਤਕ ਹੋ ਰਹੀਆਂ ਹਨ। ਭਾਵੇਂ ਚੰਡੀਗੜ੍ਹ ਦੇ ਵਿਚ ਬਾਰਸ਼ ਬਹੁਤ ਘੱਟ ਹੋਈ ਹੈ ਪਰ ਉਧਰ ਬਾਰਸ਼ਾਂ ਬਹੁਤ ਜ਼ਿਆਦਾ ਆਈਆਂ ਹਨ । ਇਸ ਲਈ, ਇਨ੍ਹਾਂ ਲੋਕਾਂ ਨੂੰ ਜਿਹੜੀ ਕੰਪਨਸੇਸ਼ਨ ਦੇਣੀ ਹੈ ਉਹ ਸ਼ਹਿਰਾਂ ਅਤੇ ਪਿੰਡਾਂ ਦੇ ਵਿਚਕਾਰ ਕੋਈ ਵਿਤਕਰੇ ਵਾਲੀ ਗੱਲ ਨਹੀਂ ਹੋਣੀ ਚਾਹੀਦੀ । ਪੂਰੇ ਪੂਰੇ ਪੈਸੇ ਮਿਲਣੇ ਚਾਹੀਦੇ ਹਨ । ਇਕ ਪਾਸੇ ਹੜ੍ਹਾਂ ਨੇ ਤਬਾਹੀ ਬਹੁਤ ਕੀਤੀ ਹੈ ਅਤੇ ਦੂਜੇ ਪਾਸੇ ਪਟਵਾਰੀ ਬਗੈਰ ਪੈਸੇ ਲਏ ਠੀਕ ਵੇਰਵਾ ਨਹੀਂ ਦਿੰਦਾ ਕਿ ਕਿਤਨਾ ਨੁਕਸਾਨ ਹੋਇਆ ਹੈ, ਇਸ ਚੀਜ਼ ਨੂੰ ਖ਼ਤਮ ਕਰਨਾ ਚਾਹੀਦਾ ਹੈ । ਇਸ ਤਰ੍ਹਾਂ ਇਕ ਪਟਵਾਰੀ ਨੇ 6 ਹਜ਼ਾਰ ਰੁਪਏ ਇੱਕਠੇ ਕਰ ਲਏ, ਪਤਾ ਨਹੀਂ ਉਹ ਰੁਪਏ ਆਪ ਖਾ ਗਿਆ ਜਾਂ ਕਿਸੇ ਹੋਰ ਨੇ ਖਾਧੇ ਹਨ, ਇਸ ਦਾ ਪਤਾ ਕਰਨਾ ਚਾਹੀਦਾ ਹੈ। (ਵਿਘਨ) ਪਟਿਆਲੇ ਦੇ ਵਿਚ ਇਕ ਪਿੰਡ ਹੈ ਜੋਗਾ, ਇਸ ਪਿੰਡ ਦੇ ਸਰਪੰਚ ਦੀ ਸ਼ਿਕਾਇਤ ਆਈ ਹੈ ਕਿ ਸਾਡੇ ਪਿੰਡ ਦਾ ਪਟਵਾਰੀ ਕਿਸੇ ਦਾ ਮਕਾਨ ਨਹੀਂ ਲਿਖਦਾ, ਉਹ ਪੈਸੇ ਲੈਂਦਾ ਹੈ । ਇਕ ਇਹ ਵੀ ਸਮੱਸਿਆ ਹੈ, ਇਸ ਨੂੰ ਦੂਰ ਕਰਨਾ ਚਾਹੀਦਾ ਹੈ । ਇਕ ਪਾਸੇ ਪਿੰਡਾਂ ਦੇ ਕਿਸਾਨ ਅਤੇ ਖੇਤ ਮਜ਼ਦੂਰ ਮਰ ਰਹੇ ਹਨ ਅਤੇ ਦੂਜੇ ਪਾਸੇ ਪਟਵਾਰੀ ਇਸ ਤਰ੍ਹਾਂ ਦੀਆਂ ਗੱਲਾਂ ਕਰਨ, ਇਹ ਠੀਕ ਨਹੀਂ । ਐਮਰਜੈਂਸੀ ਲਗੀ ਹੋਈ ਹੈ ਅਤੇ ਦੂਜੇ ਪਾਸੇ 20 ਨੁਕਾਤੀ ਪ੍ਰੋਗਰਾਮ ਚਲ ਰਿਹਾ ਹੈ । ਸਰਕਾਰ ਜਲਦੀ ਤੋਂ ਜਲਦੀ ਕਾਰਵਾਈ ਕਰਕੇ ਲੋਕਾਂ ਦੀਆਂ ਤਕਲੀਫਾਂ ਨੂੰ ਦੂਰ ਕਰੇ (ਵਿਘਨ)।

**ਸਰਦਾਰ ਗੁਰਦੇਵ ਸਿੰਘ ਬਖਸ਼ੀਵਾਲਾ** (ਬੁਢਲਾਢਾ) : ਡਿਪਟੀ ਸਪੀਕਰ ਸਾਹਿਬ, ਇਸ ਸਾਲ ਹੜ੍ਹਾਂ ਨਾਲ ਜਿਹੜੀ ਤਬਾਹੀ ਹੋਈ ਹੈ, ਮੈਂ ਉਸ ਦੇ ਬਾਰੇ ਕੁਝ ਬੇਨਤੀ ਕਰਨੀ ਚਾਹੁੰਦਾ ਹਾਂ । ਹੜ੍ਹ ਦੋ ਤਰ੍ਹਾਂ ਨਾਲ ਆਏ ਹਨ । ਇਕ ਤਾਂ ਬਾਰਸ਼ ਜ਼ਿਆਦਾ ਹੋਈ ਹੈ ਅਤੇ ਕਈ ਜਗ੍ਹਾਂ ਉਚੀਆਂ ਥਾਵਾਂ ਦਾ ਪਾਣੀ ਨੀਵੇਂ ਥਾਂ ਆ ਗਿਆ ਜਿਸ ਕਰਕੇ ਨੀਵੇਂ ਥਾਵਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ । ਜਿਹੜੇ ਪਿੰਡ ਨੀਵੇਂ ਹਨ ਉਨ੍ਹਾਂ ਦੀ ਆਬਾਦੀ ਨੂੰ ਜ਼ਿਆਦਾ ਨੁਕਸਾਨ ਹੋਇਆ ਹੈ । ਕੁਝ ਡਰੇਨਾਂ ਨਾਲ ਨੁਕਸਾਨ ਹੋਇਆ ਹੈ । ਜਿਹੜੀ ਕੁਦਰਤੀ ਆਫਤ ਹੈ ਮੈਂ ਸਮਝਦਾ ਹਾਂ ਕਿ ਇਹ ਇਕ ਕੁਦਰਤ ਦੀ ਦੇਣ ਹੈ, ਅਸੀਂ ਉਸ ਨੂੰ ਰੋਕ ਨਹੀਂ ਸਕਦੇ । ਪਰ ਜਿਹੜਾ ਡਰੇਨਾਂ ਦਾ ਮਸਲਾ ਹੈ, ਇਹ ਸਾਡੀ ਆਪਣੀ ਜ਼ਿੰਮੇਵਾਰੀ ਹੈ, ਸਰਕਾਰ ਦੀ ਜ਼ਿੰਮੇਵਾਰੀ ਹੈ । ਮੈਂ ਦੇਖਿਆ ਹੈ ਕਿ ਜ਼ਿਲ੍ਹਾ ਬਠਿੰਡਾ ਵਿਚ ਚਾਰ-ਪੰਜ ਡਰੇਨਾਂ ਪੈਂਦੀਆਂ ਹਨ । ਉਨ੍ਹਾਂ ਦੇ ਨਾਮ ਹਨ ਲਸਾੜਾ ਡਰੇਨ, ਸਰਹਿੰਦ ਬੁਢਲਾਢਾ ਡਰੇਨ, ਬਰੇਟਾ ਡਰੇਨ ਅਤੇ ਲਹਿਰਾ ਗਾਗਾ ਡਰੇਨ । ਬੁਢਲਾਢਾ ਵਿਚ ਤਿੰਨ ਡਰੇਨਾਂ ਪੈਂਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਬਰੇਟਾ ਡਰੇਨ ਨੂੰ ਵਾਈਡਨਿੰਗ ਅਤੇ ਡੀਪਨਿੰਗ ਕਰਨ ਵਾਸਤੇ ਕੇਸ 1972 ਦਾ ਸਰਕਾਰ ਕੋਲ ਪੈਂਡਿੰਗ ਹੈ । ਡਿਪਟੀ ਸਪੀਕਰ ਸਾਹਿਬ, ਪਿਛਲੇ ਸਾਲ ਡਰੇਨੇਜ ਡਿਪਾਰਟਮੈਂਟ ਦਾ ਕੋਈ ਆਦਮੀ ਅਜਿਹਾ ਨਹੀਂ ਰਿਹਾ ਹੋਣਾ ਜਿਸ ਨੂੰ ਮੈਂ ਮਿਲਿਆ ਨਾ ਹੋਵਾਂ । ਅਸੀਂ ਡਰੇਨੇਜ ਦੇ ਅਫਸਰਾਂ ਨੂੰ ਮੌਕੇ ਤੇ ਲੈ ਕੇ ਗਏ, ਸਰਵੇ ਕੀਤਾ । ਲੇਕਿਨ ਡਰੇਨੇਜ ਡਿਪਾਰਟਮੈਂਟ

Original with;
Punjab Vidhan Sabha
Digitized by;
Panjab Digital Library

ਵਾਲੇ ਕਹਿੰਦੇ ਹਨ ਕਿ ਸਾਨੂੰ ਪੈਸੇ ਨਹੀਂ ਅਲਾਟ ਕੀਤੇ ਗਏ ਅਸੀਂ ਕੰਮ ਕੀ ਕਰੀਏ । ਮੈਂ ਸਮਝਦਾ ਹਾਂ ਕਿ 1957-58 ਵਿਚ ਸਾਰੇ ਪੰਜਾਬ ਵਿਚ ਡਰੇਨਾਂ ਪੁੱਟੀਆਂ ਗਈਆਂ ਸਨ ਜਿਸ ਦੇ ਨਾਲ ਹੜ੍ਹਾਂ ਦਾ ਮਸਲਾ ਪਰਮਾਨੈਂਟ ਤੌਰ ਤੇ ਹੱਲ ਹੋ ਗਿਆ ਸੀ ਅਤੇ ਲੋਕਾਂ ਨੂੰ ਅਹਿਸਾਸ ਹੋਇਆ ਕਿ ਹੁਣ ਸਾਡੀਆਂ ਫਸਲਾਂ ਨਹੀਂ ਮਰਨਗੀਆਂ । ਵੈਸੇ ਤਾਂ ਅਸੀਂ ਖਾਲੇ ਵੀ ਪੱਕੇ ਕਰ ਰਹੇ ਹਾਂ ਅਤੇ ਡਿਸਟਰੀਬਿਊਟਰੀਆਂ ਵੀ ਪੱਕੀਆਂ ਕਰ ਰਹੇ ਹਾਂ ਪਰ ਪਾਸੇ ਡਰੇਨਾਂ ਜਿਹੜੀਆਂ ਹਨ ਉਨ੍ਹਾਂ ਦੀਆਂ ਲਿੰਕ ਡਰੇਨਜ਼ ਨਹੀਂ ਪੱਟੀਆਂ ਗਈਆਂ । ਇਹ ਜ਼ਿੰਮੇਵਾਰੀ ਸਾਡੇ ਡਰੇਨੇਜ ਡਿਪਾਰਟਮੈਂਟ ਤੇ ਆਉਂਦੀ ਹੈ । ਜਦ ਇਸ ਬਾਰੇ ਹੇਠਲੇ ਦਰਜੇ ਦੇ ਕਰਮਚਾਰੀਆਂ ਨੂੰ ਮਿਲਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਸਾਨੂੰ ਫੰਡਜ਼ ਨਹੀਂ ਮਿਲੇ ਅਤੇ ਅਸੀਂ ਨਕਸ਼ੇ ਆਦਿ ਮੁਕੰਮਲ ਕਰ ਲਏ ਹਨ ਅਤੇ ਜ਼ਮੀਨ ਐਕੁਆਇਰ ਕਰਨ ਵਾਸਤੇ ਤਿਆਰ ਬੈਠੇ ਹਾਂ ਪਰ ਅਸੀਂ ਮਜਬੂਰ ਹਾਂ ਕਿ ਸਾਨੂੰ ਸਰਕਾਰ ਵਲੋਂ ਫੰਡ ਨਹੀਂ ਮਿਲੇ । ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਖੇਤਾਂ ਵਿਚ ਪਾਣੀ ਖੜਾ ਹੈ ਅਤੇ ਡਰੇਨਾਂ ਪਾਣੀ ਨਾਲ ਭਰੀਆਂ ਹੋਈਆਂ ਹਨ । ਰੈਵੇਨਿਊ ਡਿਪਾਰਟਮੈਂਟ ਵਾਲੇ ਲੋਕਾਂ ਪਾਸ ਗਏ, ਡਾਕਟਰ ਲੋਕਾਂ ਕੋਲ ਗਏ ਤਾਕਿ ਕਿਸੇ ਕਿਸਮ ਦੀ ਕੋਈ ਬਿਮਾਰੀ ਨਾ ਫੈਲੇ, ਡੰਗਰਾਂ ਦੇ ਮਹਿਕਮੇ ਵਾਲੇ ਪਸ਼ੂਆਂ ਨੂੰ ਦੇਖਣ ਵਾਸਤੇ ਲੋਕਾਂ ਕੋਲ ਗਏ ਤਾਕਿ ਪਸ਼ੂਆਂ ਦੇ ਟੀਕੇ ਲਗਾਏ ਜਾਣ ਪਰ ਡਰੇਨੇਜ ਡਿਪਾਰਟਮੈਂਟ ਦਾ ਕੋਈ ਆਦਮੀ ਨਹੀਂ ਗਿਆ । ਡਿਪਟੀ ਸਪੀਕਰ ਸਾਹਿਬ, ਮਾਨਸਾ ਸਬ-ਡਵੀਜ਼ਨ ਵਿਚ ਘੱਗਰ ਦਰਿਆ ਨਾਲ ਅਤੇ ਬਰੇਟਾ ਡਰਨ ਨਾਲ 80-90 ਪਿੰਡਾਂ ਵਿਚ ਨੁਕਸਾਨ ਹੋਇਆ ਹੈ । ਇਸ ਦਾ ਡਰੇਨੇਜ ਡਿਪਾਰਟਮੈਂਟ ਅਤੇ ਫਾਈਨਾਂਸ ਡਿਪਾਰਟਮੈਂਟ ਨੂੰ ਮੌਕੇ ਤੇ ਜਾ ਕੇ ਸਰਵੇ ਕਰਨਾ ਚਾਹੀਦਾ ਹੈ ਤਾਕਿ ਡਰੇਨਾਂ ਦਾ ਜਿਹੜਾ ਮਸਲਾ ਹੈ ਔਰ ਉਨ੍ਹਾਂ ਨੂੰ ਰਕਮ ਅਲਾਟ ਕਰਨ ਦਾ ਜਿਹੜਾ ਕੰਮ ਹੈ ਉਹ ਮੌਕੇ ਤੇ ਜਾ ਕੇ ਤੁਰੰਤ ਪੈਸੇ ਦੀ ਅਲਾਟਮੈਂਟ ਕੀਤੀ ਜਾਵੇ । ਜਿਸ ਤਰ੍ਹਾਂ ਮੈਂ ਤੁਹਾਨੂੰ ਪਹਿਲਾਂ ਹੀ ਦੱਸਿਆ ਹੈ ਕਿ ਬਰੇਟਾ ਡਰੇਨ ਦਾ ਕੇਸ ਕਈ ਸਾਲਾਂ ਦਾ ਪੈਂਡਿੰਗ ਪਿਆ ਹੈ, ਇਸੇ ਤਰ੍ਹਾਂ ਹੀ ਜਿਹੜੀਆਂ ਲਿੰਕ ਡਰੇਨਜ਼ ਹਨ ਉਨ੍ਹਾਂ ਦਾ ਵੀ ਮਸਲਾ ਹੱਲ ਨਹੀਂ ਕੀਤਾ ਗਿਆ । ਇਨ੍ਹਾਂ ਦਾ ਵੀ ਪੁਰਾਣਾ ਕੇਸ ਚੱਲ ਰਿਹਾ ਹੈ । ਗੋਬਿੰਦਗੜ੍ਹ, ਕਿਸ਼ਨਗੜ੍ਹ, ਬਹਾਦਰਪੁਰ ਜੁਗਲਾ ਲਿੰਕ ਡਰੇਨ ਅਤੇ ਗੋਬਿੰਦਪੁਰ ਸਤੀਕੇ ਲਿੰਕ ਡਰੇਨ ਅਤੇ ਟੋਡਰ ਪੁਰ ਲਿੰਕ ਡਰੇਨਜ਼ ਆਦਿ ਦਾ ਕੇਸ ਵਿਚ ਹੀ ਪਿਆ ਹੈ । ਸਰਹਿੰਦ ਚੋ ਡਰੇਨ ਇਕ ਫਰਲਾਂਗ ਚੌੜੀ ਹੈ । ਉਹ ਪੱਟੀ ਨਹੀਂ ਗਈ, ਜਿਸ ਕਰਕੇ ਨੁਕਸਾਨ ਹੋਇਆ ਹੈ । ਉਸ ਨੂੰ ਠੀਕ ਨਹੀਂ ਕੀਤਾ ਗਿਆ ਜਿਸ ਕਰਕੇ ਪਾਣੀ ਓਵਰ ਫਲੋ ਕਰ ਗਿਆ ਅਤੇ ਨੁਕਸਾਨ ਹੋਇਆ ਹੈ ।

12.52 P.M.

(ਇਸ ਸਮੇਂ ਸ਼੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ ।)

ਉਸ ਨੂੰ ਠੀਕ ਕੀਤਾ ਜਾਣਾ ਚਾਹੀਦਾ ਹੈ । ਜਿਥੇ ਅਸੀਂ ਭੁੱਖੇ ਲੋਕਾਂ ਨੂੰ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਰਿਲੀਫ ਦੇਣੀ ਹੈ........

**ਸ਼੍ਰੀ ਸਪੀਕਰ** : ਬਖਸ਼ੀਵਾਲਾ ਜੀ, ਮਨਿਸਟਰ ਸਾਹਿਬ ਨੇ ਬੋਲਣਾ ਹੈ ਅਤੇ ਡਾਂਗ ਸਾਹਿਬ ਨੇ ਵੀ ਬੋਲਣਾ ਹੈ, ਇਸ ਲਈ ਤੁਸੀਂ ਖ਼ਤਮ ਕਰੋ ।

**ਸਰਦਾਰ ਗੁਰਦੇਵ ਸਿੰਘ ਬਖਸ਼ੀਵਾਲਾ** : ਸਪੀਕਰ ਸਾਹਿਬ, ਬਠਿੰਡੇ ਵਿਚੋਂ ਮੈਂ ਇਕੱਲਾ ਹੀ ਬੋਲਣ ਵਾਲਾ ਹਾਂ ਇਸ ਕਰਕੇ ਮੈਨੂੰ ਟਾਈਮ ਜ਼ਿਆਦਾ ਦਿਤਾ ਜਾਵੇ । ਸਪੀਕਰ ਸਾਹਿਬ, ਡਰੇਨਾਂ ਵੱਲ ਕਈ ਸਾਲਾਂ ਤੋਂ ਧਿਆਨ ਨਹੀਂ ਦਿਤਾ ਗਿਆ । ਡਰੇਨਾਂ ਦਾ ਮਸਲਾ ਹਲ ਕਰਨ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ਭਾਵੇਂ ਐਲ.ਆਈ.ਸੀ. ਤੋਂ ਕਰਜ਼ਾ ਲਿਆ ਜਾਵੇ ਜਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਖਸ਼ੀਵਾਲਾ]

ਕਿਸੇ ਕਾਰਪੋਰੇਸ਼ਨ ਤੋਂ ਕਰਜ਼ਾ ਲਿਆ ਜਾਵੇ । ਡਰੇਨਾਂ ਮੁਕੰਮਲ ਕਰਨੀਆਂ ਚਾਹੀਦੀਆਂ ਹਨ ਭਾਵੇਂ ਕਰਜ਼ਾ ਲੈ ਕੇ ਕਰੋ ਤਾਕਿ ਅਗਲਾ ਸਾਲ ਜਿਹੜਾ ਆ ਰਿਹਾ ਹੈ ਉਸ ਵਿਚ ਕੋਈ ਨੁਕਸਾਨ ਨਾ ਹੋਵੇ ਅਤੇ ਜੇ ਕੋਈ ਐਸੀ ਆਫਤ ਆ ਵੀ ਜਾਵੇ ਤਾਂ ਉਸ ਨੂੰ ਰੋਕ ਸਕੀਏ । ਘੱਗਰ ਦਰਿਆ ਜਿਹੜਾ ਹੈ, ਇਹ ਮਾਨਸਾ ਸਬ-ਡਵੀਜ਼ਨ ਦੇ ਕੋਲੋਂ ਦੀ ਲੰਘਦਾ ਹੈ । ਉਸਦੇ ਪੁਲ ਅਤੇ ਸਾਈਫਨ ਪੁਰਾਣੇ ਹਨ । ਦਰਿਆ ਵਿਚ ਪਾਣੀ ਬਹੁਤ ਆਇਆ ਹੈ ਉਹ ਹੇਠੋਂ ਦੀ ਲੰਘ ਨਹੀਂ ਸਕਿਆ ਅਤੇ ਓਵਰ ਫਲੋ ਕਰ ਗਿਆ । ਇਸ ਲਈ ਡਰੇਨੇਜ ਡਿਪਾਰਟਮੈਂਟ ਨੂੰ ਸਰਵੇ ਕਰਨਾ ਚਾਹੀਦਾ ਹੈ । ਜਿਥੋਂ ਦੀ ਪਾਣੀ ਲੰਘਿਆ ਹੈ ਉਥੇ ਨਿਸ਼ਾਨ ਲੱਗੇ ਹੋਏ ਹਨ । ਜੇ ਸਰਵੇ ਨਾ ਕੀਤਾ ਗਿਆ ਤਾਂ ਅਗਲੇ ਸਾਲ ਘੱਗਰ ਦਰਿਆ ਦੀ ਲਪੇਟ ਵਿਚ ਜਿਹੜੇ ਪਿੰਡ ਆਉਣਗੇ ਉਨ੍ਹਾਂ ਦਾ ਬਹੁਤ ਨੁਕਸਾਨ ਹੋਵੇਗਾ ।

ਫਿਰ ਸਪੀਕਰ ਸਾਹਿਬ, ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਜਿਨ੍ਹਾਂ ਦਾ 25%, 50% ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਰਿਲੀਫ ਦਿਤੀ ਜਾਵੇਗੀ । ਮੈਂ ਬੇਨਤੀ ਕਰਾਂਗਾ ਕਿ ਇਕ ਪਿੰਡ ਦੇ ਜਿੰਨੇ ਖੇਤ ਇਕ ਪਾਸੇ ਹਨ ਅਤੇ ਉਥੇ ਨੀਵੀਂ ਜਗ੍ਹਾ ਹੈ ਤਾਂ ਉਥੇ ਉਚੀ ਜਗ੍ਹਾ ਦਾ ਪਾਣੀ ਆ ਗਿਆ ਅਤੇ ਉਨ੍ਹਾਂ ਦੇ ਸਾਰੇ ਖੇਤਾਂ ਦਾ ਨੁਕਸਾਨ ਹੋਇਆ । ਉਚੇ ਪਾਸਿਆਂ ਵਾਲਿਆਂ ਦਾ ਘੱਟ ਨੁਕਸਾਨ ਹੋਇਆ ਹੈ । ਇਸ ਲਈ ਨੁਕਸਾਨ ਨੂੰ ਦੇਖਕੇ ਰਿਲੀਫ ਦਿਤੀ ਜਾਣੀ ਚਾਹੀਦੀ ਹੈ । ਪਿੰਡ ਵਿਚ ਕਿਸੇ ਦਾ ਜ਼ਿਆਦਾ ਨੁਕਸਾਨ ਹੋਇਆ ਹੈ ਅਤੇ ਕਈਆਂ ਦਾ ਘੱਟ ਹੋਇਆ ਹੈ ਇਸ ਲਈ ਨੁਕਸਾਨ ਦੇ ਮੁਤਾਬਿਕ ਹੀ ਰਿਲੀਫ ਦਿਤੀ ਜਾਣੀ ਚਾਹੀਦੀ ਹੈ । ਜਿਸ ਤਰ੍ਹਾਂ ਗੜਿਆਂ ਬਾਰੇ ਨੀਤੀ ਅਪਣਾਈ ਹੈ, ਉਸੇ ਤਰ੍ਹਾਂ ਹੀ ਇਸ ਦੇ ਲਈ ਨੀਤੀ ਅਪਣਾਉਣੀ ਚਾਹੀਦੀ ਹੈ । ਜਿਸ ਦਾ ਨੁਕਸਾਨ ਹੋਇਆ ਹੈ ਉਸ ਨੂੰ ਰਿਲੀਫ ਦਿਤੀ ਜਾਵੇ । ਜਿਥੇ ਰਿਲੀਫ ਦੇਣੀ ਹੈ, ਉਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਕਣਕ ਦੇ ਬੀਜ ਦੀਆਂ ਚੰਗੀਆਂ ਵੈਰਾਇਟੀਆਂ ਸਪਲਾਈ ਕੀਤੀਆਂ ਜਾਣ । ਜਿਨ੍ਹਾਂ ਦਾ ਨੁਕਸਾਨ ਹੋਇਆ ਹੈ ਉਹ ਵਿਚਾਰੇ ਖਾਦਾਂ ਆਦਿ ਦੇ ਕਰਜ਼ੇ ਮੋੜ ਨਹੀਂ ਸਕਦੇ । ਮੈਂ ਸਮਝਦਾ ਹਾਂ ਕਿ ਉਨ੍ਹਾਂ ਤੇ ਬੈਂਕਾਂ ਦਾ ਵਿਆਜ ਨਹੀਂ ਪੈਣਾ ਚਾਹੀਦਾ । ਵਿਆਜ ਉਨ੍ਹਾਂ ਕੋਲੋਂ ਨਾ ਲਿਆ ਜਾਵੇ, ਕਿਉਂਕਿ ਉਨ੍ਹਾਂ ਦੀਆਂ ਤਾਂ ਫਸਲਾਂ ਮਾਰੀਆਂ ਗਈਆਂ ਹਨ, ਉਹ ਕਿਥੋਂ ਦੇ ਸਕਦੇ ਹਨ । ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਬਾਕੀ ਦੇ ਲੋਨ ਦੀ ਰਕਮਾਂ ਦੀ ਰਿਕਵਰੀ ਵੀ ਸਟੇ ਕੀਤੀ ਜਾਵੇ ਅਤੇ ਉਨ੍ਹਾਂ ਕੋਲੋਂ ਵਿਆਜ ਨਾ ਲਿਆ ਜਾਵੇ ।

ਹੁਣ ਮੈਂ ਕਣਕ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ । ਮੰਡੀਆਂ ਵਿਚ ਕਣਕ ਪਈ ਹੈ ਪਰ ਸਰਕਾਰ ਉਸ ਨੂੰ ਖਰੀਦ ਨਹੀਂ ਰਹੀ । ਉਨ੍ਹਾਂ ਗਰੀਬਾਂ ਦੀ ਕਣਕ ਉਥੇ ਪਈ ਭਿੱਜ ਰਹੀ ਹੈ । ਜੇ ਕਿਹਾ ਜਾਵੇ ਤਾਂ ਕਹਿੰਦੇ ਹਨ ਕਿ ਇਹ ਕਣਕ ਲੈਂਡ ਲਾਰਡਾਂ ਦੀ ਹੈ । ਮੈਂ ਬੇਨਤੀ ਕਰਾਂਗਾ ਕਿ ਜਿਹੜੇ ਲੈਂਡ ਲਾਰਡਜ਼ ਹਨ ਉਨ੍ਹਾਂ ਨੇ ਤਾਂ ਪਕੇ ਸਟੋਰੇਜ ਬਣਾਏ ਹੋਏ ਹਨ ਅਤੇ ਉਹ ਕਣਕ ਤਾਂ ਉਨ੍ਹਾਂ ਵਿਚ ਰੱਖਦੇ ਹਨ । ਇਹ ਜਿਹੜੀ ਮੰਡੀਆਂ ਵਿਚ ਕਣਕ ਭਿੱਜਦੀ ਪਈ ਹੈ ਇਹ ਗਰੀਬ ਕਿਸਾਨਾਂ ਦੀ ਹੈ । ਗਰੀਬ ਆਦਮੀ ਤਾਂ ਲੋੜ ਪੈਣ ਵੇਲੇ ਕਣਕ ਲੈ ਕੇ ਵੇਚਣ ਲਈ ਆਉਂਦਾ ਹੈ । ਸੋ ਇਨ੍ਹਾਂ ਗਰੀਬਾਂ ਦੀ ਕਣਕ ਮੰਡੀਆਂ ਵਿਚ ਪਈ ਹੈ । ਸਾਡੇ ਕੇਂਦਰ ਦੇ ਵਜ਼ੀਰ ਸ਼੍ਰੀ ਜਗਜੀਵਨ ਰਾਮ ਦਾ ਅਖਬਾਰਾਂ ਵਿਚ ਬਿਆਨ ਆਉਂਦਾ ਹੈ ਕਿ ਸਰਕਾਰੀ ਰੇਟ ਦੇ ਮੁਤਾਬਿਕ ਉਨ੍ਹਾਂ ਦੀ ਕਣਕ ਖਰੀਦੀ ਜਾਵੇਗੀ । ਮੈਂ ਕਹਿੰਦਾ ਹਾਂ ਕਿ ਮੰਡੀਆਂ ਵਿਚ ਕਣਕ ਦੇ ਢੇਰ ਲਗੇ ਹੋਏ ਹਨ ਅਤੇ ਸਰਕਾਰ ਖਰੀਦ ਨਹੀਂ ਰਹੀ । ਸਰਕਾਰ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੂੰ ਇਹ ਵੀ ਆਗਿਆ ਨਹੀਂ ਦਿੰਦੀ ਕਿ ਤੁਸੀਂ ਜਿਥੇ ਮਰਜ਼ੀ ਹੈ ਵੇਚ ਲਵੋ ਅਤੇ ਨਾ ਹੀ ਆਪ ਖਰੀਦਦੀ ਹੈ । ਜੇ ਸਰਕਾਰ ਉਨ੍ਹਾਂ ਨੂੰ ਆਗਿਆ ਦੇ ਦੇਵੇ ਕਿ ਜਿਥੇ ਮਰਜ਼ੀ ਹੈ ਵੇਚੋ ਤਾਂ ਉਹ ਬਾਹਰ ਵੇਚ ਸਕਦੇ ਹਨ । ਇਸ ਲਈ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ।

ਅੰਤ ਵਿਚ, ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਡਰੇਨਾਂ ਜਿਹੜੀਆਂ ਹਨ, ਜਿੰਨਾ ਚਿਰ ਉਨ੍ਹਾਂ ਨੂੰ ਮੁਕੰਮਲ ਨਹੀਂ ਕਰਦੇ, ਠੀਕ ਨਹੀਂ ਕਰਦੇ ਉਦੋਂ ਤੱਕ ਹੜ੍ਹਾਂ ਦਾ ਮਸਲਾ ਬਣਿਆ ਰਹੇਗਾ । ਮੈਂ ਹੋਰ ਦੱਸਦਾ ਹਾਂ ਕਿ ਅੰਮ੍ਰਿਤਸਰ ਡਰੇਨਾਂ ਦਾ ਜਿਹੜਾ ਸਕੈਂਡਲ ਹੋਇਆ ਹੈ, ਉਸ ਵਿਚ ਲੱਖਾਂ ਰੁਪਿਆ ਖਾਧਾ ਹੋਇਆ ਹੈ । ਉਨ੍ਹਾਂ ਅਫਸਰਾਂ ਨੂੰ ਸਜ਼ਾ ਦਿਤੀ ਜਾਵੇ । ਉਸ ਦੀ ਪੜਤਾਲ ਕੀਤੀ ਜਾਵੇ ਅਤੇ ਕੁਰੱਪਸ਼ਨ ਨੂੰ ਰੋਕਿਆ ਜਾਵੇ । ਜਿੰਨੀ ਦੇਰ ਤੱਕ ਕੁਰੱਪਸ਼ਨ ਨਾ ਰੋਕੀ ਗਈ, ਅਜਿਹੇ ਅਫਸਰਾਂ ਨੂੰ ਸਜ਼ਾ ਨਾ ਦਿਤੀ ਗਈ ਉਦੋਂ ਤੱਕ ਡਰੇਨੇਜ ਡਿਪਾਰਟਮੈਂਟ ਵਿਚ ਸੁਧਾਰ ਨਹੀਂ ਹੋਣਾ । ਸਪੀਕਰ ਸਾਹਿਬ, ਅਨਾ ਕੁਝ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਕ ਪ੍ਰਿਵਿਲਿਜ ਮੋਸ਼ਨ ਦਾ ਨੋਟਿਸ ਦਿਤਾ ਸੀ । ਰੂਲਜ਼ ਪ੍ਰੋਵਾਈਡ ਕਰਦੇ ਹਨ ਕਿ ਜਦ ਮੋਸ਼ਨ ਦਿਤੀ ਜਾਵੇ ਤਾਂ ਅੱਧੇ ਘੰਟੇ ਵਿਚ it should be taken up.

**ਸ੍ਰੀ ਸਪੀਕਰ** : ਮੇਰੇ ਕੋਲ ਤਾਂ ਆਈ ਨਹੀਂ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਅੱਧਾ ਘੰਟਾ ਹੋ ਗਿਆ ਹੈ ਦਿਤੀ ਨੂੰ । ਐਨੇ ਚਿਰ ਵਿਚ ਤਾਂ ਹਵਾਈ ਜਹਾਜ਼ ਤੇ ਦਿੱਲੀ ਪਹੁੰਚਿਆ ਜਾ ਸਕਦਾ ਹੈ ।

**ਸ੍ਰੀ ਸਪੀਕਰ** : ਉਹ ਆ ਜਾਵੇਗੀ ।

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਨੇ ਜੋ ਪੰਜਾਬ ਵਿਚ ਅਨਪਰੇਸੀਡੈਂਟਿਡ ਫਲੱਡਜ਼ ਆਏ ਹਨ ਉਨ੍ਹਾਂ ਬਾਰੇ ਐਂਗਜ਼ਾਇਟੀ ਜ਼ਾਹਿਰ ਕੀਤੀ ਹੈ, ਮੈਂ ਉਨ੍ਹਾਂ ਦੇ ਜਜ਼ਬਾਤ ਦੀ ਪੂਰੀ ਕਦਰ ਕਰਦਾ ਹਾਂ । ਜਦੋਂ ਦੀ ਇਸ ਸਰਕਾਰ ਨੇ ਪੰਜਾਬ ਵਿਚ ਜ਼ਿਮੇਵਾਰੀ ਸੰਭਾਲੀ ਹੈ, 1972 ਤੋਂ ਲੈਕੇ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਦਾ ਧਿਆਨ ਇਸ ਮਸ਼ਲੇ ਦੇ ਪਿਛੋਕੜ ਵੱਲ ਲੈ ਜਾਣਾ ਚਾਹੁੰਦਾ ਹਾਂ । ਕਿਸੇ ਵੇਲੇ ਵੀ ਕੋਈ ਪੰਜਾਬ ਦੇ ਲੋਕਾਂ ਤੇ, ਕਿਸਾਨ ਤੇ ਮਜਬੂਰੀ ਪਈ ਤਾਂ ਯਤਨ ਕੀਤਾ ਗਿਆ ਕਿ ਉਨ੍ਹਾਂ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ । 1971 ਦੀ ਲੜਾਈ ਹੋਈ । ਅੰਮ੍ਰਿਤਸਰ ਔਰ ਫਿਰੋਜ਼ਪੁਰ ਦੇ ਬਾਰਡਰ ਦੇ ਜ਼ਿਲ੍ਹਿਆਂ ਦਾ ਅਤੇ ਕੁਝ ਗੁਰਦਾਸਪੁਰ ਦੇ ਇਲਾਕੇ ਦੇ ਲੋਕਾਂ ਦੇ ਮਕਾਨਾਂ ਅਤੇ ਫਸਲਾਂ ਦਾ ਨੁਕਸਾਨ ਹੋਇਆ । ਪਹਿਲੀ ਦਫਾ 1961 ਵਿਚ ਲੜਾਈ ਹੋਈ, ਫਿਰ 1965 ਵਿਚ ਵੀ ਲੜਾਈ ਹੋਈ ਮਗਰ ਉਦੋਂ ਕੋਈ ਵੀ ਉਨ੍ਹਾਂ ਨੂੰ ਰਿਲੀਫ ਨਹੀਂ ਦਿਤੀ ਗਈ । ਮਗਰ ਇਸ ਲੜਾਈ ਤੋਂ ਬਾਅਦ 19 ਕਰੋੜ 95 ਲੱਖ ਰੁਪਿਆ, ਤਕਰੀਬਨ 20 ਕਰੋੜ ਰੁਪਿਆ ਪਿਛਲੇ ਤਿੰਨ ਚਾਰ ਸਾਲਾਂ ਵਿਚ ਰਿਲੀਫ ਦੇ ਤੌਰ ਤੇ ਉਥੇ ਬਾਰਡਰ ਤੇ ਰਹਿਣ ਵਾਲੇ ਲੋਕਾਂ ਨੂੰ ਦਿਤਾ ਗਿਆ ।

ਸਿਰਫ ਇਹੀ ਨਹੀਂ, ਇਨ੍ਹਾਂ ਨੂੰ ਜਿਹੜਾ ਨੁਕਸਾਨ ਹੋਇਆ ਹੈ ਉਸ ਵਾਸਤੇ ਰਿਲੀਫ ਦਿਤਾ ਗਿਆ ਹੈ । ਜਿਹੜਾ ਸਾਰਾ ਬਾਰਡਰ ਦਾ ਇਲਾਕਾ ਹੈ ਉਸ ਦਾ ਮੁਆਮਲਾ ਹਮੇਸ਼ਾਂ ਵਾਸਤੇ ਮੁਆਫ ਕਰ ਦਿਤਾ ਹੈ ।

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਇਸ ਤੋਂ ਇਲਾਵਾ ਸਪੀਕਰ ਸਾਹਿਬ ਪਿਛਲੇ ਸਾਲ ਫਲੱਡ ਆਏ, ਅੰਮ੍ਰਿਤਸਰ, ਗੁਰਦਾਸਪੁਰ ਏਰੀਆ ਵਿਚ ਕਾਫੀ ਨੁਕਸਾਨ ਹੋਇਆ । ਦਰਿਆ ਰਾਵੀ ਵਿਚ ਪਾਣੀ ਬਹੁਤ ਜ਼ਿਆਦਾ ਆ ਗਿਆ । ਬੰਨ੍ਹ ਟੁਟ ਗਿਆ ਜਿਸ ਨਾਲ ਬਹੁਤ ਸਾਰੇ ਪਿੰਡ ਔਰ ਫਸਲਾਂ ਪਾਣੀ ਥਲੇ ਆ ਗਈਆਂ । ਪਿਛਲੇ ਸਾਲ ਵੀ 2.61 ਕਰੋੜ ਰੁਪਿਆ ਰਿਲੀਫ ਦੇ ਤੌਰ ਤੇ ਗਰੀਬ ਲੋਕਾਂ ਨੂੰ ਦਿਤਾ ਗਿਆ ਸੀ । ਉਸ ਤੋਂ ਬਾਅਦ ਫਿਰ ਜਦੋਂ ਲੁਧਿਆਣਾ ਵਿਚ ਇਕ ਬਹੁਤ ਵਡਾ ਤੂਫਾਨ ਆਇਆ ਤਾਂ ਉਥੇ ਕਈ ਪਿੰਡਾਂ ਦਾ ਨੁਕਸਾਨ ਹੋਇਆ । ਉਸ ਵੇਲੇ 20 ਲੱਖ ਰੁਪਏ ਦੇ ਕਰੀਬ ਰਿਲੀਫ ਦਿੱਤਾ ਗਿਆ । ਜੋ ਉਸ ਵੇਲੇ ਲੋਕਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਉਸ ਨੂੰ ਮੁੱਖ ਰਖਕੇ ਵੀ ਇਹ ਰਿਲੀਫ ਦਿਤਾ ਗਿਆ । ਇਸ ਸਾਲ ਕੁਝ ਮਾਰਚ ਔਰ ਅਪ੍ਰੈਲ ਦੇ ਮਹੀਨਿਆਂ ਵਿਚ ਪੰਜਾਬ ਦੇ ਤਕਰੀਬਨ 11 ਜ਼ਿਲ੍ਹਿਆਂ ਵਿਚ ਗੜਿਆਂ ਨਾਲ ਜ਼ਿਮੀਂਦਾਰਾਂ ਦੀ ਫਸਲਾਂ ਦਾ ਨੁਕਸਾਨ ਹੋਇਆ । ਉਹ ਨੁਕਸਾਨ ਵੀ ਤਕਰੀਬਨ 36 ਲੱਖ ਰੁਪਏ ਦਾ ਹੋਇਆ । ਸਰਕਾਰ ਨੇ ਇਹ ਮਹਿਸੂਸ ਕੀਤਾ ਕਿ ਕਿਸਾਨਾਂ ਦੀ ਮਦਦ ਕਰਨੀ ਚਾਹੀਦੀ ਹੈ । ਜਿਨ੍ਹਾਂ ਦੀਆਂ ਫਸਲਾਂ ਬਿਲਕੁਲ ਤਿਆਰ ਹੋ ਚੁਕੀਆਂ ਸਨ ਉਨ੍ਹਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਹੈ ਉਸ ਵਾਸਤੇ ਕੁਝ ਸੀ.ਐਮ. ਸਾਹਿਬ ਦੇ ਰਿਲੀਫ ਫੰਡ ਵਿਚੋਂ 32 ਲੱਖ ਰੁਪਏ ਦੇ ਕਰੀਬ ਦਿਤਾ ਗਿਆ, ਕੁਝ ਗੌਰਮਿੰਟ ਨੇ ਆਪਣੇ ਖਜ਼ਾਨੇ ਵਿਚੋਂ 5 ਕਰੋੜ 74 ਲੱਖ ਰੁਪਏ ਖਰਚ ਕੀਤੇ ਹਨ । ਜਿਸ ਦੀ ਅੱਜ ਜਿਹੜਾ ਸਪਲੀਮੈਂਟਰੀ ਬਜਟ ਪੇਸ਼ ਹੋਇਆ ਹੈ ਇਹਦੇ ਰਾਹੀਂ 8 ਕਰੋੜ ਰੁਪਏ ਲੈਣ ਦੀ ਅਸੈਂਬਲੀ ਤੋਂ ਮਨਜ਼ੂਰੀ ਲਈ ਜਾ ਰਹੀ ਹੈ । ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਰਿਲੀਫ ਦਾ ਕੰਮ ਕਿੰਨਾ ਕੀਤਾ ਗਿਆ ਹੈ । ਜਿਨ੍ਹਾਂ ਦਾ 75 ਪ੍ਰਤੀ ਸ਼ਤ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ 300 ਪ੍ਰਤੀ ਏਕੜ ਦੇ ਹਿਸਾਬ ਨਾਲ ਔਰ ਜਿਨ੍ਹਾਂ ਦਾ 50 ਤੋਂ 75 ਪ੍ਰਤੀ ਸ਼ਤ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ 200 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਔਰ ਜਿਨ੍ਹਾਂ ਦਾ 25 ਪ੍ਰਤੀ ਸ਼ਤ ਤਕ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ 100 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਰਿਲੀਫ ਦਿਤਾ ਗਿਆ ਹੈ । ਬਹੁਤ ਸਾਰੇ ਪਿੰਡਾਂ ਵਿਚ ਲੋਕਾਂ ਨੇ ਇਸ ਚੀਜ਼ ਲਈ ਬਹੁਤ ਖੁਸ਼ੀ ਮਨਾਈ ਹੈ ਪਰ ਮੈਂਬਰ ਸਾਹਿਬਾਨ ਨੇ ਇਸ ਚੀਜ਼ ਦੀ ਪਰਸ਼ੰਸਾ ਨਹੀਂ ਕੀਤੀ ਹੈ । (ਥੰਪਿੰਗ) ਮੈਂ ਸਮਝਦਾ ਹਾਂ ਕਿ ਜੋ ਫਲੱਡਜ਼ ਆਏ ਹਨ ਜੋ ਬਾਰਸ਼ਾਂ ਆਈਆਂ ਹਨ ਉਸ ਦਾ ਜ਼ਿਕਰ ਕੀਤਾ ਜਾ ਰਿਹਾ ਹੈ ਪਰ ਜੋ ਸਰਕਾਰ ਵਲੋਂ ਉਦਮ ਕੀਤੇ ਗਏ ਹਨ ਉਸ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਜਾ ਰਿਹਾ ਹੈ । ਪਹਿਲਾਂ ਵੀ ਕਈ ਵਾਰੀ ਫਲੱਡਜ਼ ਆਏ, 1955 ਵਿਚ ਫਲੱਡਜ਼ ਆਏ, ਬਾਅਦ ਵਿਚ ਵੀ ਫਲੱਡਜ਼ ਆਏ ਉਸ ਨਾਲ ਫਸਲਾਂ ਦਾ ਕਾਫੀ ਨੁਕਸਾਨ ਹੋਇਆ ਪਰ ਰਿਲੀਫ ਦੇ ਤੌਰ ਤੇ ਕੀ ਕੀਤਾ ਗਿਆ ਸਵਾਏ ਮੁਆਮਲਾ ਮਾਫ ਹੋਣ ਦੇ ਜਾਂ ਤਕਾਵੀਆਂ ਅੱਗੇ ਪਾਉਣ ਦੇ ਇਸ ਤੋਂ ਵੱਧ ਹੋਰ ਕੁਝ ਨਹੀਂ ਕੀਤਾ ਗਿਆ । ਪਰ ਇਸ ਦੇ ਉਲਟ ਸਰਕਾਰ ਨੇ 30 ਕਰੋੜ ਰੁਪਏ ਦੀ ਰਿਲੀਫ ਉਨ੍ਹਾਂ ਸਕੀਮਾਂ ਵਿਚੋਂ ਲਈ ਜਿਹੜੀਆਂ ਕਿ ਸੂਬੇ ਦੀ ਡਿਵੈਲਪਮੈਂਟ ਵਾਸਤੇ ਬਣੀਆਂ ਹਨ । ਇਨ੍ਹਾਂ ਸਕੀਮਾਂ ਵਿਚੋਂ ਥੋੜੇ ਥੋੜੇ ਪੈਸੇ ਐਫ. ਐਮ. ਸਾਹਿਬ ਦੀ ਮਰਜ਼ੀ ਨਾਲ ਕਢਕੇ ਇਧਰ ਲੋਕਾਂ ਨੂੰ ਦਿੱਤੇ ਗਏ । ਇਸ ਦੀ ਲੋਕਾਂ ਵਿਚ ਕਾਫ਼ੀ ਪਰਸ਼ੰਸਾ ਹੋਈ । ਪੰਜਾਬ ਤੋਂ ਇਲਾਵਾ ਹੋਰ ਵੀ ਕਈ ਸੂਬਿਆਂ ਵਿਚ ਫਲੱਡਜ਼ ਆਏ । ਮੈਂ ਦਾਹਵੇ ਨਾਲ ਕਹਿ ਸਕਦਾ ਹਾਂ ਕਿ ਕਿਸੇ ਹੋਰ ਸੂਬੇ ਵਿਚ ਐਨੀ ਰਿਲੀਫ ਨਹੀਂ ਦਿਤੀ ਗਈ ਜਿੰਨੀ ਕਿ ਪੰਜਾਬ ਵਿਚ ਦਿੱਤੀ ਗਈ ਹੈ । ਸਾਡੇ ਗਵਾਂਢੀ ਸੂਬੇ ਵਿਚ ਹੋਰ ਸੂਬਿਆਂ ਵਿਚ ਵੀ ਹੇਲ ਸਟਾਰਮ ਆਏ, ਫਲੱਡਜ਼ ਆਏ ਪਰ ਜਿੰਨੀ ਮਦਦ ਅਸੀਂ ਆਪਣੇ ਲੋਕਾਂ ਨੂੰ ਦਿਤੀ ਹੈ ਉਨੀ ਮਦਦ ਹੋਰ ਕਿਸੇ ਸੂਬੇ ਨੇ ਉਨ੍ਹਾਂ ਨੂੰ ਨਹੀਂ ਦਿਤੀ ਹੈ ।

Original with;
Punjab Vidhan Sabha
Digitized by;
Panjab Digital Library

ਇਸ ਵਾਸਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਥੋਂ ਤਕ ਇਸ ਸਰਕਾਰ ਦਾ ਤੁਅੱਲਕ ਹੈ ਅੱਗੇ ਵੀ ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਦੀ ਮਦਦ ਕੀਤੀ ਗਈ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਇਨ੍ਹਾਂ ਗਰੀਬ ਲੋਕਾਂ ਦੀ ਮਦਦ ਕੀਤੀ ਜਾਏਗੀ ।

ਪਰ ਇਸ ਵਾਰੀ ਮੈਂ ਸਮਝਦਾ ਹਾਂ ਕਿ ਐਨੀਆਂ ਬਾਰਸ਼ਾਂ ਹੋਈਆਂ ਹਨ ਕਿ ਜਿਸ ਦਾ ਅੰਦਾਜ਼ਾ ਹੀ ਨਹੀਂ ਲਗਾਇਆ ਜਾ ਸਕਦਾ ਹੈ । ਐਨੀਆਂ ਬਾਰਸ਼ਾਂ ਸੌ ਸਾਲ ਜਾਂ ਦੋ ਸੌ ਸਾਲ ਵਿਚ ਨਹੀਂ ਹੋਈਆਂ ਹਨ । ਅੰਮ੍ਰਿਤਸਰ ਇਕੱਲੇ ਵਿਚ ਹੁਣ 24" ਬਾਰਸ਼ ਹੋਈ ਹੈ ਜਦ ਕਿ ਇਹ 24" ਬਾਰਸ਼ ਸਾਰੇ ਸਾਲ ਵਿਚ ਹੋਇਆ ਕਰਦੀ ਸੀ । ਐਨੀ ਬਾਰਸ਼ ਹੋਣ ਨਾਲ ਇਹ ਜ਼ਰੂਰੀ ਹੈ ਕਿ ਉਸ ਦਾ ਅਸਰ ਉਸ ਇਲਾਕੇ ਤੇ ਜ਼ਰੂਰ ਪੈਣਾ ਸੀ । ਅੰਮ੍ਰਿਤਸਰ ਵਿਖੇ ਰਈਆ, ਪੱਟੀ, ਤਰਨ ਤਾਰਨ, ਫਾਜ਼ਿਲਕਾ, ਅਜਨਾਲਾ ਵਿਖੇ ਬਾਰਸ਼ਾ ਨਾਲ ਬਹੁਤ ਨੁਕਸਾਨ ਹੋਇਆ ਹੈ । ਪਿਛਲੇ ਸਾਲ ਦਰਿਆ ਦੇ ਬੰਨ੍ਹ ਟੁਟਣ ਨਾਲ ਅਜਨਾਲਾ ਔਰ ਗੁਰਦਾਸਪੁਰ ਵਿਚ ਨੁਕਸਾਨ ਹੋਇਆ ਸੀ । ਉਸ ਵਾਸਤੇ ਇੰਜੀਨੀਅਰਜ਼ ਨਾਲ ਚਾਰ ਪੰਜ ਮੀਟਿੰਗਾਂ ਹੋਈਆਂ ਔਰ ਉਹ ਬੰਨ੍ਹ ਐਨੇ ਮਜ਼ਬੂਤ ਬਣਾ ਦਿਤੇ ਗਏ ਹਨ ਕਿ ਐਤਕੀਂ ਉਹ ਬੰਨ੍ਹ ਟੁਟੇ ਨਹੀਂ ਹਨ । ਪਰ ਐਤਕੀਂ ਬਾਰਸ਼ਾਂ ਦੇ ਰਸਤੇ ਨਾਲ ਪਾਣੀ ਆ ਗਿਆ । ਐਨੀਆਂ ਬਾਰਸ਼ਾਂ ਹੋਣ ਉਪਰੰਤ ਵੀ ਦਰਿਆ ਰਾਵੀ, ਸਤਲੁਜ ਔਰ ਬਿਆਸ ਤੇ ਜੋ ਬੰਨ ਲਗਾਏ ਗਏ ਸੀ ਉਨ੍ਹਾਂ ਤੇ ਕੋਈ ਅਸਰ ਨਹੀਂ ਪਿਆ ਹੈ । ਇਹ ਸਾਡੀ ਸਰਕਾਰ ਔਰ ਸਾਡੇ ਇੰਜੀਨੀਅਰਜ਼ ਦੀ ਬੜੀ ਭਾਰੀ ਕੋਸ਼ਿਸ਼ ਹੈ ਜਿਨ੍ਹਾਂ ਨੇ ਮਿਹਨਤ ਕਰਕੇ, ਇਸ ਪਾਸੇ ਧਿਆਨ ਦੇ ਕੇ, ਇਹ ਕੰਮ ਕੀਤਾ ਹੈ । ਔਰ ਇਸ ਵਾਰੀ ਇਹ ਪਾਸਾ ਇੰਟੈਕਟ ਰਿਹਾ ਹੈ । ਬਾਰਸ਼ਾਂ ਦਾ ਅੰਦਾਜ਼ਾ ਲਗਾਉਣਾ ਬਹੁਤ ਮੁਸ਼ਕਲ ਹੈ । ਇਸ ਚੀਜ਼ ਵਾਸਤੇ ਮੈਂ ਸਮਝਦਾ ਹਾਂ ਕਿ ਸਾਨੂੰ ਸਾਰਿਆਂ ਨੂੰ ਇਸ ਗਲ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਇਹ ਰਿਲੀਫ ਦਾ ਕੰਮ ਸਿਰਫ ਸਰਕਾਰ ਨੂੰ ਹੀ ਨਹੀਂ ਬਲਕਿ ਹਰ ਇਨਸਾਨ ਦਾ ਫਰਜ਼ ਹੈ ਕਿ ਹਿਊਮੈਨੇਟੇਰੀਅਨ ਦੇ ਤੌਰ ਤੇ ਉਹ ਵੀ ਇਸ ਪਾਸੇ ਕਮ ਕਰੇ ਔਰ ਹਰ ਇਨਸਾਨ ਨੂੰ ਦੂਜੇ ਇਨਸਾਨ ਨਾਲ ਹਮਦਰਦੀ ਹੋਣੀ ਚਾਹੀਦੀ ਹੈ (ਥੰਪਿੰਗ) ਹਰ ਇੱਕ ਨੂੰ ਆਟਾ, ਕਪੜਾ ਅਤੇ ਹੋਰ ਲੋੜੀਂਦੀ ਚੀਜ਼ਾਂ ਉਥੇ ਇਫੈਕਟਿਡ ਏਰੀਆ ਵਿਚ ਲਿਜਾਣੀਆਂ ਚਾਹੀਦੀਆਂ ਹਨ । ਉਥੇ ਤੰਬੂਆਂ ਦੀ ਲੋੜ ਹੈ, ਆਟੇ ਦੀ ਲੋੜ ਹੈ, ਪਸ਼ੂਆਂ ਲਈ ਚਾਰ ਦੀ ਲੋੜ ਹੈ । ਉਸ ਵਾਸਤੇ ਜਿਥੇ ਸਰਕਾਰ ਕੋਸ਼ਿਸ਼ ਕਰਦੀ ਹੈ ਉਨੀ ਦੇਰ ਤਕ ਇਹ ਚੀਜ਼ ਅਧੂਰੀ ਰਹੇਗੀ ਜਿੰਨੀ ਦੇਰ ਤਕ ਕਿ ਹੋਰ ਸਾਰਿਆਂ ਲੋਕਾਂ ਨੂੰ ਮੋਬੇਲਾਈਜ਼ ਨਹੀਂ ਕੀਤਾ ਜਾਂਦਾ । ਇਹ ਮੋਬੇਲਾਈਜ਼ੇਸ਼ਨ ਲਈ ਸਾਰੀਆਂ ਪਾਰਟੀਆਂ ਨੂੰ ਉਸ ਪਾਸੇ ਆਉਣਾ ਚਾਹੀਦਾ ਹੈ ।

ਮੈਨੂੰ ਖੁਸ਼ੀ ਹੈ ਕਿ ਜਦੋਂ ਪਿਛਲੀ ਦਫਾ ਫਲੱਡਜ਼ ਆਏ ਤਾਂ ਮੁੱਖ ਮੰਤਰੀ ਜੀ ਉਸ ਏਰੀਆ ਨੂੰ ਖੁਦ ਦੇਖਣ ਗਏ । ਅੱਜ ਵੀ ਉਹ ਇਥੋਂ ਤਾਂ ਗੈਰ ਹਾਜ਼ਰ ਹਨ ਕਿ ਉਹ ਕਾਂਗਰਸ ਐਮ. ਪੀਜ਼ ਨਾਲ ਫਲੱਡਜ਼ ਏਰੀਆ ਨੂੰ ਦੇਖਣ ਗਏ ਹੋਏ ਹਨ । ਉਹ ਆਨ ਦੀ ਸਪਾਟ ਦੇਖਣ ਗਏ ਹਨ ਤਾਂ ਕਿ ਨੁਕਸਾਨ ਦਾ ਅੰਦਾਜ਼ਾ ਲਗਾਇਆ ਜਾ ਸਕੇ ।

ਦੋ ਤਿਨ ਦਿਨ ਹੋਏ ਮੈਂ ਖੁਦ ਅੰਮ੍ਰਿਤਸਰ ਦੇ ਇਲਾਕੇ ਵਿਚ ਗਿਆ ਸੀ । ਮੈਂ ਉਥੇ ਦੇਖਿਆ ਕਿ ਪਿੰਡਾਂ ਦੇ ਪਿੰਡ ਪੰਜ ਪੰਜ ਫੁਟ ਪਾਣੀ ਥਲੇ ਆਏ ਹੋਏ ਹਨ । ਤਰਨ ਤਾਰਨ ਵਿਚ ਮੇਨ ਰੋਡ ਤੇ ਦੋ ਤਿੰਨ ਫੁਟ ਪਾਣੀ ਖੜਾ ਸੀ । ਇਸ ਗਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਨ੍ਹਾਂ ਬਾਰਸ਼ਾਂ ਨਾਲ ਕਿੰਨਾਂ ਨੁਕਸਾਨ ਹੋਇਆ ਹੈ ।

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਡਰੇਨਾਂ ਦੇ ਮੁਤਲਕ ਕਿਹਾ ਗਿਆ ਹੈ । ਇਸ ਬਾਰੇ ਮੈਂ ਅਰਜ਼ ਕੀਤੀ ਸੀ ਕਿ ਪਿਛਲੇ ਸਾਲ ਸਾਡੀ ਸਾਰੀ ਕੋਸ਼ਿਸ਼ ਰਹੀ ਕਿ ਦਰਿਆਵਾਂ ਤੇ ਬੰਨ੍ਹ ਮਜ਼ਬੂਤ ਕੀਤੇ ਜਾਣ । ਜੇ ਡਰੇਨਾਂ ਨਾ ਹੁੰਦੀਆਂ ਤਾਂ ਮੇਰਾ ਖਿਆਲ ਹੈ ਕਿ ਨੁਕਸਾਨ ਜੋ ਹੁਣ ਹੋਇਆ ਹੈ ਉਹ ਫਿਰ ਇਸ ਤੋਂ ਵੀ ਵੱਧ ਹੋਣਾ ਸੀ।

ਸੋ ਇਸ ਕਰਕੇ, ਸਪੀਕਰ ਸਾਹਿਬ ਜਲਦੀ ਤੋਂ ਜਲਦੀ ਅਸੀਂ ਕੋਸ਼ਿਸ਼ ਕੀਤੀ ਹੈ ਕਿ ਇਸ ਪਾਸੇ ਫੌਰੀ ਤੌਰ ਤੇ ਰਿਲੀਫ ਮਈਅਰਜ਼ ਲਏ ਜਾਣ । ਜਿੰਨੇ ਤੰਬੂ ਸਰਕਾਰ ਕੋਲੋਂ ਹੋ ਸਕਦੇ ਸਨ ਉਹ ਪਹੁੰਚਾਏ । ਇਸ ਤੋਂ ਇਲਾਵਾ ਆਰਮੀ ਕੋਲੋਂ ਲੈ ਕੇ ਉਨ੍ਹਾਂ ਦੀ ਮਦਦ ਵਾਸਤੇ ਦਿਤੇ ਹਨ । ਇਸ ਵਾਸਤੇ ਜਿਥੋਂ ਤਕ ਇਸ ਰਿਲੀਫ ਦਾ ਤੁਅੱਲਕ ਹੈ, ਮੈਂ ਅਰਜ਼ ਕਰਦਾ ਹਾਂ ਕਿ ਫਸਲਾਂ ਦੇ ਨੁਕਸਾਨ ਦਾ ਜਿਹੜਾ ਅੰਦਾਜ਼ਾ ਹੈ ਉਹ ਇਸ ਵਕਤ ਲਾਉਣਾ ਮੁਸ਼ਕਲ ਹੈ, ਪਰ ਪਤਾ ਇਹ ਲਗਦਾ ਹੈ ਕਿ ਇਹ ਨੁਕਸਾਨ ਕਰੋੜਾਂ ਵਿਚ ਹੀ ਹੋਇਆ ਹੈ । ਇਸ ਵਿਚ ਜਿਥੋਂ ਤਕ ਇਨਸਾਨੀ ਜਾਨਾਂ ਦਾ ਤੁਅੱਲਕ ਹੈ ਕੋਈ 95 ਵਿਅੱਕਤੀ ਇਸ ਦੀ ਨਜ਼ਰ ਹੋ ਚੁਕੇ ਹਨ, 544 ਪਸ਼ੂ ਇਸ ਦੀ ਨਜ਼ਰ ਹੋ ਚੁਕੇ ਹਨ, ਜਿਹੜੇ ਹਾਊਸਿਜ਼ ਹਨ ਉਨ੍ਹਾਂ ਦਾ ਅਸੀਂ ਅੰਦਾਜ਼ਾ ਲਗਾਇਆ ਹੈ ਉਹ ਕੋਈ ਇਕ ਲੱਖ ਤੋਂ ਉਪਰ ਹਨ ਇਸ ਤਰ੍ਹਾਂ ਜਿਹੜਾਂ ਟੋਟਲ ਏਰੀਆ ਹੈ ਉਹ ਵੀ ਤਕਰੀਬਨ 34 ਲੱਖ ਏਕੜ ਦੇ ਕਰੀਬ ਹੈ ਔਰ ਜਿਹੜਾਂ ਕਰਾਪਸ ਦਾ ਨੁਕਸਾਨ ਹੋਇਆ ਹੈ ਉਹ ਮੈਂ ਸਮਝਦਾ ਹਾਂ ਕਿ ਕੁਝ ਦਿਨਾਂ ਵਿਚ ਲਾਇਆ ਜਾ ਸਕੇਗਾ, ਕਿਉਂਕਿ ਜਿਥੋ ਤਕ ਚਰੀ ਦੀ ਫਸਲ ਦਾ, ਮਿਰਚਾਂ ਦੀ ਫਸਲ ਦਾ ਤੁਅੱਲਕ ਹੈ ਜਾਂ ਫਾਜ਼ਿਲਕਾ ਵਿਚ ਕਪਾਹ ਦੀ ਫਸਲ ਤਾਂ ਤੁਅੱਲਕ ਹੈ ਉਸ ਦਾ ਬਹੁਤ ਹਿੱਸਾ ਨੁਕਸਾਨ ਹੋ ਚੁਕਾ ਹੈ । ਜਿਥੋਂ ਤਕ ਝੋਨੇ ਦੀ ਫਸਲ ਦਾ ਤੁਅੱਲਕ ਹੈ ਉਸ ਦਾ ਬਹੁਤ ਹਿੱਸਾ ਬੱਚ ਜਾਏਗਾ, ਪਰ ਜਦ ਤਕ ਪਾਣੀ ਨਿਕਲ ਨਹੀਂ ਜਾਂਦਾ ਸਹੀ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ । ਅਸੀਂ ਇਸ ਗੱਲ ਦਾ ਯਤਨ ਕੀਤਾ ਹੈ ਅਤੇ 91 ਲੱਖ ਰੁਪਏ ਦੇ ਕਰੀਬ ਡਿਪਟੀ ਕਮਿਸ਼ਨਰਾਂ ਨੂੰ ਭੇਜ ਦਿਤੇ ਹਨ ਤਾਂ ਕਿ ਉਹ ਫੌਰੀ ਤੌਰ ਤੇ ਲੋਕਾਂ ਨੂੰ ਰਿਲੀਫ ਦੇ ਸਕਣ । ਫੌਰੀ ਤੌਰ ਤੇ ਰਿਲੀਫ ਉਥੇ ਦਿਤਾ ਜਾ ਰਿਹਾ ਹੈ । ਜਿਥੇ 75% ਨੁਕਸਾਨ ਹੋਇਆ ਹੈ ਉਥੇ 40 ਦਿਨਾਂ ਲਈ ਸੱਬਸਿਸਟੈਂਸ ਅਲਾਊਂਸ ਦੇਣਾ ਹੈ ਅਤੇ ਜਿਥੇ 50% ਦਾ ਨੁਕਸਾਨ ਹੋਇਆ ਹੈ ਉਥੇ ਇਕ ਮਹੀਨੇ ਲਈ ਰਿਲੀਫ ਦੇਣਾ ਹੈ ਅਤੇ ਜਿਥੇ ਥੋੜਾ ਹੋਇਆ ਹੈ ਉਥੇ 15 ਦਿਨਾਂ ਵਾਸਤੇ ਰਿਲੀਫ ਦੇਣਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਜਿਥੋਂ ਤਕ ਫ਼ਸਲਾਂ ਦਾ ਤੁਅੱਲਕ ਹੈ ਉਹ ਕਰੋੜਾਂ ਰੁਪਏ ਦਾ ਨੁਕਸਾਨ ਹੈ । ਉਹ ਨੁਕਸਾਨ ਦਾ ਮੁਆਵਜ਼ਾ ਪੂਰਾ ਨਹੀਂ ਦਿਤਾ ਜਾ ਸਕਦਾ ਕੁਝ ਰਿਲੀਫ ਹੀ ਦਿਤਾ ਜਾ ਸਕਦਾ ਹੈ । ਇਹ ਪਹਿਲੀ ਦਫ਼ਾ ਹੀ ਹੈ ਕਿ ਐਡਾ ਵੱਡਾ ਮਕਾਨਾਂ ਦਾ ਨੁਕਸਾਨ ਹੋਇਆ ਹੈ। ਇਸ ਵਾਰੀ ਮਕਾਨ ਬਹੁਤ ਗਿਰੇ ਹਨ । ਇਸ ਤੋਂ ਇਲਾਵਾ ਮੈਂਬਰ ਸਾਹਿਬਾਨ ਨੂੰ ਪਤਾ ਹੈ ਕਿ ਕੁਝ ਪਿੰਡ ਐਸੇ ਸਨ ਜਿਹੜੇ ਕਿ ਰਾਵੀ ਦਰਿਆ ਦੀ ਜ਼ਦ ਵਿਚ ਸਨ । ਔਰ ਉਹ ਪਿੰਡ ਕੋਈ 20-22 ਦੇ ਕਰੀਬ ਸਨ । ਉਨ੍ਹਾਂ ਪਿੰਡਾਂ ਦੀ ਵਸੋਂ ਦਾ ਹਰ ਸਾਲ ਹੜ੍ਹ ਆਉਣ ਨਾਲ ਕਾਫੀ ਨੁਕਸਾਨ ਹੁੰਦਾ ਸੀ। ਉਨ੍ਹਾਂ ਪਿੰਡਾਂ ਦੀ ਵਸੋਂ ਰਾਵੀ ਦਰਿਆ ਦੀ ਜਦ ਤੋਂ ਬਾਹਰ ਲਿਆਉਣ ਲਈ ਅਸੀਂ ਨਵੀਂ ਥਾਂ ਤੇ ਵਸਾਉਣੇ ਹਨ ਅਤੇ ਉਨ੍ਹਾਂ ਨੂੰ ਵਸਾਉਣ ਵਾਸਤੇ ਸਰਕਾਰ ਨੇ 60 ਲੱਖ ਰੁਪਏ ਦੇ ਕਰੀਬ ਦੇਣਾ ਹੈ । ਮੁੱਖ ਮੰਤਰੀ ਜੀ ਦੇ ਫ਼ੰਡ ਅਤੇ ਸਰਕਾਰ ਦੇ ਆਪਣੇ ਫ਼ੰਡ ਵਿਚੋਂ ਪੈਸੇ ਦੇਣੇ ਹਨ । ਇਸ ਵਕਤ ਸਾਡੇ ਸਾਹਮਣੇ ਸੈਂਕੜੇ ਪਿੰਡਾਂ ਦਾ ਮੱਸਲਾ ਹੈ । ਪਹਿਲਾਂ ਜਿਹੜਾ ਨੁਕਸਾਨ ਦਾ ਰਿਲੀਫ ਦਿਤਾ ਜਾਂਦਾ ਸੀ ਉਹ ਇਹ ਵੇਖ ਕੇ ਕਿ ਪਿੰਡ ਦਾ ਨੁਕਸਾਨ ਕਿੰਨਾ ਹੋਇਆ ਹੈ 50% ਜਾਂ 75% ਉਸਦੇ ਮੁਤਾਬਿਕ ਦਿਤਾ ਜਾਂਦਾ ਸੀ ਪਰ

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਬਾਰਸ਼ਾਂ ਵਿਚ ਇਹ ਵੇਖਿਆ ਗਿਆ ਹੈ ਕਿ ਕਈ ਪਿੰਡਾਂ ਵਿਚ ਫਸਲਾਂ ਤਾਂ ਖੜੀਆਂ ਹਨ ਪਰ ਮਕਾਨ ਬਹੁਤ ਜ਼ਿਆਦਾ ਗਿਰ ਗਏ ਹਨ । ਸਾਡੇ ਕੋਲ ਇਸ ਵਕਤ ਡਾਂਗ ਸਾਹਿਬ, ਸਰਦਾਰ ਪ੍ਰੇਮ ਸਿੰਘ ਪ੍ਰੇਮ ਅਤੇ ਹੋਰ ਮਾਨਯੋਗ ਮੈਂਬਰਾਂ ਵਲੋਂ ਸੁਝਾਉ ਇਸ ਸਬੰਧੀ ਆਏ ਹਨ । ਉਨ੍ਹਾਂ ਨੂੰ ਮੁੱਖ ਰਖ ਕੇ ਅਸੀਂ ਫੈਸਲਾ ਕੀਤਾ ਹੈ ਕਿ ਜੇ ਕਿਸੇ ਦਾ ਕੱਚਾ ਮਕਾਨ ਸੀ ਅਤੇ ਸਾਰੇ ਦਾ ਸਾਰਾ ਗਿਰ ਗਿਆ ਹੈ ਤਾਂ ਉਸਨੂੰ 400 ਰੁਪਏ ਰਿਲੀਫ਼ ਵਜੋਂ ਦਿਤੇ ਜਾਣ ਅਤੇ ਜੇ ਕਿਸੇ ਦਾ ਮਕਾਨ ਡੈਮੇਜ ਹੋਇਆ ਹੈ ਤਾਂ ਉਸਨੂੰ 200 ਰੁਪਏ ਮਦਦ ਵਜੋਂ ਦਿਤੇ ਜਾਣ । ਕਈ ਦੋਸਤ ਕਹਿਣਗੇ ਕਿ ਇਹ ਕਾਫ਼ੀ ਨਹੀਂ । ਡਾਂਗ ਸਾਹਿਬ ਨੇ ਕਿਹਾ ਹੈ ਕਿ ਸ਼ਹਿਰਾਂ ਵਿਚੋਂ ਜਿਹੜੇ ਮਕਾਨ ਗਿਰੇ ਹਨ ਉਨ੍ਹਾਂ ਨਾਲ ਵਿਤਕਰਾ ਕੀਤਾ ਗਿਆ ਹੈ । ਮੈਂ ਅਰਜ਼ ਕਰਦਾ ਹਾਂ ਕਿ ਸਰਕਾਰ ਨੇ ਕੱਲ ਹੀ ਕੈਬਨਿਟ ਮੀਟਿੰਗ ਵਿਚ ਫ਼ੈਸਲਾ ਕੀਤਾ ਕਿ ਸ਼ਹਿਰਾਂ ਵਿਚ ਜਿਥੇ ਮਕਾਨ ਗਿਰੇ ਹਨ ਉਥੇ ਸਰਕਾਰ ਮਿਉਂਸਪਲ ਕਮੇਟੀਆਂ ਨੂੰ ਕਰਜ਼ੇ ਦੇਵੇਗੀ ਤਾਂ ਕਿ ਉਹ ਲੋਕਾਂ ਦੀ ਮਦਦ ਕਰ ਸਕਣ । ਉਸ ਮਦਦ ਵਿਚ 20% ਸਰਕਾਰ ਆਪਣਾ ਹਿੱਸਾ ਪਾਏਗੀ, ਲੇਕਿਨ ਜਿਨ੍ਹਾਂ ਦੇ ਮਕਾਨ ਸ਼ਹਿਰਾਂ ਵਿਚ ਗਿਰੇ ਹਨ ਉਨ੍ਹਾਂ ਨੂੰ ਪਿੰਡਾਂ ਵਾਲਿਆਂ ਨਾਲ ਨਹੀਂ ਮਿਲਾਇਆ ਜਾ ਸਕਦਾ । ਕਿਉਂਕਿ ਪਿੰਡਾਂ ਵਿਚ ਰਹਿਣ ਵਾਲਿਆਂ ਦਾ ਇਕ ਨੁਕਸਾਨ ਨਹੀਂ ਹੋਇਆ, ਉਹ ਜਿਹੜੀ ਲੇਬਰ ਕਰਦੇ ਸੀ ਅਤੇ ਜੋ ਲੇਬਰ ਉਨ੍ਹਾਂ ਨੂੰ ਮਿਲਣੀ ਸੀ ਉਸ ਤੋਂ ਵੀ ਉਹ ਵਾਂਝੇ ਹੋ ਗਏ ਹਨ, ਇਸ ਲਈ ਸ਼ਹਿਰਾਂ ਵਾਲਿਆਂ ਨਾਲੋਂ ਉਹ ਮਦਦ ਦੇ ਜ਼ਿਆਦਾ ਮੁਸਤਹਿਕ ਹਨ । ਜਿਹੜੇ ਸਾਥੀ ਸ਼ਹਿਰਾਂ ਵਿਚ ਰਹਿੰਦੇ ਹਨ ਉਨ੍ਹਾਂ ਨਾਲ ਸਾਡੀ ਪੂਰੀ ਹਮਦਰਦੀ ਹੈ । ਜਿਥੋਂ ਤਕ ਉਨ੍ਹਾਂ ਦੀ ਲੇਬਰ ਦਾ ਤੁਅੱਲਕ ਹੈ ਉਹ ਉਸੇ ਤਰ੍ਹਾਂ ਫੈਕਟਰੀਆਂ ਚਲਦੀਆਂ ਹਨ ਅਤੇ ਜਿਥੇ ਜਿਥੇ ਕੰਮ ਚਲਦਾ ਹੈ ਉਥੇ ਕਰ ਸਕਦੇ ਹਨ । ਇਸ ਲਈ ਉਨ੍ਹਾਂ ਦੀ ਜਿਤਨੀ ਵੱਧ ਤੋਂ ਵੱਧ ਮਦਦ ਕਰ ਸਕਦੇ ਸੀ ਕੀਤੀ ਹੈ । ਮੈਨੂੰ ਖੁਸ਼ੀ ਹੋਈ ਹੈ ਕਿ ਡਾਂਗ ਸਾਹਿਬ ਅਤੇ ਕੈਪਟਨ ਸਾਹਿਬ ਨੇ ਕਿਹਾ ਹੈ ਕਿ ਇਸ ਰਿਲੀਫ਼ ਲਈ ਕੋਈ ਸਪੈਸ਼ਲ ਸੈਸ ਲਾ ਦਿਤਾ ਜਾਏ । ਮੈਂ ਸਮਝਦਾ ਹਾਂ ਕਿ ਇਹ ਸਹੀ ਤਜਵੀਜ਼ ਹੈ ਜਦੋਂ ਤਕ ਐਸੀ ਤਜਵੀਜ਼ ਨਾ ਆਵੇ ਉਦੋਂ ਤਕ ਜਿਹੜਾ ਰਿਲੀਫ਼ ਦੇਣਾ ਹੈ ਉਸ ਦੇ ਲਈ ਪੈਸਾ ਕਿਥੋਂ ਆਵੇ । ਸਾਰੀਆਂ ਸੜਕਾਂ ਟੁਟ ਗਈਆਂ ਹਨ । ਸਕੂਲਾਂ ਦੀਆਂ ਬਿਲਡਿੰਗਾਂ ਦਾ ਬੜਾ ਨੁਕਸਾਨ ਹੋਇਆ ਹੈ, ਉਹ ਖਰਚੇ ਵੀ ਪੂਰੇ ਕਰਨੇ ਹਨ । ਰਿਲੀਫ਼ ਦੇਣ ਲਈ ਜੇ ਸਾਧਨ ਨਹੀਂ ਦਸੇ ਜਾਣਗੇ ਤਾਂ ਪਲਾਨ ਵਿਚੋਂ ਪੈਸੇ ਕਟਣੇ ਪੈਣਗੇ, ਜੇ ਪਲਾਨ ਵਿਚੋਂ ਕਟ ਲਗਾਈ ਗਈ ਤਾਂ ਉਨਤੀ ਦੇ ਜਿਹੜੇ ਕੰਮ ਹਨ, ਜਿਵੇਂ ਸੜਕਾਂ ਬਣਾਉਣੀਆਂ, ਸਕੂਲਾਂ ਦੀਆਂ ਬਿਲਡਿੰਗਾਂ ਬਣਾਉਣੀਆਂ, ਨਵੇਂ ਸਕੂਲ ਖੋਲ੍ਹਣੇ ਆਦਿ ਉਹ ਰੁਕ ਜਾਣਗੇ । ਜਿਥੇ ਮੈਂਬਰ ਸਾਹਿਬਾਨ ਬੜੀ ਭਾਰੀ ਐਂਗਜ਼ਾਇਟੀ ਸ਼ੋ ਕਰਦੇ ਹਨ ਕਿ ਉਨ੍ਹਾਂ ਦੇ ਹਲਕਿਆਂ ਵਿਚ ਉਨਤੀ ਹੋਵੇ ਉਹ ਇਹ ਵੀ ਦੱਸਣ ਕਿ ਰਿਲੀਫ਼ ਵਰਗੇ ਕੰਮਾਂ ਲਈ ਪੈਸਾ ਕਿਥੋਂ ਆਵੇ । ਸਰਕਾਰ ਅਗੇ ਇਸ ਗੱਲ ਤੇ ਗੌਰ ਕਰ ਰਹੀ ਹੈ ਔਰ ਇਸ ਲਈ ਕੇਬਨਿਟ ਦੀ ਸਬ ਕਮੇਟੀ ਬਣਾਈ ਹੋਈ ਹੈ। ਜੋ ਇਸ ਗਲ ਤੇ ਵਿਚਾਰ ਕਰ ਰਹੀ ਹੈ ਕਿ ਕਿਸ ਤਰੀਕੇ ਨਾਲ ਕਰਾਪਸ ਇੰਸ਼ੋਰੈਂਸ ਲਾਗੂ ਕੀਤੀ ਜਾਏ । ਉਸ ਦੇ ਵਿਚ ਇੰਸ਼ੋਰੈਂਸ ਦਾ ਪਰੀਮੀਅਮ ਦੇਣ ਦੀ ਔਕੜ ਹੈ । ਸਰਦਾਰ ਹਰਚੰਦ ਸਿੰਘ ਨੇ ਕਿਹਾ ਸੀ ਕਿ ਸਾਰਾ ਪਰੀਮੀਅਮ ਸਰਕਾਰ ਦੇਵੇ । ਮੈਂ ਸਮਝਦਾ ਹਾਂ ਕਿ ਲੱਖਾਂ ਆਦਮੀਆਂ ਦਾ ਸਰਕਾਰ ਵਲੋਂ ਪਰੀਮੀਅਮ ਦਿਤਾ ਜਾਣਾ ਔਖਾ ਹੈ। ਸਾਡੇ ਕੋਲ ਇਕੱਲਾ ਕਰਾਪਸ ਦਾ ਮਸਲਾ ਨਹੀਂ ਬਲਕਿ ਇਨਸਾਨੀ ਜਾਨਾਂ, ਜਾਨਵਰਾਂ ਅਤੇ

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਜਿਹੜੇ ਬਹੁਤ ਸਾਰੇ ਮਕਾਨ ਗਿਰ ਗਏ ਹਨ ਉਨ੍ਹਾਂ ਦਾ ਵੀ ਮਸਲਾ ਹੈ । ਜਿਥੇ ਸਪੀਕਰ ਸਾਹਿਬ, ਇਨਸਾਨੀ ਜਾਨਾਂ ਦਾ ਨੁਕਸਾਨ ਹੋਇਆ ਹੋਵੇ, ਜਾਨਵਰਾਂ ਦਾ ਨੁਕਸਾਨ ਹੋਇਆ ਹੋਵੇ ਅਤੇ ਇਤਨੇ ਮਕਾਨ ਗਿਰ ਗਏ ਹੋਣ ਉਥੇ ਕਰਾਪਸ ਇੰਸ਼ੋਰੈਂਸ ਦਾ ਪਰੀਮੀਅਮ ਸਰਕਾਰ ਨੂੰ ਦੇਣਾ ਮੁਸ਼ਕਲ ਹੋਵੇਗਾ । ਸਾਡਾ ਐਗਰੀਕਲਚਰ ਦਾ ਸੂਬਾ ਹੈ ਇਸ ਤੇ ਇਸ ਤਰ੍ਹਾਂ ਦੀਆਂ ਮੁਸ਼ਕਲਾਂ ਆਉਂਦੀਆਂ ਹੀ ਰਹਿੰਦੀਆਂ ਹਨ । ਪੰਜਾਬ ਦੇ ਕਿਸਾਨਾਂ ਨੂੰ ਐਸੀਆਂ ਔਕੜਾਂ ਤੋਂ ਬਚਾਉਣ ਵਾਸਤੇ ਕੋਈ ਨਾ ਕੋਈ ਹੱਲ ਜ਼ਰੂਰ ਕਢਣਾ ਪਏਗਾ । ਜਾਂ ਤੇ ਕਰਾਪਸ ਇੰਸ਼ੋਰੈਂਸ ਹੋ ਜਾਏ ਨਹੀਂ ਤਾਂ ਰਿਵਾਲਵਿੰਗ ਫੰਡਜ਼ ਵਿਚੋਂ ਜਾਂ ਡਿਫਰੈਂਟ ਸੋਰਸਿਜ਼ ਵਿਚੋਂ ਬਜਟ ਕਟ ਕੇ ਰਿਲੀਫ਼ ਦੇਣਾ ਪਏਗਾ । ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੀਆਂ ਤਜਵੀਜ਼ਾਂ ਦੇਣ ਅਸੀਂ ਵੈਲਕੰਮ ਕਰਾਂਗੇ । ਉਨ੍ਹਾਂ ਤਜਵੀਜ਼ਾਂ ਰਾਹੀਂ ਪੈਸੇ ਇਕੱਠੇ ਕਰਕੇ, ਇਕ ਪੂਲ ਬਣਾ ਕੇ, ਕਿਸਾਨਾਂ ਦੀ ਮਦਦ ਵਾਸਤੇ ਹਰ ਵਕਤ ਤਿਆਰ ਰਹਾਂਗੇ । ਮੈਂ ਸਮਝਦਾ ਹਾਂ ਕਿ ਇਹ ਇਕ ਜ਼ਰੀਆ ਹੈ ਜਿਸ ਦੇ ਨਾਲ ਕਿਸਾਨਾਂ ਦੀ ਅਸੀਂ ਮਦਦ ਕਰ ਸਕਦੇ ਹਾਂ । ਇਸ ਤੋਂ ਇਲਾਵਾ, ਸਪੀਕਰ ਸਾਹਿਬ, ਜਿਥੇ ਤਕ ਮਕਾਨਾਂ ਦਾ ਤੁਅੱਲਕ ਹੈ, 1 ਲੱਖ 38 ਹਜ਼ਾਰ ਤਕਰੀਬਨ ਮਕਾਨ ਡੈਮੇਜ ਹੋ ਚੁਕੇ ਹਨ । ਇਸ ਵਿੱਚ ਅਰਬਨ ਮਕਾਨਾਂ ਦਾ ਅੰਦਾਜ਼ਾ ਵੀ ਲਾਇਆ ਜਾ ਰਿਹਾ ਹੈ । ਅਜੇ ਤਕ ਸਾਡੇ ਪਾਸ ਪੂਰੀਆਂ ਰਿਪੋਰਟਾਂ ਨਹੀਂ ਆਈਆਂ । ਜਿਤਨੀਆਂ ਰਿਪੋਰਟਾਂ ਆਈਆਂ ਹਨ, ਉਸ ਨੂੰ ਮੁੱਖ ਰਖਦੇ ਹੋਏ ਮੈਂ ਇਹ ਜ਼ਰੂਰ ਕਹਾਂਗਾ ਕਿ ਇਸ ਗਲ ਨੂੰ ਵੀ ਹਮਦਰਦੀ ਨਾਲ ਦੇਖ ਲਿਆ ਜਾਵੇਗਾ ਕਿ ਉਨ੍ਹਾਂ ਦੀ ਕੋਈ ਹੋਰ ਮਦਦ ਕੀਤੀ ਜਾ ਸਕਦੀ ਹੈ । ਲੇਕਿਨ ਜਿਥੋਂ ਤਕ ਪਿੰਡਾਂ ਦਾ ਤੁਅੱਲਕ ਹੈ ਕੋਈ 2904 ਪਿੰਡਾਂ ਵਿਚ ਇਨ੍ਹਾਂ ਹੜ੍ਹਾਂ ਦਾ ਅਸਰ ਪਿਆ ਹੈ । ਇਸ ਤੋਂ ਇਲਾਵਾ, ਸਪੀਕਰ ਸਾਹਿਬ, ਕੁਝ ਸਾਥੀਆਂ ਨੇ ਇਹ ਵੀ ਕਿਹਾ ਹੈ ਕਿ ਜਿਹੜੀਆਂ ਨਸੈਸਟੀਜ਼ ਆਫ ਲਾਈਫ ਹਨ ਉਹ ਹੜ੍ਹਾਂ ਵਾਲੇ ਏਰੀਆਜ਼ ਵਿੱਚ ਮਿਲਣੀਆਂ ਚਾਹੀਦੀਆਂ ਹਨ । ਫੂਡ ਅਤੇ ਸਪਲਾਈਜ਼ ਡਿਪਾਰਟਮੈਂਟ ਨੇ ਦਾਲਾਂ, ਆਟਾ ਅਤੇ ਹੋਰ ਦੂਸਰੀਆਂ ਚੀਜ਼ਾਂ ਉਥੇ ਪਹੁੰਚਾਉਣ ਵਾਸਤੇ ਮੋਬਾਇਲ ਵੈਨਜ਼ ਦਾ ਵੀ ਪ੍ਰਬੰਧ ਕੀਤਾ ਹੈ । ਹਰ ਪਿੰਡ ਵਿੱਚ ਡੀਪੂ ਖੋਲ੍ਹ ਦਿਤੇ ਹਨ । ਫਰੀ ਆਟਾ ਕੁਝ ਜਥੇਬੰਦੀਆਂ ਨੇ ਦੇਣ ਵਾਸਤੇ ਪ੍ਰਬੰਧ ਕੀਤਾ ਹੈ । ਜਿਨ੍ਹਾਂ ਦੇ ਮਕਾਨ ਢਹਿ ਗਏ ਹਨ ਉਨ੍ਹਾਂ ਨੂੰ ਕੰਟਰੋਲ ਰੇਟ ਤੇ 10,000 ਇੱਟਾਂ ਮਿਲ ਸਕਦੀਆਂ ਹਨ । ਇਸੇ ਤਰ੍ਹਾਂ ਕੈਪਟਨ ਸਾਹਿਬ ਨੇ ਸੀਮਿੰਟ ਬਾਰੇ ਕਿਹਾ ਹੈ । ਉਸਦੇ ਬਾਰੇ ਵੀ ਹਦਾਇਤਾਂ ਫੂਡ ਡਿਪਾਰਟਮੈਂਟ ਨੂੰ ਦੇ ਦਿੱਤੀਆਂ ਗਈਆਂ ਹਨ । ਜਿਹੜਾ ਨਵਾਂ ਮਕਾਨ ਬਣਾਉਣਾ ਚਾਹੇ ਉਸਨੂੰ 200 ਬੋਰੀ ਅਤੇ ਜਿਹੜਾ ਰਿਪੇਅਰ ਕਰਨਾ ਚਾਹੇ ਉਸਨੂੰ 20 ਬੈਗਜ਼ ਦਿੱਤੇ ਜਾਣ । ਇਸ ਤੋਂ ਇਲਾਵਾ ਹੋਰ ਵੀ ਜਿਹੜੀ ਗੱਲ ਜ਼ਰੂਰੀ ਹੋਵੇਗੀ ਉਸਤੇ ਵੀ ਗੌਰ ਕਰ ਲਿਆ ਜਾਵੇਗਾ । ਕੁਝ ਮੈਂਬਰ ਸਾਹਿਬਾਨ ਨੇ ਇਸ ਗੱਲ ਦਾ ਚਰਚਾ ਕੀਤਾ ਹੈ ਕਿ ਕਈ ਕਿਸਾਨ ਕੁਝ ਮੰਡੀਆਂ ਵਿੱਚ ਕਣਕ ਲੈ ਗਏ ਪਰ ਉਥੇ ਉਨ੍ਹਾਂ ਦੀ ਕਣਕ ਲੈਂਦੇ ਨਹੀਂ । ਇਸ ਵਾਸਤੇ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਮਹਿਕਮਾ ਫੂਡ ਅਤੇ ਸਪਲਾਈਜ਼ ਦੇ ਇੰਸਪੈਕਟਰ ਉਥੇ ਜਾ ਕੇ ਵੇਖਣ ਕਿ ਕਿਸਾਨਾਂ ਦੀ ਕਣਕ ਲਈ ਜਾਂਦੀ ਹੈ ਜਾ ਨਹੀਂ । ਇਥੇ ਆਬਿਆਨੇ ਦਾ ਵੀ ਜ਼ਿਕਰ ਕੀਤਾ ਗਿਆ ਹੈ । ਇਸ ਗਲ ਲਈ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਜਿਸ ਕਿਸਾਨ ਦਾ ਨੁਕਸਾਨ ਹੋਇਆ ਹੈ ਉਹ ਲਿਖ ਕੇ ਦੇ ਦੇਵੇ । ਵੈਸੇ, ਸਪੀਕਰ ਸਾਹਿਬ, ਪਹਿਲਾਂ ਵੀ ਇਹ ਰੂਲ ਹੈ ਕਿ ਜਿਸ ਕਿਸਾਨ ਦਾ ਨੁਕਸਾਨ ਹੋ ਜਾਵੇ ਉਹ ਦਰਖਾਸਤ ਦੇ ਕੇ ਆਪਣੇ ਆਬਿਆਨੇ ਦੀ ਰਿਮੀਸ਼ਨ ਕਰ ਸਕਦਾ ਹੈ । ਜਿਥੋਂ ਤਕ ਬਿਜਲੀ ਦੇ ਬਿਲ ਦੇਣ ਦਾ ਤੁਅੱਲਕ

Original with;
Punjab Vidhan Sabha
Digitized by;
Panjab Digital Library

ਹੈ ਅਸੀਂ ਇਲੈਕਟ੍ਰਿਸਿਟੀ ਬੋਰਡ ਨਾਲ ਇਸ ਸਿਲਸਿਲੇ ਵਿੱਚ ਗਲ ਕਰ ਰਹੇ ਹਾਂ। ਉਹ ਅਟਾਨੋਮਸ ਬਾਡੀ ਹੈ। ਉਸ ਨਾਲ ਗਲ ਬਾਤ ਕਰਨ ਤੋਂ ਬਾਅਦ ਜੋ ਵੀ ਮਦਦ ਹੋ ਸਕੀ ਕਰਨ ਦਾ ਯਤਨ ਕਰਾਂਗੇ। ਕੁਝ ਸਾਥੀਆਂ ਨੇ ਇਸ ਗਲ ਦਾ ਜ਼ਿਕਰ ਕੀਤਾ ਹੈ ਕਿ ਜਿਹੜੇ ਲੋਨ ਹਨ ਉਸ ਤੇ ਪੀਨਲ ਇੰਟਰਸਟ ਨਹੀਂ ਲੈਣਾ ਚਾਹੀਦਾ, ਲੋਨ ਦੀ ਰਿਕਵਰੀ ਅੱਗੇ ਹੋਣੀ ਚਾਹੀਦੀ ਹੈ। ਇਨ੍ਹਾਂ ਸਾਰੀਆਂ ਗੱਲਾਂ ਤੇ ਸਰਕਾਰ ਹਮਦਰਦੀ ਨਾਲ ਗੌਰ ਕਰੇਗੀ। ਜਿਹੜੇ ਲੋਕ ਵਾਕਿਆਈ ਹਮਦਰਦੀ ਦੇ ਪਾਤਰ ਹਨ, ਖਾਸ ਤੌਰ ਤੇ ਆਉਣ ਵਾਲੇ ਸਮੇਂ ਵਿੱਚ ਜਿਹੜੀ ਬੜੀ ਜਲਦੀ ਸਰਦੀ ਆ ਰਹੀ ਹੈ, ਸਪੀਕਰ ਸਾਹਿਬ, ਮੈਂ ਚਾਹਾਂਗਾ ਜਿਤਨੀ ਜਲਦੀ ਹੋ ਸਕੇ ਇਹ ਲੋਕ ਵਾਪਸ ਆਪਣੇ ਆਪਣੇ ਘਰ ਵਿੱਚ ਪਹੁੰਚ ਜਾਣ ਉਤਨਾ ਚੰਗਾ ਹੈ। ਜਿਤਨਾ ਧਿਆਨ ਇਸ ਸਬੰਧ ਵਿੱਚ ਦੇਣ ਦੀ ਜ਼ਰੂਰਤ ਹੈ ਉਹ ਅਸੀਂ ਦੇ ਰਹੇ ਹਾਂ। ਸਪੀਕਰ ਸਾਹਿਬ, ਇਕ ਗਲ ਦੀ ਮੈਂ ਪ੍ਰਸ਼ੰਸਾ ਕਰਨਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਇਸ ਗਲ ਦੀ ਤਾਰੀਫ ਕੀਤੀ ਹੈ ਕਿ ਸਾਡੇ ਆਫੀਸਰਜ਼, ਸਾਡੇ ਡਿਪਟੀ ਕਮਿਸ਼ਨਰਾਂ ਨੇ ਅਤੇ ਦੂਜੇ ਕਰਮਚਾਰੀਆਂ ਨੇ ਦਿਨ ਰਾਤ ਇਕ ਕਰਕੇ ਕੰਮ ਕੀਤਾ ਹੈ। ਸਾਡੇ ਫਾਈਨਾਂਸ਼ਲ ਕਮਿਸ਼ਨਰ ਤੋਂ ਲੈਕੇ ਸਾਡੇ ਕਮਿਸ਼ਨਰ, ਡਿਪਟੀ ਕਮਿਸ਼ਨਰਜ਼ ਨੇ ਦਿਨ ਰਾਤ ਇਕ ਕਰਕੇ ਆਪਣੇ ਫਰਜ਼ ਨੂੰ ਆਮੀਨ ਸਮਝਿਆ ਹੈ। ਡੀ. ਸੀ. ਅੰਮ੍ਰਿਤਸਰ, ਫਿਰੋਜ਼ਪੁਰ, ਫਰੀਦਕੋਟ ਨੇ ਹੜ੍ਹ ਪੀੜਿਤ ਲੋਕਾਂ ਦੀ ਬੜੀ ਮਦਦ ਕੀਤੀ ਹੈ। ਉਹ ਇਤਨੇ ਅਲੱਰਟ ਹਨ ਕਿ ਜਿਥੇ ਉਨ੍ਹਾਂ ਦੇ ਸਾਹਮਣੇ ਮਸਲਾ ਆਉਂਦਾ ਹੈ ਉਹ ਕੇਵਲ ਆਪ ਜਾ ਕੇ ਹੀ ਉਸ ਵਲ ਧਿਆਨ ਨਹੀਂ ਦਿੰਦੇ, ਸਗੋਂ ਸਾਡਾ ਧਿਆਨ ਵੀ ਉਸ ਪਾਸੇ ਵਲ ਦਿਵਾਉਂਦੇ ਹਨ। ਮੈਂ, ਸਪੀਕਰ ਸਾਹਿਬ, ਅਰਜ਼ ਕਰਨਾ ਚਾਹੁੰਦਾ ਹਾਂ ਕਿ ਅਸੀਂ ਕੋਸ਼ਿਸ਼ ਕੀਤੀ ਹੈ ਕਿ ਗੌਰਮਿੰਟ ਆਫ ਇੰਡੀਆ ਨੂੰ ਆਪਣੀਆਂ ਤਕਲੀਫਾਂ ਦਸੀਏ। ਅਸੀਂ ਰਿਕੁਐਸਟ ਵੀ ਕੀਤੀ। ਇਸ ਸਾਰੇ ਏਰੀਆ ਨੂੰ ਦੇਖਣ ਲਈ ਸਾਡੇ ਟਰਾਂਸਪੋਰਟ ਮਨਿਸਟਰ, ਢਿਲੋਂ ਸਾਹਿਬ, ਆਪ ਵੀ ਆਏ ਹਨ, ਟੈਲੀਵੀਜ਼ਨ ਦੀ ਟੀਮ ਵੀ ਆਈ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਜੀ ਆਪ ਵੀ ਪ੍ਰਾਈਮ ਮਨਿਸਟਰ ਜੀ ਨੂੰ ਮਿਲ ਕੇ ਆਏ ਹਨ। ਕੁਝ ਹੋਰ ਸਾਥੀ ਵੀ ਇਸ ਸਿਲਸਿਲੇ ਵਿਚ ਮਿਲ ਕੇ ਆਏ ਹਨ। ਹਰਿਆਣੇ ਦੇ ਗਵਰਨਰ ਸਾਹਿਬ, ਜਿਹੜੇ ਕਿ ਆਲ ਇੰਡੀਆ ਫਲੱਡ ਰਿਲੀਫ ਕਮੇਟੀ ਦੇ ਪ੍ਰਧਾਨ ਹਨ, ਉਹ ਵੀ ਇਹ ਏਰੀਆ ਵੇਖਣ ਲਈ ਜਾ ਰਹੇ ਹਨ।

## EXTENSION OF TIME OF THE SITTING

**ਸ੍ਰੀ ਸਪੀਕਰ :** ਟਾਈਮ ਥੋੜਾ ਹੈ। ਇਸ ਕਰਕੇ ਹਾਊਸ ਦੀ ਸਿਟਿੰਗ ਨੂੰ ਐਕਸਟੈਂਡ ਕਰਨਾ ਚਾਹੀਦਾ ਹੈ। ਡਾਂਗ ਸਾਹਿਬ ਨੇ ਕੋਈ ਅਮੈਂਡਮੈਂਟ ਵੀ ਮੂਵ ਕੀਤੀ ਹੈ ਇਸ ਕਰਕੇ ਅੱਧਾ ਘੰਟਾ ਹਾਊਸ ਦੀ ਸਿਟਿੰਗ ਦਾ ਸਮਾਂ ਹੋਰ ਵਧਾਉਣਾ ਚਾਹੀਦਾ ਹੈ।

ਕੀ ਇਹ ਹਾਊਸ ਦੀ ਇੱਛਾ ਹੈ ?

**ਅਵਾਜ਼ਾਂ :** ਠੀਕ ਹੈ ਜੀ, ਠੀਕ ਹੈ ਜੀ।

**ਸ੍ਰੀ ਸਪੀਕਰ :** ਹਾਊਸ ਦੀ ਸਿਟਿੰਗ ਦਾ ਸਮਾਂ ਅੱਧਾ ਘੰਟਾ ਵਧਾਇਆ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

MOTION UNDER RULE 77 (*Resumption*)

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਤੁਹਾਡੇ ਰਾਹੀਂ ਹਾਊਸ ਦੇ ਮੈਂਬਰਾਂ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਸਰਕਾਰ ਆਪਣੇ ਵਲੋਂ ਪੂਰਾ ਯਤਨ ਕਰ ਰਹੀ ਹੈ। ਇਸ ਲਈ ਜਿਨ੍ਹਾ ਰੂਲਜ਼ ਦੀ ਤਬਦੀਲੀ ਵਕਤਨ ਫਵਕਤਨ ਕਰਨੀ ਪੈਂਦੀ ਹੈ ਉਹ ਕਰ ਦਿੱਤੇ ਜਾਣਗੇ। ਕੁਝ ਲੋਕ ਜਿਨ੍ਹਾਂ ਦੇ ਮਕਾਨਾਂ ਦਾ ਨੁਕਸਾਨ ਹੋਇਆ ਹੈ ਪਰ ਉਹ ਇਲੀਜੀਬਲ ਨਹੀਂ ਸਨ ਹੁੰਦੇ, ਉਨ੍ਹਾਂ ਦਾ ਵੀ ਕਰ ਦਿੱਤਾ ਹੈ। ਪਰ ਜੇਕਰ ਕੋਈ ਕਹੇ ਕਿ ਇੱਕ ਮਕਾਨ ਹੀ ਢੱਠਾ ਹੈ ਕਿਸੇ ਪਿੰਡ ਵਿਚ ਅਤੇ ਉਸ ਨੂੰ ਰਿਲੀਫ ਦਿੱਤਾ ਜਾਵੇ ਤਾਂ ਇਹ ਠੀਕ ਨਹੀਂ। ਜਿਨ੍ਹਾਂ ਪਿੰਡਾਂ ਵਿਚ ਕੱਚੇ ਮਕਾਨਾਂ ਦੇ 15% ਮਕਾਨ ਵੀ ਨਹੀਂ ਢੱਠੇ ਉਥੇ ਹੋ ਸਕਦਾ ਹੈ ਕਿ ਮਕਾਨ ਕਿਸੇ ਹੋਰ ਕਾਰਨ ਕਰਕੇ ਢਹਿ ਗਏ ਹੋਣ। ਜਿਥੇ ਬਾਰਸ਼ਾਂ ਹੋਈਆਂ ਹਨ ਉਥੇ ਬਹੁਤ ਮਕਾਨ ਢੱਠੇ ਹਨ। ਕੋਸ਼ਿਸ਼ ਤਾਂ ਸਾਡੀ ਇਹ ਹੈ ਕਿ ਵੱਧ ਤੋਂ ਵੱਧ ਲੋਕਾਂ ਦੀ ਜਿਹੜੇ ਕਿ ਡਿਜ਼ਰਵਿੰਗ ਹਨ, ਉਨ੍ਹਾਂ ਦੀ ਮਦਦ ਕੀਤੀ ਜਾਵੇ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ ਤੁਹਾਡੇ ਦੁਆਰਾ ਮੈਂ ਮਨਿਸਟਰ ਸਾਹਿਬ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਫੁਰਮਾਇਆ ਹੈ ਕਿ ਮਿਲਟਰੀ ਦੇ ਟੈਂਟਸ ਲੈ ਕੇ ਡਿਸਟ੍ਰਿਕਟਸ ਵਿਚ ਦਿਤੇ ਹਨ, ਉਨ੍ਹਾਂ ਦਾ ਵੇਰਵਾ ਦਸਣਗੇ ਕਿ ਕਿਤਨੇ ਟੈਂਟ ਡਿਸਟ੍ਰਿਕਟ—ਵਾਈਜ਼ ਵੰਡੇ ਹਨ। ਦੂਸਰਾ ਜਿਨ੍ਹਾਂ ਨੇ ਦਸਿਆ ਹੈ ਕਿ 90, 91 ਲੱਖ ਰੁਪਿਆ ਇਨ੍ਹਾਂ ਨੇ ਰਿਲੀਫ ਵਾਸਤੇ ਦਿਤਾ ਹੈ। ਉਹ ਦਸਣਗੇ ਕਿ ਇਨ੍ਹਾਂ ਦੀ ਡਿਸਟ੍ਰਿਕਟ ਵਾਈਜ਼ ਐਲੋਕੇਸ਼ਨ ਕਿਸ ਤਰ੍ਹਾਂ ਕੀਤੀ ਹੈ ? ਇਸ ਦਾ ਵੀ ਵੇਰਵਾ ਦਸ ਦੇਣ।

**ਸ੍ਰੀ ਪ੍ਰਤਾਪ ਚੰਦ ਭੰਡਾਰੀ** : ਸਪੀਕਰ ਸਾਹਿਬ, ਮੈਂ ਵੀ ਤੁਹਾਡੇ ਰਾਹੀਂ ਥੋੜੀ ਜਿਹੀ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ। ਬੜਾ ਅਫਸੋਸ ਹੈ ਕਿ ਵਿਤਕਰਾ ਕੀਤਾ ਜਾ ਰਿਹਾ ਹੈ। ਜਿਹੜੇ ਸ਼ਹਿਰਾਂ ਵਾਲਿਆਂ ਦੇ ਮਕਾਨ ਢੱਠੇ ਹਨ ਉਨ੍ਹਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਜਦੋਂ ਫੈਸਲਾ ਹੋ ਗਿਆ ਕਿ ਚਾਰ ਸੌ ਰੁਪਿਆ ਕੱਚੇ ਮਕਾਨ ਦੇ ਦੇਣੇ ਹਨ ਤਾਂ ਫਿਰ ਸ਼ਹਿਰ ਦੇ ਵਾਸਤੇ ਵੀ ਇਹ ਫੈਸਲਾ ਲਾਗੂ ਹੋਣਾ ਚਾਹੀਦਾ ਹੈ। ਜਿਹੜੇ ਗਰੀਬ ਹਰੀਜਨ ਸ਼ਹਿਰਾਂ ਵਿਚ ਰਹਿੰਦੇ ਹਨ ਅਤੇ ਉਹ ਉਜੜ ਗਏ ਹਨ, ਹੁਣ ਇਹ ਬਹਾਨਾ ਲਾ ਕੇ ਕਿ ਉਨ੍ਹਾਂ ਨੂੰ ਦਿਹਾੜੀ ਮਿਲ ਜਾਂਦੀ ਹੈ, ਇਸ ਲਈ ਉਨ੍ਹਾਂ ਨੂੰ ਮੁਆਵਜ਼ੇ ਦੇ ਪੈਸੇ ਨਾ ਦਿੱਤੇ ਜਾਣ, ਇਹ ਬੜਾ ਵਿਤਕਰਾ ਹੈ।

**ਸ੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, ਰੇਜ਼ੋਲਿਊਸ਼ਨ ਤੇ ਵੀ ਟਾਈਮ ਦਿੱਤਾ ਜਾਵੇਗਾ ਜਾਂ ਨਹੀਂ ?

**ਸ੍ਰੀ ਸਪੀਕਰ** : ਇਹ ਪਹਿਲਾਂ ਹੋ ਲੈਣ ਦਿਓ। ਫਿਰ ਹਾਊਸ ਦੀ ਮਰਜ਼ੀ ਨਾਲ ਕਰ ਲਵਾਂਗੇ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਗੜੇ ਮਾਰੀ ਹਈ, ਮੇਰਾ ਇਲਾਕਾ ਤਬਾਹ ਹੋਇਆ ਸੀ, ਉਦੋਂ ਇਹ ਸਟੈਂਡ ਲਿਆ ਗਿਆ ਕਿ ਜਿਨ੍ਹਾਂ ਪਿੰਡਾਂ ਵਿਚ ਨੁਕਸਾਨ 50 % ਤੋਂ ਜ਼ਿਆਦਾ ਹੋਇਆ ਹੈ ਉਨ੍ਹਾਂ ਨੂੰ ਰਿਲੀਫ਼ ਮਿਲੇਗੀ ਅਤੇ ਜਿਨ੍ਹਾਂ ਦਾ 49% ਜਾਂ ਇਸ ਤੋਂ ਘੱਟ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਨਹੀਂ ਮਿਲੇਗਾ । ਕਿਤਨਾਂ ਚਿਰ ਅੜਿਆ ਪਿਆ ਰਿਹਾ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਮੁੱਚੀ ਪ੍ਰਾਬਲਮ ਹੈ । ਹੁਣ ਕੀ ਹੋਇਆ ਪਿੰਡ ਦੇ ਇਕ ਪਾਸੇ ਤਾਂ ਨੁਕਸਾਨ ਹੋ ਗਿਆ ਅਤੇ ਦੂਜਾ ਪਾਸਾ ਬਿਲਕੁਲ ਸੁੱਕਾ ਰਿਹਾ । ਇਕ ਪਾਸੇ 15, 20% ਮਕਾਨਾਂ ਦਾ ਨੁਕਸਾਨ ਹੋ ਗਿਆ । ਉਸ ਹਾਲਤ ਵਿਚ ਇਨ੍ਹਾਂ ਦਾ ਕੀ ਕਰਾਈਟੇਰੀਆ ਹੋਵੇਗਾ ?

**ਸਰਦਾਰ ਉਜਾਗਰ ਸਿੰਘ** : ਸਪੀਕਰ ਸਾਹਿਬ, ਹਰੀਜਨਾਂ ਦੀ ਇਕਾਨਮੀ ਜ਼ਿਮੀਂਦਾਰਾਂ ਨਾਲ ਬੱਝੀ ਹੈ । ਦੋ ਕਿਸਮ ਦੇ ਹਰੀਜਨ ਮਜ਼ਦੂਰ ਹਨ । ਇਕ ਤਾਂ ਖੇਤਾਂ ਵਿਚ ਕੰਮ ਕਰਦੇ ਹਨ ਠੇਕੇ ਤੇ ਅਤੇ ਇਕ ਸੀਰੀ ਦੇ ਤੌਰ ਤੇ ਕੰਮ ਕਰਦੇ ਹਨ । ਜਦੋਂ ਖਰਾਬੀ ਦੀ ਕਮਪਨਸੇਸ਼ਨ ਜ਼ਿਮੀਦਾਰ ਨੂੰ ਮਿਲ ਜਾਂਦੀ ਹੈ ਤਾਂ ਉਸ ਵਿਚੋਂ ਹਰੀਜਨ ਨੂੰ ਉਸ ਦਾ ਹਿੱਸਾ ਨਹੀਂ ਮਿਲਦਾ । ਕੀ ਸਰਕਾਰ ਕੋਈ ਇਸ ਤਰ੍ਹਾਂ ਦਾ ਢੰਗ ਅਪਣਾਏਗੀ ਜਿਸ ਨਾਲ ਕਿ ਜਿਹੜੇ ਸੀਰੀਂ ਹਨ ਉਹ ਜ਼ਿਮੀਦਾਰਾਂ ਤੋਂ ਜਿਤਨੀ ਕੰਪਨਸੇਸ਼ਨ ਮਿਲਦੀ ਹੈ ਉਸ ਵਿਚੋਂ ਆਪਣਾ ਹਿੱਸਾ ਲੈ ਸਕਣ । ਚੌਥਾ ਹਿੱਸਾਂ ਉਸ ਸੀਰੀਂ ਨੂੰ ਦਿੱਤਾ ਜਾਵੇ ।

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਹੇਲ ਸਟਾਰਮ ਦਾ ਜਿਹੜਾ ਰਿਲੀਫ ਦਿੱਤਾ ਹੈ, ਉਸ ਦੇ ਡਿਫਰੈਂਟ ਰੂਲਜ਼ ਹਨ । ਜਿਹੜੇ ਫਲੱਡਜ਼ ਆਏ ਹਨ, ਇਨ੍ਹਾਂ ਦੇ ਲਈ ਜਿਹੜਾ ਰਿਲੀਫ ਦੇਣਾ ਹੈ ਉਸ ਦੇ ਡਿਫਰੈਂਟ ਰੂਲਜ਼ ਹਨ । ਹੇਲ ਸਟਾਰਮ ਨਾਲ ਜਿਸ ਜਿਸ ਵਿਅੱਕਤੀ ਦਾ ਨੁਕਸਾਨ ਹੋਇਆ ਉਸ ਨੂੰ ਵੱਖ ਵੱਖ ਰੱਖਿਆ ਗਿਆ । ਇਹ ਕੋਈ ਪਰਟੀਕੁਲਰਲੀ ਨਹੀਂ ਸੀ ਕੀਤਾ ਗਿਆ ਕਿ ਜੇ ਐਨੇ ਪਰਸੈਂਟ ਪਿੰਡ ਦਾ ਨੁਕਸਾਨ ਹੋਵੇ ਤਾਂ ਇਤਨੀ ਕੰਪਨਸੇਸ਼ਨ ਮਿਲੇਗੀ । ਸਿਰਫ ਇਸ ਗਲ ਨੂੰ ਮੁੱਖ ਰੱਖਿਆ ਗਿਆ ਸੀ ਕਿ ਜਿਹੜਾ ਨਾਨ ਜ਼ਿਮੀਂਦਾਰ ਸੀ, ਜਿਨ੍ਹਾਂ ਨੂੰ ਸਬਸਿਸਟੈਂਸ ਅਲਾਊਸ ਦਿੱਤਾ ਸੀ, ਉਹ ਇਸ ਕਰਕੇ ਦਿੱਤਾ ਸੀ ਕਿਉਂ ਕਿ ਦਿਹਾੜੀ ਨਹੀਂ ਮਿਲਦੀ ਹੈ । ਜਿਥੇ 25% ਨੁਕਸਾਨ ਹੋਇਆ ਹੋਵੇ ਅਤੇ ਬਾਕੀ ਦਾ 75% ਏਰੀਆ ਠੀਕ ਠਾਕ ਹੋਵੇ ਤਾਂ ਉਸ ਏਰੀਏ ਵਿਚ ਉਸ ਨੂੰ ਦਿਹਾੜੀ ਮਿਲਦੀ ਹੈ । ਉਸ ਹਿਸਾਬ ਨਾਲ ਹੀ ਉਨ੍ਹਾਂ ਨੂੰ ਰਿਲੀਫ ਦਿੱਤਾ ਜਾਂਦਾ ਹੈ ।

ਪਰ ਜਿਥੋਂ ਤਕ ਇਸ ਫਲੱਡ ਏਰੀਆ ਦਾ ਤੁਅੱਲਕ ਹੈ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਦੇ ਵਿਚ ਜਿਹੜਾ ਸਾਡਾ ਟੋਟਲ ਏਰੀਆ ਐਸਟੀਮੇਟਿਡ ਹੈ, ਉਹ 5,35,673 ਏਕੜ ਹੈ । ਲਾਸ ਟੂ ਕਰਾਪਸ ਹੈ 34,50,11,668 ਰੁਪਏ ਦੇ ਕਰੀਬ । ਜਿੰਨਾਂ ਰੁਪਿਆ ਦਿਤਾ ਜਾ ਚੁਕਾ ਹੈ, ਉਸ ਦੀ ਡਿਟੇਲ ਇਸ ਤਰ੍ਹਾਂ ਹੈ । ਅਸੀਂ ਸਾਰਾ 71,51,000 ਰੁਪਿਆ ਭੇਜਿਆ ਹੈ ਅਤੇ ਇਸ ਦਾ ਜ਼ਿਲ੍ਹਾਵਾਰ ਵੇਰਵਾ ਇਸ ਤਰ੍ਹਾਂ ਹੈ : ਅੰਮ੍ਰਿਤਸਰ, 31,54,000 , ਗੁਰਦਾਸਪੁਰ, 11,20,000, ਜਲੰਧਰ, 1,50,000, ਹੁਸ਼ਿਆਰਪੁਰ,

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

28,000, ਕਪੂਰਥਲਾ, 1,27,000, ਫਿਰੋਜ਼ਪੁਰ, 11,22,500, ਫਰੀਦਕੋਟ, 2,93,000 ਬਠਿੰਡਾ, 47,500, ਪਟਿਆਲਾ, 8,39,000 ਸੰਗਰੂਰ, 2,10,000, ਲੁਧਿਆਣਾ, 10,000 ਅਤੇ ਰੋਪੜ, 50,000 ਰੁਪਏ । ਮਗਰ ਹੋਰ ਜਿਥੇ ਬਹੁਤ ਜਲਦੀ ਜ਼ਰੂਰਤ ਪਵੇ, ਅਸੀਂ ਭੇਜ ਦਿੰਦੇ ਹਾਂ । ਜਿਥੋਂ ਤਕ ਫਲੱਡ ਦਾ ਤੁਅੱਲਕ ਹੈ, ਜਿਸ ਤਰ੍ਹਾਂ ਇਹ ਅਗੇ ਦਸਿਆ ਗਿਆ ਹੈ ਕਿ ਸਬਸਿਸਟੈਂਟ ਅਲਾਊਂਸ ਜਿਥੇ 75% ਤੋਂ ਵੱਧ ਪਿੰਡ ਵਿਚ ਫਸਲ ਦਾ ਨੁਕਸਾਨ ਹੋਇਆ ਹੈ, ਉਥੇ 40 ਰੁਪਏ ਰਿਲੀਫ ਪਰ ਹੈਡ 2 ਮਹੀਨੇ ਵਾਸਤੇ ਮਿਲੇਗਾ ਅਤੇ 30 ਰੁਪਏ ਕੈਟਲ ਦੇ ਦਿਤੇ ਜਾਣੇ ਹਨ, ਜਿਥੇ 50% ਤੋਂ 75% ਨੁਕਸਾਨ ਫਸਲ ਦਾ ਹੈ ਉਥੇ ਇਕ ਮਹੀਨੇ ਵਾਸਤੇ ਮਿਲੇਗਾ ਅਤੇ ਜਿਥੇ 25% ਤੋਂ ਵੱਧ ਨੁਕਸਾਨ ਹੈ ਉਥੇ 15 ਦਿਨ ਵਾਸਤੇ ਮਿਲੇਗਾ ।

**ਸ਼੍ਰੀ ਵਿਸ਼ਵਾ ਮਿੱਤਰ ਸੇਖੜੀ** : ਟੈਂਟਾਂ ਦੇ ਬਾਰੇ ਤਾਂ ਕੁਝ ਨਹੀਂ ਦਸਿਆ ।

**ਚੌਧਰੀ ਜਗਤ ਰਾਮ** : ਸੀਰੀਜ਼ ਦੇ ਬਾਰੇ ਵੀ ਨਹੀਂ ਦਸਿਆ ।

**Mr. Speaker** : No, more questions, please

**ਮਾਲ ਅਤੇ ਚੋਣ ਮੰਤਰੀ** : ਸੀਰੀਜ਼ ਨੂੰ ਅਤੇ ਲੈਂਡਲੈਸ ਲੇਬਰ ਨੂੰ ਵੀ ਸਬਸਿਸਟੈਂਸ ਅਲਾਊਂਸ ਮਿਲੇਗਾ ।

**ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਪੱਛਮ)**: ਸਪੀਕਰ ਸਾਹਿਬ, ਪੰਜਾਬ ਤੇ ਇਕ ਬਹੁਤ ਵਡੀ ਔਕੜ ਆਈ ਹੈ ਅਤੇ ਲੋਕਾਂ ਤੇ ਬਹੁਤ ਤਗੜੀ ਮੁਸੀਬਤ ਪਈ ਹੋਈ ਹੈ । ਲੋਕਾਂ ਨਾਲ ਕੀ ਹੋ ਰਿਹਾ ਹੈ ਅਤੇ ਪਿੰਡ ਵਿਚ ਕੀ ਹਾਲਤ ਹੈ, ਇਸ ਦਾ ਪਤਾ ਇਸ ਗੱਲ ਤੋਂ ਲਗ ਜਾਂਦਾ ਹੈ ਕਿ ਮਨਿਸਟਰ ਸਾਹਿਬ ਨੂੰ ਛੱਡ ਕੇ ਇਸ ਹਾਊਸ ਦੇ ਸਾਰੇ ਮੈਂਬਰਾਂ ਦੇ ਜਜ਼ਬਾਤ ਇਕੋ ਹੀ ਜਿਹੇ ਹਨ । ਮਨਿਸਟਰ ਸਾਹਿਬ ਨੇ ਇਕ ਗੱਲ ਕਹੀ, ਜਿਸ ਤੇ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਸਰਕਾਰ ਤੋਂ ਇਲਾਵਾ ਹੋਰ ਪਾਰਟੀਆਂ, ਏਜੰਸੀਆਂ ਅਤੇ ਜਨਤਾ ਨੂੰ ਵੀ ਇਸ ਮੁਸੀਬਤ ਦੇ ਹੱਲ ਕਰਨ ਵਿਚ ਹਿੱਸਾ ਪਾਉਣਾ ਚਾਹੀਦਾ ਹੈ । ਸਰਦਾਰ ਪ੍ਰਿਥੀਪਾਲ ਸਿੰਘ ਨੇ ਦੱਸਿਆ ਕਿ ਕਾਂਗਰਸ ਪਾਰਟੀ ਨੇ ਅੰਮ੍ਰਿਤਸਰ ਵਿਚ ਕੀ ਕੀਤਾ । ਕਮਿਊਨਿਸਟ ਪਾਰਟੀ ਨੇ ਵੀ ਇਸੇ ਢੰਗ ਨਾਲ ਆਟਾ ਲੈ ਕੇ ਪੈਸੇ ਇਕਠੇ ਕਰਕੇ ਦਿਤੇ । ਡੀ. ਸੀ. ਸਾਹਿਬ ਨੇ ਵੀ ਲੋਕਾਂ ਕੋਲੋਂ ਡੋਨੇਸ਼ਨਜ਼ ਲੈ ਕੇ ਆਟੇ ਅਤੇ ਪੈਸੇ ਦੀ ਸ਼ਕਲ ਵਿਚ ਪਿੰਡਾਂ ਵਿਚ ਦਿਤਾ । ਕਮਿਊਨਿਸਟ ਪਾਰਟੀ ਨੇ ਪੈਸੇ ਇਕੱਠੇ ਕਰਕੇ ਰੈਡ ਕਰਾਸ ਨੂੰ ਦਿਤੇ, ਸਟੂਡੈਂਟਸ ਫੈਡਰੇਸ਼ਨ ਵੀ ਸਾਰੇ ਪੰਜਾਬ ਵਿਚ ਮਦਦ ਕਰ ਰਹੀ ਹੈ । ਮੈਂ ਮਨਿਸਟਰ ਸਾਹਿਬ ਨੂੰ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਸਾਰੀ ਮੁਸੀਬਤ ਦੀ ਜ਼ਿਮੇਵਾਰੀ ਸਰਕਾਰ ਤੇ ਆਉਂਦੀ ਹੈ । ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੱਟੀ ਵਿਚ 188 ਪਿੰਡਾਂ ਵਿਚ 94 ਬੋਰੀਆਂ ਆਟੇ ਦੀਆਂ ਆਈਆਂ ਅਤੇ ਅੱਧੀ ਬੋਰੀ ਵੀ ਇਕ ਪਿੰਡ ਦੇ ਹਿੱਸੇ ਨਹੀਂ ਆਈ । ਮੇਰੇ ਹਲਕੇ ਵਿਚ 18 ਪਿੰਡਾਂ ਵਿਚੋਂ 16 ਪਿੰਡ ਐਸੇ ਹਨ ਜਿਥੇ ਇਕ ਕਿਲੋ ਆਟਾ ਵੀ ਨਹੀਂ ਦਿਤਾ ਗਿਆ । ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਸਰਕਾਰ ਨੂੰ ਇਹ ਗੱਲ ਰਿਕੁਗਨਾਈਜ਼ ਕਰਨੀ ਪਵੇਗੀ ਕਿ ਜਦੋਂ ਨੇਚਰ ਵਲੋਂ ਕੋਈ ਕਲੈਮਿਟੀ ਆਉਂਦੀ ਹੈ ਤਾਂ ਲੋਕਾਂ ਨੂੰ ਰਿਲੀਫ ਦੇਣ ਦੀ ਜ਼ਿਮੇਂਵਾਰੀ ਸਰਕਾਰ ਦੀ ਹੁੰਦੀ ਹੈ । ਮੈਂ ਇਹ ਗੱਲ ਮੁੜ ਕੇ ਕਹਿੰਦਾ ਕਿ ਸਬਸਿਸਟੈਂਸ ਅਲਾਊਂਸ ਪਿੰਡਾਂ ਵਿਚ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਗਰੀਬਾਂ ਨੂੰ ਨਹੀਂ ਮਿਲਣਾ ਜਿਨ੍ਹਾਂ ਵਿਚ ਫਸਲ ਦਾ ਨੁਕਸਾਨ 25% ਤੋਂ ਘੱਟ ਹੈ । ਇਸ ਕਰਕੇ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਗਰੀਬਾਂ ਨਾਲ ਹੋਇਆ, ਜੋ ਉਨ੍ਹਾਂ ਨੂੰ ਡਿਸਟਰੈਸ ਹੈ, ਉਸ ਨੂੰ ਮੁੱਖ ਰਖਦੇ ਹੋਏ ਇਹ 25% ਵਾਲੀ ਸ਼ਰਤ ਖ਼ਤਮ ਕਰ ਦੇਣੀ ਚਾਹੀਦੀ ਹੈ ਅਤੇ ਹਰ ਇਕ ਪਿੰਡ ਵਿਚ ਹਰੀਜਨਾਂ ਨੂੰ ਜੇ ਦੋ ਮਹੀਨੇ ਲਈ ਨਹੀਂ ਤਾਂ ਇਕ ਮਹੀਨੇ ਵਾਸਤੇ ਸਬਸਿਸਟੈਂਸ ਅਲਾਊਂਸ ਜ਼ਰੂਰ ਮਿਲਣਾ ਚਾਹੀਦਾ ਹੈ । ਇਸ ਕਰਕੇ ਮੈਂ ਇਹ ਕਹਾਂਗਾ ਕਿ ਮਨਿਸਟਰ ਸਾਹਿਬ ਦਾ ਜਵਾਬ ਤਸੱਲੀਬਖਸ਼ ਨਹੀਂ ਹੈ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਟੈਂਟ ਹਾਸਲ ਕਰਨ ਦਾ ਫੌਰੀ ਤੌਰ ਤੇ ਪ੍ਰਬੰਧ ਕਰਨਾ ਚਾਹੀਦਾ ਹੈ। ਇਨ੍ਹਾਂ ਨੇ ਇਹ ਕਿਹਾ ਕਿ ਵਿਤਕਰਾ ਨਹੀਂ ਕਰ ਰਹੇ ਹਾਂ ।

**ਚੌਧਰੀ ਕਾਂਸ਼ੀ ਰਾਮ :** ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਫੁਰਮਾਇਆ ਹੈ ਕਿ ਮਨਿਸਟਰ ਸਾਹਿਬ ਦਾ ਜਵਾਬ ਸੈਟਿਸਫੈਕਟਰੀ ਨਹੀਂ ਹੈ । ਕੀ ਗਵਰਨਮੈਂਟ ਦਾ ਜਵਾਬ ਡਿਸਕਸ ਹੋ ਸਕਦਾ ਹੈ ?

**ਸ੍ਰੀ ਸਪੀਕਰ :** ਡਿਬੇਟ ਦਾ ਰਿਪਲਾਈ ਦੇ ਰਹੇ ਹਨ ।

**ਕਾਮਰੇਡ ਸੱਤ ਪਾਲ ਡਾਂਗ :** ਮੈਂ ਸਪੀਕਰ ਸਾਹਿਬ, ਇਨ੍ਹਾਂ ਦੀ ਸਪੀਚ ਦਾ ਬੜਾ ਮਸ਼ਕੂਰ ਹਾਂ । ਮਨਿਸਟਰ ਸਾਹਿਬ ਨੇ ਕਿਹਾ ਕਿ ਕੋਈ ਵਿਤਕਰਾ ਨਹੀਂ ਹੋ ਰਿਹਾ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਗਰੀਬ ਲੋਕਾਂ ਦੇ ਕੋਠੇ ਢਹਿ ਗਏ ਅਤੇ ਸ਼ਹਿਰਾਂ ਵਿਚ ਵੀ ਗਰੀਬਾਂ ਦੇ ਕੋਠੇ ਢਹਿ ਗਏ । ਸਰਦਾਰ ਪ੍ਰਿਥੀਪਾਲ ਸਿੰਘ ਨੇ ਅੰਮ੍ਰਿਤਸਰ ਦੀਆਂ 10-12 ਬਸਤੀਆਂ ਗਿਣੀਆਂ ਹਨ । ਮੈਂ ਸਰਦਾਰ ਉਮਰਾਓ ਸਿੰਘ ਜੀ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਹਰੀਜਨ ਆਬਾਦੀ 75 ਤੋਂ 80% ਤਕ ਪਿੰਡਾਂ ਵਿਚ ਖੇਤ ਮਜ਼ਦੂਰ ਦਾ ਕੰਮ ਕਰਦੀ ਹੈ ਅਤੇ ਰਹਿੰਦੀ ਮਿਊਂਸਪਲ ਹਦੂਦ ਵਿਚ ਹੈ । ਮਸਤਾਨਾ ਜੀ ਨੇ ਵੀ ਜਿਸ ਤਰ੍ਹਾਂ ਕਿਹਾ ਖੇਮਕਰਨ ਮਿਊਂਸਪਲ ਕਮੇਟੀ ਵੱਧ ਤੋਂ ਵੱਧ 50 ਰੁਪਏ ਕਿਸੇ ਗਰੀਬ ਨੂੰ ਦੇਵੇਗੀ ਲੇਕਿਨ ਉਹ ਗਰੀਬ ਕੰਮ ਤਾਂ ਖੇਤਾਂ ਵਿਚ ਕਰਦੇ ਹਨ । ਸਪੀਕਰ ਸਾਹਿਬ, ਛਿਹਰਟਾ ਵਿਚ ਇਕ ਨਾਨਕਪੁਰਾ ਬਸਤੀ ਹੈ ਅਤੇ ਉਥੇ ਸਾਰੇ ਹਰੀਜਨ ਹੀ ਰਹਿੰਦੇ ਹਨ ਅਤੇ ਉਨ੍ਹਾਂ ਵਿਚੋਂ 80,85% ਹਰੀਜਨ ਬਡਾਲੀ ਗੁਰੂ ਦੇ ਜ਼ਿਮੀਦਾਰਾਂ ਦੇ ਖੇਤਾਂ ਵਿਚ ਕੰਮ ਕਰਦੇ ਹਨ । ਇਸੇ ਤਰ੍ਹਾਂ ਹੀ ਕਈ ਕਾਰਖਾਨੇ ਬੰਦ ਹੋ ਗਏ। ਉਥੇ ਦੇ ਮਜ਼ਦੂਰਾਂ ਨੂੰ ਬੜੀ ਮੁਸੀਬਤ ਹੈ। ਭੰਡਾਰੀ ਸਾਹਿਬ ਨੇ, ਸੇਖੜੀ ਸਾਹਿਬ ਨੇ, ਚੌਧਰੀ ਕਾਂਸ਼ੀ ਰਾਮ ਨੇ ਅਤੇ ਸਰਦਾਰ ਪ੍ਰਿਥੀਪਾਲ ਸਿੰਘ ਨੇ ਇਸ ਬਾਰੇ ਦੱਸਿਆ ਹੈ । ਸਪੀਕਰ ਸਾਹਿਬ, ਮਿਊਂਸਪਲ ਕਮੇਟੀਆਂ ਆਪਣੇ ਕੋਲੋਂ 50 ਦੇਣ ਇਹ ਖਿਆਲ ਠੀਕ ਨਹੀਂ ਹੈ । ਕਮੇਟੀਆਂ ਕੋਲ ਤਾਂ ਆਪਣਾ ਕੰਮ ਕਰਨ ਵਾਸਤੇ ਵੀ ਪੈਸੇ ਨਹੀਂ ਹਨ ।

ਅਗਲੀ ਗੱਲ, ਸਪੀਕਰ ਸਾਹਿਬ, ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਇਕ ਬੜੀ ਅਹਿਮ ਗੱਲ ਦੇ ਬਾਰੇ ਚੁਪ ਰਹੇ ਹਨ ਅਤੇ ਉਸ ਬਾਰੇ ਸਰਕਾਰ ਨੇ ਹਾਲਾਂ ਤੀਕ ਕੋਈ ਫੈਸਲਾ ਨਹੀਂ ਕੀਤਾ ਕਿ ਜਿਨ੍ਹਾਂ ਕਿਸਾਨਾਂ ਦੀ ਫਸਲ ਖ਼ਤਮ ਹੋ ਗਈ ਹੈ, ਉਨ੍ਹਾਂ ਨੂੰ ਮੁਆਵਜ਼ਾ ਦੇਣਾ ਹੈ ਕਿ ਨਹੀਂ । ਇਹ ਫੈਸਲਾ ਹੋਣਾ ਚਾਹੀਦਾ ਹੈ । ਸਾਰੇ ਪਿੰਡਾਂ ਵਿਚ 25% ਦੀ ਸ਼ਰਤ ਖ਼ਤਮ ਕਰ ਦੇਣੀ ਚਾਹੀਦੀ ਹੈ ਅਤੇ ਮਨਿਸਟਰ ਸਾਹਿਬ ਦਾ ਜੋ ਜਵਾਬ ਇਸ ਬਾਰੇ ਹੈ ਉਹ ਬੜਾ ਗੈਰ ਤਸੱਲੀਬਖਸ਼ ਹੈ । ਇਨ੍ਹਾਂ ਨੇ ਕਿਹਾ ਕਿ ਕੈਪਟਨ ਸਾਹਿਬ ਨੇ ਤਜ਼ਵੀਜ਼ ਦਿਤੀ ਸੀ, ਡਾਂਗ ਸਾਹਿਬ ਨੇ ਨਹੀਂ ਦਿਤੀ ਅਤੇ ਕਿਹਾ ਕਿ ਟੈਕਸ ਲਗਾਉਣ ਤੋਂ ਬਿਨਾਂ ਸਰਕਾਰ ਕੋਲ ਪੈਸਾ ਕਿਥੋਂ ਆਵੇ । ਪੰਜਾਬ ਸਰਕਾਰ ਪਹਿਲਾਂ ਘਾਟੇ ਦਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਬਜਟ ਹੀ ਪੇਸ਼ ਕਰਦੀ ਹੈ ਪਰ ਆਖਰ ਵਿਚ ਉਹ ਸਰਪਲੱਸ ਹੋ ਜਾਂਦਾ ਹੈ । ਇਹ ਠੀਕ ਹੈ ਕਿ ਟੈਕਸ ਲਗਾਉਣੇ ਪੈਂਦੇ ਹਨ, ਪਰ ਹੋਰ ਵੀ ਕਈ ਤਰੀਕਿਆਂ ਨਾਲ ਇਕਾਨੋਮੀ ਹੋ ਸਕਦੀ ਹੈ ਅਤੇ ਜੇ ਟੈਕਸ ਲਗਾਉਣਾ ਹੋਵੇ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਪਰ ਜੇ ਇਸ ਨੂੰ ਵੱਡੇ ਆਦਮੀਆਂ ਤੇ ਲਗਾਇਆ ਜਾਵੇ ਅਤੇ ਗ਼ਰੀਬਾਂ ਤੇ ਨਾ ਲਗਾਇਆ ਜਾਵੇ । ਮੈਨੂੰ ਬੜੀ ਹੈਰਾਨੀ ਹੋਈ ਜਦੋਂ ਮਨਿਸਟਰ ਸਾਹਿਬ ਨੇ ਕੀਮਤਾਂ ਦੇ ਬਾਰੇ ਕਿਹਾ ਕਿ ਚੀਜ਼ਾਂ ਸਸਤੀਆਂ ਮਿਲਦੀਆਂ ਹਨ । ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿੰਨੇ ਵੀ ਪਿੰਡਾਂ ਵਿਚ ਡਿਪੂ ਖੁਲ੍ਹੇ ਹੋਏ ਹਨ, ਉਨ੍ਹਾਂ ਤੇ ਸਿਵਾਏ ਚੀਨੀ ਦੇ ਹੋਰ ਕੋਈ ਚੀਜ਼ ਵੀ ਲੋਕਾਂ ਨੂੰ ਸਸਤੀ ਨਹੀਂ ਮਿਲਦੀ ਬਲਕਿ ਮਹਿੰਗੇ ਭਾਅ ਤੇ ਚੀਜ਼ਾਂ ਮਿਲਦੀਆਂ ਹਨ ਅਤੇ ਕੀਮਤਾਂ ਸ਼ੂਟ ਅਪ ਕਰ ਰਹੀਆਂ ਹਨ ਅਤੇ ਲੋਕਾਂ ਨੂੰ ਹੜ੍ਹ ਦੇ ਮੁਕਾਬਲੇ ਵਿਚ ਕੋਈ ਜ਼ਿਆਦਾ ਸਹੂਲਤਾਂ ਨਹੀਂ ਦਿਤੀਆਂ ਗਈਆਂ ।

ਸਪੀਕਰ ਸਾਹਿਬ, ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਪਬਲਿਕ ਕੋਆਪਰੇਸ਼ਨ ਵਾਸਤੇ ਸਟੇਟ ਲੈਵਲ ਤੇ ਸਾਰੀਆਂ ਪਾਰਟੀਆਂ ਦੀ ਹਰ ਮਹੀਨੇ ਇਕ ਮੀਟਿੰਗ ਹੋਣੀ ਚਾਹੀਦੀ ਹੈ ਅਤੇ ਹਰ ਚੀਜ਼ ਨੂੰ ਉਸ ਦੇ ਵਿਚ ਵਿਚਾਰ ਲਿਆ ਜਾਇਆ ਕਰੇ ਤਾਂ ਜੋ ਲੋਕਾਂ ਦੀਆਂ ਮੁਸੀਬਤਾਂ ਦਾ ਸਹੀ ਤੌਰ ਤੇ ਪਤਾ ਲਗ ਸਕੇ ।

ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਡ੍ਰੇਨਾਂ ਬਾਰੇ ਸ਼੍ਰੀਮਤੀ ਗੁਰਬ੍ਰਿੰਦਰ ਕੌਰ ਬਰਾੜ ਨੇ ਵੀ ਜ਼ਿਕਰ ਕੀਤਾ ਸੀ ਅਤੇ ਉਨ੍ਹਾਂ ਦਾ ਜੋ ਬਿਆਨ ਸੀ ਉਹ ਮੈਂ ਪੜ੍ਹ ਕੇ ਵੀ ਸੁਣਾਇਆ ਸੀ । ਹੋਰ ਦੋਸਤਾਂ ਨੇ ਵੀ ਆਪਣੀਆਂ ਤਕਰੀਰਾਂ ਵਿਚ ਡ੍ਰੇਨਾਂ ਦੀ ਨਾ-ਤਸੱਲੀਬਖਸ਼ ਹਾਲਤ ਦਾ ਜ਼ਿਕਰ ਕੀਤਾ । ਇਸ ਲਈ ਮੈਂ ਕਹਾਂਗਾ ਕਿ ਇਸ ਬਾਰੇ ਸਰਕਾਰ ਨੂੰ ਜ਼ਰੂਰ ਜਲਦੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਡ੍ਰੇਨਾਂ ਦੇ ਠੀਕ ਹੋਣ ਕਾਰਨ ਲੋਕਾਂ ਨੂੰ ਹਰ ਦਫਾ ਮੁਸੀਬਤ ਦਾ ਸਾਹਮਣਾ ਨਾ ਕਰਨਾ ਪਵੇ ਕਿਉਂਕਿ ਇਨ੍ਹਾਂ ਡ੍ਰੇਨਾਂ ਦੇ ਠੀਕ ਨਾ ਹੋਣ ਕਾਰਨ ਪਿੰਡਾਂ ਦੇ ਪਿੰਡ ਰੁੜ੍ਹ ਗਏ ।

ਇਨ੍ਹਾਂ ਡਰੇਨਜ਼ ਬਾਰੇ ਇਨਕੁਆਇਰੀ ਹੋਣੀ ਚਾਹੀਦੀ ਹੈ ਅਤੇ ਹਰ ਪਿੰਡ ਵਿਚ ਸਬਸਿਸਟੈਂਸ ਅਲਾਊਂਸ ਮਿਲਣਾ ਚਾਹੀਦਾ ਹੈ । ਸ਼ਹਿਰਾਂ ਅਤੇ ਪਿੰਡਾਂ ਦੇ ਮਕਾਨਾਂ ਵਿਚ ਵਿਤਕਰਾ ਨਹੀਂ ਹੋਣਾ ਚਾਹੀਦਾ । ਜਿਨ੍ਹਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਹੈ ਉਸ ਦਾ ਮੁਆਵਜ਼ਾ ਉਨ੍ਹਾਂ ਨੂੰ ਜ਼ਰੂਰ ਮਿਲਣਾ ਚਾਹੀਦਾ ਹੈ ਅਤੇ ਇਸ ਰਿਲੀਫ ਵਾਸਤੇ 20-25 ਕਰੋੜ ਰੁਪਿਆ ਜ਼ਰੂਰ ਰੱਖਿਆ ਜਾਣਾ ਚਾਹੀਦਾ ਹੈ ।

## RESOLUTION FOR THE CREATION OF A NATURAL CALAMITIES RELIEF FUND

**Captain Rattan Singh:** Sir, I beg to move—

That Rule 30 (3), Rule 147 and other relevant rules of the Rules of Procedure and Conduct of Business in the Punjab Vidhan Sabha (Punjab Legislative Assembly) be suspended for the purpose of moving the following Resolution:

"This House recommends to the Punjab Government to create a Special fund known as NATURAL CALAMITIES RELIEF FUND by levying a special cess for giving help to the people of the State affected by natural calamities like hailstorms, fire, cyclone, heavy rains, floods etc., as the State Government's finances are insufficient to provide necessary relief to them."

Original with;
Punjab Vidhan Sabha
Digitized by;
Panjab Digital Library

**Mr. Speaker:** Motion moved—

> That Rule 30(3), Rule 147 and other relevant rules of the Rules of Procedure and Conduct of Business in the Punjab Vidhan Sabha (Punjab Legislative Assembly) be suspended for the purpose of moving the following Resolution:
>
> "This House recommends to the Punjab Government to create a special fund known as NATURAL CALAMITIES RELIEF FUND by levying a special cess for giving help to the people of the State affected by natural calamities like hailstorms, fire, cyclone, heavy rains, floods etc., as the State Government's finances are insufficient to provide necessary relief to them."

**Mr. Speaker:** Question is—

> That Rule 30 (3), Rule 147 and other relevant rules of the Rules of Procedure and Conduct of Business in the Punjab Vidhan Sabha (Punjab Legislative Assembly) be suspended for the purpose of moving the following Resolution:
>
> "This House recommends to the Punjab Government to create a special fund known as NATURAL CALAMITIES RELIEF FUND by levying a special cess for giving help to the people of the State affected by natural calamities like hailstorms, fire, cyclone, heavy rains, floods, etc., as the State Government's finances are insufficient to provide necessary relief to them."

*The motion was carried.*

**Captain Rattan Singh:** Sir, I beg to move—

> This House recommends to the Punjab Government to create a special fund known as NATURAL CALAMITIES RELIEF FUND by levying a special cess for giving help to the people of the State affected by natural calamities like hailstorms, fire, cyclone, heavy, rains, floods, etc., as the State Government's finances are insufficient to provide necessary relief to them.

(ਇਸ ਵੇਲੇ ਕਈ ਮਾਨਯੋਗ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋ ਗਏ)

**ਸ਼੍ਰੀ ਸਪੀਕਰ:** ਮੇਰਾ ਖਿਆਲ ਹੈ ਕਿ ਇਸ ਮਸਲੇ ਤੇ ਡਿਸਕਸ਼ਨ ਬਹੁਤ ਹੋ ਗਈ ਹੈ, ਹੁਣ ਮੈਂਬਰ ਸਾਹਿਬਾਨ ਨਾ ਬੋਲਣ ਤਾਂ ਚੰਗਾ ਹੈ। ਕੈਪਟਨ ਸਾਹਿਬ ਬੋਲ ਲੈਂਦੇ ਹਨ (ਵਿਘਨ) ਅਗਰ ਹਾਊਸ ਚਾਹੁੰਦਾ ਹੈ ਤਾਂ ਹਾਊਸ ਦਾ ਟਾਈਮ 3 ਵਜੇ ਤਕ ਐਕਸਟੈਂਡ ਕਰਨਾ ਪਵੇਗਾ।

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਕਿਉਂਕਿ ਸਾਰੇ ਹਾਊਸ ਦੇ ਸੈਂਟੀਮੈਂਟਸ ਆ ਗਏ ਹਨ ਔਰ ਸਾਰਾ ਹਾਊਸ ਇਸ ਸਬਜੈਕਟ ਤੇ ਕਨਸਰਨਡ ਹੈ। ਮੇਰੇ ਸਾਥੀਆਂ ਨੇ ਕੋਸ਼ਿਸ਼ ਕੀਤੀ ਹੈ ਕਿ ਕੋਈ ਖਾਸ ਤਜ਼ਵੀਜ਼ ਨਾ ਦਿੱਤੀ ਜਾਵੇ। ਅਸੀਂ ਸਾਰੇ ਰਿਕੁਮੈਂਡ ਕਰੀਏ ਕਿ ਇਹ ਸਰਕਾਰ ਉਨ੍ਹਾਂ ਤੇ ਇਹ ਟੈਕਸ ਲਾਏ ਜਿਹੜੇ ਕਿ ਇਹ ਦੇ ਸਕਦੇ ਹਨ। ਇਹ ਹਾਊਸ ਦੇ ਸੈਂਟੀਮੈਂਟਸ ਹਨ। ਮੈਂ ਇਸ ਤੇ ਜ਼ਿਆਦਾ ਕੁਝ ਨਹੀਂ ਕਹਿਣਾ ਚਾਹੁੰਦਾ। ਜਿਹੜੀ ਡਾਂਗ ਸਾਹਿਬ ਨੇ ਅਮੈਂਡਮੈਂਟ ਦਿੱਤੀ ਹੈ ਮੈਂ ਸਮਝਦਾ ਹਾਂ ਕਿ ਇਸ ਦੀ ਕੋਈ ਖਾਸ ਲੋੜ ਨਹੀਂ। ਇਹ ਟੈਕਸ ਉਨ੍ਹਾਂ ਲੋਕਾਂ ਤੇ ਹੀ ਲਗਣਗੇ ਜਿਹੜੇ ਕਿ ਦੇ ਸਕਦੇ ਹਨ। ਇਸ ਕਰਕੇ ਮੈਂ ਡਾਂਗ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਸਾਡੇ ਨਾਲ ਰਲ ਕੇ ਕੋਆਪਰੇਟ ਕਰਨ ਕਿ ਅਸੀਂ ਸਰਕਾਰ ਨੂੰ ਬੇਨਤੀ ਕਰੀਏ ਕਿ ਉਹ ਘੱਟੋ ਘੱਟ 50 ਕਰੋੜ ਰੁਪਏ ਦੇ ਫੰਡ ਇਕੱਠੇ ਕਰਨ

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਵਾਸਤੇ ਟੈਕਸ ਜ਼ਰੂਰ ਲਾਉਣ ਅਤੇ ਜਿਸ ਵੇਲੇ ਇਹ 50 ਕਰੋੜ ਰੁਪਿਆ ਪੂਰਾ ਹੋ ਜਾਵੇ ਉਸ ਵੇਲੇ ਇਹ ਸੈੱਸ ਖ਼ਤਮ ਕਰ ਦਿੱਤਾ ਜਾਵੇ। ਉਸ ਤੋਂ ਬਾਅਦ ਉਸ ਦੇ ਵਿਆਜ ਨਾਲ ਹੀ ਲੋਕਾਂ ਨੂੰ ਰਿਲੀਫ਼ ਦਿੱਤਾ ਜਾ ਸਕਦਾ ਹੈ। ਇਸ ਕਰਕੇ ਮੈਂ ਇਸ ਤੇ ਜ਼ਿਆਦਾ ਕੁਝ ਨਹੀਂ ਕਹਿਣਾ ਚਾਹੁੰਦਾ। ਮੈਨੂੰ ਉਮੀਦ ਹੈ ਕਿ ਹਾਊਸ ਇਸ ਨੂੰ ਐਕਸੈਪਟ ਕਰੇਗਾ।

**Mr. Speaker**: Motion moved—

> This House recommends to the Punjab Government to create a special fund known as NATURAL CALAMITIES RELIEF FUND by levying a special cess for giving help to the people of the State affected by natural calamities like hailstorms, fire, cyclone, heavy rains, floods, etc., as the State Government's finances are insufficient to provide necessary relief to them.

ਡਾਂਗ ਸਾਹਿਬ, ਤੁਹਾਡੀ ਅਮੈਂਡਮੈਂਟ ਹੈ ਜੀ, ਮੂਵ ਕਰੋ।

**Comrade Satya Pal Dang**: Sir I beg to move—

In line 4, after the word "cess" write "exempting all those whose annual income does not exceed Rs. 5,000."

ਉਨ੍ਹਾਂ ਨੂੰ ਛੋਟ ਦਿੱਤੀ ਜਾਵੇ ਜਿਨ੍ਹਾਂ ਦੀ ਆਮਦਨ 5,000 ਰੁਪਏ ਤੋਂ ਘੱਟ ਹੈ। ਫਰੀਡਮ ਫਾਈਟਰ ਨੂੰ ਵੀ ਜਿਸ ਦੀ ਆਮਦਨ 5,000 ਰੁਪਏ ਤੋਂ ਘੱਟ ਹੁੰਦੀ ਹੈ, ਉਸ ਨੂੰ ਹੀ ਪੈਨਸ਼ਨ ਦਿੱਤੀ ਜਾਂਦੀ ਹੈ। ਇਸ ਕਰਕੇ ਇਹ ਟੈਕਸ 5,000 ਰੁਪਏ ਤੋਂ ਵੱਧ ਆਮਦਨ ਵਾਲਿਆਂ ਤੇ ਲੱਗਣਾ ਚਾਹੀਦਾ ਹੈ।

Sir, I beg to move—

Delete

as the State Government's finances are insufficient to Provide necessary relief to them.'

Sir, I also beg to move—

add at the end :

The House also requests the Government of India to give substantial grant to the State Government to make it possible for the latter to render adequate relief to all those who have been hit hard by the recent unprecedented rains and floods."

ਜਿਹੜੀ ਤੀਜੀ ਮੇਰੀ ਅਮੈਂਡਮੈਂਟ ਹੈ ਉਹ ਇਹ ਹੈ ਕਿ ਇਹ ਹਾਊਸ ਬੜੀ ਜ਼ੋਰ ਨਾਲ ਸੈਂਟਰ ਦੀ ਸਰਕਾਰ ਨੂੰ ਬੇਨਤੀ ਕਰਦਾ ਹੈ ਕਿ ਪੰਜਾਬ ਸਰਕਾਰ ਨੂੰ ਮੁਨਾਸਬ ਗਰਾਂਟ ਦਿੱਤੀ ਜਾਵੇ ਤਾਂਕਿ ਪੰਜਾਬ ਸਰਕਾਰ ਉਹ ਪੈਸੇ ਅਤੇ ਆਪਣੇ ਪੈਸੇ ਇਕੱਠੇ ਕਰਕੇ ਜਿਹੜੇ ਸਰਕਾਰ ਨੇ ਹੜ੍ਹ ਪੀੜਤਾਂ ਅਤੇ ਬਾਰਸ਼ਾਂ ਦੇ ਪੀੜਤਾਂ ਲਈ ਉਨ੍ਹਾਂ ਦੇ ਨੁਕਸਾਨ ਲਈ ਰੱਖੇ ਹਨ, ਉਨ੍ਹਾਂ ਨੂੰ ਮੁਨਾਸਬ ਰਿਲੀਫ਼ ਦਿੱਤਾ ਜਾਵੇ। ਦੂਸਰਾ ਇਹ ਵਾਇਦਾ ਕੀਤਾ ਜਾਵੇ ਕਿ ਇਹ ਟੈਕਸ 5,000 ਰੁਪਏ ਤੋਂ ਘੱਟ ਆਮਦਨ ਵਾਲਿਆਂ ਤੇ ਨਹੀਂ ਲਾਇਆ ਜਾਵੇਗਾ।

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਇਹ ਅਮੈਂਡਮੈਂਟ ਤਾਂ ਇਸ ਪਰਪਜ਼ ਵਿਚ ਨਹੀਂ ਆਉਂਦੀ। ਇਸ ਵਾਸਤੇ ਇਹ ਅਲਹਿਦਾ ਰੇਜ਼ੋਲਿਊਸ਼ਨ ਲੈ ਆਉਣ।

**ਸ਼੍ਰੀ ਸਪੀਕਰ**: ਇਹ ਰਿਜੈਕਟ ਕੀਤੀ ਜਾ ਸਕਦੀ ਹੈ।

Original with;
Punjab Vidhan Sabha
Digitized by;
Panjab Digital Library

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਇਹ ਐਡਮਿਸੀਬਲ ਨਹੀਂ ਹੋ ਸਕਦੀ ਕਿਉਂਕਿ ਉਸ ਦੇ ਸਕੋਪ ਵਿਚ ਨਹੀਂ ਆਉਂਦੀ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਇਹ ਦੱਸ ਦੇਣ ਕਿ ਇਹ ਸੈੱਸ ਕਿਸ ਕੈਟੇਗਰੀ ਤੇ ਲਗਣਾ ਹੈ ਅਤੇ ਕਿਸ ਕੈਟੇਗਰੀ ਤੇ ਨਹੀਂ ਲਗਣਾ ? It is within the very scope of the resolution. So, it is definitely a valid amendment.

**Mr. Speaker** : The House can reject it. The third amendment is rejected because it is beyond the scope.

**Mr. Speaker**: Motion moved—

(i) In line 4, after the word "cess" write "exempting all those whose annual income does not exceed Rs. 5,000.

(ii) Delete:

"as the State Government's finances are insufficient to provide necessary relief to them."

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਕ ਇਕ ਕਰਕੇ ਅਮੈਂਡਮੈਂਟਾਂ ਪਾਸ ਕਰਾਓ ।

ਸ਼੍ਰੀ ਸਪੀਕਰ : ਦੋਨੋਂ ਇਕੱਠੀਆਂ ਹੋ ਜਾਣਗੀਆਂ ਜੀ ।

ਕਾਮਰੇਡ ਸੱਤਪਾਲ ਡਾਂਗ : ਦੋਨੋਂ ਇਕੱਠੀਆਂ ਨਹੀਂ ਹੋ ਸਕਦੀਆਂ । ਤੁਸੀਂ ਕਰ ਕੀ ਰਹੇ ਹੋ, ਸਪੀਕਰ ਸਾਹਿਬ । ਇਕ ਇਕ ਕਰਕੇ ਪਾਸ ਕਰਵਾਓ ।

**Mr. Speaker**: Question is—

In line 4, after the word "cess" write "exempting all those whose annual income does not exceed Rs. 5,000."

*The motion was lost.*

**Mr. Speaker**: Question is—

Delete:

"as the State Government's finances are insufficient to provide necessary relief to them."

(After taking the sense of the House by voices, Mr. Speaker said 'I think Noes have it. This opinion was challenged. The bells were sounded. The question was put again and Mr. Speaker said 'I think Noes have it.' Again it was challenged. The Members were asked to rise in their places. Eight Members rose in support of the Motion and thirty-nine against the motion. The motion was declared lost).

*The motion was lost.*

Original with;
Punjab Vidhan Sabha
Digitized by;
Panjab Digital Library

**Mr. Speaker** : Question is—

"This House recommends to the Punjab Government to create a special fund known as NATURAL CALAMITIES RELIEF FUND by levying a special cess for giving help to the people of the State affected by natural calamities like hailstorms, fire, cyclone, heavy rains, floods etc., as the State Government's finances are insufficient to provide necessary relief to them."

*The motion was carried.*

**ਮਾਲ ਅਤੇ ਚੋਣ ਮੰਤਰੀ**: ਸਪੀਕਰ ਸਾਹਿਬ, ਯੂਨਾਨੀਮਸਲੀ ਪਾਸ ਹੋਇਆ ਕਹੋ ।

**ਸ਼੍ਰੀ ਸਪੀਕਰ**: ਯੂਨਾਨੀਮਸਲੀ ਨਹੀਂ ਜੀ । ਅਪੋਜ਼ ਕੀਤਾ ਗਿਆ ਹੈ ਜੀ । (ਵਿਘਨ) (ਸ਼ੋਰ) ।

Yes, yes. The Resolution is passed unanimously.

(ਇਸ ਸਮੇਂ ਸ਼੍ਰੀ ਸਰਦਾਰੀ ਲਾਲ ਕਪੂਰ ਜੀ ਬੋਲਣ ਲਈ ਖੜ੍ਹੇ ਸਨ ।) (ਵਿਘਨ)

**ਸ਼੍ਰੀ ਸਪੀਕਰ**: ਹਾਊਸ 2.00 ਵਜੇ ਤਕ ਐਕਸਟੈਂਡ ਕੀਤਾ ਸੀ, ਇਸ ਕਰਕੇ ਕਪੂਰ ਸਾਹਿਬ ਨੂੰ ਪੰਜ ਮਿੰਟ ਬੋਲ ਲੈਣ ਦਿਓ ।

**ਸ਼੍ਰੀ ਸਰਦਾਰੀ ਲਾਲ ਕਪੂਰ**: ਸਪੀਕਰ ਸਾਹਿਬ, ਮੈਂ ਰੈਜ਼ੋਲਿਊਸ਼ਨ ਦੇ ਬਾਰੇ ਅਰਜ਼ ਕਰਨੀ ਹੈ । (ਵਿਘਨ)

**ਸ਼੍ਰੀ ਸਪੀਕਰ**: ਤੁਸੀਂ ਪਹਿਲਾਂ ਮੋਸ਼ਨ ਮੂਵ ਕਰੋ ਜੀ ।

## RESOLUTION (NON-OFFICIAL) REGARDING ALTERING THE CONDITIONS OF WORK AND SERVICE FOR ATTRACTING THE ABLEST STUDENTS AND PREVENTING THEIR MIGRATION TO OTHER COUNTRIES

**Shri Sardari Lal Kapur** (ਲੁਧਿਆਣਾ ਉੱਤਰ) : Sir, I beg to move—

In the interest of development of the State and with a view to avoid the loss of skills and talent caused by the migration of some of our ablest students to other countries, this House recommends to the Government to so alter the conditions of work and service in the State as to attract our best men and women.

ਸਪੀਕਰ ਸਾਹਿਬ, ਸਾਡੇ ਹਿੰਦੁਸਤਾਨ ਵਿਚ ਵੀ ਔਰ ਪੰਜਾਬ ਵਿਚ ਵੀ ਬਹੁਤ ਸਾਰੇ ਸਟੂਡੈਂਟਸ ਜਿਹੜੇ ਹਨ, ਜਿਨ੍ਹਾਂ ਵਿਚੋਂ ਬਹੁਤ ਸਾਰੇ ਚੰਗੇ ਕਾਬਲ ਹਨ, ਉਹ ਬਾਹਰਲੇ ਦੇਸ਼ਾਂ ਵਿਚ ਚਲੇ ਜਾਂਦੇ ਹਨ ਔਰ ਉਹ ਇਸ ਲਈ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਸਹੂਲਤਾਂ ਪੂਰੀਆਂ ਨਹੀਂ ਮਿਲਦੀਆਂ । ਸਰਕਾਰ ਨੇ ਜਿਹੜਾ ਵੋਕੇਸ਼ਨਲ ਸਿਸਟਮ ਚਾਲੂ ਕੀਤਾ ਹੈ, ਠੀਕ ਹੈ, ਉਸ ਨਾਲ ਉਨ੍ਹਾਂ ਨੂੰ ਕੁਝ ਰਲੀਫ ਮਿਲੇਗਾ । ਇਕ ਗੱਲ ਹੋਰ ਹੈ ਕਿ ਜਿਹੜੇ ਸਟੈਟਿਸਟਿਕਸ ਮੇਰੇ ਪਾਸ ਹਨ ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਸਾਡੇ ਹਿੰਦੁਸਤਾਨ ਵਿਚ ਤਿੰਨ ਲੱਖ ਦੇ ਕਰੀਬ ਲੋਕ ਜਿਹੜੇ ਯੂਨਾਈਟਿਡ ਸਟੇਟਸ ਨੂੰ ਚਲੇ ਜਾਂਦੇ ਹਨ ਉਨ੍ਹਾਂ ਨਾਲ ਤਿੰਨ ਲੱਖ 30 ਹਜ਼ਾਰ ਰੁਪਏ ਦਾ ਨੁਕਸਾਨ ਹੁੰਦਾ ਹੈ । ਉਸ ਦੇ ਮੁਕਾਬਲੇ ਉਹ ਲੋਕ

Original with;
Punjab Vidhan Sabha
Digitized by;
Panjab Digital Library

ਯੂਨਾਈਟਿਡ ਸਟੇਟਸ ਨੂੰ 51 ਲੱਖ 71 ਹਜ਼ਾਰ ਰੁਪਏ ਕਮਾ ਕੇ ਦਿੰਦੇ ਹਨ । ਇਹ ਡਾਕਟਰਾਂ ਦੀ ਪੁਜ਼ੀਸ਼ਨ ਦੱਸੀ ਹੈ । ਫਿਰ ਇਸ ਤਰ੍ਹਾਂ ਹੀ ਇੰਜਨੀਅਰਜ਼ ਹਨ । ਉਨ੍ਹਾਂ ਦੇ ਬਾਹਰ ਜਾਣ ਨਾਲ 1 ਲੱਖ 72 ਹਜ਼ਾਰ ਦਾ ਨੁਕਸਾਨ ਹੁੰਦਾ ਹੈ ਔਰ ਜਿਥੇ ਗਏ ਹਨ ਉਨ੍ਹਾਂ ਨੂੰ 18 ਲੱਖ 75 ਹਜ਼ਾਰ ਦਾ ਉਹ ਫਾਇਦਾ ਦਿੰਦੇ ਹਨ । ਇਸ ਤਰ੍ਹਾਂ ਟੋਟਲ ਫਾਇਦਾ ਬਾਹਰਲੇ ਦੇਸ਼ਾਂ ਨੂੰ ਸਾਡੇ ਸਟੂਡੈਂਟਸ ਤੋਂ 70 ਲੱਖ ਦੇ ਕਰੀਬ ਹੁੰਦਾ ਹੈ । ਹੁਣ ਤਕ 3,141 ਬੰਦੇ ਇਸ ਤਰ੍ਹਾਂ ਦੇ ਚਲੇ ਗਏ ਹਨ ਔਰ ਕਰੋੜਾਂ ਰੁਪਏ ਯੂ. ਐਸ. ਏ. ਉਨ੍ਹਾਂ ਤੋਂ ਕਮਾਉਂਦਾ ਹੈ । ਮੈਂ ਸਮਝਦਾ ਹਾਂ ਕਿ ਜਿਹੜੇ ਚੰਗੇ ਸਟੂਡੈਂਟਸ ਹਨ, ਜਿਹੜੇ ਡਾਕਟਰਜ਼ ਹਨ, ਉਨ੍ਹਾਂ ਨੂੰ ਠੀਕ ਤਰੀਕੇ ਨਾਲ ਸਹੂਲਤਾਂ ਦਿੱਤੀਆਂ ਜਾਂਦੀਆਂ ਤਾਂ ਉਹ ਨਾ ਜਾਂਦੇ । ਜਿਹੜੇ ਸਟਡੈਂਟਸ ਜਾਂਦੇ ਹਨ ਉਹ ਇਸ ਲਈ ਜਾਂਦੇ ਹਨ ਕਿ ਉਨ੍ਹਾਂ ਨੂੰ ਇਥੇ ਪੂਰਾ ਮਾਣ ਨਹੀਂ ਮਿਲਦਾ । ਫਿਰ ਇਥੇ ਕਈ ਸਟੂਡੈਂਟਸ ਐਸੇ ਹਨ ਜਿਨ੍ਹਾਂ ਨੂੰ ਪੜ੍ਹਨ ਦਾ ਅਜੇ ਬੜਾ ਸ਼ੌਕ ਹੈ ਪਰ ਉਨ੍ਹਾਂ ਦੀ ਜੇਬ ਵਿਚ ਪੈਸੇ ਨਹੀਂ ਹੁੰਦੇ, ਇਸ ਲਈ ਉਹ ਕਾਲਜ ਵਿਚ ਦਾਖ਼ਲ ਨਹੀਂ ਹੋ ਸਕਦੇ । ਇਸ ਲਈ ਸਰਕਾਰ ਨੂੰ ਉਨ੍ਹਾਂ ਦੀ ਮੱਦਦ ਕਰਨੀ ਚਾਹੀਦੀ ਹੈ ਤਾਕਿ ਉਹ ਚੰਗੇ ਲਾਇਕ ਬਣ ਸਕਣ ।

ਸਪੀਕਰ ਸਾਹਿਬ, ਪਿਛਲੇ ਸਾਲ ਕੁਝ ਕਾਬਲ ਡਾਕਟਰ ਈਰਾਨ ਨੂੰ ਚਲੇ ਗਏ ਸਨ, ਅਫਰੀਕਾ ਨੂੰ ਚਲੇ ਗਏ ਹਨ । ਮੈਂ ਸਮਝਦਾ ਹਾਂ ਕਿ ਉਹ ਵੀ ਸਾਡੇ ਦੇਸ਼ ਨੂੰ ਨੁਕਸਾਨ ਹੋਇਆ ਹੈ । ਜੇਕਰ ਸਰਕਾਰ ਉਨ੍ਹਾਂ ਨੂੰ ਸਹੂਲਤਾਂ ਦੇਵੇ ਤਾਂ ਚੰਗੇ ਡਾਕਟਰ ਨਹੀਂ ਜਾ ਸਕਦੇ। ਇਸ ਲਈ ਮੈਂ ਸਮਝਦਾ ਹਾਂ ਕਿ ਉਹ ਦੇਸ਼ ਪੈਸਾ ਦਿੰਦੇ ਹਨ, ਪੈਸੇ ਦੀ ਬਜਾਏ ਜਿਹੜਾ ਸਾਡੇ ਦੇਸ਼ ਦਾ ਦਿਮਾਗ ਜਾਂਦਾ ਹੈ, ਬਰੇਨ ਜਾਂਦਾ ਹੈ, ਉਹ ਜ਼ਿਆਦਾ ਕੀਮਤੀ ਹੈ । ਉਹ ਲੋਕ ਸਾਡੇ ਇਨ੍ਹਾਂ ਆਦਮੀਆਂ ਤੋਂ ਕਰੋੜਾਂ ਰੁਪਿਆ ਕਮਾ ਰਹੇ ਹਨ । ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਪਾਸੇ ਵਲ ਧਿਆਨ ਕਰੇ ਔਰ ਉਨ੍ਹਾਂ ਲੋਕਾਂ ਦੀ ਮੱਦਦ ਕਰੇ । ਜਿਹੜੇ ਗ਼ਰੀਬ ਹਨ, ਪੈਸਾ ਨਹੀਂ ਖ਼ਰਚ ਕਰ ਸਕਦੇ ਉਨ੍ਹਾਂ ਦੀ ਮੱਦਦ ਕਰਨੀ ਚਾਹੀਦੀ ਹੈ । ਪਿੱਛੇ ਜਿਹੇ ਇਕ ਡਾਕਟਰ ਖਰਬੰਦਾ ਹਿੰਦੁਸਤਾਨ ਤੋਂ ਚਲਾ ਗਿਆ, ਫਿਰ ਖੁਰਾਣਾ ਡਾਕਟਰ ਨੂੰ ਕੱਢਿਆ ਗਿਆ । ਉਸ ਨੂੰ ਹਿੰਦੁਸਤਾਨ ਨੇ ਨਹੀਂ ਝੱਲਿਆ । ਅੱਜ ਪੰਜਾਬੀ ਸਾਰੇ ਹਿੰਦੁਸਤਾਨ ਵਿਚ ਫੈਲੇ ਹੋਏ ਹਨ । ਮਦਰਾਸ ਵਿਚ ਰੇਲਵੇ ਦੇ ਡੱਬੇ ਜਿਥੇ ਬਣਦੇ ਹਨ ਉਥੇ ਦਾ ਸੱਭ ਤੋਂ ਵੱਡਾ ਅਫਸਰ ਪੰਜਾਬੀ ਹੈ ਔਰ ਪੰਜਾਬੀਆਂ ਨੇ ਹਰ ਜਗ੍ਹਾ ਹੀ ਜਾ ਕੇ ਕੰਮ ਕੀਤਾ ਹੈ । ਇਸ ਕਰਕੇ ਪੰਜਾਬ ਸਰਕਾਰ ਨੂੰ ਉਨ੍ਹਾਂ ਦੀ ਮੱਦਦ ਡੱਟ ਕੇ ਕਰਨੀ ਚਾਹੀਦੀ ਹੈ ਤਾਕਿ ਉਹ ਇਥੇ ਹੀ ਚੰਗਾ ਕੰਮ ਕਰ ਸਕਣ ।

---

## QUESTION OF PRIVILEGE

**Mr. Speaker**: I have received notice of another Privilege Motion from Comrade Satya Pal Dang and Comrade Shamsher Singh Josh, M.L. As. alleging that the Censoring Officer appointed to censor the publication of Vidhan Sabha proceedings has committed a breach of Privilege of the House by censoring the proceedings of the Punjab Vidhan Sabha in respect of a particular item in such a manner that those will appear in a distorted manner. I have considered the matter and as I have

Original with;
Punjab Vidhan Sabha
Digitized by;
Panjab Digital Library

[Mr. Speaker]

stated earlier in the morning, I am only responsible for the proper recording of the Assembly proceedings which take place in the House by the official Reporters and the publication thereof by the Sabha Secretariat. My jurisdiction is limited to this extent and does not go beyond that. I am not concerned with the action of the Censoring Officer or for that matter of any one unless a concrete case regarding the publication of the proceedings of the Vidhan Sabha in a distorted manner is brought to my notice. If I may say so, this notice is premature. Therefore, I do not give my consent to the question of privilege being raised.

**Mr. Speaker** : The House stands adjourned till 9.00 A. M. on Friday, the 10th September, 1976.

2.00 P.M.

*(The Sabha then adjourned till 9.00 A.M. on Friday, the 10th September, 1976.)*

Original with;
Punjab Vidhan Sabha
Digitized by;
Panjab Digital Library

# APPENDIX

# TO

# PUNJAB VIDHAN SABHA DEBATE

Dated the 9th September, 1976

Vol II, No. 4

---

## BUS SRERVICE FROM SAROA TO BALACHAUR

*3743. **Master Dalip Chand** : Will the Minister of State for Transport and Civil Aviation be pleased to state—

(a) whether it is a fact that there is no bus service from Saroa to Balachaur ;

(b) if the reply to part (a) be in the affirmative, whether the Government propose to start a direct bus service from Saroa to Balachaur ?

ਸਰਦਾਰ ਦਿਲਬਾਗ ਸਿੰਘ ਡਾਲੇਕੇ:

(ੳ) ਹਾਂ ਜੀ ।

(ਅ) ਹਾਂ ਜੀ ।

## TUBEWELL CONNECTIONS IN VILLAGE DHOOTKALAN, TEHSIL AND DISTRICT HOSHIARPUR

1141. Comrade Satya Pal Dang : Will the Minister of State for Irrigation and Power be pleased to state—

(a) the number of applications still pending for the grant of tubewell connections in village Dhoot Kalan, Tehsil & District Hoshiarpur;

(b) the dates of applications and deposit of security in each of the cases referred to in part (a) above;

(c) the action taken or proposed to be taken in each of the case referred to in part (a) above;

(d) the number of tubewell connections already granted in the villages ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸੋਹਣ ਸਿੰਘ ਜਲਾਲ ਉਸਮਾਨ (ਲੋਕ ਸਿਹਤ ਦੇ ਰਾਜ ਮੰਤਰੀ):**

(ਏ) 16.

(ਬੀ) ਹਰ ਇਕ ਬਿਨੈਕਾਰ ਦੀ ਬਿਨੈ-ਪਤਰ ਦੀ ਮਿਤੀ ਅਤੇ ਸਿਕਿਉਰਿਟੀ ਦਾ ਵੇਰਵਾ ਹੇਠ ਦਿੱਤਾ ਜਾਂਦਾ ਹੈ:—

| ਲੜੀ ਨੰ: | ਬਿਨੈਕਾਰ ਦਾ ਨਾਂ | ਬਿਨੈ-ਪੱਤਰ ਅਤੇ ਸਿਕਿਉਰਿਟੀ ਡਿਪਾਜ਼ਟ ਦੀ ਮਿਤੀ |
|---|---|---|
| 1 | 2 | 3 |
| ਸਰਵਸ੍ਰੀ | | |
| (1) | ਨਰਿੰਦਰ ਸਿੰਘ ਪੁੱਤਰ ਹਰਭਜਨ ਸਿੰਘ | ਏ. ਪੀ. 71 ਮਿਤੀ 28-8-68 |
| (2) | ਬਾਬੂ ਰਾਮ ਪੁੱਤਰ ਉਤਮ ਚੰਦ | ,, 72 ,, ,, |
| (3) | ਗੁਰਮੇਲ ਸਿੰਘ ਪੁੱਤਰ ਜੋਗਿੰਦਰ ਸਿੰਘ | ,, 79 ,, 2-1-69 |
| (4) | ਊਧਮ ਸਿੰਘ ਪੁੱਤਰ ਬਸੰਤ ਸਿੰਘ | ,, 80 ,, ,, |
| (5) | ਕ੍ਰਿਸ਼ਨ ਸਿੰਘ ਪੁੱਤਰ ਸੰਤਾ ਸਿੰਘ | ,, 81 ,, ,, |
| (6) | ਬਲਵੰਤ ਸਿੰਘ ਪੁੱਤਰ ਦਲੀਪ ਸਿੰਘ | ,, 82 ,, ,, |
| (7) | ਹਰਬੰਸ ਸਿੰਘ ਪੁੱਤਰ ਅੱਛਰ ਸਿੰਘ | ,, 84 ,, 7-1-69 |
| (8) | ਫੌਜਾ ਸਿੰਘ ਪੁੱਤਰ ਸੰਤਾ ਸਿੰਘ | ,, 92 ,, 1-2-69 |
| (9) | ਊਧਮ ਸਿੰਘ ਪੁੱਤਰ ਸੰਤਾ ਸਿੰਘ | ,, 164 ,, 5-6-69 |
| (10) | ਸਵਰਨ ਸਿੰਘ ਪੁੱਤਰ ਪ੍ਰੀਤਮ ਸਿੰਘ | ,, 165 ,, ,, |
| (11) | ਕਰਮ ਸਿੰਘ ਪੁੱਤਰ ਸਮਿੱਤਰ ਸਿੰਘ | ,, 180 ,, 17-6-69 |
| (12) | ਮਹਿੰਦਰ ਸਿੰਘ ਪੁੱਤਰ ਹਰਬੰਸ ਸਿੰਘ | ,, 235 ,, 6-8-69 |
| (13) | ਚਰਨ ਕੌਰ ਪਤਨੀ ਹਰੀ ਸਿੰਘ | ,, 388 ,, 7-6-72 |
| (14) | ਬਲਵੰਤ ਸਿੰਘ | ,, 402 ,, 12-1-73 |
| (15) | ਕਰਤਾਰ ਸਿੰਘ | ,, 476 ,, 12-6-75 |
| (16) | ਪ੍ਰੀਤਮ ਸਿੰਘ | ,, 481 ,, 19-9-75 |

Original with;
Punjab Vidhan Sabha
Digitized by;
Panjab Digital Library

(ਸੀ) ਪਹਿਲੀਆਂ ਗਿਆਰਾਂ ਦਰਖਾਸਤਾਂ 30 ਜੂਨ, 1969 ਤਕ ਪ੍ਰਾਪਤ ਹੋਈਆਂ। ਦਰਖਾਸਤਾਂ ਦੇ ਗਰੁਪ ਐਸਟੀਮੇਟ ਵਿਚ ਸ਼ਾਮਲ ਕਰ ਲਈਆਂ ਗਈਆਂ ਹਨ ਅਤੇ ਉਨ੍ਹਾਂ ਦੇ ਡਿਮਾਂਡ ਨੋਟਿਸ ਜਾਰੀ ਕਰ ਦਿੱਤੇ ਹਨ। ਬਿਨੈ-ਕਾਰ ਵਲੋਂ ਅਜੇ ਇਨ੍ਹਾਂ ਨੋਟਿਸਾਂ ਦੀ ਪਾਲਣਾ ਨਹੀਂ ਹੋਈ। 30 ਜੂਨ, 1969 ਤੋਂ ਬਾਦ ਪ੍ਰਾਪਤ ਹੋਈਆਂ ਬਾਕੀ 5 ਅਰਜ਼ੀਆਂ ਲੰਬਿਤ ਹਨ ਕਿਉਂਕਿ ਬੋਰਡ ਵਲੋਂ ਉਸ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ ਤੇ ਪਾਵਰ ਕੁਨੈਕਸ਼ਨ ਜਾਰੀ ਕਰਨ ਦੇ ਫੈਸਲੇ ਦੀ ਉਡੀਕ ਹੈ।

(ਡੀ) ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਵਿਚ 11,208 ਟਿਊਬਵੈੱਲ ਕੁਨੈਕਸ਼ਨ ਪਹਿਲਾਂ ਹੀ ਦਿੱਤੇ ਹੋਏ ਹਨ ਜਿਨ੍ਹਾਂ ਵਿਚੋਂ 20 ਟਿਊਬਵੈੱਲ ਕੁਨੈਕਸ਼ਨ ਧੂਤ ਕਲਾਂ ਪਿੰਡ ਵਿਚ ਦਿੱਤੇ ਗਏ ਹਨ।

---

2074—19-11-76—286—ਪੰਜਾਬ ਸਰਕਾਰ ਪਰੈਸ, ਪਟਿਆਲਾ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*10th September, 1976*

Vol. II—No. 5

## OFFICIAL REPORT

CONTENTS

*Friday, the 10th September, 1976*


| | PAGE |
|---|---|
| Starred Questions and Answers .. | (5)1 |
| Written Answers to Starred Questions laid on the Table of the House Under Rule 38 .. | (5)32 |
| Unstarred Questions and Answers .. | (5)33 |
| Questions of Privilege .. | (5)35 |
| Motion Under Rule 16 .. | (5)36 |
| Call Attention Notices Under Rule 66 .. | (5)36 |
| Question of Privilege (*Resumption*) .. | (5)40 |
| Papers laid on the Table .. | (5)41 |
| **Bill(s)—** | |
| The Punjab Appropriation (No. 3)—, 1976 .. | (5)41 |



**Punjab Vidhan Sabha Secretariat, Chandigarh.**

Price . Rs 33-90



Original with;
Punjab Vidhan Sabha
Digitized by;
Panjab Digital Library

The Punjab Excise (Amendment)—, 1976 .. (5)60

The Punjab Passengers and Goods Taxation (Amendment)—, 1976 .. (5)65

The East Punjab Molasses (Control) Amendment —, 1976 .. (5)68

The Punjab General Sales Tax (Second Amendment)—, 1976 .. (5)69

Personal Explanation .. (5)70

Bill(s)—

The Punjab Wheeled Vehicles (Lights)—, 1976 .. (5)71

The Punjab Homoeopathic Practitioners (Amendment)—, 1976 .. (5)74

Original with
Punjab Vidhan Sabha
Digitized by
Panjab Digital Library

ERRATA
TO
PUNJAB VIDHAN SABHA
DEBATES

Dated 10th September, 1976

Vol. II-No. 5

| Read | For | Page | Line |
|---|---|---|---|
| House | Hoase | (5)2 | 6th from below |
| ਰਿਸਪਾਂਸਿਬਿਲਿਟੀ | ਰਿਸਪਾਂਬਿਲਿਟੀ | (5)11 | 16 |
| ਰੱਸਾ | ਸਾ | (5)11 | 6th from below |
| ਕੀਤਾ | ਕੀਤ | (5)13 | 5(Remarks Col.) |
| Ludhiana | Ludhtana | (5)30 | 5th from below |
| onus | onur | (5)31 | 25 |
| DEPARTMENT | DELARTMENT | (5)32 | 10th from below |
| Government | Goverment | (5)32 | 2nd from below |
| Sine die | Sine dle | (5)36 | 8 |
| ਡਿਸਬੈਂਡਿਡ | ਡਿਸਬੈਂਡਿਛ | (5)37 | 9 |
| ਗਈਆਂ | ਗਇਆਂ | (5)39 | 23 |
| would | whould | (5)39 | 5th from below |
| ਕਾਮਰੇਡ ਸੱਤ ਪਾਲ ਡਾਂਗ | ਕਮਰੇਡ ਸੱਤ ਪਾਲ ਡਾਂਗ | (5)40 | 4th " " |
| ਚਾਹੀਦੀ | ਕਾਹੀਦੀ | (5)58 | 10th " " |
| ਕਢਦੇ | ਕੱਢਟ | (5)58 | 8th " " |

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

**Friday, the 10th September, 1976**

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 a.m. of the Clock. Mr. Speaker (Dr. Kewal Krishan) in the Chair.*

## STARRED QUESTIONS AND ANSWERS

### STARRED QUESTION NO. 3775

**Mr. Speaker** : Extension has been asked for in respect of Starred Question No. 3775.

ਖੇਤੀ ਬਾੜੀ ਅਤੇ ਵਣ ਮੰਤਰੀ,
ਵਿਕਾਸ ਵਿਭਾਗ, ਪੰਜਾਬ
ਚੰਡੀਗੜ੍ਹ ।

ਅ: ਸ: ਨੰ: 4046—ਵਣ—111—76 ।
ਚੰਡੀਗੜ੍ਹ, ਮਿਤੀ ਸਤੰਬਰ, 1976 ।

**ਵਿਸ਼ਾ** —ਵਿਧਾਨ ਸਭਾ ਸਟਾਰਡ ਸਵਾਲ ਨੰ: 3775—ਚੌਧਰੀ ਰਾਮ ਸਿੰਘ ਵਲੋਂ—ਡੱਲਾ ਧਾਰ ਵਿਖੇ ਰਾਮ ਸਿੰਘ ਪਠਾਨੀਆ ਭਵਨ ਬਨਾਉਣ ਬਾਰੇ ।

ਪਿਆਰੇ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 3775, ਜੋ ਮਿਤੀ 10-9-1976 ਲਈ ਸੁਆਲਾਂ ਦੀ ਸੂਚੀ ਵਿਚ ਚੌਧਰੀ ਰਾਮ ਸਿੰਘ, ਐਮ. ਐਲ. ਏ., ਦੇ ਨਾਂ ਹੇਠ (ਵਲੋਂ) ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 10 ਸਤੰਬਰ, 1976 ਤੋਂ ਪਿੱਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕ੍ਰਿਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸਪਾਤਰ,
ਸਹੀ/—
(ਗੁਰਬੰਤਾ ਸਿੰਘ)

ਡਾ: ਕੇਵਲ ਕ੍ਰਿਸ਼ਨ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਤੁਸੀਂ ਆਪ ਉਥੇ ਗਏ ਸੀ। ਉਥੇ ਲੋਕਾਂ ਨੇ ਵੀ ਕਿਹਾ ਸੀ ।ਉਨ੍ਹਾਂ ਨੇ 25000 ਰੁਪਿਆ ਦੇਣਾ ਮੰਨਿਆ ਸੀ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਚੌਧਰੀ ਸਾਹਿਬ, ਅੱਗੇ ਵੀ ਤੁਹਾਡੇ ਸੰਟੀਮੈਂਟਸ ਆ ਗਏ ਸਨ।

**ਚੌਧਰੀ ਰਾਮ ਸਿੰਘ :** ਸਪੀਕਰ ਸਾਹਿਬ, ਮਾਸਟਰ ਜੀ ਨੂੰ ਕਹੋ ਕਿ ਜਵਾਬ ਦੇ ਦੇਣ। ਮਾਮੂਲੀ ਜਿਹੀ ਗੱਲ ਹੈ। ਫਿਰ ਐਕਸਟੈਨਸ਼ਨ ਕਿਉਂ ਮੰਗਦੇ ਹਨ ?

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਵਿਚ ਐਕਸਟੈਨਸ਼ਨ ਮੰਗੀ ਗਈ ਹੈ। ਮੇਰੇ ਪਾਸ ਪੂਰੀ ਰਿਪੋਰਟ ਨਹੀਂ ਆਈ ਸੀ ਅਤੇ ਜੇ ਪੂਰੀ ਰਿਪੋਰਟ ਆ ਗਈ ਹੁੰਦੀ ਤਾਂ ਮਾਮੂਲੀ ਜਿਹਾ ਸਵਾਲ ਸੀ, ਮੈਂ ਜਵਾਬ ਦੇ ਦਿੰਦਾ। ਸਪੀਕਰ ਸਾਹਿਬ, ਹੁਣੇ ਹੀ ਚੌਧਰੀ ਰਾਮ ਸਿੰਘ ਨੇ ਕਿਹਾ ਸੀ ਕਿ ਗੱਲ ਮਾਮੂਲੀ ਹੈ, ਤੁਸੀਂ ਐਕਸਟੈਨਸ਼ਨ ਕਿਉਂ ਮੰਗਦੇ ਹੋ ? ਉਹ ਇਹ ਵੀ ਕਹਿੰਦੇ ਹਨ ਕਿ 25 ਹਜ਼ਾਰ ਰੁਪਿਆ ਫਾਰੈਸਟ ਡਿਪਾਰਮੈਂਟ ਨੂੰ ਅਸੀਂ ਭਵਨ ਬਣਾਉਣ ਵਾਸਤੇ ਦਿਤਾ ਹੈ। ਉਹ ਇਹ ਵੀ ਕਹਿੰਦੇ ਹਨ ਕੀ 9 ਹਜ਼ਾਰ ਖਰਚ ਵੀ ਕਰ ਦਿਤਾ ਹੈ। ਸਪੀਕਰ ਸਾਹਿਬ, ਜੇ 25 ਹਜ਼ਾਰ ਰੁਪਿਆ ਦਿਤਾ ਹੋਇਆ ਤਾਂ ਮੈਂ ਦਰਿਆਫ਼ਤ ਕਰ ਲਵਾਂਗਾ ਅਤੇ ਜੇ 9 ਹਜ਼ਾਰ ਰੁਪਿਆ ਖਰਚ ਕਰ ਲਿਆ ਹੋਇਆ ਤਾਂ ਬਾਕੀ ਦਾ ਰੁਪਿਆ ਵੀ ਦੇਖ ਕੇ ਖਰਚ ਕਰ ਦਿਆਂਗੇ ਅਤੇ ਭਵਨ ਬਣਾ ਦਿਆਂਗੇ।

---

## REPRESENTATION REGARDING EMBEZZLEMENT ETC., AGAINST SHRI TARSEM SINGH SARPANCH, GRAM PANCHAYAT, BAINS, P. S. BANGA, DISTRICT JULLUNDUR

*3717. **1. Comrade Saghar Singh**
**2. Comrade Satya Pal Dang**
} Will the Minister of State for Development be pleased to state —

(a) whether any legislator sent to him on 25th Feb., 1976 representation regarding allegations of embezzlement etc. against Shri Tarsem Singh, Sarpanch, Gram Panchayat, Bains, P. S. Banga, District Jullundur;

(b) whether any enquiry was ordered into the allegations levelled in the said representation;

(c) if the reply to part (b) above be in the affirmative, whether the said enquiry has been completed;

(d) if the reply to part (c) above be in the affirmative, a copy of the enquiry report alongwith the details of the action taken thereon be laid on the Table of the House; and

(e) if the enquiry has not so far been held, the reasons for the delay?

**ਸਰਦਾਰ ਸੰਤੋਖ ਸਿੰਘ ਰੰਧਾਵਾ :** (ੳ) ਹਾਂ ਜੀ।

(ਅ) ਹਾਂ ਜੀ।

(ੲ) ਹਾਂ ਜੀ।

Original with;
Punjab Vidhan Sabha
Digitized by;
Panjab Digital Library

(ਸ) ਸਰਪੰਚ ਵਿਰੁੱਧ ਕੋਈ ਦੋਸ਼ ਸਿੱਧ ਨਹੀਂ ਹੋਇਆ। ਇਨਕੁਆਇਰੀ ਰਪੋਟ ਦੀ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਹ) ........

ਵਲੋਂ :

ਡਿਪਟੀ ਕਮਿਸ਼ਨਰ, ਜਲੰਧਰ।

ਸੇਵਾ ਵਿਖੇ

ਡਾਇਰੈਕਟਰ ਪੰਚਾਇਤ, ਪੰਜਾਬ,
ਚੰਡੀਗੜ੍ਹ।

ਯਾਦ ਪੱਤਰ ਨੰ: ਪੀ. ਏ.—76/2576
ਮਿਤੀ 4-6-1976

ਵਿਸ਼ਾ :— ਸਰਪੰਚ ਗਰਾਮ ਪੰਚਾਇਤ ਬੈਂਸ ਵਿਰੁੱਧ ਸ਼ਿਕਾਇਤ।

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ: ਸੀ 1—73/6273, ਮਿਤੀ 19 ਫਰਵਰੀ, 1974 ਡੀ. ਪੀ.-ਸੀ. 1—75/64558, ਮਿਤੀ 28 ਨਵੰਬਰ, 1975, ਡੀ. ਪੀ.-ਸੀ.1—76/3757, ਮਿਤੀ 20 ਜਨਵਰੀ, 1976 ਅਤੇ ਪੱਤਰ ਨੰ: ਡੀ. ਪੀ.-ਸੀ. 1—76/17369 ਮਿਤੀ 30 ਮਾਰਚ, 1976 ਦੇ ਹਵਾਲੇ ਵਿਚ।

2. ਇਸ ਮਾਮਲੇ ਵਿਚ ਪੜਤਾਲ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਬੰਗਾਂ ਰਾਹੀਂ ਕਰਵਾਈ ਗਈ ਉਨ੍ਹਾਂ ਦੀ ਪੜਤਾਲ ਰਪੋਟ ਦੀ ਕਾਪੀ ਅਤੇ ਐਸ. ਡੀ. ਓ. (ਸੀ) ਦੀ ਰਪੋਟ ਦੀ ਕਾਪੀ ਨਾਲ ਨਥੀ ਕੀਤੀ ਜਾਂਦੀ ਹੈ। ਕਿਉਂ ਜੋ ਸਰਪੰਚ ਗਰਾਮ ਪੰਚਾਇਤ ਬੈਂਸ ਵਿਰੁੱਧ ਕੋਈ ਦੋਸ਼ ਸਾਬਤ ਨਹੀਂ ਹੁੰਦਾ ਇਸ ਲਈ ਸ਼ਿਕਾਇਤ ਦਾਖਲ ਦਫਤਰ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਆਪ ਵਲੋਂ ਆਈਆਂ ਅਸਲ ਅਰਜ਼ੀਆਂ ਨਾਲ ਨਥੀ ਕੀਤੀਆਂ ਜਾਂਦੀਆਂ ਹਨ।

ਸਹੀ/—
ਵਾ : ਡਿਪਟੀ ਕਮਿਸ਼ਨਰ,
ਜਲੰਧਰ।

ਉਤਾਰਾ ਯਾਦਪੱਤਰ ਨੰ: 748/ਪੀ. ਜੀ. ਸੀ. ਮਿਤੀ 27 ਜੂਨ, 74 ਵਲੋਂ ਉਪ ਮੰਡਲ ਅਫਸਰ (ਸੀ) ਨਵਾਂ ਸ਼ਹਿਰ ਸੇਵਾ ਵਿਖੇ ਡਿਪਟੀ ਕਮਿਸ਼ਨਰ ਜਲੰਧਰ (ਪੀ. ਏ.)

---

ਵਿਸ਼ਾ :—ਸਰਪੰਚ ਗਰਾਮ ਪੰਚਾਇਤ ਬੈਂਸ ਦੇ ਵਿਰੁਧ ਸ਼ਿਕਾਇਤ।

ਸਰਪੰਚ ਪੰਚਾਇਤ, ਬੈਂਸ ਦੀ ਇਨਕੁਆਇਰੀ ਰਾਹੀਂ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਬੰਗਾਂ ਕੀਤੀ ਗਈ ਜਿਸ ਨੇ ਬਾਅਦ ਇਨਕੁਆਇਰੀ ਆਪ ਜੀ ਨੂੰ ਉਸਦੇ ਯਾਦ ਪੱਤਰ ਨੰ: 821 ਮਿਤੀ 19 ਅਪ੍ਰੈਲ, 1976 ਨੂੰ ਭੇਜੀ ਸੀ ਜਿਸ ਦੇ ਧਾਰਾ ਨੰ: 5 ਤਹਿਰੀਰ ਕੀਤਾ ਗਿਆ ਸੀ ਕਿ ਸਰਪੰਚ ਮਿਤੀ 3 ਮਈ, 74 ਨੂੰ ਆਮ ਇਜਲਾਸ ਕਰੇ ਉਸ ਦੇ ਮੁਤਾਬਕ ਆਮ ਇਜਲਾਸ ਪਿੰਡ ਦੀ ਸਮੂਹ ਜਨਤਾ ਦੇ ਸਾਹਮਣੇ ਕੀਤਾ ਗਿਆ ਅਤੇ ਮੌਕੇ ਤੇ ਕੋਈ ਇਤਰਾਜ਼ ਕਿਸੀ ਨੇ ਨਾ ਕੀਤਾ। ਇਹ ਇਜਲ੍ਹਾਸ ਬੀ. ਡੀ. ਪੀ. ਓ. ਦੀ ਹਾਜ਼ਰੀ ਵਿਚ ਕੀਤਾ ਗਿਆ ਕਿਉਂਕਿ ਕਿਸੀ ਨੂੰ ਹੁਣ ਸਰਪੰਚ ਦੇ ਖਿਲਾਫ ਕੋਈ ਸ਼ਿਕਾਇਤ ਨਾ ਹੈ ਦਰਖਾਸਤ ਝੂਠੀ ਸਾਬਤ ਹੋਈ ਹੈ ਦਾਖਲ ਦਫਤਰ ਕੀਤੀ ਜਾਣੀ ਯੋਗ ਹੈ ਅਸਲ ਦਰਖਾਸਤ ਨਾਲ ਨਥੀ ਹੈ।

Original with;
Punjab Vidhan Sabha
Digitized by;
Panjab Digital Library

[Minister of State for Development]

ਵਿਸ਼ਾ:— ਸ੍ਰੀ ਤਰਸੇਮ ਸਿੰਘ, ਸਰਪੰਚ ਗਰਾਮ ਪੰਚਾਇਤ ਬੈਂਸ ਬਲਾਕ ਬੰਗਾ, ਜ਼ਿਲ੍ਹਾ ਜਲੰਧਰ ਵਿਰੁਧ ਸ਼ਿਕਾਇਤ ਦੀ ਪੜਤਾਲ ।

ਉਪਰੋਕਤ ਵਿਸ਼ੇ ਤੇ ਡਾਇਰੈਕਟਰ ਪੰਚਾਇਤੀ ਰਾਜ ਅਤੇ ਸਮੂਹਿਕ ਵਿਕਾਸ, ਪੰਜਾਬ, ਚੰਡੀਗੜ੍ਹ ਦੇ ਪਿੰਡ ਬੈਂਸ ਦੇ ਵਸਨੀਕਾਂ ਸਰਵਸ਼੍ਰੀ ਲਛੱਕਰੀ ਰਾਮ, ਹਰੀ ਚੰਦ, ਮਲਕੀਤ ਸਿੰਘ ਆਦਿ ਵੱਲੋਂ ਦਿੱਤੀ ਪ੍ਰਤੀ ਬੇਨਤੀ ਦੇ ਹਵਾਲੇ ਵਿੱਚ ਮਿਤੀ 20 ਜੁਲਾਈ, 1976 ਨੂੰ ਪਾਸ ਕੀਤੇ ਹੁਕਮ ਰਾਹੀਂ ਨਿਮਨ-ਹਸਤਾਖਰ ਨੂੰ ਪੜਤਾਲ ਕਰਨ ਲਈ ਆਦੇਸ਼ ਦਿੱਤਾ ਗਿਆ ।

2. ਉਕਤ ਸ਼ਿਕਾਇਤ ਜੋ ਵਿ. ਅ. ਪ. 1 ਤੇ ਹੈ ਅਤੇ ਮੌਕੇ ਤੇ ਸ਼ਿਕਾਇਤ ਕਰਦਿਆਂ ਸਰਵਸ਼੍ਰੀ ਲਛੱਕਰੀ ਰਾਮ, ਹਰੀ ਚੰਦ, ਮਲਕੀਤ ਸਿੰਘ ਆਦਿ ਵੱਲੋਂ ਸ੍ਰੀ ਤਰਸੇਮ ਸਿੰਘ, ਸਰਪੰਚ ਗਰਾਮ ਪੰਚਾਇਤ ਬੈਂਸ ਵਿਰੁਧ ਹੇਠ ਲਿਖੇ ਦੋਸ਼ ਲਗਾਏ ਗਏ ਸਨ :—

1. ਕਿ ਸ਼ਾਮਲਾਤ ਜ਼ਮੀਨ ਨੂੰ ਪੱਧਰ ਕਰਾਉਣ ਦੇ ਕੰਮ ਵਿੱਚ ਸਰਪੰਚ ਨੇ ਆਪਣੇ ਭਰਾ ਸ੍ਰੀ ਗੁਰਦਿਆਲ ਸਿੰਘ ਦੀ ਨਜ਼ਾਇਜ਼ ਅਤੇ ਅਣਅਧਿਕਾਰਤ ਮਦਦ ਕੀਤੀ ਹੈ;
2. ਕਿ ਮੱਛੀ ਪਾਲਣ ਲਈ ਮਿਲੀ ਗਰਾਂਟ ਦੀ ਕੁਵਰਤੋਂ ਕੀਤੀ ਹੈ;
3. ਕਿ ਪਿੰਡ ਦੀ ਲਾਇਬ੍ਰੇਰੀ ਤੇ ਇਕ ਸਰਕਾਰੀ ਮੁਲਾਜ਼ਮ ਪਾਰਟ—ਟਾਈਮ ਕੰਮ ਕਰਨ ਲਈ ਰਖਿਆ ਹੋਇਆ ਹੈ;
4. ਕਿ ਪਿੰਡ ਦੇ ਸਕੂਲ ਦੀ ਇਮਾਰਤ ਤੇ ਖਰਚਿਆ ਗਿਆ 19,000 ਰੁਪਏ ਗਲਤ ਹੈ ;
5. ਕਿ ਗਲੀਆਂ ਅਤੇ ਨਾਲੀਆਂ ਪੱਕੀਆਂ ਕਰਨ ਵਿੱਚ ਸਰਪੰਚ ਨੇ ਆਪਣੇ ਵਿਰੋਧੀਆਂ ਨਾਲ ਵਿਤਕਰਾ ਕੀਤਾ ਹੈ;
6. ਕਿ ਮਾਡਲ ਵਿਲੇਜ ਸਕੀਮ ਦਾ ਕੰਮ ਖਤਮ ਹੋ ਜਾਣ ਉਪਰੰਤ ਬਚੀਆਂ ਇੱਟਾਂ ਖੁਰਦ ਬੁਰਦ ਕਰ ਲਈਆਂ ਹਨ ;
7. ਕਿ ਦਰਖਤਾਂ ਨੂੰ ਗਲਤ ਤਰੀਕੇ ਨਾਲ ਵੇਚਿਆ ਗਿਆ ਹੈ;
8. ਕਿ ਪੰਚਾਇਤ ਵਿੱਚ ਲਗਾਏ ਗਏ ਨਲਕਿਆਂ ਦਾ ਹਿਸਾਬ ਕਿਤਾਬ ਠੀਕ ਨਹੀਂ ਹੈ; ਅਤੇ
9. ਕਿ ਸਰਪੰਚ ਨੇ ਆਪਣਾ ਮਕਾਨ ਬਣਾਉਣ ਸਮੇਂ ਕੁਝ ਸ਼ਾਮਲਾਤ ਜ਼ਮੀਨ ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ ।

3. ਸ਼ਿਕਾਇਤ ਦੀ ਪੜਤਾਲ ਕਰਨ ਤੋਂ ਪਹਿਲਾਂ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਬੰਗਾ, ਸ੍ਰੀ ਤਰਸੇਮ ਸਿੰਘ, ਸਰਪੰਚ, ਗਰਾਮ ਪੰਚਾਇਤ, ਬੈਂਸ ਅਤੇ ਸ੍ਰੀ ਲਛੱਕਰੀ ਰਾਮ, ਹਰੀ ਚੰਦ ਆਦਿ ਵਾਸੀ ਪਿੰਡ ਬੈਂਸ ਨੂੰ ਮਿਤੀ 2 ਅਗਸਤ, 1976 ਨੂੰ ਸੂਚਨਾ ਭੇਜੀ ਗਈ ਸੀ ਕਿ ਪੜਤਾਲ ਮਿਤੀ 6 ਅਗਸਤ, 1976 ਨੂੰ ਸਵੇਰੇ 11-00 ਵਜੇ ਪੰਚਾਇਤ ਸੰਮਿਤੀ, ਬੰਗਾ ਦੇ ਦਫਤਰ ਵਿਖੇ ਕੀਤੀ ਜਾਵੇਗੀ ।

4. ਮਿਤੀ 6 ਅਗਸਤ, 1976 ਨੂੰ ਸਵੇਰੇ 11—00 ਵਜੇ ਪੰਚਾਇਤ ਸੰਮਿਤੀ, ਬੰਗਾ ਦੇ ਦਫਤਰ ਵਿਖੇ

Original with;
Punjab Vidhan Sabha
Digitized by;
Panjab Digital Library

ਪੜਤਾਲ ਕੀਤੀ ਗਈ । ਪੜਤਾਲ ਸਮੇਂ ਹੇਠ ਲਿਖੇ ਵਿਅਕਤੀ ਹਾਜ਼ਰ ਹੋਏ :—

ਸਰਵਸ੍ਰੀ—

1. ਤਰਸੇਮ ਸਿੰਘ, ਸਰਪੰਚ ;
2. ਹਰੀ ਚੰਦ, ਸ਼ਿਕਾਇਤਕਰਤਾ;
3. ਲਛੱਕਰੀ ਰਾਮ, ਸ਼ਿਕਾਇਤਕਰਤਾ;
4. ਮਲਕੀਤ ਸਿੰਘ, ਸ਼ਿਕਾਇਤਕਰਤਾ;
5. ਮਹਿੰਗਾ ਰਾਮ;
6. ਗੁਰਬਚਨ ਕੌਰ;
7. ਜੋਗਿੰਦਰ ਸਿੰਘ;
8. ਗੰਗਾ ਸਿੰਘ ;
9. ਪਿਆਰਾ ਸਿੰਘ;
10. ਸਰਵਨ ਰਾਮ, ਪੰਚ; ਅਤੇ
11. ਕਰਤਾਰ ਸਿੰਘ ਆਦਿ ।

5. ਪੜਤਾਲ ਸ਼ੁਰੂ ਕਰਨ ਤੋਂ ਪਹਿਲਾਂ ਸ਼ਿਕਾਇਤ ਕਰਤਿਆਂ ਦੀ ਸ਼ਿਕਾਇਤ ਪੜ੍ਹਕੇ ਸੁਣਾਈ ਗਈ, ਜਿਸ ਨੂੰ ਉਨ੍ਹਾਂ ਨੇ ਸਹੀ ਮੰਨਿਆ ।

6. ਸ਼ਿਕਾਇਤ ਸਬੰਧੀ ਪਹਿਲਾਂ ਸ਼ਿਕਾਇਤ ਕਰਤਾ ਸਰਵਸ੍ਰੀ ਲਛੱਕਰੀ ਰਾਮ, ਹਰੀ ਚੰਦ, ਮਲਕੀਤ ਸਿੰਘ, ਭਾਗ ਮੱਲ, ਗੁਰਮੀਤ ਰਾਮ ਦੇ ਬਿਆਨ ਲਏ ਗਏ, ਜਿਸਤੇ ਸ੍ਰੀ ਤਰਸੇਮ ਸਿੰਘ, ਸਰਪੰਚ, ਗਰਾਮ ਪੰਚਾਇਤ, ਬੈਂਸ, ਨੂੰ ਕਰਾਸ-ਐਗਜ਼ਾਮਿਨ ਕਰਨ ਦਾ ਮੌਕਾ ਦਿੱਤਾ ਗਿਆ । ਇਸੇ ਤਰ੍ਹਾਂ ਸ੍ਰੀ ਤਰਸੇਮ ਸਿੰਘ, ਸਰਪੰਚ ਦੇ ਬਿਆਨ ਲਏ ਗਏ ਅਤੇ ਉਸ ਦੇ ਬਿਆਨਾਂ ਤੇ ਸ਼ਿਕਾਇਤ ਕਰਤਿਆਂ ਨੂੰ ਕਰਾਸ-ਐਗਜ਼ਾਮਿਨ ਕਰਨ ਦਾ ਮੌਕਾ ਦਿੱਤਾ ਗਆ ।

7. ਪੰਚਾਇਤ ਦਾ ਰਿਕਾਰਡ ਵੇਖਣ ਅਤੇ ਬਿਆਨਾਂ ਦੀ ਛਾਣਬੀਣ ਉਪਰੰਤ ਦੋਸ਼ਵਰ ਰਪੋਟ ਹੇਠ ਲਿੱਖੇ ਅਨੁਸਾਰ ਹੈ :—

ਦੋਸ਼ ਨੰ: 1—ਮਿਤੀ 21 ਜੂਨ, 1974 ਨੂੰ ਗਰਾਮ ਸਭਾ ਦੀ ਮੀਟਿੰਗ ਜਿਸ ਵਿਚ ਬਲਾਕ ਦਾ ਸਮਾਜਿਕ ਸਿਖਿਆ ਅਤੇ ਪੰਚਾਇਤ ਅਫਸਰ ਮੌਜੂਦ ਸੀ ਸ਼ਾਮਲਾਤ ਜ਼ਮੀਨ ਨੂੰ ਪੱਧਰ ਕਰਨ ਲਈ ਟਰੈਕਟਰਾਂ ਵਾਲਿਆਂ ਨੂੰ ਬੋਲੀ ਤੇ ਕੰਮ ਦਿੱਤਾ ਗਿਆ । ਉਸ ਬੋਲੀ ਵਿਚ ਪੰਜ ਟਰੈਕਟਰਾਂ ਵਾਲਿਆਂ ਨੇ ਹਿੱਸਾ ਲਿਆ । ਬੋਲੀ ਦੇਣ ਵਾਲੇ ਤੋਂ 500 ਰੁਪਏ ਸੀਕਿਉਰਟੀ ਦੇ ਤੌਰ ਤੇ ਪੰਚਾਇਤ ਫੰਡ ਵਿਚ ਰਖਿਆ ਹੋਇਆ ਸੀ ਅਤੇ ਇਸ ਸਬੰਧੀ ਕੈਸ਼ ਬੁਕ ਵਿਚ ਅੰਦਰਾਜ ਹੈ ਅਤੇ 150—200 ਵਿਅਕਤੀਆਂ ਦੀ ਹਾਜ਼ਰੀ ਵਿਚ ਸ੍ਰੀ ਗੁਰ— ਦਿਆਲ ਸਿੰਘ ਪੁਤਰ ਸ੍ਰੀ ਹਰੀ ਸਿੰਘ ਨੂੰ ਸ਼ਾਮਲਾਤ ਜ਼ਮੀਨ ਪੱਧਰ ਕਰਨ ਦਾ ਠੇਕਾ ਦਿਤਾ ਗਿਆ । ਇਹ ਠੀਕ ਹੈ ਕਿ ਸ੍ਰੀ ਗੁਰਦਿਆਲ ਸਿੰਘ ਸਰਪੰਚ ਦਾ ਭਰਾ ਹੈ ਪਰ ਪਿੰਡ ਦੇ ਲੋਕਾਂ ਦੇ ਬਿਆਨ ਮੁਤਾਬਕ ਉਹ ਸਰਪੰਚ ਨਾਲੋਂ ਜੁਦਾ ਹੈ ਤੇ ਜੇ ਸਰਪੰਚ ਨੇ ਆਪਣੇ ਭਰਾ ਦੀ ਮਦਦ ਕਰਨੀ ਸੀ ਤਾਂ ਉਹ ਇਹ ਕੰਮ ਗਰਾਮ ਸਭਾ ਦੀ ਮੀਟਿੰਗ ਵਿਚ ਅਤੇ ਐਸ. ਈ. ਪੀ. ਓ. ਦੀ ਹਾਜ਼ਰੀ ਵਿਚ ਬੋਲੀ ਕਰਾਉਣ ਦੀ ਥਾਂ ਕਿਸੇ ਗਰਾਮ ਪੰਚਾਇਤ ਦੀ ਮੀਟਿੰਗ ਵਿਚ ਦੇਣ ਦਾ ਯਤਨ ਕਰਦਾ । ਇਸ ਤੋਂ ਇਲਾਵਾ

Original with;
Punjab Vidhan Sabha
Digitized by;
Panjab Digital Library

[Minister of State for Development]

ਗਰਾਮ ਸਭਾ ਦੀ ਉਸੇ ਮੀਟਿੰਗ ਵਿਚ ਉਪਰੋਕਤ ਕੰਮ ਦੀ ਨਿਗਰਾਨੀ ਲਈ ਹੇਠ ਲਿਖੇ ਵਿਅਕਤੀਆਂ ਦੀ ਕਮੇਟੀ ਬਣਾਈ ਗਈ :—

(1) ਮਹੰਤ ਰਾਮ ਰਖਾ, ਪੰਚ
(2) ਕਰਤਾਰ ਸਿੰਘ, ਪੰਚ;
(3) ਗੰਗਾ ਸਿੰਘ, ਸਬ-ਕਮੇਟੀ;
(4) ਕਰਮ ਚੰਦ, ਸਬ-ਕਮੇਟੀ ਮੈਂਬਰ;
(5) ਜੋਗਿੰਦਰ ਸਿੰਘ, ਪੰਚ;
(6) ਪਰੀਤੂ, ਸਬ ਕਮੇਟੀ, ਮੈਂਬਰ;
(7) ਸਾਧੂ ਰਾਮ ਸਬ-ਕਮੇਟੀ ਮੈਂਬਰ;
(8) ਮੇਹਰ ਸਿੰਘ, ਸਬ-ਕਮੇਟੀ, ਮੈਂਬਰ ਆਦਿ ।

ਅਤੇ ਉਸ ਕਮੇਟੀ ਨੇ ਗਰਾਮ ਪੰਚਾਇਤ ਦੇ ਉਕਤ ਬਣਾਈ ਗਈ ਕਮੇਟੀ ਵਲੋਂ ਰਖੇ ਰਜਿਸਟਰ ਅਨੁਸਾਰ ਰਪੋਟ ਕੀਤੀ ਅਤੇ ਉਸ ਰਪੋਟ ਅਨੁਸਾਰ ਹੀ ਅਦਾਇਗੀ ਕੀਤੀ ਗਈ । ਇਸਤੋਂ ਇਲਾਵਾ ਉਸ ਮੀਟਿੰਗ ਵਿਚ ਸ਼ਿਕਾਇਤ ਕਰਤੇ ਵੀ ਮੌਜੂਦ ਸਨ। ਇਸ ਲਈ ਇਸ ਕੰਮ ਵਿਚ ਸਰਪੰਚ ਦੀ ਕੋਈ ਭੈੜੀ ਨਿਯਤ ਨਹੀਂ ਜਾਪਦੀ। ਪਰ ਇਹ ਚੰਗਾ ਹੁੰਦਾ ਜੇ ਉਹ ਇਹ ਕੰਮ ਹੋਰ ਕਿਸੇ ਨੂੰ ਠੇਕੇ ਤੇ ਦੇ ਦਿੰਦਾ ।

**ਦੋਸ਼ ਨੰ:** 2—ਇਹ ਠੀਕ ਹੈ ਕਿ ਮਛੀਆਂ ਦਾ ਤਲਾਬ ਬਣਾਉਣ ਲਈ ਗਰਾਂਟ ਮਿਲੀ ਸੀ ਪਰ ਇਹ ਗਰਾਂਟ ਸਿਧੀ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਵਲੋਂ ਖਰਚ ਕੀਤੀ ਗਈ ਸੀ ਅਤੇ ਇਹ ਰਕਮ ਕਦੇ ਵੀ ਪੰਚਾਇਤ ਨੂੰ ਨਹੀਂ ਮਿਲੀ । ਇਸ ਲਈ ਉਕਤ ਦੋਸ਼ ਸਰਪੰਚ ਵਿਰੁਧ ਸਿਧ ਨਹੀਂ ਹੁੰਦਾ ।

**ਦੋਸ਼ ਨੰ:** 3-ਇਸ ਦੋਸ਼ ਸਬੰਧੀ ਸਰਪੰਚ ਨੇ ਮੰਨਿਆ ਕਿ ਇਹ ਠੀਕ ਹੈ ਕਿ ਸ੍ਰੀ ਰਘਬੀਰ ਸਿੰਘ ਜੋ ਸਿਖ ਨੈਸ਼ਨਲ ਕਾਲਜ ਬੰਗਾ, ਵਿਖੇ ਸਟੈਨੋ ਦੇ ਤੌਰ ਤੇ ਕੰਮ ਕਰਦਾ ਹੈ ਉਹ ਪਿੰਡ ਦੀ ਲਾਇਬਰੇਰੀ ਵਿਚ ਪਾਰਟ ਟਾਈਮ ਕੰਮ ਵੀ ਕਰਦਾ ਹੈ ਜਿਸ ਦੀ ਇਵਜ਼ ਵਿਚ ਉਸ ਨੂੰ ਛੇ ਰੁਪਏ ਪ੍ਰਤੀ ਮਹੀਨਾ ਦਿੱਤੇ ਜਾਂਦੇ ਹਨ । ਪੰਚਾਇਤ ਦੇ ਰੂਲਾਂ ਅਨੁਸਾਰ ਉਸ ਵਿਅਕਤੀ ਨੂੰ ਪੰਚਾਇਤ ਪਾਰਟ ਟਾਈਮ ਨੌਕਰ ਰਖ ਸਕਦੀ ਹੈ ਇਸ ਲਈ ਇਹ ਦੋਸ਼ ਸਰਪੰਚ ਵਿਰੁਧ ਸਿਧ ਨਹੀਂ ਹੁੰਦਾ ।

**ਦੋਸ਼ ਨੰ:** 4—ਇਸ ਸਬੰਧੀ ਬਲਾਕ ਓਵਰਸੀਅਰ ਦੀ ਅਸੈਸਮੈਂਟ ਰਪੋਟ ਹੇਠ ਰਖੀ ਫਾਈਲ ਤੇ ਪੰਨਾ 12 ਤੇ ਦੇਖੀ ਜਾਵੇ ਜਿਸ ਅਨੁਸਾਰ ਸਕੂਲ ਦੀ ਇਮਾਰਤ ਤੇ 13,817 ਰੁਪਏ ਖਰਚ ਕੀਤੇ ਵਿਖਾਏ ਹਨ ਪਰ ਪੰਚਾਇਤ ਰਿਕਾਰਡ ਅਨੁਸਾਰ ਇਸ ਕੰਮ ਤੇ 14,095 ਰੁਪਏ ਖਰਚ ਹੋਏ ਹਨ । ਇਸ ਲਈ ਇੰਨੀ ਰਕਮ ਦੇ ਕੰਮ ਵਿਚ 278 ਰੁਪਏ ਦਾ ਖਰਚ ਇੰਤਜ਼ਾਮ ਅਕੁਸ਼ਲਤਾ ਹੀ ਕਹੀ ਜਾ ਸਕਦੀ ਹੈ। ਇਸ ਲਈ ਬੇਈਮਾਨੀ ਕੀਤੀ ਨਹੀਂ ਜਾਪਦੀ ।

ਇਸ ਤੋਂ ਇਲਾਵਾ ਬਲਾਕ ਸਿਖਿਆ ਅਫਸਰ ਵਲੋਂ ਉਕਤ ਸਕੂਲ ਲਈ ਮਿਲੇ ਸਮਾਨ ਦੀ ਅਸੈਸਮੈਂਟ ਰਪੋਰਟ ਅਨੁਸਾਰ ਉਹ ਸਮਾਨ 3517 ਰੁਪਏ ਦਾ ਹੈ ਜਦ ਕਿ ਪੰਚਾਇਤ ਰਿਕਾਰਡ ਅਨੁਸਾਰ ਬਲਾਕ ਸਿਖਿਆ ਅਫਸਰ ਵਲੋਂ 5,000 ਰੁਪਏ ਦਾ ਸਮਾਨ ਦਿਤਾ ਗਿਆ ਹੈ ਅਤੇ ਉਕਤ ਸਮਾਨ ਬਾਰੇ ਪੰਚਾਇਤ ਰਿਕਾਰਡ ਵਿਚ ਅੰਦਰਾਜ਼ ਹਨ ਅਤੇ ਇਸ ਦੀ ਖਰੀਦ ਬਲਾਕ ਸਿਖਿਆ ਅਫਸਰ ਵਲੋਂ ਕੀਤੀ ਗਈ ਹੈ। ਪੰਚਾਇਤ ਨੂੰ ਤਾਂ ਇਹ ਗਰਾਂਟ ਸਮਾਨ ਦੀ ਸ਼ਕਲ ਵਿਚ ਹੀ ਮਿਲੀ ਹੈ । ਇਸ ਲਈ ਇਹ ਦੋਸ਼ ਵੀ ਸਰਪੰਚ ਵਿਰੁਧ ਸਿਧ ਨਹੀਂ ਹੁੰਦਾ ।

Original with;
Punjab Vidhan Sabha
Digitized by;
Panjab Digital Library

**ਦੋਸ਼ ਨੰ: 5**–ਇਸ ਦੋਸ਼ ਸਬੰਧੀ ਸ਼ਿਕਾਇਤ ਕਰਤਿਆਂ ਨੇ ਬਿਆਨ ਦਿੱਤਾ ਕਿ ਮਾਡਲ ਵਿਲੇਜ ਸਕੀਮ ਅਧੀਨ ਪਿੰਡ ਦੀਆਂ ਗਲੀਆਂ ਪੱਕੀਆਂ ਕਰਨ ਵਿੱਚ ਸਰਪੰਚ ਨੇ ਆਪਣੇ ਵਿਰੋਧੀਆਂ ਨਾਲ ਵਿਤਕਰਾ ਕੀਤਾ ਸੀ ਕਿਉਂਕਿ ਉਸ ਨੇ ਆਪਣੇ ਆਦਮੀਆਂ ਦੀਆਂ ਗਲੀਆਂ ਵਿਚ ਖੜੀਆਂ ਇੱਟਾਂ ਅਤੇ ਆਪਣੇ ਵਿਰੋਧੀਆਂ ਦੀਆਂ ਗਲੀਆਂ ਵਿਚ ਚੌੜੇ ਰੁੱਖ ਇੱਟਾਂ ਲਗਵਾਈਆਂ ਹਨ ।

ਪਰ ਇਹ ਪਿੰਡ ਮਾਡਲ ਵਿਲੇਜ ਸਕੀਮ ਅਧੀਨ ਸੀ ਅਤੇ ਇਸ ਪਿੰਡ ਦੀਆਂ ਗਲੀਆਂ ਅਤੇ ਨਾਲੀਆਂ ਨੂੰ ਪੱਕਾ ਕਰਨ ਦਾ ਕੰਮ ਉਪ ਮੰਡਲ ਅਫਸਰ (ਪੰਚਾਇਤੀ ਰਾਜ) ਨਵਾਂ ਸ਼ਹਿਰ ਨੇ ਸਿਧੇ ਤੌਰ ਤੇ ਆਪ ਕਰਵਾਇਆ। ਇਸ ਲਈ ਸਰਪੰਚ ਦਾ ਇਸ ਵਿਚ ਕੋਈ ਦੋਸ਼ ਨਹੀਂ ਜਾਪਦਾ ਕਿਉਂ ਜੋ ਸਾਰਾ ਕੰਮ ਉਪ ਮੰਡਲ ਅਫਸਰ (ਪੰਚਾਇਤੀ ਰਾਜ) ਨਵਾਂ ਸ਼ਹਿਰ ਨੇ ਡਿਜ਼ਾਇਨ ਅਨੁਸਾਰ ਆਪ ਕਰਵਾਇਆ ਸੀ ।

**ਦੋਸ਼ ਨੰ: 6**–ਸ਼ਿਕਾਇਤ ਕਰਤਿਆਂ ਨੇ ਦੋਸ਼ ਲਾਇਆ ਸੀ ਕਿ ਮਾਡਲ ਵਿਲੇਜ ਸਕੀਮ ਦਾ ਕੰਮ ਪਿੰਡ ਵਿਚ ਖਤਮ ਹੋ ਜਾਣ ਬਾਅਦ ਬਚੀਆਂ ਇੱਟਾਂ ਜੋ ਲਗਭਗ 40—50 ਹਜ਼ਾਰ ਸੀ, ਸਰਪੰਚ ਨੇ ਖੁਰਦ ਬਰਦ ਕਰ ਲਈਆਂ। ਇਹ ਇਕ ਅਸਭੰਵ ਗਲ ਜਾਪਦੀ ਹੈ ਕਿਉਂਕਿ ਕੋਈ ਵੀ ਸਰਕਾਰੀ ਮਹਿਕਮਾ ਕੰਮ ਖਤਮ ਹੋ ਜਾਣ ਬਾਅਦ ਬਾਕੀ ਦਾ ਸਮਾਨ ਉਸੇ ਜਗ੍ਹਾ ਤੇ ਛਡ ਕੇ ਨਹੀਂ ਜਾਂਦਾ ਕਿਉਂਕਿ ਉਸ ਨੇ ਉਸ ਸਮਾਨ ਦਾ ਹਿਸਾਬ ਦੇਣਾ ਹੁੰਦਾ ਹੈ । ਇਸ ਲਈ ਇਹ ਗੱਲ ਗਲਤ ਜਾਪਦੀ ਹੈ ਅਤੇ ਸਰਪੰਚ ਇਸ ਦੋਸ਼ ਵਿਚ ਦੋਸ਼ੀ ਸਿੱਧ ਨਹੀਂ ਹੁੰਦਾ ।

**ਦੋਸ਼ ਨੰ: 7**–ਰਿਕਾਰਡ ਅਨੁਸਾਰ ਬੋਹੜ ਦਾ ਦਰਖਤ ਨਿਲਾਮੀ ਕਰਕੇ ਵੇਚਿਆ ਗਿਆ ਸੀ ਅਤੇ ਉਸ ਤੋਂ ਹੋਈ ਆਮਦਨ ਸਬੰਧੀ ਪੰਚਾਇਤ ਰਿਕਾਰਡ ਵਿਚ ਇੰਦਰਾਜ ਹੈ । ਇਸੇ ਤਰ੍ਹਾਂ ਪਿੰਡ ਵਿਚ ਕਿੱਕਰਾਂ ਦੇ ਛੋਟੇ ਡੰਡੇ ਵੇਚਣ ਅਤੇ ਬਾਕੀ ਦੇ ਹਿਸਿਆਂ ਦੀ ਵਰਤੋਂ ਸਬੰਧੀ ਇੰਦਰਾਜ ਵੀ ਪੰਚਾਇਤ ਰਿਕਾਰਡ ਵਿਚ ਹਨ। ਪਰ ਜਿਥੇ ਤੱਕ ਪਿੱਪਲ ਦੇ ਦਰਖਤ ਨੂੰ ਵੇਚਣ ਦਾ ਸਬੰਧ ਹੈ, ਉਹ ਦਰਖਤ ਪੰਚਾਇਤ ਦਾ ਨਹੀਂ ਸੀ ਅਤੇ ਉਹ ਉਸਦੇ ਮਾਲਕਾਂ ਨੇ ਸਹਿਕਾਰੀ ਸਭਾ ਦੀ ਇੰਤਜ਼ਾਮੀਆਂ ਕਮੇਟੀ ਦੀ ਮਰਜ਼ੀ ਨਾਲ ਕੱਟਿਆ ਸੀ । ਇਸ ਲਈ ਇਹ ਦੋਸ਼ ਵੀ ਸਰਪੰਚ ਵਿਰੁਧ ਸਿੱਧ ਨਹੀਂ ਹੁੰਦਾ ।

**ਦੋਸ਼ ਨੰ: 8**–ਪੰਚਾਇਤ ਦਾ ਰਿਕਾਰਡ ਵੇਖਿਆ ਗਿਆ ਅਤੇ ਉਸ ਵਿਚ ਉਕਤ ਸਾਮਾਨ ਖਰੀਦਣ ਬਾਰੇ ਸਾਰੀਆਂ ਫਾਰਮੈਲਟੀਜ਼ ਪੂਰੀਆਂ ਹਨ ਅਤੇ ਹਿਸਾਬ ਵੀ ਠੀਕ ਜਾਪਦਾ ਹੈ ਇਸ ਵਿਚ ਸਰਪੰਚ ਵਲੋਂ ਕੋਈ ਬੇਈਮਾਨੀ ਕੀਤੀ ਨਹੀਂ ਜਾਪਦੀ ।

**ਦੋਸ਼ ਨੰ: 9**–ਇਸ ਦੋਸ਼ ਸਬੰਧੀ ਪੰਚਾਇਤ ਸੰਮਤੀ ਦੇ ਪਟਵਾਰੀ ਪਾਸੋਂ ਮਿਣਤੀ ਉਪਰੰਤ ਰਿਪੋਰਟ ਲਈ ਗਈ ਜੋ ਹੇਠ ਰਖੀ ਫਾਈਲ ਦੇ ਪੰਨਾ 22 ਤੇ ਵੇਖੀ ਜਾਵੇ ਜਿਸ ਅਨੁਸਾਰ ਸਰਪੰਚ ਨੇ ਪੰਚਾਇਤ ਦੀ ਸ਼ਾਮਲਾਟ ਜ਼ਮੀਨ ਤੇ ਕੋਈ ਕਬਜ਼ਾ ਨਹੀਂ ਕੀਤਾ ਹੋਇਆ ਅਤੇ ਉਸਦਾ ਮਕਾਨ ਤਕਰੀਬਨ 40—50 ਸਾਲ ਪਹਿਲਾਂ ਬਣਿਆ ਹੋਇਆ ਹੈ। ਇਸ ਲਈ ਇਹ ਦੋਸ਼ ਵੀ ਸਰਪੰਚ ਵਿਰੁਧ ਸਿੱਧ ਨਹੀਂ ਹੁੰਦਾ । ਇਸ ਲਈ ਸ੍ਰੀ ਤਰਸੇਮ ਸਿੰਘ, ਸਰਪੰਚ, ਗਰਾਮ ਪੰਚਾਇਤ, ਬੈਂਸ ਵਿਰੁਧ ਕੋਈ ਦੋਸ਼ ਨਹੀਂ ਸਿੱਧ ਹੁੰਦਾ।

ਸਹੀ/—

ਡਿਪਟੀ ਡਾਇਰੈਕਟਰ, ਪੰਚਾਇਤ, ਪੰਜਾਬ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਸਪੀਕਰ ਸਾਹਿਬ, ਹੁਣ ਤਾਂ ਇਹ ਸਵਾਲ ਪੋਸਟਪੋਨ ਨਹੀਂ ਹੋਇਆ, ਹੁਣ ਤਾਂ ਇਸ ਦਾ ਜਵਾਬ ਆ ਗਿਆ ਹੈ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਹਾਂ ਜੀ ।

---

REMOVAL OF SARPANCHES AND PANCHES FROM THE MEMBERSHIP OF VARIOUS GRAM PANCHAYATS IN THE STATE.

*3769. **Chaudhri Ram Singh**: Will the Minister of State for Development be pleased to state the number of Sarpanches and Panches who were removed from the membership of various Gram Panchayats in the State during the period from 1st April, 1976 to 31st July, 1976; together with their names districtwise?

ਸਰਦਾਰ ਸੰਤੋਖ ਸਿੰਘ ਰੰਧਾਵਾ: 1 ਅਪ੍ਰੈਲ, 76 ਤੋਂ 31 ਜੁਲਾਈ, 76 ਦੇ ਸਮੇਂ ਦੇ ਦੌਰਾਨ ਵੱਖ ਵੱਖ ਗਰਾਮ ਪੰਚਾਇਤਾਂ ਦੀ ਮੈਂਬਰੀ ਤੋਂ ਹਟਾਏ ਗਏ ਪੰਚਾਂ/ਸਰਪੰਚਾਂ ਦੀ ਉਹਨਾਂ ਦੇ ਨਾਉਂ ਦਰਸਾਂਦੀ ਸੂਚੀ ਅਨੁਲਗ "ੳ" ਤੇ ਰਖੀ ਜਾਂਦੀ ਹੈ ।

ਅਨੁਲਗ "ੳ"

ਮਿਤੀ 1 ਅਪ੍ਰੈਲ, 1976 ਤੋਂ 31 ਜੁਲਾਈ, 1976 ਦੇ ਸਮੇਂ ਦੇ ਦੌਰਾਨ ਹਟਾਏ ਗਏ ਪੰਚਾਂ/ਸਰਪੰਚਾਂ ਦਾ ਵੇਰਵਾ ।

ਜ਼ਿਲ੍ਹਾ ਗੁਰਦਾਸਪੁਰ

1. ਸ੍ਰੀ ਸੂਰਤ ਸਿੰਘ, ਸਰਪੰਚ, ਗਰਾਮ ਪੰਚਾਇਤ, ਹਰਦੋ.ਝੰਡੇ ।
2. ਸ੍ਰੀ ਯੁਧਵੀਰ ਸਿੰਘ, ਸਰਪੰਚ, ਗਰਾਮ ਪੰਚਾਇਤ, ਮਿਰਥਲ ।
3. ਸ੍ਰੀ ਰਘੁਨਾਥ, ਸਰਪੰਚ, ਗਰਾਮ ਪੰਚਾਇਤ, ਚੱਕ ਮਾਧੋ ਸਿੰਘ ।
4. ਸ੍ਰੀ ਮੁਲਖ ਰਾਜ, ਸਰਪੰਚ, ਗਰਾਮ ਪੰਚਾਇਤ, ਨਾਜੋਵਾਲ ।

ਜ਼ਿਲ੍ਹਾ ਰੂਪ ਨਗਰ

1. ਸ੍ਰੀ ਵੀਰ ਸਿੰਘ, ਸਰਪੰਚ, ਗਰਾਮ ਪੰਚਾਇਤ ਸੂੰਕ ।
2. ਸ੍ਰੀ ਨਾਨਕ ਸਿੰਘ, ਸਰਪੰਚ, ਗਰਾਮ ਪੰਚਾਇਤ, ਬਲੱਗੀ ।
3. ਸ੍ਰੀ ਚੰਨਣ ਸਿੰਘ, ਸਰਪੰਚ, ਗਰਾਮ ਪੰਚਾਇਤ, ਪੜੱਛ ।
4. ਸ੍ਰੀ ਸਿਵ ਪ੍ਰਸ਼ਾਦ, ਸਰਪੰਚ, ਗਰਾਮ ਪੰਚਾਇਤ, ਮਟੌਰ ।
5. ਸ੍ਰੀ ਬਲਵੰਤ ਸਿੰਘ, ਸਰਪੰਚ, ਗਰਾਮ ਪੰਚਾਇਤ, ਮੂਲਾਂ ਪੁਰ ਗਰੀਬ ਦਾਸ ।

ਜ਼ਿਲ੍ਹਾ ਪਟਿਆਲਾ

1. ਸ੍ਰੀ ਤੁਲਸੀ ਰਾਮ, ਪੰਚ, ਗਰਾਮ ਪੰਚਾਇਤ, ਗੁਲਜ਼ਾਰਪੁਰ ।
2. ਸ੍ਰੀ ਹਜ਼ਾਰਾ ਸਿੰਘ, ਸਰਪੰਚ, ਗਰਾਮ ਪੰਚਾਇਤ, ਦਿਆਲਪੁਰ ਸੋਢੀਆਂ ।
3. ਸ੍ਰੀ ਨਿਹਾਲ ਸਿੰਘ, ਸਰਪੰਚ, ਗਰਾਮ ਪੰਚਾਇਤ, ਬਹੇੜਾ ।

Original with;
Punjab Vidhan Sabha
Digitized by;
Panjab Digital Library

ਜ਼ਿਲ੍ਹਾ ਸੰਗਰੂਰ

1. ਸ੍ਰੀ ਨਾਹਰ ਸਿੰਘ, ਸਰਪੰਚ, ਗਰਾਮ ਪੰਚਾਇਤ, ਅਸਪਾਲ ਕਲਾਂ ।
2. ਸ੍ਰੀ ਬਚਨ ਸਿੰਘ, ਸਰਪੰਚ, ਗਰਾਮ ਪੰਚਾਇਤ, ਸਮੌਦਗੜ੍ਹ ।
3. ਸ੍ਰੀ ਚਤਰ ਸਿੰਘ, ਸਰਪੰਚ, ਗਰਾਮ ਪੰਚਾਇਤ, ਬੁਗਰ ।

ਜ਼ਿਲ੍ਹਾ ਫ਼ੀਰੋਜ਼ਪੁਰ

1. ਸ੍ਰੀ ਮੁਖਤਿਆਰ ਸਿੰਘ. ਸਰਪੰਚ, ਗਰਾਮ ਪੰਚਾਇਤ, ਬੋਹਰਾਵਲੀ ।

ਜ਼ਿਲ੍ਹਾ ਬਠਿੰਡਾ

1. ਸ੍ਰੀ ਸੈਨ ਸਿੰਘ, ਸਰਪੰਚ, ਗਰਾਮ ਪੰਚਾਇਤ, ਨਰਿੰਦਰਪੁਰਾ ।

ਜ਼ਿਲ੍ਹਾ ਹੁਸ਼ਿਆਰਪੁਰ

1. ਸ੍ਰੀ ਬੰਤਾ ਰਾਮ, ਪੰਚ, ਗਰਾਮ ਪੰਚਾਇਤ, ਮਲੋਟ ।
2. ਸ੍ਰੀ ਬਲਬੀਰ ਸਿੰਘ, ਪੰਚ, ਗਰਾਮ ਪੰਚਾਇਤ, ਪੰਡੋਰੀ ਅਟਵਾਲ ।
3. ਸ੍ਰੀ ਨੰਦ ਕੁਮਾਰ, ਸਰਪੰਚ, ਗਰਾਮ ਪੰਚਾਇਤ, ਗਾਹਲੜੀਆਂ ।
4. ਸ੍ਰੀ ਸੁਖਦਿਆਲ, ਸਰਪੰਚ, ਗਰਾਮ ਪੰਚਾਇਤ, ਹੈਜਮ ।

ਜ਼ਿਲ੍ਹਾ ਕਪੂਰਥਲਾ

ਨਿਲ

ਜ਼ਿਲ੍ਹਾ ਜਲੰਧਰ

1. ਸ੍ਰੀ ਬਖਸ਼ੀਸ਼ ਸਿੰਘ, ਸਰਪੰਚ, ਗਰਾਮ ਪੰਚਾਇਤ, ਕਠਾਰ ।
2. ਸ੍ਰੀ ਸੰਤੋਖ ਸਿੰਘ, ਸਰਪੰਚ, ਗਰਾਮ ਪੰਚਾਇਤ, ਫਰਾਲਾ ।
3. ਸ੍ਰੀ ਮਤੀ ਬਿਸ਼ਨ ਕੌਰ, ਪੰਚ, ਗਰਾਮ ਪੰਚਾਇਤ, ਕੋਟ ਕਲਾਂ ।

ਜ਼ਿਲ੍ਹਾ ਅੰਮ੍ਰਿਤਸਰ

1. ਸ੍ਰੀ ਅਮਰ ਨਾਥ, ਸਰਪੰਚ, ਗਰਾਮ ਪੰਚਾਇਤ, ਇਬਨ ਕਲਾਂ ।
2. ਸ੍ਰੀ ਫੌਜਾ ਸਿੰਘ, ਸਰਪੰਚ, ਗਰਾਮ ਪੰਚਾਇਤ, ਸੈਦੋ ।
. ਸ੍ਰੀ ਹਰਭਜਨ ਸਿੰਘ, ਸਰਪੰਚ, ਗਰਾਮ ਪੰਚਾਇਤ, ਘੜਿਆਲ ।

ਜ਼ਿਲ੍ਹਾ ਲੁਧਿਆਣਾ

1. ਸ੍ਰੀ ਕਰਮ ਸਿੰਘ, ਸਰਪੰਚ, ਗਰਾਮ ਪੰਚਾਇਤ, ਬਰਮਾ ।
2. ਸ੍ਰੀ ਗੁਰਦੇਵ ਸਿੰਘ, ਸਰਪੰਚ, ਗਰਾਮ ਪੰਚਾਇਤ, ਚੂਹੜਪੁਰ ।
3. ਸ੍ਰੀ ਲਛਮਣ ਰਾਮ, ਸਰਪੰਚ, ਗਰਾਮ ਪੰਚਾਇਤ, ਫਤਿਹਗੜ੍ਹ ਜਟਾਂ ।
4. ਸ੍ਰੀ ਸੁਦਾਗਰ ਸਿੰਘ, ਸਰਪੰਚ, ਗਰਾਮ ਪੰਚਾਇਤ, ਮਾਛੀਆਂ ਕਲਾਂ ।
5. ਸ੍ਰੀ ਦਰਸ਼ਨ ਰਾਮ, ਸਰਪੰਚ. ਗਰਾਮ ਪੰਚਾਇਤ, ਜੀਵਨ ਪੁਰ ।
6 ਸ੍ਰੀ ਕਰਤਾਰ ਸਿੰਘ, ਸਰਪੰਚ, ਗਰਾਮ ਪੰਚਾਇਤ, ਝੰਗੀਆਂ ਕਾਦਰ ।

ਜ਼ਿਲ੍ਹਾ ਫਰੀਦਕੋਟ

ਨਿਲ

Original with;
Punjab Vidhan Sabha
Digitized by;
Panjab Digital Library

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ, ਇਹ ਜਿਹੜੀ ਲਿਸਟ ਪੰਚਾਂ ਅਤੇ ਸਰਪੰਚਾਂ ਨੂੰ ਹਟਾਏ ਗਿਆਂ ਦੀ ਦਿਤੀ ਗਈ ਹੈ, ਕੀ ਉਨ੍ਹਾਂ ਨੇ ਰੁਪਿਆ ਖਾਧਾ ਸੀ ਜਾਂ ਜ਼ਮੀਨ ਨੱਪੀ ਰੱਖੀ ਸੀ, ਜਾਂ ਕਿਸ ਕਾਰਨ ਕਰਕੇ ਉਨ੍ਹਾਂ ਨੂੰ ਹਟਾਇਆ ਹੈ; ਤਾਂਕਿ ਪਤਾ ਚਲ ਸਕੇ ਕਿ ਕੀ ਇਹ ਵਾਕਿਆ ਹੀ ਪੰਚਾਇਤੀ ਰਾਜ ਜਿਸ ਤਰ੍ਹਾਂ ਚੱਲਣਾ ਚਾਹੀਦਾ ਸੀ ਉਸ ਤਰ੍ਹਾਂ ਚਲ ਰਹੇ ਹਨ ਅਤੇ ਪੰਚਾਇਤੀ ਰਾਜ ਮਜ਼ਬੂਤ ਹੋ ਸਕੇ?

**ਰਾਜ ਮੰਤਰੀ** : ਸਪੀਕਰ ਸਾਹਿਬ, ਚੌਧਰੀ ਸਾਹਿਬ ਨੇ 1 ਅਪ੍ਰੈਲ, 1976 ਤੋਂ 31 ਜੁਲਾਈ, 1 976 ਦੇ ਸਮੇਂ ਦੇ ਦੌਰਾਨ ਵੱਖ ਵੱਖ ਗਰਾਮ ਪੰਚਾਇਤਾਂ ਦੀ ਮੈਂਬਰੀ ਤੋਂ ਹਟਾਏ ਗਏ ਪੰਚਾਂ ਅਤੇ ਸਰਪੰਚਾਂ ਦੀ ਜ਼ਿਲੇਵਾਰ ਇਨਫ਼ਰਮੇਸ਼ਨ ਮੰਗੀ ਸੀ ਕਿ ਉਨ੍ਹਾਂ ਦੇ ਨਾਮ ਕੀ ਹਨ, ਇਸ ਦਾ ਜਵਾਬ ਦੇ ਦਿਤਾ ਗਿਆ ਹੈ। ਪਰ ਜਨਰਲ ਤੌਰ ਤੇ ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਸ ਵਿਚ ਡਿਸਕੁਆਲੀਫਿਕੇਸ਼ਨ ਵੀ ਹੈ ਅਤੇ ਰਿਮੂਵਲ ਵੀ ਹੈ। ਪਹਿਲੇ ਸਰਪੰਚ ਨੂੰ ਡਿਸਕੁਆਲੀਫਾਈ ਤਾਂ ਕੀਤਾ ਜਾਂਦਾ ਸੀ ਜੇ ਉਸ ਕੋਲ ਵੱਧ ਕੈਸ਼ ਇਨ ਹੈਂਡ ਹੋਵੇ ਤਾਂ ਫਿਰ ਉਸ ਦੇ ਕੋਲੋਂ ਪੀਨਲ ਇਨਟਰੈਸਟ ਲੈ ਕੇ ਰਕਮ ਜਮ੍ਹਾਂ ਕਰਵਾ ਲਈ ਜਾਂਦੀ ਸੀ। ਪਰ ਹੁਣ ਇਹ ਕੀਤਾ ਹੈ ਕਿ ਉਸ ਦੇ ਕੋਲ ਵੱਧ ਕੈਸ਼ ਇਨ ਹੈਂਡ ਵੀ ਨਾ ਹੋਵੇ। ਜੇ ਉਸ ਨੇ 250 ਰੁਪਏ ਤੋਂ ਵੱਧ ਰਕਮ ਆਪਣੇ ਕੋਲ ਰੱਖ ਲਈ ਤਾਂ ਵੀ ਉਸ ਦੀ ਡਿਸਕੁਆਲੀਫ਼ਿਕੇਸ਼ਨ ਹੋ ਜਾਂਦੀ ਹੈ। ਉਸ ਦੀ ਰਿਮੂਵਲ ਕੀ ਕਰਾਂਗੇ। ਅਗਰ ਉਸ ਦੇ ਕੋਲ ਜ਼ਮੀਨ ਹੋਵੇਗੀ ਤਾਂ ਵੀ ਉਸ ਦੀ ਡਿਸਕੁਆਲੀਫ਼ਿਕੇਸ਼ਨ ਬਣ ਗਈ। ਅਗਰ ਉਸ ਨੇ ਐਂਬੈਜ਼ਲਮੈਂਟ ਕਰ ਲਈ ਤਾਂ ਉਸ ਦੀ ਡਿਸ-ਕੁਆਲੀਫ਼ਿਕੇਸ਼ਨ ਬਣ ਗਈ। ਅਗਰ ਉਹ ਛੇ ਮਹੀਨਿਆਂ ਬਾਅਦ ਇਜਲਾਸ ਨਹੀਂ ਬੁਲਾਉਂਦਾ ਤਾਂ ਵੀ ਉਸ ਦੀ ਡਿਸਕੁਆਲੀਫ਼ਿਕੇਸ਼ਨ ਬਣ ਗਈ । ਇਸ ਲਈ ਇਹ ਪੰਜ ਸੱਤ ਗੱਲਾਂ ਹਨ । ਲੇਕਿਨ ਇਨ੍ਹਾਂ ਗੱਲਾਂ ਦੀ ਪੂਰੀ ਤਰ੍ਹਾਂ ਛਾਣ ਬੀਣ ਕੀਤੀ ਜਾਂਦੀ ਹੈ। ਹੁਣ ਤੱਕ ਜਿੰਨੇ ਪੰਚ/ਸਰਪੰਚ ਹਟਾਏ ਗਏ ਹਨ ਉਨ੍ਹਾਂ ਵਿਚੋਂ 99 ਰਿਮੂਵ ਕੀਤੇ ਗਏ, 230 ਸਸਪੈਂਡ ਕੀਤੇ ਗਏ । 1,689 ਜਿਹੜੇ ਹਨ ਉਨ੍ਹਾਂ ਦੀਆਂ ਇਸ ਵੇਲੇ ਇਨਕੁਆਇਰੀਆਂ ਚਲ ਰਹੀਆਂ ਹਨ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਜੋ ਉੱਤਰ ਵਜ਼ੀਰ ਸਾਹਿਬ ਨੇ ਹੁਣ ਦਿੱਤਾ ਹੈ ਉਸ ਨੂੰ ਸਾਹਮਣੇ ਰੱਖਦੇ ਹੋਏ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਪੰਚਾਂ/ਸਰਪੰਚਾਂ ਦੁਆਰਾ ਜੋ ਬੇਕਾਇਦਗੀਆਂ ਹੁੰਦੀਆਂ ਹਨ ਉਹ ਇਸ ਕਾਰਨ ਹੁੰਦੀਆਂ ਹਨ ਕਿ ਉਨ੍ਹਾਂ ਨੂੰ ਪੰਚਾਇਤੀ ਐਕਟ ਦੀ ਵਰਕਿੰਗ ਦਾ ਪੂਰਾ ਪੂਰਾ ਗਿਆਨ ਨਹੀਂ। ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਕੋਈ ਐਸੇ ਕਦਮ ਉਠਾਏਗੀ ਜਿਸ ਨਾਲ ਇਨ੍ਹਾਂ ਪੰਚਾਂ/ਸਰਪੰਚਾਂ ਨੂੰ ਪੂਰੀ ਤਰ੍ਹਾਂ ਐਜੂਕੇਟ ਕੀਤਾ ਜਾ ਸਕੇ ਤਾਕਿ ਉਹ ਛੋਟੀਆਂ ਛੋਟੀਆਂ ਗਲਤੀਆਂ ਕਰਕੇ ਡਿਸਕੁਆਲੀਫਾਈ ਨਾ ਹੋਣ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਮੋਹਤਰਮ ਦੋਸਤ ਦੀ ਗਿਆਤ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਜਦ ਦਾ ਗਿਆਨੀ ਜੀ ਦੀ ਸਰਕਾਰ ਨੇ ਕਲਮਦਾਨ ਸੰਭਾਲਿਆ ਹੈ ਉਸ ਦੇ ਬਾਅਦ ਪੰਚਾਇਤ ਐਜੂਕੇਸ਼ਨ ਅਫਸਰ ਲਾਏ ਹਨ ਜਿਹੜੇ ਬਕਾਇਦਾ ਟਰੇਨਿੰਗ ਕੈਂਪ ਲਾ ਰਹੇ ਹਨ । ਉਥੇ ਉਨ੍ਹਾਂ ਨੂੰ ਟਰੇਨਿੰਗ ਦਿਤੀ ਜਾਂਦੀ ਹੈ। ਇਨ੍ਹਾਂ ਵਿਚੋਂ ਹੁਣ ਤੱਕ ਜਿਹੜੇ ਸਾਢੇ 62 ਹਜ਼ਾਰ ਪੰਚ/ਸਰਪੰਚ ਹਨ, ਇਕ ਇਕ ਲੇਡੀ ਮੈਂਬਰ ਵਧਣ ਕਰਕੇ 9,540 ਹੋਰ ਵਧ ਗਏ ਹਨ ਅਤੇ ਇਸ ਤਰ੍ਹਾਂ ਇਹ ਕੁਲ ਮਿਲਾਕੇ ਪੰਚ / ਸਰਪੰਚ 70—72 ਹਜ਼ਾਰ ਹੋ ਗਏ ਹਨ, ਇਨ੍ਹਾਂ ਵਿਚੋਂ ਸਾਢੇ 52 ਹਜ਼ਾਰ ਦੀ ਟਰੇਨਿੰਗ ਹੋ ਚੁਕੀ ਹੈ । ਉਨ੍ਹਾਂ ਦਾ ਟਰੇਨਿੰਗ ਕੈਂਪ ਸੰਮਿਤੀ ਲੈਵਲ ਤੇ ਲਾਉਂਦੇ ਹਨ । ਸੰਮਿਤੀ ਲੈਵਲ ਤੇ ਪੰਚ ਅਤੇ ਸਰਪੰਚ ਇਸ ਕਰਕੇ ਟਰੇਨਿੰਗ ਵਿਚ ਆਉਂਦੇ ਹਨ । ਪਿਛਲੇ ਸਾਲ ਜਿਹੜੀ ਅਮੈਂਡਮੈਂਟ ਕੀਤੀ ਗਈ ਸੀ, ਪਰਾਣੇ ਐਕਟ ਵਿਚ, ਉਸ ਦੇ ਮੁਤਾਬਿਕ ਉਨ੍ਹਾਂ ਨੂੰ ਪੂਰੀ ਤਰ੍ਹਾਂ ਜਾਣੂੰ ਕਰਵਾਇਆ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪੰਚ/ਸਰਪੰਚ ਅਨਪੜ੍ਹ ਹੋਣ ਕਾਰਨ ਗਲਤੀ ਕਰਨ, ਉਨ੍ਹਾਂ ਨਾਲ ਤਾਂ ਨਰਮੀ ਹੋ ਸਕਦੀ ਹੈ ਪਰ ਆਮ ਤੌਰ ਤੇ ਜਿਹੜੇ ਪੈਸੇ ਖਾਂਦੇ ਹਨ, ਜ਼ਮੀਨ ਆਪਣੇ ਦੋਸਤਾਂ ਨੂੰ ਦਿੰਦੇ ਹਨ ਅਤੇ ਹੋਰ ਗਲਤ ਕੰਮ ਕਰਦੇ ਹਨ, ਉਹ ਬੜੇ ਹੰਢੇ ਹੋਏ ਹੁੰਦੇ ਹਨ । ਉਨ੍ਹਾਂ ਨੂੰ ਹਟਾਉਣ ਤੋਂ ਬਾਅਦ, ਡਿਸਕੁਆਲਫਾਈ ਕਰਨ ਤੋਂ ਬਾਅਦ ਪਿੰਡ ਵਿਚ ਉਨ੍ਹਾਂ ਦਾ ਧੜਾ ਕਾਇਮ ਰਹਿੰਦਾ ਹੈ ਅਤੇ ਫਿਰ ਉਨ੍ਹਾਂ ਦੇ ਆਉਣ ਦੀ ਸੰਭਾਵਨਾ ਹੋ ਜਾਂਦੀ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਅਜਿਹੇ ਪੰਚਾਂ/ਸਰਪੰਚਾਂ ਨੂੰ ਹਟਾਉਣ, ਡਿਸ—ਕੁਆਲੀਫਾਈ ਕਰਨ ਤੋਂ ਬਾਅਦ ਉਨ੍ਹਾਂ ਤੇ ਕੋਈ ਐਸੀ ਬਾਰ ਲਾਉਣ ਕਿ ਉਹ ਫਿਰ ਖੜੇ ਨਾ ਹੋ ਸਕਣ?

**ਰਾਜ ਮੰਤਰੀ** : ਡਿਸਕੁਆਲੀਫੀਕੇਸ਼ਨ ਦਾ ਮਤਲਬ ਇਹ ਹੈ ਕਿ 6 ਸਾਲ ਤੱਕ ਅਗਲੀਆਂ ਇਲੈਕਸ਼ਨਾਂ ਦੇ ਆਉਣ ਦੇ ਸਮੇਂ ਤੱਕ ਉਹ ਸਰਪੰਚ ਜਾਂ ਪੰਚ ਦੁਬਾਰਾ ਨਹੀਂ ਖੜ੍ਹਾ ਹੋ ਸਕੇਗਾ ।

ਚੌਧਰੀ ਕਾਂਸ਼ੀ ਰਾਮ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਜਿਹੜਾ ਸਰਪਚ 250 ਰੁਪਏ ਤੋਂ ਵਧ ਰਕਮ ਕੋਲ ਰੱਖੇਗਾ ਉਸ ਨੂੰ ਸਸਪੈਂਡ ਕਰਾਂਗੇ ਅਤੇ ਜਿਹੜਾ ਪੰਚਾਇਤ ਦੀ ਜ਼ਮੀਨ ਰੱਖੇਗਾ ਉਸ ਨੂੰ ਕਢ ਦਿਆਂਗੇ। ਮਗਰ ਜਿਸ ਢੰਗ ਨਾਲ ਇਹ ਕਰ ਰਹੇ ਹਨ ਫਿਰ ਪੰਚ ਅਤੇ ਸਰਪੰਚ ਕਿਹੜਾ ਰਹੇਗਾ ? ਪਚਾਂ ਅਤੇ ਸਰਪੰਚਾਂ ਨੂੰ ਤਾਂ ਇਹ ਸਸਪੈਂਡ ਕਰੀ ਜਾ ਰਹੇ ਹਨ ? ਪਰ ਜਿਹੜੇ ਬੀ ਡੀ.ਓਜ਼. ਹਨ, ਉਹ ਬੜੀ ਲਾਪਰਵਾਹੀ ਕਰਦੇ ਹਨ । ਉਨ੍ਹਾਂ ਨੂੰ ਚੜ੍ਹਨ ਲਈ ਜੀਪਾਂ ਮਿਲੀਆਂ ਹੋਈਆਂ ਹਨ, ਡਰਾਈਵਰ ਦਿਤੇ ਹੋਏ ਹਨ । ਉਹ ਨਜ਼ਾਇਜ਼ ਕੰਮ ਕਰੀ ਜਾ ਰਹੇ ਹਨ । ਕੀ ਇਹ ਜਿਹੜੇ ਅਜਿਹੇ ਅਫਸਰ ਹਨ, ਜਿਹੜੇ ਲਾਪਰਵਾਹੀ ਵਰਤਦੇ ਹਨ ਉਨ੍ਹਾਂ ਤੇ ਰਿਸਪਾਂਬਿਲਿਟੀ ਫਿਕਸ ਕਰਕੇ ਉਨ੍ਹਾਂ ਨੂੰ ਵੀ ਕੋਈ ਸਜ਼ਾ ਦੇਣਗੇ, ਉਨ੍ਹਾਂ ਨੂੰ ਵੀ ਸਸਪੈਂਡ ਕਰਨਗੇ ਜਿਸ ਤਰ੍ਹਾਂ ਇਹ ਪੰਚਾਂ ਅਤੇ ਸਰਪੰਚਾਂ ਨੂੰ ਸਸਪੈਂਡ ਵਗੈਰਾ ਕਰ ਰਹੇ ਹਨ ? ਮੇਰਾ ਸਿਧਾ ਸਵਾਲ ਹੈ ਕਿ ਸਰਪੰਚਾਂ ਨੂੰ ਤਾਂ ਇਹ ਡਿਸਮਿਸ ਕਰਦੇ ਹਨ ਪਰ ਬੀ. ਡੀ. ਓਜ਼. ਨੂੰ ਕਿਉਂ ਸਸਪੈਂਡ ਨਹੀਂ ਕਰਦੇ ?

**ਰਾਜ ਮੰਤਰੀ** : ਚੌਧਰੀ ਕਾਂਸ਼ੀ ਰਾਮ ਜੀ ਕੋਈ ਲੰਮੀ ਸਪੀਚ ਨਹੀਂ ਕਰ ਗਏ ਹਨ? ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਦਸਣਾ ਚਾਹੁੰਦਾ ਹਾਂ ਕਿ 72,000 ਪੰਚਾਂ ਅਤੇ ਸਰਪੰਚਾਂ ਵਿਚੋਂ ਸਿਰਫ 99 ਰਿਮੂਵ ਕੀਤੇ ਹਨ, ਅਤੇ ਇਹ ਕੋਈ ਖਾਸ ਗੱਲ ਨਹੀਂ ਹੈ। ਇਸਦੇ ਨਾਲ ਹੀ ਇਨ੍ਹਾਂ ਨੇ ਕਿਹਾ ਹੈ ਕਿ ਬੀ. ਡੀ. ਓਜ਼. ਨੂੰ ਜੀਪ ਚੜ੍ਹਨ ਲਈ ਦਿੰਦੇ ਹਨ । ਇਹ ਠੀਕ ਹੈ ਕਿ ਪਹਿਲਾਂ ਇਥੇ ਸੰਮਤੀਆਂ ਨਹੀਂ ਬਣੀਆਂ ਸਨ । ਹੁਣ 107 ਸੰਮਤੀਆਂ ਦੇ ਮੁਕੰਮਲ ਇਲੈਕਸ਼ਨਜ਼ ਹੋ ਗਏ ਹਨ । 10 ਸੰਮਤੀਆਂ ਦੀ ਹਾਈ ਕੋਰਟ ਵਿਚੋਂ ਸਟੇ ਹੋਣ ਕਰਕੇ ਇਲੈਕਸ਼ਨਜ਼ ਰੁਕੀਆਂ ਹੋਈਆਂ ਹਨ । ਬੀ.ਡੀ.ਓਜ਼. ਦੇ ਵੱਸ ਵਿਚ ਕੋਈ ਚੀਜ਼ ਨਹੀਂ ਹੈ। ਸਟੈਂਡਿੰਗ ਕਮੇਟੀ ਨੰ: 1, ਇਹ ਫਾਈਨੈਂਨਸ਼ਲ ਕਮੇਟੀ ਹੈ। ਇੱਕ ਕਮੇਟੀ ਨੰ: 2 ਹੈ ਜਿਹੜੀ ਕਿ ਸਾਰਾ ਕੰਮ ਵੇਖਦੀ ਹੈ ਕਿ ਗਲੀਆਂ ਨਾਲੀਆਂ ਠੀਕ ਬਣੀਆਂ ਹਨ । ਇੱਕ ਕਮੇਟੀ ਨੰ: 3 ਹੈ ਜੋ ਕਿ ਫੰਡਜ਼ ਬਾਰੇ ਹੈ ਔਰ ਗਰਾਂਟਾਂ ਅਲਾਟ ਕਰਨ ਦਾ ਕੰਮ ਕਰਦੀ ਹੈ। ਬੀ.ਡੀ.ਓ. ਤਾਂ ਉਨ੍ਹਾਂ ਦਾ ਮੁਨਸ਼ੀ ਰਹਿ ਗਿਆ ਹੈ। ਜਿੰਨੀ ਵੀ ਪੰਚਾਂ ਅਤੇ ਸਰਪੰਚਾਂ ਦੀ ਕਾਰਵਾਈ ਹੈ ਉਹ ਸੰਮਤੀ ਅੱਗੇ ਪੇਸ਼ ਹੁੰਦੀ ਹੈ । ਉਹ ਬਾਕਾਇਦਾ ਇਹ ਚੀਜ਼ ਦੇਖਦੀ ਹੈ ਕਿ ਆਇਆ ਸਰਪੰਚ ਦਾ ਕੰਮ ਠੀਕ ਹੈ ਜਾਂ ਨਹੀਂ । ਬੀ. ਡੀ. ਓਜ਼. ਨੂੰ ਤਾਂ ਮੈਂ ਸਾ ਪਾਇਆ ਹੋਇਆ ਹੈ ਜਿਹੜਾ ਕਿ ਅੱਗੇ ਇਸ ਤਰ੍ਹਾਂ ਨਹੀਂ ਸੀ ।

**ਚੌਧਰੀ ਕਾਸ਼ੀ ਰਾਮ**: ਸਪੀਕਰ ਸਾਹਿਬ, ਰੰਧਾਵਾ ਸਾਹਿਬ ਨੇ ਕਿਹਾ ਹੈ ਕਿ ਬੀ.ਡੀ.ਓ. ਤਾਂ ਸੰਮਤੀ ਦਾ ਮੁਨਸ਼ੀ ਹੈ। ਜੇ ਇਸ ਤਰ੍ਹਾਂ ਹੈ ਔਰ ਇਹ ਗਜ਼ਿਟਿਡ ਅਫਸਰ ਨੂੰ ਮੁਨਸ਼ੀ ਬਣਾਇਆ ਹੋਇਆ ਹੈ ਤਾਂ ਫਿਰ ਐਡਾ ਵੱਡਾ ਡਾਇਰੈਕਟੋਰੇਟ ਬਣਾਉਣ ਦੀ ਕੀ ਲੋੜ ਹੈ । ਫੇਰ ਇਹ ਬੀ. ਡੀ. ਓਜ਼. ਔਰ ਡੀ. ਡੀ. ਪੀ. ਓਜ਼. ਕਿਉਂ ਰਖੇ ਹੋਏ ਹਨ ? (ਵਿਘਨ) ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿਸੇ ਬੀ.ਡੀ.ਓ. ਦਾ ਨਾਂ ਦਸਿਆ ਜਾਵੇ ਜਿਸ ਨੂੰ ਕਿ ਇਨ੍ਹਾਂ ਨੇ ਸਸਪੈਂਡ ਕੀਤਾ ਹੋਇਆ ਹੋਵੇ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਪਹਿਲਾਂ ਤਾਂ ਗੱਲ ਇਹ ਹੈ ਕਿ ਬੀ. ਡੀ. ਓ. ਕੋਈ ਸਰਵੇ ਸਰਵਾ ਨਹੀਂ ਹੈ। ਉਹਦੀ ਕਨਫੀਡੈਂਸ਼ਲ ਰਿਪੋਰਟ ਚੇਅਰਮੈਨ ਰਖਦਾ ਹੈ। ਦੂਜੀ ਗਲ ਇਹ ਹੈ ਕਿ ਕਲਾਸ—I ਔਰ ਕਲਾਸ—II ਦੇ ਜਿਹੜੇ ਅਫਸਰ ਹਨ, ਜਿਸ ਵੇਲੇ ਐਮਰਜੈਂਸੀ ਲਗੀ ਉਸ ਵੇਲੇ ਇਹ ਕਿਹਾ ਗਿਆ ਕਿ ਇਹੋ ਜਿਹੇ ਬੰਦੇ ਜਿਹੜੇ ਹਨ ਉਨ੍ਹਾਂ ਨੂੰ ਪ੍ਰੀ—ਮੈਚੋਅਰ ਰਿਟਾਇਰ ਕਰਨਾ ਹੈ। ਗਿਆਨੀ ਜੀ ਦੀ ਮਨਜ਼ੂਰੀ ਨਾਲ ਜਿੰਨੇ ਮੈਂ ਪ੍ਰੀ—ਮੈਚੋਅਰ ਰਿਟਾਇਰ ਕੀਤੇ ਸ਼ਾਇਦ ਹੀ ਕਿਤੇ ਹੋਰ ਇੰਨੇ ਪ੍ਰੀ—ਮੈਚੋਅਰ ਰਿਟਾਇਰ ਹੋਏ ਹੋਣ। ਜਦੋਂ ਕੋਈ ਮੈਂਬਰ ਸਾਹਿਬ ਇਸ ਬਾਰੇ, ਲਿਸਟ ਦੇਣ ਬਾਰੇ, ਨੋਟਿਸ ਦੇਣਗੇ ਤਾਂ ਮੈਂ ਉਹ ਲਿਸਟ ਵੀ ਦੇ ਦਿਆਂਗਾ।

**ਕਾਮਰੇਡ ਸੱਤ ਪਾਲ ਡਾਂਗ** : ਮਨਿਸਟਰ ਸਾਹਿਬ ਨੇ ਗਲ ਕੀਤੀ ਹੈ ਕਿ ਮੈਂ ਬੀ. ਡੀ. ਓਜ਼. ਨੂੰ ਖਿਚਿਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਗਲ ਦੀ ਇਨਕੁਆਇਰੀ ਕਰਾਕੇ ਮੁਨਾਸਿਬ ਐਕਸ਼ਨ ਲੈਣ ਨੂੰ ਤਿਆਰ ਹਨ ਕਿ ਕੀ ਬਠਿੰਡੇ ਜ਼ਿਲ੍ਹੇ ਦਾ ਜਿਹੜਾ ਬੀ. ਡੀ. ਓ. ਹੈ ਉਸਨੇ 60 ਜਾਂ 65 ਸਾਲ ਤੋਂ ਉਪਰ ਵਿਧਵਾਵਾਂ ਔਰ ਬੁਢਿਆਂ ਦੀ ਪੈਨਸ਼ਨ ਫਾਰਮਾਂ ਬਾਰੇ ਕਿਹਾ ਹੈ ਕਿ ਉਹ ਇਨ੍ਹਾਂ ਬਾਰੇ ਸਿਫਾਰਸ਼ ਤਾਂ ਕਰੇਗਾ ਜੇ ਉਹ ਨਸਬੰਦੀ ਕਰਾਉਣਗੇ ?

**ਰਾਜ ਮੰਤਰੀ** : ਮੈਂ ਇਨਕੁਆਇਰੀ ਕਰਾ ਲਵਾਂਗਾ। ਲੇਕਿਨ 60—65 ਸਾਲ ਤੋਂ ਉਪਰ ਬੁਢਿਆਂ ਦੀ ਨਸਬੰਦੀ ਨਹੀਂ ਹੋਣੀ ਚਾਹੀਦੀ ਹੈ।

---

SUSPENSION OF EMPLOYEES OF PUNJAB ROADWAYS, CHANDIGARH

*3726. 1. **Comrade Dana Ram,**
2. **Comrade Satya Pal Dang** : Will the Minister of State for Transport and Civil Aviation be pleased to state :—

(a) the names of employees of the Punjab Roadways, Chandigarh who were placed under suspension during the month of June, 1976;

(b) the post held by each of the employees referred to in part (a) above at the time of his suspension and the reasons and the date of suspension;

(c) the dates on which Show-Cause Notice was issued to each of the said employees ?

**ਸਰਦਾਰ ਦਿਲਬਾਗ ਸਿੰਘ ਡਾਲੇਕੇ** : (ੳ. ਅ. ੲ.) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

ਮੁੱਅਤਲੀ ਕਰਮਚਾਰੀ ਜੂਨ, 1976 ਦੇ ਦੌਰਾਨ

| ਲੜੀ ਨ: | ਕਰਮਚਾਰੀ ਦਾ ਨਾਂ | ਅਹੁਦਾ | ਮੁਅੱਤਲੀ ਦੀ ਮਿਤੀ : | ਦੋਸ਼ ਗ਼ਬਨ ਦੀ ਰਕਮ | ਮਿਤੀ ਜਿਸ ਨੂੰ ਸ਼ੋ ਕਾਜ਼ ਨੋਟਿਸ/ਚਾਰਜ਼ਸ਼ੀਟ ਜਾਰੀ ਕੀਤੀ। | ਰਿਮਾਰਕਸ |
|---|---|---|---|---|---|---|
| 1, | ਸ੍ਰੀ ਮੰਗਤ ਰਾਮ | ਕੰ: ਨੰ: 153 | 3—6—76 | ਫਰਾਡ 9.85 | — | ਮਿਤੀ: 25-8-76 ਨੂੰ ਕੰਡਕਟਰ ਨੇ ਆਪਣੇ ਦੋਸ਼ ਮੰਨ ਲਏ। |
| 2. | ਸ੍ਰੀ ਸੋਹਨ ਲਾਲ | ਇਨਸਪੈਕਟਰ | 11-6-76 | ਡਿਊਟੀ ਤੋਂ ਲਾਪਰਵਾਹੀ | — | ਮਿਤੀ: 6-9-76 ਨੂੰ ਚਾਰਜ਼ਸ਼ੀਟ ਦਾ ਖਰੜਾ ਜਨਰਲ ਮੈਨੇਜਰ ਵਲੋਂ, ਵਸੂਲ ਹੋਇਆ। ਜਾਰੀ ਕੀਤ ਜਾ ਰਿਹਾ ਹੈ। |
| 3. | ਸ੍ਰੀ ਪਰਸ ਰਾਮ | ਡ: ਨੰ: 137 | 10-6-76 | ਉਹੀ | 6-9-76 | — |
| 4 | ਸ੍ਰੀ ਗੁਰਦਿਆਲ ਸਿੰਘ | ਡ: ਨੰ: 125 | 11-6-76 | ਸਵਾਰੀ ਨਾਲ ਭੈੜਾ ਵਰਤਾਓ | 6-8-76 | — |
| 5. | ਸ੍ਰੀ ਜਗਦੀਸ਼ ਸਿੰਘ | ਕੰ: ਨੰ: 216 ਏ | 11-6-76 | ਉਹੀ | 23-8-76 | — |
| 6. | ਸ੍ਰੀ ਕਿੱਕਰ ਸਿੰਘ | ਕੰ: ਨੰ: 40 | 11-6-76 | ਗ਼ਬਨ 11.50 | 4-8-76 | — |
| 7. | ਸ੍ਰੀ ਗਰਪਾਲ ਸਿੰਘ | ਕੰ: ਨੰ: 52 | 11-6-76 | ਗ਼ਬਨ, ਚੰਡੀਗੜ੍ਹ ਤੋਂ ਮਨਾਲੀ ਤਕ ਕੋਈ ਵੀ ਟਿਕਟ ਜਾਰੀ ਨਾ ਕੀਤੀ। | 6-9-76 | — |

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ]

ਮੁਅਤਲੀ ਕਰਮਚਾਰੀ ਜੂਨ, 1976 ਦੇ ਦੌਰਾਨ

| ਲੜੀ ਨੰ: | ਕਰਮਚਾਰਾਂ ਦਾ ਨਾਂ | ਅਹੁਦਾ | ਮੁਅੱਤਲੀਂ ਦੀ ਮਿਤੀ | ਦੋਸ਼ ਗ਼ਬਨ ਦੀ ਰਕਮ | ਮਿਤੀ ਜਿਸ ਨੂੰ ਸ਼ੋਕਾਜ਼ ਨੋਟਿਸ/ਚਾਰਜਸ਼ੀਟ ਜਾਰੀ ਕੀਤੀ | ਰਿਮਾਰਕਸ |
|---|---|---|---|---|---|---|
| 8. | ਸ਼੍ਰੀ ਗੁਰਦਿਆਲ ਸਿੰਘ | ਕੰ. ਨੰ: 56ਏ | 16-6-76 | ਗ਼ਬਨ 7.80 | 6-9-76 ਨੂੰ | — |
| 9. | ਸ਼੍ਰੀ ਪ੍ਰਕਾਸ਼ ਸਿੰਘ | ਕੰ: ਨੰ: 145 | 16-6-76 | ਗ਼ਬਨ 13.70 | 10-8-76 | — |
| 10. | ਸ਼੍ਰੀ ਅਮਰ ਨਾਥ | ਕੰ: ਨੰ: 247 | 16-6-76 | ਗ਼ਬਨ 3.75 | 9-8-76 | — |
| 11. | ਸ਼੍ਰੀ ਭੁਪਿੰਦਰ ਮਾਨ ਸਿੰਘ | ਕੰ: ਨੰ: 151 | 21-6-76 | ਗ਼ਬਨ 29.40 | 6-9-76 | — |
| 12. | ਸ਼੍ਰੀ ਫਕੀਰ ਚੰਦ | ਡ: ਨੰ: 200 | 22-6-76 | ਜਾਣ ਬੁਝ ਕੇ ਡਿਊਟੀ ਤੋਂ ਗੈਰ ਹਾਜ਼ਰ | | — |
| 13. | ਸ਼੍ਰੀ ਬੰਤਾ ਸਿੰਘ | ਕੰ: ਨੰ: 14ਏ | 25-6-76 | ਗ਼ਬਨ 13.20 | 6-9-76 | — |
| 14. | ਸ਼੍ਰੀ ਭਾਗ ਸਿੰਘ | ਕੰ: ਨੰ: 128 | 25-6-76 | ਗ਼ਬਨ 11.45 | 30-7-76 | — |
| 15. | ਸ਼੍ਰੀ ਹਰਚਰਨ ਸਿੰਘ | ਕੰ: ਨੰ: 140 | 19-6-76 | ਗ਼ਬਨ 6.00 | 6-9-76 | — |
| 16. | ਸ਼੍ਰੀ ਗੁਰਬਖਸ਼ ਸਿੰਘ | ਡ: ਨੰ: 13 | 28-6-76 | ਡਿਊਟੀ ਤੋਂ ਜਾਣ ਬੁਝ ਕੇ ਗੈਰ ਹਾਜ਼ਰ । | 6-8-76 | — |
| 17. | ਸ਼੍ਰੀ ਅਵਤਾਰ ਸਿੰਘ | ਡ: ਨੰ: 29 | 28-6-76 | ਉਹੀ | 4-8-76 | — |

Original with; Punjab Vidhan Sabha Digitized by; Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਜੂਨ ਦੇ ਮਹੀਨੇ ਵਿਚ ਚੰਡੀਗੜ੍ਹ ਦੇ ਡਿਪੂ ਵਿਚ ਜੋ ਕੰਡਕਟਰ ਵਗੈਰਾ ਸਸਪੈਂਡ ਕੀਤੇ ਹਨ ਉਨ੍ਹਾਂ ਦੇ ਬਾਰੇ ਜੇ ਦੇਖੋ ਤਾਂ ਪਤਾ ਲਗਦਾ ਹੈ ਕਿ ਕਿਸੇ ਦੇ ਖਿਲਾਫ ਫਰਾਡ ਦਾ ਕੇਸ ਹੈ, ਕਿਸੇ ਦੇ ਖਿਲਾਫ ਮਿਸ-ਬੀਹੇਵੀਅਰ ਵਿਦ ਪੈਸੰਜਰਜ਼ ਦਾ ਕੇਸ ਹੈ । ਇਨ੍ਹਾਂ ਵਿਚ 2—3 ਐਕਸੈਪਸ਼ਨਜ਼ ਹਨ ਜਿਨ੍ਹਾਂ ਨੂੰ ਸਸਪੈਂਡ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਉਹ ਡਿਊਟੀ ਤੋਂ ਗੈਰਹਾਜ਼ਰ ਸਨ । ਗੁਰਬਖਸ਼ ਸਿੰਘ, ਇਹ ਸਸਪੈਂਡ ਕੀਤਾ ਗਿਆ ਕਿਉਂਕਿ ਇਹ ਆਪਣੇ ਹੈਡਕੁਆਰਟਰ ਤੋਂ ਐਬਸੈਂਟ ਫਰਾਮ ਡਿਊਟੀ ਸੀ । ਪਰ ਹਕੀਕਤ ਇਹ ਹੈ ਕਿ ਉਹ ਕੋਈ ਐਬਸੈਂਟ ਨਹੀਂ ਸੀ। ਪਹਿਲਾਂ ਇਸ ਨੂੰ ਕਿਹਾ ਗਿਆ ਕਿ ਤੇਰਾ ਹੈਡਕੁਆਰਟਰ ਰੋਪੜ ਹੈ, ਫਿਰ ਕਿਹਾ ਗਿਆ ਕਿ ਤੇਰਾ ਹੈਡਕੁਆਰਟਰ ਚੰਡੀਗੜ੍ਹ ਹੈ, ਫਿਰ ਕਿਹਾ ਗਿਆ ਕਿ ਤਰਨ ਤਾਰਨ ਹੈ ਔਰ ਫਿਰ ਕਿਹਾ ਗਿਆ ਕਿ ਫਿਰੋਜ਼ਪੁਰ ਹੈ । ਦਰਅਸਲ ਵਿਚ ਗੱਲ ਇਹ ਹੈ ਕਿ ਇਹ ਯੂਨੀਅਨ ਦਾ ਮੁੱਖ ਲੀਡਰ ਹੈ । ਚੰਡੀਗੜ੍ਹ ਟੈਰੇਟਰੀ ਦੇ ਜਨਰਲ ਮਨੇਜਰ ਨੇ ਮਹਾਨ ਕੁਰੱਪਸ਼ਨ ਕੀਤੀ (ਵਿਘਨ) ਸਪੀਕਰ ਸਾਹਿਬ, ਇਸ ਨੇ ਜਨਰਲ ਮਨੇਜਰ ਦੇ ਖਿਲਾਫ ਕੁਰਪਸ਼ਨ ਦੇ ਇਲਜ਼ਾਮ ਲਗਾਏ ਔਰ ਸੀ. ਐਮ. ਨੂੰ ਘਲੇ। ਇਸ ਕਰਕੇ ਜਨਰਲ-ਮਨੇਜਰ ਨੇ ਇਸ ਨੂੰ ਡਿਊਟੀ ਤੋਂ ਗੈਰ-ਹਾਜ਼ਰ ਹੋਣ ਬਾਰੇ ਝੂਠੀ ਗੱਲ ਕਹਿ ਕੇ ਸਸਪੈਂਡ ਕਰ ਦਿੱਤਾ। ਕੀ ਇਹ ਹਕੀਕਤ ਹੈ, ਇਸ ਬਾਰੇ ਮਨਿਸਟਰ ਸਾਹਿਬ ਦੱਸਣ ਦੀ ਖੇਚਲ ਕਰਨ ?

**ਰਾਜ ਮੰਤਰੀ** : ਇਸ ਡਰਾਈਵਰ ਦੀ ਡਿਊਟੀ ਚੰਡੀਗੜ੍ਹ ਤੋਂ ਮਨਾਲੀ ਲਗੀ ਹੋਈ ਸੀ । ਇਹ ਡਿਊਟੀ ਤੋਂ ਗੈਰ ਹਾਜ਼ਰ ਰਿਹਾ। ਦੋ ਦਿਨ ਬਾਅਦ ਅਜੀਤ ਰਾਮ ਕੈਸ਼ੀਅਰ ਦੇ ਹਥੀਂ ਆਪਣੀ ਛੁਟੀ ਦੀ ਅਰਜ਼ੀ ਭੇਜੀ । ਬਾਕੀ ਜਿਹੜੀ ਜਨਰਲ ਮਨੇਜਰ ਵਾਲੀ ਗੱਲ ਕਹੀ ਗਈ ਹੈ, ਇਸ ਬਾਰੇ ਮੈਂ ਇਨਕੁਆਇਰੀ ਕਰਾਵਾਂਗਾ ।

**आचार्य पृथ्वी सिंह आज़ाद** : स्पीकर साहिब, इस वर्कर ने, जिस की तरफ डांग साहिब ने ध्यान दिलाया हैं, पिछले दो सालों से लगातार एक नहीं दस शिकायतें डिपार्टमैंट में कुरपशन होने के बारे में दीं । इन शिकायतों को मद्देनज़र रखते हुए किसी ने जाँच नहीं की बल्कि इस को सस्पैंड कर दिया ।

**ਰਾਜ ਮੰਤਰੀ** : ਇਹ ਗਲਤ ਗੱਲ ਹੈ । ਜੋ ਸ਼ਿਕਾਇਤ ਆਉਂਦੀ ਹੈ ਉਸ ਬਾਰੇ ਅਸੀਂ ਇਨਕੁਆਇਰੀ ਕਰਦੇ ਹਾਂ ।

**ਚੌਧਰੀ ਦਰਸ਼ਨ ਸਿੰਘ**: ਇਸ ਦੇ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਰੋਡਵੇਜ਼ ਬੈਡ ਸ਼ੇਪ ਵਿਚ ਹੈ, ਔਰ ਘਾਟੇ ਵਿਚ ਜਾ ਰਹੀ ਹੈ। ਕੀ ਇਹ ਸੱਚ ਹੈ ਕਿ ਇੱਕ ਕੰਡਕਟਰ ਬਸ ਲੈ ਕੇ ਚੰਡੀਗੜ੍ਹ ਤੋਂ ਮਨਾਲੀ ਗਿਆ ਔਰ ਉਸਨੇ ਇੱਕ ਸਿੰਗਲ ਟਿਕਟ ਵੀ ਇਸ਼ੂ ਨਹੀਂ ਕੀਤਾ ? ਅਤੇ ਕੀ ਇਹ ਵੀ ਦੱਸਣਗੇ ਕਿ ਮੰਗਤ ਰਾਮ ਜਿਸ ਨੇ ਫਰਾਡ ਕੀਤਾ ਸੀ ਔਰ ਉਹ ਇਸ ਚੀਜ਼ ਨੂੰ ਮੰਨ ਗਿਆ ਪਰ ਉਸ ਨੂੰ ਦੁਬਾਰਾ ਫਿਰ ਸਰਵਿਸ ਵਿਚ ਲੈ ਲਿੱਤਾ ਗਿਆ ਹੈ?

**ਰਾਜ ਮੰਤਰੀ** : ਸਾਰੀ ਸੂਚਨਾ ਸਦਨ ਦੀ ਮੇਜ਼ ਤੇ ਰੱਖ ਦਿੱਤੀ ਗਈ ਹੈ। ਜਿੰਨੀ ਕਿਸੇ ਨੇ ਗਲਤੀ ਕੀਤੀ ਹੈ ਉਸ ਮੁਤਾਬਿਕ ਐਕਸ਼ਨ ਲਿੱਤਾ ਜਾ ਰਿਹਾ ਹੈ । ਅਜੇ ਸਾਰੇ ਸਸਪੈਂਡਿਡ ਹਨ ਔਰ ਚਾਰਜ ਸ਼ੀਟਸ਼ ਦਿੱਤੀਆਂ ਗਈਆਂ ਹਨ ਔਰ ਜੋ ਸਜ਼ਾ ਨੀਯਤ ਹੋਏਗੀ ਉਹ ਇਨ੍ਹਾਂ ਨੂੰ ਦਿਤੀ ਜਾਏਗੀ ।

**ਚੌਧਰੀ ਦਰਸ਼ਨ ਸਿੰਘ** : ਵਜ਼ੀਰ ਸਾਹਿਬ ਆਪਣੀ ਰੱਖੀ ਹੋਈ ਸਟੇਟਮੈਂਟ ਨੂੰ ਪੜ੍ਹਨ ਦੀ ਖੇਚਲ

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਕਰਨ। ਮੈਂ ਕਿਹਾ ਹੈ ਕਿ ਮੰਗਤ ਰਾਮ ਨੇ ਆਪਣੇ ਜੁਰਮ ਦਾ ਇਕਬਾਲ ਕਰ ਲਿਆ ਹੈ ਫਿਰ ਵੀ ਉਸ ਨੂੰ ਸਰਵਿਸ ਵਿਚ ਲੈ ਲਿੱਤਾ ਗਿਆ ਹੈ। ਇਸਨੂੰ ਚਾਰਜ ਸ਼ੀਟ ਕਰਨ ਦੀ ਕੀ ਲੋੜ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਤੁਹਾਨੂੰ ਵੀ ਪਤਾ ਹੈ ਕਿ ਜਿਹੜੇ ਪੱਕੇ ਕੰਡਕਟਰ ਹਨ ਉਨ੍ਹਾਂ ਨੂੰ ਬਗੈਰ ਵਜ੍ਹਾ ਦਸਣ ਦੇ ਨਹੀਂ ਕਢਿਆ ਜਾ ਸਕਦਾ। ਹਰ ਇਕ ਨੂੰ ਚਾਰਜਸ਼ੀਟ ਦਿਤੀ ਜਾਂਦੀ ਹੈ, ਫਿਰ ਉਸ ਦਾ ਰਿਪਲਾਈ ਆਉਂਦਾ ਹੈ ਉਹ ਡੀ. ਐਸ. ਕੋਲ ਜਾਂਦਾ ਹੈ ਫਿਰ ਸੈਕਟਰੀ ਸਾਹਿਬ ਕੋਲ ਆਉਂਦਾ ਹੈ, ਉਹ ਲੇਬਰ ਕੋਰਟ ਵਿਚ ਵੀ ਜਾ ਸਕਦੇ ਹਨ। ਇਹ ਸਾਰਾ ਪ੍ਰੋਸੀਜਰ ਪੂਰਾ ਕਰਕੇ ਫਿਰ ਹੀ ਕਿਸੇ ਨੂੰ ਕੱਢਿਆ ਜਾ ਸਕਦਾ ਹੈ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੈਂ ਟਰਾਂਸਪੋਰਟ ਮੰਤਰੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਉਸ ਦੇ ਸਸਪੈਨਸ਼ਨ ਦੇ ਇਕ ਮਹੀਨੇ ਦੇ ਪੀਰੀਅੱਡ ਵਿਚ ਚਾਰ ਵਾਰ ਉਸ ਦਾ ਹੈਡਕੁਆਰਟਰ ਬਦਲਿਆ ਗਿਆ। ਕਦੇ ਰੋਪੜ, ਕਦੇ ਚੰਡੀਗੜ੍ਹ, ਕਦੇ ਕਿਤੇ ਤੇ ਕਦੇ ਕਿਤੇ। ਕੀ ਵਜ੍ਹਾ ਸੀ ਕਿ ਉਸ ਦਾ ਹੈਡਕੁਆਰਟਰ ਇਤਨੇ ਥੋੜ੍ਹੇ ਪੀਰੀਅਡ ਵਿਚ ਇਤਨੀ ਥਾਂਵਾਂ ਤੇ ਬਦਲਿਆ ਗਿਆ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਨਹੀਂ ਚਾਹੁੰਦਾ ਕਿ ਸਾਡੇ ਜਿਹੜੇ ਸਤਿਕਾਰਯੋਗ ਮੈਂਬਰ ਹਨ ਮੈਂ ਉਨ੍ਹਾਂ ਦਾ ਦਿਲ ਦੁਖਾਵਾਂ। ਜੇ ਉਹ ਇਸ ਤਰ੍ਹਾਂ ਦੇ ਫਰਾਡ ਕਰਨ ਵਾਲੇ ਅਤੇ ਡਿਸਿਪਲਨ ਨੂੰ ਭੰਗ ਕਰਨ ਵਾਲੇ ਦੀ ਇਸ ਤਰ੍ਹਾਂ ਸਹਾਇਤਾ ਕਰਨਗੇ ਤਾਂ ਕੰਮ ਨਹੀਂ ਚਲ ਸਕੇਗਾ। ਉਹ ਆਦਮੀ ਅੱਡੇ ਵਿਚ ਖੜਾ ਹੋ ਕੇ ਜਨਰਲ-ਮੈਨੇਜਰ ਦੀ ਪਗੜੀ ਉਤਾਰਦਾ ਹੈ, ਗੰਦੀਆਂ ਗਾਹਲਾਂ ਕੱਢਦਾ ਹੈ ਅਤੇ ਇਨੀ ਖੁਲ੍ਹੀ ਜ਼ਬਾਨ ਨਾਲ ਗਲਾਂ ਕਰਦਾ ਹੈ ਜਿਹੜੀਆਂ ਬਰਦਾਸ਼ਤ ਨਹੀਂ ਕੀਤੀਆਂ ਜਾ ਸਕਦੀਆਂ। ਜੇ ਇਹੋ ਜਿਹਾ ਰਵਈਆ ਹੋਵੇ ਤਾਂ ਹੈਡ ਕੁਆਰਟਰ ਬਦਲਣਾ ਜ਼ਰੂਰੀ ਹੋ ਜਾਂਦਾ ਹੈ।

**ਸਰਦਾਰ ਦਰਬਾਰਾ ਸਿੰਘ**: ਸਪੀਕਰ ਸਾਹਿਬ, ਉਹ ਮੁਲਾਜ਼ਮ ਅੰਡਰ ਸਸਪੈਂਨਸ਼ਨ ਹੈ, ਕੇਸ ਚਲ ਰਿਹਾ ਹੈ ਅਤੇ ਮਨਿਸਟਰ ਸਾਹਿਬ ਨੇ ਜੋ ਉਸ ਦੇ ਬਾਰੇ ਕਿਹਾ ਹੈ ਉਹ ਠੀਕ ਨਹੀਂ।

**ਸ੍ਰੀ ਸਪੀਕਰ** : ਮੈਂ ਐਗਜ਼ਾਮਿਨ ਕਰ ਲਵਾਂਗਾ।

**ਸਰਦਾਰ ਗੁਰਬਚਨ ਸਿੰਘ** (ਰੋਪੜ): ਸਪੀਕਰ ਸਾਹਿਬ, ਜਿਸ ਬੰਦੇ ਦੀ ਗੱਲ ਚਲ ਰਹੀ ਹੈ ਇਹ ਬੰਦਾ ਭਾਵੇਂ ਡਿਊਟੀ ਤੇ ਹੋਵੇ ਭਾਵੇਂ ਡਿਊਟੀ ਤੋਂ ਬਾਹਰ ਹੋਵੇ ਉਹ ਪ੍ਰਾਈਮ ਮਨਿਸਟਰ ਸਾਹਿਬ ਦੇ 20-ਸੂਤਰੀ ਪ੍ਰੋਗਰਾਮ ਦੀ ਮੁਖ਼ਾਲਫਤ ਕਰਦਾ ਰਹਿੰਦਾ ਹੈ, ਕੀ ਮਨਿਸਟਰ ਸਾਹਿਬ ਨੂੰ ਇਸ ਗਲ ਦਾ ਇਲਮ ਹੈ?

(ਕੋਈ ਉਤਰ ਨਹੀਂ ਆਇਆ)

**ਕਾਮਰੇਡ ਸੱਤ ਪਾਲ ਡਾਂਗ**: ਮੰਤਰੀ ਸਾਹਿਬ ਨੇ ਗਲਤਬਿਆਨੀ ਕੀਤੀ ਹੈ ਕਿ ਉਸ ਬੰਦੇ ਦੇ ਖ਼ਿਲਾਫ ਫ਼ਰਾਡ ਦਾ ਇਲਜ਼ਾਮ ਹੈ। ਕੋਈ ਫ਼ਰਾਡ ਦਾ ਇਲਜ਼ਾਮ ਨਹੀਂ, ਗੈਰਹਾਜ਼ਰੀ ਦਾ ਇਲਜ਼ਾਮ ਹੈ। ਦੂਸਰੀ ਗੱਲ ਕਹੀ ਹੈ ਕਿ ਉਹ ਜਨਰਲ ਮੈਨੇਜਰ ਦੀ ਪਗੜੀ ਲਾਹੁੰਦਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਉਸ ਨੂੰ ਚਾਰਜਸ਼ੀਟ ਦੇਣਗੇ ਕਿ ਉਹ ਜਨਰਲ ਮੈਨੇਜਰ ਦੀ ਪਗੜੀ ਲਾਹੁੰਦਾ ਹੈ? ਗਲ ਇਹ ਹੈ ਕਿ ਉਸ ਨੇ ਉਸ ਜਨਰਲ ਮੈਨੇਜਰ ਦੇ ਖਿਲਾਫ਼ ਕੁਰਪਸ਼ਨ ਬਾਰੇ ਲਿਖ ਕੇ ਦਿਤਾ ਹੈ ਕਿ ਉਸਨੇ ਆਪਣੇ ਲੜਕੇ ਨੂੰ ਬਿਨਾਂ ਇੰਟਰਵਿਊ ਦੇ ਅਤੇ ਬਿਨਾ ਐਪਲੀਕੇਸ਼ਨਜ਼ ਇਨਵਾਈਟ ਕੀਤੇ ਰੋਡਵੇਜ਼ ਵਿਚ ਨੌਕਰੀ ਦੇ ਦਿਤੀ ਹੈ ਕੀ ਮਨਿਸਟਰ ਸਾਹਿਬ ਇਸ ਗਲ ਦੀ ਇਨਕੁਆਇਰੀ ਕਰਾਉਣਗੇ ਅਤੇ ਨਾਲ ਹੀ

Original with;
Punjab Vidhan Sabha
Digitized by;
Panjab Digital Library

ਇਹ ਅਸ਼ਿਉਰੈਂਸ ਦੇਣਗੇ ਕਿ ਉਹ ਜਨਰਲ ਮੈਨੇਜਰ ਰਿਟਾਇਰ ਹੋਣ ਵਾਲਾ ਹੈ ਅਤੇ ਉਹ ਹੁਣ ਦੋ ਸਾਲਾਂ ਦੀ ਐਕਸਟੈਨਸ਼ਨ ਮੰਗਦਾ ਪਿਆ ਹੈ, ਜਿੰਨਾਂ ਚਿਰ ਉਸ ਦੇ ਵਿਰੁਧ ਲਗੇ ਇਲਜ਼ਾਮ ਬੇ—ਬੁਨਿਆਦ ਸਾਬਤ ਨਹੀਂ ਹੋ ਜਾਂਦੇ ਉਸ ਨੂੰ ਐਕਸਟੈਨਸ਼ਨ ਨਹੀਂ ਦਿਤੀ ਜਾਏਗੀ?

**ਰਾਜ ਮੰਤਰੀ** : ਮੈਂ ਉਸ ਕੰਡਕਟਰ ਦੇ ਖ਼ਿਲਾਫ਼ ਫਰਾਡ ਦਾ ਇਲਜ਼ਾਮ ਨਹੀਂ ਲਗਾਇਆ, ਮੈਂ ਕਿਹਾ ਹੈ ਕਿ ਡਿਸਪਲਿਨ ਭੰਗ ਕਰਦਾ ਹੈ। ਉਨ੍ਹਾਂ ਦੀ ਪਾਰਟੀ ਨੇ ਜੋ ਇਲਜ਼ਾਮ ਜਨਰਲ ਮੈਨੇਜਰ ਤੇ ਲਾਏ ਹਨ, ਮੈਂ ਉਨ੍ਹਾਂ ਦੀ ਇਨਕੁਆਇਰੀ ਕਰਾਂਗਾ। ਉਸ ਦੀ ਐਕਸਟੈਨਸ਼ਨ ਦਾ ਕੇਸ ਮੇਰੇ ਕੋਲ ਨਹੀਂ ਆਇਆ। ਜਦ ਤਕ ਉਸ ਦਾ ਕੰਮ ਨਹੀਂ ਦੇਖਿਆ ਜਾਏਗਾ ਉਸ ਦੀ ਐਪਲੀਕੇਸ਼ਨ ਤੇ ਵਿਚਾਰ ਨਹੀਂ ਕੀਤਾ ਜਾਏਗਾ।

---

## SHIFTING OF SUB-CENTRES

*3744. **Master Dalip Chand**: Will the Minister of State for Health and Family Planning be pleased to state whether the Government propose to shift the Sub Centres from the villages which have already been provided with Rural Dispensaries to other villages ?

**Sardar Balbir Singh** : There is no proposal to shift the Sub Centres from the villages, where rural dispensaries have been provided, to other villages.

**ਮਾਸਟਰ ਦਲੀਪ ਚੰਦ** : ਮੈਂ ਮੰਤਰੀ ਸਾਹਿਬ ਤੋਂ ਪੁਛਣਾ ਚਾਹੁੰਦ ਹਾਂ ਕਿ ਜਿਨ੍ਹਾਂ ਪਿੰਡਾਂ ਵਿਚ ਰੂਰਲ ਡਿਸਪੈਂਸਰੀਆਂ ਪਹਿਲਾਂ ਚਲ ਰਹੀਆਂ ਹਨ ਉਥੇ ਸਟਾਫ਼ ਆਲਰੈਡੀ ਹੁੰਦਾ ਹੈ, ਉਥੇ ਇਕ ਏ.ਐਨ.ਐਮ. ਓ. ਹੁੰਦਾ ਹੈ। ਇਹ ਜਿਹੜੇ ਸਬ—ਸੈਂਟਰਜ਼ ਹਨ ਕੀ ਇਹ ਦੂਸਰੇ ਪਿੰਡਾਂ ਵਿਚ ਖੋਲ੍ਹੇ ਜਾਣਗੇ ਤਾਂ ਕਿ ਹੋਰਾਂ ਪਿੰਡਾਂ ਨੂੰ ਵੀ ਇਸ ਦਾ ਲਾਭ ਹੋ ਸਕੇ?

**ਰਾਜ ਮੰਤਰੀ** : ਸਪੀਕਰ ਸਾਹਿਬ, ਸਾਡੀ ਇਹ ਜਿਹੜੀ ਫਿਫਥ ਫਾਈਵ ਈਅੱਰ ਪਲਾਨ ਹੈ ਇਸ ਵਿਚ ਪ੍ਰੋਵੀਜ਼ਨ ਰਖਿਆ ਗਿਆ ਹੈ ਕਿ ਸੱਬ-ਸੈਂਟਰਜ਼ ਨੂੰ ਅੱਪ ਗਰੇਡ ਕਰਨਾ ਹੈ। ਜਿਹੜੇ ਸੱਬ-ਸੈਂਟਰਜ਼ ਖੋਲ੍ਹਣੇ ਹਨ ਇਹ ਅਵੇਲੇਬਿਲਟੀ ਆਫ਼ ਫ਼ੰਡਜ਼ ਦੇ ਮੁਤਾਬਕ ਖੋਲ੍ਹੇ ਜਾਂ ਸਕਦੇ ਹਨ। ਇਸ ਸਾਲ ਅਸੀਂ 30 ਸੱਬ—ਸੈਂਟਰਜ਼ ਅਗਲੇ ਮਹੀਨੇ ਅੱਪ-ਗਰੇਡ ਕਰਨੇ ਹਨ ਅਤੇ 70 ਹੋਰ ਇਸ ਸਾਲ ਕਰਨੇ ਹਨ ਉਹ ਵੀ ਹੋ ਜਾਣਗੇ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼:** ਮੈਂ ਸਿਹਤ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਕ ਸਕੀਮ ਬਣਾਈ ਸੀ ਕਿ ਜਿਹੜੇ ਪ੍ਰਾਇਮਰੀ ਹੈਲਥ ਸੈਂਟਰਜ਼ ਹਨ ਉਨ੍ਹਾਂ ਨੂੰ ਦੋ ਹਿਸਿਆਂ ਵਿਚ ਵੰਡਿਆ ਗਿਆ ਹੈ ਇਕ ਫ਼ੈਮਲੀ ਪਲਾਨਿੰਗ ਅਤੇ ਇਕ ਦੂਜਾ। ਇਹ ਸਕੀਮ ਇਨ੍ਹਾਂ ਦੀ ਕਿਸ ਸਟੇਜ ਤੇ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜੇ ਸਦਨ ਦਾ ਰਿਕਾਰਡ ਵੇਖਿਆ ਜਾਵੇ ਤਾਂ ਇਸ ਦਾ ਜਵਾਬ ਕਈ ਦਫ਼ਾ ਦਿਤਾ ਜਾ ਚੁਕਾ ਹੈ। ਜਿਹੜੀ ਫ਼ੈਮਲੀ ਪਲਾਨਿੰਗ ਵਾਲੀ ਸਕੀਮ ਸੀ ਉਸ ਦੇ ਲਈ ਗੌਰਮੈਂਟ ਆਫ਼ ਇੰਡੀਆ ਨੇ ਫ਼ੀਡ ਕਰਨਾ ਸੀ। ਅਸੀਂ ਉਨ੍ਹਾਂ ਨੂੰ ਤਜਵੀਜ਼ ਭੇਜੀ ਸੀ ਉਹ ਨਾ ਮੰਨਜ਼ੂਰ ਹੋ ਚੁਕੀ ਹੈ ਇਸ ਲਈ ਹੁਣ ਕੋਈ ਐਸੀ ਪ੍ਰੋਪੋਜ਼ਲ ਨਹੀਂ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬੇਅੰਤ ਸਿੰਘ** : ਸਪੀਕਰ ਸਾਹਿਬ, ਇਹ ਅੱਛੀ ਗੱਲ ਹੈ ਕਿ ਸੱਬ-ਸੈਂਟਰਜ਼ ਨੂੰ ਅੱਪਗਰੇਡ ਕਰ ਰਹੇ ਹਨ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਹਰ ਇਕ ਪ੍ਰਾਈਮਰੀ ਸੈਂਟਰ ਵਿਚ ਐਕਸਰੇ ਪਲਾਂਟ ਪ੍ਰੋਵਾਈਡ ਕੀਤਾ ਜਾਏਗਾ?

**ਰਾਜ ਮੰਤਰੀ** : ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਜੀ ਦਾ ਸੁਝਾ ਬੜਾ ਅੱਛਾ ਹੈ । ਜਿਸ ਤਰ੍ਹਾਂ ਫੰਡਜ਼ ਮਿਲਦੇ ਰਹਿਣਗੇ ਅਸੀਂ ਕੰਮ ਕਰਦੇ ਜਾਵਾਂਗੇ । ਹਾਲੇ ਤਾਂ ਤਹਿਸੀਲਾਂ ਦੇ ਜਿਹੜੇ ਹਸਪਤਾਲ ਹਨ ਉਨ੍ਹਾਂ ਦੀ ਐਕਸਟੈਨਸ਼ਨ ਕਰਨੀ ਹੈ, ਉਨ੍ਹਾਂ ਲਈ ਐਕਸਰੇ ਪਲਾਂਟਸ ਚਾਹੀਦੇ ਹਨ । ਜੇ ਫ਼ੰਡ ਮਿਲਦੇ ਰਹੇ ਅਸੀਂ ਕਰਦੇ ਜਾਵਾਂਗੇ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਸਪੀਕਰ ਸਾਹਿਬ, ਮੰਤਰੀ ਮਹੋਦਯ ਨੇ ਕਿਹਾ ਹੈ ਕਿ ਹਸ—ਪਤਾਲ ਅੱਪਗਰੇਡ ਕਰਨੇ ਹਨ । ਕੀ ਇਹ ਕ੍ਰਿਪਾ ਕਰਕੇ ਦਸਣਗੇ ਕਿ ਖੰਨਾ ਬਹੁਤ ਵੱਡੀ ਮੰਡੀ ਹੈ ਉਥੇ ਦਾ ਜਿਹੜਾ ਹਸਪਤਾਲ ਹੈ ਉਹ ਨਾਕਾਰਾ ਹੈ, ਕੀ ਉਧਰ ਵੀ ਧਿਆਨ ਦੇਣਗੇ ? ਮੈਂ ਤਿੰਨ ਸਾਲਾਂ ਤੋਂ ਬੇਨਤੀ ਕਰ ਰਿਹਾ ਹਾਂ ।

**ਰਾਜ ਮੰਤਰੀ** : ਅਸੀਂ ਉਸ ਨੂੰ ਐਕਸਕਲੂਡ ਨਹੀਂ ਕੀਤਾ ਹੋਇਆ ਜੀ ।

**ਸਰਦਾਰ ਉਜਾਗਰ ਸਿੰਘ** : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਪਿੰਡ ਤਖਾਣਵਾਲਾ ਵਿਚ ਆਲਰੈਡੀ ਡਿਸਪੈਂਸਰੀ ਹੈ । ਉਥੇ ਐਕਸਰੇ ਪਲਾਂਟ ਲਾਉਣ ਵਾਸਤੇ ਪਿੰਡ ਵਾਲਿਆਂ ਨੇ ਰੈਜ਼ੋਲਿਉਸ਼ਨ ਕਰਕੇ ਭੇਜਿਆ ਹੋਇਆ ਹੈ ਅਤੇ ਕਿਹਾ ਹੈ ਕਿ ਉਹ ਬਿਲਡਿੰਗ ਵੀ ਬਣਾ ਕੇ ਦੇ ਦੇਣਗੇ । ਕੀ ਵਜ਼ੀਰ ਸਾਹਿਬ ਉਥੇ ਐਕਸਰੇ ਪਲਾਂਟ ਦੇਣ ਲਈ ਯਕੀਨ ਦਿਲਾਉਣਗੇ?

**ਰਾਜ ਮੰਤਰੀ** : ਯਕੀਨ ਵਾਲੀ ਗੱਲ ਨਹੀਂ। ਉਥੇ ਵੇਖਾਂਗੇ ਕਿ ਲੋੜ ਹੈ ਜਾਂ ਨਹੀਂ, ਜੇ ਲੋੜ ਹੋਈ ਤਾਂ ਉਸ ਤੇ ਵਿਚਾਰ ਕਰ ਲਵਾਂਗੇ ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਨਵੇਂ ਸੱਬ—ਸੈਂਟਰ ਖੋਹਲਣੇ ਹਨ ਅਤੇ ਜਿਹੜੇ ਬਾਰਡਰ ਦੇ ਵੱਡੇ ਪਿੰਡ ਹਨ, ਕੀ ਉਨ੍ਹਾਂ ਨੂੰ ਪਹਿਲ ਦਿਤੀ ਜਾਏਗੀ?

**ਰਾਜ ਮੰਤਰੀ** : ਇਸ ਸਰਕਾਰ ਨੇ ਬੇਟ ਏਰੀਆ, ਬਾਰਡਰ ਏਰੀਆ ਅਤੇ ਸੱਬ-ਮਾਉਂਟੇਨਸ ਏਰੀਆ ਨੂੰ ਹਰ ਚੀਜ਼ ਲਈ ਤਰਜੀਹ ਦਿਤੀ ਹੈ । ਜਿਹੜਾ ਫ਼ੈਸਲਾ ਕਮੇਟੀ ਦਾ ਹੈ ਉਸ ਦੇ ਮੁਤਾਬਕ ਜਿਹੜੀ ਹੈਲਥ ਡਿਪਾਰਟਮੈਂਟ ਦੀ ਸਕੀਮ ਹੈ ਉਸ ਦੇ ਮੁਤਾਬਕ ਤਰਜੀਹ ਦਿਤੀ ਜਾਏਗੀ ।

---

## DUTY HOURS FOR NURSES IN THE GOVERNMENT HOSPITALS IN THE STATE

***3725. Comrade Satya Pal Dang** : Will the Minister of State for Health and Family Planning be pleased to state :—

(a) the system of duty hours of nurses in the Government Hospitals in the State together with the number of hours a nurse is required to work (i) per day and (ii) per week;

(b) whether the Government have under consideration any proposal to restrict their duty to 48 hours a week and to introduce any special night allowance for night duty;

Original with;
Punjab Vidhan Sabha
Digitized by;
Panjab Digital Library

(c) whether the nurses are entitled to medical leave, if not, the reasons therefor;

(d) the names of the Government Hospitals in the State, which have Balwaries for the children of married nurses, lady doctors and other married women employees ?

**Sardar Balbir Singh** : (a) Nurses remain on duty by rotation, round the clock, in the Government Hospitals, in the State. A Nurse is required to work (i) 8 hours per day, divided into 2 spells of 4 hours each and (ii) 48 hours a week. For 48 hours of duty in a week one off day is allowed. Two off nights are given in a week to nurses performing night duty whose spell is twelve hours;

(b) Duty of Nurses is already restricted to 48 hours in a week and there is no proposal under consideration to introduce any special night allowance for night duty;

(c) Yes, Sir, Nurses are entitled to Medical leave like other Government employees;

(d) None of the Government Hospitals in the State has Balwaries for the children of married Nurses, Lady Doctors and other women employees.

**ਕਾਮਰੇਡ ਸੱਤ ਪਾਲ ਡਾਂਗ** : ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਗਲ ਦੀ ਰੋਸ਼ਨੀ ਵਿਚ ਕਿ ਨਰਸਾਂ ਦੀ ਜਿਹੜੀ 8 ਘੰਟਿਆਂ ਦੀ ਡਿਊਟੀ ਹੈ ਉਹ ਤੋੜ ਕੇ 4—4 ਘੰਟੇ ਕੀਤੀ ਜਾਂਦੀ ਹੈ ਜਿਹੜਾ ਟੋਟਲ ਸਟਰੈਚ ਹੈ ਉਹ 12 ਘੰਟਿਆਂ ਤੋਂ ਵੱਧ ਹੋ ਜਾਂਦਾ ਹੈ ਅਤੇ ਰਾਤ ਨੂੰ ਲਗਾਤਾਰ 12 ਘੰਟੇ ਡਿਊਟੀ ਲਈ ਜਾਂਦੀ ਹੈ ਅਤੇ ਇਹ ਕਹਿੰਦੇ ਹਨ ਕਿ ਬਾਅਦ ਵਿਚ ਦੋ ਦਿਨ ਰੈਸਟ ਦੇ ਦਿਤਾ ਜਾਂਦਾ ਹੈ । ਉਨ੍ਹਾਂ ਦੇ ਗਰੇਡ ਬੜੇ ਥੋੜ੍ਹੇ ਹਨ ਕਿਉਂਕਿ ਉਨ੍ਹਾਂ ਨੂੰ ਮੈਟ੍ਰਿਕ ਤੋਂ ਬਾਅਦ 3 ਸਾਲ ਦਾ ਕੋਰਸ ਕਰਨਾ ਪੈਂਦਾ ਹੈ । ਇਹ ਜਿਹੜਾ ਪ੍ਰੋਫੈਸ਼ਨ ਹੈ ਅਟ੍ਰੈਕਟਿਵ ਨਹੀਂ ਹੋ ਰਿਹਾ ਅਤੇ ਨਰਸਾਂ ਨੌਕਰੀਆਂ ਛੱਡ ਕੇ ਦੂਸਰੇ ਦੇਸ਼ਾਂ ਵਿਚ ਜਾ ਰਹੀਆਂ ਹਨ । ਕੀ ਮਨਿਸਟਰ ਸਾਹਿਬ ਉਨ੍ਹਾਂ ਦੇ ਗਰੇਡ ਅਤੇ ਸਰਵਿਸ ਕੰਡੀਸ਼ਨਜ਼ ਇੰਪਰੂਵ ਕਰਨ ਤੇ ਵਿਚਾਰ ਕਰਨਗੇ?

**ਰਾਜ ਮੰਤਰੀ** : ਸਪੀਕਰ ਸਾਹਿਬ, ਜੋ ਡਾਂਗ ਸਾਹਿਬ ਨੇ ਕਿਹਾ ਹੈ ਕਿ ਨਰਸਾਂ ਨੌਕਰੀਆਂ ਛੱਡ ਕੇ ਬਾਹਰਲੇ ਦੇਸ਼ਾਂ ਨੂੰ ਜਾ ਰਹੀਆਂ ਹਨ ਮੈਂ ਉਨ੍ਹਾਂ ਨਾਲ ਸਹਿਮਤ ਨਹੀਂ ਹਾਂ । ਇਹ ਕੋਈ ਆਂਕੜੇ ਦੱਸਣ । ਸਾਡੇ ਕੋਲ ਉਨ੍ਹਾਂ ਦੇ ਕੋਈ ਰੈਜ਼ਿਗਨੇਸ਼ਨਜ਼ ਨਹੀਂ ਆ ਰਹੇ । ਅਸੀਂ ਟਰੇਨਿੰਗ ਲੈਣ ਵਾਲਿਆਂ ਨੂੰ ਬਾਹਰ ਜਾਣ ਤੇ ਰਸਟ੍ਰਿਕਸ਼ਨ ਲਗਾ ਰਹੇ ਹਾਂ । ਬਾਕੀ ਜਿਹੜੀ ਗਰੇਡ ਦੀ ਗੱਲ ਹੈ ਉਸ ਤੇ ਜ਼ਰੂਰ ਵਿਚਾਰ ਕਰਾਂਗੇ ।

**Chaudhri Darshan Singh** : May I know from the hon'ble Minister what are the reasons when the other Government employees work only for five days in a week, the nurses work for six days in a week ?

**Minister of State for Health and Family Planning** : It depends upon the nature of the work.

Original with;
Punjab Vidhan Sabha
Digitized by;
Panjab Digital Library

[Minister of State for Health and Family Planning]

ਸਪੀਕਰ ਸਾਹਿਬ ਡਾਕਟਰ ਨੂੰ ਕਿਸੇ ਵਕਤ ਵੀ ਰਾਤ ਨੂੰ ਲੋੜ ਪਵੇ ਤਾਂ ਬੁਲਾਇਆ ਜਾ ਸਕਦਾ ਹੈ। ਉਸ ਵਕਤ ਇਹ ਤਾਂ ਉਹ ਨਹੀਂ ਕਹਿ ਸਕਦਾ ਕਿ ਇਸ ਵੇਲੇ ਮੇਰੀ ਡਿਊਟੀ ਨਹੀਂ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਗਰੇਡ ਇਨ੍ਹਾਂ ਦੇ ਵਧਾਉਣ ਬਾਰੇ ਵਿਚਾਰ ਕਰਾਂਗੇ। ਇਹ ਬੜੀ ਚੰਗੀ ਗੱਲ ਹੈ। ਇਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਕਿਸੇ ਦੀ ਡਿਊਟੀ 8 ਘੰਟੇ ਰੋਜ਼ ਤੋਂ ਵੱਧ ਨਹੀਂ ਹੁੰਦੀ। ਇੱਕ ਇੱਕ ਸਪੈਲ 4 ਘੰਟੇ ਦਾ ਹੁੰਦਾ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਟੋਟਲ ਸਟਰੈਚ ਇਸ ਦਾ ਕਿਤਨਾ ਹੁੰਦਾ ਹੈ। ਜਿਸ ਵੇਲੇ ਡਿਊਟੀ ਸ਼ੁਰੂ ਹੁੰਦੀ ਹੈ ਅਤੇ ਜਿਸ ਵੇਲੇ ਖ਼ਤਮ ਹੁੰਦੀ ਹੈ ਉਹ ਟੋਟਲ ਸਪਰੈਡ ਓਵਰ ਕਿਤਨਾ ਬਣਦਾ ਹੈ? ਅਗਰ ਉਹ ਅਨ-ਰੀਜ਼ਨੇਬਲ ਹੈ ਤਾਂ ਕੀ ਇਹ ਹੋਰ ਨਰਸਾਂ ਰੱਖ ਕੇ ਇਸ ਚੀਜ਼ ਦਾ ਧਿਆਨ ਰਖਣਗੇ ਕਿ ਉਨ੍ਹਾਂ ਦੀ ਡਿਊਟੀ ਅਗਰ 8 ਘੰਟੇ ਦੀ ਹੈ ਤਾਂ ਟੋਟਲ ਸਪਰੈਡ ਓਵਰ 9 ਘੰਟੇ ਤੋਂ ਵੱਧ ਨਾ ਹੋਵੇ ਅਤੇ ਦੋਨੋਂ ਡਿਊਟੀਆਂ ਵਿੱਚ ਸਿਰਫ ਇੱਕ ਘੰਟੇ ਦੀ ਬਰੇਕ ਹੋਵੇ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਦਾ ਜਵਾਬ ਮੈਂ ਪਹਿਲਾਂ ਦੇ ਚੁਕਾ ਹਾਂ। ਜਿਨ੍ਹਾਂ ਨਰਸਾਂ ਦੀ ਨਾਈਟ ਡਿਊਟੀ ਹੁੰਦੀ ਹੈ ਉਨ੍ਹਾਂ ਨੂੰ 12 ਘੰਟੇ ਦੀ ਡਿਊਟੀ ਦੇਣੀ ਪੈਂਦੀ ਹੈ ਤਾਂ ਜੋ ਦੋ ਔਫ ਡੇਜ਼ ਉਨ੍ਹਾਂ ਨੂੰ ਦਿੱਤੇ ਜਾਂਦੇ ਹਨ। ਫਿਰ ਵੀ ਇਸ ਤੇ ਅਸੀਂ ਹਮਦਰਦੀ ਨਾਲ ਵਿਚਾਰ ਕਰਾਂਗੇ। ਗਰੇਡਾਂ ਦੇ ਕੇਸ ਦੇ ਨਾਲ ਇਸ ਚੀਜ਼ ਨੂੰ ਵੀ ਐਗਜ਼ਾਮਿਨ ਕਰ ਲਵਾਂਗੇ।

**ਸਰਦਾਰ ਦਰਬਾਰਾ ਸਿੰਘ:** ਸਪੀਕਰ ਸਾਹਿਬ, ਇਸ ਗੱਲ ਨੂੰ ਮੁੱਖ ਰੱਖ ਕੇ ਕਿ ਨਰਸਾਂ ਦੀ ਸਾਡੇ ਹਸਪਤਾਲਾਂ ਵਿੱਚ ਵੀ ਅਤੇ ਬਾਹਰਲੇ ਦੇਸ਼ਾਂ ਵਿੱਚ ਵੀ ਬੜੀ ਮੰਗ ਹੈ, ਕੀ ਵਜ਼ੀਰ ਸਾਹਿਬ, ਹੋਰ ਨਰਸਿੰਗ ਟਰੇਨਿੰਗ ਦੇ ਸਕੂਲਜ਼ ਖੋਲਣਗੇ?

**ਰਾਜ ਮੰਤਰੀ** : ਸਪੀਕਰ ਸਾਹਿਬ, ਅਸੀਂ ਤਾਂ ਚਾਹੁੰਦੇ ਹਾਂ ਕਿ ਹਰ ਪਿੰਡ ਵਿੱਚ ਡਿਸਪੈਂਸਰੀ ਖੁਲ੍ਹੇ। ਫਾਈਨਾਂਸ ਦੀ ਅਵੇਲੇਬਿਲਟੀ ਤੇ ਇਹ ਚੀਜ਼ ਮੁਨਹੱਸਰ ਕਰਦੀ ਹੈ। ਫਿਰ ਵੀ ਇਸ ਚੀਜ਼ ਨੂੰ ਐਗਜ਼ਾਮਿਨ ਕਰ ਲਵਾਂਗੇ।

**ਸ੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਰੋਜ਼ ਦੇ 8 ਘੰਟੇ ਡਿਊਟੀ ਦੇ ਹਿਸਾਬ ਨਾਲ 6 ਦਿਨਾਂ ਦੀ 48 ਘੰਟੇ ਬਣਦੀ ਹੈ। ਮੈਂ ਇਨ੍ਹਾਂ ਤੋਂ ਆਪ ਜੀ ਦੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਕੋਲ ਸ਼ਿਕਾਇਤਾਂ ਆਈਆਂ ਹਨ ਕਿ ਜਿਥੇ ਵੱਡੇ ਹਸਪਤਾਲ ਹਨ ਉਥੇ ਮੈਡੀਕਲ ਸੁਪਰਡੰਟ ਸਰਕਾਰ ਦੀਆਂ ਇਨਸਟਰਕਸ਼ਨਜ਼ ਤੇ ਅਮਲ ਨਹੀਂ ਕਰਦੇ। ਉਥੇ ਅਨਨਸੈਸਰਲੀ ਇਨ੍ਹਾਂ ਨੂੰ ਹੈਰਾਸ ਕਰਦੇ ਹਨ। ਜੇ ਉਹ ਸਰਕਾਰ ਨੂੰ ਰਿਪਰੇਜ਼ੰਟੇਸ਼ਨ ਭੇਜਦੀਆਂ ਹਨ ਤਾਂ ਉਨ੍ਹਾਂ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਰਾਜਿੰਦਰਾ ਹਸਪਤਾਲ ਦਾ ਕੇਸ ਇਨ੍ਹਾਂ ਦੇ ਨੋਟਿਸ ਵਿੱਚ ਹੋਵੇਗਾ।

**ਰਾਜ ਮੰਤਰੀ** : ਮੇਰੇ ਨੋਟਿਸ ਵਿਚ ਇਹ ਨਹੀਂ ਆਇਆ। ਇਸ ਚੀਜ਼ ਤੇ ਗੌਰ ਕਰ ਲਵਾਂਗੇ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਇਸ ਗੱਲ ਦੇ ਪੇਸ਼ੇਨਜ਼ਰ ਕਿ ਸਰਕਾਰੀ ਹਸਪਤਾਲਾਂ ਵਿੱਚ ਬਹੁਤ ਭਾਰੀ ਸੰਖਿਆ ਵਿੱਚ ਲੇਡੀ ਡਾਕਟਰ ਅਤੇ ਨਰਸਾਂ ਕੰਮ ਕਰਦੀਆਂ ਹਨ ਪਿਛਲਾ ਸਾਲ ਇੰਟਰਨੇਸ਼ਨਲ ਵੂਮਨ ਈਅਰ ਸੀ ਅਤੇ ਇਸ ਸਾਲ ਤੋਂ ਵੂਮਨ ਡਿਕੇਡ ਚਲ ਰਿਹਾ ਹੈ। ਕੀ ਸਰਕਾਰ ਹਸਪਤਾਲਾਂ ਵਿਚ ਬਾਲਵਾੜੀਆਂ ਖੋਲ੍ਹੇਗੀ ਤਾਂ ਕਿ ਉਥ ਕੰਮ ਕਰਨ ਵਾਲੀਆਂ ਨਰਸਾਂ ਤੇ ਲੇਡੀ ਡਾਕਟਰਾਂ ਨੂੰ ਕੰਮ ਕਰਨ ਵਿਚ ਸਹੂਲਤ ਹੋਵੇ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਹੈਲਥ ਡਿਪਾਰਟਮੈਂਟ ਇੱਕ ਸਰਵਿਸ ਡਿਪਾਰਟਮੈਂਟ ਹੈ । ਲੋਕਾਂ ਦੀ ਸੇਵਾ ਇਸ ਦਾ ਮੰਤਵ ਹੈ । ਅਸੀਂ ਹਰ ਪਿੰਡ ਵਿੱਚ ਡਿਸਪੈਂਸਰੀ ਖੋਲ੍ਹਣਾ ਚਾਹੁੰਦੇ ਹਾਂ । ਮੈਂ ਤਾਂ ਚਾਹੁੰਦਾ ਹਾਂ ਕਿ ਹਰ ਜਗ੍ਹਾ ਬਾਲਵਾੜੀਆਂ ਦਾ ਇੰਤਜ਼ਾਮ ਹੋਵੇ। ਪਰ ਜਿਸ ਤਰ੍ਹਾਂ ਆਰਥਿਕ ਹਾਲਤ ਇਜਾਜ਼ਤ ਦਿੰਦੀ ਹੈ ਉਸ ਦੇ ਮੁਤਾਬਿਕ ਅਸੀਂ ਸਾਰੀਆਂ ਫੈਸਿਲਟਿਜ਼ ਜ਼ਰੂਰ ਦੇਵਾਂਗੇ ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਮੇਰਾ ਮੁੜ ਕੇ ਉਹੀ ਸਵਾਲ ਹੈ । ਬਾਕੀ ਸਰਕਾਰ ਦੇ ਮੁਲਾਜ਼ਮ ਹਫਤੇ ਦੇ ਵਿੱਚ 40 ਘੰਟੇ ਕੰਮ ਕਰਦੇ ਹਨ । ਪਰ ਨਰਸਾਂ ਹਫਤੇ ਵਿੱਚ 48 ਘੰਟੇ ਕੰਮ ਕਰ ਦੀਆਂ ਹਨ। ਕੀ ਸਰਕਾਰ ਉਨ੍ਹਾਂ ਨੂੰ 8 ਘੰਟੇ ਦਾ ਓਵਰ ਟਾਈਮ ਦੇਣ ਨੂੰ ਤਿਆਰ ਹੈ ਜਾਂ ਹੋਰ ਜ਼ਿਆਦਾ ਨਰਸਾਂ ਰੱਖਣ ਨੂੰ ਤਿਆਰ ਹੈ ਤਾਂ ਕਿ ਉਨ੍ਹਾਂ ਦੇ ਡਿਊਟੀ ਆਵਰਜ਼ ਘੱਟ ਜਾਣ ?

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਇਸ ਦਾ ਜਵਾਬ ਦੇ ਚੁਕਾ ਹਾਂ । ਇਹ ਨੇਚਰ ਆਫ ਡਿਊਟੀ ਤੇ ਡਿਪੈਂਡ ਕਰਦਾ ਹੈ। ਚੌਧਰੀ ਸਾਹਿਬ ਨੂੰ ਆਪ ਡਾਕਟਰ ਦੀ ਕਈ ਵਾਰੀ ਲੋੜ ਹੁੰਦੀ ਹੈ। ਉਥੇ ਵੀ ਇਹ ਕਹਿਣਗੇ ਕਿ ਡਾਕਟਰ ਨੂੰ ਓਵਰ ਟਾਈਮ ਦਿੱਤਾ ਜਾਵੇ । ਜਿਹੜੀਆਂ ਉਨ੍ਹਾਂ ਦੀਆਂ ਜੈਨੂਅਨ ਤਕਲੀਫਾਂ ਹਨ ਉਨ੍ਹਾਂ ਤੇ ਸਰਕਾਰ ਜ਼ਰੂਰ ਹਮਦਰਦੀ ਨਾਲ ਵਿਚਾਰ ਕਰੇਗੀ ।

———

ਰਾਜ ਵਿਚ ਕਤਲ, ਜਬਰ—ਜਿਨਾਹ ਅਤੇ ਡਾਕੇ ਦੇ ਕੇਸ

*3714 **ਕਾਮਰੇਡ ਸੱਤ ਪਾਲ ਡਾਂਗ** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ :—

ੳ) 1975 ਦੇ ਪਹਿਲੇ 6 ਮਹੀਨਿਆਂ ਦੇ ਦੌਰਾਨ ਅਤੇ 1973, 1974 ਅਤੇ 1976 ਦੇ ਇਸ ਸਮੇਂ ਦੇ ਦੌਰਾਨ ਰਾਜ ਵਿਚ ਕਿੰਨੇ ਕਤਲ, ਜਬਰ—ਜਿਨਾਹ ਹੋਏ ਅਤੇ ਕਿੰਨੇ ਡਾਕੇ ਪਏ ;

ਅ) 1 ਜੁਲਾਈ, 75 ਤੋਂ 31 ਦਸੰਬਰ, 75 ਦੇ ਸਮੇਂ ਦੇ ਦੌਰਾਨ ਅਤੇ 1973 ਅਤੇ 1974 ਦੇ ਇਸੇ ਸਮੇਂ ਦੇ ਦੌਰਾਨ ਰਾਜ ਵਿਚ ਕਿੰਨੇ ਕਤਲ, ਜਬਰ—ਜਿਨਾਹ ਹੋਏ ਅਤੇ ਕਿੰਨੇ ਡਾਕੇ ਪਏ;

ੲ) ਸਾਲ 1975 ਦੇ ਦੌਰਾਨ ਰਾਜ ਵਿਚ 'ਬਲੀ' ਵਜੋਂ ਜਾਂ ਕਿਸੇ ਹੋਰ ਕਾਰਨ ਕਰਕੇ 12 ਸਾਲ ਤੋਂ ਘੱਟ ਉਮਰ ਦੇ ਕਿੰਨੇ ਬੱਚੇ ਕਤਲ ਹੋਏ;

ਸ) ਸਾਲ 1976 ਤੋਂ ਹੁਣ ਤਕ ਦੇ ਸਮੇਂ ਦੇ ਦੌਰਾਨ ਰਾਜ ਵਿਚ 'ਬਲੀ' ਵਜੋਂ ਜਾਂ ਕਿਸੇ ਹੋਰ ਕਾਰਨ ਕਰਕੇ ਅਜਿਹੇ ਕਿੰਨੇ ਬੱਚੇ ਕਤਲ ਹੋਏ;

ਹ) ਸਾਲ 1975 ਅਤੇ 1976 ਹੁਣ ਤਕ ਦੇ ਸਮੇਂ ਦੇ ਦੌਰਾਨ ਰਾਜ ਵਿਚ ਵਿਆਹ ਤੋਂ ਤਿੰਨ ਸਾਲ ਦੇ ਸਮੇਂ ਦੇ ਅੰਦਰ ਅੰਦਰ ਕਿੰਨੀਆਂ ਔਰਤਾਂ ਕਤਲ ਹੋਈਆਂ;

ਕ) ਸਾਲ 1975 ਅਤੇ 1976 ਹੁਣ ਤੱਕ ਦੇ ਸਮੇਂ ਦੇ ਦੌਰਾਨ ਰਾਜ ਵਿਚ ਕਿੰਨੀਆਂ ਔਰਤਾਂ ਨੇ ਆਪਣੇ ਵਿਆਹ ਤੋਂ ਤਿੰਨ ਸਾਲ ਦੇ ਸਮੇਂ ਦੇ ਅੰਦਰ ਅੰਦਰ ਆਤਮ ਹੱਤਿਆ ਕੀਤੀ ?

**ਮੁੱਖ ਸੰਸਦੀ ਸਕੱਤਰ** (ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ): ਇਸ ਸਵਾਲ ਦਾ ਜਵਾਬ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

ਸੂਚੀ

| ੳ) | | ਕਤਲ | ਜਬਰ—ਜਿਨਾਹ | ਡਾਕਾ(ਅਧੀਨ ਧਾਰਾ 395 ਭ:ਦ) |
|---|---|---|---|---|
| | 1975 | 310 | 57 | 3 |
| | 1973 | 369 | 58 | 6 |
| | 1974 | 305 | 43 | 1 |
| | 1976 | 273 | 54 | 1 |
| ਅ) | 1975 | 342 | 50 | 3 |
| | 1973 | 344 | 53 | 2 |
| | 1974 | 364 | 47 | 7 |

| ੲ) | | ਬਲੀ | ਕਤਲ ਕਿਸੇ ਹੋਰ ਕਾਰਣ ਕਰਕੇ |
|---|---|---|---|
| | 1975 | — | 16 |
| ਸ) | 1976 | 1 | 5 |
| ਹ) | 1975 | 8 ਕਤਲ | 1976—13 ਕਤਲ |
| ਕ) | 1975 | 13 ਆਤਮ—ਹੱਤਿਆਂ | 1976—5 ਆਤਮ—ਹੱਤਿਆਂ |

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ:** ਸਪੀਕਰ ਸਾਹਿਬ, ਜਿਹੜਾ ਜਵਾਬ ਮਨਿਸਟਰ ਸਾਹਿਬ ਨੇ ਦਿੱਤਾ ਹੈ ਉਸ ਤੋਂ ਇੱਕ ਗਲ ਪ੍ਰਗਟ ਹੁੰਦੀ ਹੈ ਕਿ ਔਰਤਾਂ ਦੇ ਵਿਰੁਧ ਜੁਰਮ ਇਸ ਸਾਲ ਵਿੱਚ ਵਧੇ ਹਨ। 1975 ਦੇ ਵਿੱਚ ਕਤਲ 8 ਹੋਏ ਸਨ ਜਦ ਕਿ ਹੁਣ 8 ਮਹੀਨਿਆਂ ਵਿਚ 13 ਹੋਏ ਹਨ । ਇਸੇ ਤਰ੍ਹਾਂ ਜਬਰ ਜਨਾਹ ਦੇ ਕੇਸ 74 ਵਿੱਚ 43 ਸਨ, 1975 ਵਿੱਚ 57 ਸਨ ਅਤੇ ਹੁਣ 8 ਮਹੀਨਿਆਂ ਵਿਚ 54 ਹੋ ਗਏ ਹਨ । ਮੈਂ ਤੁਹਾਡੇ ਰਾਹੀਂ ਚੀਫ ਪਾਰਲੀਮੈਂਟਰੀ ਸੈਕਟਰੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਔਰਤਾਂ ਦੇ ਵਿਰੁੱਧ ਜੁਰਮਾਂ ਦੇ ਵੱਧਣ ਦਾ ਕੀ ਕਾਰਣ ਹੈ ਅਤੇ ਇਸ ਨੂੰ ਰੋਕਣ ਲਈ ਕੀ ਉਚੇਚੇ ਕਦਮ ਲੈ ਰਹੇ ਹਨ?

**ਮੁੱਖ ਸੰਸਦੀ ਸਕੱਤਰ :** ਜਿਹੜੇ ਲੋਕ ਜੁਰਮ ਕਰਦੇ ਹਨ ਉਹ ਆਦੀ ਹੁੰਦੇ ਹਨ, ਉਨ੍ਹਾਂ ਨੂੰ ਘੱਟ ਵਧ ਜੁਰਮ ਨਾਲ ਤੁਅੱਲਕ ਨਹੀਂ ਹੁੰਦਾ । ਜਦੋਂ ਮਰਜ਼ੀ ਆ ਗਈ ਕਰ ਦਿੰਦੇ ਹਨ । ਅਸੀਂ ਇਸੇ ਲਈ ਗੁੰਡਾ ਗਰਦੀ ਰੋਕਣ ਦਾ ਐਕਟ ਬਣਾਇਆ ਹੈ ਤਾਂ ਕਿ ਇਨ੍ਹਾਂ ਜੁਰਮਾਂ ਨੂੰ ਘਟਾਇਆ ਜਾ ਸਕੇ ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ ਕੀ ਇਹ ਹਕੀਕਤ ਹੈ ਕਿ ਗੁੰਡਾ ਐਕਟ ਦਾ ਇਸ ਨਾਲ ਕੋਈ ਤੁਅੱਲਕ ਨਹੀਂ। ਪਿਛਲੇ ਦਿਨਾਂ ਵਿਚ ਔਰਤਾਂ ਦੇ ਖਿਲਾਫ ਜੁਰਮ ਵਧੇ ਹਨ। ਕੀ ਇਸ ਦਾ ਕਾਰਣ ਦਹੇਜ ਜਾਂ ਔਰਤਾਂ ਦੀ ਸੁਪਰੈਸ਼ਨ ਤਾਂ ਨਹੀਂ? ਕਈ ਔਰਤਾਂ ਦੀਆਂ ਜਥੇਬੰਦੀਆਂ ਨੇ ਮੰਗ ਕੀਤੀ ਹੈ, ਚੀਫ ਮਨਿਸਟਰ ਸਾਹਿਬ ਨੂੰ ਵੀ ਮਿਲੀਆਂ ਹਨ ਅਤੇ ਮੰਗ ਕੀਤੀ ਹੈ ਕਿ ਇੱਕ ਹਾਈ ਪਾਵਰਡ ਕਮਿਸ਼ਨ ਬਣਾਇਆ ਜਾਵੇ ਜਿਸ ਦੇ ਵਿੱਚ ਪੁਲਿਸ ਦੇ ਵੀ ਅਫਸਰ ਹੋਣ, ਔਰਤਾਂ ਦੇ ਨੁਮਾਇੰਦੇ ਵੀ ਹੋਣ ਕੁਝ ਲੈਜਿਸਲੇਟਰਜ਼ ਵੀ ਹੋਣ, ਤਾਂ ਕਿ ਉਹ ਔਰਤਾਂ ਦੇ ਖਿਲਾਫ ਵੱਧ ਰਹੇ ਜੁਰਮਾਂ ਨੂੰ ਘਟਾਉਣ ਸਬੰਧੀ ਕੋਈ ਰਿਕਮੈਂਡੇਸ਼ਨ ਕਰੇ ? ਕੀ ਸਰਕਾਰ ਇਸ ਚੀਜ਼ ਤੇ ਹਮਦਰਦੀ ਨਾਲ ਵਿਚਾਰ ਕਰੇਗੀ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਦਰਅਸਲ ਗਲ ਇਹ ਹੈ ਕਿ ਔਰਤਾਂ ਦੇ ਖਿਲਾਫ ਜੁਰਮਾਂ ਦੇ ਵਾਕਿਆਤ ਇਸ ਕਰਕੇ ਵੱਧ ਗਏ ਹਨ ਕਿਉਂਕਿ ਸਰਕਾਰ ਨੇ ਪਾਲਿਸੀ ਬਣਾਈ ਹੈ ਕਿ ਔਰਤਾਂ ਨੂੰ ਡੋਅਰੀ ਪਿਛੇ ਮਾਰਣ ਵਾਲੇ ਆਦਮੀਆਂ ਨੂੰ ਅਸੀਂ ਨਹੀਂ ਛੱਡਣਾ । ਤੁਹਾਨੂੰ ਯਾਦ ਹੋਵੇਗਾ ਕਿ ਇਸ ਦੇ ਲਈ ਅਸੀਂ ਸਪੈਸ਼ਲ ਪ੍ਰਬੰਧ ਕੀਤਾ ਹੈ । ਥਾਣੇਦਾਰ ਦੀ ਇਨਕੁਆਇਰੀ ਤੇ ਹੀ ਅਸੀਂ ਤਸੱਲੀ ਨਹੀਂ ਕਰਦੇ, ਡੀ. ਐਸ. ਪੀ. ਤਕ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ । ਫਿਰ ਮੌਤ ਦਾ ਇੱਕ ਡਾਕਟਰ ਵਲੋਂ ਹੋਇਆ ਮੁਆਇਨਾ ਵੀ ਅਸੀਂ ਨਹੀਂ ਮੰਨਦੇ, ਜੇ ਦੋ ਡਾਕਟਰ ਮੁਆਇਨਾਂ ਕਰਕੇ ਰਿਪੋਰਟ ਦੇਣ ਤਾਂ ਅਸੀਂ ਮੰਨਦੇ ਹਾਂ। ਇਸ ਤੋਂ ਲੋਕਾਂ ਦਾ ਹੌਸਲਾਂ ਵੱਧਿਆ ਹੈ ਅਤੇ ਸ਼ਕਾਇਤਾਂ ਵੀ ਸਾਮਣੇ ਆਈਆਂ ਹਨ । ਪਹਿਲਾਂ ਹਾਲ ਇਹ ਸੀ ਕਿ ਅਗਰ ਕੋਈ ਲੜਕੀ ਨੂੰ ਮਾਰ ਦਿੰਦੇ ਸਨ ਤਾਂ ਮਾਰਨ ਤੋਂ ਬਾਅਦ ਸਾਰੇ ਪਿੰਡ ਦੇ ਲੋਕਾਂ ਦੀ ਮਿੰਨਤ ਕਰਕੇ, ਹਸਪਤਾਲ ਦੇ ਕਰਮਚਾਰੀਆਂ ਦੀ ਮਿੰਨਤ ਕਰਕੇ ਇਹ ਕਹਿੰਦੇ ਸਨ ਕਿ ਮਰਣ ਵਾਲੀ ਤਾਂ ਮਰ ਗਈ, ਹੁਣ ਮੁੰਡੇ ਅਤੇ ਉਸਦੀ ਸੱਸ ਨੂੰ ਬਚਾਓ । ਇਸ ਕਰਕੇ ਵਾਕਿਆਤ ਸਾਮ੍ਹਣੇ ਨਹੀਂ ਸਨ ਆਉਂਦੇ । ਮੈਂ ਇਸ ਗਲ ਨਾਲ ਇਤਫਾਕ ਨਹੀਂ ਕਰਦਾ ਕਿ ਹਾਈ ਪਾਵਰਡ ਕਮਿਸ਼ਨ ਬਣਾਇਆ ਜਾਵੇ। ਹਾਈ ਪਾਵਰਡ ਕਮਿਸ਼ਨ ਸਰਕਾਰ ਤੋਂ ਹਾਈ ਪਾਵਰਡ ਨਹੀਂ ਹੋ ਸਕਦਾ ਕਿਉਂਕਿ ਸਰਕਾਰ ਖੁਦ ਇਸ ਵਲ ਤਵਜੋ ਦੇ ਰਹੀ ਹੈ । ਜਦੋਂ ਤਕ ਇਹ ਚੀਜ਼ ਮੁਕ ਨਹੀਂ ਜਾਂਦੀ ਅਸੀਂ ਆਪਣੀਆਂ ਕੋਸ਼ਿਸ਼ਾਂ ਜਾਰੀ ਰਖਾਂਗੇ। ਜਿਹੜੀਆਂ ਔਰਤਾਂ ਦੀਆਂ ਸੰਸਥਾਵਾਂ ਹਨ ਉਨ੍ਹਾਂ ਨੂੰ ਮੈਂ ਬੇਨਤੀ ਕਰਾਂਗਾ ਕਿ ਉਹ ਹਿੰਮਤ ਨਾਲ ਦਲੇਰੀ ਨਾਲ, ਇਨ੍ਹਾਂ ਚੀਜ਼ਾਂ ਦਾ ਪਤਾ ਦੇਣ । ਅਸੀਂ ਕਿਸੇ ਦਾ ਵੀ ਲਿਹਾਜ਼ ਨਹੀਂ ਕਰਾਂਗੇ ਭਾਵੇਂ ਉਹ ਵੱਡੇ ਤੋਂ ਵੱਡਾ ਅਫਸਰ ਜਾਂ ਵਿੱਅਕਤੀ ਕਿਉਂ ਨਾ ਹੋਵੇ । ਜਿਹੜਾ ਇਸ ਤਰ੍ਹਾਂ ਦੇ ਜੁਰਮ ਵਿੱਚ ਮਿਲਵਰਤਣ ਦੇਵੇਗਾ ਉਸ ਤੇ ਕਾਰਵਾਈ ਜ਼ਰੂਰ ਕੀਤੀ ਜਾਵੇਗੀ ।

**ਮਾਸਟਰ ਚੰਦ ਸਿੰਘ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਔਰਤਾਂ ਦੇ ਕਤਲਾਂ ਤੋਂ ਇਲਾਵਾ ਹੋਰ ਸਿਆਸੀ ਆਗੂਆਂ ਦੇ ਕਤਲ ਕੀਤੇ ਜਾਂਦੇ ਹਨ । ਜਿਸ ਤਰ੍ਹਾਂ 7 ਸਤੰਬਰ, 1976 ਨੂੰ ਜ਼ਿਲਾ ਕਮੇਟੀ ਦੇ ਸੀ. ਪੀ. ਐਮ. ਦੇ ਆਗੂ ਕਾਮਰੇਡ ਜਗਤਾਰ ਸਿੰਘ ਖਾਂਬੜਾ ਦਾ ਦਿਨ ਦਿਹਾੜੇ ਕਤਲ ਕੀਤਾ ਗਿਆ । ਇਸਦੇ ਬਾਰੇ ਸਰਕਾਰ ਕੀ ਕਰ ਰਹੀ ਹੈ?

**ਮੁੱਖ ਸੰਸਦੀ ਸਕੱਤਰ** : ਇਸ ਦੀ ਇਸ ਸੁਆਲ ਨਾਲ ਕੋਈ ਰੈਲਵੈਂਸੀ ਨਹੀਂ। ਇਹ ਫਰੈਸ਼ ਨੋਟਿਸ ਦੇ ਦੇਣ ਅਸੀਂ ਇਨਕੁਆਇਰੀ ਕਰ ਲਵਾਂਗੇ ।

**आचार्य पृथ्वी सिंह आज़ाद** : पार्लियामैंट्री सैक्रेटरी ने इस का प्रश्न का उत्तर देते हुए रेप के केसिज की जानकारी दी है । मैं स्पीकर साहिब आप के द्वारा यह पूछना चाहता हूं कि इन केसों में वह केस भी शामिल हैं जो 10, 15 दिन हुए लुधयाने की एक हरीजन लड़की के साथ पुलिस ने किया ?

**ਮੁੱਖ ਸੰਸਦੀ ਸੱਕਤਰ** : ਇਸ ਦੇ ਲਈ ਫਰੈਸ਼ ਨੋਟਿਸ ਦੇ ਦੇਣ । ਅਸੀਂ ਜਵਾਬ ਦੇ ਦਿਆਂਗੇ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਮੁੱਖ ਮੰਤਰੀ ਜੀ ਨੇ ਹੁਣ ਵੀ ਤੇ ਪਹਿਲਾਂ ਵੀ ਇਹ ਦੱਸਿਆ ਹੈ ਕਿ ਇਨ੍ਹਾਂ ਕੇਸਾਂ ਵਿਚ ਸਖ਼ਤ ਕਾਰਵਾਈ ਕੀਤੀ ਜਾਵੇਗੀ, ਇਹ ਵਿਸ਼ਵਾਸ਼ ਦਵਾਇਆ ਹੈ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਰੇਪ ਦੇ ਕੇਸ ਦਰਜ ਵੀ ਹੋ ਜਾਂਦੇ ਹਨ, ਉਹ ਬਾਅਦ ਵਿਚ ਲੋਕਲ ਅਫਸਰਾਂ ਨਾਲ ਬਾਰਸੂਖ ਆਦਮੀਆਂ ਨਾਲ ਰਲ ਕੇ, ਜਿਨ੍ਹਾਂ ਨੇ ਰੇਪ ਕੀਤਾ ਹੁੰਦਾ ਹੈ, ਨੂੰ ਕੇਸ ਨੂੰ ਖੁਰਦ ਬੁਰਦ ਕਰ ਦਿਤਾ ਜਾਂਦਾ ਹੈ । ਇਸ ਕਰਕੇ ਕੀ ਸੀ. ਪੀ. ਐਸ. ਇਸ ਗੱਲ ਦਾ ਯਕੀਨ ਦਵਾਉਣਗੇ ਕਿ ਕਮ-ਅਜ਼-ਕਮ ਜੇ ਅਦਾਲਤ ਵਿਚ ਰੇਪ ਦਾ ਕੇਸ ਸਾਬਤ ਹੋ ਜਾਂਦਾ ਹੈ ਤਾਂ ਕੀ ਉਨ੍ਹਾਂ ਅਫਸਰਾਂ ਦੇ ਖਿਲਾਫ ਕੋਈ ਸਖ਼ਤ ਕਾਰਵਾਈ ਕੀਤੀ ਜਾਵੇਗੀ ? ਕੋਈ ਵੀ ਇਸ ਕਿਸਮ ਦਾ ਜੁਰਮ ਜੋ ਸਰਕਾਰ ਦੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਨੋਟਿਸ ਵਿਚ ਆਵੇ ਅਤੇ ਉਸ ਨੂੰ ਹਸ਼ ਅਪ ਕੀਤਾ ਜਾ ਰਿਹਾ ਹੋਵੇ ਤਾਂ ਸਰਕਾਰ ਇਸ ਗਲ ਦੀ ਪਾਬੰਦ ਹੈ ਕਿ ਉਸ ਦੀ ਪੂਰੀ ਇਨਕੁਆਇਰੀ ਕਰਕੇ ਸਜ਼ਾ ਦਿਵਾਏ ।

**आचार्य पृथ्वी सिंह आज़ाद :** स्पीकर साहिब, मैं आप से प्रोटैक्शन चाहता हूं ।

**ਸ੍ਰੀ ਸਪੀਕਰ :** ਸਵਾਲ ਕਰੋ, ਪ੍ਰੋਟੈਕਸ਼ਨ ਤਾਂ ਹਰ ਵਕਤ ਹੀ ਰਹਿੰਦੀ ਹੈ ।

**आचार्य पृथ्वी सिंह आज़ाद :** कहा गया है कि सैपरेट नोटिस चाहिए । इस सवाल में तारीख 1976 की दी हुई है । 1976 का केस जो है वह इस में शामिल है कि नहीं ?

**ਮੁੱਖ ਸੰਸਦੀ ਸਕੱਤਰ :** ਡੇਟ ਵੀ ਲਿਖੀ ਹੈ, 1976 ਵੀ ਲਿਖਿਆ ਹੈ । ਇਸ ਸਵਾਲ ਵਿਚ ਕੋਈ ਪਾਰਟੀਕੁਲਰ ਕੇਸ ਨਹੀਂ ਪੁਛਿਆ ਗਿਆ, ਜਨਰਲ ਫਿਗਰਜ਼ ਪੁਛੀਆਂ ਗਈਆਂ ਹਨ । ਮੈਨੂੰ ਨਹੀਂ ਪਤਾ ਕਿ ਕੋਈ ਕੇਸ ਰਜਿਸਟਰ ਵੀ ਕਰਾ ਦਿਤਾ ਹੈ ਕਿ ਨਹੀਂ, ਇਨ੍ਹਾਂ ਨੂੰ ਇਲਮ ਹੋਵੇਗਾ ।

---

## CONSTRUCTION OF A MEMORIAL TO BABBAR AKALI RATTAN SINGH MARTYR

*3745. **Master Dalip Chand :** Will the Chief Minister be pleased to state whether the Government propose to construct a suitable memorial to Babbar Akali Rattan Singh Martyr of village Rakran Bet in Balachaur Assembly Constituency ?

**Sardar Gurcharan Singh Nihalsinghwala.** (Chief Parliamentary Secretary). The matter is under the consideration of the State Government.

**ਮਾਸਟਰ ਦਲੀਪ ਚੰਦ :** ਇਨ੍ਹਾਂ ਨੇ ਕਿਹਾ ਹੈ ਕਿ ਮਾਮਲਾ ਵਿਚਾਰ ਅਧੀਨ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬੱਬਰ ਅਕਾਲੀ ਰਤਨ ਸਿੰਘ ਨੇ ਸਾਮਰਾਜੀਆਂ ਦੇ ਖਿਲਾਫ ਬੜੀਆਂ ਕੁਰਬਾਨੀਆਂ ਕੀਤੀਆਂ ਹਨ ਤਾਂ ਕੀ ਸਰਕਾਰ ਉਨ੍ਹਾਂ ਦੇ ਪਿੰਡ, ਰੱਕੜਾਂ ਬੇਟ ਦੇ ਵਿਚ ਕੋਈ ਰੂਰਲ ਡਿਸਪੈਂਸਰੀ ਜਾਂ ਮਿਡਲ ਸਕੂਲ ਜਾਂ ਲਿੰਕ ਸੜਕ ਬਣਾਉਣ ਤੇ ਵਿਚਾਰ ਕਰੇਗੀ ?

**ਮੁੱਖ ਸੰਸਦੀ ਸਕੱਤਰ :** ਇਸ ਚੀਜ਼ ਨੂੰ ਕੰਨਸਿਡਰ ਕਰ ਲਵਾਂਗੇ । ਦੇਸ਼ ਭਗਤਾਂ ਦੀ ਕੁਰਬਾਨੀ ਨੂੰ ਮੁੱਖ ਰਖਦੇ ਹੋਏ ਜਿਥੇ ਵੀ ਕੋਈ ਚੀਜ਼ ਬਣਨੀ ਚਾਹੀਦੀ ਹੈ, ਉਸ ਤੇ ਜ਼ਰੂਰ ਗੌਰ ਕਰਾਂਗੇ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਸਪੀਕਰ ਸਾਹਿਬ, ਬੱਬਰ ਅਕਾਲੀ ਰਤਨ ਸਿੰਘ 1932 ਵਿਚ ਸ਼ਹੀਦ ਹੋਏ । ਅੰਗਰੇਜ਼ਾਂ ਦੀ 1800 ਫੌਜ ਦੇ ਮੁਕਾਬਲੇ ਵਿਚ ਲੜੇ । 7 ਘੰਟਿਆਂ ਵਿਚ ਉਨ੍ਹਾਂ ਨੇ 4—5 ਬੰਦੇ ਮਾਰ ਕੇ ਇਕ ਬਹੁਤ ਵੱਡੀ ਮਹਾਨ ਸ਼ਹੀਦੀ ਪ੍ਰਾਪਤ ਕੀਤੀ ਹੈ ਅਤੇ ਉਨ੍ਹਾਂ ਦਾ ਮੈਮੋਰੀਅਲ ਬਣਾਉਣ ਬਾਰੇ ਕੋਈ ਫੈਸਲਾ ਹੋਣਾ ਚਾਹੀਦਾ ਹੈ । ਇਸ ਦੇ ਨਾਲ ਹੀ ਜੋ ਹੋਰ ਪਰਾਮੀਨੈਂਟ ਸ਼ਹੀਦ ਹੋਏ ਹਨ, ਉਨ੍ਹਾਂ ਦੀ ਹਰ ਪਿੰਡ ਵਿਚ ਕੋਈ ਨਾ ਕੋਈ ਯਾਦਗਾਰ ਤੇ ਕੀ ਸਰਕਾਰ ਵਿਚਾਰ ਕਰੇਗੀ ?

**ਮੁੱਖ ਸੰਸਦੀ ਸਕੱਤਰ :** ਮੈਂ ਤਾਂ ਅਰਜ਼ ਕਰ ਦਿੱਤੀ ਹੈ ਕਿ ਜ਼ਰੂਰ ਗੌਰ ਕਰਾਂਗੇ ਅਤੇ ਇਨ੍ਹਾਂ ਸ਼ਹੀਦਾਂ ਦੇ ਸਤਿਕਾਰ ਵਿਚ ਜੋ ਕੁਝ ਵੀ ਕਰ ਸਕੇ ਸਰਕਾਰ ਜ਼ਰੂਰ ਕਰੇਗੀ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਪਿਆਰਾ ਰਾਮ ਧੰਨੋਵਾਲੀ** : ਮੁੱਖ ਸੰਸਦੀ ਸਕੱਤਰ ਸਾਹਿਬ ਨੇ ਮਾਸਟਰ ਦਲੀਪ ਚੰਦ ਜੀ ਦੇ ਸਵਾਲ ਦੇ ਜਵਾਬ ਵਿਚ ਕਿਹਾ ਅਤੇ ਮਾਸਟਰ ਜੀ ਨੇ ਡਿਸਪੈਂਸਰੀ, ਮਿਡਲ ਸਕੂਲ ਜਾਂ ਲਿੰਕ ਸੜਕ ਬਣਾਉਣ ਵਾਸਤੇ ਵੀ ਕਿਹਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹਰ ਪਿੰਡ ਨੂੰ ਲਿੰਕ ਸੜਕ ਨਾਲ ਜਦੋਂ ਸੜਕ ਬਣਾਉਣ ਦੀ ਵਾਰੀ ਆਵੇਗੀ ਤਾਂ ਜੋੜਿਆ ਜਾਵੇਗਾ ਜਾਂ ਪਹਿਲਾਂ ਇਹ ਕੰਮ ਕਰ ਦਿੱਤਾ ਜਾਵੇਗਾ, ਇਸ ਬਾਰੇ ਸਪੈਸਿਫਿਕ ਤੌਰ ਤੇ ਜਵਾਬ ਦਿਤਾ ਜਾਵੇ ?

**ਮੁਖ ਸੰਸਦੀ ਸਕੱਤਰ** : ਇਸ ਵਿਚ ਵਾਰੀ ਦਾ ਤੁਅਲੁਕ ਨਹੀਂ ਹੈ। ਜੋ ਕੁਝ ਵੀ ਵੱਧ ਤੋਂ ਵੱਧ ਦੇਸ਼ ਭਗਤਾਂ ਦੀ ਖਾਤਰ ਹੋਵੇਗਾ ਕਰਾਂਗੇ ਤੁਸੀਂ ਆਪਣਾ ਸਲਾਹ ਮਸ਼ਵਰਾ ਦੱਸ ਦੇਣਾ ਅਤੇ ਉਸ ਤੇ ਗੌਰ ਕਰਕੇ ਇਹ ਕੰਮ ਕੀਤਾ ਜਾਵੇਗਾ ।

**आचार्य पृथ्वी सिंह आज़ाद** : जब सरकार का यह निश्चित फैसला है कि देश भक्तों की यादगारें बनाई जानी हैं तो जिन देश भक्तों के अभी मैमोरियल नहीं बने उन के कब तक बन जाएंगे, क्योंकि कुछ तो बन गए हैं बाकी कब तक बनेंगे ?

**ਮੁੱਖ ਸੰਸਦੀ ਸਕੱਤਰ**: ਸਰਕਾਰ ਨੇ ਜੋ ਇਹ ਫੈਸਲਾ ਕੀਤਾ ਹੈ ਕਿ ਦੇਸ਼ ਭਗਤਾਂ ਦੀਆਂ ਯਾਦਗਾਰਾਂ ਬਣਾਉਣੀਆਂ ਹਨ, ਉਸ ਦੇ ਮੁਤਾਬਿਕ ਜੋ ਕੁਝ ਹੋ ਸਕੇਗਾ, ਜ਼ਰੂਰ ਕੀਤਾ ਜਾਵੇਗਾ।

---

## SUBMISSION OF RETURNS UNDER THE PUNJAB LAND REFORMS ACT, 1973

*3811 **Comrade Shamsher Singh Josh** : Will the Minister for Revenue and Elections be pleased to state :—

(a) the number of returns submitted by landlords under the Punjab Land Reforms Act, 1973 sub-division wise ;

(b) the number of the returns referred to in part (a) above which have been scrutinized together with the number of those pending scrutiny, sub-division-wise;

(c) the total area of land declared 'Surplus, sub-division-wise on the basis of returns so far scrutinized ?

**Sardar Umrao Singh** : (a), (b) and (c). A statement is laid on the table of the House.

**Statement Indicating the position as on 31st July, 1976**

| Sr. No. | Name of the Sub Division | Returns submitted by Land Owners | | | Returns Scrutinized | Returns pending for scrutiny | Land declared surplus (in hectares) |
|---|---|---|---|---|---|---|---|
| | | Voluntary | On official initiative | Total | | | |
| 1 | 2 | 3 | 4 | 5 | 6 | 7 | 8 |
| 1. | Amritsar | 1,592 | — | 1,592 | 1,469 | 123 | 29—40 |
| 2. | Patti | 585 | — | 585 | 536 | 49 | 14—05 |
| 3. | Ajnala | 1,067 | 3 | 1,070 | 986 | 84 | 102—29 |
| 4. | Taran Taran | 1,321 | 8 | 1,329 | 1,106 | 223 | 53—73 |

Original with;
Punjab Vidhan Sabha
Digitized by;
Panjab Digital Library

(Minister for Revenue and Elections)

| 1 | 2 | 3 | 4 | 5 | 6 | 7 | 8 |
|---|---|---|---|---|---|---|---|
| 5. | Jullundur | 387 | — | 387 | 381 | 6 | 40—21 |
| 6. | Nawan Sahar | 502 | 13 | 515 | 515 | — | 36—36.03 |
| 7. | Nakodar | 433 | 1 | 434 | 432 | 2 | 31—24.23 |
| 8. | Phillaur | 130 | 43 | 173 | 172 | 1 | 38—86.37 |
| 9. | Gurdaspur | 697 | — | 697 | 672 | 25 | 105—68 |
| 10. | Pathankot | 414 | 9 | 423 | 360 | 63 | 993—95 |
| 11. | Batala | 581 | 2 | 583 | 554 | 29 | 17—33 |
| 12. | Hoshiarpur | 611 | 2 | 613 | 613 | — | 46—97.53 |
| 13. | Garhshankar | 582 | 2 | 584 | 584 | — | 22—44.56 |
| 14. | Dasuya | 1,098 | 23 | 1,121 | 1,102 | 19 | 70—15.00 |
| 15. | Kapurthala | 239 | 6 | 245 | 245 | — | 65—62.92 |
| 16. | Phagwara | 42 | 39 | 81 | 81 | — | 8—48.56 |
| 17. | Sultanpur Lodhi | 83 | 7 | 90 | 90 | — | 7—67.57 |
| 18. | Ferozepur | 1,824 | — | 1,824 | 1,501 | 323 | 224—203 |
| 19. | Fazilka | 4,487 | — | 4,487 | 2,449 | 2,038 | 495—84.30 |
| 20. | Zira | 1,239 | 4 | 1,243 | 924 | 319 | 44—13.11 |
| 21. | Faridkot | 523 | — | 523 | 481 | 42 | 41—91 |
| 22. | Moga | 1,605 | 95 | 1,700 | 1,698 | 2 | 114—62 |
| 23. | Mukatsar | 1,673 | 123 | 1,796 | 934 | 862 | 363—42 |
| 24. | Bhatinda | 1,037 | 41 | 1,078 | 620 | 458 | 87—01.05 |
| 25. | Mansa | 538 | 70 | 608 | 522 | 86 | 33—70.71 |
| 26. | Rampura Phul | 169 | 234 | 403 | 348 | 55 | 60—83.97 |
| 27. | Patiala | 1,029 | 299 | 1,328 | 1,328 | — | 239—83 |
| 28. | Nabha | 974 | — | 974 | 972 | 2 | 79—06.54 |
| 29. | Fatehgarh Sahib | 837 | 135 | 972 | 972 | — | 127—22.35 |
| 30. | Rajpura | 455 | 25 | 480 | 478 | 2 | 100—06.46 |
| 31. | Samana | 902 | 608 | 1,510 | 1,507 | 3 | 80—90 |
| 32. | Ludhiana | 1,485 | 3 | 1,488 | 1,488 | — | 193—41 |
| 33. | Samrala | 750 | 54 | 804 | 804 | — | 78—54 |
| 34. | Jagraon | 513 | 43 | 556 | 554 | 2 | 16—88 |
| 35. | Rup Nagar | 76 | 52 | 128 | 103 | 25 | — |
| 36. | Anandpur Sahib | 148 | 24 | 172 | 172 | — | 616—20.57 |
| 37. | Kharar | 75 | 9 | 84 | 84 | — | 15—63.13 |
| 38. | Sangrur | 1,182 | 12 | 1,194 | 1,172 | 22 | 368—06 |
| 39. | Malerkotla | 831 | 6 | 837 | 829 | 8 | 35—31.73 |
| 40. | Barnala | 868 | 2 | 870 | 856 | 14 | 99—9167 |
| 41. | Sunam | 863 | 122 | 985 | 976 | 9 | 146—00 |
| | Total | 34,447 | 2,119 | 36,566 | 31,670 | 4,896 | 5,346-98.66 |

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਲੈਂਡ ਸੀਲਿੰਗ ਐਕਟ ਦੇ ਹੇਠਾਂ, ਜਦੋਂ ਇਹ 1972 ਵਿਚ ਬਣਿਆ ਸੀ, 4 ਲੱਖ ਏਕੜ ਸਰਪਲਸ ਜ਼ਮੀਨ ਦਾ ਅੰਦਾਜ਼ਾ ਸੀ, ਪਰ ਹੁਣ 4 ਹਜ਼ਾਰ ਏਕੜ ਜ਼ਮੀਨ ਵੀ ਨਹੀਂ ਮਿਲੀ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਲੈਂਡ ਲਾਰਡਾਂ ਨੇ ਇੰਨੀ ਜ਼ਿਆਦਾ ਜ਼ਮੀਨ ਹੀ ਛੁਪਾ ਲਈ ਹੈ ?

**ਮੰਤਰੀ** : ਡਾਂਗ ਸਾਹਿਬ ਨੇ 4 ਲੱਖ ਏਕੜ ਦਾ ਅੰਦਾਜ਼ਾ ਪਤਾ ਨਹੀਂ ਕਿਥੋਂ ਲਿਆ ਹੈ । ਸਰਕਾਰ ਜਾਂ ਮਹਿਕਮੇ ਨੇ ਕਦੇ ਵੀ ਇਸ ਤਰ੍ਹਾਂ ਇਲਾਨ ਨਹੀਂ ਕੀਤਾ। ਜਦੋਂ ਤਕ ਜ਼ਮੀਨਾਂ ਦੀ ਰਿਟਰਨ ਨਾ ਆ ਜਾਵੇ, ਉਦੋਂ ਤਕ ਠੀਕ ਪਤਾ ਨਹੀਂ ਲਗ ਸਕਦਾ । ਡਾਂਗ ਸਾਹਿਬ ਨੇ 5,347 ਏਕੜ ਪੜ੍ਹ ਕੇ ਕਹਿ ਦਿੱਤਾ ਕਿ ਸਰਪਲਸ ਜ਼ਮੀਨ ਕੁਝ ਵੀ ਨਹੀਂ ਨਿਕਲੀ । ਇਹ ਏਕੜ ਨਹੀਂ ਹਨ, ਇਹ ਹੈਕਟੇਅਰ ਹਨ ਅਤੇ ਏਕੜ ਦਾ ਅਤੇ ਹੈਕਟੇਅਰ ਦਾ ਬੜਾ ਫਰਕ ਹੁੰਦਾ ਹੈ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼**: ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਅਜੇ 4896 ਰਿਟਰਨਜ਼ ਦੀ ਸਕਰੂਟੀਨੀ ਕਰਨੀ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਐਕਟ ਪਾਸ ਹੋਏ ਕਿੰਨਾ ਚਿਰ ਹੋ ਗਿਆ ਹੈ ਪਰ ਰਿਟਰਨਜ਼ ਦਾ ਕੰਮ ਅਜੇ ਪੂਰਾ ਕਿਉਂ ਨਹੀਂ ਹੋਇਆ ? ਮੇਰਾ ਦੂਜਾ ਸਵਾਲ ਇਹ ਹੈ ਕਿ ਕੀ ਮੰਤਰੀ ਜੀ ਇਹ ਦੱਸਣਗੇ ਕਿ ਜਿਨ੍ਹਾਂ ਐਸ. ਡੀ. ਓ. ਸਾਹਿਬਾਨ ਨੇ ਇਹ ਦਰਖਾਸਤਾਂ ਸਕਰੂਟੀਨਾਈਜ਼ ਕਰਨੀਆਂ ਸੀ, ਉਨ੍ਹਾਂ ਨੇ ਬਹੁਤ ਸਾਰੀਆਂ ਥਾਵਾਂ ਤੇ ਲੱਖਾਂ ਰੁਪਏ ਇਕੱਠੇ ਕੀਤੇ ਅਤੇ ਇਹ ਕਹਿੰਦੇ ਸਨ ਕਿ ਇਕ ਹਜ਼ਾਰ ਰੁਪਿਆ ਦੇ ਕੇ ਇਕ ਏਕੜ ਦੀ ਬੇਨਾਮੀ ਕਰਾ ਲਵੋ ਅਤੇ ਇਸ ਤਰ੍ਹਾਂ ਨਾਲ 25,25 ਏਕੜ ਬੇਨਾਮੀ ਜ਼ਮੀਨ ਕਰਕੇ 25000 ਰੁਪਿਆ ਇਕੱਠਾ ਕਰ ਲਿਆ। ਕਈ ਐਸ. ਡੀ. ਓਜ਼ ਤੇ ਇਲਜ਼ਾਮ ਵੀ ਲਗਿਆ ਹੋਇਆ ਹੈ ਅਤੇ ਇਨਕੁਆਇਰੀ ਵੀ ਚਲ ਰਹੀ ਹੈ ਅਤੇ ਉਨ੍ਹਾਂ ਦੀ ਤਬਦੀਲੀ ਵੀ ਹੋਈ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਜ਼ਮੀਨਾਂ ਨੂੰ ਖੁਰਦ ਬੁਰਦ ਕਰਨ ਤੋਂ ਰੋਕਣ ਬਾਰੇ ਕੋਈ ਪੜਤਾਲ ਕਰੇਗੀ ਅਤੇ ਇਸ ਬਾਰੇ ਐਕਸ਼ਨ ਲਵੇਗੀ ?

**ਮੰਤਰੀ**: ਇਨ੍ਹਾਂ ਨੇ ਕਈ ਸਵਾਲ ਇਕੱਠੇ ਹੀ ਕਰ ਦਿੱਤੇ ਹਨ । ਰੂਲ ਦੇ ਮੁਤਾਬਿਕ ਦੋ ਸਵਾਲ ਇਕੋ ਹੀ ਦਫਾ ਅਲਾਊ ਨਹੀਂ ਹੋ ਸਕਦੇ।

**ਸ੍ਰੀ ਸਪੀਕਰ** : ਸਵਾਲ ਇਕੋ ਹੀ ਹੈ, ਇਸ ਦੇ ਪਾਰਟ ਦੋ ਹਨ ।

**ਮੰਤਰੀ**:ਅਜੇ ਬਹੁਤ ਸਾਰੀਆਂ ਰਿਟਰਨਜ਼ ਆਉਣੀਆਂ ਬਾਕੀ ਰਹਿੰਦੀਆਂ ਹਨ । ਮੈਂ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਰਿਟਰਨਜ਼ ਦਾ ਕੰਮ ਇਥੇ ਹੋਇਆ ਹੈ ਉਹ ਹਿੰਦੁਸਤਾਨ ਦੇ ਬਹੁਤ ਸੂਬਿਆਂ ਨਾਲੋਂ ਜ਼ਿਆਦਾ ਹੈ। ਇਸ ਦੇ ਬਾਵਜੂਦ ਵੀ ਅਜੇ ਕੁਝ ਰਿਟਰਨਾਂ ਬਾਕੀ ਹਨ ਅਤੇ ਇਸ ਦੇ ਕਈ ਕਾਰਨ ਹਨ। ਇਕ ਤਾਂ ਇਹ ਕਾਰਨ ਹੈ ਕਿ ਬਹੁਤ ਸਾਰਿਆਂ ਲੈਂਡ ਲਾਰਡਾਂ ਨੇ ਹਾਈਕੋਰਟ ਵਿਚੋਂ ਸਟੇ ਲੈ ਲਈ ਹੈ। 350 ਰਿਟਾਂ ਹਾਈ ਕੋਰਟ ਵਿਚ ਪੈਂਡਿੰਗ ਹਨ । ਇਸ ਤੋਂ ਇਲਾਵਾ ਫਾਜ਼ਿਲਕਾ ਅਤੇ ਮੁਕਤਸਰ ਵਿਚ ਕੰਮ ਜ਼ਿਆਦਾ ਵੀ ਸੀ। ਫਾਜ਼ਿਲਕਾ ਵਿਚ ਇਕ ਐਗਜ਼ੈਕਟਿਵ ਮੈਜਿਸਟਰੇਟ ਵੀ ਐਸ. ਡੀ. ਓ. ਦੀ ਮਦਦ ਕਰਨ ਵਾਸਤੇ ਲਗਾਇਆ ਗਿਆ ਹੈ। ਫਾਜ਼ਿਲਕਾ ਵਿਚ ਕੁਝ ਅਜਿਹੇ ਜ਼ਿਮੀਂਦਾਰ ਵੀ ਹਨ, ਜਿਨ੍ਹਾਂ ਨੇ ਰਿਪਰਜ਼ੈਂਟੇਸ਼ਨ ਕੀਤੀ ਹੈ ਕਿ ਉਨ੍ਹਾਂ ਦੀ ਜ਼ਮੀਨ ਦੀ ਅਵੈਲੂਏਸ਼ਨ ਠੀਕ ਨਹੀਂ ਹੋਈ ਹੈ, ਕਿਉਂਕਿ ਉਥੇ ਦਾ ਪਾਣੀ ਖਰਾਬ ਹੈ ਅਤੇ ਬਜਾਏ ਜ਼ਮੀਨਾਂ ਨੂੰ ਚੰਗਾ ਬਣਾਉਣ ਦੇ ਜ਼ਮੀਨਾਂ ਨੂੰ ਖਰਾਬ ਕਰਦਾ ਹੈ । ਉਨ੍ਹਾਂ ਦੀ ਰਿਪਰਜ਼ੈਂਟੇਸ਼ਨ ਤੇ ਗੌਰ ਹੋ ਰਿਹਾ ਹੈ। ਇਸ ਤੋਂ ਇਲਾਵਾ ਮੁਕਤਸਰ ਵਿਚ ਵੀ ਬਹੁਤ ਸਾਰੇ ਕੇਸ ਐਸੇ ਹਨ ਜਿਹੜੇ ਕਿ ਕੋਲੈਕਟਰ ਇਕ ਹੋਣ ਕਰਕੇ ਪੈਂਡਿੰਗ ਹਨ । ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਜਲਦੀ ਨਿਪਟਾਰਾ ਹੋ ਜਾਵੇ । ਥੋੜ੍ਹਾ ਅਰਸਾ ਹੋਇਆ ਅਸੀਂ ਇਹ ਵੀ ਹਦਾਇਤ ਦਿੱਤੀ ਸੀ ਕਿ ਸਬ-ਡਵੀਜ਼ਨ ਲੈਵਲ ਤੇ ਸਬ-ਕਮੇਟੀਆਂ ਬਣਾਈਆਂ ਜਾਣ ਤਾਂ ਜੋ ਸਰਪਲਸ ਜ਼ਮੀਨ ਨੂੰ ਕਢਣ ਵਿਚ ਮਦਦ ਹੋਵੇ। ਹੁਣ ਇਹ ਸਬ-ਕਮੇਟੀਆਂ ਬਣ ਗਈਆਂ ਹਨ ਅਤੇ ਕੰਮ ਤੁਰਨ ਵਾਲਾ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬੇਅੰਤ ਸਿੰਘ** : ਜਿਹੜੀਆਂ ਜ਼ਮੀਨਾਂ ਸਰਪਲਸ ਹੋਈਆਂ ਹਨ ਉਨ੍ਹਾਂ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਪਿੰਡ ਵਿਚ ਸਰਪਲਸ ਜ਼ਮੀਨ ਨਿਕਲੇ, ਉਸ ਪਿੰਡ ਵਿਚ ਜੋ ਨੀਡੀ ਪਰਸਨਜ਼ ਹੋਣ, ਕੀ ਉਨ੍ਹਾਂ ਨੂੰ ਜ਼ਮੀਨ ਅਲਾਟ ਕਰ ਦਿੱਤੀ ਜਾਵੇਗੀ ? ਇਸ ਲਈ ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਨਵੀਂ ਲਿਸਟ ਬਣਾਉਣਗੇ ਜਿਸ ਨਾਲ ਕਿ ਇਹ ਜ਼ਮੀਨ ਲੈਂਡ-ਲੈਸ ਬੰਦਿਆਂ ਨੂੰ ਅਲਾਟ ਕੀਤੀ ਜਾ ਸਕੇ ?

**ਮੰਤਰੀ** : ਮੈਂ ਦਸਿਆ ਹੈ ਜੀ, ਜਿਹੜੀ ਲੈਂਡ ਦੀ ਡਿਸਟਰੀਬਿਊਸ਼ਨ ਹੋਣੀ ਹੈ ਉਹ ਕਮੇਟੀ ਦੇ ਸਲਾਹ ਮਸ਼ਵਰੇ ਨਾਲ ਕੀਤੀ ਜਾਣੀ ਹੈ ।

**ਕੈਪਟਨ ਰਤਨ ਸਿੰਘ** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਆਪਣਾ ਜਵਾਬ ਦਿੰਦੇ ਹੋਏ ਕਿਹਾ ਕਿ ਅਸੀਂ ਰਿਟਰਨ ਦੇ ਕੰਮ ਵਿਚ ਬਾਕੀ ਸਾਰੇ ਸੂਬਿਆਂ ਨਾਲੋਂ ਅੱਗੇ ਹਾਂ, ਪਰ ਇਨ੍ਹਾਂ ਨੇ ਇਹ ਨਹੀਂ ਦਸਿਆ ਕਿ ਇਕ ਨੰਬਰ ਅੱਗੇ ਹਾਂ ਜਾਂ 12 ਨੰਬਰ ਅੱਗੇ ਹਾਂ । ਖੈਰ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਜ਼ਮੀਨ ਟੈਨੈਂਟਸ ਕੋਲ ਹੈ ਉਹ ਬਾਪ ਨੇ ਆਪਣੇ ਪੁਤਰਾਂ ਨੂੰ ਆਪਣੇ ਟੈਨੈਂਟਸ ਸ਼ੋ ਕਰਕੇ ਉਸ ਦੇ ਨਾਂ ਤੇ ਜ਼ਮੀਨ ਅਲਾਟ ਕਰ ਦਿੱਤੀ ਹੈ । ਕੀ ਇਹ ਇਸ ਦੀ ਪੜਤਾਲ ਕਰਵਾ ਲੈਣਗੇ ?

**ਮੰਤਰੀ** : ਸਪੀਕਰ ਸਾਹਿਬ, ਐਸੀ ਕੋਈ ਸਾਡੀ ਪਰੋਵੀਜ਼ਨ ਨਹੀਂ ਹੈ ਕਿ ਕਿਸੇ ਆਦਮੀ ਦੇ ਲੜਕੇ ਜਾਂ ਲੜਕੀ ਨੂੰ ਉਸ ਦਾ ਟੇਨੈਂਟਸ ਮੰਨਿਆ ਜਾਵੇ । ਇਸ ਤਰ੍ਹਾਂ ਦੀ ਕੋਈ ਸੰਭਾਵਨਾ ਤਾਂ ਹੋ ਨਹੀਂ ਸਕਦੀ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** :ਸਪੀਕਰ ਸਾਹਿਬ, ਜਿਹੜੀਆਂ ਸਬ ਡਵੀਜ਼ਨ ਵਿਚ ਕਮੇਟੀਆਂ ਸਰਕਾਰ ਨੇ ਬਣਾਈਆਂ ਹਨ, ਉਨ੍ਹਾਂ ਵਿਚ ਨਿਰਣੇ ਕਰਨ ਦਾ ਅਧਿਕਾਰ ਐਸ. ਡੀ. ਓਜ਼. ਨੂੰ ਦਿਤਾ ਹੈ । ਮੈਂ ਇਹ ਪੁਛਦਾ ਹਾਂ ਕਿ ਕੀ ਇਹ ਰਿਟਰਨਾਂ ਦੇ ਨਿਰਣੇ ਲਈ ਵੀ ਅਧਿਕਾਰ ਉਸ ਨੂੰ ਦੇਣਗੇ ਤਾਂ ਕਿ ਇਸ ਲਈ ਉਹ ਅਪੀਲਾਂ ਸੁਣ ਸਕੇ ?

**ਮੰਤਰੀ** : ਸਪੀਕਰ ਸਾਹਿਬ, ਇਹ ਤਾਂ ਇਕ ਐਕਟ ਬਣਿਆ ਹੋਇਆ ਹੈ ਔਰ ਉਸਦੇ ਵਿਚ ਸਾਰਾ ਕੁਝ ਲਿਖਿਆ ਹੈ । ਜੇ ਜੋਸ਼ ਜੀ ਉਸ ਨੂੰ ਪੜ੍ਹ ਲੈਂਦੇ ਤਾਂ ਫਿਰ ਕੋਈ ਪੁੱਛਣ ਵਾਲੀ ਗਲ ਨਹੀਂ ਰਹਿ ਜਾਂਦੀ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਮੇਰਾ ਅਨੁਪੂਰਕ ਸਵਾਲ ਇਹ ਹੈ ਕਿ ਜ਼ਿਲ੍ਹਾ ਰੂਪਨਗਰ ਵਿਚ ਤਹਿਸੀਲ ਖਰੜ ਵਿਚ ਸਰਕਾਰ ਨੇ ਜੋ ਸਰਪਲਸ ਜ਼ਮੀਨ ਸੀ ਉਹ ਸਾਰੀ ਦੀ ਸਾਰੀ ਸਰਕਾਰੀ ਕਰਮਚਾਰੀਆਂ ਨੂੰ ਜਾਂ ਜਿਹੜੇ ਉਸ ਵੇਲੇ ਸਰਵਿਸ ਵਿਚ ਸਨ ਅਤੇ ਹੁਣ ਰਿਟਾਇਰ ਹੋ ਗਏ ਹਨ , ਵੇਚ ਦਿੱਤੀ ਹੈ । ਕੀ ਸਰਕਾਰ ਉਸ ਦੇ ਮੁਤਾਬਕ ਕੋਈ ਚੇਂਜ ਕਰਕੇ ਜ਼ਮੀਨ ਸਰਪਲਸ ਕਰਨ ਦੀ ਕੋਸ਼ਿਸ਼ ਕਰੇਗੀ ?

**ਮੰਤਰੀ** : ਸਪੀਕਰ ਸਾਹਿਬ, ਇਸ ਵਾਸਤੇ ਇਹ ਸੈਪਰੇਟ ਨੋਟਿਸ ਦੇ ਦੇਣ ।

**ਸ੍ਰੀ ਸਰਦਾਰੀ ਲਾਲ ਕਪੂਰ** : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਮਨਿਸਟਰ ਸਾਹਿਬ ਦੇ ਇਹ ਨੋਟਿਸ ਵਿਚ ਹੈ ਕਿ ਜੋ ਜ਼ਮੀਨ ਅਸੈਂਬਲੀ ਦੇ ਮੈਂਬਰਾਂ ਜਾਂ ਮਨਿਸਟਰ ਸਾਹਿਬਾਨ ਦੀ ਸੀ ਉਹ ਕਿਸੇ ਨਾ ਕਿਸੇ ਤਰੀਕੇ ਨਾਲ ਛੁਪਾ ਕੇ ਘਟਾਉਣ ਦੀ ਕੋਸ਼ਿਸ਼ ਕਰਦੇ ਰਹੇ ਹਨ । ਕੀ ਇਹ ਗਲ ਠੀਕ ਹੈ ਜਾਂ ਨਹੀਂ ?

**Mr. Speaker**: Not allowed.

**ਸ੍ਰੀ ਪ੍ਰਤਾਪ ਚੰਦ ਭੰਡਾਰੀ** : ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹਵਾਂਗਾ ਕਿ ਜਿਥੇ ਅਲਾਟਮੈਂਟ ਦਾ ਸਵਾਲ ਹੈ ਔਰ ਉਸ ਦੀ ਲਿਸਟ ਬਣੀ ਹੋਈ ਹੈ, ਕੀ ਉਸ ਦੇ ਮੁਤਾਬਿਕ ਟੈਨੈਂਟਸ ਨੂੰ ਪਹਿਲੇ ਹੀ ਜ਼ਮੀਨ ਅਲਾਟ ਕਰ ਦੇਣਗੇ ਤਾਕਿ ਉਹ ਪਹਿਲੇ ਕਬਜ਼ਾ ਲੈ ਸਕਣ ?

Original with;
Punjab Vidhan Sabha
Digitized by;
Panjab Digital Library

**ਮੰਤਰੀ**: ਸਪੀਕਰ ਸਾਹਿਬ, ਅਲਾਟਮੈਂਟ ਤਾਂ ਐਕਟ ਦਾ ਜੋ ਪਰੋਸੀਜ਼ਰ ਹੈ ਉਸ ਦੇ ਮੁਤਾਬਿਕ ਹੋਣੀ ਹੈ ਅਤੇ ਉਸ ਦੇ ਮੁਤਾਬਿਕ ਟੈਨੈਂਟਸ ਨੂੰ ਪਰੇਫਰੈਂਸ ਦਿੱਤੀ ਜਾਂਦੀ ਹੈ।

**ਕੈਪਟਨ ਰਤਨ ਸਿੰਘ**: ਸਪੀਕਰ ਸਾਹਿਬ, ਜੇ ਗਵਰਮੈਂਟ ਦੇ ਨੋਟਿਸ ਵਿਚ ਇਹ ਗਲ ਲਿਆਂਦੀ ਜਾਵੇ ਕਿ ਟੈਨੈਂਟਸ ਦੀ ਸ਼ਕਲ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਦਿਖਾਇਆ ਗਿਆ ਹੈ ਤਾਂ ਕੀ ਇਹ ਉਹ ਅਲਾਟਮੈਂਟ ਕੈਂਸਲ ਕਰਨਗੇ ?

**ਮੰਤਰੀ**: ਸਪੀਕਰ ਸਾਹਿਬ, ਇਸ ਤਰ੍ਹਾਂ ਹੋਣ ਦੀ ਸੰਭਾਵਨਾ ਤਾਂ ਨਹੀਂ ਹੈ, ਪਰ ਜੇ ਕੋਈ ਅਜਿਹਾ ਕੇਸ ਹੈ ਤਾਂ ਨੋਟਿਸ ਵਿਚ ਲੈ ਆਉਣ ਉਸ ਨੂੰ ਵੇਖ ਲਵਾਂਗੇ। ਪਰ ਕਿਤੇ ਇਹ ਤਾਂ ਨਹੀਂ ਕਿ ਉਸ ਵਿਦਿਆਰਥੀ ਦੀ ਉਮਰ 21 ਸਾਲ ਤੋਂ ਜ਼ਿਆਦਾ ਹੋਵੇ ?

**ਚੌਧਰੀ ਦਰਸ਼ਨ ਸਿੰਘ**: ਕੀ ਮਾਲ ਮੰਤਰੀ ਸਾਹਿਬ ਇਹ ਦੱਸਣਗੇ ਕਿ ਤਕਰੀਬਨ 13 ਹਜ਼ਾਰ ਏਕੜ ਜ਼ਮੀਨ ਸਰਪਲਸ ਨਿਕਲੀ ਹੈ ਅਤੇ ਉਸ ਵਿਚੋਂ ਕੁਝ ਮੁਜ਼ਾਰਿਆਂ ਨੂੰ ਦਿੱਤੀ ਵੀ ਗਈ ਹੈ ਸਬ-ਡਿਵੀਜ਼ਨ ਮੁਕਤਸਰ ਵਿਚ ਜ਼ਮੀਨ ਬਹੁਤ ਜ਼ਿਆਦਾ ਨਿਕਲੀ ਹੈ ਪਰ ਹਾਲੇ ਵੀ ਉਥੇ 900 ਦੇ ਕਰੀਬ ਰਿਟਰਨਾਂ ਪਈਆਂ ਹਨ ਜਿਨ੍ਹਾਂ ਦੀ ਸਕਰੂਟਿਨੀ ਹੋਣੀ ਹੈ। ਮੈਨੂੰ ਇਹ ਖਤਰਾ ਹੈ ਕਿ ਲੈਂਡ ਲਾਰਡ ਮਿਲ ਕੇ ਇਸ ਦੇ ਵਿਚ ਡਿਲੇ ਕਰਵਾ ਰਹੇ ਹਨ। ਇਸ ਲਈ ਕੀ ਸਰਕਾਰ ਕੋਈ ਅਡੀਸ਼ਨਲ ਅਫਸਰ ਉਥੇ ਇਸ ਕੰਮ ਵਾਸਤੇ ਲਾਉਣ ਨੂੰ ਤਿਆਰ ਹੈ ?

**ਮੰਤਰੀ**: ਸਪੀਕਰ ਸਾਹਿਬ, ਇਸ ਕੰਮ ਵਾਸਤੇ ਉਥੇ ਬਹੁਤ ਇਮਾਨਦਾਰ ਅਫਸਰ ਲਾਏ ਹਨ। ਅਗਰ ਫਿਰ ਵੀ ਲੋੜ ਪਈ ਤਾਂ ਹੋਰ ਅਡੀਸ਼ਨਲ ਅਫਸਰ ਵੀ ਲਾ ਦਿੱਤਾ ਜਾਵੇਗਾ ਤਾਕਿ ਕੰਮ ਦਾ ਨਿਪਟਾਰਾ ਜਲਦੀ ਹੋ ਸਕੇ ।

**ਕਾਮਰੇਡ ਅਰਜਨ ਸਿੰਘ ਮਸਤਾਨਾ**: ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹਵਾਂਗਾ ਕਿ ਇਕ ਬੜਾ ਇਮਾਨਦਾਰ ਅਫ਼ਸਰ ਮਿਸਟਰ ਜੋਸ਼ੀ ਮੁਕਤਸਰ ਵਿਚ ਇਨ੍ਹਾਂ ਨੇ ਇਸ ਕੰਮ ਵਾਸਤੇ ਲਾਇਆ ਹੈ ਜਿਸ ਨੇ ਕਿ ਲੋਕਾਂ ਕੋਲੋਂ ਲੱਖਾਂ ਰੁਪਏ ਲਏ ਹਨ ਕੀ ਉਸ ਦੇ ਖਿਲਾਫ ਇਹ ਕੋਈ ਐਕਸ਼ਨ ਲੈਣਗੇ ?

ਇਕ ਗਲ ਮੈਂ ਹੋਰ ਕਹਿੰਦਾ ਹਾਂ ਕਿ ਇਹ ਪਹਿਲੇ ਆਪਣੇ ਘਰ ਵਿਚ ਤਾਂ ਵੇਖਦੇ ਨਹੀਂ ਕਿ ਕੀ ਹੋ ਰਿਹਾ ਹੈ। ਬਾਦਲ ਸਾਹਿਬ ਨੇ ਰਾਜਿਸਥਾਨ ਵਿਚ ਵੀ ਆਪਣੀ ਜ਼ਮੀਨ ਰਖੀ ਹੈ ਅਤੇ ਇਥੇ ਵੀ ਜ਼ਮੀਨ ਲਈ ਹੈ। ਇਸੇ ਤਰ੍ਹਾਂ ਬਰਾੜ ਸਾਹਿਬ ਨੇ ਵੀ ਯੂ. ਪੀ. ਤੋਂ ਜਾਲ੍ਹੀ ਮੁਜ਼ਾਰੇ ਅਤੇ ਕਿਸਾਨ ਲਿਆਕੇ ਉਨ੍ਹਾਂ ਦੇ ਨਾਂ ਜ਼ਮੀਨ ਕਰ ਰਖੀ ਹੈ। ਕੀ ਉਨ੍ਹਾਂ ਦੀ ਪੜਤਾਲ ਕੀਤੀ ਜਾਏਗੀ ? ਸਪੀਕਰ ਸਾਹਿਬ, ਪਹਿਲੇ ਇਨ੍ਹਾਂ ਨੂੰ ਆਪਣੇ ਘਰ ਵਿਚ ਵੇਖਣਾ ਚਾਹੀਦਾ ਹੈ।

**ਮੰਤਰੀ**: ਸਪੀਕਰ ਸਾਹਿਬ, ਜਿਸ ਅਫ਼ਸਰ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਉਸ ਦੀ ਇਨਕੁਆਇਰੀ ਹੋ ਰਹੀ ਹੈ। ਇਨਕੁਆਇਰੀ ਹੋਣ ਤੋਂ ਬਾਅਦ ਉਸ ਤੇ ਕਾਰਵਾਈ ਕੀਤੀ ਜਾਵੇਗੀ। ਜਿਥੋਂ ਤਕ ਕੁਝ ਕਿਸਾਨਾਂ ਦਾ ਤੁਅਲਕ ਹੈ ਜਾਂ ਜ਼ਮੀਦਾਰਾਂ ਦਾ ਤੁਅਲਕ ਹੈ ਜਿਨ੍ਹਾਂ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਉਸ ਦੇ ਲਈ ਮੈਂ ਬੇਨਤੀ ਕਰਾਂਗਾ ਕਿ ਸਬ-ਡਿਵੀਜ਼ਨ ਲੈਵਲ ਤੇ ਕਮੇਟੀਆਂ ਬਣਾਈਆਂ ਗਈਆਂ ਹਨ ਔਰ ਉਸ ਵਿਚ ਇਨ੍ਹਾਂ ਦਾ ਨੁਮਾਇੰਦਾ ਵੀ ਹੈ। ਉਸ ਵਿਚ ਇਹ ਹਦਾਇਤ ਕੀਤੀ ਗਈ ਹੈ ਕਿ ਉਹ ਮੌਕੇ ਤੇ ਜਾ ਕੇ ਰਿਕਾਰਡ ਵੇਖ ਸਕਦੇ ਹਨ। ਫਿਰ ਉਨ੍ਹਾਂ ਦੀ ਰਿਕਮੈਂਡੇਸ਼ਨ ਆਉਣ ਤੋਂ ਬਾਅਦ ਕੁਲੈਕਟਰ ਇਸ ਰਿਕਾਰਡ ਨੂੰ ਮੱਦੇ ਨਜ਼ਰ ਰਖਕੇ ਫੈਸਲਾ ਕਰੇਗਾ ।

---

Original with;
Punjab Vidhan Sabha
Digitized by;
Panjab Digital Library

THE URBAN LAND (CEILING AND REGULATION) ACT, 1976

*3712 1. **Comrade Dana Ram**
2. **Comrade Satya Pal Dang** } Will the Minister for Finance be pleased to state—

(a) the date on which the Urban Land (Ceiling and Regulation) Act, 1976 came into force;

(b) the names of the towns in the State which have been covered by the said Act in the first instance;

(c) the number of persons who have filed statements so far under section 6 of the said Act in each of the towns referred to in part (b) above indicating the date upto which the declarations have been filed;

(d) the number of persons who have filed so far declaration under section 21 of the said Act in each of the towns referred to in part (b) above indicating the date upto which the declarations have been filed;

(e) the estimated surplus land which the Government is likely to get in each of the said towns?

**Shri Hans Raj Sharma**: (a) the Urban Land (Ceiling and Regulation) Act, 1976, came into force in the State of Punjab with effect from 17th Feb., 1976.

(b) The names of the towns covered under the Act in the first instance are Amritsar, Jullundur and Ludhiana.

(c) The number of statements received under section 6 upto 8th September, 1976 in the three towns is as follows :—

| | | |
|---|---|---|
| Amritsar | .. | 292 |
| Jullundur | .. | 35 |
| Ludhiana | .. | 196 |

(d) The number of declarations received under section 21 upto 8th September, 1976 in the three towns are as follows :—

| | | |
|---|---|---|
| Amritsar | .. | 8 |
| Jullundur | .. | 1 |
| Ludhtana | .. | 2 |

(e) It is not possible to give an estimate, at the present stage of the surplus vacant land which the Government is likely to get in each of these towns.

(ਇਸ ਵੇਲੇ ਕਾਮਰੇਡ ਅਰਜਨ ਸਿੰਘ ਮਸਤਾਨਾ ਬਗੈਰ ਪਰਮਿਸ਼ਨ ਤੋਂ ਹੀ ਬੋਲ ਰਹੇ ਸਨ)

Original with;
Punjab Vidhan Sabha
Digitized by;
Panjab Digital Library

**ਕਾਮਰੇਡ ਅਰਜਨ ਸਿੰਘ ਮਸਤਾਨਾ** : * * * *

**ਸ਼੍ਰੀ ਸਪੀਕਰ** : ਜੋ ਕੁਝ ਵੀ ਮੈਂਬਰ ਸਾਹਿਬ, ਬਗੈਰ ਪਰਮਿਸ਼ਨ ਦੇ ਬੋਲ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ।

**ਕਾਮਰੇਡ ਸੱਤ ਪਾਲ ਡਾਂਗ** : ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਇਸ ਗਲ ਦੀ ਰੋਸ਼ਨੀ ਵਿਚ ਅਰਬਨ ਲੈਂਡ ਸੀਲਿੰਗ ਐਕਟ ਦੇ ਹੇਠਾਂ ਐਗਰੀਕਲਚਰਲ ਲੈਂਡ ਐਗਜ਼ੈਂਪਟਿਡ ਹੈ ? ਇਸ ਲਈ ਮਾਸਟਰ ਪਲਾਨ ਦੇ ਵਿਚ ਤਬਦੀਲੀ ਕੀਤੀ ਜਾਵੇ ਕਿਉਂਕਿ ਜਿਹੜੇ ਵੀ ਉਥੇ ਕਿਸਾਨ ਹਨ ਉਨ੍ਹਾਂ ਕੋਲ 1500 ਮੀਟਰ ਤੋਂ ਜ਼ਿਆਦਾ ਕਿਸੇ ਕੋਲ ਜ਼ਮੀਨ ਨਹੀਂ ਹੁੰਦੀ ਔਰ 1500 ਮੀਟਰ ਤਾਂ ਹਰ ਗਰੀਬ ਕੋਲੋਂ ਹਰ ਗਰੀਬ ਕਿਸਾਨ ਕੋਲ ਵੀ ਜ਼ਮੀਨ ਹੁੰਦੀ ਹੈ। ਇਸ ਲਈ ਇਸ ਗਲ ਦੀ ਰੋਸ਼ਨੀ ਵਿਚ ਸੈਂਟਰ ਸਰਕਾਰ ਨੂੰ ਇਹ ਸਪੈਸਿਫਿਕ ਰਿਕੁਐਸਟ ਕੀਤੀ ਜਾਵੇ ਕਿ 30 ਸਤੰਬਰ ਤੋਂ ਪਹਿਲਾਂ ਇਸ ਵਿਚ ਜ਼ਰੂਰੀ ਤਰਮੀਮ ਕੀਤੀ ਜਾਵੇ ਤਾਕਿ ਇਹ ਜਿਹੜੇ ਨਾਲ ਲਗਦੇ ਪਿੰਡ ਹਨ ਜਿਨ੍ਹਾਂ ਦੀ ਜੈਨੂਅਨ ਐਗਰੀਕਲਚਰ ਲੈਂਡ ਹੈ ਉਨ੍ਹਾਂ ਨੂੰ ਸੈਕਸ਼ਨ 6 ਦੇ ਹੇਠਾਂ ਰਿਟਰਨ ਦੇਣੀ ਜ਼ਰੂਰੀ ਨਾ ਰਹੇ ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਇਹ ਸੈਂਟਰਲ ਐਕਟ ਹੈ। ਇਸ ਵਾਸਤੇ 13 ਤਾਰੀਖ ਨੂੰ ਸੈਂਟਰ ਦੇ ਮਨਿਸਟਰ ਨੂੰ ਮਿਲ ਰਹੇ ਹਾਂ। ਉਸ ਵਿਚ ਇਹ ਸਾਰੀਆਂ ਪਰਾਬਲਮ ਆਉਣਗੀਆਂ। ਲੇਕਿਨ ਇਕ ਗੱਲ ਸਾਫ ਹੈ ਕਿ ਜੋ ਜੈਨੂਅਨ ਐਗਰੀਕਲਚਰਿਸਟ ਹੈ ਉਸ ਨੂੰ ਬਚਾਉਣ ਦੀ ਸਕੀਮ ਹੈ। ਇਹ ਡਾਂਗ ਸਾਹਿਬ ਨੂੰ ਵੀ ਪਤਾ ਹੈ, ਜੋਸ਼ ਜੀ ਨੂੰ ਵੀ ਪਤਾ ਹੈ, ਕਿਤੇ ਗਲਤ-ਫਹਿਮੀ ਵਿਚ ਨਾ ਰਹਿ ਜਾਣ। ਇਕ ਪਾਸੇ ਤਾਂ ਇਹ ਹੈ ਕਿ ਕੁਝ ਨਾ ਕੁਝ ਲੈਂਡ ਨਿਕਲੇ। ਔਰ ਉਹ ਲੋਕ ਜਿਹੜੇ ਖੇਤੀਬਾੜੀ ਨਹੀਂ ਕਰਦੇ, ਜਿਹੜੇ ਕਮਰਸ਼ੀਅਲ ਤੌਰ ਤੇ ਐਕਸਪਲਾਏਟੇਸ਼ਨ ਕਰਦੇ ਹਨ ਤੁਸੀਂ ਉਨ੍ਹਾਂ ਦੀ ਹਮਾਇਤ ਨਾ ਕਰੋ। ਤੁਸੀਂ ਕਲ ਨੂੰ ਸਾਨੂੰ ਕਹਿਣਾ ਹੈ ਕਿ ਜ਼ਮੀਨ ਲੱਭੀ ਨਹੀਂ ਹੈ, ਗਰੀਬਾਂ ਲਈ ਮਕਾਨ ਨਹੀਂ ਬਣੇ, ਬੇੜਾ ਗਰਕ ਹੋ ਗਿਆ ਅੱਜ ਸਾਨੂੰ ਇਧਰ ਫਸਾਈ ਜਾਂਦੇ ਹੋ। ਕਲ ਨੂੰ ਤੁਸੀਂ ਇਹ ਕਹੋਗੇ ਕਿ ਜ਼ਮੀਨ ਨਹੀਂ ਮਿਲੀ। (ਥੰਪਿੰਗ)

**ਕੈਪਟਨ ਰਤਨ ਸਿਘ** : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਹ ਹੈ ਕਿ ਆਨਰੇਬਲ ਮਨਿਸਟਰ ਸਾਹਿਬ ਨੇ ਸਾਨੂੰ ਕੁਝ ਲੈਕਚਰ ਕੀਤਾ ਹੈ, ਜਵਾਬ ਨਹੀਂ ਦਿੱਤਾ। ਏਨੀ ਛੇਤੀ ਐਕਟ ਅਮੈਂਡ ਨਹੀਂ ਹੋ ਸਕਦਾ ਇਹ ਅਸੀਂ ਵੀ ਜਾਣਦੇ ਹਾਂ। ਤੁਸੀਂ ਵੀ ਜਾਣਦੇ ਹੋ ਕਿ ਸੈਂਟਰ ਦਾ ਐਕਟ ਅਮੈਂਡ ਨਹੀਂ ਹੋ ਸਕਦਾ। Secondly in view of that certainty, will the hon Finance Minister take steps to revise the master-plan which has not been notified and take the onur on himself instead of the Central Government ?

**Finance Minister** : All the steps will be taken in consonance with the guide-lines received from the Punjab Government and from the Government of India in the light of the discussion that we are going to hold with the Union Minister for Housing and Works. I cannot make commitment on behalf of Parliament and Government of India.

**Comrade Shamsher Singh Josh** : Will the hon. Minister take this House into confidence regarding the recommendations which the State Government proposes to make to the Centre to safeguard the interests of genuine agriculturists ?

**Finance Minister**: I have already given a statement yesterday to this effect.

*Not recorded as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker**: Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### LOCKOUTS, CLOSURES AND RETRENCHMENT OF EMPLOYEES IN THE INDUSTRIES IN THE STATE.

*3770. **Comrade Shamsher Singh Josh** : Will the Minister for Finance be pleased to state:—

a) the number of industries in the State which declared lock-outs and closures or retrenched their employees during the last six months together with the number of the workers retrenched,

b) whether any legal action has been taken or is proposed to be taken by the Government against them, if so, the details thereof ?

ਸ੍ਰੀ ਹੰਸ ਰਾਜ ਸ਼ਰਮਾ :

ਮਾਰਚ 1976 ਤੋਂ ਅਗਸਤ, 1976

| | | |
|---|---|---|
| 1. | ਤਾਲਾ ਬੰਦੀਆ | 3 |
| 2. | ਬੰਦੀਆਂ | 5 |
| 3. | ਛਾਂਟੀ | 14 |
| 4. | ਛਾਂਟੀ ਕੀਤੇ ਕਾਮੇਂ | 224 |

(ਅ) ਨਾ ਹੀ ਕਿਸੇ ਫੈਕਟਰੀ ਦੇ ਮਾਲਕ ਵਿਰੁਧ ਕੋਈ ਕਾਨੂੰਨੀ ਕਾਰਵਾਈ ਕੀਤੀ ਗਈ ਹੈ ਅਤੇ ਨਾ ਹੀ ਕੀਤੀ ਜਾ ਰਹੀ ਹੈ ਕਿਉਂਕਿ ਜਦੋਂ ਮਾਲਕ ਤਾਲਾਬੰਦੀ, ਬੰਦੀ ਅਤੇ ਛਾਂਟੀ ਕਰਦੇ ਹਨ ਤਾਂ ਉਹ ਮੌਜੂਦਾ ਕਾਨੂੰਨ ਦੇ ਸਬੰਧਤ ਉਪਬੰਧਾਂ ਦੀ ਭਲੀ ਭਾਂਤ ਪਾਲਣਾ ਕਰਦੇ ਹਨ ਅਤੇ ਇਨ੍ਹਾਂ ਫੈਕਟਰੀਆਂ ਨੇ ਕਿਸੇ ਵੀ ਕੇਸ ਵਿਚ ਕਾਨੂੰਨ ਦੀ ਉਲੰਘਣਾ ਨਹੀਂ ਕੀਤੀ ।

---

### HOUSE TAX PAYMENT BY THE LABOUR DELARTMENT

*3718. 1. **Comrade Saghar Singh**
2. **Comrade Satya Pal Dang**
} Will the Minister for Finance be pleased to state —

a) whether the Labour Department owes any amount (s) to the Municipal Committee, Chheharta on account of the House Tax; if so, a statement showing the amount payable by Goverment, year-wise, be laid on the Table of the House;

b) the reasons for non-payment of the said amount (s) ?

Original with;
Punjab Vidhan Sabha
Digitized by;
Panjab Digital Library

ਸ੍ਰੀ ਹੰਸ ਰਾਜ ਸ਼ਰਮਾ : ੳ ਅਤੇ ਅ ਦਾ ਉੱਤਰ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ ।

(ੳ) ਹਾਂ ਜੀ , ਵੇਰਵਾ ਇਸ ਪ੍ਰਕਾਰ ਹੈ :—

| ਸਾਲ | | ਟੈਕਸ ਦੀ ਰਕਮ |
|---|---|---|
| 1972-73 | .. | 2376.00 |
| 1973-74 | .. | 2386.00 |
| 1974-75 | .. | 2851.20 |
| 1975-76 | .. | 2851.20 |
| | .. | 10454.40 |

(ਅ) ਇਹ ਸਰਕਾਰ ਦੇ ਵਿਚਾਰ ਅਧੀਨ ਹੈ ।

## UNSTARRED QUESTIONS AND ANSWERS

### CONSTRUCTION OF BUILDING OF HEALTH CENTRE, BHUNGA, DISTRICT HOSHIARPUR.

1144. **Comrade Satya Pal Dang** : Will the Minister of State for Health and Family Planning be pleased to state whether it is a fact that a site has been selected for the construction of building of Health Centre at Bhu nga in Hoshiapur district; if so, the time by which the building is likely to be constructed ?

ਸਰਦਾਰ ਬਲਬੀਰ ਸਿੰਘ : ਹਾਂ ਜੀ । ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ ਕਿ ਇਮਾਰਤ ਛੇਤੀ ਮੁਕੰਮਲ ਹੋ ਜਾਵੇ ।

### SUSPENSION OF BUS SERVICE FROM HOSHIARPUR DHOOT TANDA DURING RAINY SEASON

1145. **Comrade Satya Pal Dang** : Will the Minister of State for Transport and Civil Aviation be pleased to state—

a) whether it is a fact that the Hoshiarpur-Dhoot-Tanda Bus Service in Hoshiarpur district remains suspended during the rainy season;

b) the place where the bus service is obstructed/suspended on the said route during the said season;

c) the steps being taken to remove the said obstruction ?

Original with;
Punjab Vidhan Sabha
Digitized by;
Panjab Digital Library

ਸਰਦਾਰ ਦਿਲਬਾਗ ਸਿੰਘ ਡਾਲੇਕੇ : (ੳ) ਹਾਂ ਜੀ, ਕਦੇ ਕਦੇ ।

(ਅ) ਖਿਆਲਾ ਚੋ ਤੇ ।

(ੲ) ਟਾਂਡਾ-ਧੂਤ-ਹੁਸ਼ਿਆਰਪੁਰ ਸੜਕ ਇਕ ਪੇਂਡੂ ਲਿੰਕ ਰੋਡ ਹੈ ਅਤੇ ਸਰਕਾਰ ਦਾ ਇਸ ਸੜਕ ਤੇ ਆਉਂਦੇ ਚੋਆਂ ਉੱਤੇ ਛੋਟੀ ਪੁਲ ਬਨਾਉਣ ਦਾ ਕੋਈ ਵਿਚਾਰ ਨਹੀਂ ਹੈ ।

---

ਜ਼ਿਲ੍ਹਾ ਹੁਸ਼ਿਆਰਪੁਰ ਵਿਚ ਟਾਂਡਾ ਤੋਂ ਖਿਆਲਾ ਬੁਲੰਦਾ ਸੜਕ ਦੀ ਮੁਰੰਮਤ

1146. **ਕਾਮਰੇਡ ਸੱਤ ਪਾਲ ਡਾਂਗ :** ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਕੀ ਜ਼ਿਲਾ ਹੁਸ਼ਿਆਰਪੁਰ ਵਿਚ ਟਾਂਡਾਂ-ਧੂਤ-ਦੁਸੜਕਾ ਸੜਕ ਤੇ ਟਾਂਡਾ ਤੋਂ ਖਿਆਲਾ ਬੁਲੰਦ ਚੋਅ ਤਕ ਦੇ ਹਿਸੇ ਦੀ ਮੁਰੰਮਤ ਕੀਤੀ ਗਈ ਹੈ ;

(ਅ) ਖਿਆਲਾ ਬੁਲੰਦ ਚੋਅ ਤੋਂ ਧੂਤ ਦੁਸੜਕਾ-ਸੜਕ ਦੇ ਬਾਕੀ ਬਚਦੇ ਹਿੱਸੇ ਦੀ ਮੁਰੰਮਤ ਕਰਨ ਦੇ ਪ੍ਰੋਗਰਾਮ ਦਾ ਵੇਰਵਾ ਕੀ ਹੈ ?

**ਸ਼੍ਰੀ ਜੋਗਿੰਦਰ ਪਾਲ ਪਾਂਡੇ :** (ੳ) ਜੀ ਨਹੀਂ ।

(ਅ) ਸੜਕ ਤੇ ਹੁਣੇ ਹੋਈਆਂ ਬਾਰਸ਼ਾਂ ਦੇ ਕਾਰਣ ਕਿਲੋਮੀਟਰ ਨੰ: 10 ਵਿਚ ਥੋੜ੍ਹੇ ਜਿਹੇ ਹਿਸੇ ਨੂੰ ਜ਼ਿਆਦਾ ਪਾਣੀ ਆਉਣ ਕਾਰਣ ਜੋ ਨੁਕਸਾਨ ਪੁਜਾ ਹੈ ਉਹ ਇਸੇ ਸਾਲ ਮੁਰੰਮਤ ਕੀਤਾ ਜਾਵੇਗਾ ।

UNSTARRED QUESTION No. 1149

(Extension has been asked for in respect of unstarred Question No. 1149).

ਵਿਸ਼ਾ :-ਅਨਸਟਾਰਡ ਸੁਆਲ ਨੰ: 1149 ਵਲੋਂ ਕਾਮਰੇਡ ਸਤਿਆ ਪਾਲ ਡਾਂਗ ਐਮ. ਐਲ. ਏ. ਬਾਬਤ ਪੰਜਾਬ ਜ਼ਮੀਨ ਸੁਧਾਰ ਐਕਟ, 1973 ਅਧੀਨ ਵਾਧੂ ਐਲਾਨ ਕਰਨਾ ।

ਸਭਾ ਦੇ ਸੁਆਲ ਨੰ: 1149 ਜੋ ਮਿਤੀ 10 ਸਤੰਬਰ, 1976 ਲਈ ਅਨਸਟਾਰਡ ਸੁਆਲਾਂ ਦੀ ਸੂਚੀ ਵਿਚ ਸ਼੍ਰੀ ਸਤਿਆ ਪਾਲ ਡਾਂਗ, ਦੇ ਵਲੋਂ ਦਰਜ ਹੈ, ਦਾ ਜਵਾਬ ਅੱਜੇ ਤਿਆਰ ਨਹੀਂ ਹੋਇਆ ਹੈ ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ ।

ਸਹੀ/-

ਮਾਲ ਮੰਤਰੀ, ਪੰਜਾਬ ।

ਸਕੱਤਰ,

ਪੰਜਾਬ ਵਿਧਾਨ ਸਭਾ,

ਚੰਡੀਗੜ੍ਹ ।

ਗ: ਸ: ਪੱਤਰ ਨੰ: 5896-ਏ. ਆਰ.(5)-76/31162,

ਚੰਡੀਗੜ੍ਹ ਮਿਤੀ 9-9-1976

Original with;
Punjab Vidhan Sabha
Digitized by;
Panjab Digital Library

## QUESTIONS OF PRIVILEGE

**Mr. Speaker** : I have received notice of privilege motion from Comrade Shamsher Singh Josh, M.L.A., wherein he has stated that the Chief Minister has made some policy announcements outside the House on 9th September, 1976, when the House was in Session. By doing so, the hon. Member says, the Cheif Minister has committed a breach of privilege of the House. I may point out that, as has been held on the earlier occasions, no breach of privilege is involved if a statement on a matter of public interest is not first made in the House and is made outside. However, propriety demands that such statements should be made in the House. I would, therefore, request the hon. Chief Minister and other Ministers to make policy statements/announcements first in the House, when it is in Session.

Then there is another notice of a Privilege Motion. It is from Comrade Satya Pal Dang wherein he has alleged that the pensions of the retired State Government employees have not been increased from time to time so as to match the increase granted by the Union Government to its own pensioners inspite of an assurance given by the Finance Minister to that effect.

As per past practice, I am writing a letter to the Minister concerned and on receipt of the clarification, I will give my ruling.

Then, I have received notice of another Privilege Motion from Comrade Shamsher Singh Josh wherein he has alleged that the Minister for Finance has committed a breach of privilege by not releasing due instalments of Dearness Allowance to the employees of the State inspite of his repeated declarations and assurances in the House during the last Budget Session. As per past practice, I am writing a letter to the Minister to clarify the position and on receipt of his reply, I will give my ruling.

**Mr. Speaker** : Call Attention Notices.

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੇਰੀ ਐਡਜਰਨਮੈਂਟ ਮੋਸ਼ਨ ਸੀ ।

**ਸ੍ਰੀ ਸਪੀਕਰ** : ਉਹ ਅੱਠ ਵਜੇ ਪੁੱਜੀ ਹੈ ਜੀ, ਉਹ ਲੇਟ ਸੀ । ਦੋ ਘੰਟੇ ਪਹਿਲਾਂ ਚਾਹੀਦੀ ਸੀ ।

**ਕਾਮਰੇਡ ਸੱਤ ਪਾਲ ਡਾਂਗ** : ਹੁਣ ਦੋ ਘੰਟੇ ਹੋ ਗਏ ਹਨ ਜੀ । 10 ਵੱਜ ਗਏ ਹਨ ਜੀ ।

**ਸ੍ਰੀ ਸਪੀਕਰ** : ਦੋ ਘੰਟੇ ਬੀਫੋਰ ਦੀ ਸਿਟਿੰਗ ਆਫ ਦੀ ਹਾਉਸ ਆਉਣੀ ਚਾਹੀਦੀ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਦੋ ਘੰਟੇ ਤਾਂ ਹੋ ਗਏ ਹਨ, ਸਪੀਕਰ ਸਾਹਿਬ । (ਵਿਘਨ)

Original with;
Punjab Vidhan Sabha
Digitized by;
Panjab Digital Library

## MOTION UNDER RULE 16

**Revenue and Elections Minister** (Sardar Umrao Singh) : Sir, I beg to move –

> That the Vidhan Sabha (Assembly) at its rising this day shall stand adjourned *sine die*.

**Mr. Speaker** : Motion moved—

> That the Vidhan Sabha (Assembly) at its rising this day shall stand adjourned *sine die*.

**Mr. Speaker** : Question is—

> That the Vidhan Sabha (Assembly) at its rising this day shall stand adjourned *sine die*.

*The motion was carried.*

---

## CALL-ATTENTION NOTICES UNDER RULE 66

(Serial No. 18)

**Comrade Raj Kumar** : Sir I beg to draw the attention of the Government to a matter of urgent public importance, namely, widespread discontentment amongst the employees numbering about three thousands of the British India Corporation, New Egerton Woollen Mills, Dhariwal because of the unsympathetic and unhelpful attitude of the management of the Mills in matter of payment of bonus and non-provision of the requisite concessions/ amenities to them.

**ਵਿੱਤ ਮੰਤਰੀ** : ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਜੀ ਨੇ ਇਸ ਸਿਚੂਏਸ਼ਨ ਵਲ ਧਿਆਨ ਦਵਾਇਆ ਹੈ ਔਰ ਜਿਹੜੀ ਇਨਫਰਮੇਸ਼ਨ ਅਸੀਂ ਜਲਦੀ ਜਲਦੀ ਇਕੱਠੀ ਕੀਤੀ ਹੈ ਉਸ ਦੇ ਮੁਤਾਬਿਕ ਬੋਨਸ ਐਕਟ ਦੇ ਮੁਤਾਬਿਕ ਉਨ੍ਹਾਂ ਦਾ ਜਿਹੜਾ ਫਾਈਨਾਂਸ਼ੀਅਲ ਯੀਅਰ ਹੈ ਉਹ 31 ਦਸੰਬਰ ਨੂੰ ਖਤਮ ਹੁੰਦਾ ਹੈ ਔਰ ਅੱਠ ਮਹੀਨੇ ਦੇ ਅੰਦਰ ਅੰਦਰ ਉਹ ਬੋਨਸ ਪੇ ਕਰ ਸਕਦੇ ਹਨ । ਇਸ ਦਾ ਮਤਲਬ ਹੈ ਕਿ 31 ਅਗਸਤ, 1976 ਤਕ ਬੋਨਸ ਪੇ ਕਰਨਾ ਚਾਹੀਦਾ ਸੀ । ਮਹਿਕਮੇ ਨੇ ਇਹ ਰਿਪੋਰਟ ਦਿੱਤੀ ਹੈ ਕਿ ਹੁਣ ਉਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਮੁਨਾਫਾ ਨਹੀਂ ਹੋਇਆ, ਇਸ ਕਰਕੇ ਉਹ ਬੋਨਸ ਨਹੀਂ ਦੇ ਸਕਦੇ । ਸਰਕਾਰ ਵਲੋਂ ਵਰਕਰਜ਼ ਦਾ ਡਿਮਾਂਡ ਨੋਟਿਸ ਆਉਣ ਤੋਂ ਬਾਅਦ ਇਮੀਜੀਏਟਲੀ ਕਾਰਵਾਈ ਕੀਤੀ ਜਾਵੇਗੀ ਔਰ ਪੂਰਾ ਐਕਸ਼ਨ ਲਿਆ ਜਾਵੇਗਾ । ਲੇਬਰ ਕਮਿਸ਼ਨਰ ਨੂੰ ਕਿਹਾ ਗਿਆ ਹੈ ਕਿ ਮੌਕੇ ਤੇ ਡਿਮਾਂਡ ਨੋਟਿਸ ਆਉਣ ਤੋਂ ਬਾਅਦ ਜਾਵੇ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਜਿੱਥੇ ਤਕ ਜਵਾਬ ਦਾ ਤੁਆਲਕ ਹੈ, ਮੈਂ ਸਮਝਦਾ ਹਾਂ ਕਿ ਬ੍ਰੀਚ ਆਫ ਪਰਵਿਲੇਜ਼ ਦਾ ਕੁਐਸ਼ਚਨ ਹੈ ਜਿਹੜਾ ਕਿ ਮੈਂ ਬਾਅਦ ਵਿਚ ਰੇਜ਼ ਕਰਾਂਗਾ । ਲੇਬਰ ਕਮਿਸ਼ਨਰ ਨੇ ਰਿਪੋਰਟ ਕੀਤੀ ਹੈ ਕਿ ਡਿਮਾਂਡ ਨੋਟਿਸ ਨਹੀਂ ਪਹੁੰਚਿਆ, ਇਹ ਵੀ ਗਲਤ ਹੈ ਔਰ ਜਿਹੜੀ ਰਿਪੋਰਟ ਦਿੱਤੀ ਹੈ ਕਿ ਉਥੇ ਮੁਨਾਫਾ ਨਹੀਂ ਹੋਇਆ, ਉਹ ਵੀ ਗਲਤ ਹੈ । ਮੇਰੇ ਪਾਸ ਬੈਲੰਸ-ਸ਼ੀਟ ਹੈ । 27 ਲੱਖ 54 ਹਜ਼ਾਰ ਰੁਪਏ ਵਰਕਿੰਗ ਰਿਜ਼ਲਟਸ ਦੇ ਮੁਤਾਬਕ ਸਰਪਲਸ ਹਨ । ਟੋਟਲ ਬੀ.ਆਈ.ਸੀ. ਦਾ ਪ੍ਰਾਫਿਟ ਅਵੇਲੇਬਲ ਸੀ 54 ਲੱਖ 94 ਹਜ਼ਾਰ ਜਿਹੜਾ ਕਿ ਉਨ੍ਹਾਂ ਨੇ ਟਰਾਂਸਫਰ ਕਰ ਦਿੱਤਾ ਹੈ ਜਨਰਲ ਰਿਜ਼ਰਵ ਦੇ ਵਿਚ । ਸਪੀਕਰ ਸਾਹਿਬ, ਮੇਰੇ ਸਵਾਲ ਵਿਚ ਤਿੰਨ ਮੱਦਾਂ ਹਨ ਮੈਨੂੰ ਉਨ੍ਹਾਂ ਦਾ ਜਵਾਬ ਲੈ ਲੈਣ ਦਿਓ ।

Original with;
Punjab Vidhan Sabha
Digitized by;
Panjab Digital Library

ਪਹਿਲੀ ਤਾਂ ਸਪੀਕਰ ਸਾਹਿਬ ਇਹ ਗਲ ਹੈ ਕਿ ਉਥੋਂ ਦੇ ਮੈਨੇਜਰ ਦੀ ਤਨਖਾਹ ਹਿੰਦੋ-ਸਤਾਨ ਦੇ ਰਾਸ਼ਟਰਪਤੀ ਤੋਂ ਵਜ਼ਿਆਦਾ ਹੈ 80 ਹਜ਼ਾਰ ਰੁਪਏ ਮਹੀਨਾ ਹੈ ਔਰ 10ਵੀਂ ਪਾਸ ਹੈ। 28 ਲੱਖ ਰੁ: ਮੁਨਾਫਾ ਕੀਤਾ ਹੈ, 21 ਪ੍ਰਤੀਸ਼ਤ ਸ਼ੇਅਰ ਹਨ। ਉਥੇ ਦੀ ਮੈਨੇਜਮੈਂਟ ਤੇ ਕੰਟਰੋਲ. ਬੀਂ. ਆਈ. ਸੀ. ਦਾ ਹੈ। ਪੰਜ ਅ ਦਮੀ ਮੈਨੇਜਮੈਂਟ ਵਿਚ ਪ੍ਰਾਈਵੇਟ ਹਨ ਤਜੋਰੀਆ ਵਗੈਰ, ਜਿਹੜੇ ਕਿ ਕੰਟਰੋਲ ਕਰਦੇ ਹਨ। ਸਪੀਕਰ ਸਾਹਿਬ, ਪੰਜਾਬ ਵਿਚੋਂ ਮੁਨਾਫਾ ਉਹ ਲੋਕ ਬਾਹਰ ਲੈ ਜਾਂਦੇ ਹਨ, ਨਾ ਰੈਨੋਵੇਸ਼ਨ ਹੁੰਦੀ ਹੈ, ਨਾ ਆਗ-ਮੈਂਟੇਸ਼ਨ ਔਰ ਨਾ ਹੀ ਮੁਨਾਫਾ ਵਖਾਉਂਦੇ ਹਨ। ਪੰਜਾਬ ਦੇ ਵਰਕਰਜ਼ ਜਿਹੜੇ ਹਨ ਉਨ੍ਹਾਂ ਨੂੰ ਕੰਪੈਨਸੇਸ਼ਨ ਔਰ ਬੋਨਸ ਨ ੀਂ ਦਿੰਦੇ।

ਇਸ ਤੋਂ ਇਲਾਵਾ ਸਪੀਕਰ ਸਾਹਿਬ, ਜਿਹੜਾ ਮੈਨੇਜਰ ਹੈ ਉਹ ਆਰ. ਐਸ. ਐਸ. ਜਿਹੜੀ ਕਿ ਡਿਸਬੈਂਡਿਡ ਆਰਗੇਨਾਈਜ਼ੇਸ਼ਨ ਹੈ, ਉਸ ਦਾ ਮੈਂਬਰ ਹੈ। ਪਿਛਲੇ ਦਿਨਾਂ ਵਿਚ ਜਦੋਂ ਚੀਫ ਮਨਿਸਟਰ ਸਾਹਿਬ ਨੇ ਧਾਰੀਵਾਲ ਜਾਣਾ ਸੀ ਤਾਂ ਉਨ੍ਹਾਂ ਨੇ ਗੜਬੜ ਕਰਨ ਦਾ ਪ੍ਰੋਗਰਾਮ ਬਣਾਇਆ ਸੀ।

**ਸ੍ਰੀ ਸਪੀਕਰ :** ਤੁਸੀਂ ਸਵਾਲ ਕਰੋ।

**ਕਾਮਰੇਡ ਰਾਜ ਕੁਮਾਰ :** ਮੈਂ ਇਸ ਜਵਾਬ ਦੀ ਰੋਸ਼ਨੀ ਵਿਚ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਇਸ ਮੈਨੇਜਰ ਦੇ ਖਿਲਾਫ ਡੀ. ਆਈ. ਆਰ. ਥੱਲੇ ਇਨਵੈਸਟੀਗੇਸ਼ਨ ਕਰਨ ਨੂੰ ਤਿਆਰ ਹਨ ਔਰ ਅਗਰ ਪੈਸਾ ਸਰਪਲਸ ਹੋਵੇ ਕੀ ਵਰਕਰਜ਼ ਨੂੰ ਬੋਨਸ ਦਿਵਾਉਣਗੇ?

**ਵਿੱਤ ਮੰਤਰੀ :** ਸਪੀਕਰ ਸਾਹਿਬ, ਮੇਰਾ ਡੀ. ਆਈ. ਆਰ. ਨਾਲ ਤੁਅੱਲਕ ਨਹੀਂ ਹੈ। ਉਹ ਤਾਂ ਚੀਫ ਮਨਿਸਟਰ ਸਾਹਿਬ ਕਰ ਸਕਦੇ ਹਨ, ਹੋਮ ਡਿਪਾਰਟਮੈਂਟ ਕਰ ਸਕਦਾ ਹੈ। ਮੈਂ ਬਤੌਰ ਲੇਬਰ ਡਿਪਾਰਟਮੈਂਟ ਦੇ ਇਨਚਾਰਜ ਦੇ ਹੀ ਇਹ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਗੱਲਾਂ ਕਹੀਆਂ ਹਨ ਉਸ ਬਾਰੇ ਮੈਂ ਇਕ ਮੀਟਿੰਗ ਬੁਲਾ ਲਵਾਂਗਾ। ਲੇਬਰ ਸੈਕਟਰੀ ਵੀ ਜਿਹੜੇ ਪਹਿਲਾਂ ਪੁਰਾਣੇ ਲੇਬਰ ਕਮਿਸ਼ਨਰ ਹੁੰਦੇ ਸਨ, ਉਹ ਬਣ ਗਏ ਹਨ, ਉਨ੍ਹਾਂ ਨੂੰ ਬੁਲਾ ਲਵਾਂਗਾ। ਉਹ ਹਰੀਜਨ ਹਨ। ਕਮਿਸ਼ਨਰ ਨੂੰ ਬੁਲਾਵਾਂਗਾ। ਜੇਕਰ ਉਨ੍ਹਾਂ ਨੇ ਗਲਤ ਬਿਆਨੀ ਕੀਤੀ ਹੋਵੇਗੀ ਤਾਂ ਉਨ੍ਹਾਂ ਦੇ ਖਿਲਾਫ ਐਕਸ਼ਨ ਹੋਵੇਗਾ। ਜੇਕਰ ਡਿਮਾਂਡ ਨੋਟਿਸ ਮਿਲ ਗਿਆ ਤਾਂ ਜੋ ਪ੍ਰਾਪਰ ਐਕਸ਼ਨ ਲੈ ਸਕਦੇ ਹੋਏ ਉਹ ਫੌਰਨ ਲਵਾਂਗੇ।

(Serial No. 30)

**Comrade Satya Pal Dang**
**Comrade Dars' an Singh Canadian**
**Comrade Raj Kumar**

Sir, I beg to draw the attention of the Government towards a matter of urgent public impoitance namely, the great dis-contentment amongst the people on account of recent rise in prices of essential commodities in the State.

**ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ :** ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਨੋਟਿਸ ਵਿਚ ਲਿਆਂਦਾ ਹੈ। ਇਹ ਚੀਜ਼ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੇ ਜ਼ੇਰੇ ਗੌਰ ਹੈ। ਕੁਝ ਸਮੇਂ ਤੋਂ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਵਧੀਆਂ ਹਨ ਖਾਸ ਤੌਰ ਤੇ ਇਨ੍ਹਾਂ ਵਿਚ ਖੰਡ, ਬਨਾਸਪਤੀ ਘੀ, ਦਾਲਾਂ ਆਦਿ ਹਨ। ਇਸ ਦਾ ਕਾਰਨ ਇਹ ਹੈ ਕਿ ਕੇਂਦਰ ਸਰਕਾਰ ਨੇ ਸੀਡਜ਼ ਆਇਲ ਯਾਨੀ ਮੂੰਗਫਲੀ ਅਤੇ ਬਨੌਲਿਆਂ ਦੇ ਆਇਲ ਨੂੰ ਐਕਸਪੋਰਟ ਕਰਨ ਕਰਕੇ ਅਤੇ ਦੂਸਰਾ ਕਾਰਨ ਇਹ ਸੀ ਕਿ ਕੁਝ ਰਾਜ

Original with;
Punjab Vidhan Sabha
Digitized by;
Panjab Digital Library

[ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ]

ਸਰਕਾਰਾਂ ਨੇ ਤੇਲਾਂ ਦੀ ਆਵਾਜਾਈ ਦੇ ਤੱਦ ਅਰਥ ਤੌਰ ਤੇ ਸ਼ਰਤਾਂ ਵੀ ਲਗਾ ਦਿੱਤੀਆਂ । ਇਨ੍ਹਾਂ ਕਾਰਨਾਂ ਕਰਕੇ ਕੀਮਤਾਂ ਵਿਚ ਵਾਧਾ ਹੋਇਆ ਹੈ । ਰਾਜ ਸਰਕਾਰ ਦਾ ਬਨਾਸਪਤੀ ਘੀ ਅਤੇ ਸੂਗਰ ਤੇ ਕੋਈ ਕੰਟਰੋਲ ਨਹੀਂ ਸੀ । ਫਿਰ ਵੀ ਪੰਜਾਬ ਸਰਕਾਰ ਨੇ ਕੀਮਤਾਂ ਦੇ ਵੱਧਣ ਦੇ ਰੁਝਾਨ ਨੂੰ ਰੋਕਣ ਲਈ ਸਖਤ ਕਦਮ ਚੁਕੇ ਹਨ । ਬਨਾਸਪਤੀ ਘੀ ਦੀ ਸਮਰੱਥਾ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਨੇ ਪੰਜਾਬ ਦੇ ਘੀ ਦੇ ਪ੍ਰੋਡਿਊਸਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੀ ਸਮਰਥਾ ਅਨੁਸਾਰ ਘੀ ਤਿਆਰ ਕਰਨ ਅਤੇ ਪ੍ਰਾਡਕਸ਼ਨ 50 ਪ੍ਰਤੀਸ਼ਤ ਤੋਂ ਘੱਟ ਨਾ ਰੱਖਣ ਅਤੇ ਨਾ ਹੀ ਘਟ ਹੋਵੇ । ਇਸ ਦੇ ਨਾਲ ਹੀ, ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਗਈ ਕਿ ਉਹ ਘੀ ਪ੍ਰੋਡਿਊਸਰਾਂ ਨੂੰ ਖਾਣ ਵਾਲੇ ਤੇਲ ਯੋਗ ਭਾਅ ਤੇ ਉਪਲਬਧ ਕਰਵਾਉਣ । ਨਾਲ ਹੀ ਮਹਾਰਾਸ਼ਟਰਾ ਅਤੇ ਗੁਜਰਾਤ ਸਰਕਾਰਾਂ ਵਲੋਂ ਤੇਲਾਂ ਦੇ ਐਕਸਪੋਰਟ ਤੇ ਲਗਾਈਆਂ ਸ਼ਰਤਾਂ ਨੂੰ ਹਟਾਉਣ ਲਈ ਕਿਹਾ ਗਿਆ ਹੈ ਤਾਕਿ ਤੇਲ ਦੀ ਮੂਵਮੈਂਟ ਫਰੀ ਹੋਵੇ ਅਤੇ ਕੀਮਤਾਂ ਘੱਟਣ । ਇਸ ਦੇ ਨਾਲ ਹੀ, ਆਮ ਬਜ਼ਾਰ ਵਿਚ ਖੰਡ ਦੀ ਯੋਗ ਮਾਤਰਾਂ ਦੀ ਉਪਲਬਧੀ ਨੂੰ ਯਕੀਨੀ ਬਨਾਉਣ ਲਈ ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਗਈ ਕਿ ਵੱਧ ਤੋਂ ਵੱਧ ਖੰਡ ਫਰੀ-ਸੇਲ ਸ਼ਰੇਣੀ ਵਿਚ ਰਿਲੀਜ਼ ਕੀਤੀ ਜਾਵੇ । ਸ੍ਰੀ ਏ. ਸੀ. ਜਾਰਜ, ਕੇਂਦਰ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਇਕ ਮੀਟਿੰਗ ਹੋਈ ਜਿਸ ਦੇ ਵਿਚ ਇਹ ਫੈਸਲਾ ਕੀਤਾ ਗਿਆ ਕਿ ਸਾਢੇ 16 ਕਿਲੋ ਗ੍ਰਾਮ ਬਨਾਸਪਤੀ ਘੀ ਦੇ ਟੀਨ ਦਾ ਭਾਅ 118/ ਰੁਪਏ ਪ੍ਰਤੀ ਟੀਨ ਤੋਂ ਵੱਧ ਮਿਲਾਂ ਵਲੋਂ ਨਹੀਂ ਲਏ ਜਾਣਗੇ । ਇਸ ਮੀਟਿੰਗ ਵਿਚ ਘੀ ਦੇ ਪ੍ਰੋਡਿਊਸਰ ਵੀ ਸਨ । ਇਹ ਫੈਸਲਾ 15 ਅਕਤੂਬਰ, 1976 ਤੱਕ ਲਾਗੂ ਰਹੇਗਾ । ਬਨਾਸਪਤੀ ਘੀ ਦੇ ਡੀਲਰਾਂ ਨੂੰ ਗੌਰਮਿੰਟ ਆਫ ਇੰਡੀਆ ਨੇ ਕਹਿ ਦਿੱਤਾ ਹੈ ਜਿਹੜੀਆਂ ਮਿਲਾਂ ਇਸ ਸਮਝੌਤੇ ਅਨੁਸਾਰ ਘੀ ਵੇਚਣਗੀਆਂ, ਉਨ੍ਹਾਂ ਨੂੰ 20 ਪ੍ਰਤੀਸ਼ਤ ਇਮਪੋਰਟਿਡ ਆਇਲ ਵੱਧ ਦਿੱਤਾ ਜਾਏਗਾ । ਬਾਕੀ ਇਨ੍ਹਾਂ ਨੂੰ ਇਮ ਪੋਰਟਿਡ ਆਇਲ 50 ਪ੍ਰਤੀਸ਼ਤ ਸਟੇਟ ਟਰੇਡਿੰਗ ਕਾਰਪੋਰੇਸ਼ਨ ਰਾਹੀਂ ਦਿੱਤਾ ਜਾਵੇਗਾ । ਇਸ ਦੇ ਨਾਲ ਕੇਂਦਰ ਸਰਕਾਰ ਨੇ ਖੰਡ ਦੀ ਉਪਲਬਧੀ ਨੂੰ ਵਧਾਉਣ ਲਈ ਫਰੀਸੇਲ ਵਿਚ 20,000 ਟਨ ਪ੍ਰਤੀ ਮਹੀਨਾ ਅਗਸਤ, ਸਤੰਬਰ ਅਤੇ ਅਕਤੂਬਰ , 1976 ਲਈ ਵਾਧੂ ਸੂਗਰ ਰਿਲੀਜ਼ ਕਰਨ ਦਾ ਫੈਸਲਾ ਕੀਤਾ ਹੈ । ਇਸ ਦੇ ਵਿਚ ਇਕ ਗੱਲ ਹੋਰ ਹੈ ਸਪੀਕਰ ਸਾਹਿਬ, ਅਸੀਂ ਆਪਣੇ ਡਿਪਟੀ ਕਮਿਸ਼ਨਰਾਂ ਅਤੇ ਜ਼ਿਲਾ ਫੂਡ ਐਂਡ ਸਪਲਾਈ ਦੇ ਅਫਸਰਾਂ ਨੂੰ ਹਦਾਇਤ ਕਰ ਦਿੱਤੀ ਹੈ ਕਿ ਜਿਹੜੇ ਬਲੈਕ-ਮਾਰਕੀਟਿੰਗ, ਮੁਨਾਫਾਖੋਰੀ , ਹੋਰਡਿੰਗ ਕਰਦੇ ਹਨ, ਉਨ੍ਹਾਂ ਦੇ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ । ਬਾਕੀ ਅਸੀਂ ਪਿਛੇ 550 ਰੇਡਜ਼ ਕੀਤੇ ਸਨ । ਉਸ ਦਾ ਨਤੀਜਾ ਇਹ ਹੋਇਆ ਹੈ ਕਿ ਕੀਮਤਾਂ ਵਿਚ ਕੁਝ ਕਮੀ ਹੋਈ ਹੈ । ਬਨਾਸਪਤੀ ਘੀ ਦਾ ਟੀਨ ਜਿਹੜਾ ਕਿ ਪਹਿਲਾਂ 144 ਤੋਂ 147 ਰੁਪਏ ਪ੍ਰਤੀ ਟੀਨ ਦੇ ਹਿਸਾਬ ਨਾਲ ਬਜ਼ਾਰ ਵਿਚ ਵਿਕ ਰਿਹਾ ਸੀ ਹੁਣ ਘੱਟ ਕੇ 133 ਰੁਪਏ ਤੋਂ 137 ਰੁਪਏ ਪ੍ਰਤੀ ਟੀਨ ਹੋ ਗਿਆ ਹੈ । ਇਸ ਦੀਆਂ ਵੀ ਥੋੜੀਆਂ ਜਿਹੀਆਂ ਕੀਮਤਾਂ ਘੱਟੀਆਂ ਹਨ । ਅਸੀਂ ਹੋਰ ਵੀ ਕੋਸ਼ਿਸ਼ ਕਰ ਰਹੇ ਹਾਂ ਕਿ ਕੀਮਤਾਂ ਹੋਰ ਘੱਟ ਜਾਣ ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਐਮਰਜੈਂਸੀ ਤੋਂ ਬਾਅਦ, ਇਨ੍ਹਾਂ ਮਨਾਪਲਿਸਟਾਂ ਜਿਹੜੇ ਘੀ ਅਤੇ ਖੰਡ ਵਾਲਿਆਂ ਨੂੰ ਇਤਨੀਆਂ ਰਿਆਇਤਾਂ ਕਿਉਂ ਦਿੱਤੀਆਂ ਹੋਈਆਂ ਹਨ, ਜਿਤਨੀਆਂ ਕਿ ਪਹਿਲਾਂ ਨਹੀਂ ਸਨ । ਪਰ ਫੇਰ ਵੀ ਉਹ ਕਿਸੇ ਨਾ ਕਿਸੇ ਢੰਗ ਨਾਲ ਆਰਟੀਫੀਸ਼ਲ ਤਰੀਕੇ ਨਾਲ ਜਾਂ ਕਿਸੇ ਹੋਰ ਸਿਸਟਮ ਨਾਲ ਕੀਮਤਾਂ ਵਿਚ ਵਾਧਾ ਕਰ ਦਿੰਦੇ ਹਨ । ਇਨ੍ਹਾਂ ਨੂੰ ਨੱਥ ਪਾਉਣ ਦੀ ਲੋੜ ਹੈ । ਕੀ ਮਨਿਸਟਰ ਸਾਹਿਬ, ਪੰਜਾਬ ਸਰਕਾਰ ਵਲੋਂ ਕੇਂਦਰ ਸਰਕਾਰ ਨੂੰ ਸਿਫਾਰਸ਼ ਕਰਨ ਨੂੰ ਤਿਆਰ ਹਨ ਕਿ ਇਨ੍ਹਾਂ ਦੋਨਾਂ ਚੀਜ਼ਾਂ ਦੀਆਂ ਮਿਲਾਂ ਦਾ ਕੌਮੀਕਰਨ ਕੀਤਾ ਜਾਵੇ । ਤਾਕਿ ਗਰੀਬ ਕਿਸਾਨ ਅਤੇ ਲੋਕਾਂ ਨੂੰ ਸਸਤੇ ਭਾਅ ਤੇ ਚੀਜ਼ਾਂ ਮਿਲ ਸਕਣ ।

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਕੁਝ ਖੰਡ ਦੀਆਂ ਮਿਲਾਂ ਤਾਂ ਕੋਆਪਰੇਟਿਵ ਮਿਲਜ਼ ਹਨ । ਮੈਂ ਇਤਨਾ ਹੀ ਕਹਾਂਗਾ ਕਿ ਡਾਂਗ ਸਾਹਿਬ ਦੀ ਪਾਰਟੀ ਸੈਂਟਰ ਦੇ ਵਿਚ ਹੈ, ਇਹ ਪਾਰਲੀਮੈਂਟ ਦੇ ਵਿਚ ਕਰ ਸਕਦੇ ਹਨ। ਬਾਕੀ ਨੈਸ਼ਨਲਾਈਜ਼ ਕਰ ਲੈਣ। ਸਾਨੂੰ ਤਾਂ ਕੋਈ ਇਤਰਾਜ਼ ਨਹੀਂ ਹੈ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਤੋਂ ਮੁਲਕ ਦੇ ਅੰਦਰ ਬੜੀ ਗੜਬੜ ਅਤੇ ਆਰਥਿਕ ਢਾਂਚੇ ਨੂੰ ਬਰਬਾਦ ਕਰਨ ਵਾਲੇ ਬੜੀ ਤੇਜੀ ਨਾਲ ਅੱਗੇ ਵੱਧੇ ਸਨ। ਐਮਰਜੈਂਸੀ ਤੋਂ ਬਾਅਦ ਕਦਮ ਚੁਕੇ ਹਨ ਪਰ ਹੁਣ ਕੁਝ ਕੀਮਤਾਂ ਘਟੀਆਂ ਸਨ। ਸਰਕਾਰ ਹੁਣ ਫਿਰ ਨਰਮੀ ਵਰਤ ਰਹੀ ਹੈ ਇਨ੍ਹਾਂ ਅਨਸਰਾਂ ਦੇ ਵਿਰੁਧ, ਅਤੇ ਅਜੇ ਇਨ੍ਹਾਂ ਦੀਆਂ ਕਾਰਵਾਈਆਂ ਚਲ ਰਹੀਆਂ ਹਨ। ਇਸ ਨਰਮੀ ਦੀ ਬਜਾਏ ਕੀ ਸਰਕਾਰ ਸਖਤ ਕਾਰਵਾਈ ਕਰੇਗੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਕਨੇਡੀਅਨ ਸਾਹਿਬ ਦਾ ਬਿਆਨ ਜੋ ਹੈ ਇਹ ਗਲਤ ਹੈ। ਅਸੀਂ ਕੋਈ ਨਰਮੀ ਕਿਸੇ ਨਾਲ ਨਹੀਂ ਵਰਤ ਰਹੇ। ਨਾ ਹੀ ਵਰਤਾਂਗੇ। ਬਾਕੀ ਕਮੋਡੀਟੀਜ਼ ਪ੍ਰਾਈਸ ਮਾਰਕਿੰਗ ਐਂਡ ਡਿਸਪਲੇ ਆਰਡਰਜ਼ ਨੂੰ ਸਖਤੀ ਨਾਲ ਅਮਲ ਵਿਚ ਲਿਆਉਣ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਨਰਮੀ ਵਾਲੀ ਗੱਲ ਨਹੀਂ ਹੋ ਸਕਦੀ ਹੈ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਸਾਡੇ ਮੁਲਕ ਦੇ ਵਿਚ 1975 ਵਿਚ ਟੋਟਲ ਰੇਵੋ-ਲਿਊਸ਼ਨ ਦਾ ਜਦ ਨਾਹਰਾ ਲੱਗਾ ਸੀ ਤਾਂ ਉਸ ਵੇਲੇ ਪ੍ਰਾਈਸਿਜ਼ ਬਹੁਤ ਚੜ੍ਹ ਗਈਆਂ ਸਨ। ਹੁਣ ਹਾਲਤ ਇਹ ਹੈ ਕਿ ਪ੍ਰਾਈਸਿਜ਼ ਉਤਨੀਆਂ ਤਾਂ ਨਹੀਂ ਹੋਈਆਂ ਮਗਰ ਉਸ ਪਾਸੇ ਨੂੰ ਵਧ ਰਹੀਆਂ ਹਨ। ਮੈਂ ਮਨਿਸਟਰ ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹਾਂ, ਇਸ ਹਕੀਕਤ ਦੇ ਪੇਸ਼ੇ ਨਜ਼ਰ ਕਿ ਪ੍ਰਾਈਸਿਜ਼ ਦੇ ਵਧਣ ਨਾਲ ਰਾਈਟ ਰੀਐਕਸ਼ਨਰੀ ਪਾਰਟੀਆਂ ਨੂੰ ਮੁੜ ਕੇ ਦੰਦ ਅਤੇ ਜ਼ਬਾਨ ਮਿਲ ਰਹੀ ਹੈ। ਇਸ ਲਈ ਆਇਆ ਜਿਹੜੇ ਹੁਣ ਤਕ ਇਨ੍ਹਾਂ ਨੇ ਕਦਮ ਚੁੱਕੇ ਹਨ ਕੀ ਉਨ੍ਹਾਂ ਨੂੰ ਇਹ ਸਮਝਦੇ ਹਨ ਕਿ ਕਾਫੀ ਹਨ ਅਤੇ ਉਸ ਦੇ ਨਾਲ ਸਾਰੀਆਂ ਚੀਜ਼ਾਂ ਦੀਆਂ ਪ੍ਰਾਈਸਿਜ਼ ਆਪਣੇ ਥਾਂ ਤੇ ਆ ਜਾਣਗੀਆਂ ਜਾਂ ਇਹ ਕੋਈ ਸਟਰਿੰਜੈਂਟ ਕਦਮ ਚੁਕਣਗੇ । ਇਸ ਬਾਰੇ ਇਹ ਦੱਸ ਦੇਣ ?

**ਰਾਜ ਮੰਤਰੀ** : ਜਿਹੜੇ ਹੁਣ ਤਕ ਕਦਮ ਚੁਕੇ ਗਏ ਹਨ ਉਸ ਦੇ ਨਾਲ ਪ੍ਰਾਈਸਿਜ਼ ਥੱਲੇ ਆਉਣੀਆਂ ਸ਼ੁਰੂ ਹੋ ਗੀਆਂ ਹਨ। ਜੇ ਫਿਰ ਵੀ ਪ੍ਰਾਈਸਿਜ਼ ਥੱਲੇ ਨਾ ਆਈਆਂ ਤਾਂ ਫਿਰ ਅਸੀਂ ਸੋਚ ਲਵਾਂਗੇ ਪਰ ਸਰਕਾਰ ਹਮੇਸ਼ਾਂ ਇਹ ਕੋਸ਼ਿਸ਼ ਕਰਦੀ ਹੈ ਕਿ ਪ੍ਰਾਈਸਿਜ਼ ਨਾ ਵਧਣ। ਪ੍ਰਾਈਸਿਜ਼ ਵਧਣ ਨਾਲ ਕਾਮਨ ਆਦਮੀ ਨੂੰ ਨੁਕਸਾਨ ਹੁੰਦਾ ਹੈ।

(Serial No. 40)

**Comrade Darshan Singh Canadian**
**Comrade Satya Pal Dang**
**Comrade Jangir Singh Joga**

: Sir, I beg to draw the attention of the Government towards a matter of urgent public importance, namely, the great resentment amongst the thousands of unemployed teachers due to a reported move of the Education Department Government to withdraw over one thousand posts of Social Study Teachers which whould result in retrenchment in the Education Department.

**Education Minister** (Shri Gurmail Singh): There is no such move from the Education Department to withdraw over one thousand posts of Social Study Teachers. Hence the question of resentment amongst the unemployed teachers does not arise.

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰ: 33 ਸੀ ।

ਸ੍ਰੀ ਸਪੀਕਰ : ਸਾਰੀਆਂ ਐਡਮਿਟ ਨਹੀਂ ਹੋ ਸਕਦੀਆਂ ।

ਮਾਸਟਰ ਚੰਦ ਸਿੰਘ : ਜ਼ਿਲ੍ਹਾ ਸੰਗਰੂਰ ਵਿਚ ਮਹਿਲਕਲਾਂ ਬਲਾਕ ਵਿਚ ਐਜੂਕੇਸ਼ਨ ਦਾ ਪ੍ਰੋਗਰਾਮ ਚਲਦਾ ਹੈ......

Mr. Speaker : Not allowed. Please resume your seat.

## QUESTION OF PRIVILEGE

*(Resumption)*

**Mr. Speaker**: On 7th September, 1976, I informed the House that I had received notice of a privilege motion from Comrade Satya Pal Dang, M. L. A. stating that a separate Directorate for Primary Education in Punjab had not been set up inspite of the assurances given by the Chief Minister to that effect on the floor of the House on 26 February, 1974, and 6th May, 1975. I also informed the House, that I would write to the Minister concerned to clarify the position. The Chief Minister has now sent a detailed letter to me clarifying the position. It is stated therein that an assurance was given on 26th February, 1974, but when the matter was again discussed in the House on 6th May, 1975. he stated that the experts on education were of the view that only two Directorates instead of three should be set up and he assured the House that after completing all the formalities those Directorates would be set up by the end of September. The two Directorates, one for Colleges and the other for Schools, have since been set up. So for as the Primary Education is concerned, one post of the Additional Director for Primary Education has been created which is yet to be filled up. The incumbent of this post would be responsible for looking after the Primary Education. It is further stated that the setting up of a separate Directorate of Primary Education only is not likely to serve any useful purpose.

The Chief Minister has made the position abundantly clear. Thus, in this case there has been no non-implementation of the assurance. I would like to point out for the information of the Hon. Members that it has been held in the Lok Sabha that non-implementation of an assurance given by a Minister on the floor of the House is not a breach of privilege or a contempt of the House because the process of implementation of a policy matter is conditional on a number of factors contributing to such policy. I am also of the considered view that while the Government should attach due importance and sanctity to an assurance given by it on the floor of the House, non-implementation of the assurances cannot be made the basis of a question of breach. I, therefore, do not give my consent to the qestion of privilege being raised.

ਕਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਹ ਜਿਹੜੀ ਤੁਸੀਂ ਰੂਲਿੰਗ ਪੜ੍ਹੀ ਹੈ..

ਸ੍ਰੀ ਸਪੀਕਰ : ਰੂਲਿੰਗ ਤੇ ਡਿਸਕੱਸ਼ਨ ਨਹੀਂ ਹੋਣੀ ਚਾਹੀਦੀ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਰੂਲਿੰਗ ਤੇ ਡਿਸਕੱਸ਼ਨ ਨਹੀਂ ਕਰਦਾ । ਮੈਂ ਫੈਕਟਸ ਪਤਾ ਕਰਨਾ ਚਾਹੁੰਦਾ ਹਾਂ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਤੁਸੀਂ ਸੀ. ਐਸ. ਸਾਹਿਬ ਤੋਂ ਪਤਾ ਕਰ ਲਿਓ । (ਵਿਘਨ) ਜਾਂ ਤੁਸੀਂ ਚੈਂਬਰ ਵਿਚ ਆ ਜਾਣਾ ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਐਸ਼ੋਰੈਂਸ ਦਿਤੀ ਗਈ ਸੀ । ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਸੈਪਰੇਟ ਦੋ ਡਾਇਰੈਕਟੋਰੇਟ ਬਣਾਵਾਂਗੇ ।

**ਚੌਧਰੀ ਦਰਸ਼ਨ ਸਿੰਘ :** ਸਪੀਕਰ ਸਾਹਿਬ, ਐਜੂਕੇਸ਼ਨ ਮਨਿਸਟਰ ਸਾਹਿਬ ਕਹਿੰਦੇ ਹਨ ਕਿ : I am ready to answer. I don't think that Chair should object to it. The Chair cannot refuse.

ਉਨ੍ਹਾਂ ਨੇ ਕਿਹਾ ਹੈ ਕਿ ਮੈਂ ਜਵਾਬ ਦੇਣ ਨੂੰ ਤਿਆਰ ਹਾਂ । ਤੁਸੀਂ ਰਿਕਾਰਡ ਦੇਖ ਲਵੋ ?

**ਵਿਦਿਆ ਮੰਤਰੀ :** ਸਪੀਕਰ ਸਾਹਿਬ ਚੌਧਰੀ ਸਾਹਿਬ ਗਲਤ ਕਹਿੰਦੇ ਹਨ । ਮੈਂ ਇਹ ਗੱਲ ਨਹੀਂ ਕਹੀ ।

**ਕਾਮਰੇਡ ਸੱਤ ਪਾਲ ਡਾਂਗ :** ਪੁਆਇੰਟ ਆਫ ਆਰਡਰ, ਸਰ । * * * *

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । This should not form part of the proceedings.

---

## PAPERS LAID ON THE TABLE

**Revenue and Elections Minister** (Sardar Umrao Singh) : Sir, I beg to lay on the Table* the Punjab General Sales Tax (Amendment) Ordinance, 1976 (Punjab Ordinance No. 5 of 1976) as required under Article 213(2)(a) of the Constitution of India.

## THE PUNJAB APPROPRIATION (NO. 3) BILL, 1976

**Finance Minister** (Shri Hans Raj Sharma) : Sir, I beg to introduce the Punjab Appropriation (No. 3) Bill:

Sir, I beg to move—

> That the Punjab Appropriation (No. 3) Bill be taken into consideration at once.

**Mr. Speaker** : Motion moved—

> That the Punjab Appropriation (No. 3) Bill be taken into consideration at once.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਖਰੜ) :** ਸਪੀਕਰ ਸਾਹਿਬ, ਇਹ ਜਿਹੜਾ ਐਫ. ਐਮ. ਸਾਹਿਬ ਨੇ ਐਪਰੋਪਰੀਏਸ਼ਨ ਬਿਲ ਪੇਸ਼ ਕੀਤਾ ਹੈ, ਇਸ ਵਿਚ 12 ਕਰੋੜ ਰੁਪਏ ਦੀ ਮੰਗ ਕੀਤੀ ਗਈ ਹੈ । ਇਸ ਦੇ ਲਈ ਸਾਡੇ ਵਿੱਤ ਮੰਤਰੀ ਸ਼ਲਾਘਾ ਦੇ ਪਾਤਰ ਹਨ । ਇਹ ਜਿਹੜਾ 12 ਕਰੋੜ ਰੁਪਿਆ ਹੈ ਇਹ ਸਾਡੀ ਪੰਜਾਬ ਦੀ ਜਨਤਾ ਨੂੰ ਰਾਹਿਤ ਦੇਣ ਵਾਸਤੇ ਮੰਗਿਆ ਗਿਆ ਹੈ । ਸਪੀਕਰ ਸਾਹਿਬ,

---

**Expunged as ordered by the Chair.

*Placed in the Library.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਮੈਂ ਕੁਝ ਸੁਝਾਓ ਦੇਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਦੋ ਕੁਦਰਤੀ ਆਫਤਾਂ ਹਨ-ਇਕ ਹੜ ਅਤੇ ਦੂਸਰਾ ਗੜ੍ਹੇ। ਇਹ ਦੋਨੋਂ ਆਫਤਾਂ ਪੰਜਾਬ ਵਿਚ ਆਈਆਂ ਹਨ। ਇਹ ਜਿਹੜੀਆਂ ਦੋਵੇਂ ਆਫਤਾਂ ਪੰਜਾਬ ਵਿਚ ਆਈਆਂ ਹਨ, ਇਸ ਸਬੰਧ ਵਿਚ ਉਨ੍ਹਾਂ ਲੋਕਾਂ ਲਈ 10 ਕਰੋੜ ਰੁਪਿਆ ਇਸ ਵਿਚ ਪ੍ਰੋਵਾਈਡ ਕੀਤਾ ਗਿਆ ਹੈ। ਇਸ ਦੇ ਵਿਚ 25 ਲੱਖ ਰੁਪਿਆ ਸ਼ੂਗਰ ਮਿਲਜ਼ ਨੂੰ ਰਿਫੰਡ ਕੀਤਾ ਗਿਆ ਹੈ। ਸਪੀਕਰ ਸਾਹਿਬ, ਇਸ ਨੂੰ ਛੱਡ ਕੇ ਬਾਕੀ ਸਾਰੀਆਂ ਮੱਦਾਂ ਲਈ ਮੈਂ ਇਨ੍ਹਾਂ ਨੂੰ ਅਤੇ ਸਰਕਾਰ ਨੂੰ ਵਧਾਈ ਦੇਣਾ ਚਾਹੁੰਦਾ ਹਾਂ। ਇਹ ਜਿਹੜੀ 25 ਲੱਖ ਰੁਪਏ ਦੀ ਮੱਦ ਹੈ, ਇਸ ਦੀ ਅਸੀਂ ਵਿਰੋਧਤਾ ਕਰਨੀ ਚਾਹੁੰਦੇ ਹਾਂ ਔਰ ਇਸ ਦੀ ਕੋਈ ਜਸਟੀਫਿਕੇਸ਼ਨ ਵੀ ਨਹੀਂ ਹੈ। ਇਸ ਦੇ ਬਾਰੇ ਮੈਂ ਬਾਅਦ ਵਿਚ ਦੱਸਾਂਗਾ। ਸਪੀਕਰ ਸਾਹਿਬ, ਮੱਦ ਨੰ: 5 ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ। ਇਸ ਵਿਚ ਹੜ੍ਹ ਅਤੇ ਗੜਿਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਦੀ ਮੈਂ ਕੁਝ ਚਰਚਾ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਅਸੀਂ ਰੂਪਨਗਰ ਵਾਲੇ ਖੁਸ਼ਕਿਸਮਤ ਹਾਂ ਕਿ ਸਾਡੇ ਜ਼ਿਲ੍ਹੇ ਵਿਚ ਹੜ੍ਹਾਂ ਨਾਲ ਬਹੁਤ ਘੱਟ ਨੁਕਸਾਨ ਹੋਇਆ ਹੈ। ਕੇਵਲ 42 ਸੌ ਏਕੜ ਰਕਬੇ ਵਿਚ ਸਾਡੇ ਜ਼ਿਲੇ ਵਿਚ ਨੁਕਸਾਨ ਹੋਇਆ ਹੈ। ਮੈਂ ਸਮਝਦਾ ਹਾਂ ਕਿ ਇਸ ਦਾ ਕਾਰਣ ਕੁਦਰਤੀ ਹੈ। ਇਹ ਇਲਾਕਾ ਉਠਾੜ ਵਿਚ ਹੈ ਜਿਥੇ ਕਿ ਹੜ੍ਹ ਘੱਟ ਆਉਂਦੇ ਹਨ। ਨਦੀਆਂ ਨਾਲ ਜਿਹੜੀ ਤਬਾਹੀ ਹੁੰਦੀ ਹੈ ਉਸ ਬਾਰੇ ਇਸ ਨਾਲ ਸਾਡੇ ਜ਼ਿਲ੍ਹੇ ਵਿਚ ਡਰੇਨੇਜ਼ ਡਿਪਾਰਟਮੈਂਟ ਨੇ ਕਾਫੀ ਸ਼ਲਾਘਾਯੋਗ ਕੰਮ ਕੀਤਾ ਹੈ। ਇਸ ਦਾ ਹੀ ਨਤੀਜ਼ਾ ਹੈ ਕਿ ਸੀਸਵਾਂ ਨਦੀ ਜਿਹੜੀ ਤਬਾਹੀ ਕਰਦੀ ਹੁੰਦੀ ਹੈ, ਉਸ ਨੂੰ ਨੁਕੇਲ ਪੈ ਗਈ ਹੈ। ਸਿਰਫ 5-7 ਖਰੜ ਦੇ ਪਿੰਡਾਂ ਵਿਚ ਨੁਕਸਾਨ ਹੋਇਆ ਹੈ ਅਤੇ ਰੂਪਨਗਰ ਦੇ 23-24 ਪਿੰਡਾਂ ਵਿਚ ਨੁਕਸਾਨ ਹੋਇਆ ਹੈ। ਗੜਿਆਂ ਨਾਲ ਮੇਰੇ ਜ਼ਿਲ੍ਹੇ ਵਿਚ ਨੁਕਸਾਨ ਬਹੁਤ ਹੋਇਆ ਸੀ। ਗੜਿਆਂ ਨਾਲ ਸਾਡੇ 36 ਲੱਖ ਰੁਪਏ ਦਾ ਨੁਕਸਾਨ ਹੋਇਆ ਸੀ। ਉਸ ਵਾਸਤੇ ਵੀ 5-6 ਲੱਖ ਰੁਪਿਆ ਰਿਲੀਫ ਸਰਕਾਰ ਵਲੋਂ ਮਿਲ ਚੁਕੀ ਹੈ। ਸਪੀਕਰ ਸਾਹਿਬ, ਮੈਂ ਇਸ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਕੱਲ ਇਕ ਪ੍ਰੈਸ ਕਾਨਫਰੰਸ ਵਿਚ ਇਹ ਕਿਹਾ ਕਿ :—

"ਪੰਜਾਬ ਮੇਂ ਬਾਰਸ਼ੋਂ ਔਰ ਸਿਲਾਬੋਂ ਸੇ ਕੁੱਲ ਨੁਕਸਾਨ ਕਾ ਅੰਦਾਜ਼ਾ 40 ਕਰੋੜ।
2904 ਦਿਹਾਤ ਮੇਂ 5.38 ਲੱਖ ਏਕੜ ਰਕਬਾ ਮੇਂ ਫਸਲੇਂ ਤਬਾਹ। –
1.38 ਲੱਖ ਮਕਾਨ ਗਿਰੇ। 93 ਇਫਰਾਦ ਹਲਾਕ।"

ਇਹ 'ਹਿੰਦ ਸਮਾਚਾਰ' ਅਖਬਾਰ ਵਿਚ ਚੀਫ ਮਨਿਸਟਰ ਦਾ ਬਿਆਨ ਛਪਿਆ ਹੈ। ਪਰ ਮੈਂ ਵਿੱਤ ਮੰਤਰੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ 2 ਕਰੋੜ ਰੁਪਿਆ ਹੀ ਪ੍ਰੋਵਾਈਡ ਕੀਤਾ ਹੈ ਪਰ ਫਸਲਾਂ ਅਤੇ ਮਕਾਨਾਂ ਆਦਿ ਦਾ ਨੁਕਸਾਨ 40 ਕਰੋੜ ਦਾ ਸੀ. ਐਮ. ਸਾਹਿਬ ਆਪ ਕਹਿੰਦੇ ਹਨ ਕਿ ਹੋਇਆ ਹੈ। ਗੜੇ ਪੈਣ ਨਾਲ ਜਦ 36 ਕਰੋੜ ਦਾ ਨੁਕਸਾਨ ਹੋਇਆ ਸੀ ਤਾਂ ਸਰਕਾਰ ਨੇ 8 ਕਰੋੜ ਰੁਪਿਆ ਦਿੱਤਾ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਪਾਰਟੀ ਸਮਝਦੀ ਹੈ ਕਿ ਗੜੇ ਮਾਰੀ ਵਿਚ ਐਡਾ ਵੱਡਾ ਮੁਆਵਜ਼ਾ ਦਿੱਤਾ ਗਿਆ ਇਸ ਸਰਕਾਰ ਵਲੋਂ ਕਿ ਪਿਛਲੀਆਂ ਕਿਸੇ ਵੀ ਸਰਕਾਰਾਂ ਵਲੋਂ ਐਨਾ ਜ਼ਿਆਦਾ ਮੁਆਵਜ਼ਾ ਨਹੀਂ ਦਿੱਤਾ ਗਿਆ। ਹਰ ਵਿਅਕਤੀ ਨੂੰ ਜੋ ਇਸ ਨਾਲ ਸਬੰਧਤ ਹੈ ਉਸ ਨੂੰ ਜਿਸ ਦਾ 25 ਪ੍ਰਤੀਸ਼ਤ ਦਾ ਨੁਕਸਾਨ ਹੋਇਆ ਹੈ ਉਸ ਨੂੰ ਹੋਰ ਦਰ ਨਾਲ ਮੁਆਵਜ਼ਾ ਦਿੱਤਾ ਗਿਆ, 50 ਪ੍ਰਤੀਸ਼ਤ ਨੁਕਸਾਨ ਵਾਲੇ ਨੂੰ ਕਿਸੇ ਹੋਰ ਦਰ ਨਾਲ ਮੁਆਵਜ਼ਾ ਦਿੱਤਾ ਗਿਆ ਹੈ ਅਤੇ ਇਸ ਤੋਂ ਵਧ ਨੁਕਸਾਨ ਵਾਲੇ ਨੂੰ ਕਿਸੇ ਹੋਰ ਦਰ ਨਾਲ ਦਿੱਤਾ ਗਿਆ ਹੈ। ਇੱਕ ਤਾਂ ਇਸ ਅਸੂਲ ਨੂੰ ਲਾਗੂ ਕਰਨਾ ਚਾਹੀਦਾ ਹੈ। ਇਕੱਲੇ ਮਕਾਨਾਂ ਦੇ ਨੁਕਸਾਨ ਦਾ ਮੁਆਵਜ਼ਾ ਹੀ ਨਹੀਂ ਬਲਕਿ ਫਸਲਾਂ ਦੀ ਤਬਾਹੀ ਦਾ ਮੁਆਵਜ਼ਾ ਵੀ ਪੰਜਾਬ ਸਰਕਾਰ ਨੇ ਦੇਣਾ ਹੈ। ਮੇਰੇ

Original with;
Punjab Vidhan Sabha
Digitized by;
Panjab Digital Library

ਆਪਣੇ ਜ਼ਿਲ੍ਹੇ ਵਿਚ ਫਸਲਾਂ ਦਾ ਨੁਕਸਾਨ 5 ਲੱਖ 38 ਹਜ਼ਾਰ ਏਕੜ ਰਕਬੇ ਵਿਚ ਹੋਇਆ ਹੈ। ਜਦੋਂ ਸ਼ੋਸ਼ੋ-ਇਕਨਾਮਿਕ ਮੈਯਰਜ਼ ਸਾਰੇ ਦੇਸ਼ ਵਿਚ, ਪਰਦੇਸ਼ ਵਿਚ ਲਿੱਤੇ ਜਾ ਰਹੇ ਹਨ ਫਿਰ ਕੀ ਵਜ੍ਹਾ ਹੈ ਕਿ ਫਸਲਾਂ ਦੇ ਮੁਆਵਜ਼ੇ ਲਈ ਸਿਰਫ 2 ਕਰੋੜ ਰੁਪਏ ਹੀ ਰਖੇ ਗਏ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਦੋ ਕਰੋੜ ਰੁਪਏ ਦੀ ਬਜਾਏ 25 ਕਰੋੜ ਰੁਪਏ ਪੰਜਾਬ ਦੇ ਸਬੰਧਤ ਬੰਦਿਆਂ ਨੂੰ ਦਿੱਤੇ ਜਾਣੇ ਚਾਹੀਦੇ ਹਨ।

ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਹੜ੍ਹ ਨਦੀਆਂ ਵਿਚ ਆਉਂਦੇ ਹਨ ਜਾਂ ਦਰਿਆਵਾਂ ਵਿਚ ਆਉਂਦੇ ਹਨ। ਪਰ ਇਸ ਵਾਰੀ ਹੜ੍ਹ ਡਰੇਨਾਂ ਕਾਰਣ ਆਏ ਹਨ। ਕਰੋੜਾਂ ਰੁਪਏ ਡਰੇਨਾਂ ਵਿਚ ਡਰੇਨ ਕੀਤੇ ਗਏ। ਇਸ ਚੀਜ਼ ਲਈ ਮੈਂ ਅਰਜ਼ ਕਰਦਾ ਹਾਂ ਕਿ ਇਸ ਅਸੰਬਲੀ ਦੀ ਇੱਕ ਹਾਈ ਪਾਵਰਡ ਕਮੇਟੀ ਬਣਾਈ ਜਾਣੀ ਚਾਹੀਦੀ ਹੈ ਜੋ ਕਿ ਇਸ ਚੀਜ਼ ਦੀ ਪੜਤਾਲ ਕਰੇ ਕਿ ਪਿਛਲੇ ਸਾਲ ਕਿੰਨਾ ਰੁਪਿਆ ਡਰੇਨਾਂ ਦੇ ਮਹਿਕਮੇ ਲਈ ਰਖਿਆ ਗਿਆ, ਉਹਦੇ ਵਿਚੋਂ ਕਿੰਨਾ ਰੁਪਿਆ ਖਰਚ ਕੀਤਾ ਗਿਆ ਔਰ ਕਿੰਨਾ ਰੁਪਿਆ ਡਰੇਨ ਕੀਤਾ ਗਿਆ। ਮੈਂ ਕਹਿੰਦਾ ਹਾਂ ਕਿ —

A High Powered Committee consisting of Members of this House should be formed to enquire into the bungling of the Drainage Department which they have done during last year.

ਇਸ ਨਾਲ ਪਤਾ ਲਗ ਜਾਏਗਾ ਕਿ ਕਿਸ ਮੁਲਾਜ਼ਮ ਨੇ ਕਿੰਨਾ ਰੁਪਿਆ ਖਾਧਾ ਹੈ। ਕੈਪਟਨ ਸਾਹਿਬ ਨੇ ਕਲ ਕਿਹਾ ਸੀ ਕਿ ਸੂਬੇ ਵਿਚ 40 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਸ ਦੀ ਜ਼ਿਮੇਵਾਰੀ ਕਿਸ ਤੇ ਹੈ। ਇਸ ਚੀਜ਼ ਦਾ ਫੈਸਲਾ ਕਰਨ ਦੀ ਲੋੜ ਹੈ। ਇਸ ਗਲ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ।

ਸਪੀਕਰ ਸਾਹਿਬ, ਇਸ ਸਿਲਸਿਲੇ ਵਿਚ ਬੜੀ ਹੈਰਾਨੀ ਦੀ ਗਲ ਹੈ ਕਿ ਜੇ ਸਹੀ ਗੱਲ ਲਿਖੋ ਤਾਂ ਉਹ ਵੀ ਸੈਂਸਰ ਹੋ ਜਾਂਦੀ ਹੈ। 'ਨਵਾਂ ਜ਼ਮਾਨਾ' ਨੇ ਇਹ ਖਬਰ ਲਿਖੀ ਸੀ ਕਿ ਗਿਆਨੀ ਜ਼ੈਲ ਸਿੰਘ ਨੇ ਇਕ ਹੋਰ ਪਤੇ ਦੀ ਗਲ ਕਹੀ ਹੈ ਕਿ ਅਸੀਂ ਦਰਿਆਵਾਂ ਤੇ ਬਨ੍ਹ ਲਾਏ ਉਥੇ ਹੜ੍ਹ ਨਹੀਂ ਆਏ ਜਾਂ ਉਨ੍ਹਾਂ ਦੇ ਆਉਣ ਦਾ ਖਿਆਲ ਨਹੀਂ ਸੀ। ਗਿਆਨੀ ਜੀ ਨੂੰ ਇਸ ਗਲ ਦੀ ਪੂਰੀ ਤਰ੍ਹਾਂ ਨਾਲ ਜਾਂਚ ਕਰਾਉਣੀ ਚਾਹੀਦੀ ਹੈ। ਜਿਥੇ ਹੜ੍ਹ ਆਉਣੇ ਨਹੀਂ ਸੀ ਉਥੇ ਆਏ ਔਰ ਜਿਥੇ ਆਉਣੇ ਸੀ ਉਥੇ ਨਹੀਂ ਆਏ। ਇਹ ਸੈਂਸਰ ਹੋਈ। 'ਨਵੇਂ ਜ਼ਮਾਨੇ' ਦੇ ਮੁੱਖ ਆਡੀਟਰ ਨੇ ਕਿਹਾ ਗਿਆਨੀ ਜ਼ੈਲ ਸਿੰਘ ਜੀ ਦੱਸੋ ਕਿ ਕੀ ਇਹ ਵਿਦਰੋਹੀ ਗਲ ਕਹੀ ਗਈ ਹੈ। ਇਕ ਅਖਬਾਰ ਇਸ ਦੀ ਪਰੋੜ੍ਹਤਾ ਕਰਦਾ ਹੈ ਔਰ ਸੈਂਸਰ ਇਸ ਨੂੰ ਕੱਟ ਕਰ ਦਿੰਦਾ ਹੈ। ਕੀ ਤੁਹਾਡੇ ਪ੍ਰਦੇਸ਼ ਵਿਚ ਸੈਂਸਰ ਵਾਲੇ (ਵਿਘਨ)

**ਸ੍ਰੀ ਸਪੀਕਰ :** ਸੈਂਸਰਸ਼ਿਪ ਤੇ ਨਾ ਬੋਲੋ ਬਲਕਿ ਐਪ੍ਰੋਪ੍ਰੀਏਸ਼ਨ ਬਿਲ ਤੇ ਬੋਲੋ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਇਸ ਤੇ ਵੀ ਵਿਚਾਰ ਹੋਣਾ ਚਾਹੀਦਾ ਹੈ। ਪਿਛਲੇ ਸਾਲ ਖਬਰ ਛਪੀ ਸੀ 'ਮਲੇਰੀਆ ਕੇ ਖਿਲਾਫ ਮੁਹਿੰਮ'। ਉਹ ਮੁਹਿੰਮ ਲਫਜ਼ ਦੇ ਛਪਣ ਤੇ ਇਤਰਾਜ਼ ਕਰਨਾ ਇਸ ਬਾਰੇ ਵੀ ਵਿਚਾਰ ਹੋਣੀ ਚਾਹੀਦੀ ਹੈ।

ਅਗਲੀ ਮੱਦ ਸਪੀਕਰ ਸਾਹਿਬ ਹਾਊਸਿੰਗ ਬੋਰਡ ਤੇ ਮੈਂ ਕੁਝ ਅਰਜ਼ ਕਰਨਾ ਚਾਹੁੰਦਾ ਹਾਂ। ਸਰਕਾਰ ਕਮਜ਼ੋਰ ਵਰਗ ਲਈ ਮਕਾਨ ਬਣਾ ਕੇ ਦੇ ਰਹੀ ਹੈ ਬੜੀ ਅਛੀ ਗਲ ਹੈ। ਪਰ ਮੈਂ ਦਸਦਾ ਹਾਂ ਕਿ ਇਸ ਹਾਊਸਿੰਗ ਬੋਰਡ ਦੇ ਮਹਿਕਮੇ ਦੇ ਇੰਜੀਨੀਅਰਜ਼ ਕਿਹੋ ਜਿਹੇ ਹਨ। ਉਨ੍ਹਾਂ ਨੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਚ ਲੋਕਾਂ ਲਈ ਅਜਿਹੇ ਮਕਾਨ ਬਣਾਏ ਹਨ ਕਿ ਸਭ ਤੋਂ ਉਪਰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਵਾਲਾ ਕੋਈ ਹੋਰ ਮਾਲਕ ਮਕਾਨ ਹੈ, ਵਿਚਕਾਰਲਾ ਕੋਈ ਹੋਰ ਮਾਲਕ ਮਕਾਨ ਹੈ ਔਰ ਸਭ ਤੋਂ ਥੱਲੇ ਵਾਲਾ ਕੋਈ ਹੋਰ ਮਾਲਕ ਮਕਾਨ ਹੈ। ਜੇ ਸਭ ਤੋਂ ਉਪਰਲੇ ਜਾਂ ਵਿਚਕਾਰਲੇ ਵਾਲੇ ਨੇ ਸਾਈਕਲ ਲਿਜਾਣਾ ਹੋਵੇ ਤਾਂ ਉਹ ਆਪਣਾ ਸਾਈਕਲ ਆਪਣੇ ਮੋਢਿਆਂ ਤੇ ਚੁਕ ਕੇ ਉਪਰ ਲਿਜਾਂਦਾ ਹੈ। ਉਸ ਦੇ ਸਾਈਕਲ ਰਖਣ ਵਾਸਤੇ ਥਲੇ ਜ਼ਮੀਨ ਤੇ ਕੋਈ ਪ੍ਰੋਵੀਜ਼ਨ ਨਹੀਂ ਰਖੀ ਗਈ ਹੈ। ਇਹ ਚੰਗੀ ਗਲ ਨਹੀਂ ਹੈ। ਇੰਜੀਨੀਅਰਜ਼ ਨੂੰ ਮਕਾਨਾਂ ਲਈ ਚੰਗੇ ਨਕਸ਼ੇ ਬਣਾਉਣੇ ਚਾਹੀਦੇ ਹਨ ਜਿਸ ਨਾਲ ਕਿ ਲੋਕਾਂ ਨੂੰ ਕੋਈ ਤਕਲੀਫ ਨਾ ਹੋਵੇ। ਪਹਿਲਾਂ ਇਹ ਕਿਹਾ ਗਿਆ ਕਿ ਇਸ ਮਕਾਨ ਦੀ ਮਾਹਵਾਰ ਕਿਸ਼ਤ 70/- ਹੋਵੇਗੀ ਔਰ 14,000 ਰੁਪਏ ਕੁਲ ਮਕਾਨ ਦੇ ਦੇਣੇ ਪੈਣਗੇ। ਪਰ ਬਾਅਦ ਵਿਚ ਇਹ ਚੀਜ਼ ਬਦਲ ਦਿੱਤੀ ਗਈ ਔਰ ਕਹਿ ਦਿੱਤਾ ਗਿਆ ਕਿ ਮਾਹਵਾਰ ਕਿਸ਼ਤ ਇਸ ਦੀ 103—ਹੋਵੇਗੀ। ਇਹ ਠੀਕ ਨਹੀਂ ਕੀਤਾ ਗਿਆ। ਕਲਾਸ-4 ਦਾ ਮੁਲਾਜ਼ਮ ਜੋ ਚੰਡੀਗੜ੍ਹ ਕੰਮ ਕਰਦਾ ਹੈ ਔਰ ਮਕਾਨ ਉਥੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਹੈ ਉਸਨੂੰ 70/- ਕਹਿਕੇ ਬਾਅਦ ਵਿਚ ਕਹਿ ਦਿੱਤਾ ਜਾਵੇ ਕਿ 103/- ਮਹੀਨਾ ਦਿਉ ਤਾਂ ਇਹ ਉਸ ਗਰੀਬ ਵਾਸਤੇ ਬਹੁਤ ਮੁਸ਼ਕਿਲ ਵਾਲੀ ਗਲ ਹੈ। ਜਦੋਂ ਕਿ ਸ਼ੋਸ਼ੋ-ਇਕਨਾਮਿਕ ਮੇਯਰਜ਼ ਲਿਆਂਦੇ ਜਾ ਰਹੇ ਹਨ ਫਿਰ 70/- ਤੋਂ 103/- ਕਰਨੇ ਠੀਕ ਨਹੀਂ। ਜਦੋਂ ਮਕਾਨ ਦੇਣੇ ਹੁੰਦੇ ਹਨ ਪਹਿਲਾਂ ਇਹ ਟੈਂਟੇਟਿਵ ਪਰਾਈਸ ਦਸਦੇ ਹਨ ਔਰ ਬਾਅਦ ਵਿਚ ਫਿਰ ਉਸ ਪਰਾਈਸ ਨੂੰ ਬਦਲੀ ਜਾਂਦੇ ਹਨ। ਇਨ੍ਹਾਂ ਨੂੰ ਪਹਿਲਾਂ ਹੀ ਐਕਚੁਅਲ ਪਰਾਈਸ ਦਸਣੀ ਚਾਹੀਦੀ ਹੈ।

ਸਪੀਕਰ ਸਾਹਿਬ, ਹੁਣ ਮੈਂ ਮੱਦ ਨੰ: 27 ਤੇ ਕੁਝ ਕਹਿਣਾ ਚਾਹੁੰਦਾ ਹਾਂ। ਚੀਨੀ ਨੂੰ ਹਰ ਥਾਂ ਤੇ ਇਕੋ ਭਾਅ ਤੇ ਦੇਣਾ ਜਿਥੇ ਜ਼ਿਆਦਾ ਕੈਰਿਜ਼ ਤੇ ਖਰਚ ਆਉਣਾ ਸੀ ਉਸ ਲਈ ਇਹ ਰੁਪਿਆ ਰਖਿਆ ਗਿਆ ਹੈ। ਇਹ ਬੜੀ ਅਛੀ ਗਲ ਹੈ ਕਿ ਹਰ ਥਾਂ ਤੇ ਇਕੋ ਭਾਅ ਤੇ ਚੀਨੀ ਮਿਲੇਗੀ। ਚਾਹੇ ਉਹ ਸ਼ਹਿਰ ਹੋਵੇ ਜਾਂ ਪਿੰਡ ਹੋਵੇ ਨੇੜੇ ਹੋਵੇ, ਜਾਂ ਦੂਰ ਹੋਵੇ। ਇਕੋ ਭਾਅ ਤੇ ਚੀਨੀ ਮਿਲੇ ਇਹ ਬਹੁਤ ਅਛੀ ਗਲ ਹੈ ਪਰ ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਿਵਿਲ ਸਪਲਾਈਜ਼ ਕਾਰਪੋਰੇਸ਼ਨ ਨੇ ਬੜੇ ਅਛੇ ਕੰਮ ਕੀਤੇ ਹਨ। ਪਨਸੱਪ ਨੇ ਇਸ ਕੰਮ ਲਈ ਦੋ ਚਾਰ ਸੌ ਦੁਕਾਨਾਂ ਖੋਲੀਆਂ ਹਨ। ਪਰ ਚੀਨੀ ਦੀ ਤਕਸੀਮ ਇਕੋ ਅਜੈਂਸੀ ਰਾਹੀਂ ਹੋਣੀ ਚਾਹੀਦੀ ਹੈ। ਔਰ ਇਹ ਪਨਸੱਪ ਰਾਹੀਂ ਹੋਣੀ ਚਾਹੀਦੀ ਹੈ ਇਸ ਵੇਲੇ ਇਹ ਖੰਡ ਦੀ ਤਕਸੀਮ ਇਸ ਕਾਰਪੋਰੇਸ਼ਨ ਰਾਹੀਂ ਵੀ ਹੁੰਦੀ ਹੈ, ਕਨਜ਼ਿਊਮਰ ਫੈਡਰੇਸ਼ਨ ਰਾਹੀਂ ਵੀ ਹੁੰਦੀ ਹੈ। ਇਹ ਠੀਕ ਨਹੀਂ ਹੈ। ਸਾਡੀ ਕਮਿਊਨਿਸਟ ਪਾਰਟੀ ਵਲੋਂ ਇਹੀ ਸੁਝਾਉ ਹੈ ਕਿ ਜਿੰਨੀਆਂ ਵੀ ਜੀਵਨ ਲੋੜ ਦੀਆਂ ਚੀਜ਼ਾਂ ਹਨ ਉਨ੍ਹਾਂ ਦੀ ਤਕਸੀਮ ਦਾ ਕੰਮ ਸਿਰਫ ਸਿਵਿਲ ਸਪਲਾਈਜ਼ ਕਾਰਪੋਰੇਸ਼ਨ ਦੇ ਹਵਾਲੇ ਕਰਨਾ ਚਾਹੀਦਾ ਹੈ ਔਰ 10 ਹਜ਼ਾਰ ਦੀ ਅਬਾਦੀ ਮਗਰ ਇਕ ਡਿਪੂ ਖੋਲ੍ਹਣਾ ਚਾਹੀਦਾ ਹੈ। ਇਹ ਜਿਹੜੀਆਂ 36-37 ਚੀਜ਼ਾਂ ਅਸੈਂਸ਼ਿਅਲ ਕਮੋਡੀਟੀਜ਼ ਹਨ ਜਿਹੜੀਆਂ ਕਿ ਪਿੰਡਾਂ ਔਰ ਸ਼ਹਿਰਾਂ ਵਿਚ ਵੰਡੀਆਂ ਜਾਂਦੀਆਂ ਹਨ ਇਨ੍ਹਾਂ ਦੀ ਵੰਡ ਇਸ ਸਿਵਿਲ ਸਪਲਾਈਜ਼ ਕਾਰਪੋਰੇਸ਼ਨ ਦੇ ਹਵਾਲੇ ਕਰਨੀ ਚਾਹੀਦੀ ਹੈ। ਇਸੇ ਤਰ੍ਹਾਂ ਹੀ ਇਨ੍ਹਾਂ ਚੀਜ਼ਾਂ ਦੀ ਪਰਕਿਊਰਮੈਂਟ ਮਾਰਕਫੈਡ ਔਰ ਸਿਵਲ ਸਪਲਾਈਜ਼ ਕਾਰਪੋਰੇਸ਼ਨ ਕਰੇ ਪਰ ਡਿਸਟ੍ਰੀਬਿਊਸ਼ਨ ਦਾ ਕੰਮ ਸਿਰਫ ਸਿਵਿਲ ਸਪਲਾਈਜ਼ ਕਾਰਪੋਰੇਸ਼ਨ ਹੀ ਕਰੇ। ਕਿਸਾਨਾਂ ਨੂੰ ਮਸ਼ੀਨਰੀ ਦੇਣ ਦਾ ਕੰਮ ਐਗ੍ਰੋ-ਇੰਡਸਟਰੀਜ਼ ਕਾਰਪੋਰੇਸ਼ਨ ਕਰੇ। ਹੁਣ ਉਹੀ ਐਗਰੋ-ਇੰਡਸਟਰੀਜ਼ ਕਾਰਪੋਰੇਸ਼ਨ ਵੀ ਕਰੀ ਜਾਂਦੀ ਹੈ ਔਰ ਮਾਰਕਫੈਡ ਵੀ ਕਰੀ ਜਾਂਦਾ ਹੈ ਔਰ ਸਰਕਾਰ ਦੇ ਮਹਿਕਮੇ ਵੀ ਉਹੀ ਕੰਮ ਕਰ ਜਾਂਦੇ ਹਨ। ਇਸ ਸਬੰਧ ਵਿਚ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਸਿਲਸਿਲੇ ਵਿਚ ਵਿੱਤ ਮੰਤਰੀ ਜੀ ਵਿਚਾਰ ਕਰਨ ਤਾਂ ਕਿ ਮਲਟੀਪਲੀਕੇਸ਼ਨ ਨਾ ਹੋਵੇ।

Original with;
Punjab Vidhan Sabha
Digitized by;
Panjab Digital Library

ਹੁਣ ਮੈਂ ਡਿਮਾਂਡ ਨੰ: 32 ਤੇ ਕੁਝ ਕਹਿਣਾ ਚਾਹੁੰਦਾ ਹਾਂ। ਪੰਚਾਇਤੀ ਰਾਜ ਬਾਰੇ ਰੁਪਿਆ ਰਖਿਆ ਗਿਆ ਹੈ। ਇਸ ਬਾਰੇ ਰੁਪਿਆ ਰਖਿਆ ਗਿਆ ਹੈ, ਇਹ ਬਹੁਤ ਅਛੀ ਗਲ ਕੀਤੀ ਗਈ ਹੈ। ਲੇਕਿਨ ਪੰਚਾਇਤੀ ਰਾਜ ਦੇ ਸੈਕਟਰੀਜ਼ ਨੂੰ ਪ੍ਰਾਵਿੰਸ਼ਲਾਈਜ਼ ਕਰਨ ਦੀ ਗਲ ਉਥੇ ਹੀ ਖੜੀ ਹੈ। ਦੂਜੇ ਰਿਕਾਰਡ ਸੈਕਟਰੀਜ਼ ਪਾਸ ਰਹੇ ਕਿਉਂਕਿ ਇਹ ਪੰਚਾਇਤ ਦਾ ਨੌਕਰ ਹੈ। ਇਸ ਨਾਲ ਕੰਮ ਚੰਗਾ ਚਲੇਗਾ।

ਡਿਮਾਂਡ ਨੰ: 25 ਤੇ 25 ਲੱਖ ਰੁਪਏ ਮੰਗੇ ਗਏ ਹਨ। ਇਹ ਸ਼ੂਗਰ ਦੇ ਕਾਰਖਾਨਿਆਂ ਨੂੰ ਮੋੜਨਾ ਹੈ। ਉਨ੍ਹਾਂ ਨੂੰ ਰਿਫੰਡ ਕਰਨਾ ਹੈ। ਇਹ ਕਿਉਂ ਰਿਫੰਡ ਕਰਨਾ ਹੈ? ਸ਼ੂਗਰ ਕੇਨਸੈਸ ਕਾਨੂੰਨ ਦੇ ਮੁਤਾਬਿਕ 24 ਪੈਸੇ ਇਕ ਕੁਇੰਟਲ ਗੰਨਾ ਪੀੜਨ ਤੇ ਦੇਣੇ ਪੈਂਦੇ ਹਨ। ਉਹ ਕੇਨ ਗਰੋਅਰਜ਼ ਦੇ ਵਿਕਾਸ ਲਈ ਖਰਚ ਕੀਤਾ ਜਾਂਦਾ ਹੈ ਕਿਤੇ ਸੜਕ ਕਢਣੀ ਹੁੰਦੀ ਹੈ ਤਾਂ ਕਿ ਗੰਨਾ ਲਿਆਉਣ ਵਾਸਤੇ ਕੋਈ ਦਿੱਕਤ ਨਾ ਆਵੇ। 1953 ਵਿਚ ਇਹ ਕਾਨੂੰਨ ਪਾਸ ਹੋਇਆ ਸੀ। ਪੰਜਾਬ ਵਿਚ ਪੰਜ ਅਜਿਹੀਆਂ ਮਿਲਾਂ ਕੋਆਪ੍ਰੇਟਿਵ ਦੀਆਂ ਹਨ ਥੋੜਾ ਬਹੁਤ ਇਹ ਸੈਸ ਦਿੱਤਾ। ਇਹ ਮਿਲਾਂ ਕੋਆਪ੍ਰੇਟਿਵ ਦੀਆਂ ਨਵਾਂ ਸ਼ਹਿਰ, ਬਟਾਲਾ, ਭੋਗਪੁਰ ਆਦਿ ਹਨ। ਪਰ ਧੂਰੀ ਦੀ ਕਰਮ ਚੰਦ ਥਾਪਰ ਦੀ ਮਿਲ ਨੇ ਕੋਈ ਪੈਸਾ ਨਹੀਂ ਦਿੱਤਾ। ਉਸ ਨੇ ਕਿਹਾ ਕਿ ਉਸਨੂੰ ਛਡ ਦਿਤਾ ਜਾਵੇ। ਇਸ ਤੇ ਬਾਕੀ ਦੀਆਂ ਮਿਲਾਂ ਕਹਿਣ ਲਗੀਆਂ ਕਿ ਜੇ ਇਹ ਮਿਲ ਨਹੀਂ ਦਿੰਦੀ ਤਾਂ ਫਿਰ ਸਾਡਾ ਕੀ ਕਸੂਰ ਹੈ? ਇਸ ਤੇ ਸਰਕਾਰ ਨੇ ਕਿਹਾ ਕਿ ਤੁਹਾਡੀ ਰਕਮ ਵੀ ਮੋੜ ਦਿੰਦੇ ਹਾਂ। ਇਹ ਰੁਪਿਆ ਲੋਕਾਂ ਦੇ ਭਲੇ ਲਈ ਖਰਚ ਕੀਤਾ ਜਾ ਸਕਦਾ ਸੀ। ਇਹੋ ਰੁਪਿਆ ਕਿਉਂ ਉਨ੍ਹਾਂ ਨੂੰ ਮੁਆਫ ਕੀਤਾ ਗਿਆ? ਇਸ ਦੇ ਕੀ ਕਾਰਨ ਹਨ ? (ਘੰਟੀ)

ਸਪੀਕਰ ਸਾਹਿਬ, ਅੱਗੇ ਇਕ ਗਲ ਮੈਂ ਜਨਰਲ ਜਿਹੀ ਸਪੋਰਟਸ ਦੇ ਬਾਰੇ ਵਿਚ ਕਰਨੀ ਚਾਹੁੰਦਾ ਹਾਂ। ਮੌਂਟਰੀਲ ਵਿਚ ਸਾਡੀ ਖੇਡਾਂ ਵਿਚ ਕਿੰਨੀ ਹਾਰ ਹੋਈ। ਇਧਰ ਧਿਆਨ ਦੇਣ ਦੀ ਲੋੜ ਹੈ ਕਿ ਕਿਸ ਤਰ੍ਹਾਂ ਪੰਜਾਬ ਵਿਚ ਸਪੋਰਟਸ ਨੂੰ ਚੰਗੀ ਤਰ੍ਹਾਂ ਚਲਾਇਆ ਜਾ ਸਕਦਾ ਹੈ। ਇਥੇ ਇਕ ਸਪੋਰਟਸ ਵਿਭਾਗ ਹੈ। ਇਕ ਐਜੂਕੇਸ਼ਨ ਵਾਲਿਆਂ ਦਾ ਸਪੋਰਟਸ ਵਿਭਾਗ ਹੈ ਇਕ ਖੇਡ ਪ੍ਰੀਸ਼ਦ ਹੈ ਜਿਹੜੀ ਕਿ ਬਾਦਲ ਸਾਹਿਬ ਨੇ ਬਣਾ ਦਿੱਤੀ ਸੀ। ਇਸ ਪ੍ਰੀਸ਼ਦ ਵਿਚ ਲੱਖਾਂ ਰੁਪਏ ਦੇ ਗਬਨ ਹੋਏ ਹਨ। ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ ਕਿ ਇਨ੍ਹਾਂ ਸਾਰਿਆਂ ਨੂੰ ਇਕੱਠਾ ਕਰਕੇ ਇਕ ਮਹਿਕਮਾ ਬਣਾ ਦਿੱਤਾ ਜਾਏ ਅਤੇ ਗੌਰਮਿੰਟ ਉਸ ਮਹਿਕਮੇ ਦੀ ਦੱਬ ਕੇ ਮਦਦ ਕਰੇ ਤਾਂ ਕਿ ਪੰਜਾਬ ਦੇ ਲੋਕ ਖੇਡਾਂ ਵਿਚ ਅੱਗੇ ਜਾ ਸਕਣ। (ਘੰਟੀ)

ਸਪੀਕਰ ਸਾਹਿਬ, ਤੁਹਾਡੀ ਆਗਿਆ ਨਾਲ ਕੁਰਪਸ਼ਨ ਦੇ ਬਾਰੇ ਵਿਚ ਮੈਂ ਇਕ ਗਲ ਹੋਰ ਕਹਿਣੀ ਚਾਹੁੰਦਾ ਹਾਂ। ਵੱਡੇ ਵੱਡੇ ਅਧਿਕਾਰੀਆਂ ਦੇ ਖਿਲਾਫ ਕੁਰਪਸ਼ਨ ਦੇ ਕੇਸ ਰਜਿਸਟਰ ਹੋਏ ਹਨ, ਪਰ ਉਹ ਸਿਰੇ ਨਹੀਂ ਲਗੇ। ਜੋ ਵੀ ਕੋਈ ਆਦਮੀ ਐਫੀਡੇਵਿਟ ਦੇ ਕੇ ਕੋਈ ਕੇਸ ਕੁਰਪਸ਼ਨ ਬਾਰੇ ਗੌਰਮੈਂਟ ਨੂੰ ਭੇਜਦਾ ਹੈ, × × × ਵੇਲੇ ਕੰਪਲੇਨੈਂਟ ਨੂੰ ਇਗਨੋਰ ਕਰ ਦਿਤਾ ਜਾਂਦਾ ਹੈ। ਸਪੀਕਰ ਸਾਹਿਬ, ਇਕ ਐਫੀਡੇਵਿਟ ਜਿਹੜਾ ਕਿ ਯੂਥ ਕਾਂਗਰਸ ਦੇ ਇਕ ਸਰਦਾਰ ਐਸ. ਐਸ. ਚੀਮਾਂ ਨੇ ਇਕ ਤਹਿਸੀਲਦਾਰ ਮਾਲਵਿੰਦਰ ਸਿੰਘ ਦੇ ਖਿਲਾਫ ਦਿਤਾ ਹੈ ਅਤੇ ਕਿਹਾ ਹੈ ਕਿ ਇਸ ਦੇ ਕੋਲ ਇਕ ਕਰੋੜ ਰੁਪਏ ਦੀ ਜਾਇਦਾਦ ਹੈ, ਕਾਰਾਂ ਹਨ, ਪਰ ਉਸ ਤਹਿਸੀਲਦਾਰ ਨੂੰ ਗੌਰਮੈਂਟ ਨੇ ਸਿਰਫ ਕੰਪਲਸਰੀ ਰਿਟਾਇਰ ਕਰ ਦਿੱਤਾ ਹੈ, ਕੋਈ ਫਰਦਰ ਐਕਸ਼ਨ ਨਹੀਂ ਲਿਆ। ਉਹ ਐਫੀਡੇਵਿਟ* ਮੈਂ ਟੇਬਲ ਤੇ ਰਖਦਾ ਹਾਂ ......

**ਸ੍ਰੀ ਸਪੀਕਰ :** ਟੇਬਲ ਤੇ ਨਹੀਂ ਰਖਣਾ ਮੇਰੇ ਕੋਲ ਭੇਜ ਦਿਓ। ਮੈਂ ਐਗਜ਼ਾਮਿਨ ਕਰ ਲਵਾਂਗਾ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਮੈਂ ਕਹਿ ਰਿਹਾ ਸੀ ਕਿ ਸਰਕਾਰ ਨੇ ਉਸ ਨੂੰ ਕੰਪਲਸਰੀ ਰਿਟਾਇਰ ਕਰ ਦਿਤਾ ਹੋਰ ਕੋਈ ਕਾਰਵਾਈ ਨਹੀਂ ਕੀਤੀ ਗਈ।

*Permission to lay the affidavit on the Table was refused.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਇਸੇ ਤਰ੍ਹਾਂ ਇਕ ਐਕਸੀਅੱਨ ਹੈ, ਅੰਮ੍ਰਿਤਸਰ ਵਿਚ, ਜਿਸ ਨੂੰ ਚਾਰਜਸ਼ੀਟ ਦੇ ਕੇ ਸਸਪੈਂਡ ਕਰ ਦਿੱਤਾ ਫਿਰ ਬਹਾਲ ਵੀ ਕਰ ਦਿੱਤਾ। ਬਜਾਏ ਕੰਪਲੇਨੈਂਟ ਨੂੰ ਬੁਲਾ ਕੇ ਪੁੱਛਦੇ, ਪਰ ਨਹੀਂ, ਆਪ ਹੀ ਸਸਪੈਂਡ ਕਰ ਦਿੱਤਾ ਅਤੇ ਆਪ ਹੀ ਫਿਰ ਬਹਾਲ ਕਰ ਦਿੱਤਾ। ਮੈਂ ਅਰਜ਼ ਕਰਾਂਗਾ ਕਿ ਇਸ ਤਰ੍ਹਾਂ ਹੋਰ ਬਹੁਤ ਸਾਰੇ ਕੇਸਿਜ਼ ਹਨ, ਮੈਂ ਡਿਟੇਲਜ਼ ਵਿਚ ਨਹੀਂ ਜਾਣਾ ਚਾਹੁੰਦਾ। ਇਕ ਗਲ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਕੁਰਪਸ਼ਨ ਦੇ ਕੇਸਿਜ਼ ਵਿਚ ਲੋਕ ਦਰਖਾਸਤਾਂ ਦਿੰਦੇ ਹਨ ਉਨ੍ਹਾਂ ਵਿਚ ਕੰਪਲੇਨੈਂਟਸ ਨੂੰ ਬੁਲਾਇਆ ਜਾਇਆ ਕਰੇ। ਕਈ ਕੇਸਾਂ ਵਿਚ ਤਾਂ ਇਹ ਹੁੰਦਾ ਹੈ ਕਿ ਜਿਹੜੇ ਕੰਪਲੇਨੈਂਟਸ ਹਨ ਉਨ੍ਹਾਂ ਨੂੰ ਨੁਕਸਾਨ ਪਹੁੰਚਾਇਆ ਜਾਂਦਾ ਹੈ ਅਤੇ ਦੂਜੇ ਪਾਸੇ ਕੁਝ ਨਹੀਂ ਹੁੰਦਾ। ਮੈਂ ਮੰਤਰੀ ਜੀ ਨੂੰ ਕਿਹਾ ਹੈ ਇਸ ਪਾਸੇ ਧਿਆਨ ਦੇਣ ਅਤੇ ਜਿਹੜੇ ਹੋਰ ਉੱਨਤੀ ਦੇ ਕੰਮ ਰਹਿ ਗਏ ਹਨ ਉਨ੍ਹਾਂ ਵਲ ਵੀ ਧਿਆਨ ਦਿਤਾ ਜਾਵੇ।

ਅੰਤ ਵਿਚ ਮੈਂ ਇਹ ਕਹਾਂਗਾ ਕਿ ਜੋ ਚੰਗੇ ਮਈਅੱਰਜ਼ ਹਾਊਸ ਵਿਚ ਲਿਆਂਦੇ ਗਏ ਹਨ ਮੈਂ ਉਨ੍ਹਾਂ ਬਾਰੇ ਸਰਕਾਰ ਨੂੰ ਵਧਾਈ ਦਿੰਦਾ ਹਾਂ।

**ਚੌਧਰੀ ਦਰਸ਼ਨ ਸਿੰਘ** (ਨੂਰ ਮਹਿਲ): ਸਪੀਕਰ ਸਾਹਿਬ, ਮੈਂ ਅਰਜ਼ ਕਰਨ ਲਗਾ ਹਾਂ ਕਿ ਪੰਜਾਬ ਦਾ ਸੂਬਾ ਹਿੰਦੁਸਤਾਨ ਦੇ ਬਾਕੀ ਸੂਬਿਆਂ ਨਾਲੋਂ ਹਰ ਰਿਸਪੈਕਟ ਵਿਚ ਬੜਾ ਉੱਨਤ ਹੈ। ਕਿਸੇ ਨੇ ਐਵੇਂ ਨਹੀਂ ਕਿਹਾ :

ਫੁਲਾਂ ਵਿਚੋਂ ਫੁਲ ਗੁਲਾਬ ਦਾ, ਦੇਸ਼ਾਂ ਵਿਚੋਂ ਦੇਸ਼ ਪੰਜਾਬ ਦਾ।

1947 ਦਾ ਕੁਹਾੜਾ ਵੀ ਇਸ ਪੰਜਾਬ ਤੇ ਚਲਿਆ। 1965 ਦੀ ਪਾਕਿਸਤਾਨ ਦੀ ਜੰਗ ਨੇ ਪੰਜਾਬ ਦੇ ਗਰੀਬ ਕਿਸਾਨ ਅਤੇ ਇਥੇ ਦੀ ਇੰਡਸਟ੍ਰੀ ਨੂੰ ਉਜਾੜਿਆ। ਫਿਰ 1966 ਵਿਚ ਫਿਰਕਾਪ੍ਰਸਤੀ ਦੇ ਨਾਰੇ ਨੇ ਇਸ ਦੀ ਵੰਡ ਕੀਤੀ। 1971 ਵਿਚ ਫਿਰ ਜਦੋਂ ਪਾਕਿਸਤਾਨ ਨੇ ਹਮਲਾ ਕੀਤਾ ਪੰਜਾਬ ਦਾ ਕਿਸਾਨ ਉਜੜਿਆ, ਇੰਡਸਟਰੀ ਤਬਾਹ ਹੋਈ, ਬਾਰਡਰ ਤੇ ਵਸਣ ਵਾਲੇ ਲੋਕਾਂ ਤੇ ਸੱਟ ਵੱਜੀ। ਉਨ੍ਹਾਂ ਨੇ ਮੁੜ ਪੰਜਾਬ ਨੂੰ ਉਚਾ ਕਰਨ ਵਾਸਤੇ ਯਤਨ ਕੀਤੇ। ਇਨਸਾਨ ਨਾਲ ਇਨਸਾਨ ਤਾਂ ਲੜ ਸਕਦਾ ਹੈ ਪਰ ਕੁਦਰਤ ਦੇ ਖਿਲਾਫ ਕਿਸ ਤਰ੍ਹਾਂ ਪੰਜਾਬ ਖੜਾ ਹੋਵੇ। 1965 ਅਤੇ 1971 ਵਿਚ ਨੈਸ਼ਨਲ ਫਰੰਟ ਤੇ ਲੜਾਈ ਹੋਈ ਪਰ ਹਿੰਦੁਸਤਾਨ ਦੀ ਸਰਕਾਰ ਨੂੰ ਜਿਨ੍ਹਾਂ ਮੁਆਵਜ਼ਾ ਪੰਜਾਬ ਨੂੰ ਦੇਣਾ ਚਾਹੀਦਾ ਸੀ ਨਹੀਂ ਦਿੱਤਾ। ਹੁਣ ਵੀ ਗਿਆਨੀ ਜੀ ਦੇ ਮੁਤਾਬਕ ਤਕਰੀਬਨ 40-50 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। 80 ਦੇ ਕਰੀਬ ਇਨਸਾਨੀ ਮੌਤਾਂ ਹੋਈਆਂ ਹਨ, ਬੇਸ਼ੁਮਾਰ ਡੰਗਰ ਮਰ ਗਏ ਹਨ। ਪੰਜਾਬ ਫਿਰ ਉਜੜ ਗਿਆ। ਪੰਜਾਬ ਦਾ ਕਿਸਾਨ ਤਕੜਾ ਤੇ ਮਜ਼ਬੂਤ ਹੈ। 22 ਸਾਲ ਹੋ ਗਏ ਹਨ 1957 ਵਿਚ ਸਰਦਾਰ ਪ੍ਰਤਾਪ ਸਿੰਘ ਪੰਜਾਬ ਦੇ ਚੀਫ ਮਨਿਸਟਰ ਹੁੰਦੇ ਸਨ। ਉਦੋਂ ਗੜੇ ਪਏ। ਉਹ ਆਪ ਫਸਲਾਂ ਵੇਖਣ ਗਏ। ਫਸਲਾਂ ਦੀ ਤਬਾਹੀ ਦੇਖ ਕੇ ਕੈਰੋਂ ਦੇ ਪੈਰਾਂ ਥਲਿਓਂ ਜ਼ਮੀਨ ਨਿਕਲ ਗਈ। ਫਸਲ ਕਟਣ ਯੋਗ ਹੋਵੇ ਔਰ ਗੜੇ ਪਏ ਜਾਣ ਸਿਰਫ ਟਾਂਡੇ ਹੀ ਨਜ਼ਰ ਆਉਣ। ਉਸ ਵਕਤ ਕੈਰੋਂ ਸਾਹਿਬ ਨੇ ਇਲਾਨ ਕੀਤਾ ਕਿ ਪੰਜਾਬ ਦੇ ਹਰ ਕਿਸਾਨ ਦੀ ਫਸਲ ਦਾ ਜਲਦੀ ਬੀਮਾ ਕੀਤਾ ਜਾਏਗਾ। 20 ਸਾਲ ਹੋ ਗਏ ਹਨ ਅੱਜੇ ਤੱਕ ਕੁਝ ਨਹੀਂ ਕੀਤਾ ਗਿਆ। ਇਕ ਦਫਾ ਨਹੀਂ 20 ਦਫਾ ਕਿਸਾਨ ਦਾ ਨੁਕਸਾਨ ਹੋ ਚੁਕਾ ਹੈ। ਕਲ ਮਾਲ ਮੰਤਰੀ ਨੇ ਹਾਊਸ ਵਿਚ ਕਿਹਾ ਸੀ ਕਿ ਪੰਜਾਬ ਦੀ ਫਸਲ ਦਾ ਬੀਮਾ ਕਰਨ ਲਈ ਅਸੀਂ ਸੈਂਟਰ ਦੀ ਸਰਕਾਰ ਨੂੰ ਲਿਖ ਦਿਤਾ ਹੈ। ਮੈਂ ਕਹਿੰਦਾ ਹਾਂ ਕਿ ਕਿੰਨਾ ਚਿਰ ਲਿਖੋਗੇ ਸੈਂਟਰ ਦੀ ਸਰਕਾਰ ਨੂੰ। ਉਸ ਦੇ ਥਲੇ 22 ਸੂਬੇ ਹਨ। ਪ੍ਰੀਮੀਅੱਮ ਕਿਸ ਤਰ੍ਹਾਂ ਦਾ ਹੋਵੇਗਾ ਆਇਆ ਬਿਹਾਰ ਦੇ ਕਿਸਾਨ ਇਨਪੁਟਸ ਇਤਨੇ ਲਾਉਂਦੇ ਹਨ ਜਿਤਨੇ ਪੰਜਾਬ ਵਿਚ ਲਾਉਂਦੇ

Original with;
Punjab Vidhan Sabha
Digitized by;
Panjab Digital Library

ਹਨ ? ਪੰਜਾਬ ਦੇ ਕਿਸਾਨ ਦਾ ਬਿਜਲੀ, ਖਾਦ ਅਤੇ ਇਨਪੁਟਸ ਤੇ ਇਕ ਹਜ਼ਾਰ ਰੁਪਿਆ ਖਰਚ ਆਉਂਦਾ ਹੈ । ਬਿਹਾਰ ਦਾ ਕਿਸਾਨ ਕਦੇ ਇਤਨਾ ਨਹੀਂ ਲਾਉਂਦਾ ।

It shall take years to pass this Crop Insurance Scheme. Are we going to wait for that ? If you are to wait, 20 years are required for the Crop Insurance.

ਇਸ ਗੱਲ ਨੂੰ 20 ਸਾਲ ਘੱਟੋ ਘੱਟ ਲਗਣਗੇ । ਵਿੱਤ ਮੰਤਰੀ ਸਾਹਿਬ ਬੈਠੇ ਹਨ, ਸੈਂਟਰ ਕੋਲ ਮੁਆਵਜ਼ਾ ਮੰਗਣ ਗਏ । ਗਿਆਨੀ ਜੀ ਨੇ ਬੜਾ ਜ਼ੋਰ ਲਾਇਆ ਪਰ ਸੈਂਟਰ ਦੀ ਸਰਕਾਰ ਨੇ ਕਿਹਾ ਕਿ ਤਿੰਨ ਸੌ ਤੋਂ ਵੱਧ ਨਾ ਦਿਓ । ਅਗਰ ਬਿਹਾਰ ਅਤੇ ਬੰਗਾਲ ਵਿਚ ਇਹ ਸਥਿਤੀ ਆ ਜਾਏ ਤਾਂ ਉਥੇ ਦੀ ਸਰਕਾਰ ਮੁਆਵਜ਼ਾ ਇਤਨਾ ਨਹੀਂ ਦੇ ਸਕੇਗੀ । ਪੰਜਾਬ ਸਰਕਾਰ ਦੇ ਹੱਥ ਸੈਂਟਰ ਨੇ ਟਾਈਟ ਕਰ ਦਿਤੇ । 300 ਰੁਪਏ ਮੁਆਵਜ਼ਾ ਹੈ ਜਦੋਂ ਕਿ ਪੰਜਾਬ ਦਾ ਕਿਸਾਨ ਇਕ ਹਜ਼ਾਰ ਤੋਂ ਘੱਟ ਖਰਚ ਨਹੀਂ ਕਰਦਾ । ਕਿਸਾਨ ਪੂਰੀ ਖਾਦ ਪਾਉਂਦਾ ਹੈ । ਪੂਰਾ ਪਾਣੀ ਦਿੰਦਾ ਹੈ । ਉਸ ਦਾ ਖਰਚ ਇਕ ਹਜ਼ਾਰ ਤੇ ਮੁਆਵਜ਼ਾ ਸਿਰਫ ਤਿੰਨ ਸੌ ? ਪੰਜਾਬ ਦਾ ਕਿਸਾਨ ਕਿੰਨੀ ਦਫਾ ਡਿਗਿਆ ਹੈ ਅਤੇ ਉਠਿਆ ਹੈ । ਹੁਣ ਉਸ ਦੇ ਗੋਡੇ ਥੱਕ ਗਏ ਹਨ । ਉਸਨੂੰ ਹੋਰ ਨਾ ਅਜ਼ਮਾਓ ।

ਪੰਜਾਬ ਦੀਆਂ ਮਾਰਕੀਟ ਕਮੇਟੀਆਂ ਦੀ ਆਮਦਨ 22 ਕਰੋੜ ਰੁਪਏ ਹੋਈ ਹੈ । ਹੁਣ ਉਨ੍ਹਾਂ ਪੈਸਿਆਂ ਨਾਲ ਪਿੰਡ ਸੜਕਾਂ ਨਾਲ ਲਿੰਕ ਹੋ ਚੁੱਕੇ ਹਨ, ਬਿਜਲੀ ਲਗ ਚੁਕੀ ਹੈ । ਮੈਂ ਕਹਿੰਦਾ ਹਾਂ ਕਿ 25 ਪ੍ਰਤੀਸ਼ਤ ਰਿਵਾਲਵਿੰਗ ਫੰਡ ਕਰੀਏਟ ਕਰਨ ਵਿਚ ਸਰਕਾਰ ਨੂੰ ਕੀ ਦੁਖ ਹੈ ? ਜੇ ਅੱਜ ਉਹ ਫੰਡ ਕਰੀਏਟ ਕੀਤਾ ਹੁੰਦਾ ਤਾਂ ਉਸ ਵਿਚੋਂ ਕਿਸਾਨਾਂ ਨੂੰ ਮੁਆਵਜ਼ਾ ਜੇ 100 ਪ੍ਰਤੀਸ਼ਤ ਨਹੀਂ ਤਾਂ 50 ਪ੍ਰਤੀਸ਼ਤ ਉਸ ਵਿਚੋਂ ਦਿਤਾ ਜਾ ਸਕਦਾ ਸੀ । ਮੈਂ ਕਹਿੰਦਾ ਹਾਂ ਕਿ ਅਗਰ 5 ਕਰੋੜ ਹਰ ਸਾਲ ਉਸ ਰਿਵਾਲਵਿੰਗ ਫੰਡ ਵਿਚ ਚਲਾ ਜਾਵੇ ਤਾਂ ਪਿੰਡਾਂ ਵਿਚ ਜਿਹੜੇ ਗਰੀਬ ਕਿਸਾਨ ਹਨ ਸ਼ਹਿਰਾਂ ਵਿਚ ਵਸਣ ਵਾਲੇ ਮਜ਼ਦੂਰ ਹਨ ਜਿਨ੍ਹਾਂ ਦੇ ਮਕਾਨ ਡਿਗ ਗਏ ਹਨ ਅਤੇ ਬੱਚੇ ਥੱਲੇ ਆ ਗਏ ਹਨ, ਉਨ੍ਹਾਂ ਦੀ ਸਹਾਇਤਾ ਕੀਤੀ ਜਾ ਸਕਦੀ ਸੀ ।

**ਸ੍ਰੀ ਪਿਆਰਾ ਰਾਮ ਧੰਨੋਵਾਲੀ** : ਸਪੀਕਰ ਸਾਹਿਬ, ਕੋਰਮ ਪੂਰਾ ਹੈ ?

**ਸ੍ਰੀ ਸਪੀਕਰ** : ਕੋਰਮ ਪੂਰਾ ਹੈ, ਮੈਨੂੰ ਪਤਾ ਹੈ, ਤੁਸੀਂ ਤਸ਼ਰੀਫ ਰਖੋ ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਵਸਣ ਵਾਲੇ ਗਰੀਬ ਕਿਸਾਨ ਖੇਤੀ ਨਾਲ ਸਬੰਧਤ ਮਜ਼ਦੂਰ ਵੀ ਇਸ ਦੇ ਨਾਲ ਇਫੈਕਟਿਡ ਹਨ । ਜੇ ਤੁਸੀਂ ਰਿਵਾਲਵਿੰਗ ਫੰਡ ਕਰੀਏਟ ਕਰੋ ਤਾਂ ਸੈਂਟਰ ਕੋਲ ਜਾਣ ਦੀ ਲੋੜ ਨਹੀਂ । ਘੱਟੋ ਘੱਟ 10 ਸਾਲਾਂ ਵਿਚ 50 ਕਰੋੜ ਰੁਪਏ ਆ ਜਾਣਗੇ । ਹੁਣ ਸੜਕਾਂ ਬਣ ਗਈਆਂ, ਪੁਲੀਆਂ ਬਣ ਗਈਆਂ ਹਨ। ਹੁਣ ਉਸ ਪੈਸੇ ਨੂੰ ਮਾਰਕੀਟ ਕਮੇਟੀਆਂ ਵਾਲੇ ਧਰਮਸ਼ਾਲਾਵਾਂ ਬਣਾਉਣ ਤੇ ਖਰਚ ਕਰਨ ਲਗ ਜਾਣਗੇ ਕੋਈ ਸ਼ਹੀਦਾਂ ਦੇ ਨਾਂ ਤੇ ਮੰਦਰ ਗੁਰੂ ਦੁਆਰੇ ਖੜੇ ਕਰਨ ਲਗ ਪੈਣਗੇ, ਇਸ ਤਰੀਕੇ ਨਾਲ ਪੈਸਾ ਖਰਚ ਕਰ ਦਿਤਾ ਜਾਵੇਗਾ ਪੈਸਾ, ਇਸ ਪਾਸੇ ਵੱਲ ਲਾਵੋ ਅਤੇ ਇਕ ਰਿਵਾਲਵਿੰਗ ਫੰਡ ਕਰੀਏਟ ਕਰੋ ।

ਦੂਸਰੀ ਗੱਲ ਸਪੀਕਰ ਸਾਹਿਬ, ਮੈਂ ਡਰੇਨਾਂ ਬਾਰੇ ਕਹਿਣੀ ਚਾਹੁੰਦਾ ਹਾਂ । ਕਾਸ਼ ਅੱਜ ਸਬੰਧਤ ਮੰਤਰੀ ਸਰਦਾਰ ਗੁਰਬਖਸ਼ ਸਿੰਘ ਸਿਬੀਆ ਇਥੇ ਹਾਜ਼ਰ ਹੁੰਦੇ ਜਾਂ ਚੀਫ ਇੰਜੀਨੀਅਰ ਕੈਲਾਸ਼ ਚੰਦਰ ਹਾਜ਼ਰ ਹੁੰਦਾ । ਦੋ ਸਾਲ ਹੋਏ ਸਤਲੁਜ ਵਿਚ ਫਲਡ ਆਇਆ । ਦਰਿਆ ਵੇਖ ਕੇ ਦਸਿਆ ਕਿ ਕਪੈਸਿਟੀ ਟੂ ਮੀਟ ਦਾ ਫਲਡ 2.43 ਲੱਖ ਕਿਉਸਿਕ ਹੈ ।

It is a wrong declaration, The Chief Engineers say, "We are technical hands, we should be superior to I.A.S. Officers."

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

2.43 ਲੱਖ ਦੀ ਕਪੈਸਿਟੀ ਦਸੀ ਅਤੇ ਫਲੱਡ ਕਿੰਨਾ ਆਇਆ 53 ਹਜ਼ਾਰ ਕਿਊਸਿਕ। ਸਪੀਕਰ ਸਾਹਿਬ, ਬਰੀਚਜ਼ ਕਿਤਨੀਆਂ ਹੋਈਆਂ ਹਨ। ਇਹ 53 ਹੋਈਆਂ ਹਨ । ਕਪੈਸਿਟੀ ਕਿਥੇ ਹੈ ? ਉਹ ਕਹਿੰਦੇ ਹਨ ਕਿ ਫਲੱਡ ਆ ਜਾਂਦਾ ਹੈ, ਬੰਨ੍ਹ ਟੁਟ ਜਾਂਦਾ ਹੈ। ਅਸੀਂ ਕਹਿੰਦੇ ਹਾਂ ਕਿ ਤੁਸੀਂ ਵਰਡ ਕਪੈਸਿਟੀ ਕਿਉਂ ਯੂਜ਼ ਕਰਦੇ ਹੋ ? ਹਰ ਸਾਲ ਪੰਜ ਕਰੋੜ ਰੁਪਏ ਦੀ ਮਿਟੀ ਪਾਈ ਜਾਂਦੀ ਹੈ, ਬੰਨ੍ਹ ਬਣਾਏ ਜਾਂਦੇ ਹਨ । ਪਰ ਅਸਲ ਵਿਚ ਮਿੱਟੀ ਨਹੀਂ ਪਾਈ ਜਾਂਦੀ । ਸਿੰਚਾਈ ਮੰਤਰੀ ਸਾਹਿਬ ਅੱਜ ਮਾਸਕੋ ਦੀਆਂ ਗਲੀਆਂ ਵਿਚ ਫਿਰਦੇ ਹਨ। ਮੇਰਾ ਖਿਆਲ ਹੈ ਕਿ ਬਾਰਸ਼ਾਂ ਰੋਕਣ ਗਏ ਹਨ। ਹੋ ਸਕਦਾ ਹੈ ਕਿ ਫਲੱਡ ਰਸ਼ੀਆ ਵਿੱਚੋਂ ਪੰਜਾਬ ਦੇ ਵਿਚ ਆਉਂਦੇ ਹੋਣ ਅਤੇ ਉਹ ਕਹਿਣ ਗਏ ਹੋਣ ਕਿ ਪੰਜਾਬ ਵਿਚ ਹੋਰ ਫਲੱਡ ਨਾ ਭੇਜੋ। ਸ਼ਾਇਦ ਇਸ ਤਰ੍ਹਾਂ ਦੀ ਮੰਨਜ਼ੂਰੀ ਲੈ ਆਉਣ । ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਡਰੇਨਾਂ ਦਾ ਸਿਸਟਮ ਗਲਤ ਹੈ। ਜਿਤਨਾ ਰੁਪਿਆ ਬੰਧਾਂ ਤੇ 1947 ਤੋਂ ਲੈ ਕੇ ਹੁਣ ਤਕ ਖਰਚਿਆ ਗਿਆ ਹੈ, ਇਤਨੇ ਪੈਸੇ ਨਾਲ ਤਾਂ ਪੱਕੇ ਬੰਧ ਬਣ ਸਕਦੇ ਹਨ।

**ਸ੍ਰੀ ਸਪੀਕਰ :** 10 ਮਿੰਟ ਹੋ ਗਏ ਹਨ, ਤੁਸੀਂ ਹੁਣ ਵਾਈਂਡ ਅਪ ਕਰੋ।

**ਚੌਧਰੀ ਦਰਸ਼ਨ ਸਿੰਘ :** ਸਪੀਕਰ ਸਾਹਿਬ, ਮੈਂ ਦੋ ਮਿੰਟਾਂ ਵਿਚ ਹੀ ਖਤਮ ਕਰ ਦਿਆਂਗਾ ਜੀ। ਡਰੇਨਾਂ ਦੇ ਸਿਸਟਮ ਨੂੰ ਬਦਲਣਾ ਚਾਹੀਦਾ ਹੈ । ਇਸ ਦੇ ਵਿਚ ਇਤਨੀ ਜ਼ਿਆਦਾ ਕੁਰਪਸ਼ਨ ਹੈ ਜਿਹੜੀ ਕਿ ਇਮੈਜਿਨ ਵੀ ਨਹੀਂ ਕੀਤੀ ਜਾ ਸਕਦੀ।

ਸਪੀਕਰ ਸਾਹਿਬ, ਦੂਜੀ ਗਲ ਮੈਂ ਐਗਰੀਕਲਚਰ ਦੇ ਸਬੰਧ ਵਿਚ ਕਰਨਾ ਚਾਹੁੰਦਾ ਹਾਂ। ਮਾਸਟਰ ਜੀ ਤਾਂ ਇਥੇ ਬੈਠੇ ਨਹੀਂ ਸ਼ਰਮਾ ਜੀ ਬੈਠੇ ਹਨ। ਇਹ ਮੰਗ ਕੀਤੀ ਗਈ ਹੈ ਕਿ ਸ਼ੂਗਰ ਮਿਲਾਂ ਨੂੰ 21 ਲੱਖ ਰੁਪਿਆ ਵਾਪਸ ਦੇ ਦਿਓ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਇਨ੍ਹਾਂ ਨੂੰ ਮੁਨਾਫਾ ਹੁੰਦਾ ਹੈ ਤਾਂ ਕੀ ਇਹ ਪੰਜਾਬ ਗੌਰਮਿੰਟ ਨੂੰ ਪੈਸੇ ਦਿੰਦੇ ਹਨ। ਇਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਘਾਟਾ ਪਿਆ ਹੈ। ਪਰ ਜਦੋਂ ਉਨ੍ਹਾਂ ਨੂੰ ਮੁਨਾਫਾ ਹੁੰਦਾ ਹੈ ਤਾਂ ਕੀ ਵੱਧ ਪੈਸੇ ਦਿੰਦੇ ਹਨ? ਇਹ ਤਾਂ ਉਨ੍ਹਾਂ ਨੇ ਆਲਰੇਡੀ ਚਾਰਜ ਕੀਤਾ ਹੁੰਦਾ ਹੈ। ਜ਼ਿਮੀਂਦਾਰ ਦੇ ਗੰਨੇ ਦੀ ਕੀਮਤ ਮੁਕਰਰ ਹੁੰਦੀ ਹੈ। ਉਸ ਵੇਲੇ ਹੀ ਉਹ ਡਿਡੱਕਟ ਕਰ ਲੈਂਦੇ ਹਨ। 21 ਲੱਖ ਰੁਪਿਆ ਸਰਕਾਰ ਨੇ ਉਨ੍ਹਾਂ ਨੂੰ ਵਾਪਸ ਕਰਨਾ ਹੈ । ਨਵਾਂ ਸ਼ਹਿਰ ਕੁਆਪਰੇਟਿਵ ਸ਼ੂਗਰ ਮਿਲ ਦੀ ਮੈਂ ਮਿਸਾਲ ਦੇਣਾ ਚਾਹੁੰਦਾ ਹਾਂ। ਮੋਲੈਸਿਜ਼ ਦਾ ਇਥੇ ਬਿਲ ਆ ਰਿਹਾ ਹੈ। ਇਕ ਕਰੋੜ ਰੁਪਏ ਦਾ ਸ਼ੀਰਾ ਨਵੇਂ ਸ਼ਹਿਰ ਦੀ ਸ਼ੂਗਰ ਮਿਲ ਵਿਚੋਂ ਚਲਿਆ ਅਤੇ ਹਰੀਕੇ ਪੱਤਣ ਪਹੁੰਚ ਗਿਆ । ਉਥੇ ਡੰਗਰਾਂ ਨੇ ਪਾਣੀ ਪੀਣਾ ਛਡ ਦਿੱਤਾ। ਸਰਦਾਰ ਦਰਬਾਰਾ ਸਿੰਘ, ਸਰਦਾਰ ਦਰਸ਼ਨ ਸਿੰਘ ਕੇ.ਪੀ. ਮੇਰੇ ਨਾਲ ਗਰੀਵੈਂਸਿਜ਼ ਕਮੇਟੀ ਵਿਚ ਬੈਠੇ ਸਨ । ਸਵਾਲ ਪੈਦਾ ਹੋਇਆ ਕਿ ਕਿਸ ਤਰ੍ਹਾਂ ਪਾਣੀ ਗੰਦਾ ਹੋ ਗਿਆ । ਮਿਉਂਸਪਲ ਕਮੇਟੀ ਜਲੰਧਰ ਨਾਲ ਅਸੀਂ ਲੜ ਪਏ ਕਿ ਇਹ ਪਾਣੀ ਪੀਣ ਦੇ ਕਾਬਿਲ ਨਹੀਂ ਰਿਹਾ । ਅਖਬਾਰਾਂ ਵਿਚ ਇਸ ਦਾ ਬੜਾ ਜ਼ਿਕਰ ਹੋ ਚੁਕਾ ਹੈ। ਪਤਾ ਲਗਾ ਕਿ ਨਵੇਂ ਸ਼ਹਿਰ ਦੀ ਸ਼ੂਗਰ ਮਿਲ ਕੋਲ ਮੋਲੈਸਿਜ਼ ਰਖਣ ਦੀ ਕੈਪਿਸਿਟੀ ਨਹੀਂ ਸੀ। ਤਿੰਨ ਮਹੀਨੇ ਤੋਂ ਬਾਅਦ ਸਰਕਾਰ ਨੇ ਸੈਂਕਸ਼ਨ ਦਿੱਤੀ ਕਿ ਸ਼ੀਰਾ ਵੇਚ ਦਿਓ ਜਦੋਂ ਕਿ ਸਾਰਾ ਸ਼ੀਰਾ ਰੁੜ ਚੁਕਿਆ ਸੀ। ਇੱਕ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ । ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਇਸ ਦੀ ਇਨਕੁਆਇਰੀ ਕਰੋ। ਕਿਤਨੇ ਲਖ ਟਨ ਸ਼ੀਰੇ ਦਾ ਨੁਕਸਾਨ ਹੋਇਆ ਹੈ।

ਇੱਕ ਮੈਂ ਗਲ ਫਿਸ਼ਰੀਜ਼ ਦੇ ਮਹਿਕਮੇ ਦੇ ਬਾਰੇ ਕਰਨਾ ਚਾਹੁੰਦਾ ਹਾਂ । ਇਕ ਪੰਜਾਹ ਹਜ਼ਾਰ ਰੁਪਏ ਦੀ ਮੰਗ ਫਿਸ਼ਰੀਜ਼ ਦੇ ਮਹਿਕਮੇ ਦੀ ਹੈ। ਇਹ ਬੜੀ ਸਟਰੇਂਜ ਡਿਮਾਂਡ ਹੈ । ਪੰਜਾਬ ਸਰਕਾਰ ਦੇ ਫਿਸ਼ਰੀਜ਼ ਡਿਪਾਰਟਮੈਂਟ ਨੇ 4.75 ਲੱਖ ਰੁਪਏ ਦਾ ਪੰਜਾਬ ਦੇ ਸਾਰੇ ਦਰਿਆਵਾਂ ਦੇ ਵਿਚੋਂ ਮੱਛੀਆਂ

Original with;
Punjab Vidhan Sabha
Digitized by;
Panjab Digital Library

ਫੜਨ ਦਾ ਠਕਾ ਇੱਕ ਠੇਕੇਦਾਰ ਨੂੰ ਦਿੱਤਾ। ਪੰਜਾਬ ਸਰਕਾਰ ਦੇ ਕਿਸੇ ਦੂਸਰੇ ਮਹਿਕਮੇ ਨੇ ਹਰੀਕੇ ਪੱਤਣ ਦਾ 10 ਹਜ਼ਾਰ ਰੁਪਏ ਦਾ ਠੇਕਾ ਅਲਹਿਦਾ ਕਿਸੇ ਨੂੰ ਦੇ ਦਿੱਤਾ। ਪਹਿਲੇ ਠੇਕੇਦਾਰ ਨੇ ਕਲੇਮ ਕੀਤਾ ਕਿ ਸਾਰੇ ਦਰਿਆਵਾਂ ਵਿਚੋਂ ਮੱਛੀਆਂ ਪਕੜਨ ਦਾ ਠੇਕਾ ਤਾਂ ਉਸ ਨੂੰ ਦਿੱਤਾ ਗਿਆ ਹੈ । ਪੰਜਾਬ ਸਰਕਾਰ ਨੇ ਗਲ ਮੰਨੀ ਨਹੀਂ। ਉਹ ਅਦਾਲਤ ਵਿਚ ਚਲਾ ਗਿਆ। 10 ਹਜ਼ਾਰ ਦਾ ਇਨ੍ਹਾਂ ਨੇ ਠੇਕਾ ਦਿਤਾ ਲੇਕਿਨ 50,000 ਰੁਪਏ ਦੀ ਡਿਗਰੀ ਸਰਕਾਰ ਨੇ ਆਪਣੇ ਖਿਲਾਫ ਕਰਾ ਲਈ ਅਤੇ ਠੇਕੇਦਾਰ ਨੂੰ ਪੈਸੇ ਦਿੱਤੇ। ਹੋ ਸਕਦਾ ਹੈ ਕਿ ਉਹ ਕੋਈ ਖਾਸ ਆਦਮੀ ਹੋਵੇ। 10 ਹਜ਼ਾਰ ਰਪਏ ਦਾ ਠੇਕਾ ਇਸ ਲਈ ਉਸਨੂੰ ਦੇ ਦਿੱਤਾ। ਇਸ ਬਦਲੇ ਸਰਕਾਰ ਨੂੰ ਪੰਜਾਹ ਹਜ਼ਾਰ ਰੁਪਏ ਦੀ ਡਿਗਰੀ ਦੇਣੀ ਪਈ। ਇਹ ਕਿਤਨੀ ਅਕਲਮੰਦੀ ਕੀਤੀ ਗਈ ਹੈ। ਜੇ ਇਹੀ ਠੇਕਾ ਓਪਨ ਆਕਸ਼ਨ ਵਿਚ ਕਿਸੇ ਦੂਜੇ ਨੂੰ ਦਿੱਤਾ ਹੁੰਦਾ ਤਾਂ ਹੋ ਸਕਦਾ ਹੈ ਕਿ ਇਹ 1 ਲਖ ਰੁਪਏ ਤੇ ਜਾਂਦਾ। ਇੱਕ ਗਲ, ਸਪੀਕਰ ਸਾਹਿਬ, ਮੈਂ ਕੁਆਪਰੇਟਿਵ ਸੋਸਾਇਟੀਆਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ ।

**ਸ੍ਰੀ ਸਪੀਕਰ :** ਵਾਈਂਡ ਅਪ ਕਰੋ ਜੀ ।

**ਚੌਧਰੀ ਦਰਸ਼ਨ ਸਿੰਘ :** ਸਪੀਕਰ ਸਾਹਿਬ, 1947 ਤੋਂ ਪਹਿਲਾਂ ਕੁਆਪਰੇਟਿਵ ਮੂਵਮੈਂਟ ਬਹੁਤ ਵਧੀ ਹੈ। ਇਹ ਪੁਆਇੰਟ ਮੰਨਿਆ ਜਾਂਦਾ ਹੈ ਕਿ ਜਿਤਨੇ ਜ਼ਿਆਦਾ ਲੋਨ ਲਏ ਜਾਂਦੇ ਹਨ, ਇਹ ਡਿਵੈਲਪ-ਮੈਂਟ ਦਾ ਸਾਈਨ ਹਨ । ਲੋਕ ਇਸ ਪੈਸ ਨਾਲ ਖਾਦ ਲੈਂਦੇ ਹਨ ਅਤੇ ਹੋਰ ਐਗਰੀਕਲਚਰਲ ਇੰਪਲੀਮੈਂਟਸ ਲੈਂਦੇ ਹਨ ਅਤੇ ਸਟੇਟ ਦੀ ਤਰੱਕੀ ਹੁੰਦੀ ਹੈ। ਲੇਕਿਨ ਸਪੀਕਰ ਸਾਹਿਬ ਐਸੀ ਕੋਈ ਸੋਸਾਇਟੀ ਬਚੀ ਹੋਵੇਗੀ ਜਿਸਦੇ ਵਿਚ ਲੱਖਾਂ ਰੁਪਏ ਦੇ ਗਬਨ ਨਾ ਹੋਏ ਹੋਣ। ਮੇਰੇ ਆਪਣੇ ਜ਼ਿਲ੍ਹੇ ਦੇ ਵਿਚ 2, 4 ਲੱਖ ਰੁਪਏ ਦਾ ਗਬਨ ਹੋਇਆ । ਮਾਰਕਿਟ ਸੋਸਾਇਟੀ ਨੇ ਦੋ ਲੱਖ ਰੁਪਏ ਖਾਧੇ। ਮਾਸਟਰ ਗੁਰਬੰਤਾ ਸਿੰਘ ਨੇ ਇਨਕੁਆਇਰੀ ਲਈ ਲਿਖਿਆ ਹੈ । ਈਸ਼ਰ ਸਿੰਘ ਮਝੈਲ ਨੇ ਚਿੱਠੀ ਲਿਖ ਦਿੱਤੀ ਹੈ ਕਿ 2 ਲੱਖ ਰੁਪਏ ਦਾ ਗਬਨ ਹੋਇਆ ਹੈ। ਇਸ ਦੇ ਬਾਰੇ ਤੁਹਾਨੂੰ ਪਤਾ ਹੈ। ਕੀ ਇਸ ਦੇ ਲਈ ਐਫ. ਆਈ. ਆਰ, ਐਮ. ਐਲ. ਏ. ਦੇਵੇ? ਉਹ ਪੁੱਛਦਾ ਹੈ ਕਿ ਤੁਹਾਨੂੰ ਇਸ ਬਾਰੇ ਕੁਝ ਪਤਾ ਹੈ ।

Where lies the fault ? There is corruption in every society. Who are the partners—Officers and officials ? All these societies should be audited and the defaulters should be rightly dealt with. Unless and until exemplary punishment is given to them, ਕੁਆਪਰੇਟਿਵ ਸੋਸਾਇਟੀਆਂ ਵਿਚੋਂ ਤਦ ਤਕ ਕੁਰਪਸ਼ਨ ਦੂਰ ਨਹੀਂ ਹੋਣੀ। ਮੈਂ ਗਿਆਨੀ ਜੀ ਅੱਗੇ ਬੇਨਤੀ ਕਰਾਂਗਾ ਕਿ ਕੁਆਪਰੇਟਿਵ ਡਿਪਾਰਟਮੈਂਟ ਦੇ ਪੰਜ ਜਾਂ ਸੱਤ ਅਫਸਰਾਂ ਨੂੰ ਭਾਵੇਂ ਉਹ ਇਨਸਪੈਕਟਰ ਹੋਣ, ਸਬ-ਇਨਸਪੈਕਟਰ ਹੋਣ, ਉਨ੍ਹਾਂ ਦੇ ਖਿਲਾਫ ਐਕਸ਼ਨ ਲਓ, ਜੇ ਇਹ ਸਾਬਤ ਹੋ ਜਾਵੇ ਕਿ ਉਸ ਨੇ ਕੁਰਪਸ਼ਨ ਕੀਤੀ ਹੈ ਤਾਂ ਉਸਨੂੰ ਐਸੀ ਪਨਿਸ਼ਮੈਂਟ ਦਿਓ ਕਿ ਦੂਸਰਿਆਂ ਨੂੰ ਸਬਕ ਮਿਲ ਜਾਵੇ । ਮੈਂ ਇਨ੍ਹਾਂ ਅਖਰਾਂ ਨਾਲ ਤੁਹਾਡਾ ਧੰਨਵਾਦ ਕਰਦਾ ਹਾਂ ।

**ਸ੍ਰੀ ਸਰਦਾਰੀ ਲਾਲ ਕਪੂਰ** (ਲੁਧਿਆਣਾ-ਉੱਤਰ) : ਸਪੀਕਰ ਸਾਹਿਬ, ਇਹ ਜਿਹੜਾ ਐਪਰੋਪਰੀਏਸ਼ਨ ਬਿਲ ਪੇਸ਼ ਕੀਤਾ ਹੈ ਫਾਇਨਾਂਸ ਮਨਿਸਟਰ ਸਾਹਿਬ ਨੇ, ਮੈਂ ਸਮਝਦਾ ਹਾਂ ਕਿ ਜਿਤਨੀਆਂ ਡਿਮਾਂਡਾਂ ਇਨ੍ਹਾਂ ਨੇ ਮੰਗੀਆਂ ਹਨ ਉਨ੍ਹਾਂ ਵਿਚੋਂ ਮੈਂ ਸਿਰਫ ਇਕੋ ਡਿਮਾਂਡ ਦੇ ਖਿਲਾਫ ਹਾਂ ਜਿਹੜਾ ਸ਼ੂਗਰ ਮਿਲਾ ਨੂੰ ਸੈਸ ਵਾਪਸ ਕੀਤਾ ਹੈ। ਬਾਕੀ ਦੇ ਮੁਤੱਲਕ ਮੈਂ ਸਮਝਦਾ ਹਾਂ ਕਿ ਇਹ ਠੀਕ ਹਨ, ਦਰੁਸਤ ਹਨ। ਇਹ ਦੂਸਰਿਆਂ ਦੀ ਮਦਦ ਕਰਨ ਵਾਸਤੇ ਕੀਤਾ ਹੈ। ਪਹਿਲਾਂ ਗੜਿਆਂ ਨੇ ਫਸਲਾਂ ਤਬਾਹ ਕੀਤੀਆਂ। ਹੁਣ ਹੜ੍ਹ ਆਏ ਹਨ, ਇਨ੍ਹਾਂ ਸਾਰੀਆਂ ਚੀਜ਼ਾਂ ਵਾਸਤੇ ਜਿਹੜਾ ਪੈਸਾ ਮੰਗਿਆ ਹੈ, ਇਹ ਦਰੁਸਤ ਹੈ। ਪੰਜਾਬ ਦੇ ਵਸਨੀਕ ਦੀ ਪਰ ਕੇਪਿਟਾ ਇਨਕਮ ਦੂਸਰਿਆਂ ਸੂਬਿਆਂ ਦੇ ਲੋਕਾਂ ਨਾਲੋਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਰਦਾਰੀ ਲਾਲ ਕਪੂਰ]

ਹਜ਼ਾਰ ਦਰਜੇ ਚੰਗੀ ਹੈ। ਜਦੋਂ ਦੀ 4, 5 ਸਾਲ ਦੀ ਕਾਂਗਰਸ ਦੀ ਹਕੂਮਤ ਆਈ ਹੈ, ਇਸ ਨੇ ਕਾਫੀ ਕੰਮ ਕਰਕੇ ਲੋਕਾਂ ਦੇ ਵਿਚ ਇਹ ਚੀਜ਼ ਪੈਦਾ ਕੀਤੀ ਹੈ ਕਿ ਇਹ ਹਕੂਮਤ ਗਰੀਬਾਂ ਦੀ ਵੀ ਮਦਦ ਕਰਦੀ ਹੈ, ਗਰੀਬਾਂ ਲਈ ਵੀ ਕੁਝ ਕੰਮ ਕੀਤਾ ਹੈ। ਸਪੀਕਰ ਸਾਹਿਬ, ਮੈਂ ਇੱਕ ਦੋ ਗੱਲਾਂ ਹੋਰ ਅਰਜ਼ ਕਰਨਾ ਚਾਹੁੰਦਾ ਹਾਂ। ਅਨਇੰਪਲਾਇਮੈਂਟ ਪਿਛਲੇ ਸਾਲਾਂ ਨਾਲੋਂ ਇਸ ਸਾਲ ਜ਼ਿਆਦਾ ਵੱਧੀ ਹੈ। ਅਗਰ ਇਸ ਵੇਲੇ ਅਦਾਦੋ ਸ਼ੁਮਾਰ ਦੇਖੇ ਜਾਣ ਤਾਂ ਪਤਾ ਲਗਦਾ ਹੈ ਜਿਹੜੇ ਇੰਜੀਨੀਅਰਜ਼ ਹਨ ਉਹ ਵੇਹਲੇ ਫਿਰਦੇ ਹਨ। ਜਿਸ ਵੇਲੇ ਉਨ੍ਹਾਂ ਦੀ ਨੌਕਰੀ ਲਗਣ ਦੀ ਵਾਰੀ ਆਉਂਦੀ ਹੈ ਤਾਂ ਉਨ੍ਹਾਂ ਦੀ ਉਮਰ ਟੱਪ ਜਾਂਦੀ ਹੈ, ਉਨ੍ਹਾਂ ਨੂੰ ਫਿਰ ਨੌਕਰੀ ਨਹੀਂ ਮਿਲਦੀ। ਇਸ ਤਰ੍ਹਾਂ ਤੇ੍ਹ ਪਿਛੇ ਰਹਿ ਜਾਂਦੇ ਹਨ। ਜਿਹੜੇ ਅਨਇਪਲਾਇਡ ਹਨ ਉਨ੍ਹਾਂ ਦਾ ਧਿਆਨ ਕਰਨ ਦੀ ਲੋੜ ਹੈ।

ਸਪੀਕਰ ਸਾਹਿਬ, ਇੱਕ ਮੈਂ ਅਰਜ਼ ਕਰਾਂਗਾ ਕਿ ਅਸੀਂ ਸ਼ਹਿਰਾਂ ਦੀ ਡਿਵੈਲਪਮੈਂਟ ਕਰਦੇ ਹਾਂ। ਇਹ ਚੰਗੀ ਗਲ ਹੈ। ਪਰ ਇਕ ਹੋਰ ਜ਼ਿਆਦਾ ਇਸ ਤੋਂ ਚੰਗੀ ਗਲ ਹੋਵੇਗੀ ਅਗਰ ਅਸੀਂ ਸਬਰਬਨ ਏਰੀਆਜ਼ ਦੀ ਡਿਵੈਲਪਮੈਂਟ ਸ਼ੁਰੂ ਕਰ ਦਈਏ। ਉਸ ਦੇ ਨਾਲ ਇੱਕ ਤਾਂ ਖਰਚਾ ਘੱਟ ਆਏਗਾ. ਦੂਸਰਾ ਜਿਹੜੇ ਪਿੰਡਾਂ ਦੇ ਲੋਕ ਸ਼ਹਿਰਾਂ ਵਿਚ ਭੱਜ ਕੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਉਥੇ ਆ ਕੇ ਜਗ੍ਹਾ ਨਹੀਂ ਮਿਲਦੀ, ਇਹ ਪ੍ਰਾਬਲਮ ਹਲ ਹੋ ਜਾਵੇਗੀ। ਜੇ ਉਹ ਪਿੰਡਾਂ ਵਿਚੋਂ ਇਸ ਤਰੀਕੇ ਨਾਲ ਜਾਂਦੇ ਰਹੇ ਤਾਂ ਇਹ ਚੰਗੀ ਗਲ ਨਹੀਂ ਹੋਵੇਗੀ। ਜੇ ਅਸੀਂ ਸਬਰਬਨ ਏਰੀਆਜ਼ ਦੀ ਡਿਵੈਲਪਮੈਂਟ ਸ਼ੁਰੂ ਕਰ ਦੇਈਏ ਅਤੇ ਛੋਟੀ ਛੋਟੀ ਇੰਡਸਟਰੀ ਉਥੇ ਲਾਈਏ ਤਾਂ ਪੁਰਾਣਾ ਤਰੀਕਾਕਾਰ ਅਪਣਾ ਕੇ ਅਸੀਂ ਅਨਇੰਪਲਾਇਮੈਂਟ ਦੀ ਪ੍ਰਾਬਲਮ ਨੂੰ ਵੀ ਕਾਫੀ ਹਦ ਤਕ ਦੂਰ ਕਰ ਸਕਦੇ ਹਾਂ। ਸਬਰਬਨ ਏਰੀਆਜ਼ ਦੀ ਇਸ ਲਈ ਡਿਵੈਲਪਮੈਂਟ ਕਰਨ ਦੀ ਜ਼ਿਆਦਾ ਜ਼ਰੂਰਤ ਹੈ। ਜੇ ਅਸੀਂ ਸ਼ਹਿਰਾਂ ਦੇ ਵਿਚ ਮਕਾਨ ਬਣਾਉਣੇ ਸ਼ੁਰੂ ਕਰ ਦਿੱਤੇ ਤਾਂ ਕੋਈ ਵੇਲਾ ਐਸਾ ਆ ਜਾਵੇਗਾ ਕਿ ਸਾਰੀ ਐਗਰੀਕਲਚਰਲ ਲੈਂਡ ਸਿਰਫ ਮਕਾਨਾਂ ਦੇ ਬਣਾਉਣ ਵਾਸਤੇ ਰਹਿ ਜਾਵੇਗੀ ਅਤੇ ਹੌਲੀ ਹੌਲੀ ਜਿਸ ਤਰ੍ਹਾਂ ਬੰਬਈ ਅਤੇ ਕਲਕਤੇ ਵਰਗੇ ਵੱਡੇ ਸ਼ਹਿਰਾਂ ਵਿਚ 18,19 ਮੰਜ਼ਲਾਂ ਦੀਆਂ ਬਿਲਡਿੰਗਾਂ ਬਣਦੀਆਂ ਹਨ, ਉਸੇ ਤਰ੍ਹਾਂ ਇਥੇ ਵੀ ਬਣਾਉਣੀਆਂ ਪੈਣਗੀਆਂ। ਇਸ ਨੂੰ ਹਰ ਤਰੀਕੇ ਦੇ ਨਾਲ ਰੋਕਣ ਦੀ ਲੋੜ ਹੈ ਅਤੇ ਜੇ ਸਬਰਬਨ ਏਰੀਏ ਨੂੰ ਡਿਵੈਲਪ ਕਰੋਗੇ ਤਾਂ ਇਹ ਚੀਜ਼ ਨਹੀਂ ਹੋਵੇਗੀ। ਉਥੇ ਛੋਟੀ ਮੋਟੀ ਇੰਡਸਟਰੀ ਲਗਾ ਦਿੱਤੀ ਜਾਵੇ ਤਾਂ ਜੋ ਉਨ੍ਹਾਂ ਲੋਕਾਂ ਨੂੰ ਫਾਇਦਾ ਹੋਵੇ।

ਇਕ ਗਲ, ਸਪੀਕਰ ਸਾਹਿਬ, ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਪਿਛਲੇ ਦਿਨਾਂ ਦੇ ਵਿਚ ਲੁਧਿਆਣਾ ਜ਼ਿਲੇ ਵਿਚ ਸਮਰਾਲਾ ਵਿਚ ਇਕ ਪ੍ਰੈਸ ਪਕੜੀ ਗਈ ਸੀ। ਮੈਂ ਕਾਫੀ ਕੋਸ਼ਿਸ਼ ਕਰਕੇ ਉਸਦਾ ਪਤਾ ਦਿੱਤਾ ਸੀ ਕਿ ਉਹ ਪ੍ਰੈਸ ਦਵਾਈਆਂ ਦੇ ਲੇਬਲ ਛਾਪਦੀ ਹੈ। ਜਿਹੜੀਆਂ ਲਾਈਫ ਸੇਵਿੰਗ ਡਰੱਗਜ਼ ਹਨ, ਉਨ੍ਹਾਂ ਦੇ ਲੇਬਲ ਛਾਪਦੇ ਸਨ। ਉਨ੍ਹਾਂ ਦੇ ਬਲਾਕਸ ਵੀ ਪਕੜੇ ਗਏ, ਪਰ ਇਸ ਗੱਲ ਦਾ ਅਜੇ ਤਕ ਪਤਾ ਨਹੀਂ ਲੱਗਿਆ ਕਿ ਜੋ ਪਕੜੇ ਗਏ ਸਨ, ਉਨ੍ਹਾਂ ਦਾ ਕੀ ਬਣਿਆ। ਉਨ੍ਹਾਂ ਨੇ ਕਈ ਲੋਕਾਂ ਦੀਆਂ ਜਾਨਾਂ ਨਾਲ ਖੇਡ ਖੇਡਿਆ ਹੋਵੇਗਾ ਅਤੇ ਲੱਖਾਂ ਰੁਪਏ ਦੀਆਂ ਦਵਾਈਆਂ ਜਾਹਲੀ ਬਣਾਈਆਂ ਹਨ। ਮੈਂ ਫਾਈਨੈਂਸ ਮਨਿਸਟਰ ਸਾਹਿਬ ਨੂੰ ਪ੍ਰਾਰਥਨਾ ਕਰਾਂਗਾ ਕਿ ਇਸ ਚੀਜ਼ ਨੂੰ ਜਾਂਚਣ ਦੀ ਲੋੜ ਹੈ ਅਤੇ ਇਸ ਬਾਰੇ ਲੋਕਲ ਅਫਸਰਾਂ ਤੋਂ ਪਤਾ ਕਰਨਾ ਚਾਹੀਦਾ ਹੈ ਕਿ ਉਸ ਕੇਸ ਦਾ ਕੀ ਹੋ ਰਿਹਾ ਹੈ। ਸਪੀਕਰ ਸਾਹਿਬ, ਦਵਾਈਆਂ ਅਜੇ ਵੀ ਦਰੁਸਤ ਨਹੀਂ ਮਿਲਦੀਆਂ ਲੋਕਾਂ ਨੂੰ ਅਤੇ ਇਸ ਪਾਸੇ ਜ਼ਿਆਦਾ ਦਿਲਚਸਪੀ ਲੈਣ ਦੀ ਲੋੜ ਹੈ। ਜਿਹੜੇ ਡਰੱਗਜ਼ ਕੰਟਰੋਲ ਇੰਸਪੈਕਟਰ ਰਖੇ ਹੋਏ ਹਨ, ਉਹ ਇਸ ਕੰਮ ਵਿਚ ਜ਼ਿਆਦਾ ਦਿਲਚਸਪੀ ਨਹੀਂ ਲੈਂਦੇ ਅਤੇ ਦਵਾਈਆਂ ਦੀ ਕੋਈ ਚੈਕਿੰਗ ਵਗੈਰਾ ਨਹੀਂ ਕੀਤੀ ਜਾਂਦੀ। ਪਿਛਲੇ ਦਿਨਾਂ ਵਿਚ ਕਈ ਆਦਮੀ ਤਬਦੀਲ ਕਰ ਦਿੱਤੇ ਹਨ ਅਤੇ ਪੈਸੇ ਦੇ ਕੇ ਇਨਸਪੈਕਟਰ ਤਬਦੀਲ ਕੀਤੇ ਜਾਂਦੇ ਹਨ ਇਸ ਚੀਜ਼ ਨੂੰ ਜਾਂਚਣ ਦੀ ਲੋੜ ਹੈ ਕਿ ਇਸ ਵਿਚ ਕੀ ਹੋ ਰਹਿਦਾ ਹੈ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਮੈਂ ਇਕ ਪ੍ਰਾਰਥਨਾ ਕਰਕੇ ਗੱਲ ਖਤਮ ਕਰਾਂਗਾ ਕਿ ਸਾਡੇ ਪੰਜਾਬ ਦੇ ਵਿਚ ਇਕ ਬੜੀ ਨਿਰਾਲੀ ਚੀਜ਼ ਹੈ। ਇਹ ਪੰਜਾਬ ਦੀ ਬਦਕਿਸਮਤੀ ਹੈ ਕਿ ਪੰਜਾਬ ਐਸਾ ਸੂਬਾ ਹੈ ਜੋ ਕਿ ਨੰਬਰ ਵਨ ਤੇ ਹੈ। ਇਹ ਕਹਿ ਦਿੱਤਾ ਕਿ ਬੀਅਰ ਪਲਾਂਵਾਂਗੇ ਅਤੇ ਦੂਜੀ ਸ਼ਰਾਬ ਘੱਟ ਜਾਵੇਗੀ।

**ਚੌਧਰੀ ਦਰਸ਼ਨ ਸਿੰਘ** * * * * *

**ਸ੍ਰੀ ਸਰਦਾਰੀ ਲਾਲ ਕਪੂਰ :** * * * * *

**ਸ੍ਰੀ ਸਪੀਕਰ :** ਨਾਂ ਮੈਨਸ਼ਨ ਨਾ ਕਰੋ ਜੀ।

**ਚੌਧਰੀ ਦਰਸ਼ਨ ਸਿੰਘ :** * * * * *

**ਸ੍ਰੀ ਸਰਦਾਰੀ ਲਾਲ ਕਪੂਰ :** ਪਹਿਲਾਂ ਅਸੈਂਬਲੀ ਦੇ ਮੈਂਬਰ ਅਤੇ ਮਨਿਸਟਰਾਂ ਨੂੰ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਇਹ ਛੱਡ ਦੇਣ, ਤਾਂਕਿ ਲੋਕਾਂ ਨੂੰ ਕਹਿਣ ਵਾਲੇ ਬਣੀਏ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਵਿਚ ਇਕ ਬੜੀ ਖਰਾਬ ਗੱਲ ਹੈ। ਸ਼ਹਿਰਾਂ ਦੇ ਵਿਚ ਜਿਹੜੀਆਂ ਸ਼ਰਾਬ ਦੀਆਂ ਦੁਕਾਨਾਂ ਖੋਲ੍ਹੀਆਂ ਹੋਈਆਂ ਹਨ, ਉਸਦੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਕ 12 ਨੁਕਾਤੀ ਪ੍ਰੋਗਰਾਮ ਬਣਾਇਆ ਸੀ, ਉਸ ਦੇ ਮੁਤਾਬਿਕ ਰੈਸਟੋਰੈਂਟਾਂ ਅਤੇ ਹੋਟਲਾਂ ਵਿਚ ਸ਼ਰਾਬ ਬੰਦ ਕਰਨੀ ਸੀ। ਮੈਂ ਸਮਝਦਾ ਹਾਂ ਕਿ ਯਸ਼ ਜੀ ਨੇ ਇਹ ਚੰਗੀ ਗੱਲ ਕੀਤੀ ਹੈ ਕਿ ਇਹ ਬੰਦ ਕਰ ਦਿਤੀ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸ਼ਰਾਬ ਦੇ ਠੇਕੇ ਖੁਲ੍ਹੇ ਹੋਏ ਹਨ, ਉਨ੍ਹਾਂ ਦੇ ਨਾਲ ਇਹਾਤੇ ਵੀ ਖੁਲ੍ਹੇ ਹੋਏ ਹਨ। ਇਨ੍ਹਾਂ ਇਹਾਤਿਆਂ ਬਾਰੇ ਕਿਹਾ ਗਿਆ ਸੀ ਕਿ ਬੰਦ ਕਰਾਂਗੇ ਪਰ ਇਸ ਤਰ੍ਹਾਂ ਨਹੀਂ ਕੀਤਾ ਗਿਆ। ਜਿਹੜਾ ਆਦਮੀ ਸਕੂਟਰ ਜਾਂ ਮੋਟਰ ਕਾਰ 'ਚ ਬੈਠਾ ਹੋਵੇ, ਉਸਨੂੰ ਤਾਂ ਸੜਕ ਤੇ ਸੁੰਘ ਕੇ ਵੇਖ ਲਿਆ ਜਾਂਦਾ ਹੈ ਕਿ ਇਸ ਨੇ ਸ਼ਰਾਬ ਤਾਂ ਨਹੀਂ ਪੀਤੀ, ਪਰ ਜਿਹੜਾ ਇਹਾਤੇ ਵਿਚ ਪੀਕੇ ਨਿਕਲੇ, ਉਸਨੂੰ ਸੁੰਘਣ ਦਾ ਕੀ ਫਾਇਦਾ, ਉਸ ਦੇ ਪੀਣ ਵਾਸਤੇ ਤਾਂ ਪਹਿਲਾਂ ਹੀ ਇਹਾਤੇ ਖੋਲ੍ਹੇ ਹੋਏ ਹਨ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਲੁਧਿਆਣਾ ਵਿਚ ਇਕ ਸਤਲੁਜ ਕਲੱਬ ਹੈ ਅਤੇ ਉਸਤੇ ਜ਼ਿਆਦਾ ਅਧਿਕਾਰ ਗਵਰਨਮੈਂਟ ਦਾ ਹੈ, ਉਸਦੇ ਪ੍ਰੈਜ਼ੀਡੈਂਟ ਡਿਪਟੀ ਕਮਿਸ਼ਨਰ ਹਨ। ਇਸ ਕਰਕੇ ਜੇ ਬਾਕੀ ਕਲੱਬਾਂ ਵਿਚ, ਰੋਟਰੀ ਕਲੱਬ ਅਤੇ ਲਾਇਨਜ਼ ਕਲੱਬ ਵਿਚ ਸ਼ਰਾਬ ਬੰਦ ਕਰ ਦਿਤੀ ਹੈ ਤਾਂ ਸਤਲੁਜ ਕਲਬ ਵਿਚ ਵੀ ਬੰਦ ਕਰ ਦੇਣੀ ਚਾਹੀਦੀ ਹੈ। ਇਸ ਪਾਸੇ ਵੀ ਯਸ਼ ਜੀ ਨੂੰ ਧਿਆਨ ਦੇਣਾ ਚਾਹੀਦਾ ਹੈ (ਘੰਟੀ) ਬਸ ਜੀ ਮੈਂ ਖਤਮ ਕਰ ਦਿੰਦਾ ਹਾਂ। ਇਸ ਸ਼ਰਾਬ ਨਾਲ ਸਾਡੇ ਨੌਜਵਾਨਾਂ ਦੀਆਂ ਸਿਹਤਾਂ ਖਰਾਬ ਹੋ ਰਹੀਆਂ ਹਨ। ਹੁਣ ਕੈਪਸੂਲ ਜਿਹੜੇ ਚਲੇ ਹੋਏ ਹਨ, ਉਨ੍ਹਾਂ ਨਾਲ ਵੀ ਨੌਜਵਾਨ ਮੁੰਡਿਆਂ ਦੀਆਂ ਜ਼ਿੰਦਗੀਆਂ ਬਰਬਾਦ ਹੋ ਰਹੀਆਂ ਹਨ। ਇਸ ਕਰਕੇ ਸਰਕਾਰ ਨੂੰ ਇਸ ਪਾਸੇ ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ।

**ਸਰਦਾਰ ਦਰਸ਼ਨ ਸਿੰਘ ਕੇ. ਪੀ. (ਜਮਸ਼ੇਰ, ਐਸ.ਸੀ.) :** ਮਾਨਯੋਗ ਸਪੀਕਰ ਸਾਹਿਬ, ਅੱਜ ਅਸੀਂ 12 ਕਰੋੜ ਦੀ ਮੰਗ ਪਾਸ ਕਰਨੀ ਹੈ। ਪੰਜਾਬ ਦੇ ਮੁੱਖ ਮੰਤਰੀ ਜੀ ਦਾ ਨਾਅਰਾ ਇਹ ਹੈ ਕਿ ਘਰਾਂ ਵਿਚ ਖੁਸ਼ਹਾਲੀ ਤੇ ਚੇਹਰੇ ਤੇ ਲਾਲੀ ਤੇ ਖੇਤਾਂ ਵਿਚ ਹਰਿਆਲੀ। ਖੇਤਾਂ ਵਿਚ ਇਸ ਸਾਲ ਜੋ ਹਾਲਤ ਹੋਈ ਹੈ, ਜੋ ਕੁਦਰਤ ਵਲੋਂ ਤਬਾਹੀ ਹੋਈ ਹੈ, ਬਾਰਸ਼ਾਂ ਦੀ ਵਜ੍ਹਾ ਨਾਲ, ਉਸ ਨਾਲ ਸਾਨੂੰ ਬੜੀ ਭਾਰੀ ਘਾਟ ਹੋਈ ਹੈ। ਪਰ, ਫਿਰ ਵੀ, ਮੈਂ ਸਮਝਦਾ ਹਾਂ ਕਿ ਜੋ ਇਹ ਮੁਸੀਬਤ ਸਾਡੇ ਤੇ ਆਈ ਹੈ, ਇਸ ਨੂੰ ਪੰਜਾਬੀ ਬੜੇ ਹੌਂਸਲੇ ਨਾਲ ਅਤੇ ਹਿੰਮਤ ਨਾਲ ਬਰਦਾਸ਼ਤ ਕਰੇਗਾ ਅਤੇ ਇਸ ਘਾਟ ਨੂੰ ਪੂਰਾ ਕਰਨ ਵਿਚ ਕਾਮਯਾਬ ਹੋਵੇਗਾ। ਸਪੀਕਰ ਸਾਹਿਬ, ਇਨ੍ਹਾਂ ਹੜ੍ਹਾਂ ਨਾਲ ਖੇਤ ਮਜ਼ਦੂਰਾਂ ਨੂੰ ਅਤੇ ਜ਼ਮੀਦਾਰਾਂ ਨੂੰ ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਕਪੂਰਥਲਾ ਵਿਚ ਬੜੀ ਔਕੜ ਆਈ ਹੈ। ਸਪੀਕਰ ਸਾਹਿਬ, ਮੈਂ ਇਕ ਇਹ ਅਰਜ਼

*Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਵੀ ਕਰਨਾ ਚਾਹੁੰਦਾ ਹਾਂ ਕਿ ਇਕ ਮਾਸਟਰ ਪਲਾਨ ਵੀ ਬਣਿਆ ਹੈ ਅਤੇ ਉਸ ਦੇ ਨਾਲ ਜ਼ਮੀਨਾਂ ਵੀ ਲੈ ਲਈਆਂ ਹਨ। ਉਨ੍ਹਾਂ ਜ਼ਮੀਨਾਂ ਤੇ ਚੰਗੀ ਕਾਸ਼ਤ ਹੁੰਦੀ ਹੈ ਅਤੇ ਇਸ ਕਰਕੇ ਲੋਕਾਂ ਨੂੰ ਇਸ ਬਾਰੇ ਵੀ ਚਿੰਤਾ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਲੋਕਾਂ ਨੂੰ ਦੋ ਗੱਲਾਂ ਕਾਰਨ ਬੜੀ ਹੈਰਾਸਮੈਂਟ ਹੈ। ਮੈਂ ਸਮਝਦਾ ਹਾਂ ਕਿ ਸਾਡੇ ਮੁਖ ਮੰਤਰੀ ਜੀ ਸਾਰੀ ਗੱਲ ਨੂੰ ਜਾਣਦੇ ਹੋਏ ਇਸ ਚੀਜ਼ ਦਾ ਵੀ ਇਲਾਜ ਕਰਨਗੇ।

ਫਿਰ ਜੋ ਗਰਾਂਟ ਫਲੱਡ ਰਿਲੀਫ ਵਾਸਤੇ 2 ਕਰੋੜ ਰੁਪਏ ਦੀ ਰਖੀ ਗਈ ਹੈ, ਉਹ ਬਹੁਤ ਥੋੜ੍ਹੀ ਹੈ ਅਤੇ ਇਸ ਬਾਰੇ ਸਾਰੇ ਦੋਸਤਾਂ ਨੇ ਇਥੇ ਬਹਿਸ ਵਿਚ ਕਿਹਾ ਹੈ ਕਿ ਇਹ ਵੱਧ ਹੋਣੀ ਚਾਹੀਦੀ ਹੈ। ਸਰਕਾਰ ਕੋਲੋਂ ਮੈਂ ਮੰਗ ਕਰਦਾ ਹਾਂ ਕਿ ਜਦੋਂ ਅਸੀਂ ਹਿੰਮਤ ਰਖਦੇ ਹਾਂ, ਪੰਜਾਬ ਵਿਚੋਂ 29 ਲੱਖ ਟਨ ਅਨਾਜ ਪੈਦਾ ਕਰਕੇ ਸੈਂਟਰ ਨੂੰ ਦੇ ਚੁਕੇ ਹਾਂ ਤਾਂ ਲੋਕਾਂ ਦੀ ਹੜ੍ਹਾਂ ਕਾਰਨ ਹੋਈ ਤਬਾਹੀ ਲਈ ਹੋਰ ਜ਼ਿਆਦਾ ਫੰਡ ਰਖਣੇ ਚਾਹੀਦੇ ਹਨ ਅਤੇ ਮੈਂ ਇਹ ਕਹਿੰਦਾ ਹਾਂ ਕਿ ਲੋਕਾਂ ਨੂੰ ਦੋ ਮਹੀਨੇ ਵਾਸਤੇ ਫਰੀ ਫੂਡ ਵੀ ਦਿੱਤਾ ਜਾਣਾ ਚਾਹੀਦਾ ਹੈ। ਇਸ ਕਰਕੇ ਮੈਂ ਇਹ ਆਸ ਰਖਦਾ ਹਾਂ ਕਿ ਸਾਡੇ ਮੁਖ ਮੰਤਰੀ ਜੀ, ਜਿਹੜੇ ਕਿ ਕਲ ਹੀ ਦੌਰਾ ਕਰਕੇ ਆਏ ਹਨ ਹੜ੍ਹ ਦੇ ਇਲਾਕੇ ਵਾਸਤੇ ਇਸ ਚੀਜ਼ ਦਾ ਇਲਾਨ ਕਰਨਗੇ। ਲੋਕਾਂ ਨੂੰ ਚਾਰੇ ਦੀ ਅਤੇ ਡੰਗਰਾਂ ਦੀ ਬੜੀ ਤਕਲੀਫ ਹੈ। ਇਸ ਦੇ ਨਾਲ ਹੀ ਜਿਹੜਾ ਖੇਤ ਮਜ਼ਦੂਰ ਹੈ, ਉਸ ਨੂੰ ਬੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਸ ਨੂੰ ਆਪਣੇ ਲਈ ਅਤੇ ਆਪਣੇ ਬੱਚਿਆਂ ਲਈ ਕਪੜੇ ਵਗੈਰਾ ਪਹਿਨਣ ਦੀ ਵੀ ਬੜੀ ਮੁਸ਼ਕਿਲ ਹੈ ਅਤੇ ਹੋਰ ਵੀ ਕਈ ਔਕੜਾਂ ਹਨ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਚੀਫ ਮਨਿਸਟਰ ਸਾਹਿਬ ਇਨ੍ਹਾਂ ਸਾਰੀਆਂ ਗੱਲਾਂ ਤੇ ਵਿਚਾਰ ਕਰਨਗੇ। ਮੁੱਖ ਮੰਤਰੀ ਜੀ ਕਈਆਂ ਰਿਆਇਤਾਂ ਦਾ ਇਲਾਨ ਵੀ ਕਰ ਆਏ ਹਨ ਅਤੇ ਮੈਂ ਆਸ ਕਰਦਾ ਹਾਂ ਕਿ ਹੋਰ ਸਹੂਲਤਾਂ ਵੀ ਦੇਣਗੇ। ਪਿੰਡਾਂ ਵਿਚ ਕਿਸਾਨਾਂ ਦਾ ਬੜਾ ਨੁਕਸਾਨ ਹੋਇਆ ਹੈ ਅਤੇ ਖੇਤ ਮਜ਼ਦੂਰ ਵੀ ਬਹੁਤ ਤਕਲੀਫ ਵਿਚ ਹਨ ਅਤੇ ਬੇਕਾਰ ਬੈਠੇ ਹਨ, ਇਨ੍ਹਾਂ ਨੂੰ ਦੋ ਮਹੀਨੇ ਵਾਸਤੇ ਫਰੀ ਫੂਡ ਦਿਤਾ ਜਾਣਾ ਚਾਹੀਦਾ ਹੈ। ਚੀਨੀ ਦੇ ਮੁਤਅੱਲਕ ਅਸੀਂ ਸਿਵਲ ਸਪਲਾਈ ਮਨਿਸਟਰ ਸਾਹਿਬ ਨੂੰ ਵੀ ਰਿਕੁਐਸਟ ਕੀਤੀ ਕਿ ਪੰਜਾਬ ਸੈਂਟਰ ਨੂੰ ਇਤਨਾਂ ਅਨਾਜ ਪੈਦਾ ਕਰਕੇ ਦਿੰਦਾ ਹੈ, ਇਸ ਕਰਕੇ ਉਹ ਸੈਂਟਰ ਨੂੰ ਕਹਿਣ ਕਿ ਸਾਨੂੰ ਦਿਹਾਤਾਂ ਦੇ ਵਿਚ ਹੋਰ ਸੂਬਿਆਂ ਨਾਲੋਂ ਜ਼ਿਆਦਾ ਚੀਨੀ ਦੇਣੀ ਚਾਹੀਦੀ ਹੈ ਅਤੇ ਭਾਅ ਘੱਟ ਰਖਣਾ ਚਾਹੀਦਾ ਹੈ। ਇਹ ਲੋਕਾਂ ਦੀ ਮੰਗ ਹੈ ਅਤੇ ਮੈਨੂੰ ਆਸ ਹੈ ਕਿ ਸਰਕਾਰ ਇਸ ਪਾਸੇ ਜ਼ਰੂਰ ਧਿਆਨ ਦੇਵੇਗੀ।

ਇਕ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਕੁਝ ਕਾਰਪੋਰੇਸ਼ਨਾਂ ਬਣੀਆਂ ਹੋਈਅ ਹਨ, ਇਕ ਸ਼ੈਡਿਊਲਡ ਕਾਸਟਸ ਕਾਰਪੋਰੇਸ਼ਨ ਹੈ ਅਤੇ ਇਕ ਬੈਕਵਰਡ ਕਲਾਸਿਜ਼ ਲਈ ਵੀ ਕਾਰਪੋਰੇਸ਼ਨ ਹੈ, ਇਨਾਂ ਨੂੰ ਜਲਦੀ ਤੋਂ ਜਲਦੀ ਲੋਕਾਂ ਦੀਆਂ ਅਰਜ਼ੀਆਂ ਪ੍ਰਵਾਨ ਕਰਨੀਆਂ ਚਾਹੀਦੀਆਂ ਹਨ ਤਾ ਜੋ ਇਨ੍ਹਾਂ ਹੜ੍ਹਾਂ ਦੇ ਕਾਰਨ ਜੋ ਲੋਕਾਂ ਨੂੰ ਮੁਸੀਬਤ ਆਈ ਹੈ, ਉਹ ਕੁਝ ਹਲ ਹੋ ਸਕੇ।

ਇਸ ਦੇ ਨਾਲ ਨਾਲ ਜੋ ਟਿਊਬਵੈੱਲ ਕੁਨੈਕਸ਼ਨ ਹਨ, ਉਨ੍ਹਾਂ ਦੇ ਬਿਲ ਦੋ ਮਹੀਨੇ ਵਾਸਤੇ ਸਬਸਿ-ਡਾਈਜ਼ ਕਰ ਦੇਣੇ ਚਾਹੀਦੇ ਹਨ ਤਾਂ ਜੋ ਲੋਕਾਂ ਨੂੰ ਕੁਝ ਰਾਹਤ ਮਿਲ ਸਕੇ।

ਸਪੀਕਰ ਸਾਹਿਬ, ਹੁਣ ਮੈਂ ਸਪੋਰਟਸ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਸਪੋਰਟਸ ਡਾਇ-ਰੈਕਟੋਰੇਟ ਤੇ ਕਾਫੀ ਖਰਚ ਹੋ ਰਿਹਾ ਹੈ। ਇਸ ਤੇ ਗੌਰ ਕਰਨਾ ਚਾਹੀਦਾ ਹੈ। ਮੇਰੇ ਕਹਿਣ ਦਾ ਮਤਲਬ ਇਹ ਨਹੀਂ ਕਿ ਉਥੇ ਖਰਚ ਨਾ ਕੀਤਾ ਜਾਵੇ ਬਲਕਿ ਇਹ ਹੈ ਕਿ ਉਸ ਤੇ ਕਾਫੀ ਖਰਚ ਹੋ ਰਿਹਾ ਹੈ। ਇਸ ਨੂੰ ਜ਼ਰੂਰ ਵੇਖਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

ਇਕ ਅਰਜ਼ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਮੋਟਰਾਂ ਰਿਕਸ਼ਾ ਨੂੰ ਲਾਉਣੀਆਂ ਹਨ, ਪਹਿਲੇ ਵੀ ਸਾਡੀ ਸਰਕਾਰ ਨੇ ਉਨ੍ਹਾਂ ਦੀ ਭਲਾਈ ਲਈ ਬਹੁਤ ਖਰਚ ਕੀਤਾ ਹੈ ਵਰਦੀ ਆਦਿ ਤੇ। ਪਰ ਇਹ ਮੋਟਰਾਂ ਲਾਉਣ ਲਈ ਮੈਂ ਇਕ ਤਜਵੀਜ਼ ਦਿੰਦਾ ਹਾਂ ਕਿ ਇਹ ਜਿਹੜੀਆਂ ਮੋਟਰਾਂ ਲਾਈਆਂ ਜਾਂਦੀਆਂ ਹਨ ਇਹ ਬਾਹਰੋਂ ਆਉਂਦੀਆਂ ਹਨ। ਇਹ ਸਾਡੇ ਪੰਜਾਬ ਵਿਚ ਨਹੀਂ ਬਣਦੀਆਂ । ਬਾਹਰੋਂ ਆਈਆਂ ਮੋਟਰਾਂ ਬਹੁਤ ਮਹਿੰਗੀਆਂ ਪੈਂਦੀਆਂ ਹਨ । ਇਸ ਵਾਸਤੇ ਸਾਡੀ ਸਰਕਾਰ ਨੂੰ ਇਹ ਮੋਟਰਾਂ ਬਣਾਉਣ ਲਈ ਕੋਈ ਇੰਡਸਟਰੀ ਕਾਇਮ ਕਰਨੀ ਚਾਹੀਦੀ ਹੈ ਜਿਹੜੀ ਕਿ ਇਹ ਮੋਟਰਾਂ ਆਪ ਬਣਾਵੇ ਅਤੇ ਫਿਰ ਸਸਤੇ ਰੇਟ ਤੇ, ਸਬਸੀਡਾਈਜ਼ਡ ਰੇਟ ਤੇ, ਉਨ੍ਹਾਂ ਰਿਕਸ਼ਾ ਵਾਲਿਆਂ ਨੂੰ ਦਿੱਤੀਆਂ ਜਾਣ। ਇਸ ਦੇ ਨਾਲ ਹੀ ਮੈਂ ਇਕ ਗਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੂੰ ਕੋਈ ਤਾਰੀਖ ਮੁਕਰਰ ਕਰ ਦੇਣੀ ਚਾਹੀਦੀ ਹੈ ਕਿ 2 ਜਾਂ 4 ਮਹੀਨੇ ਤੋਂ ਬਾਅਦ ਕੋਈ ਰਿਕਸ਼ਾ ਬਗੈਰ ਮੋਟਰ ਤੋਂ ਨਹੀਂ ਚਲੇਗੀ ਅਤੇ ਇਸ ਦੇ ਵਾਸਤੇ ਉਨ੍ਹਾਂ ਨੂੰ ਮੋਟਰਾਂ ਸਸਤੇ ਰੇਟ ਤੇ ਦਿੱਤੀਆਂ ਜਾਣ ਤਾਕਿ ਉਨ੍ਹਾਂ ਨੂੰ ਜਿਹੜੀ ਜਿਸਮਾਨੀ ਤਕਲੀਫ ਹੁੰਦੀ ਹੈ ਉਹ ਨਾ ਹੋਵੇ ।

ਪੰਜਾਬ ਸਰਕਾਰ ਨੇ ਹਰੀਜਨਾਂ ਦੀ ਭਲਾਈ ਲਈ ਵੀ ਬੜੇ ਕੰਮ ਕੀਤੇ ਹਨ। ਧਰਮਸ਼ਾਲਾਵਾਂ ਬਣਾਈਆਂ, ਬਸਤੀ ਸੁਧਾਰ ਸਕੀਮ ਵੀ ਚਲਾਈ । 80,80 ਹਜ਼ਾਰ ਰੁਪਿਆ ਲਾਕੇ ਮਾਡਲ ਗ੍ਰਾਮ ਵਿਚ ਇਨ੍ਹਾਂ ਨੇ ਕਾਫੀ ਕੰਮ ਕੀਤਾ ਹੈ । ਇਸ ਦੇ ਵਿਚ ਇਕ ਗਲ ਵੇਖਣ ਵਾਲੀ ਹੈ ਕਿ ਸੋਸ਼ਲ ਵੈਲਫੇਅਰ ਮਹਿਕਮਾ ਤਾਂ ਸੈਂਕਸ਼ਨ ਕਰ ਦਿੰਦਾ ਹੈ ਪਰ ਜਿਹੜਾ ਪਬਲਿਕ ਹੈਲਥ ਦਾ ਮਹਿਕਮਾ ਹੈ ਜਿੰਨੇ ਤਕ ਉਹ ਸੈਂਕਸ਼ਨ ਨਾ ਕਰੇ, ਉਹ ਸਕੀਮ ਇੰਪਲੀਮੈਂਟ ਨਹੀਂ ਹੁੰਦੀ । ਇਸ ਲਈ ਮੇਰਾ ਇਹ ਸੁਝਾਵ ਹੈ ਕਿ ਪਬਲਿਕ ਹੈਲਥ ਮਹਿਕਮੇ ਵਿਚ ਜਿਹੜੇ ਐਕਸ. ਈ.ਐਨ. ਹਨ ਉਹ ਇਸ ਸ਼ੋਸ਼ਲ ਵੈਲਫੇਅਰ ਮਹਿਕਮੇ ਵਿਚ ਹੋਣੇ ਚਾਹੀਦੇ ਹਨ ਤਾਂਕਿ ਜਿਹੜਾ ਵੀ ਕੰਮ ਉਨ੍ਹਾਂ ਨੇ ਕਰਨਾ ਹੈ, ਉਥੇ ਹੀ ਕਰ ਦੇਣ ਅਤੇ ਫਿਰ ਉਹ ਸਕੀਮ ਜਲਦੀ ਇੰਪਲੀਮੈਂਟ ਹੋ ਸਕੇ।

ਹਰੀਜਨਾਂ ਲਈ ਸਰਕਾਰ ਨੇ ਵਜ਼ੀਫੇ ਵੀ ਕਾਫੀ ਦਿੱਤੇ ਹਨ ਜਿਸ ਲਈ ਅਸੀਂ ਸਰਕਾਰ ਨੂੰ ਪਹਿਲੇ ਹੀ ਵਧਾਈ ਦਿੱਤੀ ਹੈ ਅਤੇ ਹੁਣ ਵੀ ਦਿੰਦੇ ਹਾਂ। ਸਪੀਕਰ ਸਾਹਿਬ, ਮੈਂ ਇਥੇ ਇਹ ਗਲ ਦਸਣੀ ਚਾਹੁੰਦਾ ਹਾਂ ਕਿ ਕੇਰਲਾ ਦੀ ਵੈਲਫੇਅਰ ਕਮੇਟੀ ਇਥੇ ਆਈ ਸੀ ਅਤੇ ਉਸ ਨਾਲ ਸਾਡਾ ਵਿਚਾਰ ਵਟਾਂਦਰਾ ਹੋਇਆ ਸੀ। ਪੰਜਾਬ ਸਰਕਾਰ ਨੇ ਇਥੇ 25, 30 ਪ੍ਰਤੀਸ਼ਤ ਰਿਜ਼ਰਵੇਸ਼ਨ ਰਖੀ ਹੈ ਪਰ ਉਥੇ 10 ਪ੍ਰਤੀਸ਼ਤ ਦੀ ਰਿਜ਼ਰਵੇਸ਼ਨ ਹੈ ਪਾਪੂਲੇਸ਼ਨ ਦੇ ਹਿਸਾਬ ਨਾਲ। ਉਥੇ ਬਹੁਤ ਲੋਕ ਕਰਿਸ਼ਚਨ ਵੀ ਹੋ ਗਏ ਹਨ। ਇਕ ਕੰਮ ਜਿਹੜਾ ਪੰਜਾਬ ਸਰਕਾਰ ਨੇ ਕੀਤਾ ਹੈ ਉਹ ਬਹੁਤ ਵੱਡਾ ਹੈ। ਇਸ ਦੀ ਕੇਰਲਾ ਦੀ ਕਮੇਟੀ ਨੇ ਵੀ ਪ੍ਰਸ਼ੰਸਾ ਕੀਤੀ ਸੀ। ਜਿਹੜੀ ਸਰਵਿਸ ਕਰਦੇ ਹੋਏ ਤਰੱਕੀ ਬਾਰੇ 16 ਪ੍ਰਤੀਸ਼ਤ ਰਿਜ਼ਰਵੇਸ਼ਨ ਕੀਤੀ ਹੈ, ਇਹ ਕਿਸੇ ਹੋਰ ਸੂਬੇ ਵਿਚ ਨਹੀਂ । ਇਸ ਦੇ ਲਈ ਮੈਂ ਇਕ ਇਹ ਅਰਜ਼ ਕਰਦਾ ਹਾਂ ਕਿ ਇਸ ਨੂੰ ਇੰਪਲੀਮੈਂਟ ਤਾਂ ਮਹਿਕਮੇ ਦੇ ਅਫਸਰਾਂ ਜਾਂ ਸੈਕਟਰੀਜ਼ ਨੇ ਕਰਨਾ ਹੁੰਦਾ ਹੈ। ਇਹ ਉਨ੍ਹਾਂ ਦੇ ਹੱਥ ਵਿਚ ਹੁੰਦਾ ਹੈ। ਉਨ੍ਹਾਂ ਨੂੰ ਇਹ ਵੇਖਣਾ ਚਾਹੀਦਾ ਹੈ ਕਿ ਇਹ ਪੂਰੀ ਤਰ੍ਹਾਂ ਇੰਪਲੀਮੈਂਟ ਹੋ ਰਿਹਾ ਹੈ ਜਾਂ ਨਹੀਂ ਅਤੇ ਇਸ ਅਧਾਰ ਦੇ ਉਤੇ ਹੀ ਪਰਮੋਸ਼ਨ ਦੇਣੀ ਚਾਹੀਦੀ ਹੈ। (ਘੰਟੀ)

ਸਪੀਕਰ ਸਾਹਿਬ, ਸਾਡੇ ਤਾਂ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਦੇ 20 ਨੁਕਾਤੀ ਪ੍ਰੋਗਰਾਮ ਵਿਚ ਇਸ ਪਾਸੇ ਵਲ ਦਰਜਾ ਬਾ-ਦਰਜਾ ਵੱਧਣ ਲਈ ਹਦਾਇਤ ਕੀਤੀ ਹੈ ਔਰ ਉਸ ਵਿਚ ਲਿਖਿਆ ਹੈ ਜੋ ਗਰੀਬ ਪਛੜੇ ਹੋਏ ਹਨ ਉਨ੍ਹਾਂ ਦੀਆਂ ਤਕਲੀਫਾਂ ਨੂੰ ਦੂਰ ਕੀਤਾ ਜਾਵੇ ਅਤੇ ਇਨ੍ਹਾਂ ਨੂੰ ਉਪਰ ਚੁਕਿਆ ਜਾਵੇ। ਇਸ ਦੇ ਵਾਸਤੇ ਸਾਡੇ ਮੁੱਖ ਮੰਤਰੀ ਜੀ ਨੇ ਵੀ ਕਾਫੀ ਕਦਮ ਚੁੱਕੇ ਹਨ ਅਤੇ ਮੈਂ ਉਨ੍ਹਾਂ ਨੂੰ ਵਧਾਈ ਦਿੰਦਾਂ ਹਾਂ ਕਿ ਉਨ੍ਹਾਂ ਨੇ ਇਸ 20 ਨੁਕਾਤੀ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਪੂਰੀ ਕੋਸ਼ਿਸ਼ ਕੀਤੀ ਹੈ। ਇਸ ਦੇ ਨਾਲ ਹੀ ਮੈਂ ਹੋਰ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਆਪ ਦਾ ਧੰਨਵਾਦ ਕਰਦਾ ਹਾਂ ।

(ਇਸ ਵੇਲੇ ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ ਜੀ ਬੋਲਣ ਲਈ ਖੜੇ ਹੋਏ)

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਆਚਾਰਿਆ ਜੀ, ਸ਼ਰਮਾ ਜੀ ਬੋਲਣ ਲਈ ਖੜੇ ਹੋ ਗਏ ਹਨ। ਇਹ ਬੋਲ ਲੈਣ।

**ਇਕ ਆਵਾਜ਼** : ਇਨ੍ਹਾਂ ਨੂੰ ਬੋਲ ਲੈਣ ਦਿਓ ਜੀ।

**ਸ੍ਰੀ ਸਪੀਕਰ** : ਅੱਛਾ, ਤੁਸੀਂ 5 ਮਿੰਟ ਬੋਲ ਲਓ।

**आचार्य पृथवी सिंह आज़ाद (खन्ना ऐस.सी.)**: स्पीकर साहिब, मैं आप के द्वारा डिमांड न० 9 की तरफ वज़ीर साहिब का ध्यान दिलाना चाहता हूं। यह रकम थोड़ी सी है मगर इस में एक सिद्धांत इन्वाल्वड है वह सिद्धांत यह है कि जब पंजाब बंध हुआ तो उस में जिन लोगों का नुकसान हुआ उनको इन्हों ने कम्पनसेट किया है। इस के लिए मैं सरकार को यह सुझाव देना चाहता हूं कि भविष्य के लिए कोई ऐसा कानून बनाया जाये कि जो पार्टी इस तरह बन्ध लगाये, यह जो देश द्रोही काम करते हैं, उसी पार्टी को इस का खर्च देना चाहिए ताकि इसका बोझ सरकार के खज़ाने पर न पड़े।

दूसरा मेरा सुझाव डिमांड न. 8 से सम्बन्धित है। डिमांड नं. 8 में यह लिखा है कि:—

> "The additional amount of Rs. 4 lakhs is required under Office Expenses."

मुझे इस सिलसिले में यह अर्ज़ करनी है कि सरकार ने 1967 में हरबंस सिंह पे-कमिशन बनाया और उस पे-कमिशन ने 1968 में अपनी रिपोर्ट दी। परन्तु सरकार ने उसको लागू करने में थोड़ा भेद-भाव से काम लिया। जो सरकार के सैक्रीटेरियेट में सुपरटैन्डैन्ट थे वज़ीरों के प्राईवेट सैक्रेटरीज़ थे या पी.ए. थे उनको तो पे-कमिशन ने जो रिकमैंड किया वह दे दिया मगर दूसरे जो स्टेट में 'ए' कलास आफ़िस थे उनको नहीं दिया, मिसाल के तौर पर विधान सभा का आफिस, एजुकेशन आफ़िस आदि! इन दफ्तरों में जो हरबंस सिंह पेकमिशन के स्केल लागू होने थे वह लागू नहीं हुए! अब सरकार यह कहती है कि इनका मैमोरण्डम कैबनिट के पास भेज दिया गया है! मैं यह अर्ज़ करना चाहताहूँ कि यह तो प्रिंसिपल का सवाल है। जब एक दफ्तर में यह लागू होता है तो दूसरे 'ए' क्लास के दफ्तर में यह उसी तरह लागू करना चाहिए।

स्पीकर साहिब, मैं आपका ध्यान डिमांड नं० 25 की तरफ थोड़ा आकर्षित करना चाहता हूँ क्योंकि आपने मुझे पांच मिन्ट का समय दिया है इसलिये मैं ज़्यादा समय नहीं लूंगा।

स्पीकर साहिब, गलती लग गई मैं आपका ध्यान डिमांड नं. 36, पेज 25 की तरफ दिलाना चाहता हूँ। ट्रांस्पोर्ट के लिए ट्रांस्पोर्ट अथार्टी जो इश्तहार अखबारों में देते हैं उसके लिये है। इसके लिये मैं यह कहना चाहता हूँ कि यह इश्तहार जिस अखबार में दिया जाता है उसकी सिर्फ कोई 1,000 या 500 कापियां बड़ी मुश्किल से बनती हैं। मैं समझता हूँ कि उन में देने से इस पर खर्च ज्यादा आ जाता है। तकरीबन एक इश्तहार 1,000 रुपये या 500 रुपये में पड़ता है। इसके लिए मैं यह समझता

Original with;
Punjab Vidhan Sabha
Digitized by;
Panjab Digital Library

हूँ कि यह इश्तहार साधारण जो अखबार निकलते हैं उनमें दे देने चाहिए इससे सरकार के खर्च में काफ़ी बचत हो सकती है। कल ही हमारी सरकार ने 50 करोड़ रुपये के सैस मुसीबतज़दा लोगों के लिये लगाए हैं। मैं समझता हूँ कि अगर सरकार इस तरह से खर्च में बचत करे तो ठीक है। इस लिए वह काम करो जिसकी कि वाकई ज़रूरत है।

अब मैं आपका ध्यान डिमांड नं. 20 की ओर दिलाना चाहता हूँ। यह बहुत ही अच्छी बात है कि जो महान पुरुष हुए हैं उनको याद किया जा रहा है। भाई मती दास, बाबा जीवनसिंह जैसे महान् देश भक्तों की यादगारें कायम करने का फैसला किया है। यह बहुत ही प्रशंसनीय काम है और मैं इसके लिये सरकार को बधाई देना चाहूँगा। जैसा कि धनोवाली जी ने परसों कहा था कि सतगुरु रवीदास जी को भी इसी तरह याद किया जाए। कई लोगों के तीन तीन गुरु होंगे और कुछ ऐसे लोग भी होंगे जिनके दस गुरु होंगे लेकिन जिन लोगों का एक ही गुरु है उनकी भी मदद करनी चाहिए।

मैं आपके द्वारा सरकार को और खास तौर पर चीफ मिनिस्टर साहिब को यह कहना चाहता हूँ कि इस सम्बन्ध में अगले साल के लिये एक करोड़ रुपया रखा जाए ताकि हम हिन्दुस्तान को बता सकें कि पंजाब एक ऐसी वाहद स्टेट है जिसने छूआ-छूत के खिलाफ उसको खत्म करने में पहिला नम्बर लिया है और छूत-छात के खिलाफ, रीयल डैमोक्रेसी के लिए, समाजवाद का झण्डा बुलन्द किया है। उस सतिगुरु की यादगार के लिए काम किया है। इस काम के लिये एक करोड़ रुपया मुहय्या किया जाए। मुझे आशा है कि वित्त-मंत्री जी मेरी इस प्रार्थना को मन्जूर करेंगे। आप सब का धन्यवाद।

ਸ਼੍ਰੀ ਹੰਸ ਰਾਜ ਸ਼ਰਮਾ (ਵਿੱਤ ਮੰਤਰੀ): ਸਪੀਕਰ ਸਾਹਿਬ, ਜੋਸ਼ ਜੀ, ਔਰ ਦੂਸਰੇ ਮੈਂਬਰ ਸਾਹਿਬਾਨ ਦਾ ਮੈਂ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਜਿਤਨੇ ਖਰਚੇ ਅਸੀਂ ਦਿਖਾਏ ਹਨ ਉਨ੍ਹਾਂ ਦੀ ਤਾਰੀਫ਼ ਕੀਤੀ ਹੈ। ਇਹ ਠੀਕ ਹੈ ਕਿ ਫਲੱਡਜ਼ ਲਈ ਦੋ ਕਰੋੜ ਰੁਪਿਆ ਇਸ ਵਿਚ ਮੰਗਿਆ ਹੈ ਔਰ 66 ਲੱਖ ਰੁਪਿਆ ਪਹਿਲਾਂ ਅਸੀਂ ਆਪਣੇ ਬੱਜਟ ਵਿਚੋਂ ਦੇ ਚੁੱਕੇ ਹਾਂ। ਅੱਠ ਕਰੋੜ ਰੁਪਿਆ ਜਿਹੜਾ ਹੇਲ ਸਟਾਰਮਜ਼ ਨਾਲ ਨੁਕਸਾਨ ਹੋਇਆ ਹੈ, ਜਿਸ ਵਿਚੋਂ ਚਾਰ ਕਰੋੜ ਪਹਿਲਾਂ ਦੇ ਚੁਕੇ ਹਾਂ ਔਰ ਬਾਕੀ ਹੁਣ ਖਰਚ ਕਰਨਾ ਹੈ, ਉਸ ਵਾਸਤੇ ਰੱਖਿਆ ਹੈ। ਇਸ ਦਾ ਮਤਲਬ ਹੈ ਕਿ ਆਪਣੇ ਫੰਡਜ਼ ਵਿਚੋਂ, ਪਲਾਨ ਵਿਚੋਂ ਨਾ ਕੱਢਦੇ ਹੋਏ, ਜਿਤਨੀ ਅਸੀਂ ਮੱਦਦ ਕਰ ਸਕਦੇ ਸੀ ਕੀਤੀ ਹੈ। ਇਹੋ ਹੀ ਵਜ੍ਹਾ ਹੈ ਕਿ ਕਲ੍ਹ ਹਾਊਸ ਵਿਚ ਪ੍ਰਾਈਵੇਟ ਮੈਂਬਰ ਸਾਹਿਬਾਨ ਨੇ ਮਹਿਸੂਸ ਕਰਦੇ ਹੋਏ ਇਕ ਰੈਜ਼ੋਲਿਊਸ਼ਨ ਪੇਸ਼ ਕੀਤਾ ਹੈ, ਮੈਂ ਉਨ੍ਹਾਂ ਦਾ ਮਸ਼ਕੂਰ ਹਾਂ। ਅਗਰ ਸਰਕਾਰ ਦੇ ਬਾਕੀ ਮਹਿਕਮਿਆਂ ਦਾ ਖਰਚ ਕੱਟ ਕੇ ਇਧਰ ਕੀਤਾ ਜਾਵੇਗਾ ਤਾਂ ਪੰਜਾਬ ਦੋਹਰੀ ਮਾਰ ਖਾ ਜਾਵੇਗਾ। ਪਲਾਨ ਦੇ ਕੰਮਾਂ ਵਿਚ ਰੁਕਾਵਟ ਪੈ ਜਾਵੇਗੀ ਔਰ ਇਧਰ ਪੈਸਾ ਲਗ ਜਾਵੇਗਾ। ਇਸ ਵਾਸਤੇ ਮੈਂਬਰਜ਼ ਨੇ ਇਕ ਫੰਡ ਕਰੀਏਟ ਕਰਨ ਵਾਸਤੇ ਕਿਹਾ ਹੈ ਜਿਸ ਤਰ੍ਹਾਂ ਹੇਲਸਟਾਰਮ ਹੋਇਆ ਜਾਂ ਕੋਈ ਹੋਰ ਨੁਕਸਾਨ ਹੋ ਜਾਂਦਾ ਹੈ ਉਸ ਫੰਡ ਵਿਚ ਮਦਦ ਕੀਤੀ ਜਾ ਸਕੇ। ਉਹ ਫੰਡ ਜਲਦੀ ਤੋਂ ਜਲਦੀ ਬਣਾਵਾਂਗੇ ਔਰ ਕੈਬਨਿਟ ਵਿਚ ਅਸੀਂ ਐਸੇ ਢੰਗ ਲਭਾਂਗੇ ਜਿਨ੍ਹਾਂ ਨਾਲ ਲੋਕਾਂ ਦੀ ਵੱਧ ਤੋਂ ਵੱਧ ਮੱਦਦ ਜਦੋਂ ਕਦੀ ਖੁਦਾਈ ਆਫਤ ਆ ਜਾਵੇ ਤਾਂ ਕੀਤੀ ਜਾ ਸਕੇ। ਇਹ ਠੀਕ ਹੈ ਕਿ ਕੋਈ ਵੀ ਸਰਕਾਰ ਨੁਕਸਾਨ ਦਾ ਪੂਰਾ ਕੰਪੈਨਸੇਸ਼ਨ ਨਹੀਂ ਦੇ ਸਕਦੀ ਲੇਕਿਨ ਗਿਆਨੀ ਜੀ ਦੀ ਸਰਕਾਰ ਨੇ, ਕਾਂਗਰਸ ਦੀ ਸਰਕਾਰ ਨੇ, ਵੱਧ ਤੋਂ ਵੱਧ ਇਸ ਮਾਮਲੇ ਵਿਚ ਭਾਵੇਂ ਹੇਲਸਟਾਰਮ ਹੋਵੇ, ਭਾਵੇਂ ਜਿਸ ਤਰ੍ਹਾਂ ਕਿ ਲੁਧਿਆਣੇ ਵਿਚ ਸਾਈਕਲੋਨ ਨਾਲ ਨੁਕਸਾਨ ਹੋਇਆ ਹੋਵੇ, ਅਸੀਂ ਮੱਦਦ ਕਰਿਆ ਕਰਾਂਗੇ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਫਿਰ ਸਪੀਕਰ ਸਾਹਿਬ, ਕਰਾਪ ਇਨਸ਼ੋਰੈਂਸ ਦਾ ਜ਼ਿਕਰ ਕੀਤਾ ਗਿਆ ਹੈ। ਕਰਾਪ ਇਨਸ਼ੋਰੈਂਸ ਬਾਰੇ ਮੈਂ ਪਹਿਲਾਂ ਹੀ ਅਰਜ਼ ਕਰ ਚੁਕਾ ਹਾਂ ਕਿ ਜਨਰਲ ਇਨਸ਼ੋਰੈਂਸ ਕਾਰਪੋਰੇਸ਼ਨ ਨਾਲ ਗਲਬਾਤ ਕਰ ਰਹੇ ਹਾਂ । ਜਨਰਲ ਇਨਸ਼ੋਰੈਂਸ ਕਾਰਪੋਰੇਸ਼ਨ ਅਗਰ ਮੰਨ ਜਾਵੇਗੀ ਤਾਂ ਫਿਰ ਇਸ ਬਾਰੇ ਸੋਚਿਆ ਜਾ ਸਕਦਾ ਹੈ ਕਿ ਕਿਸ ਪਾਸਿਓਂ ਬਾਕੀ ਰੁਪਿਆ ਲਿਆਂਦਾ ਜਾਵੇ। ਵੈਸੇ ਇਹ ਮੁਮਕਨ ਗਲ ਹੋ ਗਈ ਹੈ। ਸਿਰਫ ਬਾਤ-ਚੀਤ ਜਾਂ ਖਤ-ਪੱਤਰ ਕਰਨ ਦੀ ਗੱਲ ਨਹੀਂ ਹੈ। ਬਾਕੀ ਸੂਬਿਆਂ ਨੇ ਵੀ ਸੈਂਟਰ ਨੂੰ ਕਿਹਾ ਹੈ ਕਿ ਕੋਈ ਇਸ ਦਾ ਇਲਾਜ ਹੋਣਾ ਚਾਹੀਦਾ ਹੈ । ਇਕ ਇਨ੍ਹਾਂ ਨੇ ਕਿਹਾ ਹੈ ਕਿ ਹਾਊਸਿਗ ਬੋਰਡ ਦੇ ਮਕਾਨ ਜਿਹੜੇ ਹਨ, ਉਹ ਠੀਕ ਨਹੀਂ ਹਨ। ਠੀਕ ਹੈ ਕਿ ਐਸ. ਏ. ਐਸ. ਨੱਗਰ ਦੇ ਵਿਚ ਜਿਹੜੇ ਮਕਾਨ ਬਣੇ ਹਨ ਉਨ੍ਹਾਂ ਦੇ ਬਾਰੇ ਇਨਕੁਆਇਰੀ ਚਲਦੀ ਪਈ ਹੈ ਔਰ ਹਾਊਸਿੰਗ ਬੋਰਡ ਵੇਖਦਾ ਹੈ ਕਿ ਕਿਹੜੀਆਂ ਖਾਮੀਆਂ ਹਨ ਔਰ ਕਿਸ ਤਰ੍ਹਾਂ ਪੂਰੀਆਂ ਕੀਤੀਆਂ ਜਾਣ।

ਸਪੀਕਰ ਸਾਹਿਬ, ਚੌਧਰੀ ਦਰਸ਼ਨ ਸਿੰਘ ਜੀ ਨੇ ਕਿਹਾ ਹੈ ਕਿ ਲੜਾਈਆਂ ਦਾ, ਢਿੱਕਤਾਂ ਦਾ, ਬਾਰਸ਼ਾਂ ਦਾ ਜਾਂ ਹੋਰ ਕੁਦਰਤੀ ਆਫਤਾਂ ਦਾ ਪੰਜਾਬ ਨੇ ਡੱਟਕੇ ਮੁਕਾਬਲਾ ਕੀਤਾ ਹੈ, ਠੀਕ ਹੈ , ਇਸ ਵੇਲੇ ਹੇਲਸਟਾਰਮਜ਼ ਦਾ ਮੁਕਾਬਲਾ ਡੱਟ ਕੇ ਕੀਤਾ ਗਿਆ ਹੈ ਔਰ ਹੁਣ ਇਹ ਬਾਰਸ਼ਾਂ ਦੀ ਕੁਦਰਤੀ ਮੁਸੀਬਤ ਆ ਗਈ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਭਾਵੇਂ ਮੁਸੀਬਤਾਂ ਔਰ ਮੁਸ਼ਕਲਾਂ ਹੁੰਦੀਆਂ ਹਨ ਅਸੀਂ ਉਨ੍ਹਾਂ ਦਾ ਅੱਗੇ ਵੱਧ ਕੇ ਮੁਕਾਬਲਾ ਕਰਦੇ ਹਾਂ ਔਰ ਪੰਜਾਬ ਦਾ ਪਰ ਕੈਪੀਟਾ ਇਨਕਮ ਅੱਜ ਵੀ ਸਾਰੇ ਬਾਕੀ ਸੂਬਿਆਂ ਨਾਲੋਂ ਵੱਧ ਹੈ। ਭਾਵੇਂ ਪੰਜਾਬੀਆਂ ਨੂੰ ਲੜਾਈਆਂ ਵੀ ਲੜਨੀਆਂ ਪਈਆਂ, ਖੁਦਾਈ ਆਫਤਾਂ ਵੀ ਆਈਆਂ।

ਸਪੀਕਰ ਸਾਹਿਬ, ਸ੍ਰੀ ਸਰਦਾਰੀ ਲਾਲ ਕਪੂਰ ਜੀ ਨੇ ਫਰਮਾਇਆ ਸੀ ਕਿ ਪ੍ਰੋਡਕਟਿਵਿਟੀ ਔਰ ਇੰਪਲਾਇਮੈਂਟ ਦੇ ਸਾਧਨ ਵਧਣੇ ਚਾਹੀਦੇ ਹਨ। ਅਸੀਂ ਸਟੈਪਸ ਉਠਾਏ ਹਨ, ਐਗਰੀਕਲਚਰ ਵਿਚ, ਇਨਡਸਟਰੀ ਵਿਚ, ਵਾਈਟ ਰੈਵੋਲਿਊਸ਼ਨ ਵਿਚ, ਜਿਸ ਨਾਲ ਕਿ ਪ੍ਰੋਡਕਟਿਵਿਟੀ ਸਾਡੀ ਵੱਧੀ ਹੈ । ਇਸ ਦਾ ਕਾਰਣ ਹੈ ਕਿ ਪਰ ਕੈਪਿਟਾ ਇਨਕਮ ਵਧੀ ਹੈ। ਸਪੀਕਰ ਸਾਹਿਬ, ਹਾਊਸ ਦੇ ਮੈਂਬਰ ਜਾਣਦੇ ਹਨ ਕਿ ਐਗਰੀਕਲਚਰ ਦੇ ਵਿਚ ਜ਼ਿਆਦਾ ਤੋਂ ਜ਼ਿਆਦਾ ਰੁਪਿਆ ਖਰਚ ਕਰ ਰਹੇ ਹਾਂ । ਇਥੇ ਹੀ ਬੱਸ ਨਹੀਂ ਜਿਹੜੇ ਛੋਟੇ ਛੋਟੇ ਕਿਸਾਨ ਹਨ, ਸਮਾਲ ਔਰ ਮਾਰਜਨਲ ਫਾਰਮਰਜ਼ ਹਨ ਉਨ੍ਹਾਂ ਲਈ ਸਰਕਾਰ ਵਿਸ਼ੇਸ਼ ਸਹੂਲਤਾਂ ਦਿੰਦੀ ਹੈ। ਕਰੋੜਾਂ ਰੁਪਿਆ ਖਰਚ ਰਹੀ ਹੈ। ਤਾਕਿ ਉਹ ਲੋਕ ਆਪਣੇ ਪੈਰਾਂ ਤੇ ਖੜ੍ਹੇ ਹੋਣ। ਇਸ ਵਾਸਤੇ ਪੋਲਟਰੀ, ਪਿੱਗਰੀ, ਡੇਅਰੀ ਵਗੈਰਾ ਵਿਚ ਵੀ ਸਰਕਾਰ ਨੇ, ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਬੜਾ ਪੈਸਾ ਰੱਖਿਆ ਹੈ ਤਾਕਿ ਇਹ ਸਾਰੇ ਸੈਕਟਰਾਂ ਵਿਚ ਲੋਕ ਅੰਡਰ ਇੰਪਾਲਾਇਡ ਵੀ ਨਾ ਰਹਿਣ, ਅਨਇੰਪਲਾਈਮੈਂਟ ਤਾਂ ਪੰਜਾਬ ਵਿਚ ਵੈਸੇ ਹੀ ਨਹੀਂ ਹੈ। ਪਿੰਡਾਂ ਵਿਚ ਬੇਰੁਜ਼ਗਾਰੀ ਇਸ ਢੰਗ ਦੀ ਨਹੀਂ ਹੈ। ਹਾਂ, ਪੜ੍ਹੇ ਲਿਖੇ ਲੋਕਾਂ ਦੀ ਬੇਰੁਜ਼ਗਾਰੀ ਜ਼ਰੂਰ ਹੈ। ਇਸ ਵਾਸਤੇ ਹੀ ਪਿੰਡਾਂ ਵਾਸਤੇ ਕਾਟੇਜ ਇੰਡਸਟਰੀ, ਪਿੱਗਰੀ ਤੇ ਡੈਰੀ ਵਰਗੀਆਂ ਸਕੀਮਾਂ ਲਈ ਕਾਫੀ ਰੁਪਿਆ ਰੱਖਿਆ ਹੈ। ਇਸ ਤਰ੍ਹਾਂ ਕੁਝ ਪੈਸਾ ਪ੍ਰਧਾਨ ਮੰਤਰੀ ਜੀ ਦੇ ਪ੍ਰੋਗਰਾਮ ਦੇ ਅੰਦਰ Lining of channels and water courses ਵਾਸਤੇ ਰੱਖਿਆ ਹੈ ਤਾਕਿ ਜ਼ਮੀਨ ਦੀ ਪੈਦਾਵਾਰ ਵਾਸਤੇ ਹੋਰ ਪੈਸਾ ਮਿਲ ਸਕੇ । ਜਿਸ ਤਰ੍ਹਾਂ ਚੀਫ ਮਨਿਸਟਰ ਸਾਹਿਬ ਨੇ ਅਗਲੇ ਦਿਨ ਦੱਸਿਆ ਸੀ ਕਿ ਅਸੀਂ ਇੰਡਸਟਰੀਅਲ ਸੈਕਟਰ ਤੇ ਬਹੁਤ ਹੀ ਬੱਜਟ ਵਧਾਇਆ ਹੈ। 11 ਕਰੋੜ ਰੁਪਿਆ ਖਰਚ ਕਰਨਾ ਹੈ ਇਸ ਸਾਲ ਔਰ ਜਦੋਂ ਇਹ ਕਾਂਗਰਸ ਸਰਕਾਰ ਬਣੀ ਸੀ ਤਾਂ ਉਸ ਵੇਲੇ ਇਹ ਢਾਈ ਕਰੋੜ ਰੁਪਿਆ ਹੁੰਦਾ ਸੀ। ਇਹ ਪੈਸਾ ਪਲਾਨ ਦਾ ਹੈ, ਨਾਨ-ਪਲਾਨ ਤੇ ਇਸ ਤੋਂ ਜ਼ਿਆਦਾ ਹੈ। ਇਸ ਤੋਂ ਇਲਾਵਾ ਅਸੀਂ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਬਣਾਈ ਔਰ ਇਸ ਤਰ੍ਹਾਂ ਦੂਸਰੇ ਸਾਰੇ ਜਿਤਨੇ ਬੈਂਕ ਹਨ, ਫਾਇਨਾਂਸਿਅਲ ਇਨਸਟੀਚਿਊਸ਼ਨਜ਼ ਹਨ, ਉਨ੍ਹਾਂ ਤੋਂ ਵੀ ਵਧ ਪੈਸਾ ਲਿਆ ਹੈ। ਇਹ ਪੈਸਾ ਅਸੀਂ ਪ੍ਰਾਈਵੇਟ ਸੈਕਟਰ ਵਿਚ, ਪਬਲਿਕ ਸੈਕਟਰ ਵਿਚ ਔਰ ਜਾਇੰਟ ਸੈਕਟਰ ਵਿਚ ਵੱਧ ਕਾਰਖਾਨੇ ਲਾਉਣ ਵਾਸਤੇ ਲਿਆ ਹੈ । ਇਤਨਾ ਪੈਸਾ ਪਹਿਲਾਂ ਇਸ ਸੈਕਟਰ ਵਿਚ

Original with;
Punjab Vidhan Sabha
Digitized by;
Panjab Digital Library

ਨਹੀਂ ਸੀ ਖ਼ਰਚ ਹੁੰਦਾ ਜਿਤਨਾ ਕਿ ਹੁਣ ਹੁੰਦਾ ਹੈ। ਫਾਇਨਾਂਸ਼ਿਅਲ ਕਾਰਪੋਰੇਸ਼ਨ ਨੇ ਕਈ ਗੁਣਾਂ ਜ਼ਿਆਦ ਪੈਸਾ ਦਿੱਤਾ ਹੈ ਤਾਂਕਿ ਪ੍ਰਾਈਵੇਟ ਇਨਡਸਟਰੀ ਵੀ ਅੱਗੇ ਵਧੇ ਔਰ ਇੰਪਲਾਇਮੈਂਟ ਦੇ ਮੌਕੇ ਜ਼ਿਆਦਾ ਵਧਣ ਪੜ੍ਹੇ ਲਿਖੇ ਨੌਜਵਾਨਾਂ ਲਈ ਪ੍ਰੋਗਰਾਮ ਬਣਾਇਆ ਹੈ। ਅਸੀਂ ਮਾਰਜਨ ਮਨੀ ਦਿੰਦੇ ਹਾਂ ਬਾਕੀ ਮਨੀ ਬੈਂਕ ਵਾਲੇ ਦਿੰਦੇ ਹਨ ਤਾਕਿ ਉਹ ਲੋਕ ਛੋਟੇ ਛੋਟੇ ਕਾਰੋਬਾਰ ਸ਼ੁਰੂ ਕਰ ਸਕਣ। ਪਿਛਲੇ ਸਾਲ ਅਸੀਂ ਦੋ ਕਰੋੜ ਰੁਪਿਆ ਰੱਖਿਆ ਸੀ। ਇਸ ਸਾਲ ਚਾਰ ਕਰੋੜ ਰੁਪਿਆ ਰੱਖਿਆ ਹੈ।

ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਕਿਹਾ ਹੈ ਕਿ ਬੱਜਟ ਵਿਚ ਜਾਣ ਬੁਝ ਕੇ ਘਾਟਾ ਸ਼ੋ ਕਰਦੇ ਹਨ ਔਰ ਉਹ ਘਾਟਾ ਇਸ ਤਰ੍ਹਾਂ ਪੂਰਾ ਕਰਦੇ ਹਨ। ਸਪੀਕਰ ਸਾਹਿਬ, ਡਾਂਗ ਸਾਹਿਬ ਤਾਂ ਸਿਆਣੇ ਬੰਦੇ ਹਨ। ਹਰ ਸਾਲ ਪੂਰਾ ਬੱਜਟ ਜਿਤਨਾ ਹੁੰਦਾ ਹੈ ਬਣਦਾ ਹੈ। ਕੋਈ ਆਫਤ ਆ ਜਾਂਦੀ ਹੈ ਤਾਂ ਕਿਸੇ ਪਲਾਨ ਨੂੰ ਘਟਾ ਦਿੰਦੇ ਹਾਂ ਜਾਂ ਪਲਾਨ ਦੀ ਪੂਰੀ ਪਰਫਾਰਮੈਂਸ ਨਹੀਂ ਹੁੰਦੀ। ਲੇਕਿਨ ਅਸੀਂ ਸੰਨ 1974-75 ਵਿਚ 126 ਕਰੋੜ ਦਾ ਬੱਜਟ ਬਣਾਇਆ ਸੀ ਔਰ 137 ਕਰੋੜ ਖਰਚਾ ਹੋਇਆ ਹੈ। 1975-76 ਵਿਚ 163 ਕਰੋੜ ਦਾ ਬਣਾਇਆ ਸੀ ਔਰ 167 ਕਰੋੜ ਖ਼ਰਚਾ ਹੋਇਆ। ਇਸ ਲਈ 219 ਕਰੋੜ ਦਾ ਬਜਟ ਹੈ ਔਰ ਮੈਨੂੰ ਯਕੀਨ ਹੈ ਕਿ ਦੋ ਚਾਰ ਕਰੋੜ ਇਸ ਤੋਂ ਵਧ ਖ਼ਰਚ ਹੋਵੇਗਾ। ਅਸੀਂ ਇਹ ਵੇਖਦੇ ਹਾਂ ਕਿ ਪ੍ਰੋਡਕਟਿਵ ਖ਼ਰਚ ਜ਼ਿਆਦਾ ਵਧੇ ਔਰ ਵਧਿਆ ਹੈ। ਮੈਂ ਆਚਾਰੀਆ ਜੀ ਨੂੰ ਔਰ ਕਪੂਰ ਸਾਹਿਬ ਨੂੰ ਕਹਾਂਗਾ ਕਿ ਅਸੀਂ ਇਸ ਗੱਲ ਦਾ ਖ਼ਿਆਲ ਰੱਖਿਆ ਹੈ ਕਿ ਅਨ-ਪ੍ਰੋਡਕਟਿਵ ਖ਼ਰਚੇ ਘਟਾਏ ਜਾਣ ਔਰ ਘਟਾਏ ਵੀ ਹਨ। ਲੇਕਿਨ ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਦੀ ਸ਼ਾਨ ਨੂੰ ਅਸੀਂ ਘੱਟ ਨਹੀਂ ਕਰ ਸਕਦੇ। ਹਰ ਕੋਈ ਕਹਿੰਦਾ ਹੈ ਕਿ ਪੈਨਸ਼ਨ ਦਿਉ। ਜਿਸ ਤਰ੍ਹਾਂ ਜੋਸ਼ ਸਾਹਿਬ ਨੇ ਕਿਹਾ ਹੈ ਕਿ ਡੀ.ਏ. ਦੀਆਂ ਕਿਸ਼ਤਾਂ ਦਿਉ। ਫਲੱਡਜ਼ ਲਈ ਪੈਸਾ ਚਾਹੀਦਾ ਹੈ। ਪਲਾਨਜ਼ ਵੀ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਇਸ ਲਈ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਈ ਵਾਰ ਨਾਨ-ਪ੍ਰੋਡਕਟਿਵ ਖ਼ਰਚੇ ਥੋੜੀ ਦੇਰ ਲਈ ਰੋਕ ਲੈਣੇ ਪੈਂਦੇ ਹਨ। ਲੇਕਿਨ ਫਾਈਨੈਂਸ ਦੀ ਪੁਜ਼ੀਸ਼ਨ ਵੇਖਣੀ ਪੈਂਦੀ ਹੈ। ਪ੍ਰਾਇਰਟੀ ਫਿਕਸ ਕਰਨੀ ਪੈਂਦੀ ਹੈ ਕਿ ਕਿਹੜੀ ਚੀਜ਼ ਪਹਿਲੇ ਆਉਣੀ ਚਾਹੀਦੀ ਹੈ। ਜਿਸ ਤਰ੍ਹਾਂ ਫਲੱਡਜ਼ ਲਈ ਪਹਿਲਾਂ ਪੈਸੇ ਦੇਣੇ ਪਏ, ਪਲਾਨਜ਼ ਲਈ ਪੈਸੇ ਪੂਰੇ ਕਰਨੇ ਪਏ, ਪ੍ਰਧਾਨ ਮੰਤਰੀ ਜੀ ਦੇ ਪ੍ਰੋਗਰਾਮ ਅਨੁਸਾਰ ਜਿਥੇ ਨਾਨ-ਪ੍ਰੋਡਕਟਿਵ ਖਰਚੇ ਮਹਿਕਮੇ ਵਿਚ ਸਨ, ਉਥੇ ਘਟਾ ਦਿੱਤੇ ਹਨ। ਪਲਾਨਜ਼ ਵਾਸਤੇ ਬਜਟ ਵਿਚ ਪੈਸਾ ਕਾਫੀ ਹੁੰਦਾ ਹੈ ਅਤੇ ਟੈਕਸ ਵੀ ਘਟ ਲਗਾਏ ਜਾਂਦੇ ਹਨ। ਸਾਰੀਆਂ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ। ਇਸ ਕਰਕੇ ਮੈਂ ਮੈਂਬਰ ਸਾਹਿਬਾਨ ਦਾ ਬੜਾ ਮਸ਼ਕੂਰ ਹਾਂ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ 1971-72 ਦੇ ਪਲਾਨਜ਼ 79 ਕਰੋੜ ਰੁਪਏ ਦੇ ਸੀ। ਇਸ ਰਕਮ ਨੂੰ ਪਾਵਟੇ ਸਾਹਿਬ ਨੇ ਜੋ ਉਸ ਸਮੇਂ ਗਵਰਨਰ ਪੰਜਾਬ ਦੇ ਸਨ, ਇਨ੍ਹਾਂ ਨੇ ਦਿਲੀ ਦੀ ਸਰਕਾਰ ਨੂੰ ਲਿਖਿਆ ਸੀ ਕਿ ਅਸੀਂ ਇਤਨਾ ਖ਼ਰਚ ਨਹੀਂ ਕਰ ਸਕਦੇ ਹਾਂ ਸਾਡੀ ਇਤਨੀ ਹਿੰਮਤ ਨਹੀਂ ਹੈ, ਜਿਹੜੀ ਹੁਣ ਵੱਧ ਕੇ 219-220 ਕਰੋੜ ਰੁਪਏ ਦੀ ਹੋ ਗਈ ਹੈ। ਪਲਾਨਜ਼ ਨੂੰ ਇਮਲੀਮੈਂਟ ਕਰਨ ਲਈ 4-5 ਕਰੋੜ ਰੁਪਏ ਇਸ ਤੋਂ ਵੱਧ ਖ਼ਰਚ ਹੋ ਜਾਣਗੇ। ਬਾਵਜੂਦ ਇਸ ਗੱਲ ਦੇ ਕਿ 10—12 ਕਰੋੜ ਹੜ੍ਹਾਂ ਅਤੇ ਹੇਲਸਟਾਰਮ ਤੇ ਖ਼ਰਚ ਹੋ ਜਾਣਾ ਹੈ। 2 ਕਰੋੜ ਰੁਪਏ ਹੋਰ ਮੰਗੇ ਹਨ। ਇਹ ਪਹਿਲੇ ਇਸਤੇ-ਮਾਲ ਨਹੀਂ ਹੋ ਸਕਦੇ ਹਨ। ਬੜਾ ਦਿਲ ਕਰਦਾ ਹੈ ਕਿ ਮੇਰੀ ਸਰਕਾਰ ਦਾ ਅਤੇ ਗਿਆਨੀ ਜ਼ੈਲ ਸਿੰਘ ਜੀ ਦਾ ਕਿ ਤਮਾਮ ਯਾਦਗਾਰਾਂ ਬਣਾ ਦਿੱਤੀਆਂ ਜਾਣ, ਜੋ ਸਾਡੇ ਗੁਰੂਆਂ, ਰਿਸ਼ੀਆਂ, ਮੁਨੀਆਂ ਅਤੇ ਜਿਹੜੇ ਸਾਡੇ ਦੇਸ਼ ਭਗਤ ਸ਼ਹੀਦ ਹੋਏ, ਜਿਸ ਤਰ੍ਹਾਂ ਬੱਬਰ ਮੂਵਮੈਂਟ ਦੇ ਵਿਚ, ਅਕਾਲੀ ਮੂਵਮੈਂਟ ਦੇ ਵਿਚ, ਕੂਕਾ ਮੂਵਮੈਂਟ ਦੇ ਵਿਚ ਕੁਰਬਾਨੀਆਂ ਕੀਤੀਆਂ, ਉਨ੍ਹਾਂ ਦੀਆਂ ਯਾਦਗਾਰਾਂ ਬਣਾਉਣ ਦੇ ਵਾਸਤੇ ਸਰਕਾਰ ਜਿਤਨਾ ਕੁਝ ਦੇ ਸਕਦੀ ਹੈ ਉਤਨਾ ਦੇ ਰਹੀ ਹੈ। ਲੇਕਿਨ ਸਪੀਕਰ ਸਾਹਿਬ, ਇਸ ਤਰ੍ਹਾਂ ਗੁਰੂ ਰਵੀ ਦਾਸ ਜੀ, ਗੁਰੂ ਬਾਲਮੀਕ ਜੀ ਦੇ ਅਤੇ ਇਸ ਤਰ੍ਹਾਂ ਹੋਰ ਵੀ ਹਨ ਜਿਨ੍ਹਾਂ ਦੇ ਟ੍ਰਸਟ ਬਣੇ ਹੋਏ ਹਨ। ਪੈਸਾ ਥੋੜਾ ਬਹੁਤ ਸਰਕਾਰ ਵਲੋਂ ਦਿੱਤਾ ਜਾ ਰਿਹਾ ਹੈ। ਲੇਕਿਨ ਇਤਨੀ ਬੇਨਤੀ ਜ਼ਰੂਰ ਕਰਾਂਗਾ ਕਿ ਇਹ ਅਜਿਹਾ ਭਗਵਾਨ ਹੈ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(ਸਰਕਾਰ ਨੂੰ ਸੰਬੋਧਨ ਕਰਦੇ ਹੋਏ) ਜਿਹੜਾ ਗ਼ਰੀਬ ਹੈ । ਜਿਹੜਾ ਗ਼ਰੀਬਾਂ ਦੇ ਵਿਚ ਵੱਸਦਾ ਹੈ, ਪਰ ਇਸ ਦੇ ਕਾਰਣ ਅਸੀਂ 25-ਪੁਆਇੰਟ ਪ੍ਰੋਗਰਾਮ ਤੋਂ ਪਿਛੇ ਨਹੀਂ ਰਹਿਣਾ ਚਾਹੁੰਦੇ ਔਰ ਜੇ ਪਿਛੇ ਰਹਿ ਗਏ ਅਤੇ ਯਾਦਗਾਰਾਂ ਹੀ ਬਣਾਉਂਦੇ ਰਹੇ, ਤਾਂ ਫੇਰ ਇਤਨਾ ਫ਼ਾਇਦਾ ਨਹੀਂ ਹੋਵੇਗਾ । ਹੌਲੇ ਹੌਲੇ ਹਰ ਸਾਲ ਥੋੜਾ ਬਹੁਤ ਪੈਸਾ ਯਾਦਗਾਰਾਂ ਦੇ ਵਾਸਤੇ ਦਿੰਦੇ ਰਹਾਂਗੇ ਤਾਂਕਿ 25 ਪੁਆਇੰਟ ਪ੍ਰੋਗਰਾਮ ਨੂੰ ਵੀ ਕੋਈ ਧੱਕਾ ਨਾ ਪਹੁੰਚੇ । ਕਿਉਂਕਿ ਜਿਸ ਜਗ੍ਹਾ ਜਾਂਦੇ ਹਾਂ ਭਾਵੇਂ ਕੋਈ ਪਿੰਡ ਹੋਵੇ ਜਾਂ ਕੋਈ ਸ਼ਹਿਰ ਹੋਵੇ, ਕੋਈ ਨਾ ਕੋਈ ਯਾਦਗਾਰ ਨਿਕਲ ਹੀ ਪੈਂਦੀ ਹੈ । ਪੰਜਾਬ ਸਰਕਾਰ ਸਾਰਿਆਂ ਸੂਬਿਆਂ ਨਾਲੋਂ ਵੱਧ ਪੈਸਾ ਯਾਦਗਾਰਾਂ ਤੇ ਖਰਚ ਕਰਦੀ ਹੈ ਕਿਉਂਕਿ ਗੁਰੂਆਂ ਦੀ, ਰਿਸ਼ੀਆਂ ਦੀ, ਮੁਨੀਆਂ ਦੀ ਅਤੇ ਆਪਣੇ ਦੇਸ਼ ਭਗਤਾਂ ਦੀ ਯਾਦਗਾਰ ਲਈ ਕੋਈ ਸੂਬਾ ਇਤਨੇ ਪੈਸੇ ਨਹੀਂ ਖ਼ਰਚ ਕਰਦਾ ਹੈ ਜਿਤਨੇ ਪੈਸੇ ਸਾਡੀ ਸਟੇਟ ਕਰਦੀ ਹੈ । ਇਹ ਗੱਲ ਮੈਂਬਰ ਸਹਿਬਾਨ ਨੂੰ ਜ਼ਰੂਰ ਧਿਆਨ ਵਿਚ ਰੱਖਣੀ ਚਾਹਿਦੀ ਹੈ । ਜਿਸ ਤਰ੍ਹਾਂ ਇਕ ਟ੍ਰਸਟ ਗੁਰੂ ਰਵੀਦਾਸ ਜੀ ਦਾ ਮਾਸਟਰ ਗੁਰਬੰਤਾ ਸਿੰਘ ਜੀ ਨੇ ਬਣਾਇਆ ਹੈ ਜਿਸ ਦਾ ਕਿ ਮੈਂ ਵੀ ਮੈਂਬਰ ਹਾਂ । ਜਿੰਨੀ ਸਤਕਾਰ ਦੀ ਹਿੰਮਤ ਅਤੇ ਸਰਕਾਰ ਦੀ ਸ਼ਕਤੀ ਹੁੰਦੀ ਹੈ ਉਤਨਾ ਪੈਸਾ ਦਿੰਦੇ ਹਾਂ ।

**ਸਰਦਾਰ ਹਰਚੰਦ ਸਿੰਘ :** ਸਪੀਕਰ ਸਾਹਿਬ, ਫਾਇਨਸ ਮਨਿਸਟਰ ਸਾਹਿਬ ਨੇ ਯਾਦਗਾਰਾਂ ਬਨਾਉਣ ਵਿਚ ਖਦਸ਼ਾ ਜ਼ਾਹਿਰ ਕੀਤਾ ਹੈ । ਇਨ੍ਹਾਂ ਨੇ ਤਾਂ ਕਿਸੇ ਸੜਕ ਦਾ ਨਾਂ ਹੀ ਰੱਖ ਦੇਣਾ ਹੈ ਕੁਝ ਦੇਣਾ ਤਾਂ ਹੈ ਨਹੀਂ ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਨਾ ਜਿੰਨੇ ਮਰਜ਼ੀ ਰੱਖਾ ਲੈਣ, ਸਾਨੂੰ ਤਾਂ ਕੋਈ ਇਤਰਾਜ਼ ਨਹੀਂ ਹੈ । ਜਦੋਂ ਖ਼ਰਚੇ ਦੀ ਗੱਲ ਆਉਂਦੀ ਹੈ ਤਾਂ ਜ਼ਰੂਰ ਸੋਚਣਾ ਪੈਂਦਾ ਹੈ । ਇਨ੍ਹਾਂ ਗੁਰੂਆਂ, ਰਿਸ਼ੀਆਂ, ਮੁਨੀਆਂ ਅਤੇ ਸ਼ਹੀਦਾਂ ਦੇ ਨਾਂ ਤੇ ਜਿਥੇ ਪੈਸਾ ਮੰਗਦੇ ਹਨ ਉਸ ਸਮੇਂ ਪਲਾਨਜ਼ ਨੂੰ ਵੇਖਣਾ ਪੈਂਦਾ ਹੈ । ਇਹ ਵੀ ਠੀਕ ਨਹੀਂ, ਪਲਾਨਜ਼ ਨੂੰ ਖਤਮ ਕਰ ਦੇਣਾ । ਇਸ ਕੰਮ ਲਈ ਤਾਂ ਲੋਕ ਵੀ ਪੈਸਾ ਦਿੰਦੇ ਹਨ । ਕਿਸੇ ਕੰਮ ਵਾਸਤੇ ਕੋਈ ਕਮੇਟੀ ਬਨਾਉਣ ਅਤੇ ਲੋਕੀ ਪੈਸਾ ਦੇਣਗੇ । ਲੇਕਿਨ ਸਪੀਕਰ ਸਾਹਿਬ, ਲੋਕ ਸੜਕਾਂ ਦੇ ਵਾਸਤੇ ਪੈਸਾ ਦੇਣ ਲਈ ਤਿਆਰ ਨਹੀਂ ਹੁੰਦੇ ਜਾਂ ਹਸਪਤਾਲਾਂ ਲਈ ਅਤੇ ਕਾਲਜਾਂ ਲਈ ਲੋਕੀ ਪੈਸਾ ਨਹੀਂ ਦਿੰਦੇ । ਇਨ੍ਹਾਂ ਚੀਜ਼ਾਂ ਨੂੰ ਬਨਾਉਣ ਲਈ ਪੈਸਾ ਮੇਰੀ ਸਰਕਾਰ ਹੀ ਦੇ ਸਕਦੀ ਹੈ । ਇਸ ਲਈ ਮੈਂ ਕਹਾਂਗਾ ਕਿ ਮੰਦਰ ਕਮੇਟੀਆਂ ਬਨਾਉਣ ਅਤੇ ਲੋਕਾਂ ਕੋਲੋਂ ਪੈਸਾ ਇਕੱਠਾ ਕਰਨ, ਧਾਰਮਿਕ ਕਮੇਟੀਆਂ ਇਸ ਕੰਮ ਲਈ ਅੱਗੇ ਆਉਣ ਤਾਂ ਹੀ ਠੀਕ ਹੈ । ਮੇਰੀ ਕਾਂਗਰਸ ਸਰਕਾਰ ਤਾਂ ਹਸਪਤਾਲ ਅਤੇ ਕਾਲਜ ਬਨਾਉਣ ਲਈ ਪੈਸਾ ਬੜਾ ਦਿੰਦੀ ਹੈ । ਅਗਲੀ ਗੱਲ ਸਪੀਕਰ ਸਾਹਿਬ ਇਹ ਹੈ ਕਿ ਸ੍ਰੀ ਸਰਦਾਰੀ ਲਾਲ ਕਪੂਰ ਜੀ ਨੇ ਪੱਦ ਯਾਤਰਾ ਵੀ ਸ਼ੁਰੂ ਕਰ ਦਿੱਤੀ ਹੈ ਤਾਂਕਿ ਸ਼ਰਾਬ ਬੰਦੀ ਪੂਰੀ ਤਰ੍ਹਾਂ ਹੋ ਸਕੇ । ਇਹ ਬੜਾ ਅਛਾ ਕੰਮ ਇਨ੍ਹਾਂ ਨੇ ਕੀਤਾ ਹੈ ਇਸ ਦੀ ਸ਼ਲਾਘਾ ਕਰਨੀ ਚਾਹੀਦੀ ਹੈ । ਸਾਰੇ ਲੋਕਾਂ ਨੂੰ ਸ਼ਰਾਬ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ । ਮੈਂ ਇਹ ਹੀ ਕਹਾਂਗਾ ਕਿ ਜਿੰਨੀ ਸਰਕਾਰ ਲੋਕਾਂ ਨੂੰ ਸ਼ਰਾਬ ਪ੍ਰੋਵਾਈਡ ਕਰਦੀ ਹੈ ਆਪਣੇ ਠੇਕਿਆਂ ਤੇ ਇਸ ਨਾਲੋਂ ਦੁਗਣੀ ਸ਼ਰਾਬ ਲੋਕ ਨਜਾਇਜ਼ ਕੱਢਦੇ ਹਨ । ਇਹ ਕਹਿੰਦੇ ਹਨ ਕਿ ਤਿੰਨ ਗੁਣਾ ਖਪਤ ਹੁੰਦੀ ਹੈ । ਇਹ ਤਾਂ ਉਹ ਗੱਲ ਹੋਈ ਜਿਸ ਤਰ੍ਹਾਂ ਬੰਬਈ ਦੇ ਵਿਚ ਜਿਸ ਸਮੇਂ ਬਿਲਕੁਲ ਸ਼ਰਾਬ ਬੰਦੀ ਕਰ ਦਿੱਤੀ ਤਾਂ ਹਰ ਘਰ ਦੇ ਵਿਚ ਸ਼ਰਾਬ ਨਿਕਲਣ ਲੱਗ ਪਈ ਅਤੇ ਨਜਾਇਜ਼ ਸ਼ਰਾਬ ਨਾਲ ਲੋਕ ਮਰਨ ਲਗੇ ਅਤੇ ਬਿਮਾਰ ਹੋਣ ਲੱਗ ਗਏ । ਕਿਉਂਕਿ ਸ਼ਰਾਬ ਬੰਦ ਸੀ, ਅਤੇ ਇਹ ਨਜਾਇਜ਼ ਸ਼ਰਾਬ ਵਿਕਣ ਲਗ ਗਈ ਅਤੇ ਲੋਕਾਂ ਦੀ ਕਮਾਈ ਸ਼ੁਰੂ ਹੋ ਗਈ ਕਿਉਂਕਿ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਗਿਆ ਸੀ । ਜਿਹੜੀ ਇਨ੍ਹਾਂ ਨੇ ਲਹਿਰ ਚਲਾਈ ਹੈ ਇਹ ਬਹੁਤ ਅੱਛੀ ਹੈ ਇਹ ਜਿਹੜੀ ਨਜਾਇਜ਼ ਸ਼ਰਾਬ ਹੈ ਬੰਦ ਹੋਣੀ ਚਾਹੀਦੀ ਹੈ । ਸਰਕਾਰ ਇਸ ਨੂੰ ਘਟਾਉਣ ਦੀ ਕੋਸ਼ਿਸ਼ ਵਿਚ ਲਗੀ ਹੋਈ ਹੈ । ਇਸ ਵੇਲੇ ਇਹ 12-ਪੁਆਇੰਟ ਪ੍ਰੋਗਰਾਮ ਵੀ ਚਲ ਰਿਹਾ ਹੈ, ਇਸ ਦੀ ਕਮੀ ਕਰਨ ਵਿਚ, ਅਤੇ ਹੌਲੀ ਹੌਲੀ ਘੱਟ ਰਹੀ ਹੈ ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਹੁਣ ਮੈਂ ਕੋਆਪ੍ਰੇਸ਼ਨ ਦੇ ਮਹਿਕਮੇ ਦੀ ਗੱਲ ਕਰਾਂਗਾ, ਜਿਸ ਦਾ ਜ਼ਿਕਰ ਸਰਦਾਰ ਦਰਸ਼ਨ ਸਿੰਘ ਜੀ ਨੇ ਕੀਤਾ ਹੈ। 2 ਕਰੋੜ ਰੁਪਏ ਦਾ ਗਬਨ ਕੋਆਪ੍ਰੇਸ਼ਨ ਮਹਿਕਮੇ ਨੇ ਪਕੜ ਲਿਆ ਹੈ ਬਕਾਇਦਾ ਤੌਰ ਤੇ ਮੁਕਦਮੇ ਚਲ ਰਹੇ ਹਨ। ਕਈ ਜਗ੍ਹਾਂ ਜਾਇਦਾਦਾਂ ਵੀ ਕੁਰਕ ਕੀਤੀਆਂ ਜਾ ਰਹੀਆਂ ਹਨ ਇਹ 2 ਕਰੋੜ ਰੁਪਿਆ ਵਸੂਲ ਕਰ ਲਿਆ ਜਾਵੇਗਾ। ਇਸ ਲਈ ਸਰਦਾਰ ਦਰਸ਼ਨ ਸਿੰਘ ਜੀ ਨੂੰ ਫਿਕਰ ਨਹੀਂ ਕਰਨਾ ਚਾਹੀਦਾ। ਮਹਿਕਮੇ ਦੇ ਅਫਸਰਾਂ ਦੇ ਖਿਲਾਫ ਵੀ ਕਾਰਵਾਈ ਕੀਤੀ ਜਾਵੇਗੀ ਜਿਹੜੇ ਇਸ ਦੇ ਵਿਚ ਹੋਣਗੇ। ਹੁਣ ਮੈਂ ਸਰਦਾਰ ਦਰਸ਼ਨ ਸਿੰਘ ਕੇ. ਪੀ. ਜੀ ਦੀ ਗਿਆਤ ਲਈ ਦੱਸ ਦੇਵਾਂ ਕਿ ਢਾਈ ਕਰੋੜ ਰੁਪਿਆ ਪਿਛਲੇ ਚਾਰ ਸਾਲਾਂ ਤੋਂ ਹਰੀਜਨ ਅਤੇ ਬੈਕਵਰਡ ਕਲਾਸਿਜ਼ ਲਈ ਖਰਚ ਹੁੰਦਾ ਸੀ, ਜਦਕਿ ਹੁਣ 16 ਕਰੋੜ ਰੁਪਏ ਹਰੀਜਨ ਅਤੇ ਬੈਕਵਰਡ ਕਲਾਸਿਜ਼ ਦੀ ਭਲਾਈ ਲਈ ਅਸੀਂ ਬਜਟ ਪਲਾਨ ਵਿਚ ਰਖਿਆ ਹੋਇਆ ਹੈ (ਤਾੜੀਆਂ) ਬਾਕੀ ਜੋ ਜੋਸ਼ ਸਾਹਿਬ ਨੇ ਸ਼ਕਾਇਤ ਕੀਤੀ ਹੈ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਵਿਚ ਮਕਾਨਾਂ ਦੀ ਹਾਲਤ ਬਹੁਤ ਖਰਾਬ ਹੈ ਜਿਹੜੇ ਪੀ. ਡਬਲਯੂ. ਡੀ. ਮਹਿਕਮੇ ਵਲੋਂ ਬਣਾਏ ਗਏ ਹਨ, ਇਨ੍ਹਾਂ ਵਿਚ ਖਰਾਬੀ ਹੈ। ਜਿਹੜੀਆਂ ਇਸ ਦੇ ਵਿਚ ਖਾਮੀਆਂ ਹਨ ਉਸ ਨੂੰ ਅਸੀਂ ਉਥੇ ਜਾ ਕੇ ਵੇਖਾਂਗੇ। ਸ੍ਰੀਮਤੀ ਬਰਾੜ ਜੀ ਵੀ ਜਾ ਕੇ ਵੇਖਣ। ਜੇ ਕੋਈ ਨੁਕਸ ਹੋਵੇਗਾ ਉਸ ਨੂੰ ਅਸੀਂ ਦੂਰ ਕਰਵਾ ਦੇਵਾਂਗੇ। ਇਸ ਵਿਚ ਮਹਿਕਮੇ ਦੀ ਕੋਈ ਗਲਤੀ ਹੋ ਸਕਦੀ ਹੈ। ਇਸ ਨੂੰ ਅਸੀਂ ਦਰੁਸਤ ਕਰਾਂਗੇ। ਕੋਈ ਨਾ ਕੋਈ ਖਰਾਬੀ ਕਿਸੇ ਇਕ ਦੋ ਮਕਾਨਾਂ ਵਿਚ ਹੋ ਸਕਦੀ ਹੈ। ਪੀ. ਡਬਲਿਯੂ. ਡੀ. ਨੇ ਕੰਮ ਕੀਤਾ ਹੈ ਅਸੀਂ ਉਸ ਨੂੰ ਦਰੁਸਤ ਕਰਾਂਗੇ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। (ਤਾੜੀਆਂ)

**Mr. Speaker :** Question is—

That the Punjab Appropriation (No. 3) Bill be taken into consideration at once.

*The motion was carried.*

**Mr. Speaker :** Now the House will proceed to consider the Bill clause by clause.

CLAUSE 2

**Mr. Speaker:** Question is—

That Clause 2 stand part of the Bill.

*The motion was carried.*

CLAUSE 3

**Mr. Speaker :** Question is—

That Clause 3 stand part of the Bill.

*The motion was carried.*

THE SCHEDULE

**Mr. Speaker :** Question is—

That Schedule stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

CLAUSE 1

**Mr. Speaker** : Question is—

That Clause 1 stand part of the Bill.

*The motion was carried.*

TITLE

**Mr. Speaker:** Question is—

That Title be the Title of the Bill.

*The motion was carried.*

**Finance Minister (Shri Hans Raj Sharma)** : Sir, I beg to move—

That the Punjab Appropriation (No. 3) Bill be passed.

**Mr. Speaker** : Motion moved—

That the Punjab Appropriation (No. 3) Bill be passed.

**Mr. Speaker:** Question is—

That the Punjab Appropriation (No. 3) Bill be passed.

*The motion was carried.*

---

THE PUNJAB EXCISE (AMENDMENT) BILL, 1976.

**Excise and Taxation Minister (Shri Yash Pal)**: Sir, I beg to introduce the Punjab Excise (Amendment) Bill.

Sir, I also beg to move—

That the Punjab Excise (Amendment) Bill be taken into consideration at once.

ਸਪੀਕਰ ਸਾਹਿਬ, ਇਹ ਬਿਲ ਇਸ ਵਾਸਤੇ ਲਿਆਂਦਾ ਗਿਆ ਹੈ ਕਿ ਜਿਹੜੇ ਨਾਜਾਇਜ਼ ਸ਼ਰਾਬ ਕੱਢਦੇ ਹਨ ਉਨ੍ਹਾਂ ਵਾਸਤੇ ਸਜ਼ਾਵਾਂ ਵਧਾ ਦਿਤੀਆਂ ਜਾਣ। ਸਪੀਕਰ ਸਾਹਿਬ, ਸਾਰੀਆਂ ਮੱਦਾਂ ਵਿਚ ਸਜ਼ਾਵਾਂ ਵਧਾ ਦਿਤੀਆਂ ਗਈਆਂ ਹਨ। ਉਮੀਦ ਹੈ ਕਿ ਇਸ ਨੂੰ ਹਾਊਸ ਪਾਸ ਕਰੇਗਾ। ਬੱਸ ਜੀ ਮੈਂ ਇਤਨਾ ਕੁਝ ਹੀ ਕਹਿਣਾ ਚਾਹੁੰਦਾ ਸੀ।

**Mr. Speaker** : Motion moved—

That the Punjab Excise (Amendment) Bill be taken into consideration at once.

**आचार्य पृथ्वी सिंह आज़ाद (खन्ना, एस. सी.)** : अध्यक्ष महोदय, एक्साइज़ मिनिस्टर साहिब ने यह जो बिल सदन में रखा है, मैं समझता हूँ कि यह इनका प्रोहिबशन की ओर एक कदम है और इस कदम के ज़रिये उन्होंने कुछ सजाएं सख्त करने की तजवीज़ की है।

11-45 A.M. (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

Original with;
Punjab Vidhan Sabha
Digitized by;
Panjab Digital Library

डिप्टी स्पीकर साहिब, मैं आपके द्वारा मिनिस्टर साहिब को यह दरखास्त करूँगा कि:

ਦਰਮਿਆਨੇ ਕਾਰੇ ਦਰਿਆ ਤਖ਼ਤਾ ਬੰਦਮ ਕਰਦਈ
ਬਾਜ਼ ਮੀਗੋਈ ਕਿ ਦਾਮਨ ਤਰ ਮਕੁਨ ਹੁਸ਼ਿਆਰ ਬਾਸ਼ ॥

ठीक यह हाल हमारी सरकार का है। एक तरफ तो प्रोहिबिशन की ओर कदम उठाए जा रहे हैं और दूसरी ओर शराब की खप्त को इतना ज्यादा बढ़ा रहे हैं कि लोग प्रोहिबिशन को भूलते जा रहे हैं। जहां मैं इस बिल का स्वागत करता हूँ वहां मैं इनको दरख्वास्त करूँगा कि ऐसे सख्त कदम उठाए जाएं कि यह जो इलिसिट शराब की डिस्टिलरीज़ हैं, इलिसिट शराब जो निकलती है, उसको बिल्कुल खत्म किया जा सके। ऐसी बनने वाली शराब की आम सड़कों पर खरीदो-फरोखत की जाती है। यह चीज़ खत्म होनी चाहिए। इन शब्दों के साथ मैं इस बिल का स्वागत करता हूँ।

**ਸ੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ-ਉੱਤਰ)**:ਇਹ ਜੋ ਬਿਲ ਪੇਸ਼ ਕੀਤਾ ਗਿਆ ਹੈ ਮੈਂ ਇਸ ਦੀ ਤਾਰੀਫ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਜਿਹੜੇ ਲੋਕੀਂ ਨਜਾਇਜ਼ ਸ਼ਰਾਬ ਕੱਢਦੇ ਹਨ ਉਹ ਬੜੀ ਨੁਕਸਾਨ ਦੇਹ ਹੈ। ਇਹ ਜਿਹੜੀ ਇਸ ਘਟੀਆ ਅਤੇ ਨਜਾਇਜ਼ ਕਿਸਮ ਦੀ ਸ਼ਰਾਬ ਨਿਕਲਦੀ ਹੈ ਜਿਹੜੀ ਕਿ ਲੋਕਾਂ ਨੂੰ ਫੜਾਉਂਦੀ ਹੈ, ਇਹ ਘਟੀਆ ਦਰਜੇ ਦੀ ਹੁੰਦੀ ਹੈ। ਦੂਸਰਾ ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ, ਉਨ੍ਹਾਂ ਨੇ ਦਸਿਆ ਹੈ ਕਿ ਅਸੀਂ ਬੀਅਰ ਵਧਾ ਦਿਤੀ ਹੈ। ਪਰ ਮੈਂ ਦਸਦਾ ਹਾਂ ਕਿ ਸਖਤੀ ਘਟ ਗਈ ਹੈ। ਮੈਂ ਐਕਸਾਈਜ਼ ਮਨਿਸਟਰ ਨੂੰ ਪ੍ਰਾਰਥਨਾ ਕਰਾਂਗਾ ਕਿ ਜਿਹੜੇ ਐਕਸਾਈਜ਼ ਦੇ ਜ਼ਿਮੇਵਾਰ ਆਦਮੀ ਹਨ ਉਹ ਲਾਓ। ਤੁਸੀਂ ਉਨ੍ਹਾਂ ਦਾ ਕੁਝ ਧਿਆਨ ਕਰੋ। ਇਹ ਜਿਹੜੀ ਇਲੀਸਿਟ ਸ਼ਰਾਬ ਨਿਕਲਦੀ ਹੈ ਇਹ ਉਦੋਂ ਤੱਕ ਨਹੀਂ ਹਟ ਸਕਦੀ ਜਦ ਤਕ ਐਕਸਾਈਜ਼ ਦੇ ਅਫਸਰ ਜਿਹੜੇ ਹਨ ਉਹ ਪੁਲਿਸ ਨਾਲ ਮਿਲ ਕੇ ਕੰਮ ਨਹੀਂ ਕਰਦੇ। ਮੈਂ ਦੱਸਦਾ ਹਾਂ ਕਿ ਕਈ ਪਿੰਡਾਂ ਵਿਚ ਉਨ੍ਹਾਂ ਨੇ ਸ਼ਰਾਬ ਕੱਢਣ ਵਾਲਿਆਂ ਨਾਲ ਗੱਲ ਕੀਤੀ ਹੁੰਦੀ ਹੈ ਕਿ ਸਾਨੂੰ ਐਨੇ ਪੈਸੇ ਦਿਓ ਅਤੇ ਤੁਸੀਂ ਕੱਢੀ ਜਾਓ। ਇਸ ਤਰ੍ਹਾਂ ਨਾਜਾਇਜ਼ ਸ਼ਰਾਬ ਘੜਿਆਂ ਦੇ ਘੜੇ ਨਿਕਲਦੀ ਹੈ। ਇਹ ਸਾਰੀ ਇਸ ਕਿਸਮ ਦੀ ਸ਼ਰਾਬ ਪੁਲਿਸ ਨਾਲ ਮਿਲ ਕੇ, ਐਕਸਾਈਜ਼ ਵਾਲਿਆਂ ਨਾਲ ਮਿਲ ਕੇ ਨਿਕਲਦੀ ਹੈ। ਇਸ ਲਈ ਤੁਸੀਂ ਉਨ੍ਹਾਂ ਨੂੰ ਚੈਕ ਕਰੋ। ਡਰੱਮਾਂ ਦੇ ਡਰੱਮ ਸ਼ਰਾਬ ਦੇ ਜਾਂਦੇ ਹਨ ਔਰ ਉਨ੍ਹਾਂ ਨਾਲ ਮਿਲਕੇ ਜਾਂਦੇ ਹਨ। ਦੂਸਰੀ ਮੈਂ ਪ੍ਰਾਰਥਨਾ ਇਹ ਕਰਨਾ ਚਾਹੁੰਦਾ ਹਾਂ ਕਿ ਅਸੀਂ ਇਹ ਫੈਸਲਾ ਕੀਤਾ ਸੀ ਕਿ ਜਿਥੇ ਗੁਰਦਵਾਰਾ ਹੋਵੇ, ਮੰਦਰ ਹੋਵੇ, ਸਕੂਲ ਹੋਵੇ ਅਤੇ ਜਿਥੇ ਕਾਲਜ ਹੋਵੇ ਉਥੇ ਠੇਕੇ ਨਹੀਂ ਹੋਣਗੇ। ਇਸ ਬਾਰੇ ਪਿਛਲੇ ਸਾਲ ਵੀ ਕਿਹਾ ਗਿਆ ਸੀ ਲੇਕਿਨ ਐਤਕੀਂ ਫਿਰ ਉਥੇ ਠੇਕੇ ਲੱਗੇ ਹਨ। ਜਿਥੇ ਇੰਡਸਟਰੀਅਲ ਏਰੀਆ ਹੋਵੇ, ਲੁਧਿਆਣਾ ਵਿਚ ਇੰਡਸਟਰੀ ਬਹੁਤ ਹੈ, ਉਥੇ ਇੰਡਸਟਰੀ ਦੇ ਕੋਲ ਅਗਰ ਸ਼ਰਾਬ ਦੇ ਠੇਕੇ ਹੋਣ ਤਾਂ ਇਹ ਤਰੀਕਾ ਠੀਕ ਨਹੀਂ ਹੈ। ਜਿਹੜੇ ਮਜ਼ਦੂਰ ਇੰਡਸਟਰੀ ਵਿਚੋਂ ਨਿਕਲਦੇ ਹਨ ਉਹ ਉਥੋਂ ਹੀ ਠੇਕੇ ਤੋਂ ਬੋਤਲ ਲੈ ਲੈਂਦੇ ਹਨ, ਕਾਲਜ ਦੇ ਵਿਦਿਆਰਥੀ ਵੀ ਕਾਲਜ ਤੋਂ ਨਿਕਲਦੇ ਹੀ ਲੈ ਲੈਂਦੇ ਹਨ, ਸੋ ਇਸ ਚੀਜ਼ ਨੂੰ ਰੋਕਣਾ ਚਾਹੀਦਾ ਹੈ। ਜਦ ਇਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਇਹ ਚੀਜ਼ ਬੰਦ ਕਰਾਂਗੇ ਤਾਂ ਇਹ ਫਿਰ ਕਿਉਂ ਅਜਿਹਾ ਹੋ ਰਿਹਾ ਹੈ। ਇਸ ਦੇ ਇਲਾਵਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸ਼ਹਿਰਾਂ ਵਿਚ ਠੇਕੇ ਹਨ ਉਨ੍ਹਾਂ ਦੇ ਨਾਲ ਹੀ ਅਹਾਤੇ ਲਗਾ ਦਿਤੇ ਗਏ ਹਨ ਤਾਂਕਿ ਉਹ ਉਥੇ ਬੈਠ ਕੇ ਪੀ ਲੈਣ। ਇਸਦਾ ਨਤੀਜਾ ਇਹ ਹੁੰਦਾ ਹੈ ਕਿ ਗਾਲ੍ਹਾਂ ਨਿਕਲਦੀਆਂ ਹਨ, ਗੰਦੇ ਬਚਨ ਬੋਲੇ ਜਾਂਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਅਜਿਹੀਆਂ ਥਾਵਾਂ ਤੇ ਕੋਈ ਆਦਮੀ, ਕੋਈ ਭੈਣ ਭਰਾ ਨਿਕਲ ਨਹੀਂ ਸਕਦੇ। ਗੁੰਡਾਇਜ਼ਮ ਐਨਾ ਆ ਗਿਆ ਹੈ ਇਨਾਂ ਚੀਜ਼ਾਂ ਵੱਲ ਦੇਖਣ ਦੀ ਲੋੜ ਹੈ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** (ਗੜ੍ਹ ਸ਼ੰਕਰ) : ਡਿਪਟੀ ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਇਹ ਜਿਹੜਾ ਬਿਲ ਪੇਸ਼ ਕੀਤਾ ਹੈ ਇਸ ਦੀ ਭਾਵਨਾ ਤਾਂ ਬੜੀ ਅੱਛੀ ਹੈ ਪਰ ਨਤੀਜੇ ਜੋ ਇਹ ਚਾਹੁੰਦੇ ਹਨ ਉਹ ਨਹੀਂ ਨਿਕਲਣੇ। ਇਲੇਸਟ ਸ਼ਰਾਬ, ਨਜਾਇਜ਼ ਸ਼ਰਾਬ, ਲਾਹਨ ਜਿਹੜਾ ਫੜਿਆ ਜਾਂਦਾ ਹੈ, ਉਸ ਲਈ ਪਹਿਲਾਂ ਹੀ ਕਾਫੀ ਸਜ਼ਾਵਾਂ ਹਨ। ਤੁਹਾਡੀ ਪੁਲਿਸ ਹੈ ਜਿਸ ਨੇ ਮੁਲਕ ਵਿਚ ਕਾਨੂੰਨ ਸਬੰਧੀ ਇੰਤਜ਼ਾਮ ਕਰਨਾ ਹੈ ਅਤੇ ਲੋਕਾਂ ਨੂੰ ਸੁਰੱਖਿਆ ਦੇਣੀ ਹੈ। ਪਰ ਪੁਲਿਸ ਕੋਲ ਐਨਾ ਟਾਈਮ ਹੀ ਨਹੀਂ। ਪੁਲਿਸ ਤਾਂ ਸ਼ਰਾਬ ਦੇ ਘੜੇ ਫੜਨ, ਲਾਹਨ ਫੜਨ ਵਾਲੇ ਪਾਸੇ ਲੱਗੀ ਹੋਈ ਹੈ ਫਿਰ ਉਹ ਦੂਜੇ ਪਾਸੇ ਧਿਆਨ ਨਹੀਂ ਦੇ ਸਕਦੇ। ਸ਼ਰਾਬ ਦੋ ਕਿਸਮ ਦੇ ਲੋਕੀਂ ਪੀਂਦੇ ਹਨ। ਇਕ ਤਾਂ ਉਹ ਹੁੰਦੇ ਹਨ ਜਿਨ੍ਹਾਂ ਕੋਲ ਮਾਇਆ ਬਹੁਤ ਹੁੰਦੀ ਹੈ। ਉਹ ਵੀ ਤਾਂ ਉਨ੍ਹਾਂ ਨੇ ਕਿਸੇ ਨਾ ਕਿਸੇ ਪਾਸੇ ਲਾਉਣੀ ਹੁੰਦੀ ਹੈ। ਸੋ ਇਕ ਤਾਂ ਇਹ ਅੰਸ਼ ਹੈ ਜਿਸ ਦੇ ਕੋਲ ਮਾਇਆ ਜ਼ਿਆਦਾ ਹੁੰਦੀ ਹੈ ਉਹ ਸ਼ਰਾਬ ਪੀਂਦੇ ਹਨ। ਦੂਸਰਾ ਅੰਸ਼ ਉਹ ਹੈ ਜਿਹੜਾ ਕਿ ਢੱਠਾ ਹੋਇਆ ਅੰਸ਼ ਹੈ, ਬਹੁਤ ਗਰੀਬ ਵਰਗ ਹੈ। ਉਹ ਆਪਣੇ ਦੁਖੀ ਜੀਵਨ ਦੇ ਦੁਖਾਂ ਨੂੰ ਭੁਲਾਉਣ ਲਈ, ਗ਼ਮ ਭੁਲਾਉਣ ਲਈ ਪੀਂਦੇ ਹਨ। ਸੋ ਇਹ ਜਿਹੜੀ ਤੁਹਾਡੀ ਸ਼ਰਾਬ ਦੀ ਸਮੱਸਿਆ ਹੈ ਇਹ ਕਾਨੂੰਨ ਨਾਲ ਹੱਲ ਨਹੀਂ ਹੋਣੀ। ਤੁਸੀਂ ਕਹਿੰਦੇ ਸੀ ਕਿ ਅਸੀਂ ਤਾਂ ਸਮਾਜ ਨੂੰ ਬੜਾ ਸੁਹਣਾ, ਸੁੰਦਰ ਅਤੇ ਉਚਾ ਬਣਾਵਾਂਗੇ ਅਤੇ ਲੋਕਾਂ ਦੀ ਜ਼ਿੰਦਗੀ, ਸਭਿਆਚਾਰਕ ਲੈਵਲ ਨੂੰ ਉਚਾ ਚੁਕਾਂਗੇ ਅਤੇ ਸ਼ਰਾਬ ਆਪ ਹੀ ਘੱਟ ਜਾਵੇਗੀ ਔਰ ਅਸੀਂ ਕਿਸੇ ਅੱਛੀ ਮਰਿਆਦਾ ਥੱਲੇ ਆ ਜਾਵਾਂਗੇ। ਪਰ ਇਸ ਨਾਲੋਂ ਬੈਟਰ ਹੋਵੇਗਾ ਕਿ ਜਿਹੜੇ ਪਿੰਡਾਂ ਵਿਚ ਸ਼ਰਾਬ ਕੱਢਦੇ ਹਨ, ਐਕਸਾਈਜ਼ ਮਨਿਸਟਰ ਉਨ੍ਹਾਂ ਨੂੰ ਲਾਈਸੈਂਸ ਦੇਣੇ ਸ਼ੁਰੂ ਕਰਨ। ਆਪੇ ਜਿਸ ਦੀ ਮਰਜ਼ੀ ਹੈ ਕੋਈ 17 ਵਾਲੀ ਪੀਵੇ, 48 ਵਾਲੀ ਪੀਵੇ ਅਤੇ ਭਾਵੇਂ ਕੋਈ 10 ਵਾਲੀ ਪੀਵੇ। ਪਰ ਕੁਆਲਿਟੀ ਕੰਟਰੋਲ ਹੋਣਾ ਚਾਹੀਦਾ ਹੈ। ਇਹ ਜਿਹੜੀ ਇਲੀਸਿਟ ਸ਼ਰਾਬ ਕੱਢ ਕੇ ਲਿਆਂਉਂਦੇ ਹਨ, ਇਹ ਬੜੀ ਘਟੀਆ ਸ਼ਰਾਬ ਹੁੰਦੀ ਹੈ। ਇਸ ਦੇ ਵਿਚ ਖਾਦ ਪਾਉਂਦੇ ਹਨ, ਜੇ ਉਂਗਲ ਨੂੰ ਲਾਉਂਦੇ ਹਨ ਤਾਂ ਉਸ ਨੂੰ ਅੱਗ ਨਹੀਂ ਲੱਗਦੀ। ਉਸ ਵਿਚ ਟ੍ਰਾਇਰ ਅਤੇ ਟਿਊਬ ਪਾਈ ਜਾਂਦੀ ਹੈ ਅਤੇ ਜਿਸ ਵੇਲੇ ਲੋਕ ਉਸ ਨੂੰ ਪੀਂਦੇ ਹਨ ਤਾਂ ਉਸ ਦਾ ਸਿਹਤ ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਇਹ ਕੰਮ ਡੰਡੇ ਨਾਲ ਔਰ ਸਜ਼ਾ ਦੇ ਨਾਲ ਵੀ ਹੋਵੇ। ਪਰ ਇਨ੍ਹਾਂ ਦੋਵਾਂ ਦੇ ਨਾਲ ਸਮੱਸਿਆ ਹਲ ਨਹੀਂ ਹੋ ਸਕਦੀ ਹੈ। ਜਿੰਨਾ ਚਿਰ ਕਿ ਸਮਾਜਿਕ ਤੌਰ ਤੇ ਜਿਸ ਤਰ੍ਹਾਂ ਕਿ ਮੈਂ ਉਪਰ ਦਸ ਆਇਆ ਹਾਂ ਉਸ ਤਰ੍ਹਾਂ ਦੇ ਸਟੈਪਸ ਨਹੀਂ ਲਏ ਜਾਂਦੇ। 17 ਵਾਲੀ ਪੀ ਲੈਣ, 48 ਵਾਲੀ ਪੀ ਲੈਣ ਪਰ ਇਸ ਦੀ ਕੁਆਲਿਟੀ ਤੇ ਕੰਟਰੋਲ ਕਰੋ। ਇਨਸਪੈਕਟਰ ਨੂੰ ਮੀਟਰ ਰਾਹੀਂ ਦੇਖਣਾ ਚਾਹੀਦਾ ਹੈ ਕਿ ਆਇਆ ਕੁਆਲਿਟੀ ਠੀਕ ਹੈ ਜਾਂ ਨਹੀਂ। ਮੈਂ ਫਾਲਤੂ ਗਲ ਨਹੀਂ ਕਹਿਣਾ ਚਾਹੁੰਦਾ। ਯੂਰਪ ਦੇ ਮੁਖ਼ਤਲਿਫ ਮੁਲਕਾਂ ਨਾਲ ਚਾਰ-ਪੰਜ ਸਾਲਾਂ ਵਿਚ ਹੀ ਅਸੀਂ ਉਨ੍ਹਾਂ ਦੇ ਬਰਾਬਰ ਪਹੁੰਚ ਜਾਣਾ ਹੈ। ਉਥੇ ਅੰਗੂਰਾਂ ਦੀ, ਜੌਆਂ ਆਦਿ ਦੀ ਸ਼ਰਾਬ ਪੀਤੀ ਜਾਂਦੀ ਹੈ ਅਤੇ ਇਸ ਤਰ੍ਹਾਂ ਦੀ ਸ਼ਰਾਬ ਪੀਣ ਦੀ ਉਥੇ ਖੁਲ੍ਹ ਹੈ। (ਘੰਟੀ) ਸੋ ਡੰਡੇ ਨਾਲੋਂ ਸਮਾਜਕ ਤੌਰ ਤੇ ਜਿਵੇਂ ਮੈਂ ਅੱਗੇ ਬਿਆਨ ਕੀਤਾ ਹੈ ਉਹ ਸਿਲਸਿਲਾ ਅਪਨਾਉਣਾ ਚਾਹੀਦਾ ਹੈ, ਇਸ ਨਾਲ ਇਸ ਮਸਲੇ ਤੇ ਜ਼ਿਆਦਾ ਬੰਧਨ ਲਗ ਸਕੇਗਾ।

**ਆਬਕਰੀ ਤੇ ਕਰ ਮੰਤਰੀ** (ਸ੍ਰੀ ਯਸ਼ ਪਾਲ) : ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਇਸ ਬਿਲ ਦਾ ਸਬੰਧ ਹੈ ਉਹਦੇ ਨਾਲ ਕਿਸੇ ਨੂੰ ਇਖਤਲਾਫ ਨਹੀਂ ਹੈ ਬਲਕਿ ਸਾਰਿਆਂ ਨੇ ਇਸ ਦਾ ਸਵਾਗਤ ਕੀਤਾ ਹੈ। ਇਸ ਲਈ ਮੈਂ ਹਾਊਸ ਦਾ ਧੰਨਵਾਦ ਕਰਦਾ ਹਾਂ। ਦੋ ਤਿੰਨ ਗਲਾਂ ਕਹੀਆਂ ਗਈਆਂ ਹਨ ਉਨ੍ਹਾਂ ਦੀ ਕਲੈਰੀਫਿਕੇਸ਼ਨ ਵਜੋਂ ਮੈਂ ਕੁਛ ਕਹਿਣਾ ਚਾਹੁੰਦਾ ਹਾਂ। ਆਜ਼ਾਦ ਸਾਹਿਬ ਨੇ ਠੀਕ ਕਿਹਾ ਹੈ ਕਿ ਇਲਿਸਿਟ ਡਿਸਟੀਲੇਸ਼ਨ ਨਹੀਂ ਵਧਣੀ ਚਾਹੀਦੀ ਹੈ। ਨਜਾਇਜ਼ ਸ਼ਰਾਬ ਤੇ ਪੂਰੀ ਤਰ੍ਹਾਂ ਪਾਬੰਦੀ ਲਗਾਏ ਬਿਨਾਂ ਪਰੋਹਿਬਸ਼ਨ ਦੀ ਗੱਲ ਸੋਚੀ ਵੀ ਨਹੀਂ ਜਾ ਸਕਦੀ। ਨਜਾਇਜ਼ ਸ਼ਰਾਬ ਨੂੰ ਰੋਕਣ ਵਾਸਤੇ ਅਤੇ ਸੁਕੇੜਨ ਵਾਸਤੇ ਕਾਫੀ ਕੁਝ ਕੀਤਾ ਜਾ ਰਿਹਾ ਹੈ। ਪਰ ਅਜੇ ਤਕ ਪੂਰੀ ਕਾਮਯਾਬੀ ਨਹੀਂ ਮਿਲੀ ਇਸ ਲਈ ਇਸ ਵੇਲੇ ਪਰੋਹਿਬਸ਼ਨ ਦਾ ਕੋਈ ਸਵਾਲ ਨਹੀਂ ਪੈਦਾ ਹੁੰਦਾ। ਭਾਰਤ ਸਰਕਾਰ ਨੇ ਜਦੋਂ

Original with;
Punjab Vidhan Sabha
Digitized by;
Panjab Digital Library

12 ਨੁਕਾਤੀ ਪ੍ਰੋਗਰਾਮ ਨਸ਼ਾਬੰਦੀ ਲਈ ਬਣਾਇਆ ਸੀ, ਪੰਜਾਬ ਸਰਕਾਰ ਨੇ ਸਾਰਿਆਂ ਤੋਂ ਪਹਿਲਾਂ ਉਹਨੂੰ ਅਪਨਾਇਆ ਅਤੇ ਬਕਾਇਦਾ ਤੌਰ ਤੇ ਭਾਰਤ ਸਰਕਾਰ ਦੀ ਚਿੱਠੀ ਵੀ ਨਹੀਂ ਆਈ ਸੀ, ਜਦੋਂ ਕਿ ਪੰਜਾਬ ਸਰਕਾਰ ਨੇ ਐਲਾਨ ਕਰ ਦਿੱਤਾ ਸੀ ਕਿ ਅਸੀਂ ਇਸ ਪ੍ਰੋਗਰਾਮ ਨੂੰ ਅਸੂਲੀ ਤੌਰ ਤੇ ਕਬੂਲ ਕਰਦੇ ਹਾਂ । ਇਸ ਲਈ ਅਸੀਂ ਅੱਠ ਨੌ ਕਦਮ ਵੀ ਚੁਕੇ ਹਨ ਔਰ ਬਾਕੀ ਦੀਆਂ ਸਟੇਟਾਂ ਸਾਡੇ ਤੋਂ ਇਸ ਕੰਮ ਵਿਚ ਪਿਛੇ ਰਹਿ ਗਈਆਂ ਹਨ । ਜਿੰਨਾ ਹੋਣਾ ਚਾਹੀਦਾ ਸੀ ਉਹ ਸ਼ਾਇਦ ਸਾਰਾ ਕੁਝ ਨਾ ਹੋਇਆ ਹੋਵੇ ਕਿਉਂਕਿ ਕੁਝ ਨ ਕੁਝ ਹਮੇਸ਼ਾ ਹੀ ਰਹਿ ਜਾਇਆ ਕਰਦਾ ਹੈ । ਪਰ ਜਾਣ ਬੁਝ ਕੇ ਕੋਈ ਚੀਜ਼ ਨਹੀਂ ਛਡੀ ਗਈ ਹੈ ।

ਕਪੂਰ ਸਾਹਿਬ ਨੇ ਕਿਹਾ ਹੈ ਕਿ ਇਹਾਤੇ ਜਾਂ ਦੁਕਾਨਾਂ ਨਵੀਆਂ ਖੋਲ੍ਹੀਆਂ ਗਈਆਂ ਹਨ। ਮੈਂ ਇਨ੍ਹਾਂ ਦੀ ਜਾਣਕਾਰੀ ਲਈ ਦਸਣਾ ਚਾਹੁੰਦਾ ਹਾਂ ਕਿ ਇਸ ਸਾਲ ਸਾਰੇ ਪੰਜਾਬ ਵਿਚ ਨਾ ਕਿਸੇ ਪਿੰਡ ਵਿਚ ਅਤੇ ਨਾ ਹੀ ਕਿਸੇ ਸ਼ਹਿਰ ਵਿਚ ਕੋਈ ਨਵੀਂ ਦੇਸੀ ਜਾਂ ਦੂਸਰੀ ਸ਼ਰਾਬ ਦੀ ਕੋਈ ਦੁਕਾਨ ਖੋਲ੍ਹੀ ਗਈ ਹੈ। ਜਿਥੋਂ ਤਕ ਇਹ ਸਵਾਲ ਹੈ ਕਿ ਕਿਸੇ ਗੁਰਦਵਾਰੇ ਜਾਂ ਸਕੂਲ ਦੇ ਨੇੜੇ ਦੁਕਾਨਾਂ ਖੋਲ੍ਹੀਆਂ ਜਾਂਦੀਆਂ ਹਨ, ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਵੀ ਕੋਈ ਅਜਿਹੀ ਸ਼ਿਕਾਇਤ ਆਉਂਦੀ ਹੈ ਕਿ ਇਹ ਦੁਕਾਨ ਕਿਸੇ ਗੁਰਦਵਾਰੇ ਜਾਂ ਸਕੂਲ ਦੇ ਨੇੜੇ ਖੋਲ੍ਹੀ ਗਈ ਹੈ (ਵਿਘਨ) ਕਿਸੇ ਧਾਰਮਿਕ ਸਥਾਨ ਚਾਹੇ ਉਹ ਗੁਰਦਵਾਰਾ ਹੋਵੇ, ਚਾਹੇ ਮੰਦਰ ਹੋਵੇ, ਚਾਹੇ ਮਸਜਿਦ ਹੋਵੇ ਜਾਂ ਗਿਰਜਾ ਘਰ ਹੋਵੇ ਜਾਂ ਸਕੂਲ /ਕਾਲਜ ਹੋਵੇ ਜੇ ਕੋਈ ਸ਼ਿਕਾਇਤ ਆਉਂਦੀ ਹੈ ਕਿ ਇਨ੍ਹਾਂ ਥਾਵਾਂ ਦੇ ਨੇੜੇ ਕੋਈ ਦੁਕਾਨ ਹੈ ਤਾਂ ਉਥੋਂ ਉਹ ਦੁਕਾਨ ਦੂਰ ਕਰ ਦਿੱਤੀ ਜਾਂਦੀ ਹੈ । ਇਹ ਵੀ ਫੈਸਲਾ ਕੀਤਾ ਹੈ ਕਿ ਜਿਹੜੇ ਪਿੰਡ ਕਹਿਣ ਕਿ ਉਨ੍ਹਾਂ ਨੂੰ ਉਥੇ ਸ਼ਰਾਬ ਦੀ ਦੁਕਾਨ ਦੀ ਲੋੜ ਨਹੀਂ ਔਰ ਇਸ ਲਈ ਅਗਰ 3019 ਤਕ ਯੂਨਾਨੀਮਸਲੀ ਤੌਰ ਤੇ ਰੈਜ਼ੋਲੂਸ਼ਨ ਭੇਜ ਦੇਣ ਔਰ ਸਾਡਾ ਮਹਿਕਮਾ ਸਹਿਮਤ ਹੋਵੇ ਕਿ ਦੁਕਾਨ ਹਟਾਉਣ ਨਾਲ ਨਾਜਾਇਜ਼ ਸ਼ਰਾਬ ਨਹੀਂ ਵਧੇਗੀ ਤਾਂ ਅਸੀਂ ਉਥੋਂ ਵੀ ਠੇਕਾ ਹਟਾ ਦਿਆਂਗੇ ।

ਬਾਕੀ ਜਿਹੜੀ ਗੱਲ ਆਖੀ ਹੈ ਕਨੇਡੀਅਨ ਸਾਹਿਬ ਨੇ ਕਿ ਜਿਹੜੇ ਜਿਹੜੇ ਪਿੰਡਾਂ ਵਿਚ ਲੋਕ ਸ਼ਰਾਬ ਕੱਢਦੇ ਹਨ ਉਨ੍ਹਾਂ ਨੂੰ ਲਾਈਸੈਂਸ ਦਿੱਤੇ ਜਾਣ, ਇਸ ਬਾਰੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਨਿਰਾ ਕਾਨੂੰਨ ਨਾਲ ਅਸੀਂ ਨਾਜਾਇਜ਼ ਸ਼ਰਾਬ ਦੀ ਵਰਤੋਂ ਨੂੰ ਨਹੀਂ ਰੋਕ ਸਕਦੇ ਹਾਂ । ਇਹ ਕਾਨੂੰਨੀ ਸਵਾਲ ਨਹੀਂ ਬਲਕਿ ਇਹ ਤਾਂ ਇਕ ਸੋਸ਼ਲ ਪਰਾਬਲਮ ਹੈ । ਕਈ ਲੋਕ ਇਸ ਕੰਮ ਵਿਚ ਪੁਸ਼ਤ ਦਰ ਪੁਸ਼ਤ ਲਗੇ ਹੋਏ ਹਨ । ਇਹ ਕੰਮ ਤਾਂ ਹੀ ਹੋ ਸਕਦਾ ਹੈ ਜੇ ਕਰ ਸਾਰੀ ਸੁਸਾਇਟੀ ਇਸ ਕੰਮ ਵੱਲ ਆਪਣਾ ਸਹਿਯੋਗ ਦੇਵੇ । ਜਿਹੜਾ ਕਨੇਡੀਅਨ ਸਾਹਿਬ ਕਹਿੰਦੇ ਹਨ ਕਿ ਇਨ੍ਹਾਂ ਲੋਕਾਂ ਨੂੰ ਲਾਈਸੈਂਸ ਦੇ ਦਿਤੇ ਜਾਣ, ਇਸ ਬੀਮਾਰੀ ਦਾ ਇਹ ਇਲਾਜ ਨਹੀਂ ਹੈ । ਇਸ ਬਾਰੇ ਮੈਂ ਫਿਗਰਜ਼ ਦੇਣਾ ਚਾਹੁੰਦਾ ਹਾਂ ਕਿ ਕਿਸ ਤਰੀਕੇ ਨਾਲ ਅਸੀਂ ਕੋਸ਼ਿਸ਼ ਕੀਤੀ ਹੈ ਨਜਾਇਜ਼ ਸ਼ਰਾਬ ਰੋਕਣ ਲਈ । ਪਹਿਲੇ ਕੁਆਰਟਰ; ਐਪ੍ਰੈਲ, ਮਈ ਔਰ ਜੂਨ, ਇਹ ਤਿੰਨ ਮਹੀਨਿਆਂ ਵਿਚ ਜੋਰੇਡਜ਼ ਕੀਤੇ ਗਏ ਮਹਿਕਮੇ ਵਲੋਂ ਉਹਦੀਆਂ ਫਿਗਰਜ਼ ਇਸ ਪ੍ਰਕਾਰ ਹਨ:—

| | | | | |
|---|---|---|---|---|
| ਪਟਿਆਲਾ ਵਿਚ ਜਿੰਨੇ ਕੇਸਿਜ਼ ਡਿਟੈਕਟ ਹੋਏ | | | .. | 252 |
| ਸੰਗਰੂਰ | ,, | ,, | .. | 298 |
| ਲੁਧਿਆਣਾ | ,, | ,, | .. | 302 |
| ਰੂਪ ਨਗਰ | ,, | ,, | .. | 139 |
| ਫਿਰੋਜ਼ਪੁਰ | ,, | ,, | .. | 813 |
| ਫਰੀਦਕੋਟ | ,, | ,, | .. | 447 |
| ਬਠਿੰਡਾ | ,, | ,, | .. | 348 |
| ਹੁਸ਼ਿਆਰਪੁਰ | ,, | ,, | .. | 401 |
| ਜਲੰਧਰ | ,, | ,, | .. | 855 |
| ਗੁਰਦਾਸਪੁਰ | ,, | ,, | .. | 794 |
| ਅੰਮ੍ਰਿਤਸਰ | ,, | ,, | .. | 852 |
| ਕਪੂਰਥਲਾ | ,, | ,, | .. | 264 |

Original with;
Punjab Vidhan Sabha
Digitized by;
Panjab Digital Library

[ਆਬਕਾਰੀ ਤੇ ਕਰ ਮੰਤਰੀ]

ਸੋ ਇਹ ਕੇਸਿਜ਼ ਪਕੜੇ ਗਏ ਹਨ । ਇਹ ਜੋ ਨਾਜਾਇਜ਼ ਸ਼ਰਾਬ ਪਕੜੀ ਗਈ ਹੈ ਇਹ ਕੁਲ ਮਿਲਾ ਕੇ 16,128 ਲਿਟਰਜ਼ ਤੋਂ ਵੱਧ ਹੋ ਜਾਂਦੀ ਹੈ । ਇਸ ਬੁਰਾਈ ਨੂੰ ਦੂਰ ਕਰਨ ਵਾਸਤੇ ਸਜ਼ਾਵਾਂ ਵਿਚ ਵਾਧਾ ਕਰਨ ਦੀ ਤਜਵੀਜ਼ ਕੀਤੀ ਗਈ ਹੈ । ਪਹਿਲਾਂ ਇਹ ਕੰਮ ਕਰਨ ਵਾਲੇ ਨੂੰ ਸਜ਼ਾ ਦੇ ਤੌਰ ਤੇ 6 ਮਹੀਨੇ ਕੈਦ ਅਤੇ 2,000 ਰੁਪਿਆ ਜੁਰਮਾਨਾ ਹੁੰਦਾ ਸੀ । ਪਰ ਹੁਣ ਇਹ ਸਜ਼ਾ ਵਧਾ ਕੇ ਇੱਕ ਸਾਲ ਦੀ ਕੈਦ ਔਰ 5,000 ਰੁਪਿਆ ਜੁਰਮਾਨਾ ਕੀਤਾ ਗਿਆ ਹੈ । ਇਹ ਸਜ਼ਾਵਾਂ ਡਬਲ ਕਰ ਦਿੱਤੀਆਂ ਹਨ । ਇਸ ਦੀ ਮਨਸ਼ਾ ਇਹ ਹੈ ਕਿ ਨਾਜਾਇਜ਼ ਸ਼ਰਾਬ ਦਾ ਕੰਮ ਬੰਦ ਹੋ ਜਾਵੇ ਅਤੇ ਲੋਕਾਂ ਨੂੰ ਪ੍ਰੋਹੀਬੀਸ਼ਨ ਵਾਲੇ ਪਾਸੇ ਲਾਇਆ ਜਾ ਸਕੇ ਔਰ ਪੰਜਾਬ ਦਾ ਵਾਤਾਵਰਣ ਠੀਕ ਹੋ ਜਾਵੇ ।

**Mr. Deputy Speaker** : Question is—

That the Punjab Excise (Amendment) Bill be taken into consideration at once.

*The motion was carried.*

**Mr. Deputy Speaker** : Now the House will proceed to consider the Bill clause by clause.

CLAUSE 2

**Mr. Deputy Speaker** : Question is—

That Clause 2 stand part of the Bill.

*The motion was carried.*

CLAUSE 1

**Mr. Deputy Speaker** : Question is—

That Clause 1 stand part of the Bill.

*The motion was carried.*

TITLE

**Mr. Deputy Speaker** : Question is—

That Title be the Title of the Bill.

*The motion was carried.*

**Excise and Taxation Minister** (Shri Yash Pal): Sir, I beg to move—

That the Punjab Excise (Amendment) Bill be passed.

**Mr. Deputy Speaker** : Motion moved—

That the Punjab Excise (Amendment) Bill be passed.

**Mr. Deputy Speaker** : Question is—

That the Punjab Excise (Amendment) Bill be passed.

*The motion was carried.*

Original with;
Punjab Vidhan Sabha
Digitized by;
Panjab Digital Library

## THE PUNJAB PASSENGERS AND GOODS TAXATION (AMENDMENT) BILL, 1976

**Excise and Taxation Minister** (Shri Yash Pal) : Sir I beg to introduce the Punjab Passengers and Goods Taxation (Amendment) Bill.

Sir, I also beg to move—

That the Punjab Passengers and Goods Taxation (Amendment) Bill be taken into consideration at once.

ਡਿਪਟੀ ਸਪੀਕਰ ਸਾਹਿਬ, ਇਹ ਬੜਾ ਛੋਟਾ ਜਿਹਾ ਬਿਲ ਹੈ ਪਰ ਇਸ ਦੀ ਮਹੱਤਤਾ ਬਹੁਤ ਜ਼ਿਆਦਾ ਹੈ । ਜਿਹੜੇ ਲਿੰਕ ਰੋਡਜ਼ ਬਣੇ ਹਨ ਸਾਰੇ ਪੰਜਾਬ ਵਿਚ ਸਾਰੇ ਪਿੰਡਾਂ ਨੂੰ ਮੇਨ ਸੜਕਾਂ ਨਾਲ ਜੋੜ ਦਿੱਤਾ ਗਿਆ ਹੈ। ਉਥੇ ਬੱਸਾਂ ਚਲਣੀਆਂ ਮੁਸ਼ਕਿਲ ਹਨ। ਹੁਣ ਅਸੀਂ ਫੈਸਲ ਕੀਤਾ ਹੈ ਕਿ ਉਥੇ ਮਿਨੀ ਬਸਾਂ ਚਲਾਈਆਂ ਜਾਣ । ਅਗਰ ਪੈਸੰਜਰ ਟੈਕਸ ਲਿਆ ਗਿਆ ਤਾਂ ਕਾਫੀ ਗੜਬੜ ਹੋਣ ਦਾ ਅੰਦੇਸ਼ਾ ਹੈ, ਲੋਕ ਡਿਸ ਰੇਜ਼ ਹੋਣਗੇ। ਇਸ ਲਈ ਪੰਜਾਬ ਸਰਕਾਰ ਨੇ ਇਹ ਅਖਤਿਆਰਾ ਲਿਆ ਹੈ, ਮਿੰਨੀ ਬਸਾਂ ਰਾਹੀਂ ਲੰਪਸੰਮ ਤੌਰ ਤੇ ਪੈਸੰਜਰ ਟੈਕਸ ਲਗਾ ਦਿੱਤਾ ਹੈ। ਇਸ ਨਾਲ 6,000/- ਰੁਪਿਆ ਸਾਲ ਦਾ ਹੋਵੇਗਾ ।

**Mr. Deputy Speaker** : Motion moved—

That the Punjab Passengers and Goods Taxation (Amendment) Bill be taken into consideration at once.

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ:** (ਗੜ੍ਹਸ਼ੰਕਰ): ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਇਤਨੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਮੈਂ ਇਸ ਬਿਲ ਦਾ ਸਵਾਗਤ ਕਰਦਾ ਹਾਂ ਲੇਕਿਨ ਮੈਂ ਸਮਝਦਾ ਹਾਂ ਕਿ ਇਹ ਬਿਲ ਲੇਟ ਆਇਆ ਹੈ। ਬਹੁਤ ਸਾਰੀਆਂ ਜਿਹੜੀਆਂ ਲਿੰਕ ਸੜਕਾਂ ਹਨ ਉਹ ਪਿਛਲੇ ਤਿੰਨ ਸਾਲਾਂ ਵਿਚ ਬਣ ਚੁਕੀਆਂ ਹਨ । ਜਿਹੜੇ ਦੂਰ ਦਰਾਡੇ ਦੇ ਪਿੰਡ ਹਨ ਉਹ ਇਨ੍ਹਾਂ ਸੜਕਾਂ ਨਾਲ ਲਿੰਕ ਹੋ ਚੁਕੇ ਹਨ। ਮੈਂ ਆਪਣੇ ਜ਼ਿਲ੍ਹੇ ਦਾ ਖਾਸ ਕਰਕੇ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਵੱਡੇ ਜ਼ਿਲ੍ਹੇ ਹਨ ਉਥੇ ਰੋਡਵੇਜ਼ ਨੇ ਕਾਫੀ ਟਰਾਂਸਪੋਰਟ ਦਿਤੀ ਹੈ ਜਿਵੇਂ ਕਿ ਜਲੰਧਰ ਜ਼ਿਲ੍ਹਾ ਹੈ ਉਥੇ ਸਾਰੇ ਪਿੰਡ ਸੜਕਾਂ ਨਾਲ ਲਿੰਕਡ ਹਨ ਅਤੇ ਪਿੰਡ ਪਿੰਡ ਵਿਚ ਬਸ ਜਾਂਦੀ ਹੈ ਪਰ ਜਿਹੜੇ ਪਹਾੜ ਦੇ, ਕੰਢੀ ਦੇ ਜ਼ਿਲ੍ਹੇ ਹਨ ਉਨ੍ਹਾਂ ਦੀਆਂ ਸੜਕਾਂ ਦੀ ਹਾਲਤ ਚੰਗੀ ਨਹੀਂ ਹੈ, 30 ਪ੍ਰਤੀਸ਼ਤ ਬਣੀਆਂ ਨਹੀਂ । ਕਈ ਥਾਵਾਂ ਤੇ ਪੁਲੀਆਂ ਨਹੀਂ ਬਣੀਆਂ, ਰੋਡਵੇਜ਼ ਵਾਲੇ ਉਨ੍ਹਾਂ ਸੜਕਾਂ ਤੇ ਚਲ ਕੇ ਰਾਜ਼ੀ ਨਹੀਂ । ਕੋਈ ਨਾ ਕੋਈ ਟੁਚਰ ਲਭ ਹੀ ਲੈਂਦੇ ਹਨ। ਕਦੇ ਕਹਿ ਦਿੰਦੇ ਹਨ ਕਿ ਰੂਟ ਐਕਨਾਮੀਕਲ ਨਹੀਂ। ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਉਨ੍ਹਾਂ ਇਲਾਕਿਆਂ ਵਿਚ ਛੋਟੇ ਵਹੀਕਲ ਦੀ ਬੜੀ ਲੋੜ ਹੈ ਅਤੇ ਇਹ ਮਿਨੀ ਬਸਾਂ ਮੁਖਤਲਿਫ ਇਲਾਕਿਆਂ ਵਿਚ ਚਾਲੂ ਕੀਤੀਆਂ ਜਾਣ । ਮੈਂ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਜੇ ਕਰ ਇਸ ਦੇ ਲਈ ਕੋਈ ਰੂਲਜ਼ ਬਣਨੇ ਹੋਣ ਤਾਂ ਜਲਦੀ ਤੋਂ ਜਲਦੀ ਐਕਸਪੀਡਾਈਟ ਕਰਾਏ ਜਾਣ ਅਤੇ ਜਲਦੀ ਤੋਂ ਜਲਦੀ ਬਸਾਂ ਚਾਲੂ ਕੀਤੀਆਂ ਜਾਣ ਤਾ ਕਿ ਪਿਛੜੇ ਇਲਾਕਿਆਂ ਦੇ ਲੋਕਾਂ ਨੂੰ ਟਰਾਂਸਪੋਰਟ ਦੀ ਸਹੂਲਤ ਮਿਲ ਸਕੇ ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀ** (ਫਗਵਾੜਾ ਐਸ.ਸੀ.): ਡਿਪਟੀ ਸਪੀਕਰ ਸਾਹਿਬ, ਬੜੀ ਦੇਰ ਤੋਂ ਇਸਦੀ ਅਸੀਂ ਡਿਮਾਂਡ ਕਰ ਰਹੇ ਸੀ। ਪੰਜਾਬ ਦੇ 12,188 ਪਿੰਡ ਹਨ ਜਿਨ੍ਹਾਂ ਵਿਚੋਂ ਕੇਵਲ 2,600 ਪਿੰਡ ਸੜਕਾਂ ਨਾਲੋਂ ਲਿੰਕ ਹੋਣ ਰਹਿੰਦੇ ਹਨ । ਯਾਨੀ ਬੜੀ ਥੋੜੀ ਮਾਤ੍ਰਾ ਵਿਚ ਪਿੰਡ ਰਹਿੰਦੇ ਹਨ ਜਿਥੇ ਲਿੰਕ ਸੜਕਾਂ ਹਾਲੇ ਨਹੀਂ ਬਣੀਆਂ। ਸਾਡੀ ਬੜੀ ਦੇਰ ਤੋਂ ਡਿਮਾਂਡ ਸੀ ਕਿ ਜੇ ਸੜਕਾਂ ਬਣਾਈਆਂ ਹਨ ਤਾਂ ਟਰਾਂਸਪੋਰਟ

Original with;
Punjab Vidhan Sabha
Digitized by;
Panjab Digital Library

[ਸ੍ਰੀ ਪਿਆਰਾ ਰਾਮ ਧੰਨੋਵਾਲੀ]

ਦੀ ਸਹੂਲਤ ਵੀ ਦਿਤੀ ਜਾਵੇ। ਮੈਂ ਇਸ ਬਿਲ ਦਾ ਸਵਾਗਤ ਕਰਦਾ ਹਾਂ ਚਾਹੇ ਇਹ ਦੇਰ ਨਾਲ ਹੀ ਆਇਆ ਹੈ। ਮੈਂ ਇਕ ਗਲ ਕਹਾਂਗਾ ਸਰਕਾਰ ਨੂੰ, ਕਿ ਇਹ ਬਸਾਂ ਜਲਦੀ ਤੋਂ ਜਲਦੀ ਚਾਲੂ ਕਰ ਦਿੱਤੀਆਂ ਜਾਣ। ਸਰਕਾਰ ਨੇ ਇਹ ਅੱਛੀ ਗਲ ਕੀਤੀ ਹੈ ਕਿ ਜਿਹੜੀ ਟੈਕਸ ਫੀਸ ਹੈ ਉਹ 6 ਹਜ਼ਾਰ ਰੁਪਏ ਸਾਲਾਨਾ ਕਰ ਦਿੱਤੀ ਹੈ। ਮੇਰੀ ਅਰਜ਼ ਹੈ ਕਿ ਮਹਿਕਮਾ ਟਰਾਂਸਪੋਰਟ ਦਾ ਇਹ ਬਿਲ ਬੜੀ ਦੇਰ ਤੋਂ ਸੈਂਟਰ ਦੀ ਸਰਕਾਰ ਕੋਲ ਪਿਆ ਹੈ, ਉਸ ਨੂੰ ਜਲਦੀ ਤੋਂ ਜਲਦੀ ਐਕਸਪੀਡਾਈਟ ਕਰਾਕੇ ਇਹ ਜਿਹੜਾ ਚੱਕਰ ਹੈ ਗਜ਼ਟ ਨੋਟੀਫਿਕੇਸ਼ਨ ਦਾ ਜਿਸ ਤੇ ਬੜੀ ਦੇਰ ਲਗਣੀ ਹੈ ਥੋੜੇ ਸਮੇਂ ਵਿਚ ਹੀ ਸਾਰੀਆਂ ਫਾਰਮੇਲੇ-ਟੀਜ਼ ਪੂਰੀਆਂ ਕਰਕੇ ਛੇਤੀ ਤੋਂ ਛੇਤੀ ਮਿਨੀ ਬਸਾਂ ਚਲਾਈਆਂ ਜਾਣ।

**ਚੌਧਰੀ ਦਰਸ਼ਨ ਸਿੰਘ** (ਨੂਰ ਮਹਿਲ): ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਨੂੰ ਖੁਸ਼-ਆਮਦੀਦ ਕਹਿੰਦਾ ਹਾਂ। ਇਹ ਬੜਾ ਅੱਛਾ ਬਿਲ ਹੈ। ਹਿੱਲੀ ਏਰੀਆ ਵਿਚ ਮਿਨੀ ਬਸਾਂ ਜ਼ਰੂਰ ਚਲਾਉਣੀਆਂ ਚਾਹੀਦੀਆਂ ਹਨ। ਪਰ ਮੈਂ ਸਰਕਾਰ ਨੂੰ ਇਕ ਤਜਵੀਜ਼ ਦੇਣੀ ਚਾਹੁੰਦਾ ਹਾਂ ਕਿ ਟਰੈਫਿਕ ਬਹੁਤ ਵੱਧਦੀ ਜਾ ਰਹੀ ਹੈ ਉਸ ਦੇ ਲਈ ਗੌਰਮਿੰਟ ਲੈਵਲ ਤੇ ਇਕ ਸੈਲ ਕਰੀਏਟ ਕਰਨਾ ਚਾਹੀਦਾ ਹੈ ਜਿਹੜਾ ਇਹ ਵੇਖੇ ਕਿ ਜਿਨੀ ਟਰੈਫਿਕ ਵੱਧੀ ਜਾ ਰਹੀ ਹੈ ਕੀ ਉਸ ਦੇ ਮੁਤਾਬਕ ਟਰਾਂਸਪੋਰਟ ਇਨਕਰੀਜ਼ ਹੁੰਦੀ ਹੈ ਜਾਂ ਨਹੀਂ? ਨੰਬਰ ਦੋ ਵਜ਼ੀਰ ਸਾਹਿਬ ਇਸ ਗੱਲ ਵੱਲ ਧਿਆਨ ਦੇਣ ਕਿ 1800 ਬਸਾਂ ਦਾ ਫਲੀਟ ਰੋਡਵੇਜ਼ ਦਾ ਹੈ ਅਤੇ 1800 ਬੱਸਾਂ ਦਾ ਫਲੀਟ ਪ੍ਰਾਈਵੇਟ ਬਸਾਂ ਦਾ ਹੈ। ਲੋਕ ਰੋਡਵੇਜ਼ ਦੀਆਂ ਬਸਾਂ ਵਿਚ ਟਰੈਵਲ ਕਰਨਾ ਪਸੰਦ ਨਹੀਂ ਕਰਦੇ ਕਿਉਂਕਿ ਉਹ ਬੈਡਲੀ ਸ਼ੇਪਡ ਹਨ ਅਤੇ ਪ੍ਰਾਈਵੇਟ ਬਸਾਂ ਵਿਚ ਟਰੈਵਲ ਕਰਨਾ ਪਸੰਦ ਕਰਦੇ ਹਨ, ਲੇਕਿਨ ਜਿਹੜਾ ਟੈਕਸ ਹੈ ਉਹ ਰੋਡਵੇਜ਼ ਵਾਲੇ 7 ਕਰੋੜ ਜਮ੍ਹਾਂ ਕਰਾਉਂਦੇ ਹਨ ਅਤੇ ਪ੍ਰਾਈਵੇਟ ਵਾਲੇ 2 ਕਰੋੜ Fleet is the same, mileage is the same, but the number of passengers travelling in private buses is more than that travelling in Government buses

ਪ੍ਰਾਈਵੇਟ ਬਸਾਂ ਵਾਲੇ ਦੋ ਕਰੋੜ ਰੁਪਏ ਕਿਉਂ ਜਮ੍ਹਾਂ ਕਰਾਉਂਦੇ ਹਨ ਪੰਜਾਬ ਰੋਡਵੇਜ਼ ਵਾਲੇ 7 ਕਰੋੜ ਰੁਪਏ ਕਿਉਂ ਜਮ੍ਹਾਂ ਕਰਾਉਂਦੇ ਹਨ? ਕਦੇ ਇਸ ਨਤੀਜੇ ਤੇ ਪਹੁੰਚੇ ਹੋ? ਇਤਨਾ ਫਰਕ ਟੈਕਸ ਵਿਚ ਕਿਉਂ ਹੈ ਜਦੋਂ ਕਿ 1800 ਬਸਾਂ ਉਨ੍ਹਾਂ ਦੀਆਂ ਹਨ ਅਤੇ 1800 ਬਸਾਂ ਇਨ੍ਹਾਂ ਦੀਆਂ ਹਨ। ਇਸ ਗੈਪ ਨੂੰ ਚੈਕ ਅੱਪ ਕਰਨਾ ਚਾਹੀਦਾ ਹੈ। ਇਹ 5-4 ਕਰੋੜ ਰੁਪਏ ਦਾ ਗੈਪ ਹੈ। ਮੈਂ ਕਹਿੰਦਾ ਹਾਂ ਕਿ ਪ੍ਰਾਈਵੇਟ ਵਾਲੇ ਪੂਰਾ ਪੈਸੰਜਰ ਟੈਕਸ ਜਮ੍ਹਾਂ ਨਹੀਂ ਕਰਾਉਂਦੇ। ਉਨ੍ਹਾਂ ਕੋਲ ਡੁਪਲੀਕੇਟ ਕਾਪੀਆਂ ਰਖੀਆਂ ਹੋਈਆਂ ਹਨ, ਉਹ ਟੈਕਸ ਦੀ ਚੋਰੀ ਕਰਦੇ ਹਨ। ਤੁਸੀਂ ਟਰਾਂਸਪੋਰਟ ਨੈਸ਼ਨਾਲਾਈਜ਼ ਕਰੋ ਜਾਂ ਨਾ ਕਰੋ ਇਹ ਤੁਹਾਡੀ ਮਰਜ਼ੀ ਪਰ ਜਿਹੜਾ ਪੈਸੰਜਰ ਟੈਕਸ ਹੈ ਉਹ ਪੂਰਾ ਗੌਰਮਿੰਟ ਖਜ਼ਾਨੇ ਵਿਚ ਜਮ੍ਹਾਂ ਹੋਣਾ ਚਾਹੀਦਾ ਹੈ। ਪ੍ਰਾਈਵੇਟ ਟਰਾਂਸਪੋਰਟ ਵਾਲੇ ਸਾਡੇ ਟਰੱਸਟੀ ਹਨ। ਜੇ ਉਹ ਡਿਸਟਰੱਸਟ ਕਰਦੇ ਹਨ ਤਾਂ ਉਨ੍ਹਾਂ ਦੇ ਰੂਟ ਕੈਂਸਲ ਕਰੋ ਅਤੇ ਹਰੀਜਨਾਂ ਦੀਆਂ ਕੋਆਪਰੇਟਿਵ ਸੋਸਾਇਟੀਆਂ ਬਣਾ ਕੇ ਉਨ੍ਹਾਂ ਨੂੰ ਰੂਟ ਪਰਮਿਟ ਦਿਓ।

**ਚੌਧਰੀ ਜਗਤ ਰਾਮ** (ਬੰਗਾ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿਤਾ ਹੈ। ਮੈਂ ਕੱਲ ਦਾ ਸ਼ੋਰ ਗੁਲ ਕਰ ਰਿਹਾ ਸੀ। ਡਿਪਟੀ ਸਪੀਕਰ ਸਾਹਿਬ, ਇਹ ਬਿਲ ਬਹੁਤ ਅੱਛਾ ਹੈ ਮੈਂ ਮੁਬਾਰਕਬਾਦ ਦਿੰਦਾ ਹਾਂ। ਗਿਆਨੀ ਜੀ ਦੀ ਸਰਕਾਰ ਨੇ ਲੋਕਾਂ ਨੂੰ ਇਸ ਕਾਬਲ ਕਰ ਦਿੱਤਾ ਹੈ ਕਿ ਉਹ ਕਿਸੇ ਵੀ ਸੂਰਤ ਵਿਚ ਬਿਨਾ ਟਰਾਂਸਪੋਰਟ ਦੇ ਜਾਂ ਬਿਨਾਂ ਸਵਾਰੀ ਦੇ ਸਫਰ ਕਰਨ ਨੂੰ ਤਿਆਰ ਨਹੀਂ। ਜਦੋਂ ਇਹ ਸੋਚ ਸ਼ਕਤੀ ਪਬਲਿਕ ਵਿਚ ਪੈਦਾ ਹੋ ਜਾਵੇ ਤਾਂ ਬਸਾਂ ਬਹੁਤ ਜ਼ਰੂਰੀ ਹੋ ਜਾਂਦੀਆਂ ਹਨ। ਗਿਆਨੀ ਜੀ ਤੁਸੀਂ ਅਨ੍ਹਿਆਂ ਨੂੰ, ਅੰਗ ਹੀਣਾਂ ਨੂੰ ਫਰੀ ਬਸ ਸਫ਼ਰ ਕਰ ਦਿੱਤਾ ਹੈ, ਇਸ ਗਲ ਲਈ ਤੁਸੀਂ ਮੁਬਾਰਕਬਾਦ ਦੇ ਮੁਸਤਹਿਕ ਹੋ। ਮੈਂ ਅਰਜ਼ ਕਰਾਂਗਾ ਕਿ ਜੋ ਰੂਟ

Original with;
Punjab Vidhan Sabha
Digitized by;
Panjab Digital Library

ਵਗੈਰਾ ਦੇਣੇ ਹਨ ਉਹ ਸੋਚ ਸਮਝ ਕੇ ਦਿਤੇ ਜਾਣ। ਜਿਵੇਂ ਸਾਡੀ ਸੈਂਟਰ ਦੀ ਸਰਕਾਰ ਨੇ ਕਾਨੂੰਨ ਵਿਚ ਤਰਮੀਮਾਂ ਕਰ ਦਿੱਤੀਆਂ ਹਨ ਉਸ ਦੇ ਮੁਤਾਬਕ ਇਥੇ ਹੋਵੇ। ਸਾਡੀ ਕੁਝ ਆਦਤ ਬਣ ਚੁਕੀ ਹੈ ਬੋਲਣ ਦੀ, ਜਿਵੇਂ ਚੌਧਰੀ ਦਰਸ਼ਨ ਸਿੰਘ ਜੀ ਬੋਲਦੇ ਹੋਏ ਕਹਿ ਗਏ ਹਨ ਕਿ ਪ੍ਰਾਈਵੇਟ ਬਸਾਂ ਨੂੰ ਲੋਕ ਪਸੰਦ ਕਰਦੇ ਹਨ, ਮੈਂ ਕਹਿੰਦਾ ਹਾਂ ਕਿ ਮੇਰੇ ਆਨਰੇਬਲ ਮੈਂਬਰ ਨੇ ਤਾਂ ਕਦੇ ਵੀ ਪ੍ਰਾਈਵੇਟ ਬਸ ਵਿਚ ਸਫਰ ਨਹੀਂ ਕੀਤਾ ਉਹ ਤੇ ਰੋਡਵੇਜ਼ ਦੀਆਂ ਬਸਾਂ ਤੇ ਸਫ਼ਰ ਕਰਦੇ ਹਨ ਕਿਉਂਕਿ ਉਸ ਵਿਚ ਫਰੀ ਸਫ਼ਰ ਹੁੰਦਾ ਹੈ। ਇਸ ਲਈ ਇਨ੍ਹਾਂ ਨੂੰ ਕੀ ਪਤਾ ਕਿ ਲੋਕ ਪ੍ਰਾਈਵੇਟ ਬਸਾਂ ਵਿਚ ਸਫਰ ਕਰਨਾ ਪਸੰਦ ਕਰਦੇ ਹਨ ਜਾਂ ਰੋਡਵਜ਼ ਦੀਆਂ ਬਸਾਂ ਤੇ। ਮੈਂ ਤੁਹਾਡੇ ਰਾਹੀਂ ਆਪਣੀ ਸਰਕਾਰ ਨੂੰ ਅਰਜ਼ ਕਰਾਂਗਾ ਕਿ ਜੇ ਕੋਈ ਤਰੁਟੀ ਹੈ ਉਸ ਨੂੰ ਦੂਰ ਕਰ ਦਿਤਾ ਜਾਵੇ। ਮੈਂ ਇਕ ਮਿਸਾਲ ਦਿੰਦਾ ਹਾਂ ਕਿ ਇਕ ਸਜਨ ਨੇ ਕਿਸੇ ਮਹਾਪੁਰਸ਼ ਨੂੰ ਪੁਛਿਆ ਸੀ ਕਿ ਕਿਹੜਾ ਕੰਮ ਆਸਾਨ ਹੈ ਅਤੇ ਕਿਹੜਾ ਔਖਾ ਹੈ ਤਾਂ ਉਸ ਨੇ ਕਿਹਾ ਕਿ ਨੁਕਤਾ ਚੀਨੀ ਕਰਨਾ ਆਸਾਨ ਹੈ ਅਤੇ ਅਮਲ ਕਰਨਾ ਬੜਾ ਮੁਸ਼ਕਲ ਹੈ। ਮੈਂ ਸਰਕਾਰ ਨੂੰ ਇਸ ਬਿਲ ਤੇ ਮੁਬਾਰਕਬਾਦ ਦਿੰਦਾ ਹਾਂ ਅਤੇ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹੈ ਕਿ ਤੁਸੀਂ ਬੋਲਣ ਦਾ ਸਮਾਂ ਦਿਤਾ ਹੈ।

**Mr. Deputy Speaker** : Question is—

That the Punjab Passengers and Goods Taxation (Amendment) Bill be taken into consideration at once.

*The motion was carried*

**Mr. Deputy Speaker** : Now the House will proceed to consider the Bill clause by clause,

### CLAUSE 2

**Mr. Deputy Speaker** : Question is—

That Clause 2 stand part of the Bill.

*The motion was carried.*

### CLAUSE 3

**Mr. Deputy Speaker** : Question is—

That Clause 3 stand part of the Bill.

*The motion was carried.*

### CLAUSE 1

**Mr. Deputy Speaker** : Question is—

That Clause 1 stand part of the Bill.

*The motion was carried.*

### TITLE

**Mr. Deputy Speaker** : Question is—

That Title be the Title of the Bill.

*The motion was carried*

Original with;
Punjab Vidhan Sabha
Digitized by;
Panjab Digital Library

**Excise and Taxation Minister** (Shri Yash Pal) : Sir, I beg to move—

That the Punjab Passengers and Goods Taxation (Amendment) Bill be passed.

ਡਿਪਟੀ ਸਪੀਕਰ ਸਾਹਿਬ, ਇਕ ਛੋਟੀ ਜਿਹੀ ਗਲਤਫਹਮੀ ਜੋ ਮੈਂਬਰ ਸਾਹਿਬਾਨ ਦੇ ਮੰਨਾਂ ਵਿਚ ਹੈ ਉਹ ਮੈਂ ਦੂਰ ਕਰ ਦੇਣੀ ਚਾਹੁੰਦਾ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਪ੍ਰਾਈਵੇਟ ਬਸਾਂ ਵਾਲਿਆਂ ਦੀਆਂ ਟੈਕਸ ਦੀ ਚੋਰੀ ਦੀਆਂ ਕਾਫੀ ਸ਼ਿਕਾਇਤਾਂ ਹਨ, ਪਰ ਅਸੀਂ ਚੁਪ ਨਹੀਂ ਬੈਠੇ ਅਸੀਂ ਉਸ ਚੋਰੀ ਦੀ ਰੋਕ ਥਾਮ ਲਈ ਕਾਫ਼ੀ ਕਦਮ ਚੁੱਕੇ ਹਨ ਜਿਨ੍ਹਾਂ ਦਾ ਕਾਫੀ ਅਸਰ ਪਿਆ ਹੈ।

**Mr. Deputy Speaker** : Motion moved—

That the Punjab Passengers and Goods Taxation (Amendment) Bill be passed.

**Mr. Deputy Speaker** : Question is—

That the Punjab Passengers and Goods Taxation (Amendment) Bill be passed.

*The motion was carried.*

## THE EAST PUNJAB MOLASSES (CONTROL) AMENDMENT BILL, 1976

**Excise and Taxation Minister** (Shri Yash Pal) : Sir, I beg to introduce the East Punjab Molasses (Control) Amendment Bill.

Sir, I also move—

That the East Punjab Molasses (Control) Amendment Bill, be taken into consideration at once,

**ਸ੍ਰੀ ਡਿਪਟੀ ਸਪੀਕਰ** : ਤੁਸੀਂ ਪਹਿਲਾਂ ਇੰਟਰੋਡਿਊਸ ਕਰ ਲੈਂਦੇ ਅਤੇ ਬਾਅਦ ਵਿਚ ਮੂਵ ਕਰ ਲੈਂਦੇ।

**ਆਬਕਾਰੀ ਤੇ ਕਰ ਮੰਤਰੀ** : ਦੋਨੋਂ ਚੀਜ਼ਾਂ ਇਕਠੀਆਂ ਵੀ ਹੋ ਸਕਦੀਆਂ ਹਨ। ਇਹ ਬੜਾ ਛੋਟਾ ਜਿਹਾ ਬਿਲ ਹੈ। ਜਿਹੜਾ ਮੋਲੈਸਿਜ਼ ਅਸੀਂ ਮਿੱਲਾਂ ਤੋਂ ਖਰੀਦਦੇ ਹਾਂ ਉਸ ਦੀ ਕੀਮਤ ਅਸੀਂ ਮਿੱਲਾਂ ਨੂੰ ਦੇਂਦੇ ਹਾਂ। ਇਸ ਦੇ ਰਾਹੀਂ ਸਟੋਰੇਜ ਕੈਪੇਸਿਟੀ ਵਧਾਉਣ ਵਾਸਤੇ ਪੈਸੇ ਖਰਚ ਕਰਨ ਲਈ ਅਸੀਂ ਉਨ੍ਹਾਂ ਨੂੰ ਕਹਿ ਰਹੇ ਹਾਂ। ਇਕ ਬੜੀ ਗਲਤ ਗਲ ਚੌਧਰੀ ਦਰਸ਼ਨ ਸਿੰਘ ਨੇ ਕਹੀ ਹੈ ਕਿ ਨਵਾਂ-ਸ਼ਹਿਰ ਦੀ ਸ਼ੂਗਰ ਮਿੱਲ ਦਾ 1 ਕਰੋੜ ਰੁਪਏ ਦਾ ਮੋਲੈਸਿਜ਼ ਬਰਬਾਦ ਹੋਇਆ ਹੈ। ਪੰਜਾਬ ਦੀਆਂ ਸਾਰੀਆਂ ਮਿਲਾਂ ਦੀ ਟੋਟਲ ਪ੍ਰੋਡਕਸ਼ਨ 4,5 ਲੱਖ ਟਨ ਹੈ ਅਤੇ ਅਸੀਂ 1 ਰੁਪਏ ਦੇ ਹਿਸਾਬ ਨਾਲ ਖਰੀਦਦੇ ਹਾਂ। ਫਿਰ 1 ਕਰੋੜ ਰੁਪਏ ਦਾ ਨੁਕਸਾਨ ਕਿਸ ਤਰ੍ਹਾਂ ਹੋਇਆ ?

**Mr. Deputy Speaker** : Motion moved—

That the East Punjab Molasses (Control) Amendment Bill be taken into consideration at once.

**Mr. Deputy Speaker** : Question is—

That the East Punjab Molasses (Control) Amendment Bill be taken into consideration at once.

*The motion was carried.*

Original with;
Punjab Vidhan Sabha
Digitized by;
Panjab Digital Library

**Mr. Deputy Speaker** : Now the House will proceed to consider the Bill Clause by Clause :

CLAUSE 2

**Mr Deputy Speaker** : Question is—

That Clause 2 stand part of the Bill.

*The motion was carried*

CLAUSE 1

**Mr. Deputy Speaker** : Question is—

That Clause 1 stand part of the Bill.

*The motion was carried.*

TITLE

**Mr. Deputy Speaker** : Question is—

That Title be the Title of the Bill.

*The motion was carried.*

**Excise and Taxation Minister** (Shri Yash Pal) : Sir, I beg to move—

That the East Punjab Molasses (Control) Amendment Bill be passed.

**Mr. Deputy Speaker** : Motion moved—

That the East Punjab Molasses (Control) Amendment Bill be passed

**Mr. Deputy Speaker**: Question is—

That the East Punjab Molasses (Control) Amendment Bill be passed.

*The motion was carried.*

## THE PUNJAB GENERAL SALES TAX (SECOND AMENDMENT) BILL, 1976

**Excise and Taxation Minister** (Shri Yash Pal) : Sir, I beg to introduce the Punjab General Sales Tax (Second Amendment) Bill.

Sir, I also beg to move—

That the Punjab General Sales Tax (Second Amendment) Bill be taken into consideration at once.

**Mr. Deputy Speaker** : Motion moved—

That the Punjab General Sales Tax (Second Amendment) Bill be taken into consideration at once.

**Mr. Deputy Speaker** : Question is—

That the Punjab General Sales Tax (Second Amendment) bill be taken into consideration at once.

*The motion was carried.*

Original with;
Punjab Vidhan Sabha
Digitized by;
Panjab Digital Library

**Mr. Deputy Speaker :** Now the House will proceed to consider the Bill clause by clause.

Sub-clause (2) of clause 1, clause 2, clause 3, clause 4, Sub clause (1) of clause 1.

**Mr. Deputy Speaker :** Question is—

That Sub-clause (2) of Clause 1, Clause 2, Clause 3, Clause 4 , and Sub-clause (1) of Clause 1 stand part of the Bill.

*The motion was carried*

TITLE

**Mr. Deputy Speaker :** Question is—

That Title be the Title of the Bill.

*The motion was carried*

**Excise and Taxation Minister** (Shri Yash Pal) :Sir, I beg to move—

That the Punjab General Sales Tax (Second Amendment) Bill be passed.

**Mr. Deputy Speaker :** Motion moved—

That the Punjab General Sales Tax (Second Amendment) Bill be passed.

**Mr. Deputy Speaker :** Question is—

That the Punjab General Sales Tax (Second Amendment) Bill be passed.

*The motion was carried*

---

## PERSONAL EXPLANATION

**ਚੌਧਰੀ ਦਰਸ਼ਨ ਸਿੰਘ** : ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ । ਡਿਪਟੀ ਸਪੀਕਰ ਸਾਹਿਬ, ਮੈਂ ਆਪਣੀ ਸਪੀਚ ਵਿਚ ਕਿਹਾ ਸੀ ਕਿ ਸ਼ੀਰਾ ਇਤਨੀ ਮਾਲੀਅਤ ਦਾ ਤਕਰੀਬਨ ਜ਼ਾਇਆ ਹੋਇਆ ਹੈ । ਯਸ਼ ਜੀ ਨੇ ਇਸ ਗਲ ਨੂੰ ਤਾਂ ਕਨਸੀਡ ਕਰ ਲਿਆ ਹੈ ਪਰ ਮਾਲੀਅਤ ਤੇ ਡਿਫਰ ਕੀਤਾ ਹੈ । ਇਨ੍ਹਾਂ ਨੇ ਕਿਹਾ ਹੈ ਕਿ ਚਾਰ ਪੰਜ ਲੱਖ ਦਾ ਸ਼ੀਰਾ ਜ਼ਾਇਆ ਹੋਇਆ ਹੈ । ਜੇ ਉਹ ਮਿੱਲ ਵਾਲੇ ਡਿਸਟਲਿਰੀ ਨੂੰ ਵੇਚਦੇ ਹਨ ਤਾਂ 1 ਰੁਪਏ ਕਵਿੰਟਲ ਦੇ ਹਿਸਾਬ ਨਾਲ ਵੇਚਦੇ ਹਨ ਅਤੇ ਜੇ ਮਾਰਕੀਟ ਵਿਚ ਵੇਚਦੇ ਹਨ ਤਾਂ 22 ਰੁਪਏ ਕੁਵਿੰਟਲ ਦੇ ਹਿਸਾਬ ਨਾਲ ਵੇਚਦੇ ਹਨ । ਢਾਈ ਮਹੀਨੇ ਦੀ ਡਿਲੇ ਹੋਈ ਅਤੇ ਮਾਰਕਿਟ ਵਿਚ ਵੇਚਣ ਦਾ ਫੈਸਲਾ ਸਰਕਾਰ ਨੇ ਨਾ ਦਿੱਤਾ । ਇਸ ਹਿਸਾਬ ਨਾਲ ਆਪ ਹੀ ਅੰਦਾਜ਼ਾ ਲਾ ਲਓ ਕਿ ਕਿਤਨੇ ਦਾ ਨੁਕਸਾਨ ਹੋਇਆ ਹੈ ।

**ਆਬਕਾਰੀ ਤੇ ਕਰ ਮੰਤਰੀ** : ਸ਼ੀਰੇ ਦੀ ਕੀਮਤ ਗੌਰਮਿੰਟ ਮੁਕਰਰ ਕਰਦੀ ਹੈ । ਇਹ 1 ਰੁਪਿਆ ਕੁਇੰਟਲ ਹੈ । ਪੰਜਾਬ ਦੀਆਂ ਸਾਰੀਆਂ 6 ਮਿਲਾਂ ਦੀ ਟੋਟਲ ਸ਼ੀਰੇ ਦੀ ਪ੍ਰੋਡਕਸ਼ਨ ਆਮ ਤੌਰ ਤੇ 3 ਲੱਖ ਕੁਇੰਟਲ ਹੁੰਦੀ ਹੈ । ਇਸ ਸਾਲ ਇਹ ਜ਼ਿਆਦਾ ਹੋ ਗਈ ਹੈ । ਅਸੀਂ ਮਿੱਲਾਂ ਨੂੰ ਇਜਾਜ਼ਤ ਦੇ ਦਿਤੀ ਸੀ ਕਿ ਉਹ ਜਿਸ ਤਰੀਕੇ ਨਾਲ ਡਿਸਪੋਜ਼ਲ ਕਰਨਾ ਚਾਹੁੰਣ, ਵੇਚ ਸਕਦੇ

Original with;
Punjab Vidhan Sabha
Digitized by;
Panjab Digital Library

ਹਨ । ਜਿਸ ਦਿਨ ਸਾਡੇ ਕੋਲ ਇਹ ਸ਼ਿਕਾਇਤ ਆਈ ਸੀ ਕਿ ਉਨ੍ਹਾਂ ਕੋਲ ਸ਼ੀਰਾ ਜ਼ਿਆਦਾ ਹੋ ਗਿਆ ਹੈ, ਪੰਜਾਬ ਗੌਰਮਿੰਟ ਨੇ ਉਸੇ ਦਿਨ ਇਹ ਵੇਚਣ ਦੀ ਇਜਾਜ਼ਤ ਦੇ ਦਿਤੀ ਸੀ। ਚੀਫ਼ ਮਨਿਸਟਰ ਸਾਹਿਬ ਨੇ ਖਾਸ ਤੌਰ ਤੇ ਇਸ ਬਾਰੇ ਧਿਆਨ ਦੇ ਕੇ, ਦਿਲਚਸਪੀ ਲੈ ਕੇ ਉਸੇ ਦਿਨ ਹੀ ਆਰਡਰ ਇਸ਼ੂ ਕਰ ਦਿਤੇ ਸਨ। ਨਵਾਂ ਸ਼ਹਿਰ ਸ਼ੂਗਰ ਮਿਲ ਵਾਲੇ ਕਈ ਮਹੀਨੇ ਇਸ ਨੂੰ ਡਿਸਪੋਜ਼ ਆਫ ਨਹੀਂ ਕਰ ਸਕੇ। ਇਸ ਦਾ ਮਤਲਬ ਇਹ ਨਹੀਂ ਕਿ ਕਰੋੜ ਰੁਪਏ ਦਾ ਸ਼ੀਰਾ ਖ਼ਰਾਬ ਹੋਇਆ ਹੈ। ਸ਼ੀਰੇ ਦੀ ਟੋਟਲ ਪ੍ਰੋਡਕਸ਼ਨ ਗੌਰਮਿੰਟ ਦੀ ਕੀਮਤ ਦੇ ਹਿਸਾਬ ਨਾਲ ਚਾਰ ਪੰਜ ਲਖ ਰੁਪਏ ਦੀ ਬਣਦੀ ਹੈ।

## THE PUNJAB WHEELED VEHICLES (LIGHTS) BILL, 1976

**Minister of State for Transport and Civil Aviation** (Shri Dilbagh Singh Daleke) : Sir, I beg to introduce the Punjab Wheeled Vehicles (Lights) Bill,

**Sir,** I also beg to move—

That the Punjab Wheeled Vehicles (Lights) Bill be taken into consideration at once.

**Mr. Deputy Speaker** Motion moved—

That the Punjab Wheeled Vehicles (Lights) Bill be taken into consideration at once.

**Mr. Deputy Speaker** : Question is—

That the Punjab Wheeled Vehicles (Lights) Bill be taken into consideration at once.

*The motion was carried*

**Mr. Deputy Speaker** : Now the House will proceed to consider the Bill clause by Clause.

CLAUES 2 & 3.

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਡਿਪਟੀ ਸਪੀਕਰ ਸਾਹਿਬ, ਇਹ ਬਿਲ ਬੜਾ ਸ਼ਲਾਘਾ ਯੋਗ ਹੈ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਕਨੇਡੀਅਨ ਸਾਹਿਬ ਕਿਹੜੀ ਕਲਾਜ਼ ਤੇ ਬੋਲਣਾ ਹੈ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਮੈਂ ਡਿਪਟੀ ਸਪੀਕਰ ਸਾਹਿਬ, ਕਲਾਜ਼ ਨੰ: 4 ਤੇ ਬੋਲਣਾ ਹੈ।

**ਸ੍ਰੀ ਡਿਪਟੀ ਸਪੀਕਰ** : ਕਨੇਡੀਅਨ ਸਾਹਿਬ, ਜਦੋਂ ਕਲਾਜ਼ 4 ਸਦਨ ਦੇ ਸਾਹਮਣੇ ਪੇਸ਼ ਹੋਵੇਗੀ ਤੁਸੀਂ ਉਸ ਵਕਤ ਬੋਲ ਲੈਣਾ।

**Mr. Deputy Speaker** : Question is—

That Clauses 2 and 3 stand part of the Bill.

*The motion was carried*

Original with;
Punjab Vidhan Sabha
Digitized by;
Panjab Digital Library

CLAUSE 4

**Mr. Deputy Speaker** : There is a notice of amendment to this Clause by Comrade Darshan Singh Canadian.

**Comrade Darshan Singh Canadian** : Sir, I beg to move—

> In clause 4, line 2, for the words "Punishable with fine which may extend to two hundred and fifty rupees" **substitute** "punishable with fine which may extend to fifty rupees."

ਡਿਪਟੀ ਸਪੀਕਰ ਸਾਹਿਬ, ਇਹ ਬਿਲ ਸਮੁੱਚੇ ਤੌਰ ਤੇ ਅੱਛਾ ਹੈ ਔਰ ਮੈਂ ਬੜਾ ਧੰਨਵਾਦੀ ਹਾਂ, ਮੈਂ ਇਹ ਅਮੈਂਡਮੈਂਟ ਇਸ ਕਰਕੇ ਪੇਸ਼ ਕੀਤੀ ਹੈ ਕਿਉਂਕਿ ਇਸ ਬਿਲ ਦੀ ਬੜੀ ਵੱਡੀ ਲੋੜ ਸੀ । ਰਾਤ ਨੂੰ ਗੱਡੀਆਂ, ਰਿਕਸ਼ੇ, ਸਾਈਕਲ ਆਦਿ ਲਾਈਟਾਂ ਤੋਂ ਬਗੈਰ ਚਲਦੇ ਸਨ । ਫਿਰ ਲਾਜ਼ਮੀ ਤੌਰ ਤੇ ਮਾਲੀ ਅਤੇ ਜਾਨੀ ਨੁਕਸਾਨ ਹੁੰਦਾ ਹੈ । ਇਸ ਲਈ ਬੜੀ ਅੱਛੀ ਗੱਲ ਹੈ ਕਿ ਇਹ ਬਿਲ ਲਿਆਏ ਹਨ । ਲੇਕਿਨ ਇਸ ਦੇ ਵਿਚ ਇਹ ਰੱਖਿਆ ਹੈ ਕਿ ਬਗੈਰ ਲਾਈਟ ਤੋਂ, ਅਗਰ ਕੋਈ ਬਾਈਸਿਕਲ, ਰਿਕਸ਼ਾ, ਗੱਡਾ ਅਤੇ ਹੋਰ ਜਿਹੜੀਆਂ ਚੀਜ਼ਾਂ ਸੜਕਾਂ ਤੇ ਵੱਗਦੀਆਂ ਹਨ, ਹੋਵੇ ਤਾਂ ਉਸ ਤੇ 250 ਰੁਪਏ ਤਕ ਜੁਰਮਾਨਾ ਕੀਤਾ ਜਾ ਸਕਦਾ ਹੈ । ਮੈਂ ਸਮਝਦਾ ਹਾਂ ਕਿ ਇਹ ਰਕਮ ਬਹੁਤ ਜ਼ਿਆਦਾ ਰੱਖ ਦਿਤੀ ਹੈ । ਮੇਰੀ ਰਾਏ ਹੈ ਕਿ ਇਹ ਜੁਰਮਾਨਾ ਕਿਸੇ ਵੀ ਸੂਰਤ ਵਿਚ 50 ਰੁਪਏ ਤੋਂ ਵੱਧ ਬਾਈਸਿਕਲ, ਰਿਕਸ਼ਾ ਜਾਂ ਗੱਡੇ ਵਾਲੇ ਲਈ ਨਹੀਂ ਹੋਣਾ ਚਾਹੀਦਾ । ਅਸੀਂ ਤਾਂ ਉਨ੍ਹਾਂ ਨੂੰ ਡਰਾ ਕੇ ਦਰੁਸਤੀ ਵਲ ਲਿਆਉਣਾ ਹੈ । ਪਰ ਜੇ ਕਿਤੇ ਕੋਈ ਸਾਈਕਲ ਵਾਲਾ ਜਾਂ ਗੱਡੇ ਵਾਲਾ ਅੜਿਕੇ ਆ ਜਾਏ ਤਾਂ 250 ਰੁਪਏ ਉਸ ਨੂੰ ਜੁਰਮਾਨਾ ਦੇਣਾ ਪੈ ਜਾਏ ਤਾਂ ਬੜਾ ਮੁਸ਼ਕਲ ਹੈ । ਉਹ ਫਿਰ ਵੈਸੇ ਵੀ 20, 25 ਰੁਪਏ ਦੇ ਕੇ ਆਪਣੀ ਜਾਨ ਛਡਾ ਲੈਣਗੇ । ਸਾਈਕਲ ਲਈ ਤਾਂ 5 ਰੁਪਏ ਫਾਈਨ ਹੋਣਾ ਚਾਹੀਦਾ ਹੈ । ਬਾਕੀਆਂ ਦੇ ਵਾਸਤੇ 50 ਰੁਪਏ ਰੱਖਣਾ ਚਾਹੀਦਾ ਹੈ । ਲੋਕਾਂ ਨੂੰ ਐਜੂਕੇਟ ਕਰਨਾ ਪੈਣਾ ਹੈ । ਡਰ ਪੈਦਾ ਕਰਨ ਲਈ ਤਾਂ 50 ਰੁਪਏ ਜੁਰਮਾਨਾ ਵੀ ਕਾਫੀ ਹੈ । ਇਹ ਮੇਰੀ ਅਮੈਂਡਮੈਂਟ ਹੈ ।

**Mr. Deputy Speaker** : Motion moved—

> In clause 4, line 2, for the words "Punishable with fine which may extend to two hundred and fifty rupees" **substitute** "punishable with fine which may extend to fifty rupees."

**ਰਾਜ ਮੰਤਰੀ, ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ** (ਸਰਦਾਰ ਦਿਲਬਾਗ ਸਿੰਘ ਡਾਲੇਕੇ): ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਐਕਸੀਡੈਂਟ ਜਦੋਂ ਹੁੰਦੇ ਹਨ ਤਾਂ ਉਸ ਵੇਲੇ ਇਥੇ ਹਾਊਸ ਵਿਚ ਵੀ ਅਤੇ ਬਾਹਰ ਵੀ ਕਾਫੀ ਚਰਚਾ ਹੁੰਦੀ ਹੈ ਅਤੇ ਕਿਹਾ ਜਾਂਦਾ ਹੈ ਕਿ ਐਕਸੀਡੈਂਟ ਘਟਣੇ ਚਾਹੀਦੇ ਹਨ। ਕੈਬਨਿਟ ਨੇ ਇਕ ਸਬ-ਕਮੇਟੀ ਵੀ ਬਣਾਈ ਹੈ ਜਿਸ ਦੇ ਵਿਚ ਇਹ ਤਜਵੀਜ਼ਾਂ ਪੇਸ਼ ਕਰਨੀਆਂ ਹਨ ਕਿ ਐਕਸੀਡੈਂਟ ਕਿਸ ਤਰ੍ਹਾਂ ਘਟਾਏ ਜਾ ਸਕਦੇ ਹਨ । ਸਾਰੇ ਜਾਣਦੇ ਹਨ ਕਿ ਅਗਰ ਰਾਤ ਸਮੇਂ ਦੋ ਗੱਡੀਆਂ ਸਾਹਮਣੇ ਆਉਂਦੀਆਂ ਹਨ ਤਾਂ ਉਨ੍ਹਾਂ ਦੇ ਦਰਮਿਆਨ ਕੋਈ ਚਮਕਦੀ ਚੀਜ਼ ਨਾ ਹੋਵੇ ਤਾਂ ਬੜੇ ਵੱਡੇ ਵੱਡੇ ਐਕਸੀਡੈਂਟ ਹੋ ਜਾਂਦੇ ਹਨ । ਇਹ ਠੀਕ ਹੈ ਕਿ ਜਦੋਂ ਵੀ ਰਾਤ ਨੂੰ ਕੋਈ ਚੀਜ਼ ਸੜਕ ਤੇ ਆਵੇ ਜਿਸ ਨੂੰ ਪਹੀਆ ਲਗਿਆ ਹੋਵੇ, ਉਸਦੇ ਨਾਲ ਚਮਕਦੀ ਚੀਜ਼ ਜ਼ਰੂਰ ਲੱਗੀ ਹੋਵੇ, ਭਾਵੇਂ ਉਹ ਰਿਫਲੈਕਟਰ ਹੋਵੇ, ਭਾਵੇਂ ਲਾਲਟੈਨ ਹੋਵੇ । ਇਸ ਤੋਂ ਇਹ ਪਤਾ ਲਗੇ ਕਿ ਕੋਈ ਚੀਜ਼ ਜਾ ਰਹੀ ਹੈ ।

Original with;
Punjab Vidhan Sabha
Digitized by;
Panjab Digital Library

ਇਸ ਲਈ ਮੈਂ ਸਮਝਦਾ ਹਾਂ ਕਿ ਜੇ ਅਸੀਂ ਇਹ 250 ਰੁਪਏ ਦਾ ਜੁਰਮਾਨਾ ਘੱਟ ਕਰ ਦਿਤਾ ਤਾਂ ਲੋਕਾਂ ਨੇ ਇਸ ਚੀਜ਼ ਤੇ ਅਮਲ ਨਹੀਂ ਕਰਨਾ। 250 ਰੁਪਏ ਤਾਂ ਵੱਧ ਤੋਂ ਵੱਧ ਰਖਿਆ ਗਿਆ ਹੈ ਅਤੇ ਇਹ ਕੋਈ ਜ਼ਰੂਰੀ ਨਹੀਂ ਕਿ ਸਾਈਕਲ ਵਾਲੇ ਨੂੰ 250 ਰੁਪਏ ਹੀ ਜੁਰਮਾਨਾ ਹੋਣਾ ਹੈ, ਘੱਟ ਵੀ ਹੋ ਸਕਦਾ ਹੈ, 250 ਰੁਪਏ ਤਾਂ ਵੱਧ ਤੋਂ ਵੱਧ ਹੈ। ਇਹ ਸੱਜਣ ਐਕਸੀਡੈਂਟ ਦੇ ਖਿਲਾਫ ਸਭ ਤੋਂ ਜ਼ਿਆਦਾ ਸ਼ੋਰ ਮਚਾਉਂਦੇ ਹਨ, ਇਸ ਕਰਕੇ ਮੈਂ ਇਹ ਕਹਾਂਗਾ ਕਿ ਇਨ੍ਹਾਂ ਨੂੰ ਇਹ ਅਮੈਂਡਮੈਂਟ ਵਾਪਿਸ ਲੈਣੀ ਚਾਹੀਦੀ ਹੈ।

**Mr. Deputy Speaker** : Question is—

In clause 4, line 2, **for** the words "Punishable with fine which may extend to two hundred and fifty rupees" **substitute** "punishable with fine which may extend to fifty rupees."

*(After taking the sense of the House by voice, Mr. Deputy Speaker said "I think Noes have it." This opinion was challenged The bells were sounded. The question was put again and the motion was declared lost.)*

*The motion was lost.*

**Mr. Deputy Speaker** : Question is—

That Clause 4 stand part of the Bill.

*The motion was carried.*

CLAUSE 5, CLAUSE 6 and CLAUSE 1

**Mr. Deputy Speaker** : Question is—

That Clause 5, Clause 6 and Clause 1 stand part of the Bill.

*The motion was carried.*

TITLE

**Mr. Deputy Speaker** : Question is—

That Title be the Title of the Bill.

*The motion was carried.*

**Minister of State for Transport and Civil Aviation** (Sardar Dilbagh Singh Daleke) : Sir, I beg to move—

That the Punjab Wheeled Vehicles (Lights) Bill be passed.

**Mr. Deputy Speaker** : Motion moved—

That the Punjab Wheeled Vehicles (Lights) Bill be passed.

**Mr. Deputy Speaker** : Question is—

That the Punjab Wheeled Vehicles (Lights) Bill be passed.

*The motion was carried.*

Original with;
Punjab Vidhan Sabha
Digitized by;
Panjab Digital Library

## THE PUNJAB HOMOEOPATHIC PRACTITIONERS (AMENDMENT) BILL, 1976.

**Minister of State for Health and Family Planning** (Sardar Balbir Singh) : Sir, I beg to introduce the Punjab Homoeopathic Practitioners (Amendment) Bill.

Sir, I also beg to move—

> That the Punjab Homoeopathic Practitioners (Amendment) Bill be taken into consideration at once.

**Mr. Deputy Speaker** : Motion moved—

> That the Punjab Homoeopathic Practitioners (Amendment) Bill be taken into consideration at once.

**Mr. Deputy Speaker** : Question is—

> That the Punjab Homoeopathic Practitioners (Amendment) Bill be taken into consideration at once.

*The motion was carried.*

**Mr. Deputy Speaker** : Now the House will proceed to consider the Bill Clause by Clause.

### SUB-CLAUSE (2) OF CLAUSE 1

**Mr. Deputy Speaker** : Question is—

> That Sub-clause (2) of Clause 1 stand part of the Bill.

*The Motion was carried.*

### CLAUSES 2, 3, 4, 5, 6 AND SUB-CLAUSE (1) OF CLAUSE 1

**Mr. Deputy Speaker** : Question is—

> That Clauses 2, 3, 4, 5, 6 and Sub-clause (1) of Clause 1 stand part of the Bill.

*The motion was carried.*

### TITLE

**Mr. Deputy Speaker** : Question is—

> That Title be the Title of the Bill.

*The motion was carried.*

**Minister of State for Health and Family Planning** (Sardar Balbir Singh) : Sir, I beg to move—

> That the Punjab Homoeopathic Practitioners (Amendment) Bill be passed.

**Mr. Deputy Speaker** : Motion moved—

> That the Punjab Homoeopathic Practitioners (Amendment) Bill be passed.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਰਦਾਰੀ ਲਾਲ ਕਪੂਰ** (ਲੁਧਿਆਣਾ ਉੱਤਰ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਪੇਸ਼ ਕੀਤਾ ਗਿਆ ਹੈ, ਇਹ ਚੰਗੀ ਗਲ ਹੈ। ਮੈਂ ਤਾਂ ਇਕੋ ਹੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਦਿਨਾਂ ਵਿਚ ਅਜਿਹੇ ਆਦਮੀ ਰਜਿਸਟਰ ਹੋਏ ਹਨ, ਜਿਹੜੇ ਕਿ ਕੁਐਕਸ ਹਨ। ਕਿਤਿਓਂ ਸਰਟੀਫਿਕੇਟ ਲੈ ਆਂਦਾ ਅਤੇ ਹੋਮਿਓਪੈਥਿਕ ਡਾਕਟਰ ਵਾਸਤੇ ਰਜਿਸਟਰੇਸ਼ਨ ਕਰਾ ਲਈ ਅਤੇ ਡਾਕਟਰ ਬਣ ਬੈਠੇ। ਉਨ੍ਹਾਂ ਡਾਕਟਰਾਂ ਨੂੰ ਨਾ ਮੈਡੀਸਨਜ਼ ਦਾ ਪਤਾ ਹੈ ਅਤੇ ਨਾ ਬਿਮਾਰੀ ਦਾ ਪਤਾ ਲਗਦਾ ਹੈ। ਇਸ ਕਰਕੇ ਇਸ ਚੀਜ਼ ਨੂੰ ਮਨਿਸਟਰ ਸਾਹਿਬ ਨੂੰ ਪੂਰੀ ਤਰਾਂ ਜਾਂਚ ਲੈਣਾ ਚਾਹੀਦਾ ਹੈ ਅਤੇ ਇਸ ਗੱਲ ਲਈ ਪ੍ਰਬੰਧ ਕਰਨਾ ਚਾਹੀਦਾ ਹੈ ਕਿ ਕੋਈ ਆਦਮੀ ਜਿਸ ਨੂੰ ਕਿ ਹੋਮਿਓਪੈਥਿਕ ਇਲਾਜ ਬਾਰੇ ਪਤਾ ਨਾ ਹੋਵੇ ਉਹ ਰਜਿਸਟਰ ਨਾ ਹੋਵੇ। ਇਸ ਦੇ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਲੋਕ ਇਹ ਸਮਝਦੇ ਹਨ ਕਿ ਹੋਮਿਓਪੈਥਿਕ ਇਲਾਜ ਬਿਲਕੁਲ ਬੇ—ਜ਼ਰਰ ਹੈ, ਪਰ ਮੈਂ ਕਹਿੰਦਾ ਹਾਂ ਕਿ ਕਈ ਦਫਾ ਇਸ ਦੀ ਦਵਾਈ ਐਸੀ ਪੁੱਠੀ ਲਗਦੀ ਹੈ ਕਿ ਕਾਫੀ ਨੁਕਸਾਨ ਵੀ ਹੋ ਸਕਦਾ ਹੈ। ਇਸ ਕਰਕੇ ਜਿਸ ਆਦਮੀ ਨੂੰ ਇਸ ਸਾਇੰਸ ਦਾ ਪਤਾ ਨਾ ਹੋਵੇ, ਦਵਾਈ ਦਾ ਪਤਾ ਨਾ ਹੋਵੇ, ਤਾਂ ਕੰਮ ਗਲਤ ਵੀ ਹੋ ਸਕਦਾ ਹੈ। ਇਸ ਕਰਕੇ ਮਿਹਰਬਾਨੀ ਕਰਕੇ ਸਰਕਾਰ ਇਸ ਪਾਸੇ ਧਿਆਨ ਦੇਵੇ ਅਤੇ ਜਿਹੜੇ ਕੁਆਲੀਫਾਈਡ ਬੰਦੇ ਨਾ ਹੋਣ ਉਨ੍ਹਾਂ ਦੀ ਰਜਿਸਟਰੇਸ਼ਨ ਨਾ ਕੀਤੀ ਜਾਵੇ ਅਤੇ ਕੁਆਲੀਫਿਕੇਸ਼ਨਜ਼ ਨੂੰ ਜਾਂਚਣ ਵਾਸਤੇ ਕੋਈ ਪ੍ਰਬੰਧ ਕਰਨਾ ਚਾਹੀਦਾ ਹੈ, ਕਿਉਂਕਿ ਕਿਤਾਬਾਂ ਪੜ੍ਹ ਕੇ ਹੀ ਲੋਕ ਰਜਿਸਟਰ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਸਰਟੀਫਿਕੇਟ ਮਿਲ ਜਾਂਦਾ ਹੈ, ਕਈ ਲੋਕ ਇਮਤਿਹਾਨ ਵਗੈਰਾ ਤਾਂ ਦਿੰਦੇ ਨਹੀਂ। ਇਸ ਕਰਕੇ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

**ਡਾਕਟਰ ਹਰਭਜਨ ਸਿਘ** (ਆਦਮਪੁਰ): ਡਿਪਟੀ ਸਪੀਕਰ ਸਾਹਿਬ, ਹੋਮਿਓਪੈਥਿਕ ਦਾ ਜਿਹੜਾ ਇਲਾਜ ਹੈ, ਇਸ ਦੇ ਵਿਚ ਕੁਆਲੀਫਿਕੇਸ਼ਨਜ਼ ਦੀ ਕੋਈ ਲੋੜ ਨਹੀਂ ਅਤੇ ਕਿਤਾਬਾਂ ਤੋਂ ਪੜ੍ਹ ਕੇ ਸਿੰਪਟਮਜ਼ ਨੂੰ ਦੇਖ ਕੇ ਇਲਾਜ ਕੀਤਾ ਜਾਂਦਾ ਹੈ। ਇਹ ਬੇ—ਜ਼ਰਰ ,ਇਲਾਜ ਹੈ। ਇਸ ਦੀਆਂ ਦਵਾਈਆਂ ਪ੍ਰੈਸਕਰਾਈਬਡ ਹਨ, ਨਾ ਨੁਕਸਾਨ ਕਰਦੀਆਂ ਹਨ ਅਤੇ ਇਹ ਬਿਲਕੁਲ ਬੇ—ਜ਼ਰਰ ਇਲਾਜ ਹੈ ਅਤੇ ਕਪੂਰ ਸਾਹਿਬ ਨੂੰ ਇਸ ਬਾਰੇ ਭੁਲੇਖਾ ਹੈ ਕਿ ਇਹ ਇਲਾਜ ਨੁਕਸਾਨ ਦੇਹ ਵੀ ਹੋ ਸਕਦਾ ਹੈ।

**ਚੌਧਰੀ ਕਾਂਸ਼ੀ ਰਾਮ** (ਫਾਜ਼ਿਲਕਾ): ਕਪੂਰ ਸਾਹਿਬ ਨੇ ਜੋ ਖਦਸ਼ਾ ਜ਼ਾਹਿਰ ਕੀਤਾ ਹੈ, ਉਹ ਬਿਲਕੁਲ ਠੀਕ ਹੈ। 4-4, 6-6 ਜਮਾਤਾਂ ਪੜ੍ਹੇ ਹੋਏ ਲੋਕ ਸਰਟੀਫਿਕੇਟ ਲੈ ਲਿਆ ਕਰਨਗੇ ਅਤੇ ਬੰਦਿਆਂ ਨੂੰ ਮਾਰਿਆ ਕਰਨਗੇ। (ਵਿਘਨ) ਇਹ ਸਹੀ ਬਾਤ ਹੈ ਅਤੇ ਇਸ ਵਿਚ ਸ਼ੱਕ ਦੀ ਗੁੰਜਾਇਸ਼ ਨਹੀਂ ਹੈ ਕੋਈ ਕੁਆਲੀਫਿਕੇਸ਼ਨ ਨਹੀਂ, ਕੋਈ ਗੱਲ ਨਹੀਂ, ਕੋਈ ਤਜ਼ਰਬਾ ਨਹੀਂ, ਉਹ ਕੀ ਲੋਕਾਂ ਦਾ ਇਲਾਜ ਕਰਨਗੇ? ਇਸ ਗਲ ਤੇ ਕੋਈ ਰੋਕ ਹੋਣੀ ਚਾਹੀਦਾ ਹੈ, ਜਿਸ ਬਾਰੇ ਇਸ ਬਿਲ ਵਿਚ ਕੋਈ ਪ੍ਰੋਵੀਜ਼ਨ ਨਹੀਂ ਹੈ। ਹੋਮਿਓਪੈਥਿਕ ਵਾਲੇ ਐਲੋਪੈਥਿਕ ਦੀਆਂ ਦਵਾਈਆਂ ਅਤੇ ਆਯੁਰਵੈਦਿਕ ਦੀਆਂ ਵੀ ਦਵਾਈਆਂ ਵੇਚਦੇ ਹਨ। ਇਸ ਗਲ ਨੂੰ ਚੈਕ ਕਰਨ ਵਾਸਤੇ ਕੋਈ ਪ੍ਰੋਵੀਜ਼ਨ ਇਸ ਵਿਚ ਨਹੀਂ ਹੈ। ਕਮ—ਅਜ਼—ਕਮ ਇਸ ਗਲ ਤੇ ਚੈਕ ਤਾਂ ਹੋਣਾ ਚਾਹੀਦਾ ਹੈ। How many people can recognise the symptoms. ਇਹ ਅਕਲ ਲੋਕਾਂ ਦੇ ਵਿਚ ਆਈ ਨਹੀਂ। ਇਸ ਕਰਕੇ ਇਹ ਗਲ ਠੀਕ ਨਹੀਂ ਕਿ ਸਰਟੀਫਿਕੇਟ ਲੈ ਲਿਆ ਅਤੇ ਦਵਾਈਆਂ ਵੇਚਣੀਆਂ ਸ਼ੁਰੂ ਕਰ ਦਿਤੀਆਂ। ਮੈਂ ਨਹੀਂ ਸਮਝਦ ਕਿ ਇਹ ਗੱਲ ਠੀਕ ਹੈ।

**ਸ਼੍ਰੀ ਡਿਪਟੀ ਸਪੀਕਰ**: ਡਾਕਟਰ ਹਰਭਜਨ ਸਿੰਘ, ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ।

**ਡਾਕਟਰ ਹਰਭਜਨ ਸਿੰਘ**: ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਸਿੰਪਟਮਜ਼ ਦੇ ਮਾਇਨਿਆਂ ਦਾ ਹੀ ਪਤਾ ਨਹੀਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ It is quite a different science.

Original with;
Punjab Vidhan Sabha
Digitized by;
Panjab Digital Library

**Captain Rattan Singh** : The hon. Members have not been easily permitted to raise the Point of Personal Explanation.

**ਡਾਕਟਰ ਹਰਭਜਨ ਸਿੰਘ** : ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਹੋਮਿਓਪੈਥਿਕ ਦਵਾਈਆਂ ਨਾਲ ਨੁਕਸਾਨ ਹੁੰਦਾ ਹੈ। ਪਰ ਮੈਂ ਕਹਿੰਦਾ ਹਾਂ ਕਿ ਅਗਰ ਇਕ ਦਵਾਈ ਸੰਗਤਰੇ ਦਾ ਜੂਸ ਲੈ ਕੇ ਬਣਾਈ ਗਈ ਹੈ ਅਤੇ ਉਸ ਵਿਚ 17 ਕਤਰੇ ਅਲਕੋਹਲ ਦੇ ਪਾ ਦਿਤੇ ਹਨ ਤਾਂ ਇਸ ਨਾਲ ਕੀ ਨੁਕਸਾਨ ਹੋ ਸਕਦਾ ਹੈ ?

**ਸ੍ਰੀ ਪ੍ਰੇਮ ਗੁਪਤਾ** (ਪਟਿਆਲਾ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਹੈ ਇਸ ਵਿਚ ਖਾਸ ਕਰਕੇ 2 ਗਲਾਂ ਦਾ ਜ਼ਿਕਰ ਕੀਤਾ ਗਿਆ ਹੈ । ਇਕ ਤਾਂ ਇਹ ਕਿ ਜਿਹੜੀ ਹੋਮਿਓਪੈਥਿਕ ਕੌਂਸਿਲ ਬਣੀ ਸੀ ਜਿਸ ਨੇ ਨਵੇਂ ਡਾਕਟਰ ਰਜਿਸਟਰ ਕੀਤੇ ਦੋ ਸਾਲਾਂ ਤੋਂ ਬਾਅਦ ਉਸ ਕੌਂਸਿਲ ਦੇ ਇਲੈਕਸ਼ਨ ਕਰਵਾਏ ਜਾਣ। ਜਿਹੜੇ ਇਸ ਵੇਲੇ ਹੋਮਿਓਪੈਥਿਕ ਡਾਕਟਰ ਮਿਲਦੇ ਹਨ ਉਨ੍ਹਾਂ ਦੀ ਬੜੀ ਦੇਰ ਤੋਂ ਇਹ ਮੰਗ ਰਹੀ ਹੈ ਕਿ ਕੌਂਸਿਲ ਦੇ ਇਲੈਕਸ਼ਨ ਕਰਵਾਏ ਜਾਣ ਪਰ ਕਿਸੇ ਨਾ ਕਿਸੇ ਅੜਚਨ ਹੋਣ ਕਰਕੇ ਇਹ ਨਾ ਹੋ ਸਕੇ । ਪਰ ਹੁਣ ਇਸ ਅੜਚਨ ਨੂੰ ਦੂਰ ਕੀਤਾ ਗਿਆ ਹੈ। ਇਥੇ ਇਹ ਗਲ ਕੀਤੀ ਗਈ ਹੈ ਕਿ ਜਿਹੜੇ ਚੌਥੀ ਜਾਂ ਪੰਜਵੀ ਪਾਸ ਕਰ ਲੈਂਦੇ ਹਨ ਉਹ ਵੀ ਇਸ ਵਿਚ ਆਪਣਾ ਨਾਂ ਰਜਿਸਟਰ ਕਰਵਾ ਲੈਂਦੇ ਹਨ। ਮੈਂ ਸਮਝਦਾ ਹਾਂ ਕਿ ਜੇ ਮੇਰੇ ਸਾਥੀ ਇਸ ਬਿਲ ਨੂੰ ਚੰਗੀ ਤਰ੍ਹਾਂ ਪੜ੍ਹ ਲੈਂਦੇ ਤਾਂ ਇਨ੍ਹਾਂ ਨੂੰ ਪਤਾ ਲਗ ਜਾਂਦਾ ਕਿ ਇਸ ਵਾਸਤੇ ਮੈਟ੍ਰਿਕ ਜਾਂ ਲੈਂਗੁਏਜ ਦੀ ਡਿਗਰੀ ਦੀ ਕੁਆਲੀ-ਫਿਕੇਸ਼ਨ ਜ਼ਰੂਰੀ ਰਖੀ ਗਈ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ 2, 3 ਗਲਾਂ ਹੋਰ ਵੀ ਕਰਨੀਆਂ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਇਸ ਦੇ ਸਟੈਂਡਰਡ ਨੂੰ ਉੱਚਾ ਚੁੱਕਣ ਲਈ ਹੁਣ ਕਈ ਕੱਦਮ ਚੁੱਕੇ ਹਨ ਪਰ ਅਜੇ ਤਕ ਕੋਈ ਰੈਗੂਲਰ ਕਲਾਸ ਇਸ ਵਾਸਤੇ ਨਹੀਂ ਖੋਲ੍ਹੀ ਗਈ। ਕਈ ਲੋਕਾਂ ਨੇ ਇਸ ਵਾਸਤੇ ਕਲਾਸਾਂ ਖੋਲ੍ਹੀਆਂ ਹਨ। ਸਾਡੀ ਸਰਕਾਰ ਨੇ ਉਨ੍ਹਾਂ ਨੂੰ ਰਿਕੋਗਨਾਈਜ ਕੀਤਾ ਹੈ । ਸਾਡੀ ਸਰਕਾਰ ਨੇ ਅਗੋਂ ਲਈ ਇਹ ਕੀਤਾ ਹੈ ਕਿ ਆਯੁਰਵੈਦਿਕ ਡਾਕਟਰਾਂ ਦੀ ਤਰ੍ਹਾਂ ਇਨ੍ਹਾਂ ਵਿਚ ਵੀ ਕੁਆਲੀਫਾਈਡ ਡਾਕਟਰ ਹੀ ਲਏ ਜਾਣਗੇ ਅਤੇ ਉਹ ਹੀ ਰਜਿਸਟਰ ਹੋਣਗੇ ਜਿਹੜੇ ਕੁਆਲੀਫਾਈਡ ਹੋਣਗੇ।

ਡਿਪਟੀ ਸਪੀਕਰ ਸਾਹਿਬ, ਇਕ ਗਲ ਮੈਂ ਹੋਰ ਸਰਕਾਰ ਨੂੰ ਦਰਖਾਸਤ ਕਰਾਂਗਾਂ ਕਿ ਜਿਹੜੇ ਡਾਕਟਰ ਆਲਰੈਡੀ ਲਗੇ ਹੋਏ ਹਨ ਉਨ੍ਹਾਂ ਦੀ ਪ੍ਰੋਮੋਸ਼ਨ ਵਾਸਤੇ ਵੀ ਕੋਈ ਰੈਗੂਲਰ ਕਾਲਜ ਡਾਕਟਰਾਂ ਨੂੰ ਟਰੇਂਡ ਕਰਨ ਵਾਸਤੇ ਖੋਲ੍ਹਿਆ ਜਾਵੇ ਤਾਂ ਕਿ ਡਾਕਟਰ ਉਥੇ ਜਾ ਕੇ ਡਿਗਰੀ ਲੈ ਸਕਣ । ਇਸ ਵਾਸਤੇ ਸਰਕਾਰੀ ਕਾਲਜ ਖੋਲ੍ਹਣੇ ਚਾਹੀਦੇ ਹਨ । ਇਹ ਗਲ ਠੀਕ ਹੈ ਕਿ ਜਿਹੜੇ ਇਸ ਵੇਲੇ ਹੋਮਿਓਪੈਥਿਕ ਡਾਕਟਰ ਹਨ ਉਨ੍ਹਾਂ ਦੀ ਇਹ ਬੜੀ ਦੇਰ ਤੋਂ ਮੰਗ ਸੀ ਕਿ ਕੌਂਸਿਲ ਦੇ ਇਲੈਕਸ਼ਨ ਕਰਵਾਏ ਜਾਣ ਸਰਕਾਰ ਨੇ ਇਹ ਬਿਲ ਲਿਆ ਕੇ ਬੜਾ ਚੰਗਾ ਕੀਤਾ ਹੈ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** (ਬਟਾਲਾ ) : ਇਹ ਜਿਹੜਾ ਬਿਲ ਹੈਲਥ ਮਨਿਸਟਰ ਸਾਹਿਬ ਨੇ ਇਥੇ ਪੇਸ਼ ਕੀਤਾ ਹੈ ਇਹ ਨਿਹਾਇਤ ਹੀ ਚੰਗਾ ਬਿਲ ਹੈ। ਇਸ ਦੇ ਮੁਤਅਲਕ ਮੈਂ ਅਰਜ਼ ਕਰਨੀ ਚਾਹੁੰਦਾ ਹਾਂ। ਮੈਂ ਤੁਹਾਡੇ ਰਾਹੀਂ ਸਾਰੇ ਲੈਜਿਸਲੇਟਰਜ਼ ਨੂੰ ਇਹ ਰਿਕੁਐਸਟ ਕਰਾਂਗਾ ਕਿ ਉਹ ਵੀ ਇਹ ਡਾਕਟਰ ਦੀ ਡਿਗਰੀ ਲੈਣ। ਜਿਥੇ ਲੈਜਿਸਲੇਟਰਜ਼ ਲੋਕਾਂ ਦੀ ਹੋਰ ਸੇਵਾ ਕਰਦੇ ਹਨ ਉਥੇ ਜੇ ਉਹ ਇਹ ਪੜ੍ਹਕੇ ਡਾਕਟਰ ਦੀ ਡਿਗਰੀ ਲੈਕੇ ਲੋਕਾਂ ਦੀ ਸੇਵਾ ਕਰਨ ਤਾਂ ਇਸ ਨਾਲ ਲੋਕਾਂ ਦੀ ਤਕਲੀਫ ਦੂਰ ਹੋ ਸਕਦੀ ਹੈ । ਇਸ ਦੇ ਲਈ ਮੈਂ ਕਪੂਰ ਸਾਹਿਬ ਨੂੰ ਖਾਸ ਤੌਰ ਤੇ ਬੇਨਤੀ ਕਰਾਂਗਾ ਕਿ ਉਹ ਸੀਨੀਅਰ ਲੈਜਿਸਲੇਟਰ ਹਨ ਅਤੇ ਜੇ ਉਹ ਇਹ ਡਿਗਰੀ ਲੈਣ ਤਾਂ ਉਹ ਲੋਕਾਂ ਦੀ ਬਹੁਤ ਸੇਵਾ ਕਰਨਗੇ । ਇਨ੍ਹਾਂ

Original with;
Punjab Vidhan Sabha
Digitized by;
Panjab Digital Library

ਦਾ ਜਿਹੜਾ ਮੰਦਰ ਹੈ ਜਿਹੜਾ ਇਨਾਂ ਨੇ ਬਣਾਇਆ ਹੋਇਆ ਹੈ ਜੇ ਉਥੇ ਇਹ ਡਿਗਰੀ ਲੈ ਕੇ ਬੈਠਣ ਅਤੇ ਬਿਮਾਰ ਲੋਕਾਂ ਦੀ ਸੇਵਾ ਕਰਨ ਤਾਂ ਇਹ ਬੜਾ ਚੰਗਾ ਹੋਵੇਗਾ । ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਨਾਲ ਕਿਸੇ ਨੂੰ ਕੋਈ ਨੁਕਸਾਨ ਹੁੰਦਾ ਹੀ ਨਹੀਂ । ਇਥੇ ਮੈਂ ਇਕ ਗੱਲ ਮਨਿਸਟਰ ਸਾਹਿਬ ਦੇ ਧਿਆਨ ਵਿਚ ਲਿਆਵਾਂਗਾ ਕਿ ਜਿਹੜੇ ਹੋਮਿਓਪੈਥਿਕ ਡਾਕਟਰ ਜਾਂ ਆਯੁਰਵੈਦਕ ਡਾਕਟਰ ਦੀ ਡਿਗਰੀ ਲੈ ਕੇ ਐਲੋਪੈਥਿਕ ਦਵਾਈਆਂ ਵੇਚਦੇ ਹਨ ਉਨਾਂ ਨੂੰ ਇਹ ਇਜਾਜ਼ਤ ਨਹੀ ਹੋਣੀ ਚਾਹੀਦੀ ।

**आचार्य पृथ्वी सिंह आज़ाद(खन्ना, एस.सी.):** यह जो बिल रखा गया है इसका मेरे दोस्तों ने बहुत समर्थन किया है । मैं आप के ज़रिये वज़ीर साहिब को यह अर्ज़ करना चाहता हूँ कि होम्योपैथी की प्रैक्टिस करने के लिये जो अब डाक्टर लगे हुए हैं उनमें बहुत सारे डाक्टर वे हैं जो समझे बगैर होमोपैथी की प्रैक्टिस करते हैं । मैं होम्योपैथिक डाक्टर बनने के खिलाफ नहीं, मैं तो चाहता हूँ कि इसको एनकरेज करना चाहिए । लेकिन इस बिल के ज़रिये जो होम्योपैथिक डाक्टरों की रजिस्ट्रेशन करने जा रहे हैं उसमें क्वालीफिकेशन रखी है मैट्रिक पास, ज्ञानी, बुद्धिमानी या रत्न । डिप्टी स्पीकर साहिब, मैं यह अर्ज़ करना चाहता हूँ कि मेरी समझ में होम्योपैथी को समझने के लिये एक मैट्रिक, ज्ञानी या रत्न पास को इतनी सूझ नहीं कि वह इसको समझ सके । इसलिये मैं आप के ज़रिए सरकार से यह अर्ज़ करना चाहता हूँ कि जिस तरह सरकार ने पहिले आयूर्वेदिक वाले तथा यूनानी वाले कई डाक्टर रजिस्टर किये हैं जिनको कि उसका आरम्भिक ज्ञान भी नहीं, वही सरकार अब करने जा रही है । सरकार को चाहिए तो यह था कि होमियोपैथिक डिग्री के रैकगनाईज़ड इन्स्टीच्यूशनज़ जो सचमुच होम्योपैथी का प्रचार करते हैं उनको पहले मान्यता देना। तथा जो मान्यता प्राप्त संस्थानों से होम्योपैथी का इम्तिहान पास करते उन्हें ही रजिस्टर करना चाहिए न कि 15 रुपये देकर जो चाहे सर्टिफिकेट ले ले । यहां मुझे एक लतीफा याद आ गया है । डिप्टी स्पीकर साहिब, 1932 में हमारे जो विरोधी लोग थे, हम कांग्रेस वाले थे, उनके पास डाक्टर बहुत थे परन्तु हमारे में कोई डाक्टर नहीं था विरोधी पार्टी वालों के एक सज्जन ने मुझ से यह कहा कि तुम्हारे में तो कोई डाक्टर नहीं है । मैंने कहा सचमुच हमारे पास कोई डाक्टर नहीं । पर मैंने उनसे कहा कि आप मुझे 5000 रुपये दें मैं आप को दो महीने के अन्दर कई डाक्टर बना देता हूँ । उस समय उनके पास 5000 रुपया तो नहीं था पर उन्होंने मुझे 2000 रुपये दिये । मैं कलकत्ते गया और वहां से 25, 25 रुपये के सर्टिफिकेट लेकर सब को दे दिये । जब यह 60-70 डाक्टरों की लिस्ट गांधी जी के पास पहुंची तो वह कहने लगे कि आज से दो महीने पहले तो आपके पास कोई डाक्टर नहीं था । परन्तु अब यह इतने डाक्टर कहां से आ गये हैं। तो मैंने उनको कहा कि यह सब 25, 25 रुपये वाले डाक्टर हैं । इनमें डाक्टर अम्बेदकर कोई भी नहीं है ।

इस लिए मैं सरकार को यह अर्ज़ करना चाहता हूँ कि मान्यता प्राप्त संस्थानों से जो पास होकर आते हैं वह इस ऐक्ट द्वारा रैजिस्ट्रेशन प्राप्त करने वालों मे अधिक योग्य डाक्टर होंगे इसलिए पहले सरकार को यह ले डाउन करना चाहिए कि किस किस इन्स्टीच्यिूशन को मान्यता दी जाए । इस के साथ ही मैं आपका धन्यवाद करता हूँ ।

Original with;
Punjab Vidhan Sabha
Digitized by;
Panjab Digital Library

**ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ** (ਸਰਦਾਰ ਬਲਬੀਰ ਸਿੰਘ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਪੰਜਾਬ ਹੋਮਿਓਪੈਥਿਕ ਐਕਟ ਸੰਨ 1965 ਦਾ ਹੈ ਉਸ ਵਿਚ ਅਸੀਂ ਕੁਝ ਅਮੈਂਡਮੈਂਟਸ ਲਿਆਂਦੀਆਂ ਹਨ । ਇਹ ਇਟਸੈਲਫ ਕੰਪਰੀਹੈਨਸਿਵ ਬਿਲ ਨਹੀਂ ਹੈ ।

(ਇਸ ਸਮੇਂ ਸ੍ਰੀ ਵਿਸ਼ਵਾ ਮਿੱਤਰ ਸੇਖੜੀ ਜੀ ਅਤੇ ਕੁਝ ਹੋਰ ਮਾਨਯੋਗ ਮੈਂਬਰ ਸਾਹਿਬਾਨ ਆਪਸ ਵਿਚ ਗਲਾਂ ਕਰ ਰਹੇ ਸਨ ।) (ਵਿਘਨ) ਸੇਖੜੀ ਸਾਹਿਬ, ਪਲੀਜ਼ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਚੁੱਪ ਕਰਾਓ ਜੀ ।

**Mr. Deputy Speaker** : No interruptions, please.

**ਰਾਜ ਮੰਤਰੀ** : ਸੰਨ 1974 ਵਿਚ ਇਸ 1965 ਵਾਲੇ ਐਕਟ ਵਿਚ ਤਜਰਬੇ ਦੇ ਤੌਰ ਤੇ ਰਜਿਸਟਰੇਸ਼ਨ ਸਬੰਧੀ ਇਸ ਹਾਊਸ ਨੇ ਯੂਨਾਨੀਮਸਲੀ ਅਮੈਂਡਮੈਂਟਸ ਨੂੰ ਮੰਨਿਆ ਸੀ। ਉਸ ਵੇਲੇ ਮੈਨੂੰ ਯਾਦ ਹੈ ਕਿ ਡਾਂਗ ਸਾਹਿਬ ਨੇ ਕਿਹਾ ਸੀ ਕਿ ਜਿਸ ਵੇਲੇ ਰਜਿਸਟਰੇਸ਼ਨ ਕੀਤੀ ਜਾਵੇ ਇਸ ਗਲ ਦਾ ਖਿਆਲ ਰਖਿਆ ਜਾਵੇ ਕਿ ਜੈਨੂਅਨ ਹੋਮਿਓਪੈਥਿਕ ਡਾਕਟਰਜ਼ ਹੀ ਰਜਿਸਟਰ ਕੀਤੇ ਜਾਣ । ਮੈਂ ਹਾਊਸ ਦੀ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਪਾਸ 6,864 ਐਪਲੀਕੇਸ਼ਨਜ਼ ਆਈਆਂ ਸਨ ਜਿਨ੍ਹਾਂ ਵਿਚੋਂ 2,780 ਹੀ ਰਜਿਸਟਰ ਕੀਤੇ ਹਨ । ਇਹ ਠੀਕ ਹੈ ਕਿ ਕੌਂਸਿਲ ਦੇ ਮੈਂਬਰਾਂ ਦੇ ਖਿਲਾਫ ਐਲੀਗੇਸ਼ਨਜ਼ ਲਗੇ ਸਨ ਔਰ ਇਹ ਹੀ ਰੀਜ਼ਨ ਹੈ ਕਿ ਅਸੀਂ ਅਮੈਂਡਮੈਂਟ ਲਿਆਂਦੀ ਹੈ । 31 ਮਾਰਚ, 1975 ਨੂੰ ਕੌਂਸਿਲ ਖਤਮ ਹੋ ਗਈ ਸੀ ਲੇਕਿਨ ਕੋਰਟ ਨੇ ਫੈਸਲਾ ਕਰ ਦਿੱਤਾ ਸੀ । ਇਹ ਲਈ ਉਹ ਕੌਂਸਿਲ ਕਨਟੀਨਿਯੂ ਕਰਦੀ ਹੈ । ਜੋ ਕੌਂਸਲ ਕਾਂਗਰਸ ਸਰਕਾਰ ਨੇ ਨਹੀਂ, ਉਸ ਵੇਲੇ ਦੂਸਰੀ ਸਰਕਾਰ ਸੀ, ਉਸ ਨੇ ਬਣਾਈ ਸੀ ਉਸ ਵਿਚ ਕੁਝ ਮੈਂਬਰ ਭੈੜੇ ਆ ਗਏ ਸਨ । ਜਿਸ ਤਰ੍ਹਾਂ ਆਚਾਰਿਆ ਸਾਹਿਬ ਨੇ ਖਦਸ਼ਾ ਜ਼ਾਹਰ ਕੀਤਾ , ਕਪੂਰ ਸਾਹਿਬ ਨੇ ਵੀ ਕੀਤਾ ਹੈ ਕਿ ਅਜਿਹੇ ਲੋਕਾਂ ਦੀਆਂ ਰਜਿਸਟਰੇਸ਼ਨਜ਼ ਕੀਤੀਆਂ ਗਈਆਂ ਹਨ ਜਿਹੜੇ ਡਾਕਟਰ ਨਹੀਂ ਸਨ । ਹੁਣ ਜਿਹੜੀ ਨਵੀਂ ਕੌਂਸਲ ਬਣੇਗੀ ਉਸ ਨੂੰ ਰਿਵਿਊ ਕਰਨ ਦੀ ਪਾਵਰ ਹੋਵੇਗੀ । ਅਮੈਂਡਮੈਂਟ ਜਿਹੜੀ ਹੈ ਇਸ ਵਿਚ ਇਹ ਚੀਜ਼ ਕੀਤੀ ਗਈ ਹੈ ਕਿ ਕਿਹੜੇ ਲੋਕਾਂ ਨੂੰ ਰਜਿਸਟਰ ਕੀਤਾ ਜਾਇਆ ਕਰੇਗਾ । ਭਾਰਤੀ ਭਾਸ਼ਾਵਾਂ ਜਿਸ ਤਰ੍ਹਾਂ ਕਿ ਪੰਜਾਬੀ, ਹਿੰਦੀ, ਸੰਸਕ੍ਰਿਤ, ਉਰਦੂ ਜਾਂ ਪਰਸ਼ੀਅਨ ਹਨ ਉਨ੍ਹਾਂ ਦੇ ਟੈਸਟ ਪਾਸ ਕੀਤੇ ਹੋਣ । ਫਿਰ ਮੈਟਰਿਕ ਸਟੈਂਡਰਡ ਤਕ ਵਿਦਿਆ ਪ੍ਰਾਪਤ ਕੀਤੀ ਹੋਈ ਹੋਵੇ, ਉਨ੍ਹਾਂ ਨੂੰ ਰਜਿਸਟਰ ਕਰਨਾ ਹੈ । ਸੰਨ 1974 ਵਿਚ ਜਿਸ ਵੇਲੇ ਅਮੈਂਡਮੈਂਟਾਂ ਲਿਆਂਦੀਆਂ ਸਨ ਤਾਂ ਹਾਊਸ ਨੇ ਪਾਸ ਕੀਤੀਆਂ ਸਨ, ਇਹ ਨਵੀਂ ਗਲ ਨਹੀਂ ਹੈ । ਸੋਧ ਇਹ ਹੈ ਕਿ ਮੈਟ੍ਰਿਕ ਦੇ ਬਰਾਬਰ ਦੀਆਂ ਭਾਸ਼ਾਵਾਂ ਆਦਮੀ ਜਾਣਦਾ ਹੋਵੇ ਔਰ ਇਹ ਉਨ੍ਹਾਂ ਵਾਸਤੇ ਹੈ ਜਿਹੜੇ ਕਿ ਸੰਨ 1974 ਵਿਚ ਇਲੀਜੀਬਲ ਸਨ, ਨਵਿਆਂ ਵਾਸਤੇ ਨਹੀਂ ਹੈ । ਇਸ ਬਿਲ ਵਿਚ ਦਰਜ ਹੈ ਕਿ ਮੈਟ੍ਰਿਕ ਕੁਆਲੀਫੀਕੇਸ਼ਨ ਕਮ-ਅੱਜ਼-ਕਮ ਹੋਵੇ ਜਾਂ ਇਸ ਦੇ ਬਰਾਬਰ ਦੀ ਕੁਆਲੀਫਿਕੇਸ਼ਨ ਹੋਵੇ । ਉਮਰ 25 ਸਾਲ ਤੋਂ ਘੱਟ ਨਾ ਹੋਵੇ ਔਰ ਪੰਜ ਸਾਲ ਦਾ ਤਜਰਬਾ ਹੋਵੇ । ਨਾਨ-ਮੈਟ੍ਰਿਕ ਦੇ ਕੇਸ ਵਿਚ ਉਮਰ 35 ਸਾਲ ਹੈ ਔਰ ਤਜਰਬਾ 15 ਸਾਲ ਦਾ ਹੋਣਾ ਚਾਹੀਦਾ ਹੈ । ਅਸੀਂ ਕੋਸ਼ਿਸ਼ ਕਰਾਂਗੇ ਕਿ ਐਸੇ ਮੈਂਬਰ ਨਾਮੀਨੇਟ ਕਰੀਏ ਜਿਹੜੇ ਕਿ ਇਸ ਪੈਥੀ ਵਿਚ ਮਾਹਿਰ ਹਨ, ਔਰ ਵਿਸ਼ਵਾਸ ਰਖਦੇ ਹੋਣ ਤਾਕਿ ਉਹ ਜੈਨੂਅਨ ਲੋਕਾਂ ਨੂੰ ਜਿਹੜੇ ਕਿ ਪ੍ਰੈਕਟਿਸ ਕਰਦੇ ਹਨ ਰਜਿਸਟਰ ਕਰਨ । ਡਾਕਟਰ ਹਰਭਜਨ ਸਿੰਘ ਜੀ ਡਾਕਟਰ ਹਨ, ਰਜਿਸਟਰ ਹੋਏ ਹੋਏ ਹਨ ਉਨ੍ਹਾਂ ਨੇ ਕਿਹਾ ਸੀ ਕਿ ਹੋਮਿਓਪੈਥਿਕ ਦੁਆਈਆਂ ਦਾ ਮਾੜਾ ਅਸਰ ਨਹੀਂ ਹੁੰਦਾ । ਇਸ ਲਈ ਕੋਈ ਇਸ ਵਿਚ ਐਸੀ ਗਲ ਨਹੀਂ ਹੈ । ਮੈਂ, ਡਿਪਟੀ ਸਪੀਕਰ ਸਾਹਿਬ, ਖੁਦ ਡਾਕਟਰ ਤਾਂ ਨਹੀਂ ਹਾਂ ਲੇਕਿਨ ਮੇਰੇ ਮਹਿਕਮੇ ਦੇ ਜਿਹੜੇ ਤਜਰਬਾਕਾਰ ਡਾਕਟਰ ਹਨ ਉਨ੍ਹਾਂ ਤੋਂ ਪਤਾ ਲਗਿਆ ਹੈ ਕਿ ਕਈ

Original with;
Punjab Vidhan Sabha
Digitized by;
Panjab Digital Library

ਦਵਾਈਆਂ ਐਸੀਆਂ ਹਨ ਹੋਮਿਓਪੈਥੀ ਵਿਚ ਜਿਨ੍ਹਾਂ ਦਾ ਮਾੜਾ ਅਸਰ ਵੀ ਹੋ ਸਕਦਾ ਹੈ। ਇਸ ਲਈ ਮੈਂ ਹਾਊਸ ਨੂੰ ਅਸ਼ੋਅਰ ਕਰਾਉਣਾ ਚਾਹੁੰਦਾ ਹਾਂ ਕਿ ਅਸੀਂ ਕਸ਼ਿਸ਼ ਕਰਾਂਗੇ ਕਿ ਉਹ ਹੀ ਮੈਂਬਰ ਨਾਮੀਨੇਟ ਹੋਣ ਜਿਹੜੇ ਕਿ ਹੋਮਿਓਪੈਥਿਕ ਸਿਸਟਮ ਵਿਚ ਵਿਸ਼ਵਾਸ ਰਖਦੇ ਹੋਣ ਔਰ ਜੈਨੂਇਨ ਐਪਲੀਕੈਂਟਸ ਨੂੰ ਹੀ ਰਜਿਸਟਰ ਕਰਨ। ਇਸ ਦੇ ਨਾਲ, ਡਿਪਟੀ ਸਪੀਕਰ ਸਾਹਬ, ਮੈਂ ਇਹ ਬੇਨਤੀ ਕਰਾਂਗਾ ਕਿ ਇਹ ਅਮੈਂਡਮੈਂਟਸ ਜਿਹੜੀਆਂ ਹਨ, ਇਨ੍ਹਾਂ ਨੂੰ ਪਾਸ ਕਰ ਦਿੱਤਾ ਜਾਵੇ।

**Mr. Deputy Speaker** : Question is—

That the Punjab Homoeopathic Practitioners (Amendment) Bill be passed.

*The motion was carried.*

*12.44 p.m.

**Mr. Deputy Speaker** : The House stands adjourned *sine die.*

*(The Sabha then adjourned sine die.)*

2076—22-11-76—286 ਛਾਪੀ ਪੰਜਾਬ ਸਰਕਾਰ, ਪਰੈਸ, ਪਟਿਆਲਾ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*16th November, 1976*

Vol. III—No. 1

## OFFICIAL REPORT

CONTENTS

*Tuesday, the 16th November, 1976*


| | | PAGES |
|---|---|---|
| Motion for the Transaction of only Government Business during the Session | .. | (1) 1 |
| Motion under Rule 16 | .. | (1) 5 |
| Announcement by the Speaker re-Panel of Chairmen | .. | (1) 9 |
| Paper Laid on the Table | .. | (1) 9 |
| Announcement by the Secretary | .. | (1) 9 |
| Resolution under Article 368 of the Constitution | .. | (1) 10 |
| Walk out | .. | (1) 17 |
| Resolution under Article 368 of the Constitution (*Resumption of Discussion*) | .. | (1) 17 |
| Extension of time of the Sitting | .. | (1) 67 |
| Resolution under Article 368 of the Constitution (*Resumption of Discussion*) | .. | (1) 67 |



**Punjab Vidhan Sabha Secretariat, Chandigarh.**

Price : Rs. 26-70



*Original with;*
Punjab Vidhan Sabha
*Digitized by;*
Panjab Digital Library

Original wi
Punjab Vid n Sabha
Digitized by
Panjab Dig tal Library

## PUNJAB VIDHAN SABHA

*Tuesday, the 16th November, 1976*

*The Sabha met in the Punjab Vidhan Sabha Hall, Vidhan Bhavan, Sector I, Chandigarh, at 2-00 P.M. of the Clock. Mr. Speaker (Dr. Kewal Krishan) in the Chair.*

## MOTION FOR THE TRANSACTION OF ONLY GOVERNMENT BUSINESS DURING THE SESSION AND SUSPENSION OF CERTAIN RULES OF THE RULES OF PROCEDURE AND CONDUCT OF BUSINESS IN THE PUNJAB VIDHAN SABHA (PUNJAB LEGISLATIVE ASSEMBLY).

**Minister For Revenue & Elections (Sardar Umrao Singh)** : Sir, I beg to move—

> That this House resolves that the current Session of the Punjab Vidhan Sabha (Punjab Legislative Assembly) being in the nature of an emergent Session to transact certain urgent and important Government business, only Government business be transacted during this Session and no other business whatsoever including Questions, Calling Attention Notices and any other business to be initiated by a Private Member be brought before or transacted in the House during the Session and all relevant rules on the subject in the Rules of Procedure and Conduct of Business in the Punajb Vidhan Sabha (Punjab Legislative Assembly) do hereby stand suspended to that extent.

ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਦੋ ਵਜੂਹਾਤ ਹਨ ਜਿਨ੍ਹਾਂ ਦੀ ਬਿਨਾਂ ਤੇ ਮੈਂ ਹਾਊਸ ਦੇ ਸਾਹਮਣੇ ਇਹ ਮਤਾ ਰਖਿਆ ਹੈ। ਇੱਕ ਤਾਂ ਇਹ ਹੈ ਕਿ ਜਿਹੜਾ ਹਾਊਸ ਦੇ ਸਾਹਮਣੇ ਬਿਜ਼ਨੈਸ ਹੈ ਇਹ ਬੜਾ ਹਿਸਟਾਰੀਕਲ ਨੇਚਰ ਦਾ ਹੈ, ਇਸ ਦੇ ਵਾਸਤੇ ਸਪੈਸ਼ਲ ਸੈਸ਼ਨ ਬੁਲਾਇਆ ਗਿਆ ਹੈ ਕਿਉਂਕਿ ਇਸ ਦਾ ਮਕਸਦ ਹੈ ਕਿ ਉਹ ਅਮੈਂਡਮੈਂਟਸ ਜਿਹੜੀਆਂ ਕਿ ਪਾਰਲੀਮੈਂਟ ਨੇ ਪਾਸ ਕੀਤੀਆਂ ਹਨ ਔਰ ਜਿਨ੍ਹਾਂ ਅਮੈਂਡਮੈਂਟਸ ਨਾਲ ਹਿਸਟਾਰੀਕਲ ਡਿਸੀਜ਼ਨਜ਼ ਲਏ ਗਏ ਹਨ ਉਨ੍ਹਾਂ ਨੂੰ ਅਸੀਂ ਰੈਟੀਫਾਈ ਕਰਨਾ ਹੈ। ਇੱਕ ਤਾਂ ਇਹ ਚੀਜ਼ ਹੈ ਜਿਸ ਕਰਕੇ ਕਿ ਸੈਸ਼ਨ ਬੁਲਾਇਆ ਗਿਆ ਹੈ। ਗੌਰਮਿੰਟ ਚਾਹੁੰਦੀ ਹੈ ਕਿ ਮੈਂਬਰ ਸਾਹਿਬਾਨ ਇਸ ਤੇ ਵਧ ਤੋਂ ਵਧ ਆਪਣੇ ਵਿਚਾਰ ਦੇ ਸਕਣ। ਇਕ ਦਿਨ ਦਾ ਸੈਸ਼ਨ ਹੈ ਔਰ ਇਸ ਤੇ ਕਈ ਮੈਂਬਰ ਸਾਹਿਬਾਨ ਬੋਲਣਾ ਚਾਹੁੰਦੇ ਹਨ, ਇਸ ਲਈ ਇਨ੍ਹਾਂ ਅਮੈਂਡਮੈਂਟਸ ਤੇ ਵਧ ਤੋਂ ਵਧ ਸਮਾਂ ਦੇਣਾ ਚਾਹੀਦਾ ਹੈ। ਇਸ ਲਈ ਮੈਨੂੰ ਆਸ ਹੈ ਕਿ ਸਾਰੇ ਮੈਂਬਰ ਸਾਹਿਬਾਨ ਇਸ ਗਲ ਤੇ ਐਗਰੀ ਕਰਨਗੇ ਕਿ ਅੱਜ ਦੇ ਸੈਸ਼ਨ ਲਈ ਬਾਕੀ ਦਾ ਬਿਜ਼ਨੈਸ ਰਹਿਣ ਦਈਏ।

**Mr. Speaker** : Motion moved—

> That this House resolves that the current Session of the Punjab Vidhan Sabha (Punjab Legislative Assembly) being in the nature of an emergent Session to transact certain urgent and important Government business, only Government business be transacted during this Session and no other business whatsoever including Questions, Calling Attention Notices and any other business to be initiated by a Private Member be brought before or transacted in the House during the Session and all relevant rules on the subject in the Rules of Procedure and Conduct of Business in the Punjab Vidhan Sabha (Punjab Legislative Assembly) do hereby stand suspended to that extent.

*Original with;*
Punjab Vidhan Sabha
*Digitized by;*
Panjab Digital Library

**ਸਰਦਾਰ ਮਹਿੰਦਰ ਸਿੰਘ ਸਾਈਆਂ ਵਾਲਾ (ਫਿਰੋਜ਼ਪੁਰ ਛਾਉਣੀ)** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਚੀਜ਼ ਦੀ ਵਿਰੋਧਤਾ ਕਰਦਾ ਹਾਂ । ਮੈਂ ਚਾਹੁੰਦਾ ਹਾਂ ਕਿ ਕੰਮ ਰੈਗੂਲਰ ਹਾਊਸ ਦੇ ਮੁਤਾਬਿਕ ਚਲਣਾ ਚਾਹੀਦਾ ਹੈ । ਇਹ ਜ਼ਰੂਰੀ ਹੁੰਦਾ ਹੈ ਕਿ ਜਦੋਂ ਹਾਊਸ ਹੋਵੇ ਤਾਂ ਉਸਦੇ ਵਿਚ ਇਹ ਚੀਜ਼ਾਂ ਦਸੀਆਂ ਜਾ ਸਕਣ ਕਿ ਪੰਜਾਬ ਔਰ ਪੰਜਾਬੀਆਂ ਤੇ ਕਿਸ ਤਰ੍ਹਾਂ ਨਾਲ ਵਾਪਰ ਰਿਹਾ ਹੈ। ਇਹ ਗਲਤ ਗੱਲ ਹੈ ਕਿ ਰੂਲ ਸਸਪੈਂਡ ਕੀਤਾ ਜਾ ਰਿਹਾ ਹੈ । ਇਸ ਤਰ੍ਹਾਂ ਕਰਕੇ ਰੂਲਜ਼ ਦੀ ਉਲੰਘਣਾ ਕੀਤੀ ਜਾ ਰਹੀ ਹੈ । ਇਹ ਨਹੀਂ ਕਰਨਾ ਚਾਹੀਦਾ ਹੈ । ਮੈਂ ਇਸ ਸਬੰਧ ਵਿਚ ਬੇਨਤੀ ਕਰਾਂਗਾ ਕਿ ਬਾਕਾਇਦਾ ਰੂਲਜ਼ ਦੇ ਮੁਤਾਬਿਕ ਹਾਊਸ ਦੀ ਕਾਰਵਾਈ ਚਲਣੀ ਚਾਹੀਦੀ ਹੈ । ਪੁਰਾਣੀਆਂ ਰਵਾਇਤਾਂ ਨੂੰ ਤੋੜਨਾ ਨਹੀਂ ਚਾਹੀਦਾ ਹੈ । ਇਹ ਵੀ ਹੋ ਸਕਦਾ ਹੈ ਕਿ ਕਦੇ ਇਧਰ ਬੈਂਚਾਂ ਵਾਲੇ ਉਧਰ ਬੈਂਚਾਂ ਤੇ ਵੀ ਬੈਠ ਸਕਦੇ ਹਨ । ਲੇਕਿਨ ਮੈਂ ਸਪੀਕਰ ਸਾਹਿਬ, ਫਿਰ ਅਪੀਲ ਕਰਾਂਗਾ ਕਿ ਰੂਲਾਂ ਨੂੰ ਸਸਪੈਂਡ ਨਾ ਕਰੋ ਔਰ ਬਕਾਇਦਾ ਹਾਊਸ ਦੀ ਕਾਰਵਾਈ ਚਲਣ ਦਿਓ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਖਰੜ)** : ਸਪੀਕਰ ਸਾਹਿਬ, ਇਹ ਜੋ ਮਤਾ ਪੇਸ਼ ਕੀਤਾ ਗਿਆ ਹੈ, ਇਹ ਮੈਂ ਸਮਝਦਾ ਹਾਂ ਕਿ ਇਸ ਸਦਨ ਨਾਲ ਬਹੁਤ ਵਡਾ ਧੱਕਾ ਕੀਤਾ ਗਿਆ ਹੈ । ਕੁਐਸ਼ਚਨ ਆਵਰ ਔਰ ਕਾਲ ਅਟੈਨਸ਼ਨਜ਼ ਇਹ ਗੌਰਮਿੰਟ ਬਿਜ਼ਨੈਸ ਹੈ ਔਰ ਇਹ ਪ੍ਰਾਈਵੇਟ ਬਿਜ਼ਨੈਸ ਨਹੀਂ ਹੈ । ਕੁਐਸ਼ਚਨ ਆਵਰ ਔਰ ਕਾਲ ਅਟੈਨਸ਼ਨਜ਼ ਨੂੰ ਰੋਕਣਾ, ਇਹ ਇੱਕ ਬੁਨਿਆਦੀ ਤੌਰ ਤੇ ਗਲਤ ਗਲ ਕੀਤੀ ਜਾ ਰਹੀ ਹੈ । ਸ਼ੈਸ਼ਨ ਦੇ ਦੌਰਾਨ ਲੋਕਾਂ ਦੀਆਂ ਗਰੀਵੈਂਸਿਜ਼ ਉਠਾਉਣ ਦਾ ਮੌਕਾ ਮਿਲਦਾ ਹੈ । 20-ਨੁਕਾਤੀ ਪ੍ਰੋਗਰਾਮ ਦੀ ਇੰਪਲੀਮੈਂਟੇਸ਼ਨ ਬਾਰੇ ਜਿਸ ਨੂੰ ਕਿ ਪ੍ਰਧਾਨ ਮੰਤਰੀ ਜੀ ਬੜੀ ਮਹਤੱਤਾ ਦੇ ਰਹੇ ਹਨ, ਉਸ ਬਾਰੇ ਜਾਂਚਣ ਦਾ ਮੌਕਾ ਮਿਲਦਾ ਹੈ । ਆਇਆ ਇਹ ਗੌਰਮਿੰਟ ਉਸ ਤੇ ਠੀਕ ਤਰ੍ਹਾਂ ਨਾਲ ਇੰਪਲੀਮੈਂਟੇਸ਼ਨ ਕਰ ਰਹੀ ਹੈ ਜਾਂ ਨਹੀਂ। ਇਸ ਤੇ ਗਲ ਬਾਤ ਕਰਨ ਦਾ ਮੌਕਾ ਮਿਲ ਸਕਦਾ ਹੈ । ਸਰਦਾਰ ਉਮਰਾਉ ਸਿੰਘ ਨੇ ਕਿਹਾ ਹੈ ਕਿ ਰੂਲ ਸਸਪੈਂਡ ਇਸ ਕਰਕੇ ਕਰਨਾ ਹੈ ਕਿ ਇਹ ਜੋ ਬਿਲ ਇਥੇ ਲਿਆਂਦਾ ਜਾ ਰਿਹਾ ਹੈ ਉਸ ਦੀ ਹਿਸਟਾਰੀਕਲ ਇੰਪਾਰਟੈਂਸ ਹੈ । ਔਰ ਉਸ ਦੀ ਰੈਟੀਫ਼ੀਕੇਸ਼ਨ ਕਰਨੀ ਹੈ ।ਸਰਦਾਰ ਉਮਰਾਉ ਸਿੰਘ ਦੀ ਨਜ਼ਰ ਵਿਚ ਇਸ ਦੀ ਕਿੰਨੀ ਮਹਤੱਤਾ ਹੈ ਜਾਂ ਗਿਆਨੀ ਜ਼ੈਲ ਸਿੰਘ ਦੀ ਗੌਰਮਿੰਟ ਦੀ ਨਜ਼ਰ ਵਿਚ ਇਸ ਦੀ ਕਿੰਨੀ ਕੁ ਮਹੱਤਤਾ ਹੈ ਇਸ ਗੱਲ ਦਾ ਇਸ ਚੀਜ਼ ਤੋਂ ਪਤਾ ਲਗਦਾ ਹੈ ਕਿ ਪਾਰਲੀਮੈਂਟ ਨੇ ਤਾਂ ਇਸ ਕੰਮ ਲਈ ਸਤ ਦਿਨ ਦਾ ਸਮਾਂ ਦਿਤਾ ਕਿ ਇਸ ਨੂੰ ਡਿਸਕਸ ਕੀਤਾ ਜਾ ਸਕੇ ਪਰ ਇਥੇ ਸਿਰਫ ਇੱਕ ਦਿਨ ਹੀ ਇਸ ਕੰਮ ਲਈ ਰਖਿਆ ਗਿਆ ਹੈ । ਇਸ ਵਾਸਤੇ ਮੈਂ ਕਹਿਣਾ ਚਾਹੁੰਦਾ ਹਾਂ ਸਪੀਕਰ ਸਾਹਿਬ ਕਿ ਤੁਸੀਂ ਇਸ ਹਾਊਸ ਦੇ ਕਸਟੋਡੀਅਨ ਹੋ, ਕਦੇ ਕਦੇ ਤੁਸੀਂ ਵੀ ਗੌਰਮਿੰਟ ਨੂੰ ਸਮਝਾਇਆ ਕਰੋ ਕੋਈ ਚੀਨ ਜਾਂ ਪਾਕਿਸਤਾਨ ਨਾਲ ਜੰਗ ਤਾਂ ਲੱਗੀ ਨਹੀਂ ਹੋਈ, 66 ਮੈਂਬਰ ਗਿਆਨੀ ਜੀ ਦੀ ਪਿੱਠ ਤੇ ਬੈਠੇ ਹਨ ਔਰ ਦਸ ਅਸੀਂ ਵੀ ਇਨ੍ਹਾਂ ਦੇ ਨਾਲ ਹਾਂ, ਜਿਹੜੇ ਪੰਜਾਬ ਦੇ ਹੋਰ ਮਸਲੇ ਹਨ ਉਨ੍ਹਾਂ ਨੂੰ ਡਿਸਕਸ ਕਰਨ ਦਾ ਮੌਕਾ ਵੀ ਦੇਣਾ ਚਾਹੀਦਾ ਹੈ ।

ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਜਮਹੂਰੀਅਤ ਦਾ ਕਤਲ ਕੀਤਾ ਗਿਆ ਹੈ ਅਸੀਂ ਇਸ ਦੇ ਖਿਲਾਫ ਸਟਰੌਂਗਲੀ ਪ੍ਰੋਟੈਸ਼ਟ ਕਰਦੇ ਹਾਂ ।

Original with;
Punjab Vidhan Sabha
Digitized by;
Panjab Digital Library

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ (ਵਿਘਨ)

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਪ੍ਰੋਸੀਜਰ ਇਸ ਢੰਗ ਦਾ ਅਡਾਪਟ ਕਰੀਏ ਜਿਸ ਨਾਲ ਕਿ ਮਨਿਸਟਰਜ਼ ਐਂਡ ਤੇ ਖੜੇ ਹੋਣ ।

**ਸ੍ਰੀ ਸਪੀਕਰ** : ਜੇ ਤਾਂ ਤੁਸੀਂ ਸਪੋਰਟ ਕਰਨਾ ਹੈ (ਵਿਘਨ)

**Chaudhri Darshan Singh** : ** **

**Mr. Speaker** : This is an aspersion and should not be recorded. (*Interruptions*)

**ਚੌਧਰੀ ਦਰਸ਼ਨ ਸਿੰਘ** (ਨੂਰ ਮਹਿਲ) : ਸਪੀਕਰ ਸਾਹਿਬ, ਇਹ ਜਿਹੜਾ ਮਤਾ ਹੈ ਇਹ ਰੂਲਜ਼ ਅਧੀਨ 50% ਤੋਂ ਵੱਧ ਐਸੰਬਲੀਆਂ ਨੇ ਇਸ ਦੀ ਰੈਟੀਫੀਕੇਸ਼ਨ ਕਰਨੀ ਹੈ। ਪਿਛੇ ਜਿਹੇ ਜੋ ਸੈਸ਼ਨ ਹੋ ਕੇ ਹਟਿਆ ਹੈ ਉਸਦੇ ਵਿਚ ਗੌਰਮਿੰਟ ਦੀ ਪਾਲਿਸੀ ਨੂੰ ਕ੍ਰਿਟੇਸਾਈਜ਼ ਵੀ ਕੀਤਾ ਹੈ ਔਰ ਸਪੋਰਟ ਵੀ ਕੀਤਾ ਹੈ। ਆਪੋਜ਼ੀਸ਼ਨ ਵਾਲਿਆਂ ਨੂੰ ਖੁੱਲਾ ਮੌਕਾ ਦਿੱਤਾ ਗਿਆ ਹੈ ਕਿ ਉਹ ਆਪਣਾ ਪੱਖ ਰਖ ਸਕਣ । ਇਹ ਇਕ ਵਾਈਟਲ ਪੁਆਇੰਟ ਹੈ । ਦੇਸ਼ ਲਈ ਟਰਨਿੰਗ ਪੁਆਇੰਟ ਆ ਰਿਹਾ ਹੈ ਕਿ ਦੇਸ਼ ਨੇ ਕਿਸ ਪਾਸੇ ਸਟੇਪ ਲੈਣਾ ਹੈ । ਇਸ ਕਰਕੇ ਹੀ ਇਹ ਸੈਸ਼ਨ ਬੁਲਾਇਆ ਗਿਆ ਹੈ । ਜੋਸ਼ ਸਾਹਿਬ ਦੇ ਇਸ ਹਿੱਸੇ ਨੂੰ ਮੈਂ ਸਪੋਰਟ ਨਹੀਂ ਕਰਦਾ ਕਿ ਇਸ ਤੇ ਬੋਲਣ ਦਾ ਮੌਕਾ ਨਹੀਂ ਦਿੱਤਾ ਜਾਏਗਾ । ਇਸ ਵਿਚ ਵਕਤ ਦੀ ਪਾਬੰਦੀ ਨਹੀਂ ਲਗਾਈ ਗਈ ਹੈ । ਸਾਡੇ ਪ੍ਰਧਾਨ ਮੰਤਰੀ ਜੀ ਨੇ ਪਾਰਲੀਮੈਂਟ ਵਿਚ ਕਿਹਾ ਸੀ ਕਿ We are not going to pass this legislation in haste. ਕਾਂਗਰਸ ਪ੍ਰਧਾਨ ਬਰੂਆ ਸਾਹਿਬ ਔਰ ਲਾਅ ਮਨਿਸਟਰ ਗੋਖਲੇ ਸਾਹਿਬ ਨੇ ਵੀ ਕਿਹਾ ਸੀ ਕਿ ਅਸੀਂ ਲੋਕਾਂ ਦੇ ਵਿਚਾਰ ਲਏ ਹਨ । ਉਸ ਤੋਂ ਬਾਅਦ ਇੰਟੈਲੀਜੈਂਸੀਆ ਕੋਲ, ਡਾਕਟਰਜ਼ ਕੋਲ ਔਰ ਲਾਈਅਰਜ਼ ਕੋਲ ਵੀ ਗਏ ਹਨ । ਪਰ ਆਪੋਜ਼ੀਸ਼ਨ ਨੇ ਬਾਈਕਾਟ ਕੀਤਾ । God knows their ends. ਖੁਲ੍ਹੇ ਦਿਲ ਨਾਲ ਇਸ ਤੇ ਵਿਚਾਰ ਦਸਣੇ ਹਨ ਲੇਕਿਨ ਕੁਐਸ਼ਚਨਜ਼ ਐਂਡ ਕਾਲ ਅਟੈਨਸ਼ਨ ਮੋਸ਼ਨਜ਼ these are minor matters as compared to this amendment. I fully support the motion of the hon'ble Minister for Revenue.

(ਇਸ ਵਕਤ ਮਾਨਯੋਗ ਮੈਂਬਰ, ਸਰਦਾਰ ਸੁਖਦੇਵ ਸਿੰਘ ਢਿਲੋਂ ਬੋਲਣ ਲਈ ਖੜੇ ਹੋਏ) ।

**ਸ੍ਰੀ ਸਪੀਕਰ** : ਢਿਲੋਂ ਸਾਹਿਬ, ਸਾਂਈਆਂਵਾਲਾ ਸਾਹਿਬ ਕਹਿ ਚੁਕੇ ਹਨ ਜੋ ਕੁਝ ਤੁਸੀਂ ਕਹਿਣਾ ਸੀ । ਬਹਿਸ ਨਾ ਕਰੋ ਇਸ ਤੇ ਹੁਣ । (ਵਿਘਨ)

**ਸਰਦਾਰ ਸੁਖਦੇਵ ਸਿੰਘ ਢਿਲੋਂ** : ਸਪੀਕਰ ਸਾਹਿਬ, ਦੋ ਮਿੰਟ ਦੀ ਗੱਲ ਹੈ । ਇਹ ਨਵਾਂ ਤਰੀਕਾ ਨਾ ਅਡਾਪਟ ਕਰੋ । (ਵਿਘਨ)

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ :** ਇਹ ਤਾਂ ਹਮੇਸ਼ਾਂ ਹੀ ਮੋਸ਼ਨ ਆ ਜਾਂਦੀ ਹੈ। ਇਹ ਕੋਈ ਨਵੀਂ ਗੱਲ ਨਹੀਂ ਹੈ। (ਵਿਘਨ)

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) **:** ਸਪੀਕਰ ਸਾਹਿਬ, ਇਹ ਕੋਈ ਨਵਾਂ ਤਰੀਕਾ ਨਹੀਂ ਹੈ। ਇਹ ਮੋਸ਼ਨ ਰੂਲ ਦੇ ਮੁਤਾਬਕ ਹੈ ਔਰ ਇਹੀ ਪ੍ਰੋਸੀਜਰ ਪਾਰਲੀਮੈਂਟ ਵਿਚ ਅਡਾਪਟ ਕੀਤਾ ਗਿਆ ਹੈ। ਜੋਸ਼ ਸਾਹਿਬ ਨੇ ਪਾਰਲੀਮੈਂਟ ਦੀ ਗੱਲ ਕੀਤੀ ਹੈ, ਮੈਂ ਉਨ੍ਹਾਂ ਨੂੰ ਤੁਹਾਡੇ ਰਾਹੀਂ ਦਸਣਾ ਚਾਹੁੰਦਾ ਹਾਂ ਕਿ ਪਾਰਲੀਮੈਂਟ ਤੋਂ ਸਾਡੇ ਕੋਲ ਇਹ ਬਿਲ ਪਾਸ ਹੋ ਕੇ ਆਇਆ ਹੈ ਔਰ ਉਥੇ ਵੀ ਇਸੇ ਪ੍ਰੋਸੀਜਰ ਨੂੰ ਲਿਆ ਗਿਆ ਸੀ, ਕਾਲ ਅਟੈਨਸ਼ਨ ਮੋਸ਼ਨਜ਼ ਅਤੇ ਕੁਐਸ਼ਚਨ ਆਵਰ ਨੂੰ ਸਸਪੈਂਡ ਕੀਤਾ ਗਿਆ ਸੀ ਤਾਂ ਕਿ ਮੈਂਬਰਜ਼ ਵੱਧ ਤੋਂ ਵੱਧ ਇਸ ਤੇ ਆਪਣ ਵਿਚਾਰ ਦੇ ਸਕਣ। ਮੈਂ ਸਮਝਦਾ ਹਾਂ ਕਿ ਪਾਰਲੀਮੈਂਟ ਦੀ ਹਿਸਟਰੀ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਕਿ ਇਕ ਸੈਸ਼ਨ ਵਿਚ ਇਹ ਬਿਲ ਇਨਟਰੋਡਿਊਸ ਕੀਤਾ ਗਿਆ ਔਰ ਉਸ ਤੋਂ ਬਾਅਦ ਕੁਝ ਸਮਾਂ ਦਿੱਤਾ ਗਿਆ ਔਰ ਸਾਰੀਆਂ ਪਾਰਟੀਆਂ ਦੀ ਵਿਧਾਨ ਸਭਾਵਾਂ ਦੀ ਔਰ ਇੰਟੇਲੀਜੈਂਸੀਆਂ ਦੀਆਂ ਰਾਵਾਂ ਲਈਆਂ ਗਈਆਂ ਔਰ ਉਸ ਤੋਂ ਬਾਅਦ ਸਪੈਸ਼ਲ ਸੈਸ਼ਨ ਬੁਲਾ ਕੇ ਇਹ ਬਿਲ ਉਥੇ ਪਾਸ ਕੀਤਾ ਗਿਆ ਹੈ। ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਪਾਰਲੀਮੈਂਟ ਵਿਚ ਬਹੁਤ ਦਿਨ ਦਿਤੇ ਗਏ ਹਨ, ਮੈਂ, ਸਪੀਕਰ ਸਾਹਿਬ, ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਥੇ ਪਹਿਲਾਂ ਜਨਰਲ ਡਿਸਕਸ਼ਨ ਹੋਈ ਹੈ ਫਿਰ ਇਸ ਨੂੰ ਕਲਾਜ਼ ਬਾਈ ਕਲਾਜ਼ ਲਿਆ ਗਿਆ ਔਰ ਫਿਰ ਥਰਡ ਰੀਡਿੰਗ ਤੇ ਬਿਲ ਪਾਸ ਹੋਇਆ ਹੈ। ਇਥੇ ਜੋ ਸਾਡੇ ਸਾਹਮਣੇ ਆਇਆ ਹੈ ਉਹ ਇਕ ਰੇਜ਼ੋਲਿਊਸ਼ਨ ਦੇ ਤੌਰ ਤੇ ਰੈਟੀਫੀਕੇਸ਼ਨ ਵਾਸਤੇ ਆਇਆ ਹੈ। ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿੰਨਾ ਚਿਰ ਜੋਸ਼ ਸਾਹਿਬ ਬੋਲਣਾ ਚਾਹੁੰਦੇ ਹਨ ਉਨ੍ਹਾਂ ਨੂੰ ਸਮਾਂ ਦੇ ਦਿਤਾ ਜਾਵੇ। ਅਸੀਂ ਉਨ੍ਹਾਂ ਦੇ ਵਿਚਾਰ ਵੱਧ ਤੋਂ ਵੱਧ ਸੁਣਨਾ ਚਾਹੁੰਦੇ ਹਾਂ। ਜਿਸ ਤਰ੍ਹਾਂ ਮੈਂ ਪਹਿਲਾਂ ਕਹਿ ਚੁਕਾ ਹਾਂ ਕਿ ਅਸੀਂ ਹੁਣੇ ਹੀ ਪਿਛੇ ਜਿਹੇ ਸੈਸ਼ਨ ਕਰਕੇ ਹਟੇ ਹਾਂ ਔਰ ਬਜਟ ਸੈਸ਼ਨ ਵੀ ਹੁਣੇ ਜਲਦੀ ਆ ਰਿਹਾ ਹੈ ਬਾਕੀ ਦੀਆਂ ਜਿਹੜੀਆਂ ਗੱਲਾਂ ਇਹ ਕਹਿਣਾ ਚਾਹੁੰਦੇ ਹਨ ਉਸ ਮੌਕੇ ਤੇ ਕਹਿ ਸਕਦੇ ਹਨ। ਇਹ ਜਿਹੜੀ ਚੀਜ਼ ਅੱਜ ਸਾਡੇ ਸਾਹਮਣੇ ਆਈ ਹੈ ਇਹ ਇਕ ਖਾਸ ਮਹੱਤਤਾ ਰੱਖਦੀ ਹੈ ਔਰ ਇਸੇ ਕਰਕੇ ਹੋਰ ਚੀਜ਼ਾਂ ਨਹੀਂ ਲਿਆਂਦੀਆਂ ਗਈਆਂ। ਇਸ ਕਰਕੇ ਇਹ ਮੋਸ਼ਨ ਪਾਸ ਹੋਣੀ ਚਾਹੀਦੀ ਹੈ।

**Mr. Speaker :** Question is—

> That this House resolves that the current Session of the Punjab Vidhan Sabha (Punjab Legislative Assembly) being in the nature of an emergent Session to transact certain urgent and important Government business, only Government business be transacted during this Session and no other business whatsoever including Questions, Calling Attention Notices and any other business to be initiated by a Private Member be brought before or transacted in the House during the Session and all relevant rules on the subject in the Rules of Procedure and Conduct of Business in the Punjab Vidhan Sabha (Punjab Legislative Assembly) do hereby stand suspended to that extent.

*The motion was carried.*

**ਕੈਪਟਨ ਰਤਨ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਹੁਣ ਕੁਐਸ਼ਚਨ ਪੁੱਟ ਕਰ ਦਿਤਾ ਹੈ ।

**Captain Rattan Singh** : I rose earlier.

ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਤੁਸੀਂ ਇਕ ਡੈਫੀਨੀਸ਼ਨ ਐਕਸੈਪਟ ਕੀਤੀ ਹੈ ਕਿ Question Hour is a non-official business. Is it a fact ?

**ਸ੍ਰੀ ਸਪੀਕਰ** : ਨਾ ਹਾਊਸ ਨੇ ਕੀਤੀ ਹੈ ਔਰ ਨਾ ਮੈਂ ਕੀਤੀ ਹੈ । ਠੀਕ ਹੈ, ਕਿਸੇ ਮੈਂਬਰ ਨੇ ਕਿਹਾ ਹੈ, ਇਹ ਉਸ ਦੇ ਆਪਣੇ ਵਿਊਜ਼ ਹੋ ਸਕਦੇ ਹਨ ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਕੁਐਸ਼ਚਨ ਇਹ ਹੈ ਕਿ ਇਨਡਾਇਰੈਕਟਲੀ ਜਾਂ ਡਾਇਰੈਕਟਲੀ ਤੁਸੀਂ ਇਹ ਮੰਨਿਆ ਹੈ ਕਿ question hour is a non-official business । ਜੇ ਇਹ ਠੀਕ ਹੈ ਤਾਂ ਜੋ ਕੁਝ ਸਰਦਾਰ ਉਮਰਾਓ ਸਿੰਘ ਨੇ ਮੂਵ ਕੀਤਾ ਹੈ ਉਹ ਟੈਕਨੀਕਲੀ, ਲੀਗਲੀ ਕਰੈਕਟ ਹੈ । ਅਗਰ ਤੁਹਾਡੀ ਇਨਟਰਪ੍ਰੇਟੇਸ਼ਨ ਇਹ ਨਹੀਂ ਤਾਂ ਮੈਂ ਕਹਾਂਗਾ ਕਿ ਜੋ ਕੁਝ ਇਨ੍ਹਾਂ ਨੇ ਕਿਹਾ ਹੈ....(ਵਿਘਨ)

**ਸ੍ਰੀ ਸਪੀਕਰ** : ਆਈਡੈਂਟੀਕਲ ਮੋਸ਼ਨ ਹੈ । ਜੋ ਕੁਝ ਪਾਰਲੀਮੈਂਟ ਵਿਚ ਹੋਇਆ ਹੈ ਉਸੇ ਤਰ੍ਹਾਂ ਇਥੇ ਹੋਇਆ ਹੈ ।

---

## MOTION UNDER RULE 16

**Revenue and Elections Minister** (Sardar Umrao Singh) : Sir, I beg to move—

> That the Vidhan Sabha (Assembly) at its rising this day shall stand adjourned sine die.

**Mr. Speaker** : Motion moved—

> That the Vidhan Sabha (Assembly) at its rising this day shall stand adjourned sine die.

**ਕਾਮਰੇਡ ਸੱਤ ਪਾਲ ਡਾਂਗ** : (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਮੈਂ ਇਸ ਮੱਤੇ ਦੀ, ਜਿਹੜਾ ਸਰਦਾਰ ਉਮਰਾਓ ਸਿੰਘ ਜੀ ਨੇ ਪੇਸ਼ ਕੀਤਾ ਹੈ, ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ । ਇਹ ਠੀਕ ਹੈ ਜੋ ਇਨ੍ਹਾਂ ਨੇ ਫਰਮਾਇਆ ਹੈ ਕਿ ਸਤੰਬਰ ਵਿਚ 3-4 ਦਿਨ ਦਾ ਇਜਲਾਸ ਹੋਇਆ ਸੀ ਔਰ ਫ਼ਰਵਰੀ ਵਿਚ ਫਿਰ ਬਜਟ ਦਾ ਇਜਲਾਸ ਹੋਣਾ ਹੈ । ਸਪੀਕਰ ਸਾਹਿਬ, ਕੋਈ ਸਮਾਂ ਸੀ ਜਦੋਂ ਬਜਟ ਦੇ ਇਜਲਾਸ ਤੋਂ ਇਲਾਵਾ 15-15 ਦਿਨ ਇਜਲਾਸ ਚਲਦਾ ਸੀ ਔਰ ਉਸ ਦੇ ਵਿਚ ਲੋਕਾਂ ਦੇ ਮਸਲੇ ਆਉਂਦੇ ਸੀ । ਪਿਛਲਾ ਇਜਲਾਸ 2-3 ਦਿਨ ਦਾ ਹੋਇਆ ਅਗੋਂ ਪਤਾ ਨਹੀਂ ਕੀ ਹੋਣਾ ਹੈ । ਮੁਖਤਸਰ ਗਲ ਇਹ ਹੈ ਕਿ ਲੋਕਾਂ ਦੇ ਸਾਹਮਣੇ ਬੜੇ ਤਗੜੇ ਤਗੜੇ ਮਸਲੇ ਪੇਸ਼ ਹਨ ਜਿਹੜੇ ਕਿ ਸਦਨ ਦੀ ਤਵੱਜੋ ਮੰਗਦੇ ਹਨ । ਉਨ੍ਹਾਂ ਵਿੱਚੋਂ ਕੁਝ ਮਸਲਿਆਂ ਦਾ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ

Original with;
Punjab Vidhan Sabha
Digitized by;
Panjab Digital Library

[ ਕਾਮਰੇਡ ਸੱਤ ਪਾਲ ਡਾਂਗ ]

ਤਫਸੀਲ ਵਿਚ ਜਾਏ ਬਿਨਾ । ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਹੜ੍ਹਾਂ ਦੇ ਨਾਲ ਸਭ ਨਾਲੋਂ ਵੱਧ ਹਰੀਜਨਾਂ ਦਾ ਨੁਕਸਾਨ ਹੋਇਆ ਹੈ । ਜਿਹੜੀ ਨੀਤੀ ਬਣਾਈ ਗਈ ਹੈ ਕਿ ਜਿਸ ਦਾ ਕੋਠਾ ਢਹਿ ਗਿਆ ਹੈ ਉਸ ਨੂੰ ਸਾਢੇ ਚਾਰ ਸੌ ਰੁਪਿਆ ਦਿਤਾ ਜਾਵੇਗਾ । ਇਨ੍ਹਾਂ ਨੇ ਕਿਹਾ ਹੈ ਕਿ 450/- ਰੁਪਏ ਦੇਵਾਂਗੇ ਪਰ 150/—ਰੁਪਏ ਤੋਂ ਵੱਧ ਕਿਸੇ ਨੂੰ ਨਹੀਂ ਦਿਤਾ ਗਿਆ । (ਵਿਘਨ)

**ਸ੍ਰੀ ਸਪੀਕਰ :** ਡਾਂਗ ਸਾਹਿਬ ਇਸ ਨੂੰ ਜਨਰਲ ਡਿਸਕਸ਼ਨ ਨਾ ਬਣਾਓ । ਤੁਸੀਂ ਕਹਿ ਦਿਉ ਬੜੇ ਇਮਪਾਰਟੈਂਟ ਮਸਲੇ ਹਨ । (ਵਿਘਨ)

**ਮਾਲ ਅਤੇ ਚੋਣ ਮੰਤਰੀ :** ਸਪੀਕਰ ਸਾਹਿਬ, ਨਾ ਕੋਈ ਨੋਟਿਸ ਹੈ ਅਤੇ ਨਾ ਸਾਡੇ ਸਾਹਮਣੇ ਕੋਈ ਮਸਲਾ ਆਇਆ ਹੈ । ਮੇਰੀ ਗੁਜ਼ਾਰਿਸ਼ ਹੈ ਕਿ ਜੇ ਕੱਲ੍ਹ ਨੂੰ ਵੀ ਅਸੀਂ ਸ਼ੈਸ਼ਨ ਰਖੀਏ ਤਾਂ ਵੀ ਇਹ ਨਹੀਂ ਆ ਸਕਦੇ । (ਵਿਘਨ)

**ਸ੍ਰੀ ਸਪੀਕਰ :** Dang Sahib be brief. ਇਸ ਮੋਸ਼ਨ ਦੀ ਸਪੋਰਟ ਕਰੋ ਜਾਂ ਇਸ ਦੇ ਅਗੇਂਸਟ ਕਹੋ । (ਵਿਘਨ)

**ਕਾਮਰੇਡ ਸਤ ਪਾਲ ਡਾਂਗ :** ਸਪੀਕਰ ਸਾਹਿਬ, ਇਕ ਸੈਂਟੈਂਸ ਜੇ ਕਿਹਾ ਜਾਵੇ ਕਿ ਕਿ ਮੱਸਲੇ ਅਹਿਮ ਹਨ ਤਾਂ ਇਸ ਦੇ ਨਾਲ ਗੱਲ ਨਹੀਂ ਬਣਦੀ । ਮਸਲੇ ਜਿਹੜੇ ਹਨ ਉਹ ਤਾਂ ਦੱਸਣੇ ਹੀ ਪੈਣਗੇ । ਪੰਜਾਬ ਦੇ ਵਿਚ ਬਾਰਸ਼ਾਂ ਬਹੁਤ ਆਈਆਂ, ਹੜ੍ਹ ਆਏ ਅਤੇ ਉਸ ਦੇ ਨਾਲ ਗਰੀਬ ਲੋਕਾਂ ਦੇ, ਹਰੀਜਨਾਂ ਦੇ ਕੋਠੇ ਢਹਿ ਗਏ ਪਰ ਉਨ੍ਹਾਂ ਨੂੰ ਰਿਲੀਫ਼ ਨਹੀਂ ਮਿਲੀ । ਅਸੀਂ ਇਸ ਤੇ ਡਿਸਕਸ਼ਨ ਕਰਨਾ ਚਾਹੁੰਦੇ ਹਾਂ । ਜਿਹੜੀ ਸਰਕਾਰ ਨੇ ਆਪਣੀ ਨੀਤੀ ਅਨਾਊਂਸ ਕੀਤੀ ਸੀ, ਉਸ ਤੇ ਅਮਲ ਨਹੀਂ ਹੋਇਆ । ਜ਼ਿਲ੍ਹਿਆਂ ਦੇ ਅਫ਼ਸਰ ਕਹਿੰਦੇ ਹਨ ਕਿ ਅਸੀਂ ਕੀ ਕਰੀਏ ਸਾਨੂੰ ਉਤੋਂ ਪੈਸੇ ਨਹੀਂ ਮਿਲੇ । ਉਪਰੋਂ ਸਰਦੀਆਂ ਆ ਗਈਆਂ ਹਨ....(ਵਿਘਨ)

**Mr. Speaker :** Don't make a speech.

**ਕਾਮਰੇਡ ਸੱਤ ਪਾਲ ਡਾਂਗ :** ਬਜਟ ਸੈਸ਼ਨ ਵਿਚ ਇਹ ਮਸਲਾ ਲੇਟ ਹੋ ਜਾਵੇਗਾ । ਫਿਰ ਸਪੀਕਰ ਸਾਹਿਬ, ਨਰਮੇ ਔਰ ਦੇਸੀ ਕਪਾਹ ਦੇ ਭਾਅ ਹੇਠਾਂ ਨੂੰ ਜਾ ਰਹੇ ਹਨ । ਕਿਸਾਨਾਂ ਦੀ ਪਿਛਲੇ ਸਾਲਾਂ ਵਾਂਗਰ ਲੁਟ ਹੋ ਰਹੀ ਹੈ । ਨਾ ਕਾਟਨ ਕਾਰਪੋਰੇਸ਼ਨ ਔਰ ਨਾ ਹੀ ਸਰਕਾਰੀ ਅਦਾਰੇ ਉਨ੍ਹਾਂ ਨੂੰ ਉਹ ਭਾਅ ਦਿੰਦੇ ਹਨ ਜੋ ਅਨਾਊਂਸ ਕੀਤੇ ਗਏ ਸੀ । (ਘੰਟੀ) ਇਸ ਤੇ ਵੀ ਸਪੀਕਰ ਸਾਹਿਬ, ਬਹਿਸ ਹੋਣੀ ਚਾਹੀਦੀ ਹੈ ।

ਇਸੇ ਢੰਗ ਨਾਲ ਸਪੀਕਰ ਸਾਹਿਬ, ਸਰਕਾਰ ਨੇ ਕਿਹਾ ਸੀ. ਸ੍ਰੀ ਗੁਰਮੇਲ ਸਿੰਘ ਨੇ ਕਿਹਾ ਸੀ ਕਿ ਯੂ. ਜੀ. ਸੀ. ਦੇ ਗਰੇਡ 1975 ਤੋਂ ਲਾਗੂ ਕੀਤੇ ਜਾਣਗੇ, ਉਹ ਵੀ ਨਹੀਂ ਹੋਏ ।

**Mr. Speaker :** Please resume your seat now.

**ਕਾਮਰੇਡ ਸੱਤ ਪਾਲ ਡਾਂਗ :** ਇਸੇ ਤਰ੍ਹਾਂ ਸਪੀਕਰ ਸਾਹਿਬ, ਸਾਡੇ ਉਪਰ ਜਿਹੜੇ ਜਰਨਾਲਿਸਟ ਬੈਠੇ ਹਨ ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਮਕਾਨ ਖਾਲੀ ਕਰ ਦਿਉ । ਕੇਰੇਲਾ ਸਰਕਾਰ ਨੇ ਜਰਨਲਿਸਟਸ ਨੂੰ ਪੈਨਸ਼ਨ ਲਾ ਦਿਤੀ ਹੈ....(ਵਿਘਨ)

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਬੈਠੋ ਹੁਣ, ਇਹ ਮਸਲੇ ਫਿਰ ਲੈ ਆਉਣਾ ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮੈਂ 3-4 ਮਸਲੇ ਦਸੇ ਹਨ । ਲੋਕਾਂ ਦੇ ਹੋਰ ਬੜੇ ਅਹਿਮ ਮਸਲੇ ਹਨ । ਨਰਮੇ ਤੋਂ ਛੁਟ ਝੋਨੇ ਦਾ ਭਾਅ ਵੀ ਮੰਡੀਆਂ ਵਿਚ ਪੂਰਾ ਨਹੀਂ ਮਿਲਦਾ । (ਵਿਘਨ) (ਘੰਟੀ) ਮੈਂ ਆਖ਼ਰੀ ਗਲ ਕਰਨਾ ਚਾਹੁੰਦਾ ਹਾਂ ਕਿ ਜਿਹੜੀਆਂ ਤਰਮੀਮਾਂ ਆਈਆਂ ਹਨ ਇਹ ਤਰਮੀਮਾਂ ਬੜੀਆਂ ਅਹਿਮ ਹਨ ਔਰ ਇਨ੍ਹਾਂ ਵਿਚੋਂ ਕੁਝ ਐਸੀਆਂ ਤਰਮੀਮਾਂ ਹਨ ਜਿਨ੍ਹਾਂ ਦਾ ਮਕਸਦ ਹਿੰਦੁਸਤਾਨ ਦੇ ਜਮਹੂਰੀ ਢਾਂਚੇ ਨੂੰ ਮਜ਼ਬੂਤ ਕਰਨਾ ਹੈ । ਮੈਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਤਰਮੀਮਾਂ ਪਾਸ ਕਰਨ ਤੋਂ ਬਾਅਦ ਕੋਈ ਇਹੋ ਜਿਹਾ ਕੰਮ ਨਾ ਹੋਵੇ ਜਿਹੜਾ ਪਾਰਲੀਮੈਂਟਰੀ ਡੈਮੋਕਰੇਸੀ ਨੂੰ ਕਮਜ਼ੋਰ ਕਰਦਾ ਹੈ ।

ਸਪੀਕਰ ਸਾਹਿਬ, ਕੁਐਸ਼ਚਨ ਆਵਰ ਖ਼ਤਮ ਹੋ ਗਿਆ ਹੈ ਔਰ ਲੋਕਾਂ ਦੇ ਜਿਹੜੇ ਹੋਰ ਮਸਲੇ ਹਨ ਉਹ ਵੀ ਇਥੇ ਰਖਣ ਦੀ ਇਜਾਜ਼ਤ ਨਹੀਂ ਹੈ । ਜੇ ਸੈਸ਼ਨ 3, 4 ਦਿਨ ਦਾ ਹੋ ਜਾਏ ਤਾਂ ਹਰਜ ਕੀ ਹੈ ? ਮਸਲੇ ਬਹੁਤ ਅਹਿਮ ਹਨ ਮੈਂ ਤਾਂ ਹਾਲੇ ਸਿਰਫ 3, 4 ਮਿਸਾਲਾਂ ਦਿਤੀਆਂ ਹਨ । ਮੈਂ ਉਮੀਦ ਕਰਦਾ ਹਾਂ ਕਿ ਹੁਣ ਪ੍ਰੇਮ ਗੁਪਤਾ ਜੀ ਬੋਲਣ ਵੇਲੇ ਲੋਕਾਂ ਦੇ ਮਸਲੇ ਹਾਊਸ ਦੇ ਸਾਹਮਣੇ ਰਖਣਗੇ ।

**ਸ੍ਰੀ ਪ੍ਰੇਮ ਗੁਪਤਾ** (ਪਟਿਆਲਾ) : ਸਪੀਕਰ ਸਾਹਿਬ, ਸਾਇਨੇ-ਡਾਈ ਦੀ ਮੋਸ਼ਨ ਸਰਦਾਰ ਉਮਰਾਓ ਸਿੰਘ ਜੀ ਨੇ ਪੇਸ਼ ਕੀਤੀ ਹੈ ਮੇਰਾ ਇਸ ਨਾਲ ਕੋਈ ਮਤਲਬ ਨਹੀਂ । ਮੈਂ ਤਾਂ ਇਤਨੀ ਅਰਜ਼ ਕਰਨੀ ਹੈ ਕਿ ਇਸ ਅਮੈਂਡਮੈਂਟ ਦਾ ਮਸਲਾ ਜਦੋਂ ਪਾਰਲੀਆਮੈਂਟ ਵਿਚ ਚਲਦਾ ਸੀ ਤਾਂ ਪਾਰਲੀਆਮੈਂਟ ਰਾਤ ਦੇ 9, 10 ਵੱਜੇ ਤਕ ਬੈਠਦੀ ਰਹੀ । ਸਾਨੂੰ ਤਾਂ ਇਹ ਅੰਡਰਟੇਕਿੰਗ ਚਾਹੀਦੀ ਹੈ ਕਿ ਜਿੰਨੀ ਦੇਰ ਤਕ ਮੈਂਬਰ ਸਾਹਿਬਾਨ ਬੋਲਣਾ ਚਾਹੁੰਦੇ ਹਨ ਉਤਨੀ ਦੇਰ ਤਕ ਹਾਊਸ ਦਾ ਸਮਾਂ ਵਧਾ ਦਿਤਾ ਜਾਵੇ । ਸ਼ਾਰਟੇਜ ਆਫ਼ ਟਾਈਮ ਕਰਕੇ ਕਿਸੇ ਮੈਂਬਰ ਸਾਹਿਬ ਨੂੰ ਬੋਲਣ ਤੋਂ ਡਿਪਰਾਈਵ ਨਾ ਕੀਤਾ ਜਾਵੇ । ਹਿੰਦੁਸਤਾਨ ਦੇ ਸਾਰੇ ਸਟਰੱਕਚਰ ਦੀ ਤਬਦੀਲੀ ਹੋਣੀ ਹੈ ਅਤੇ ਕਰੋੜਾਂ ਲੋਕਾਂ ਦੇ ਭਲੇ ਲਈ ਹੀ ਇਹ ਅਮੈਂਡਮੈਂਟਸ ਹੋਈਆਂ ਹਨ । ਇਸ ਲਈ ਜਿੰਨਾ ਚਿਰ ਮੈਂਬਰ ਸਾਹਿਬਾਨ ਬੋਲਣਾ ਚਾਹੁੰਣ ਬੋਲਣ ਦਿਤਾ ਜਾਵੇ ।

**ਸਰਦਾਰ ਸੁਖਦੇਵ ਸਿੰਘ ਢਿਲੋਂ** (ਤਲਵੰਡੀ ਸਾਬੋ) : ਸਪੀਕਰ ਸਾਹਿਬ, ਇਹ ਜਿਹੜਾ ਮਤਾ ਇਨ੍ਹਾਂ ਨੇ ਪੇਸ਼ ਕੀਤਾ ਹੈ ਉਸ ਦੇ ਬਾਰੇ ਵਿਚ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਇਨ੍ਹਾਂ ਨੇ ਕੁਐਸ਼ਚਨ ਆਵਰ ਖਤਮ ਕਰ ਦਿਤਾ ਹੈ ਔਰ ਬਾਕੀ ਵੀ ਸਾਰਾ ਕੰਮ ਬੰਦ ਕਰ ਦਿਤਾ ਹੈ । ਹਾਲੇ ਕੰਮ ਸ਼ੁਰੂ ਹੋਇਆ ਨਹੀਂ ਤੇ ਇਨ੍ਹਾਂ ਨੇ ਸਾਈਨਾ ਡਾਈ ਦੀ ਮੋਸ਼ਨ ਦੇ ਦਿਤੀ ਹੈ । ਹੁਣ 44ਵੀਂ ਅਮੈਂਡਮੈਂਟ ਲਿਆਂਦੀ ਹੈ, ਸਾਰਾ ਜਮਹੂਰੀਅਤ ਦਾ ਢਾਂਚਾ ਖਤਮ ਹੋ ਜਾਵੇਗਾ । ਹਰਿਆਣਾ ਵਾਲਿਆਂ ਨੇ ਦੋ ਦਿਨ ਦਾ ਸੈਸ਼ਨ ਲਿਆਂਦਾ ਹੈ....

**ਸ੍ਰੀ ਸਪੀਕਰ :** ਉਨ੍ਹਾਂ ਕੋਲ ਹੋਰ ਮਸਲੇ ਸਨ । ਰੈਟੀਫ਼ਿਕੇਸ਼ਨ ਲਈ ਤਾਂ ਦੋ ਘੰਟੇ ਲਏ ਹਨ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਦੇਵ ਸਿੰਘ ਢਿਲੋਂ :** ਸਪੀਕਰ ਸਾਹਿਬ, ਇਸ ਦੇ ਉਤੇ ਪੂਰੀ ਬਹਿਸ ਹੋਣੀ ਚਾਹੀਦੀ ਹੈ । ਜਮਹੂਰੀਅੱਤ ਦਾ ਢਾਂਚਾ ਖਤਮ ਹੋ ਗਿਆ ਹੈ । ਇਸ ਦਾ ਸਮਾਂ ਵਧਾਇਆ ਜਾਵੇ ।

**ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) :** ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਕਈ ਮਸਲੇ ਉਠਾਏ ਹਨ, ਜਿਨ੍ਹਾਂ ਦਾ ਇਸ ਦੇ ਨਾਲ ਕੋਈ ਸਬੰਧ ਨਹੀਂ ਹੈ । ਮੈਂ ਅਰਜ਼ ਕਰਾਂ ਕਿ ਹੜ੍ਹਾਂ ਦੀ ਗੱਲ ਲੈ ਲਵੋ । ਜਦੋਂ ਪਿੰਡਾਂ ਵਾਲਿਆਂ ਨੂੰ ਕੁਝ ਦੇਣ ਲਗਦੇ ਹਾਂ ਤਾਂ ਇਹ ਕਹਿ ਦਿੰਦੇ ਹਨ ਕਿ ਸ਼ਹਿਰਾਂ ਵਾਲਿਆਂ ਨੂੰ ਦਿਓ ਅਤੇ ਜੇ ਸ਼ਹਿਰਾਂ ਵਾਲਿਆਂ ਨੂੰ ਦਿੰਦੇ ਹਾਂ ਤਾਂ ਇਹ ਕਹਿੰਦੇ ਹਨ ਕਿ ਪਿੰਡਾਂ ਵਾਲਿਆਂ ਨੂੰ ਘੱਟ ਦਿਤੇ ਹਨ ।

ਸਪੀਕਰ ਸਾਹਿਬ, ਮੈਂ ਗੁਜ਼ਾਰਿਸ਼ ਕਰਦਾ ਹਾਂ ਕਿ ਇਹ ਹਾਊਸ ਪਹਿਲਾਂ ਵੀ ਮੀਟ ਕਰਦਾ ਰਿਹਾ ਹੈ ਔਰ ਅਗੇ ਨੂੰ ਵੀ ਕਰਨਾ ਹੈ । ਇਸ ਵਕਤ ਜੋ ਸਾਡੇ ਕੋਲ ਮਸਲਾ ਹੈ ਉਹ ਸਪੈਸੀਫ਼ਿਕਲੀ ਅਮੈਂਡਮੈਂਟ ਹੀ ਹੈ । ਨਾ ਕਿਸੇ ਮੈਂਬਰ ਸਾਹਿਬ ਵਲੋਂ ਸਾਡੇ ਕੋਲ ਕੋਈ ਨੋਟਿਸ ਆਇਆ ਹੈ ਅਤੇ ਨਾ ਹੀ ਸਾਡੇ ਕੋਲ ਕੋਈ ਬਿਜ਼ਨੈਸ ਹੈ । ਮੈਨੂੰ ਸਮਝ ਨਹੀਂ ਆਉਂਦੀ ਕਿ ਕਿਸ ਤਰ੍ਹਾਂ ਡਾਂਗ ਸਾਹਿਬ ਨੇ ਕਿਹਾ ਹੈ ਕਿ ਅੱਜ ਹਾਊਸ ਨਾ ਉਠਾਇਆ ਜਾਵੇ । ਗੁਪਤਾ ਜੀ ਨੇ ਜੋ ਕਿਹਾ ਹੈ ਕਿ ਮੈਂਬਰ ਸਾਹਿਬਾਨ ਨੂੰ ਬੋਲਣ ਦਾ ਸਮਾਂ ਦਿਤਾ ਜਾਵੇ ਮੈਂ ਤਾਂ ਪਹਿਲਾਂ ਹੀ ਕਿਹਾ ਸੀ ਕਿ ਜੋ ਮੈਂਬਰ ਸਾਹਿਬਾਨ ਬੋਲਣਾ ਚਾਹੁੰਦੇ ਹਨ ਬੋਲ ਸਕਦੇ ਹਨ । ਮਗਰ ਇਹ ਉਸ ਵੇਲੇ ਵੇਖਿਆ ਜਾਵੇਗਾ ਕਿ ਸਮਾਂ ਚਾਹੀਦਾ ਹੈ ਕਿ ਨਹੀਂ, ਡਾਂਗ ਸਾਹਿਬ ਪਹਿਲਾਂ ਹੀ ਪਰਜ਼ਿਊਮ ਕਰ ਲੈਂਦੇ ਹਨ ਕਿ ਇਹ ਵਿਚਾਰ ਚਲਣਗੇ ਅਤੇ ਇੰਨਾ ਸਮਾਂ ਲਗੇਗਾ । ਅਸੀਂ ਪਹਿਲਾਂ ਵੀ ਇਕ ਸੈਸ਼ਨ ਵਿਚ ਲੈਜਿਸਲੇਟਿਵ ਬਿਜ਼ਨੈਸ ਰੱਖ ਲਿਆ ਸੀ ਅਤੇ ਉਹ ਬਿਜ਼ਨਸ 11 ਵਜੇ ਮੁਕ ਗਿਆ ਸੀ । ਕਈ ਦਫ਼ਾ ਸਮੇਂ ਦਾ ਅੰਦਾਜ਼ਾ ਸਹੀ ਨਹੀਂ ਲਗ ਸਕਦਾ । ਜਦੋਂ ਬਹਿਸ ਹੋਵੇਗੀ ਵਿਚਾਰ ਆਉਣਗੇ, ਅਕਾਲੀ ਮੈਂਬਰ ਸਾਹਿਬਾਨ ਤਾਂ ਜਦੋਂ ਸੈਸ਼ਨ ਆਉਂਦਾ ਹੈ ਉਠ ਕੇ ਚਲੇ ਜਾਂਦੇ ਹਨ । ਹੁਣ ਕਹਿੰਦੇ ਹਨ ਕਿ ਸਮਾਂ ਥੋੜ੍ਹਾ ਹੈ । ਹੁਣ ਵੀ ਪਤਾ ਨਹੀਂ ਕਿ ਬੈਠਣਗੇ ਜਾਂ ਉਠਕੇ ਚਲੇ ਜਾਣਗੇ । ਇਸ ਬਾਰੇ ਜੋ ਵੀ ਹਾਊਸ ਦੀ ਮਰਜ਼ੀ ਹੋਵੇਗੀ ਕਰ ਲਵਾਂਗੇ ।

**Mr. Speaker :** Question is—

That the Vidhan Sabha (Assembly) at its rising this day shall stand adjourned *sine die*.

*The motion was carried.*

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ, ਸਰ ।

**ਸਰਦਾਰ ਦਰਬਾਰਾ ਸਿੰਘ :** ਸਪੀਕਰ ਸਾਹਿਬ, ਕੋਈ ਵਿਸ਼ਾ ਹਾਊਸ ਦੇ ਸਾਹਮਣੇ ਨਹੀਂ ਹੈ । ਡਾਂਗ ਸਾਹਿਬ, ਕਿਸ ਗੱਲ ਤੇ ਪੁਆਇੰਟ ਆਫ਼ ਆਰਡਰ ਲਈ ਖੜੇ ਹੋ ਗਏ ਹਨ. . . .

**ਸ੍ਰੀ ਸਪੀਕਰ :** ਪਾਰਟੀ ਦੇ ਲੀਡਰ ਹਨ ਕੋਈ ਆਪਣੀ ਰਾਏ ਦੇਣਗੇ. . . .

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ* ** **

**Mr. Speaker** : It is an aspersion on the Chair. It should not form part of the proceedings.

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਸਰਦਾਰ ਉਮਰਾਓ ਸਿੰਘ ਨੇ ਕਿਹਾ ਹੈ ਕਿ ਸ਼ਹਿਰਾਂ ਵਿਚ ਪੈਸੇ ਦਿਤੇ ਹਨ, ਹੜ੍ਹਾਂ ਦੇ ਸਿਲਸਲੇ ਵਿਚ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਦਸਣ ਕਿ ਸ਼ਹਿਰਾਂ ਵਿਚ ਜਿਸ ਹਰੀਜਨ ਦਾ ਕੋਈ ਕੋਠਾ ਡਿੱਗਾ ਹੈ ਕਿਸੇ ਨੂੰ ਕੋਈ ਇਕ ਪੈਸਾ ਵੀ ਦਿਤਾ ਹੋਵੇ ।

## ANNOUNCEMENT BY THE SPEAKER RE-PANEL OF CHAIRMEN

**Mr. Speaker** : Under Rule 13(1) of the Rules of Procedure and Conduct of Business in the Punjab Vidhan Sabha (Punjab Legislative Assembly), I nominate the following members to serve on the Panel of Chairmen :—

1. Sardar Harcharan Singh Ajnala.
2. Shri Sardari Lal Kapur.
3. Comrade Shamsher Singh Josh.
4. Sardar Sukhdev Singh Dhillon.

## PAPER LAID ON THE TABLE

**Revenue and Elections Minister** (Sardar Umrao Singh) : Sir, I lay on the *Table the Constitution (Forty-fourth Amendment) Bill, 1976 as passed by the two Houses of Parliament.

## ANNOUNCEMENT BY THE SECRETARY

**ਸ੍ਰੀ ਸਪੀਕਰ** : ਹੁਣ ਸ੍ਰੀ ਪਰਤਾਪ ਸਿੰਘ, ਸਕੱਤਰ, ਪੰਜਾਬ ਵਿਧਾਨ ਸਭਾ, ਐਲਾਨ ਕਰਨਗੇ ।

**ਸ੍ਰੀ ਸਕੱਤਰ** : ਮੈਂ ਉਨ੍ਹਾਂ ਬਿਲਾਂ ਦਾ ਵਿਵਰਣ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜੋ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ 12ਵੇਂ (ਮੌਨਸੂਨ) ਸਮਾਗਮ, 1976 ਦੇ ਦੌਰਾਨ ਪਾਸ ਕੀਤੇ ਗਏ ਅਤੇ ਜਿਨ੍ਹਾਂ ਨੂੰ ਰਾਸ਼ਟਰਪਤੀ/ਰਾਜਪਾਲ ਵਲੋਂ ਸਹਿਮਤੀ ਦੇ ਦਿੱਤੀ ਗਈ ਹੈ ।

---

**Expunged as ordered by the Chair.

*Placed in the library.

Original with;
Punjab Vidhan Sabha
Digitized by;
Panjab Digital Library

[ਸ੍ਰੀ ਸਕੱਤਰ]

ਉਨ੍ਹਾਂ ਬਿਲਾਂ ਦਾ ਵਿਵਰਣ ਜੋ ਪੰਜਾਬ ਵਿਧਾਨ ਸਭਾ ਦੁਆਰਾ ਇਸਦੇ 12ਵੇਂ (ਮੌਨਸੂਨ) ਸਮਾਗਮ, 1976 ਦੇ ਦੌਰਾਨ ਪਾਸ ਕੀਤੇ ਗਏ, ਜਿਨ੍ਹਾਂ ਤੇ ਰਾਸ਼ਟਰਪਤੀ/ਰਾਜਪਾਲ ਵਲੋਂ ਸਹਿਮਤੀ ਦੇ ਦਿਤੀ ਗਈ ਹੈ

1. ਪੰਜਾਬ ਵਿਧਾਨ ਸਭਾ (ਮੈਂਬਰਾਂ ਦੇ ਭੱਤੇ) ਦੂਜੀ ਸੋਧਨਾ ਬਿਲ, 1976
2. ਪੰਜਾਬ ਮਿਊਨਿਸਪਲ (ਦੂਜੀ ਸੋਧਨਾ) ਬਿਲ, 1976
3. ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦ (ਦੂਜੀ ਸੋਧਨਾ) ਬਿਲ, 1976
4. ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ ਅਤੇ ਵੈਧਤਾ) ਬਿਲ, 1976
5. ਪੰਜਾਬ ਨਮਿੱਤਣ (ਨੰ: 3) ਬਿਲ, 1976
6. ਪੰਜਾਬ ਆਬਕਾਰੀ (ਸੋਧਨਾ) ਬਿਲ, 1976
7. ਪੰਜਾਬ ਮੁਸਾਫਰ ਅਤੇ ਸਾਮਾਨ ਤੇ ਕਰ (ਸੋਧਨਾ) ਬਿਲ, 1976
8. ਪੂਰਵੀ ਪੰਜਾਬ ਸ਼ੀਰਾ (ਕੰਟਰੋਲ) ਸੋਧਨਾ ਬਿਲ, 1976
9. ਪੰਜਾਬ ਆਮ ਵਿਕਰੀ ਕਰ (ਦੂਜੀ ਸੋਧਨਾ) ਬਿਲ, 1976
10. ਪੰਜਾਬ ਪਹੀਆਂ ਵਾਲੀਆਂ ਗੱਡੀਆਂ (ਲਾਈਟਸ) ਬਿਲ, 1976
11. ਪੰਜਾਬ ਹੋਮਿਓਪੈਥਿਕ ਪ੍ਰੈਕਟੀਸ਼ਨਰਜ਼ (ਸੋਧਨਾ) ਬਿਲ, 1976
12. ਪੰਜਾਬ ਸਮਾਜ ਵਿਰੋਧੀ ਅਤੇ ਖਤਰਨਾਕ ਕਾਰਵਾਈਆਂ ਤੇ ਪਾਬੰਦੀ ਬਿਲ, 1976

---

## RESOLUTION UNDER ARTICLE 368 OF THE CONSTITUTION

**Chief Minister (Giani Zail Singh)** : Sir, I beg to move –

> That this House ratifies the amendments to the Constitution of India falling within the purview of the proviso to clause (2) of artile 368 thereof, proposed to be made by the Constitution (Forty-fourth Amendment) Bill, 1976, as passed by the two Houses of Parliament, and the short title of which has been changed into "The Constitution (Forty-second Amendment) Act, 1976."

ਸਨਮਾਨ ਯੋਗ ਸਪੀਕਰ ਸਾਹਿਬ, ਅੱਜ ਦਾ ਦਿਨ ਸਾਡੇ ਇਤਿਹਾਸ ਵਿਚ ਬੜੀ ਭਾਰੀ ਅਹਿਮੀਅਤ ਰਖਦਾ ਹੈ। ਕੁਝ ਸਮਾਂ ਸਾਡੇ ਦੇਸ਼ ਦੇ ਕੰਸਟੀਚਿਊਸ਼ਨ ਨੂੰ ਬਣਿਆਂ ਬੀਤਿਆ ਹੈ ਔਰ ਉਸ ਸਮੇਂ ਅੰਦਰ ਕਈ ਚੋਣਾਂ ਵੀ ਹੋਈਆਂ ਹਨ। ਬੜੀ ਕਾਮਯਾਬੀ ਨਾਲ ਸਾਡੇ ਦੇਸ਼ ਦੀ ਜਮਹੂਰੀਅਤ ਨੇ ਕੰਮ ਕੀਤਾ ਹੈ। ਜੋ ਵੀ ਦੁਨੀਆਂ ਦੇ ਸੰਵਿਧਾਨ ਬਣਦੇ ਹਨ ਉਹ ਲੋਕਾਂ ਵਾਸਤੇ ਹਨ, ਲੋਕ ਸੰਵਿਧਾਨ ਵਾਸਤੇ ਨਹੀਂ ਇਸ ਭਾਵਨਾਂ ਨੂੰ ਮੁੱਖ ਰਖ ਕੇ ਪੰਡਿਤ ਜਵਾਹਰ ਲਾਲ ਨਹਿਰੂ ਨੇ, ਜਦੋਂ ਕੰਸਟੀਚਿਊਸ਼ਨ ਬਣ ਰਿਹਾ ਸੀ, ਕਈ ਵਾਰੀ ਕਿਹਾ ਸੀ ਕਿ ਇਸ ਵਿਚ ਆਉਣ ਵਾਲੇ ਸਮੇਂ ਵਿਚ ਜੇ ਕੋਈ ਤਬਦੀਲੀ ਕਰਨੀ ਪਵੇਗੀ ਤਾਂ ਉਸ ਨੂੰ ਲੋਕਾਂ ਦੇ ਨੁਮਾਇੰਦੇ ਕਰ ਸਕਣਗੇ। ਉਹਨਾਂ ਨੂੰ ਇਸ ਗੱਲ ਦੀ ਖੁਲ੍ਹ ਹੋਣੀ ਚਾਹੀਦੀ

Original with;
Punjab Vidhan Sabha
Digitized by;
Panjab Digital Library

ਹੈ । ਸਾਡੇ ਵਿਧਾਨ ਵਿਚ ਇਹ ਲਚਕ ਹੈ ਕਿ ਭਾਰਤ ਦੀ ਪਾਰਲੀਆਮੈਂਟ ਜਦੋਂ ਵੀ ਚਾਹੇ ਵਿਧਾਨ ਵਿਚ ਯੋਗ ਤਰਮੀਮ ਕਰ ਸਕਦੀ ਹੈ । ਇਹ ਗੱਲ ਬਿਲਕੁਲ ਸਪੱਸ਼ਟ ਹੈ, ਇਸ ਵਿਚ ਕੋਈ ਸੰਦੇਹ ਨਹੀਂ । ਪਰ ਕੁਝ ਸਮਾਂ ਹੋਇਆ ਸਾਡੇ ਸੰਵਿਧਾਨ ਵਲੋਂ ਦਿਤੀਆਂ ਖੁਲ੍ਹੀਆਂ ਛੁਟੀਆਂ ਦਾ ਕੁਝ ਲੋਕਾਂ ਨੇ ਨਾਜਾਇਜ਼ ਫਾਇਦਾ ਉਠਾਉਣਾ ਸ਼ੁਰੂ ਕਰ ਦਿਤਾ ਸੀ, ਖਾਸ ਤੌਰ ਤੇ ਫ਼ਾਸਿਸਟ ਤਾਕਤਾਂ ਇਸ ਗੱਲ ਦਾ ਸਹਾਰਾ ਲੈਂਦੀਆਂ ਸਨ ਕਿ ਸਾਡੇ ਵਿਧਾਨ ਵਿਚ ਜੋ ਫ਼ੰਡਾਮੈਂਟਲ ਰਾਈਟਸ ਹਨ ਅਸੀਂ ਉਨ੍ਹਾਂ ਦੇ ਬਹਾਨੇ ਜੋ ਚਾਹੀਏ ਕਰ ਸਕਦੇ ਹਾਂ।

ਇਥੋਂ ਤਕ ਵੀ ਸਮਾਂ ਆ ਗਿਆ ਜਦੋਂ ਕਿ ਵਿਧਾਨਕ ਢੰਗ ਨਾਲ ਬਣੀਆਂ ਹੋਈਆਂ ਅਸੰਬਲੀਆਂ ਪਾਰਲੀਮੈਂਟਰੀ ਇੰਸਟੀਚਿਊਸ਼ਨਜ਼ ਦੇ ਖਿਲਾਫ ਸਟਰੀਟਸ ਦੇ ਅੰਦਰ, ਕੂਚਿਆਂ ਦੇ ਅੰਦਰ, ਮੈਦਾਨਾਂ ਦੇ ਅੰਦਰ ਲੜਾਈਆਂ ਸ਼ੁਰੂ ਕਰ ਦਿੱਤੀਆਂ ਗਈਆਂ ਅਤੇ ਵਿਧਾਇਕਾਂ ਨੂੰ ਇਹ ਕਿਹਾ ਗਿਆ ਕਿ ਉਹ ਅਸਤੀਫੇ ਦੇ ਦੇਣ ਅਤੇ ਇਹਨਾਂ ਇੰਸਟੀਚਿਊਸ਼ਨਜ਼ ਨੂੰ ਖਤਮ ਕਰ ਦਿਤਾ ਜਾਵੇ । ਫਿਰ ਵੀ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਫਰਾਖਦਿਲੀ ਵਿਖਾ ਕੇ ਇਨ੍ਹਾਂ ਲੋਕਾਂ ਨੂੰ ਖੁਲ੍ਹੀ ਛੁਟੀ ਦਿੱਤੀ ਕਿ ਉਹ ਜੋ ਕੁਝ ਚਾਹੁੰਦੇ ਹਨ ਕਹਿ ਸਕਣ । ਇਥੇ ਹੀ ਬਸ ਨਹੀਂ ਕਈ ਲੋਕਾਂ ਨੇ ਪਾਰਲੀਮੈਂਟ ਦੇ ਅੰਦਰ ਗੈਰ-ਜ਼ਿਮੇਂਵਾਰੀ ਨਾਲ ਬਰਤਾਵ ਕੀਤਾ ਅਤੇ ਇਹ ਜ਼ਰੂਰੀ ਸਮਝਿਆ ਗਿਆ ਕਿ ਇਸ ਵਿਧਾਨ ਦੇ ਵਿਚ ਅਸੀਂ ਕੁਝ ਅਦਲਾ ਬਦਲੀ ਕਰੀਏ ।

ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਸਾਡਾ ਦੇਸ ਆਰਥਿਕ ਉਨਤੀ ਦੇ ਰਸਤੇ ਉਤੇ ਬੜੀ ਤੇਜ਼ੀ ਨਾਲ ਚਲਣਾ ਚਾਹੁੰਦਾ ਹੈ । ਜਦੋਂ ਇਸ ਵਕਤ ਦੀ ਹੁਕਮਰਾਨ ਪਾਰਟੀ ਨੇ ਲੋਕਾਂ ਪਾਸੋਂ ਵੋਟਾਂ ਮੰਗੀਆਂ ਸਨ 1971 ਵਿਚ ਪਾਰਲੀਮੈਂਟ ਲਈ ਅਤੇ 1972 ਵਿਚ ਅਸੰਬਲੀਆਂ ਲਈ ਤਾਂ ਉਸ ਵਕਤ ਉਸ ਮੈਨੀਫੈਸਟੋ ਦੇ ਅੰਦਰ ਜੋ ਚੀਜ਼ਾਂ ਦਿੱਤੀਆਂ ਗਈਆਂ ਸਨ ਉਨ੍ਹਾਂ ਦੀ ਪੂਰਤੀ ਵਾਸਤੇ ਬੜਾ ਜ਼ਰੂਰੀ ਸੀ ਕਿ ਇਸ ਵਿਧਾਨ ਦੇ ਅੰਦਰ ਕੁਝ ਤਰਮੀਮਾਂ ਕੀਤੀਆਂ ਜਾਣ । ਵਿਧਾਨ ਵਿਚ ਤਬਦੀਲੀ ਕਰਨ ਵਾਸਤੇ 2/3 ਮੈਜਾਰਿਟੀ ਜਿਹੜੀ ਚਾਹੀਦੀ ਸੀ ਉਹ ਲੋਕਾਂ ਨੇ ਇਸ ਪਾਰਟੀ ਨੂੰ ਦਿਤੀ । ਇਸ ਤੋਂ ਸਾਫ ਜ਼ਾਹਿਰ ਹੈ ਕਿ ਲੋਕ ਚਾਹੁੰਦੇ ਸਨ ਕਿ ਅਗਰ ਵਿਧਾਨ ਵਿਚ ਵੀ ਤਬਦੀਲੀ ਕਰਨੀ ਪਵੇ ਤਾਂ ਕੀਤੀ ਜਾਵੇ । ਦੇਸ਼ ਦੇ ਵਿਚ ਆਰਥਿਕ ਇਨਕਲਾਬ ਲਿਆਉਣ ਵਾਸਤੇ ਜੋ ਰਸਤੇ ਵਿਚ ਰੁਕਾਵਟਾਂ ਹਨ ਉਹ ਨਾ ਰਹਿਣ ਦਿੱਤੀਆਂ ਜਾਣ ਅਤੇ ਦੇਸ਼ ਦੇ ਵਿਚੋਂ ਗਰੀਬੀ ਨੂੰ ਖਤਮ ਕੀਤਾ ਜਾਵੇ । ਜਦੋਂ ਵੀ ਵਿਧਾਨ ਵਿਚ ਤਬਦੀਲੀ ਕੀਤੀ ਜਾਂਦੀ ਸੀ ਤਾਂ ਉਸਤੇ ਅਮਲ ਕਰਨ ਵਿਚ ਸਾਡੇ ਦੇਸ਼ ਦੀ ਜੂਡੀਸ਼ਰੀ ਰੋਕ ਪਾਉਂਦੀ ਸੀ । ਇਸ ਵਿਚ ਜੂਡੀਸ਼ਰੀ ਦਾ ਕੋਈ ਕਸੂਰ ਨਹੀਂ ਸੀ । ਜੂਡੀਸ਼ਰੀ ਨੇ ਤਾਂ ਬਣੇ ਹੋਏ ਵਿਧਾਨ ਦੀ ਵਿਆਖਿਆ ਹੀ ਕਰਨੀ ਹੁੰਦੀ ਹੈ । ਇਸ ਕਾਰਣ ਰੁਕਾਵਟ ਪੈ ਜਾਂਦੀ ਸੀ ਅਤੇ ਸਾਡਾ ਨਿਸ਼ਾਨਾ ਪੂਰਾ ਨਹੀਂ ਸੀ ਹੁੰਦਾ । ਇਸ ਦਾ ਨਤੀਜਾ ਇਹ ਨਿਕਲਿਆ ਕਿ ਦੇਸ਼ ਦੇ ਵਿਚ ਬਦਅਮਨੀ ਫੈਲ ਰਹੀ ਸੀ । ਜਿਹੜੀਆਂ ਤਾਕਤਾਂ ਸਾਡੇ ਦੇਸ਼ ਵਿਚ ਜਮਹੂਰੀਅਤ ਨਹੀਂ ਚਾਹੁੰਦੀਆਂ ਅਤੇ ਹਿੰਦੁਸਤਾਨ ਦੀ ਤਾਕਤ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਸਨ ਅਤੇ ਸਾਡੇ ਵਿਚ ਲੜਾਈ ਝਗੜੇ ਪਵਾ ਕੇ ਫਾਇਦਾ ਉਠਾਉਣਾ ਚਾਹੁੰਦੀਆਂ ਸਨ, ਉਨ੍ਹਾਂ ਨੇ ਹੋਰ ਜ਼ਿਆਦਾ ਐਕਟਿਵ ਹੋ ਕੇ ਇਸ ਵਿਚ ਹਿੱਸਾ ਪਾਉਣਾ ਸ਼ੁਰੂ ਕਰ ਦਿਤਾ । ਖਾਸ ਤੌਰ ਤੇ ਉਹ ਫਾਸਿਸਟ ਤਾਕਤਾਂ ਜਿਹੜੀਆਂ ਜਮਹੂਰੀਅਤ ਦੀਆਂ ਦੁਸ਼ਮਨ ਹਨ' ਜਿਹੜੀਆਂ ਸੋਸ਼ਲਿਜ਼ਮ ਦੀਆਂ ਦੁਸ਼ਮਨ ਹਨ ਅਤੇ ਜਿਹੜੀਆਂ ਆਵਾਮ ਦੀਆਂ ਦੁਸ਼ਮਨ ਹਨ ਉਹਨਾਂ ਦੇ ਲਈ ਰਸਤੇ ਖੁਲ੍ਹੇ ਸਨ । ਉਹ ਇਨ੍ਹਾਂ ਰਸਤਿਆਂ ਵਿਚੋਂ ਹੀ ਲਘ ਕੇ ਦੇਸ਼ ਦੇ ਵਿਚ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਰਵ-ਵਿਆਪੀ ਬਦਅਮਨੀ ਫੈਲਾਉਣਾ ਚਾਹੁੰਦੀਆਂ ਸਨ । ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਮਹਾਨ ਦਲੇਰੀ ਨਾਲ, ਨਿਡਰਤਾ ਨਾਲ ਅਤੇ ਦੂਰ ਅੰਦੇਸ਼ੀ ਨਾਲ ਫੈਸਲਾ ਕੀਤਾ ਅਤੇ ਦੇਸ਼ ਦੇ ਵਿਚ ਰਾਸ਼ਟਰਪਤੀ ਨੇ ਅੰਦਰੂਨੀ ਐਮਰਜੈਂਸੀ ਲਗਾ ਕੇ ਦੇਸ਼ ਦੇ ਵਿਚ ਡਿਸਪਲਿਨ ਕਾਇਮ ਕੀਤਾ, ਅਮਨ ਅਤੇ ਸ਼ਾਂਤੀ ਨੂੰ ਕਾਇਮ ਕੀਤਾ ਅਤੇ ਫਿਰਕਾਦਾਰੀ ਅਤੇ ਪਿਛਾਂਹ ਖਿਚੂ ਤਾਕਤਾਂ ਦੀਆਂ ਨੱਕਾਂ ਵਿਚ ਨਕੇਲਾਂ ਪਾਈਆਂ ਗਈਆਂ । ਆਰਥਿਕਤਾ ਦੀ ਜਿਹੜੀ ਰਫਤਾਰ ਸੀ ਉਸ ਨੂੰ ਤੇਜ਼ ਕੀਤਾ ਗਿਆ । ਇਸ ਗੱਲ ਨੂੰ ਵੀ ਅਨੁਭਵ ਕੀਤਾ ਗਿਆ ਕਿ ਜਦੋਂ ਤਕ ਅਸੀਂ ਖਾਸ ਖਾਸ ਕਲਾਜ਼ਾਂ ਉਤੇ ਵਿਧਾਨ ਦੀ ਤਰਮੀਮ ਨਹੀਂ ਕਰਦੇ ਤਦ ਤਕ ਸਾਡੀ ਤਰੱਕੀ ਦੇ ਰਸਤੇ ਖੁਲ੍ਹ ਨਹੀਂ ਸਕਦੇ । ਇਸ ਖਿਆਲ ਨੂੰ ਮੁੱਖ ਰੱਖ ਕੇ 42ਵੀਂ ਅਮੈਂਡਮੈਂਟ ਨਾਲ ਕੁਝ ਕਲਾਜ਼ਾਂ ਵਿਚ ਤਰਮੀਮ ਕੀਤੀ ਗਈ ਹੈ । ਇਸ ਨੂੰ ਸਾਰੇ ਦੇਸ਼ ਦੇ ਲੋਕਾਂ ਸਾਹਮਣੇ ਰੱਖਿਆ ਗਿਆ । ਇਥੇ ਹੀ ਬਸ ਨਹੀਂ ਹੁਕਮਰਾਨ ਪਾਰਟੀ ਨੇ ਇਕ ਕਮੇਟੀ ਬਣਾਈ ਅਤੇ ਉਸ ਕਮੇਟੀ ਦੇ ਚੇਅਰਮੈਨ ਸਰਦਾਰ ਸਵਰਨ ਸਿੰਘ ਜੀ ਨੇ ਸਾਰੇ ਦੇਸ਼ ਦੇ ਵਿਚ ਘੁੰਮ ਕੇ ਹਰ ਖਿਆਲ ਦੇ ਲੋਕਾਂ ਪਾਸੋਂ ਰਾਏ ਮੰਗੀ, ਨਵੀਆਂ ਤਰਮੀਮਾਂ ਮੰਗੀਆਂ ਅਤੇ ਜਿਹੜੀਆਂ ਤਰਮੀਮਾਂ ਪਰਪੋਜ਼ ਕੀਤੀਆਂ ਗਈਆਂ ਸਨ ਇਨ੍ਹਾਂ ਨੂੰ ਖਾਸ ਤੌਰ ਤੇ ਸੁਧਾਰਣ ਵਾਸਤੇ ਲੋਕਾਂ ਪਾਸੋਂ ਰਾਵਾਂ ਮੰਗੀਆਂ ਗਈਆਂ । ਆਪੋਜ਼ੀਸ਼ਨ ਪਾਰਟੀਆਂ ਨੂੰ ਖਾਸ ਤੌਰ ਤੇ ਦਾਵਤ ਦੇ ਕੇ ਮੌਕਾ ਦਿਤਾ ਗਿਆ ਕਿ ਉਹ ਵੀ ਆਉਣ ਅਤੇ ਆਪਣਾ ਮਸ਼ਵਰਾ ਦੇਣ ।

**Shrimati Satwant Kaur Sandhu** : On a point of order.

**Mr Speaker** : No obstruction. You cannot raise any point of order during a speech. You cannot interrupt.

**ਸ਼੍ਰੀਮਤੀ ਸਤਵੰਤ ਕੌਰ ਸੰਧੂ** : ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਕੁਝ ਕਿਹਾ ਹੈ ਉਸ ਦੇ ਬਾਰੇ ਗਲ ਕਰਨੀ ਹੈ ।

**ਸ਼੍ਰੀ ਸਪੀਕਰ** : ਤੁਸੀਂ ਕੋਈ ਗੱਲ ਨਹੀਂ ਕਰ ਸਕਦੇ । **ਸੀ.** ਐਮ. ਸਾਹਿਬ ਦੀ ਸਪੀਚ ਤੋਂ ਬਾਅਦ ਜੋ ਕੁਝ ਤੁਸੀਂ ਪੁੱਛਣਾ ਹੋਵੇ ਤਾਂ ਮੈਂ ਅਲਾਓ ਕਰ ਦਿਆਂਗਾ ।

**ਸ਼੍ਰੀਮਤੀ ਸਤਵੰਤ ਕੌਰ ਸੰਧੂ** : ** ** **

**ਸ਼੍ਰੀ ਸਪੀਕਰ** : ਇਹ ਜੋ ਕੁਝ ਵੀ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਲੇਡੀ ਮੈਂਬਰ ਹੋਣ ਦੇ ਨਾਤੇ ਕਿਹਾ ਸੀ ਕਿ ਇਨ੍ਹਾਂ ਨੂੰ ਗਲ ਕਰ ਲੈਣ ਦਿਓ । ਪਰ ਇਹ ਤਾਂ ਨਜਾਇਜ਼ ਫਾਇਦਾ ਉਠਾ ਰਹੇ ਹਨ ।

**ਸ਼੍ਰੀਮਤੀ ਸਤਵੰਤ ਕੌਰ ਸੰਧੂ** : ** ** **

**ਸ਼੍ਰੀ ਸਪੀਕਰ** : ਇਹ ਜੋ ਕੁਝ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਜੋ ਇਹ ਸੰਵਿਧਾਨ ਵਿਚ ਤਰਮੀਮਾਂ ਕੀਤੀਆਂ ਗਈਆਂ ਹਨ । ਉਹ ਸਾਰੀਆਂ ਮਹੱਤਵਪੂਰਨ ਹਨ । ਸਾਡੇ ਕਾਂਸਟੀਚਿਊਸ਼ਨ ਦੇ ਪਰੀਐਮਬਲ ਵਿਚ ਸਾਡਾ ਦੇਸ਼ ਜੋ ਪਹਿਲਾਂ ਸੋਵਰਿਨ ਡੈਮੋਕਰੇਟਿਕ ਰਿਪਬਲਿਕ ਸੀ ਉਸ ਨੂੰ ਵਧਾ ਕੇ

** Not recorded as ordered by the chair

Original with;
Punjab Vidhan Sabha
Digitized by;
Panjab Digital Library

"ਸੋਵਰਨ ਸੋਸ਼ਲਿਸਟ ਸੈਕੂਲਰ ਡੈਮੋਕਰੈਟਿਕ ਰਿਪਬਲਿਕ" ਨਾਂ ਰੱਖਿਆ ਗਿਆ ਹੈ । ਇਹ ਇਕ ਬਹੁਤ ਮਹੱਤਵਪੂਰਨ ਗੱਲ ਹੈ । ਸਾਨੂੰ ਇਸ ਗੱਲ ਦਾ ਹਮੇਸ਼ਾ ਖਿਆਲ ਰਹਿੰਦਾ ਸੀ ਕਿ ਸੋਸ਼ਲਿਸ਼ਟ ਪਾਰਟੀ ਹੋਣਾ ਹੋਰ ਗੱਲ ਹੈ ਲੇਕਿਨ ਸਟੇਟ ਦਾ ਸੋਸ਼ਲਿਸਟ ਹੋਣ ਤੋਂ ਬਗੈਰ ਕੋਈ ਕੰਮ ਸਮਾਜਵਾਦੀ ਢਾਂਚੇ ਵਿਚ ਅੱਗੇ ਨਹੀਂ ਚਲ ਸਕਦਾ। ਮੈਂ ਸਮਝਦਾ ਹਾਂ ਕਿ ਇਹਨਾਂ ਦੋ ਲਫਜ਼ਾਂ ਨੇ ਸਾਡੇ ਦੇਸ਼ ਦੇ ਨਾਮ ਨੂੰ ਬਹੁਤ ਉਚਾ ਕੀਤਾ ਹੈ ਅਤੇ ਜਿਨ੍ਹਾਂ ਨਿਸ਼ਾਨਿਆਂ ਦੀ ਪੂਰਤੀ ਕਰਨਾ ਚਾਹੁੰਦੇ ਸੀ ਉਨ੍ਹਾਂ ਦੀ ਪੂਰਤੀ ਦੀ ਸੰਭਾਵਨਾ ਇਨ੍ਹਾਂ ਲਫਜਾਂ ਦੇ ਪੈਣ ਨਾਲ ਹੋਰ ਜ਼ਿਆਦਾ ਪੱਕੀ ਹੋ ਗਈ ਹੈ ।

ਸਪੀਕਰ ਸਾਹਿਬ ਤੁਹਾਨੂੰ ਯਾਦ ਹੋਵੇਗਾ ਕਿ ਵਰਤਮਾਨ ਪਾਰਲੀਮੈਂਟ ਤੋਂ ਪਹਿਲਾਂ ਜਿਹੜੀ ਪਾਰਲੀਮੈਂਟ ਸੀ ਉਸ ਦੇ ਵਿੱਚ ਜੋ ਆਪੋਜ਼ੀਸ਼ਨ ਸੀ ਉਸ ਦੀ ਰਹਿਨੁਮਾਈ ਰਿਐਕਸ਼ਨਰੀ ਫੋਰਸਿਜ਼ ਕਰਦੀਆਂ ਸਨ ਲੇਕਿਨ ਜਦੋਂ ਸਮਾਜਵਾਦੀ ਤੇ ਅਗਾਂਹ ਵਧੂ ਨੀਤੀਆਂ ਦਾ ਲੋਕਾਂ ਦੇ ਦਿਲੋਂ ਦਿਮਾਗ ਤੇ ਅਸਰ ਪਿਆ ਤਾਂ ਪਾਰਲੀਮੈਂਟ ਦੇ ਅੰਦਰ ਨਾ ਟਰੈਜ਼ਰੀ ਬੈਂਚਿਜ਼ ਤੇ ਅਤੇ ਨਾ ਹੀ ਆਪੋਜ਼ੀਸ਼ਨ ਵਿੱਚ ਕੋਈ ਰਿਐਕਸ਼ਨਰੀ ਫੋਰਸਿਜ਼ ਨਾਲ ਸਬੰਧ ਰੱਖਣ ਵਾਲਾ ਆਦਮੀ ਰਹਿਨੁਮਾਈ ਕਰਨ ਲਈ ਰਹਿ ਗਿਆ ਹੈ । ਅਸੀਂ ਇਸ ਤਰ੍ਹਾਂ ਦੇ ਇਖਤਲਾਫਾਤ ਤਾਂ ਕਰ ਸਕਦੇ ਹਾਂ ਕਿ ਇਨ੍ਹਾਂ ਦੀਆਂ ਨੀਤੀਆਂ ਠੀਕ ਨਹੀਂ । ਸਾਨੂੰ ਇਸ ਗਲ ਦਾ ਵੀ ਇਤਰਾਜ਼ ਹੋ ਸਕਦਾ ਹੈ ਕਿ ਕੁਝ ਤਾਕਤਾਂ ਵਿਦੇਸ਼ੀ ਤਾਕਤਾਂ ਦੇ ਇਸ਼ਾਰੇ ਤੇ ਚਲਦੀਆਂ ਹਨ । ਜਿਹੜੀਆਂ ਤਾਕਤਾਂ ਸਮਾਜਵਾਦ ਉਤੇ ਯਕੀਨ ਰਖਦੀਆਂ ਹਨ ਉਨ੍ਹਾਂ ਦੀ ਲੋਕਾਂ ਵਿਚ ਥਾਂ ਹੈ, ਜਗ੍ਹਾ ਹੈ । ਇਸ ਕਾਰਣ ਹੀ ਫਾਸਿਸਟ ਤਰੀਕੇ ਨਾਲ ਸੋਚਣ ਵਾਲਿਆਂ ਨੂੰ ਲੋਕਾਂ ਨੇ ਪਿਛਾਹ ਕੇਜਿਆਂ ਸੀ

ਸਪੀਕਰ ਸਾਹਿਬ ਸਾਡੇ ਵਿਧਾਨ ਦੇ ਵਿੱਚ ਇਨਸਾਫ ਵਾਸਤੇ ਬਹੁਤ ਪਰੋਵੀਜ਼ਨ ਸੀ। ਪਰ ਜੇ ਇਨਸਾਫ ਵਿੱਚ ਦੇਰੀ ਹੋ ਜਾਵੇ ਤਾਂ ਉਹ ਇਨਸਾਫ ਨਹੀਂ ਰਹਿ ਜਾਂਦਾ। ਇਸ ਲਈ ਇਹ ਜ਼ਰੂਰੀ ਸੀ ਕਿ ਕਈ ਚੀਜ਼ਾਂ ਉਤੇ ਵਿਧਾਨਕ ਰੋਕ ਪਾਈ ਜਾਵੇ । ਉਹ ਅਦਾਲਤ ਵਿੱਚ ਚੈਲਿੰਜ ਨਾ ਹੋ ਸਕੇ ਅਤੇ ਆਰਥਿਕ ਇਨਕਲਾਬ ਲਿਆਉਣ ਵਿੱਚ ਅਗਰ ਕੋਈ ਇਸ ਕਿਸਮ ਦੀ ਰੁਕਾਵਟ ਪੈਂਦੀ ਹੈ ਤਾਂ ਉਹ ਰਹਿ ਨਾ ਸਕੇ ਇਨ੍ਹਾਂ ਚੀਜ਼ਾਂ ਬਾਰੇ ਪਾਰਲੀਮੈਂਟ ਨੇ ਆਪਣੇ ਅਧਿਕਾਰ ਨੂੰ ਸਪਸ਼ਟ ਕਰਨ ਵਾਸਤੇ ਤਰਮੀਮ ਕੀਤੀ ਹੈ ।

ਇਸ ਨਾਲ ਜੁਡੀਸ਼ਰੀ ਦਾ ਸਨਮਾਨ ਘਟਾਇਆ ਨਹੀਂ। ਉਸ ਦਾ ਸਨਮਾਨ ਪੂਰਾ ਰੱਖਿਆ ਹੈ। ਲੇਕਿਨ ਬੜੀ ਸਿਆਣਪ ਨਾਲ ਉਹ ਚੀਜ਼ਾਂ ਵਖਰੀਆਂ ਕੀਤੀਆ ਹਨ ਜਿਨ੍ਹਾਂ ਦੇ ਨਾਲ ਲੋਕਾਂ ਦੇ ਉੱਨਤੀ ਦੇ ਕੰਮ ਵਿੱਚ ਕੋਈ ਰੁਕਾਵਟ ਪੈਂਦੀ ਹੈ।

---

ਤੁਸੀਂ ਜਾਣਦੇ ਹੋ ਸਪੀਕਰ ਸਾਹਿਬ, ਸਰਕਾਰੀ ਕਰਮਚਾਰੀਆਂ ਵੱਡੇ ਜਾਂ ਛੋਟੇ, ਦੇ ਮਸਲਿਆਂ ਤੇ, ਜਦੋਂ ਵੀ ਕੋਈ ਸ਼ੱਕ ਦੀ ਗੁੰਜਾਇਸ਼ ਹੁੰਦੀ ਸੀ ਕਿ ਉਨ੍ਹਾਂ ਨਾਲ ਇਨਸਾਫ ਨਹੀ ਹੋਇਆ ਤਾਂ ਉਹ ਹਾਈ ਕੋਰਟ ਨੂੰ ਜਾਂ ਅਦਾਲਤਾਂ ਨੂੰ ਮੂਵ ਕਰਦੇ ਸਨ, ਅਦਾਲਤਾਂ ਦੇ ਦਰਵਾਜ਼ੇ ਖੜਕਾਂਦੇ ਸਨ । ਪਰ ਫੈਸਲਿਆਂ ਵਿਚ ਕਈ ਕਈ ਸਾਲ ਲਗ ਜਾਂਦੇ ਸੀ । ਹੁਣ ਵੀ ਅਮੈਂਡਮੈਂਟ ਤੋਂ ਬਾਅਦ ਇਹ ਹੋ ਜਾਵੇਗਾ ਕਿ ਸੈਂਟਰਲ ਗਵਰਨਮੈਂਟ ਦਾ ਵੀ ਅਤੇ ਸਟੇਟ ਗੌਵਰਨਮੈਂਟ ਦਾ ਵੀ ਟਰਬਿਊਨਲ ਮੁਕਰਰ ਕਰ ਦਿੱਤਾ ਜਾਵੇਗਾ ਅਤੇ ਇਸ ਤਰ੍ਹਾਂ ਦੇ ਕੇਸ ਉਨ੍ਹਾਂ ਕੋਲ ਚਲੇ ਜਾਣਗੇ ਅਤੇ ਉਨ੍ਹਾਂ ਦਾ ਨਿਪਟਾਰਾ ਜਲਦੀ ਹੋ ਜਾਵੇਗਾ ।

ਮੈਂ ਚਾਹੁੰਦਾ ਹਾਂ ਕਿ ਹਾਊਸ ਦੇ ਆਨਰੇਬਲ ਮੈਂਬਰਜ਼ ਆਪਣੇ ਵਿਚਾਰ ਖੁਲ੍ਹ ਦਿਲੀ ਨਾਲ ਦੇਣ, ਇਸ ਕਰਕੇ ਮੈਂ ਇਕ ਕਲਾਜ਼ ਤੇ ਆਪਣੇ ਵਿਚਾਰ ਦੇਣ ਦਾ ਖਿਆਲ ਨਹੀਂ ਰੱਖਦਾ । ਇਹ ਸ਼ਬਦ ਕਹਿ ਕੇ ਮੈਂ ਬੈਠਦਾ ਹਾਂ ।

Original with;
Punjab Vidhan Sabha
Digitized by;
Panjab Digital Library

**Mr. Speaker** : Motion moved—

That this House ratifies the amendments to the Constitution of India falling within the purview of the proviso to clause (2) of article 368 thereof proposed to be made by the Constitution (Forty-Fourth Amendment) Bill, 1976 as passed by the two Houses of Parliament, and the short title of which has been changed into "The Constitution (Forty-second Amendment) Act, 1976".

---

**ਸਰਦਾਰ ਮੁਹਿੰਦਰ ਸਿੰਘ ਸਾਈਆਂਵਾਲਾ** (ਫਿਰੋਜ਼ਪੁਰ ਛਾਉਣੀ) : ਸਪੀਕਰ ਸਾਹਿਬ ਮੈਂ ਤੁਹਾਡੇ ਸਾਹਮਣੇ ਇਹ ਦੱਸਣਾ ਚਾਹੁੰਦਾ ਹਾਂ ਕਿ ਅੱਜ ਦਾ ਦਿਨ ਵਿਧਾਨ ਸਭਾ ਦੀ ਜ਼ਿੰਦਗੀ ਵਿਚ ਇਕ ਮਨਹੂਸ ਦਿਨ ਹੈ ਅਤੇ ਮੈਂ ਸਮਝਦਾ ਹਾਂ........(ਵਿਘਨ) ਜਦੋਂ ਕਿ ਹੁਕਮਰਾਨ ਪਾਰਟੀ ਲੋਕ ਰਾਜ ਦੀਆਂ ਜੜ੍ਹਾਂ ਵੱਢਣ ਨੂੰ ਤਤਪਰ ਹੈ........ ।

**ਸ੍ਰੀ ਸਪੀਕਰ** : ਤੁਸੀਂ ਪੇਪਰ ਤੋਂ ਪੜ੍ਹ ਨਹੀਂ ਸਕਦੇ, ਤੁਸੀਂ ਆਪਣੀ ਸਪੀਚ ਕਰੋ ।

**ਰਾਜ ਮੰਤਰੀ, ਖੁਰਾਕ ਤੇ ਸਪਲਾਈ** (ਸ੍ਰੀ ਜੋਗਿੰਦਰ ਪਾਲ ਪਾਂਡੇ) : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਹ ਜੋ ਕਿਹਾ ਹੈ ਇਨ੍ਹਾਂ ਨੇ, ਉਸ ਨੂੰ ਵਿਦਡਰਾ ਕਰਨ। (ਵਿਘਨ)

**ਸ੍ਰੀ ਸਪੀਕਰ** : ਇਨਟਰੱਪਟ ਨਾ ਕਰੋ ਜੀ ।

**ਸਰਦਾਰ ਮੁਹਿੰਦਰ ਸਿੰਘ ਸਾਈਆਂਵਾਲਾ** : ਸ੍ਰੋਮਣੀ ਅਕਾਲੀ ਦਲ 42ਵੀਂ ਸਵਿੰਧਾਨਕ ਸੋਧ ਬਿਲ ਨੂੰ ਸੰਪੂਰਨ ਤੌਰ ਤੇ ਰੱਦ ਕਰ ਚੁਕਿਆ (ਵਿਘਨ) (ਸ਼ੋਰ) ਅੱਜ ਸੈਂਸਰ ਦਾ ਗਲ ਘੋਟੂ ਲਾ ਕੇ ਪਰੈਸ, ਸਰਕਾਰੀ ਰੇਡੀਓ ਤੋਂ, ਇਕੋ ਹੀ ਪਾਸੇ ਦਾ ਪ੍ਰਾਪੇਗੰਡਾ ਹੋ ਰਿਹਾ ਹੈ । ਕੰਸਟੀਚਿਊਸ਼ਨ ਦੇ ਇਕੋ ਹੀ ਪਾਸੇ ਬਾਰੇ ਦੱਸਿਆ ਜਾ ਰਿਹਾ ਹੈ।ਸਰਕਾਰੀ ਰੇਡੀਓ ਤੇ ਨਿਰੇ ** ਦੀ ਮੁਹਿੰਮ ਚਲਾਈ ਜਾ ਰਹੀ ਹੈ । ਮੈਂ ਆਪ ਦੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਸੱਚਾਈ ਨਹੀਂ ਹੈ (ਵਿਘਨ) (ਸ਼ੋਰ)

**ਸ੍ਰੀ ਸਪੀਕਰ** : ਸਾਂਈਆਂ ਵਾਲਾ ਜੀ, ਕੀ ਤੁਸੀਂ ਪੰਜਾਬੀ ਨਹੀ ਬੋਲ ਸਕਦੇ ? ਤੁਸੀਂ ਪੇਪਰ ਤੋ ਨਾ ਪੜ੍ਹੋ, ਸਪੀਚ ਕਰੋ ਜੀ ।

**ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ** : ਬਹੁਤ ਸਾਰੇ ਅਕਾਲੀ ਮੈਂਬਰ ਪਹਿਲਾਂ ਹੀ ਜੇਲ੍ਹ ਵਿਚ ਹਨ । ਜਥੇਦਾਰ ਮੋਹਨ ਸਿੰਘ ਤੁੜ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ . . . .

**ਕੈਪਟਨ ਰਤਨ ਸਿੰਘ** : ਆਨ-ਏ-ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਆਨਰੇਬਲ ਮੈਂਬਰ, ਸਾਈਆਂਵਾਲਾ ਜੀ ਨੇ ਉਹ ਸ਼ਬਦ ਬੋਲੇ ਹਨ ਜਿਨ੍ਹਾਂ ਨੂੰ ਮੋਸਟ ਅਨ-ਪਾਰਲੀਮੈਂਟਰੀ ਕਿਹਾ ਜਾਂਦਾ ਹੈ । ਜਾਂ ਤਾਂ ਮੈਂਬਰ ਸਾਹਿਬ ਉਸ ਸ਼ਬਦ ਨੂੰ ਵਾਪਿਸ ਲੈ ਲੈਣ ਨਹੀਂ ਤਾਂ ਇਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣਨ । ਮਸਲਨ ਜਿਹੜਾ ਸ਼ਬਦ ਮੈਂਬਰ ਸਾਹਿਬ ਨੇ ** ** ** ਦਾ ਵਰਤਿਆ ਹੈ, ਇਹ ਮੋਸਟ ਅਨਪਾਰਲੀਮੈਂਟਰੀ ਹੈ ।

**ਸ੍ਰੀ ਸਪੀਕਰ** : ਇਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣੇ ** ** ** ਲਫਜ਼ ਆਲਰੇਡੀ ਅਨਪਾਰਲੀਆਮੈਂਟਰੀ ਡਿਕਲੇਅਰ ਹੋ ਚੁੱਕਾ ਹੈ ।

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਬੰਸ ਸਿੰਘ ਜਲਾਲ :** ਸਪੀਕਰ ਸਾਹਿਬ, ਮੈਂਬਰ ਸਾਹਿਬ ਅਜੇ ਬੋਲਣ ਵੀ ਨਹੀਂ ਸੀ ਲੱਗੇ ਕਿ ਵਿਰੋਧੀ ਦਲ ਵਾਲਿਆਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ । (ਵਿਘਨ)

**ਕੁਝ ਆਵਾਜ਼ਾਂ :** ਵਿਰੋਧੀ ਦਲ ਕਿਹੜਾ ਹੋਇਆ ?

**ਸਰਦਾਰ ਹਰਬੰਸ ਸਿੰਘ ਜਲਾਲ :** ਸਪੀਕਰ ਸਾਹਿਬ, ਰਿਪੋਰਟਰ ਤੁਹਾਡੇ ਕੋਲ ਹਨ, ਉਹ ਕਾਫੀ ਸ਼ੋਰ ਹੋਣ ਕਾਰਨ ਇਕ ਲਫਜ਼ ਵੀ ਰਿਕਾਰਡ ਨਹੀਂ ਕਰ ਸਕੇ ਹੋਣੇ, ਤੁਸੀਂ ਰਿਕਾਰਡ ਵੇਖ ਲਵੋ । ਇਹ ਲਫਜ਼ ਮੈਂਬਰ ਸਾਹਿਬ ਨੇ ਨਹੀਂ ਬੋਲਿਆ ।

**ਸ੍ਰੀ ਸਪੀਕਰ :** ਅਗਤ...... ਦਾ ਲਫਜ਼ ਕਿਹਾ ਗਿਆ ਹੈ ਤਾਂ ਉਹ ਰਿਕਾਰਡ ਵਿਚ ਨਾ ਲਿਆਂਦਾ ਜਾਵੇ ।

**ਸਰਦਾਰ ਹਰਬੰਸ ਸਿੰਘ ਜਲਾਲ :** ਜੇ ਇਥੇ ਡੈਮੋਕਰੇਸੀ ਦੀਆਂ ਰਵਾਇਤਾਂ ਨਹੀਂ ਰੱਖਣੀਆਂ ਤਾਂ ਡੈਮੋਕਰੇਸੀ ਨੂੰ ਖਤਮ ਕਰ ਦੇਵੋ .... (ਵਿਘਨ) (ਸ਼ੋਰ) ।

**Mr. Speaker :** Order please.

**ਸਰਦਾਰ ਹਰਬੰਸ ਸਿੰਘ ਜਲਾਲ :** ਸਪੀਕਰ ਸਾਹਿਬ, ਤੁਸੀਂ ਪਹਿਲਾਂ ਇਨ੍ਹਾਂ ਨੂੰ ਕੰਟਰੋਲ ਤਾਂ ਕਰੋ ਜੀ, ਇਹ ਗੱਲ ਵੀ ਨਹੀਂ ਕਰਨ ਦਿੰਦੇ ।

**ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ :** ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਲੀਡਰ ਆਫ ਦੀ ਆਪੋਜ਼ੀਸ਼ਨ, ਸਰਦਾਰ ਜਗਦੇਵ ਸਿੰਘ ਤਲਵੰਡੀ, ਪੰਜਾਬ ਦੇ ਜਰਨੈਲ, ਜੇਲ੍ਹਾਂ ਵਿਚ ਬੰਦ ਕੀਤੇ ਹੋਏ ਹਨ (ਵਿਘਨ) (ਸ਼ੋਰ) ਸਪੀਕਰ ਸਾਹਿਬ, ਇਹ ਦੇਸ਼ ਬਹੁ ਕੌਮੀ, ਬਹੁਨਸਲੀ, ਬਹੁਭਾਸ਼ੀ ਅਤੇ ਬਹੁਧਰਮੀ ਹੈ। ਇਸ ਮੁਲਕ ਦੇ ਲੋਕ ਇਕ ਝੰਡੇ ਦੇ ਹੇਠਾਂ ਦੇਸ਼ ਦੀ ਅਜ਼ਾਦੀ ਲਈ ਇਕ ਦੂਜੇ ਤੋਂ ਅੱਗੇ ਹੋ ਕੇ ਇਸ ਕਰਕੇ ਇਕੱਠੇ ਨਹੀਂ ਹੋਏ ਸੀ ਕਿ ਬਿਦੇਸ਼ੀ ਗੁਲਾਮੀ ਦੀਆਂ ਜੰਜ਼ੀਰਾਂ ਤੋੜ ਕੇ ਸੁਦੇਸ਼ੀ ਗੁਲਾਮੀ ਵਿਚ ਆ ਫਸਣ । ਮੋਤੀ ਲਾਲ ਨਹਿਰੂ ਰਿਪੋਰਟ ਤੇ 1923 ਵਿਚ ਦੇਸ਼ ਵਾਸੀਆਂ ਨਾਲ ਵਾਹਦਾ ਕੀਤਾ ਗਿਆ ਸੀ ਕਿ ਅਜ਼ਾਦ ਭਾਰਤ ਦੇ ਸੰਵਿਧਾਨ ਵਿਚ ਬੁਨਿਆਦੀ ਮਨੁੱਖੀ ਅਧਿਕਾਰ ਖਤਮ ਨਹੀਂ ਕੀਤੇ ਜਾਣਗੇ, ਪਰ ਇਹ ਕਾਂਗਰਸ ਲੀਡਰਸ਼ਿਪ ਇਸ ਗੱਲ ਦੇ ਬਿਲਕੁਲ ਖਿਲਾਫ਼ ਜਾ ਰਹੀ ਹੈ। ਫਿਰ 1947 ਵਿਚ ਪੰਡਿਤ ਜਵਾਹਰ ਲਾਲ ਨਹਿਰੂ ਨੇ ਸਿੱਖ ਕੌਮ ਨੂੰ ਮੁਖਾਤਿਬ ਕਰਦਿਆਂ ਹੋਇਆਂ ਕਿਹਾ ਸੀ ਕਿ ਸਿੱਖਾਂ ਲਈ ਉੱਤਰ ਪੱਛਮੀ ਭਾਰਤ ਵਿਚ ਇਕ ਅਜਿਹਾ ਖਿੱਤਾ ਕਾਇਮ ਕੀਤਾ ਜਾਵੇਗਾ ਜਿਸ ਵਿਚ ਸਿੱਖ ਅਜ਼ਾਦੀ ਦੀ ਹਵਾ ਮਾਣ ਸਕਣਗੇ .... ।

**ਸ੍ਰੀ ਸਪੀਕਰ :** ਤੁਸੀਂ ਪੇਪਰ ਤੋਂ ਨਾ ਪੜ੍ਹੋ ਜੀ, ਆਪਣੀ ਸਪੀਚ ਕਰੋ ।

**ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ :** ਸਪੀਕਰ ਸਾਹਿਬ, ਮੈਨੂੰ ਬੜਾ ਦੁੱਖ ਹੈ ਕਿ ਅੱਜ ਜੋ ਵਿਧਾਨ ਵਿਚ ਤਰਮੀਮਾਂ ਕੀਤੀਆਂ ਜਾ ਰਹੀਆਂ ਹਨ, ਇਸ ਦੇ ਵਿਚ ਮੈਜੋਰੇਟੀ ਦੀ ਕੋਈ ਰਾਏ ਨਹੀਂ ਲਈ ਗਈ । ਆਪੋਜ਼ੀਸ਼ਨ ਦੇ ਲੀਡਰਾਂ ਨੂੰ ਜੇਲ੍ਹਾਂ ਵਿਚ ਬੰਦ ਕਰਕੇ ਇਹ ਸਭ ਕੁਝ ਕੀਤਾ ਜਾ ਰਿਹਾ ਹੈ । ਸਾਡੇ 15 ਐਮ. ਐਲ. ਏਜ਼. ਜੇਲ੍ਹਾਂ ਵਿਚ ਬੰਦ ਹਨ ਅਤੇ ਇਨ੍ਹਾਂ ਦੀ ਗੈਰਹਾਜ਼ਰੀ ਵਿਚ ਰਾਏ ਲਈ ਜਾ ਰਹੀ ਹੈ, ਇਹ ਬਿਲਕੁਲ ਠੀਕ ਨਹੀਂ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਾਂਗਾ ਕਿ ਜਿਹੜੀ ਸੋਧ ਇਥੇ ਪਾਸ ਕੀਤੀ ਜਾ ਰਹੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ]

ਹੈ ਅਤੇ ਹੋਰ ਅਸੈਂਬਲੀਆਂ ਤੋਂ ਵੀ ਪਾਸ ਕਰਵਾਈ ਜਾ ਰਹੀ ਹੈ, ਇਹ ਸਾਨੂੰ ਪਾਸ ਨਹੀਂ ਕਰਨੀ ਚਾਹੀਦੀ । ਅਸੈਂਬਲੀਆਂ ਨੂੰ ਤਾਂ ਮਿਊਂਸਪਲ ਕਮੇਟੀ ਜਾਂ ਲੋਕਲ ਬਾਡੀ ਤੋਂ ਜ਼ਿਆਦਾ ਨਹੀਂ ਰਹਿਣ ਦਿੱਤਾ ਗਿਆ ਅਤੇ ਸਾਰੇ ਅਧਿਕਾਰ ਖੋਹੇ ਜਾ ਰਹੇ ਹਨ ।

**ਸ੍ਰੀ ਸਪੀਕਰ** : ਕੋਈ ਅਧਿਕਾਰ ਨਹੀਂ ਖੋਹੇ ਜਾ ਰਹੇ ਹਨ ।

**ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ** ; ਸਪੀਕਰ ਸਾਹਿਬ, ਇਕ ਝੰਡੇ ਥੱਲੇ ਹੋ ਕੇ ਸਾਰੀਆਂ ਕੌਮਾਂ ਨੇ ਆਜ਼ਾਦੀ ਦੀ ਲੜਾਈ ਲੜੀ ਸੀ । ਹੁਣ ਇਹ ਕੀਤਾ ਜਾ ਰਿਹਾ ਹੈ ਕਿ ਇਕੋ ਹੀ ਪਾਰਟੀ ਦੀ, ਕਾਂਗਰਸ ਪਾਰਟੀ ਦੀ ਮਿਯਾਦ ਜਦੋਂ ਕਿ 5 ਸਾਲ ਪੂਰੇ ਹੋਣ ਲੱਗੇ ਤਾਂ ਹੋਰ ਵਧਾ ਦਿੱਤੀ । ਇਸ ਤਰ੍ਹਾਂ ਵਧਾਈ ਹੋਈ ਮਿਯਾਦ ਵਿੱਚ ਇਸ ਕਾਂਗਰਸ ਪਾਰਟੀ ਨੂੰ ਸੰਵਿਧਾਨ ਵਿੱਚ ਤਰਮੀਮ ਕਰਨ ਦਾ ਕੋਈ ਹੱਕ ਨਹੀਂ ਹੈ । ਇਹ ਚੀਜ਼ ਬਿਲਕੁਲ ਵਿਧਾਨ ਦੇ ਖਿਲਾਫ ਹੈ । ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਸੋਧ ਹਾਊਸ ਨੂੰ ਨਾਮਨਜ਼ੂਰ ਕਰਨੀ ਚਾਹੀਦੀ ਹੈ (ਵਿਘਨ) ਮੈਂ ਇਕੋ ਹੀ ਗੱਲ ਕਹਾਂਗਾ ਕਿ ਪਾਰਲੀਆਮੈਂਟ ਦੀ ਵਧਾਈ ਹੋਈ ਮਿਯਾਦ ਵਿੱਚ ਇਹ ਤਰਮੀਮ ਨਹੀਂ ਹੋਣੀ ਚਾਹੀਦੀ ਅਤੇ ਮੈਂ ਖਾਸ ਤੌਰ ਤੇ ਇਹ ਕਹਾਂਗਾ ਕਿ ਪੰਜਾਬ ਅਸੈਂਬਲੀ ਨੂੰ ਤਾਂ ਇਹ ਬਿਲਕੁਲ ਨਾਮਨਜ਼ੂਰ ਕਰਨੀ ਚਾਹੀਦੀ ਹੈ । ਪਾਰਲੀਆਮੈਂਟ ਨੂੰ ਆਪਣੀ ਮਿਯਾਦ ਅਤੇ ਅਸੈਂਬਲੀਆਂ ਦੀ ਮਿਯਾਦ ਵਧਾਉਣ ਦਾ ਕੋਈ ਹੱਕ ਨਹੀਂ ਹੈ ਅਤੇ ਜੋ ਇਹ ਸੋਧ ਕਰ ਰਹੇ ਹਨ, ਇਹ ਬਿਲਕੁਲ ਗਲਤ ਹੈ ਅਤੇ ਇਹ ਵਿਧਾਨ ਸਭਾ ਦੀ ਜ਼ਿੰਦਗੀ ਵਿੱਚ ਇਕ ਮਨਹੂਸ ਦਿਨ ਹੈ ।

**ਕਈ ਆਵਾਜ਼ਾਂ** : ਮੁੜ ਮੁੜ ਕੇ ਇਕ ਹੀ ਗਲ ਕਹੀ ਜਾ ਰਹੇ ਹੋ ।

**ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ** : ਸਪੀਕਰ ਸਾਹਿਬ, 1950 ਵਿਚ ਸਿੱਖਾਂ ਨੂੰ ਭਰੋਸੇ ਵਿਚ ਲਏ ਬਿਨਾਂ ਇਹ ਸੰਵਿਧਾਨ ਉਨ੍ਹਾਂ ਤੇ ਠੋਸਿਆ ਗਿਆ । ਇਸ ਉਤੇ ਸਿੱਖ ਕੌਮ ਦੇ ਦੋਵੇਂ ਨੁਮਾਇੰਦਿਆਂ ਨੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ । ਜੋ ਵਾਅਦੇ ਸਿੱਖਾਂ ਨਾਲ ਕੀਤੇ ਗਏ ਸਨ, ਉਨ੍ਹਾਂ ਸਾਰਿਆਂ ਨੂੰ ਹੀ ਕਾਂਗਰਸ ਪਾਰਟੀ ਨੇ ਭੁਲਾ ਦਿੱਤਾ ਹੈ ।

ਜੇਕਰ ਸੰਵਿਧਾਨ ਵਿਚ ਕੋਈ ਸੋਧਾਂ ਲਿਆਉਣੀਆਂ ਸਨ ਤਾਂ ਪਾਰਲੀਆਮੈਂਟ ਦੀਆਂ ਇਲੈਕਸ਼ਨਾਂ ਤੋਂ ਬਾਅਦ ਲਿਆਉਂਦੇ ਤਾਂਕਿ ਪਹਿਲੇ ਲੋਕਾਂ ਦੀ ਰਾਏ ਆ ਜਾਂਦੀ । ਜੇ ਲੋਕਾਂ ਦੀ ਰਾਏ ਇਨ੍ਹਾਂ ਦੇ ਹੱਕ ਵਿੱਚ ਆ ਜਾਂਦੀ ਤਾਂ ਇਹ ਇਸੇ ਤਰ੍ਹਾਂ ਕਰਦੇ । ਇਨ੍ਹਾਂ ਨੂੰ ਚਾਹੀਦਾ ਸੀ ਕਿ ਇਲੈਕਸ਼ਨ ਕਰਾਉਣ ਤੋ ਬਾਅਦ ਹੀ ਸੋਧਾਂ ਕਰਦੇ । ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਕੁੱਝ ਕੀਤਾ ਜਾ ਰਿਹਾ ਹੈ ਇਹ ਅਨ ਵਿਧਾਨਕ ਹੈ ਔਰ ਅਨ-ਡੈਮੋਕਰੇਟਿਕ ਹੈ ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਅੱਜ ਇਹ ਜਿਹੜੇ ਕਾਨੂੰਨ ਬਣਾਏ ਜਾ ਰਹੇ ਹਨ ਉਹ ਮਹਿਜ਼ ਆਪੋਜ਼ੀਸ਼ਨ ਨੂੰ ਖਤਮ ਕਰਨ ਵਾਸਤੇ ਕੀਤੇ ਜਾ ਰਹੇ ਹਨ । ਇਨ੍ਹਾਂ ਕਾਨੂੰਨਾਂ ਵਿੱਚ ਆਪੋਜ਼ੀਸ਼ਨ ਵਾਸਤੇ ਕੋਈ ਗੁੰਜਾਇਸ਼ ਨਹੀਂ ਰਹਿਣ ਦਿੱਤੀ । ਇਹ ਆਪੋਜ਼ੀਸ਼ਨ ਦੀ ਅਵਾਜ਼ ਨੂੰ ਬਿਲਕੁਲ ਖਤਮ ਕਰਨਾ ਚਾਹੁੰਦੇ ਹਨ ।

Original with;
Punjab Vidhan Sabha
Digitized by;
Panjab Digital Library

ਜੇ ਇਹ ਆਪੋਜ਼ੀਸ਼ਨ ਅਤੇ ਲੋਕਾਂ ਦੀ ਆਵਾਜ਼ ਨੂੰ ਨਾ ਖਤਮ ਕਰਨਾ ਚਾਹੁੰਦੇ ਤਾਂ ਇਹ ਅੱਜ ਇਲੈਕਸ਼ਨਾਂ ਤੋਂ ਨਾ ਭੱਜਦੇ । ਅੱਜ ਸਾਰੀ ਦੁਨੀਆਂ ਇਨ੍ਹਾਂ ਦੇ ਖਿਲਾਫ਼ ਹੈ ਔਰ ਇਹ ਐਮਰਜੈਂਸੀ ਲਾਕੇ ਲੋਕਾਂ ਦੀ ਰਾਏ ਨੂੰ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ । ਮੈਂ ਇਹ ਫਿਰ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਕੁੱਝ ਕਰ ਰਹੇ ਹਨ ਇਹ ਅਨ-ਡੈਮੋਕਰੈਟਿਕ ਹੈ ਅਤੇ ਇਸ ਨਾਲ ਅੱਜ ਲੋਕ ਇਨ੍ਹਾਂ ਦੇ ਖਿਲਾਫ਼ ਹਨ ਅਤੇ ਇਨ੍ਹਾਂ ਤੋਂ ਦੂਰ ਹੋ ਰਹੇ ਹਨ । ਇਨ੍ਹਾਂ ਨੂੰ ਚਾਹੀਦਾ ਸੀ ਕਿ ਇਹ ਪਹਿਲਾਂ ਇਲੈਕਸ਼ਨਾਂ ਕਰਵਾ ਕੇ ਫਿਰ ਇਹ ਕੋਈ ਕੰਮ ਕਰਦੇ ਪਰ ਇਹ ਲੋਕਾਂ ਦੀ ਆਵਾਜ਼ ਨੂੰ ਦਬਾ ਰਹੇ ਹਨ । ਮੈਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਬਿਲ ਦੀ ਮੁਖਾਲਫਤ ਕਰਦਾ ਹਾਂ ਔਰ ਇਹ ਕਹਿੰਦਾ ਹਾਂ ਕਿ ਇਹ ਬਿਲ ਜੋ ਪਾਸ ਕੀਤਾ ਜਾ ਰਿਹਾ ਹੈ ਇਹ ਲੋਕ ਮਾਰੂ ਬਿਲ ਹੈ, ਇਹ ਲੋਕ ਮਾਰੂ ਸੋਧਾਂ ਹਨ । ਲੋਕ ਇਸ ਤੇ ਰੋਸ ਪਰਗਟ ਕਰਦੇ ਹਨ ਔਰ ਅਕਾਲੀ ਦਲ ਦੇ ਚੁਣੇ ਹੋਏ ਨੁਮਾਇੰਦੇ ਜਿਨ੍ਹਾਂ ਨੂੰ ਲੋਕਾਂ ਨੇ ਚੁਣ ਕੇ ਇਥੇ ਭੇਜਿਆ ਹੈ ਉਨ੍ਹਾਂ ਨੂੰ ਹਥਕੜੀਆਂ ਲਾਕੇ ਇਨ੍ਹਾਂ ਨੇ ਜੇਲ੍ਹਾਂ ਵਿਚ ਬਿਠਾ-ਇਆ ਹੋਇਆ ਹੈ ਅਤੇ ਹੁਣ ਸੋਧਾਂ ਲਿਆ ਰਹੇ ਹਨ ਜਿਹੜੀਆਂ ਕਿ ਬਿਲਕੁਲ ਹੀ ਨਜਾਇਜ਼ ਹਨ । ਲੋਕਾਂ ਦੀ ਅਵਾਜ਼ ਨੂੰ ਦਬਾਉਣ ਵਾਸਤੇ ਇਹ ਐਮਰਜੈਂਸੀ ਲਾਕੇ ਇਹ ਇਲੈਕਸ਼ਨਾਂ ਨਹੀਂ ਕਰਵਾ ਰਹੇ । ਮੈਂ ਕਹਿੰਦਾ ਹਾਂ ਕਿ ਇਹ ਇਲੈਕਸ਼ਨਾਂ ਕਰਵਾਉਂਦੇ ਅਤੇ ਜੇ ਲੋਕ ਇਨ੍ਹਾਂ ਨੂੰ ਸਪੋਰਟ ਕਰਦੇ ਤਾਂ ਇਹ ਇੱਥੇ ਇਹ ਸੋਧਾਂ ਲਿਆਉਂਦੇ ਤਾਂ ਠੀਕ ਸੀ ਪਰ ਇਹ ਇਲੈਕਸ਼ਨਾਂ ਨਾ ਕਰਵਾ ਕੇ ਬਿਲਕੁਲ ਹੀ ਨਜਾਇਜ਼ ਕਰ ਰਹੇ ਹਨ । ਸਾਡੀ ਪਾਰਟੀ ਇਸ ਬਿਲ ਦੇ ਖਿਲਾਫ਼ ਰੋਸ ਪਰਗਟ ਕਰਦੀ ਹੈ ਅਤੇ ਬਾਈਕਾਟ ਕਰਦੀ ਹੈ ।

ਇਕ ਗੱਲ ਮੈਂ ਇਥੇ ਹੋਰ ਕਹਿਣੀ ਚਾਹੁੰਦਾ ਹਾਂ ਕਿ ਅੱਜ ਪੰਜਾਬ ਦੇ ਜਿਹੜੇ ਵਜ਼ੀਰ ਹਨ ਉਹ ਗੁਰਦੁਆਰਿਆਂ ਵਿਚ ਵੀ ਦਖ਼ਲ ਦੇ ਰਹੇ ਹਨ ਜਿਸ ਤਰ੍ਹਾਂ ਕਿ ਇਨ੍ਹਾਂ ਨੇ ਰਾਮਦਾਸ ਦੇ ਗੁਰਦੁਆਰੇ ਵਿੱਚ ਕੀਤਾ ਹੈ ।

**ਸ੍ਰੀ ਸਪੀਕਰ :** ਇਹ ਇਰਰੈਲਵੈਂਟ ਹੈ ।

**ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ :** ਇਸ ਲਈ ਮੈਂ ਕਹਿੰਦਾ ਹਾਂ ਕਿ ਇਹ ਗੁਰਦੁਆਰਿਆਂ ਵਿੱਚ ਵੀ ਦਖ਼ਲ ਦੇ ਰਹੇ ਹਨ ਜਿਸ ਨਾਲ ਲੋਕ ਇਨ੍ਹਾਂ ਦੇ ਖ਼ਿਲਾਫ ਹੋ ਰਹੇ ਹਨ । ਮੈਂ ਆਪਣੀ ਪਾਰਟੀ ਦੀ ਤਰਫੋਂ ਇਸ ਸੋਧਨਾ ਬਿਲ ਦੀ ਮੁਖਾਲਫਤ ਕਰਦਾ ਹਾਂ ਜਿਹੜਾ ਕਿ ਇੱਥੇ ਹਾਊਸ ਨੂੰ ਧੋਖਾ ਦੇਣ ਵਾਸਤੇ ਲੈ ਆਏ ਹਨ । ਅਸੀਂ ਇਸ ਦਾ ਬਾਈ-ਕਾਟ ਕਰਦੇ ਹਾਂ ਅਤੇ ਇਹ ਰੋਸ ਪਰਗਟ ਕਰਦੇ ਹੋਏ ਵਾਕਆਊਟ ਕਰਦੇ ਹਾਂ ।

## WALK OUT

(ਇਸ ਵੇਲੇ ਸਾਰੇ ਅਕਾਲੀ ਮੈਂਬਰਜ਼ ਜਿਹੜੇ ਕਿ ਹਾਊਸ ਵਿਚ ਹਾਜ਼ਰ ਸਨ, ਹਾਊਸ ਵਿੱਚੋਂ ਵਾਕ ਆਊਟ ਕਰ ਗਏ )

## RESOLUTION UNDER ARTICLE 368 OF THE CONSTITUTION

(*Resumption of Discussion*)

**ਕਾਮਰੇਡ ਸੱਤ ਪਾਲ ਡਾਂਗ** (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਕਿਸੇ ਵੀ ਦੇਸ਼ ਦਾ ਵਿਧਾਨ ਦੇਸ਼ ਦਾ ਬੁਨਿਆਦੀ ਕਾਨੂੰਨ ਹੁੰਦਾ ਹੈ ਜਿਸ ਦੇ ਅਨੁਸਾਰ ਸਾਰੇ ਦੇਸ਼ ਦਾ ਰਾਜ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਢਾਂਚਾ ਚਲਾਇਆ ਜਾਂਦਾ ਹੈ । ਸਾਡੇ ਵਿਧਾਨ ਵਿਚ ਸਿਆਸੀ ਢਾਂਚੇ ਲਈ ਵੀ ਅਤੇ ਆਰਥਿਕ ਨੀਤੀਆਂ ਲਈ ਵੀ ਪ੍ਰੋਵੀਜ਼ਨ ਮੌਜੂਦ ਹੈ । ਇਹ ਜਿਹੜੀਆਂ ਤਰਮੀਮਾਂ ਸੰਵਿਧਾਨ ਵਿਚ ਕਰਨ ਲਈ ਪਾਰਲੀਮੈਂਟ ਦੇ ਦੋਨਾਂ ਸਦਨਾਂ ਨੇ ਪਾਸ ਕੀਤੀਆਂ ਹਨ ਅਤੇ ਹਿੰਦੁਸਤਾਨ ਦੇ ਸਾਰੇ ਸੂਬਿਆਂ ਦੀਆਂ ਅਸੈਂਬਲੀਆਂ ਵਿਚ ਪਾਸ ਹੋਣ ਲਈ ਆਈਆਂ ਹਨ, ਇਸ ਨੂੰ ਜਦੋਂ ਹਿੰਦੁਸਤਾਨ ਦੀਆਂ ਅਸੈਂਬਲੀਆਂ ਪਾਸ ਕਰ ਦੇਣਗੀਆਂ ਤਾਂ ਇਹ ਤਰਮੀਮਾਂ ਵਿਧਾਨ ਵਿੱਚ ਲਾਗੂ ਹੋ ਜਾਣਗੀਆਂ । ਸਪੀਕਰ ਸਾਹਿਬ, ਇਹ ਜਿਹੜੀਆਂ ਤਰਮੀਮਾਂ ਹਨ ਇਹ ਇੱਕ ਜਾਂ ਦੋ ਨਹੀਂ, ਇਹ 59 ਤਰਮੀਮਾਂ ਹਨ । ਇਸ ਕਰਕੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਇਕ ਬੜਾ ਅਹਿਮ ਰੈਜ਼ੋਲਿਊਸ਼ਨ ਹੈ ਔਰ ਜਦੋਂ ਅਸੀਂ ਆਪਣੇ ਵਿਧਾਨ ਵਿੱਚ ਕੋਈ ਤਰਮੀਮ ਕਰਨੀ ਹੋਵੇ ਤਾਂ ਸਾਡਾ ਇਹ ਫਰਜ਼ ਬਣਦਾ ਹੈ ਕਿ ਉਸ ਤੇ ਆਪਣੀ ਪੂਰੀ ਰਾਏ ਦੇਈਏ । ਪਰ ਇਕ ਗਲ ਜਿਹੜੀ ਕਿ ਸੰਭਵ ਨਹੀਂ ਹੋ ਸਕਦੀ ਕਿ ਇਨ੍ਹਾਂ 59 ਤਰਮੀਮਾਂ ਤੇ ਸਾਰਿਆਂ ਦੀ ਰਾਏ ਇਕੋ ਨਹੀਂ ਹੋ ਸਕਦੀ । ਕੋਈ ਮੈਂਬਰ ਕਿਸੇ ਤਰਮੀਮ ਨਾਲ ਸਹਿਮਤ ਹੈ ਅਤੇ ਕਿਸੇ ਨਾਲ ਅਸਹਿਮਤ ਹੈ । ਇਸ ਲਈ ਇਨ੍ਹਾਂ ਸਾਰੀਆਂ 59 ਤਰਮੀਮਾਂ ਤੇ ਸਭ ਦੀ ਇੱਕੋ ਰਾਏ ਨਹੀਂ ਹੋ ਸਕਦੀ । ਪਰ ਅਸੀਂ ਇਹ ਸਮਝਦੇ ਹਾਂ, ਸਾਡੀ ਪਾਰਟੀ ਇਹ ਸਮਝਦੀ ਹੈ ਕਿ ਇਹ ਤਰਮੀਮਾਂ ਦਰੁਸਤ ਹਨ ਅਤੇ ਠੀਕ ਰਾਹ ਤੇ ਹਨ ।

ਸਪੀਕਰ ਸਾਹਿਬ, ਵਿਧਾਨ ਦੀ ਤਰਮੀਮ ਦਾ ਸਵਾਲ ਜੋ ਪਿਛਲੇ ਕਈ ਸਾਲਾਂ ਤੋਂ ਦੇਸ਼ ਦੇ ਅੰਦਰ ਗੱਲ ਰਿਹਾ ਸੀ ਅਤੇ ਇਸ ਲਈ ਜਦੋ ਜਹਿਦ ਚੱਲ ਰਹੀ ਸੀ । ਕੁਝ ਤਰੱਕੀ ਪਸੰਦ ਤਾਕਤਾਂ ਇਸ ਵਿਚ ਕੁੱਝ ਹੋਰ ਤਰਮੀਮਾਂ ਕਰਨੀਆਂ ਚਾਹੁੰਦੀਆਂ ਸਨ ਅਤੇ ਪਿਛਾਂ ਖਿਚੂ ਤਾਕਤਾਂ ਇਸ ਵਿੱਚ ਕੁਝ ਹੋਰ ਕਰਨੀਆਂ ਚਾਹੁੰਦੀਆਂ ਸਨ । ਪਿੱਛੇ ਜਦੋਂ ਵੀ ਕੋਈ ਵਿਧਾਨ ਵਿਚ ਤਰਮੀਮ ਹੁੰਦੀ ਸੀ ਤਾਂ ਹਿੰਦੁਸਤਾਨ ਵਿਚ ਕਾਫ਼ੀ ਜਦੋ ਜਹਿਦ ਹੁੰਦੀ ਸੀ । ਪਰ ਇਹ ਜਿਹੜੀਆਂ 59 ਤਰਮੀਮਾਂ ਹੋਈਆਂ ਹਨ ਇਨ੍ਹਾਂ ਦੀ ਸਾਡੀ ਪਾਰਟੀ ਸਪੋਰਟ ਕਰਦੀ ਹੈ । ਪਰ ਇਸ ਵਿੱਚ ਕਈ ਤਰਮੀਮਾਂ ਹਨ ਜਿਨ੍ਹਾਂ ਤੇ ਮੈਂ ਅਰਜ਼ ਕਰਾਂਗਾ । ਮੈਂ ਸ਼ੁਰੂ ਵਿੱਚ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ 59 ਤਰਮੀਮਾਂ ਵਿੱਚ ਇਕ ਐਸੀ ਤਰਮੀਮ ਹੈ ਜਿਸ ਦਾ ਮੈਂ ਆਪਣੀ ਪਾਰਟੀ ਵੱਲੋਂ ਬਹੁਤ ਹੀ ਸਵਾਗਤ ਕਰਦਾ ਹਾਂ । ਉਹ ਇਹ ਹੈ ਕਿ ਇਹ ਜਿਹੜੀ ਇਸ ਬਿਲ ਦੀ ਧਾਰਾ 55 ਹੈ ਕਿ ਹਿੰਦੁਸਤਾਨ ਦੇ ਵਿਧਾਨ ਵਿੱਚ ਅਗਰ ਵਿਧਾਨ ਦੇ ਮੁਤਾਬਕ ਹਿੰਦੁਸਤਾਨ ਦੀ ਪਾਰਲੀਆਮੈਂਟ ਕੋਈ ਤਰਮੀਮ ਕਰਦੀ ਹੈ ਤਾਂ ਉਸ ਤਰਮੀਮ ਨੂੰ ਹਿੰਦੁਸਤਾਨ ਵਿੱਚ ਕਿਸੇ ਵੀ ਅਦਾਲਤ ਵਿਚ ਸਣੇ ਸੁਪ੍ਰੀਮ ਕੋਰਟ ਦੇ ਚੈਲੰਜ ਨਹੀਂ ਕੀਤਾ ਜਾ ਸਕਦਾ । ਇਸ ਦਾ ਅਸੀਂ ਸਵਾਗਤ ਕੀਤਾ ਹੈ । ਬਾਕੀ ਕੁੱਝ ਹੋਰ ਵੀ ਤਰਮੀਮਾਂ ਹਨ ਜਿਨਾਂ ਤੇ ਮੈਂ ਅੱਗੇ ਚੱਲ ਕੇ ਅਰਜ਼ ਕਰਾਂਗਾ ।

ਸਪੀਕਰ ਸਾਹਿਬ, ਸ਼ੁਰੂ ਵਿੱਚ ਜਿਸ ਵੇਲੇ ਹਿੰਦੁਸਤਾਨ ਦਾ ਸੰਵਿਧਾਨ ਬਣਿਆ ਸੀ ਤਾਂ ਉਹ ਜਿਹੜੀ ਅਸੈਂਬਲੀ ਨੇ ਬਣਾਇਆ ਸੀ ਉਸ ਅਸੈਂਬਲੀ ਦੇ ਮੈਂਬਰ ਲੋਕਾਂ ਦੇ ਚੁਣੇ ਹੋਏ ਨਹੀਂ ਸਨ । ਉਨ੍ਹਾਂ ਨੇ ਵਿਧਾਨ ਵਿਚ ਇਹ ਜ਼ਿਕਰ ਕੀਤਾ ਸੀ ਕਿ ਜੇ ਵਿਧਾਨ ਦੀ ਕਿਸੇ ਤਰਮੀਮ ਤੇ ਮੱਤਭੇਦ ਹੋ ਜਾਵੇ ਤਾਂ ਉਸ ਤੇ ਸੁਪ੍ਰੀਮ ਕੋਰਟ ਦੇ 13 ਜੱਜਾਂ ਵਿਚ ਜੇ 7 ਜੱਜ ਉਸ ਦੇ ਹੱਕ ਵਿਚ ਹੋ ਜਾਣਗੇ ਤਾਂ ਉਹ ਤਰਮੀਮ ਹੋ ਸਕਦੀ ਹੈ ਨਹੀਂ ਤਾਂ ਨਹੀਂ । ਇਹ ਇੱਕ ਬੁਨਿਆਦੀ ਸਵਾਲ ਹੈ । ਉਨ੍ਹਾਂ ਨੇ ਵੀ ਸੰਵਿਧਾਨ ਬਣਾਉਣ ਲਗਿਆਂ ਬਹਿਸ ਕਰਦਿਆਂ ਹੋਇਆਂ ਇਹ ਕਿਹਾ ਸੀ ਕਿ ਲੋਕ ਹਿੰਦੁਸਤਾਨ ਦਾ ਵਿਧਾਨ ਲਿਖ ਰਹੇ ਹਨ ਉਹ ਬਾਲਗ

Original with;
Punjab Vidhan Sabha
Digitized by;
Panjab Digital Library

ਵੋਟ ਨਾਲ ਨਹੀਂ ਚੁਣੇ ਗਏ ਹਨ । ਉਨ੍ਹਾਂ ਵਿੱਚੋਂ ਕਈ ਤਾਂ ਜਿਹੜੇ ਪ੍ਰਾਪਰਟੀ ਦੇ ਮਾਲਕ ਸਨ ਉਹ ਮੈਂਬਰ ਚੁਣੇ ਗਏ ਸਨ ਅਤੇ ਕਈ ਹੋਰ ਇਸ ਤਰ੍ਹਾਂ ਦੇ ਲਏ ਗਏ ਸਨ । ਉਨ੍ਹਾਂ ਨੇ ਇਹ ਲਿਖਿਆ ਕਿ ਉਹ ਆਪ ਇਹ ਸਮਝਦੇ ਹਨ ਕਿ ਸਮੇਂ ਦੇ ਮੁਤਾਬਿਕ ਆਉਣ ਵਾਲੇ ਪਾਰਲੀਆਮੈਂਟ ਦੇ ਮੈਂਬਰ ਜਿਹੜੇ ਕਿ ਲੋਕਾਂ ਦੇ ਚੁਣੇ ਹੋਏ ਹੋਣਗੇ, ਉਨ੍ਹਾਂ ਨੂੰ ਇਸ ਵਿੱਚ ਸਮੇਂ ਦੇ ਮੁਤਾਬਕ ਤਰਮੀਮ ਕਰ ਲੈਣੀ ਚਾਹੀਦੀ ਹੈ । ਕਿਸ ਤਰ੍ਹਾਂ ਤਰਮੀਮਾਂ ਕਰਾਂਗੇ ? ਕੁਝ ਕਿਸਮ ਦੀਆਂ ਤਰਮੀਮਾਂ ਪਾਰਲੀਆਮੈਂਟ ਕਰੇਗੀ ਪਰ ਉਹ ਸਿਰੇ ਤਾਂ ਚੜ੍ਹਨਗੀਆਂ ਅਗਰ ਅੱਧ ਨਾਲੋਂ ਵੱਧ ਅਸੈਂਬਲੀਆਂ ਉਸ ਦੀਆਂ ਪ੍ਰੋੜਤਾ ਕਰਨਗੀਆਂ । ਸਾਫ ਲਫ਼ਜ਼ਾਂ ਵਿੱਚ 368 ਧਾਰਾ ਦੇ ਰਾਹੀਂ ਵਿਧਾਨ ਵਿਚ ਤਰਮੀਮ ਕਰਨ ਦਾ ਅਧਿਕਾਰ ਲੋਕਾਂ ਨੂੰ, ਲੋਕਾਂ ਦੀ ਚੁਣੀ ਹੋਈ ਪਾਰਲੀਆਮੈਂਟ ਨੂੰ ਦਿੱਤਾ ਗਿਆ ਹੈ ।

ਸਪੀਕਰ ਸਾਹਿਬ, ਇਸ ਬਾਰੇ ਬੜਾ ਝਗੜਾ ਚਲਿਆ ਜਿਸ ਦਾ ਹੱਲ ਇਸ ਤਰਮੀਮ ਰਾਹੀਂ ਕੀਤਾ ਜਾ ਰਿਹਾ ਹੈ ਅਤੇ ਇਹ ਗੱਲ ਦਰੁਸਤ ਹੈ, ਵਾਜਬ ਹੈ, ਠੀਕ ਹੈ ।

ਸਪੀਕਰ ਸਾਹਿਬ, ਇੱਕ ਮੁਕੱਦਮਾ ਸੀ । ਉਹ ਮੁਕੱਦਮਾ ਸਟੇਟ ਵਰਸਿਜ਼ ਸ਼ੰਕਰੀ ਪ੍ਰਸ਼ਾਦ ਸੁਪ੍ਰੀਮ ਕੋਰਟ ਪਾਸ ਗਿਆ ਕਿ ਕੀ ਹਿੰਦੁਸਤਾਨ ਦੀ ਪਾਰਲੀਆਮੈਂਟ ਬੁਨਿਆਦੀ ਹੱਕਾਂ ਦੇ ਵਿੱਚ ਤਰਮੀਮ ਕਰ ਸਕਦੀ ਹੈ ਜਾਂ ਨਹੀਂ ਕਰ ਸਕਦੀ । ਸੁਪ੍ਰੀਮ ਕੋਰਟ ਨੇ ਖੁਦ ਇਹ ਗੱਲ ਕਹੀ ਕਿ ਹਿੰਦੁਸਤਾਨ ਦੀ ਪਾਰਲੀਆਮੈਂਟ ਹਿੰਦੁਸਤਾਨ ਦੇ ਵਿਧਾਨ ਦੇ ਕਿਸੇ ਹਿਸੇ ਵਿੱਚ ਸਣੇ ਉਨ੍ਹਾਂ ਧਾਰਾਵਾਂ ਵਿਚ ਜਿਨ੍ਹਾਂ ਵਿਚ ਬੁਨਿਆਦੀ ਹਕ ਹਨ, ਇਨਫਰਾਦੀ ਹਕ ਹਨ ਲੋਕਾਂ ਦੇ, ਉਨ੍ਹਾਂ ਵਿਚ ਵੀ ਤਰਮੀਮ ਕਰ ਸਕਦੀ ਹੈ । ਉਸ ਤੋਂ ਬਾਦ ਦੇਸ਼ ਵਿਚ ਜਦੋ ਜਹਿਦ ਚੱਲੀ । ਦੇਸ਼ ਦੇ ਲੋਕਾਂ ਦੇ ਹਿਤ ਮੰਗ ਕਰਦੇ ਸਨ ਕਿ ਜ਼ਰਈ ਸੁਧਾਰ ਕੀਤੇ ਜਾਣ, ਜਾਗੀਰਦਾਰੀ ਨੂੰ ਸੱਟ ਮਾਰੀ ਜਾਵੇ । ਸੋ, ਲੋਕਾਂ ਦੀ ਲੋੜ ਦੇ ਮੁਤਾਬਿਕ ਕੁੱਝ ਸਰਕਾਰ ਨੇ ਕਾਨੂੰਨ ਬਣਾਏ ਪਰ ਉਹ ਕਾਨੂੰਨ ਕਈ ਲੈਂਡ ਲਾਰਡਜ਼ ਹਿੰਦੋਸਤਾਨ ਦੀਆਂ ਅਦਾਲਤਾਂ ਵਿੱਚ ਲੈ ਗਏ । ਉਹ ਕਾਨੂੰਨ ਹਾਈ ਕੋਰਟਾਂ ਵਿਚ ਔਰ ਸੁਪ੍ਰੀਮ ਕੋਰਟ ਵਿੱਚ ਗਏ । ਅਦਾਲਤਾਂ ਨੂੰ ਇਹ ਹੱਕ ਸੀ ਕਿ ਉਹ ਵੇਖਣ ਕਿ ਇਹ ਕਾਨੂੰਨ ਹਿੰਦੋਸਤਾਨ ਦੇ ਵਿਧਾਨ ਦੇ ਮੁਤਾਬਿਕ ਹਨ ਜਾਂ ਨਹੀਂ । ਅਦਾਲਤਾਂ ਨੇ ਉਨ੍ਹਾਂ ਕਾਨੂੰਨਾਂ ਨੂੰ ਰੱਦ ਕਰਨਾ ਸ਼ੁਰੂ ਕਰ ਦਿਤਾ । ਕਿਉਂਕਿ ਅਦਾਲਤਾਂ ਦਾ ਹਕ ਸੀ, ਉਹ ਵੇਖ ਸਕਦੀਆਂ ਸਨ ਕਿ ਕੋਈ ਕਾਨੂੰਨ ਵਿਧਾਨ ਦੇ ਮੁਤਾਬਿਕ ਹੈ ਜਾਂ ਨਹੀਂ । ਪਰ ਪਾਰਲੀਆਮੈਂਟ ਦਾ ਹੱਕ ਸੀ ਕਿ ਵਿਧਾਨ ਨੂੰ ਬਦਲ ਸਕੇ । ਹਿੰਦੋਸਤਾਨ ਦੀ ਪਾਰਲੀਆਮੈਂਟ ਨੇ ਅੱਗੇ ਵਧੂ ਕਾਨੂੰਨਾਂ ਨੂੰ ਸਿਰੇ ਚੜ੍ਹਾਉਣ ਲਈ, ਜ਼ਰਈ ਸੁਧਾਰਾਂ ਨੂੰ ਸਿਰੇ ਚੜ੍ਹਾਉਣ ਲਈ ਅਦਾਲਤਾਂ ਨੂੰ ਕਿਹਾ ਕਿ ਜੇਕਰ ਇਹ ਵਿਧਾਨ ਦੇ ਮੁਤਾਬਿਕ ਨਹੀਂ ਹਨ ਤਾਂ ਇਨ੍ਹਾਂ ਨੂੰ ਵਿਧਾਨ ਦੇ ਮੁਤਾਬਕ ਕਰਨ ਲਈ ਵਿਧਾਨ ਵਿਚ ਤਰਮੀਮ ਪਾਰਲੀਆਮੈਂਟ ਕਰ ਸਕਦੀ ਹੈ ਔਰ ਪਾਰਲੀਆਮੈਂਟ ਨੇ ਤਰਮੀਮਾਂ ਕੀਤੀਆਂ । ਅਦਾਲਤਾਂ ਦਾ ਹੱਕ ਨਹੀਂ ਸੀ ਕਿ ਉਨ੍ਹਾਂ ਦਫਾਤ ਨੂੰ ਵੇਖਦੀਆਂ, ਉਨ੍ਹਾਂ ਤਰਮੀਮਾਂ ਨੂੰ ਵੇਖਦੀਆਂ ਕਿ ਇਹ ਕਾਨਸਟੀਚਿਊਸ਼ਨਲ ਹਨ ਜਾਂ ਨਹੀਂ । ਵਿਧਾਨ ਬਨਾਉਣ ਅਤੇ ਉਸ ਵਿੱਚ ਤਰਮੀਮਾਂ ਕਰਨ ਬਾਰੇ ਅਦਾਲਤਾਂ ਦਾ ਕੋਈ ਦਖਲ ਨਹੀਂ ਹੋ ਸਕਦਾ। ਇਹ ਕੰਮ ਪਾਰਲੀਆਮੈਂਟ ਦਾ ਹੈ । ਸਪੀਕਰ ਸਾਹਿਬ, ਸੁਪ੍ਰੀਮ ਕੋਰਟ ਨੇ ਆਪਣਾ ਪਹਿਲਾ ਫੈਸਲਾ ਬਦਲ ਕੇ ਸੰਨ 1967 ਦੇ ਵਿੱਚ ਗੋਲਕ ਨਾਥ ਕੇਸ ਵਿੱਚ ਇਹ ਫੈਸਲਾ ਕਰ ਦਿਤਾ ਕਿ ਵਿਧਾਨ ਵਿਚ ਤਰਮੀਮ ਨਹੀਂ ਹੋ ਸਕਦੀ । ਯਾਨੀ ਕਿ ਪਾਰਲੀਆਮੈਂਟ ਉਹ ਤਰਮੀਮ ਨਹੀਂ ਕਰ ਸਕਦੀ ਜਿਹੜੀ ਕਿ ਬੁਨਿਆਦੀ ਹੱਕਾਂ ਨੂੰ ਸੱਟ ਮਾਰੇ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਜਿਸ ਤਰ੍ਹਾਂ ਕਿ ਲੈਂਡਲਾਰਡਜ਼ ਦਾ ਜਾਇਦਾਦ ਦਾ ਹੱਕ ਹੈ । ਹੁਣ ਅਗਰ ਫਾਲਤੂ ਜ਼ਮੀਨ ਲੈ ਕੇ ਬੇ-ਜ਼ਮੀਨਿਆਂ ਨੂੰ, ਗਰੀਬਾਂ ਨੂੰ ਨਹੀਂ ਦਿੰਦੇ ਤਾਂ ਸੁਧਾਰ ਨਹੀਂ ਹੋ ਸਕਦਾ । ਪਰ ਜ਼ਮੀਨ ਦਾ ਬੁਨਿਆਦੀ ਹੱਕ ਹੈ ਔਰ ਦੇਸ਼ ਦੀ ਸੁਪ੍ਰੀਮ ਕੋਰਟ ਨੇ ਕਹਿ ਦਿੱਤਾ ਕਿ ਹਿੰਦੁਸਤਾਨ ਦੀ ਪਾਰਲੀਆਮੈਂਟ ਹਿੰਦੋਸਤਾਨ ਦੇ ਵਿਧਾਨ ਵਿੱਚ ਕੋਈ ਇਸ ਤਰ੍ਹਾਂ ਦੀ ਤਰਮੀਮ ਨਹੀਂ ਕਰ ਸਕਦੀ ਜਿਸ ਨਾਲ ਇਸ ਤਰ੍ਹਾਂ ਦੇ ਬੁਨਿਆਦੀ ਹੱਕ ਤੇ ਚੋਟ ਵਜੇ । ਜੇਕਰ ਕਿਸੇ ਬੁਨਿਆਦੀ ਹੱਕ ਵਿਚ ਮਾੜਾ ਮੋਟਾ ਵੀ ਫ਼ਰਕ ਪੈਂਦਾ ਹੋਵੇ ਤਾਂ ਪਾਰਲੀਆਮੈਂਟ ਵਿਧਾਨ ਵਿੱਚ ਤਰਮੀਮ ਨਹੀਂ ਕਰ ਸਕਦੀ । ਸਪੀਕਰ ਸਾਹਿਬ, ਇੱਥੇ ਕਾਨੂੰਨ ਦੀ ਹੀ ਗਲ ਨਹੀਂ ਸੀ । ਝਗੜਾ ਕੀ ਸੀ ਉਸ ਦੇ ਬਾਰੇ ਵੀ ਵੇਖਣਾ ਪਵੇਗਾ । ਔਰ ਮੈਂ ਸਮਝਦਾ ਹਾਂ ਕਿ ਜੱਜਾਂ ਦੇ ਹੱਕ ਵੀ ਮਹਿਫੂਜ਼ ਹੋਣੇ ਚਾਹੀਦੇ ਹਨ ਪਰ ਸਪੀਕਰ ਸਾਹਿਬ, ਇਹ ਫਰਜ਼ ਨਹੀਂ ਹੈ ਜੱਜਾਂ ਦਾ ਕਿ ਉਹ ਵੇਖਣ ਕਿ ਕੀ ਵਿਧਾਨ ਵਿਚ ਤਰਮੀਮ ਹੋਣੀ ਚਾਹੀਦੀ ਹੈ ਜਾਂ ਨਹੀਂ । ਇਹ ਚੀਜ਼ ਜੱਜਾਂ ਦੀ ਪਾਵਰ ਵਿਚ ਨਹੀਂ ਹੈ, ਇਹ ਪਾਵਰ ਲੋਕਾਂ ਦੇ ਪਾਸ ਹੈ । ਸਪੀਕਰ ਸਾਹਿਬ, ਪਿਛਲੇ ਸਾਲ ਇਕ ਫਿਰ ਕੇਸ ਇਸ ਤਰ੍ਹਾਂ ਦਾ ਕੋਰਟ ਵਿੱਚ ਗਿਆ ਜਿਸ ਦੀ ਅੱਜ ਕੱਲ ਬਹੁਤ ਚਰਚਾ ਹੈ । ਉਹ ਹੈ ਕੈਸ਼ਵ ਨੰਦ ਭਾਰਤੀ ਕੇਸ । ਉਸ ਵਿੱਚ ਅਦਾਲਤ ਨੇ ਕਹਿ ਦਿਤਾ ਕਿ ਹਿੰਦੁਸਤਾਨ ਦੇ ਵਿਧਾਨ ਵਿੱਚ ਉਸ ਹਿੱਸੇ ਵਿਚ ਜਿਸ ਵਿੱਚ ਲੋਕਾਂ ਨੂੰ ਮਿਲੇ ਬੁਨਿਆਦੀ ਹੱਕ ਹਨ, ਉਹ ਜਿਹੜਾ ਹਿਸਾ ਹੈ ਜਿਸ ਦਾ ਸਬੰਧ ਬੁਨਿਆਦੀ ਹੱਕਾਂ ਨਾਲ ਹੈ ਉਸ ਵਿੱਚ ਪਾਰਲੀਆਮੈਂਟ ਤਰਮੀਮ ਨਹੀਂ ਕਰ ਸਕਦੀ ।

ਸਪੀਕਰ ਸਾਹਿਬ, ਇਹ ਅਜੀਬ ਗੱਲ ਹੈ ਕਿ ਸੁਪ੍ਰੀਮ ਕੋਰਟ ਨੇ ਇਸ ਬਾਰੇ ਦੱਸਿਆ ਨਹੀਂ ਹੈ ਕਿ ਵਿਧਾਨ ਵਿਚ ਤਰਮੀਮ ਕੌਣ ਕਰੇ ? ਸਹੀ ਮਾਨਿਆਂ ਵਿਚ ਹਿੰਦੁਸਤਾਨ ਦਾ ਵਿਧਾਨ ਹਿੰਦੁਸਤਾਨ ਦੀ ਜਨਤਾ ਲਈ ਹੈ, ਜਨਤਾ ਪਾਸ ਇਖਤਿਆਰ ਹਨ ਉਸ ਨੂੰ ਤਰਮੀਮ ਕਰਨ ਦੇ । ਜੇਕਰ ਜੱਜ ਇਹ ਅਖਤਿਆਰ ਲੈਣਾ ਚਾਹੁੰਦੇ ਹੋਣਗੇ ਤਾਂ ਮੈਂ ਕਹਾਂਗਾ ਕਿ ਧਾਰਾ 368 ਦੇ ਉਲਟ ਚਲਦੇ ਹੋਣਗੇ ਔਰ ਲੋਕਾਂ ਦੇ ਹੱਕਾਂ ਤੇ ਛਾਪਾ ਮਾਰਦੇ ਹੋਣਗੇ । ਪਰ ਜਿਸ ਤਰ੍ਹਾਂ ਕਿ ਮੈਂ ਕਹਿ ਰਿਹਾ ਸੀ ਕਿ ਇਹ ਕਾਨੂੰਨ ਦੀ ਗੱਲ ਨਹੀਂ ਹੈ । ਜਨਤਾ ਵਿਚ ਲੜਾਈ ਚਲ ਰਹੀ ਸੀ ਉਨ੍ਹਾਂ ਦੇ ਵਾਸਤੇ । ਜੇਕਰ ਕੌਮੀ ਕਰਨ ਦਾ ਕਾਨੂੰਨ ਸੀ, ਬੈਂਕਾਂ ਦੇ ਕੌਮੀਕਰਨ ਦਾ ਕਾਨੂੰਨ ਸੀ, ਰਾਜਿਆਂ ਦੇ ਭੱਤਿਆਂ ਨੂੰ ਮੁਕਾਉਣ ਦਾ ਕਾਨੂੰਨ ਸੀ, ਉਹ ਕਾਨੂੰਨ ਅਦਾਲਤ ਵਿੱਚ ਗਏ ਔਰ ਅਦਾਲਤਾਂ ਨੇ ਬੁਨਿਆਦੀ ਹੱਕਾਂ ਦੇ ਨਾਮ ਉਤੇ ਇਹ ਇਖਤਿਆਰ ਵਰਤਿਆ ਅਤੇ ਆਪਣੇ ਫੈਸਲੇ ਦਿੱਤੇ । ਪਰ ਪਾਰਲੀਆਮੈਂਟ ਨੇ ਇਹੋ ਜਿਹੇ ਕਾਨੂੰਨਾਂ ਨੂੰ ਕਾਇਮ ਰੱਖਣ ਲਈ ਵਿਧਾਨ ਵਿੱਚ ਤਰਮੀਮਾਂ ਕਰਨ ਦਾ ਉਪਰਾਲਾ ਕੀਤਾ । ਹਿੰਦੁਸਤਾਨ ਦੇ ਲੋਕਾਂ ਦੇ ਵਿੱਚ ਜਿਹੜੀ ਲੜਾਈ ਚੱਲ ਰਹੀ ਹੈ ਉਸ ਨੂੰ ਵਿਧਾਨ ਵਿੱਚ ਤਰਮੀਮਾਂ ਤੋਂ ਬਿਨਾਂ ਖਤਮ ਨਹੀਂ ਕੀਤਾ ਜਾ ਸਕਦਾ, ਗਰੀਬਾਂ ਨੂੰ ਕੋਈ ਫਾਇਦਾ ਨਹੀਂ ਹੋ ਸਕਦਾ, ਦੇਸ਼ ਅੱਗੇ ਨਹੀਂ ਵੱਧ ਸਕਦਾ । ਇਸ ਲਈ ਇਹ ਤਰਮੀਮਾਂ ਬਿਲਕੁਲ ਠੀਕ ਹਨ । ਹੁਣ ਇਹ ਗੱਲ ਡਿਸਾਈਡ ਹੋ ਗਈ ਹੈ ਕਿ ਕਾਨਸਟੀਚਿਊਸ਼ਨ ਬਣਾਉਣ ਦੇ ਵਿੱਚ ਕਾਨਸਟੀਚਿਊਸ਼ਨ ਦੇ ਵਿੱਚ ਤਰਮੀਮਾਂ ਕਰਨ ਵਿੱਚ ਅਦਾਲਤਾਂ ਦਾ ਕੋਈ ਹੱਕ ਨਹੀਂ ਹੈ । ਇਸ ਲਈ ਇਸ ਤਰਮੀਮ ਵਿਚ ਇਹ ਗਲ ਵਾਜ਼ੇ ਕਰ ਦਿੱਤੀ ਗਈ ਹੈ ਕਿ ਕਿਹੜਾ ਤਰਮੀਮ ਕਰੇਗਾ, ਕਿਹੜਾ ਨਹੀਂ ਕਰੇਗਾ, ਇਸ ਬਿਲ ਦੀ ਧਾਰਾ 55 ਦੇ ਰਾਹੀਂ ਇਹ ਗੱਲ ਤਹਿ ਕੀਤੀ ਗਈ ਹੈ ਇਹ ਵੱਡੀ ਰੁਕਾਵਟ ਕੱਢਣ ਦੇ ਵਿੱਚ ਔਰ ਚੰਗੇ ਹਾਲਾਤ ਪੈਦਾ ਕਰਨ ਦੇ ਵਿੱਚ ਯੋਗ ਤਰਮੀਮ ਹੈ ।

Original with;
Punjab Vidhan Sabha
Digitized by;
Panjab Digital Library

ਹੁਣ ਸੁਪ੍ਰੀਮ ਕੋਰਟ ਵਿਧਾਨ ਦੀਆਂ ਤਰਮੀਮਾਂ ਨੂੰ ਵੀ ਰੱਦ ਨਹੀਂ ਕਰ ਸਕੇਗੀ, ਉਹ ਰਸਤਾ ਸਾਫ਼ ਕਰ ਦਿੱਤਾ ਹੈ । ਇਸ ਕਰਕੇ ਮੈਂ ਫਿਰ ਕਹਾਂਗਾ ਕਿ ਇਹ ਯੋਗ ਧਾਰਾ ਹੈ । ਇਸ ਦੇ ਨਾਲ ਲੋਕ ਸੁਪ੍ਰੀਮ ਹੋਣਗੇ, ਪਾਰਲੀਆਮੈਂਟ ਸੁਪ੍ਰੀਮ ਹੋਵੇਗੀ । ਇਹ ਸਮੇਂ ਦੀ ਮੰਗ ਸੀ ਔਰ ਇਹ ਚੀਜ਼ ਜ਼ਰੂਰੀ ਸੀ। ਇਹ ਵਿਧਾਨ ਵਿਚ ਸਵਾਗਤੀ ਹਿੱਸਾ ਹੈ ਜਿਸ ਦਾ ਅਸੀਂ ਵੈਲਕੰਮ ਕਰਦੇ ਹਾਂ ।

ਸਪੀਕਰ ਸਾਹਿਬ ਅਕਾਲੀ ਦੋਸਤਾਂ ਨੇ ਇਹ ਗੱਲ ਕਹੀ ਸੀ ਕਿ ਹੁਣ ਬੁਨਿਆਦੀ ਹੱਕ ਕਾਇਮ ਨਹੀਂ ਰਹਿਣਗੇ, ਹੁਣ ਖਤਮ ਕੀਤੇ ਜਾ ਰਹੇ ਹਨ । ਉਹ ਗਲਤ ਹਨ । ਸਪੀਕਰ ਸਾਹਿਬ, ਮੈਂ ਦੂਜੀ ਧਾਰਾ ਵੱਲ ਆਉਂਦਾ ਹਾਂ ਜਿਸ ਦਾ ਅਸੀਂ ਸੁਆਗਤ ਕਰਦੇ ਹਾਂ। ਬੁਨਿਆਦੀ ਹੱਕ ਇਕੱਲੇ ਇਕੱਲੇ ਦੇ ਹੁੰਦੇ ਹਨ ਕੀ ਉਹ ਖਤਮ ਕੀਤੇ ਜਾ ਰਹੇ ਹਨ, ਉਹ ਖਤਮ ਨਹੀਂ ਕੀਤੇ ਜਾ ਰਹੇ । ਜਿਨ੍ਹਾਂ ਧਾਰਾਵਾਂ ਵਿੱਚ ਇਹ ਹੱਕ ਲਿਖੇ ਹਨ, ਇਨਫਰਾਦੀ ਨਹੀਂ ਲਿਖੇ ਹੋਏ ਹਨ ਪਰ ਪਾਰਲੀਆਮੈਂਟ ਇਹੋ ਜਿਹੇ ਕਾਨੂੰਨ ਬਣਾ ਸਕਦੀ ਹੈ ਜਿਨ੍ਹਾਂ ਨਾਲ ਉਨ੍ਹਾਂ ਉੱਪਰ ਵਾਜਬ, ਰੀਜ਼ਨੇਬਲ, ਰਿਸਟਰਿਕਸ਼ਨ ਜਾਂ ਰੋਕ ਜਿਹੜੀ ਹੈ ਉਹ ਲਾਈ ਜਾ ਸਕੇ । ਇਹ ਆਬਸੋਲਿਊਟ ਤਾਂ ਅੱਗੇ ਵੀ ਨਹੀਂ ਸਨ ਅਤੇ ਖਤਮ ਹੁਣ ਵੀ ਨਹੀਂ ਕੀਤੇ ਜਾ ਰਹੇ । ਇਹ, ਸਪੀਕਰ ਸਾਹਿਬ, ਭੁੱਲ ਗਏ ਹਨ ਕਿ ਸਾਡੇ ਬੁਨਿਆਦੀ ਹੱਕਾਂ ਵਿੱਚ ਇਕ ਹੋਰ ਚੀਜ਼ ਵੀ ਹੈ Directive principles of state policy ਨੀਤੀਆਂ ਕੀ ਹੋਣਗੀਆਂ, ਅਸੂਲ ਕੀ ਹੋਣਗੇ, ਇਹ ਚੀਜ਼ ਵਿਧਾਨ ਵਿੱਚ ਉਸ ਦੇ ਪ੍ਰੀਐਂਬਲ ਵਿਚ ਲਿਖੀ ਹੈ ਕਿ ਕੋਈ ਸਰਕਾਰ ਵੀ ਹੋਵੇ ਉਹ ਨੀਤੀਆਂ ਘੜਨ ਵਿੱਚ, ਕਾਨੂੰਨ ਬਣਾਉਣ ਵਿੱਚ ਇਸ ਚੀਜ਼ ਨੂੰ ਆਪਣੇ ਸਾਹਮਣੇ ਰੱਖੇਗੀ । ਸਪੀਕਰ ਸਾਹਿਬ, ਦੱਸਿਆ ਹੈ ਕਿ ਇਹ ਹੱਕ ਹਨ । ਇਕ ਪਾਸੇ ਸਾਰੇ ਸਮਾਜ ਦੇ ਹਨ ਔਰ ਦੂਸਰੇ ਪਾਸੇ ਇੰਨਡੀਵੀਜੂਅਲ ਰਾਈਟਸ ਹਨ । ਅਗਰ ਜਨਤਾ ਦੇ ਔਰ ਇੰਨਡੀਵੀਜੂਅਲ ਦੇ ਇਨਫਰਾਦੀ ਹੱਕਾਂ ਦੇ ਵਿੱਚ ਕੋਈ ਝਗੜਾ ਹੋਵੇਗਾ ਤਾਂ ਕੌਣ ਭਾਰੀ ਹੋਵੇਗਾ । ਤੁਹਾਨੂੰ ਪਤਾ ਹੈ ਕਿ ਪਹਿਲਾਂ ਅੱਗੇ ਵਧੂ ਕਾਨੂੰਨ ਰੱਦ ਹੋਏ ਅਦਾਲਤਾਂ ਵਿੱਚ । ਜਾਇਦਾਦ ਦਾ ਹੱਕ ਹੈ, ਇਸ ਬਾਰੇ ਹੁਣ ਉਨ੍ਹਾਂ ਲੋਕਾਂ ਨੂੰ ਹੱਥ ਪਾਇਆ ਜਾਵੇਗਾ ਜਿਨ੍ਹਾਂ ਨੇ ਕਿ ਬਿਰਲੇ ਵਰਗਿਆਂ ਨੇ ਇਕ ਲੱਖ ਰੁਪਿਆ ਲਾ ਕੇ ਇਕ ਕਰੋੜ ਕਮਾ ਲਿਆ ਹੈ । ਹੁਣ ਸੁਪ੍ਰੀਮ ਕੋਰਟ ਕਹੇ ਕਿ ਦੋ ਕਰੋੜ ਮੁਆਵਜ਼ਾ ਦਿਉ ਜਾਂ ਮਾਰਕੀਟ ਰੇਟ ਤੇ ਮੁਆਵਜ਼ਾ ਦਿਓ, ਕਿਉਂਕਿ ਜਾਇਦਾਦ ਦਾ ਬੁਨਿਆਦੀ ਹੱਕ ਹੈ, ਤਾਂ ਇਹ ਠੀਕ ਨਹੀਂ ਹੋਵੇਗਾ ।

ਸੋ, ਅਗਰ ਬੈਂਕਾਂ ਦਾ ਕੌਮੀਕਰਨ ਕੀਤਾ ਹੈ, ਰਾਜਿਆਂ ਦੇ ਭੱਤੇ ਖਤਮ ਕੀਤੇ ਹਨ, ਤਾਂ ਇਹ ਚੀਜ਼ ਜਨਤਾ ਦੇ ਇਨਫਰਾਦੀ ਹੱਕਾਂ ਨਾਲ ਟਕਰਾਉਂਦੀ ਸੀ । ਸਪੀਕਰ ਸਾਹਿਬ, ਪਾਰਲੀਆਮੈਂਟ ਐਸੇ ਕੇਸਾਂ ਵਿਚ ਕੁੱਝ ਨਾ ਕਹੇ, ਇਹ ਕਿਸ ਤਰਾਂ ਹੋ ਸਕਦਾ ਹੈ । ਇਸ ਲਈ ਤਰਮੀਮੀ ਬਿੱਲ ਦੇ ਚੌਥੇ ਸੈਕਸ਼ਨ ਵਿੱਚ ਇਸ ਬਾਰੇ ਪ੍ਰੋਵੀਜ਼ਨ ਕੀਤਾ ਜਾ ਰਿਹਾ ਹੈ ।

ਅਗਰ ਇਹ ਕਾਨੂੰਨ ਬੁਨਿਆਦੀ ਹੱਕਾਂ ਨਾਲ ਟਕਰਾਉਂਦਾ ਹੈ ਤਾਂ ਇਸ ਬਿਨਾ ਤੇ ਕਾਨੂੰਨ ਰੱਦ ਨਹੀਂ ਹੋ ਸਕਦਾ ਕਿ ਇਹ ਕਿਸੇ ਬੁਨਿਆਦੀ ਹੱਕ ਨਾਲ ਬੜਾ ਬਹੁਤ ਟਾਕਰਾ ਖਾਂਦਾ ਹੈ । ਡਾਇਰੈਕਟਿਵ ਪ੍ਰਿੰਸੀਪਲਜ਼ ਆਫ਼ ਸਟੇਟ ਪਾਲਿਸੀ ਵਿਚ ਇਨ੍ਹਾਂ ਨੀਤੀਆਂ ਨੂੰ ਸਿਰੇ ਚੜ੍ਹਾਉਣ ਲਈ ਇਸ ਵਿਧਾਨ ਵਿਚ ਲਿਖ ਦਿੱਤਾ ਗਿਆ ਹੈ ਤਾਕਿ ਸਾਰੀਆਂ ਨੀਤੀਆਂ ਘੜੀਆਂ ਜਾਣ ਜੋ ਦੇਸ਼ ਦੇ ਹਿੱਤ ਵਿਚ ਹੋਣ ਅਤੇ ਜਨਤਾ ਦੇ ਹਿੱਤ ਵਿਚ ਹੋਣ । ਇਸ ਤੋਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਪਹਿਲਾਂ ਅਦਾਲਤਾਂ ਨੇ ਕਈ ਕਾਨੂੰਨਾਂ ਨੂੰ ਰੱਦ ਕੀਤਾ ਹੈ ਜਿਹੜੇ ਜਨਤਾ ਦੇ ਹਿੱਤ ਵਿਚ ਜਾਂਦੇ ਸਨ ਕਿਉਂਕਿ ਇਹ ਕਾਨੂੰਨ ਵੈਸਿਟਿਡ ਇੰਟਰਸਟਸ ਦੇ ਨਾਲ ਟਕਰਾਉਂਦੇ ਸਨ । ਇਸ ਦੀ ਕਲਾਜ਼ 4 ਇਹ ਕਹਿੰਦੀ ਹੈ ਕਿ ...."They will not be called in question in so far as they conflict with Articles 14, 19 and 41 of the Constitution."

ਅਗਰ ਕਿਸੇ ਬੁਨਿਆਦੀ ਹੱਕ ਨਾਲ ਟਕਰਾਉਂਦੀ ਹੈ ਤਾਂ ਇਸ ਤੇ ਕੋਈ ਅਦਾਲਤ ਉਸ ਨੂੰ ਰੱਦ ਨਹੀਂ ਕਰ ਸਕਦੀ । ਇਹ ਵੀ ਜੀ ਆਇਆਂ ਆਖਣ ਵਾਲੀ ਗੱਲ ਹੈ । ਸਪੀਕਰ ਸਾਹਿਬ, ਪਰੀਐਂਬਲ ਵਿੱਚ ਲਿਖਿਆ ਗਿਆ ਹੈ ਕਿ ਹਿੰਦੁਸਤਾਨ ਦਾ ਸੰਵਿਧਾਨ ਸੋਸ਼ਲਿਸਟ ਅਤੇ ਸੈਕੂਲਰ ਹੋਵੇਗਾ ਯਾਨੀ ਇਸ ਵਿੱਚ ਧਰਮ ਨਿਰਪੱਖਤਾ ਹੋਵੇਗੀ । ਇਸ ਦਾ ਮਤਲਬ ਇਹ ਨਹੀਂ ਕਿ ਸਾਡਾ ਕੋਈ ਧਰਮ ਨਹੀਂ ਹੋਵੇਗਾ, ਇਹ ਵੀ ਨਹੀਂ ਕਿ ਹਿੰਦੁਸਤਾਨ ਦੀ ਸਰਕਾਰ ਕਿਸੇ ਧਰਮ ਦੇ ਖਿਲਾਫ ਹੋਵੇ ਪਰ ਸਰਕਾਰੀ ਤੌਰ ਤੇ ਨਿਰਪੱਖਤਾ ਹੋਵੇਗੀ । ਨਾਲ ਹੀ ਧਰਮ ਦੇ ਨਾਮ ਤੇ ਕੋਈ ਮੱਤ ਭੇਦ ਨਹੀਂ ਹੋਣ ਦਿਤਾ ਜਾਵੇਗਾ । ਦੂਜਾ ਇਹ ਲਿਖਿਆ ਗਿਆ ਹੈ ਕਿ ਸਾਡਾ ਦੇਸ਼ ਸੋਸ਼ਲਿਸਟ ਹੋਵੇਗਾ । ਇਸ ਦੇ ਵਿਚ ਸਮਾਜਵਾਦ ਦਾ ਲਫਜ਼ ਲਿਖਿਆ ਗਿਆ ਹੈ । ਸਾਡੇ ਦੇਸ਼ ਵਿਚ 7-8 ਕਰੋੜ ਤੋਂ ਵੱਧ ਮੁਸਲਮਾਨ ਹਨ । ਇਸ ਤਰ੍ਹਾਂ ਵੱਖ ਵੱਖ ਫਿਰਕਿਆਂ ਦੇ ਬੰਦੇ ਇੱਥੇ ਰਹਿੰਦੇ ਹਨ । ਧਰਮ ਦੇ ਨਾਂ ਤੇ ਸਾਡਾ ਦੇਸ਼ ਨਿਰਪੱਖ ਹੈ । ਕਿਸੇ ਜ਼ਮਾਨੇ ਵਿਚ ਕਿਹਾ ਗਿਆ ਸੀ ਕਿ ਪੁਲਿਸ ਵਿਚ ਕੋਈ ਮੁਸਲਮਾਨ ਭਰਤੀ ਨਾ ਕੀਤਾ ਜਾਵੇ ਵਗੈਰਾ ਵਗੈਰਾ, ਪਰ ਹੁਣ ਸਾਡੇ ਵਿਧਾਨ ਵਿੱਚ ਇਹ ਲਿਖਿਆ ਗਿਆ ਹੈ ਕਿ ਸਾਡਾ ਦੇਸ਼ ਸੈਕੂਲਰ ਹੈ । ਇਸ ਚੀਜ਼ ਦੀ ਮੈਂ ਸ਼ਲਾਘਾ ਕਰਦਾ ਹਾਂ । ਅਸੀਂ ਆਸ ਕਰਦੇ ਹਾਂ ਕਿ ਇਨ੍ਹਾਂ ਨੂੰ ਐਸ਼ੋਰੈਂਸ ਦਿੱਤੀ ਜਾਵੇ ਕਿ ਪਰੀਐਂਬਲ ਵਿੱਚ ਲਿਖ ਕੇ ਇਨ੍ਹਾਂ ਲੋਕਾਂ ਦੇ ਗਿਲੇ ਅਮਲੀ ਤੌਰ ਤੇ ਦੂਰ ਕੀਤੇ ਜਾਣਗੇ । ਇਸੇ ਤਰ੍ਹਾਂ ਸਾਡਾ ਦੇਸ਼ ਇੱਕ ਸੋਸ਼ਲਿਸਟ ਦੇਸ਼ ਹੋਵੇਗਾ । ਸਮਾਜਵਾਦ ਕੀ ਹੈ ? ਸਪੀਕਰ ਸਾਹਿਬ, ਇਸ ਤੇ ਮੱਤ ਭੇਦ ਹਨ ਕਿ ਸਮਾਜਵਾਦ ਕਿਸ ਤਰ੍ਹਾਂ ਆ ਸਕਦਾ ਹੈ । ਇਸ ਦੇ ਮੱਤਭੇਦਾਂ ਨੂੰ ਕਿਸ ਤਰ੍ਹਾਂ ਦੂਰ ਕਰਨਾ ਹੈ । ਅਸੀਂ ਇਸ ਗੱਲ ਦਾ ਐਲਾਨ ਕਰਦੇ ਹਾਂ ਕਿ ਭਾਵੇਂ ਹਿੰਦੁਸਤਾਨ ਦੇ ਵਿੱਚ ਪਿਛੜੇਪਨ ਦਾ ਮਸਲਾ ਹੋਵੇ, ਗਰੀਬੀ ਦਾ ਮਸਲਾ ਹੋਵੇ ਜਾਂ ਬੇਘਰ ਲੋਕਾਂ ਦਾ ਮਸਲਾ ਹੋਵੇ, ਹੁਣ ਦੀਆਂ ਤਰਮੀਮਾਂ ਰਾਹੀਂ ਇਹ ਹੱਲ ਕੀਤੇ ਜਾ ਸਕਦੇ ਹਨ ਪਰ ਪਹਿਲੇ ਬੁਨਿਆਦੀ ਤੌਰ ਤੇ ਹੱਲ ਨਹੀਂ ਸੀ ਕਰ ਸਕਦੇ, ਕਿਉਂਕਿ ਇਕ ਸਰਮਾਏਦਾਰੀ ਦਾ ਨਿਜ਼ਾਮ ਸੀ । ਇਸ ਦੇਸ਼ ਵਿਚ ਸਮਾਜਵਾਦ ਤੋਂ ਇਲਾਵਾ ਹੋਰ ਕੋਈ ਚਾਰਾ ਵੀ ਨਹੀਂ ਹੈ ਕਿਉਂਕਿ ਇਸ ਦੇਸ਼ ਵਿਚ ਬਹੁਤ ਸਾਰੀਆਂ ਐਸੀਆਂ ਸਮੱਸਿਆਵਾਂ ਹਨ ਜਿਹੜੀਆਂ ਕਿ ਦੂਰ ਕਰਨੀਆਂ ਜ਼ਰੂਰੀ ਹਨ । ਇਸ ਦੇਸ਼ ਵਿਚ ਜਿਹੜੇ ਟਾਟੇ ਬਿਰਲੇ ਹਨ, ਇਨ੍ਹਾਂ ਨੂੰ ਖ਼ਤਮ ਕਰਨਾ ਪਵੇਗਾ ਨਹੀਂ ਤਾਂ ਦੇਸ਼ ਵਿਚ ਸਮਾਜਵਾਦ ਲਿਆਉਣਾ ਅਤੇ ਆਉਣਾ ਕਠਿਨ ਹੈ ਇਹ ਉਦੋਂ ਤੱਕ ਨਹੀਂ ਆ ਸਕਦਾ ਹੈ ਜਦੋਂ ਤੱਕ ਕਿ ਦੇਸ਼ ਵਿਚੋਂ ਮਨਾਪਲਿਸਟ ਅਤੇ ਸਰਮਾਏਦਾਰ ਜਾਂ ਇਜਾਰਾਦਾਰੀ ਜਮਾਤ ਸਮਾਜਵਾਦ ਦੇ ਰਸਤੇ ਵਿੱਚ ਅੜ੍ਹਚਣਾਂ ਪੈਦਾ ਕਰਦੀ ਹੈ । ਇਹ ਸੋਸ਼ਲਿਜ਼ਮ ਦੇ ਬਿਲਕੁਲ ਉਲਟ ਚੱਲ ਰਹੀਆਂ ਹਨ । ਸੰਵਿਧਾਨ ਦੇ ਵਿੱਚ ਸਮਾਜਵਾਦ ਦਾ ਸ਼ਬਦ ਲਿਖ ਕੇ ਬਹੁਤ ਅੱਛਾ ਕੰਮ ਸਰਕਾਰ ਨੇ ਕੀਤਾ ਹੈ । ਇਹ ਇੱਕ ਚੰਗੀ ਗੱਲ ਹੈ । ਇਸ ਨਾਲ ਦੇਸ਼ ਦੇ ਵਿਚ ਗੱਲ ਚਲੇਗੀ ਕਿ ਇਥੇ ਸਮਾਜਵਾਦ ਲਿਅਉਣਾ ਹੈ ਅਤੇ ਇਹ ਕਿਸ ਤਰ੍ਹਾਂ ਆ ਸਕਦਾ ਹੈ । ਆਇਆ ਹਿੰਦੁਸਤਾਨ ਦੀ ਸਰਕਾਰ ਦੀ

Original with;
Punjab Vidhan Sabha
Digitized by;
Panjab Digital Library

ਪਾਲਿਸੀ ਜਾਂ ਕੋਈ ਨੀਤੀ ਸਮਾਜਵਾਦ ਦੇ ਉਲਟ ਜਾਂਦੀ ਹੈ ਜਾਂ ਨਹੀਂ ਜਾਂਦੀ ਹੈ । ਇਸ ਲਈ ਸਪੀਕਰ ਸਾਹਿਬ, ਅਸੀਂ ਇਸ ਨੂੰ ਜੀ ਆਇਆਂ ਕਹਿੰਦੇ ਹਾਂ ।

ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੇ ਵਿੱਚ ਸੂਬਾਈ ਆਟੋਨੋਮੀ ਖ਼ਤਮ ਕੀਤੀ ਜਾਵੇ । ਅਸੀਂ ਚਾਹੁੰਦੇ ਹਾਂ ਕਿ ਹਿੰਦੁਸਤਾਨ ਦੇ ਸੰਵਿਧਾਨ ਵਿੱਚ ਸੈਂਟਰ ਅਤੇ ਸੂਬਿਆਂ ਦਾ ਜਿਹੜਾ ਇਕ ਬੈਲੈਂਸ ਰਖਿਆ ਗਿਆ ਹੈ ਅਤੇ ਜਿਹੜੀ ਸੂਬਿਆਂ ਨੂੰ ਆਟੋਨੋਮੀ ਮਿਲੀ ਹੋਈ ਹੈ ਅਗਰ ਉਸ ਨੂੰ ਖ਼ਤਮ ਕਰ ਦਿੱਤਾ ਜਾਵੇ ਅਤੇ ਸੈਂਟਰ ਨੂੰ ਹੋਰ ਤਾਕਤਵਰ ਕੀਤਾ ਜਾਵੇ ਤਾਂ ਪਲਾਨਿੰਗ ਪੂਰੀ ਤਰ੍ਹਾਂ ਹੋ ਸਕੇਗੀ । ਇਸ ਦੇ ਨਾਲ ਹੀ ਜਿਸ ਤਰ੍ਹਾਂ ਵਿਦਿਆ ਦੇ ਮਹਿਕਮੇ ਨੂੰ ਕਨਕਰੰਟ ਲਿਸਟ ਵਿਚ ਕਰ ਦਿੱਤਾ ਹੈ ਸੂਬਿਆਂ ਦੀ ਲਿਸਟ ਵਿਚੋਂ ਕੱਢ ਕੇ, ਮੈਂ ਸਮਝਦਾ ਹਾਂ ਸਪੀਕਰ ਸਾਹਿਬ ਕਿ ਇਸ ਨਾਲ ਸੂਬਾਈ ਆਟੋਨੋਮੀ ਨੂੰ ਕੋਈ ਖਤਰਾ ਨਹੀਂ ਪੈਂਦਾ ਹੁੰਦਾ ਅਤੇ ਨਾ ਹੀ ਕੋਈ ਇਤਨਾ ਫ਼ਰਕ ਪੈਣਾ ਹੈ । ਮੈਂ ਤਾਂ ਕਹਾਂਗਾ ਕਿ ਜਿਸ ਤਰ੍ਹਾਂ ਸਵਰਨ ਸਿੰਘ ਕਮੇਟੀ ਨੇ ਇਹ ਸਿਫਾਰਸ਼ ਕੀਤੀ ਹੈ ਕਿ ਖੇਤੀ ਬਾੜੀ ਦਾ ਮਹਿਕਮਾ ਵੀ ਸੈਂਟਰ ਲਿਸਟ ਵਿਚ ਆ ਜਾਵੇ, ਇਸ ਨੂੰ ਕਿਸੇ ਸਮੇਂ ਕਾਂਗਰਸ ਹਾਈ ਕਮਾਂਡ ਨੇ ਵੀ ਮੰਨ ਲਿਆ ਸੀ, ਇਹ ਬੜੀ ਅੱਛੀ ਗੱਲ ਹੈ । ਇਸ ਖੇਤੀ ਬਾੜੀ ਦੇ ਮਹਿਕਮੇ ਨੂੰ ਅਗਰ ਸੈਂਟਰਲ ਲਿਸਟ ਵਿਚ ਸ਼ਾਮਿਲ ਕਰ ਲਿਆ ਜਾਵੇ ਤਾਂ ਇਹ ਇੱਕ ਚੰਗੀ ਗੱਲ ਹੋਵੇਗੀ । ਸਪੀਕਰ ਸਾਹਿਬ, ਇਸ ਨਾਲ ਦੇਸ਼ ਅੱਗੇ ਤਰੱਕੀ ਕਰ ਸਕੇਗਾ । ਇਸ ਚੀਜ਼ ਦੀ ਅਸੀਂ ਹਮਾਇਤ ਕਰਾਂਗੇ । ਸੰਵਿਧਾਨ ਦੇ ਵਿੱਚ ਇਸ ਤਰ੍ਹਾਂ ਦੀ ਇਕ ਤਰਮੀਮ ਕੀਤੀ ਜਾਵੇ ।

ਸਪੀਕਰ ਸਾਹਿਬ, ਇਨ੍ਹਾਂ ਤਰਮੀਮਾਂ ਦੇ ਨਾਲ ਪਾਰਲੀਆਮੈਂਟ ਨੂੰ ਸੁਪਰੀਮ ਕਰਾਰ ਦੇ ਦਿੱਤਾ ਗਿਆ ਹੈ ਅਤੇ ਇਸ ਤਰ੍ਹਾਂ ਜਿਹੜੀਆਂ ਕਾਨੂੰਨ ਦੇ ਵਿੱਚ ਅੜ੍ਹਚਨਾਂ ਆਉਂਦੀਆਂ ਸਨ ਉਨ੍ਹਾਂ ਨੂੰ ਦੂਰ ਕੀਤਾ ਜਾ ਸਕਦਾ ਹੈ ਕਿਉਂਕਿ ਕਈ ਅਦਾਲਤਾਂ ਨੇ ਭਲਾਈ ਦੇ ਕਾਨੂੰਨਾਂ ਨੂੰ ਵੀ ਰੱਦ ਕਰ ਦਿੱਤਾ ਸੀ ਅਤੇ ਜਿਹੜੀਆਂ ਅਦਾਲਤਾਂ ਹਨ ਉਨ੍ਹਾਂ ਨੇ ਆਪਣੇ ਇਖਤਿਆਰਾਂ ਨੂੰ ਕਿਸ ਤਰ੍ਹਾਂ ਵਰਤਿਆ ਹੈ, ਇਸ ਬਾਰੇ, ਸਪੀਕਰ ਸਾਹਿਬ, ਮੈਂ ਇਕ ਮਿਸਾਲ ਦਿੰਦਾ ਹਾਂ ਕਿ ਸੰਵਿਧਾਨ ਦੇ ਮੁਤਾਬਿਕ ਕਿਸੇ ਚੀਜ਼ ਦਾ ਕੌਮੀਕਰਨ ਕੀਤਾ ਜਾ ਸਕਦਾ ਹੈ ਪਰ ਉਸ ਦਾ ਮੁਆਵਜ਼ਾ ਦੇਣਾ ਪਵੇਗਾ । ਇਹ ਮੁਆਵਜ਼ਾ ਕਿੰਨਾ ਹੋਵੇਗਾ । ਇਸ ਦਾ ਫੈਸਲਾ ਸੁਪਰੀਮ ਕੋਰਟ ਨੇ ਕੀਤਾ ਹੈ ਜਦੋਂ ਟਾਟਾ ਅਤੇ ਬਿਰਲੇ ਵਰਗੇ ਸੁਪਰੀਮ ਕੋਰਟ ਵਿਚ ਚਲੇ ਗਏ ਅਤੇ ਸੁਪਰੀਮ ਕੋਰਟ ਕਹਿੰਦੀ ਹੈ ਕਿ ਮੁਆਵਜ਼ਾ ਥੋੜਾ ਹੈ । ਹਿੰਦੁਸਤਾਨ ਦੀ ਪਾਰਲੀਆਮੈਂਟ ਕਹਿੰਦੀ ਹੈ ਅਤੇ ਹਿੰਦੁਸਤਾਨ ਦੀ ਜਨਤਾ ਕਹਿੰਦੀ ਹੈ ਕਿ ਇਸ ਨੇ 10 ਲੱਖ ਰੁਪਏ ਲਗਾ ਕੇ 1 ਕਰੋੜ ਕਮਾ ਲਿਆ ਹੈ ਪਰ ਫਿਰ ਵੀ ਸੁਪਰੀਮ ਕੋਰਟ ਕਹਿੰਦੀ ਹੈ ਕਿ ਮੁਆਵਜ਼ਾ ਹੋਰ ਦਿੱਤਾ ਜਾਵੇ, ਕਿਉਂਕਿ ਲਫ਼ਜ਼ ਕੰਪਨਸੇਸ਼ਨ ਲਿਖਿਆ ਹੋਇਆ ਸੀ । ਫਿਰ ਪਾਰਲੀਆਮੈਂਟ ਨੇ ਕੰਪਨਸੇਸ਼ਨ ਦੀ ਥਾਂ ਅਮਾਉਂਟ ਲਿਖ ਦਿੱਤਾ ਸੀ ਪਰ ਫਿਰ ਵੀ ਸੁਪਰੀਮ ਕੋਰਟ ਨੇ ਕਹਿ ਦਿੱਤਾ ਕਿ ਲਫ਼ਜ ਅਮਾਉਂਟ ਰੀਜਨੇਬਲ ਹੋਣੀ ਚਾਹੀਦੀ ਹੈ । ਕਿਉਂਕਿ ਅਮਾਉਂਟ ਦਾ ਅਰਥ ਰਕਮ ਦੇ ਨਾਲ ਸੀ, ਇਸ ਕਰਕੇ ਅਦਾਲਤ ਇਸ ਵਿਚ ਅਜੇ ਵੀ ਦਖ਼ਲ ਦੇ ਸਕਦੀ ਹੈ । ਵੱਡੇ ਵੱਡੇ ਲੋਕਾਂ ਦਾ ਬੈਂਕਾਂ ਵਿਚ ਹਿੱਸਾ ਸੀ, ਇਸ ਲਈ ਉਹ ਇਸ ਕਾਨੂੰਨ ਨੂੰ ਲਾਗੂ ਹੋਣ ਦੇਣਾ ਠੀਕ ਨਹੀਂ ਸੀ ਸਮਝਦੇ । ਉਹ ਅੜ੍ਹਚਨਾਂ ਕੋਰਟ ਰਾਹੀਂ ਪਾਉਂਦੇ ਰਹੇ । ਇਸ ਲਈ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨਾਂ ਅੜ੍ਹਚਨਾਂ ਦਾ ਇਲਾਜ ਤਰਮੀਮਾਂ ਦੇ ਰਾਹੀਂ ਕੀਤਾ ਜਾਣਾ ਚਾਹੀਦਾ ਹੈ ਤਾਂਕਿ ਇਸ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਤਰ੍ਹਾਂ ਸਰਮਾਏਦਾਰੀ ਨੂੰ ਸੰਵਿਧਾਨ ਦੇ ਰਾਹੀਂ ਖ਼ਤਮ ਕਰ ਦਿੱਤਾ ਜਾਵੇ । ਮੈਂ ਇਨ੍ਹਾਂ ਤਰਮੀਮਾਂ ਦੀ ਹਮਾਇਤ ਕਰਦਾ ਹਾਂ ।

ਸਪੀਕਰ ਸਾਹਿਬ, ਜਿਹੜਾ ਪਾਰਲੀਆਮੈਂਟ ਵਿੱਚ ਬਿਲ ਪੇਸ਼ ਹੋਇਆ ਹੈ ਉਸ ਵਿੱਚ ਕੁੱਝ ਤਰਮੀਮਾਂ ਕੀਤੀਆਂ ਗਈਆਂ ਹਨ । ਮੇਰੀ ਰਾਏ ਦੇ ਵਿਚ ਉਨ੍ਹਾਂ ਦਾ ਕੁਝ ਫਾਇਦਾ ਵੀ ਹੈ ਅਤੇ ਕੁਝ ਨੁਕਸਾਨ ਵੀ ਹੈ । ਉਸ ਵਿੱਚ ਕਿਹਾ ਗਿਆ ਹੈ ਕਿ ਸੁਪਰੀਮ ਕੋਰਟ, ਸਟੇਟ ਦੇ ਕਾਨੂੰਨ ਵਿਚ ਨਹੀਂ ਜਾਵੇਗੀ । ਇਸੇ ਤਰ੍ਹਾਂ ਹੀ ਹਾਈਕੋਰਟ ਪਾਰਲੀਆਮੈਂਟ ਦੇ ਕਾਨੂੰਨ ਵਿੱਚ ਨਹੀਂ ਜਾ ਸਕਦੀ । ਜਿਹੜਾ ਬੈਂਚ ਬੈਠਾ ਹੈ ਸੁਪਰੀਮ ਕੋਰਟ ਵਿੱਚ ਉਸ ਵਿਚ 7 ਜੱਜ ਹੋਣਗੇ ਅਤੇ ਉਹ 2/3 ਦੀ ਮੈਜਾਰਿਟੀ ਨਾਲ ਫੈਸਲਾ ਦੇਣਗੇ । ਇਸੇ ਤਰ੍ਹਾਂ ਹੀ ਹਾਈਕੋਰਟ ਵਿੱਚ 5 ਜੱਜ ਬੈਠ ਕੇ 2/3 ਦੀ ਮੈਜਾਰਿਟੀ ਨਾਲ ਫੈਸਲਾ ਦੇਣਗੇ । ਪਰ ਸ਼ਾਇਦ ਇਹ ਤਸੱਲੀ ਬਖਸ਼ ਨਹੀਂ ਹੈ । ਮੈਂ ਕਹਾਂਗਾ ਕਿ ਇਸ ਦੀ ਜਗ੍ਹਾਂ ਕੋਈ ਕਮੇਟੀ ਬਣੇ । ਅਸੀਂ ਇਸ ਦੇ ਹੱਕ ਵਿੱਚ ਹਾਂ ਕਿ ਟਰੀਬਿਊਨਲ ਬਣਾਇਆ ਜਾਵੇ ਅਤੇ ਉਸ ਟਰੀਬਿਊਨਲ ਵਿੱਚ ਲੇਬਰ ਨੂੰ, ਮਜ਼ਦੂਰਾਂ ਨੂੰ, ਮੁਲਾਜ਼ਮਾਂ ਨੂੰ ਅਦਾਲਤਾਂ ਵਿੱਚੋਂ ਕੱਢ ਕੇ ਉਸ ਟਰੀਬਿਊਨਲ ਵਿਚ ਲੈ ਲਿਆ ਜਾਵੇ । ਹਜ਼ਾਰਾਂ, ਲੱਖਾਂ ਮੁਕੱਦਮੇ ਹਾਈਕੋਰਟ ਅਤੇ ਸੁਪਰੀਮ ਕੋਰਟ ਵਿੱਚ ਪੈਂਡਿੰਗ ਰਹਿਣ, ਇਹ ਠੀਕ ਨਹੀਂ ਹੈ । ਜਿਵੇਂ ਦੀਵਾਨੀ ਦੇ ਮੁਕਦਮੇ ਪੈਂਡਿੰਗ ਰਹਿਣ ਤਾਂ ਇਸ ਨਾਲ ਲੋਕਾਂ ਨੂੰ ਇਨਸਾਫ ਨਹੀਂ ਮਿਲਦਾ । 20 ਸਾਲ ਫੈਸਲਾ ਨਾ ਹੋਵੇ, ਐਨਾ ਖਰਚ ਕਰਨ ਦੇ ਬਾਅਦ ਵੀ ਐਨਾ ਚਿਰ ਫੈਸਲਾ ਨਾ ਹੋਵੇ ਤਾਂ ਫਿਰ ਇਸ ਤਰ੍ਹਾਂ ਇਨਸਾਫ ਨਹੀਂ ਮਿਲਦਾ । ਇਸ ਕਰਕੇ ਮੈਂ ਅਰਜ਼ ਕਰਦਾ ਹਾਂ ਕਿ ਟਰੀਬਿਊਨਲ ਬਣਾਉਣ । ਅਜਿਹੀ ਕੁੱਝ ਚੀਜ਼ ਇਸ ਬਿੱਲ ਵਿੱਚ ਹੈ ਪਰ ਮੈਂ ਹੋਰ ਵੀ ਕਹਿਣਾ ਚਾਹੁੰਦਾ ਹਾਂ ਕਿ ਇਸ ਟਰੀਬਿਊਨਲ ਦੀ ਕੰਪੋਜ਼ੀਸ਼ਨ ਕੀ ਹੋਵੇ ? ਜਦ ਇਹ ਬਣਾਏ ਜਾਣ ਤਾਂ ਸਾਡੀ ਇਹ ਮੰਗ ਹੈ ਕਿ ਅਗਰ ਲੋਕਾਂ ਨੂੰ ਇਤਬਾਰ ਹੋਵੇ ਕਿ ਇਹ ਟਰੀਬਿਊਨਲ ਇਨਸਾਫ ਕਰਨਗੇ ਅਤੇ ਰਿਟਾਇਰ ਕੀਤੇ ਹੋਏ ਆਦਮੀ ਜਾਂ ਸਰਵਿਸਿੰਗ ਅਫਸਰ ਉਥੇ ਲਗਾ ਦਿਤੇ ਜਾਣ ਤਾਂ ਇਸ ਨਾਲ ਲੋਕਾਂ ਨੂੰ ਇਤਬਾਰ ਨਹੀਂ ਹੋਵੇਗਾ । ਇਨ੍ਹਾਂ ਵਿਚ ਜੁਡੀਸ਼ੀਅਲ ਆਦਮੀ ਹੋਣੇ ਚਾਹੀਦੇ ਹਨ । ਇਨ੍ਹਾਂ ਵਿਚ ਟਰੇਡ ਯੂਨੀਅਨ ਦੇ ਨੁਮਾਇੰਦੇ ਹੋਣੇ ਚਾਹੀਦੇ ਹਨ । ਇਸ ਢੰਗ ਨਾਲ ਉਨ੍ਹਾਂ ਦੀ ਕੰਪੋਜੀਸ਼ਨ ਹੋਵੇ ਅਤੇ ਜਿਸ ਵਿਚ ਮੁਲਾਜ਼ਮਾਂ ਨੂੰ, ਮਜ਼ਦੂਰਾਂ ਨੂੰ ਅਤੇ ਲੇਬਰ ਨੂੰ ਵਿਸ਼ਵਾਸ਼ ਹੋਵੇ । ਇਨ੍ਹਾਂ ਟਰੀਬਿਊਨਲਾਂ ਵਿੱਚ ਉਨ੍ਹਾਂ ਨੂੰ ਇਨਸਾਫ ਮਿਲੇਗਾ । ਇਸੇ ਤਰ੍ਹਾਂ ਹੀ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਕਿਸੇ ਦੀ ਪਰਮੋਸ਼ਨ ਹੋਵੇ, ਕਿਸੇ ਦੀ ਤਰੱਕੀ ਹੋਵੇ, ਇਸ ਕਿਸਮ ਦਾ ਮਾਮਲਾ ਇਸ ਟਰੀਬਿਊਨਲ ਦੀ ਜ਼ੱਦ ਵਿਚ ਆਉਣਾ ਚਾਹੀਦਾ ਹੈ । ਅਗਰ ਸਰਕਾਰ ਦੇ ਕਿਸੇ ਫੈਸਲੇ ਦੇ ਖਿਲਾਫ ਕਿਸੇ ਮੁਲਾਜ਼ਮ ਨੂੰ ਤਕਲੀਫ ਹੈ ਤਾਂ ਉਸ ਨੂੰ ਇਸ ਟਰੀਬਿਊਨਲ ਵਿਚ ਜਾਣਾ ਚਾਹੀਦਾ ਹੈ । ਅਗਰ ਉਸ ਨੂੰ ਇਸ ਵਿੱਚੋਂ ਕੱਢ ਦਿਤਾ ਜਾਵੇ ਤਾਂ ਇਹ ਠੀਕ ਨਹੀਂ ਹੈ । ਸਪੀਕਰ ਸਾਹਿਬ, ਇਸੇ ਢੰਗ ਦੇ ਨਾਲ ਇਕ ਗੱਲ ਦਾ ਹੋਰ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ । ਸਰਕਾਰੀ ਮੁਲਾਜ਼ਮ ਨੂੰ, ਕਰਮਚਾਰੀ ਨੂੰ ਜਿਸ ਵੇਲੇ ਇਨਕੁਆਇਰੀ ਹੋਵੇ ਤਾਂ ਜਦ ਉਸ ਨੂੰ ਸਜ਼ਾ ਦੇਣੀ ਹੋਵੇ ਤਾਂ ਕਿਹਾ ਜਾਂਦਾ ਹੈ ਕਿ ਤੈਨੂੰ ਇਹ ਸਜ਼ਾ ਦਿਤੀ ਜਾਂਦੀ ਹੈ ਅਤੇ ਤੂੰ ਇਸ ਦੇ ਖਿਲਾਫ਼ ਜੋ ਕਹਿਣਾ ਹੈ ਕਹਿ ਲੈ । ਸਪੀਕਰ ਸਾਹਿਬ, ਇਹ ਸੈਕੰਡ ਅਪਰਚੂਨਿਟੀ ਹੈ । ਇਸ ਤਰ੍ਹਾਂ ਮੁਲਾਜ਼ਮ ਦਾ ਅਖਤਿਆਰ ਖੋਹਿਆ ਜਾ ਰਿਹਾ ਹੈ । ਇਸ ਦੀ ਕੋਈ ਲੋੜ ਨਹੀਂ ਸੀ ਅਤੇ

Original with;
Punjab Vidhan Sabha
Digitized by;
Panjab Digital Library

ਨਾ ਹੀ ਇਹ ਵਾਜਬ ਹੈ । ਮੈਂ ਬੇਨਤੀ ਕਰਾਂਗਾ ਕਿ ਮੁਲਾਜ਼ਮ ਦਾ ਇਹ ਹੱਕ ਨਹੀਂ ਖੋਹਣਾ ਚਾਹੀਦਾ ।

ਵਿਧਾਨ ਦੀ ਧਾਰਾ 226 ਵਿਚ ਰਿੱਟ ਕਰਨ ਦਾ ਲੋਕਾਂ ਨੂੰ ਹੱਕ ਸੀ, ਇਹ ਬਿਲਕੁਲ ਠੀਕ ਹੈ । ਪਰ ਉਸ ਹੱਕ ਨੂੰ ਬਲੈਕ ਮਾਰਕੀਟੀਆਂ ਅਤੇ ਸਮੱਗਲਰਾਂ ਨੇ ਵਰਤਿਆ । ਉਸ ਧਾਰਾ ਨੂੰ ਐਂਟੀ-ਸੋਸ਼ਲ ਮਾਸਿਜ਼ ਨੇ ਵਰਤਿਆ । ਉਨ੍ਹਾਂ ਦੇ ਖਿਲਾਫ ਅਗਰ ਸਰਕਾਰ ਨੇ ਕੋਈ ਕਾਰਵਾਈ ਕੀਤੀ ਕਿ ਉਹ ਟੈਕਸ ਨਹੀਂ ਦਿੰਦੇ ਤਾਂ ਅਦਾਲਤ ਸਟੇ ਆਰਡਰ ਕਰ ਦਿੰਦੀ ਹੈ । ਅਗਰ ਕਿਸੇ ਜਗ੍ਹਾ ਨਹਿਰ ਕੱਢਣੀ ਹੈ ਤਾਂ ਇਕ ਆਦਮੀ ਕੋਰਟ ਵਿਚ ਜਾ ਕੇ ਸਟੇ ਆਰਡਰ ਲਿਆ ਕੇ ਨਹਿਰ ਨਹੀਂ ਨਿਕਲਣ ਦਿੰਦਾ । ਇਸ 226 ਧਾਰਾ ਅਨੁਸਾਰ ਹਾਈ ਕੋਰਟ ਅਤੇ ਸੁਪਰੀਮ ਕੋਰਟ ਕੋਲ ਅਖਤਿਆਰ ਸੀ । ਇਸ ਚੀਜ਼ ਦੀ ਦੁਰਵਰਤੋਂ ਕੀਤੀ ਗਈ । ਇਸ ਧਾਰਾ ਦੀ ਦੁਰਵਰਤੋਂ ਬਲੈਕ ਮਾਰਕੀਟੀਏ ਅਤੇ ਸਮੱਗਲਰ ਕਰ ਰਹੇ ਸੀ । ਉਸ ਹੱਦ ਤੱਕ ਇਸ ਦੇ ਵਿਚ ਤਰਮੀਮ ਦੀ ਲੋੜ ਸੀ । ਮੈਂ ਬੇਨਤੀ ਕਰਾਂਗਾ ਕਿ ਜਿਹੜੀ ਤਰਮੀਮ ਕੀਤੀ ਗਈ ਹੈ ਉਸ ਵਿਚ ਕੁੱਝ ਖਦਸ਼ਾ ਹੈ । ਇਹ ਖਦਸ਼ਾ ਦੂਰ ਕਰਨ ਲਈ ਇਸ ਤਰਮੀਮ ਨੂੰ ਤਬਦੀਲ ਕਰਨਾ ਚਾਹੀਦਾ ਸੀ । ਫਰਜ਼ ਕਰੋ ਕੋਈ ਈਮਾਨਦਾਰ ਆਦਮੀ ਹੋਵੇ, ਉਸ ਨੇ ਕੋਈ ਬੁਰਾ ਨਹੀਂ ਕੀਤਾ ਪਰ ਕੋਈ ਅਫਸਰ ਜਾਂ ਮਨਿਸਟਰ ਉਸ ਨਾਲ ਨਾਰਾਜ਼ ਹੋ ਜਾਵੇ ਤਾਂ ਉਹ ਉਸ ਦੇ ਰਗੜੇ ਕੱਢੇਗਾ । ਪਰ ਉਹ ਆਦਮੀ ਅਦਾਲਤ ਵਿਚ ਨਾ ਜਾ ਸਕੇ ਤਾਂ ਫਿਰ ਇਹ ਠੀਕ ਨਹੀਂ ਹੈ । ਇਸ ਲਈ ਇਸ ਤਰਮੀਮ ਦੀ ਦੁਰ-ਵਰਤੋਂ ਹੋਵੇਗੀ । ਸਿਵਿਲ ਲਿਬਰਟੀਜ਼ ਨੂੰ ਧਿਆਨ ਵਿਚ ਰੱਖਦੇ ਹੋਏ, ਉਨ੍ਹਾਂ ਦੇ ਹੱਕ ਦਾ ਧਿਆਨ ਰੱਖਦੇ ਹੋਏ, ਉਸ ਵਿਚ ਅਗਰ ਅਦਾਲਤਾਂ ਉਨ੍ਹਾਂ ਦੀ ਮੱਦਦ ਕਰ ਸਕਣ ਅਗੇਂਸਟ ਬਿਊਰੋਕਰੈਟਿਕ ਐਕਸੈਸਿਜ਼ ਤਾਂ ਠੀਕ ਸੀ । ਲੋਕਾਂ ਨੂੰ ਪਰੋਟੈਕਸ਼ਨ ਮਿਲਣੀ ਚਾਹੀਦੀ ਹੈ । ਪਰ ਇਹ ਜਿਹੜੀ ਤਰਮੀਮ, ਜਿਹੜੀ ਉਨ੍ਹਾਂ ਦੀ ਰਖਵਾਲੀ ਹੈ, ਕੱਢ ਦਿੱਤੀ ਹੈ ਇਸ ਨਾਲ ਉਨ੍ਹਾਂ ਤੇ ਸੱਟ ਮਾਰੀ ਹੈ ਇਸ ਨਾਲ ਅਸੀਂ ਸਹਿਮਤ ਨਹੀਂ ਹਾਂ । ਸਪੀਕਰ ਸਾਹਿਬ, ਮੈਂ ਦੋ ਕੈਟੇਗਰੀਜ਼ ਦੀ ਗੱਲ ਕੀਤੀ ਹੈ । ਇਹ ਕੁੱਝ ਚੰਗੀਆਂ ਹਨ ਅਤੇ ਦੂਜੀਆਂ ਅੱਧ ਪਚੱਧੀਆਂ ਚੰਗੀਆਂ ਹਨ । ਇਸ ਢੰਗ ਨਾਲ ਇਕ ਹੋਰ ਤਰਮੀਮ ਹੈ । ਉਹ ਇਸ ਤਰ੍ਹਾਂ ਹੈ ਕਿ ਸਰਕਾਰ ਆਪਣਾ ਬਿਜ਼ਨੈਸ ਚਲਾਉਣ ਲਈ ਜਿਹੜਾ ਰੂਲ ਬਣਾਏ, ਅਦਾਲਤਾਂ ਉਸ ਨੂੰ ਸਮਨ ਨਾ ਕਰ ਸਕਣ ਰੂਲਜ਼ ਨੂੰ । ਜੇ ਕੋਈ ਸੈਕਟਰੀ ਜਾਂ ਮਨਿਸਟਰ ਨਾਜਾਇਜ਼ ਕਿਸੇ ਨੂੰ ਡਿਸਮਿਸ ਕਰ ਦੇਵੇ ਤਾਂ ਉਸ ਦੇ ਵਿਚ ਪਰੋਟੈਕਸ਼ਨ ਤੁਹਾਡੀ ਲਈ ਜਾ ਸਕਦੀ ਹੈ । ਸੋ ਇਹ ਵੀ ਦੂਜੇ ਪਾਸੇ ਵਰਤੀ ਜਾ ਸਕਦੀ ਹੈ । ਹੁਣ ਮੈਂ ਤੀਜੀ ਕੈਟੇਗਰੀ ਵੱਲ ਆਉਂਦਾ ਹਾਂ । ਇਸ ਦੀ ਮੁੱਖ ਧਾਰਾ ਠੀਕ ਹੈ, ਜਿਸ ਦਾ ਅਸੀਂ ਬੜਾ ਸਵਾਗਤ ਕਰਦੇ ਹਾਂ । ਹੁਣ ਮੈਂ ਖਤਰਨਾਕ ਤਰਮੀਮ ਵੱਲ ਆਉਂਦਾ ਹਾਂ । ਪੰਜਵੀਂ ਤਰਮੀਮ ਜਿਸ ਦੇ ਵਿਚ ਇਹ ਕਿਹਾ ਕਿ ਇਹ ਐਂਟੀ-ਨੈਸ਼ਨਲ ਐਕਟਿਵਿਟੀਜ ਹਨ, ਇਹ ਦੇਸ਼ ਧਰੋਹੀ ਕਾਰਵਾਈਆਂ ਹਨ । ਇਸ ਦੇ ਅਸੀਂ ਖਿਲਾਫ ਹਾਂ । ਅਸੀਂ ਇਸ ਕਰਕੇ ਖਿਲਾਫ ਹਾਂ ਕਿ ਇਸ ਦੀਆਂ ਸਬ-ਕਲਾਜ਼ਜ਼ 2, 3 ਅਤੇ 4 ਡੀਫੈਂਸ ਆਫ ਇੰਡੀਆਂ ਰੂਲਜ਼ ਵਿਚੋਂ ਚੁੱਕ ਕੇ ਉਥੇ ਪਾ ਦਿਤੀਆਂ ਹਨ ਐਮਰਜੰਸੀ ਦੇ ਦੌਰਾਨ । ਮੈਂ ਤੁਹਾਨੂੰ ਪੰਜਵੀਂ ਤਰਮੀਮ ਪੜ੍ਹਕੇ ਸੁਣਾਉਂਦਾ ਹਾਂ ।

No law made under it "shall be deemed to be void on the ground that it is inconsistent with, or takes away or abridges any of the rights conferred by, article 14, article 19 or article 31."

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

Further sub-clause (iv) of Clause (4) (b) of proposed Article 31 D (Clause 5 of the Bill) reads as under :—

"(iv) Which is intended, or which is part of a scheme which is intended, to create internal disturbance or the disruption of public services ;'

ਇੰਟਰਨਲ ਡਿਸਟਰਬੈਂਸਿਜ਼, ਜਿਸ ਨੂੰ ਪੰਜਾਬੀ ਵਿਚ ਅੰਦਰੂਨੀ ਗੜਬੜ ਕਿਹਾ ਜਾਂਦਾ ਹੈ, ਉਸ ਦੇ ਬਾਰੇ ਵਿਚ ਹੈ । ਅੰਦਰੂਨੀ ਗੜਬੜ ਕਰਾਰ ਦੇ ਕੇ ਗਰੀਬਾਂ ਦਾ ਹੱਕ ਖੋਹ ਲਿਆ ਹੈ । ਇਸ ਚੀਜ਼ ਨੂੰ ਕਾਰਖਾਨੇ ਵਿਚ ਜਿਹੜਾ ਮਜ਼ਦੂਰ ਕੰਮ ਕਰਦਾ ਹੈ ਅਗਰ ਉਹ ਹੜਤਾਲ ਕਰਦਾ ਹੈ ਤਾਂ ਉਸ ਨੂੰ ਐਂਟੀ-ਨੈਸ਼ਨਲ ਕਰਾਰ ਦੇ ਕੇ ਉਸ ਤੇ ਇਹ ਵਰਤੀ ਜਾ ਸਕਦੀ ਹੈ । ਇਸ ਲਈ ਇਹ ਟਰੀਬਿਊਨਲ ਵੀ ਗ਼ੈਰ-ਕਾਨੂੰਨੀ ਹੈ । ਇਹ ਧਾਰਾ ਬਹੁਤ ਖਤਰਨਾਕ ਹੈ । ਇਹ ਧਾਰਾ ਉਨ੍ਹਾ ਦੇ ਖਿਲਾਫ ਹੋ ਸਕਦੀ ਹੈ ਜਿਨ੍ਹਾਂ ਲੋਕਾਂ ਨੇ ਐਮਰਜੰਸੀ ਦੇ ਦੌਰਾਨ ਐਂਟੀਨੈਸ਼ਨਲ ਕਾਰਵਾਈਆਂ ਕਰਨ ਵਾਲੀਆਂ ਨੂੰ ਰੋਕਣ ਵਿਚ ਵੱਧ ਹਿੱਸਾ ਲਿਆ ਅਤੇ ਸਰਕਾਰ ਦੀ ਹਮਾਇਤ ਕੀਤੀ । ਇਸ ਕਰਕੇ ਇਹ ਧਾਰਾ ਠੀਕ ਨਹੀਂ ਹੈ, ਇਹ ਬੜੀ ਖਤਰਨਾਕ ਹੈ । ਇਹ ਇਸ ਦੀ ਕੰਡੈਮਨੇਸ਼ਨ ਹੈ ਕਿ ਸਬ-ਕਲਾਜ਼ 2, ਸਬ-ਕਲਾਜ਼ 3 ਅਤੇ ਸਬ ਕਲਾਜ਼ 4 ਨੂੰ ਡਿਫੈਂਸ ਆਫ ਇੰਡੀਆ ਰੂਲਜ਼ ਵਿਚੋਂ ਚੁੱਕ ਕੇ ਵਿਧਾਨ ਵਿਚ ਪਾ ਦਿੱਤਾ ਹੈ । ਇਸ ਦੀ ਅਸੀਂ ਡਟਕੇ ਵਿਰੋਧਤਾ ਕਰਦੇ ਹਾਂ । ਅਸੀਂ ਚਾਹੁੰਦੇ ਸੀ ਕਿ ਵਿਧਾਨ ਦੇ ਵਿਚ ਇਸ ਦੀ ਕੋਈ ਜਗ੍ਹਾ ਨਾ ਹੋਵੇ । ਹੁਣ ਵੀ, ਸਪੀਕਰ ਸਾਹਿਬ, ਸਾਡੀ ਇਹ ਰਾਏ ਹੈ ।

**ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) :** ਡਾਂਗ ਸਾਹਿਬ, ਇਹ ਤੁਸੀਂ ਕਿਥੋਂ ਪੜ੍ਹਿਆ ਹੈ, ਇਸ ਨੂੰ ਦੁਬਾਰਾ ਪੜ੍ਹ ਦਿਓ ?

**Comrade Satya Pal Dang** : At page 2 of the Bill, in sub-clause (iv) of Clause (4) (b) of proposed Article 31-D (Clause 5 of the Bill), it is written :

"(iv) Which is intended, or which is part of a scheme which is intended, to create internal disturbance or the disruption of public services;"

ਅਗਰ ਇਹ ਉਨ੍ਹਾਂ ਦੇ ਖ਼ਿਲਾਫ ਨਹੀਂ ਵਰਤੀ ਜਾ ਸਕੇਗੀ ਤਾਂ ਮੈਂ ਨਹੀਂ ਸਮਝ ਸਕਦਾ ਕਿ ਕੀ ਹੋਵੇਗਾ । ਮੈਨੂੰ ਇਸ ਦਾ ਖਦਸ਼ਾ ਜ਼ਰੂਰ ਹੈ । ਟਰੇਡ ਯੂਨੀਅਨਿਸਟਸ ਜਿਹੜੇ ਹਨ, ਬਹੁਤ ਸਾਰੇ ਟਰੇਡ ਯੂਨੀਅਨਿਸਟਸ ਸਾਡੀ ਪਾਰਟੀ ਨਾਲ ਸਬੰਧ ਰੱਖਦੇ ਹਨ, ਬਹੁਤ ਸਾਰੇ ਕਾਂਗਰਸ ਪਾਰਟੀ ਨਾਲ ਸਬੰਧ ਰੱਖਦੇ ਹਨ, ਬਹੁਤ ਸਾਰੇ ਕਾਂਗਰਸ ਪਾਰਟੀ ਨਾਲ ਸਬੰਧਤ ਹਨ । ਠੀਕ ਹੈ ਕਿ ਪਾਰਟੀ ਦਾ ਡਸਿਪਲਿਨ ਹੁੰਦਾ ਹੈ। ਪਰ ਇਸ ਤਰਮੀਮ ਦੇ ਬਾਰੇ ਮੈਂ ਸਰਦਾਰ ਉਮਰਾਓ ਸਿੰਘ ਦੀ ਵਾਕਫ਼ੀਅਤ ਲਈ ਕਹਿਣਾ ਚਾਹੁੰਦਾ ਹਾਂ ਕਿ ਪਾਰਲੀਮੈਂਟ ਦੇ ਕਾਂਗਰਸ ਦੇ ਐਮ. ਪੀਜ਼. ਨੇ ਵੀ ਕਿਹਾ ਕਿ ਇਹ ਖਦਸ਼ਾ ਜਾਪਦਾ ਹੈ । ਇਹ ਖਦਸ਼ਾ ਦੂਰ ਕੀਤਾ ਜਾਵੇ ਅਤੇ ਇਸ ਵਿਚ ਮੁਨਾਸਬ ਤਰਮੀਮ ਕੀਤੀ ਜਾਵੇ । ਸਰਦਾਰ ਉਮਰਾਓ ਸਿੰਘ ਨੂੰ ਗਲਤ ਫਹਿਮੀ ਨਹੀਂ ਹੋਣੀ ਚਾਹੀਦੀ ਹੈ ਕਿ ਐਵੇਂ ਹੀ ਪੜ੍ਹ ਦਿਆਂਗੇ ਜਿਹੜੀ ਕਿ ਉਥੇ ਨਹੀਂ ਹੋਏਗੀ ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਇਕ ਹੋਰ ਗੱਲ ਠੀਕ ਨਹੀਂ ਹੈ । ਐਜੂਕੇਸ਼ਨ ਨੂੰ ਤਾਂ ਕਨਕਰੰਟ ਲਿਸਟ ਵਿਚ ਲੈ ਆਂਦਾ ਜਾਵੇ, ਇਹ ਦਰੁਸਤ ਹੈ ਪਰ ਖੇਤੀਬਾੜੀ ਨੂੰ ਕਨਕਰੰਟ ਲਿਸਟ ਵਿਚ ਨਹੀਂ ਲਿਆਂਦਾ ਗਿਆ ਹੈ। ਇਹ ਠੀਕ ਗੱਲ ਨਹੀਂ ਹੋਈ ਹੈ। ਸਾਡਾ ਦੇਸ਼ ਇਕ ਯੂਨਿਟਰੀ ਦੇਸ਼ ਨਹੀਂ ਹੈ । ਇਕ ਬੋਲੀ ਬੋਲਣ ਵਾਲਾ ਦੇਸ਼ ਨਹੀਂ ਹੈ । ਆਜ਼ਾਦੀ ਮਿਲਣ ਤੋਂ ਪਹਿਲਾਂ ਇੰਡੀਅਨ ਨੈਸ਼ਨਲ ਕਾਂਗਰਸ ਨੇ ਇਹ ਵਾਇਦਾ ਕੀਤਾ ਸੀ ਕਿ ਲਿੰਗੁਇਸਟਿਕ ਸਟੇਟਸ ਹੋਣਗੀਆਂ । ਇਹ ਬਣੀਆਂ। ਇਸ ਬਾਰੇ ਹਿੰਦੁਸਤਾਨ ਦੇ ਵਿਧਾਨ ਵਿਚ ਜੋ ਚੀਜ਼ ਬਣਾਈ ਗਈ ਸੀ ਉਹਨੂੰ ਡਿਸਟਰਬ ਨਹੀਂ ਕਰਨਾ ਚਾਹੀਦਾ ਹੈ । ਜੇ ਇਸ ਨੂੰ ਡਿਸਟਰਬ ਕੀਤਾ ਜਾਏਗਾ ਤਾਂ ਹਿੰਦੁਸਤਾਨ ਵਿਚ ਜੋ ਚੀਰ ਫਾੜ ਕਰਨ ਵਾਲੀਆਂ ਸ਼ਕਤੀਆਂ ਹਨ ਉਹ ਆਪਣਾ ਸਿਰ ਉਠਾ ਲੈਣਗੀਆਂ । ਤਾਮਿਲ ਨਾਡੂ ਵਿਚ ਇਹ ਮੰਗ ਹੋਈ ਸੀ ਕਿ ਉਨ੍ਹਾਂ ਦਾ ਅਲਹਿਦਾ ਮੁਲਕ ਬਣਾਇਆ ਜਾਵੇ । ਪੰਜਾਬ ਵਿਚ ਵੀ ਅਕਾਲੀਆਂ ਵੱਲੋਂ ਕਿਹਾ ਗਿਆ ਸੀ ਕਿ ਪੰਜਾਬ ਦਾ ਸਟੇਟਸ ਉਹੀ ਬਣਾਇਆ ਜਾਏ ਜੋ ਕਿ ਕਸ਼ਮੀਰ ਦਾ ਸਟੇਟਸ ਹੈ । ਜਿਹੜੇ ਲੋਕ ਅਜਿਹੇ ਲੋਕਾਂ ਦੇ ਮਗਰ ਹਨ ਉਹ ਕੱਟ ਜਾਣਗੇ। ਇਸ ਚੀਜ਼ ਨੂੰ ਸੈਪੇਰਟਿਜ਼ਮ ਨੂੰ ਹਿੰਦਸਤਾਨ ਔਰ ਪੰਜਾਬ ਦਾ ਕੋਈ ਬੰਦਾ ਵੀ ਨਹੀਂ ਚਾਹੁੰਦਾ ਹੈ । ਸੈਂਟਰ ਔਰ ਸਟੇਟਸ ਦੇ ਦਰਮਿਆਨ ਜੋ ਰਿਲੇਸ਼ਨਸ਼ਿਪ ਬਣੀ ਹੋਈ ਹੈ ਜੋ ਇਨ੍ਹਾਂ ਦੇ ਦਰਮਿਆਨ ਅਟੋਨੋਮੀ ਹੈ ਉਹ ਰਹਿਣੀ ਚਾਹੀਦੀ ਹੈ । ਆਂਧਰਾ ਪ੍ਰਦੇਸ਼ ਵਿਚ ਅਲਹਿਦਾ ਸੂਬੇ ਦੀ ਮੰਗ ਕੀਤੀ ਗਈ। ਇਸੇ ਤਰ੍ਹਾਂ ਹੀ ਮੁਲਕ ਵਿਚ ਜਨਸੰਘ ਵਾਲਿਆਂ ਨੇ ਹੋਰ ਕਈ ਥਾਂਵਾ ਤੇ ਵੀ ਕੀਤਾ । ਇਹ ਜਿਹੜੀ ਕਲਾਜ਼ 43 ਨੰਬਰ ਤੇ ਹੈ ਜਿਸ ਵਿਚ ਕਿ ਸੈਂਟਰ ਨੂੰ ਅਖਤਿਆਰ ਦਿੱਤਾ ਗਿਆ ਹੈ ਕਿ ਜਦੋਂ ਸੈਂਟਰ ਸਮਝੇ ਕਿਸੇ ਸੂਬੇ ਵਿਚ ਕਾਨੂੰਨ ਲਈ ਲਾਅ ਐਂਡ ਆਰਡਰ ਦੀ ਹਾਲਤ ਜ਼ਿਆਦਾ ਖਰਾਬ ਹੋ ਗਈ ਹੈ ਤਾਂ ਉਥੇ ਸੂਬੇ ਦੀ ਮਰਜ਼ੀ ਤੋਂ ਬਿਨਾ ਹੀ ਆਪਣੀ ਪੁਲਿਸ ਸੈਂਟਰ ਤੋਂ ਭੇਜ ਸਕਦਾ ਹੈ । ਉਥੇ ਸੂਬੇ ਵਿਚ ਜਿੰਨੀ ਦੇਰ ਪੁਲਿਸ ਰਹੇਗੀ ਉਹ ਸੂਬੇ ਦੀ ਮਰਜ਼ੀ ਨਾਲ ਨਹੀਂ ਬਲਕਿ ਸੈਂਟਰ ਦੀ ਮਰਜ਼ੀ ਨਾਲ ਕੰਮ ਕਰੇਗੀ । ਇਹ ਗ਼ਲਤ ਗੱਲ ਹੈ । ਸਵਰਨ ਸਿੰਘ ਕਮੇਟੀ ਨੇ ਆਪਣੀ ਸਿਫਾਰਿਸ਼ ਵਿਚ ਇਸ ਬਾਰੇ ਨਹੀਂ ਕਿਹਾ ਸੀ । ਇਹ ਗੱਲ ਤਾਂ ਦਰੁਸਤ ਹੈ ਕਿ ਸੈਂਟਰ ਦੀ ਪੁਲਿਸ ਕਿਸੇ ਸੂਬੇ ਵਿਚ ਉਹਦੀ ਮਦਦ ਲਈ ਜਾ ਸਕਦੀ ਹੈ ਪਰ ਜਾਂ ਉਸ ਵੇਲੇ ਸੱਦਣੀ ਚਾਹੀਦੀ ਹੈ ਜਿਸ ਵੇਲੇ ਕਿ ਸੂਬੇ ਦੀ ਸਰਕਾਰ ਨੂੰ ਉਹਦੀ ਲੋੜ ਹੋਵੇ । ਸੈਂਟਰ ਦੀ ਪੁਲਿਸ ਨੂੰ ਸੂਬੇ ਦੀ ਸਰਕਾਰ ਦੇ ਮਤਿਹਤ ਰਹਿ ਕੇ ਕੰਮ ਕਰਨਾ ਚਾਹੀਦਾ ਹੈ । ਪਰ ਇਹ ਜੋ ਕੀਤਾ ਗਿਆ ਹੈ ਕਿ ਸੈਂਟਰ ਦੀ ਹਦਾਇਤਾਂ ਅਨੁਸਾਰ ਉਨ੍ਹਾਂ ਦੀ ਪੁਲਿਸ ਸੂਬੇ ਵਿਚ ਕੰਮ ਕਰੇਗੀ, ਇਹ ਠੀਕ ਨਹੀਂ ਹੈ ।

ਸਪੀਕਰ ਸਾਹਿਬ, ਲੋਕ ਸਭਾ ਦੀ ਮਿਆਦ 6 ਸਾਲ ਕਰ ਦਿੱਤੀ ਗਈ ਹੈ । 5 ਸਾਲ ਦੀ ਮਿਆਦ ਅੱਗੇ ਹੀ ਸੋਚ ਸਮਝ ਕੇ ਕੀਤੀ ਗਈ ਸੀ । ਇਹ 6 ਸਾਲ ਕਰਨ ਦੀ ਕੀ ਲੋੜ ਸੀ । ਸਪੀਕਰ ਸਾਹਿਬ, ਇਹ ਗਲ ਕਰ ਦਿੱਤੀ ਹੈ ਕਿ ਚੋਣਾਂ ਅਜੇ ਨਹੀਂ ਹੋਣੀਆਂ ਔਰ ਮਿਆਦ 6 ਸਾਲ ਤੱਕ ਲੋਕ ਸਭਾ ਦੀ ਔਰ ਅਸੈਂਬਲੀਆਂ ਦੀ ਕਰ ਦਿੱਤੀ ਗਈ ਹੈ । ਇਹ ਠੀਕ ਹੈ ਮੈਂ ਹਿੰਦਸਤਾਨ ਦੀ ਪ੍ਰਧਾਨ ਮੰਤਰੀ ਨਾਲ ਸਹਿਮਤ ਹਾਂ ਕਿ ਨਿਰੀਆਂ ਚੋਣਾਂ ਹੀ ਜਮਹੂਰੀਅਤ ਨਹੀਂ ਹੈ। ਪਰ ਪਾਰਲੀਅਮੈਂਟਰੀ ਡੈਮੋਕਰੇਸੀ ਵਿਚ ਚੋਣਾਂ ਹੀ ਜਮੂਰੀਅਤ ਦਾ ਜ਼ਰੂਰੀ ਹਿੱਸਾ ਹੈ । ਸਪੀਕਰ ਸਾਹਿਬ, ਇਹ ਕਿਹਾ ਜਾਂਦਾ ਹੈ ਕਿ ਚੋਣਾ ਹੋਣ ਨਾਲ 20-ਨੁਕਾਤੀ ਪ੍ਰੋਗਰਾਮ ਤੇ ਅਮਲ ਨਹੀਂ ਹੋਏਗਾ । ਪਰ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ 20-ਨੁਕਾਤੀ ਪ੍ਰੋਗਰਾਮ ਤੇ ਅਮਲ ਹੋਣ ਲਈ ਤਾਂ ਚੋਣਾਂ ਦਾ ਹੋਣਾ ਬਹੁਤ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਜ਼ਰੂਰੀ ਹੈ । ਇਸ ਤਰ੍ਹਾਂ ਕਰਕ ਲੋਕਾਂ ਤੋਂ ਜਨਤਾ ਤੋਂ ਮੈਨਡੇਟ ਲੈ ਕੇ ਦੇਸ਼ ਦੀ ਆਰਥਕ ਤਰੱਕੀ ਦਸ ਗੁਨਾਂ ਹੋਏਗੀ 1971 ਵਿਚ ਮੈਨਡੇਟ ਲਿਆ ਗਿਆ ਸੀ । ਉਸ ਵੇਲੇ ਪਿਛਾਂਹ ਖਿਚੂ ਸ਼ਕਤੀਆਂ ਨੇ ਬੈਂਕਾਂ ਦੇ ਕੌਮੀਕਰਣ ਕਰਨ ਵੇਲੇ ਜਾਂ ਫਿਰ ਰਾਜਿਆਂ ਦੇ ਪ੍ਰੀਵੀ ਪਰਸ ਬੰਦ ਕਰਨ ਵੇਲੇ ਰੌਲਾ ਰੱਪਾ ਪਾਇਆ ਸੀ, ਉਨ੍ਹਾਂ ਲੋਕਾਂ ਨੇ ਇਸ ਦੇ ਖਿਲਾਫ ਆਵਾਜ਼ ਉਠਾਉਣੀ ਚਾਹੀ ਸੀ । ਦੇਸ਼ ਦੀ ਤਰੱਕੀ ਲਈ ਚੋਣਾਂ ਦਾ ਹੋਣਾ ਬਹੁਤ ਜ਼ਰੂਰੀ ਹੈ । ਸਪੀਕਰ ਸਾਹਿਬ, ਇਹ ਜੋ ਲੋਕ ਸਭਾ ਦੀ ਮਿਆਦ 5 ਸਾਲ ਤੋਂ 6 ਸਾਲ ਕੀਤੀ ਗਈ ਹੈ। ਜਾਂ ਫਿਰ ਅਸੰਬਲੀਆਂ ਦੀ ਮਿਆਦ 5 ਸਾਲ ਤੋਂ 6 ਸਾਲ ਕੀਤੀ ਗਈ ਹੈ, ਸਾਡੀ ਪਾਰਟੀ ਇਸ ਨੂੰ ਦਰੁੱਸਤ ਨਹੀਂ ਸਮਝਦੀ ਹੈ ।

ਸਪੀਕਰ ਸਾਹਿਬ, ਇਕ ਹੋਰ ਧਾਰਾ ਨੰ: 59 ਹੈ । ਇਸ ਰਾਹੀਂ ਜੇ ਵਿਧਾਨ ਵਿਚ ਤਰਮੀਮ ਲਾਗੂ ਕਰਨ ਵਿਚ ਕੋਈ ਮੁਸ਼ਕਿਲ ਪੇਸ਼ ਆਵੇ ਤਾਂ ਹਿੰਦਸਤਾਨ ਦਾ ਪਰਧਾਨ ਹੋਰ ਤਰਮੀਮ ਕਰ ਸਕਦਾ ਹੈ, ਇਹ ਦਰੁਸਤ ਨਹੀਂ ਹੈ । ਹਿੰਦਸਤਾਨ ਦੇ ਵਿਧਾਨ ਵਿਚ ਅਗਰ ਕੋਈ ਮੁਸ਼ਕਿਲ ਪੈਦਾ ਹੋਵੇ ਤਾਂ ਸਰਕਾਰ ਇਸ ਮੁਸ਼ਕਿਲ ਨੂੰ ਦੂਰ ਕਰਨ ਲਈ ਇਹ ਅਧਿਕਾਰ ਪਹਿਲਾਂ ਹੀ ਰਖਦੀ ਸੀ ਕਿ 24 ਘੰਟੇ ਦਾ ਨੋਟਿਸ ਦੇਕੇ ਪਾਰਲੀਮੈਂਟ ਦਾ ਇਜਲਾਸ ਬੁਲਾ ਸਕਦੀ ਸੀ ਪਰ ਹੁਣ ਪ੍ਰਧਾਨ ਨੂੰ ਹਿੰਦਸਤਾਨ ਦੀ ਸਰਕਾਰ ਨੇ ਇਹ ਹੱਕ ਦੇ ਕੇ ਇਕ ਨਵਾਂ ਖਦਸ਼ਾ ਪੈਦਾ ਕਰ ਦਿੱਤਾ ਹੈ । ਇਹ ਦਰੁਸਤ ਨਹੀਂ ਹੈ ।

ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਰਦਾਰ ਉਮਰਾਓ ਸਿੰਘ ਜੀ ਬੈਠੇ ਹਨ ਇਹ ਬੜੇ ਚੰਗੇ ਆਦਮੀ ਹਨ । ਕੈਪਟਨ ਸਾਹਿਬ ਵੀ ਚੰਗੇ ਪਾਰਲੀਮੈਂਟੇ-ਰੀਅਨ ਹਨ । ਚੰਗੀਆਂ ਤਰਮੀਮਾਂ ਹੋਣ ਕਰਕੇ ਅੱਗੇ ਲੋਕਾਂ ਨੇ ਵੋਟਾਂ ਪਾਈਆਂ ਸਨ । ਲੋਕ ਹੁਣ ਵੀ ਉਮੀਦ ਹੈ ਉਸੇ ਤਰ੍ਹਾਂ ਦੀਆਂ ਹੀ ਤਰਮੀਮਾਂ ਚਾਹੁੰਦੇ ਹਨ । ਸਤੰਬਰ ਸ਼ੁਰੂ ਵਿਚ ਇਹ ਬਿਲ ਪੇਸ਼ ਕਰ ਦਿੱਤਾ ਗਿਆ ਸੀ । ਸਵਰਨ ਸਿੰਘ ਕਮੇਟੀ ਸਾਰੇ ਹਿੰਦੁਸਤਾਨ ਵਿਚ ਗਈ ਔਰ ਕਈ ਬਹਿਸੇ ਮੁਬਾਹਸੇ ਕਰਾਏ ਗਏ । ਪਰ ਜਿਹੜੀਆਂ ਮੱਦਾਂ ਏ. ਆਈ. ਸੀ.ਸੀ. ਵਿਚ ਪਾਸ ਹੋਈਆਂ ਉਨ੍ਹਾਂ ਵਿਚੋਂ ਕਾਫੀ ਮੱਦਾਂ ਅਜਿਹੀਆਂ ਸਨ ਜੋ ਕਿ ਸਵਰਨ ਸਿੰਘ ਕਮੇਟੀ ਦੀਆਂ ਸਿਫਾਰਸ਼ਾਂ ਵਿਚ ਨਹੀਂ ਸਨ । ਇਹ ਕੁਲ 59 ਸਿਫਾਰਸ਼ਾਂ ਵਿਚੋਂ 27 ਸਿਫਾਰਸ਼ਾਂ ਅਜਿਹੀਆਂ ਸਨ ਜੋ ਕਿ ਸਵਰਨ ਸਿੰਘ ਕਮੇਟੀ ਦੀਆਂ ਸਿਫਾਰਸ਼ਾਂ ਵਿਚੋਂ ਨਹੀਂ ਸਨ । ਇਹ ਚੀਜ਼ਾਂ ਸ਼ਾਇਦ ਅਫਸਰਸ਼ਾਹੀ ਕਰਕੇ ਹੋਈਆਂ ਜੋ ਕਿ ਸੈਂਟਰ ਵਿਚ ਬੈਠੇ ਹਨ, ਮੈਂ ਉਨ੍ਹਾਂ ਦਾ ਨਾਂ ਨਹੀਂ ਲੈਣਾ ਚਾਹੁੰਦਾ ਹਾਂ । ਉਹ ਲੋਕ ਮਜ਼ਦੂਰ ਜਮਾਤ ਦੇ ਵਿਰੁਧ ਹਨ । ਇਹ ਠੀਕ ਹੈ ਕਿ ਸਵਰਨ ਸਿੰਘ ਕਮੇਟੀ ਨੇ ਬਹਿਸ ਕਰਾਈ ਪਰ ਇਹ ਉਨੀ ਨਹੀਂ ਕਰਵਾਈ ਗਈ ਜਿੰਨੀ ਕਿ ਕਰਵਾਉਣੀ ਚਾਹੀਦੀ ਸੀ । ਇਨ੍ਹਾਂ ਦੀ ਇਹ ਦਲੀਲ ਠੀਕ ਨਹੀਂ ਹੈ ਕਿ ਬਹਿਸ ਨਹੀਂ ਹੋਈ । ਬਹਿਸ ਹੋਈ ਹੈ । ਪਰ ਇਹ ਜਿਹੜੀਆਂ 27 ਤਰਮੀਮਾਂ ਇਨ੍ਹਾਂ ਨੇ ਹੋਰ ਵਾੜ ਦਿੱਤੀਆਂ ਹਨ ਇਸ ਬਾਰੇ ਸਮਝ ਨਹੀਂ ਆਈ ਕਿ ਇਸ ਨਾਲ ਕਿਸ ਤਰ੍ਹਾਂ ਜਮਹੂਰੀਅਤ ਨੂੰ ਮਜ਼ਬੂਤ ਬਣਾਇਆ ਜਾਏਗਾ । ਅਗਲੀ ਗੱਲ ਸਪੀਕਰ ਸਾਹਿਬ, ਜਿਹੜੀ ਮੈਂ ਕਰਨੀ ਚਾਹੁੰਦਾ ਹਾਂ ਕਿ ਕੁੱਝ ਤਰਮੀਮਾਂ ਜਿਹੜੀਆਂ ਕਰਨੀਆਂ ਚਾਹੀਦੀਆਂ ਹਨ ਉਹ ਨਹੀਂ ਕੀਤੀਆਂ ਗਈਆਂ । ਜਿਸ ਤਰ੍ਹਾਂ ਕਿ 21 ਸਾਲ ਦੀ ਬਜਾਏ 18 ਸਾਲ ਦੇ ਨੌਜਵਾਨ ਨੂੰ ਵੋਟ ਦਾ ਅਧਿਕਾਰ ਦੇਣਾ ਆਦਿ । ਇਸ ਤਰ੍ਹਾਂ ਦੀਆਂ ਕਈ ਚੀਜ਼ਾਂ ਹਨ ਜਿਹੜੀਆਂ ਕਿ ਇਨ੍ਹਾਂ ਤਰਮੀਮਾਂ ਵਿਚ ਰਹਿ

Original with;
Punjab Vidhan Sabha
Digitized by;
Panjab Digital Library

ਗਈਆਂ ਹਨ । ਇਹੋ ਜਿਹੀਆਂ ਗੱਲਾਂ ਵੀ ਕਰਨੀਆਂ ਚਾਹੀਦੀਆਂ ਹਨ । ਇਸ ਤੋਂ ਇਲਾਵਾ ਸਪੀਕਰ ਸਾਹਿਬ, ਵਰਕਰਜ਼ ਲਈ ਜੋ ਕੀਤਾ ਹੈ ਕਿ ਉਹ ਕਾਰਖਾਨਿਆਂ ਦੀ ਮਨੇਜਮੈਂਟਸ ਵਿਚ ਆ ਜਾਣ, ਇਹ ਬੜੀ ਚੰਗੀ ਗੱਲ ਕੀਤੀ ਹੈ । ਕੱਝ ਉਨ੍ਹਾਂ ਦੇ ਬੱਚਿਆਂ ਲਈ ਵੀ ਕੀਤਾ ਹੈ, ਇਹ ਵੀ ਚੰਗੀ ਗੱਲ ਕੀਤੀ ਗਈ ਹੈ । ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਵਰਕਰਜ਼ ਰਾਈਟ ਟੂ ਕੁਲੈਕਟਿਵ ਬਾਰਗੇਨ ਡਾਇਰੈਕਟਿਵ ਪ੍ਰਿੰਸੀਪਲਜ਼ ਵਿਚ ਜ਼ਰੂਰ ਪਾ ਦੇਣਾ ਚਾਹੀਦਾ ਹੈ । (ਵਿਘਨ)

ਇਸੇ ਤਰ੍ਹਾਂ ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਚੋਣਾਂ ਵੇਲੇ ਪੈਸਾ ਕਿਸ ਤਰ੍ਹਾਂ ਵਰਤਿਆ ਜਾਂਦਾ ਹੈ । ਗਰੀਬ ਲੋਕਾਂ ਲਈ ਚੋਣ ਲੜਨਾ ਬੜੀ ਮੁਸ਼ਕਿਲ ਜਿਹੀ ਗੱਲ ਹੈ । ਬਿਰਲੇ ਅਤੇ ਟਾਟੇ ਆਦਿ ਆਪਣੇ ਬੰਦੇ ਖੜ੍ਹੇ ਕਰ ਕੇ ਉਨ੍ਹਾਂ ਤੇ ਆਪਣਾ ਪੈਸਾ ਖਰਚ ਕਰਕੇ ਇਲੈਕਸ਼ਨ ਲੜਦੇ ਹਨ ਅਤੇ ਆਪਣੇ ਪੈਸੇ ਦੀ ਤਾਕਤ ਨਾਲ ਉਨ੍ਹਾਂ ਨੂੰ ਅੱਗੇ ਲੈ ਆਉਂਦੇ ਹਨ । ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੈਸੇ ਦੀ ਤਾਕਤ ਨਾ ਵਰਤੀ ਜਾਵੇ ਇਲੈਕਸ਼ਨਾਂ ਦੇ ਵਿਚ, ਇਸ ਦੇ ਲਈ ਕੋਈ ਤਰਮੀਮ ਜ਼ਰੂਰੀ ਸੀ । ਗਰੀਬ ਆਦਮੀ ਨੂੰ ਤਕੜਾ ਕਰਨ ਦੀ ਲੋੜ ਹੈ । ਇਕ ਵਾਰੀ ਹਿੰਦੁਸਤਾਨ ਦੇ ਪ੍ਰਾਈਮ ਮਨਿਸਟਰ ਨੇ ਕਿਹਾ ਸੀ ਕਿ ਚੋਣਾ ਨਿਰੀ ਜਮਹੂਰੀਅਤ ਨਹੀਂ । ਮੈਂ ਉਦੋਂ ਵੀ ਕਿਹਾ ਸੀ ਕਿ ਇਹ ਜਮਹੂਰੀਅਤ ਦਾ ਹਿੱਸਾ ਹੈ, ਪਾਰਲੀਮੈਂਟਰੀ ਡੈਮੋਕਰੇਸੀ ਦਾ ਇਹ ਇਕ ਹਿੱਸਾ ਹੈ । ਜਮਹੂਰੀਅਤ ਨੂੰ ਤਕੜਾ ਕਰਨ ਦੇ ਲਈ ਹੋਰ ਵੀ ਕੁਝ ਕਰਨ ਦੀ ਲੋੜ ਹੈ । ਨੌਕਰਸ਼ਾਹੀ ਨੂੰ ਲੋਕਾਂ ਦੀਆਂ ਕਮੇਟੀਆਂ ਬਣਾ ਕੇ ਵਿਧਾਨਕ ਤੌਰ ਤੇ, ਕਾਨੂੰਨੀ ਤੌਰ ਤੇ ਉਨ੍ਹਾਂ ਨੂੰ ਅਖ਼ਤਿਆਰ ਦੇ ਕੇ ਉਨ੍ਹਾਂ ਦੇ ਮਾਤਹਿਤ ਕਰੋ । ਇਸ ਦੇ ਵਿਚ ਇਹ ਵੀ ਤਰਮੀਮ ਹੋਣੀ ਚਾਹੀਦੀ ਹੈ । ਪਰ ਮਨੂੰ ਅਫ਼ਸੋਸ ਹੈ ਕਿ ਇਸ ਕਿਸਮ ਦੀ ਕੋਈ ਵੀ ਤਰਮੀਮ ਇਨ੍ਹਾਂ 59 ਵਿਚੋਂ ਨਹੀਂ ਕੀਤੀ ਗਈ ਜਿਹੜੀ ਲੋਕਾਂ ਦਾ ਸਰਕਾਰੀ ਮਸ਼ੀਨਰੀ ਵਿਚ ਔਰ ਕਾਨੂੰਨ ਬਣਾਉਣ ਵਿਚ ਹਿੱਸੇ ਨੂੰ ਵਿਧਾਨ ਲਾਜ਼ਮੀ ਕਰੇ । ਜੇ ਹੋਰ ਨਹੀਂ ਤਾਂ ਘੱਟੋ ਘੱਟ ਡਾਇਰੈਕਟਿਵ ਪ੍ਰਿੰਸੀਪਲ ਵਿਚ ਸੇ ਜ਼ਰੂਰ ਦੇਵੇ । ਇਹ ਤਰਮੀਮ ਨਹੀਂ ਹੈ, ਇਹ ਲਾਜ਼ਮੀ ਹੋਣੀ ਚਾਹੀਦੀ ਹੈ ।

ਇਸੇ ਤਰ੍ਹਾਂ ਮੈਂ ਬੇਨਤੀ ਕਰਾਂਗਾ ਕਿ ਇਸ ਦੇ ਲਈ ਵੀ ਪ੍ਰਬੰਧ ਹੋਣਾ ਚਾਹੀਦਾ ਹੈ ਕਿ ਹਾਊਸ ਦੀਆਂ ਸਟੈਂਡਿੰਗ ਕਮੇਟੀਜ਼ ਹੋਣ । ਫਾਰਮਲ ਕਨਸਲਟੇਟਿਵ ਕਮੇਟੀਆਂ ਬਣਾਈਆਂ ਹਨ । ਉਸ ਦੀ ਸਾਲ ਵਿਚ ਇਕ ਵਾਰੀ ਤੋਂ ਵੱਧ ਮੀਟਿੰਗ ਨਹੀਂ ਹੁੰਦੀ । (ਵਿਘਨ) ਐਤਕੀ ਸ਼ਾਇਦ ਸਾਲ ਵਿਚ ਦੋ ਵਾਰੀ ਹੋਈ ਹੈ । ਇਹ ਮੀਟਿੰਗ ਵੀ ਉਦੋਂ ਹੀ ਹੁੰਦੀ ਹੈ ਜਦੋਂ ਰਾਜ ਸਭਾ ਦੀਆਂ ਵੋਟਾਂ ਪੈਂਦੀਆਂ ਹਨ । ਜਦੋਂ ਰਾਜ ਸਭਾ ਦੀਆਂ ਵੋਟਾਂ ਪਈਆ, ਮਨਿਸਟਰ ਸਾਹਬ ਮੀਟਿੰਗ ਬੁਲਾ ਲੈਂਦੇ ਹਨ । ਇਥੇ ਆਏ ਔਰ ਹਾਜ਼ਰੀ ਲਾ ਕੇ ਤੇ ਵੋਟਾਂ ਪਾ ਕੇ ਚਲੇ ਗਏ । ਇਸ ਲਈ ਮੇਰੀ ਬੇਨਤੀ ਹੈ ਕਿ ਸਟੈਂਡਿੰਗ ਕਮੇਟੀਜ਼ ਦੀ ਕਾਂਸਟੀਚਿਊਸ਼ਨ ਵਿਚ ਪਰੋਵੀਜ਼ਨ ਹੋਣੀ ਚਾਹੀਦੀ ਹੈ ਜਿਹੜੀਆਂ ਕਿ ਸਰਕਾਰ ਦੇ ਨਾਲ ਫੰਕਸ਼ਨ ਕਰਨ ਔਰ ਹਰ ਗੱਲ ਦੀ ਦੇਖ ਭਾਲ ਕਰਨ । ਹਿੰਦੁਸਤਾਨ ਦੇ ਵਿਧਾਨ ਵਿਚ ਜੋ ਗੱਲਾਂ ਕਹੀਆਂ ਗਈਆਂ ਹਨ । ਉਨ੍ਹਾਂ ਤੇ ਅਮਲ ਹੋਵੇ । ਅਮੀਰ ਔਰ ਗਰੀਬ ਦੇ ਖਸਾਰੇ ਬਾਰੇ ਜੋ ਜ਼ਿਕਰ ਆਇਆ ਹੈ ਉਹ ਖਸਾਰਾ ਘਟਣਾ ਚਾਹੀਦਾ ਹੈ । ਆਰਥਿਕ ਸ਼ਕਤੀਆਂ ਬਾਰੇ ਜੋ ਕਿਹਾ ਗਿਆ ਹੈ ਉਹ ਆਰਥਿਕ ਸ਼ਕਤੀਆਂ ਚੰਦ ਆਦਮੀਆਂ ਵਿਚ ਹੀ ਨਹੀਂ ਵੱਧਣੀਆਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਚਾਹੀਦੀਆਂ । ਜਿਹੜੇ ਡਾਇਰੈਕਟਿਵ ਪ੍ਰਿੰਸੀਪਲਜ਼ ਹਨ ਉਹ ਅਮਲ ਵਿਚ ਆਉਣ ਇਸ ਗੱਲ ਦੀ ਗਰੰਟੀ ਲਈ ਜ਼ਰੂਰ ਸਟੈਂਡਿੰਗ ਕਮੇਟੀਜ਼ ਹੋਣੀਆਂ ਚਾਹੀਦੀਆਂ ਹਨ ।

ਅਗਲੀ ਗੱਲ ਜਿਹੜੀ, ਸਪੀਕਰ ਸਾਹਿਬ, ਮੈਂ ਕਰਨੀ ਚਾਹੁੰਦਾ ਹਾਂ । ਉਹ ਇਹ ਹੈ ਕਿ ਵਿਧਾਨ ਦੀਆਂ ਤਰਮੀਮਾਂ ਇਨ੍ਹਾਂ ਦੇ ਵਿਚ ਕਈ ਬੜੀਆਂ ਚੰਗੀਆਂ ਹਨ ਜਿਹੜੀਆਂ ਕਿ ਸਵਾਗਤ ਯੋਗ ਹਨ ਪਰ ਕੁੱਝ ਗਲਤ ਵੀ ਕੀਤੀਆਂ ਹਨ ਜਿਹੜੀਆਂ ਬੜੀਆਂ ਖ਼ਤਰਨਾਕ ਹਨ । ਜਿਹੜੀਆਂ ਤਰਮੀਮਾਂ ਹਨ ਉਨ੍ਹਾਂ ਦੇ ਬਾਰੇ ਮੈਂ ਪੰਜਾਬ ਸਰਕਾਰ ਨੂੰ ਵੀ ਕਹਿਣਾ ਚਾਹੁੰਦਾ ਹਾਂ ਅਤੇ ਪੰਜਾਬ ਦੀ ਸਰਕਾਰ ਦੇ ਰਾਹੀਂ ਹਿੰਦੁਸਤਾਨ ਦੀ ਸਰਕਾਰ ਨੂੰ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਵਿਚ ਕਈ ਐਸੀਆਂ ਹਨ ਜਿਨ੍ਹਾਂ ਤੇ ਗੌਰ ਕਰਨਾ ਚਾਹੀਦਾ ਹੈ । ਪਿਛਲੇ 25 ਸਾਲਾਂ ਵਿਚ ਕੁੱਝ ਗੱਲਾਂ ਤੇ ਅਮਲ ਨਹੀਂ ਹੋਇਆ । (ਵਿਘਨ) ਇਹ ਕਿਹਾ ਗਿਆ ਹੈ ਕਿ ਜੇ ਇਹ ਲਾਗੂ ਨਹੀਂ ਹੋਈਆਂ ਤਾਂ ਇਸ ਦੇ ਵਿਚ ਸੁਪਰੀਮ ਕੋਰਟ ਦਾ ਕਸੂਰ ਹੈ ਕੁਝ ਐਸੀਆਂ ਗੱਲਾਂ ਹਨ ਜਿਸ ਦੇ ਵਿਚ ਸੁਪਰੀਮ ਕੋਰਟ ਦਾ ਨਹੀਂ ਪੁਲੀਟੀਕਲ ਲੀਡਰਸ਼ਿਪ ਦਾ ਕਸੂਰ ਹੈ ਉਨ੍ਹਾਂ ਵੱਲ ਵੀ ਧਿਆਨ ਨਹੀਂ ਦਿੱਤਾ ਗਿਆ । ਡਾਇਰੈਕਟਿਵ ਪ੍ਰਿੰਸੀਪਲਜ਼ ਵਿਚ ਸੇਧ ਦਿੱਤੀ ਗਈ ਹੈ ਕਿ ਅਨਪੜ੍ਹਤਾ ਦੂਰ ਕਰ ਦਿੱਤੀ ਜਾਵੇਗੀ, ਮਰਦ ਔਰ ਔਰਤ ਦੀ ਬਰਾਬਰ ਤਨਖਾਹ ਹੋਵੇਗੀ ਔਰ ਹੋਰ ਇਸ ਤਰ੍ਹਾਂ ਦੀਆਂ ਕਈ ਗੱਲਾਂ ਹਨ ਜਿਨ੍ਹਾਂ ਤੇ ਅਮਲ ਨਹੀਂ ਹੋਇਆ । ਜਿਨ੍ਹਾਂ ਦੇ ਅਮਲ ਕਰਨ ਵਿਚ ਸੁਪਰੀਮ ਕੋਰਟ ਰੁਕਾਵਟ ਨਹੀਂ ਬਣੀ । ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅੱਜ ਹਿੰਦੁਸਤਾਨ ਦੇ ਵਿਚ ਐਮਰਜੈਂਸੀ ਲਾਈ ਗਈ ਹੈ । ਐਮਰਜੈਂਸੀ ਦੇ ਵਿਚ ਲੋਕਾਂ ਦੀ ਭਲਾਈ ਦੇ ਕੰਮ ਹੋਣੇ ਚਾਹੀਦੇ ਸੀ ਪਰ ਐਮਰਜੈਂਸੀ ਦੀ ਦੁਰਵਰਤੋਂ ਕਰਕੇ ਐਸੀਆਂ ਗੱਲਾਂ ਕੀਤੀਆਂ ਗਈਆਂ ਹਨ ਜਿਸ ਦੇ ਨਾਲ ਟਾਟਿਆਂ ਅਤੇ ਬਿਰਲਿਆਂ ਦੀਆਂ ਸ਼ਕਤੀਆਂ ਨੂੰ ਵਧਾਇਆ ਹੈ । ਮੇਰੀ ਇਸ ਲਈ ਇਕ ਛੋਟੀ ਜਿਹੀ ਬੇਨਤੀ ਹੈ ਕਿ ਜਿਹੜੀਆਂ ਇਹ ਤਰਮੀਮਾਂ ਕੀਤੀਆਂ ਗਈਆਂ ਹਨ ਉਨ੍ਹਾਂ ਨੂੰ ਅਮਲ ਵਿਚ ਲਿਆਵੇ ਅਤੇ ਇਨ੍ਹਾਂ ਨੂੰ ਅਮਲ ਵਿਚ ਲਿਆਉਣ ਲਈ ਸਰਕਾਰ ਕਾਨੂੰਨ ਬਣਾਏ । ਮੈਨੂੰ ਪੂਰੀ ਉਮੀਦ ਹੈ ਕਿ ਕਾਂਗਰਸ ਦੇ ਵਿਚ ਜਿਹੜੇ ਅਗਾਂਹ ਵੱਧੂ ਸੱਜਣ ਹਨ ਉਹ ਇਨ੍ਹਾਂ ਨੂੰ ਅਮਲ ਵਿਚ ਲਿਆਉਣ ਵਿਚ ਆਪਣਾ ਪੂਰਾ ਪੂਰਾ ਹਿੱਸਾ ਪਾਉਣਗੇ ।

ਇਸੇ ਤਰ੍ਹਾਂ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਮੁਸਲਮਾਨਾਂ ਦੀ ਜੋ ਮੰਗ ਹੈ ਉਸ ਨੂੰ ਵੀ ਮੰਨ ਲੈਣਾ ਚਾਹੀਦਾ ਹੈ । ਪੰਜਾਬ ਸਰਕਾਰ ਕਹਿੰਦੀ ਹੈ ਕਿ ਸਾਡੇ ਮਲੇਰਕੋਟਲੇ ਵਿਚ ਥੋੜ੍ਹੇ ਜਿਹੇ ਮੁਸਲਮਾਨ ਹਨ ਪਰ ਮੈਂ ਸਾਰੇ ਹਿੰਦੁਸਤਾਨ ਦੀ ਗੱਲ ਕਰਦਾ ਹਾਂ । ਉਨ੍ਹਾਂ ਦੀ ਜਿਹੜੀ ਰਿਜ਼ਰਵੇਸ਼ਨ ਦੀ ਗੱਲ ਹੈ ਉਹ ਮੁਨਾਸਬ ਹੈ ਅਤੇ ਇਹ ਮੰਨ ਲੈਣੀ ਚਾਹੀਦੀ ਹੈ । (ਘੰਟੀ)

ਆਖ਼ਰੀ ਗੱਲ ਸਪੀਕਰ ਸਾਹਿਬ, ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਇਸ ਦੇ ਬਾਰੇ ਬਹੁਤ ਕੁੱਝ ਕਿਹਾ ਗਿਆ ਕਿ ਹਿੰਦੁਸਤਾਨ ਦੀ ਪਾਰਲੀਆਮੈਂਟ ਨੂੰ ਵਿਧਾਨ ਦੇ ਵਿਚ ਤਰਮੀਮ ਕਰਨ ਦਾ ਅਖ਼ਤਿਆਰ ਨਹੀਂ ਹੈ । ਜਨਸੰਘ, ਅਕਾਲੀ ਦਲ, ਮੁਰਾਰਜੀ ਡੇਸਾਈ ਕਾਂਗਰਸ ਅਤੇ ਰਾਜਿਆਂ ਮਹਾਰਾਜਿਆਂ ਦੀ ਮਰਹੂਮ ਸੁਤੰਤਰ ਪਾਰਟੀ ਬੜੀ ਦੇਰ ਦੀ ਇਹੋ

Original with;
Punjab Vidhan Sabha
Digitized by;
Panjab Digital Library

ਕਹਿੰਦੀ ਸੀ । ਕੁੱਝ ਸੱਜਣ ਤਾਂ ਹੋਰ ਵੀ ਕੁੱਝ ਕਹਿੰਦੇ ਸਨ ਜਿਨ੍ਹਾਂ ਬਾਰੇ ਕੋਈ ਸ਼ੱਕ ਨਹੀਂ ਸੀ ਕਿ ਇਹ ਪਿਛਾਂਹ ਖਿਚੂ ਹਨ । ਉਨ੍ਹਾਂ ਨੇ ਹਿੰਦੁਸਤਾਨ ਦੇ ਵੈਸਟਿਡ ਇਨਟਰੈਸਟ ਨੂੰ ਸਪੋਰਟ ਕੀਤਾ । ਸਪੀਕਰ ਸਾਹਿਬ, ਮਾਨੂੰ ਬਿਊਰੋਕਰੇਸੀ ਦੇ ਖ਼ਿਲਾਫ ਆਮ ਲੋਕਾਂ ਦੀ ਰਾਖੀ ਕਰਨੀ ਚਾਹੀਦੀ ਹੈ । (ਵਿਘਨ) ਹੁਣ ਜਦੋਂ ਇਹ 44ਵੀਂ ਅਮੈਂਡਮੈਂਟ ਦਾ ਬਿਲ ਆਉਣਾ ਸੀ ਤਾਂ ਪੰਜਾਬ, ਹਰਿਆਣਾ ਅਤੇ ਯੂ. ਪੀ. ਨੇ ਕਿਹਾ ਕਿ ਇਕ ਕੰਸਟੀਚੂਐਂਟ ਅਸੈਂਬਲੀ ਬਣਾਈ ਜਾਵੇ । ਕੀ ਪਾਰਲੀਆਮੈਂਟ ਨੂੰ ਤਰਮੀਮਾਂ ਕਰਨ ਦਾ ਅਖ਼ਤਿਆਰ ਨਹੀਂ ? (ਵਿਘਨ) ਜਿਸ ਚੀਜ਼ ਨੂੰ ਪ੍ਰਾਈਮ ਮਨਿਸਟਰ ਨੇ ਦੱਸਿਆ ਤਾਂ ਇਕ ਦਮ ਹਥਿਆਰ ਫੜਾ ਦਿੱਤਾ ਕਿ ਅਸੀਂ ਤਾਂ ਪਹਿਲਾਂ ਹੀ ਇਹ ਕਹਿੰਦੇ ਸੀ । (ਵਿਘਨ)

**ਮਾਲ ਅਤੇ ਚੋਣ ਮੰਤਰੀ:** ਇਹ ਤਾਂ ਰੈਲੇਵੈਂਟ ਨਹੀਂ ਹੈ । (ਵਿਘਨ)

**ਕਾਮਰੇਡ ਸੱਤ ਪਾਲ ਡਾਂਗ:** ਸਪੀਕਰ ਸਾਹਿਬ, ਇਹ ਤਾਂ ਮੈਟਰ ਦਾ ਹਿੱਸਾ ਹੈ । (ਵਿਘਨ) ਸਾਨੂੰ ਤਾਂ ਕੋਈ ਗੱਲ ਸਮਝ ਨਹੀਂ ਆਉਂਦੀ ਜਿਹੜੇ ਕਾਂਗਰਸ ਵਿਚ ਅਗਾਂਹ ਵਧੂ ਸੱਜਣ ਹਨ ਉਹ ਇਸ ਗੱਲ ਤੇ ਗੌਰ ਕਰਨ । (ਘੰਟੀ) ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਇਕ ਸਾਜ਼ਿਸ਼ ਸੀ ਤਾਂ ਕਿ ਤਰਮੀਮਾਂ ਪਾਸ ਨਾ ਹੋਣ । (ਘੰਟੀ) (ਵਿਘਨ) ਪਾਰਲੀਆਮੈਂਟਰੀ ਡੈਮੋਕਰੇਸੀ ਦੀ ਥਾਂ ਪ੍ਰੈਜ਼ੀਡੈਂਸ਼ਲ ਡੈਮੋਕਰੇਸੀ ਕਰ ਲਈ ਜਾਵੇ । ਇਹ ਗੱਲ ਕਾਂਗਰਸ ਲੀਡਰਸ਼ਿਪ ਵਿਚੋਂ ਹੋਈ ਔਰ ਜਿਹੜੀ ਕਿ ਦਿੱਲੀ ਵਿਚ ਹੋਈ । ਇਹ ਬੜੀ ਖ਼ਤਰਨਾਕ ਗੱਲ ਹੈ ।

**Minister for Revenue & Elections** (Sardar Umrao Singh) : Sir, this is all irrelevant. This has nothing to do with the resolution.

**Mr. Speaker** : I agree with you.

**ਕਾਮਰੇਡ ਸੱਤਪਾਲ ਡਾਂਗ :** ਜੇ ਜਮਹੂਰੀਅਤ ਨੂੰ ਤਗੜਾ ਕਰਨਾ ਹੈ ਤਾਂ ਇਹ ਗਲ ਠੀਕ ਨਹੀਂ ਸੀ । ਜਦੋਂ ਪਰਧਾਨ ਮੰਤਰੀ ਨੇ ਇਸ ਤਰ੍ਹਾਂ ਦੀ ਕੋਈ ਗੱਲ ਲਿਆਉਣੀ ਸੀ ਤਾਂ ਉਦੋਂ ਇਥੇ ਪੰਜਾਬ ਵਿਚ ਇਕ ਰੈਜ਼ੋਲਿਊਸ਼ਨ ਆ ਗਿਆ ਜਿਹੜਾ ** ** ਨੇ ਪੜ੍ਹ ਦਿੱਤਾ ਅਤੇ ਬਾਕੀ ਸਾਰਿਆਂ ਨੇ ਹੱਥ ਖੜ੍ਹੇ ਕਰਕੇ ਕਹਿ ਦਿੱਤਾ ਕਿ ਪਾਸ ਜੀ ਪਾਸ। ਇਹ ਗੱਲ ਚੰਗੀ ਨਹੀਂ ਸੀ। (ਵਿਘਨ) ਇਹ ਦੇਸ਼ ਵਿਚ ਜਮਹੂਰੀਅਤ ਨੂੰ ਪੱਕਾ ਕਰਨ ਵਾਸਤੇ ਇਹੀ ਜਿਹੀ ਗੱਲ ਕਰਦੇ ਹਨ ? (ਵਿਘਨ)

**Minister for Revenue & Elections** (Sardar Umrao Singh) : The hon. Member is referring to a person who is not present in the House.

**Mr. Speaker** : Whatever the hon. Member (Comrade Satya Pal Dang) has said should not form part of the proceedings.

**ਕਾਮਰੇਡ ਸੱਤ ਪਾਲ ਡਾਂਗ** : ਚਲੋਂ ਮੈਂ ਇਸ ਤਰ੍ਹਾਂ ਕਹਿ ਦਿੰਦਾ ਹਾਂ । ਕਿਸੇ ਇਕ ਸੱਜਣ ਨੇ ਪੜ੍ਹਿਆ ਤੇ ਬਾਕੀਆਂ ਨੇ ਹੱਥ ਖੜ੍ਹੇ ਕਰਕੇ ਕਹਿ ਦਿੱਤਾ ਪਾਸ ਹੋ ਗਿਆ । ਸਪੀਕਰ ਸਾਹਿਬ, ਇਹ ਦੇਸ਼ ਦੇ ਲਈ ਚੰਗੀ ਗਲ ਨਹੀਂ ਹੈ । (ਘੰਟੀ) ਇਸ ਗਲ ਨੂੰ ਅਗਾਂਹ ਵਧੂ ਸੱਜਣ ਸੋਚਣਗੇ ਅਤੇ ਇਸ ਸਾਜ਼ਸ਼ ਦੀ ਡੱਟ ਕੇ ਵਿਰੋਧਤਾ ਕਰਨਗੇ ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਕੈਪਟਨ ਰਤਨ ਸਿੰਘ :** ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਡਾਂਗ ਸਾਹਿਬ ਨੇ ਆਪਣੀ ਕਨਕਲੂਡਿੰਗ ਤਕਰੀਰ ਦੇ ਵਿਚ ਕਾਂਗਰਸ ਪਾਰਟੀ ਤੇ ਕਾਂਗਰਸ ਪਾਰਟੀ ਦੇ ..(ਵਿਘਨ)

**ਸ਼੍ਰੀ ਸਪੀਕਰ :** ਉਹ ਆਲਰੇਡੀ ਐਕਸਪੰਜ ਕਰ ਦਿੱਤਾ ਹੈ।

**ਕਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਕੀ ਐਕਸਪੰਜ ਕੀਤਾ ਹੈ ** ** ਦਾ ਨਾਮ ਹੀ ਐਕਸਪੰਜ ਕੀਤਾ ਹੈ।

**Comrade Satya Pal Dang :** I want to go on record what I have said that has been said in the Parliament, by a dozen of members It is all relevant. It is all proper. Why should you expunge it ?

**ਸ਼੍ਰੀ ਸਪੀਕਰ :** ਪਰਸਨ ਦਾ ਨਾਂ ਐਕਸਪੰਜ ਕਰਾਇਆ ਹੈ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** (ਰਾਏਪੁਰ) : ਸਪੀਕਰ ਸਾਹਿਬ, ਲੀਡਰ ਆਫ਼ ਦੀ ਹਾਊਸ ਨੇ ਜਿਹੜਾ ਮੱਤਾ ਇਸ ਹਾਊਸ ਦੇ ਸਾਹਮਣੇ ਪੇਸ਼ ਕੀਤਾ ਹੈ ਮੈਂ ਉਸ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਵੀ ਇਸ ਰੈਜ਼ੋਲਿਊਸ਼ਨ ਉਤੇ ਰੋਸ਼ਨੀ ਪਾਈ। ਲੇਕਿਨ ਮੈਂ ਆਪਣੇ ਦੋਸਤ ਕਾਮਰੇਡ ਸੱਤ ਪਾਲ ਡਾਂਗ ਨੂੰ ਮੁਬਾਰਕਬਾਦ ਦਿੱਤੇ ਬਗੈਰ ਨਹੀਂ ਰਹਿ ਸਕਦਾ ਕਿਉਂਕਿ ਉਨ੍ਹਾਂ ਨੇ ਜਿਹੜੇ ਪੁਆਇੰਟ ਇਥੇ ਐਕਸਪਲੇਨ ਕੀਤੇ ਹਨ ਉਨ੍ਹਾਂ ਨੂੰ ਬੜੇ ਬ੍ਰਿਲੀਐਂਟ ਵੇ ਨਾਲ ਐਕਸਪ੍ਰੈਸ ਕੀਤਾ ਹੈ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਦੀਆਂ ਕੁੱਝ ਗੱਲਾਂ ਨਾਲ ਮੈਨੂੰ ਇਖਤਲਾਫ਼ ਹੋਵੇ ਜਿਹੜਾ ਕਿ ਮੈਂ ਅੱਗੇ ਜਾ ਕੇ ਆਪ ਜੀ ਦੇ ਸਾਹਮਣੇ ਪੇਸ਼ ਕਰਾਂਗਾ।

ਇਹ ਠੀਕ ਹੈ ਕਿ ਕਾਫ਼ੀ ਦੇਰ ਤੋਂ ਇਸ ਹਿੰਦੁਸਤਾਨ ਵਿਚ ਇਹ ਚਰਚਾ ਚੱਲ ਰਹੀ ਹੈ ਔਰ ਇਹ ਚਰਚਾ ਕਿਉਂ ਚੱਲ ਰਹੀ ਹੈ ਕਿਉਂਕਿ ਜਿਸ ਵੇਲੇ ਮੌਜੂਦਾ ਪ੍ਰਾਈਮ ਮਨਿਸਟਰ, ਸ਼੍ਰੀਮਤੀ ਇੰਦਰਾ ਗਾਂਧੀ ਨੇ ਸਮਾਜਕ ਔਰ ਆਰਥਿਕ ਸੁਧਾਰ ਜਿਹੜੇ ਸਨ, ਜਿਸ ਨੂੰ ਅੰਗਰੇਜ਼ੀ ਵਿਚ ਸੋਸ਼ੋ ਅਕਨਾਮਿਕ ਪ੍ਰੋਗਰਾਮ ਕਹਿੰਦੇ ਹਨ, ਸ਼ੁਰੂ ਕੀਤੇ ਤਾਂ ਉਸ ਦੇ ਰਸਤੇ ਵਿਚ ਰੁਕਾਵਟਾਂ ਆਈਆਂ। ਮਿਸਾਲ ਦੇ ਤੌਰ ਤੇ ਜਦੋਂ ਬੈਂਕਾਂ ਦਾ ਕੌਮੀਕਰਨ ਕੀਤਾ ਗਿਆ ਜਾਂ ਜਦੋਂ ਰਾਜਿਆਂ ਮਹਾਰਾਜਿਆਂ ਦੇ ਪ੍ਰਿਵੀ ਪਰਸਿਜ਼ ਬੰਦ ਕੀਤੇ ਗਏ ਤਾਂ ਉਸ ਵੇਲੇ ਇਹ ਮਸਲੇ ਹਾਈ ਕੋਰਟਸ ਅਤੇ ਸੁਪ੍ਰੀਮ ਕੋਰਟਸ ਵਿਚ ਗਏ।

3.52 P.M. (ਇਸ ਵਲੇ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਜਿਵੇਂ ਕਿ ਡਾਂਗ ਸਾਹਿਬ ਨੇ ਕਿਹਾ ਹੈ ਕਿ ਇਹ ਕੰਸਟੀਚਿਊਸ਼ਨ ਜਿਸ ਵੇਲੇ ਬਣਾਇਆ ਗਿਆ ਸੀ ਉਸ ਵੇਲੇ ਇਹ ਕੰਸਟੀਚੂਐਂਟ ਅਸੰਬਲੀ ਨੇ ਬਣਾਇਆ ਸੀ। ਉਸ ਕੰਸਟੀਚੂਐਂਟ ਅਸੰਬਲੀ ਦਾ ਇਲੈਕਸ਼ਨ ਇਨਡਾਇਰੈਕਟ ਇਲੈਕਸ਼ਨ ਸੀ। ਉਹ ਕੰਸਟੀਚੂਐਂਟ ਅਸੰਬਲੀ ਜਿਹੜੀ ਸੀ ਉਹ ਸੈਪਰੇਟ ਐਲੈਕਟੋਰੇਟ ਤੇ ਬਣੀ ਸੀ। ਉਹ ਅਡੱਲਟ ਫਰੈਂਚਾਈਜ਼ ਤੇ ਨਹੀਂ ਬਣੀ ਸੀ। ਉਸ ਨੇ ਇਹ ਕੰਸਟੀਚਿਊਸ਼ਨ ਪੇਸ਼ ਕੀਤਾ ਸੀ। ਜਦੋਂ ਸੁਪਰੀਮ ਕੋਰਟ ਵਿਚ ਕੇਸ ਗਿਆ ਤਾਂ ਉਸ ਨੇ ਕਿਹਾ ਕਿ ਇਸ ਦੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮੁਤਾਬਕ ਜਿਹੜਾ ਬੇਸਕ ਸਟਰੱਕਚਰ ਹੈ ਉਸ ਨੂੰ ਪਾਰਲੀਆਮੈਂਟ ਤਬਦੀਲ ਨਹੀਂ ਕਰ ਸਕਦੀ । ਡਿਪਟੀ ਸਪੀਕਰ ਸਾਹਿਬ, ਬੇਸਿਕ ਸਟਰੱਕਚਰ ਦਾ ਲਫ਼ਜ਼ ਕੰਸਟੀਚਿਊਸ਼ਨ ਵਿਚ ਕਿਧਰੇ ਨਜ਼ਰ ਨਹੀਂ ਆਉਂਦਾ । ਕਿਸੇ ਥਾਂ ਤੇ ਇਹ ਚੀਜ਼ ਨਹੀਂ ਲਿਖੀ। ਕੋਈ ਪਤਾ ਨਹੀਂ ਕਿ ਕਿਸ ਦੂਰਬੀਨ ਨਾਲ ਇਨ੍ਹਾਂ ਨੇ ਵੇਖਿਆ ਤੇ ਕਹਿ ਦਿੱਤਾ ਕਿ ਬੇਸਿਕ ਸਟਰੱਕਚਰ ਨੂੰ ਪਾਰਲੀਆਮੈਂਟ ਚੇਂਜ ਨਹੀਂ ਕਰ ਸਕਦੀ । ਇਸ ਤੇ ਪਾਰਲੀਆਮੈਂਟ ਤਿਆਰ ਹੋਈ ਉਸ ਨੇ ਆਪਣੇ ਅਖ਼ਤਿਆਰ ਵਰਤੇ ਅਤੇ ਇਹ ਫੈਸਲਾ ਹੋਇਆ ਕਿ ਜਿਹੜੀਆਂ ਹਰਡਲਜ਼, ਹਨ, ਔਬਸਟੇਕਲਜ਼ ਹਨ ਜਾਂ ਜਿਹੜੀਆਂ ਰੁਕਾਵਟਾਂ ਹਨ ਆਰਥਿਕ ਔਰ ਸੋਸ਼ਲ ਸੁਧਾਰ ਲਿਆਉਣ ਵਿਚ ਉਨ੍ਹਾਂ ਨੂੰ ਹਟਾ ਦਿੱਤਾ ਜਾਏ ਤਾਂ ਕਿ ਇਹ ਮੁਲਕ ਜਿਹੜਾ ਹਿਮਾਲਿਆ ਤੋਂ ਕੰਨਿਆ ਕੁਮਾਰੀ ਤੱਕ ਹੈ ਜਿਸ ਵਿਚ ਕਈ ਬੋਲੀਆਂ ਬੋਲੀਆਂ ਜਾਂਦੀਆਂ ਹਨ, ਕਈ ਜਾਤਾਂ ਹਨ ਅਤੇ ਜਿਸ ਵਿਚ ਕਰੋੜਾਂ ਗਰੀਬ ਰਹਿੰਦੇ ਹਨ ਉਨ੍ਹਾਂ ਦਾ ਸੁਧਾਰ ਕੀਤਾ ਜਾ ਸਕੇ । ਡਾਂਗ ਸਾਹਿਬ ਨੇ ਇਕ ਗੱਲ ਸਵਰਨ ਸਿੰਘ ਕਮੇਟੀ ਬਾਰੇ ਕੀਤੀ ਹੈ। ਇਸ ਬਾਰੇ ਮੈਂ ਅਰਜ਼ ਕਰਾਂ ਕਿ ਸਰਦਾਰ ਸਵਰਨ ਸਿੰਘ ਕਮੇਟੀ ਜਿਹੜੀ ਹੈ ਉਸ ਨੇ ਸਾਰੇ ਹਿੰਦੁਸਤਾਨ ਦਾ ਦੌਰਾ ਕੀਤਾ ਔਰ ਉਸ ਪੰਜਾਬ ਦੇ ਸਪੁੱਤਰ ਸਰਦਾਰ ਸਵਰਨ ਸਿੰਘ ਨੂੰ ਇਹ ਕਰੈਡਿਟ ਜਾਂਦਾ ਹੈ ਉਨ੍ਹਾਂ ਨੇ ਬੜੀ ਮੇਹਨਤ ਨਾਲ ਉਸ ਕਮੇਟੀ ਦੀ ਰਿਪੋਰਟ ਤਿਆਰ ਕੀਤੀ । ਉਸ ਨੇ ਇਸ ਨੂੰ ਕਾਫ਼ੀ ਦੇਰ ਵਾਸਤੇ ਇਕ ਪਬਲਿਕ ਡਿਬੇਟ ਬਣਾਇਆ ਔਰ ਥਾਂ ਥਾਂ ਤੇ ਇਸ ਹਿੰਦੁਸਤਾਨ ਵਿਚ ਰਹਿਣ ਵਾਲੇ ਵਖਰੇ ਵਖਰੇ ਜਿਹੜੇ ਸੈਕਸ਼ਨਜ਼ ਸਨ, ਵਕੀਲ ਸਨ, ਜੱਜ ਸਨ ਉਨ੍ਹਾਂ ਦੀਆਂ ਸਿਫ਼ਾਰਸ਼ਾਂ ਲੈ ਕੇ ਇਹ ਚੀਜ਼ ਪੇਸ਼ ਕੀਤੀ । ਡਾਂਗ ਸਾਹਿਬ ਕਹਿੰਦੇ ਹਨ ਕਿ ਜਿਹੜੀਆਂ ਸਿਫਾਰਸ਼ਾਂ ਸਵਰਨ ਸਿੰਘ ਕਮੇਟੀ ਨੇ ਨਹੀਂ ਸਨ ਕੀਤੀਆਂ ਉਨ੍ਹਾਂ ਵਿਚ ਕਿਉਂ ਤਰਮੀਮਾਂ ਕਰ ਦਿੱਤੀਆਂ ਹਨ। ਡਿਪਟੀ ਸਪੀਕਰ ਸਾਹਿਬ ਪਹਿਲਾਂ ਡਾਂਗ ਸਾਹਿਬ ਨੇ ਕਿਹਾ ਕਿ ਪਾਰਲੀਆਮੈਂਟ ਨੂੰ ਹੱਕ ਹੈ ਕਿ ਉਹ ਹਰ ਤਰ੍ਹਾਂ ਦੀ ਅਮੈਂਡਮੈਂਟ ਕਰ ਸਕਦੀ ਹੈ । ਉਹ ਜੋ ਵੀ ਅਮੈਂਡਮੈਂਟ ਕਰੇਗੀ ਜਾਂ ਉਹ ਜੋ ਵੀ ਕੰਸਟੀਚਿਊਸ਼ਨ ਦੀ ਧਾਰਾ ਬਣਾਏਗੀ ਉਸ ਨੂੰ ਕਿਸੇ ਹਾਈ ਕੋਰਟ ਜਾਂ ਕਿਸੇ ਹੋਰ ਅਦਾਲਤ ਵਿਚ ਚੈਲੰਜ ਨਹੀਂ ਕੀਤਾ ਜਾ ਸਕਦਾ । ਡਾਂਗ ਸਾਹਿਬ ਨੇ ਇਸ ਦੀ ਹਮਾਇਤ ਕੀਤੀ ਹੈ । ਸੁਪਰੀਮ ਕੋਰਟ ਦੀ ਡਿਕਟੇਸ਼ਨ ਪਾਰਲੀਆਮੈਂਟ ਨੇ ਨਹੀਂ ਮੰਨੀ ਹੋਰ ਜੱਜਾਂ ਦੀ ਨਹੀਂ ਮੰਨੀ, ਆਪੋਜ਼ੀਸ਼ਨ ਪਾਰਟੀਆਂ ਦੀ ਨਹੀਂ ਮੰਨੀ ਤਾਂ ਸਵਰਨ ਸਿੰਘ ਕਮੇਟੀ ਦੀ ਬੰਨ੍ਹੀ ਇਹ ਕਿਸ ਤਰਾਂ ਰਹਿ ਸਕਦੀ ਹੈ । ਪੰਡਿਤ ਜਵਾਹਰ ਲਾਲ ਨਹਿਰੂ ਨੇ, ਜਦੋਂ ਉਸ ਕੰਸਟੀਚੂਐਂਟ ਅਸੰਬਲੀ ਵਿਚ ਕੰਸਟੀਚਿਊਸ਼ਨ ਬਾਰੇ ਡਿਸਕਸ਼ਨ ਹੋਈ, ਇਕ ਵਾਰੀ ਨਹੀਂ ਕਈ ਵਾਰੀ ਕਿਹਾ ਸੀ ਕਿ ਜੇ ਲੋੜ ਪਵੇ ਤਾਂ ਇਹ ਕੰਸਟੀਚਿਊਸ਼ਨ ਤਬਦੀਲ ਕੀਤਾ ਜਾ ਸਕਦਾ ਹੈ। ਡਿਪਟੀ ਸਪੀਕਰ ਸਾਹਿਬ ਸਾਡੇ ਮੁਲਕ ਨੇ ਤਰੱਕੀ ਕਰਨੀ ਹੈ । ਸਾਡੇ ਮੁਲਕ ਵਿਚ ਬੜੀ ਗਰੀਬੀ ਹੈ ਇਨ੍ਹਾਂ ਨੂੰ ਦੂਰ ਕਰਨ ਵਾਸਤੇ ਔਰ ਇਸ ਦੇ ਰਾਹ ਵਿਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ ਵਾਸਤੇ ਕੋਈ ਸਟੈਟਿਕ ਕੰਸਟੀਚਿਊਸ਼ਨ ਨਹੀਂ ਹੋ ਸਕਦੀ। ਕਿਉਂਕਿ ਜਿਹੜੇ ਫ਼ਾਊਂਡਰ ਫ਼ਾਦਰਜ਼ ਸਨ ਉਹ ਕਹਿ ਗਏ ਕਿ ਜਿਹੜਾ ਬੇਸਿਕ ਸਟਰੱਕਚਰ ਹੈ ਉਸ ਨੂੰ ਚੇਂਜ ਨਹੀਂ ਕਰ ਸਕਦੇ, ਇਸ ਦਾ ਮਤਲਬ ਇਹ ਹੈ ਕਿ ਅਸੀਂ ਤਰੱਕੀ ਨਹੀਂ ਕਰ ਸਕਦੇ । ਅਸੀਂ ਅੱਜ ਬਿਰਲੇ ਟਾਟਿਆਂ ਤੋਂ ਖੋਹ ਕੇ ਹਰੀਜਨਾਂ ਦੇ ਗਲਾਂ ਵਿਚ ਰੇਸ਼ਮੀ ਝੱਗੇ ਨਹੀਂ ਪਾ ਸਕਦੇ । ਜਿਹੜੀਆਂ ਮੋਟਰਾਂ, ਅਸੀਂ ਚਾਹੁੰਦੇ ਹਾਂ ਕਿ ਸਾਡੇ ਹਿੰਦੁਸਤਾਨ ਦੇ ਬੱਚੇ ਬੱਚੇ ਕੋਲ ਆਵੇ, ਉਸ ਬਾਰੇ ਅਸੀਂ ਕੋਈ ਸੁਪਨਾ ਨਹੀਂ ਲੈ ਸਕਦੇ । ਡੈਮੋਕਰੇਸੀ

Original with;
Punjab Vidhan Sabha
Digitized by;
Panjab Digital Library

[ਸਰਦਾਰ-ਪ੍ਰੇਮ ਸਿੰਘ ਪ੍ਰੇਮ]

ਵਿਚ ਥਾਂ ਥਾਂ ਤੇ ਪਿੱਛੇ ਇਹ ਮਹਿਸੂਸ ਕੀਤਾ ਗਿਆ ਕਿ ਇਹ ਕੰਸਟੀਚਿਊਸ਼ਨ ਚੰਗੀ ਤਰ੍ਹਾਂ ਬਣਾਉਣਾ ਚਾਹੀਦਾ ਹੈ ਫਿਰ ਉਨ੍ਹਾਂ ਨੇ ਰੈਜ਼ੋਲਿਊਸ਼ਨ ਪਾਸ ਕੀਤਾ ਕਿ ਕੰਸਟੀਚੂਐਂਟ ਅਸੰਬਲੀ ਬਣਾਉਣੀ ਚਾਹੀਦੀ ਹੈ, ਲੇਕਿਨ ਜਦੋਂ 44ਵੀਂ ਅਮੈਂਡਮੈਂਟ ਆਈ ਤਾਂ ਸ੍ਰੀਮਤੀ ਇੰਦਰਾ ਗਾਂਧੀ, ਜੋ ਡਾਂਗ ਸਾਹਿਬ ਦੀ ਵੀ ਲੀਡਰ ਹੈ, ਅਤੇ ਸਾਡੀ ਲੀਡਰ ਨੇ ਫੈਸਲਾ ਕੀਤਾ ਕਿ ਕੰਸਟੀਚੁਐਂਟ ਅਸੰਬਲੀ ਦੀ ਲੋੜ ਨਹੀਂ। ਪਾਰਲੀਆਮੈਂਟ ਨੂੰ ਅਖਤਿਆਰ ਹਾਸਲ ਹਨ ਕਿ ਉਹ ਕੰਸਟੀਚਿਊਸ਼ਨ ਵਿਚ ਅਮੈਂਡਮੈਂਟ ਕਰ ਸਕੇ । ਫਿਰ ਡਾਂਗ ਸਾਹਿਬ ਵਾਸਤੇ ਇਹ ਵਾਜਬ ਗੱਲ ਨਹੀਂ ਸੀ ਕਿ ਉਹ ਪੁਆਇੰਟ ਇਥੇ ਲਿਆਂਦਾ ਜਾਵੇ ।

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ 44ਵੀਂ ਅਮੈਂਡਮੈਂਟ ਜਿਹੜੀ ਹੈ ਇਸ ਦੇ ਦੋ ਰੁਖ ਹਨ । ਇਕ ਪੁਲਿਟੀਕਲ ਅਤੇ ਦੂਸਰਾ ਆਰਥਿਕ । ਪੁਲਿਟੀਕਲ ਜਿਹੜਾ ਹੈ ਉਹ ਉਹ ਹੈ ਜਿਹੜਾ ਪਰੀਐਂਬਲ ਦੇ ਵਿਚ ਜਿਹੜਾ ਕਿ ਸਾਵਰਨ ਡੈਮੋਕ੍ਰੈਟਿਕ ਰਿਪਬਲਿਕ ਦੀ ਥਾਂ ਤੇ 2, 3 ਚੀਜ਼ਾਂ ਹੋਰ ਐਡ ਕੀਤੀਆਂ ਹਨ ਉਹ ਹਨ ਸੋਸ਼ਲਿਸਟ ਦਾ ਸ਼ਬਦ, ਸੈਕੂਲਰ ਦਾ ਸ਼ਬਦ ਅਤੇ ਨਾਲ ਹੀ ਨੈਸ਼ਨਲ ਇੰਟੇਗਰੇਸ਼ਨ ਦਾ ਸ਼ਬਦ । ਇਹ ਜਿਹੜੀਆਂ ਚੀਜ਼ਾਂ ਹਨ ਇਨ੍ਹਾਂ ਦਾ ਇਕ ਮਕਸਦ ਹੈ । ਡਿਪਟੀ ਸਪੀਕਰ ਸਾਹਿਬ, ਸੈਕੂਲਰ ਜਿਸ ਤਰ੍ਹਾਂ ਤੁਹਾਨੂੰ ਪਤਾ ਹੈ ਕਿ ਇਹ ਸਾਡਾ ਮੁਲਕ ਇਕ ਵਾਰੀ ਟੂ ਨੇਸ਼ਨ ਥਿਊਰੀ ਤੇ ਤਕਸੀਮ ਹੋਇਆ ਸੀ ਅਤੇ ਉਹ ਹੋਇਆ ਸੀ ਮੁਸਲਮ ਲੀਗ ਦੇ ਕਾਰਣ। ਸਾਡੇ ਮੁਲਕ ਵਿਚ ਬਹੁਤ ਸਾਰੀਆਂ ਕੌਮਾਂ ਅਤੇ ਮਜ਼ਹਬ ਹਨ , ਸਿੱਖ, ਪਾਰਸੀ, ਈਸਾਈ ਹਿੰਦੂ ਮੁਸਲਮਾਨ ਅਤੇ ਹੋਰ ਵੀ ਹਨ। ਡਾਂਗ ਸਾਹਿਬ ਵਰਗੇ ਪ੍ਰੋਗਰੇਸਿਵ ਅਤੇ ਸੀ.ਪੀ. ਆਈ. ਦੇ ਮੈਂਬਰ ਇਸ ਤਰ੍ਹਾਂ ਦੀ ਗੱਲ ਕਰ ਦੇਣ ਕਿ ਉਨ੍ਹਾਂ ਅਕਲੀਅੱਤਾਂ ਨਾਲ ਇਨਸਾਫ਼ ਨਹੀਂ ਹੋਇਆ ਤਾਂ ਮੈਨੂੰ ਬੜਾ ਅਫਸੋਸ ਹੁੰਦਾ ਹੈ, ਜਦੋਂ ਕਿ ਅਸੀਂ ਸਾਰੀਆਂ ਚੀਜ਼ਾਂ ਨੂੰ ਰੀਡਰੈਸ ਕਰ ਦਿਤਾ ਹੈ ਸੈਕੂਲਰ ਦਾ ਲਫ਼ਜ਼ ਪਾ ਕੇ । ਇਸ ਭਾਰਤ ਦੇ ਵਿਚ ਜੋ ਪਾਪੂਲੇਸ਼ਨ ਦਾ ਹਿੱਸਾ ਹੈ, ਚਾਹੇ ਕੋਈ ਧਰਮ ਹੋਵੇ, ਚਾਹੇ ਕੋਈ ਜ਼ਬਾਨ ਹੋਵੇ, ਕੋਈ ਕਲਚਰ ਹੋਵੇ ਉਹ ਮਹਿਫੂਜ਼ ਹੈ । ਹਿੰਦੁਸਤਾਨ ਦਾ ਜਿਹੜਾ ਕਾਨੂੰਨ ਹੈ ਉਹ ਸਾਰਿਆਂ ਵਾਸਤੇ ਇਕੋ ਜਿਹਾ ਹੈ ।

ਰਿਹਾ 'ਸੋਸ਼ਲਿਜ਼ਮ' ਦਾ ਸਵਾਲ । ਕਈ ਆਦਮੀਂ ਕਹਿੰਦੇ ਹਨ ਕਿ ਸੋਸ਼ਲਿਜ਼ਮ ਦੀ ਕੋਈ ਡੈਫੀਨੀਸ਼ਨ ਨਹੀਂ ਹੈ । ਠੀਕ ਹੈ, ਕਾਂਸਟੀਚਿਊਸ਼ਨ ਦੇ ਵਿਚ ਕੋਈ ਇਸ ਦੀ ਡੈਫੀਨੀਸ਼ਨ ਨਹੀਂ ਦਿੱਤੀ ਹੈ । ਲੇਕਿਨ ਸੋਸ਼ਲਿਜ਼ਮ ਦਾ ਲਫ਼ਜ਼ ਬੜਾ ਪੁਰਾਣਾ ਹੈ । ਇਹ ਉਦੋਂ ਤੋਂ ਚਲਿਆ ਸੀ ਜਦੋਂ ਸਭ ਤੋਂ ਪਹਿਲਾਂ ਇੰਡੀਅਨ ਨੈਸ਼ਨਲ ਕਾਂਗਰਸ ਨੇ ਕਰਾਚੀ ਦਾ ਰੈਜ਼ੋਲਿਊਸ਼ਨ ਪਾਸ ਕੀਤਾ ਅਤੇ ਉਸ ਤੋਂ ਬਾਅਦ ਭੁਵਨੇਸ਼ਵਰ ਦਾ ਰੈਜ਼ੋਲਿਊਸ਼ਨ ਪਾਸ ਕੀਤਾ ਸੀ । ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ I am a convinced Socialist.' ਹਰ ਥਾਂ ਇਸ ਦਾ ਜ਼ਿਕਰ ਕੀਤਾ ਗਿਆ । ਇਸ ਦਾ ਮਤਲਬ ਇਹ ਹੈ ਕਿ ਹਿੰਦੁਸਤਾਨ ਦੀ ਜੋ ਅਚੀਵਮੈਂਟ ਹੋਵੇ, ਇਸ ਮੁਲਕ ਦੇ ਵਿਚ ਜੋ ਪ੍ਰੋਡਕਸ਼ਨ ਹੋਵੇ, ਜੋ ਅਸੀਂ ਤਰੱਕੀ ਕਰੀਏ ਉਸਦਾ ਫਲ ਚੰਦ ਆਦਮੀਆਂ ਦੇ ਹੱਥਾਂ ਵਿੱਚ ਹੀ ਨਾ ਰਹੇ ਬਲਕਿ ਹਰ ਕੋਨੇ ਵਿਚ ਬੈਠੇ ਗਰੀਬ ਮਜ਼ਦੂਰ ਅਤੇ ਕਿਸਾਨ ਤੱਕ ਵੀ ਪਹੁੰਚੇ । ਇਸ ਕਰਕੇ ਫੰਡਾਮੈਂਟਲ ਰਾਈਟਸ ਨੂੰ ਡਾਇਰੈਕਟਿਵ ਪ੍ਰਿੰਸੀਪਲਜ਼ ਦੇ ਥੱਲੇ ਰੱਖਿਆ ਗਿਆ ਹੈ । ਡਾਂਗ ਸਾਹਿਬ ਨੂੰ ਇਸ ਗੱਲ ਦੀ ਖੁਸ਼ੀ ਹੋਵੇਗੀ ਕਿ ਡਇਰੈਕਟਿਵ ਪ੍ਰਿੰਸੀਪਲਜ਼ ਵਿਚ ਇਸ ਗੱਲ ਦਾ ਵਾਧਾ ਕੀਤਾ ਹੈ ਕਿ ਲੀਗਲ ਏਡ ਦੇਣੀ ਹੈ । ਤੁਹਾਨੂੰ ਪਤਾ ਹੈ ਕਿ

Original with;
Punjab Vidhan Sabha
Digitized by;
Panjab Digital Library

ਹਿੰਦੁਸਤਾਨ ਵਿਚ ਇਨਸਾਫ ਬੜਾ ਮਹਿੰਗਾ ਮਿਲਦਾ ਹੈ । ਕੋਈ ਗੱਲ ਹ ਜਾਵੇ, ਜੇ ਤੁਸੀਂ ਅਦਾਲਤ ਵਿਚ ਚਲੇ ਜਾਵੋ ਤਾਂ ਪੰਜ ਪੰਜ ਸਾਲ ਮੁਕੱਦਮਾ ਚਲਦਾ ਰਹਿੰਦਾ ਹੈ । Justice delayed is Justice denied ਡਿਪਟੀ ਸਪੀਕਰ ਸਾਹਿਬ ਮੈਂ ਅਪਣੇ ਹਲਕੇ ਦੀ ਇਕ ਗੱਲ ਦੱਸਦਾ ਹਾਂ । ਉਥੇ ਇਕ ਪੁੱਲ ਮਨਜ਼ੂਰ ਹੋਇਆ ਸੀ । ਇਹ ਪੁਲ ਬੜਾ ਜ਼ਰੂਰੀ ਸੀ ਕਿਉਂਕਿ ਟਾਂਗਰੀ ਨਦੀ ਦੇ ਉਸ ਪਾਰ ਜਿਹੜੇ 40 ਪਿੰਡ ਸਨ ਉਨ੍ਹਾਂ ਦੇ ਲੋਕ ਪਟਿਆਲੇ ਨਹੀਂ ਆ ਸਕਦੇ ਸਨ । ਉਨ੍ਹਾਂ ਲਈ ਕੋਈ ਹੋਰ ਰਸਤਾ ਨਹੀਂ ਸੀ । ਜੇ ਬਾਰਸ਼ਾਂ ਦੇ ਦਿਨਾਂ ਵਿਚ ਕੋਈ ਡਿਲਿਵਰੀ ਹੋ ਜਾਵੇ ਤਾਂ ਕੋਈ ਮੈਡੀਕਲ ਏਡ ਉਥੇ ਨਹੀਂ ਸੀ ਮਿਲ ਸਕਦੀ । ਇਕ ਠੇਕੇਦਾਰ ਨੂੰ ਉਹ ਪੁਲ ਬਣਾਉਣ ਦਾ ਠੇਕਾ ਦਿੱਤਾ ਗਿਆ । ਉਹ ਠੇਕੇਦਾਰ ਕੰਮ ਨਹੀਂ ਸੀ ਕਰ ਰਿਹਾ । ਗੌਰਮਿੰਟ ਨੇ ਉਸ ਤੋਂ ਠੇਕਾ ਖੋਹ ਲਿਆ ਅਤੇ ਕਿਹਾ ਕਿ ਅਸੀਂ ਡਿਪਾਰਟਮੈਂਟਲੀ ਤੌਰ ਤੇ ਕੰਮ ਕਰਾਂਗੇ । ਉਹ ਠੇਕੇਦਾਰ ਹਾਈਕੋਰਟ ਚਲਾ ਗਿਆ ਅਤੇ ਸਟੇ ਲੈ ਆਇਆ । ਡੇਢ ਸਾਲ ਉਹ ਪੁਲ ਰੁਕਿਆ ਰਿਹਾ । ਕੋਈ ਛੋਟੀ ਜਿਹੀ ਗੱਲ ਵੀ ਜੇਕਰ ਕੋਈ ਅਦਾਲਤ ਵਿਚ ਲੈ ਕੇ ਚਲਾ ਜਾਵੇ ਤਾਂ ਉਸਦਾ ਕਈ ਸਾਲ ਫੈਸਲਾ ਹੀ ਨਹੀਂ ਹੁੰਦਾ ਸੀ । ਅਗਰ ਕਿਸੇ ਟੀਚਰ ਦੀ ਟਰਾਂਸਫਰ ਕਰ ਦਿੱਤੀ ਅਤੇ ਉਹ ਅਦਾਲਤ ਵਿਚ ਚਲਾ ਗਿਆ ਤਾਂ ਅਦਾਲਤ ਤੋਂ ਉਸਨੂੰ ਸਟੇ ਮਿਲ ਜਾਂਦੀ ਸੀ । ਜੇ ਕਿਸੇ ਗੌਰਮਿੰਟ ਸਰਵੈਂਟ ਨੂੰ ਡਿਸਮਿਸ ਕਰ ਦਿੱਤਾ ਗਿਆ ਅਤੇ ਉਹ ਅਦਾਲਤ ਵਿਚ ਚਲਾ ਗਿਆ ਤਾਂ ਉਸ ਨੂੰ ਸਟੇ ਮਿਲ ਜਾਂਦਾ ਸੀ । ਭਾਵੇਂ ਉਸਦੀ ਰਿਟਾਇਰਮੈਂਟ ਵਿਚ ਤਿੰਨ ਸਾਲ ਹੀ ਰਹਿੰਦੇ ਹੋਣ ਅਤੇ ਉਹ ਰਿਟਾਇਰ ਹੋ ਕੇ ਪੂਰੀ ਤਨਖਾਹ ਲੈ ਕੇ ਚਲਾ ਜਾਵੇ, ਅਦਾਲਤ ਵਿਚ ਕੇਸ ਚਲਦਾ ਰਹਿੰਦਾ ਸੀ । ਬਾਅਦ ਵਿਚ ਇਹ ਕਹਿ ਦਿੱਤਾ ਜਾਂਦਾ ਸੀ ਕਿ ਹੁਣ ਇਹ ਰਿਟਾਇਰ ਹੋ ਗਿਆ ਹੈ ਇਸ ਲਈ ਕੋਈ ਐਕਸ਼ਨ ਨਹੀਂ ਲਿਆ ਜਾ ਸਕਦਾ ।

ਡਿਪਟੀ ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਕਾਂਸਟੀਚਿਊਸ਼ਨ ਦੀ ਵੈਲਿਡਿਟੀ ਦਾ ਵੀ ਜ਼ਿਕਰ ਕੀਤਾ ਹੈ । ਉਹ ਇਹ ਹੈ ਕਿ ਜੇ ਪਾਰਲੀਆਮੈਂਟ ਕਾਂਸਟੀਚਿਊਸ਼ਨ ਦੇ ਵਿਚ ਕੋਈ ਅਮੈਂਡਮੈਂਟ ਕਰੇਗੀ ਤਾਂ ਉਹ ਕਿਸੇ ਅਦਾਲਤ ਵਿਚ ਚੈਲੇਂਜ ਨਹੀਂ ਹੋ ਸਕਦੀ । ਲੇਕਿਨ ਪਾਰਲੀਆਮੈਂਟ ਜੋ ਕੋਈ ਲਾਅ ਬਣਾਉਂਦੀ ਹੈ ਜਾਂ ਸਟੇਟ ਕੋਈ ਲਾਅ ਬਣਾਉਂਦੀ ਹੈ, ਉਹ ਚੈਲੇਂਜ ਹੋ ਸਕਦਾ ਹੈ । ਉਸਦੇ ਮੁਤਲਿਕ ਕਿਹਾ ਜਾਂਦਾ ਹੈ ਕਿ ਇਹ ਕਾਂਸਟੀ-ਚਿਊਸ਼ਨ ਦੇ ਇੰਟਰਵਾਇਰਜ਼ ਨਹੀਂ, ਅਲਟਰਾਵਾਇਰਜ਼ ਹੈ । ਡਿਪਟੀ ਸਪੀਕਰ ਸਾਹਿਬ, 500, 700 ਆਦਮੀ ਪਾਰਲੀਆਮੈਂਟ ਦੇ ਇੱਕ ਹਾਊਸ ਵਿਚ ਬੈਠ ਕੇ ਕੋਈ ਫੈਸਲਾ ਕਰਨ ਜਾਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਅਸੰਬਲੀਆਂ ਦੇ ਵਿਚ ਬੈਠ ਕੇ ਫੈਸਲਾ ਕਰਨ ਅਤੇ ਇਕ ਜੱਜ, ਉਸ ਨੂੰ ਭਾਵੇਂ ਕੋਈ ਵਹਿਮ ਹੋਵੇ, ਕੋਈ ਕਾਰਣ ਹੋਵੇ ਚੁਪ ਕਰਕੇ ਇਹ ਫੈਸਲਾ ਕਰ ਦੇਵੇ ਕਿ ਇਹ ਅਲਟਰਾਵਾਇਰਜ਼ ਹੈ, ਇਸ ਦਾ ਪ੍ਰਬੰਧ ਅਗਰ ਪਾਰਲੀਆਮੈਂਟ ਨਾ ਕਰੇ ਤਾਂ ਇਹ ਗਲਤ ਗੱਲ ਹੋਵੇਗੀ । ਹਾਈ ਕੋਰਟ ਨੇ, ਸੁਪਰੀਮ ਕੋਰਟ ਨੇ ਆਪਣੇ ਅਖਤਿਆਰ ਆਪਣੀ ਜੂਰਿਸਡਿਕਸ਼ਨ ਦੇ ਤਹਿਤ ਇਹ ਫੈਸਲਾ ਕਰ ਦਿੱਤਾ ਕਿ ਕੋਈ ਸਟੇਟ ਲਾਅ ਜਾਂ ਸੈਂਟਰਲ ਲਾਅ ਕਾਂਸਟੀਚਿਊਸ਼ਨ ਦੇ ਇਨ ਆਰਡਰ ਨਹੀਂ ਹੈ ਤਾਂ ਡਿਪਟੀ ਸਪੀਕਰ ਸਾਹਿਬ ਉਹ ਸੁਪਰੀਮ ਕੋਰਟ ਵਿੱਚ ਸੱਤ ਜੱਜਾਂ ਤੋਂ ਘੱਟ ਨਹੀਂ ਸੁਣਿਆ ਜਾ ਸਕਦਾ ਅਤੇ ਹਾਈ ਕੋਰਟ ਵਿਚ ਪੰਜ ਜੱਜਾਂ ਤੋਂ ਘੱਟ ਨਹੀਂ ਸੁਣਿਆ ਜਾ ਸਕਦਾ ਅਤੇ ਉਹ ਤਾਂ ਹੀ ਚੈਲੇਂਜ ਹੋ ਸਕਦਾ ਹੈ ਜੇ ⅔ ਮੇਜਾਰਟੀ ਫੈਸਲਾ ਦੇਵੇ । ਇਹ ਕੋਈ ਠੀਕ ਗੱਲ ਨਹੀਂ ਕਿ ਦੇਸ਼ ਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰੇਮ ਸਿੰਘ ਪ੍ਰੇਮ]
ਚਣੇ ਹੋਏ ਨੁਮਾਇੰਦੇ ਇਤਨੀ ਮਿਹਨਤ ਨਾਲ, ਆਪਣਾ ਦਿਮਾਗ ਲਾ ਕੇ ਕੋਈ ਕਾਨੂੰਨ ਬਣਾਉਣ ਉਸ ਨੂੰ ਕੋਰਟ ਚੈਲੇਂਜ ਕਰ ਦੇਵੇ । ਇਸ ਲਈ ਡਿਪਟੀ ਸਪੀਕਰ ਸਾਹਿਬ, ਇਹ ਅਮੈਂਡਮੈਂਟਾਂ ਸ਼ਲਾਘਾ ਯੋਗ ਹਨ ।

ਡਿਪਟੀ ਸਪੀਕਰ ਸਾਹਿਬ, ਕੁੱਝ ਚੀਜ਼ਾਂ ਦੀ ਡਾਂਗ ਸਾਹਿਬ ਮੱਦਦ ਕਰ ਗਏ ਹਨ ਜਿਸ ਤਰ੍ਹਾਂ ਕਿ ਕੁਝ ਸਬਜੈਕਟ ਕਨਕਰੰਟ ਲਿਸਟ ਵਿਚ ਲਏ ਗਏ ਹਨ । ਕਨਕਰੰਟ ਲਿਸਟ ਵਿਚ ਪੰਜ ਸਬਜੈਕਟ ਲਏ ਗਏ ਹਨ ਮੈਂ ਪੰਜਾਂ ਦਾ ਜ਼ਿਕਰ ਨਹੀਂ ਕਰਾਂਗਾ ਲੇਕਿਨ ਦੋ ਦੇ ਮੁਤੱਲਕ ਜ਼ਰੂਰ ਗੱਲ ਕਰਾਂਗਾ । ਉਨ੍ਹਾਂ ਵਿਚੋਂ ਇਕ ਹੈ ਐਜੂਕੇਸ਼ਨ । ਡਿਪਟੀ ਸਪੀਕਰ ਸਾਹਿਬ, ਜੇ ਕਿਸੇ ਯੂਨੀਵਰਸਿਟੀ ਦੀ ਕਨਵੋਕੇਸ਼ਨ ਹੁੰਦੀ ਹੈ ਤਾਂ ਉਸ ਨੂੰ ਕੋਈ ਜੱਜ, ਮਨਿਸਟਰ ਜਾਂ ਐਜੂਕੇਸ਼ਨਿਸਟ ਪ੍ਰੀਜ਼ਾਇਡ ਕਰਦਾ ਹੈ ਤਾਂ ਬਹੁਤ ਸਾਰੇ ਐਡਰਸਾਂ ਵਿੱਚ ਇਹ ਕਿਹਾ ਜਾਂਦਾ ਹੈ ਕਿ ਇਹ ਐਜੂਕੇਸ਼ਨ ਦਾ ਸਿਸਟਮ ਠੀਕ ਨਹੀਂ ਹੈ । ਇਹ ਤਬਦੀਲ ਹੋਣਾ ਚਾਹੀਦਾ ਹੈ । ਲੇਕਿਨ ਸਮਝ ਨਹੀਂ ਆਉਂਦੀ ਕਿ ਬਹੁਤ ਸਾਰਿਆਂ ਪਰਸਨਜ਼ ਇਨ ਅਥਾਰਿਟੀ ਦੇ ਕਹਿਣ ਦੇ ਬਾਵਜੂਦ ਅਸੀਂ ਉਸ ਨੂੰ ਅਜੇ ਤੱਕ ਮੁਕੰਮਲ ਤੌਰ ਤੇ ਚੇਂਜ ਨਹੀਂ ਕਰ ਸਕੇ । ਇਹ ਕੋਈ ਠੀਕ ਗੱਲ ਨਹੀਂ ਕਿ ਇੱਕ ਸੂਬੇ ਦਾ ਐਜੂਕੇਸ਼ਨ ਦਾ ਪੈਟਰਨ ਕੁੱਝ ਹੋਵੇ ਅਤੇ ਦੂਜੇ ਦਾ ਕੋਈ ਹੋਰ ਹੋਵੇ । ਇਹ ਇਕ ਬੜਾ ਜ਼ਰੂਰੀ ਸਬਜੈਕਟ ਸੀ ਜਿਸ ਉਤੇ ਸਟੇਟਸ ਫੇਲ੍ਹ ਹੋਈਆਂ । ਸਾਰੇ ਹਿੰਦੁਸਤਾਨ ਦਾ ਇੱਕ ਕਰੀਕੁਲਮ ਕਰਨ ਵਾਸਤੇ, ਇਕ ਸਿਲੇਬਸ ਕਰਨ ਵਾਸਤੇ ਇਹ ਫੈਸਲਾ ਕੀਤਾ ਗਿਆ ਹੈ ਕਿ ਐਜੂਕੇਸ਼ਨ ਨੂੰ ਕਨਕਰੰਟ ਲਿਸਟ ਤੇ ਲਿਆ ਜਾਵੇ ।

ਡਿਪਟੀ ਸਪੀਕਰ ਸਾਹਿਬ, ਦੂਜਾ ਪੁਆਇੰਟ ਪਾਪੂਲੇਸ਼ਨ ਤੇ ਫੈਮਿਲੀ ਪਲਾਨਿੰਗ ਦਾ ਹੈ । ਠੀਕ ਹੈ, ਇਹ ਕੋਈ ਨਵੀਂ ਗੱਲ ਨਹੀਂ । ਅਸੀਂ ਕਿਤਨੀ ਦੇਰ ਤੋਂ ਪਾਪੂਲੇਸ਼ਨ ਨੂੰ ਕੰਟਰੋਲ ਕਰਨ ਵਾਸਤੇ ਤਕਰੀਰਾਂ ਕਰਦੇ ਰਹੇ ਹਾਂ ਤੇ ਰੈਜ਼ੋਲਿਊਸ਼ਨ ਕਰਦੇ ਰਹੇ ਹਾਂ । ਬੜੀ ਦੇਰ ਤੋਂ ਇਸ ਦੇ ਮਹਿਕਮੇ ਬਣੇ ਹੋਏ ਹਨ ।

'ਮਰੀਜ਼ੇ ਇਸ਼ਕ ਪਰ ਰਹਿਮਤ ਖੁਦਾ ਕੀ,
ਮਰਜ਼ ਬੜ੍ਹਤਾ ਗਿਆ ਜੂੰ ਜੂੰ ਦਵਾ ਕੀ ।'

ਅੱਜ ਸਾਡੀ ਪਾਪੂਲੇਸ਼ਨ ਕਿਥੇ ਪਹੁੰਚ ਗਈ ਹੈ । ਇਹ ਸਟੇਟਾਂ ਸੈਂਟਰ ਵਲੋਂ ਗਾਈਡ ਲਾਈਨਜ਼ ਦੇਣ ਦੇ ਬਾਵਜੂਦ, ਪਾਪੂਲੇਸ਼ਨ ਨੂੰ ਕੰਟਰੋਲ ਨਹੀਂ ਕਰ ਸਕੀਆਂ ਅਤੇ ਆਪਣੇ ਟਾਰਗੇਟਸ ਪੂਰੇ ਨਹੀਂ ਕਰ ਸਕੀਆਂ । ਇਸ ਲਈ ਜੇ ਇਸ ਸਬਜੈਕਟ ਨੂੰ ਕਨਕਰੰਟ ਲਿਸਟ ਵਿੱਚ ਲਿਆਂਦਾ ਗਿਆ ਹੈ ਤਾਂ ਅਸੀਂ ਉਸਨੂੰ ਵੈਲਕਮ ਕਰਦੇ ਹਾਂ ।

ਡਿਪਟੀ ਸਪੀਕਰ ਸਾਹਿਬ, ਮੈਂ ਖੁਸ਼ਾਮਦ ਦਾ ਆਦੀ ਨਹੀਂ ਇਸ ਵਾਸਤੇ ਨਹੀਂ ਕਹਿੰਦਾ ਕਿ ਸੰਜੇ ਗਾਂਧੀ ਪ੍ਰਾਈਮ ਮਨਿਸਟਰ ਦਾ ਬੇਟਾ ਹੈ । ਫੈਮਿਲੀ ਪਲਾਨਿੰਗ ਦੇ ਮੁਤੱਲਕ ਜੋ ਗਾਈਡਲਾਈਨਜ਼ ਸੈਂਟਰ ਤੋਂ ਆਈਆਂ ਹਨ ਉਨ੍ਹਾਂ ਤੇ ਅਮਲ ਕਰਕੇ ਆਪਣੇ ਟਾਰਗੇਟਸ ਅਚੀਵ ਕਰਨ ਵਿਚ ਕੁਝ ਸਟੇਟਾਂ ਕਾਮਯਾਬ ਹੋਈਆਂ ਹਨ । ਮੈਂ ਤਾਂ ਇਹ ਕਹਿੰਦਾ ਹਾਂ ਕਿ ਇਹ ਸਬਜੈਕਟ ਪਹਿਲਾਂ ਹੀ ਕਨਕਰੰਟ ਲਿਸਟ ਵਿਚ ਲਿਆਉਣਾ ਚਾਹੀਦਾ ਸੀ । ਡਿਪਟੀ ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਇਕ ਗੱਲ ਹੋਰ ਕਹੀ ਹੈ । ਉਨ੍ਹਾਂ ਨੇ ਦੋ ਗੱਲਾਂ ਦੀ ਮੁਖਾਲਫਤ ਕੀਤੀ ਹੈ । ਇੱਕ ਤਾਂ ਐਂਟੀ ਨੈਸ਼ਨਲ ਐਕਟਿਵਿਟੀ ਦਾ ਜਿਹੜਾ ਪ੍ਰੋਵੀਜ਼ਨ ਹੈ

Original with;
Punjab Vidhan Sabha
Digitized by;
Panjab Digital Library

ਉਸ ਦੀ ਵਿਰੋਧਤਾ ਕੀਤੀ ਹੈ ਅਤੇ ਦੂਜਾ ਜਿਹੜਾ ਇਹ ਪ੍ਰੋਵੀਜ਼ਨ ਹੈ ਕਿ ਸੈਂਟਰ ਜਦੋਂ ਚਾਹੇ ਸਟੇਟ ਨੂੰ ਪੁੱਛੇ ਬਗੈਰ ਆਪਣੀ ਫੌਜ ਸਟੇਟ ਵਿਚ ਭੇਜ ਦੇਵੇ ਅਗਰ ਉਥੇ ਲਾਅ ਐਂਡ ਆਰਡਰ ਖਤਰੇ ਵਿਚ ਹੋਵੇ, ਇਸ ਦੀ ਵਿਰੋਧਤਾ ਕੀਤੀ ਹੈ। (ਘੰਟੀ) ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ ਇਕ ਘੰਟਾ ਲਿਆ ਹੈ। ਮੈਂ ਤਾਂ ਅਜੇ ਸ਼ੁਰੂ ਕੀਤਾ ਹੈ। ਮੈਂ ਤਾਂ ਆਪਣੀ ਸਾਈਡ ਵੱਲੋਂ ਪਹਿਲਾ ਸਪੀਕਰ ਹਾਂ। ਇਸ ਉਤੇ ਇਨ੍ਹਾਂ ਨੇ ਇਤਰਾਜ਼ ਕੀਤਾ ਹੈ।

ਮੈਂ ਅਰਜ਼ ਕਰ ਰਿਹਾ ਸੀ ਕਿ ਉਨ੍ਹਾਂ ਨੇ ਇਸ ਗੱਲ ਦਾ ਬੜਾ ਇਤਰਾਜ਼ ਕੀਤਾ ਅਤੇ ਕਿਹਾ ਕਿ ਠੀਕ ਨਹੀਂ ਹੈ। ਜਦੋਂ ਉਹ ਬੋਲ ਰਹੇ ਸਨ ਤਾਂ ਮੈਂ ਇਸ ਬਾਰੇ ਤਿਆਰ ਹੋ ਕੇ ਨਹੀਂ ਆਇਆ ਸੀ, ਪਰ ਉਨ੍ਹਾਂ ਦੇ ਬੋਲਦਿਆਂ ਬੋਲਦਿਆਂ ਖਿਆਲ ਆਇਆ ਕਿ ਜੇ ਅਸੀਂ ਭਾਰਤ ਦੇ ਪਿਛਲੇ ਇਤਿਹਾਸ ਵਿਚ, ਪਿਛਲੀ ਤਾਰੀਖ ਵਿਚ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਕੀ ਮਹਿਮੂਦ ਗਜ਼ਨਵੀ ਨੇ, ਮੁਹੰਮਦ ਗੌਰੀ ਨੇ ਅਤੇ ਮੁਹੰਮਦ ਰੋਹੇਲਾ ਨੇ ਉਸ ਵਕਤ ਹਿੰਦੁਸਤਾਨ ਦੇ ਤਖਤ ਤੇ ਕਬਜ਼ਾ ਨਹੀਂ ਕੀਤਾ ? ਉਸ ਵੇਲੇ ਤਖਤ ਤੇ ਕਬਜ਼ਾ ਕਰਨ ਦਾ ਇਕੋ ਹੀ ਕਾਰਨ ਸੀ ਕਿ ਉਸ ਵਕਤ ਸੈਂਟਰ ਜਿਹੜਾ ਸੀ, ਜਿਹੜੀ ਸੈਂਟਰ ਵਿਚ ਸਰਕਾਰ ਸੀ, ਉਹ ਕਮਜ਼ੋਰ ਸੀ। ਇਸ ਕਰਕੇ ਕੀ ਮੇਰੇ ਦੋਸਤ ਇਸ ਗੱਲ ਦੀ ਹਾਮੀ ਨਹੀਂ ਭਰਨਗੇ ਕਿ ਹਿੰਦੁਸਤਾਨ ਵਿਚ ਇਹੋ ਜਿਹੀਆਂ ਐਕਟਿਵਿਟੀਜ਼ ਨਹੀਂ ਹੋਈਆਂ ? ਕੀ ਲੋਕਾਂ ਨੇ ਵੱਖ ਵੱਖ ਸਟੇਟਸ ਨਹੀਂ ਮੰਗੀਆਂ ? ਕੀ ਪੰਜਾਬ ਵਿਚ ਵੱਖ ਸਟੇਟ ਨਹੀਂ ਮੰਗੀ ਗਈ ? ਕੀ ਡੀ. ਐਮ. ਕੇ. ਵਾਲਿਆਂ ਨੇ ਵੱਖ ਸਟੇਟ ਨਹੀਂ ਮੰਗੀ ਅਤੇ ਕੀ ਇਸ ਗੱਲ ਤੇ ਜਗ੍ਹਾ ਜਗ੍ਹਾ ਐਜੀਟੇਸ਼ਨਜ਼ ਨਹੀਂ ਹੋਈਆਂ ?

ਜਿਥੇ ਪਾਰਲੀਆਮੈਂਟ ਨੇ ਲੀਗਲ ਏਡ ਦਾ ਪ੍ਰਬੰਧ ਕੀਤਾ ਹੈ ਉਥੇ ਕਾਰਖਾਨਿਆਂ ਦੇ ਪ੍ਰਬੰਧ ਵਿਚ ਮਜ਼ਦੂਰਾਂ ਨੂੰ ਮੈਨੇਜਮੈਂਟ ਵਿਚ ਬਾਕਾਇਦਾ ਹਿੱਸੇਦਾਰ ਬਣਾਇਆ ਹੈ, ਜਿਸ ਦੀ ਕਿ ਡਾਂਗ ਸਾਹਿਬ ਨੇ ਤਾਰੀਫ਼ ਕੀਤੀ ਹੈ। ਲੇਕਿਨ ਇਹ ਕਹਿਣਾ ਕਿ ਇਸ ਵੇਲੇ ਕੋਈ ਪਾਕਿਸਤਾਨ ਨਾਲ ਜਾਂ ਚੀਨ ਨਾਲ ਲੜਾਈ ਨਹੀਂ ਹੈ, ਇਹ ਗੱਲ ਠੀਕ ਨਹੀਂ ਹੈ। ਇਹ ਹਕੀਕਤ ਨਹੀਂ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਉਸ ਵੇਲੇ ਕੈਬਨਿਟ ਵਿਚ ਸੀ ਅਤੇ ਉਸ ਵੇਲੇ ਹਿੰਦੂਆਂ ਅਤੇ ਸਿੱਖਾਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਸੀ ਜੋ ਖੁਫੀਆ ਤੌਰ ਤੇ ਜਾ ਕੇ ਖਬਰਾਂ ਦਿੰਦੇ ਸਨ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਡਾਂਗ ਸਾਹਿਬ ਨੂੰ ਸ਼ੱਕ ਨਹੀਂ ਕਰਨਾ ਚਾਹੀਦਾ ਕਿ ਟਰੇਡ ਯੂਨੀਅਨਜ਼ ਵਾਲੇ ਐਂਟੀ ਨੈਸ਼ਨਲ ਐਕਟਿਵਿਟੀਜ਼ ਕਰਨਗੇ। ਡਾਂਗ ਸਾਹਿਬ ਨੂੰ ਇਸ ਬਾਰੇ ਕੋਈ ਸ਼ੱਕ ਨਹੀਂ ਕਰਨਾ ਚਾਹੀਦਾ। ਇਸ ਕਰਕੇ ਮੈਂ ਇਨ੍ਹਾਂ ਦੋਨਾਂ ਪ੍ਰੋਵੀਜ਼ਨਜ਼ ਨੂੰ ਖੁਸ਼ਆਮਦੀਦ ਕਹਿੰਦਾ ਹਾਂ, ਵੈਲਕਮ ਕਰਦਾ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ 1971 ਤੋਂ ਪ੍ਰਾਈਮ ਮਨਿਸਟਰ, ਸ਼੍ਰੀਮਤੀ ਇੰਦਰਾ ਗਾਂਧੀ ਨੇ ਸੈਂਟਰਲ ਗਵਰਨਮੈਂਟ ਨੂੰ ਇੰਨਾਂ ਮਜ਼ਬੂਤ ਕੀਤਾ ਹੈ ਕਿ ਕੋਈ ਹਮਲਾਆਵਰ, ਜਿਹੜੇ ਕਿ ਦੱਰਾ ਖੈਬਰ ਤੋਂ ਆਉਂਦੇ ਸਨ, ਹਿੰਦੁਸਤਾਨ ਵੱਲ ਨਜ਼ਰ ਉਠਾ ਕੇ ਨਹੀਂ ਵੇਖ ਸਕਦਾ। (ਘੰਟੀ)

ਡਿਪਟੀ ਸਪੀਕਰ ਸਾਹਿਬ, ਇਹ ਤਾਂ ਮੇਰੇ ਨਾਲ ਬੇਇਨਸਾਫ਼ੀ ਹੈ।

**ਸ੍ਰੀ ਡਿਪਟੀ ਸਪੀਕਰ** : ਮੈਂ ਤਾਂ ਤੁਹਾਨੂੰ 20 ਮਿੰਟ ਦੇ ਦਿੱਤੇ ਹਨ, ਤੁਸੀਂ ਵਾਈਂਡ ਅੱਪ ਕਰੋ ਜੀ। **No speech on Resolution shall exceed 15 minutes in duration.**

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਅਰਜ਼ ਕਰ ਰਿਹਾ ਸੀ, ਜੋ ਅਦਾਲਤਾਂ ਦੇ ਮੁਤੱਲਿਕ ਪ੍ਰੋਵੀਜ਼ਨ ਕੀਤੀ ਗਈ ਹੈ, ਉਸ ਨੂੰ ਮੈਂ ਵੈਲਕੰਮ ਕਰਦਾ ਹਾਂ। ਜੋ ਟ੍ਰੀਬਿਊਨਲ ਦੀ ਪ੍ਰੋਵੀਜ਼ਨ ਕੀਤੀ ਗਈ ਹੈ ਅਤੇ ਇਸ ਬਾਰੇ ਜੋ ਤੌਖਲਾ ਪ੍ਰਗਟ ਕੀਤਾ ਜਾ ਰਿਹਾ ਹੈ, ਇਸ ਦੇ ਵਿਚ ਕੋਈ ਖਾਸ ਵਜ਼ਨ ਨਹੀਂ ਹੈ, ਕਿਉਂਕਿ ਸੁਪਰੀਮ ਕੋਰਟ ਵਿਚ ਜਿਉਰਿਸਡਿਕਸ਼ਨ ਹੈ ਕਿ ਜੇ ਕਿਸੇ ਨਾਲ ਬੇਇਨਸਾਫੀ ਹੋਈ ਹੈ ਤਾਂ ਉਹ ਅਪੀਲ ਕਰ ਸਕਦਾ ਹੈ। ਇਸ ਦੇ ਨਾਲ ਹੀ ਫੰਡਾਮੈਂਟਲ ਰਾਈਟਸ ਦੇ ਮੁਤੱਲਿਕ ਅਤੇ ਡਾਇਰੈਕਟਿਵ ਪ੍ਰਿੰਸੀਪਲਜ਼ ਦੇ ਮੁਤੱਲਿਕ ਮੋਟੀ ਜਿਹੀ ਗੱਲ ਹੈ। ਮੈਂ ਚਾਹੁੰਦਾ ਸੀ ਕਿ ਮੈਂ ਇਨ੍ਹਾਂ ਚੀਜ਼ਾਂ ਨੂੰ ਲਿਟਰੇਰੀ ਤਰੀਕੇ ਨਾਲ, ਅਦਬੀ ਤਰੀਕੇ ਨਾਲ ਐਕਸਪਲੇਨ ਕਰਦਾ ਲੇਕਿਨ ਕਿਉਂਕਿ ਡਿਪਟੀ ਸਪੀਕਰ ਸਾਹਿਬ ਘੰਟੀ ਬਜਾ ਰਹੇ ਹਨ, ਇਸ ਕਰਕੇ ਥੋੜ੍ਹੇ ਲਫਜ਼ਾਂ ਵਿਚ ਹੀ ਕਹਿ ਦੇਵਾਂਗਾ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਆਪ ਹੀ ਤਾਂ ਕਿਹਾ ਸੀ ਕਿ ਜਸਟਿਸ ਵਿਚ ਡਿਲੇ ਨਹੀਂ ਹੋਣੀ ਚਾਹੀਦੀ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਇਹ ਤਾਂ ਜਸਟਿਸ ਡੀਨਾਈ ਕੀਤਾ ਜਾ ਰਿਹਾ ਹੈ (ਹਾਸਾ) ਇਹ ਇਕ ਸਿੱਧੀ ਜਿਹੀ ਗੱਲ ਹੈ। ਇੰਡੀਵੀਜੂਅਲ ਰਾਈਟਸ ਬੇਸ਼ਕ ਹੋਣ ਪਰ ਸੋਸਾਇਟੀ ਦੇ ਰਾਈਟਸ, ਸਾਰੇ ਮੁਲਕ ਦੇ ਜਿਹੜੇ ਰਾਈਟਸ ਹਨ, ਜਿਨ੍ਹਾਂ ਨਾਲ ਹਕੂਮਤ ਚਲਣੀ ਹੈ, ਉਹ ਪ੍ਰਾਇਰਟੀ ਰਾਈਟਸ ਹੁੰਦੇ ਹਨ। ਜਿਸ ਨੂੰ ਡਾਇਰੈਕਟਿਵ ਪ੍ਰਿੰਸੀਪਲਜ਼ ਕਿਹਾ ਜਾਂਦਾ ਹੈ ਅਤੇ ਜਿਸ ਬਾਰੇ ਇਕ ਚੈਪਟਰ ਸ਼ਾਮਲ ਕੀਤਾ ਗਿਆ ਹੈ, ਇਨ੍ਹਾਂ ਦੋਨਾਂ ਚੀਜ਼ਾਂ ਨੂੰ ਮੈਂ ਵੈਲਕਮ ਕਰਦਾ ਹਾਂ। ਜਿਥੇ ਇੰਡੀਵੀਜੂਅਲਜ਼ ਦੇ ਰਾਈਟਸ ਹਨ, ਉਥੇ ਲੋਕਾਂ ਦੇ ਦੇਸ਼ ਵਲ ਫਰਾਇਜ਼ ਵੀ ਹਨ, ਸਾਰਿਆਂ ਨੂੰ ਆਪਣੇ ਹੱਕਾਂ ਦਾ ਹੀ ਰੌਲਾ ਨਹੀਂ ਪਾਈ ਜਾਣਾ ਚਾਹੀਦਾ। ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਇਨਟੈਗਰਿਟੀ ਆਫ ਨੇਸ਼ਨ ਦੀ ਜਿਹੜੀ ਚੀਜ਼ ਇਸ ਦੇ ਵਿਚ ਐਡ ਕੀਤੀ ਗਈ ਹੈ, ਇਸ ਨੂੰ ਮੈਂ ਵੈਲਕਮ ਕਰਦਾ ਹਾਂ। ਇਸ ਦੀ ਬੈਕਗਰਾਊਂਡ ਇਹ ਹੈ ਕਿ ਦੇਸ਼ ਦੀ ਅਖੰਡਤਾ ਰਹਿਣੀ ਚਾਹੀਦੀ ਹੈ। ਹੁਣ ਜਿਹੜੇ ਪੁਆਇੰਟਸ ਰਹਿ ਗਏ ਹਨ, ਉਨ੍ਹਾਂ ਬਾਰੇ ਮੇਰੇ ਹੋਰ ਦੋਸਤ ਕਹਿ ਲੈਣਗੇ, ਕਿਉਂਕਿ ਮੇਰੇ ਪਾਸ ਵਕਤ ਥੋੜ੍ਹਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਸਤਿਕਾਰ ਕਰਦਾ ਹਾਂ ਅਤੇ ਜ਼ਿਆਦਾ ਨਾ ਕਹਿੰਦਾ ਹੋਇਆ ਲੀਡਰ ਆਫ ਦੀ ਹਾਊਸ ਨੇ ਜ ਰੈਜ਼ੋਲਿਊਸ਼ਨ ਇਥੇ ਪੇਸ਼ ਕੀਤਾ ਹੈ, ਉਸ ਦੀ ਪ੍ਰੋੜ੍ਹਤਾ ਕਰਦਾ ਹਾਂ।

**ਸ੍ਰੀ ਸਰਦਾਰੀ ਲਾਲ ਕਪੂਰ** (ਲੁਧਿਆਣਾ ਉੱਤਰ) : ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜਿਹੜਾ ਮਤਾ ਮੂਵ ਕੀਤਾ ਹੈ ਸਾਡੇ ਲੀਡਰ ਆਫ ਦੀ ਹਾਊਸ ਨੇ....

**ਸ੍ਰੀ ਡਿਪਟੀ ਸਪੀਕਰ** : ਕਪੂਰ ਸਾਹਿਬ, ਟਾਈਮ ਦਾ ਖਿਆਲ ਰੱਖਣਾ ਜੀ।

**ਸ੍ਰੀ ਸਰਦਾਰੀ ਲਾਲ ਕਪੂਰ** : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਡਿਸਿਪਲਨ ਦਾ ਪਾਬੰਦ ਆਦਮੀ ਹਾਂ, ਜਦੋਂ ਤੁਸੀਂ ਕਹੋਗੇ, ਬੈਠ ਜਾਵਾਂਗਾ।

**ਸ੍ਰੀ ਡਿਪਟੀ ਸਪੀਕਰ** : 15 ਮਿੰਟ ਤੁਹਾਨੂੰ ਦਿੱਤੇ ਜਾਣਗੇ ਜੀ।

**ਸ੍ਰੀ ਸਰਦਾਰੀ ਲਾਲ ਕਪੂਰ** : ਅੱਛਾ ਜੀ। ਜਿਹੜਾ ਸਾਡੇ ਲੀਡਰ ਆਫ ਦੀ ਹਾਊਸ ਨੇ ਮਤਾ ਪੇਸ਼ ਕੀਤਾ ਹੈ ਮੈਂ ਉਸ ਨੂੰ ਸਪੋਰਟ ਕਰਨ ਵਾਸਤੇ ਖੜ੍ਹਾ ਹੋਇਆ ਹਾਂ।

Original with;
Punjab Vidhan Sabha
Digitized by;
Panjab Digital Library

ਪਾਰਲੀਆਮੈਂਟ ਨੇ ਜਿਹੜੀ ਅਮੈਂਡਮੈਂਟ ਕੰਸਟੀਚਿਊਸ਼ਨ ਵਿਚ ਕੀਤੀ ਹੈ, ਉਸ ਦੀ ਬੈਕਗਰਾਊਂਡ ਨੂੰ ਵੇਖਣ ਦੀ ਲੋੜ ਕਿਉਂ ਪਈ ਇਹ ਚੀਜ਼ ਵੇਖਣ ਵਾਲੀ ਹੈ। ਪਹਿਲਾਂ ਜਦੋਂ ਕੰਸਟੀਚਿਊਸ਼ਨ ਬਣਿਆ ਸੀ, ਉਨ੍ਹਾਂ ਦਿਨਾਂ ਵਿਚ ਉਨ੍ਹਾਂ ਲੋਕਾਂ ਨੇ ਬਣਾਇਆ, ਜਦੋਂ ਕਿ ਨਵੀਂ ਇਲੈਕਸ਼ਨ ਕਰਵਾਉਣ ਦੀ ਲੋੜ ਨਹੀਂ ਪਈ ਅਤੇ ਸੈਂਟਰਲ ਅਸੈਂਬਲੀ ਦੇ ਮੈਂਬਰਾਂ ਨੂੰ ਹੀ ਕੰਸਟੀਚਿਊਐਂਟ ਅਸੈਂਬਲੀ ਦਾ ਕੰਮ ਸੌਂਪ ਦਿੱਤਾ। ਉਸ ਵੇਲੇ ਜਿਹੜੇ ਮਾਮਲਾ ਨਹੀਂ ਦਿੰਦੇ ਸਨ ਅਤੇ ਜ਼ਮੀਨਾਂ ਦੇ ਮਾਲਕ ਨਹੀਂ ਹੁੰਦੇ ਸਨ, ਜਾਂ ਜਿਹੜੇ ਇਨਕਮ ਟੈਕਸ ਨਹੀਂ ਦਿੰਦੇ ਸਨ ਅਤੇ ਜਿਹੜਾ ਬੀ ਏ. ਪਾਸ ਤੋਂ ਘੱਟ ਨਹੀਂ ਸੀ ਹੁੰਦਾ, ਉਸ ਨੂੰ ਤਾਂ ਵੋਟ ਦੇਣ ਦਾ ਹੱਕ ਹੀ ਨਹੀਂ ਸੀ ਅਤੇ ਇਸ ਤਰ੍ਹਾਂ ਨਾਲ ਸਾਰੇ ਹਿੰਦੁਸਤਾਨ ਵਿਚੋਂ 13-14 ਪਰਸੈਂਟ ਹੀ ਵੋਟ ਪਾ ਸਕਦੇ ਸਨ। ਮੈਂ ਇਸ ਗੱਲ ਲਈ ਡਾਕਟਰ ਅੰਬੇਦਕਰ ਨੂੰ ਮੁਬਾਰਿਕਬਾਦ ਦਿੰਦਾ ਹਾਂ, ਜਿਨ੍ਹਾਂ ਨੇ ਕੰਸਟੀਚਿਊਸ਼ਨ ਬਣਾਉਣ ਵਿਚ ਕਾਫ਼ੀ ਅੱਛਾ ਪਾਰਟ ਪਲੇ ਕੀਤਾ। ਇਸ ਕਰਕੇ ਹੀ ਉਸ ਵੇਲੇ ਕੰਸਟੀਚਿਊਸ਼ਨ ਵਿਚ ਇਹ ਗੱਲ ਰੱਖ ਦਿੱਤੀ ਕਿ ਮੌਕੇ ਦੇ ਆਧਾਰ ਤੇ ਵੇਲੇ ਵੇਲੇ ਸਿਰ ਇਸ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ। ਪਿਛਲੇ ਥੋੜ੍ਹੇ ਦਿਨਾਂ ਵਿਚ ਕੀ ਹੋਇਆ, ਇਸ ਨੂੰ ਯਾਦ ਕਰੋ। ਕੁਝ ਸੱਜਣ ਇਹ ਕਹਿੰਦੇ ਹਨ ਕਿ ਸਿੱਖ ਧਰਮ ਦਾ ਖਿਆਲ ਨਹੀਂ ਰੱਖਿਆ ਗਿਆ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਾਰਲੀਆਮੈਂਟ ਵਿਚ ਸਿੱਖ ਮੈਂਬਰ ਵੀ ਬੈਠੇ ਹਨ, ਉਨ੍ਹਾਂ ਦੀ ਸਾਰੀ ਦੀ ਸਾਰੀ ਮੈਜਾਰਟੀ ਨੇ ਇਸ ਅਮੈਂਡਮੈਂਟ ਵਿਚ ਹਿੱਸਾ ਲਿਆ ਅਤੇ ਇਸ ਦੇ ਹੱਕ ਵਿਚ ਵੋਟਾਂ ਪਾਈਆਂ। ਇਸ ਦੇ ਨਾਲ ਹੀ ਸਾਡੀ ਅਸੈਂਬਲੀ ਵਿਚ ਵੀ ਸਿੱਖ ਮੈਂਬਰ ਬੈਠੇ ਹੋਏ ਹਨ ਅਤੇ ਸਾਰੇ ਇਸ ਅਮੈਂਡਮੈਂਟ ਦੇ ਹੱਕ ਵਿਚ ਬੋਲ ਰਹੇ ਹਨ। ਇਥੇ ਮੈਂ ਇਕ ਗੱਲ ਇਹ ਵੀ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਇਥੇ ਅਕਾਲੀ ਪਾਰਟੀ ਦੀ ਹਕੂਮਤ ਸੀ ਤਾਂ ਉਨ੍ਹਾਂ ਨੇ ਇਕ ਬੜੀ ਨਿਰਾਲੀ ਗੱਲ ਕੀਤੀ ਅਤੇ ਅਕਾਲੀ ਪਾਰਟੀ ਨੇ ਇਹ ਫੈਸਲਾ ਕੀਤਾ ਕਿ ਜਿਹੜਾ ਸਾਡਾ ਨੈਸ਼ਨਲ ਫਲੈਗ ਹੈ, ਉਸ ਦੀ 26 ਜਨਵਰੀ ਨੂੰ ਬੇਇਜ਼ਤੀ ਕੀਤੀ ਜਾਵੇ ਅਤੇ ਉਸ ਨੂੰ ਲਹਿਰਾਉਣ ਨਾ ਦਿੱਤਾ ਜਾਵੇ ਅਤੇ ਜਿਥੇ ਜਿਥੇ ਝੰਡਾ ਲਹਿਰਾਇਆ ਜਾਣਾ ਸੀ, ਉਥੇ ਉਥੇ ਰੁਕਾਵਟ ਪਾਈ ਜਾਵੇ। ਇਸ ਦਾ ਨਤੀਜਾ ਕੀ ਹੋਇਆ ਕਿ ਨੈਸ਼ਨਲ ਫਲੈਗ ਨੂੰ ਫਾੜਿਆ ਗਿਆ ਅਤੇ ਇਸ ਤਰ੍ਹਾਂ ਨਾਲ ਇਕ ਨਿਹਾਇਤ ਹੀ ਸੰਗੀਨ ਕਿਸਮ ਦੀ ਐਂਟੀ-ਨੈਸ਼ਨਲ ਐਕਟਿਵਿਟੀ ਦਾ ਮੁਜ਼ਾਹਿਰਾ ਕੀਤਾ ਗਿਆ। ਇਸ ਤਰ੍ਹਾਂ ਦੀਆਂ ਗੱਲਾਂ ਕਿਸ ਤਰ੍ਹਾਂ ਬਰਦਾਸ਼ਤ ਕੀਤੀਆਂ ਜਾ ਸਕਦੀਆਂ ਹਨ। ਇਸ ਕਰਕੇ ਇਸ ਤਰ੍ਹਾਂ ਦੀ ਅਮੈਂਡਮੈਂਟ ਲਿਆ ਕੇ ਇਕ ਬਹੁਤ ਅੱਛੀ ਗੱਲ ਕੀਤੀ ਗਈ ਹੈ ਤਾਂ ਜੋ ਹਰ ਹਿੰਦੁਸਤਾਨੀ ਆਪਣੀ ਜ਼ਿੰਮੇਵਾਰੀ ਸਮਝ ਸਕੇ। ਸਾਰਾ ਹਿੰਦੁਸਤਾਨ ਇਕ ਹੈ ਅਤੇ ਕੋਈ ਐਂਟੀ ਨੈਸ਼ਨਲ ਐਕਟਿਵਿਟੀ ਨਹੀਂ ਕੀਤੀ ਜਾਣੀ ਚਾਹੀਦੀ। ਕੋਈ ਇਕ ਧਰਮ ਦੂਜੇ ਨੂੰ ਬਦਨਾਮ ਨਹੀਂ ਕਰ ਸਕਦਾ। ਸਾਡੇ ਕੰਸਟੀਚਿਊਸ਼ਨ ਵਿਚ ਇਹ ਚੀਜ਼ ਹੈ ਕਿ ਹਿੰਦੁਸਤਾਨ ਇਕ ਮੁਲਕ ਹੈ, ਕੋਈ ਆਦਮੀ ਵੱਖ ਵੱਖ ਹੋਣ ਦੀਆਂ ਗੱਲਾਂ ਇਥੇ ਨਹੀਂ ਕਰ ਸਕਦਾ, ਕੋਈ ਅਲਹਿਦਾ ਅਲਹਿਦਾ ਸਟੇਟਾਂ ਬਣਾਉਣ ਦੀ ਮੰਗ ਨਹੀਂ ਕਰ ਸਕਦਾ। ਇਸ ਤਰ੍ਹਾਂ ਤਾਂ ਯੂ. ਪੀ. ਦੇ ਮੁਸਲਮਾਨ ਭਰਾ ਵੀ ਕਹਿ ਸਕਦੇ ਹਨ ਕਿ ਸਾਡੀ ਅਲਹਿਦਾ ਸਟੇਟ ਬਣਾਉ। ਇਸ ਤਰ੍ਹਾਂ ਦੀਆਂ ਚੀਜ਼ਾਂ ਠੀਕ ਨਹੀਂ ਸਨ। ਹੁਣ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਹੋ ਸਕਣਗੀਆਂ ਅਤੇ ਸਾਰਾ ਭਾਰਤ-ਵਰਸ਼ ਇਕ ਹੋਕੇ ਤਰੱਕੀ ਕਰ ਸਕੇਗਾ। ਹੁਣ ਹਿੰਦਸਤਾਨ ਨੂੰ ਵੰਡਣ ਦਾ ਨਾਅਰਾ ਨਹੀਂ ਲਾਇਆ ਜਾ ਸਕਦਾ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਰਦਾਰੀ ਲਾਲ ਕਪੂਰ]

ਡਿਪਟੀ ਸਪੀਕਰ ਸਾਹਿਬ, ਇਕ ਗੱਲ ਬੜੀ ਚੰਗੀ ਕੀਤੀ ਗਈ ਹੈ ਕਿ ਹੁਣ ਮਜ਼ਦੂਰਾਂ ਨੂੰ ਮੈਨੇਜਮੈਂਟ ਵਿਚ ਹਿੱਸਾ ਦੇ ਦਿੱਤਾ ਗਿਆ ਹੈ। ਇਹ ਬੜੀ ਚੰਗੀ ਗੱਲ ਹੈ। ਪਿਛਲੇ ਦਿਨਾਂ ਵਿਚ ਕਈ ਜਗ੍ਹਾ ਸੁੱਕਾ ਪੈ ਗਿਆ ਅਤੇ ਸਾਡੀ ਉਪਜ ਨਹੀਂ ਹੋਈ। ਇਸ ਨਾਲ ਦੇਸ਼ ਕਮਜ਼ੋਰ ਹੋਇਆ। ਇਸ ਮੌਕੇ ਤੇ ਆਪੋਜ਼ੀਸ਼ਨ ਨੇ ਲੋਕਾਂ ਨੂੰ ਭੜਕਾਉਣਾ ਸ਼ੁਰੂ-ਕਰ ਦਿੱਤਾ। ਉਹ ਕਹਿਣ ਲੱਗੇ ਕਿ ਗਰੀਬਾਂ ਨੂੰ ਖਾਣ ਲਈ ਨਹੀਂ ਮਿਲਦਾ ਅਤੇ ਹੋਰ ਵੀ ਕਈ ਤਰ੍ਹਾਂ ਦੀਆਂ ਗੱਲਾਂ ਸਰਕਾਰ ਦੇ ਖਿਲਾਫ ਕਰਨ ਲਗੇ ਤਾਂਕਿ ਸਰਕਾਰ ਦੇ ਕੰਮ ਵਿਚ ਰੁਕਾਵਟ ਪਾਈ ਜਾਵੇ। ਔਰ ਜਿਹੜਾ ਡੈਮੋਕਰੈਟਿਕ ਸੈੱਟ ਅੱਪ ਹੈ ਉਸ ਨੂੰ ਬਿਲਕੁਲ ਤਬਾਹ ਕਰ ਦਿੱਤਾ ਜਾਵੇ। ਅੱਜ ਇਹ ਕਹਿੰਦੇ ਹਨ ਕਿ ਹੁਣ ਡੈਮੋਕਰੈਟਿਕ ਸਿਸਟਮ ਨੂੰ ਤਬਾਹ ਕੀਤਾ ਜਾ ਰਿਹਾ ਹੈ ਪਰ ਅਸਲ ਗੱਲ ਤਾਂ ਇਹ ਹੈ ਇਨ੍ਹਾਂ ਨੇ ਉਸ ਵੇਲੇ ਡੈਮੋਕਰੈਟਿਕ ਸੈੱਟ-ਅੱਪ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਸੀ। ਗੁਜਰਾਤ ਵਿਚ ਕੀ ਹੋਇਆ ? ਉਥੋਂ ਜਿਥੇ ਕਿ ਕਾਂਗਰਸ ਦੀ ਮੈਜਾਰਟੀ ਹੈ ਉਥੇ ਉਨ੍ਹਾਂ ਨਾਲ ਜ਼ਬਰਦਸਤੀ ਕੀਤੀ ਗਈ ਕਿ ਉਹ ਇਸ ਪਾਰਟੀ ਨੂੰ ਛੱਡ ਦੇਣ। ਇਤਨੇ ਤਕ ਕਿ ਉਨ੍ਹਾਂ ਨੂੰ ਬਜ਼ਾਰ ਵਿਚ ਕਾਲੇ ਮੂੰਹ ਕਰਕੇ ਫੇਰਿਆ ਗਿਆ। ਇਹ ਜਿਹੜੀਆਂ ਆਪੋਜ਼ੀਸ਼ਨ ਦੀਆਂ ਗੱਲਾਂ ਸਨ ਇਹ ਦੇਸ਼ ਦੀ ਅਜ਼ਾਦੀ ਵਿਚ ਰੁਕਾਵਟ ਪਾਉਂਦੀਆਂ ਸਨ ਅਤੇ ਉਹ ਇਸ ਡੈਮੋਕਰੈਟਿਕ ਸੈੱਟ-ਅੱਪ ਨੂੰ ਖਤਮ ਕਰਨਾ ਚਾਹੁੰਦੀਆਂ ਸਨ।

ਇਥੇ ਇਸ ਹਾਊਸ ਵਿਚ ਸਾਡੇ ਅਕਾਲੀ ਮੈਂਬਰਜ਼ ਨੇ ਕਿਹਾ ਕਿ ਉਨ੍ਹਾਂ ਦੇ ਲੀਡਰਜ਼ ਜੇਲ੍ਹਾਂ ਵਿਚ ਬੈਠੇ ਹਨ। ਪਰ ਉਨ੍ਹਾਂ ਕੋਲੋਂ ਪੁੱਛੋ ਉਸ ਦਾ ਕਾਰਣ ਕੀ ਹੈ ? ਉਨ੍ਹਾਂ ਨਾਲ ਕਿਸੇ ਨੂੰ ਕੋਈ ਜ਼ਿੱਦ ਨਹੀਂ। ਉਨ੍ਹਾਂ ਨੂੰ ਇਸ ਕਰਕੇ ਬੰਦ ਕੀਤਾ ਗਿਆ ਹੈ ਕਿਉਂਕਿ ਉਨ੍ਹਾਂ ਦੀਆਂ ਜਿਹੜੀਆਂ ਐਕਟਿਵਿਟੀਜ਼ ਸਨ ਉਹ ਇਸ ਕਿਸਮ ਦੀਆਂ ਸਨ ਕਿ ਜਿਸ ਨਾਲ ਮੁਲਕ ਨੂੰ ਨੁਕਸਾਨ ਹੁੰਦਾ ਸੀ ਇਸ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਗਿਆ ਹੈ।

ਡਿਪਟੀ ਸਪੀਕਰ ਸਾਹਿਬ, ਪਿਛਲੇ ਦਿਨਾਂ ਵਿਚ ਇਥੇ ਕੀ ਹੋਇਆ। ਇਥੇ ਆਪੋਜ਼ੀਸ਼ਨ ਦੇ ਕੁੱਝ ਮੈਂਬਰਾਂ ਨੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਜਿਸ ਨਾਲ ਕਿ ਸਾਰੀ ਅਸੈਂਬਲੀ ਦੀ ਬੇਇਜ਼ਤੀ ਸੀ। ਪਰ ਹੁਣ ਜੇ ਕੋਈ ਇਸ ਤਰ੍ਹਾਂ ਕਰੇਗਾ ਤਾਂ ਉਸ ਨੂੰ ਪਾਰਲੀਆਮੈਂਟ ਵਿਚੋਂ ਜਾਂ ਹੋਰ ਕਿਸੇ ਵੀ ਹਾਊਸ ਵਿਚੋਂ ਕੱਢਿਆ ਜਾ ਸਕਦਾ ਹੈ। ਇਹ ਇਸ ਲਈ ਕੀਤਾ ਹੈ ਕਿ ਜਿਹੜੇ ਇਸ ਤਰ੍ਹਾਂ ਦੇ ਮੈਂਬਰ ਹਨ ਉਨ੍ਹਾਂ ਦੀ ਇਸ ਤਰ੍ਹਾਂ ਦੀ ਐਕਟੀਵਿਟੀਜ਼ ਨੂੰ ਰੋਕਿਆ ਜਾ ਸਕੇ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਜਿਹੜੀ ਵਿਧਾਨ ਵਿਚ ਤਰਮੀਮਾਂ ਹੋ ਰਹੀਆਂ ਹਨ ਇਹ ਇਕ ਨਿਰਾਲੀ ਚੀਜ਼ ਹੈ।

ਸਭ ਤੋਂ ਅੱਛੀ ਜਿਹੜੀ ਤਰਮੀਮ ਕੀਤੀ ਹੈ ਉਹ ਹੈ ਕਿ ਸੁਪ੍ਰੀਮ ਕੋਰਟ ਦੇ ਜੱਜ ਜਿਹੜੇ ਕਿ ਲੋਕਾਂ ਦੇ ਚੁਣੇ ਹੋਏ ਵੀ ਨਹੀਂ ਹਨ ਉਹ ਪਾਰਲੀਆਮੈਂਟ ਦੇ ਕਿਸੇ ਵੀ ਫੈਸਲੇ ਨੂੰ ਰੱਦ ਕਰ ਸਕਦੇ ਸਨ, ਪਰ ਹੁਣ ਉਹ ਇਸ ਤਰ੍ਹਾਂ ਨਹੀਂ ਕਰ ਸਕਣਗੇ। ਪਹਿਲੇ ਸੁਪ੍ਰੀਮ ਕੋਰਟ ਦਾ ਇਕ ਮੈਂਬਰ ਵੀ ਪਾਰਲੀਆਮੈਂਟ ਦੇ ਪਾਸ ਕੀਤੇ ਹੋਏ ਬਿਲ ਨੂੰ ਨਕਾਰਾ ਬਣਾ ਕੇ ਰੱਖ ਦਿੰਦਾ ਸੀ, ਜਿਹੜਾ ਕਿ ਠੀਕ ਨਹੀਂ ਸੀ। ਡਿਪਟੀ ਸਪੀਕਰ

Original with;
Punjab Vidhan Sabha
Digitized by;
Panjab Digital Library

ਸਾਹਿਬ, ਪਿਛਲੇ ਦਿਨਾਂ ਵਿਚ ਜਦੋਂ ਬੈਂਕਾਂ ਦੀ ਨੈਸ਼ਨੇਲਾਈਜੇਸ਼ਨ ਕੀਤੀ ਗਈ ਤਾਂ ਸਿਰਫ ਇਕ ਮੈਂਬਰ ਦੀ ਕਮੀ ਨਾਲ ਜਿਹੜਾ ਵੀ ਉਸ ਵੇਲੇ ਰਾਜ ਸਭਾ ਵਿਚ ਹਾਜ਼ਰ ਨਹੀਂ ਸੀ ਉਸ ਦੀ ਵੋਟ ਨਾ ਹੋਣ ਕਰਕੇ ਇਹ ਕੰਮ ਰਹਿ ਗਿਆ। ਮੈਂ ਸਮਝਦਾ ਹਾਂ ਕਿ ਇਸ ਨਾਲ ਮੁਲਕ ਨੂੰ ਨੁਕਸਾਨ ਹੋਇਆ ਔਰ ਰਾਜਿਆਂ ਨੂੰ ਪ੍ਰੀਵੀ ਪਰਸ ਦੇਣੇ ਪਏ। ਉਸ ਵੇਲੇ ਸਾਡੀ ਪ੍ਰਧਾਨ ਮੰਤਰੀ ਨੇ ਬੜਾ ਹੀ ਚੰਗਾ ਕੰਮ ਕੀਤਾ ਕਿ ਪਾਰਲੀਆਮੈਂਟ ਨੂੰ ਤੋੜ ਕੇ ਨਵੇਂ ਇਲੈਕਸ਼ਨ ਕਰਵਾਏ ਅਤੇ ਫਿਰ ਮੈਜਾਰਿਟੀ ਵਿਚ ਇਹ ਕਾਂਗਰਸ ਆਈ। ਲੋਕਾਂ ਨੇ ਇਸ ਗੱਲ ਦਾ ਸਬੂਤ ਦਿੱਤਾ ਕਿ ਉਹ ਕਾਂਗ੍ਰਸ ਦੇ ਨਾਲ ਹਨ। ਅੱਜ ਸਾਡੇ ਆਪੋਜ਼ੀਸ਼ਨ ਦੇ ਸਾਥੀ ਕਹਿੰਦੇ ਹਨ ਕਿ ਇਲੈਕਸ਼ਨ ਕਰਵਾਉਣ ਤਾਂ ਅਸੀਂ ਹਾਰ ਜਾਵਾਂਗੇ। ਪਰ ਅਸਲ ਗੱਲ ਤਾਂ ਇਹ ਹੈ ਕਿ ਜੇ ਅੱਜ ਇਲਕਸ਼ਨ ਹੋ ਵੀ ਜਾਣ ਤਾਂ ਇਹ ਜ਼ਰੂਰ ਹਾਰ ਜਾਣਗੇ ਕਿਉਂਕਿ ਅਵਾਮ ਵਿਚ ਕਾਂਗ੍ਰਸ ਦੀ ਹੀ ਚਰਚਾ ਹੈ। ਕਾਂਗ੍ਰਸ ਨੇ ਪਿਛਲੇ ਦਿਨਾਂ ਵਿਚ ਜਿਹੜਾ ਕੰਮ ਕੀਤਾ ਉਹ ਗਰੀਬਾਂ ਦੇ ਭਲੇ ਲਈ ਸੀ। ਅੱਗੇ ਬੈਂਕਾਂ ਦਾ ਪੈਸਾ ਅਮੀਰ ਆਦਮੀ ਲੈ ਜਾਂਦੇ ਸਨ ਪਰ ਹੁਣ ਉਨ੍ਹਾਂ ਬੈਂਕਾਂ ਦਾ ਪੈਸਾ ਗਰੀਬ ਕਿਸਾਨ ਤੇ ਗਰੀਬ ਰਿਕਸ਼ਾ ਚਲਾਉਣ ਵਾਲੇ ਤੇ ਖਰਚ ਕੀਤਾ ਜਾ ਰਿਹਾ ਹੈ।

ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਹੋਰ ਕਹਾਂਗਾ ਕਿ ਜਿਸ ਵੇਲੇ ਐਮਰਜੈਂਸੀ ਲੱਗੀ, ਐਮਰਜੈਂਸੀ ਦਾ ਅਸਰ ਬੜਾ ਚੰਗਾ ਹੋਇਆ। ਚੀਜ਼ਾਂ ਦੀਆਂ ਕੀਮਤਾਂ ਗਿਰ ਗਈਆਂ। ਚੀਜ਼ਾਂ ਦੀਆਂ ਕੀਮਤਾਂ ਗਿਰਨ ਨਾਲ ਅਵਾਮ ਵਿਚ ਸ਼ਾਂਤੀ ਆਈ ਅਤੇ ਗਰੀਬ ਲੋਕਾਂ ਦਾ 100, 100 ਰੁਪਿਆ ਬਚਣ ਲੱਗ ਪਿਆ। ਪਰ ਹੁਣ ਕੁੱਝ ਚੀਜ਼ਾਂ ਦੇ ਭਾਅ ਵਧਣ ਲਗ ਪਏ ਹਨ, ਇਸ ਲਈ ਮੈਂ ਆਪਣੀ ਸਰਕਾਰ ਨੂੰ ਅਰਜ਼ ਕਰਾਂਗਾ ਕਿ ਜਿਹੜੇ ਲੋਕ ਜਾਣ ਬੁੱਝ ਕੇ ਚੀਜ਼ਾਂ ਦੇ ਭਾਅ ਵਧਾ ਰਹੇ ਹਨ ਉਨ੍ਹਾਂ ਦੇ ਖਿਲਾਫ ਸਖਤ ਤੋਂ ਸਖਤ ਐਕਸ਼ਨ ਲਿਆ ਜਾਵੇ। ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਲੀਡਰ ਆਫ ਦੀ ਹਾਊਸ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਕਿ ਇਹ ਤਰਮੀਮੀ ਬਿਲ ਇਥੇ ਲੈ ਆਂਦਾ ਹੈ ਅਤੇ ਇਸ ਨਾਲ ਆਪਣੀਂ ਸਹਿਮਤੀ ਪਰਗਟ ਕਰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ।

ਸ੍ਰੀ ਪ੍ਰੇਮ ਗੁਪਤਾ (ਪਟਿਆਲਾਂ) : ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਜਿਹੜਾ ਹਾਊਸ ਦੇ ਸਾਹਮਣੇ ਰੇਜ਼ੋਲਿਊਸ਼ਨ ਪੇਸ਼ ਕੀਤਾ ਹੈ ਇਸ ਦਾ ਸਿਰਫ ਮੈਂ ਹੀ ਸਵਾਗਤ ਨਹੀਂ ਕਰਦਾ ਬਲਕਿ ਅੱਜ ਦੇਸ਼ ਵਿਚ ਹਰ ਆਦਮੀ ਸਿਰਫ ਉਨ੍ਹਾਂ ਕੁੱਝ ਲੋਕਾਂ ਨੂੰ ਛੱਡ ਕੇ ਜਿਨ੍ਹਾਂ ਦੇ ਕਿ ਕੋਈ ਵੈਸਟਿਡ ਇੰਟਰੈਸਟਸ ਹਨ, ਸਭ ਇਸ ਗੱਲ ਦਾ ਸਵਾਗਤ ਕਰਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਬਹੁਤੀ ਡਿਟੇਲ ਵਿਚ ਨਾਂ ਜਾਂਦਾ ਹੋਇਆ ਸਿਰਫ ਇਕ ਗੱਲ ਦਾ ਜ਼ਿਕਰ ਕਰਾਂਗਾ ਜਿਸ ਦਾ ਕਿ ਡਾਂਗ ਸਾਹਿਬ ਨੇ ਵੀ ਜ਼ਿਕਰ ਕੀਤਾ ਹੈ, ਕਪੂਰ ਸਾਹਿਬ ਨੇ ਵੀ ਜ਼ਿਕਰ ਕੀਤਾ ਹੈ ਅਤੇ ਹੋਰ ਵੀ ਕਈਆਂ ਨੇ ਕੀਤਾ ਹੈ। 26 ਜਨਵਰੀ, 1950 ਵਿਚ ਇਹ ਮੌਜੂਦਾ ਵਿਧਾਨ ਹਿੰਦੁਸਤਾਨ ਵਿਚ ਲਾਗੂ ਹੋਇਆ। ਇਹ ਵਿਧਾਨ ਦੇ ਬਣਾਉਣ ਵਾਲੇ ਕੋਈ ਲੋਕਾਂ ਦੇ ਚੁਣੇ ਹੋਏ ਨਹੀਂ ਸਨ। ਉਸ ਵੇਲੇ ਦੇ ਸਿਸਟਮ ਦੇ ਮੁਤਾਬਿਕ ਕੋਈ ਤਾਂ ਅਡੱਲਟ ਫਰੈਂਚਾਇਜ਼ ਦੇ ਸਨ ਅਤੇ ਕਈ ਇਨਕਮ ਟੈਕਸ ਦੇਣ ਵਾਲੇ ਸਨ ਅਤੇ ਕਈ ਇਸ ਤਰ੍ਹਾਂ ਦੇ ਹੋਰ ਸਨ। ਉਨ੍ਹਾਂ ਨੇ ਹਿੰਦੁਸਤਾਨ ਦੇ ਵਿਧਾਨ ਤੇ ਬਹਿਸ ਕਰਦੇ ਹੋਇਆਂ ਇਹ ਲਿਖਿਆ ਕਿ ਅਸੀਂ ਆਪ ਇਹ ਸਮਝਦੇ ਹਾਂ ਕਿ ਸਮੇਂ ਦੇ ਮੁਤਾਬਿਕ ਸਮਾਂ ਆਉਣ ਤੇ, ਮੌਕਾ ਆਉਣ ਤੇ ਹਿੰਦੁਸਤਾਨ ਦੀ ਪਾਰਲੀਆਮੈਂਟ ਨੂੰ ਇਸ ਵਿਚ ਤਰਮੀਮ ਕਰ ਲੈਣੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਪ੍ਰੇਮ ਗੁਪਤਾ]

ਚਾਹੀਦੀ ਹੈ । ਇਸ ਵਿਧਾਨ ਵਿਚ ਤਰਮੀਮ ਲਿਆਉਣ ਤੋਂ ਪਹਿਲਾਂ ਸਰਦਾਰ ਸਵਰਨ ਸਿੰਘ ਨੇ ਕਈ ਦਫਾ ਇਨ੍ਹਾਂ ਤਰਮੀਮਾਂ ਦੇ ਬਾਰੇ ਕਲੀਅਰ ਕੀਤਾ । ਪਿੱਛੇ 1971 ਤੋਂ 1976 ਤੱਕ ਜਿਹੜਾ ਸਮਾਂ ਗੁਜ਼ਰਿਆ ਹੈ ਇਸ ਦਾ ਜੇ ਥੋੜ੍ਹਾ ਜਿਹਾ ਸਰਵੇ ਕਰ ਲਿਆ ਜਾਵੇ ਤਾਂ ਪਤਾ ਲੱਗੇਗਾ ਕਿ ਕੋਈ ਕਿਸੇ ਵਾਸਤੇ ਅਦਾਲਤ ਵਿਚ ਜਾ ਰਿਹਾ ਹੈ ਔਰ ਕੋਈ ਕਿਸੇ ਵਾਸਤੇ ।

ਡਿਪਟੀ ਸਪੀਕਰ ਸਾਹਿਬ, ਸੰਨ 1971-72 ਦੇ ਵਿਚ ਹਿੰਦੁਸਤਾਨ ਵਿਚ ਕਾਫੀ ਕੁਝ ਹੋਇਆ । ਉਸ ਵੇਲੇ ਹਾਲਾਤ ਨੂੰ ਦਰੂਮ-ਬਰੂਮ ਕਰਨ ਦੀ ਕੋਸ਼ਿਸ਼ ਕੀਤੀ ਗਈ । ਉਸ ਦਾ ਹਿੰਦੁਸਤਾਨੀਆਂ ਨੇ ਬੜੇ ਦਲੇਰਾਨਾਂ ਤੌਰ ਤੇ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਜੀ ਦੀ ਰਹਿਨਮਾਈ ਵਿਚ ਮੁਕਾਬਲਾ ਕੀਤਾ । ਕਈਆਂ ਨੇ ਕਿਹਾ ਕਿ ਕਾਨਸਟੀਚਿਊਸ਼ਨ ਨੂੰ ਪਹਿਲਾਂ ਨਹੀਂ ਉਲਟਿਆ ਗਿਆ ? ਇਸ ਸਮੇਂ ਵਿਚ ਮੈਂ ਸਮਝਦਾ ਹਾਂ ਕਿ ਐਮਰਜੈਂਸੀ ਤੋਂ ਪਹਿਲਾਂ ਇਕ ਗੱਲ ਦੀ ਡੀਮਾਂਡ ਕੀਤੀ ਸੀ ਕਿ ਹਿੰਦੁਸਤਾਨ ਦੇ ਵਿਚ ਜਿਹੜੀ ਲੂਜ਼ ਡੈਮੋਕ੍ਰੇਸੀ ਢਾਂਚਾਂ ਹੈ, ਜਿਸ ਦਾ ਡਿਸਿਪਲਨ ਘੱਟ ਹੈ. ਜਿਸ ਵਿਚ ਫੰਡੇਮੈਂਟਲ ਰਾਈਟਸ ਦੀ ਆੜ ਦੇ ਵਿਚ ਵੈਸਟਿਡ਼ ਇੰਟਰੈਸਟਸ, ਕੈਪੀਟਿਲਿਸਟਿਕ ਇੰਟਰੈਸਟਸ ਨੇ ਸਮਾਜ ਨੂੰ ਐਕਸਪਲਾਇਟ ਕੀਤਾ ਹੈ, ਉਸ ਦੀ ਰੋਕ-ਥਾਮ ਹੋਣੀ ਚਾਹੀਦੀ ਹੈ ਇਹ ਗੱਲ ਸਾਡੇ ਲੀਡਰਾਂ ਨੇ ਸੋਚੀ ਸੀ ਅਤੇ ਸੋਚ ਵਿਚਾਰਾਂ ਇਸ ਬਾਰੇ ਜ਼ਰੂਰੀ ਸਨ । ਐਮਰਜੈਂਸੀ ਤੋਂ ਪਹਿਲਾਂ ਤਾਂ ਮੈਂ ਡਿਪਟੀ ਸਪੀਕਰ ਸਾਹਿਬ, ਸਮਝਦਾ ਹਾਂ ਕਿ ਸੋਚਣ ਦਾ ਸਰਕਾਰ ਪਾਸ ਸਮਾਂ ਹੀ ਕਿੱਥੇ ਸੀ, ਕਿਤੇ ਅੱਗਾਂ ਲੱਗ ਰਹੀਆਂ ਹਨ, ਕਦੇ ਲੜਾਈ ਲੱਗ ਗਈ ਹੈ, ਕਿਤੇ ਹੜਤਾਲਾਂ ਹੋ ਰਹੀਆਂ ਹਨ । ਇਹੋ ਜਿਹੇ ਮਾਹੌਲ ਵਿਚ ਕਿਸ ਤਰ੍ਹਾਂ ਕੋਈ ਇਸ ਤਰ੍ਹਾਂ ਦੀ ਗੱਲ ਸੋਚੀ ਜਾ ਸਕਦੀ ਹੈ । ਡਿਪਟੀ ਸਪੀਕਰ ਸਾਹਿਬ, ਇਹ ਗੱਲ ਐਮਰਜੈਂਸੀ ਵਿਚ ਸੋਚੀ ਗਈ ਹੈ । ਮੈਂ ਸਮਝਦਾ ਹਾਂ ਕਿ ਮਹਾਂਭਾਰਤ ਦੇ ਸਮੇਂ ਤੋਂ ਲੈ ਕੇ ਅੱਜ ਤੱਕ ਜੇਕਰ ਸਾਰੇ ਇਤਿਹਾਸ ਨੂੰ ਫਰੋਲਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਜਿਤਨੀ ਪੈਦਾਵਾਰ ਹੁਣ ਹੁੰਦੀ ਹੈ ਹਿੰਦੁਸਤਾਨ ਦੇ ਵ੍ਰਿਚ, ਉਤਨੀ ਕਿਸੇ ਪੀਰੀਅਡ ਵਿਚ ਪਹਿਲਾਂ ਨਹੀਂ ਹੋਈ । ਲੇਕਿਨ ਫ਼ਿਰ ਵੀ ਇਥੇ ਲੋਕ ਪਟੜੀਆਂ ਤੇ ਸੌਂਦੇ ਹਨ, ਭੁੱਖੇ ਮਰਦੇ ਹਨ, ਨਾ ਰੋਟੀ, ਨਾ ਕਪੜਾ ਮਿਲਦਾ ਹੈ, ਇਹ ਕਿਉਂ ਹੈ ? ਇੰਦਰਾ ਗਾਂਧੀ ਨੇ ਇਹ ਗੱਲ ਸੋਚੀ ਕਿ ਜਿਹੜੀ ਵੰਡ ਪਰਨ੍ਹਾਲੀ ਹੈ ਉਸ ਵਿਚ ਕੋਈ ਨੁਕਸ ਹੈ । ਉਨ੍ਹਾਂ ਨੇ ਇਹ ਗੱਲ ਸੋਚੀ ਕਿ ਜਿਹੜੀ ਵੀ ਪੈਦਾਵਾਰ ਹੁੰਦੀ ਹੈ ਚਾਹੇ ਉਹ ਕਾਰਖਾਨਿਆਂ ਵਿਚ ਹੁੰਦੀ ਹੈ, ਜਾਂ ਜ਼ਮੀਨ ਥੱਲਿਉਂ ਨਿਕਲਦੀ ਹੈ ਜਾਂ ਖੇਤਾਂ ਵਿਚ ਹੁੰਦੀ ਹੈ ਉਸ ਦਾ ਫ਼ਾਇਦਾ ਠੀਕ ਤਰੀਕੇ ਨਾਲ ਲੋਕਾਂ ਨੂੰ ਨਹੀਂ ਪਹੁੰਚ ਰਿਹਾ । ਇਸ ਲਈ ਜਿਹੜਾ ਕਾਨੂੰਨ ਰਸਤੇ ਵਿਚ ਆਉਂਦਾ ਹੈ ਸਾਡੇ ਪ੍ਰਧਾਨ ਮੰਤਰੀ ਜੀ ਨੇ ਸੋਚਿਆ ਹੈ ਕਿ ਉਨ੍ਹਾਂ ਨੂੰ ਬਦਲ ਦੇਣਾ ਚਾਹੀਦਾ ਹੈ । ਇਸ ਲਈ ਹੀ ਅੱਜ ਅਸੀਂ ਇਸ ਬਿਲ ਤੇ ਵਿਚਾਰ ਕਰ ਰਹੇ ਹਾਂ । ਰੈਟੀਫੀਕੇਸ਼ਨ ਕਰ ਰਹੇ ਹਾਂ । ਜੋ 25 ਸਾਲ ਪਿਛਲਿਆਂ ਦੀ ਹਿਸਟਰੀ ਹੈ ਹਿੰਦੁਸਤਾਨ ਦੀ ਉਸ ਅਰਸੇ ਵਿਚ ਜੋ ਅੜਚਣਾਂ ਆਈਆਂ ਹਨ ਉਨ੍ਹਾਂ ਨੂੰ ਹੱਲ ਕਰਨ ਵਾਸਤੇ ਇਹ ਨਵਾਂ ਚੈਪਟਰ ਹੈ । ਇਹ ਲੈਂਡ-ਮਾਰਕ ਹੈ ਹਿੰਦੁਸਤਾਨ ਦੇ ਇਤਿਹਾਸ ਵਿਚ ।

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, 26 ਜਨਵਰੀ ਨੂੰ ਰੀਪਬਲਿਕ ਡੇਅ ਹੋਵੇ ਉਸ ਵੇਲੇ ਸਾਡੇ ਵਜ਼ੀਰ ਗਵਰਨਰ ਸਾਹਿਬ ਕੋਲ ਜਾਕੇ ਕੁਰਸੀ ਸੰਭਾਲਣ ਲਈ ਸ਼ਪਤ ਲੈਂਦੇ ਹਨ ਕਿ ਅਸੀਂ ਵਿਧਾਨ ਦੀ ਰਾਖੀ ਕਰਾਂਗੇ, ਲਾਇਲ ਰਹਾਂਗੇ । ਲੇਕਿਨ ਉਸ ਵੇਲੇ ਦੇ ਵਜ਼ੀਰਾਂ ਨੇ ਰੀਪਬ-ਲਿਕ ਡੇਅ ਵਾਲੇ ਦਿਨ ਜਿੱਥੇ ਕੌਮੀ ਝੰਡਾ ਲਹਿਰਾਉਣ ਜਾਣ ਸੀ, ਨਹੀਂ ਗਏ ਅਤੇ ਆਪਣੀਆਂ ਕਾਰਾਂ ਤੇ ਝੰਡੇ ਲਹਿਰਾਉਂਦੇ ਰਹੇ ਲੇਕਿਨ ਲੋਕਾਂ ਦੇ ਵਿਚ ਜਾ ਕੇ ਕੌਮੀ ਝੰਡਾ ਨਹੀਂ ਲਹਿਰਾਇਆ । ਵਜ਼ੀਰ ਸਰਕਟ ਹਾਊਸਾਂ ਵਿਚ, ਔਰ ਡਿਪਟੀ ਕਮਿਸ਼ਨਰ ਆਪਣੀਆਂ ਕੋਠੀਆਂ ਵਿਚ ਸੈਰੇਮਨੀ ਪਰਫਾਰਮ ਕਰਦੇ ਰਹੇ । ਤੁਸੀਂ ਦੱਸੋ ਉਸ ਨੂੰ ਨੈਸ਼ਨੇਲਿਸਟ ਕਹੋਗੇ ਜਾਂ ਐਂਟੀ-ਨੈਸ਼ਨੇਲਿਸਟ ਕਹੋਗੇ । ਸੋ, ਇਸ ਤਰ੍ਹਾਂ ਦੇ ਲੋਕ ਜੇਕਰ ਗਲਤ ਢੰਗ ਨਾਲ ਪਾਵਰ ਵਿਚ ਆ ਵੀ ਜਾਣ ਤਾਂ ਕੀ ਕਰਨਗੇ । ਉਨ੍ਹਾਂ ਨੂੰ ਰੋਕਣ ਵਾਸਤੇ ਕੁੱਝ ਨਾ ਕੁੱਝ ਪ੍ਰੋਵੀਜ਼ਨ ਕਾਨਸਟੀਚਿਊਸ਼ਨ ਵਿਚ ਹੋਣਾ ਚਾਹੀਦਾ ਸੀ । ਮੈਂ ਇਹ ਗੱਲ ਬਿਲਕੁਲ ਐਗਰੀ ਨਹੀਂ ਕਰਦਾ ਕਿ ਇਹ ਟਰੇਡ-ਯੂਨੀਅਨਾਂ ਦੇ ਖਿਲਾਫ ਇਸਤੇਮਾਲ ਕੀਤੀ ਜਾਵੇਗੀ । ਇਹ ਗੱਲ ਕਿਸ ਤਰ੍ਹਾਂ ਹੋ ਸਕਦੀ ਹੈ ਕਿ ਸਰਕਾਰ ਇਕ ਪਾਸੇ ਤਾਂ ਵਰਕਰਜ਼ ਪਾਰਟੀਸੀਪੇਸ਼ਨ ਇਨ ਮੈਨੇਜਮੈਂਟ ਬਾਰੇ ਸੋਚ ਰਹੀ ਹੋਵੇ ਔਰ ਦੂਸਰੇ ਪਾਸੇ ਵਰਕਰਜ਼ ਦੇ ਖਿਲਾਫ ਕੋਈ ਕਾਨੂੰਨ ਬਣਾਵੇ, ਇਹ ਬਿਲਕੁਲ ਨਹੀਂ ਹੋ ਸਕਦਾ । ਇਹ ਤਾਂ ਜਿਹੜੇ ਲੋਕ ਗਰੀਬਾਂ ਦੀ ਐਕਸਪਲਾਇਟੇਸ਼ਨ ਹੀ ਕਰਦੇ ਰਹੇ ਹਨ ਉਨ੍ਹਾਂ ਨੂੰ ਕਰਬ ਕਰਨ ਵਾਸਤੇ ਕੀਤਾ ਜਾ ਰਿਹਾ ਹੈ । ਉਨ੍ਹਾਂ ਨੂੰ ਆਉਣ ਵਾਲੇ ਸਮੇਂ ਵਿਚ ਕਿਸੇ ਤਰ੍ਹਾਂ ਵੀ ਐਕਸਪਲਾਇਟ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ।

ਸਰਦਾਰ ਪ੍ਰੇਮ ਸਿੰਘ ਜੀ ਨੇ ਮੁਹੰਮਦ ਗੌਰੀ ਦੀ ਗੱਲ ਕੀਤੀ ਹੈ । ਡਿਪਟੀ ਸਪੀਕਰ ਸਾਹਿਬ. ਇਤਿਹਾਸ ਪੜ੍ਹ ਲਵੋ ਹਿੰਦੋਸਤਾਨ ਦਾ । ਇਹ ਆਜ਼ਾਦੀ 90 ਸਾਲ ਲੇਟ ਆਈ ਹੈ। ਇਹ 1857 ਵਿਚ ਆਉਣੀ ਸੀ । ਜਦੋਂ ਆਜ਼ਾਦੀ ਦੀ ਜੰਗ ਲੜੀ ਜਾ ਰਹੀ ਸੀ ਅੰਗਰੇਜ਼ਾਂ ਨੇ ਲਿਬਰੇਸ਼ਨ ਫੌਜਾਂ ਨਾਲ ਲੜਾਈ ਕੀਤੀ, ਤਾਂ ਐਂਟੀ ਨੈਸ਼ਨਲ ਲੋਕਾਂ ਨੇ ਉਸ ਵੇਲੇ ਵੀ ਅੰਗਰੇਜ਼ਾਂ ਦਾ ਸਾਥ ਦਿੱਤਾ । ਉਸ ਵੇਲੇ ਜਦੋਂ ਕਿ ਇੰਡੀਅਨ ਨੈਸ਼ਨਲ ਲਿਬਰੇਸ਼ਨ ਫੌਜ ਜਿੱਤ ਰਹੀ ਸੀ ਤਾਂ ਅੰਬਾਲੇ ਦੇ ਸਟੇਸ਼ਨ ਤੇ ਉਨ੍ਹਾਂ ਨੂੰ ਅੰਗਰੇਜ਼ਾਂ ਨਾਲ ਮਿਲ ਕੇ ਫਿਰ ਸ਼ਿਕਸਤ ਦਿੱਤੀ ਜਦੋਂ ਕਿ ਉਹ ਫੌਜਾਂ ਸਾਰਾ ਹਿੰਦੁਸਤਾਨ ਜਿੱਤ ਕੇ ਆਈਆਂ ਸਨ । ਇਸ ਲਈ ਇਹੋ ਜਿਹੇ ਆਨਸਰ ਪੈਦਾ ਹੋ ਸਕਦੇ ਹਨ, ਉਨ੍ਹਾਂ ਨੂੰ ਰੋਕਣ ਵਾਸਤੇ ਜ਼ਰੂਰੀ ਹੈ ਕਿ ਵਿਧਾਨ ਵਿਚ ਪ੍ਰੋਵੀਜ਼ਨ ਹੁੰਦਾ ।

ਮੈਂ ਡਿਪਟੀ ਸਪੀਕਰ ਸਾਹਿਬ, ਇਹ ਗੱਲ ਕਹਾਂਗਾ ਕਿ ਜਿਹੜੀ ਦੇਸ਼ ਵਿਚ ਐਕਸ-ਪਲਾਏਟੇਸ਼ਨ ਹੁੰਦੀ ਸੀ, ਉਸ ਨੂੰ ਰੋਕਣ ਵਾਸਤੇ. ਦੇਸ਼ ਵਿਚ ਡਿਸਿਪਲਨ ਲਿਆਉਣ ਵਾਸਤੇ ਇਹੋ ਸੋਧਾਂ ਕੀਤੀਆਂ ਜਾ ਰਹੀਆਂ ਹਨ ਤਾਕਿ ਸਾਡਾ ਦੇਸ਼ ਅੱਗੇ ਵਧੇ । (ਥੰਪਿੰਗ) (ਘੰਟੀ) ਇਸ ਨਾਲ ਆਮ ਬੰਦੇ ਦਾ ਭਲਾ ਹੋ ਸਕੇਗਾ । ਇਨ੍ਹਾਂ ਤਰਮੀਮਾਂ ਵਾਸਤੇ ਇਕ ਸਪੈਸੇਫਿਕ ਕਮੇਟੀ ਸਾਰੇ ਦੇਸ਼ ਵਿਚ ਗਈ ਔਰ ਉਸ ਨੇ ਸਾਰੀ ਚੀਜ਼ ਸਟੱਡੀ ਕੀਤੀ । ਹੁਣ ਅੱਗੇ ਤੋਂ ਕੋਈ ਵੀ ਭਲਾਈ ਦਾ ਕੰਮ ਸਰਕਾਰ ਕਰੇਗੀ, ਜਾਂ ਹੋਰ ਕੰਮ ਕਰੇਗੀ ਤਾਂ ਉਸਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਹੋਵੇਗੀ, ਉਹ ਡਿਵੈਲਪਮੈਂਟ ਕਰ ਸਕੇਗੀ । ਜੇਕਰ ਇਹ ਤਰਮੀਮਾਂ ਨਹੀਂ ਹੁੰਦੀਆਂ ਤਾਂ ਇਸ ਗੱਲ ਦੀ ਸੰਭਾਵਨਾ ਹੈ ਕਿ ਜਿਹੜੀਆਂ ਵੈਸਟਿਡ ਇਨ-ਟਰੱਸਟਿਡ ਫੋਰਸਿਜ਼ ਹਨ ਉਹ ਰਸਤੇ ਵਿਚ ਆ ਜਾਣਗੀਆਂ । ਅੱਜ ਤੱਕ ਵੇਖ ਲਵੋ ਕੀ ਕੁਝ ਹੁੰਦਾ ਰਿਹਾ ਹੈ । ਕੋਈ ਕਿਧਰੇ ਚਲਾ ਗਿਆ ਕੋਈ ਕਿਸੇ ਕੋਰਟ ਵਿਚ ਚਲਾ ਗਿਆ ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪ੍ਰੇਮ ਗੁਪਤਾ]

ਖੈਰ ਮੈਂ ਤਫਸੀਲ ਵਿਚ ਤਾਂ ਨਹੀਂ ਜਾਂਦਾ ਸਿਰਫ ਇਕ ਗੱਲ ਹੀ ਕਹਾਂਗਾ ਕਿ ਜਿਹੜਾ ਸਰਕਾਰ ਕਾਨੂੰਨ ਬਣਾਉਣਾ ਚਾਹੁੰਦੀ ਹੈ ਭਲਾਈ ਲਈ ਉਹ ਹੁਣ ਬਣਾ ਸਕਦੀ ਹੈ ਔਰ ਆਪਣੇ ਵਾਇਦੇ ਕੀਤੇ ਹੋਏ ਪੂਰੇ ਕਰ ਸਕਦੀ ਹੈ। (ਘੰਟੀ) ਬੱਸ ਸਪੀਕਰ ਸਾਹਿਬ, ਮੈਂ ਕਨਕਲੂਡ ਕਰਦਾ ਹਾਂ। ਇਕ ਗੱਲ ਇਹ ਕਹਿਣੀ ਚਾਹੁੰਦਾ ਹਾਂ ਕਿ ਹਿੰਦੁਸਤਾਨ ਨੇ ਸ਼੍ਰੀਮਤੀ ਇੰਦਰਾ ਗਾਂਧੀ ਦੀ ਲੀਡਰਸ਼ਿਪ ਹੇਠ ਤਰੱਕੀ ਕਰਨੀ ਹੈ। ਜਿਹੜੇ ਪਹਿਲਾਂ ਆਰਾਮ ਕਰਦੇ ਸਨ, ਲੋਕਾਂ ਨੂੰ, ਗਰੀਬਾਂ ਨੂੰ ਐਕਸਪਲਾਇਟ ਕਰਦੇ ਸਨ ਉਹ ਹੀ ਇਨ੍ਹਾਂ ਤਰਮੀਮਾਂ ਦੇ ਖਿਲਾਫ ਹੋਣਗੇ। ਆਮ ਆਦਮੀ ਇਨ੍ਹਾਂ ਨਾਲ ਖੁਸ਼ ਹਨ। ਇਸ ਬਾਰੇ ਆਉਣ ਵਾਲੇ ਸਮੇਂ ਵਿਚ ਤਜਰਬਾ ਕੀਤਾ ਜਾ ਸਕਦਾ ਹੈ।

ਡਾਂਗ ਸਾਹਿਬ ਨੇ ਡਿਪਟੀ ਸਪੀਕਰ ਸਾਹਿਬ, ਪਾਰਲੀਆਮੈਂਟ ਦਾ ਛੇ ਸਾਲ ਦੇ ਪੀਰੀਅਡ ਦਾ ਜ਼ਿਕਰ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਇਹ ਛੇ ਸਾਲ ਵੀ ਹੋ ਸਕਦਾ ਹੈ ਔਰ ਪੰਜ ਸਾਲ ਤੋਂ ਚਾਰ ਸਾਲ ਵੀ ਹੋ ਸਕਦੇ ਹਨ। ਜੇਕਰ ਪੰਜਾਂ ਦੀ ਬਜਾਏ ਛੇ ਸਾਲ ਹੋ ਜਾਣ ਤਾਂ ਉਸ ਨਾਲ ਇਨ੍ਹਾਂ ਨੂੰ ਕੋਈ ਫਰਕ ਨਹੀਂ ਪਵੇਗਾ। ਲੋਕਾਂ ਲਈ ਕੁੱਝ ਸਮਾਂ ਮਿਲ ਜਾਵੇਗਾ ਡਿਵੈਲਪਮੈਂਟ ਦੇ ਕੰਮ ਕਰਨ ਦਾ। ਉਹ ਇਲੈਕਸ਼ਨਾਂ ਵਿਚ ਹੀ ਨਾ ਰੁੱਝੇ ਰਹਿਣ। ਪਹਿਲਾਂ ਉਹ ਡਿਵੈਲਪਮੈਂਟ ਵੱਲ ਜਾਂ ਕਿਸੇ ਹੋਰ ਐਕਟਿਵਿਟੀਜ਼ ਵੱਲ ਧਿਆਨ ਨਹੀਂ ਸਨ ਦੇ ਸਕਦੇ। ਇਨ੍ਹਾਂ ਸ਼ਬਦਾਂ ਨਾਲ ਡਿਪਟੀ ਸਪੀਕਰ ਸਾਹਿਬ, ਮੈਂ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹਾਂ ਔਰ ਉਮੀਦ ਕਰਦਾ ਹਾਂ ਕਿ ਦੇਸ਼ ਸਮਾਜਵਾਦ ਵੱਲ ਛੇਤੀ ਵਧੇਗਾ।

**ਸਰਦਾਰ ਸੁਰਜੀਤ ਸਿੰਘ ਅਟਵਾਲ** (ਫਿਲੌਰ): ਡਿਪਟੀ ਸਪੀਕਰ ਸਾਹਿਬ, ਮੇਰੇ ਲੀਡਰ ਆਫ ਦੀ ਹਾਉਸ ਨੇ ਜੋ ਮਤਾ ਪੇਸ਼ ਕੀਤਾ ਹੈ। ਮੈਂ ਇਸ ਦੀ ਸਪੋਰਟ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਇਸ ਦੇ ਨਾਲ ਹੀ ਮੈਂ ਆਪਣੇ ਪ੍ਰਾਈਮ ਮਨਿਸਟਰ ਸ਼੍ਰੀਮਤੀ ਇੰਦਰਾ ਗਾਂਧੀ ਜੀ ਔਰ ਆਪਣੀ ਕਾਂਗਰਸ ਪਾਰਟੀ ਨੂੰ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ। ਇਹ ਇਨ੍ਹਾਂ ਨੇ ਦੇਸ਼ ਦੀ ਭਲਾਈ ਲਈ ਅਤੇ ਜਨਤਾ ਦੀ ਹਮਾਇਤ ਲਈ, ਗਰੀਬੀ ਦੂਰ ਕਰਨ ਲਈ ਇਨ੍ਹਾਂ ਚੀਜ਼ਾਂ ਨੂੰ ਮੁੱਖ ਰੱਖਦੇ ਹੋਏ ਅਤੇ ਬੜੀ ਸੋਚ ਸਮਝਕੇ, ਵਿਚਾਰ ਵਟਾਂਦਰਾ ਕਰਕੇ ਇਹ ਤਰਮੀਮਾਂ ਰਾਹੀਂ ਕਾਂਸਟੀਚਿਊਸ਼ਨ ਵਿਚ ਚੇਂਜਿਜ਼ ਲਿਆਂਦੀਆਂ ਗਈਆਂ ਹਨ, ਅਮੈਂਡਮੈਂਟਸ ਲਿਆਂਦੀਆਂ ਗਈਆਂ ਹਨ। ਇਸ ਦੇ ਨਾਲ ਲੋਕਾਂ ਦੀ ਭਲਾਈ ਹੋਵੇਗੀ, ਇਹ ਅਮੈਂਡਮੈਂਟ ਤੋਂ ਪਹਿਲਾਂ ਜੋ ਹਾਲਤ ਸਨ ਉਹ ਡਿਪਟੀ ਸਪੀਕਰ ਸਾਹਿਬ ਤੁਹਾਨੂੰ ਵੀ ਪਤਾ ਹੈ। ਕਿਉਂਕਿ ਪਹਿਲੇ ਦੇਸ਼ ਦੀ ਹਾਲਾਤ ਬੜੀ ਬੁਰੀ ਸੀ ਔਰ ਕੋਈ ਵੀ ਬੇਹਤਰੀ ਦਾ ਕੰਮ, ਪਬਲਿਕ ਦੀ ਭਲਾਈ ਦਾ ਕੰਮ ਕਰਨਾ ਹੁੰਦਾ ਸੀ ਤਾਂ ਉਸ ਦੇ ਵਾਸਤੇ ਬੜੀਆਂ ਅੜਚਨਾਂ ਆਉਂਦੀਆਂ ਸਨ। ਕਈ ਵਾਰੀ ਇਨ੍ਹਾਂ ਕੋਰਟਾਂ ਦੀ ਜੱਜਮੈਂਟ ਹੋਣ ਕਰਕੇ ਅੜਚਨਾਂ ਪੈਂਦੀਆਂ ਸਨ। ਜੇਕਰ ਸਮੇਂ ਦੀ ਸਰਕਾਰ ਕੋਈ ਭਲਾਈ ਦਾ ਕੰਮ ਕਰਨਾ ਚਾਹੁੰਦੀ ਸੀ ਅਤੇ ਕਰਦੀ ਸੀ ਤਾਂ ਦੂਜੇ ਪਾਸੇ ਜੇ ਕਿਸੇ ਦੇ ਮਨ ਵਿਚ ਇਹ ਆ ਜਾਵੇ ਇਹ ਕੰਮ ਨਹੀਂ ਹੋਣ ਦੇਣਾ ਤਾਂ ਉਹ ਕੋਰਟ ਵਿਚ ਜਾ ਕੇ ਸਟੇ ਆਰਡਰ ਲੈ ਆਉਂਦਾ ਸੀ ਭਾਵੇਂ ਉਹ ਇਸ ਕਮ ਦਾ ਸਹੀ ਮਤਲਬ ਸਮਝਦਾ ਹੋਵੇ ਜਾਂ ਨਾਂ। ਇਸ ਨਾਲ ਸਾਰੇ ਭਲਾਈ ਦੇ ਕੰਮਾਂ ਦਾ ਸਤਿਆਨਾਸ ਕਰਦੇ ਸਨ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਮਿਸਾਲ ਦੇਣਾ ਚਾਹੁੰਦਾ ਹਾਂ ਕਿ ਮੇਰੇ ਹੱਲਕੇ ਦੇ ਵਿਚ(ਵਿਘਨ) ਇਕ ਸੜਕ 1952 ਵਿਚ ਸ਼ੁਰੂ ਹੋਣੀ ਸੀ। ਕੁੱਝ ਲੋਕ ਇਸ ਸੜਕ ਬਣਾਉਣ ਦੇ ਖਿਲਾਫ ਸਨ ਅਤੇ ਉਸ ਰਸਤੇ ਵਿਚੋਂ ਸੜਕ ਬਣਾਉਣ ਵਿਚ ਰੁਕਾਵਟਾਂ ਪਾਉਣਾ ਚਾਹੁੰਦੇ ਸਨ। ਇਹ

Original with;
Punjab Vidhan Sabha
Digitized by;
Panjab Digital Library

ਨਹੀਂ ਕਿ ਮੇਜਾਰਿਟੀ ਨਹੀਂ ਚਾਹੁੰਦੀ ਸੀ ਕਿ ਇਹ ਸੜਕ ਦਾ ਕੰਮ ਰੁਕ ਜਾਵੇ ਪਰ ਚੰਦ ਲੋਕ ਨਹੀਂ ਸਨ ਚਾਹੁੰਦੇ । ਇਸ ਦਾ ਹੱਲ ਇਹ ਹੋਇਆ ਕਿ ਇਹ ਸੜਕ 24 ਸਾਲ ਬਾਦ ਬਣੀ । ਜਿਸ ਵੇਲੇ ਅੱਜ ਦੀ ਸਰਕਾਰ ਨੇ ਅਤੇ ਕਾਂਗਰਸ ਪਾਰਟੀ ਨੇ, ਪੰਜਾਬ ਸਰਕਾਰ ਨੇ ਇਹ ਫੈਸਲਾ ਕਰ ਲਿਆ ਹੈ ਕਿ ਰਸਤੇ ਵਿਚ ਆਉਣ ਵਾਲੀਆਂ ਅੜਚਨਾਂ ਨੂੰ ਖਤਮ ਕਰ ਦਿੱਤਾ ਜਾਵੇਗਾ, ਚਾਹੇ ਕੁੱਝ ਵੀ ਹੋਵੇ । ਇਸ ਤਰ੍ਹਾਂ ਦੇਸ਼ ਦੇ ਸਾਹਮਣੇ ਆਉਣ ਵਾਲੀਆਂ ਰੁਕਾਵਟਾਂ ਨੂੰ ਕਾਨੂੰਨੀ ਤਰਮੀਮਾਂ ਰਾਹੀਂ ਦੂਰ ਕੀਤਾ ਜਾ ਰਿਹਾ ਹੈ । ਇਹ ਬਹੁਤ ਅੱਛਾ ਕਦਮ ਹੈ । ਕਿਉਂਕਿ ਹਰ ਇਕ ਨੇ ਮਜ਼ਾਕ ਜਿਹਾ ਬਣਾ ਲਿਆ ਸੀ ਅਤੇ ਜਦੋਂ ਮਰਜ਼ੀ ਹੋਈ ਅੜਚਨਾਂ ਪੈਦਾ ਕਰ ਦਿਤੀਆਂ । ਜਿਹੜੇ ਲੋਕ ਅੜਚਨਾਂ ਪੈਦਾ ਕਰਦੇ ਹਨ ਉਹੀ ਲੋਕ ਕਹਿੰਦੇ ਹਨ ਦੇਸ਼ ਦੀ ਤਰੱਕੀ ਨਹੀਂ ਹੋ ਰਹੀ ਹੈ ਅਤੇ ਗਲਤ ਗੱਲਾਂ ਕਰਦੇ ਹਨ ਅਤੇ ਕਈ ਤਰ੍ਹਾਂ ਦੀਆਂ ਗੱਲਾਂ ਸਾਡੀ ਪਾਰਟੀ ਦੇ ਉਪਰ ਕਰਦੇ ਰਹਿੰਦੇ ਸਨ । ਉਨ੍ਹਾਂ ਨੇ ਸਕੂਲਾਂ ਅਤੇ ਕਾਲਜਾਂ ਵਿਚ ਹੜਤਾਲਾਂ ਕਰਵਾ ਦੇਣੀਆਂ ਅਤੇ ਮਜ਼ਦੂਰਾਂ ਨੂੰ ਹੜਤਾਲ ਲਈ ਕਹਿਣਾ । ਇਸ ਤਰ੍ਹਾਂ ਇਹ ਲੋਕ ਵਾਤਾਵਰਣ ਨੂੰ ਖਰਾਬ ਕਰਦੇ ਰਹੇ ਹਨ । ਫਿਰ ਕਹਿਣਾ ਕਿ ਸਰਕਾਰ ਕੁੱਝ ਨਹੀਂ ਕਰ ਰਹੀ ਹੈ ਅਤੇ ਦੇਸ਼ ਵਿਚ ਸਮਾਜਵਾਦ ਕਦੇ ਨਹੀਂ ਆ ਸਕਦਾ ਹੈ । ਮੇਰੇ ਕੁਝ ਅਕਾਲੀ ਭਰਾਵਾਂ ਨੂੰ ਇਨ੍ਹਾਂ ਤਰਮੀਮਾਂ ਨਾਲ ਦੁਖ ਹੋਇਆ ਹੈ ਪਰ ਜਿਹੜਾ ਸੀ.ਪੀ:ਆਈ. ਦੇ ਸਾਥੀਆਂ ਨੂੰ ਵਹਿਮ ਹੋ ਗਿਆ ਹੈ ਜਾਂ ਸ਼ੱਕ ਪੈ ਗਿਆ ਹੈ ਕਿ ਇਸ ਨੂੰ ਲਾਗੂ ਨਹੀਂ ਕਰਨਾ ਜਾਂ ਇਸ ਤਰਮੀਮ ਰਾਹੀਂ ਕੋਈ ਦੁਰਵਰਤੋਂ ਕੀਤੀ ਜਾਵੇਗੀ, ਇਸ ਨੂੰ ਬੜਾ ਸੋਚ ਸਮਝ ਕੇ ਸੰਵਿਧਾਨ ਦੇ ਵਿਚ ਤਰਮੀਮਾਂ ਲਿਆਂਦੀਆਂ ਹਨ ਅਤੇ ਪਾਸ ਕਰਕੇ ਇਸ ਨਾਲ ਲੋਕਾਂ ਦੀ ਭਲਾਈ ਹੋਵੇਗੀ । ਇਹ ਜ਼ਰੂਰ ਲਾਗੂ ਹੋਣਗੀਆਂ ਅਤੇ ਸਰਕਾਰ ਇਸ ਨੂੰ ਪੂਰਾ ਕਰਨ ਲਈ ਤਿਆਰ ਹੈ । ਸਰਕਾਰ ਨੇ ਹੁਣ ਮਜ਼ਦੂਰਾਂ ਨੂੰ ਕਾਰਖਾਨਿਆਂ ਵਿਚ ਹਿੱਸੇਦਾਰ ਬਣਾ ਦਿੱਤਾ ਹੈ ਅਤੇ ਹੜਤਾਲਾਂ ਤੇ ਪਾਬੰਦੀਆਂ ਲਗਾਈਆਂ ਹਨ ਜਿਸ ਦੇ ਨਾਲ ਦੇਸ਼ ਦੀ ਤਰੱਕੀ ਹੋ ਸਕੇ, ਨਾਲ ਹੀ ਨਾਲ ਲੋਕਾਂ ਦੀ ਬੇਹਤਰੀ ਹੋ ਸਕੇ । ਇਸ ਦੇ ਵਿਚ ਕਿਸੇ ਨੂੰ ਸ਼ੱਕ ਨਹੀਂ ਹੋਣਾ ਚਾਹੀਦਾ । ਇਹ ਮਜ਼ਦੂਰਾਂ ਅਤੇ ਵਿਦਿਆਰਥੀਆਂ, ਆਮ ਜਨਤਾ ਦੀ ਭਲਾਈ ਲਈ ਸਭ ਕੁੱਝ ਕੀਤਾ ਜਾ ਰਿਹਾ ਹੈ । ਮੇਰਾ ਖਿਆਲ ਹੈ ਕਿ ਇਸ ਨਾਲ ਸਾਰੇ ਮੈਂਬਰ ਸਾਹਿਬਾਨ ਸਹਿਮਤ ਹੋਣਗੇ । ਜੇ ਲੋਕਾਂ ਦੀ ਭਲਾਈ ਦੇ ਵਾਸਤੇ ਹੋਰ ਵੀ ਕਾਂਸਟੀਚਿਊਸ਼ਨ ਵਿਚ ਤਬਦੀਲੀਆਂ ਲਿਆਉਣ ਦੀ ਲੋੜ ਪਈ ਤਾਂ ਸਾਡੀ ਪਾਰਟੀ ਅਤੇ ਪ੍ਰਾਈਮ ਮਨਿਸਟਰ ਅਤੇ ਸਾਡੇ ਸੀ.ਐਮ. ਸਾਹਿਬ ਪਿੱਛੇ ਨਹੀਂ ਰਹਿਣਗੇ । ਇਸ ਨੂੰ ਜ਼ਰੂਰ ਲਿਆਉਣਗੇ । ਪਰ ਜਿਹੜਾ ਡਾਂਗ ਸਾਹਿਬ ਨੇ ਕਿਹਾ ਹੈ ਐਂਟੀ-ਨੈਸ਼ਨਲ ਐਕਟਿਵਿਟੀਜ਼ ਦੇ ਮੁਤਅੱਲਕ, ਇਹ ਤਰਮੀਮ ਨਹੀਂ ਸੀ ਲਿਆਉਣੀ ਚਾਹੀਦੀ, ਕਿਉਂਕਿ ਇਸ ਦੀ ਦੁਰਵਰਤੋਂ ਹੋ ਸਕਦੀ ਹੈ । ਇਸ ਤਰਾਂ ਦੀ ਗੱਲ ਕਹਿਣਾ ਠੀਕ ਨਹੀਂ । ਹੋ ਸਕਦਾ ਹੈ ਉਨ੍ਹਾਂ ਨੇ ਇਸ ਦੀ ਦੁਰਵਰਤੋਂ ਕਰਨੀ ਹੋਵੇ, ਇਸ ਲਈ ਉਨ੍ਹਾਂ ਦੇ ਮਨ ਵਿਚ ਖਿਆਲ ਆ ਗਿਆ ਹੈ । ਜਦ ਤੁਸੀਂ ਕਹਿੰਦੇ ਹੋ ਕਿ ਇਹ ਕੰਮ ਬਹੁਤ ਅੱਛਾ ਹੈ ਅਤੇ ਹਮਾਇਤ ਕੀਤੀ ਹੈ । ਮੈਂ ਕਹਿਣਾ ਨਹੀਂ ਸੀ ਚਾਹੁੰਦਾ ਕਿ ਕਮਿਊਨਿਸਟ ਪਾਰਟੀ ਨੂੰ ਮੇਰੇ ਖਿਆਲ ਵਿਚ ਕੋਈ ਐਸੀ ਫੀਲਿੰਗ ਨਹੀਂ । ਸਾਡੀ ਪਾਰਟੀ ਨੇ ਇਸ ਤਰ੍ਹਾਂ ਦੀਆਂ ਤਬਦੀਲੀਆਂ ਲਿਆਂਦੀਆਂ ਹਨ ਔਰ ਲਿਆਂਦੀ ਰਹੇਗੀ ਜਿਹੜੀ ਲੋਕਾਂ ਦੇ ਭਲੇ ਵਾਸਤੇ ਹੋਵੇਗੀ । ਜੇਕਰ ਇਹ ਰਾਈਟ ਆਫ ਪਰਾਪਰਟੀ ਨੂੰ ਖਤਮ ਕਰ ਦਿੱਤਾ ਜਾਵੇ, ਤਾਂ ਵੀ ਕਾਫੀ ਮੁਸ਼ਕਿਲਾਂ ਨੂੰ ਖਤਮ ਕੀਤਾ ਜਾ ਸਕਦਾ ਹੈ । ਡਾਂਗ ਸਾਹਿਬ ਨੇ ਤਾਂ ਇਸ ਦੀ ਪੂਰੀ ਤਰ੍ਹਾਂ ਹਮਾਇਤ ਕੀਤੀ ਹੈ ਕਿ ਇਨ੍ਹਾਂ ਤਰਮੀਮਾਂ ਨਾਲ ਲੋਕਾਂ ਦਾ ਫਾਇਦਾ ਹੋਵੇਗਾ । ਇਨ੍ਹਾਂ ਤਰਮੀਮਾਂ ਨੂੰ ਲਾਗੂ ਕਰਨ ਵਿਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਅਟਵਾਲ]

ਜਿਹੜਾ ਸ਼ੱਕ ਜ਼ਾਹਿਰ ਕੀਤਾ ਹੈ ਇਹ ਠੀਕ ਨਹੀਂ ਇਹ ਜ਼ਰੂਰੀ ਲਾਗੂ ਹੋਣਗੀਆਂ । ਇਸ ਲਈ ਡਿਪਟੀ ਸਪੀਕਰ ਸਾਹਿਬ ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ, ਇਸ ਮਤੇ ਦੀ ਹਮਾਇਤ ਕਰਦਾ ਹਾਂ ।

(ਇਸ ਸਮੇਂ ਸਰਦਾਰ ਸੁਰਜੀਤ ਸਿੰਘ ਅਟਵਾਲ ਬੋਲਦੇ ਬੋਲਦੇ ਰੁਕ ਗਏ ਤਾਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋਏ ।)

**ਸ੍ਰੀ ਡਿਪਟੀ ਸਪੀਕਰ:** ਚੌਧਰੀ ਦਰਸ਼ਨ ਸਿੰਘ ਜੀ ਤੁਸੀਂ ਬੋਲੋ ।

**ਸਰਦਾਰ ਸੁਰਜੀਤ ਸਿੰਘ ਅਟਵਾਲ:** ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਹਾਲਾਂ ਬੋਲ ਰਿਹਾ ਹਾਂ ।

**ਚੌਧਰੀ ਜਗਤ ਰਾਮ.** ਡਿਪਟੀ ਸਪੀਕਰ ਸਾਹਿਬ ** **

**Mr. Deputy Speaker:** It should not form part of the record.

**Chaudhri Jagat Ram:** Point of order, Sir.

**Mr. Deputy Speaker:** No point of order during the speech.

ਅਟਵਾਲ ਜੀ, ਜੇ ਤੁਸੀਂ ਬੋਲਣਾ ਹੈ ਤਾਂ ਬੋਲੋ ।

**ਚੌਧਰੀ ਜਗਤ ਰਾਮ:** ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਇਹ ਠੀਕ ਨਹੀਂ ਹੈ ।

**ਚੌਧਰੀ ਦਰਸ਼ਨ ਸਿੰਘ :** ਚੌਧਰੀ ਜਗਤ ਰਾਮ ਜੀ, ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਤੁਸੀਂ ਬੈਠ ਜਾਓ ।

**ਸਰਦਾਰ ਸੁਰਜੀਤ ਸਿੰਘ ਅਟਵਾਲ :** ਇਹ ਜੋ ਅਮੈਂਡਮੈਂਟਸ ਕੰਸਟੀਚਿਊਸ਼ਨ ਵਿਚ ਲਿਆਂਦੀਆ ਗਈਆਂ ਹਨ ਅਤੇ ਇਹ ਜੋ ਮਤਾ ਹਾਊਸ ਦੇ ਸਾਹਮਣੇ ਲੀਡਰ ਆਫ਼ ਦੀ ਹਾਊਸ ਨੇ ਪੇਸ਼ ਕੀਤਾ ਹੈ, ਇਹ ਲੋਕਾਂ ਦੀ ਭਲਾਈ ਵਾਸਤੇ, ਦੇਸ਼ ਦੀ ਭਲਾਈ ਵਾਸਤੇ ਇਕ ਬੜਾ ਅਹਿਮ ਕਦਮ ਹੈ । ਇਸ ਤੇ ਮੈਂ ਆਪਣੇ ਲੀਡਰ ਆਫ਼ ਦੀ ਹਾਊਸ ਨੂੰ ਮੁਬਾਰਕਬਾਦ ਦਿੰਦਾ ਹਾਂ । (ਤਾੜੀਆਂ)

**ਚੌਧਰੀ ਦਰਸ਼ਨ ਸਿੰਘ (ਨੂਰ ਮਹਿਲ) :** ਡਿਪਟੀ ਸਪੀਕਰ ਸਾਹਿਬ, ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਐਨੀਆਂ ਉਲਝਣਾਂ ਦੇ ਬਾਵਜੂਦ ਮੈਨੂੰ ਸਮਾਂ ਦਿੱਤਾ ਹੈ । ਡਿਪਟੀ ਸਪੀਕਰ ਸਾਹਿਬ, ਅੱਜ ਦਾ ਇਹ ਹਿਸਟੋਰੀਕਲ ਮਤਾ ਹੈ, ਇਹ ਤਵਾਰੀਖੀ ਮਤਾ ਹੈ ਜਿਹੜਾ ਕਿ ਸਾਡੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੇ ਮੂਵ ਕੀਤਾ ਹੈ । ਹਿੰਦੁਸਤਾਨ ਦੀ ਹਿਸਟਰੀ ਵਿਚ ਇਹ ਇਕ ਟਰਨਿੰਗ ਪੁਆਇੰਟ ਹੈ । ਹਿੰਦੁਸਤਾਨ ਇਸ ਵੇਲੇ ਟਰਨਿੰਗ ਪੀਰੀਅਡ ਵਿਚ ਹੈ । ਖੱਬੇ ਜਾਣਾ ਹੈ ਜਾਂ ਸੱਜੇ ਜਾਣਾ ਹੈ । ਮੁਲਕ ਨੂੰ ਲੀਡ ਦੇਣ ਵਾਸਤੇ, ਮੁਲਕ ਵਿਚ ਹੋਣ ਵਾਲੀਆਂ 28 ਸਾਲਾਂ ਦੀਆਂ ਡਿਵੈਲਪਮੈਂਟਸ, ਗਰੀਬ ਤੇ ਪਛੜੇ ਹੋਏ ਲੋਕਾਂ ਨੂੰ ਅੱਗੇ ਤੱਕ ਪਹੁੰਚਾਉਣ ਵਾਸਤੇ ਇਹ ਅਮੈਂਡਮੈਂਟ ਲਿਆਉਣੀ ਬਹੁਤ ਜ਼ਰੂਰੀ ਸੀ । ਮੇਰੇ ਇਕ ਸਾਥੀ ਆਪੋਜ਼ੀਸ਼ਨ ਦੇ ਮੈਂਬਰ, ਜੋ ਕਿ ਉਠ ਕੇ ਬਾਹਰ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਚਲੇ ਗਏ ਹਨ, ਆਨਰੇਬਲ ਮੈਂਬਰ ਮਹਿੰਦਰ ਸਿੰਘ ਸਾਈਆਂਵਾਲਾ ਨੇ ਕਿਹਾ ਕਿ ਅੱਜ ਦਾ ਦਿਨ ਸੋਗ ਦਾ ਦਿਨ ਹੈ। ਪਰ ਮੈਨੂੰ ਇਸ ਦੀ ਸਮਝ ਨਹੀਂ ਆਈ। ਹਰ ਇਕ ਦੀ ਅਕਲ ਆਪਣੀ ਆਪਣੀ ਹੁੰਦੀ ਹੈ। ਇਹੋ ਜਿਹਾ ਇੰਪਾਰਟੈਂਟ ਮਤਾ ਹੋਵੇ ਔਰ ਮੁਲਕ ਨੂੰ ਅੱਗੇ ਲੈ ਜਾਣ ਵਾਸਤੇ ਐਨੀਆਂ ਸ਼ਾਨਦਾਰ ਅਮੈਂਡਮੈਂਟਸ ਪੇਸ਼ ਹੋਣ ਪਰ ਅਕਾਲੀ ਪਾਰਟੀ ਦੇ ਮੈਂਬਰ ਇਹ ਕਹਿਣ ਕਿ ਸਿੱਖਾਂ ਨੂੰ ਪੁੱਛਿਆ ਨਹੀਂ ਗਿਆ। What a fun what a sad comment।

ਪੰਜਾਬ ਨੂੰ ਆਪਣਾ ਸਿਰ ਫ਼ਖਰ ਨਾਲ ਉੱਚਾ ਕਰਨਾ ਚਾਹੀਦਾ ਹੈ। 66 ਕਰੋੜ ਇੰਡੀਅਨਜ਼ ਵਿਚੋਂ ਪ੍ਰਾਈਮ ਮਿਨਿਸਟਰ ਇੰਦਰਾ ਗਾਂਧੀ ਜੀ, ਸਾਡੇ ਮਹਿਬੂਬ ਲੀਡਰ ਦੀ ਨਿਗਾਹ ਕਿਸ ਉਤੇ ਗਈ, ਉਸ ਦੀ ਨਿਗਾਹ ਪੰਜਾਬ ਦੇ ਇਕ ਸਿੱਖ ਦੇ ਉਪਰ ਗਈ। ਉਸ ਨੇ ਉਸ ਸਿੱਖ ਨੂੰ ਉਸ ਕਮੇਟੀ ਦਾ ਪ੍ਰਧਾਨ ਬਣਾਇਆ। ਪਰ ਇਹ ਸਾਡੇ ਅਕਾਲੀ ਭਾਈ ਕਹਿੰਦੇ ਹਨ ਕਿ ਸਰਦਾਰਾਂ ਨੂੰ ਪੁੱਛਿਆ ਨਹੀਂ ਗਿਆ ਜਿਸ ਤਰ੍ਹਾਂ ਸ਼੍ਰੋਮਣੀ ਕਮੇਟੀ ਆਪ ਇਕੱਲੀ ਸਿੱਖਾਂ ਦੀ ਠੇਕੇਦਾਰ ਹੁੰਦੀ ਹੈ। ਉਸ ਪੰਜਾਬ ਦੇ ਸਿੱਖ ਨੇ ਪਾਰਲੀਮੈਂਟ ਵਿਚ ਅਮੈਂਡਮੈਂਟ ਨੂੰ ਪੇਸ਼ ਕੀਤਾ। ਅੱਜ ਦਾ ਇਹ ਮਤਾ ਪੇਸ਼ ਕਰਨ ਵਾਲੇ ਗਿਆਨੀ ਜ਼ੈਲ ਸਿੰਘ ਜੀ ਸਿੱਖ ਹਨ ਜੋ ਕਿ ਉਨ੍ਹਾਂ ਅਕਾਲੀ ਭਾਈਆਂ ਨਾਲੋਂ ਜ਼ਿਆਦਾ ਸਿੱਖ ਹਨ। ਉਨ੍ਹਾਂ ਨੇ ਇਸ ਮਤੇ ਨੂੰ ਮੂਵ ਕੀਤਾ ਹੈ। ਅਕਾਲੀ ਦਲ ਦੀ ਪਰਸੈਂਟੇਜ ਕਿੰਨੀ ਹੈ ਇਸ ਦਾ ਤੁਸੀਂ ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਅਕਾਲੀ ਸਿੱਖਾਂ ਦੀ ਪਰਸੈਂਟੇਜ ਨਾਟ ਮੋਰ ਦੈਨ 5% ਹੋਵੇਗੀ ਅਤੇ ਇਹ ਸੌ ਫੀ ਸਦੀ ਸਿੱਖਾਂ ਦੇ ਦਾਅਵੇਦਾਰ ਬਣਦੇ ਹਨ। ਸਾਈਆਂਵਾਲਾ ਕਿਸ ਤਰ੍ਹਾਂ ਕਹਿ ਸਕਦੇ ਹਨ ਕਿ ਸਿੱਖਾਂ ਨੂੰ ਪੁੱਛਿਆ ਨਹੀਂ ਗਿਆ। ਉਨ੍ਹਾਂ ਨੂੰ ਸਿੱਖਾਂ ਦੇ ਇਤਿਹਾਸ ਦਾ ਪਤਾ ਨਹੀਂ। ਸਿੱਖਾਂ ਦਾ ਇਤਿਹਾਸ ਪੰਜ ਸੌ ਸਾਲ ਪੁਰਾਣਾ ਹੈ ਅਤੇ ਸਿੱਖਾਂ ਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਬਾਕੀ ਕੌਮਾਂ ਦੇ ਇਤਿਹਾਸ ਦੋ ਦੋ ਹਜ਼ਾਰ ਸਾਲ ਪੁਰਾਣੇ ਹਨ। (ਵਿਘਨ) ਉਹ ਕਿਸ ਤਰ੍ਹਾਂ ਕਹਿੰਦੇ ਹਨ ਕਿ ਸਿੱਖਾਂ ਨੂੰ ਪੁੱਛਿਆ ਨਹੀਂ ਗਿਆ। ਜੈਤੋ ਦੇ ਬਾਗ ਦਾ ਮੋਰਚਾ ਲੱਗਾ ਜਮਹੂਰੀਅਤ ਦੇ ਅਲੰਬਰਦਾਰ ਦਾ, ਜਿਸ ਨੇ ਹਿੰਦੁਸਤਾਨ ਦੇ ਵਿਧਾਨ ਦੀ ਨੀਂਹ ਰੱਖੀ। ਉਸ ਨੇ ਐਸ਼ੋ ਆਰਾਮ ਨੂੰ ਛੱਡ ਕੇ ਜੈਤੋ ਵਿਚ ਮੋਰਚੇ ਵਿਚ ਜਾ ਕੇ ਗ੍ਰਿਫਤਾਰੀ ਦਿੱਤੀ, ਨਹਿਰੂ ਨੇ। ਸਿੱਖ ਕੌਮ ਦਾ ਹਿੰਦੁਸਤਾਨ ਦੀ ਰਾਜਨੀਤੀ ਵਿਚ ਹਮੇਸ਼ਾ ਦਰਜਾ ਬੁਲੰਦ ਰਿਹਾ ਹੈ। ਇਹ ਜਿਹੜਾ ਸ਼੍ਰੋਮਣੀ ਅਕਾਲੀ ਦਲ ਹੈ ਇਨ੍ਹਾਂ ਨੇ, ਜਦ ਨਹਿਰੂ ਜੀ ਇਥੇ ਆਏ ਸੀ ਸਰਹਿੰਦ ਵਿਚ ਤਾਂ, ਅਕਾਲੀ ਪਾਰਟੀ ਦੇ ਕੁੱਝ ਦੋਸਤਾਂ ਨੇ ਪੰਡਿਤ ਜਵਾਹਰ ਲਾਲ ਨਹਿਰੂ ਤੋਂ ਮਾਈਕ ਖੋਹ ਲਿਆ ਅਤੇ ਵੱਟੇ ਮਾਰਨ ਦੀ ਕੋਸ਼ਿਸ਼ ਕੀਤੀ। ਇਹੋ ਜਿਹੀ ਸਿੱਖਾਂ ਦੀ ਕੌਮ ਅਤੇ ਇਹ ਕੌਮ ਅਤੇ ਫਿਰ ਇਹ ਕਹਿੰਦੇ ਹਨ ਕਿ ਸਿੱਖਾਂ ਨੂੰ ਪੁੱਛਿਆ ਨਹੀਂ ਗਿਆ। ਪਾਰਲੀਮੈਂਟ ਦੇ ਸਾਢੇ ਪੰਜ ਸੌ ਮੈਂਬਰਾਂ ਵਿਚ ਇਨ੍ਹਾਂ ਦਾ ਇਕ ਨੁਮਾਇੰਦਾ ਹੈ ਪਰ ਉਸ ਨੇ ਪੰਜ ਸਾਲਾਂ ਵਿਚ ਇਕ ਅੱਖਰ ਨਹੀਂ ਬੋਲਿਆ। ਪਾਰਲੀਮੈਂਟ ਵਿਚ ਜਿਥੇ ਕਿ ਸਾਢੇ ਪੰਜ ਸੌ ਮੈਂਬਰ ਹਨ, ਜਿੱਥੇ ਹਿੰਦੁਸਤਾਨ ਦੀ ਕਰੀਮ ਹੈ, ਜਿਥੇ ਹਿੰਦੁਸਤਾਨ ਦੀ ਜਮਹੂਰੀਅਤ ਦਾ ਮੰਦਰ ਹੈ, ਜਿਥੇ ਕਾਨੂੰਨ ਬਣਾਏ ਜਾਂਦੇ ਹਨ, ਜਿਥੇ ਕਾਨੂੰਨ ਬਦਲੇ ਜਾਂਦੇ ਹਨ, ਉਥੇ ਇਨ੍ਹਾਂ ਦਾ ਭੇਜਿਆ ਹੋਇਆ ਇਕੋ ਇਕ ਨੁਮਾਇੰਦਾ ** ** ਹੈ। ਤੁਸੀਂ ਰਿਕਾਰਡ ਫਰੋਲ ਕੇ ਦੇਖ ਲਵੋ ਅੱਜ ਤੱਕ ਉਸ ਨੇ ਇਕ ਲਫ਼ਜ਼ ਦੀ ਕੰਟਰੀਬਿਊਸ਼ਨ ਨਹੀਂ ਪਾਈ। ਫਿਰ ਆਪਣੇ ਇਕ ਡਰਾਈਵਰ ਨੂੰ

** Expunged as ordered by the Chair.

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਉਥੇ ਭੇਜ ਦਿੱਤਾ, ਜਿਸ ਦਾ ਨਾਮ ** ** ਹੈ। ਫਿਰ ਹਿੰਦੁਸਤਾਨ ਦੇ ਬਣਨ ਵਾਲੇ ਕੰਸਟੀਚਿਊਸ਼ਨ ਵਿਚ ਬੇਵਕੂਫੀ ਦਾ ਹੀ ਹਿੱਸਾ ਪਾਇਆ ਜਾ ਸਕਦਾ ਹੈ ਅਤੇ ਅਕਲ ਦਾ ਹਿੱਸਾ ਨਹੀਂ ਪਾਇਆ ਜਾ ਸਕਦਾ। ਸਿੱਖਾਂ ਨੂੰ ਮਿਨੀਮਾਈਜ਼ ਨਾ ਕਰੋ। ਅਕਾਲੀ ਪਾਰਟੀ ਵਾਲੇ ਬੈਂਚਿਜ਼ ਖਾਲੀ ਛੱਡ ਕੇ ਚਲੇ ਗਏ ਹਨ। ਕਿ ਉਨ੍ਹਾਂ ਨੇ ਕੰਟਰੀਬਿਊਸ਼ਨ ਕੀ ਕਰਨੀ ਹੈ। ਕੌਮ ਦਾ ਸਿਰ ਉੱਚਾ ਕਰਨ ਵਾਸਤੇ ਅਕਲ ਦੀ ਵੀ ਲੋੜ ਹੈ। ਜੇ ਅਕਲ ਹੁੰਦੀ ਤਾਂ ਫਿਰ ਫਿਰਕਾਪ੍ਰਸਤੀ ਦੇ ਨਾਮ ਤੇ ਪੰਜਾਬ ਦੀ ਵੰਡ ਨਾ ਹੁੰਦੀ ਅਤੇ ਮਰਨ ਵਰਤ ਨਾ ਹੁੰਦੇ। ਲੋਕ ਕਹਿੰਦੇ ਹਨ ਕਿ ਸਾਡੀਆਂ ਹੱਦਾਂ ਵਧਣ ਪਰ ਇਹ ਸ਼੍ਰੋਮਣੀ ਅਕਾਲੀ ਦਲ ਵਾਲੇ ਇਹ ਨਾਅਰੇ ਮਾਰਦੇ ਹਨ ਸਾਡੇ ਵੇਹੜੇ ਤੰਗ ਹੋਣ ਅਤੇ ਉਨ੍ਹਾਂ ਨੇ ਵੇਹੜਾ ਤੰਗ ਕੀਤਾ ਹੈ। ਮੈਂ ਇਸ ਪਾਸੇ ਜ਼ਿਆਦਾ ਕੁੱਝ ਨਹੀਂ ਕਹਿਣਾ ਚਾਹੁੰਦਾ, ਮੈਂ ਤਾਂ ਉਨ੍ਹਾਂ ਦਾ ਜਵਾਬ ਹੀ ਦੇਣਾ ਚਾਹੁੰਦਾ ਸੀ। ਸੋ ਇਸ ਕਿਸਮ ਦੀਆਂ ਗੱਲਾਂ, ਇਸ ਕਿਸਮ ਦਾ ਤੰਗ ਨਜ਼ਰੀਆ ਜਿਹੜਾ ਹੈ ਇਸ ਨੂੰ ਛੱਡੋ। ਤੁਸੀਂ ਹਿੰਦੁਸਤਾਨ ਦੇ ਕਿਸੇ ਹਿੱਸੇ ਦਾ ਨਾਮ ਲੈ ਕੇ ਦੱਸੋ, ਕਿਸੇ ਸੂਬੇ ਦਾ ਨਾਮ ਲੈ ਕੇ ਦੱਸੋ ਜਿਥੇ ਸਿੱਖ ਕੌਮ ਨਹੀਂ ਬੈਠੀ ਹੋਈ। ਪਰ ਇਨ੍ਹਾਂ ਅਕਾਲੀ ਭਾਈਆਂ ਨੇ ਆਪਣਾ ਸਿਰ ਉੱਚਾ ਨਹੀਂ ਕੀਤਾ। ਇਨ੍ਹਾਂ ਦੀ ਵਿਚਾਰਧਾਰਾ ਇਨ੍ਹਾਂ ਨੂੰ ਮੁਬਾਰਿਕ ਹੋਵੇ। ਹਿੰਦੁਸਤਾਨ ਵਿਚ ਬੜੀ ਤਰੱਕੀ ਹੋਈ ਹੈ। ਹਿੰਦੁਸਤਾਨ ਵਿਚ ਵਰਲਡ ਬੈਂਕ ਦੇ ਪ੍ਰਧਾਨ ਮੈਕਨਮਾਰਾ ਨੇ ਰੀਸੈਂਟਲੀ ਹਿੰਦੁਸਤਾਨ ਦਾ ਦੌਰਾ ਕੀਤਾ ਹੈ। (ਘੰਟੀ)

**ਸ੍ਰੀ ਡਿਪਟੀ ਸਪੀਕਰ :** ਚੌਧਰੀ ਸਾਹਿਬ, ਤੁਸੀਂ ** ਅਤੇ ** ਦੇ ਨਾਮ ਲਏ ਹਨ ਇਹ ਠੀਕ ਨਹੀਂ ਹੈ। ਇਸ ਲਈ ਇਹ ਨਾਮ ਰਿਕਾਰਡ ਵਿਚੋਂ ਕੱਢ ਦਿੱਤੇ ਜਾਣ।

**ਚੌਧਰੀ ਦਰਸ਼ਨ ਸਿੰਘ :** ਉਸ ਦੀ ਥਾਂ ਤੇ ਨੁਮਾਇੰਦੇ ਕਰ ਦਿਓ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਇਕ ਤਾਂ ਉਹ ਬੋਲਦੇ ਨਹੀਂ ਸੀ। ਜੇ ਉਹ ਬੋਲਦੇ ਨਹੀਂ ਸਨ ਤਾਂ ਹੀ ਇਹ ਕਹਿੰਦੇ ਸਨ ਕਿ ਉਹ ਬੋਲਦੇ ਨਹੀਂ ਸੀ। ਇਹ ਰਹਿਣ ਦੇਣਾ ਚਾਹੀਦਾ ਹੈ।

**ਸ੍ਰੀ ਡਿਪਟੀ ਸਪੀਕਰ :** ਨਾਂ ਕਟਾਏ ਹਨ ਬਾਕੀ ਤਾਂ ਰਹਿਣ ਦਿੱਤਾ ਹੈ।

**ਚੌਧਰੀ ਦਰਸ਼ਨ ਸਿੰਘ :** ਉਹਨੇ ਹਿੰਦੁਸਤਾਨ ਦੀ ਸਰਕਾਰ ਨੂੰ ਪ੍ਰਧਾਨ ਮੰਤਰੀ ਜੀ ਨੂੰ ਬਹੁਤ ਸਰਾਹਿਆ ਹੈ। ਉਨ੍ਹਾਂ ਨੇ ਕਿਹਾ ਹੈ ਕਿ ਹਿੰਦੁਸਤਾਨ ਵਿਚ ਬਹੁਤ ਤਰੱਕੀ ਹੋਈ ਹੈ। ਉਹ ਕਹਿੰਦੇ ਹਨ ਕਿ ਉਨ੍ਹਾਂ ਦਾ ਸੱਤਵਾਂ ਵਿਜ਼ਿਟ ਹੈ। ਉਨ੍ਹਾਂ ਨੇ ਕਿਹਾ ਹੈ ਕਿ ਹਿੰਦੁ-ਸਤਾਨ ਨੇ ਬਹੁਤ ਤਰੱਕੀ ਕੀਤੀ ਹੈ, ਇਹਦਾ ਐਕਸਚੇਂਜ ਰਿਜ਼ਰਵ ਬਹੁਤ ਵਧਿਆ ਹੈ, ਫੂਡ ਗਰੇਨਜ਼ ਵਿਚ ਬਹੁਤ ਇਨਕਰੀਜ਼ ਹੋਈ ਹੈ, ਇਹਦੀ ਐਕਸਪੋਰਟ ਵਿਚ ਬਹੁਤ ਵਾਧਾ ਹੋਇਆ ਹੈ, ਇਨਫਲੇਸ਼ਨ ਰੁਕੀ ਹੈ। ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਵਿਧਾਨ ਵਿਚ ਸੋਧ ਕਰਨ ਵਾਸਤੇ ਕਿਉਂ ਲੋੜ ਪਈ ਇਹ ਇਸ ਕਰਕੇ ਪਈ ਕਿਉਂਕਿ ਮੁੱਖਤਲਿਫ ਰਸਤਿਆਂ ਤੇ ਚੱਲਣ ਵਿਚ ਰੁਕਾਵਟਾਂ ਪੈਦਾ ਹੋਈਆਂ ਸਨ। ਸੁਪਰੀਮ ਕੋਰਟ ਹਿੰਦੁਸਤਾਨ ਵਿਚ ਸਭ ਤੋਂ ਵੱਡੀ ਬਾਡੀ ਕਾਨੂੰਨ ਦੇ ਲਿਹਾਜ਼ ਨਾਲ ਮੰਨੀ ਗਈ ਹੈ। ਗੋਲਕ ਨਾਥ ਕੇਸ ਵਿਚ ਇਹ ਫੈਸਲਾ ਕਰ ਦਿੱਤਾ ਕਿ ਫੰਡਾਮੈਂਟਲ ਰਾਈਟਸ ਚੇਂਜ ਨਹੀਂ ਹੋ ਸਕਦੇ ਹਨ। Golak Nath is a Christian. He belongs to village Ropari, District Jullundur. He is not Hindu.

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Deputy Speaker** : That is not in dispute.

**ਚੌਧਰੀ ਦਰਸ਼ਨ ਸਿੰਘ** : ਫੰਡਾਮੈਂਟਲ ਰਾਈਟਸ ਬੁਨਿਆਦੀ ਹਕੂਕ ਹਨ, ਇਹ ਇਨਫਰਾਦੀ ਹਕੂਕ ਹਨ। ਕੋਈ ਬੇਇੰਤਹਾ ਪੈਸਾ ਕਮਾਈ ਜਾਵੇ ਅਤੇ ਕੋਈ ਗਰੀਬੀ ਨਾਲ ਮਰੀ ਜਾਵੇ। ਬੜੇ ਬੜੇ ਕਾਰਖਾਨੇਦਾਰ, ਬੜੇ ਬੜੇ ਜਾਗੀਰਦਾਰ ਪੈਸਾ ਜਮ੍ਹਾ ਕਰਕੇ ਔਰ ਗਰੀਬ ਕਿਸਾਨਾਂ ਤੋਂ ਕੰਮ ਕਰਾਕੇ ਧੰਨ ਜਮ੍ਹਾਂ ਕਰਦੇ ਕਹਿੰਦੇ ਹਨ ਕਿ ਇਹ ਮੇਰਾ ਰਾਈਟ ਹੈ। ਅਮੀਰੀ ਔਰ ਗਰੀਬੀ ਦਾ ਵਿਤਕਰਾ ਵਧਦਾ ਤੁਰਿਆ ਜਾ ਰਿਹਾ ਹੈ। ਇਸ ਚੀਜ਼ ਨੂੰ ਦੂਰ ਕਰਨ ਵਾਸਤੇ ਵਿਧਾਨ ਵਿਚ ਤਬਦੀਲੀ ਕਰਨ ਦੀ ਲੋੜ ਹੈ। ਇੰਨਟੇਲੀਜੈਂਸ਼ੀਆਂ ਨੇ ਤੂਫਾਨ ਖੜ੍ਹਾ ਕਰ ਦਿੱਤਾ ਹੈ ਕਿ ਹਿੰਦੁਸਤਾਨ ਦੇ ਵਿਧਾਨ ਵਿਚ ਤਬਦੀਲੀ ਨਹੀਂ ਕੀਤੀ ਜਾ ਸਕਦੀ ਹੈ। ਇਹ ਕੀ ਹੈ ਇਹ ਤਾਂ ਇਕ ਪੁਲੀਟੀਕਲ ਡਾਕੂਮੈਂਟ ਹੈ। ਕੁਰਾਨ ਸ਼ਰੀਫ ਹੋਵੇ, ਗੀਤਾ ਦੇ ਸ਼ਲੋਕ ਹੋਣ ਜਾਂ ਗੁਰਬਾਣੀ ਹੋਵੇ ਇਹ ਤਾਂ ਦੂਜੀ ਚੀਜ਼ ਹੈ। ਪਰ ਵਿਧਾਨ ਤਾਂ ਪੁਲੀਟੀਕਲ ਡਾਕੂਮੈਂਟ ਹੈ।

The Constitution is a political document and it is not a dead weight. It is a living document. It can be changed. It can always be changed according to the needs of the time. ਲੇਕਿਨ ਉਹ ਕਹਿੰਦੇ ਹਨ ਕਿ ਬਦਲੋ ਨਾ। 1950 ਵਿਚ ਵਿਧਾਨ ਬਣਿਆ। ਅਤੇ ਪਹਿਲੀ ਤਬਦੀਲੀ ਆਈ ਸੰਨ 1951 ਵਿਚ। ਹੁਣ ਤਾਂ ਇਹ 44 ਵੀਂ ਅਮੈਂਡਮੈਂਟ ਹੈ। 1951 ਵਿਚ ਪਟਨਾ ਔਰ ਕਲਕੱਤਾ ਹਾਈਕੋਰਟ ਨੇ ਫੈਸਲਾ ਕੀਤਾ ਕਿ ਵਿਧਾਨ ਦਾ ਸਟ੍ਰਕਚਰ ਤਬਦੀਲ ਨਹੀਂ ਕੀਤਾ ਜਾ ਸਕਦਾ ਹੈ। ਪੰਡਿਤ ਜਵਾਹਰ ਲਾਲ ਨਹਿਰੂ ਨੇ ਮਈ, 1951 ਵਿਚ ਆਖਿਆ ਸੀ ਜੋ ਕਿ ਫਾਦਰ ਆਫ ਡੈਮੋਕਰੇਸੀ ਸਨ। ਮੁਲਕ ਦੀ ਪਾਰਟੀਸ਼ਨ ਦੇ ਬਾਅਦ ਜਿਸ ਨੇ ਇਥੇ ਰਾਈਟ ਆਫ ਵੋਟ ਦਿੱਤਾ ਸੀ ਉਨ੍ਹਾਂ ਨੇ ਕਿਹਾ ਸੀ ਕਿ ਲੋਕਾਂ ਦੀ ਤਾਕਤ ਮੈਂ ਲੋਕਾਂ ਨੂੰ ਵਾਪਸ ਦਿੰਦਾ ਹਾਂ ਲੋਕ ਜਿਸ ਨੂੰ ਮਰਜ਼ੀ ਆਪਣੇ ਨੁਮਾਇੰਦੇ ਚੁਣ ਲੈਣ। ਉਨ੍ਹਾਂ ਨੇ ਆਖਿਆ ਸੀ ਕਿ 18ਵੀਂ ਔਰ 19ਵੀਂ ਸਦੀ ਵਿਚ ਵਿਸ਼ਵਾਸ਼ ਰੱਖਣ ਵਾਲਿਓ ਜੋ ਕਿ ਉਸ ਵੇਲੇ ਆਪਣੇ ਆਪ ਨੂੰ ਕੋਈ ਜਾਗੀਰਦਾਰ ਕਹਿੰਦਾ ਸੀ ਅਤੇ ਕੋਈ ਆਪਣੇ ਆਪ ਨੂੰ ਰਾਜਾ ਜਾਂ ਮਹਾਰਾਜਾ ਕਹਿੰਦਾ ਸੀ ਉਸ ਵੇਲੇ ਉਨ੍ਹਾਂ ਨੇ ਕਿਹਾ ਸੀ 18ਵੀਂ ਔਰ 19ਵੀਂ ਸਦੀ ਦੇ ਜਾਇਦਾਦ ਵਿਚ ਵਿਸ਼ਵਾਸ਼ ਰੱਖਣ ਵਾਲਿਓ 20ਵੀਂ ਸਦੀ ਦੇ ਸਮਾਜਵਾਦ ਨੂੰ ਭੁੱਲ ਨਾ ਜਾਇਉ। ਇਸ ਤੋਂ ਸਾਫ ਜਾਹਿਰ ਹੈ ਕਿ ਉਸ ਵੇਲੇ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਕੀ ਖਿਆਲਾਤ ਸਨ। ਇਸੀ ਕਰਕੇ ਹੀ 43 ਅਮੈਂਡਮੈਂਟਾਂ ਹੋਈਆਂ ਔਰ ਹੁਣ 44ਵੀਂ ਅਮੈਂਡਮੈਂਟ ਆਈ ਹੈ। ਜਦੋਂ 43 ਅਮੈਂਡਮੈਂਟਾਂ ਹੋਈਆਂ ਤਾਂ ਉਸ ਵੇਲੇ ਤਾਂ ਇੰਟੈਲੀਜੈਂਸ਼ੀਆ ਨੇ ਕੋਈ ਰੌਲਾ ਨਹੀਂ ਪਾਇਆ ਪਰ ਹੁਣ ਜਦੋਂ 44ਵੀਂ ਅਮੈਂਡਮੈਂਟ ਆਈ ਤਾਂ ਅਮੀਰਾਂ ਤੇ ਸੱਟ ਵੱਜਣ ਲੱਗੀ ਹੈ, ਹਿੰਦੁਸਤਾਨ ਦੀ ਤਰੱਕੀ ਦੇ ਸੋਰਸ਼ਿਜ਼ ਹਰ ਹਿੰਦੁਸਤਾਨੀ ਤੱਕ ਅਪੜਨ ਲੱਗੇ ਹਨ ਤਾਂ ਇਹ ਲੋਕ ਸਟਪਟਾਉਣ ਲੱਗੇ ਹਨ। ਦਫਤਰੀ ਨੇ ਆਖਿਆ ਸੀ ਕਿ 'whatever is right today may be wrong tomorrow'.

ਜਿਹੜੀ ਗੱਲ ਅੱਜ ਦਰੁਸਤ ਹੈ ਉਹ ਕੱਲ੍ਹ ਨੂੰ ਗਲਤ ਵੀ ਹੋ ਸਕਦੀ ਹੈ। ਮੈਂ ਦਫਤਰੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ—

Why should we presume that the coming generation is foolish ?

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਇਹ ਕਿਉਂ ਪ੍ਰੀਜ਼ਿਊਮ ਕਰ ਲਈਏ ਕਿ ਆਉਣ ਵਾਲੀ ਨਸਲ ਹਿੰਦੁਸਤਾਨ ਦੇ ਵਿਧਾਨ ਨੂੰ ਬਦਲ ਨਹੀਂ ਸਕਦੀ ਹੈ। ਉਹ ਜਿਸ ਟਾਈਪ ਦੇ ਸਟ੍ਰਕਚਰ ਨੂੰ ਚਾਹੁੰਦੀਆਂ ਹਨ ਉਹ ਅਡਾਪਟ ਕਰ ਸਕਦੀਆਂ ਹਨ। ਉਹ ਹਿੰਦੁਸਤਾਨ ਦੇ ਆਈਨ ਨੂੰ ਬਦਲ ਸਕਦੀਆਂ ਹਨ। ਇਹਦੀ ਤਬਦੀਲੀ ਦੀ ਲੋੜ ਪਈ। ਸਾਡੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਆਖਿਆ ਸੀ ਕਿ ਪਾਰਲੀਮੈਂਟ ਸੁਪਰੀਮ ਹੈ। ਹਿੰਦੁਸਤਾਨ ਦੇ ਆਈਨ ਵਿਚ ਰਾਜਨੀਤਕ ਅਤੇ ਸੋਸ਼ਲ ਜਸਟਿਸ ਦੇਣਾ ਹੈ। 1928 ਵਿਚ ਪੰਡਿਤ ਜਵਾਹਰ ਲਾਲ ਨਹਿਰੂ ਨੇ ਆਖਿਆ ਸੀ ਕਿ 35 ਕਰੋੜ ਇਨਸਾਨਾਂ ਨੂੰ ਰੋਟੀ, ਕੱਪੜਾ ਔਰ ਮਕਾਨ ਦੇਣੇ ਹਨ। ਕਈ ਮੇਰੇ ਦੋਸਤ ਕਿਉਂ ਇਹ ਲਫਜ਼ ਭੁੱਲ ਗਏ ਹਨ। ਮੈਂ ਉਨ੍ਹਾਂ ਦੋਸਤਾਂ ਨੂੰ ਪੁੱਛਣਾ ਚਾਹੁੰਦਾ ਹਾਂ ਜਿਹੜੇ ਅੱਜ ਕਹਿ ਰਹੇ ਹਨ ਕਿ ਜਮਹੂਰੀਅਤ ਖਤਰੇ ਵਿਚ ਹੈ ਜਿਸ ਵੇਲੇ ਰੇਲ ਮੰਤਰੀ ਮਿਸ਼ਰਾ ਜੀ ਤੇ ਬੰਬ ਮਾਰੇ ਗਏ, ਰੇਲਾਂ ਤੇ ਹਮਲੇ ਕੀਤੇ ਗਏ, ਸਕੂਲਾਂ ਔਰ ਕਾਲਜਾਂ ਵਿਚ ਹੜਤਾਲਾਂ ਕੀਤੀਆਂ ਗਈਆਂ, ਬੱਸਾਂ ਨੂੰ ਅੱਗਾਂ ਲਾਈਆਂ ਗਈਆਂ ਉਸ ਵੇਲੇ ਡੈਮੋਕਰੇਸੀ ਦੇ ਅਲੰਬਰਦਾਰਾਂ ਨੇ ਕੁੱਝ ਨਹੀਂ ਕਿਹਾ ਕਿ ਜਮਹੂਰੀਅਤ ਖਤਰੇ ਵਿਚ ਹੈ। ਮੈਂ ਇਨ੍ਹਾਂ ਦੋਸਤਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ —Number one is Country. Number two is democracy. If the Country remains, democracy shall remain.

ਮੈਂ ਉਨ੍ਹਾਂ ਦੋਸਤਾਂ ਨੂੰ ਪੁੱਛਣਾ ਚਾਹੁੰਦਾ ਹਾਂ ਜਿਹੜੇ ਦੋਸਤ ਕਹਿੰਦੇ ਹਨ ਕਿ ਪੰਥ ਆਜ਼ਾਦ ਹੈ ਤਾਂ ਦੇਸ਼ ਆਜ਼ਾਦ ਹੈ, ਮੈਂ ਇਨ੍ਹਾਂ ਅਕਲ ਦੇ ਮਾਰਿਆਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇ ਦੇਸ਼ ਗੁਲਾਮ ਹੈ ਤਾਂ ਪੰਥ ਕਿਸ ਤਰ੍ਹਾਂ ਆਜ਼ਾਦ ਰਹਿ ਸਕਦਾ ਹੈ। ਜੇ ਦੇਸ਼ ਆਜ਼ਾਦ ਰਹੇਗਾ ਤਾਂ ਪੰਥ ਵੀ ਆਜ਼ਾਦ ਰਹੇਗਾ। ਸੈਂਟਰ ਦੀ ਸਰਕਾਰ ਇਹ ਨਹੀਂ ਚਾਹੁੰਦੀ ਕਿ ਪੰਥ ਤੇ ਕੋਈ ਪਾਬੰਦੀ ਲਗਾਈ ਜਾਵੇ। ਸੈਂਟਰ ਦੀ ਸਰਕਾਰ ਨਹੀਂ ਚਾਹੁੰਦੀ ਕਿ ਕਿਸੇ ਮਜ਼ਹਬ ਜਾਂ ਕੌਮ ਤੇ ਪਾਬੰਦੀ ਲਗਾਈ ਜਾਵੇ। ਲੇਕਿਨ ਸੈਂਟਰ ਦੀ ਸਰਕਾਰ ਇਹ ਚਾਹੁੰਦੀ ਹੈ ਕਿ ਜਿਹੜੇ ਦੇਸ਼ ਵਿਚ ਫਿਰਕਾਪ੍ਰਸਤ ਹਨ ਜਿਹੜੇ ਦੇਸ਼ ਨੂੰ, ਸੂਬਿਆਂ ਨੂੰ ਨੁਕਸਾਨ ਪਹੁੰਚਾਣਾ ਚਾਹੁੰਦੇ ਹਨ, ਅਜਿਹਿਆਂ ਲੋਕਾਂ ਨੂੰ ਸੈਂਟਰ ਦੀ ਸਰਕਾਰ ਰੋਕਣਾ ਚਾਹੁੰਦੀ ਹੈ। ਇਥੇ ਆਵਾਜ਼ ਉਠਾਈ ਗਈ ਸੀ ਕਿ ਸਿੱਖ ਹੋਮ ਲੈਂਡ ਹੋਣਾ ਚਾਹੀਦਾ ਹੈ, ਹਿੰਦੂ ਰਾਸ਼ਟਰ ਜਾਂ ਡੀ. ਐਮ. ਕੇ. ਵਾਲਿਆਂ ਨੇ ਕਿਹਾ ਸੀ ਕਿ ਉਹ ਹਿੰਦੁਸਤਾਨ ਦਾ ਪਾਰਟ ਨਹੀਂ ਹਨ। ਇਹ ਜਿਹੜੀਆਂ ਐਂਟੀ-ਨੈਸ਼ਨਲ ਐਕਟਿਵਿਟੀਜ਼ ਹਨ ਇਨ੍ਹਾਂ ਨੂੰ ਰੋਕਿਆ ਜਾਣਾ ਚਾਹੀਦਾ ਹੈ। ਪ੍ਰੇਮ ਜੀ ਨੇ ਕਿਹਾ ਸੀ ਕਿ ਹਿੰਦੁਸਤਾਨ 2000 ਸਾਲ ਗੁਲਾਮ ਰਿਹਾ। ਇਥੇ ਦੋ ਦੋ ਸੌ ਸਿਪਾਹੀ ਬਾਹਰੋਂ ਆਕੇ ਲੁੱਟਦੇ ਰਹੇ। ਅੰਗਰੇਜ਼ ਢਾਈ ਸੌ ਸਾਲ ਰਾਜ ਕਰ ਗਿਆ। ਉਸ ਵੇਲੇ ਇਨ੍ਹਾਂ ਦੀਆਂ ਬਾਹਾਂ ਵਿਚ ਜ਼ੋਰ ਕਿੱਥੇ ਗਿਆ ਸੀ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ, 10 ਦਿਨ ਬਾਅਦ ਹੀ ਜਮਰੌਦ ਦੇ ਕਿਲੇ ਤੋਂ ਝੰਡਾ ਲਾਹਕੇ ਲੀਰੋ ਲੀਰ ਕਿਉਂ ਕਰ ਦਿੱਤਾ। ਹਿੰਦੁਸਤਾਨ ਵਿਚ ਮਰਾਠੇ ਰਾਜਪੂਤਾਂ ਨਾਲ ਲੜਦੇ ਰਹੇ ਅਤੇ ਰਾਜਪੂਤ ਮਰਾਠਿਆਂ ਨਾਲ। ਆਪਸ ਵਿਚ ਹੀ ਇਕ ਦੂਜੇ ਨਾਲ ਲੜਦੇ ਰਹੇ ਅਤੇ ਜਦੋਂ ਬਾਹਰ ਦੇ ਹਮਲਾਵਰ ਆਏ ਤਾਂ ਇਨ੍ਹਾਂ ਨੇ ਕਿਹਾ ਲੜਨ ਦਿਉ ਜਿਸ ਕਰਕੇ ਹਿੰਦੁਸਤਾਨ ਗੁਲਾਮ ਹੋ ਗਿਆ ਅਤੇ 1947 ਤੋਂ ਪਹਿਲਾਂ ਤੱਕ ਇਹ ਗੁਲਾਮ ਹੀ ਰਿਹਾ। ਬੜੀ ਮੁਸ਼ਕਲ ਨਾਲ ਅਸੀਂ ਗੁਲਾਮੀ ਨੂੰ ਦੂਰ ਕੀਤਾ ਹੈ। ਅਤੇ ਅਜ਼ਾਦੀ ਨੂੰ

Original with;
Punjab Vidhan Sabha
Digitized by;
Panjab Digital Library

ਹਾਸਲ ਕੀਤਾ ਹੈ । ਉਸ ਤੋਂ ਬਾਅਦ ਹਿੰਦੁਸਤਾਨ ਦੀ ਡੀਵੈਲਪਮੈਂਟ ਹੋਈ ਅਤੇ ਇਹ ਡੀਵੈਲਪਮੈਂਟ ਪਲੈਨਿੰਗਜ਼ ਨਾਲ ਹੋਈ । ਪੰਡਿਤ ਨਹਿਰੂ ਨੇ ਇਕ ਪਲੈਨਿੰਗ ਕਮਿਸ਼ਨ ਬਣਾਇਆ ਸੀ ਅਤੇ ਉਨ੍ਹਾਂ ਨੇ ਦੇਸ਼ ਨੂੰ ਅੱਗੇ ਲਿਆਉਣ ਦਾ ਪੂਰਾ ਪੂਰਾ ਯਤਨ ਕੀਤਾ । ਮੇਰੇ ਦੋਸਤ ਸੱਤਪਾਲ ਡਾਂਗ ਜੀ ਨੇ ਕਿਹਾ ਕਿ ਕਲਾਜ਼ ਇਕ ਐਸੀ ਹੈ regarding internal disturbance or disruption of public services ਇਸ ਤੋਂ ਖਤਰਾ ਲਗਦਾ ਹੈ । ਇਹ ਐਂਟੀ-ਨੈਸ਼ਨਲ ਕਲਾਜ਼ਾਂ ਪਾ ਦਿੱਤੀਆਂ । (ਵਿਘਨ)

ਸ੍ਰੀ ਡਿਪਟੀ ਸਪੀਕਰ : ਪਰੋ-ਨੈਸ਼ਨਲ ਕਲਾਜ਼ਾਂ ।

ਚੌਧਰੀ ਦਰਸ਼ਨ ਸਿੰਘ : ਹਾਂ ਜੀ ਇਹ ਪਰੋ-ਨੈਸ਼ਨਲ ਕਲਾਜ਼ਾਂ ਹਨ ਐਂਟੀ-ਨੈਸ਼ਨਲ ਐਲੀਮੈਂਟ ਦੇ ਅਗੇਂਸਟ । ਜਿਹੜੇ ਇਸ ਗੱਲ ਦਾ ਖਿਆਲ ਕਰਨ ਕਿ ਹਿੰਦੁਸਤਾਨ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਪਾਰਲੀਮੈਂਟ ਨੂੰ ਨਹੀਂ ਚੱਲਣ ਦੇਵਾਂਗੇ, ਜਿਹੜੇ ਲੋਕ ਹੁਕਮ ਮੰਨਣ ਤੋਂ ਇਨਕਾਰ ਕਰਨ ਮੈਨੂੰ ਦੱਸੋ ਉਨ੍ਹਾਂ ਦਾ ਕੀ ਇਲਾਜ ਕੀਤਾ ਜਾਵੇ ? (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਅੱਗੇ ਇਹ ਬੇਨਤੀ ਕਰ ਰਿਹਾ ਸੀ ਕਿ ਜੇ ਮੁਲਕ ਦੀ ਏਕਤਾ ਨੂੰ, ਜਮਹੂਰੀਅਤ ਨੂੰ ਕਾਇਮ ਰੱਖਣਾ ਹੈ ਤਾਂ ਸਭ ਤੋਂ ਜ਼ਿਆਦਾ ਜ਼ਰੂਰੀ ਗੱਲ ਇਹ ਹੈ ਕਿ ਹਿੰਦੁਸਤਾਨ ਵਿਚ ਵਸਣ ਵਾਲੇ 66 ਕਰੋੜ ਲੋਕ ਬਤੌਰ ਹਿੰਦੁਸਤਾਨੀ ਸੋਚਣ । ਹਿੰਦੂ ਜਾਂ ਸਿੱਖ ਜਾਂ ਮੁਸਲਮਾਨ ਜਾਂ ਮਦਰਾਸੀ ਦੇ ਨਾਤੇ ਨਾ ਸੋਚਣ । ਹਿੰਦੁਸਤਾਨ ਦੀ ਏਕਤਾ ਤਾਂ ਹੀ ਕਾਇਮ ਰਹਿ ਸਕਦੀ ਹੈ ਜੇ ਉਹ ਬਤੌਰ ਹਿੰਦੁਸਤਾਨੀ ਦੇ ਸੋਚਣ । ਇਸ ਲਈ ਇਹ ਸੋਚਣ ਕਿ ਹਿੰਦੁਸਤਾਨ ਵਿਚ ਪੈਦਾ ਹੋਣ ਵਾਲੇ ਰਿਸੋਰਸਿਜ਼, ਹਿੰਦੁਸਤਾਨ ਵਿਚ ਹੋਣ ਵਾਲੀ ਪੈਦਾਵਾਰ, ਹਿੰਦੁਸਤਾਨ ਵਿਚ ਹੋਣ ਵਾਲੀ ਡਿਵੈਲਪਮੈਂਟ ਹਰ ਘਰ ਵਿਚ ਹੋਵੇ । ਠੀਕ ਹੀ ਕਿਸੇ ਨੇ ਆਖਿਆ ਹੈ ਕਿ ਹਿੰਦੁਸਤਾਨ ਦੀ ਡੀਵੈਲਪਮੈਂਟ ਸਾਰਿਆਂ ਲਈ ਨਹੀਂ । (ਵਿਘਨ) ਸਭ ਕੁੱਝ ਹੁੰਦਾ ਤਾਂ 20 ਨੁਕਾਤੀ ਪ੍ਰੋਗਰਾਮ ਦੀ ਲੋੜ ਨਾ ਪੈਂਦੀ । ਹਿੰਦੁਸਤਾਨ ਦੀ ਬਿਊਰੋਕ੍ਰੇਸੀ, ਹਿੰਦੁਸਤਾਨ ਦੇ ਅਮੀਰ ਲੋਕ ਸਮਾਜਵਾਦ ਦੇ ਝੰਡੇ ਥੱਲੇ ਗਰੀਬ ਨੂੰ ਐਕਸਪਲਾਇਟ ਕਰਨਾ ਚਾਹੁੰਦੇ ਹਨ। ਇਸ ਕਰਕੇ ਉਸ ਨੂੰ ਅਨਡੂ ਕਰਨਾ ਪਵੇਗਾ । ਸਾਡੇ ਪ੍ਰਾਈਮ ਮਨਿਸਟਰ ਸਾਹਿਬਾ ਨੇ ਆਖਿਆ ਸੀ These are not radical changes in the Constitution ਰਿਜ਼ਰਵ ਬੈਂਕ ਆਫ ਇੰਡੀਆ ਨੇ ਸਰਵੇ ਕਰਕੇ ਇਹ ਕਿਹਾ ਸੀ ਕਿ ਅਮੀਰ ਔਰ ਗਰੀਬ ਦੇ ਵਿਚ ਵਾਸਟ ਗੈਪ ਹੈ । ਉਹ ਗੈਪ ਅਸੀਂ ਮੇਕ ਅੱਪ ਨਹੀਂ ਕਰ ਸਕਦੇ । ਜਿਸ ਮੁਲਕ ਦੇ ਵਿਚ ਅਮੀਰ ਅਤੇ ਗਰੀਬ ਦਾ ਇਤਨਾ ਗੈਪ ਹੋਵੇ . . (ਵਿਘਨ)

ਸ੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ ਹੁਣ ਵਾਈਂਡ ਅੱਪ ਕਰ ਦਿਉ ।

ਚੌਧਰੀ ਦਰਸ਼ਨ ਸਿੰਘ : ਮੈਂ ਵਾਈਂਡ ਅੱਪ ਕਰ ਰਿਹਾ ਹਾਂ ਜੀ ।

ਡਿਪਟੀ ਸਪੀਕਰ ਸਾਹਿਬ, ਇਕ ਪਾਸੇ ਤਾਂ ਇਹ ਹੋਵੇ ਇਕ ਬੰਦਾ ਭੁਖ ਮਰੀ ਨਾਲ ਮਰ ਰਿਹਾ ਹੋਵੇ ਅਤੇ ਦੂਸਰੇ ਪਾਸੇ ਇਕ ਬੰਦਾ ਓਵਰਈਟਿੰਗ ਨਾਲ ਮਰ ਰਿਹਾ ਹੋਵੇ, ਜ਼ਿਆਦਾ ਖਾਣੇ ਨਾਲ ਮਰ ਰਿਹਾ ਹੋਵੇ ਤਾਂ ਇਸ ਨੂੰ ਕੱਟ ਸ਼ਾਰਟ ਕਰਨਾ ਪੈਣਾ ਹੈ ।

ਡਿਪਟੀ ਸਪੀਕਰ ਸਾਹਿਬ, 2 ਗਲਾਂ ਮੈਂ ਜ਼ਰੂਰ ਕਹਿਣਾ ਚਾਹੁੰਦਾ ਹਾਂ । ਸਾਡੇ ਕਾਂਸਟੀਚਿਊਸ਼ਨ ਦਾ ਜਿਹੜਾ ਬੇਸ ਹੈ ਉਹ ਸੋਸ਼ਲਿਜ਼ਮ ਅਤੇ ਸੈਕੂਲਰਿਜ਼ਮ ਹੈ ।

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

These are the main pillars. I do not attach much importance to other amendments. Other clauses depend upon implementation of these laws. ਲੇਕਿਨ ਜਿਹੜਾ ਸੈਕੂਲੇਰਿਜ਼ਮ ਸੋਸ਼ਲਿਜ਼ਮ ਦਾ ਲਫਜ਼ ਪਿਆ ਹੈ ਇਹ ਬਹੁਤ ਬੇਸਿਕ ਚੀਜ਼ ਹੈ । ਜੇ ਇਸ ਤੇ ਬੇਸ ਕਰਕੇ ਕਾਂਸਟੀਚਿਊਸ਼ਨ ਕਾਇਮ ਰਹੇ ਤਾਂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸਾਡਾ ਦੇਸ਼ ਅੱਗੇ ਵਧੇਗਾ ।

ਇਕ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਜੁਡੀਸ਼ਰੀ ਦੇ ਬਾਰੇ ਵਿਚ ਕਹਿਣੀ ਚਾਹੁੰਦਾ ਹਾਂ । ਕੋਈ ਜਮਹੂਰੀਅਤ ਮਜ਼ਬੂਤ ਨਹੀਂ ਹੋ ਸਕਦੀ ਜੇ ਉਸ ਦੀ ਜੁਡੀਸ਼ਰੀ ਇਨਡੀਪੈਂਡੈਂਟ ਨਾ ਹੋਵੇ, ਇਮਪਾਰਸ਼ਲ ਨਾ ਹੋਵੇ । ਲੋਕਾਂ ਦਾ ਵਿਸ਼ਵਾਸ ਇਨ੍ਹਾਂ ਤੇ ਹੈ । ਜੇ ਜੁਡੀਸ਼ਰੀ ਸੁਪਰਸੀਡ ਕਰੇ ਪਾਰਲੀਮੈਂਟ ਨੂੰ ਤਾਂ ਇਹ ਗੱਲ ਠੀਕ ਨਹੀਂ ਹੈ । Judiciary is not law making body. Judiciary is not Executive. ਉਨ੍ਹਾਂ ਨੂੰ ਆਪਣੇ ਸਫੀਅਰ ਵਿਚ ਰਹਿਣਾ ਚਾਹੀਦਾ ਸੀ । Parliament is supreme. Why Parliament is supreme ? ਪਾਰਲੀਮੈਂਟ ਨੂੰ ਪਤਾ ਹੈ ਕਿ ਕਾਨੂੰਨ ਕੀ ਬਣਾਉਣੇ ਹਨ । ਸੁਪਰੀਮ ਕੋਰਟ ਜਾਂ ਕੋਰਟਸ ਦੀ ਡਿਊਟੀ ਇਤਨੀ ਹੈ to interpret the law, to find out flaws. ਜੇ ਕਾਮਾ ਵੀ ਗਲਤ ਲੱਗ ਗਿਆ ਜਾਂ ਫੁਲਸਟਾਪ ਵੀ ਦੂਸਰੇ ਪਾਸੇ ਪੈ ਗਿਆ ਤਾਂ ਉਸ ਦੀ ਇਨਟਰਪ੍ਰੇਟੇਸ਼ਨ ਰਿਚ ਆਦਮੀ ਦੇ ਹੱਕ ਵਿਚ ਹੁੰਦੀ ਰਹੀ, ਪੂਅਰ ਆਦਮੀ ਦੇ ਹੱਕ ਵਿਚ ਨਹੀਂ ਹੋਈ । ਸੋ ਮੇਰੇ ਕਹਿਣ ਦਾ ਮਤਲਬ ਹੈ ਕਿ Judiciary shall have to find out the intention of the Legislature also. ਇਨਟੈਨਸ਼ਨ ਦੇਖਣੀ ਪਵੇਗੀ ਕਿ ਪਾਰਲੀਮੈਂਟ ਕੀ ਕਹਿਣਾ ਚਾਹੁੰਦੀ ਹੈ । ਜੇ ਬਣਾਏ ਹੋਏ ਕਾਨੂੰਨ ਵਿਚ ਕੁੱਝ ਥੋੜ੍ਹਾ ਜਿਹਾ ਲੈਕੂਨਾ ਰਹਿ ਵੀ ਗਿਆ ਹੈ ਤਾਂ ਇਹ ਨਾ ਕਿਹਾ ਜਾਵੇ ਕਿ ਕਾਨੂੰਨ ਤੋੜ ਦਿੱਤਾ ਜਾਵੇ । ਗੋਖਲੇ ਸਾਹਿਬ ਨੇ ਠੀਕ ਹੀ ਕਿਹਾ ਹੈ ਕਿ ਅਦਾਲਤਾਂ ਨੂੰ ਜੋ ਕੁੱਝ ਅਸੀਂ ਕਹਿੰਦੇ ਹਾਂ ਉਹ ਕੁੱਝ ਕਰਨਾ ਚਾਹੀਦਾ ਹੈ । ਗਜਿੰਦਰਾ ਗਡਕਰ ਨੇ ਬੜਾ ਡੀਫਾਈਨ ਕੀਤਾ ਹੈ । ਉਨ੍ਹਾਂ ਨੇ ਆਖਿਆ ਹੈ ਕਿ ਜੁਡੀਸ਼ਰੀ ਅਤੇ ਉਸ ਦਾ ਸਫੀਅਰ ਬਿਲਕੁਲ ਦੂਸਰੇ ਪਾਸੇ ਹੈ । ਜਿਹੜੇ ਐਗਜ਼ੈਕਟਿਵ ਸਾਈਡ ਤੇ ਲੋਕ ਕਹਿੰਦੇ ਹਨ ਉਨ੍ਹਾਂ ਦਾ ਲਿੰਕ ਤੱਕ ਵੀ ਨਹੀਂ ਹੈ । (ਵਿਘਨ) ਐਜੂਕੇਸ਼ਨ ਦੇ ਬਾਰੇ ਵਿਚ ਸੂਬਿਆਂ ਨੂੰ ਥੋੜ੍ਹਾ ਜਿਹਾ ਖਬਰਦਾਰ ਹੋਣਾ ਚਾਹੀਦਾ ਹੈ । Why Education has been taken on the Concurrent List ? Education has not been properly dealt with. Education has been imparted on communal basis. ਕਈ ਇਨਸਟੀਚਿਊਸ਼ਨਜ਼ ਵਿਚ ਕਮਿਊਨਲ ਬੇਸ ਤੇ ਐਜੂਕੇਸ਼ਨ ਇੰਪਾਰਟ ਹੁੰਦੀ ਰਹੀ ਇਸ ਨੂੰ ਓਵਰ-ਹਾਲ ਕਰਨਾ ਚਾਹੀਦਾ ਹੈ । (ਵਿਘਨ) (ਘੰਟੀ)

ਡਿਪਟੀ ਸਪੀਕਰ ਸਾਹਿਬ, ਬਹੁਤਾ ਕੁੱਝ ਨਾ ਕਹਿੰਦਾ ਹੋਇਆ ਮੈਂ ਫਿਰ ਇਹੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਰੀਸੈਂਟਲੀ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨੇ ਟੂਰ ਕੀਤਾ ਸਾਡੀ ਸਟੇਟ ਦਾ । ਸਾਡੀ ਸਟੇਟ ਦੇ ਲੋਕਾਂ ਦਾ ਕਿੰਨਾ ਉਤਸ਼ਾਹ ਸੀ ਜਦ ਉਨ੍ਹਾਂ ਨੂੰ ਇਸ ਦਾ ਪਤਾ ਲੱਗਾ । ਹਰ ਗਰੀਬ ਨੇ ਉਠ ਕੇ ਇਹ ਮੰਗ ਕੀਤੀ ਕਿ ਜੋ ਸੋਧਾਂ ਕਰ ਰਹੇ ਹੋ ਉਨ੍ਹਾਂ ਸੋਧਾਂ

Original with;
Punjab Vidhan Sabha
Digitized by;
Panjab Digital Library

ਰਾਹੀਂ ਸਾਡੇ ਤੱਕ ਕੁੱਝ ਨਾ ਕੁੱਝ ਬੁਰਕੀ, ਰੋਟੀ, ਕਪੜਾ ਆਦਿ ਪਹੁੰਚਣਾ ਚਾਹੀਦਾ ਹੈ । ਲੋਕ ਇਹੀ ਮੰਗ ਕਰਦੇ ਰਹੇ । ਡਿਪਟੀ ਸਪੀਕਰ ਸਾਹਿਬ, ਗਰੀਬਾਂ ਦੀ ਇਹੀ ਮੰਗ ਹੈ । ਅਮੀਰ ਅਤੇ ਗਰੀਬ ਦੋਨੋਂ ਹੀ ਸਮਾਜਵਾਦ ਦਾ ਨਾਹਰਾ ਲਗਾਉਂਦੇ ਹਨ । ਅਮੀਰ ਆਦਮੀ ਤਾਂ ਸਮਾਜਵਾਦ ਦੀ ਆੜ ਲੈਂਦਾ ਹੈ ਪਰ ਗਰੀਬ ਆਦਮੀ ਸਮਾਜਵਾਦ ਦਾ ਨਾਹਰਾ ਇਸ ਕਰਕੇ ਲਾਉਂਦਾ ਹੈ ਕਿ ਸ਼ਾਇਦ ਕਿਸੇ ਦਿਨ ਸਮਾਜਵਾਦ ਆ ਜਾਵੇ । ਸਾਨੂੰ ਇਹ ਖਿਆਲ ਰੱਖਣਾ ਪਵੇਗਾ ਕਿ ਗਰੀਬ ਕਾਂਗਰਸ ਦੀ ਰੀੜ੍ਹ ਦੀ ਹੱਡੀ ਹੈ, ਖਾਸ ਤੌਰ ਤੇ ਹਰੀਜਨ ਔਰ ਵੀਕਰ ਸੈਕਸ਼ਨ ।

ਮੈਂ ਇਨ੍ਹਾਂ ਬੈਂਚਾਂ ਤੇ ਬੈਠੇ ਸਾਥੀਆਂ ਨੂੰ ਵਾਰਨ ਕਰ ਦਿੰਦਾ ਹਾਂ ਕਿ ਇਸ ਨੂੰ ਉਸ ਗਰੀਬ ਤਬਕੇ ਲਈ ਇੰਪਲੀਮੈਂਟ ਕਰਨਾ ਪਏਗਾ । ਜੇ ਨਾ ਕਰ ਸਕੇ ਤਾਂ ਉਹ ਲੋਕ (ਅਕਾਲੀ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਉਨ੍ਹਾਂ ਗਰੀਬ ਲੋਕਾਂ ਨੂੰ ਮਜ਼੍ਹਬ ਦੇ ਨਾਂ ਤੇ ਐਕਸਪਲਾਇਟ ਕਰਨਗੇ । ਉਹ ਗਰੀਬ ਲੋਕ ਮੰਗ ਕਰਦੇ ਹਨ ਕਿ ਕਾਂਗਰਸ ਨੂੰ 28 ਸਾਲ ਹੋ ਗਏ ਹਨ ਅਸੀਂ ਤੁਹਾਡੇ ਹੱਥਾਂ ਵਿਚ ਪਾਵਰ ਦਿੱਤੀ । ਉਹ ਕਹਿੰਦੇ ਹਨ ਕਿ ਪਹਿਲਾਂ ਬੌਲਦਾਂ ਦੀ ਜੋੜੀ ਤੇ ਤੁਸੀਂ ਲੜਦੇ ਰਹੇ ਅਸੀਂ ਬੌਲਦਾਂ ਨੂੰ ਪੱਠੇ ਪਾਉਂਦੇ ਰਹੇ ਹੁਣ ਗਾਂ ਤੇ ਵੱਛਾ ਲਿਆਂਦਾ ਹੈ ਅਸੀਂ ਉਸ ਨੂੰ ਵੀ ਪੱਠੇ ਪਾ ਦਿਆਂਗੇ । ਮੱਖਣ, ਮਲਾਈ, ਦੁੱਧ, ਘੀ ਤੁਸੀਂ ਲਓ ਪਰ ਲੱਸੀ ਸਾਨੂੰ ਦੇ ਦਿਓ, ਬਚੀ ਹੋਈ ਲੱਸੀ ਹੀ ਸਾਨੂੰ ਦੇ ਦਿਓ । ਭਾਵ ਇਹ ਹੈ ਕਿ ਜਿਹੜੇ ਕੁਰੱਪਟ ਸਿਆਸਤਦਾਨ ਜਾਂ ਬਿਉਰੋਕਰੇਸੀ ਹੈ ਉਸ ਨੂੰ ਕਲੀਨ ਕਰਨਾ ਪਏਗਾ । ਸਾਨੂੰ ਗਰੀਬਾਂ ਦੇ ਘਰਾਂ ਤੱਕ ਤਰੱਕੀ ਪਹੁੰਚਾਉਣੀ ਪਏਗੀ । They are not going to wait now, ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਮੱਤੇ ਦੀ ਪੁਰਜ਼ੋਰ ਪ੍ਰੋੜ੍ਹਤਾ ਕਰਦਾ ਹਾਂ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਦੋਂ ਵੀ ਕਾਮਰੇਡ ਦਰਸ਼ਨ ਸਿੰਘ ਜੀ ਉਠਦੇ ਹਨ ਤਾਂ ਤੁਸੀਂ ਕਹਿ ਦਿੰਦੇ ਹੋ ਕਿ ਤੁਹਾਡਾ ਟਾਈਮ ਸਾਰਾ ਡਾਂਗ ਸਾਹਿਬ ਲੈ ਗਏ ਹਨ । ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਸਰਦਾਰ ਉਮਰਾਓ ਸਿੰਘ ਜੀ ਨੇ ਮੋਸ਼ਨ ਮੂਵ ਕੀਤੀ ਸੀ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਜਿਨਾ ਚਿਰ ਮੈਂਬਰ ਸਾਹਿਬਾਨ ਬੋਲਣਾ ਚਾਹੁਣਗੇ ਬੋਲ ਸਕਦੇ ਹਨ ।

**ਸ਼੍ਰੀ ਡਿਪਟੀ ਸਪੀਕਰ** : ਟਾਈਮ ਤਾਂ ਮਿਲੇਗਾ, ਪਰ ਜਿਨਾਂ ਚਿਰ ਮਰਜ਼ੀ ਬੋਲੀ ਜਾਵੋ ਇਸ ਦੀ ਮੈਂ ਕਮਿਟਮੈਂਟ ਨਹੀਂ ਕਰਦਾ ।

**ਕਾਮਰੇਡ ਸੱਤ ਪਾਲ ਡਾਂਗ** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਿਹੜਾ ਸਾਈਨੇਡਾਈ ਦਾ ਮੱਤਾ ਹੋਇਆ ਹੈ ਉਸ ਵਿਚ ਇਹ ਨਹੀਂ ਲਿਖਿਆ ਕਿ ਕਿੰਨਾਂ ਚਿਰ ਹਾਊਸ ਚੱਲਣਾ ਹੈ ।

**ਸ਼੍ਰੀ ਡਿਪਟੀ ਸਪੀਕਰ** : ਡਾਂਗ ਸਾਹਿਬ; ਤੁਸੀਂ ਦੋਬਾਰਾ ਬੋਲ ਲੈਣਾ, ਚਿੰਤਾ ਨਾ ਕਰੋ ।

**ਚੌਧਰੀ ਜਗਤ ਰਾਮ** (ਬੰਗਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਜਿਹੜੀ ਵਿਧਾਨ ਵਿਚ ਤਰਮੀਮ ਕੀਤੀ ਹੈ ਇਹ ਬਹੁਤ ਪਹਿਲਾਂ ਹੋਣੀ ਚਾਹੀਦੀ ਸੀ, ਇਹ ਦੇਰ ਨਾਲ ਹੋਈ ਹੈ । ਜੇ ਇਸ ਦੇ ਪਿਛੋਕੜ ਵਿਚ ਜਾਈਏ ਤਾਂ ਪਤਾ ਲਗਦਾ ਹੈ ਕਿ ਜਿੰਨੇ ਵੀ ਰਿਸ਼ੀ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਤ ਰਾਮ]

ਮੁਨੀ ਸਨ, ਅਵਤਾਰ ਸਨ ਉਨ੍ਹਾਂ ਸਾਰਿਆਂ ਦੀ ਵਿਚਾਰਧਾਰਾ ਇਹੀ ਸੀ । ਪਰ ਕੁੱਝ ਲੋਕ ਹਿੰਦੁਸਤਾਨ ਨੂੰ, ਮੁਲਕ ਨੂੰ ਨਿਕੰਮੇ ਪਾਸੇ ਲੈ ਗਏ ਜਿਹੜੇ ਕਹਿੰਦੇ ਸਨ ਕਿ—

'ਢੋਰ ਗੰਵਾਰ ਸ਼ੂਦਰ ਔਰ ਨਾਰੀ
ਇਹ ਸਭ ਤਾੜਨ ਕੇ ਅਧਿਕਾਰੀ'

ਇਸ ਚੀਜ਼ ਨੂੰ ਇੰਦਰਾ ਗਾਂਧੀ ਨੇ ਖਤਮ ਕੀਤਾ ਹੈ ।

ਗੁਰੂ ਰਵੀ ਦਾਸ ਦੇ ਸਮੇਂ ਸਿਕੰਦਰ ਲੋਧੀ ਦੀ ਹਕੂਮਤ ਸੀ ਅਤੇ ਸਿਕੰਦਰ ਲੋਧੀ ਡਿਕਟੇਟਰ ਸੀ । ਉਸ ਨੇ ਗੁਰੂ ਜੀ ਨੂੰ ਪੁੱਛਿਆ ਕਿ ਤੂੰ ਕੀ ਚਾਹੁੰਦਾ ਏਂ ਤਾਂ ਉਨ੍ਹਾਂ ਨੇ ਕਿਹਾ ਕਿ ਬੇਗਮਪੁਰਾ ਯਾਨੀ ਗਮ ਤੋਂ ਬਗੈਰ ਸ਼ਹਿਰ । ਇਸੇ ਤਰ੍ਹਾਂ ਸ੍ਰੀਮਤੀ ਇੰਦਰਾ ਗਾਂਧੀ ਨੇ ਕਿਹਾ ਕਿ ਮੁਲਕ ਬੇਗਮ ਬਣਾ ਦੇਣਾ ਹੈ । ਉਸ ਨੇ ਤਾਂ ਸਹਿਰ ਬੇਗਮ ਵਾਸਤੇ ਕਿਹਾ ਸੀ, ਪਰ ਇਸ ਨੇ ਮੁਲਕ ਬੇਗੰਮ ਬਣਾ ਦੇਣ ਵਾਸਤੇ ਮੈਨੀਫੈਸਟੋ ਦਿੱਤਾ ਹੈ । ਅਤੇ ਉਸ ਨੇ ਕਿਹਾ ਕਿ ਮੇਰੇ ਨਾਲ ਉਹ ਆਵੇ ਜਿਹੜਾ ਇਸ ਮੈਨੀਫੈਸਟੋ ਤੇ ਚੱਲੇ । ਮੁਲਕ ਵਿਚ ਕਿਸੇ ਨੂੰ ਕਿਸੇ ਗਲ ਦਾ ਖ਼ੌਫ ਅਤੇ ਖ਼ਤਰਾ ਨਾ ਹੋਵੇ । ਇਹ ਜਿਹੜੇ ਬੜੇ ਬੜੇ ਲੈਂਡ ਲਾਰਡ ਉਧਰ ਬੈਠੇ ਹਨ (ਅਕਾਲੀ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਜਾਂ ਕੋਈ ਲੁਟੇਰੇ ਹਨ ਉਹ ਵੀ ਅੱਜ ਸੋਸ਼ਲਿਜ਼ਮ ਦਾ ਨਾਂ ਲੈਂਦੇ ਹਨ ਅਤੇ ਹਰੀਜਨਾਂ ਦੀ ਭਲਾਈ ਦੀਆਂ ਗੱਲਾਂ ਕਰਦੇ ਹਨ । ਅਗਰ ਉਹ ਇਸ ਤਰ੍ਹਾਂ ਨਾ ਕਰਨ ਤਾਂ ਉਹ ਖੜ੍ਹ ਨਹੀਂ ਸਕਦੇ । ਮੇਰੇ ਕਹਿਣ ਦਾ ਭਾਵ ਇਹ ਹੈ ਕਿ ਅੱਜ ਭਾਵੇਂ ਕੋਈ ਸਮੱਗਲਰ ਹੋਵੇ ਕੋਈ ਲੁਟੇਰਾ ਹੋਵੇ ਅਗਰ ਉਹ ਇਹ ਗੱਲ ਨਹੀਂ ਕਹਿੰਦਾ ਤਾਂ ਹਿੰਦੁਸਤਾਨ ਵਿਚ ਰਹਿਣ ਵਾਸਤੇ ਉਸ ਦੇ ਲਈ ਕੋਈ ਥਾਂ ਨਹੀਂ । ਇਹ ਵਿਧਾਨ ਇਸ ਤਰ੍ਹਾਂ ਦਾ ਹੈ ਕਿ ਜਿਸ ਨਾਲ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਤਕਲੀਫ਼ ਨਹੀਂ ਹੋਵੇਗੀ । ਇਹ ਤਾਂ ਸਿਰਫ਼ ਭਾਸ਼ਾ ਦੀ ਗੱਲ ਹੈ । ਅੰਗਰੇਜ਼ੀ ਵਿਚ ਵਾਟਰ ਕਹਿ ਦਿੰਦੇ ਹਨ ਅਤੇ ਪੰਜਾਬੀ ਵਿਚ ਪਾਣੀ ਅਤੇ ਹਿੰਦੀ ਵਿਚ ਜਲ । ਪੁਰਾਣੇ ਸਮੇਂ ਵਿਚ ਕਹਿੰਦੇ ਸੀ ਦੇਵਤਾ ਔਰ ਰਾਖਸ਼ਸ਼ । ਅਸਲ ਵਿਚ ਜਿਹੜੇ ਰਾਖਸ਼ਸ਼ ਹਨ ਉਹ ਇਸ ਦੀ ਵਿਰੋਧਤਾ ਕਰਦੇ ਹਨ ਅਤੇ ਕਹਿੰਦੇ ਹਨ ਕਿ ਇਹ ਗਲਤ ਹੈ । ਖੈਰ ਮੈਂ ਕਹਿੰਦਾ ਹਾਂ ਕਿ ਇਹ ਕਾਨੂੰਨ ਗਰੀਬਾਂ ਦੀ ਹਰ ਤਰ੍ਹਾਂ ਨਾਲ ਮੱਦਦ ਕਰਦਾ ਹੈ, ਹਿਫ਼ਾਜ਼ਤ ਕਰਦਾ ਹੈ । ਉਹ ਇਥੇ ਮੌਜਾਂ ਕਰਦੇ ਪਏ ਹਨ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ** ** ਵੀ ਨਹੀਂ ਸੀ ਕਿਹਾ ਅਤੇ ਜਿਹੜੇ ਰੰਗਰੇਟੇ ਗੁਰੂ ਕੇ ਬੇਟੇ ਹਨ ਉਨ੍ਹਾਂ ਲਈ ਕਿਤੇ ਵੀ ਥਾਂ ਨਹੀਂ ।

**ਸ੍ਰੀ ਡਿਪਟੀ ਸਪੀਕਰ** : ਇਹ ** ** ਦਾ ਸ਼ਬਦ ਕੱਟ ਦਿੱਤਾ ਜਾਵੇ ।

**ਚੌਧਰੀ ਜਗਤ ਰਾਮ** : ਕਟਾ ਦਿਓ ਜੀ । ਮੇਰੀ ਆਪਣੀ ਵਿਚਾਰਧਾਰਾ ਹੈ, ਮੈਂ ਤਾਂ ਇਕ ਅਰਜ਼ ਕੀਤੀ ਹੈ । ਮੇਰੇ ਦੇਸ਼ ਵਿਚ ਇਕ ਐਸੀ ਰਵਾਇਤ ਕਾਇਮ ਸੀ ਕਿ ਕਿਸੇ ਨੇ ਇਕ ਗੰਨਾ ਭੰਨ ਲਿਆ ਤਾਂ ਉਸ ਨੂੰ ਬਿਠਾ ਲਿਆ ਕਿ ਤੂੰ ਚੋਰ ਹੈਂ ਅਤੇ ਜਿਸ ਨੇ ਸਾਰੇ ਦੇਸ਼ ਨੂੰ ਲੁੱਟ ਲਿਆ ਉਹ ਦੇਵਤਾ ਹੋ ਗਿਆ, ਉਹ ਚੋਰ ਨਹੀਂ । ਲੇਕਿਨ ਸਹੀ ਮਾਨਿਆਂ ਵਿਚ ਜੇ ਡਕੈਤ ਨੂੰ ਡਕੈਤ ਕਹਿ ਦਈਏ ਤਾਂ ਇਸ ਵਿਚ ਕੋਈ ਫ਼ਰਕ ਨਹੀਂ ਪੈਂਦਾ । ਮੈਂ ਤੁਹਾਡੇ ਰਾਹੀਂ ਆਪਣੀ ਸਰਕਾਰ ਨੂੰ ਅਤੇ ਸੈਂਟਰ ਦੀ ਸਰਕਾਰ ਨੂੰ ਇਸ ਤਰਮੀਮ ਤੇ ਮੁਬਾਰਕਬਾਦ ਦਿੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਅੱਜ ਇਹ ਉਹ ਦੇਸ਼ ਹੈ ਜਿਸ ਦੀ ਪ੍ਰਧਾਨ ਮੰਤਰੀ

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਇਕ ਇਸਤਰੀ ਹੈ। ਮੈਂ ਅਰਜ਼ ਕਰਾਂ ਕਿ ਜਦੋਂ ਦੇਸ਼ ਗੁਲਾਮ ਸੀ ਤਾਂ ਉਦੋਂ ਜੇ ਪੰਜਾਬੀ ਲੋਕ ਯੂ. ਕੇ. ਵਿਚ ਜਾਂਦੇ ਸਨ, ਸਰਦਾਰ ਉਮਰਾਓ ਸਿੰਘ ਹੋਰੀਂ ਤਾਂ ਹੁਣ ਜਦ ਚਾਹੁੰਦੇ ਹਨ ਯੂ. ਕੇ. ਜਾ ਵੜਦੇ ਹਨ, ਤਾਂ ਉਨ੍ਹਾਂ ਦੀ ਜੁਰਅਤ ਨਹੀਂ ਸੀ ਪੈਂਦੀ ਕਿ ਧੌਣ ਉਚੀ ਕਰਕੇ ਤੁਰ ਸਕਦੇ। ਹੁਣ ਸਾਡੀ ਪ੍ਰਧਾਨ ਮੰਤਰੀ ਦੇ ਸਦਕਾ ਯੂ. ਕੇ. ਪੰਜਾਬੀਆਂ ਨਾਲ ਭਰਿਆ ਪਿਆ ਹੈ ਅਤੇ ਉਹ ਇੱਜ਼ਤ ਔਰ ਮਾਣ ਨਾਲ ਰਹਿ ਰਹੇ ਹਨ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਇਲਮ ਉਹ ਜਿਸ ਤੇ ਅਮਲ ਹੋਵੇ। ਜਿਸ ਤੇ ਅਮਲ ਨਾ ਹੋਵੇ ਉਹ ਕੋਈ ਇਲਮ ਨਹੀਂ। ਚੌਧਰੀ ਦਰਸ਼ਨ ਸਿੰਘ ਨੇ ਹੁਣੇ ਹੀ ਚੀਫ ਮਨਿਸਟਰ ਸਾਹਿਬ ਨੂੰ ਕਿਹਾ ਸੀ ਕਿ ਹੁਣ ਤਾਂ ਚੌਧਰੀ ਜਗਤ ਰਾਮ ਦੀਆਂ ਮਿੰਨਤਾਂ ਕਰਨੀਆਂ ਪੈਂਦੀਆਂ ਹਨ। ਇਹ ਸਮੇਂ ਦੀ ਪੁਕਾਰ ਹੈ ਅਤੇ ਸਮੇਂ ਦੀ ਲੋੜ ਅਨੁਸਾਰ ਵਿਧਾਨ ਨੂੰ ਚੇਂਜ ਕਰਨਾ ਪਿਆ। ਹੁਣ ਪੰਜਾਬੀ ਆਪਣੀ ਧੌਣ ਉਚੀ ਕਰਕੇ ਫਿਰਦਾ ਹੈ, ਬਾਹਰਲੇ ਦੇਸ਼ਾਂ ਵਿਚ। ਇਹ ਜਦੋਂ ਵਿਧਾਨ ਬਣਿਆ ਤਾਂ ਇਸਤਰੀ ਜਾਤੀ ਨੂੰ ਸਨਮਾਨ ਮਿਲਿਆ। ਚੌਧਰੀ ਦਰਸ਼ਨ ਸਿੰਘ, ਸਰਦਾਰ ਉਮਰਾਓ ਸਿੰਘ, ਯਸ਼ ਸਾਹਿਬ ਨੂੰ ਤਾਂ ਪਤਾ ਹੈ ਕਿ ਜਦੋਂ ਪਾਕਿਸਤਾਨ ਦੀ ਜੰਗ ਦਾ ਖ਼ਤਰਾ ਸੀ ਤਾਂ ਬਾਬੂ ਜਗਜੀਵਨ ਰਾਮ ਨੇ, ਹਿੰਦੁਸਤਾਨ ਦੇ ਉਸ ਵੇਲੇ ਦੇ ਡਿਫੈਂਸ ਮਨਿਸਟਰ ਨੇ ਕਿਹਾ ਸੀ ਕਿ, 'ਮੇਰੀ ਬਾਤ ਸੁਨ ਲੇ ਯਹੀਆ ਖਾਂ, ਅਗਰ ਕਿਸੀ ਕੇ ਕਹੇ ਪਰ ਲੜਾਈ ਕੀ ਤੋਂ ਵੋਹ ਲੜਾਈ ਤੇਰੇ ਘਰ ਮੇਂ ਤੇਰੀ ਗਲੀਓਂ ਮੇਂ ਹੋਗੀ।'

ਇਸ ਹਿੰਦੁਸਤਾਨ ਦੇ ਵਿਧਾਨ ਨੇ ਇਹ ਗੱਲ ਇੱਕ ਹਰੀਜਨ ਡਿਫੈਂਸ ਮਨਿਸਟਰ ਤੋਂ ਕਹਾਈ ਅਤੇ ਉਸ ਦੇ ਘਰ ਵਿੱਚ ਲੜਾਈ ਕਰਕੇ ਆਪਣਾ ਵਚਨ ਪੂਰਾ ਕਰ ਦਿਖਾਇਆ। ਸਾਡੇ ਸ਼ਾਸਤਰਾਂ ਵਿੱਚ ਇਸਤਰੀ ਜਾਤੀ ਨੂੰ ਤਾੜਨ ਦਾ ਅਧਿਕਾਰੀ ਦੱਸਿਆ ਹੈ ਅੱਜ ਸਾਡੇ ਦੇਸ਼ ਵਿੱਚ ਇੱਕ ਇਸਤਰੀ ਪ੍ਰਾਈਮ ਮਨਿਸਟਰ ਹੈ ਜਿਸ ਨੇ ਹਿੰਦੁਸਤਾਨੀ ਦੀ, ਪੰਜਾਬੀ ਦੀ ਧੌਣ ਦੁਨੀਆਂ ਸਾਹਮਣੇ ਉੱਚੀ ਕੀਤੀ ਹੈ ਅਤੇ ਅੱਜ ਚੀਨ ਅਤੇ ਅਮਰੀਕਾ ਦੀ ਧੌਣ ਨੀਵੀਂ ਹੋਈ ਹੈ, ਇਸ ਦਾ ਕਰੈਡਿਟ ਇਸ ਦੇਸ਼ ਦੀ ਪ੍ਰਾਈਮ ਮਨਿਸਟਰ ਨੂੰ ਜਾਂਦਾ ਹੈ। ਸਰਦਾਰ ਸਵਰਨ ਸਿੰਘ ਜਿਸ ਦਾ ਬਾਪ ਦੋ ਢਾਈ ਏਕੜ ਜ਼ਮੀਨ ਦਾ ਮਾਲਕ ਹੈ ਉਸ ਨੇ ਭੁੱਟੋ, ਜਿਹੜਾ ਕਿ ਬੜਾ ਰੌਲਾ ਪਾਉਂਦਾ ਸੀ, ਦਾ ਮੂੰਹ ਤੋੜ ਜਵਾਬ ਦਿੱਤਾ ਅਤੇ ਉਹ ਸਵਰਨ ਸਿੰਘ ਦੇ ਸਾਹਮਣੇ ਫੇਲ੍ਹ ਹੋਇਆ। ਇਹ, ਡਿਪਟੀ ਸਪੀਕਰ ਸਾਹਿਬ, ਆਪਣੇ ਆਪ ਨੂੰ ਸਿੱਖ ਧਰਮ ਦੇ ਠੇਕੇਦਾਰ ਕਹਿੰਦੇ ਹਨ। ਇਹ ਕਹਿੰਦੇ ਹਨ ਕਿ ਉਸ ਧਰਤੀ ਨੂੰ ਭਾਗ ਲੱਗ ਗਏ ਜਿੱਥੇ ਕਲਗੀ ਵਾਲੇ ਨੇ ਚਰਣ ਪਾਏ ਹਨ। ਮੈਂ ਕਹਿੰਦਾ ਹਾਂ ਕਿ ਗੁਰੂ ਸਾਹਿਬ ਤਾਂ ਸਾਰੇ ਹਿੰਦੁਸਤਾਨ ਵਿਚ ਫਿਰੇ ਹਨ ਇਸ ਲਈ ਇਸ ਸਾਰੇ ਦੇਸ਼ ਨੂੰ ਭਾਗ ਲੱਗ ਗਏ ਹਨ। ਇਹ ਕਹਿੰਦੇ ਹਨ ਕਿ ਜਿਸ ਦੋ ਮਰਲੇ ਜਾਂ ਦੋ ਕਨਾਲ ਜਗ੍ਹਾ ਵਿੱਚ ਗੁਰਦਵਾਰਾ ਹੈ ਉਥੇ ਭਾਗ ਲਗ ਗਏ ਹਨ, ਮੈਂ ਤਾਂ ਕਹਿੰਦਾ ਹਾਂ ਕਿ ਸਾਰੇ ਦੇਸ਼ ਨੂੰ ਅਤੇ ਸਾਰੀ ਕੌਮ ਨੂੰ ਭਾਗ ਲੱਗ ਗਏ ਹਨ। ਜਿਹੜੇ ਲੋਕ ਮਤਲਬ-ਪ੍ਰਸਤ ਹਨ ਉਹ ਇਸ ਢੰਗ ਨਾਲ ਸੋਚਦੇ ਹਨ। ਡਿਪਟੀ ਸਪੀਕਰ ਸਾਹਿਬ, ਜੇ ਕੋਈ ਲੜਾਈ ਹੋਵੇ ਜਾਂ ਦੇਸ਼ ਦੀ ਖਾਤਰ ਮਰਨਾ ਪਵੇ ਤਾਂ ਗਰੀਬ ਮਰੇ ਅਤੇ ਜੇ ਗੁਰਦਵਾਰੇ ਦਾ ਦੋ ਢਾਈ ਕਰੋੜ ਦਾ ਬਜਟ ਬਣੇ ਤਾਂ ਸਿਰਫ ਇਨ੍ਹਾਂ ਦਾ ਡਿਪਟੀ ਸਪੀਕਰ ਸਾਹਿਬ, ਤੁਸੀਂ ਕਿਹਾ ਸੀ ਕਿ ਜਲੰਧਰ ਵਾਲਿਆਂ ਦਾ ਆਪਸ ਵਿਚ ਪਿਆਰ ਵੀ ਹੁੰਦਾ ਹੈ। ਇਹ ਠੀਕ ਹੈ, ਚੌਧਰੀ ਸਾਹਿਬ ਦਾ ਤੇ ਸਾਡਾ ਆਪਸ ਵਿੱਚ ਬਹੁਤ ਪਿਆਰ ਹੈ। ਇਨ੍ਹਾਂ ਨੇ ਕਿਹਾ ਹੈ ਕਿ ਐਕਸਪਲਾਇਟ ਕੀਤੇ ਜਾਂਦੇ ਹਨ। ਇਸਦੇ ਵਿੱਚ ਕੋਈ ਸ਼ੱਕ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਤ ਰਾਮ]

ਵਾਲੀ ਗੱਲ ਨਹੀਂ । ਜੇ ਮੈਂ ਕੋਈ ਲਫ਼ਜ਼ ਕਹਿੰਦਾ ਹਾਂ ਤਾਂ ਤੁਸੀਂ ਕਹਿੰਦੇ ਹੋ ਕਿ ਸੋਧ ਕੇ ਬੋਲੋ । ਜਿਸ ਵੇਲੇ ਅਸੀਂ ਸ਼ਬਦ ਪੜ੍ਹਦੇ ਹਾਂ।

'ਨਾਂਗੇ ਆਇਆ ਪਿਆਰਿਆ, ਨਾਂਗੇ ਜਾਣਾ ਜੀ ਰਾਮਾ ।

ਮੈਂ ਕਹਿੰਦਾ ਹਾਂ ਕਿ ਬਿਰਲੇ ਦੇ ਹਿੱਸੇ ਕਿਉਂ ਨਹੀਂ ਆਇਆ ਕਿ ਨਾਂਗੇ ਆਉਣਾ ਹੈ ਤੇ ਨਾਂਗੇ ਹੀ ਮਰਨਾ ਹੈ । ਡਿਪਟੀ ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਇਹ ਰੌਲਾ ਪਾਉਂਦੇ ਫਿਰਦੇ ਹਨ ਕਿ ਵਿਧਾਨ ਨੂੰ ਚੇਂਜ ਨਹੀਂ ਕਰਨਾ ਚਾਹੀਦਾ. ਮੈਂ ਕਹਿੰਦਾ ਹਾਂ ਕਿ ਉਹ ਦਿਨ ਦੂਰ ਨਹੀਂ ਜਦੋਂ ਦੁਰਮਟ ਨਾਲ ਰੋੜੀ ਕੁੱਟਣ ਵਾਲਾ ਇਸ ਦੇਸ਼ ਦਾ ਬਾਦਸ਼ਾਹ ਪ੍ਰਾਈਮ ਮਨਿਸਰ ਹੋਵੇਗਾ । ਇਥੇ ਮਹਾਤਮਾ ਗਾਂਧੀ ਜੀ ਨੇ ਜਿਹੜੇ ਸ਼ਬਦ ਕਹੇ ਸਨ ਕਿ ਇਥੋ ਦਾ ਹਰੀਜਨ ਲੜਕਾ ਪ੍ਰਾਈਮ ਮਨਿਸਟਰ ਹੋਵੇਗਾ, ਉਹ ਗੱਲ ਅਜੇ ਪੂਰੀ ਨਹੀਂ ਹੋਈ । ਇਹ ਤਾਂ ਐਵੇਂ ਰੌਲਾ ਪਾਉਂਦੇ ਫਿਰਦੇ ਹਨ । ਡਿਪਟੀ ਸਪੀਕਰ ਸਾਹਿਬ, ਚੌਧਰੀ ਦਰਸ਼ਨ ਸਿੰਘ ਕਹਿਣ ਲੱਗਾ ਪਿਆ ਹੈ ਕਿ ਅਸੀਂ ਰੋੜੀ ਕੁੱਟਣ ਲੱਗ ਜਾਵਾਂਗੇ । ਜਦੋਂ ਕਾਂਸਟੀਚਿਊਸ਼ਨ ਵਿਚ ਥੋੜ੍ਹੀ ਜਿਹੀ ਚੇਂਜ ਹੋਈ ਤਾਂ ਮੈਨੂੰ ਬੜੀ ਖੁਸ਼ੀ ਹੋਈ । ਮੈਂ ਉਦੋਂ ਆਪੋਜ਼ੀਸ਼ਨ ਵਿੱਚ ਸੀ । ਮੈਂ ਕਿਹਾ ਚਲੋ ਟੈਸਟ ਹੋ ਰਿਹਾ ਹੈ । ਲੇਕਿਨ ਮੈਂ ਕੀ ਵੇਖਿਆ ਹੈ ਕਿ ਕਈਆਂ ਦੀਆਂ ਰਾਤ ਨੂੰ ਸਫੇਦ ਪੱਗਾਂ ਸਨ ਅਤੇ ਦਿਨ ਨੂੰ ਨੀਲੀਆਂ ਹੋ ਗਈਆਂ । ਉਨ੍ਹਾਂ ਨੇ ਗੁਰੂ ਸਾਹਿਬ ਨਾਲ ਵੀ ਹੇਰਾ ਫੇਰੀ ਕੀਤੀ । ਉਨ੍ਹਾਂ ਲੋਕਾਂ ਤੋਂ ਬਚਣਾ ਚਾਹੀਦਾ ਹੈ । ਉਹ ਵਿਧਾਨ ਦੀ ਤਾਰੀਫ਼ ਵੀ ਕਰਦੇ ਹਨ ਅਤੇ ਨੁਕਾਇਸ ਵੀ ਕੱਢਦੇ ਹਨ । ਇਸ ਲਈ ਪ੍ਰਾਈਮ ਮਨਿਸਟਰ ਨੇ ਜੋ ਅਖਬਾਰ ਵਿੱਚ ਆਪਣੇ ਬਿਆਨ ਦਿੱਤੇ ਹਨ, ਉਨ੍ਹਾਂ ਨੂੰ ਜੇ ਲੋਕ ਸਮਝ ਲੈਣ ਤਾਂ ਉਨ੍ਹਾਂ ਦਾ ਦਿਮਾਗ ਸਾਫ਼ ਹੋ ਜਾਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਜਿਵੇਂ ਬੇਲਣ ਦੇ ਦੁਆਲੇ ਇਕ ਚੱਕਰ ਲੱਗਾ ਹੁੰਦਾ ਹੈ, ਇਸੇ ਤਰ੍ਹਾਂ ਇੰਦਰਾ ਗਾਂਧੀ ਦੀ ਵਿਚਾਰ-ਧਾਰਾ ਦਾ, ਸੂਝ ਦਾ ਗਰੀਬਾਂ ਦੇ ਦੁਆਲੇ ਚੱਕਰ ਲੱਗਾ ਹੋਇਆ ਹੈ । (ਘੰਟੀ) ਡਿਪਟੀ ਸਪੀਕਰ ਸਾਹਿਬ, ਇੱਕ ਹੋਰ ਗੱਲ ਫੈਮਲੀ ਪਲਾਨਿੰਗ ਦੇ ਬਾਰੇ ਮੈਂ ਕਹਿਣੀ ਹੈ । ਇਹ ਜ਼ਰੂਰ ਹੋਣੀ ਚਾਹੀਦੀ ਹੈ । ਮੈਂ ਤਾਂ ਕਹਿੰਦਾ ਹਾਂ ਕਿ ਭਾਵੇਂ ਇੱਕ ਦੋ ਬੱਚੇ ਹੋਣ ਪਰ ਕਾਬਿਲ ਹੋਣ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਆਪਣਾ ਓਪਰੇਸ਼ਨ ਕਰਵਾ ਲਿਆ ਹੈ ਜਾਂ ਨਹੀਂ ।

ਚੌਧਰੀ ਜਗਤ ਰਾਮ : ਜਨਾਬ, ਤੁਸੀਂ ਜਿਹੜੀ ਚੇਅਰ ਤੇ ਬੈਠੇ ਹੋ, ਮੈਂ ਨਹੀਂ ਕਹਿਣਾ ਚਾਹੁੰਦਾ । ਜੇ ਆਪਾਂ ਇਕੱਠੇ ਕਰਾਈਏ ਤਾਂ ਬੜੀ ਲੱਜਤ ਆਵੇਗੀ । ਹੋਰ ਵੀ ਤਰ-ਮੀਮਾਂ ਕਰਨ ਦੀ ਲੋੜ ਹੈ ਉਹ ਕਰਨੀਆਂ ਚਾਹੀਦੀਆਂ ਹਨ । ਮੈਂ ਇਕ ਗੱਲ ਕਹਿ ਕੇ ਬੈਠ ਜਾਵਾਂਗਾ ਤੁਸੀਂ, ਘੰਟੀ ਤੋਂ ਹੱਥ ਚੁੱਕ ਲਵੋ । ਡਿਪਟੀ ਸਪੀਕਰ ਸਾਹਿਬ, ਚੌਧਰੀ ਦਰਸ਼ਨ ਸਿੰਘ ਕਹਿੰਦਾ ਹੈ ਕਿ ਫੈਮਲੀ ਪਲਾਨਿੰਗ ਕਰਨੀ ਚਾਹੀਦੀ ਹੈ । ਸਾਨੂੰ ਤਾਂ ਜ਼ਮੀਨ ਮਿਲੀ ਹੈ । ਅਸੀਂ ਤਾਂ ਚਾਹੁੰਦੇ ਹਾਂ ਕਿ ਫੈਮਲੀ ਪਲਾਨਿੰਗ ਹੋਵੇ ਤਾਂ ਕਿ ਵੰਡਨ ਨਾਲ ਥੋੜ੍ਹੀ ਨਾ ਰਹਿ ਜਾਵੇ ਅੱਛਾ ਜੀ ਬਹੁਤ ਬਹੁਤ ਧੰਨਵਾਦ ।

(ਇਸ ਸਮੇਂ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਅਤੇ ਚੌਧਰੀ ਰਾਮ ਸਿੰਘ ਬੋਲਣ ਲਈ ਖੜੇ ਹੋਏ)

**ਸ਼੍ਰੀ ਡਿਪਟੀ ਸਪੀਕਰ** : ਕਨੇਡੀਅਨ ਜੀ, ਪਹਿਲਾਂ ਚੌਧਰੀ ਰਾਮ ਸਿੰਘ ਨੂੰ ਆਪਣੀ ਗੱਲ ਕਹਿ ਲੈਣ ਦਿਓ ।

Original with;
Punjab Vidhan Sabha
Digitized by;
Panjab Digital Library

ਚੌਧਰੀ ਰਾਮ ਸਿੰਘ : (ਪਠਾਨਕੋਟ) ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਮਕਾਓ ਨਾ। ਲੀਡਰ ਸਾਹਿਬ ਦੇ ਵੱਲੋਂ ਜਿਹੜਾ ਇਹ ਮਤਾ ਆਇਆ ਹੈ ਮੈਂ ਉਸ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਇਥੇ ਹਾਊਸ ਵਿੱਚ ਕਾਫੀ ਬਹਿਸ ਹੋਈ ਹੈ। ਕਈ ਮੈਂਬਰਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਮੈਨੂੰ ਇਹ ਯਾਦ ਹੈ ਕਿ ਜਦੋਂ ਆਰਟੀਕਲ 31 ਕਾਂਸਟੀਚਿਊਸ਼ਨ ਦਾ ਬਣਿਆ ਸੀ, ਉਦੋਂ ਕੇ-ਕੇ ਸ਼ਾਹ, ਪੰਡਿਤ ਜਵਾਹਰ ਲਾਲ ਨਹਿਰੂ ਅਤੇ ਹੋਰ ਬੁੱਧੀਮਾਨਾਂ ਨੇ ਬਹਿਸ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਹਿੰਦੁਸਤਾਨ ਦੇ ਲੋਕਾਂ ਵਿੱਚ ਪ੍ਰੀਵਰਤਨ ਆਉਣ ਵਾਲਾ ਹੈ। ਹਿੰਦੁਸਤਾਨ ਦੀ ਇਕਨਾਮੀਕਲ ਹਾਲਤ ਨੂੰ ਬਦਲਣ ਵਾਲਾ ਇਕੋ ਹੀ ਆਰਟੀਕਲ 31 ਹੈ। ਲੇਕਿਨ ਸੁਪਰੀਮ ਕੋਰਟ ਨੇ ਬਹੁਤ ਸਾਰੀਆਂ ਤਰਮੀਮਾਂ ਜਿਹੜੀਆਂ ਪਾਰਲੀਮੈਂਟ ਨੇ ਕੀਤੀਆਂ ਸਨ ਉਨ੍ਹਾਂ ਵਿੱਚ ਰੋਕ ਪਾਈ। ਉਨ੍ਹਾਂ ਨੇ ਕਿਹਾ ਕਿ ਪਾਰਲੀਮੈਂਟ ਕਾਂਸਟੀਚਿਊਨ ਨੂੰ ਅਮੈਂਡ ਨਹੀਂ ਕਰ ਸਕਦੀ। ਪਹਿਲਾਂ ਕੀ ਹੁੰਦਾ ਸੀ ਕਿ ਕੋਰਟਾਂ ਦੇ ਵਿੱਚ 20, 25 ਸਾਲ ਤੱਕ ਕੇਸ ਚਲਦੇ ਰਹਿੰਦੇ ਸਨ। ਅੱਜ ਸਾਰੇ ਲੋਕ ਚਾਹੁੰਦੇ ਹਨ ਕਿ ਲੈਂਡ ਸੀਲਿੰਗ ਹੋਵੇ ਪ੍ਰਾਈਮ ਮਨਿਸਟਰ ਸਾਹਿਬ ਵੀ ਚਾਹੁੰਦੇ ਹਨ, ਸਾਡੇ ਮੈਂਬਰਜ਼ ਵੀ ਚਾਹੁੰਦੇ ਹਨ ਲੇਕਿਨ ਸੁਪਰੀਮ ਕੋਰਟ ਸਾਡੇ ਨੇ ਉਸ ਦੇ ਉਲਟ ਰੂਲਿੰਗ ਦੇ ਦਿੱਤੀ। ਡਿਪਟੀ ਸਪੀਕਰ ਸਾਹਿਬ, ਸੁਪਰੀਮ ਕੋਰਟ ਇੱਕ ਤੀਜਾ ਆਰਗਨ ਹੈ ਗੌਰਮਿੰਟ ਦਾ। ਪੰਡਿਤ ਨਹਿਰੂ ਨੂੰ ਕਿਹਾ ਗਿਆ ਸੀ ਕਿ ਸੁਪਰੀਮ ਕੋਰਟ ਸਾਡੇ ਖਿਲਾਫ ਫੈਸਲੇ ਦਈ ਜਾਂਦੀ ਹੈ ਇਸ ਲਈ ਇਸ ਦੀਆਂ ਪਾਵਰਜ਼ ਖੋਹ ਲਈਆਂ ਜਾਣ। ਪਾਰਲੀਮੈਂਟ ਨੂੰ ਅਖ਼ਤਿਆਰ ਹੈ ਕਿ ਉਹ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਦੇ ਜ਼ਾਬਤੇ ਬਣਾ ਸਕਦੀ ਹੈ, ਉਨ੍ਹਾਂ ਦੀਆਂ ਪਾਵਰਜ਼ ਖੋਹ ਸਕਦੀ ਹੈ। ਪਰੰਤੂ ਪੰਡਿਤ ਨਹਿਰੂ ਬੜੇ ਵੱਡੇ ਹਿਰਦੇ ਦੇ ਮਾਲਕ ਸਨ। ਉਨ੍ਹਾਂ ਨੇ ਸੁਪਰੀਮ ਕੋਰਟ ਦੀਆਂ ਪਾਵਰਜ਼ ਨਹੀਂ ਖੋਹੀਆਂ ਮੈਂ ਕਹਿੰਦਾ ਹਾਂ ਕਿ ਜੇ ਕੋਈ ਅਮੀਰ ਕੋਰਟ ਵਿੱਚ ਜਾਂਦਾ ਹੈ ਤਾਂ ਝੱਟ ਉਸ ਦੇ ਹੱਕ ਵਿੱਚ ਫੈਸਲਾ ਹੋ ਜਾਂਦਾ ਹੈ। ਪਰੰਤੂ ਜੇ ਕੋਈ ਗਰੀਬ ਆਦਮੀ ਕੋਰਟ ਵਿੱਚ ਜਾਂਦਾ ਹੈ ਤਾਂ ਸਾਲਾਂ ਬੱਧੀ ਉਸਦਾ ਕੇਸ ਲਟਕਦਾ ਰਹਿੰਦਾ ਹੈ। ਮੈਂ ਕਹਿੰਦਾ ਹਾਂ ਕਿ ਸੁਪਰੀਮ ਕੋਰਟ ਦੀਆਂ ਪਾਵਰਜ਼ ਨਾ ਖੋਹੀਆਂ ਜਾ ਰਹੀਆਂ ਹਨ ਅਤੇ ਨਾ ਹੀ ਖੋਹਣੀਆਂ ਹਨ। ਪ੍ਰੰਤੂ ਸੁਪਰੀਮ ਕੋਰਟ ਨੂੰ ਕਾਂਸਟੀਚਿਊਸ਼ਨ ਦੇ ਅੰਦਰ ਕੰਮ ਕਰਨਾ ਹੈ।

ਡਿਪਟੀ ਸਪੀਕਰ ਸਾਹਿਬ, ਕੁੱਝ ਅਮੈਂਡਮੈਂਟਾਂ ਬੜੀਆਂ ਅੱਛੀਆਂ ਹਨ। ਅੱਜ ਹਰ ਇੱਕ ਸ਼ਹਿਰੀ ਦੀ ਡਿਊਟੀ ਲਗਾਈ ਜਾ ਰਹੀ ਹੈ। ਡਾਕਟਰ ਰਾਜਿੰਦਰ ਪ੍ਰਸ਼ਾਦ, ਸਾਬਕਾ ਰਾਸ਼ਟਰਪਤੀ ਨੇ ਜਿਸ ਵੇਲੇ 26 ਜਨਵਰੀ, 1950 ਨੂੰ ਵਿਧਾਨ ਲਾਗੂ ਹੋਇਆ ਸੀ ਤਾਂ ਕਿਹਾ ਸੀ ਕਿ ਅਸੀਂ ਅੰਧੇਰੇ ਦੇ ਵਿੱਚ ਇਕ ਛਲਾਂਗ ਲਗਾ ਦਿੱਤੀ ਹੈ। ਸ਼ਹਿਰੀਆਂ ਦੀ ਡਿਊਟੀ ਕੋਈ ਨਹੀਂ ਲਗਾਈ ਉਨ੍ਹਾਂ ਨੂੰ ਹੱਕ ਹੀ ਹੱਕ ਦਿੱਤੇ ਹਨ। ਲੇਕਿਨ ਅੱਜ ਇਹ ਮਹਿਸੂਸ ਹੋਇਆ ਹੈ ਕਿ ਸ਼ਹਿਰੀਆਂ ਦੀਆਂ ਡਿਊਟੀਆਂ ਲਗਾਉਣੀਆਂ ਚਾਹੀਦੀਆਂ ਹਨ। ਜੇ ਕੋਈ ਮੁਲਕ ਦੇ ਦੁਸ਼ਮਣ ਨਾਲ ਮਿਲ ਕੇ ਕੋਈ ਸਾਜਿਸ਼ ਕਰਦਾ ਹੈ ਤਾਂ ਉਸਦੇ ਖਿਲਾਫ ਇਹ ਐਕਸ਼ਨ ਲਿਆ ਜਾਵੇਗਾ। ਮੈਂ ਕਹਿੰਦਾ ਹਾਂ ਕਿ ਜਿਹੜੀਆਂ ਇਹ ਡਿਊਟੀਆਂ ਲਗਾਈਆਂ ਗਈਆਂ ਹਨ ਇਹ ਬੜਾ ਚੰਗਾ ਕੰਮ ਕੀਤਾ ਹੈ।

ਸ਼ਹਿਰੀਆਂ ਦੀ ਰਿਸਪਾਂਸੀਬਿਲਿਟੀ ਲਗਾਈ ਗਈ ਹੈ ਅਤੇ ਸ਼ਹਿਰੀ ਜਿੱਥੇ ਹਕੂਕ ਚਾਹੁੰਦੇ ਹਨ ਉਥੇ ਉਹ ਆਪਣੇ ਫਰਜ਼ ਨੂੰ ਵੀ ਨਿਭਾਉਣ ਅਤੇ ਮਹਿਸੂਸ ਕਰ ਸਕਣ। ਨਾਲ ਹੀ ਇਹ ਗੱਲ ਕਹੀ ਗਈ ਹੈ ਅਤੇ ਇਸ ਗੱਲ ਦਾ ਫੈਸਲਾ ਕਰ ਦਿੱਤਾ ਗਿਆ ਹੈ ਕਿ ਸੁਪਰੀਮ ਕੋਰਟ ਦੀ ਪਾਵਰ ਇਹ ਹੋਣੀ ਚਾਹੀਦੀ ਹੈ। ਗੋਖਲੇ ਸਾਹਿਬ ਨੇ ਇਹ ਕਿਹਾ ਹੈ ਕਿ ਜੁਡੀਸ਼ਰੀ

Original with;
Punjab Vidhan Sabha
Digitized by;
Panjab Digital Library

[ਚੌਧਰੀ ਰਾਮ ਸਿੰਘ]

ਦਾ ਕੰਮ ਇਹ ਵੀ ਹੈ ਕਿ ਗਰੀਬਾਂ ਨੂੰ ਇਨਸਾਫ ਮਿਲ ਸਕੇ । ਅੱਜ ਗਰੀਬਾਂ ਨੂੰ ਸੁਪਰੀਮ ਕੋਰਟ ਵਿਚ ਅਤੇ ਹਾਈਕੋਰਟ ਵਿਚ ਇਨਸਾਫ ਨਹੀਂ ਮਿਲਦਾ ਅਤੇ ਹਰ ਗੱਲ ਤੇ ਸਟੇ ਆਰਡਰ ਲਏ ਜਾਂਦੇ ਹਨ ਜਿਸ ਨਾਲ ਗਰੀਬਾਂ ਨੂੰ ਬੜੀ ਦਿੱਕਤ ਹੋ ਜਾਂਦੀ ਹੈ । ਇਸ ਕਰਕੇ ਹੁਣ ਇਸ ਤਰ੍ਹਾਂ ਦੀ ਪ੍ਰੋਵੀਜ਼ਨ ਕੀਤੀ ਗਈ ਹੈ ਜਿਸ ਨਾਲ ਕਿ ਗਰੀਬਾਂ ਨੂੰ ਇਨਸਾਫ ਮਿਲ ਸਕੇ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪਹਿਲਾਂ ਸੁਪਰੀਮ ਕੋਰਟ ਨੇ ਆਪਣੇ ਅਖਤਿਆਰਾਤ ਦਾ ਨਾਜਾਇਜ਼ ਇਸਤੇਮਾਲ ਕੀਤਾ ਹੈ ਅਤੇ ਇਸ ਕਰਕੇ ਹੀ ਅਮੈਂਡਮੈਂਟਸ ਕਰਨੀਆਂ ਪਈਆਂ ਹਨ ਅਤੇ ਅਸੀਂ ਪ੍ਰਾਈਮ ਮਨਿਸਟਰ, ਸ੍ਰੀਮਤੀ ਇੰਦਰਾ ਗਾਂਧੀ ਜੀ ਦੇ ਬੜੇ ਮਸ਼ਕੂਰ ਹਾਂ ਕਿ ਉਹ ਇਸ ਤਰ੍ਹਾਂ ਦੀਆਂ ਅਮੈਂਡਮੈਂਟਸ ਲਿਆਏ ਹਨ । ਇਹ ਅਮੈਂਡਮੈਂਟਸ ਲਿਆਉਣ ਬਾਰੇ ਬਹੁਤ ਪਹਿਲਾਂ ਵਿਚਾਰ ਕੀਤਾ ਜਾ ਰਿਹਾ ਸੀ । ਚੰਡੀਗੜ੍ਹ ਦੇ ਕਾਂਗਰਸ ਸੈਸ਼ਨ ਵਿਚ ਕੰਸਟੀਚਿਊਸ਼ਨ ਦੀਆਂ ਅਮੈਂਡਮੈਂਟਸ ਦਾ ਬੜਾ ਰੌਲਾ ਪਿਆ ਸੀ ਕਿ ਇਹ ਹੋਣੀਆਂ ਚਾਹੀਦੀਆਂ ਹਨ । ਇਹ 59 ਅਮੈਂਡਮੈਂਟਸ ਕੰਸਟੀਚਿਊਸ਼ਨ ਵਿਚ, ਮੈਂ ਸਮਝਦਾ ਹਾਂ ਕਿ ਬੜੀਆਂ ਚੰਗੀਆਂ ਹਨ ਜਿਨ੍ਹਾਂ ਨਾਲ ਗਰੀਬ ਲੋਕਾਂ ਦੀ ਬੇਹਤਰੀ ਹੋ ਸਕੇਗੀ । ਇਸ ਦੇ ਨਾਲ ਸਰਕਾਰੀ ਕਰਮਚਾਰੀਆਂ ਵਾਸਤੇ ਸੈਂਟਰ ਵਿਚ ਵੀ ਅਤੇ ਸਟੇਟਾਂ ਵਿਚ ਵੀ ਟ੍ਰੀਬਿਊਨਲ ਬਣਾਏ ਜਾਣਗੇ, ਜਿਨ੍ਹਾਂ ਨਾਲ ਮੈਂ ਸਮਝਦਾ ਹਾਂ ਕਿ ਛੇਤੀ ਕੰਮ ਨਿਪਟਾਇਆ ਜਾ ਸਕੇਗਾ । ਲੇਕਿਨ ਇਸ ਦੇ ਬਾਰੇ ਮੈਂ ਇਹ ਕਹਾਂਗਾ ਕਿ ਇਸ ਦੀ ਡੇਫੀਨੀਸ਼ਨ ਨਹੀਂ ਕੀਤੀ', ਕਲਾਜ਼ ਡੀਫਾਈਨ ਨਹੀਂ ਕੀਤੀ, ਜਿਹੜੀ ਕਿ ਕਰਨੀ ਚਾਹੀਦੀ ਹੈ ਤਾਂ ਕਿ ਸਰਵਿਸਿਜ਼ ਦੇ ਬਾਰੇ ਗਲਤ ਫਹਿਮੀ ਦੂਰ ਹੋ ਸਕੇ ।

ਇਸ ਦੇ ਨਾਲ ਹੀ ਮੈਂ ਜ਼ਿਆਦਾ ਨਾ ਕਹਿੰਦਾਂ ਹੋਇਆ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਅਰਜ਼ ਕਰਦਾ ਹਾਂ ਕਿ ਇਸ ਮਤੇ ਨੂੰ ਯੂਨਾਨੀਮਸਲੀ ਪਾਸ ਕੀਤਾ ਜਾਵੇ ।

उप-मंत्री, सिंचाई तथा बिजली (चौधरी बलराम) : डिप्टी स्पीकर साहिब, आज यह अमेंडमेंट both Houses of Parliament की तरफ से पास होने के लिए हमारे पास आई है । It is a great and historic measure and a major step in the history of our country as well as in the Constitution. कंस्टिच्यिशन और हिस्ट्री के मुत्तल्लिक अगर हम देखें, अगर हम नजर दौड़ाएं तो तीन तरह के कंस्टिच्यूशन संसार भर में नजर आते हैं flexible rigid and conventional देखने की बात यह है कि चाहे किसी तरीके का हो आया उस में Will of the people प्राजैक्ट करती है या नहीं । डिप्टी स्पीकर साहिब, नजर दौड़ाने पर अगर आप देखें तो पता लगता है ....

ਸ੍ਰੀ ਡਿਪਟੀ ਸਪੀਕਰ: ਅਗਰ ਹਾਊਸ ਦੀ ਮਰਜ਼ੀ ਹੋਵੇ ਤਾਂ ਹਾਊਸ ਦਾ ਸਮਾਂ ਇਕ ਘੰਟਾ ਹੋਰ ਵਧਾ ਲਈਏ ?

ਮਾਲ ਅਤੇ ਚੋਣ ਮੰਤਰੀ: (ਸਰਦਾਰ ਉਮਰਾਓ ਸਿੰਘ): ਅਜੇ ਕਾਫੀ ਵਕਤ ਹੈ ਜੀ, ਜੇ ਲੋੜ ਪਈ ਤਾਂ ਵਧਾ ਲਵਾਂਗੇ ।

ਸ੍ਰੀ ਡਿਪਟੀ ਸਪੀਕਰ : ਚਲੋ ਠੀਕ ਹੈ ।

Original with;
Punjab Vidhan Sabha
Digitized by;
Panjab Digital Library

उप-मन्त्री, सिंचाई तथा बिजली (चौधरी बलराम) : डिप्टी स्पीकर साहिब, जब इंगलैंड का Constitution देखते हैं तो वहां आप देखेंगे कि conventions जो चली आई हैं वे constitution में enshirned हो गई हैं। Our forefathers who made this constitution, उन को अगर हम देखें और यह देखें कि उन के ख्यालात क्या थे, उन का मुद्दा क्या था और objective क्या था तो पता लगता है कि what they had in mind was to assert the supremacy of the people and the Parliament. आज भी हम देखते हैं कि the people of India are represented by the Parliament. सो, सीधा सा स्वाल हो जाता है कि the authority of the Parliament is supreme. और अगर हम यह कहें तो गलत न होगा कि the rights of society as outlined in the Directive Principles should be on a higher pedestal than the individual rights. Individual rights जरूर हैं लेकिन they are represented by the society as well. They reign supreme and they should reign supreme. उस नज़रिये को रखते हुए यह भी पता लगता है कि जो रोड बलाक्स हैं, जो रूकावटें day-to-day implementation के रास्ते में आती हैं, उन को दूर करना अशद जरूरी हो गया। We have something. The Constitution is for the people. The people are not for the Constitution. जिस समय नई अड़चन आए तो इस मजबूरी को जो हमारा Constitution है, उसे मोड़ दे सकते हैं and we made these changes. इस बात को देखते हुए यह हमारी पार्लियामेंट जो इस बात की मजाज़ थी, ने साबित कर दिया है कि इस तरीके से एक चीज़ से जिस से हमारे लिए नुक्सान है उस को ठीक किया है। आप अंदाजा कर लें, हिस्ट्री बताती है, पिछले दिनों का सारा इतिहास बताता है कि when any thing crosses any limit, it becomes degenerated. अगर इस को भी हम देखें कि democracy किस लिए बनाई जाती है, किस ढंग से चलती है तो the Democracy is for the people, of the people and by the people. यह बात भी सही है कि जिन लोगों के लिए जो चीज बनाई जाए अगर उस को वे समझें न और अपने हितों का ] नुक्सान कर लें, अपने पैरों पर ही कुल्हाड़ा मार लें, तो उन से कुल्हाड़ा छीन कर अगर उन के हाथ में लाठी दे दें कि रास्ते में जो कूड़ा कर्कट आए उस को साफ कर के आगे बढ़ें तो अच्छी बात है। Experience gained was a net gain. और उस का मुज़ाहरा हमारी Parliament के मैंबरों ने किया। दूसरी बात यह है कि जो चीज़ रखी है Democracy, Socialism and Secularism, यह बहुत जरूरी बात है। Democracy को Secularism के साथ रखा है इस से हमें पता लगता है कि जो concept पंडित जवाहर लाल नेहरू के दिमाग में था वह यही था। इस लिए उन के ख्यालों को practical shape देने के लिए ही

Original with;
Punjab Vidhan Sabha
Digitized by;
Panjab Digital Library

[उप मन्त्री, सिंचाई तथा बिजली]

यह किया गया है । High ideals of democracy, socialism secularism and integrity of the nation make directive principles more comprehensive. आगे हम ने चल के वाजह किया है कि if we want to enjoy our rights and if we are fond of enjoying those rights, then we must also be sure what our duties are. ये दोनों चीजें साथ साथ चलती हैं । अगर एक बात परवान हो जाये तथा दूसरी परवान न की जायें तो काम ठीक तरह से नहीं चल सकता। जिस तरीके से आपोजीशन ने काम किया है इस से देश कमजोर होता है। उन्हों ने कोठों पर चढ़ चढ़ कर ऐलान किया कि हमारे Rights में नाजायज रूकावट की जा रही है । कभी उन्हों ने यह कहा कि They are part and parcel of the society and this nation. और उन की कुछ जिम्मेवारी है । अगर वह जिम्मेवारी समझनी है तो इस के लिए Directive Principles में यह चीज लिखनी जरूरी है कि They must know their responsibilities so that they can enjoy their rights.

मैं आगे चल कर एक और बात कहना चाहता हूं कि आप ने देखा होगा कि हम जुडीशरी की कद्र करते हैं । इस के लिए opposition की तरफ से यह कहा गया कि जुडीशरी को बेकार कर दिया है, हम ने उस की Powers कट कर दी हैं । मगर आप इस Amendment में देखें तो कहीं भी ऐसी कोई बात नहीं मिलेगी जिस से कि हम ने जुडीशरी की पावरज़ ली हों । हम ने धारा 136 कायम रखी है जिससे Supreme Court किसी भी बात को अपने पास ले जा सकती है । पर यह नहीं होना चाहिए कि एक Court इस में कुछ फैसला दें और दूसरी कुछ और इस चीज को हम ने सही किया है । और उस में ऐसा कर दिया है जिस से कोई भी बात झगड़े वाली न रहे । इन को देखते हुए हम ने यह किया कि यदि कोई भी Court किसी बात में जहां 7 जजों का बैंच हो और उस में जिस की majority हो उस का फैसला हो सकता है । हम इस का अन्दाजा करते हैं कि Supreme Court के जज किसी भी बात में जिस से देश के काम में रूकावट पड़ती हो वह रूकावट न पड़ने दें । The Judges have to interpret the law in the best interests of the people. The law is for the people and people are not for the law. Parliament and State Legislatures embody the will of the people and essence of democracy is that the will of the people should prevail. Article 368 is very clear.

5.55 P.M. (इस समें पैनल आफ चेअरमैन दे मैंबर स्री सरदारी लाल कपूर ने परधानगी दी करसी संभाली)

Original with;
Punjab Vidhan Sabha
Digitized by;
Panjab Digital Library

चेयरमैन साहिब, मैं अर्ज कर रहा था कि किस तरह से हमारे देश में कई Courts में 20,20 साल केस लटकते रहते थे। फिर दोबारा review होते थे। अगर यह काम इसी तरह चलते रहते तो बेचारे गरीब की क्या हालत होती? इस लिए अगर हम ने Socialism ले आना है तो easy accessibility of Justice होनी चाहिए। इस लिए हम ने कई केसों को निपटाने के लिए Administrative Tribunal कायम कर दिये हैं। इस में Services के केसिज जा सकते हैं। To reduce the mounting arrears in the High Courts and to secure speedy disposal of service matters, revenue matters and certain other matters of special importance in the context of socio-economic development and progress, provision has been made for the setting up of Administrative and other Tribunals for dealing with such matters while preserving the jurisdiction of the Supreme Court.

यह सारी बात बताते हुए मैं यह कहना चाहता हूं कि एक वक्त आता है जिस में कि फैसला करना पड़ता है और यदि वह फैसला ठीक न हो तो देश गलत रास्ते पर जा सकता है। जिस देश की आजादी के लिए हमारे कई भाइयों ने कुरबानियां दी हैं उस की रक्षा करने के लिए यह Amendments लानी जरूरी हो गई थीं।

आज हम यहां बैठे हैं सिर्फ हमारे लिए ही नहीं हर लैजिसलेटर के लिए मुश्किलें पैदा हो गई हैं कि आज के समय के अनुसार इस Constitution में Amendment नहीं हो सकती और इस से हमारे रास्ते में रूकावटें पड़ती हैं। Now we will have to be more energetic. चेयरमैन साहिब, मैं मुबारकबाद देता हूं अपने Prime Minister को तथा उन के साथियों को कि उन्होंने इन हालात में किस तरह से गागर में सागर भर दिया है। मैं इन शब्दों के साथ इस Motion की ताईद करता हूं।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** (ਗੜ੍ਹ ਸ਼ੰਕਰ): ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਸਾਡੇ ਪੰਜਾਬ ਲਈ ਅੱਜ ਦਾ ਦਿਨ ਇਕ ਬਹੁਤ ਹੀ ਇਤਿਹਾਸਿਕ ਦਿਨ ਹੈ। ਮੈਂ ਇਸ ਨੂੰ ਇਤਿਹਾਸਿਕ ਇਸ ਕਰਕੇ ਕਹਿੰਦਾ ਹਾਂ ਕਿ ਪਿਛਲੇ 7, 8 ਸਾਲਾਂ ਤੋਂ ਸਾਡੇ ਦੇਸ਼ ਵਿਚ ਇਕ ਬਹੁਤ ਵੱਡਾ ਸੰਘਰਸ਼ ਚਲਿਆ। ਉਹ ਇਸ ਕਰਕੇ ਚੱਲਿਆ ਕਿ ਅਸੀਂ ਆਪਣੇ ਸਮਾਜ ਨੂੰ ਵਿਧਾਨ ਦੇ ਵਿਚ ਮੁਨਾਸਬ ਤਬਦੀਲੀਆਂ ਕਰਕੇ ਅੱਗੇ ਲੈ ਜਾਣਾ ਹੈ। ਪੁਰਾਣੇ ਨਿਜ਼ਾਮ ਨੂੰ ਠੀਕ ਢੰਗ ਨਾਲ ਕਾਇਮ ਰੱਖਣਾ ਹੈ। ਇਸ ਵਾਸਤੇ ਸਾਡੇ ਸਾਹਮਣੇ ਕਈ ਪਾਰਟੀਆਂ ਨੇ, ਅਕਾਲੀ ਪਾਰਟੀ ਜਾਂ ਸੀ. ਪੀ. ਐਮ. ਵਾਲੇ ਸਨ, ਉਨ੍ਹਾਂ ਨੇ ਇਸ ਦਾ ਵਿਰੋਧ ਕੀਤਾ ਸੀ। ਅੱਜ ਵੀ ਕਈ ਇਸ ਦਾ ਵਿਰੋਧ ਕਰ ਰਹੇ ਹਨ ਅਤੇ ਬਾਹਰਲੇ ਮੁਲਕਾਂ ਵਾਲੇ ਵੀ ਇਹ ਕਹਿ ਰਹੇ ਹਨ ਕਿ ਇਸ ਦੇਸ਼ ਦੀ ਜਮਹੂਰੀਅਤ ਖਤਮ ਹੋ ਰਹੀ ਹੈ, ਇਸ ਨੂੰ ਬਚਾਇਆ ਜਾਵੇ। ਇਸ ਲਿਹਾਜ਼ ਨਾਲ ਸਾਫ ਤੌਰ ਤੇ ਜਿਹੜਾ ਭਾਰੀ ਸੰਘਰਸ਼ ਸੋਧਾਂ ਉਤੇ ਹੋਇਆ ਉਨ੍ਹਾਂ ਵਿਚ ਹਿੰਦੁਸਤਾਨ ਦੀਆਂ ਤਾਕਤਾਂ ਜਿਹੜੀਆਂ ਪਿੱਛੇ ਖਿੱਚੂ ਸਨ ਉਹ ਔਰ ਬਾਹਰਲੀਆਂ ਤਾਕਤਾਂ ਇਕ ਪੱਖ ਉਤੇ ਖੜੀਆਂ ਸਨ ਔਰ ਅਗਾਂ ਵਧੂ ਤਾਕਤਾਂ ਦੂਜੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਪਾਸੇ ਖੜ੍ਹੀਆਂ ਸਨ । ਅੰਤ ਵਿਚ ਇਹ ਸੋਧਾਂ ਪਾਸ ਹੋਣ ਨਾਲ ਸੰਘਰਸ਼ ਖਤਮ ਹੋਇਆ ਔਰ ਲੋਕਾਂ ਦੇ ਹੱਕ ਵਿਚ ਜਮਹੂਰੀਅਤ ਦੇ ਹੱਕ ਵਿਚ ਔਰ ਬੋਸੀਦਾ ਨਿਜ਼ਾਮ ਦੇ ਵਿਰੁੱਧ ਹੋਇਆ । ਅਕਾਲੀ ਭਾਈ ਅੱਜ ਥੋੜ੍ਹੇ ਸਮੇਂ ਲਈ ਹਾਊਸ ਵਿਚ ਆਏ ਅਤੇ ਉਨ੍ਹਾਂ ਨੇ ਕਿਹਾ ਕਿ ਇਹ ਮਨਹੂਸ ਦਿਨ ਹੈ, ਕਾਲਾ ਦਿਨ ਹੈ । ਅਸੀਂ ਉਨ੍ਹਾਂ ਪਾਸੋਂ ਹੋਰ ਆਸ ਵੀ ਕੀ ਰੱਖ ਸਕਦੇ ਹਾਂ ? ਵਿਧਾਨ ਵਿਚ ਤਰਮੀਮਾਂ ਇਸ ਲਈ ਕੀਤੀਆਂ ਹਨ ਕਿ ਲੋਕਾਂ ਨਾਲ ਵਾਇਦਾ ਕੀਤਾ ਹੈ ਕਿ ਸੋਸ਼ੋ-ਇਕਨਾਮਿਕ ਚੇਂਜਿਜ਼ ਔਰ ਆਰਥਿਕ ਤਬਦੀਲੀਆਂ ਲਿਆਉਣੀਆਂ ਹਨ । ਇਸ ਲਈ ਵਿਧਾਨ ਵਿਚ ਇਨ੍ਹਾਂ ਸੋਧਾਂ ਦੀ ਲੋੜ ਹੈ । ਇਹ ਅਕਾਲੀ ਦਲ ਔਰ ਅਕਾਲੀ ਵਿਧਾਇਕ ਹਨ ਜਿਹੜੇ ਕਿ ਲੈਂਡ ਸੀਲਿੰਗ ਦੇ ਖਿਲਾਫ ਚਲੇ ਪ੍ਰੀਵੀ ਪਰਸਿਜ਼ ਦੇ ਮਾਮਲੇ ਤੇ ਰਾਜਿਆਂ ਦੀ ਹਮਾਇਤ ਕੀਤੀ, ਪੈਪਸੂ ਵੇਲੇ ਭਾਸ਼ਾ ਦੇ ਮਸਲੇ ਤੇ ਵਿਰੋਧ ਕੀਤਾ, ਔਰ ਹਰ ਤਰ੍ਹਾਂ ਨਾਲ ਪੱਖ ਪਾਤ ਤੋਂ ਕੰਮ ਲਿਆ । ਇਨ੍ਹਾਂ ਦਾ ਇਕ ਹੀਰੋ ਇੰਗਲੈਂਡ ਵਿਚ ਬੈਠਾ ਹੈ ਔਰ ਸਰਗਰਮੀਆਂ ਕਰ ਰਿਹਾ ਹੈ । ਅਸੀਂ ਉਨ੍ਹਾਂ ਲੋਕਾਂ ਤੋਂ ਹੋਰ ਕੀ ਆਸ ਰੱਖ ਸਕਦੇ ਹਾਂ । ਉਹ ਪੁਰਾਣੇ ਗਲੇ ਸੜੇ ਨਿਜ਼ਾਮ ਦੇ, ਲੋਟੂ ਨਿਜ਼ਾਮ ਦੇ ਹਾਮੀ ਹਨ । ਇਸ ਕਰਕੇ ਹੀ ਉਹ ਕਾਲਾ ਦਿਨ ਕਹਿੰਦੇ ਹਨ । ਉਹ ਵਿਧਾਨ ਵਿਚ ਸੋਧਾਂ ਨਹੀਂ ਚਾਹੁੰਦੇ । ਉਹ ਨਹੀਂ ਚਾਹੁੰਦੇ ਕਿ ਲੁੱਟ ਕਸੁੱਟ ਖਤਮ ਹੋ ਸਕੇ । ਦੂਸਰੀ ਗੱਲ ਇਹ ਵੀ ਹੈ ਕਿ ਜਦੋਂ ਵਿਧਾਨ ਦੀ ਗੱਲ ਕਰਦੇ ਹਾਂ, ਮੁਲਕ ਦੇ ਵਿਧਾਨ ਦੀ ਉਨ੍ਹਾਂ ਨੂੰ ਸਮਝ ਆਵੇ ਤਾਂ ਹੀ ਉਹ ਇਸ ਦੀ ਹਮਾਇਤ ਕਰਨ । ਅਸੀਂ ਤਾਂ ਉਨ੍ਹਾਂ ਦਾ ਆਪਣਾ ਵਿਧਾਨ ਕਦੀ ਨਹੀਂ ਵੇਖਿਆ । ਕਮੇਟੀ ਬਣਦੀ ਹੈ ਨਹੀਂ, ਕਦੇ ਇਹ ਜ਼ਰੂਰ ਹੁੰਦਾ ਹੈ ਕਿ ਡਿਕਟੇਟਰ ਫਲਾਨੇ ਨੂੰ ਬਣਾ ਦਿੱਤਾ ਹੈ । ਇਸ ਲਈ ਵਿਧਾਨ ਦੀ ਗੱਲ ਕਰਨਾ ਉਨ੍ਹਾਂ ਦੀ ਸਮਝ ਤੋਂ ਬਾਹਰ ਦੀ ਗੱਲ ਹੈ । ਉਹ ਕਹਿੰਦੇ ਹਨ ਕਿ ਸਾਡੀ ਪਾਰਟੀ ਦੀ ਰਾਏ ਨਹੀਂ ਲਈ, ਲੀਡਰ ਸਾਡੇ ਜੇਲ੍ਹਾਂ ਵਿਚ ਹਨ । ਉਹ ਹੁਣ ਜੇਲ੍ਹਾਂ ਵਿਚ ਕੀ ਕਰਦੇ ਹਨ ? ਪਹਿਲੇ ਦਿਨਾਂ ਵਿਚ ਮੇਰਾ ਖਿਆਲ ਹੈ ਕਿ ਫੜੇ ਹੋਣਗੇ । ਪਰ ਹੁਣ ਤਾਂ ਉਨ੍ਹਾਂ ਦੇ ਆਦਮੀ ਕਹਿੰਦੇ ਹਨ, ਕੋਈ ਕਹਿੰਦਾ ਹੈ ਕਿ ਮੈਂ ਜੇਲ੍ਹ ਵਿਚ ਜਾਣਾ ਹੈ, ਜੇਕਰ ਮੈਂ ਜੇਲ੍ਹ ਵਿਚ ਨਾ ਜਾਵਾਂ ਤਾਂ ਹੀਰੋ ਨਹੀਂ ਬਣਦਾ । ਇਸ ਲਈ ਆਪਾਂ ਇਹ ਗੱਲ ਛੱਡੀਏ ਪਰ ਮੈਂ ਇਕ ਦੋ ਗੱਲਾਂ ਜ਼ਰੂਰ ਕਹਿਣਾ ਚਾਹੁੰਦਾ ਹਾਂ । ਉਨ੍ਹਾਂ ਵਿਚੋਂ ਪਹਿਲੀ ਗੱਲ ਤਾਂ ਇਹ ਹੈ ਕਿ ਜਿਹੜਾ ਤਰਮੀਮਾਂ ਉਤੇ ਸੰਘਰਸ਼ ਸ਼ੁਰੂ ਹੋਇਆ ਹੈ ਉਸ ਦੇ ਬਾਰੇ ਵੇਖੀਏ। ਸੰਨ 1969 ਵਿਚ ਕਾਂਗਰਸ ਪਾਰਟੀ ਵਿਚ ਤਕਸੀਮ ਆਉਂਦੀ ਹੈ । ਜਿਸ ਵੇਲੇ ਸ੍ਰੀਮਤੀ ਇੰਦਰਾ ਗਾਂਧੀ ਨੇ ਬੈਂਕਾਂ ਦਾ ਕੌਮੀ ਕਰਨ ਕੀਤਾ । ਰਾਜਿਆਂ ਦੇ ਭੱਤੇ ਸਨ । ਤਰੱਕੀ ਪਸੰਦ ਤਾਕਤਾਂ ਕਹਿੰਦੀਆਂ ਸਨ ਕਿ ਉਨ੍ਹਾਂ ਨੂੰ ਬੰਦ ਕਰੋ ਪਰ ਜੋ ਸੁਪ੍ਰੀਮ ਕੋਰਟ ਦੀ ਰੂਲਿੰਗ ਸੀ ਉਹ ਇਹ ਸੀ ਕਿ ਪਾਰਲੀਮੈਂਟ ਨੂੰ ਕੋਈ ਹੱਕ ਨਹੀਂ ਹੈ, ਤਰਮੀਮ ਕਰਨ ਦਾ । ਜਿਹੜੇ ਅੱਜ ਕਹਿੰਦੇ ਹਨ ਕਿ ਹਿੰਦੁਸਤਾਨ ਵਿਚ ਮੈਨਡੇਟ ਨਹੀਂ ਹੈ, ਉਨ੍ਹਾਂ ਨੂੰ ਯਾਦ ਹੋਣਾ ਚਾਹੀਦਾ ਹੈ ਕਿ ਪਿਛਲੇ ਇਲੈਕਸ਼ਨ ਹੀ ਇਸ ਕਰਕੇ ਹੋਏ ਸਨ ਕਿ ਆਇਆ ਪਾਰਲੀਮੈਂਟ ਨੂੰ ਇਹ ਅਧਿਕਾਰ ਹੈ ਜਾਂ ਨਹੀਂ ? ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਉਦੋਂ ਤੋਂ ਸਾਰਾ ਸੰਘਰਸ਼ ਸ਼ੁਰੂ ਹੋਇਆ । ਸ੍ਰੀ ਸਿਧਾਰਥ ਸ਼ੰਕਰ ਰਾਏ ਨੇ ਤਕਰੀਰ ਕੀਤੀ । ਉਸ ਨੇ ਕਿਹਾ ਕਿ ਅਮਰੀਕਾ ਵਿਚ ਇਹ ਸਵਾਲ ਆਇਆ ਕਿ ਕੀ ਪਾਰਲੀਮੈਂਟ ਵੱਡੀ ਹੈ ਜਾਂ ਅਦਾਲਤਾਂ ਵੱਡੀਆਂ ਹਨ ? ਉਹ ਕਹਿੰਦੇ ਹਨ ਕਿ ਸੰਨ 1860 ਵਿਚ ਅਮਰੀਕਾ ਦੇ ਅੰਦਰ ਗੁਲਾਮੀ ਸੀ । ਅਮਰੀਕਾ ਦੀ ਕਾਂਗਰਸ ਨੇ ਪਾਸ ਕਰ ਦਿੱਤਾ ਕਿ ਗੁਲਾਮੀ ਦਾ

Original with;
Punjab Vidhan Sabha
Digitized by;
Panjab Digital Library

ਖਾਤਮਾ ਕੀਤਾ ਜਾਵੇ। ਇਕ ਆਦਮੀ ਅਦਾਲਤ ਵਿਚ ਚਲਾ ਗਿਆ ਕਿ ਗੁਲਾਮੀ ਮੇਰਾ ਨਿੱਜੀ ਅਧਿਕਾਰ ਹੈ, ਗੁਲਾਮੀ ਬੰਦ ਨਹੀਂ ਹੋਣੀ ਚਾਹੀਦੀ। ਇਸ ਤਰ੍ਹਾਂ ਅਦਾਲਤਾਂ ਵੱਲੋਂ ਗੁਲਾਮੀਂ ਖਤਮ ਕਰਨ ਦਾ ਕਾਨੂੰਨ ਜਿਹੜਾ ਸੀ ਉਸ ਨੂੰ ਅਲਟਰਾ-ਵਾਇਰਜ਼ ਕਰਾਰ ਦੇ ਦਿੱਤਾ। ਉਦੋਂ ਅਮਰੀਕਾ ਦੇ ਅੰਦਰ ਖਾਨਾ ਜੰਗੀ ਸ਼ੁਰੂ ਹੋਈ। ਲੱਖਾਂ ਲੋਕ ਮਰੇ। ਤਾਂ ਜਾ ਕੇ ਰੱਦੋ-ਬਦਲ ਹੋਇਆ ਔਰ ਇਹ ਫੈਸਲਾ ਹੋਇਆ ਕਿ ਸਮੇਂ ਦੇ ਮੁਤਾਬਿਕ ਤਬਦੀਲੀਆਂ ਕਰਨੀਆਂ ਚਾਹੀਦੀਆਂ ਹਨ। ਹੁਣ ਇਹ ਸਵਾਲ ਦੇਸ਼ ਦੇ ਸਾਹਮਣੇ ਸੀ ਕਿ ਆਇਆ ਅਸੀਂ ਅੱਗੇ ਵਧਣਾ ਹੈ ਜਾਂ ਪੁਰਾਣੇ ਗਲੇ-ਸੜੇ ਨਿਜ਼ਾਮ ਨੂੰ ਕਾਇਮ ਰੱਖਣਾ ਹੈ ਜਿਸ ਦੇ ਕਾਰਨ ਲੋਕ ਬੇਕਾਰ ਹਨ। ਇਹ ਖਾਸ ਗੱਲ ਸੀ ਜਿਸ ਲਈ ਇਹ ਝਗੜਾ ਸ਼ੁਰੂ ਹੋਇਆ। ਇਸ ਲਈ ਇਸ ਤਰ੍ਹਾਂ ਦੀਆਂ ਗੱਲਾਂ ਸਨ ਭਾਰਤ ਦੇ ਸਾਹਮਣੇ ਜਿਨ੍ਹਾਂ ਵੱਲ ਮੈਂ ਟਾਈਮ ਦੀ ਥੁੜ ਹੋਣ ਕਰਕੇ ਕੁੱਝ ਹੀ ਇਸ਼ਾਰੇ ਕਰ ਸਕਾਂਗਾ।

ਇਹ ਗੱਲ ਵਿਧਾਨ ਦੇ ਪ੍ਰੀਐਂਬਲ ਵਿਚ, ਭੂਮਿਕਾ ਵਿਚ ਹੈ ਕਿ ਸੋਸ਼ਲਿਜ਼ਮ ਆਵੇ, ਦੇਸ਼ ਸੈਕੂਲਰ ਹੋਵੇਗਾ, ਡੈਮੋਕ੍ਰੈਟਿਕ ਹੋਵੇਗਾ। ਇਹ ਮੈਂ ਸਮਝਦਾ ਹਾਂ ਕਿ ਵਿਧਾਨ ਦੀ ਗੱਲ ਹੈ। ਸਿਰਫ ਕਹਿਣ ਨਾਲ ਹੀ ਸੋਸ਼ਲਿਜ਼ਮ ਨਹੀਂ ਆ ਜਾਂਦਾ ਲੇਕਿਨ ਇਸ ਨਾਲ ਸੇਧ ਜ਼ਰੂਰ ਮਿਲ ਜਾਂਦੀ ਹੈ। ਸੈਕੂਲਰ ਲੋਕਾਂ ਦੀ ਮਜਾਰਿਟੀ ਹੈ, ਮੈਂ ਇਸ ਲਿਹਾਜ਼ ਨਾਲ ਬਲਰਾਮ ਜੀ ਨਾਲ ਸਹਿਮਤ ਹਾਂ। ਸੋਸ਼ਲਿਜ਼ਮ ਦੀ ਇਸ ਵਿਚ ਗੱਲ ਹੈ। ਇਸ ਬਾਰੇ ਇਹ ਗੱਲ ਕਹਾਂਗਾ ਕਿ ਕਿਸ ਕਿਸਮ ਦਾ ਸੋਸ਼ਲਿਜ਼ਮ ਹੋਵੇਗਾ, ਇਹ ਚੀਜ਼ ਇਸ ਵਿਚ ਨਹੀਂ ਦੱਸੀ ਗਈ। ਸਾਡੇ ਦੇਸ਼ ਵਿਚ ਕਿਸ ਤਰ੍ਹਾਂ ਦਾ ਸੋਸ਼ਲਿਜ਼ਮ ਹੋਵੇ, ਇਸ ਦੇ ਬਾਰੇ ਇਸ ਵਿਚ ਹੀ ਡੀਫਾਈਨ ਕਰਨਾ ਚਾਹੀਦਾ ਸੀ। ਇਥੇ ਬਹੁਤ ਸਾਰੇ ਸੱਜਣਾਂ ਨੇ ਇਹ ਵੀ ਕਿਹਾ ਹੈ ਕਿ ਜਵਾਹਰ ਲਾਲ ਨਹਿਰੂ ਜੀ ਨੇ ਦੱਸਿਆ ਸੀ। "ਗਲਿੰਪਸਿਜ਼ ਆਫ਼ ਦੀ ਵਰਲਡ ਹਿਸਟਰੀ" ਵਿਚ ਉਸ ਦੇ ਬਾਰੇ ਡੀਫਾਈਨ ਕੀਤਾ ਹੈ। ਇਸ ਲਈ ਇਹ ਗੱਲ ਸਾਫ ਹੋਣੀ ਚਾਹੀਦੀ ਹੈ ਕਿ ਸੋਸ਼ਲਿਜ਼ਮ ਕੀ ਹੈ। ਇਸ ਦੀ ਡੈਫੀਨੀਸ਼ਨ ਜ਼ਰੂਰ ਹੋਣੀ ਚਾਹੀਦੀ ਹੈ। ਮੈਨੂੰ ਮੁਆਫ਼ ਕਰੋਗੇ ਬਹੁਤ ਸਾਰੇ ਸੱਜਣ ਕਹਿੰਦੇ ਹਨ ਕਿ ਕਰਾਚੀ ਦੇ ਮਤੇ ਵਿਚ ਪਾਸ ਕਰ ਦਿੱਤਾ ਹੈ, ਲਾਹੌਰ ਦੇ ਮਤੇ ਵਿਚ ਪਾਸ ਹੋਇਆ ਹੈ। ਗਿਆਨੀ ਜੀ, ਮੈਂ ਇਹ ਗੱਲ ਬੜੀ ਨਿਮਰਤਾ ਨਾਲ ਕਹਾਂਗਾ ਕਿ ਤੁਸੀਂ ਪਰਚਾ ਪਾ ਕੇ ਵੇਖ ਲਵੋ। ਜੇਕਰ ਕਾਂਗਰਸੀਆਂ ਨੂੰ ਇਸ ਸਬਜੈਕਟ ਬਾਰੇ ਕਿ ਸੋਸ਼ਲਿਜ਼ਮ ਕੀ ਹੈ ਪਰਚਾ ਪਾ ਕੇ ਵੇਖੋ, ਤਾਂ 10% ਹੀ ਬੜੀ ਮੁਸ਼ਕਲ ਨਾਲ ਪਾਸ ਹੋਣਗੇ। ਮੈਨੂੰ ਤਾਂ ਇਹ ਗੱਲ ਸਪੱਸ਼ਟ ਹੈ ਕਿ ਕਾਂਗਰਸ ਵਿਚ ਜਿਤਨਿਆਂ ਨੂੰ ਗੱਦੀਆਂ ਮਿਲੀਆਂ ਹੋਈਆਂ ਹਨ ਉਹ ਤਾਂ ਕਹਿਣਗੇ ਕਿ ਇਹ ਹੀ ਸੋਸ਼ਲਿਜ਼ਮ ਹੈ। (ਇਸ ਸਮੇਂ ਚੌਧਰੀ ਦਰਸ਼ਨ ਸਿੰਘ ਜੀ ਵੱਲੋਂ ਵਿਘਨ)। ਜਿਹੜਾ ਬੰਦਾ ਹਕੂਮਤ ਦੇ ਨੇੜੇ ਕਰ ਦਿਉ ਚਾਹੇ ਉਹ ਕਾਂਗਰਸੀ ਹੋਵੇ, ਉਹ ਤਾਂ ਕਹਿੰਦਾ ਹੈ ਕਿ ਸੋਸ਼ਲਿਜ਼ਮ ਆ ਗਿਆ ਹੈ, ਪਰ ਜਿਹੜੇ ਬੰਦੇ ਨੂੰ ਦੂਰ ਕਰ ਦਿਉ ਉਹ ਕਹਿੰਦਾ ਹੈ ਕਿ ਕੁੱਝ ਨਹੀਂ ਹੋਇਆ। ਇਸ ਲਈ ਕੀ ਹੋਵੇਗਾ, ਡੈਫੀਨੇਸ਼ਨ ਕੀ ਹੋਵੇਗੀ, ਜਿਹੜਾ ਗੱਦੀ ਦੇ ਲਾਗੇ ਹੋਵੇਗਾ ਉਥੇ ਸੋਸ਼ਲਿਜ਼ਮ ਹੋਵੇਗਾ, ਜਿਹੜਾ ਦੂਰ ਹੋਵੇਗਾ ਉਹ ਕਹੇਗਾ ਕਿ ਇਹ ਸੋਸ਼ਲਿਜ਼ਮ ਨਹੀਂ ਹੈ। ਇਹ ਢਾਂਚਾ ਠੀਕ ਨਹੀਂ ਹੈ। ਇਸ ਕਰਕੇ ਮੈਂ ਕਹਾਂਗਾ ਕਿ ਸ਼ਰਮਾਂ ਜੀ ਬੜੇ ਸਿਆਣੇ ਹਨ, ਉਹ ਜਾਣਦੇ ਹੀ ਹਨ। ਇਸ ਲਈ ਇਸ ਨੂੰ ਡੀਫਾਈਨ ਕਰਵਾ ਲਵੋ। ਸੈਂਟਰ ਵਾਲਿਆਂ ਤੋਂ ਹੀ ਕਰਵਾ ਲਵੋ ਫਿਰ ਤੱਕੜੀ ਤੇ ਤੋਲੋ ਤੇ ਫਿਰ ਪਤਾ ਲਗੇਗਾ ਕਿ ਤੁਸੀਂ ਕਿੱਥੇ ਖੜ੍ਹੇ ਹੋ। ਸੈਕੂਲਰਿਜ਼ਮ ਬਾਰੇ ਵੀ ਡੀਫਾਈਨ ਕਰੋ। ਇਸ ਗੱਲ ਵਿਚ ਮੈਂ ਗਿਆਨੀ ਜੀ ਨਾਲ ਔਰ ਬਾਕੀਆਂ ਨਾਲ ਸਹਿਮਤ ਹਾਂ ਕਿ ਕੁੱਝ ਦਿੱਲ੍ਹ ਸੀ, ਕੁੱਝ ਦੇਸ਼

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਦੇ ਦੁਸ਼ਮਣ ਸਨ, ਉਨ੍ਹਾਂ ਨਾਲ ਡੀਲ ਕਰਨਾ ਸੀ । ਮੈਂ ਇਹ ਬੇਨਤੀ ਕਰਨੀ ਹੈ ਕਿ ਆਇਆ ਅਸੀਂ ਕਿਸ ਮੁਲਕ ਦੀ ਨਕਲ ਕਰਨੀ ਹੈ, ਬਰਤਾਨੀਆ ਦੀ ਜਾਂ ਹੋਰ ਕਿਸੇ ਮੁਲਕ ਦੀ । ਬਰਤਾਨੀਆ ਵਿਚ ਤਾਂ ਦੋ ਹੀ ਪਾਰਟੀਆਂ ਹਨ, ਕਦੇ ਲੇਬਰ ਪਾਰਟੀ ਹੁਕਮਰਾਨ ਪਾਰਟੀ ਬਣ ਜਾਂਦੀ ਹੈ ਤੇ ਕਦੇ ਕਨਜ਼ਰਵੇਟਿਵ ਬਣ ਜਾਂਦੀ ਹੈ । ਤੀਜੀ ਪਾਰਟੀ ਤਾਂ ਉਥੇ ਬਣਨ ਹੀ ਨਹੀਂ ਦਿੰਦੇ । ਉਨ੍ਹਾਂ ਨੇ ਬੜੀ ਲੁੱਟ ਕਸੁੱਟ ਕੀਤੀ ਹੋਈ ਹੈ । ਬੜਾ ਅਮੀਰ ਮੁਲਕ ਹੈ । ਉਥੇ ਖੁਲ੍ਹ ਹੈ ਜਿਸ ਤਰ੍ਹਾਂ ਦਾ ਪਰਚਾਰ ਕੋਈ ਮਰਜ਼ੀ ਹੈ ਕਰੇ । ਤੁਸੀਂ ਉਨ੍ਹਾਂ ਲੋਕਾਂ ਨੂੰ ਖੁਲ੍ਹ ਦਿੱਤੀ ਹੋਈ ਸੀ ਜਿਹੜੇ ਉਲਟ ਸਨ, ਜਿਹੜੇ ਐਂਟੀ-ਸੋਸ਼ਲਿਸਟ ਸਨ ਔਰ ਕਹਿੰਦੇ ਸਨ 'ਰਾਜ ਕਰੇਗਾ ਖਾਲਸਾ' ਔਰ ਕਿਹਾ ਜਾਂਦਾ ਸੀ 'ਧੋਤੀ ਟੋਪੀ ਜਮਨਾ ਪਾਰ' । ਉਹ ਲੋਕ ਇਸ ਤਰ੍ਹਾਂ ਦਾ ਪਰਚਾਰ ਕਰਦੇ ਹਨ ਤੁਸੀਂ ਉਨ੍ਹਾਂ ਨੂੰ ਖੁਲ੍ਹ ਦਿੱਤੀ ਹੋਈ ਸੀ। ਉਸ ਖੁਲ੍ਹ ਦਾ ਮਤਲਬ ਇਹ ਹੋਇਆ ਕਿ ਉਨ੍ਹਾਂ ਲੋਕਾਂ ਨੇ ਜਨਸੰਘ ਨਾਲ ਮਿਲਕੇ ਹਫੜਾ ਦਫੜੀ ਪਾ ਦਿਤੀ ।

6—05 P.M. (ਇਸ ਸਮੇਂ ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ ।)

ਸਪੀਕਰ ਸਾਹਿਬ, ਇਸ ਮਤੇ ਦੇ ਨਾਲ ਅਤੇ ਸੰਵਿਧਾਨ ਵਿਚ ਤਰਮੀਮਾਂ ਕਰਨ ਦੇ ਨਾਲ ਸਾਡੀ ਪਾਰਲੀਮੈਂਟ ਨੂੰ ਸੁਪਰੀਮ ਕਰਾਰ ਦਿੱਤਾ ਗਿਆ ਹੈ । ਇਸ ਦੇ ਨਾਲ ਹੀ ਐਮਰਜੈਂਸੀ ਲੱਗਣ ਤੋਂ ਬਾਅਦ ਹਿੰਦੁਸਤਾਨ ਦੇ ਅੰਦਰ ਪ੍ਰਧਾਨਗੀ ਟਾਈਪ ਦੀ ਸਰਕਾਰ ਬਣਾਉਣ ਦੇ ਬਾਰੇ ਕਾਫੀ ਸੁਣਨ ਵਿਚ ਆਇਆ ਹੈ ਕਿ ਇਸ ਤਰ੍ਹਾਂ ਦੀ ਹਕੂਮਤ ਹੋਣੀ ਚਾਹੀਦੀ ਹੈ । ਮੈਂ ਬੜੀ ਨਿਮਰਤਾ ਨਾਲ ਕਹਿਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਇਕ ਬਹੁਤ ਵੱਡਾ ਮੁਲਕ ਹੈ, ਇਸ ਦੇ ਵਿਚ ਬਹੁਤ ਸਾਰੇ ਧਰਮ ਹਨ, ਜਾਤਾਂ ਹਨ, ਤੱਬਕੇ ਹਨ, ਜ਼ਬਾਨਾਂ ਹਨ, ਔਰ ਕਲਚਰ ਹਨ । ਇਸ ਮੁਲਕ ਦੀ ਪਾਰਲੀਮੈਂਟ ਲੋਕਾਂ ਵੱਲੋਂ ਚੁਣੀ ਹੋਈ ਹੈ ਅਤੇ 700 ਤੋਂ ਵੱਧ ਇਸਦੇ ਮੈਂਬਰ ਹਨ । ਇਨ੍ਹਾਂ ਦੋਨਾਂ ਹਾਊਸਿਜ਼ ਵਿਚ ਲੋਕਾਂ ਦੇ ਭਾਵਾਂ ਨੂੰ ਪ੍ਰਗਟ ਕਰਨਾ, ਲੋਕਾਂ ਦੀ ਤਸੱਲੀ ਕਰਨਾ ਸ਼ਾਮਿਲ ਹੈ। ਇਕ ਤਰ੍ਹਾਂ ਲੋਕਾਂ ਦਾ ਰਾਜ ਕਰਨ ਦਾ ਤਰੀਕਾ ਹੈ । ਇਨ੍ਹਾਂ ਤਰਮੀਮਾਂ ਨਾਲ ਲੋਕਾਂ ਦਾ ਕਾਫੀ ਫਾਇਦਾ ਹੋਵੇਗਾ ਅਤੇ ਹੁਣ ਪਾਰਲੀਮੈਂਟ ਦਾ ਅਧਿਕਾਰ ਖੇਤਰ ਵੱਧ ਗਿਆ ਹੈ । ਮੈਂ ਇਕ ਦੋ ਨੁਕਤਿਆਂ ਬਾਰੇ ਅਰਜ਼ ਕਰਾਂਗਾ ਜਿਸ ਨੂੰ ਇਸ ਦੇ ਵਿਚ ਇਨਕਲੂਡ ਕੀਤਾ ਜਾਣਾ ਚਾਹੀਦਾ ਸੀ ਨਹੀਂ ਤਾਂ ਤੁਹਾਨੂੰ ਫੇਰ ਸੰਵਿਧਾਨ ਦੇ ਵਿਚ ਤਰਮੀਮਾਂ ਕਰਨੀਆਂ ਪੈਣਗੀਆਂ । ਜਾਇਦਾਦ ਦੇ ਹੱਕ ਨੂੰ ਮੂਲ ਅਧਿਕਾਰਾਂ ਵਿਚ ਰੱਖਣਾ ਠੀਕ ਨਹੀਂ ਹੈ । ਇਸ ਨੂੰ ਖਤਮ ਕਰ ਦੇਣਾ ਚਾਹੀਦਾ ਹੈ । ਇਹ ਜਿਹੜੇ ਟਾਟੇ, ਬਿਰਲੇ ਹਨ ਇਨ੍ਹਾਂ ਨੂੰ ਖਤਮ ਕਰਨਾ ਪਵੇਗਾ ਤਾਂ ਹੀ ਸਮਾਜਵਾਦ ਆ ਸਕਦਾ ਹੈ । ਇਸ ਤਰ੍ਹਾਂ ਦੀਆਂ ਤਰਮੀਮਾਂ ਲਾਜ਼ਮੀ ਤੌਰ ਤੇ ਹੋਣੀਆਂ ਚਾਹੀਦੀਆਂ ਹਨ । (ਵਿਘਨ) ਇਸ ਦੇ ਨਾਲ ਹੀ ਕੰਮ ਕਰਨ ਦਾ ਹੱਕ, ਵਿਦਿਆ ਪ੍ਰਾਪਤ ਕਰਨ ਦਾ ਹੱਕ, ਕਿਉਂਕਿ ਅਮੀਰਾਂ ਦੇ ਬੱਚੇ ਪਬਲਿਕ ਸਕੂਲਾਂ ਵਿਚ ਪੜ੍ਹਦੇ ਹਨ ਅਤੇ ਗਰੀਬਾਂ ਦੇ ਬੱਚੇ ਸਰਕਾਰੀ ਜਾਂ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਦੇ ਹਨ, ਉਹ ਵੀ ਥੋੜ੍ਹੀ ਗਿਣਤੀ ਵਿਚ ਹਨ । ਇਸ ਤਰ੍ਹਾਂ ਮਜ਼ਦੂਰਾਂ ਦੇ ਹੱਕ, ਇਹ ਆਪਣੀ ਤਨਖਾਹ ਲਈ ਕੁਲੈਕਟਿਵਲੀ ਬਾਰਗੇਨਿੰਗ ਕਰ ਸਕਣ । ਸਪੀਕਰ ਸਾਹਿਬ, ਇਨ੍ਹਾਂ ਤਰਮੀਮਾਂ ਦੀ ਮੰਗ ਬੜੀ ਦੇਰ ਤੋਂ ਕੀਤੀ ਜਾ ਰਹੀ ਸੀ । ਮੈਂ ਸਮਝਦਾ ਹਾਂ ਕਿ ਇਸ

Original with;
Punjab Vidhan Sabha
Digitized by;
Panjab Digital Library

ਸੰਵਿਧਾਨ ਵਿਚ ਤਰਮੀਮ ਕਰਨ ਵਾਸਤੇ ਕਾਂਸਟੀਚਿਊਐਂਟ ਐਸੰਬਲੀ ਹੋਣੀ ਚਾਹੀਦੀ ਹੈ ਨਾ ਕਿ ਪਹਿਲੇ ਕਾਂਗਰਸ ਵਰਕਿੰਗ ਪਾਰਟੀ ਇਨ੍ਹਾਂ ਤਰਮੀਮਾਂ ਤੇ ਵਿਚਾਰ ਕਰੇ ਫਿਰ ਕਾਂਗਰਸ ਪਾਰਟੀ ਦੇ ਇਜਲਾਸਾਂ ਵਿਚ ਵਿਚਾਰ ਹੋਵੇ ਫਿਰ ਇਕ ਕਮੇਟੀ ਬਣਾਈ ਜਾਵੇ ਸਰਦਾਰ ਸਵਰਨ ਸਿੰਘ ਦੀ ਪ੍ਰਧਾਨਗੀ ਹੇਠ। ਇਸ ਕਮੇਟੀ ਦੀ ਰਿਪੋਰਟ ਦੇ ਆਧਾਰ ਤੇ ਪਾਰਲੀਮੈਂਟ ਦਾ ਜਲਦੀ ਤੋਂ ਜਲਦੀ ਸੈਸ਼ਨ ਬੁਲਾ ਕੇ ਇਸ ਨੂੰ ਪਾਸ ਕਰ ਦਿੱਤਾ ਹੈ। ਬਹੁਤ ਘੱਟ ਡਿਸਕਸ਼ਨ ਹੋ ਸਕੀ ਹੈ ਇਹ ਤਰੀਕਾ ਠੀਕ ਨਹੀਂ ਹੈ। (ਵਿਘਨ) ਇਸ ਨੇ ਲੋਕਾਂ ਵਿਚ ਬੜਾ ਭੁਲੇਖਾ ਪਾਇਆ ਹੈ। (ਘੰਟੀ) ਬਸ ਸਪੀਕਰ ਸਾਹਿਬ, ਮੈਂ ਤਾਂ ਖਤਮ ਹੀ ਕਰਨ ਲੱਗਾ ਹਾਂ।

ਇਸਦੇ ਨਾਲ ਹੋਰ ਤਰਮੀਮਾਂ ਕਰਨ ਦੀ ਲੋੜ ਪਵੇਗੀ ਪਰ ਜਿਹੜੀ ਪ੍ਰਧਾਨਗੀ ਹਕੂਮਤ ਬਾਰੇ ਗੱਲ ਚੱਲ ਰਹੀ ਹੈ ਇਹ ਠੀਕ ਨਹੀਂ ਹੈ ਮੁਲਕ ਦੇ ਵਾਸ਼ਤੇ, ਇਸ ਲਈ ਇਸ ਤਰ੍ਹਾਂ ਦਾ ਕੋਈ ਕਦਮ ਨਹੀਂ ਲੈਣਾ ਚਾਹੀਦਾ ਜਿਸ ਦੇ ਨਾਲ ਕੋਈ ਖ਼ਤਰਾ ਪੈਦਾ ਹੋਵੇ। ਇਸ ਦੇ ਨਾਲ ਮੈਂ ਇਸ ਦੀ ਹਮਾਇਤ ਕਰਦਾ ਹਾਂ।

**ਮਾਲ ਅਤੇ ਚੋਣ ਮੰਤਰੀ :** ਸਪੀਕਰ ਸਾਹਿਬ, ਜਿਹੜਾ ਮਤਾ ਚੀਫ ਮਨਿਸਟਰ ਸਾਹਿਬ ਨੇ ਇਸ ਹਾਊਸ ਦੇ ਸਾਹਮਣੇ ਰੱਖਿਆ ਹੈ। ਸਾਨੂੰ ਬੜੀ ਖੁਸ਼ੀ ਹੈ ਕਿ ਹਾਊਸ ਵੱਲੋਂ ਅਤੇ ਸਾਰੇ ਮੈਂਬਰ ਸਾਹਿਬਾਨ ਵਲੋਂ...... (ਵਿਘਨ)

**Comrade Raj Kumar :** Sir, I will not repeat a single argument and my arguments will be of two minutes only. If you permit, I will speak.

**Mr. Speaker :** All right, you may now speak.

**ਕਾਮਰੇਡ ਰਾਜ ਕੁਮਾਰ (ਧਾਰੀਵਾਲ) :** ਸਪੀਕਰ ਸਾਹਿਬ, ਮੈਂ ਬੋਲਣਾ ਨਹੀਂ ਸੀ ਚਾਹੁੰਦਾ ਅਤੇ ਨਾ ਹੀ ਕੋਈ ਮੇਰਾ ਇਰਾਦਾ ਸੀ ਪਰ ਕਿਉਂਕਿ ਕੁੱਝ ਮੇਰੀਆਂ ਗੱਲਾਂ ਇਸ ਦੇ ਵਿਚ ਕਵਰ ਹੋ ਜਾਂਦੀਆਂ ਹਨ ਬਾਕੀ ਜਿਹੜੀਆਂ ਰਹਿ ਗਈਆਂ ਹਨ ਉਨ੍ਹਾਂ ਦਾ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ। ਕਈ ਗੱਲਾਂ ਇਸ ਡਿਬੇਟ ਵਿਚ ਨਹੀਂ ਆਈਆਂ ਹਨ ਅਤੇ ਨਾ ਹੀ ਨੈਸ਼ਨਲ ਡਿਬੇਟ ਵਿਚ ਆਈਆਂ ਹਨ ਜਿਹੜਾ ਬੇਸਿਕ ਸਟਰੱਕਚਰ ਹੈ ਇਹ ਸਾਡੇ ਸੰਵਿਧਾਨ ਦੇ ਵਿਚ ਹੈ। ਉਸ ਪੁਆਇੰਟ ਨੂੰ ਸਾਡੇ ਸਾਹਮਣੇ ਥਰੋ ਕਰ ਦਿੱਤਾ ਹੈ। ਮੈਂ, ਸਪੀਕਰ ਸਾਹਿਬ, ਇਸ ਸਬੰਧ ਵਿਚ ਅਰਜ਼ ਕਰਨੀ ਚਾਹੁੰਦਾ ਹਾਂ। ਬੇਸਿਕ ਸਟਰੱਕਚਰ ਆਲਰੈਡੀ ਸਾਡੇ ਕੰਸਟੀਚਿਊਸ਼ਨ ਵਿਚ ਮੌਜੂਦ ਹੈ। ਲੇਕਿਨ ਉਹ ਬੇਸਿਕ ਸਟਰੱਕਚਰ ਨਹੀਂ ਜਿਸ ਦਾ ਜ਼ਿਕਰ ਕੇਸ਼ਵਾ ਨੰਦ ਭਾਰਤੀ ਦੇ ਕੇਸ ਵਿਚ ਹੋਇਆ ਸੀ। ਸਾਡਾ ਬੇਸਿਕ ਸਟਰੱਕਚਰ ਹੈ, ਸਾਡੀ ਪਾਰਲੀਮੈਂਟ ਅਤੇ ਐਡਲਟ ਫਰੈਂਚਾਈਜ਼ ਦਾ ਹਕ ਹੈ। ਲੇਕਿਨ ਜਦ ਪੁਲਿਟੀਕਲ ਸਟਰੱਕਚਰ ਮੌਜੂਦ ਹੋਵੇ ਤਾਂ ਪੁਲਿਟੀਕਲ ਸਟਰੱਕਚਰ ਤੇ ਕਲੋਦਿੰਗ ਹੁੰਦੀ ਹੈ ਔਰ ਕਲੋਦਿੰਗ ਆਦਮੀ ਤੇ ਹੁੰਦੀ ਹੈ। ਜੇ ਆਦਮੀ ਨਾ ਹੋਵੇ ਤਾਂ ਕਲੋਦਿੰਗ ਬੇਮਾਇਨੇ ਬਣ ਜਾਂਦੀ ਹੈ। ਸਾਡੀ ਕੰਸਟੀਚਿਊਸ਼ਨ ਵਿਚ ਹਕੀਕਤਨ ਬੇਸਿਕ ਸਟਰੱਕਚਰ ਹੈ ਜੋ ਕਿ ਹੋਣੀ ਚਾਹੀਦੀ ਸੀ। ਇਹ ਕੰਸਟੀਚਿਊਸ਼ਨ ਵਿਚ ਡੀਫਾਈਨ ਨਹੀਂ। ਜਦ ਤੱਕ ਅਸੀਂ ਇਕਨਾਮਿਕ ਸਟਰੱਕਚਰ ਡੀਫਾਈਨ ਨਹੀਂ ਕਰਦੇ ਉਤਨੀ ਦੇਰ ਤਕ ਸਾਡਾ ਕੰਸਟੀਚਿਊਸ਼ਨ ਇਸ ਲਿਹਾਜ਼ ਨਾਲ ਇਕ ਪੱਖੀ ਰਹੇਗਾ। ਸਪੀਕਰ ਸਾਹਿਬ, ਮੈਂ ਇਹ ਸਮਝਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਜਿਹੜਾ ਸਾਡੇ ਡਾਇਰੈਕਟਿਵ ਪ੍ਰਿੰਸੀਪਲ ਨੂੰ ਮਹੱਤਵ ਮਿਲਿਆ ਹੈ ਅਗਰ ਉਹ ਕਾਇਮ ਨਹੀਂ ਕਰ ਸਕਦੇ ਤਾਂ ਅਸੀਂ ਜੋ ਯੂਨੀਵਰਸਲ ਐਜੂਕੇਸ਼ਨ 6 ਸਾਲ ਤੋਂ 14 ਸਾਲ ਦੇ ਬੱਚਿਆਂ ਨੂੰ ਜੋ ਦੇਣੀ ਹੈ ਉਹ ਨਹੀਂ ਹੋ ਸਕੇਗੀ। ਇਸ ਬਾਰੇ ਡਾਕਟਰ ਕੇ. ਪੀ. ਸ਼ਾਹ ਅਤੇ ਡਾਕਟਰ ਅੰਬੇਦਕਰ ਨੇ ਕੰਸਟੀਚਿਊਐਂਟ ਅਸੰਬਲੀ ਵਿਚ ਵਾਰੀ ਵਾਰੀ ਆਪਣੇ ਡਾਕੂਮੈਂਟ ਦੀ ਸ਼ਕਲ ਵਿਚ ਪੇਸ਼ ਕੀਤੀਆਂ ਸਨ ਪਰ ਇਹ ਗੱਲ ਇਸ ਵਿਚ ਨਹੀਂ ਆਈ।

ਪਹਿਲੀ ਗੱਲ ਇਹ ਕਿ ਡਾਇਰੈਕਟਿਵ ਪ੍ਰਿੰਸੀਪਲਜ਼ ਵਿਚ ਇਕਨਾਮਿਕ ਸਟਰੱਕਚਰ ਦੀ ਪ੍ਰੋਵੀਜ਼ਨ ਹੋਣੀ ਚਾਹੀਦੀ ਹੈ, ਜਿਸ ਦੇ ਮੁਤਾਬਿਕ, ਅਤੇ ਕੰਡੀਸ਼ਨ ਦੇ ਮੁਤਾਬਿਕ ਪਰਮਿਸੀਬਲ ਲਾਅ ਬਣ ਸਕਣ। ਉਨ੍ਹਾਂ ਕਾਨੂੰਨਾਂ ਦੀ ਕੰਸਟੀਚਿਊਸ਼ਨ ਵਿਚ ਗਰੰਟੀ ਹੋਣੀ ਚਾਹੀਦੀ ਹੈ। ਉਸ ਦੇ ਬਾਰੇ ਮੈਂ ਹੇਠ ਲਿਖੀਆਂ ਚੀਜ਼ਾਂ ਪੇਸ਼ ਕਰਦਾ ਹਾਂ:

(1) All rights of land shall vest in the State. The State shall allocate it for agriculture, Housing and other purposes.

(2) The State shall allocate land for agriculture among collective farmers and individual farmers.

(3) All mines and Industries with a capital of more than Rs. 10 lakhs each shall be owned and managed by the State.

(4) The State shall provide the jobs for all citizens including the erstwhile owners of, land, if they do not want to undertake cultivation upto a ceiling limit, mines and industries in accordance with their qualifications.

ਸਪੀਕਰ ਸਾਹਿਬ, ਇਹ ਇਕ ਐਸਾ ਇਕਨਾਮਿਕ ਸਟਰੱਕਚਰ ਆਵੇਗਾ ਜਿਸ ਦੇ ਦੁਆਲੇ ਜਿਹੜਾ ਕਲੋਦਿੰਗ ਅਸੀਂ ਦਿੱਤਾ ਹੈ ਡਾਇਰੈਕਟਿਵ ਪ੍ਰਿੰਸੀਪਲ ਦਾ, ਉਸ ਦੀ ਜਾਂਚਨਾ ਅਤੇ ਉਸ ਦੀ ਇੰਪਲੀਮੈਂਟੇਸ਼ਨ ਦੀ ਆਪਣੇ ਆਪ ਵਿਚ ਗਰੰਟੀ ਹੋਵੇ। ਡਾਂਗ ਸਾਹਿਬ ਨੇ ਇਸ਼ਾਰਾ ਦਿੱਤਾ ਸੀ, ਮੈਂ ਚਾਹੁੰਦਾ ਹਾਂ ਕਿ ਉਸ ਨੂੰ ਇਸ ਕੰਸਟੀਚਿਊਸ਼ਨ ਦੀ ਪਰੋਵਿਜ਼ਨ ਦੀ ਸ਼ਕਲ ਵਿਚ ਦੇ ਦਿੱਤਾ ਜਾਵੇ ਅਤੇ ਇਸ ਸ਼ਕਲ ਵਿਚ ਜਿਹੜੀਆਂ ਪਾਰਲੀਮੈਂਟਰੀ ਕਮੇਟੀਜ਼ ਹਨ ਉਨ੍ਹਾਂ ਨੂੰ ਸਟੈਚੂਟਰੀ ਪਾਵਰਜ਼ ਵਧਾ ਦਿੱਤੀਆਂ ਜਾਣ। ਉਨ੍ਹਾਂ ਦੀ ਇੰਪਲੀਮੈਂਟੇਸ਼ਨ ਦੀ ਜ਼ਿਮੇਵਾਰੀ ਦਾ ਕੰਮ ਉਨ੍ਹਾਂ ਨੂੰ ਦਿੱਤਾ ਜਾਵੇ। ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

(ਇਸ ਸਮੇਂ ਸ੍ਰੀ ਸਪੀਕਰ ਨੇ ਮਾਲ ਅਤੇ ਚੋਣ ਮੰਤਰੀ ਜੀ ਨੂੰ ਬੋਲਣ ਲਈ ਕਿਹਾ ਪਰ ਸਰਦਾਰ ਦਰਸ਼ਨ ਸਿੰਘ ਕੇ. ਪੀ. ਬੋਲਣ ਲਈ ਖੜੇ ਹੋ ਗਏ।)

ਮੁੱਖ ਮੰਤਰੀ : ਹਾਊਸ ਵਿਚ ਵਾਅਦਾ ਕੀਤਾ ਸੀ ਜਿੰਨਾ ਚਿਰ ਮੈਂਬਰ ਸਾਹਿਬਾਨ ਚਾਹੁਣ ਉਹ ਬੋਲ ਸਕਦੇ ਹਨ। ਇਸ ਲਈ ਸਪੀਕਰ ਸਾਹਿਬ, ਤੁਸੀ ਮੈਂਬਰ ਸਾਹਿਬਾਨ ਨੂੰ ਬੋਲਣ ਲਈ ਟਾਈਮ ਦਿਓ ਪਰ ਤੁਸੀਂ ਇਕ ਚੀਜ਼ ਕਰ ਸਕਦੇ ਹੋ ਕਿ ਬੋਲਣ ਦਾ ਹਰ ਇਕ ਮੈਂਬਰ ਨੂੰ ਮੌਕਾ ਦਿਓ ਪਰ ਜ਼ਿਆਦਾ ਟਾਈਮ ਨਾ ਦਿਓ। ਕੋਈ ਮੈਂਬਰ ਇਹ ਨਾ ਕਹੇ ਕਿ ਮੈਨੂੰ ਬੋਲਣ ਲਈ ਟਾਈਮ ਨਹੀਂ ਮਿਲਿਆ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਸੀ. ਐਮ. ਸਾਹਿਬ ਦੀ ਖਾਹਿਸ਼ ਹੈ ਕਿ ਜਿਸ ਨੇ ਵੀ ਬੋਲਣਾ ਹੈ ਉਹ ਬੋਲ ਲਵੇ । ਇਸ ਲਈ ਕੇ. ਪੀ. ਸਾਹਿਬ ਤੁਸੀਂ ਬਾਅਦ ਵਿਚ ਬੋਲ ਲੈਣਾ ।

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਹਾਊਸ ਦੇ ਸਾਰੇ ਮੈਂਬਰਾਂ ਨੇ ਇਸ ਮਤੇ ਦੇ ਹੱਕ ਵਿਚ ਬਹੁਤ ਸਾਰੀਆਂ ਦਲੀਲਾਂ ਦਿੱਤੀਆਂ ਹਨ । ਮੈਂ ਉਨ੍ਹਾਂ ਦਲੀਲਾਂ ਨੂੰ ਦੁਹਰਾਉਣਾ ਨਹੀਂ ਚਾਹੁੰਦਾ । ਇਥੇ ਡਾਂਗ ਸਾਹਿਬ, ਚੌਧਰੀ ਦਰਸ਼ਨ ਸਿੰਘ ਅਤੇ ਦੂਸਰੇ ਮੈਂਬਰ ਸਾਹਿਬਾਨ ਨੇ ਉਨ੍ਹਾਂ ਕੇਸਾਂ ਦਾ ਜ਼ਿਕਰ ਕੀਤਾ ਜਿਨ੍ਹਾਂ ਵਿਚ ਸੁਪਰੀਮ ਕੋਰਟ ਨੇ ਕੰਸਟੀਚਿਊਸ਼ਨਲ ਲਾਅ ਦੀ ਇੰਟਰਪਰੇਟੇਸ਼ਨ ਵਿਚ ਵਕਤਨ ਫਵਕਤਨ ਜੱਜਮੈਂਟ ਦਿੱਤੀ ਹੈ । ਭਾਵੇਂ ਸ਼ੰਕਰੀ ਪ੍ਰਸ਼ਾਦ ਦਾ ਕੇਸ ਹੈ ਜਿਹੜਾ ਕਿ 1951 ਵਿਚ ਸ਼ੁਰੂ ਹੋਇਆ ਸੀ । ਭਾਵੇਂ ਸੱਜਣ ਸਿੰਘ ਦਾ ਕੇਸ ਹੈ । ਉਸ ਦੇ ਬਾਅਦ ਗੋਲਕ ਨਾਥ ਦਾ ਕੇਸ ਹੈ ਅਤੇ ਅਖੀਰ ਵਿਚ ਕੇਸ਼ਵਾ ਨੰਦ ਭਾਰਤੀ ਦਾ ਕੇਸ ਹੈ ਜਿਸ ਦੇ ਥੱਲੇ ਬੁਨਿਆਦੀ ਡਾਕਟਰੀਨ, ਜਿਹੜਾ ਕਿ ਬੇਸਿਕ ਸਟਰੱਕਚਰ ਕੰਸਟੀਚਿਊਸ਼ਨ ਵਿਚ ਹੈ ਜਾਂ ਜਿਹੜਾ ਕਿ ਸਪੈਸ਼ਲ ਫੀਚਰ ਆਫ ਦੀ ਕੰਸਟੀਚਿਊਸ਼ਨ ਹੈ, ਜਿਸ ਬਾਰੇ ਉਨ੍ਹਾਂ ਨੇ ਕਿਹਾ ਕਿ ਉਹ ਅਮੈਂਡ ਨਹੀਂ ਹੋ ਸਕਦਾ, ਇਹ ਇਕ ਐਸਾ ਡਾਕਟਰੀਨ ਸੀ ਜਿਹੜਾ ਕਿ ਬੜਾ ਖ਼ਤਰਨਾਕ ਸੀ ਜਿਸ ਨੂੰ ਮੰਨਿਆ ਨਹੀਂ ਸੀ ਜਾ ਸਕਦਾ । ਮੈਂ ਸਮਝਦਾ ਹਾਂ ਕਿ ਕਿਸੇ ਜ਼ਮਾਨੇ ਦੇ ਕੰਸਟੀਚਿਊਸ਼ਨ ਵਿਚ ਵੀ ਇਹ ਚੀਜ਼ਾਂ ਜਿਹੜੀਆਂ ਹਨ, ਨਹੀਂ ਮੰਨੀਆਂ ਜਾ ਸਕਦੀਆਂ । ਪ੍ਰਾਈਮ ਮਨਿਸਟਰ ਨੇ ਪਾਰਲੀਮੈਂਟ ਵਿਚ ਆਪਣੀ ਸਪੀਚ ਵਿਚ ਕਿਹਾ......

## EXTENSION OF TIME OF THE SITTING

ਸ੍ਰੀ ਸਪੀਕਰ : ਲੀਡਰ ਆਫ ਦੀ ਹਾਊਸ ਨੇ ਮੈਂਬਰ ਸਾਹਿਬਾਨ ਦੀ ਖਾਹਿਸ਼ ਦਾ ਜ਼ਿਕਰ ਕੀਤਾ ਹੈ ਅਤੇ ਕਿਹਾ ਹੈ ਕਿ ਜਿੰਨਾਂ ਚਿਰ ਮਰਜ਼ੀ ਹੈ ਉਹ ਬੋਲ ਲੈਣ । ਇਸ ਲਈ ਜਿੰਨਾ ਚਿਰ ਇਹ ਮਤਾ ਪਾਸ ਨਹੀਂ ਹੁੰਦਾ ਉਤਨੀ ਦੇਰ ਤੱਕ ਜਿਨ੍ਹਾਂ ਨੇ ਬੋਲਣਾ ਹੈ ਉਹ ਬੋਲਣ ਅਤੇ ਉਤਨੀ ਦੇਰ ਤੱਕ ਹਾਊਸ ਚਲਦਾ ਰਹੇਗਾ ।

Is it the pleasure of the House ?

ਆਵਾਜ਼ਾਂ : ਹਾਂ ਜੀ, ਹਾਂ ਜੀ ।

## RESOLUTION UNDER ARTICLE 368 OF THE CONSTITUTION

**(*Resumption of Discussion*)**

ਮਾਲ ਅਤੇ ਚੋਣ ਮੰਤਰੀ : ਪ੍ਰਾਈਮ ਮਨਿਸਟਰ ਨੇ ਇਸ ਅਮੈਂਡਮੈਂਟ ਤੇ ਬੋਲਦੇ ਹੋਏ ਕਿਹਾ :

> 'Parliament has the unfettered, unqualified, unabridgeable right to amend the Constitution. We do not accept the dogma of the basic structure which was invented by the Judges.'

ਸੋ ਇਹ ਜਿਹੜੀ ਚੀਜ਼ ਹੈ, ਇਸ ਬਾਰੇ ਹਿੰਦੁਸਤਾਨ ਦੇ ਲੋਕਾਂ ਦੀ ਵਿੱਲ ਨਹੀਂ ਆਈ ਅਤੇ ਨਾ ਹੀ ਲੋਕਾਂ ਦੀ ਵਿੱਲ ਹੈ । ਕੰਸਟੀਚਿਊਸ਼ਨ ਮੌਕੇ ਦੇ ਮੁਤਾਬਿਕ ਬਦਲਣਾ ਚਾਹੀਦਾ ਹੈ । (ਤਾੜੀਆਂ) ਲੋਕਾਂ ਦੀ ਜ਼ਰੂਰਤ ਦੇ ਮੁਤਾਬਿਕ, ਲੋਕਾਂ ਦੀ ਨੀਡਜ਼ ਦੇ ਮੁਤਾਬਿਕ ਬਦਲਣਾ

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਚਾਹੀਦਾ ਹੈ । ਇਥੇ ਚੌਧਰੀ ਦਰਸ਼ਨ ਸਿੰਘ ਨੇ ਜਵਾਹਰ ਲਾਲ ਨਹਿਰੂ ਦੀ ਸਪੀਚ ਦਾ ਜ਼ਿਕਰ ਕੀਤਾ ਸੀ । ਮੈਂ ਉਨ੍ਹਾਂ ਦੀ ਉਦੋਂ ਦੀ ਸਪੀਚ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਜਦੋਂ ਕਿ ਕੰਸਟੀਚਿਊਸ਼ਨ ਬਣ ਰਿਹਾ ਸੀ । ਨਹਿਰੂ ਜੀ, ਜਿਨ੍ਹਾਂ ਨੇ ਕਿ ਬਹੁਤ ਥਾਟ ਦਿੱਤੀ ਇਸ ਪਰੇਜ਼ੈਂਟ ਕੰਸਟੀਚਿਊਸ਼ਨ ਨੂੰ, ਉਸ ਉਤੇ ਬੋਲਦੇ ਹੋਏ ਉਨ੍ਹਾਂ ਨੇ ਕਿਹਾ ਸੀ ਕਿ :—

> "Laws are meant to fit existing conditions, and they are meant to help us to better ourselves. If conditions change, how can the old laws fit in ? They must change with changing conditions, or else they become iron chains keeping us back, while the world marches on. No law can be an 'unchangeable law'. It must be based on knowledge, and as knowledge grows, it must grow with it."

ਇਹ ਨਹਿਰੂ ਜੀ ਨੇ ਪਾਰਲੀਮੈਂਟ ਵਿਚ ਕਿਹਾ ਸੀ ਔਰ ਇਸ ਦੇ ਬਾਅਦ, ਹੁਣ ਸਪੀਕਰ ਸਾਹਿਬ, 20 ਸਾਲ ਤੋਂ ਉਪਰ ਸਮਾਂ ਹੋ ਗਿਆ ਹੈ ਅਤੇ 25-26 ਸਾਲਾਂ ਦਾ ਸਮਾਂ ਹੋ ਗਿਆ ਹੈ ਉਸ ਵਿਧਾਨ ਬਣੇ ਨੂੰ । ਉਸ ਦੇ ਵਿਚ ਨਵੀਆਂ ਤਬਦੀਲੀਆਂ ਆਈਆਂ ਹਨ, ਨਵੇਂ ਤਜ਼ਰਬੇ ਹੋਏ ਹਨ ਅਤੇ ਉਸ ਦੇ ਮੁਤਾਬਿਕ ਲੋਕਾਂ ਦੀਆਂ ਜ਼ਰੂਰਤਾਂ ਸਾਡੇ ਸਾਹਮਣੇ ਆਈਆਂ ਹਨ । ਉਸ ਦੇ ਮੁਤਾਬਿਕ ਬਹੁਤ ਸਾਰੇ ਲਾਅ ਬਣੇ ਹਨ । ਬਹੁਤ ਸਾਰੀਆਂ ਚੀਜ਼ਾਂ, ਜਿਨ੍ਹਾਂ ਦਾ ਜ਼ਿਕਰ ਸਾਡੇ ਦੋਸਤਾਂ ਨੇ ਕੀਤਾ ਹੈ, ਡਾਂਗ ਸਾਹਿਬ ਨੇ ਵੀ ਜ਼ਿਕਰ ਕੀਤਾ ਹੈ । ਭਾਵੇਂ ਰਾਜਿਆਂ ਦੇ ਭੱਤੇ ਖ਼ਤਮ ਕਰਨ ਬਾਰੇ, ਭਾਵੇਂ ਬੈਂਕਾਂ ਦੀ ਨੈਸ਼ਨੇਲਾਈਜ਼ੇਸ਼ਨ ਦੇ ਬਾਰੇ, ਭਾਵੇਂ ਲੈਂਡ ਰੀਫਾਰਮ ਦੇ ਬਾਰੇ, ਭਾਵੇਂ ਗਰੀਬਾਂ ਨੂੰ ਜ਼ਮੀਨਾਂ ਦੇਣ ਦਾ ਸਵਾਲ ਸੀ, ਮਕਾਨ ਦੇਣ ਦਾ ਸਵਾਲ ਸੀ ਅਤੇ ਭਾਵੇਂ ਸਮੱਗਲਰਾਂ ਨੂੰ ਜੇਲ੍ਹਾਂ ਵਿਚ ਲਿਆਉਣ ਦਾ ਸਵਾਲ ਸੀ, ਇਹ ਐਸੀਆਂ ਚੀਜ਼ਾਂ ਸਨ ਜਿਸ ਦੇ ਵਿਚ ਸਮੇਂ ਸਮੇਂ ਅਦਾਲਤਾਂ ਵੱਲੋਂ ਰੁਕਾਵਟ ਪਾਈ ਗਈ । ਇਹ ਇਕ ਐਸੀ ਕੋਸ਼ਿਸ਼ ਸੀ ਜਿਹੜੀ ਕਿ ਮੁਅੱਜ਼ਮ ਸੁਸਾਇਟੀ ਨਾਲ ਸਬੰਧ ਰੱਖਦੀ ਸੀ । ਉਨ੍ਹਾਂ ਵਿਚ ਐਸੀ ਕੋਸ਼ਿਸ਼ ਵੀ ਸੀ ਜਿਸ ਦਾ ਅਟਵਾਲ ਜੀ ਨੇ ਜ਼ਿਕਰ ਕੀਤਾ ਹੈ ਕਿ 20 ਸਾਲ ਇਕ ਸੜਕ ਨਹੀਂ ਬਣ ਸਕੀ । ਇਕ ਆਦਮੀ ਨੇ ਹਾਈ ਕੋਰਟ ਵਿਚ ਜਾ ਕੇ ਸਟੇ ਲੈ ਆਂਦੀ । ਇਸ ਵਕਤ ਜਿੰਨੇ ਕੇਸ ਸਾਡੀ ਹਾਈ ਕੋਰਟ ਵਿਚ ਪੈਂਡਿੰਗ ਪਏ ਹਨ ਅਗਰ ਮੈਂ ਹਾਊਸ ਦੀ ਇਨਫਰਮੇਸ਼ਨ ਵਾਸਤੇ ਦੱਸਾਂ ਤਾਂ ਯਕੀਨਨ ਤੌਰ ਤੇ ਸਾਡੇ ਸਾਥੀਆਂ ਨੂੰ ਹੈਰਾਨਗੀ ਹੋਵੇਗੀ । 41 ਹਜ਼ਾਰ ਕੇਸਿਜ਼ ਹਨ ਜਿਹੜੇ ਕਿ ਇਸ ਵਕਤ ਸਾਡੀ ਹਾਈ ਕੋਰਟ ਵਿਚ ਪੈਂਡਿੰਗ ਪਏ ਹਨ ਔਰ 41 ਹਜ਼ਾਰ ਵਿਚੋਂ 13 ਹਜ਼ਾਰ ਰਿੱਟ ਪੈਟੀਸ਼ਨਜ਼ ਹਨ । ਇਹ ਮੌਜੂਦਾ ਸਾਡਾ ਸਿਸਟਮ ਜੋ ਹੈ ਅਤੇ ਸਾਡੇ ਮੌਜੂਦਾ ਜੱਜਿਜ਼ ਜੋ ਹਨ, ਉਨ੍ਹਾਂ ਕੇਸਾਂ ਨੂੰ ਨਜਿੱਠਣ ਲਈ, ਉਨ੍ਹਾਂ ਕੇਸਾਂ ਦਾ ਉਹ ਹੁਣ ਦੇ ਸਿਸਟਮ ਨਾਲ ਨਿਪਟਾਰਾ ਕਰਨ ਤਾਂ ਕਈ ਸਾਲ ਲੱਗ ਜਾਂਦੇ ਹਨ । ਤਾਂ ਫਿਰ ਲੋਕਾਂ ਨੂੰ ਇਨਸਾਫ ਕਿਸ ਤਰ੍ਹਾਂ ਮਿਲੇਗਾ । ਲੋਕਾਂ ਨੇ ਜਿਨ੍ਹਾਂ ਨੇ ਇਨਸਾਫ ਵਾਸਤੇ ਹਾਈ ਕੋਰਟ ਦੇ ਦਰਵਾਜ਼ੇ ਖਟਕਾਏ ਹਨ, ਕਿਸੇ ਦਾ ਦੀਵਾਨੀ ਦਾ ਮੁਕੱਦਮਾ ਹੈ ਅਤੇ ਕਿਸੇ ਦਾ ਕੋਈ ਹੋਰ ਮੁਕੱਦਮਾ ਹੈ, ਉਹ ਸਾਰੇ ਕੇਸਿਜ਼ ਪੈਂਡਿੰਗ ਪਏ ਹਨ । ਇਸ ਵਿਚ ਇਕ ਐਸੀ ਕੋਸ਼ਿਸ਼ ਹੈ ਜਿਹੜੀ ਕਿ ਰੁਕਾਵਟ ਪਾਉਂਦੀ ਹੈ ਸੋਸ਼ਲ ਸੁਧਾਰ ਵਿਚ । ਇਹ ਕੋਸ਼ਿਸ਼ ਅੱਗੇ ਆਉਂਦੀ ਹੈ ਅਤੇ ਉਸ ਦੇ ਨਾਲ ਰੁਕਾਵਟ ਵਧਦੀ ਹੈ । ਔਰ ਮੈਂ ਸਮਝਦਾ ਹਾਂ ਕਿ ਇਸ ਕਰਕੇ ਜ਼ਰੂਰੀ ਹੈ ਭਾਵੇਂ ਇਸ ਦਾ ਜੁਡੀਸ਼ਰੀ ਤੇ ਅਸਰ ਪਵੇ, ਭਾਵੇਂ ਲੋਕਾਂ ਦੇ ਹੱਕਾਂ ਤੇ ਅਸਰ ਪਵੇ, ਪਰ ਇਹ ਰੁਕਾਵਟਾਂ ਦੂਰ ਹੋਣੀਆਂ ਹਨ । ਸਪੀਕਰ ਸਾਹਿਬ, ਤੁਸੀਂ ਦੇਖੋ ਕਿ ਜਿੰਨਾ ਚਿਰ ਤੱਕ ਦੌੜ ਸਿੱਧੀ ਨਾ ਹੋਵੇ, ਕੋਈ ਜਵਾਨ ਆਦਮੀ ਵੀ

Original with;
Punjab Vidhan Sabha
Digitized by;
Panjab Digital Library

ਕਿਉਂ ਨਾ ਹੋਵੇ, ਉਹ ਦੌੜ ਉਹ ਨਹੀਂ ਦਿਖਾ ਸਕਦਾ ਜੋ ਦੌੜ ਦੇ ਰਸਤੇ ਵਿਚ ਆਬਸਟੇਕਲ ਹੋਵੇ, ਰੁਕਾਵਟ ਪਾ ਦਿਤੀ ਜਾਵੇ ਤਾਂ ਫਿਰ ਇਹ ਜ਼ਰੂਰੀ ਨਹੀਂ ਕਿ ਚੰਗਾ ਦੌੜਨ ਵਾਲਾ ਅੱਗੇ ਚਲਾ ਜਾਵੇਗਾ ਸਗੋਂ ਚਲਾਕ ਆਦਮੀ ਹੀ ਅੱਗੇ ਜਾ ਸਕਦਾ ਹੈ । ਇਸੇ ਤਰ੍ਹਾਂ ਹੀ ਇਹ ਜਿਹੜੀ ਸਾਡੀ ਹੁਣ ਦੀ ਦੌੜ ਹੈ, ਇਹ ਜਿਹੜੀ ਪ੍ਰਾਈਮ ਮਨਿਸਟਰ ਦੀ ਦੌੜ ਹੈ ਕਿ ਦੇਸ਼ ਵਿਚ ਸਮਾਜਵਾਦ ਲਿਆਉਣਾ ਹੈ, ਜੇ ਉਸ ਰਸਤੇ ਵਿਚ ਕੋਈ ਆਬਸਟੇਕਲ ਹੋਵੇ, ਕੋਈ ਰੁਕਾਵਟ ਹੋਵੇ ਤਾਂ ਉਹ ਨਹੀਂ ਰਹਿਣ ਦੇਣੀ ਚਾਹੁੰਦੇ (ਤਾੜੀਆਂ) ਇਸ ਕਰਕੇ ਮੈਂ ਅਰਜ਼ ਕਰਦਾ ਹਾਂ ਕਿ ਜਿਨ੍ਹਾਂ ਸਬੰਧੀ ਕੁਝ ਦੋਸਤਾਂ ਨੇ ਪਾਰਲੀਮੈਂਟ ਵਿਚ ਵੀ ਅਤੇ ਪਾਰਲੀਮੈਂਟ ਤੋਂ ਬਾਹਿਰ ਵੀ ਉਨ੍ਹਾਂ ਲੋਕਾਂ ਦਾ ਜ਼ਿਕਰ ਕੀਤਾ ਹੈ ਜਿਹੜੇ ਕਿ ਅਮਰੀਕਾ ਨਾਲ ਸਬੰਧ ਰਖਦੇ ਹਨ (ਵਿਘਨ) ਮੈਂ ਅਮਰੀਕਾ ਦੇ ਇਕ ਇੰਪਾਰਟੈਂਟ ਜੂਰਿਸਟ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ, ਜਿਸ ਦਾ ਨਾਮ ਜ਼ੈਫਰਸਨ ਹੈ । ਜਿਸ ਨੇ ਕਿਹਾ ਹੈ ਕਿ :—

> "We may consider each generation as a distinct nation, with a right, by the will of the majority, to bind themselves, but none to bind the succeeding generation, more than the inhabitants of another country."

ਉਨ੍ਹਾਂ ਨੇ ਕਿਹਾ ਕਿ ਜਿਸ ਤਰ੍ਹਾਂ ਅਸੀਂ ਕਿਸੇ ਹੋਰ ਮੁਲਕ ਨੂੰ ਬੰਨ੍ਹ ਨਹੀਂ ਸਕਦੇ ਇਸੇ ਤਰ੍ਹਾਂ ਹੀ ਆਉਣ ਵਾਲੀਆਂ ਨਸਲਾਂ ਨੂੰ ਵੀ ਬੰਨ੍ਹਿਆਂ ਨਹੀਂ ਜਾ ਸਕਦਾ । 25 ਸਾਲਾਂ ਦਾ ਸਮਾਂ ਲੰਘ ਗਿਆ ਹੈ ਅਤੇ ਨਵੀਂ ਜੈਨਰੇਸ਼ਨ ਦੇਸ਼ ਵਿਚ ਆ ਗਈ ਹੈ । ਸਾਡੇ ਨੌਜਵਾਨ ਕੰਧੇ ਤੇ ਕਹੀਆਂ ਰੱਖ ਕੇ ਕੰਮ ਕਰ ਰਹੇ ਹਨ । ਉਨ੍ਹਾਂ ਦੀਆਂ ਆਸਾਂ ਸਾਡੇ ਤੇ ਹਨ । ਇਸ ਲਈ ਸਾਡੀ ਪਹਿਲੀ ਕੋਸ਼ਿਸ਼ ਇਹ ਹੈ ਕਿ ਉਨ੍ਹਾਂ ਦੀਆਂ ਆਸਾਂ ਨੂੰ ਪੂਰਾ ਕੀਤਾ ਜਾਵੇ । ਇਥੇ ਡਾਂਗ ਸਾਹਿਬ ਨੇ ਸ਼ੰਕਿਆਂ ਦਾ ਜ਼ਿਕਰ ਕੀਤਾ ਸੀ । ਹੋਰ ਬਹੁਤ ਸਾਰੀਆਂ ਗੱਲਾਂ ਦਾ ਜ਼ਿਕਰ ਕੀਤਾ ਗਿਆ, ਮੈਂ ਬਹੁਤ ਜ਼ਿਆਦਾ ਕੁਝ ਨਹੀਂ ਕਹਿਣਾ ਚਾਹੁੰਦਾ । ਡਾਂਗ ਸਾਹਿਬ ਨੇ, ਹੋਰਾਂ ਨੇ ਕੁਝ ਸ਼ੰਕੇ ਜ਼ਾਹਿਰ ਕੀਤੇ ਹਨ । ਅਕਾਲੀ ਪਾਰਟੀ ਵਾਲਿਆਂ ਨੇ ਵੀ ਕਿਹਾ ਸੀ । ਮੈਂ ਤਾਂ ਪਹਿਲਾਂ ਹੀ ਕਿਹਾ ਸੀ ਕਿ ਤੁਸੀਂ ਬੈਠੇ ਰਹੋ ਅਤੇ ਤੁਹਾਨੂੰ ਟਾਈਮ ਦਿਆਂਗੇ ਪਰ ਆਸ਼ਵਾਸਨ ਦੇਣ ਦੇ ਬਾਅਦ ਵੀ ਉਹ ਨਹੀਂ ਮੰਨੇ ।

ਉਨ੍ਹਾਂ ਨੇ ਕਿਹਾ ਕਿ ਫੰਡਾਮੈਂਟਲ ਰਾਈਟਸ ਲਏ ਜਾ ਰਹੇ ਹਨ । ਕਿਹੜੇ ਫੰਡਾਮੈਂਟਲ ਰਾਈਟਸ ਲਏ ਜਾ ਰਹੇ ਹਨ, ਕਿਹੜੀ ਸੈਕਸ਼ਨ ਅਮੈਂਡ ਹੋਈ ਹੈ, ਇਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ । ਉਨ੍ਹਾਂ ਨੇ ਕਿਹਾ ਕਿ ਸ਼ੋਕ ਦਾ ਦਿਨ ਹੈ, ਮੈਂ ਸਮਝਦਾ ਹਾਂ ਕਿ ਉਨ੍ਹਾਂ ਵਾਸਤੇ ਜ਼ਰੂਰ ਸ਼ੋਕ ਦਾ ਦਿਨ ਹੋਏਗਾ । ਐਡੀ ਵੱਡੀ ਡਿਸਕਸ਼ਨ ਹੋ ਰਹੀ ਹੈ ਜਿਸ ਵਿਚ ਕਿ ਉਨ੍ਹਾਂ ਨੂੰ ਹਿੱਸਾ ਲੈਣਾ ਚਾਹੀਦਾ ਸੀ ਪਰ ਉਹ ਉਠ ਕੇ ਚਲੇ ਗਏ ਹਨ। ਉਨ੍ਹਾਂ ਵਾਸਤੇ ਅੱਜ ਦਾ ਦਿਨ ਸ਼ੋਕ ਦਾ ਦਿਨ ਜ਼ਰੂਰ ਹੋ ਸਕਦਾ ਹੈ ਪਰ ਜਿਥੋਂ ਤਕ ਲੋਕਾਂ ਦਾ ਤਾਲੁਕ ਹੈ ਉਨ੍ਹਾਂ ਲਈ ਅੱਜ ਦਾ ਦਿਨ ਬੜਾ ਮਹਤੱਤਾ ਪੂਰਨ ਦਿਨ ਹੈ । ਜਿਹੜਾ ਉਨ੍ਹਾਂ ਨੇ ਕਿਹਾ ਕਿ ਸਿੱਖਾਂ ਨੂੰ ਇਸ ਵਿਚ ਪੁਛਿਆ ਨਹੀਂ ਗਿਆ ਉਸ ਵਾਸਤੇ ਚੌਧਰੀ ਸਾਹਿਬ ਨੇ ਬੜੀਆਂ ਦਲੀਲਾਂ ਦੇ ਕੇ ਦਸਿਆ ਹੈ । ਇਹ ਚੀਜ਼ ਪਬਲਿਸ਼ ਕੀਤੀ ਗਈ, ਪਾਰਲੀਮੈਂਟ ਵਿਚ ਆਈ, ਹਰ ਸਭਾ ਵਿਚ, ਔਰ ਸੋਸਾਇਟੀ ਵਿਚ ਡਿਸਕਸ ਕੀਤੀ ਗਈ, ਵਕੀਲਾਂ ਨੇ ਡਿਸਕਸ ਕੀਤੀ । ਅਸੀਂ ਤਾਂ ਇਹਦਾ ਪੰਜਾਬੀ ਵਿਚ ਵੀ ਖਰੜਾ ਤਿਆਰ ਕਰ ਲਿਆ ਸੀ । ਜੇ ਉਹ ਕਹਿੰਦੇ ਤਾਂ ਮੈਂ ਪੰਜਾਬੀ ਵਿਚ ਖਰੜਾ ਵੀ ਉਨ੍ਹਾਂ ਨੂੰ ਦੇ ਸਕਦਾ ਸੀ । ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤ੍ਰੀ]

ਤਰ੍ਹਾਂ ਦੀਆਂ ਗੱਲਾਂ ਨੂੰ ਕੌਮ ਨਾਲ ਜੋੜਨਾ ਬਿਲਕੁਲ ਗ਼ਲਤ ਫਹਿਮੀ ਹੈ। ਇਸ ਕਰਕੇ ਹੀ ਉਹ ਮਰੀ ਜਾ ਰਹੇ ਹਨ।

ਡਾਂਗ ਸਾਹਿਬ ਨੇ ਕਿਹਾ ਕਿ ਟਰਬਿਊਨਲ ਬਨਣੇ ਹਨ। ਐਮਪਲਾਈਜ਼ ਵਾਸਤੇ ਉਨ੍ਹਾਂ ਨੇ ਕੁਝ ਸੁਝਾਉ ਦਿੱਤੇ ਹਨ। ਸਾਰੇ ਕੇਸਿਜ਼ ਉਨ੍ਹਾਂ ਕੋਲ ਜਾਣੇ ਚਾਹੀਦੇ ਹਨ। ਟਰਬਿਊਨਲ ਵਿਚ ਬੰਦੇ ਚੰਗੇ ਹੋਣੇ ਚਾਹੀਦੇ ਹਨ। ਮੈਂ ਸਮਝਦਾ ਹਾਂ ਕਿ ਟਰਬਿਊਨਲ ਲਾਅ ਬਨਣੇ ਹਨ। ਪਾਰਲੀਮੈਂਟ ਨੇ ਲਾਅ ਬਨਾਉਣੇ ਹਨ ਕਿ ਉਨ੍ਹਾਂ ਦੇ ਮੈਂਬਰਾਂ ਦੀਆਂ ਕੀ ਕੁਆਲੀਫਿਕੇਸ਼ਨਜ਼ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਨੂੰ ਇਸ ਗਲ ਦਾ ਸ਼ੰਕਾ ਕਿਉਂ ਹੋਇਆ ਹੈ? ਇਹ ਟਰਬਿਊਨਲ ਕੇਵਲ ਐਂਮਪਲਾਈਜ਼ ਵਾਸਤੇ ਹੀ ਨਹੀਂ ਹੋਣੇ ਬਲਕਿ ਇਹ ਟਰਬਿਊਨਲ ਲੈਂਡ ਲਾਰਡਜ਼ ਵਾਸਤੇ ਵੀ ਬਣ ਸਕਦੇ ਹਨ। ਇਹ ਇਸ ਗੱਲ ਦੀ ਜ਼ਰੂਰ ਪ੍ਰੁਣਟੀ ਕਰਦੇ ਪਰ ਸ਼ਾਇਦ ਇਨ੍ਹਾਂ ਨੇ ਇਹ ਪੜ੍ਹਿਆ ਨਹੀਂ ਹੋਣਾ ਹੈ। ਜਿਹੜੇ ਵੀ ਪ੍ਰੋਗਰੈਸਿਵ ਮਯਰਜ਼ ਹਨ ਉਨ੍ਹਾਂ ਵਾਸਤੇ ਟਰਬਿਊਨਲ ਬਣ ਸਕਦੇ ਹਨ ਤਾਂ ਕਿ ਕੰਮ ਜਲਦੀ ਹੋ ਸਕਣ। ਹਾਈਕੋਰਟ ਦੇ ਡਿਸੀਜ਼ਨ ਕਰਕੇ ਸਾਰੇ ਕੰਮ ਰੁਕੇ ਹੋਏ ਹਨ। ਟਰਬਿਊਨਲ ਬਨਣ ਨਾਲ ਹਾਈਕੋਰਟ ਦਾ ਕੰਮ ਘਟ ਜਾਏਗਾ ਔਰ ਕੇਸਿਜ਼ ਦੀ ਇੰਪਲੀਮੈਂਟੇਸ਼ਨ ਚੰਗੀ ਤਰ੍ਹਾਂ ਨਾਲ ਹੋਇਆ ਕਰੇਗੀ। ਇਹ ਬਹੁਤ ਅੱਛੀ ਗੱਲ ਹੈ। ਸਿਵਲ ਲਿਬਰਟੀ 226 ਤੋਂ ਖੋਈ ਨਹੀਂ ਹੋਈ। 226 ਵਿਚ ਲਿਖਿਆ ਹੋਇਆ ਸੀ ਕਿ 'ਐਨੀ ਅਦਰ ਮੈਟਰ'। ਇਸ ਵੇਲੇ 13,000 ਰਿਟ ਪੈਟੀਸ਼ਨਜ਼ ਪੈਂਡਿੰਗ ਪਈਆਂ ਹੋਈਆਂ ਹਨ। ਇਹਦੇ ਨਾਲ ਇਹ ਨੰਬਰ ਘਟ ਜਾਏਗਾ। ਜੇ ਕਿਸੇ ਨੂੰ ਲੋੜ ਹੈ ਤਾਂ ਉਹ ਡੀ. ਸੀ. ਕੋਲ ਜਾਂ ਕਮਿਸ਼ਨਰ ਕੋਲ ਜਾ ਸਕਦਾ ਹੈ ਉਥੇ ਉਸਨੂੰ ਰੈਮਿਡੀ ਮਿਲ ਜਾਏਗੀ। ਇਹ ਰੈਮਿਡੀ ਨੂੰ ਅਵੇਲ ਕਰਕੇ ਹੀ ਕੋਈ ਹਾਈਕੋਰਟ ਵਿਚ ਜਾ ਸਕਦਾ ਹੈ। ਪਹਿਲਾਂ ਨਹੀਂ ਜਾ ਸਕਦਾ ਹੈ। ਇਹ ਸਿਵਲ ਲਿਬਰਟੀ ਕਰਬ ਕਰਨ ਵਾਸਤੇ ਨਹੀਂ ਕੀਤਾ ਗਿਆ। ਉਨ੍ਹਾਂ ਲੋਕਾਂ ਦੇ ਰਾਈਟਸ ਜਿਨ੍ਹਾਂ ਨੂੰ ਕਿ ਹਾਈਕੋਰਟ ਸਟੇ ਆਰਡਰ ਦੇ ਦਿੰਦਾ ਸੀ ਉਨ੍ਹਾਂ ਲੋਕਾਂ ਦੇ ਰਾਈਟਸ ਨੂੰ ਬਚਾਉਣ ਵਾਸਤੇ ਹੀ ਇਹ ਅਮੈਂਡਮੈਂਟ ਕੀਤੀ ਗਈ ਹੈ।

ਇਸ ਤੋਂ ਇਲਾਵਾ ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਬੜਾ ਤੌਖਲਾ ਹੋਇਆ ਕਿ ਐਂਟੀ ਨੈਸ਼ਨਲ ਐਕਟੀਵਿਟੀਜ਼ ਲਈ ਵਿਧਾਨ ਵਿਚ ਐਨੂ-ਮੀਰੇਟ ਕੀਤਾ ਗਿਆ ਹੈ ਕਿ ਇਹ ਆਫੈਂਸ ਕੀ ਹੋਏਗਾ। ਇਹ ਕੰਮ ਕਰਨ ਵਾਲਾ ਐਂਟੀ-ਨੈਸ਼ਨਲ ਕੰਮ ਕਰਨ ਵਾਲਾ ਆਫੈਂਸ ਕਰੇਗਾ। ਇਕ ਪਾਸੇ ਕਹਿੰਦੇ ਹਨ ਕਿ ਡੀ. ਆਈ. ਆਰ. ਬਣਿਆ ਹੈ। ਪਾਰਲੀਮੈਂਟ ਨੇ ਸਿਰਫ ਵਿਧਾਨ ਵਿਚ ਇਹ ਕਿਹਾ ਹੈ ਕਿ ਇਸ ਤਰ੍ਹਾਂ ਦੀਆਂ ਜੋ ਐਕਟਿਵਿਟੀਜ਼ ਹੋਣਗੀਆਂ ਉਹ ਦੇਸ਼ ਦੇ ਵਿਰੁਧ ਹੋਣਗੀਆਂ, ਉਹ ਦੇਸ਼ ਦੇ ਹਿੱਤ ਵਿਚ ਨਹੀਂ ਹੋਣਗੀਆਂ, ਦੇਸ਼ ਲਈ ਖ਼ਤਰਨਾਕ ਸਾਬਤ ਹੋਣਗੀਆਂ, ਉਹ ਨਹੀਂ ਹੋਣੀਆਂ ਚਾਹੀਦੀਆਂ। ਸਮਝਦਾਰ ਆਦਮੀ ਇਹ ਚੀਜ਼ ਦੇਖ ਲੈਣਗੇ ਕਿ ਇਸ ਨਾਲ ਦੇਸ਼ ਤਰੱਕੀ ਵਾਲੇ ਪਾਸੇ ਜਾਏਗਾ। ਇਨ੍ਹਾਂ ਨੇ ਕਿਹਾ ਹੈ ਕਿ ਮਜ਼ਦੂਰ ਹੜਤਾਲਾਂ ਕਰਨਗੇ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਹੜਤਾਲਾਂ ਕਰਨ ਦੀ ਲੋੜ ਹੀ ਕੀ ਹੈ? ਵਿਧਾਨ ਵਿਚ ਇਹ ਚੀਜ਼ ਆ ਗਈ ਹੈ ਕਿ ਮਜ਼ਦੂਰ ਮਨੇਜਮੈਂਟ ਵਿਚ ਹਿਸੇਦਾਰ ਹੋਣਗੇ। ਇਹ ਜਿਹੜੀ ਇਨ੍ਹਾਂ ਨੇ ਹੜਤਾਲਾਂ ਵਾਲੀ ਗੱਲ ਕੀਤੀ ਹੈ ਇਹ ਤਾਂ ਦੋ ਸਾਲ ਪੁਰਾਣੀ ਗੱਲ ਹੈ। ਹੁਣ ਤਾਂ ਸਗੋਂ ਮਜ਼ਦੂਰ ਕਾਰਖਾਨਿਆਂ ਵਿਚ ਹਿੱਸੇਦਾਰ ਹੋਣਗੇ। ਇਸ ਪਾਸੇ ਸੋਚ ਕਿੰਨੀ ਅੱਗੇ ਜਾ ਰਹੀ

Original with;
Punjab Vidhan Sabha
Digitized by;
Panjab Digital Library

ਹੈ ਪਰ ਇਹ ਹਾਲੇ ਪਿੜੇ ਹੀ ਖੜੇ ਹਨ । ਕੋਈ ਵੀ ਸਕੀਮ ਹੋਏਗੀ ਉਹ ਆਰਗੇਨਾਈਜ਼ਡ ਤੌਰ ਤੇ ਹੋਏਗੀ । ਇੰਡੀਵੀਜੂਅਲ ਐਕਟ ਨਹੀਂ ਬਣਾਇਆ ਜਾ ਸਕਦਾ ਹੈ । ਤੁਸੀਂ ਸਾਡੇ ਸਾਥੀ ਹੋ ਅਸੀਂ ਤੁਹਾਡੀ ਸਲਾਹ ਲੈ ਕੇ ਹੀ ਅੱਗੇ ਚਲਾਂਗੇ।

ਇਨ੍ਹਾਂ ਨੇ ਕਿਹਾ ਕਿ ਅਸੰਬਲੀ ਦੀ 6 ਸਾਲ ਦੀ ਟਰਮ ਕਿਉਂ ਕਰ ਦਿੱਤੀ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਰਾਜ ਸਭਾ ਜਾਂ ਕੌਂਸਲ ਜਿਨ੍ਹਾਂ ਦੇ ਮੈਂਬਰ ਲੋਕ ਨਹੀਂ ਭੇਜਦੇ ਜੇ ਉਨ੍ਹਾਂ ਦੀ ਮਿਆਦ 6 ਸਾਲ ਦੀ ਹੈ ਤਾਂ ਫਿਰ ਕੀ ਹਰਜ ਵਾਲੀ ਗੱਲ ਹੈ ਜੇ ਅਸੰਬਲੀਆਂ ਦੀ ਮਿਆਦ 6 ਸਾਲ ਦੀ ਹੋ ਜਾਵੇ ਜਿਥੇ ਕਿ ਨੁਮਾਇੰਦੇ ਲੋਕ ਖੁਦ ਚੁਣ ਕੇ ਭੇਜਦੇ ਹਨ । ਡਾਂਗ ਸਾਹਿਬ ਜੇ ਤੁਸੀਂ ਇਕ ਸਾਲ ਹੋਰ ਰਹਿ ਜਾਵੋਗੇ ਤਾਂ ਕੀ ਹਰਜ ਵਾਲੀ ਗੱਲ ਹੈ । ਤੁਸੀਂ ਹੋਰ ਚੰਗੇ ਕੰਮ ਕਰੋਗੇ । ਸਪੀਕਰ ਸਾਹਿਬ, ਇਕ ਸਾਲ ਦੀ ਮਿਆਦ ਹੋਰ ਵਧਾਉਣੀ ਜ਼ਰੂਰੀ ਹੈ ਕਿਉਂਕਿ ਜੋ ਤਰਮੀਮਾਂ ਹੋ ਰਹੀਆਂ ਹਨ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਇਸ ਦੀ ਇੰਪਲੀਮੈਂਟੇਸ਼ਨ ਵੀ ਕਰੀਏ । ਇਨ੍ਹਾਂ ਨੇ ਕਿਹਾ ਹੈ ਇਹ ਡਾਇਰੈਕਟਿਵ ਪ੍ਰਿੰਸੀਪਲਜ਼ ਦੀ ਇੰਪਲੀਮੈਂਟੇਸ਼ਨ ਨਹੀਂ ਹੋਣੀ ਹੈ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਇਕ ਸਾਲ ਵਿਚ ਅਸੀਂ ਕੰਮ ਕਰਾਂਗੇ ਤਾਂ ਹੀ ਇਨ੍ਹਾਂ ਨੂੰ ਦਸਾਂਗੇ । ਇਸਦੀ ਇੰਪਲੀਮੈਂਟੇਸ਼ਨ ਕਰਕੇ ਹੀ ਅਸੀਂ ਜਾਣਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਪ੍ਰੈਜ਼ੀਡੈਂਟ ਦੀ ਕੋਈ ਪਾਵਰ ਨਹੀਂ ਹੈ । ਉਸਦੀਆਂ ਐਨੀਆਂ ਹੀ ਪਾਵਰਜ਼ ਹਨ ਕਿ ਜੇ ਕਿਤੇ ਕੋਈ ਅਮੈਂਡਮੈਂਟਸ ਵਿਚ ਕਿਸੇ ਕਿਸਮ ਦੀ ਡਿਫੀਕਲਟੀ ਆ ਜਾਏ ਤਾਂ ਉਹ ਡਿਫੀਕਲਟੀ ਰਿਮੂਵ ਕੀਤੀ ਜਾ ਸਕੇ । ਪ੍ਰੈਜ਼ੀਡੈਂਟ ਨਾ ਤਾਂ ਪਾਰਲੀਮੈਂਟ ਦੀ ਪਾਵਰਜ਼ ਲੈ ਸਕਦਾ ਹੈ ਅਤੇ ਨਾ ਕੋਈ ਹੋਰ ਹੀ ਇਹ ਪਾਵਰਜ਼ ਲੈ ਸਕਦਾ ਹੈ।

ਇਨ੍ਹਾਂ ਨੇ ਕਿਹਾ ਹੈ ਕਿ ਸੂਬਿਆਂ ਵਿਚ ਸੈਂਟਰ ਵਲੋਂ ਪੁਲਿਸ ਭੇਜਣ ਨਾਲ ਸੂਬਿਆਂ ਦੀ ਅਟਾਨੋਮੀ ਖ਼ਤਰੇ ਵਿਚ ਪੈ ਸਕਦੀ ਹੈ । ਪਰ ਲੋਕ ਕਹਿੰਦੇ ਹਨ ਕਿ ਸੂਬਿਆਂ ਦਾ ਫੈਡਰਲ ਸਟ੍ਰਕਚਰ ਖ਼ਤਰੇ ਵਿਚ ਹੈ, ਇਸ ਲਈ ਲੋਕ ਕਹਿੰਦੇ ਹਨ ਕਿ ਸੈਂਟਰ ਮਜ਼ਬੂਤ ਹੋਣਾ ਚਾਹੀਦਾ ਹੈ । ਸੂਬਿਆਂ ਵਿਚ ਉਹ ਐਲੀਮੈਂਟ ਜੋ ਕਿ ਦੇਸ਼ ਦੇ ਹਿੱਤ ਵਿਚ ਨਹੀਂ ਹੈ ਉਹ ਸਿਰ ਉਠਾਉਣ ਲੱਗ ਗਿਆ ਸੀ । ਜੇ ਸੂਬਿਆਂ ਦੀ ਅਟਾਨੋਮੀ ਨੂੰ ਕਾਇਮ ਰੱਖਣਾ ਹੈ ਤਾਂ ਐਸੇ ਐਲੀਮੈਂਟ ਨੂੰ ਜ਼ਰੂਰ ਕਾਬੂ ਕਰਨਾ ਚਾਹੀਦਾ ਹੈ । ਜੋ ਮੌਜੂਦਾ ਕਾਂਸਟੀਚਿਊਸ਼ਨ ਹੈ ਉਸ ਦੀ ਪੁਸ਼ਟੀ ਕਰਦਾ ਹੈ ਕਿ ਜਿਥੇ ਲਾਅ ਐਂਡ ਆਰਡਰ ਦੀ ਜ਼ਰੂਰਤ ਪੈ ਜਾਵੇ ਤਾਂ ਉਸ ਅਨੁਸਾਰ ਜਿਥੇ ਦੇਸ਼ ਦੀ ਵਿਰੋਧਤਾ ਹੋਵੇ ਉਥੇ ਦੇਸ਼ ਦੇ ਹਿੱਤ ਲਈ ਪੁਲਿਸ ਭੇਜੀ ਜਾ ਸਕਦੀ ਹੈ । ਸੂਬਿਆਂ ਦੇ ਕੰਮਾਂ ਵਿਚ ਦਖਲ ਦੇਣ ਵਾਸਤੇ ਨਹੀਂ ਭੇਜਣੀ ।

ਇਨ੍ਹਾਂ ਨੇ ਕਿਹਾ ਕਿ ਮੁਸਲਮਾਨਾਂ ਵਾਸਤੇ ਰਿਜ਼ਰਵੇਸ਼ਨ ਹੋਣੀ ਚਾਹੀਦੀ ਹੈ । ਮੈਂ ਇਨ੍ਹਾਂ ਦੇ ਪਾਰਟ ਤੇ ਕਦੇ ਕੋਈ ਰੈਜ਼ੋਲਿਊਸ਼ਨ ਨਹੀਂ ਦੇਖਿਆ ਕਿ ਮੈਨਾਰਿਟੀਜ਼ ਲਈ ਐਨੀਆਂ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਵਿਧਾਨ ਵਿਚ ਮੈਨਾਰਿਟੀਜ਼ ਦੇ ਹੱਕਾਂ ਵਾਸਤੇ ਬਹੁਤ ਕੁਝ ਲਿਖਿਆ ਹੋਇਆ ਹੈ । ਇਨ੍ਹਾਂ ਦੇ ਬੜੇ ਹੱਕ ਮਹਿਫੂਜ਼ ਕੀਤੇ ਗਏ ਹਨ । ਅੱਜ ਇਹ ਮੁਸਲਮਾਨਾਂ ਦੀ ਗੱਲ ਕਰਦੇ ਹਨ, ਕਲ ਨੂੰ ਇਸਾਈਆਂ ਦੀ, ਜੈਨੀਆਂ ਦੀ, ਬੋਧੀਆਂ ਦੀ ਔਰ ਫਿਰ ਸਿੱਖ ਭਰਾਵਾਂ ਦੀ ਗੱਲ ਕਰਨਗੇ । ਅਜਿਹੀਆਂ ਗੱਲਾਂ ਕਰਨੀਆਂ ਦੇਸ਼ ਦੇ ਹਿੱਤ ਵਿਚ ਨਹੀਂ ਜਾਂਦਾ ਹੈ । ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਤੁਸੀਂ ਕਿਸੇ ਨੂੰ ਖੁਸ਼ ਨਹੀਂ ਕਰ ਸਕਦੇ ਹੋ । ਇਹ ਦੇਸ਼ ਦੇ ਹਿੱਤ ਦੀਆਂ ਗੱਲਾਂ ਨਹੀਂ ਹਨ।

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਇਨ੍ਹਾਂ ਨੇ ਕਾਂਸਟੀਚੂਐਂਟ ਅਸੈਂਬਲੀ ਦਾ ਜ਼ਿਕਰ ਕੀਤਾ ਹੈ । ਇਕ ਪਾਸੇ ਤਾਂ ਇਤਨੀ ਸਪੀਚ ਕੀਤੀ ਹੈ ਡਾਂਗ ਸਾਹਿਬ ਨੇ ਫਿਰ ਪੰਜ ਮਿਨਟ ਬਾਅਦ ਕਿਾ ਹੈ ਕਿ ਕਈ ਗੱਲਾਂ ਰਹਿ ਗਈਆਂ । ਫਿਰ ਕਨੇਡੀਅਨ ਸਾਹਿਬ ਨੇ ਕਿਹਾ ਹੈ ਕਿ ਹੋਰ ਬਹੁਤ ਕੁਝ ਹੋਣ ਵਾਲਾ ਹੈ ਕਾਂਸਟੀਚਿਊਸ਼ਨ ਵਿਚ । ਰਾਜ ਕੁਮਾਰ ਨੇ ਖਰੜਾ ਪੇਸ਼ ਕਰ ਦਿੱਤਾ ਕਿ ਇਹ ਹੋਣਾ ਚਾਹੀਦਾ ਹੈ । ਇਕ ਪਾਸੇ ਤਾਂ ਇਹ ਵਿਰੋਧਤਾ ਕਰਦੇ ਹਨ ਔਰ ਦੂਜੇ ਪਾਸੇ ਇਹ ਕੁਝ ਹੋਰ ਕਰਦੇ ਹਨ । ਜਿਹੜੀ ਸਾਡੇ ਸਾਹਮਣੇ ਚੀਜ਼ ਹੈ ਉਥੇ ਕਿਸੇ ਮੈਂਬਰ ਨੇ ਪੁਸ਼ਟੀ ਨਹੀਂ ਕੀਤੀ । ਸਾਡੇ ਸਾਹਮਣੇ ਇਕ ਮਤਾ ਆਇਆ ਹੈ ਜਿਹੜਾ ਕਿ ਲੀਡਰ ਆਫ਼ ਦੀ ਹਾਊਸ ਨੇ ਪੇਸ਼ ਕੀਤਾ ਹੈ ਇਸ ਨੂੰ ਪਾਸ ਕੀਤਾ ਜਾਵੇ, ਇਸ ਨੂੰ ਇਮਪਲੀਮੈਂਟ ਕੀਤਾ ਜਾਵੇ । ਇਸ ਨੂੰ ਹੋਰ ਅਮੈਂਡ ਕਰਨ ਦੀ ਅਗਰ ਥੋੜੀ ਬਹੁਤ ਲੋੜ ਹੋਵੇਗੀ ਤਾਂ ਉਹ ਵੀ ਕਰਾਂਗੇ । ਇਸ ਲਈ ਮੈਂ ਪੁਰਜ਼ੋਰ ਲਫ਼ਜ਼ਾਂ ਨਾਲ ਇਸ ਦੀ ਹਮਾਇਤ ਕਰਦਾ ਹਾਂ ।

**ਕਾਮਰੇਡ ਸੱਤ ਪਾਲ ਡਾਂਗ** : ਆਨ ਏ ਪੁਆਇੰਟ ਆਫ਼ ਕਲੈਰੀਫੀਕੇਸ਼ਨ, ਸਰ । ਸਪੀਕਰ ਸਾਹਿਬ, ਇਨ੍ਹਾਂ ਨੇ ਫੁਰਮਾਇਆ ਹੈ ਕਿ ਮੈਂ ਕਿਸੇ ਕਮਿਊਨਿਸਟ ਪਾਰਟੀ ਦਾ ਰੈਜ਼ੋਲਿਊਸ਼ਨ ਨਹੀਂ ਪੜ੍ਹਿਆ ਜਿਸ ਦੇ ਵਿਚ ਮੁਸਲਮਾਨਾਂ ਦੀ ਰਿਜ਼ਰਵੇਸ਼ਨ ਮੰਗੀ ਗਈ ਹੋਵੇ । ਇਨ੍ਹਾਂ ਨੇ ਕਮਿਊਨਿਸਟ ਪਾਰਟੀ ਦਾ ਇਹ ਕਿਧਰੇ ਰੈਜ਼ੋਲਿਊਸ਼ਨ ਪੜ੍ਹਿਆ ਹੈ । (ਵਿਘਨ) ਇਨ੍ਹਾਂ ਨੇ ਫਿਰਕਾਪ੍ਰਸਤੀ ਦੀ ਗੱਲ ਕੀਤੀ, ਕੀ ਇਨ੍ਹਾਂ ਨੂੰ ਆਪਣਾ ਪਾਸਟ ਤਾਂ ਯਾਦ ਨਹੀਂ ਸੀ ਆ ਰਿਹਾ ?

**ਸ੍ਰੀ ਸਪੀਕਰ** : ਇਹ ਤਾਂ ਸਵਾਲ ਕੁਝ ਪੁਛਣ ਦਾ ਨਹੀਂ ? (ਵਿਘਨ)

**ਸਰਦਾਰ ਦਰਸ਼ਨ ਸਿੰਘ ਕੇ. ਪੀ. (ਜਮਸ਼ੇਰ, ਐਸ.ਸੀ.)** : ਸਪੀਕਰ ਸਾਹਿਬ, ਲੀਡਰ ਆਫ਼ ਦੀ ਹਾਊਸ ਨੇ ਜੋ ਵਿਧਾਨ ਦੀਆਂ ਤਰਮੀਮਾਂ ਵਾਸਤੇ ਮਤਾ ਪੇਸ਼ ਕੀਤਾ ਹੈ ਉਸ ਨੂੰ ਮੈਂ ਸਪੋਰਟ ਕਰਦਾ ਹਾਂ ਔਰ ਨਾਲ ਦੀ ਨਾਲ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਮੇਰੇ ਸਾਥੀਆਂ ਨੇ, ਮੇਰੇ ਦੋਸਤਾਂ ਨੇ ਇਥੇ ਆਪਣੀਆਂ ਰਾਵਾਂ ਦਿਤੀਆਂ ਹਨ, ਮੈਂ ਵੀ ਆਪਣੇ ਖ਼ਿਆਲਾਤ ਦਾ ਇਜ਼ਹਾਰ ਕਰਦਾ ਹਾਂ । ਸਪੀਕਰ ਸਾਹਿਬ, ਹਿੰਦੁਸਤਾਨ ਦੇ ਵਿਧਾਨ ਬਣੇ ਨੂੰ 25 ਸਾਲ ਹੋ ਗਏ ਹਨ ਔਰ ਇਤਨੇ ਅਰਸੇ ਵਿਚ ਇਨਸਾਨ ਦੀ ਉਮਰ, ਜਵਾਨੀ ਦੀ ਉਮਰ ਅੱਛੀ ਬੀਤ ਜਾਂਦੀ ਹੈ ਉਸ ਦੇ ਮਨ ਦੇ ਵਿਚ ਬੜੇ ਉਤਸ਼ਾਹ ਪੈਦਾ ਹੁੰਦੇ ਹਨ ਔਰ ਉਹ ਦੇਸ਼ ਵਾਸਤੇ ਕਾਫੀ ਉਤਾਵਲੇ ਅਤੇ ਦੇਸ਼ ਦੇ ਵਾਸਤੇ ਬੜੀਆਂ ਅੱਛੀਆਂ ਸੋਚਾਂ ਸੋਚਣ ਵਾਲੇ ਹੁੰਦੇ ਹਨ । ਕਾਫੀ ਦੇਰ ਦੇ ਬਾਅਦ ਸਾਡੇ ਇਸ ਵਿਧਾਨ ਦੇ ਵਿਚ ਤਰਮੀਮਾਂ ਆਈਆਂ ਹਨ । ਇਨ੍ਹਾਂ ਨੂੰ ਮੰਨਣਾ ਚਾਹੀਦਾ ਹੈ । ਇਸ ਵਿਧਾਨ ਨੂੰ ਬਣਾਉਣ ਵਾਲੇ ਜੋ ਸਨ, ਜੋ ਇਸ ਦੇ ਚੇਅਰਮੈਨ ਸੀ ਉਹ ਡਾਕਟਰ ਅੰਬੇਦਕਰ ਸੀ ਅਤੇ ਉਨ੍ਹਾਂ ਨੇ ਸਮਾਜ ਦੇ ਪਛੜੇ ਹੋਏ ਅੰਗ ਨੂੰ ਉਪਰ ਚੁਕਣ ਵਾਸਤੇ, ਉਨ੍ਹਾਂ ਨੂੰ ਸਰਕਾਰ ਵਿਚ ਲਿਆਉਣ ਵਾਸਤੇ, ਉਨ੍ਹਾਂ ਦੀਆਂ ਤਰੱਕੀਆਂ ਵਾਸਤੇ ਵਿਧਾਨ ਦੇ ਵਿਚ ਜੋ ਧਾਰਾਵਾਂ ਬਣਾਈਆਂ ਕਿ ਉਨ੍ਹਾਂ ਲੋਕਾਂ ਨੂੰ ਇਹ ਰਿਆਇਤਾਂ ਮਿਲਣੀਆਂ ਚਾਹੀਦੀਆਂ ਹਨ ਉਨ੍ਹਾਂ ਤੇ ਕਾਫੀ ਅਮਲ ਕੀਤਾ ਗਿਆ ਹੈ । ਪਰ ਹਾਲੀਂ ਬਹੁਤ ਸਾਰੀਆਂ ਕਮੀਆਂ ਪੇਸ਼ੀਆਂ ਹਨ ਜਿਹੜੀਆਂ ਕੇ ਹੁਣ ਤਕ ਪੂਰੀਆਂ ਨਹੀਂ ਹੋ ਸਕੀਆਂ ।

Original with;
Punjab Vidhan Sabha
Digitized by;
Panjab Digital Library

1974 ਦੇ ਵਿਚ ਅਸੀਂ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਤੋਂ ਵੀ ਕੁਝ ਡੀਮਾਂਡਜ਼ ਕੀਤੀਆਂ ਸਨ ਉਹ ਵੀ ਮੰਨੀਆਂ ਗਈਆਂ ਮਗਰ ਫਿਰ ਕੁਝ ਲੋਕ ਹਾਈ ਕੋਰਟ ਵਿਚ ਚਲੇ ਗਏ ਅਤੇ ਜੋ ਕੁਝ ਮਿਲਣਾ ਚਾਹੀਦਾ ਸੀ ਉਹ ਨਹੀਂ ਮਿਲ ਸਕਿਆ । ਜਦੋਂ 1972 ਵਿਚ ਇਲੈਕਸ਼ਨ ਹੋਈ, ਜਿਹੜੇ ਲੋਕ ਆਪਣੀ ਆਪਣੀ ਪਾਰਟੀ ਦੇ ਲੋਕਾਂ ਪਾਸ ਜਾਂਦੇ ਸੀ ਉਹ ਆਪਣਾ ਸਾਰਾ ਪ੍ਰੋਗਰਾਮ ਬਣਾ ਕੇ ਲੋਕਾਂ ਨੂੰ ਦਸਦੇ ਸੀ । ਕਾਂਗਰਸ ਪਾਰਟੀ ਨੇ ਵੀ ਇਕ ਪ੍ਰੋਗਰਾਮ ਬਣਾ ਕੇ ਜਨਤਾ ਨੂੰ ਦਿਤਾ ਕਿ ਲੋਕਾਂ ਦੇ ਵਿਚ ਅਸੀਂ ਇਹ ਇਹ ਕੁਝ ਕਰਨਾ ਚਾਹੁੰਦੇ ਹਾਂ । ਇਹ ਵੀ ਕਿਹਾ ਕਿ ਜੇ ਕੋਈ ਵਿਧਾਨਿਕ ਤੌਰ ਤੇ ਇਸ ਕੰਮ ਦੇ ਵਿਚ ਰੁਕਾਵਟਾਂ ਆਈਆਂ ਤਾਂ ਅਸੀਂ ਇਸ ਵਿਧਾਨ ਨੂੰ ਵੀ ਬਦਲਾਂਗੇ । 1971 ਵਿਚ ਜਦੋਂ ਪਾਰਲੀਮੈਂਟ ਦੀ ਇਲੈਕਸ਼ਨ ਹੋਈ ਸੀ ਤਾਂ ਉਦੋਂ ਲੋਕਾਂ ਨੂੰ ਇਹ ਗਲ ਕਹੀ ਗਈ ਸੀ ਅਤੇ ਜਦੋਂ 1972 ਵਿਚ ਸਾਡੀ ਸਟੇਟ ਦੀਆਂ ਇਲੈਕਸ਼ਨਾਂ ਹੋਈਆਂ ਤਾਂ ਵੀ ਇਹੀ ਪ੍ਰੋਗਰਾਮ ਜਨਤਾ ਦੇ ਸਾਹਮਣੇ ਰਖਿਆ ਸੀ । (ਵਿਘਨ) ਸਾਡੇ ਸਾਹਮਣੇ ਫਿਰ ਕਈ ਕਿਸਮ ਦੀਆਂ ਰੁਕਾਵਟਾਂ ਆਈਆਂ । ਉਹ ਰੁਕਾਵਟਾਂ ਕੀ ਆਈਆਂ ? ਮਸਲਨ ਜਿਹੜੇ ਮੁਜ਼ਾਰੇ ਸਨ ਉਹ ਧੱਕੇ ਖਾ ਰਹੇ ਸਨ । ਕੋਈ ਐਸ.ਡੀ.ਐਮ. ਦੇ ਚਲਾ ਗਿਆ ਉਸ ਨੇ ਕੇਸ ਪੈਂਡਿੰਗ ਰੱਖ ਲਿਆ, ਕੋਈ ਤਹਿਸੀਲਦਾਰ ਕੋਲ ਚਲਾ ਗਿਆ, ਐਗਜ਼ੈਕਟਿਵ ਮੈਜਿਸਟਰੇਟ ਕੋਲ ਚਲਾ ਗਿਆ, ਹਾਈ ਕੋਰਟ ਵਿਚ ਚਲਾ ਗਿਆ ਉਸ ਨੇ ਕੇਸ ਪੈਂਡਿੰਗ ਰੱਖ ਲਿਆ . ਅੱਜ ਤਕ ਜ਼ਮੀਨਾਂ ਬਾਰੇ ਫੈਸਲੇ ਨਹੀਂ ਹੋ ਸਕੇ । ਜ਼ਮੀਨਾਂ ਸਰਪੱਲਸ ਹੋਈਆਂ ਪਰ ਉਨ੍ਹਾਂ ਨੂੰ ਦੇਣ ਵਿਚ ਰੁਕਾਵਟਾਂ ਆਈਆਂ । ਇਸ ਕਰਕੇ ਹਿੰਦੁਸਤਾਨ ਦੀ ਸਰਕਾਰ ਨੇ, ਸਾਡੀ ਪ੍ਰਾਈਮ ਮਨਿਸਟਰ ਸਾਹਿਬਾ ਨੇ ਹਦਾਇਤਾਂ ਕੀਤੀਆਂ ਕਿ ਮੁਜ਼ਾਰੇ ਜੋ ਮੇਹਨਤਕਸ਼ ਲੋਕ ਹਨ ਜੋ ਲੋਕ ਅਨਾਜ ਪੈਦਾ ਕਰਦੇ ਹਨ ਉਨ੍ਹਾਂ ਨੂੰ ਜ਼ਮੀਨਾਂ ਦਿਤੀਆਂ ਜਾਣ । ਜਿਹੜੇ ਦੂਸਰੇ ਲੋਕ ਹਨ ਜਿਨ੍ਹਾਂ ਕੋਲ ਜ਼ਮੀਨਾਂ ਸਰਪਲੱਸ ਪਈਆਂ ਹਨ ਉਹ ਸਰਪਲੱਸ ਜ਼ਮੀਨ ਮੁਜ਼ਾਰਿਆਂ ਨੂੰ ਦਿਤੀ ਜਾਣੀ ਚਾਹੀਦੀ ਹੈ । (ਵਿਘਨ) ਇਕ ਹਰਚੰਦ ਸਿੰਘ ਕਮੇਟੀ ਬਣੀ ।

**ਸ੍ਰੀ ਸਪੀਕਰ** : ਤੁਸੀਂ ਤਾਂ ਜਨਰਲ ਡਿਸਕਸ਼ਨ ਕਰਨ ਲਗ ਪਏ ਹੋ ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਮੁਜ਼ਾਰਿਆਂ ਦੀ ਗਲ ਕਰ ਰਿਹਾ ਹਾਂ ਜੀ । ਮੈਂ ਆਪਣੇ ਮਨ ਦੀ ਗਲ ਕਰਦਾ ਹਾਂ ਕਿ ਇਸ ਦੇ ਵਿਚ ਰੁਕਾਵਟਾਂ ਆਈਆਂ ਉਸ ਕਮੇਟੀ ਨੇ ਰਿਪੋਰਟ ਦਿਤੀ ਕਿ ਇਹ ਇਹ ਜ਼ਮੀਨਾਂ ਹਨ, ਇਸ ਦੀ ਬੇਨਾਮੀ ਹੋਈ ਹੈ, ਇਸ ਤਰ੍ਹਾਂ ਅਫ਼ਸਰ ਸ਼ਾਹੀ ਇਥੇ ਹੋਈ ਹੈ, ਇਸ ਤਰ੍ਹਾਂ ਦੂਸਰੇ ਲੋਕ ਕੋਈ ਧੱਕਾ ਕਰ ਗਏ ਹਨ । ਉਸ ਦੇ ਬਾਅਦ ਕਈ ਦੋਸਤ ਅਦਾਲਤਾਂ ਵਿਚ ਗਏ ਹਨ ਔਰ ਉਨ੍ਹਾਂ ਦੇ ਫ਼ੈਸਲੇ ਨਹੀਂ ਹੋਏ । ਇਸ ਤਰ੍ਹਾਂ ਬਾਦਰੇਸ਼ਨ ਹੋਈ ਹੈ । ਮੈਂ ਵਧਾਈ ਦਿੰਦਾ ਹਾਂ ਆਪਣੇ ਪ੍ਰਧਾਨ ਮੰਤਰੀ ਜੀ ਨੂੰ, ਮੈਂ ਵਧਾਈ ਦਿੰਦਾ ਹਾਂ ਪੰਜਾਬ ਦੀ ਇਕ ਮਹਾਨ ਹਸਤੀ ਸਰਦਾਰ ਸਵਰਨ ਸਿੰਘ ਜੀ ਨੂੰ ਜਿਨ੍ਹਾਂ ਨੇ ਵਿਧਾਨ ਦੇ ਵਿਚ ਤਰਮੀਮਾਂ ਲਿਆ ਕੇ ਹਿੰਦੁਸਤਾਨ ਦੀ ਜਨਤਾ ਲਈ ਇਕ ਬੜਾ ਚੰਗਾ ਕੰਮ ਕੀਤਾ ਹੈ ਔਰ ਇਸ ਦੇ ਨਾਲ ਆਉਣ ਵਾਲਾ ਭਵਿਖ ਸਾਡਾ ਸੁਥਰਾ ਹੋਵੇਗਾ । ਇਸ ਨਾਲ ਗ਼ਰੀਬ ਆਦਮੀ ਨੂੰ ਰਾਹਤ ਮਿਲੇਗੀ, ਬੇਘਰਿਆਂ ਨੂੰ ਘਰ ਮਿਲੇਗਾ । ਜਿਨ੍ਹਾਂ ਗੱਲਾਂ ਤੇ ਅਮਲੀ ਰੂਪ ਵਿਚ ਕੰਮ ਨਹੀਂ ਹੋ ਰਿਹਾ ਸੀ ਇਸ ਦੇ ਨਾਲ ਅਮਲੀ ਰੂਪ ਦਿਤਾ ਜਾਵੇ । ਇਸ ਨੂੰ ਅਮਲੀ ਰੂਪ ਦੇਣਾ ਸਾਡਾ ਜ਼ਿਮਾ ਹੈ । ਇਹ ਤਰਮੀਮਾਂ ਵੀ ਪਾਸ ਹੋ ਜਾਣਗੀਆਂ । ਮਗਰ ਸਾਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਠੀਕ ਢੰਗ ਨਾਲ ਇਸ ਨੂੰ ਅਸੀਂ ਲਾਗੂ ਕਰਨਾ ਹੈ ਔਰ ਜੋ ਪਛੜੇ ਹੋਏ ਲੋਕ ਹਨ ਉਨ੍ਹਾਂ ਨੂੰ ਅਸੀਂ ਬਰਾਬਰ ਲਿਆਉਣਾ ਹੈ । (ਵਿਘਨ)

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਟੇਟ ਦੇ ਵਿਚ ਹਰੀਜਨ ਕੋਈ ਡੀ. ਸੀ. ਬਣ ਗਿਆ ਜਾਂ ਕੋਈ ਹੋਰ ਅਫ਼ਸਰ ਬਣ ਗਿਆ ਪਰ ਹਾਈ ਕੋਰਟ ਦੇ ਵਿਚ ਕੋਈ ਜੱਜ ਨਹੀਂ ਬਣਿਆ । ਹਾਈ ਕੋਰਟ ਵਾਲਿਆਂ ਨੂੰ ਨਾ ਕੋਈ ਰਿਜ਼ਰਵੇਸ਼ਨ ਦਾ ਪਤਾ ਲਗਦਾ ਹੈ ਕਿ ਰਿਜ਼ਰਵੇਸ਼ਨ ਦੀ ਪਾਲਿਸੀ ਕੀ ਹੈ ਅਤੇ ਨਾ ਸਟੇਟ ਦੀ ਪਾਲਿਸੀ ਦਾ ਕੋਈ ਪਤਾ ਲਗਦਾ ਹੈ । ਹਿੰਦੁਸਤਾਨ ਦੀ ਸਰਕਾਰ ਨੇ, ਲਾਅ ਮਨਿਸਟਰ ਸਾਹਿਬ ਨੇ ਸਾਡੇ ਚੀਫ਼ ਮਨਿਸਟਰ ਸਾਹਿਬ ਨੂੰ ਚਿਠੀ ਲਿਖੀ ਹੈ ਕਿ ਹਾਈ ਕੋਰਟ ਵਿਚ, ਜੁਡੀਸ਼ਰੀ ਵਿਚ ਰਿਜ਼ਰਵੇਸ਼ਨ ਦਿਓ । ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਮੀਟਿੰਗ ਵੀ ਕੀਤੀ ਹੈ, ਹਾਈ ਪਾਵਰਡ ਕਮੇਟੀ ਜਿਹੜੀ ਹੈ ਉਸ ਨੇ ਫੈਸਲੇ ਵੀ ਕੀਤੇ ਹਨ ਮਗਰ ਹਾਲੇ ਤਕ ਹਾਈ ਕੋਰਟ ਨੂੰ ਕੁਝ ਨਹੀਂ ਪਤਾ ਲਗਦਾ ਕਿ ਰਿਜ਼ਰਵੇਸ਼ਨ ਕਿਸ ਤਰ੍ਹਾਂ ਦੇਣੀ ਹੈ । ਹਾਈ ਕੋਰਟ ਪੰਜਾਬ ਦੇ ਅੰਦਰ ਹੈ ਔਰ ਉਹ ਸਟੇਟ ਪਾਲਿਸੀ ਅਡਾਪਟ ਕਰ ਸਕਦੀ ਹੈ । ਜੇ ਮਿਊਂਸਪਲ ਅਦਾਰੇ ਜਾਂ ਹੋਰ ਅਦਾਰੇ ਰਿਜ਼ਰਵੇਸ਼ਨ ਪਾਲਿਸੀ ਅਡਾਪਟ ਕਰ ਸਕਦੇ ਹਨ ਤਾਂ ਹਾਈ ਕੋਰਟ ਕਿਉਂ ਨਹੀਂ ਕਰ ਸਕਦੀ ! ਕਿਉਂ ਨਾ ਹਰੀਜਨਾਂ ਦੇ ਮੁੰਡੇ ਹਾਈ ਕੋਰਟ ਦੇ ਵਿਚ ਜੱਜ ਲਗਣ, ਜਸਟਿਸ ਲਗਣ । ਵਕੀਲ ਵੀ ਸਾਡੇ ਨੌਜਵਾਨ ਬਣੇ ਹੋਏ ਹਨ । ਇਹ ਹਰ ਇਕ ਨੂੰ ਹੱਕ ਹੈ ਕਿ ਉਹ ਵਿਧਾਨਕ ਹੱਕ ਆਪਣਾ ਮੰਗੇ । ਉਸ ਨੂੰ ਆਪਣਾ ਹੱਕ ਲੈਣ ਦਾ ਪੂਰਾ ਰਾਈਟ ਹੈ । (ਘੰਟੀ) (ਵਿਘਨ) ਸੋ ਅੰਤ ਵਿਚ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ । ਮੈਂ ਪੰਜਾਬ ਪ੍ਰਦੇਸ਼ ਕਾਂਗਰਸ ਹਰੀਜਨ ਸੈਕਸ਼ਨ ਦਾ ਚੇਅਰਮੈਨ ਹਾਂ ਅਤੇ ਅੱਜ ਜੋ ਇਹ ਤਰਮੀਮਾਂ ਪਾਸ ਹੋਈਆਂ ਹਨ ਉਨ੍ਹਾਂ ਦੇ ਬਾਰੇ ਮੈਂ ਆਪਣੇ ਹਰੀਜਨ ਭਰਾਵਾਂ ਨੂੰ ਦੋਸਤਾਂ ਨੂੰ ਜਾ ਕੇ ਦਸਾਂਗਾ ਤਾਂ ਕਿ ਇਸ ਦੇ ਨਾਲ ਲੋਕਾਂ ਦਾ ਹੌਸਲਾ ਵੱਧੇ । ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : (ਬਟਾਲਾ) : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ, ਲੀਡਰ ਆਫ ਦੀ ਹਾਊਸ ਨੇ ਜਿਹੜਾ ਮਤਾ ਅੱਜ ਸਦਨ ਦੇ ਸਾਹਮਣੇ ਰਖਿਆ ਹੈ ਮੈਂ ਉਸ ਦੀ ਪ੍ਰੋੜ੍ਹਤਾ ਕਰਨ ਵਾਸਤੇ ਖੜਾ ਹੋਇਆ ਹਾਂ । ਸਪੀਕਰ ਸਾਹਿਬ, ਤੁਹਾਨੂੰ ਪਤਾ ਹੀ ਹੈ ਕਿ ਦੇਸ਼ ਦੇ ਵਿਚ ਐਸੇ ਹਾਲਾਤ ਹੋ ਗਏ ਸਨ । ਇਹ ਤਾਂ ਗਲ ਕਰਦੇ ਹਨ ਕਿ ਕਾਂਸਟੀਚਿਊਸ਼ਨ ਵਿਚ ਅਮੈਂਡਮੈਂਟਸ ਕਿਉਂ ਹੋਈਆਂ ਹਨ ? ਸਾਡੇ ਅਕਾਲੀ ਭਾਈ ਚਲੇ ਗਏ ਹਨ, ਇਹ ਜ਼ਿਆਦਤੀ ਹੋਈ ਹੈ । ਇਹ ਗਲ ਭੁਲ ਗਏ ਕਿ ਚੁਣੇ ਨੁਮਾਇੰਦਿਆਂ ਨੂੰ ਕਿਸ ਤਰ੍ਹਾਂ ਨਾਲ ਜ਼ਲੀਲ ਕੀਤਾ ਗਿਆ । ਦੋ ਸਟੇਟਾਂ ਦੇ ਵਿਚ ਐਸੀ ਗਲ ਕੀਤੀ ਗਈ ਅਤੇ ਚੁਣੇ ਹੋਏ ਨੁਮਾਇੰਦਿਆਂ ਨੂੰ ਮਜ਼ਬੂਰ ਕਰ ਦਿਤਾ ਗਿਆ ਕਿ ਉਹ ਆਪਣੀਆਂ ਗੱਦੀਆਂ ਛਡ ਦੇਣ ਔਰ ਜਿਹੜੇ ਲਾਅ ਅਬਾਈਡਿੰਗ ਸਿਟੀਜ਼ਨਜ਼ ਨਹੀਂ ਸੀ ਉਨ੍ਹਾਂ ਨੂੰ ਅਰੇਂਜ ਕਰਕੇ ਉਨ੍ਹਾਂ ਦੇ ਗਲ ਪਾਇਆ ਗਿਆ । ਗੁਜਰਾਤ ਸਟੇਟ ਦੀ ਸਰਕਾਰ ਇਸ ਤਰ੍ਹਾਂ ਗਿਰੀ ਸੀ । ਚੀਫ਼ ਜਸਟਿਸ ਦੀ ਕਾਰ ਵਿਚ ਬੰਬ ਰੱਖ ਕੇ ਹਿੰਦੁਸਤਾਨ ਵਿਚ ਇਹ ਦਸਿਆ ਕਿ ਇਥੇ ਲਾਅ ਐਂਡ ਆਰਡਰ ਦੀ ਸਰਕਾਰ ਨਹੀਂ । ਇਹੀ ਕਾਰਨ ਸੀ ਕਿ ਇਥੇ ਐਮਰਜੈਂਸੀ ਆਈ ਸੀ । (ਵਿਘਨ) ਜਦੋਂ ਵੋਟਾਂ ਹੋਈਆਂ ਸੀ ਤਾਂ ਸਾਡੇ ਮਨਿਸਟਰਜ਼ ਨੇ, ਚੀਫ਼ ਮਨਿਸਟਰ ਸਾਹਿਬ ਨੇ, ਇਸੇ ਤਰ੍ਹਾਂ ਕਾਂਗਰਸ ਚੀਫ਼, ਸਾਰਿਆਂ ਨੇ ਪੰਜਾਬ ਵਿਚ 2 ਗਲਾਂ ਦੀ ਮੰਗ ਕੀਤੀ ਸੀ, ਪ੍ਰਾਈਮ ਮਨਿਸਟਰ ਸਾਹਿਬ ਨੇ ਹਿੰਦੁਸਤਾਨ ਦੀ ਜਨਤਾ ਤੋਂ ਇਹ ਮੰਗ ਕੀਤੀ ਸੀ ਕਿ ਤੁਸੀਂ ਮੈਨੂੰ ਇਤਨੀ ਤਾਕਤ ਦਿਉ ਤਾਂ ਕਿ ਉਸ ਤਾਕਤ ਦੇ

Original with;
Punjab Vidhan Sabha
Digitized by;
Panjab Digital Library

ਨਾਲ ਇਕ ਮਜ਼ਬੂਤ ਅਤੇ ਚੰਗੀ ਸਰਕਾਰ ਹਿੰਦੁਸਤਾਨ ਨੂੰ ਦੇ ਸਕਾਂ ।

ਇਸ ਤਰ੍ਹਾਂ ਹੀ ਸਾਡੇ ਕਾਂਗਰਸ ਦੇ ਚੀਫ਼ ਦੇ ਤੌਰ ਤੇ ਗਿਆਨੀ ਜ਼ੈਲ ਸਿਘ ਨੇ ਕਿਹਾ ਸੀ ਮੈਨੂੰ ਸ਼ਕਤੀ ਦਿਓ ਮੈਂ ਮਜ਼ਬੂਤ ਸਰਕਾਰ ਬਣਾ ਸਕਾਂ। ਸਾਡੀ ਪ੍ਰਧਾਨ ਮੰਤਰੀ ਦੀਂ ਮੰਗ ਸੀ ਮੈਨੂੰ ਸ਼ਕਤੀ ਦਿਓ ਮੈਂ ਕੰਸਟੀਚਿਊਸ਼ਨ ਨੂੰ ਅਮੈਂਡ ਕਰ ਸਕਾਂ । ਇਹ ਪ੍ਰਧਾਨ ਮੰਤਰੀ ਦਾ ਨਕਸ਼ਾ ਹਿੰਦੁਸਤਾਨ ਦੇ ਕੋਨੇ 2 ਵਿਚ ਕਾਂਗਰਸ ਦੇ ਆਗੂਆਂ ਨੇ ਜਾ ਕੇ ਦਸਿਆ ਸੀ । ਸਾਡਾ ਦੇਸ਼ ਡੈਮੋਕਰੇਟ ਹੈ ਅਤੇ ਅਸੀਂ ਵੋਟਾਂ ਪਾ ਕੇ ਦੋਵੇਂ ਗਲਾਂ ਪ੍ਰਾਪਤ ਕੀਤੀਆਂ ਸਨ । ਦੋ ਤਿਹਾਈ ਤੋਂ ਵੱਧ ਵੋਟਾਂ ਪ੍ਰਾਪਤ ਹੋਈਆਂ । ਹਿੰਦੁਸਤਾਨ ਦੇ ਲੋਕਾਂ ਨੇ ਰੈਫਰੈਂਡਮ ਰਾਹੀਂ ਪੂਰੀ ਸ਼ਕਤੀ ਦੇ ਕੇ ਕਲੀਅਰ ਕਰ ਦਿਤਾ ਸੀ ਕਿ ਪ੍ਰਧਾਨ ਮੰਤਰੀ ਹਿੰਦੁਸਤਾਨ ਦੇ 60 ਕਰੋੜ ਲੋਕਾਂ ਦੀ ਭਲਾਈ ਲਈ ਜੋ ਅਮੈਂਡਮੈਂਟ ਲਿਆਉਣਾ ਚਾਹੇ ਲਿਆਵੇ । ਇਹ ਰੈਫਰੈਂਡਮ ਤਾਂ ਹੋ ਚੁਕਾ ਹੈ । ਸਪੀਕਰ ਸਾਹਿਬ, ਜਦੋਂ ਇਹ ਅਮੈਂਡਮੈਂਟਾਂ ਹੋ ਰਹੀਆਂ ਸਨ ਮੈਂ 4 ਦਿਨ ਪਾਰਲੀਆਮੈਂਟ ਵਿਚ ਡਿਬੇਟ ਸੁਣੀ । ਸਰਦਾਰ ਸਵਰਨ ਸਿੰਘ ਜੋ ਹਿੰਦੁਸਤਾਨ ਦੀ ਆਨ ਅਤੇ ਸ਼ਾਨ ਹੈ ਜਿਸ ਨੂੰ ਇਸ ਕੰਮ ਲਈ ਮੁਨਤਖ਼ਿਬ ਕੀਤਾ ਗਿਆ ਸੀ, ਉਸ ਬਾਰੇ ਸ੍ਰੀ ਗੋਖਲੇ ਨੇ ਕਿਹਾ ਕਿ ਜੋ ਸੋਧਾਂ ਉਨ੍ਹਾਂ ਨੇ ਪੇਸ਼ ਕੀਤੀਆਂ ਹਨ ਉਸ ਤੋਂ ਵੱਧ ਇਸ ਵਕਤ ਹੋ ਨਹੀਂ ਸਕਦੀਆ। ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਦੇ ਅਵਾਮ ਨੂੰ ਦਰੁਸਤ ਚੀਜ਼ ਦਿਤੀ ਹੈ । ਮੈਨੂੰ ਉਮੀਦ ਹੈ ਕਿ 50% ਅਸੰਬਲੀਆਂ ਵਲੋਂ ਜਦੋਂ ਰੈਟੀਫ਼ਿਕੇਸ਼ਨ ਹੋ ਜਾਵੇਗੀ ਅਤੇ ਇਹ ਨਵਾਂ ਵਿਧਾਨ ਅਮਲ ਵਿਚ ਆਵੇਗਾ ਤਾਂ ਹਿੰਦੁਸਤਾਨ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰੇਗਾ । ਕਾਮਰੇਡ ਕਹਿੰਦੇ ਹਨ ਕਿ ਇਲੈਕਸ਼ਨ ਦੀ ਗੱਲ ਨਹੀਂ ਹੈ । ਮੈਂ ਕਹਿੰਦਾ ਹਾਂ ਕਿ ਜਦ ਰਾਜ ਸਭਾ 6 ਸਾਲਾਂ ਲਈ ਹੋ ਸਕਦੀ ਹੈ ਤਾਂ ਫਿਰ ਪਾਰਲੀਆਮੈਂਟ ਅਤੇ ਅਸੰਬਲੀਆਂ ਕਿਉਂ ਨਹੀਂ ਹੋ ਸਕਦੀਆਂ ? ਮਿਆਦ ਵਧਾਉਣ ਦੀ ਕੰਸਟੀਚਿਊਸ਼ਨ ਇਜਾਜ਼ਤ ਦਿੰਦਾ ਹੈ । ਸੋਸ਼ਲਿਸਟਕ ਡੈਮੋਕਰੇਟ ਦਾ ਸ਼ਬਦ ਜਿਹੜਾ ਪ੍ਰੀਐਂਬਲ ਵਿਚ ਪਾਇਆ ਹੈ ਇਹ ਹਿੰਦੁਸਤਾਨ ਦੇ ਲੋਕਾਂ ਦੀ ਮੰਗ ਸੀ ਅਤੇ ਹਿੰਦੁਸਤਾਨ ਦੇ ਅਵਾਮ ਦੀ ਆਵਾਜ਼ ਸੀ ! ਜਿਹੜੀਆਂ ਅਵਾਮ ਨਾਲ ਕਮਿਟਮੈਂਟ ਕਰਦੇ ਹਨ ਉਹ ਫੁਲ-ਫਿਲ ਕਰਦੇ ਹਨ । ਇਸ ਬਾਰੇ ਮੈਂ ਸ੍ਰੀਮਤੀ ਇੰਦਰਾ ਗਾਂਧੀ ਨੂੰ ਵਧਾਈ ਦਿੰਦਾ ਹਾਂ ਕਿ ਜਿਹੜੀਆਂ ਉਨ੍ਹਾਂ ਨੇ ਬਤੌਰ ਪ੍ਰਧਾਨ ਮੰਤਰੀ ਕਮਿਟਮੈਂਟ ਕੀਤੀ ਸੀ ਉਸ ਨੂੰ ਪੂਰਾ ਕੀਤਾ । ਮੈਂ ਚੀਫ਼ ਮਨਿਸਟਰ ਗਿਆਨੀ ਜ਼ੈਲ ਸਿੰਘ ਜੀ ਨੂੰ ਅਰਜ਼ ਕਰਦਾ ਹਾਂ ਕਿ ਜਿਹੜੀ ਕਮਿਟਮੈਂਟ ਉਨ੍ਹਾਂ ਨੇ ਬਤੌਰ ਕਾਂਗਰਸ ਚੀਫ਼ ਦੇ ਕੀਤੀ ਸੀ, ਅੱਜ ਇਨ੍ਹਾਂ ਅਮੈਂਡਮੈਂਟਸ ਦੇ ਪਾਸ ਹੋ ਜਾਣ ਤੋ, ਉਹ ਪੂਰੀਆਂ ਕਰਨੀਆਂ ਹਨ । ਪੰਜਾਬ ਦੇ ਕੋਨੇ ਕੋਨੇ ਵਿਚ ਉਨਤੀ ਕੀਤੀ ਹੈ । ਅੱਜ ਹੜਤਾਲਾਂ ਦਾ ਕੋਈ ਮਸਲਾ ਨਹੀਂ ਰਿਹਾ । ਅੱਜ ਵਰਕਰ ਹਿੱਸੇਦਾਰ ਬਣ ਗਿਆ ਹੈ । ਸਪੀਕਰ ਸਾਹਿਬ ਹਰ ਵੇਲੇ ਰਾਈਟਸ ਦੀ ਗਲ ਕੀਤੀ ਜਾਂਦੀ ਸੀ, ਹੁਣ ਇਨ੍ਹਾਂ ਅਮੈਂਡਮੈਂਟਸ ਵਿਚ ਡਿਊਟੀਜ਼ ਵੀ ਆ ਗਈਆਂ ਹਨ । ਇਹ ਡਿਊਟੀਜ਼ ਦਸ ਕਿਸਮ ਦੀਆਂ ਹਨ । ਉਨ੍ਹਾਂ ਡਿਊਟੀਆਂ ਨੂੰ ਹਰ ਹਿੰਦੁਸਤਾਨੀ ਖੁਸ਼ੀ ਨਾਲ ਨਿਭਾਏਗਾ ਅਤੇ ਚੰਗੇ ਹਿੰਦੁਸਤਾਨੀ ਦੇ ਤੌਰ ਤੇ ਆਪਣਾ ਕਿਰਦਾਰ ਪੇਸ਼ ਕਰੇਗਾ ।

**ਸਰਦਾਰ ਕਿਰਪਾਲ ਸਿੰਘ ਢਿੱਲੋਂ** (ਕਪੂਰਥਲਾ) : ਸਪੀਕਰ ਸਾਹਿਬ, ਜੋ ਮਤਾ ਲੀਡਰ ਆਫ਼ ਦੀ ਹਾਊਸ ਨੇ ਹਾਊਸ ਦੇ ਸਾਹਮਣੇ ਰਖਿਆ ਹੈ ਮੈਂ ਦੋ ਤਿੰਨ ਮਿੰਟਾਂ ਲਈ ਉਸ ਮੱਤੇ ਦੇ ਸਬੰਧ ਵਿਚ ਕਹਿਣਾ ਚਾਹੁੰਦਾ ਹਾਂ । ਆਪੋਜ਼ੀਸ਼ਨ ਦੇ ਅਕਾਲੀ ਭਰਾਵਾਂ ਬਾਰੇ ਮੈਨੂੰ ਇਕ ਫ਼ਾਰਸੀ ਦਾ ਸ਼ੇਅਰ ਯਾਦ ਆ ਗਿਆ :

'ਜ਼ਮੀਂ ਜੁੰਬਦ ਨਾ ਜੰਬਦ ਗੁਲ ਮੁਹੰਮਦ'

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿੱਲੋਂ]

ਸਾਰੇ ਜ਼ਮਾਨੇ ਵਿਚ ਭਾਵੇਂ ਭੌਂਚਾਲ ਆ ਜਾਵੇ ਉਹ ਗੁਲ ਮੁਹੰਮਦ ਬਿਲਕੁਲ ਨਹੀਂ ਹਿਲਣਗੇ। ਚੰਗਾ ਹੋਇਆ ਕਿ ਉਹ ਤਸ਼ਰੀਫ ਲੈ ਗਏ। ਮੈਂ ਤੁਹਾਡਾ ਧਿਆਨ ਪ੍ਰੋਫੈਸਰ ਲਾਸਕੀ ਵਲ ਲਿਜਾਂਦਾ ਹਾਂ ਜਿਸ ਨੇ ਕਿਹਾ ਹੈ ਕਿ—

The Constitution of a country must aim at winning the confidence of the masses and also at the same time maintain it.

ਕਿਸੇ ਮੁਲਕ ਵਿਚ ਭਾਵੇਂ ਕੋਈ ਵੀ ਵਿਧਾਨ ਹੋਵੇ, ਅਗਰ ਉਸ ਵਿਚ ਉਸ ਮੁਲਕ ਦੇ ਰਹਿਣ ਵਾਲੇ ਲੋਕਾਂ ਦਾ ਕਾਂਨਫੀਡੈਂਸ ਬਹਾਲ ਕਰਨ ਲਈ ਪੂਰਾ ਮਸਾਲਾ ਨਾ ਹੋਵੇ ਤਾਂ that constitution must be torn. ਸਾਡੀ ਪ੍ਰਧਾਨ ਮੰਤਰੀ ਜੀ ਨੇ ਕਿਹਾ ਸੀ :

The Leader builds the Nation as a mason builds the house.

ਕੋਈ ਵੀ ਦੁਨੀਆਂ ਦਾ ਲੀਡਰ ਹੈ ਆਪਣੀ ਕੌਮ ਨੂੰ ਬਣਾਉਣ ਵਾਸਤੇ ਉਸ ਦੇ ਮਾਈਂਡ ਵਿਚ ਆਈਡੀਆ ਆਉਂਦਾ ਹੈ ਅਤੇ ਉਹ ਆਪਣੀ ਕੌਮ ਨੂੰ ਬਣਾਉਣ ਵਾਸਤੇ ਤਰਕੀਬਾਂ ਬਣਾਉਂਦਾ ਹੈ। ਅੱਜ ਸਾਡੇ ਪ੍ਰਧਾਨ ਮੰਤਰੀ ਜੀ ਸਮਝਦੇ ਹਨ ਕਿ ਕਿਸੇ ਤਰ੍ਹਾਂ ਆਪਣੇ ਦੇਸ਼ ਨੂੰ ਨਿਊ ਕਾਲੋਨੀਅੱਲਇਜ਼ਮ ਤੋਂ ਬਚਾਇਆ ਜਾਏ। ਹਿੰਦੁਸਤਾਨ ਅਗੇ ਕਾਫ਼ੀ ਅਰਸਾ ਕਾਲੋਨੀਅੱਲ ਦੇ ਤੌਰ ਤੇ ਰਿਹਾ। ਅੱਜ ਵੀ ਵਿਦੇਸ਼ੀ ਤਾਕਤਾਂ, ਅਮਰੀਕਾ, ਫਰਾਂਸ ਆਦਿ ਜੋ ਸਿਧੇ ਤੌਰ ਤੇ ਆਪਣੀਆਂ ਕਾਲੋਨੀਆਂ ਨਹੀਂ ਰਖ ਸਕਦੇ ਇਨਡਾਇਰੈਕਟ ਰਸਤੇ ਅਪਨਾ ਰਹੇ ਹਨ। ਉਹ ਸਾਰੀ ਦੁਨੀਆਂ ਨੂੰ ਆਪਣੀਆਂ ਕਾਲੋਨੀਆਂ ਬਣਾਉਣਾ ਚਾਹੁੰਦੇ ਹਨ। ਕੋਈ 35 ਹਜ਼ਾਰ ਐਸੀਆਂ ਆਰਗੇਨਾਈਜ਼ੇਸ਼ਨਜ਼ ਹਨ ਜਿਨ੍ਹਾਂ ਤੇ ਆਪਣੀ ਇੰਟਰਨੈਸ਼ਨਲ ਮਨਾਪਲੀ ਬਣਾਈ ਹੋਈ ਹੈ। ਜਿੰਨੇ ਗਰੀਬ ਮੁਲਕ ਹਨ ਜਿਨ੍ਹਾਂ ਦੀ ਅਕਾਨੌਮੀ ਪਛੜੀ ਹੋਈ ਹੈ ਉਨ੍ਹਾਂ ਸਾਰਿਆਂ ਤੇ ਆਪਣਾ ਜਾਲ ਵਿਛਾਇਆ ਹੋਇਆ ਹੈ। ਆਪਣੇ ਵੈਸਟਿਡ ਇੰਟਰੈਸਟਸ ਦੀ ਖ਼ਾਤਰ ਉਨ੍ਹਾਂ ਮੁਲਕਾਂ ਨੂੰ ਗਰੀਬ ਰਖਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ। ਸਾਡੀ ਪ੍ਰਧਾਨ ਮੰਤਰੀ ਜੀ ਨੇ ਕਿਹਾ ਹੈ ਕਿ ਜਦ ਤਕ ਸਪੀਡੀ ਜਸਟਿਸ ਅਤੇ ਸੈਲਫ ਰਿਲਾਇੰਸ ਪੈਦਾ ਨਹੀਂ ਹੁੰਦਾ ਤਦ ਤਕ ਨਿਊਕਾਲੋਨੀਅੱਲ ਦਾ ਬੂਟਾ ਪੁਟਿਆ ਨਹੀਂ ਜਾ ਸਕਦਾ। ਉਹ ਚਾਹੁੰਦੇ ਹਨ ਕਿ ਹਿੰਦੁਸਤਾਨ ਜਿਹੜਾ ਕਿ ਸੋਸ਼ਲਿਜ਼ਮ ਦੇ ਮਾਰਗ ਤੇ ਹੈ ਉਸ ਨੂੰ ਇਕ ਵਾਰੀ ਖ਼ਤਮ ਕੀਤਾ ਜਾਏ ਉਸ ਦੇ ਸੋਸ਼ਲਿਜ਼ਮ ਨੂੰ ਸ਼ੇਕ ਕੀਤਾ ਜਾਏ ਉਸ ਨੂੰ ਡੀਸਟੇਬਲ ਕੀਤਾ ਜਾਏ। ਪਿਛੇ ਜਿਹੇ ਬੰਗਲਾ ਦੇਸ਼ ਦਾ ਕੀ ਹੋਇਆ ਉਸ ਨੂੰ ਬਿਲਕੁਲ ਖਤਮ ਕਰ ਦਿਤਾ ਅਤੇ ਉਸ ਨੂੰ ਨਵੀਂ ਕਰਵਟ ਤੇ ਲਿਆਂਦਾ। ਪਾਕਿਸਤਾਨ ਵਿਚ ਕੀ ਹਾਲਤ ਕਰ ਦਿਤੀ ਅਤੇ ਜੋ ਅਰੇਬੀਅੱਨ ਕੰਟਰੀਜ਼ ਹਨ ਜਿਹੜੇ ਕਿ ਪੈਟਰੋਲ ਪੈਦਾ ਕਰਦੇ ਹਨ, ਉਨ੍ਹਾਂ ਨੂੰ ਜਿਹੜੇ ਇੰਪੀਰੀਆਲਿਸਟ ਕੰਟਰੀਜ਼ ਹਨ ਆਪਣੀ ਨਿਊ ਕਾਲੋਨੀਅਲ ਥਿਊਰੀ ਦੇ ਆਧਾਰ ਤੇ ਚਲਾਉਣ ਲਈ ਮਜਬੂਰ ਕਰ ਰਹੇ ਹਨ। ਇਸ ਨਿਊ ਕਾਲੋਨੀਅਲ ਥਿਊਰੀ ਤੋਂ ਬਚਾਉਣ ਵਾਸਤੇ ਸਾਡੀ ਪ੍ਰਧਾਨ ਮੰਤਰੀ ਨੇ ਇਕ ਐਸੇ ਮਨੁਖ ਨੂੰ ਚੁਣਿਆ ਜੋ ਪ੍ਰਧਾਨ ਮੰਤਰੀ ਦੇ ਮਾਈਂਡ ਨੂੰ ਪੂਰੀ ਤਰ੍ਹਾਂ ਟਰਾਂਸਲੇਟ ਕਰ ਸਕਦਾ ਸੀ ਅਤੇ ਉਹ ਹਸਤੀ ਸੀ ਸਰਦਾਰ ਸਵਰਨ ਸਿੰਘ। ਉਸ ਨੂੰ ਇਸ ਅਮੈਂਡਮੈਂਟ ਦੇ ਕੰਮ ਲਈ ਚੁਣਿਆ। ਉਹ ਪੁਲੀਟੀਕਲ ਲਾਈਫ ਵਿਚ ਇਕ ਮਾਈਨਰ ਆਦਮੀ ਹੈ। ਸਿੰਘਾਪੁਰ ਵਿਚ ਜਦੋਂ 9 ਦੇਸ਼ਾਂ ਦੀ ਕਾਨਫਰੈਂਸ ਹੋਈ ਤਾਂ ਸਿੰਘਾਪੁਰ ਦੇ ਪ੍ਰਾਈਮ ਮਨਿਸਟਰ ਨੇ ਜਰਨਲਿਸਟਾਂ ਨੂੰ ਪੁੱਛਿਆ ਕਿ ਜੋ ਹਿੰਦੁਸਤਾਨ ਦਾ ਵਿਦੇਸ਼ ਮੰਤਰੀ

Original with;
Punjab Vidhan Sabha
Digitized by;
Panjab Digital Library

ਹੈ ਉਸ ਦੇ ਸਿਰ ਤੇ ਕੀ ਹੈ । ਕਿਸੇ ਨੇ ਕਿਹਾ ਕਿ ਜੂੜਾ ਹੈ, ਕਿਸੇ ਨੇ ਕਿਹਾ ਬਾਲ ਅਤੇ ਕਿਸੇ ਨੇ ਪੱਗ ਕਿਹਾ ਪਰ ਉਨ੍ਹਾਂ ਨੇ ਕਿਹਾ ਨਹੀਂ

He has a slab of ice under his turban and he is a symbol of calmness, balance and prudence.

ਉਨ੍ਹਾਂ ਨੇ ਹਸਦਿਆਂ ਕਿਹਾ ਕਿ ਮੇਰੇ ਸਵਾਲ ਦਾ ਜਵਾਬ ਤੁਹਾਡੇ ਕੋਲ ਨਹੀਂ ਹੈ । ਮੇਰੇ ਸਵਾਲ ਦਾ ਜਵਾਬ ਇਹ ਹੈ ਕਿ ਹਿੰਦੁਸਤਾਨ ਦਾ ਜੋ ਵਿਦੇਸ਼ ਮੰਤਰੀ ਹੈ। He is having a slab of ice under his turban. ਜਿਸਦਾ ਸਿਰ ਕਦੇ ਗਰਮ ਨਹੀਂ ਹੁੰਦਾ, ਦਿਮਾਗ ਗਰਮ ਨਹੀਂ ਹੁੰਦਾ ਅਤੇ ਉਹ ਠੰਡੇ ਦਿਮਾਗ ਨਾਲ ਗੱਲ ਕਰਦਾ ਹੈ । He keeps a balance about himself. ਲੀਡਰ ਆਫ ਦੀ ਨੇਸ਼ਨ ਨੇ ਇਸ ਗਲ ਦੀ ਜ਼ਿੰਮੇਵਾਰੀ ਉਸ ਨੂੰ ਦਿੱਤੀ ਜਿਸਨੂੰ ਉਹ ਸਮਝਦੇ ਸਨ ਕਿ ਸਹੀ ਟਰਾਂਸਲੇਸ਼ਨ ਉਨ੍ਹਾਂ ਦੇ ਮਾਈਂਡ ਦੀ ਕਰੇਗਾ । ਉਹ ਮਦਰਾਸ ਤੋਂ ਅੰਮ੍ਰਿਤਸਰ ਤਕ ਜਿਤਨੇ ਹਿੰਦੁਸਤਾਨ ਦੇ ਇੰਟਲੈਕ-ਚੂਅਲਜ਼ ਸਨ, ਭਾਵੇਂ ਉਹ ਯੂਨੀਵਰਸਿਟੀਆਂ ਵਿਚ ਬੈਠੇ ਸਨ ਅਤੇ ਭਾਵੇਂ ਉਹ ਲੈਜਿਸਲੇਚਰ ਦੇ ਮੈਂਬਰਜ਼ ਸਨ, ਉਨ੍ਹਾਂ ਨਾਲ ਜਾ ਕੇ ਉਨ੍ਹਾਂ ਨੇ ਗਲ ਬਾਤ ਕੀਤੀ । ਉਨ੍ਹਾਂ ਨਾਲ ਗਲ ਕਰਨ ਤੋਂ ਬਾਅਦ ਕੋਈ ਐਸਾ ਮਨੁਖ ਨਹੀਂ ਸੀ ਜਿਹੜਾ ਸੰਤੁਸ਼ਟ ਨਾ ਹੋਇਆ ਹੋਵੇ । ਜਿਹੜੀਆਂ ਇਹ ਅਮੈਂਡਮੈਂਟਾਂ ਕਾਂਸਟੀਚਿਊਸ਼ਨ ਵਿਚ ਕੀਤੀਆਂ ਗਈਆਂ ਹਨ ਇਹ ਬਹੁਤ ਜ਼ਰੂਰੀ ਸਨ ਅਤੇ ਪਹਿਲਾਂ ਹੋ ਜਾਣੀਆਂ ਚਾਹੀਦੀਆਂ ਹਨ । ਅੱਜ ਦੇਸ਼ ਦੀ ਨਵੀਂ ਜਿਹੜੀ ਸੋਸ਼ਿਓ-ਇਕਨਾਮਿਕ ਦੀ ਪਾਲਿਸੀ ਹੈ, ਇਸ ਦੀ ਇੰਪਲੀਮੈਂਟੇਸ਼ਨ ਵਿਚ ਜਿਹੜੀ ਵੀ ਹਰਡਲ ਜਾਂ ਇੰਪੈਡੀਮੈਂਟਸ ਹਨ, ਇਨ੍ਹਾਂ ਨੂੰ ਵਿਧਾਨਕ ਤੌਰ ਤੇ ਦੂਰ ਕਰਨ ਵਾਸਤੇ ਇਹ ਅਮੈਂਡਮੈਂਟਾਂ ਕਰਨੀਆਂ ਜ਼ਰੂਰੀ ਸਨ । ਫੰਡਾਮੈਂਟਲ ਰਾਈਟਸ ਦੇ ਨਾਲ ਫੰਡਾਮੈਂਟਲ ਡਿਊਟੀਜ਼ ਪਾ ਦਿੱਤੀਆਂ ਹਨ । ਇਹ ਹਰ ਹਿੰਦੁਸਤਾਨੀ ਲਈ ਜ਼ਰੂਰੀ ਹਨ । ਹਰ ਲਿਹਾਜ਼ ਤੋਂ ਹਿੰਦੁਸਤਾਨ ਤਕੜਾ ਲਗਦਾ ਹੈ। ਇਥੇ ਦੀ ਜ਼ਮੀਨ ਚੰਗੀ, ਸੂਰਜ ਵੀ ਚੰਗਾ, ਜੰਗਲ ਵੀ ਚੰਗੇ, ਧਰਤੀ ਵੀ ਚੰਗੀ, ਦਰਿਆ ਵੀ ਚੰਗੇ ਅਤੇ ਜ਼ਮੀਨ ਸਭ ਤੋਂ ਜ਼ਿਆਦਾ ਉਪਜਾਊ ਹੈ । ਇਕ ਗਲ ਦੀ ਇਸ ਮੁਲਕ ਦੇ ਵਿਚ ਕਮੀ ਸੀ ਉਹ ਵੀ ਇਸ ਵਿਧਾਨ ਦੀ ਅਮੈਂਡਮੈਂਟ ਨਾਲ ਪੂਰੀ ਕਰ ਦਿੱਤੀ ਹੈ । ਫਿਰਕੂ ਤਾਕਤਾਂ ਨੂੰ ਡੀਸਟੈਬਲਾਈਜ਼ ਕੀਤਾ ਹੈ । ਹੁਣ ਹਿੰਦੁਸਤਾਨ ਤਕੜਾ ਹੋਵੇਗਾ । ਮੈਂ ਪੁਰਜ਼ੋਰ ਸ਼ਬਦਾਂ ਨਾਲ ਗਿਆਨੀ ਜੀ ਦੇ ਇਸ ਰੈਜ਼ੋਲਿਊਸ਼ਨ ਦੀ ਪ੍ਰੋੜ੍ਹਤਾ ਕਰਦਾ ਹਾਂ । ਇਹ ਹਿੰਦੁਸਤਾਨ ਦੀ ਤਕਦੀਰ ਬਦਲਣ ਦਾ ਸਭ ਤੋਂ ਚੰਗਾ ਮਾਈਲ-ਸਟੋਨ ਹੈ । ਇਸ ਦੀ ਸਭ ਨੂੰ ਮੁਬਾਰਕਬਾਦ ।

**ਸਰਦਾਰ ਪ੍ਰਿਥੀਪਾਲ ਸਿੰਘ(ਅੰਮ੍ਰਿਤਸਰ ਦੱਖਣ):** ਸਪੀਕਰ ਸਾਹਿਬ, ਇਹ ਜਿਹੜਾ ਅਮੈਂਡਮੈਂਟ ਬਿਲ ਹਾਊਸ ਦੇ ਲੀਡਰ ਨੇ ਪੇਸ਼ ਕੀਤਾ ਹੈ ਮੈਂ ਉਸਦਾ ਸਮਰੱਥਨ ਕਰਨ ਲਈ ਖੜਾ ਹੋਇਆ ਹਾਂ । ਜਦੋਂ ਲਖਨਓ ਦੇ ਬਾਜ਼ਾਰ ਵਿਚ ਗਣੇਸ਼ ਚੰਦਰ ਨੂੰ ਛੁਰਾ ਘੋਂਪਿਆ ਗਿਆ ਸੀ ਜਿਹੜੇ ਕਿ ਅਮਨ ਅਤੇ ਸ਼ਾਂਤੀ ਦੇ ਪੈਗੰਬਰ ਸਨ, ਜਦੋਂ ਸ੍ਰੀ ਐਲ. ਐਨ. ਮਿਸ਼ਰਾ ਨੂੰ ਬੰਬ ਨਾਲ ਉੜਾ ਦਿਤਾ ਗਿਆ ਜਿਹੜੇ ਕਿ ਇਕ ਇਜਲਾਸ ਨੂੰ ਖਿਤਾਬ ਕਰਨ ਗਏ ਸਨ, ਜਦੋਂ ਸ੍ਰੀ ਏ. ਐਨ. ਰੇਅ. ਚੀਫ ਜਸਟਿਸ ਆਫ਼ ਇੰਡੀਆ ਦੀ ਕਾਰ ਤੇ ਬੰਬ ਸੁਟਿਆ ਗਿਆ, ਜਦੋਂ ਪੁਲਿਸ ਨੂੰ ਉਕਸਾਇਆ ਜਾ ਰਿਹਾ ਸੀ ਕਿ ਮੁਲਕ ਵਿਚ ਬਗਾਵਤ ਕੀਤੀ ਜਾਵੇ, ਇਹ ਫੈਸਲੇ ਜਿਹੜੇ ਪਾਰਲੀਮੈਂਟ ਨੇ ਕਰਨੇ ਸਨ, ਇਹ ਲੋਕ ਚਾਹੁੰਦੇ ਸਨ ਕਿ ਗਲੀਆਂ ਅਤੇ ਬਾਜ਼ਾਰਾਂ ਵਿਚ ਇਹ ਕੀਤੇ ਜਾਣ । ਮੈਂ ਸਪੀਕਰ ਸਾਹਿਬ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇਸ਼ ਦੇ ਦੁਸ਼ਮਨਾਂ ਨੇ ਐਸੇ ਐਸੇ ਕੰਮ ਕੀਤੇ, ਦੇਸ਼ ਨੂੰ ਜਿਸ ਤਰ੍ਹਾਂ ਵੀ ਨੁਕਸਾਨ ਪਹੁੰਚਾਇਆ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਿਥੀਪਾਲ ਸਿੰਘ]

ਜਾ ਸਕਦਾ ਸੀ ਉਨ੍ਹਾਂ ਨੇ ਪਹੁੰਚਾਉਣ ਦੀ ਕੋਸ਼ਿਸ਼ ਕੀਤੀ । ਮੈਂ ਤੁਹਾਡੇ ਕੋਲੋਂ ਦੋ ਮਿੰਟਾਂ ਦੀ ਇਜਾਜ਼ਤ ਮੰਗੀ ਸੀ । ਮੈਂ ਪੁਰਜ਼ੋਰ ਲਫਜ਼ਾਂ ਵਿਚ ਇਸ ਦੀ ਹਮਾਇਤ ਕਰਦਾ ਹਾਂ, ਇਸ ਦਾ ਬੜਾ ਤਕੜਾ ਸਮਰੱਥਨ ਕਰਦਾ ਹਾਂ । ਇਨ੍ਹਾਂ ਲਫਜ਼ਾਂ ਨਾਲ ਮੈਂ ਤੁਹਾਡੇ ਕੋਲੋਂ ਖਿਮਾਂ ਮੰਗਦਾ ਹਾਂ ।

**ਸ੍ਰੀ ਸਪੀਕਰ** : ਕੀ ਹੋਰ ਤਾਂ ਕਿਸੇ ਆਨਰੇਬਲ ਮੈਂਬਰ ਨੇ ਨਹੀਂ ਬੋਲਣਾ ?

(ਇਸ ਸਮੇਂ ਕੋਈ ਵੀ ਮਾਨਯੋਗ ਮੈਂਬਰ ਬੋਲਣ ਲਈ ਖੜਾ ਨਹੀਂ ਹੋਇਆ)

ਹੁਣ ਸੀ.ਐਮ, ਸਾਹਿਬ ਸਪੀਚ ਕਰਨਗੇ ।

**ਮੁੱਖ ਮੰਤਰੀ** (ਗਿਆਨੀ ਜ਼ੈਲ ਸਿੰਘ): ਸਪੀਕਰ ਸਾਹਿਬ, ਇਥੇ ਸਰਦਾਰ ਉਮਰਾਓ ਸਿੰਘ ਜੀ ਨੇ ਤਕਰੀਰ ਕੀਤੀ ਸੀ । ਉਸ ਤੋਂ ਬਾਅਦ ਵਿੱਤ ਮੰਤਰੀ ਸ੍ਰੀ ਹੰਸ ਰਾਜ ਸ਼ਰਮਾ ਵੀ ਤਕਰੀਰ ਕਰਨਾ ਚਾਹੁੰਦੇ ਸਨ । ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਬਾਹਰ ਜਾ ਆਉ । ਉਤਨਾ ਚਿਰ ਸਰਦਾਰ ਕ੍ਰਿਪਾਲ ਸਿੰਘ ਢਿਲੋਂ ਨਿਭਾਉਣਗੇ । ਫਿਰ ਸਰਦਾਰ ਪ੍ਰਿਥੀਪਾਲ ਸਿੰਘ ਜੀ ਵੀ ਬੋਲੇ ਪਰ ਉਹ ਬਹੁਤ ਬਰੀਫ ਰਹੇ । ਇਹ ਮੇਰੇ ਮਨ ਵਿਚ ਅਫਸੋਸ ਰਹੇਗਾ ਕਿ ਵਿੱਤ ਮੰਤਰੀ ਜੀ ਆਪਣੇ ਵਿਚਾਰ ਇਸ ਤੇ ਨਹੀਂ ਦੇ ਸਕੇ ।

ਸਪੀਕਰ ਸਾਹਿਬ, ਮੈਨੂੰ ਬਹੁਤ ਖੁਸ਼ੀ ਹੈ ਕਿ ਆਨਰੇਬਲ ਮੈਂਬਰ ਸਾਹਿਬਾਨ ਨੇ ਇਸ ਮਹੱਤਵਪੂਰਣ ਪ੍ਰਸਤਾਵ ਦੇ ਉਤੇ ਆਪਣੀਆਂ ਰਾਵਾਂ ਦਿੱਤੀਆਂ ਹਨ । ਮੈਂ ਇਸ ਵਾਸਤੇ ਤੁਹਾਡੀ ਸੇਵਾ ਵਿਚ ਬੇਨਤੀ ਕੀਤੀ ਸੀ ਕਿ ਹਰ ਮੈਂਬਰ ਜੋ ਇਸ ਤਾਰੀਖੀ ਫੈਸਲੇ ਉਤੇ ਆਪਣੀ ਰਾਏ ਦੇਣਾ ਚਾਹੁੰਦਾ ਹੈ, ਉਸ ਦੀ ਰਾਏ ਆ ਜਾਏ, ਰਿਕਾਰਡ ਹੋ ਜਾਏ ਕਿਉਂਕਿ ਇਹ ਇਕ ਇਤਿਹਾਸਕ ਸੈਸ਼ਨ ਹੈ ਅਤੇ ਇਸ ਦਾ ਇਕ ਇਕ ਅੱਖਰ ਜਿਹੜਾ ਹੈ ਉਹ ਸਾਡੇ ਆਉਣ ਵਾਲੇ ਜ਼ਮਾਨੇ ਵਿਚ ਇਤਿਹਾਸਕ ਬਣ ਕੇ ਰਹੇਗਾ । ਇਹ ਜੋ ਮਤਾ ਮੈਂ ਪੇਸ਼ ਕੀਤਾ ਸੀ ਉਸ ਦੀ ਕੁਝ ਥੋੜੀ ਜਿਹੀ ਵਿਰੋਧਤਾ ਆਈ ਹੈ । ਉਹ ਵੀ ਸਿਰਫ ਵਿਰੋਧਤਾ ਵਾਸਤੇ ਸੀ । ਉਹ ਉਸ ਸੈਕਸ਼ਨ ਵਿਚੋਂ ਆਈ ਹੈ ਜਿਹੜਾ ਸੈਕਸ਼ਨ ਪਹਿਲਾਂ ਹੀ ਕਹਿੰਦਾ ਸੀ ਕਿ ਹਿੰਦੁਸਤਾਨ ਦੇ ਵਿਧਾਨ ਵਿਚ ਤਰਮੀਮ ਕੀਤੀ ਜਾਵੇ ਅਤੇ ਉਹ ਬਹੁਤ ਦੇਰ ਤੋਂ ਕਹਿੰਦੇ ਰਹੇ ਹਨ । ਜੈ ਪ੍ਰਕਾਸ਼ ਨਰਾਇਣ ਨੇ ਬੜੀ ਵਾਰ ਕਿਹਾ ਸੀ ਕਿ ਇਸ ਵਿਧਾਨ ਦੀ ਸੋਧ ਹੋਣੀ ਚਾਹੀਦੀ ਹੈ । ਬਾਕੀਂ ਸੀ.ਪੀ.ਆਈ. ਵਾਲੇ ਤਾਂ ਬੁਨਿਆਦੀ ਤੌਰ ਤੇ ਇਸ ਦੇ ਨਾਲ ਹੀ ਹਨ । ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਜਿਹੜੇ ਵਿਚਾਰ ਰਖੇ ਹਨ ਉਨ੍ਹਾਂ ਦੀ ਮੈਂ ਕਦਰ ਕਰਦਾ ਹਾਂ ਅਤੇ ਜਿਹੜੇ ਖਦਸ਼ੇ ਉਨ੍ਹਾਂ ਨੇ ਜ਼ਾਹਿਰ ਕੀਤੇ ਹਨ ਉਹ ਮੇਰਾ ਖਿਆਲ ਹੈ ਕਿ ਸਿਰਫ ਜ਼ਾਹਿਰ ਹੀ ਕੀਤੇ ਹਨ ਪਰ ਉਨ੍ਹਾਂ ਵਿਚ ਸਦਾਕਤ ਕੋਈ ਨਹੀਂ ਅਤੇ ਮੈਨੂੰ ਆਸ ਹੈ ਕਿ ਉਹ ਵੋਟਿੰਗ ਦੇ ਵਕਤ ਉਨ੍ਹਾਂ ਖਦਸ਼ਿਆਂ ਦੀ ਪ੍ਰਵਾਹ ਨਹੀਂ ਕਰਨਗੇ ਅਤੇ ਜਿਵੇਂ ਪਾਰਲੀਮੈਂਟ ਦੇ ਵਿਚ ਉਹ ਨਾਲ ਰਹੇ ਹਨ, ਉਸੇ ਤਰ੍ਹਾਂ ਇਥੇ ਵੀ ਰਹਿਣਗੇ । ਬਾਕੀ ਸਪੀਕਰ ਸਾਹਿਬ ਅੱਜ ਕਲ ਜ਼ਮਾਨਾ ਐਸਾ ਆ ਗਿਆ ਹੈ :

'ਨਜ਼ਰ ਆਤਾ ਹੈ ਹਰ ਇਨਕਾਰ ਮੇਂ ਇਕਰਾਰ,
ਮੁਹੱਬਤ ਇਸ ਜ਼ਮਾਨੇ ਮੇਂ ਸਿਆਸਤ ਹੋਤੀ ਜਾਤੀ ਹੈ ।'

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਭਾਵੇਂ ਇਹ ਵਿਧਾਨ ਸਭਾ ਦੀ ਵਿਰੋਧਤਾ ਕਰਨ ਵਾਲੀ ਪਾਰਟੀ ਇਸ ਵਕਤ ਇਥੇ ਹਾਜ਼ਰ ਹੈ ਜਾਂ ਨਹੀਂ ਪਰ ਰਿਕਾਰਡ ਵਿਚ ਆਪਣੀ ਗੱਲ ਜੋ ਉਹ ਕਹਿ ਗਏ ਹਨ ਉਸਦੇ ਪ੍ਰਤੀ ਮੈਨੂੰ ਕੁਝ ਕਹਿਣ ਦੀ ਲੋੜ ਨਹੀਂ ਕਿਉਂਕਿ ਆਨਰੇਬਲ ਮੈਂਬਰ ਸਾਹਿਬਾਨ ਅਤੇ ਸੀ. ਪੀ. ਆਈ. ਦੇ ਗਰੁਪ ਦੇ ਲੀਡਰ ਨੇ ਉਨ੍ਹਾਂ ਦੀਆਂ ਸਾਰੀਆਂ ਗੱਲਾਂ ਦਾ ਖੰਡਨ ਕਰਕੇ ਇਸ ਮਾਮਲੇ ਨੂੰ ਸਾਫ਼ ਕਰ ਦਿੱਤਾ ਹੈ । ਫਿਰ ਵੀ ਮੈਂ ਇੱਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਜੋ ਉਨ੍ਹਾਂ ਨੇ ਇਹ ਜ਼ਿਕਰ ਕੀਤਾ ਹੈ ਕਿ ਸਿੱਖਾਂ ਨੂੰ ਨਹੀਂ ਪੁੱਛਿਆ ਗਿਆ, ਇਸ ਦਾ ਵੀ ਜਵਾਬ ਸਾਡੇ ਆਨਰੇਬਲ ਮੈਂਬਰਾਂ ਨੇ ਦੇ ਦਿੱਤਾ ਹੈ । ਅਗਰ ਉਹ ਇਸ ਹਾਊਸ ਵਿਚ ਹੁੰਦੇ ਤਾਂ ਫਿਰ ਵੀ ਉਨ੍ਹਾਂ ਇਸ ਤੋਂ ਵੱਧ ਹੋਰ ਕੁਝ ਨਹੀਂ ਸੀ ਕਹਿ ਸਕਣਾ । ਸਪੀਕਰ ਸਾਹਿਬ, ਪੰਜਾਬ ਦੀ ਵਿਧਾਨ ਸਭਾ, ਪੰਜਾਬੀਆਂ ਦੇ ਵਿਚਾਰਾਂ, ਜਜ਼ਬਾਤਾਂ ਦਾ ਪ੍ਰਤੀਬਿੰਬ ਹੈ ਅਤੇ ਇਹ ਸਾਰੇ ਪੰਜਾਬੀਆਂ ਦੀ ਰਾਏ ਹੈ । ਉਸ ਰਾਏ ਵਿਚ ਜੋ ਇਸ ਹਾਊਸ ਦੇ 104 ਮੈਂਬਰਾਂ ਦੀ ਹੈ ਉਨ੍ਹਾਂ ਮੈਂਬਰਾਂ ਵਿਚ ਜਿਨ੍ਹਾਂ ਦੇ ਵਿਚ ਮੈਂ ਹਿੰਦੂ ਸਿੱਖ ਦਾ ਝਗੜਾ ਨਹੀਂ ਪਾਉਣਾ ਚਾਹੁੰਦਾ ਪਰ ਚੂੰਕਿ ਸਵਾਲ ਇਥੇ ਆਇਆ ਹੈ ਇਸ ਲਈ ਕਹਿ ਰਿਹਾ ਹਾਂ । ਕਾਂਗਰਸ ਟਿਕਟ ਉਤੇ 43 ਕੇਸ ਧਾਰੀਆਂ ਵਾਲੇ ਸਿੱਖ ਚੁਣ ਕੇ ਆਏ ਹਨ ਅਤੇ ਅਕਾਲੀ ਪਾਰਟੀ ਦੀ ਟਿਕਟ ਉਤੇ ਸਿਰਫ 24 ਆਏ ਹਨ ਅਤੇ ਉਹ 24 ਵੀ ਅੱਜ ਆਪਣੇ ਆਪ ਨੂੰ ਸਿੱਖਾਂ ਦੇ ਨੁਮਾਇੰਦੇ ਸਮਝਦੇ ਹਨ । ਉਨ੍ਹਾਂ ਦਾ ਪਾਰਲੀਮੈਂਟ ਵਿਚ ਇੱਕੋ ਹੀ ਨੁਮਾਇੰਦਾ ਹੈ । ਜੇ ਲੋਕਾਂ ਨੇ ਉਨ੍ਹਾਂ ਨੂੰ ਬਹੁ-ਗਿਣਤੀ ਵਿਚ ਨਹੀ ਭੇਜਿਆ ਤਾਂ ਉਨ੍ਹਾਂ ਨੂੰ ਇਹ ਚਾਹੀਦਾ ਹੈ ਕਿ ਉਹ ਸਬਰ ਕਰਨ ਅਤੇ ਆਪਣੇ ਆਪ ਨੂੰ ਸਾਰੀ ਸਿੱਖ ਕਮਿਊਨਿਟੀ ਦਾ ਨੁਮਾਇੰਦਾ ਜ਼ਾਹਿਰ ਨਾ ਕਰਨ । ਪੰਜਾਬ ਤੋਂ ਬਾਹਰ ਵੀ ਪੰਜਾਬੀ ਬਹੁਤ ਰਹਿੰਦੇ ਹਨ ਔਰ ਸਿੱਖ ਵੀ ਗਏ ਹਨ, ਉਨ੍ਹਾਂ ਸਿੱਖਾਂ ਨੇ ਜਿਹੜੇ ਪੰਜਾਬ ਦੇ ਬਾਹਰ ਹਨ, ਪਾਰਲੀਮੈਂਟਰੀਅਨ ਹਨ, ਔਰ ਵਿਧਾਨ ਸਭਾ ਵਿਚ ਵੀ ਹਨ, ਉਨ੍ਹਾਂ ਵਿਚੋਂ ਕਿਸੇ ਇਕ ਨੇ ਵੀ, ਕਿਸੇ ਨੁਮਾਇੰਦੇ ਨੇ ਵੀ ਇਨ੍ਹਾਂ ਸੋਧਾਂ ਦੇ ਸਬੰਧ ਵਿਚ ਆਪਣੀ ਰਾਏ ਦਾ ਵਖਰੇਵਾਂ ਪਰਗਟ ਨਹੀਂ ਕੀਤਾ ਅਤੇ ਸਾਰਿਆਂ ਨੇ ਇਤਫਾਕ ਨਾਲ ਇਸ ਦੀ ਤਾਈਦ ਕੀਤੀ ਹੈ । ਇਸੇ ਤਰ੍ਹਾਂ ਹੀ ਪੰਜਾਬ ਦੀ ਆਬਾਦੀ ਵਿਚੋਂ ਹੁਣ ਹਿੰਦੂਆਂ ਤੋਂ ਜਨਸੰਘ ਨੇ ਵੀ ਵੋਟਾਂ ਮੰਗੀਆਂ ਸਨ, ਪਰ ਉਹ ਪਿਛਲੀ ਵਿਧਾਨ ਸਭਾ ਵਿਚ 4 ਇਲੈਕਟ ਹੋਏ ਸਨ ਅਤੇ ਇਸ ਵਾਰੀ ਕੇਵਲ ਇਕ ਹੋਇਆ ਹੈ । ਜਦੋਂ ਕਿ ਕਾਂਗਰਸ ਦੇ ਟਿਕਟ ਉਤੇ 22 ਹਿੰਦੂ ਇਲੈਕਟ ਹੋਏ । ਇਸ ਲਈ ਪੰਜਾਬ ਵਿਚ ਕਾਂਗਰਸ ਤੋਂ ਬਿਨਾ ਨਾ ਕੋਈ ਹਿੰਦੂ ਆਪਣੇ ਆਪ ਨੂੰ ਕਹਿ ਸਕਦਾ ਹੈ ਕਿ ਉਹ ਉਨ੍ਹਾਂ ਦੀ ਨੁਮਾਇੰਦਗੀ ਕਰਦਾ ਹੈ ਨਾ ਸਿੱਖ ਕਹਿ ਸਕਦਾ ਨਾ ਮੁਸਲਮਾਨ ਕਹਿ ਸਕਦਾ ਹੈ (ਤਾੜੀਆਂ), ਸਾਰਿਆਂ ਦੀ ਨੁਮਾਇੰਦਗੀ ਕਾਂਗਰਸ ਕਰਦੀ ਹੈ ਅਤੇ ਪੰਜਾਬ ਦੀ ਜਨਤਾ ਨੇ ਭਾਰੀ ਮੈਜਾਰਟੀ ਵਿਚ ਕਾਂਗਰਸ ਨੂੰ ਆਪਣੀਆਂ ਵੋਟਾਂ ਦੇ ਕੇ ਹਰ ਮਜ਼ਹਬ ਦੇ ਲੋਕ ਇਥੇ ਭੇਜੇ ਹਨ । ਪਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਹ ਕੰਨਸਿਡਰੇਸ਼ਨ ਰਹੇ ਕਿ ਜੋ ਮਜ਼ਹਬ ਦੇ ਅਧਾਰ ਤੇ ਵੋਟਾਂ ਮੰਗਣ ਅਤੇ ਉਨ੍ਹਾਂ ਦੀਆਂ ਰਾਵਾਂ ਲਈਆਂ ਜਾਣ ਤਾਂ ਇਹ ਚੀਜ਼ ਦੇਸ਼ ਦੇ ਲਈ ਨਿਹਾਇਤ ਖਤਰਨਾਕ ਬਾਤ ਹੋਵੇਗੀ ਜੋ ਵਿਧਾਨ ਦੀਆਂ ਸੋਧਾਂ ਹਨ, ਇਨ੍ਹਾਂ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਮਿਊਨਲਿਜ਼ਮ ਨੂੰ ਇਨ੍ਹਾਂ ਵਿਚ ਕੋਈ ਜਗ੍ਹਾ ਨਹੀਂ ਹੈ ਅਤੇ ਨਾ ਹੋਵੇਗੀ । ਇਸ ਕਮੇਟੀ ਦੇ ਚੇਅਰਮੈਨ, ਸਰਦਾਰ ਸਵਰਨ ਸਿੰਘ ਸਨ, ਨੇ ਅਕਾਲੀਆਂ ਨੂੰ ਵੀ ਸਦਿਆ ਸੀ, ਇਨ੍ਹਾਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨੂੰ ਬੁਲਾਇਆ ਸੀ ਕਿ ਤੁਸੀਂ ਆਪਣੀ ਰਾਏ ਦੇਵੋ । ਪਰ ਇਸ ਪਾਰਟੀ ਨੇ ਇਹ ਕਿਹਾ ਕਿ ਜੋ ਹੋ ਰਿਹਾ ਹੈ ਉਹ ਇਨ੍ਹਾਂ ਨੂੰ ਮਨਜ਼ੂਰ ਨਹੀਂ, ਪਰ ਇਨ੍ਹਾਂ ਵਿਚ ਇਹ ਕਹਿਣ ਦੀ ਸ਼ਕਤੀ ਵੀ ਨਹੀਂ ਹੈ ਕਿ ਕੀ ਹੋਣਾ ਚਾਹੀਦਾ ਹੈ । (ਤਾੜੀਆਂ) ਇਹ ਗੱਲ ਵੀ ਇਹ ਨਹੀਂ ਕਹਿ ਸਕੇ ਕਿ ਫਲਾਣੀ ਚੀਜ਼ ਹੋਣੀ ਚਾਹੀਦੀ ਹੈ । ਇਸ ਕਰਕੇ ਮੈਂ ਇਸ ਗੱਲ ਵਲ ਧਿਆਨ ਦੇਣ ਦੀ ਲੋੜ ਨਹੀਂ ਸਮਝਦਾ ਅਤੇ ਬਹੁਤ ਸਾਰੀਆਂ ਚੀਜ਼ਾਂ ਦਾ ਇਥੇ ਜਵਾਬ ਦੇਣ ਦੀ ਲੋੜ ਹੀ ਨਹੀਂ । ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਸਾਹਮਣੇ ਰੱਖ ਕੇ ਇਸ ਸਦਨ ਦੇ ਵਿਚ ਜੋ ਬਹਿਸ ਹੋਈ ਹੈ ਉਹ ਨਿਹਾਇਤ ਹੀ ਸ਼ਾਨਦਾਰ ਬਹਿਸ ਸੀ । ਸਪੀਕਰ ਸਾਹਿਬ, ਮੈਂ ਆਪਣੇ ਦੇਸ਼ ਦੀ ਪ੍ਰਧਾਨ ਮੰਤਰੀ ਜੀ ਨੂੰ, ਹਿੰਦੁਸਤਾਨ ਦੀ ਪਾਰਲੀਮੈਂਟ ਨੂੰ ਇਸ ਹਾਊਸ ਵਲੋਂ ਵਧਾਈ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਇਕ ਇਤਹਾਸਿਕ ਫੈਸਲਾ ਕਰਕੇ ਹਿੰਦੁਸਤਾਨ ਦੇ ਲੋਕਾਂ ਲਈ ਇਕ ਨਵੀਂ ਰੌਸ਼ਨੀ ਦੇ ਦਰਵਾਜ਼ੇ ਖੋਲ੍ਹੇ ਹਨ (ਤਾੜੀਆਂ) ਔਰ ਸਾਡੀ ਤਰੱਕੀ ਦੀ ਜੋ ਰਫਤਾਰ ਹੈ, ਉਹ ਬੜੀ ਤੇਜ਼ ਚਲੇਗੀ । ਇਹ ਮਤਾ ਜੋ ਇਸ ਹਾਊਸ ਦੇ ਸਾਹਮਣੇ ਰੱਖਿਆ ਹੈ, ਮੈਨੂੰ ਆਸ ਹੈ ਕਿ ਇਸ ਨੂੰ ਹਾਊਸ ਸਰਵਸੰਮਤੀ ਨਾਲ ਪਾਸ ਕਰੇਗਾ । ਧੰਨਵਾਦ ।

**Mr. Speaker:** Question is—

That this House ratifies the amendments ......

**Comrade Satya Pal Dang:** On a point of order.

ਬੇਨਤੀ ਇਹ ਹੈ ਕਿ ਮੈਂ ਕੁਝ ਅਮੈਂਡਮੈਂਟਸ ਦਿੱਤੀਆਂ ਸਨ ਜਿਹੜੀਆਂ ਕਿ ਤੁਸੀਂ ਡਿਸਅਲਾਊ ਕਰ ਦਿੱਤੀਆਂ ਹਨ, ਪਰ ਇਹ ਨਹੀਂ ਦੱਸਿਆ ਕਿ ਕਿਉਂ ਡਿਸਅਲਾਊ ਕੀਤੀਆਂ ਹਨ । ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਹ ਅਮੈਂਡਮੈਂਟਸ ਸਰਕੂਲੇਟ ਹੋਣੀਆਂ ਚਾਹੀਦੀਆਂ ਸਨ ।

**ਸ੍ਰੀ ਸਪੀਕਰ:** ਇਹ ਫੈਸਲਾ ਹੈ, ਜਿਹੜਾ ਕਿ ਮੈਂ ਪੜ੍ਹ ਦੇਂਦਾ ਹਾਂ ।

(Decision of the Chairman of the Maharashtra Legislative Council). 'When a bill seeking to amend the Constitution is before a State Legislature, for ratification there is no scope for moving any amedment to the Bill and no such amendment is allowed. Similarly, no amendment to the statutory motion, as such, is admissible because the only thing before the House is whether the motion for ratification should or should not be accepted.

ਰੂਲਜ਼ ਅਫ ਪ੍ਰੋਸੀਜਰ ਅਸੰਬਲੀਆਂ ਦੇ ਹਨ । ਯੂ. ਪੀ., ਤਾਮਿਲਨਾਡੂ, ਤਰੀਪੁਰਾ, ਮਹਾਰਾਸ਼ਟਰਾ, ਨਾਗਾਲੈਂਡ ਵਗੈਰਾ ਇਨ੍ਹਾਂ ਦੇ ਰੂਲਜ਼ ਵਿਚ ਵੀ ਇਸ ਤਰ੍ਹਾਂ ਹੀ ਹੈ ।

**ਕਾਮਰੇਡ ਸੱਤ ਪਾਲ ਡਾਂਗ:** ਕੰਸਟੀਚਿਊਸ਼ਨ ਵਿਚ ਤਰਮੀਮ ਕਰਨ ਵਾਸਤੇ ਆਰਟੀਕਲ 368 ਦੇ ਥੱਲੇ ਆਉਂਦਾ ਹੈ ਜੇ ਇਸ ਨੂੰ ਧਿਆਨ ਨਾਲ ਪੜ੍ਹੋ ਤਾਂ ਇਸ ਦੇ ਵਿਚ ਲਿਖਿਆ ਹੈ ਕਿ ਕੋਈ ਵੀ ਤਰਮੀਮ ਕਰਨੀ ਹੋਵੇ, ਤਾਂ ਪਾਰਲੀਆਮੈਂਟ ਵਿਚ, ਲੋਕ ਸਭਾ ਵਿਚ ਕਿਸੇ ਬਿਲ ਦੇ ਰਾਹੀਂ ਪੇਸ਼ ਕੀਤੀ ਜਾਵੇਗੀ, ਉਥੇ ਕੋਈ ਬਾਰ ਨਹੀਂ ਹੈ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਰੈਜ਼ੋਲਿਊਸ਼ਨ ਵਿਚ ਪ੍ਰੋਵੀਜ਼ਨ ਨਹੀਂ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਉਸ ਦੇ ਵਿਚ ਹੈ ਕਿ ਜੇ ਕੋਈ ਵੀ ਅਮੈਂਡਮੈਂਟ ਹੋ ਕਿਸੇ ਬਿਲ ਦੇ ਰਾਹੀਂ ਲਿਆਵੇ । ਮੈਂ ਮੰਨਦਾ ਹਾਂ ਕਿ ਇਕ ਬਿਲ ਦੇ ਵਿਚ ਜ਼ਿਆਦਾ ਅਮੈਂਡਮੈਂਟਸ ਵੀ ਹੋ ਸਕਦੀਆਂ ਹਨ । ਅਗੇ ਲਿਖਿਆ ਹੈ ਕਿ ਦੋਨਾਂ ਹਾਊਸਾਂ ਦੀ ਮੈਜਾਰਟੀ ਨੂੰ ਪਾਸ ਹੋ ਜਾਵੇ ।

> Provided that if such amendments seeking to make any change in article such and such, the amendment (not the Bill) shall also require to be ratified by the legislatures of majority........

ਅਗਰ ਬਿਲ ਦੇ ਵਿਚ ਇਕ ਅਮੈਂਡਮੈਂਟ ਹੋਵੇ ਤਾਂ ਤੁਸੀਂ ਜੋ ਫਰਮਾਇਆ ਹੈ, ਉਹ ਠੀਕ ਹੈ ।

**ਸ੍ਰੀ ਸਪੀਕਰ** : ਇਹ ਰੈਜ਼ੋਲਿਊਸ਼ਨ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਰੈਜ਼ੋਲਿਊਸ਼ਨ ਵੀ ਵਿਧਾਨ ਦੇ ਮੁਤਾਬਿਕ ਹੋਣਾ ਚਾਹੀਦਾ ਹੈ । ਅਗਰ ਬਿਲ ਦੀ ਰੈਟੀਫਿਕੇਸ਼ਨ ਮੰਗਦੇ ਹੋ ਤਾਂ ਇਸ ਦੇ ਵਿਚ 59 ਕਲਾਜ਼ਾਂ ਹਨ ਅਤੇ ਕਾਂਸਟੀਚਿਊਸ਼ਨ ਦੀ ਲੈਟਰ ਅਤੇ ਸਪਿਰਟ ਇਹ ਰਿਕੁਆਇਰ ਕਰਦੀ ਹੈ ਕਿ ਜਦੋਂ 59 ਕਲਾਜ਼ਾਂ ਪਾਸ ਹੋਣਗੀਆਂ ਅਤੇ ਰੈਟੀਫਿਕੇਸ਼ਨ ਹੋਵੇਗੀ ਤਾਂ ਉਸ ਤੇ ਵੋਟਿੰਗ ਵੀ ਹੋਵੇਗੀ ਅਤੇ ਇਸ ਦਾ ਰਿਕਾਰਡ ਹੋਣਾ ਚਾਹੀਦਾ ਹੈ ।

**ਸ੍ਰੀ ਸਪੀਕਰ** : ਸਵਾਲ ਰੈਟੀਫਿਕੇਸ਼ਨ ਦਾ ਹੈ, ਤੁਸੀਂ ਅਮੈਂਡਮੈਂਟ ਮੂਵ ਨਹੀਂ ਕਰ ਸਕਦੇ ।

**ਸਰਦਾਰ ਉਜਾਗਰ ਸਿੰਘ** : ਜਿਹੜੀ ਵੀ ਅਮੈਂਡਮੈਂਟਸ ਕਾਂਸਟੀਚਿਊਸ਼ਨ ਵਿਚ ਹੋਈ ਹੈ, ਉਹ ਬਿਲ ਦੀ ਰੈਜ਼ੋਲਿਊਸ਼ਨ ਦੀ ਸ਼ਕਲ ਵਿਚ ਹੋਈ ਹੈ, ਉਹ ਯੂਨੀਫਾਈਡ ਹੈ, ਉਸ ਨੂੰ ਸੈਪਰੇਟ ਨਹੀਂ ਕੀਤਾ ਜਾ ਸਕਦਾ ।

**Mr. Speaker** : Ruled out.

**Mr. Speaker** : Question is—

> That this House ratifies the amendments to the Constitution of India falling within the purview of the proviso to clause (2) of article 368 thereof, proposed to be made by the Constitution (Forty-fourth Amendment) Bill, 1976, as passed by the two Houses of Parliament, and the short title of which has been changed into "The Constitution (Forty-second Amendment) Act, 1976."

*The motion was carried unanimously*

7.18 P.M. **Mr. Speaker** : The House stands adjourned *sine die*.

*(The Sabha then adjourned sine die.)*

2188 PVS.—286—1-2-77—ਪੰਜਾਬ ਗੌਰਮਿੰਟ ਪ੍ਰੈਸ, ਪਟਿਆਲਾ ।

Original with;
Punjab Vidhan Sabha
Digitized by;
Panjab Digital Library

Original with;
Punjab Vidhan S[illegible]
Digitized [illegible]
Panjab Digital [illegible]

*Original with;*
Punjab Vidhan Sabha
*Digitized by;*
Panjab Digital Library

Chief Reporter
Punjab Vidhan Sabha
Chandigarh

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

*Original with:*
Punjab Vidhan Sabha
*Digitized by:*
Panjab Digital Library

Original with;
Punjab [illegible]dhan Sabha
Digitiz[illegible] by;
Panjab [illegible]igital Library

B-18298

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library